ਬੂੰਦ ਤੇ ਸਮੁੰਦਰ

ਅੰਮ੍ਰਿਤ ਲਾਲ ਨਾਗਰ
ਅਨੁਵਾਦਕ
ਮੋਹਨਜੀਤ

ਨੈਸ਼ਨਲ ਬੁਕ ਟਰੱਸਟ, ਇੰਡੀਆ
ਨਵੀਂ ਦਿੱਲੀ

1975 (ਸ਼ੱਕ ਸੰਮਤ 1896)

ਮੁੱਲ : 21.50

Original Title : Boond Aur Samudra (Hindi)
Panjabi Translation : Boond Te Samundar

ਸਟਾਕਿਸਟ
ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-110006

ਡਾਇਰੈਕਟਰ ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ-110016 ਨੇ
ਰੂਪਕ ਪ੍ਰਿੰਟਰਜ਼, ਦਿੱਲੀ-110032 ਤੋਂ ਛਪਵਾ ਕੇ ਪ੍ਰਕਾਸ਼ਤ ਕੀਤੀ ।

ਬੂੰਦ ਤੇ ਸਮੁੰਦਰ

ਪਿਛਲੇ ਸੌ ਸਵਾ ਸੌ ਵਰ੍ਹਿਆਂ ਵਿਚ ਹਿੰਦੀ ਉਪਨਿਆਸ ਨੇ ਕਾਫ਼ੀ ਲੰਮੀ ਯਾਤਰਾ ਪੂਰੀ ਕੀਤੀ ਹੈ ਅਤੇ ਇਹ ਯਾਤਰਾ ਕਈਆਂ ਦ੍ਰਿਸ਼ਟੀਆਂ ਤੋਂ ਬੜੀ ਖਿਚਵੀਂ ਅਤੇ ਸੰਘਰਸ਼ ਭਰਪੂਰ ਰਹੀ ਹੈ। ਆਰੰਭਕ ਸਮੇਂ ਦੇ ਉਪਨਿਆਸਾਂ ਵਿਚ ਸਮਾਜਿਕ ਕੁਰੀਤੀਆਂ ਨਿਵਾਰਣ ਦੇ ਜਤਨ ਤੇ ਵੀਰਤਾ ਅਤੇ ਜਾਤੀ ਗੌਰਵ ਦੀਆਂ ਭਾਵਨਾਵਾਂ ਪ੍ਰਗਟਾਈਆਂ ਗਈਆਂ। ਸ੍ਰੀ ਨਿਵਾਸ ਦਾਸ ਦੇ 'ਪ੍ਰੀਕਸ਼ਾ ਗੁਰੂ', ਕਸ਼ੋਰੀ ਲਾਲ ਗੋਸਵਾਮੀ ਦੇ 'ਤ੍ਰੀਵੇਣੀ', 'ਸਵਰਗੀਯ ਕੁਸੁਮ' ਅਤੇ ਰਾਧਾ ਕ੍ਰਿਸ਼ਣ ਦਾਸ ਦੇ 'ਨਿਸੱਹਾਯ ਹਿੰਦੂ' ਆਦਿ ਉਪਨਿਆਸਾਂ ਵਿਚ ਇਸ ਭਾਂਤ ਦੀਆਂ ਪ੍ਰਵਿਰਤੀਆਂ ਦਿਸਦੀਆਂ ਹਨ। ਏਸੇ ਦੇ ਨਾਲ ਨਾਲ ਦੇਵਕੀ ਨੰਦਨ ਖੱਤ੍ਰੀ ਨੇ ਕੁਝ ਅਜੇਹੇ ਉਪਨਿਆਸਾਂ ਦੀ ਰਚਨਾ ਕੀਤੀ ਜੋ ਨਿਰੇ ਕਾਲਪਨਿਕ ਅਤੇ ਅਤਿ ਮਾਨਵੀ ਘਟਨਾਵਾਂ ਨਾਲ ਭਰੇ ਸਨ। ਹਿੰਦੀ ਉਪਨਿਆਸ ਦੀ ਤੀਸਰੀ ਧਾਰਾ ਵਿਚ ਮਰਾਠੀ ਜਾਂ ਬੰਗਲਾ 'ਚੋਂ ਅਨੁਵਾਦ ਹੋਏ ਉਹ ਉਪਨਿਆਸ ਸ਼ਾਮਲ ਕੀਤੇ ਜਾ ਸਕਦੇ ਹਨ ਜਿਹੜੇ ਅਕਸਰ ਬਹਾਦਰੀ ਅਤੇ ਪ੍ਰੇਮ ਦੇ ਮੱਧਕਾਲੀ ਭਾਵਬੋਧ ਨਾਲ ਭਰਪੂਰ ਸਨ। ਰਾਜ ਸਿੰਘ, ਸਵਰਣ ਲਤਾ, ਸਵਰਣ ਬਾਈ, ਯੁਗ ਲਾਂਗ੍ਰੀਯ, ਕਪਾਲ ਕੁੰਡਲਾ ਆਦਿ ਅਜੇਹੇ ਅਨੁਵਾਦਤ ਉਪਨਿਆਸਾਂ ਦੀ ਪ੍ਰਤੀ ਨਿੱਧਤਾ ਕਰਦੇ ਹਨ।

ਪ੍ਰੇਮ ਚੰਦ ਨੇ ਤਿਲਸਮੀ-ਏਯਾਰੀ ਦੇ ਚਮਤਕਾਰ-ਲੋਕ 'ਚੋਂ, ਪ੍ਰੇਮ ਅਤੇ ਬਹਾਦਰੀ ਦੇ ਸਮੰਤੀ ਵਾਤਾਵਰਣ 'ਚੋਂ ਹਿੰਦੀ-ਉਪਨਿਆਸ ਨੂੰ ਕੱਢ ਕੇ ਉਹਨੂੰ ਭਾਰਤੀ ਕਿਸਾਨਾਂ ਦੇ ਖੇਤਾਂ ਅਤੇ ਖਲਵਾੜਿਆਂ ਰਾਹੀਂ ਵਡਿਆਇਆ। ਪ੍ਰੇਮ ਚੰਦ ਨੇ ਹਿੰਦੀ ਉਪਨਿਆਸ ਨੂੰ ਸਮਾਜਿਕ ਪਿੱਠ-ਭੂਮੀ ਦਿਤੀ ਅਤੇ ਉਹਨੂੰ ਤੱਤਕਾਲੀ ਭਾਰਤੀ ਜੀਵਨ ਦੀ ਦਸਤਾਵੇਜ਼ ਬਣਾਇਆ। ਇਹ ਨਿਰਵਿਰੋਧ ਸੱਚ ਹੈ ਕਿ ਪ੍ਰੇਮ ਚੰਦ ਕਰ ਕੇ ਹੀ ਹਿੰਦੀ ਉਪਨਿਆਸ ਸਾਹਿਤ ਵਿਚਾਰਿਆ ਜਾਣ ਵਾਲਾ ਲੋਕ ਮੰਚ (ਫੋਰਮ) ਬਣਿਆ।

ਪੱਛਮੀ ਸਭਿਆਚਾਰਕ ਅਤੇ ਸਭਿਅਤਾ ਦਾ ਸੰਪਰਕ ਸਾਡੇ ਜੀਵਨ ਨੂੰ ਡੂੰਘੀ ਤਰ੍ਹਾਂ ਪਰਭਾਵਤ ਕਰਨ ਲੱਗਾ ਸੀ। ਪੱਛਮ ਵਿਚ ਮਨੋਵਿਗਿਆਨਕ ਉਪਨਿਆਸਾਂ ਦੀ ਧੁੰਮ ਮੱਚੀ। ਹਿੰਦੀ ਵਿਚ ਵੀ ਜੈਨੇਂਦਰ ਅਤੇ ਅਗੇਯ ਨੇ ਮਨੁੱਖੀ ਮਨ ਦੀਆਂ ਗੁੰਝਲਾਂ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ। ਜੈਨੇਂਦਰ ਨੇ ਗਾਂਧੀਵਾਦ ਤੋਂ ਸਵੈ ਪੀੜ ਦਾ ਸਿਧਾਂਤ ਲਿਆ, ਪੱਛਮ 'ਚੋਂ ਮਨੋਵਿਸ਼ਲੇਸ਼ਣ ਦਾ ਆਧਾਰ ਲਿਆ ਅਤੇ ਉਹਨਾਂ ਆਪਣੀ ਮੌਲਿਕ ਵਿਚਾਰਾਂ ਵਾਲੀ ਨਜ਼ਰ ਸਦਕਾ 'ਪਰਖ' ਅਤੇ 'ਤਿਆਗ ਪੱਤ੍ਰ' ਵਰਗੇ ਉਪਨਿਆਸ ਲਿਖੇ। ਅਗੇਯ ਦਾ 'ਸ਼ੇਖਰ : ਏਕ ਜੀਵਨੀ' ਫ਼ਲੈਸ਼ ਬੈਕ ਵਾਲੀ ਸ਼ੈਲੀ ਵਿਚ ਲਿਖਿਆ

ਡੂੰਘੇ ਭਾਵਬੋਧ ਅਤੇ ਤੇਜੱਸਵੀ ਪ੍ਰਗਟਾ ਸ਼ੈਲੀ ਦੀ ਵਧੀਆ ਉਦਾਹਰਣ ਹੈ। ਮਨੋ-ਵਿਗਿਆਨ ਨੂੰ ਪੂਰੀ ਮਾਨਤਾ ਇਲਾਚੰਦਰ ਜੋਸ਼ੀ ਦੇ ਉਪਨਿਆਸਾਂ ਵਿਚ ਮਿਲੀ ਅਤੇ ਉਹਨਾਂ ਦੇ ਉਪਨਿਆਸਾਂ ਵਿਚ ਮਨੋਵਿਗਿਆਨਕ ਗੁੰਝਲਾਂ, ਅ-ਸਮਾਨ ਮਨੋਵਿਗਿਆਨ ਦਾ ਸਪਸ਼ਟ ਪ੍ਰਭਾਵ ਵੇਖਿਆ ਜਾ ਸਕਦਾ ਹੈ।

1936 ਤੋਂ ਪਿੱਛੋਂ ਪ੍ਰਗਤੀਸ਼ੀਲ ਲੇਖਕਾਂ ਦੇ ਲਖਨਊ ਇਜਲਾਸ ਤੋਂ ਪਿੱਛੋਂ ਹਿੰਦੀ ਸਾਹਿਤ ਵਿਚ ਪ੍ਰਗਤੀਵਾਦ ਦੀ ਲਹਿਰ ਆਈ। ਇਸ ਧਾਰਾ ਦੇ ਸ੍ਰੇਸ਼ਠ ਉਪਨਿਆਸਕਾਰ ਯਸ਼ਪਾਲ ਹਨ, ਜਿਨ੍ਹਾਂ ਨੇ ਮਾਰਕਸਵਾਦੀ ਚਿੰਤਨ ਤੋਂ ਪ੍ਰੇਰਣਾ ਲੈ ਕੇ ਸਮਾਜਿਕ ਕੁਰੀਤੀਆਂ ਅਤੇ ਰੂੜੀਵਾਦੀ ਭਾਵਨਾਵਾਂ ਵਿਰੁੱਧ ਅਨੇਕ ਉਪਨਿਆਸ ਲਿਖੇ। ਰੰਗੇ ਰਾਘਵ, ਅੰਮ੍ਰਿਤਰਾਏ ਆਦਿ ਦੀ ਦੇਣ ਵੀ ਮਹੱਤਵਪੂਰਨ ਰਹੀ।

ਹਿੰਦੀ ਵਿਚ ਇਹਨਾਂ ਪ੍ਰਮੁੱਖ ਧਾਰਾਵਾਂ ਤੋਂ ਬਿਨਾਂ ਉਚਕੋਟੀ ਦੇ ਇਤਿਹਾਸਕ ਉਪਨਿਆਸ ਵੀ ਲਿਖੇ ਗਏ। ਵ੍ਰਿੰਦਾਵਨ ਲਾਲ ਵਰਮਾ ਦੇ ਉਪਨਿਆਸ ਆਪਣੀ ਇਤਿਹਾਸਕ ਕਥਾ ਅਤੇ ਮੱਧ ਭਾਰਤ ਦੇ ਖੇਤਰੀ ਰੰਗ (ਆਂਚਲਿਕ) ਨਾਲ ਜੁੜ ਕੇ ਇਤਿਹਾਸਕ ਰੁਮਾਂਸ ਦੇ ਬੇਹਤਰੀਨ ਉਦਾਹਰਣ ਬਣੇ। 'ਵਿਰਾਟਾ ਕੀ ਪਦਮਨੀ', 'ਗੜ੍ਹ ਕੁੰਡਾਰ', 'ਮ੍ਰਿਗ ਨਾਇਨੀ', 'ਰਾਣੀ ਲਕਸ਼ਮੀ ਬਾਈ' ਆਦਿ ਉਪਨਿਆਸਾਂ ਨੇ ਹਿੰਦੀ ਵਿਚ ਵਰਮਾ ਜੀ ਨੂੰ ਉਹੋ ਸਥਾਨ ਦਵਾਇਆ ਜੋ ਗੁਜਰਾਤੀ ਵਿਚ ਮੁਨਸ਼ੀ ਜਾਂ ਧੂਮਕੇਤੂ ਨੂੰ ਪ੍ਰਾਪਤ ਹੈ। ਰਾਹੁਲ ਸ਼ੰਕਰਤਾਇਨ ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਤ ਹੋ ਕੇ 'ਜੈ ਯੌਧੇਯ' ਅਤੇ 'ਸਿੰਹ ਸੈਨਾਪਤਿ' ਵਰਗੇ ਉਪਨਿਆਸ ਲਿਖੇ ਜਿਸ ਵਿਚ ਅਤੀਤ ਦੇ ਜੀਵਨ ਨੂੰ ਇਤਿਹਾਸਕ ਵਿਕਾਸਵਾਦੀ ਦ੍ਰਿਸ਼ਟੀ ਤੋਂ ਵੇਖਣ ਦਾ ਜਤਨ ਹੋਇਆ। ਭਗਵਤੀ ਚਰਣ ਵਰਮਾ ਦੀ 'ਚਿਤ੍ਰ ਲੇਖਾ' ਜੇਕਰ ਸ਼ੁੱਧ ਰੁਮਾਂਸ ਦੀ ਉਦਾਹਰਣ ਹੈ ਤਾਂ ਯਸ਼ਪਾਲ ਦੀ 'ਦ੍ਵਿਯਾ' ਇਤਿਹਾਸਕ ਦ੍ਰਿਸ਼ਟੀ ਦੀ ਪ੍ਰਾਪਤੀ।

ਇਧਰ 1950 ਪਿੱਛੋਂ ਹਿੰਦੀ ਵਿਚ ਨਵਲੇਖਨ ਦਾ ਪ੍ਰਵਾਹ ਚੱਲਿਆ। ਉਸ ਵੇਲੇ ਹਿੰਦੀ ਵਿਚ ਨਾਗਾਰਜੁਨ ਅਤੇ ਫਣੀਸ਼ਵਰਨਾਥ ਰੇਣੂ ਦੇ ਆਂਚਲਿਕ ਉਪਨਿਆਸਾਂ ਦੀ ਚੋਖੀ ਚਰਚਾ ਹੋਈ। ਸੱਚ ਪੁੱਛੋ ਤਾਂ ਸੰਨ 1950 ਤੋਂ 1955 ਦੇ ਵਿਚਕਾਰ ਹਿੰਦੀ ਕਥਾ ਸਾਹਿਤ ਦੀ ਮੂਲ ਪ੍ਰਵ੍ਰਿਤੀ ਹੀ ਆਂਚਲਿਕ ਰਹੀ। ਨਾਗਾਰਜੁਨ ਦੇ 'ਬਲਚਨਮਾ' ਅਤੇ ਰੇਣੂ ਦੇ 'ਮੈਲਾ ਆਂਚਲ' ਨੇ ਮਿਥਲਾ ਜਨਪਦ ਦੇ ਜੀਵਨ ਨੂੰ ਬਹੁਤ ਸੰਵੇਦਨਾ ਪੂਰਣ ਢੰਗ ਨਾਲ ਸਾਹਵੇਂ ਲਿਆਂਦਾ। ਆਂਚਲਿਕ ਉਪਨਿਆਸਾਂ ਦਾ ਦੌਰ ਛੇਤੀ ਹੀ ਸਮਾਪਤ ਹੋ ਗਿਆ, ਕਿਉਂਕਿ ਆਂਚਲਿਕਤਾ ਦੇ ਨਾਂ ਤੇ ਜੀਵਨ ਦੇ ਓਪਰੇ ਅਤੇ ਵੰਨਸੁਵੰਨੇ ਤੱਤਾਂ ਦੀ ਪ੍ਰਦਰਸ਼ਨੀ ਹੋਣ ਲੱਗੀ। ਇਸ ਅੰਤਰਾਲ ਵਿਚ ਤਿੰਨ ਮਹੱਤਵਪੂਰਣ ਉਪਨਿਆਸ ਸਾਡੇ ਸਾਹਮਣੇ ਆਏ — ਯਸ਼ਪਾਲ ਦਾ 'ਝੂਠਾ ਸੱਚ', ਨਰੇਸ਼ ਮਹਿਤਾ ਦਾ 'ਵਹ ਪੱਥ ਬੰਧੂ ਥਾ' ਅਤੇ ਅਗੇਯ ਦਾ 'ਅਪਨੇ ਅਪਨੇ ਅਜਨਬੀ', ਧਰਮਵੀਰ ਭਾਰਤੀ ਦਾ 'ਸੂਰਜ

ਕਾ ਸਾਤਵਾਂ ਘੋੜਾ' ਸ਼ਿਲਪ ਦੇ ਪ੍ਰਯੋਗ ਲਈ ਯਾਦ ਕੀਤਾ ਜਾਏਗਾ। ਪਿਛਲੇ ਪੰਜ ਸੱਤ ਵਰ੍ਹਿਆਂ ਵਿਚ ਹਿੰਦੀ ਉਪਨਿਆਸ ਨੇ ਇਕ ਨਵਾਂ ਮੋੜ ਮੁੜਿਆ ਹੈ। 'ਆਧਾ ਗਾਂਵ', 'ਅਲੱਗ ਅਲੱਗ ਵੈਤਰਣੀ' ਅਤੇ 'ਰਾਗ ਦਰਬਾਰੀ' ਦੀ ਕਾਫ਼ੀ ਚਰਚਾ ਰਹੀ ਹੈ।

ਸ੍ਰੀ ਅੰਮ੍ਰਿਤ ਲਾਲ ਨਾਗਰ ਹਿੰਦੀ ਦੇ ਪ੍ਰਸਿੱਧ ਉਪਨਿਆਸਕਾਰ ਹਨ। ਇਹਨਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਉੱਚ ਕੋਟੀ ਦੇ ਉਪਨਿਆਸਕਾਰ ਹੋਣ ਦੇ ਨਾਲ ਨਾਲ ਚੋਖੇ ਹਰਮਨ ਪਿਆਰੇ ਵੀ ਹਨ। 'ਮਾਸ ਮੀਡੀਆ' ਦੇ ਏਹਨੀ ਦਿਨੀਂ ਕਲਾ ਦੀ ਉੱਚਤਾ ਆਮ ਕਰ ਕੇ ਪ੍ਰਚਾਰਕ ਸਾਧਨਾਂ ਦੇ ਲੁਭਾਉਣੇ ਦਬਾਅ ਕਾਰਨ ਅਕਸਰ ਨਸ਼ਟ ਹੋ ਜਾਂਦੀ ਹੈ, ਪਰ ਨਾਗਰ ਜੀ ਨੇ ਮੁੱਢੋਂ ਹੀ ਅਜੇਹਾ ਜਤਨ ਕੀਤਾ ਕਿ ਉਹਨਾਂ ਦੇ ਉਪਨਿਆਸਾਂ ਵਿਚ ਕਲਾ ਵੀ ਕਾਇਮ ਰਹੇ ਅਤੇ ਜਿੱਥੋਂ ਤਕ ਸੰਭਵ ਹੋਏ ਉਹ ਵਧ ਤੋਂ ਵੱਧ ਪਾਠਕਾਂ ਨੂੰ ਆਪਣੀ ਵੱਲ ਖਿੱਚ ਵੀ ਸਕਣ। ਅਜੇਹੇ ਦੂਹਰੇ ਉਦੇਸ਼ਾਂ ਦੀ ਸਾਧਨਾ ਬਹੁਤ ਤਕੜੀ ਮੱਲ ਮਾਰਨ ਵਾਲੀ ਹੁੰਦੀ ਹੈ, ਪਰ ਨਾਗਰ ਜੀ ਨੇ ਇਹ ਬੀੜਾ ਚੁੱਕਿਆ ਅਤੇ ਕਿਹਾ ਜਾ ਸਕਦਾ ਹੈ ਕਿ ਅਨੇਕ ਵਾਰ ਇਸ ਕੰਮ ਵਿਚ ਉਹ ਸਫ਼ਲ ਹੋਏ ਹਨ। ਇਸ ਸਫ਼ਲਤਾ ਦਾ ਭੇਦ ਸ਼ਾਇਦ ਇਸ ਗੱਲ ਵਿਚ ਲੁਕਿਆ ਹੋਇਆ ਹੈ ਕਿ ਨਾਗਰ ਜੀ ਮਨੁੱਖ ਦੀ ਜ਼ਿੰਦਗੀ ਦੇ ਸੱਚ ਨੂੰ ਸਭ ਤੋਂ ਵੱਧ ਮਹੱਤਵ ਦੇਂਦੇ ਹਨ। ਅਤੇ ਓਸੇ ਜ਼ਿੰਦਗੀ ਦੇ ਖੱਟੇ ਮਿੱਠੇ ਅਨੁਭਵਾਂ ਨੂੰ ਉਹ ਬੜੇ ਢੰਗ ਨਾਲ ਸਜਾ ਕੇ ਦਿਲ--ਖਿਚਵੇਂ ਉਪਨਿਆਸਾਂ ਦਾ ਰੂਪ ਦੇ ਦੇਂਦੇ ਹਨ। ਇਸ ਦਾ ਭਾਵ ਇਹ ਨਹੀਂ ਉਹ ਯਥਾਰਵਾਦੀ ਉਪਨਿਆਸਕਾਰ ਹਨ ਅਤੇ ਨਾ ਹੀ ਇਹ ਕਿ ਉਹਨਾਂ ਦੇ ਉਪਨਿਆਸਾਂ ਦਾ ਮੂਲ ਕਲੇਵਰ ਫੋਟੋਗਰੇਫਿਕ ਅਲਬਮ ਹੈ। ਨਾਗਰ ਜੀ ਚਰਿੱਤਰ ਨੂੰ ਫੜਨ ਅਤੇ ਉਹਨਾਂ ਦੇ ਵਿਅਕਤਿਤਵ ਨੂੰ ਪ੍ਰਗਟਾਉਣ ਵਿਚ ਬੇਜੋੜ ਹਨ। ਸ਼ਾਇਦ ਹੀ ਉਹਨਾਂ ਦਾ ਕੋਈ ਉਪਨਿਆਸ ਹੋਏ ਜਿਹੜਾ ਅਨੇਕ ਜੀਊਂਦੇ ਚਰਿਤਰਾਂ ਦਾ ਪ੍ਰਛਾਵਾਂ ਮਾਤਰ ਬਣ ਗਿਆ ਹੋਏ। ਕੁਛ ਚਰਿਤਰ ਤਾਂ ਏਨੇ ਸਜੀਵ ਅਤੇ ਜੀਊਂਦੇ-ਜਾਗਦੇ ਹਨ ਕਿ ਪਾਠਕਾਂ ਦੇ ਮਨ ਉੱਤੇ ਆਪਣੀ ਅਮਿੱਟ ਛਾਪ ਛੱਡ ਜਾਂਦੇ ਹਨ ਅਤੇ ਇਹ ਚਰਿਤਰ ਸਿਰਫ਼ ਆਧੁਨਿਕ ਅਤੇ ਸਮਕਾਲੀ ਜ਼ਿੰਦਗੀ 'ਚੋਂ ਹੀ ਨਹੀਂ ਚੁਣੇ ਗਏ ਹਨ, ਸਗੋਂ ਆਪਣੇ ਦੇਸ਼ ਦੇ ਇਤਿਹਾਸ ਦਾ ਇਕ ਵਿਸ਼ਾਲ ਅੰਬਰ ਉਹਨਾਂ ਸਾਹਮਣੇ ਪਸਰਿਆ ਪਿਆ ਹੈ। ਏਸੇ ਵਿਚੋਂ ਸੇਠ 'ਬਾਕੇ ਮਲ' ਉਭਰੇ, ਜਿਨ੍ਹਾਂ ਦੀ ਚਾਸ਼ਨੀ ਭਰੀ ਕਿੱਸਾ ਗੋਈ ਕਿਸੇ ਨੂੰ 'ਖੁਸ਼ਕੈਟ' ਨਹੀਂ ਕਰਦੀ। ਤਮਿਲ ਦੇ ਮਹਾਂ ਕਾਵਿ 'ਸ਼ਿਲਯਦਿਕਾਰਮ' ਦੀ ਕਥਾ ਤੇ ਅਧਾਰਿਤ 'ਸੁਹਾਗ ਕੇ ਨੂਪੁਰ' ਦੇ ਪਾਤਰ ਕੋਲਵਨ, 'ਕੰਨਗੀ ਅਤੇ ਮਾਧਵੀ' ਕਠਨ ਪ੍ਰੇਮ ਨੂੰ ਜ਼ਿੰਦਗੀ ਦਾ ਪ੍ਰਤੱਖ ਰੂਪ ਪ੍ਰਗਟਾਉਂਦੇ ਹਨ। ਇਤਿਹਾਸ ਵਿਚ ਹੋਰ ਪਿਛਾਂਹ ਵੱਲ ਤੁਰੀਏ ਤਾਂ 'ਏਕਦਾ ਨੈਮਿਸ਼ਾਰਣਯੇ' ਦੀ ਯੂਨੀਵਰਸਿਟੀ ਆਫ਼ ਫਿਕਸ਼ਨ ਅੱਖਾਂ ਸਾਹਮਣੇ ਤੈਰਦੀ ਦਿਸਦੀ ਹੈ ਅਤੇ ਅਸੀਂ ਸੌਭਾਹੂਤੀ ਭਾਰਗਵ, ਇੱਜਯਾ ਅਤੇ ਸਰਯੂ ਵਸ਼ਿਸ਼ਠਾਂ ਨੂੰ ਵੇਖਦੇ ਹਾਂ ਜੋ

ਆਪਣੇ ਵਿਅਕਤਿਤਵ ਵਿਚ ਯੱਗ ਮੁਖੀ ਸਭਿਆਚਾਰ ਦੀ ਰੰਗਤ ਲਇਆਂ ਹੋਇਆਂ ਤਰ੍ਹਾਂ ਤਰ੍ਹਾਂ ਦੇ ਮੱਤ ਮੱਤਾਂਤਰਾਂ ਅਤੇ ਸੰਪਰਦਾਵਾਂ ਵਿਚ ਵੰਡੇ ਭਾਰਤੀ ਸਭਿਆਚਾਰ ਨੂੰ ਇਕ ਨਵਾਂ ਤਾਲਮੇਲ ਪ੍ਰਦਾਨ ਕਰਨ ਲਈ ਜਤਨਸ਼ੀਲ ਵਿਖਾਏ ਗਏ ਹਨ। 'ਮਾਨਸ ਕਾ ਹੰਸ' ਵਿਚ ਉਹਨਾਂ ਤੁਲਸੀ ਦੇ ਜੀਵਨ ਨੂੰ ਵੇਖਣ ਦੀ ਇਕ ਨਵੀਂ ਦ੍ਰਿਸ਼ਟੀ ਦਿਤੀ ਹੈ। 'ਅੰਮ੍ਰਿਤ ਔਰ ਵਿਸ਼' ਉਹਨਾਂ ਦਾ ਡਬਲ ਪਲਾਟ ਸ਼ੈਲੀ ਵਿਚ ਲਿਖਿਆ ਹੋਇਆ ਇਕ ਅਜੇਹਾ ਉਪਨਿਆਸ ਹੈ ਜਿਸ ਵਿਚ ਲਖਨਊ ਸ਼ਹਿਰ ਦੇ 'ਕਰਾਸ ਸੈਕਸ਼ਨ' ਦਾ ਬਹੁਤ ਸੂਖਮ ਵਿਸ਼ਲੇਸ਼ਣ ਕੀਤਾ ਗਿਆ ਹੈ, ਪਰ ਇਹਦੇ ਨਾਲ ਆਤਮਾ ਰਾਮ, ਰਦਘੂ ਸਿੰਘ, ਪੁੱਤੀ ਗੁਰੂ ਅਤੇ ਹਿੰਦੁਸਤਾਨੀ ਨੌਜਵਾਨਾਂ ਦੀ ਦਿਸ਼ਾਹੀਨਤਾ ਦੀ ਉਦਾਹਰਣ ਲੱਛੂ ਵਰਗੇ ਚਰਿਤਰ ਵੀ ਉਭਰਦੇ ਹਨ ਜੋ ਇਕ ਪਾਸੇ ਆਪਣੇ ਨਿੱਜੀ ਗੁਣਾਂ-ਔਗੁਣਾਂ ਕਰ ਕੇ ਸਾਡੇ ਮਨ ਵਿਚ ਸਮਾ ਜਾਂਦੇ ਹਨ ਤਾਂ ਦੂਸਰੇ ਪਾਸੇ ਅਜੇਹੇ ਚਰਿਤਰ ਵੀ ਹਨ ਸ਼੍ਰੇਣੀਆਂ ਅਧੀਨ ਹਨ, ਇਸੇ ਲਈ ਸਾਡੇ ਅਜੋਕੇ ਮਾਹੌਲ ਵਿਚ ਸਮਾਈਆਂ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ, ਆਪਾ ਧਾਪੀਆਂ ਅਤੇ ਅਸਫਲਤਾ ਦੇ ਪ੍ਰਤੀਕ ਵੀ ਬਣ ਜਾਂਦੇ ਹਨ।

'ਬੂੰਦ ਤੇ ਸਮੁੰਦਰ' ਨਾਗਰ ਜੀ ਦਾ ਸੌ ਵਿਸਵੇ ਸਰਵਸਰੇਸ਼ਠ ਉਪਨਿਆਸ ਹੈ। ਉਂਜ ਪੁਰਸਕਾਰਾਂ ਕਾਰਨ ਚਰਚਾ 'ਅੰਮ੍ਰਿਤ ਔਰ ਵਿਸ਼' ਦੀ ਜ਼ਿਆਦਾ ਰਹੀ ਹੈ, ਪਰ ਜ਼ਿੰਦਗੀ ਦੀਆਂ ਪਰਸਪਰ ਵਿਰੋਧੀ ਧੜਕਨਾਂ ਨੂੰ ਵੇਖਣ, ਟੂਹਣ ਅਤੇ ਬੰਨ੍ਹਣ ਦੀ ਜਿਹੋ ਜਿਹੀ ਕੋਸ਼ਿਸ਼ 'ਬੂੰਦ ਔਰ ਸਮੁਦਰ' ਵਿਚ ਹੈ, ਉਹੋ ਜਿਹੀ 'ਅੰਮ੍ਰਿਤ ਔਰ ਵਿਸ਼' ਵਿਚ ਨਹੀਂ।

'ਬੂੰਦ ਤੇ ਸਮੁੰਦਰ' ਨੂੰ ਅਲੋਚਕਾਂ ਨੇ ਕਲਾਸਿਕੀ ਢੰਗ ਦਾ ਉਪਨਿਆਸ ਕਿਹਾ ਹੈ। ਮੈਂ ਬਹੁਤ ਹੱਦ ਤਕ ਇਸ ਗੱਲ ਨਾਲ ਸਹਿਮਤ ਹਾਂ। ਇਹਦੇ ਵਿਚ ਉਸੇ ਤਰ੍ਹਾਂ ਦਾ ਤੇਜ ਹੈ, ਪਰ ਨਾਗਰ ਜੀ ਕਿਸੇ ਇਕ ਸ਼ੈਲੀ ਵਿਚ ਬੱਝ ਕੇ ਚਲਣ ਵਾਲੇ ਵਿਅਕਤੀ ਨਹੀਂ ਹਨ। ਉਂਜ ਤਾਂ 'ਬੂੰਦ ਤੇ ਸਮੁੰਦਰ' ਵਿਚ ਲਖਨਊ ਦੇ ਚੌਕ ਤੋਂ ਬਾਹਰ ਦਾ ਪਸਾਰ ਵੀ ਹੈ, ਗੋਮਤੀ ਦੇ ਕੰਢੇ ਦਾ ਪਾਗਲਖ਼ਾਨਾ ਵੀ ਉਸ ਵਿਚ ਸ਼ਾਮਲ ਹੈ, ਸੱਜਨ ਅਤੇ ਵਨ ਕੰਨਿਆ ਮਥਰਾ ਅਤੇ ਵ੍ਰਿੰਦਾਵਨ ਦੀ ਯਾਤਰਾ ਵੀ ਕਰਦੇ ਹਨ ਅਤੇ ਗੋਵਰਧਨ ਪਰਬਤ ਉਤੇ ਪਿਆਰ ਖੇਡ ਵੀ, ਪਰ ਸੱਚ ਇਹ ਹੈ ਕਿ ਨਾਗਰ ਜੀ, ਉਪਨਿਆਸ ਨੂੰ 'ਚੌਕ' ਵਿਚ ਕੇਂਦਰਤ ਕਰਨ ਲਈ ਬੇਵੱਸ ਹਨ ਕਿਉਂਕਿ ਇਕ ਤਾਂ ਲਖਨਊ ਦੇ ਚੌਕ ਦਾ ਜੀਵਨ ਉਹਨਾਂ ਨੇ ਖੁਭ ਕੇ ਵੇਖਿਆ ਹੋਇਆ ਹੈ, ਦੂਸਰੀ ਗੱਲ ਉਪਨਿਆਸ ਵਿਚ ਸੰਗਠਨ ਲਿਆਉਣ ਲਈ ਜ਼ਰੂਰੀ ਹੈ ਕਿ ਪਲਾਟ ਨੂੰ ਘਟ ਤੋਂ ਘਟ ਖਿਲਰਨ ਦਿਤਾ ਜਾਏ। ਸੱਜਨ ਨੂੰ ਸ਼ਹਿਰੀ ਜੀਵਨ ਦੇ ਚਿਤਰਨ ਲਈ ਤਾਈ ਦੀ ਹਵੇਲੀ ਵਿਚ ਕਿਰਾਏ ਦਾ ਕਮਰਾ ਦਿਵਾਉਣ ਪਿਛੇ ਇਹੋ ਰਹੱਸ ਹੈ। ਨਾਗਰ ਜੀ ਨੇ ਆਪ ਮੰਨਿਆ ਹੈ — "ਉਪਨਿਆਸ ਦੇ ਖ਼ੇਤਰ ਦੇ ਰੂਪ ਵਿਚ ਲਖਨਊ ਅਤੇ ਉਸ ਵਿਚ ਵੀ ਖ਼ਾਸ ਕਰ ਚੌਕ ਨੂੰ ਛੁਹਿਆ ਹੈ। ਇਹ

ਇਸ ਵਾਸਤੇ ਕੀਤਾ ਕਿਉਂਕਿ ਸ਼ਹਿਰੀ ਸਭਿਅਤਾ ਦੀ ਪ੍ਰੰਪਰਾ ਵੇਖਣ ਵਿਚ, ਬੋਲੀ-ਬਾਨੀ ਦਾ ਰੰਗ ਘੋਲਣ ਵਿਚ ਮੈਨੂੰ ਸਭ ਤੋਂ ਵਧ ਸੌਖ ਇਹਦੇ ਵਿਚ ਹੀ ਹੋ ਸਕਦੀ ਸੀ।" ਚੌਕ ਨਾਗਰ ਜੀ ਦੇ ਇਸ ਉਪਨਿਆਸ ਦਾ ਕੇਂਦਰ-ਬਿੰਦੂ ਤਾਂ ਹੈ ਈ, ਚੌਕ ਦੀ ਸਮੁੱਚੀ ਰੰਗਤ, ਦ੍ਰਿਸ਼-ਪਸਾਰ, ਛੋਟੇ ਛੋਟੇ ਚਰਿੱਤਰ ਅਤੇ ਉਹਨਾਂ ਦੀਆਂ ਟਿਪੀਕਲ ਗੱਲਾਂ ਚੌਕ ਦੇ ਪੂਰੇ ਲੋਕਲ ਕਲਰ ਨੂੰ ਉਜਾਗਰ ਕਰ ਦੇਂਦੀਆਂ ਹਨ।

ਵਿਅਕਤੀ ਅਤੇ ਸਮਾਜ ਵਿਚਕਾਰ ਕਿਹੋ ਜਿਹਾ ਸੰਬੰਧ ਹੈ ਅਤੇ ਕਿਹੋ ਜਿਹਾ ਹੋਣਾ ਚਾਹੀਦਾ ਹੈ, ਇਹ ਇਸ ਉਪਨਿਆਸ ਦਾ ਕੇਂਦਰੀ ਕਥਾ-ਤੱਤ ਹੈ। ਬੂੰਦ ਵਿਅਕਤੀ ਦਾ ਪ੍ਰਤੀਕ ਹੈ, ਸਮੁੰਦਰ ਸਮਾਜ ਦਾ। ਵਿਅਕਤੀ ਅਤੇ ਸਮਾਜ ਦੇ ਸੰਬੰਧਾਂ ਦੀ ਤੰਦ ਟੁੱਟ ਗਈ ਹੈ। ਸਮਾਜ ਵਿਅਕਤੀ ਲਈ ਇਕ ਭੀੜ ਬਣ ਗਿਆ ਹੈ ਅਤੇ ਵਿਅਕਤੀ ਸਮਾਜ ਲਈ ਇਕ ਅਜਿਹਾ ਤੱਤ ਜਿਹਨੂੰ ਉਹ ਕਿਤੇ ਵੀ ਸਵੀਕਾਰਨ ਲਈ ਤਿਆਰ ਨਹੀਂ ਹੈ। ਇਹ ਗੜਬੜ ਵਿਅਕਤੀ ਅਤੇ ਸਮਾਜ ਵਿਚ ਉਪਜ ਅਲਗਾਵ (ਏਲੀਨੀਏਸ਼ਨ) ਕਾਰਨ ਆਈ ਹੈ। ਮੂਲ ਕਾਰਨ ਹੈ ਦੋਵਾਂ ਵਿਚ ਫੈਲੀ ਹੋਈ ਇਕ ਦੂਜੇ ਲਈ ਬੇਵਸਾਹੀ ਦੀ ਭਾਵਨਾ। ਨਾਗਰ ਜੀ ਇਹ ਮੰਨਦੇ ਹਨ ਕਿ ਜੇਕਰ ਛੋਟੀਆਂ ਵੱਡੀਆਂ ਸਭਨਾਂ ਬੂੰਦਾਂ ਵਿਚ ਸੱਚ ਲਈ ਪੂਰੀ ਮਾਨਤਾ ਆ ਜਾਏ ਤਾਂ ਇਕਤੋਲਵਾਂ ਤਾਲਮੇਲ ਹੋ ਸਕਦਾ ਹੈ – "ਅਜਿਹੇ ਸਮਾਜ ਵਿਚ ਜਿਥੇ ਲੋਕ ਜੀਵਨ ਮਹਾਂ ਸਾਗਰ ਦੀ ਉਪਮਾ ਪ੍ਰਾਪਤ ਕਰਦਾ ਹੈ, ਜਿਥੇ ਮਾਨਵਤਾ ਅਭੇਦ ਮੰਨੀ ਜਾਂਦੀ ਹੈ, ਉਥੋਂ ਅਜਿਹੇ ਘਰਾ ਦਾ ਰਹਿਣਾ ਭਲਾ ਕਿੱਦਾਂ ਸੰਭਵ ਹੈ? ਆਦਰਸ਼ ਦਾ ਜੇਕਰ ਮਹੱਤਵ ਹੈ ਤਾਂ ਸਭਨਾਂ ਲਈ ਉਹਦਾ ਮੁੱਲ ਇੱਕੋ ਜਿਹਾ ਹੋਏ, ਇਹ ਕਿਉਂ ਸੰਭਵ ਨਹੀਂ? ਵੱਡੀ ਬੂੰਦ ਹੋਏ, ਛੋਟੀ ਬੂੰਦ ਹੋਏ, ਨਿੱਕੀ ਜਿਹੀ ਹੀ ਬੂੰਦ ਕਿਉਂ ਨਾ ਹੋਏ, ਇਹ ਛੋਟਾਈ, ਵਡਾਈ ਨੈਤਿਕ ਕਸਵੱਟੀ ਲਈ ਕੋਈ ਮੁੱਲ ਨਹੀਂ ਰਖਦੀ। ਉਹ ਪਾਤਰ ਇਹੋ ਵੇਖਦਾ ਹੈ ਕਿ ਬੂੰਦ ਵਿਚ, ਹਰ ਇਕ ਤੁਪਕੇ ਵਿਚ ਸੱਚ ਲਈ ਵਿਸ਼ਵਾਸ ਕਿੰਨਾ ਕੁ ਹੈ। ਹਰ ਇਕ ਤੁਪਕਾ ਇਸ ਮਾਨਤਾ ਨੂੰ ਆਪਣੀ ਕਿਰਿਆ-ਸ਼ਕਤੀ ਨਾਲ ਕਿਸ ਹੱਦ ਤਾਈਂ ਵਿਕਸਤ ਕਰਕੇ ਨਵਾਂ ਆਦਰਸ਼ ਸਾਹਮਣੇ ਲਿਆਉਣ ਦੀ ਹਿੰਮਤ ਰਖਦਾ ਹੈ।"

ਸੱਚ ਲਈ ਨਿਸ਼ਠਾ ਕਾਰਨ ਇਸ ਉਪਨਿਆਸ ਦੇ ਤਿੰਨ ਪ੍ਰਮੁਖ ਪਾਤਰ ਸੱਜਨ, ਮਹੀਪਾਲ ਅਤੇ ਕਰਨਲ — ਵਨ ਕੰਨਿਆ ਦੀ ਭਾਬੀ ਨਾਲ ਉਹਦੇ ਪਿਤਾ ਨੇ ਜਿਹੜੇ ਅਤਿਆਚਾਰ ਕੀਤੇ, ਉਹਨਾਂ ਨੂੰ ਬਿਲੇ ਲਾਉਣ ਲਈ ਵਨ ਕੰਨਿਆ ਦਾ ਸਾਥ ਦੇਂਦੇ ਹਨ। ਵਨ ਕੰਨਿਆ ਇਕ ਅਜੀਬ ਚਰਿੱਤਰ ਹੈ ਜੀਹਦੇ ਵਿਚ ਨਵੇਂ ਜੁਗ ਦੀ ਨਾਰੀ ਦਾ ਉਵਰ ਦਿਸਦਾ ਹੈ ਜਿਹੜੀ ਸੱਚ ਦੇ ਨਾਂ ਤੇ ਨਾਰੀ ਜਾਤੀ ਪੁਰ ਹੁੰਦੇ ਅਤਿਆਚਾਰਾਂ ਨੂੰ ਮਿਟਾਉਣ ਦੇ ਉਦੇਸ਼ ਨਾਲ ਆਪਣੇ ਹੀ ਬਾਪ ਵਿਰੁੱਧ ਹਰ ਤਰ੍ਹਾਂ ਦੀਆਂ ਕਾਰਵਾਈਆਂ ਕਰਨੋਂ ਨਹੀਂ ਟਲਦੀ। ਵਨ ਕੰਨਿਆਂ ਨਾਂ ਤੋਂ ਲਗਦਾ ਹੈ ਕਿ ਉਹ ਸ਼ਹਿਰ ਤੋਂ ਕੋਈ ਵੱਖਰੀ ਚੀਜ਼ ਹੈ

ਅਤੇ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਉਹ ਸ਼ਹਿਰਾਂ ਵਿਚ ਫੈਲੀ ਮੱਕਾਰੀ, ਝੂਠ, ਧੋਖਾ, ਧੜੇਬੰਦੀ, ਘਪਲੇਬਾਜ਼ੀ ਅਤੇ ਅਡੰਬਰਾਂ ਨੂੰ ਚੀਰਦੀ ਹੋਈ ਤਿੰਨਾਂ ਹੀ ਪ੍ਰਮੁਖ ਪਾਤਰਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਬਦਲਣ ਲਈ ਬੇਵੱਸ ਕਰਦੀ ਹੈ। ਸਗੋਂ ਇੰਜ ਕਹੀਏ ਕਿ ਉਹਦਾ ਜੀਹਦੇ ਨਾਲ ਵੀ ਵਾਹ ਪੈਂਦਾ ਹੈ ਉਹ ਅੰਤਲੇ ਦਮ ਤਕ ਆਪਣੇ ਸੱਚ ਦੇ ਧਾਰਨੀ ਵਿਉਹਾਰ ਨਾਲ ਲੋਕਾਂ ਦੇ ਅਗਿਆਨ 'ਚੋਂ ਜੰਮੀ ਘਿਰਣਾ, ਅਲਗਾਵ, ਪਰਹੇਜ਼ ਆਦਿ ਨੂੰ ਤੋੜ ਕੇ ਉਹਨਾਂ ਲਈ ਸਵੀਕਾਰਨ ਯੋਗ ਅਤੇ ਉਹਨਾਂ ਦੀ ਆਪਣੀ ਬਣ ਜਾਂਦੀ ਹੈ। ਅਜਿਹੇ ਪਾਰਸ ਵਰਗੇ ਗੁਣ-ਧਰਮੀ ਚਰਿੱਤਰ ਬਾਰੇ ਸਹਿਜੇ ਹੀ ਪ੍ਰਸ਼ਨ ਹੋ ਸਕਦਾ ਹੈ ਕਿ ਕੀ ਇਹ ਚਰਿੱਤਰ ਸੁਭਾਵਕ ਹੈ। ਨਾਗਰ ਜੀ ਸੁਭਾਵਕਤਾ ਦੀ ਓਨੀ ਕੁ ਹੀ ਪ੍ਰਵਾਹ ਕਰਦੇ ਹਨ ਜਿੰਨੀ ਯਥਾਰਥ ਦੀ ਭੋਂਅ ਤੇ ਖੜਾ ਹੋਣ ਲਈ ਕਰਨੀ ਚਾਹੀਦੀ ਹੈ, ਅਤੇ ਉਹ ਸੰਭਾਵੀ ਨੂੰ ਸਹਿਜ ਬਣਾਉਣ ਜਾਂ ਮੰਨਣ ਵਿਚ ਸੰਕੋਚ ਨਹੀਂ ਕਰਦੇ।

ਵਨ ਕੰਨਿਆਂ ਤੋਂ ਐਨ ਉਲਟ ਲੱਗਣ ਵਾਲਾ ਚਰਿੱਤਰ ਤਾਈ ਦਾ ਹੈ। ਵਨ ਕੰਨਿਆ ਆਧੁਨਿਕ ਹੈ, ਸੱਚੋ ਸੱਚ ਦਾ ਨਿਤਾਰਾ ਕਰ ਸਕਦੀ ਹੈ। ਆਪਣੇ ਵਲੋਂ ਮਿਥੇ ਹੋਏ ਸਹੀ ਰਾਹ ਤੋਂ ਔਖੀ ਨਹੀਂ ਹੁੰਦੀ। ਸਮਾਜ ਦੇ ਸਾਰੇ ਵਿਰੋਧੀ ਕਾਰਿਆਂ ਨੂੰ ਸਹਿੰਦੀ ਹੋਈ ਵੀ ਸਮਾਜ ਨੂੰ ਚਾਹੁੰਦੀ ਅਤੇ ਉਹਨੂੰ ਸੰਗਠਤ ਕਰਨ ਦਾ ਜਤਨ ਕਰਦੀ ਹੈ। ਅਤਿਆਚਾਰ ਦਾ ਵਿਰੋਧ ਕਰਨ ਵੇਲੇ ਉਹ ਰੱਤੀ ਭਰ ਵੀ ਤਰਸ ਨਹੀਂ ਕਰਦੀ। ਜਦੋਂ ਕਿ ਤਾਈ ਆਪਣੇ ਪਤੀ ਵਲੋਂ ਅਣਗੌਲੇ ਜਾਣ ਦਾ ਬਦਲਾ ਲੈਣ ਲਈ ਟੋਟਕੇ ਕਰਦੀ ਹੈ ਜਿਨ੍ਹਾਂ ਨਾਲ ਉਹਦੇ ਸਾਰੇ ਬੰਸ ਦਾ ਬੀਜ ਨਾਸ ਹੋ ਜਾਏ। ਉਹ ਰੂੜੀਗਤ ਵਿਚਾਰਾਂ ਅਤੇ ਨੈਤਿਕਤਾ ਦੇ ਬਾਹਰੀ ਅਡੰਬਰਾਂ ਨੂੰ ਢੋਂਦਿਆਂ ਰਹਿਣਾ ਬੜੀ ਵੱਡੀ ਚੀਜ਼ ਸਮਝਦੀ ਹੈ। ਉਹ ਆਪਣੇ ਭਿਆਨਕ ਮੰਤਰਾਂ ਦੇ ਬਲ ਨਾਲ ਹਰ ਵਿਰੋਧੀ ਨੂੰ ਭਸਮ ਕਰ ਦੇਣ ਲਈ ਉਤਾਵਲੀ ਹੈ। ਉਹ ਨਵੇਂ ਜ਼ਮਾਨੇ ਤੋਂ ਸੜੀ ਹੋਈ ਹੈ ਅਤੇ ਉਹਦੇ ਅੰਦਰ ਆਧੁਨਿਕਤਾ ਲਈ ਤਿੱਖਾ ਵਿਰੋਧ ਹੈ। ਉਹ ਬਿੱਲੀ ਦੇ ਬੱਚਿਆਂ ਉੱਤੇ ਤਾਂ ਦਇਆ ਕਰ ਸਕਦੀ ਹੈ ਪਰ ਬੰਦੇ ਨੂੰ ਮਾਫ਼ ਕਰਨਾ ਉਹਨੇ ਨਹੀਂ ਸਿੱਖਿਆ — ਅਰਥਾਤਿ ਸਾਰੀਆਂ ਖੂਬੀਆਂ ਅਤੇ ਖਾਮੀਆਂ ਦੇ ਰੂਪ ਵਿਚ ਉਹ ਪਰਸਪਰ ਵਿਰੋਧੀ ਧਾਰਾਵਾਂ ਦਾ ਏਹੋ ਜਿਹਾ ਜਮਘਟ ਹੈ ਕਿ ਉਹ ਚਰਿੱਤਰ ਨਾ ਹੋ ਕੇ ਪ੍ਰਤੀਕ ਬਣ ਜਾਂਦੀ ਹੈ। ਵਨ ਕੰਨਿਆ ਦੇ ਪੁੱਛਣ ਤੇ ਸੱਜਨ ਉਹਦੀ ਜਾਣ ਪਛਾਣ ਕਰਾਉਂਦਾ ਹੈ — "ਇਹ ਹੈ ਭਾਰਤ ਮਾਤਾ।" ਤਾਈ ਇਸ ਉਪਨਿਆਸ ਦਾ ਕੇਂਦਰੀ ਚਰਿੱਤਰ ਹੈ। ਉਹ ਇਕ ਪਾਸੇ ਆਪਣੇ ਪਤੀ ਰਾਜਾ ਸਾਹਿਬ ਦਵਾਰਕਾਦਾਸ ਨਾਲ ਜੁੜੀ ਹੋਈ ਹੈ ਤਾਂ ਉੱਚ ਵਰਗ ਦੇ ਸਾਰੇ ਗੁਣਾਂ ਔਗੁਣਾਂ ਅਤੇ ਵਖਾਵਿਆਂ ਨਾਲ ਚਿਤਰੀ ਪਈ ਹੈ। ਦੂਜੇ ਪਾਸੇ ਆਪਣੇ ਕਿਰਾਏਦਾਰਾਂ ਸੱਜਨ ਅਤੇ ਉਹਦੇ ਮਿੱਤਰਾਂ ਮਿਸਟਰ ਅਤੇ ਮਿਸਿਜ਼ ਵਰਮਾ ਨਾਲ ਸੰਬੰਧਤ ਹੈ। ਨੰਦੋ ਨੂੰ ਆਪਣੀ ਅਖੌਤੀ ਮਾਰੂ

ਟੋਟਕਿਆਂ ਦੀ ਸ਼ਕਤੀ ਸਿਖਾਉਣ ਦੇ ਕੰਮ ਵਿਚ ਉਹ ਆਪਣੇ ਗੁਆਂਢੀ ਭਭੂਤੀ ਸੁਨਿਆਰੇ ਅਤੇ ਉਹਦੇ ਘਰ ਵਿਚ ਸਿਨਮੇ ਦੇ ਪ੍ਰਭਾਵ ਕਾਰਨ ਵਗਣ ਵਾਲੀ ਗੰਦੀ ਹਵਾ ਨਾਲ ਜੁੜੀ ਹੈ, ਜੋ ਲੜਕੀ ਨੂੰ ਘਰ ਦੀ ਦਹਿਲੀਜ਼ ਟੱਪਣ ਤੋਂ ਰੋਕਦੀ ਅਤੇ ਅੰਤ ਵਿਚ ਉਹਨੂੰ ਸਮਾਜ 'ਚੋਂ ਛੇਕ ਦੇਂਦੀ ਹੈ। ਤਾਈ ਆਂਢ ਗੁਆਂਢ ਦੇ ਖਰੂਦੀ ਛੋਕਰਿਆਂ ਦੇ ਮਨ ਪ੍ਰਚਾਵੇ ਦਾ ਸਾਧਨ ਬਣਦੀ ਹੈ, ਗੋਕੁਲ ਦੁਆਰੇ ਦੇ ਮਾਧਿਅਮ ਰਾਹੀਂ ਉਹ ਸਖੀ ਸੰਪ੍ਰਦਾਇ ਦੇ ਮੁਖੀਆ ਜੀ,ਜਲਘੜੀਆ ਜੀ, ਭੀਭਰੀਆ ਜੀ, ਮੋਰਤਨੀਆ ਜੀ ਆਦਿ ਨਾਲ ਅਤੇ ਮੰਦਰ ਦੇ ਪਾਲਿਟਿਕਸ ਅਤੇ 'ਅਤਿ ਗੁਪਤ ਗੱਲ' ਨਾਲ ਵੀ ਜੁੜੀ ਹੈ। ਤਾਈ ਪਾਲਿਟਿਕਸ ਨੂੰ ਲੈ ਕੇ ਹੋਣ ਵਾਲੇ ਵਿਖਾਵੇ, ਪ੍ਰਚਾਰ, ਦਲਬੰਦੀ ਆਦਿ ਨਾਲ ਵੀ ਅਚਾਨਕ ਜੁੜ ਜਾਂਦੀ ਹੈ ਅਤੇ ਅੰਤ ਵਿਚ ਆਪਣੇ ਮਨ ਦੀ ਇੱਛਾ ਪੂਰੀ ਕਰਨ ਲਈ ਰਾਧਾਕ੍ਰਿਸ਼ਣ ਦਾ ਵਿਆਹ ਮਨਾਉਣ ਦੇ ਬਹਾਨੇ ਉਹ ਪਾਗਲਖਾਨੇ ਦੇ ਬਾਬਾ ਰਾਮ ਦੀ ਕੁੜਮਣੀ ਵੀ ਬਣ ਜਾਂਦੀ ਹੈ। ਤਾਈ ਦੇ ਚਰਿੱਤਰ ਨੂੰ ਨਾਗਰ ਜੀ ਨੇ ਜਿਸ ਤਰ੍ਹਾਂ ਦੀਆਂ ਤਿੱਖੀਆਂ ਅਤੇ ਤੇਜ਼ ·ਲੀਕਾਂ ਨਾਲ ਉਭਾਰਿਆ ਹੈ, ਉਹੋ ਜਿਹਾ ਸ਼ਾਇਦ ਹੀ ਕਿਤੇ ਮਿਲੇ।

ਸੱਜਨ, ਕਰਨਲ ਅਤੇ ਮਹੀਪਾਲ ਪੜ੍ਹਿਆਂ ਲਿਖਿਆਂ ਦੇ ਪ੍ਰਤੀਨਿੱਧ ਹਨ। ਪਰ ਨਾਗਰ ਜੀ ਨੇ ਇਹਨਾਂ ਨੂੰ ਕਿਤੇ ਟਾਈਪ ਨਹੀਂ ਬਣਾਇਆ। ਸੱਜਨ ਸਾਰੇ ਸ਼ਹਿਰ ਲਈ ਕਲਾਕਾਰ ਹੈ ਪਰ ਚਿਤ੍ਰਾ ਦੇ ਸਾਹਮਣੇ ਉਹ ਨਿਰਾ ਭੋਗੀ ਬੰਦਾ ਹੈ, ਸ਼ੀਲਾ ਸਿੰਵਗ ਵਾਸਤੇ ਮਧੁਰ ਮਜ਼ਾਕ ਦਾ ਦੁਰਜਨ, ਵਨ ਕੰਨਿਆ ਲਈ ਬਿਗੜੈਲ ਆਦਮੀ ਹੈ ਜਿਹਨੂੰ ਉਹ ਆਪਣੀ ਪ੍ਰੇਮ-ਗਲਵਕੜੀ ਵਿਚ ਬੰਨ੍ਹਕੇ ਇੰਜ ਬਦਲ ਦੇਂਦੀ ਹੈ ਕਿ ਉਹ ਆਪਣੀ ਸਮੁੱਚੀ ਜਾਇਦਾਦ ਸਹਿਕਾਰੀ ਬੈਂਕ ਅਤੇ ਬਾਬਾ ਰਾਮ ਵਲੋਂ ਦੱਸੇ ਲੋਕ ਭਲਾਈ ਦੇ ਕੰਮਾਂ ਲਈ ਦਾਨ ਕਰ ਦੇਂਦਾ ਹੈ।

ਕਰਨਲ ਨਿਧੜਕ ਗੱਲ ਕਰਨ ਵਾਲਾ ਖਰੇ ਦਿਲ ਦਾ ਆਦਮੀ ਹੈ ਜਿਹੜਾ ਮਿਤ੍ਰਤਾ ਦੇ ਹਰ ਟੇਢੇ ਮੋੜ ਨੂੰ ਬਚਾਉਣ ਵਿਚ ਮਾਹਰ ਹੈ, ਉਹ ਸੱਜਨ ਅਤੇ ਮਹੀਪਾਲ ਵਿਚ ਇਕ ਕੜੀ ਹੈ, ਪਰ ਦੋਵਾਂ ਦੀਆਂ ਕਮਜ਼ੋਰੀਆਂ ਮਾਫ ਕਰਕੇ ਉਹਨਾਂ ਦੇ ਹਰ ਕੰਮ ਵਿਚ ਸਹਿਯੋਗ ਲਈ ਤੱਤਪਰ ਰਹਿੰਦਾ ਹੈ। ਆਖਣ ਨੂੰ ਇੰਟੇਲੈਕੁਚੁਅਲ ਤਾਂ ਸੱਜਨ ਅਤੇ ਮਹੀਪਾਲ ਹਨ, ਪਰ ਵਿਹਾਰੀ ਦੁਨੀਆਂ ਦੇ ਗਿਆਨ ਵਿਚ ਕਰਨਲ ਦੋਵਾਂ ਦਾ ਦੋਸਤ ਹੀ ਨਹੀਂ ਉਸਤਾਦ ਵੀ ਹੈ। ਉਹ ਪੂਰੀ ਤਰ੍ਹਾਂ ਸੱਜਨ ਅਤੇ ਕੰਨਿਆ ਦੇ ਸੰਬੰਧਾਂ ਅਤੇ ਮਹੀਪਾਲ, ਸ਼ੀਲਾ ਅਤੇ ਕਲਿਆਣੀ ਦੇ ਤਿਕੋਨੇ ਘੋਲ ਨੂੰ ਸੁਲਝਾਉਣ ਵਿਚ ਸਫਲ ਹੁੰਦਾ ਹੈ। ਮਹੀਪਾਲ ਦਾ ਸਵੈ ਅਭਿਮਾਨੀ ਮਨ ਸਮਾਜਿਕ ਕੁਰੀਤਿਆਂ ਦਾ ਸ਼ਿਕਾਰ ਹੋ ਕੇ ਆਪਣੇ ਚਰਿੱਤਰ ਨੂੰ ਭ੍ਰਿਸ਼ਟ ਕਰ ਲੈਂਦਾ ਹੈ ਅਤੇ ਜਦੋਂ ਉਹ ਬੇਵੱਸ ਹੋ ਕੇ ਆਤਮ ਹੱਤਿਆ ਕਰ ਲੈਂਦਾ ਹੈ, ਉਸ ਵੇਲੇ ਕਰਨਲ ਆਪਣੀ ਸਮੁੱਚੀ ਸ਼ਕਤੀ ਨਾਲ

ਆਪਣੇ ਸਵਰਗਵਾਸੀ ਮਿੱਤਰ ਦੇ ਸਾਰੇ ਫ਼ਰਜ਼ਾਂ ਨੂੰ ਪੂਰਿਆਂ ਕਰਦਾ ਹੈ। ਬੇਸ਼ਕ ਇਸ ਕੰਮ ਵਿਚ ਸੱਜਨ ਅਤੇ ਵਨ ਕੰਨਿਆ ਵੀ ਪੂਰੀ ਤਰ੍ਹਾਂ ਉਹਦੇ ਨਾਲ ਰਹਿੰਦੇ ਹਨ।

"ਬੂੰਦ ਤੇ ਸਮੁੰਦਰ" ਦੀ ਅਤਿਅੰਤ ਖਿੰਡਰੀ ਮੂਲ ਕਥਾ ਦੇ ਨਾਲ ਅਨੇਕਾਂ ਛੋਟੇ ਦ੍ਰਿਸ਼ ਵੀ ਚਿਪਕੇ ਹੋਏ ਹਨ। ਹੋ ਸਕਦਾ ਹੈ ਕਿ ਕਥਾ ਪ੍ਰਵਾਹ ਦੀ ਇਕ ਲੜੀ ਲੱਭਣ ਵਾਲੇ ਪਾਠਕ ਨੂੰ ਇਹ ਚੀਜ਼ਾਂ ਵਾਧੂ ਅਤੇ ਜ਼ਰੂਰੀ ਨਾ ਲੱਗਣ, ਪਰ ਇਹ ਨਾਗਰ ਜੀ ਦੀ ਸ਼ੈਲੀ ਦਾ ਹੀ ਇਕ ਜ਼ਰੂਰੀ ਅੰਗ ਹੈ ਕਿ ਲੱਛਿਆਂ ਦੇ ਕੁਝ ਤੰਦ ਏਧਰ ਉਧਰ ਉੱਧੜੇ ਰਹਿ ਜਾਂਦੇ ਹਨ।

ਉਸ ਸੰਖੇਪ ਵਿਸ਼ਲੇਸ਼ਣ ਤੋਂ ਪਤਾ ਲਗ ਜਾਂਦਾ ਹੈ ਕਿ 'ਬੂੰਦ ਤੇ ਸਮੁੰਦਰ' ਦੇ ਲੇਖਕ ਨੇ ਕਿੰਨੇ ਵੱਡੇ ਕੈਨਵਸ ਨੂੰ ਗ੍ਰਹਿਣ ਕੀਤਾ ਹੈ। ਆਲੋਚਕਾਂ ਨੇ ਠੀਕ ਹੀ ਕਿਹਾ ਹੈ ਕਿ ਪ੍ਰੇਮਚੰਦ ਦੀ ਰੰਗਭੂਮੀ ਪਿਛੋਂ ਏਨੇ ਵੱਡੇ 'ਕੈਨਵਸ' ਨੂੰ ਕਿਸੇ ਹੋਰ ਲੇਖਕ ਨੇ ਗ੍ਰਹਿਣ ਨਹੀਂ ਕੀਤਾ। ਪਰ ਕੀ ਵੱਡੇ 'ਕੈਨਵਸ' ਦੇ ਹੋਣ ਨਾਲ ਹੀ ਕੇਵਲ ਕੋਈ ਉਪਨਿਆਸ ਵੱਡਾ ਹੋ ਸਕਦਾ ਹੈ। ਕੈਨਵਸ ਸਾਡੇ ਸਾਹਮਣੇ ਜ਼ਿੰਦਗੀ ਦੀ ਬਹੁਪੱਖਤਾ ਤਾਂ ਲਿਆ ਸਕਦਾ ਹੈ, ਡੂੰਘਾਈ ਲਿਆਉਣ ਲਈ ਕੈਨਵਸ ਨਹੀਂ ਵਡੇ-ਛੋਟੇ ਚਰਿੱਤਰਾਂ ਦੀ ਪ੍ਰਮਾਣਿਕਤਾ ਅਤੇ ਸਜੀਵਤਾ ਜ਼ਰੂਰੀ ਹੈ। 'ਬੂੰਦ ਤੇ ਸਮੁੰਦਰ' ਵਿਚ ਬਹੁਤੇ ਚਰਿੱਤਰ ਪ੍ਰਮਾਣਿਕ ਅਤੇ ਜੀਊਂਦੇ ਜਾਗਦੇ ਜਾਪਦੇ ਹਨ। ਸੱਜਨ ਬਾਰੇ ਇਹ ਦੋਸ਼ ਲਾਇਆ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦੀ ਡੈਸ਼ਿੰਗ ਉਹਦੇ ਚਰਿੱਤਰ ਦੇ ਅਰੰਭਕ ਹਿੱਸੇ ਵਿਚ ਹੈ, ਉਸ ਤਰ੍ਹਾਂ ਦੀ ਅੰਤ ਤਕ ਨਹੀਂ ਰਹਿੰਦੀ। ਸੱਚ ਤਾਂ ਇਹ ਹੈ ਬਾਬਾ ਰਾਮ ਦੀ ਸੇਵਾ-ਨਿਪੁੰਨ ਆਦਰਸ਼ਵਾਦੀ ਸ਼ਖਸੀਅਤ ਦੇ ਸਾਹਮਣੇ ਉਹ ਨਿਰ-ਉਪਾ ਅਤੇ ਬਲਹੀਣ ਜਿਹਾ ਲਗਦਾ ਹੈ। ਏਥੇ ਇਕ ਅੰਤ੍ਰੀਵ ਯੋਜਨਾ ਵੀ ਦਿਸਦੀ ਹੈ। ਨਾਗਰ ਜੀ ਨੇ ਜਾਣ ਕੇ ਜਾਂ ਅਣਜਾਣੇ, ਸੱਜਨ ਦੇ ਚਰਿੱਤਰ ਨੂੰ ਵਨ ਕੰਨਿਆ ਅਤੇ ਬਾਬਾ ਰਾਮ ਦੇ ਵਿਚਕਾਰ ਲਿਆਕੇ ਉਹਨੂੰ ਬਦਲਦਿਆਂ ਵਿਖਾਇਆ ਹੈ। ਇਹ ਇਕ ਵੱਖਰਾ ਪ੍ਰਸ਼ਨ ਹੈ ਕਿ ਬਾਬਾ ਰਾਮ ਦੇ ਆਦਰਸ਼ ਅਤੇ ਚਰਿੱਤਰ ਨੂੰ ਕੀ ਨਾਗਰ ਜੀ ਉਪਨਿਆਸਕ ਦ੍ਰਿਸ਼ਟੀਕੋਣ ਤੋਂ ਲਿਆਉਣਾ ਚਾਹੁੰਦੇ ਹਨ। ਨਾਗਰ ਜੀ ਨੂੰ ਆਮ ਕਰਕੇ ਹੀ ਯਥਾਰਥਵਾਦੀ ਨਾਵਲਕਾਰਾਂ ਦੀ ਕਤਾਰ ਵਿਚ ਰਖਿਆ ਗਿਆ ਹੈ। ਪਰ ਉਹਨਾਂ ਦੇ ਸਾਰੇ ਉਪਨਿਆਸ ਇਸ ਗੱਲ ਦੇ ਪ੍ਰਮਾਣ ਹਨ ਕਿ ਉਹ ਕਿਸੇ ਵੀ ਰਾਜਨੀਤਕ ਵਿਚਾਰਧਾਰਾ ਪ੍ਰਤੀ ਵਚਨਬੱਧ ਨਹੀਂ ਹਨ। ਉਹ ਸਮਾਜ ਵਿਚ ਪ੍ਰੀਵਰਤਨ ਚਾਹੁੰਦੇ ਹਨ, ਉਹਨੂੰ ਗੰਦਗੀ, ਸੜ੍ਹਾਂਦ ਭ੍ਰਿਸ਼ਟਾਚਾਰ ਅਤੇ ਵਿਹਲੜਪੁਣੇ 'ਚੋਂ ਕੱਢ ਕੇ ਸਿਹਤਮੰਦ ਢੰਗ ਨਾਲ ਪੁਲਾਂਘ ਭਰਦਿਆਂ ਵੇਖਣਾ ਚਾਹੁੰਦੇ ਹਨ, ਪਰ ਇਹਦੇ ਲਈ ਉਹਨਾਂ ਕੋਲ ਕੋਈ ਬੰਨ੍ਹਿਆ ਬੰਨ੍ਹਾਇਆ ਫਾਰਮੂਲਾ ਜਾਂ ਬਣਿਆ ਬਣਾਇਆ ਹਲ ਨਹੀਂ ਹੈ, ਕਿਉਂਕਿ ਨਾਗਰ ਜੀ ਪਿਛਲੀ ਪੀੜ੍ਹੀ ਦੇ ਲੋਕ — ਚਹੇਤੇ ਲੇਖਕ ਹਨ, ਇਸ ਲਈ ਉਹ ਏਨੇ ਨਾਲ ਵੀ ਸੰਤੁਸ਼ਟ ਨਹੀਂ ਹੁੰਦੇ ਕਿ

ਲੇਖਕ ਦਾ ਕੰਮ ਕੇਵਲ ਸਮਾਜ ਦੇ ਯਥਾਰਥਕ ਜੀਵਨ ਦੇ ਸੱਚੇ ਸਬੂਤ ਜਾਂ ਗੁਆਹੀਆਂ ਸਾਹਮਣੇ ਲਿਆਉਣਾ ਹੁੰਦਾ ਹੈ। ਉਹ ਕੋਈ ਨਾ ਕੋਈ ਹਲ ਸਾਹਮਣੇ ਰਖਣਾ ਚਾਹੁੰਦੇ ਹਨ। ਇਸ ਨਾਵਲ ਵਿਚ ਉਹਨਾਂ ਨੇ ਬਾਬਾ ਰਾਮ ਰਾਹੀਂ ਪ੍ਰੇਰੇ ਲੋਕ-ਸੇਵਾ ਅੰਦੋਲਨ ਨੂੰ ਇਕ ਹੱਲ ਦੇ ਰੂਪ ਵਿਚ ਸਾਹਮਣੇ ਲਿਆਂਦਾ ਹੈ — "ਤੁਸੀਂ ਜੇਕਰ ਕੁਟੀਰ ਉਦਯੋਗ ਵਧਾ ਕੇ ਨਗਰ ਦੇ ਬੰਦਿਆਂ ਨੂੰ ਮਹਾਜਨਾਂ ਦੀ ਫਾਂਸੀ ਤੇ ਬੇਈਮਾਨੀ ਤੋਂ ਬਚਾ ਸਕੋ ਜਾਂ ਔਰਤਾਂ ਨੂੰ ਆਪਣੇ ਆਰਥਕ ਸਾਧਨਾਂ ਦੀ ਪੂਰਤੀ ਲਈ ਮਹਿਲਾ ਆਸ਼ਰਮ ਵਰਗੀਆਂ ਸੰਸਥਾਵਾਂ ਤੋਂ ਬਚਾਉਣ ਲਈ ਨਾਲ ਦੀ ਨਾਲ ਨੈਤਿਕ ਪੱਧਰ ਉੱਚੀ ਕਰ ਸਕੋ ਤਾਂ ਬਹੁਤ ਵਡਾ ਕੰਮ ਹੋ ਜਾਏਗਾ ਰਾਮਜੀ।"

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ੍ਰੀ ਅੰਮ੍ਰਿਤ ਲਾਲ ਨਾਗਰ ਨੇ ਆਪਣੇ ਉਪਨਿਆਸ 'ਬੂੰਦ ਤੇ ਸਮੁੰਦਰ' ਵਿਚ ਪ੍ਰਗਟਾਏ ਅਤੇ ਸਮਾਜ ਵਿਚ ਉੱਠਣ ਵਾਲੇ ਰੋਜ਼ ਦਿਹਾੜੀ ਦੇ ਸੰਘਰਸ਼ਾਂ ਦਾ ਬੜਾ ਜੀਊਂਦਾ-ਜਾਗਦਾ ਅਤੇ ਵਿਆਪਕ ਚਿਤ੍ਰਣ ਪੇਸ਼ ਕੀਤਾ ਹੈ। ਆਪਣੀ ਯਥਾਰਥਵਾਦੀ ਦ੍ਰਿਸ਼ਟੀ, ਦ੍ਰਿਸ਼ਾਂ ਨੂੰ ਸਾਕਾਰ ਕਰਨ ਦੀ ਚਿਤ੍ਰਕਾਰੀ ਵਾਲੀ ਭਾਵਨਾ ਅਤੇ ਚਰਿੱਤਰਾਂ ਨੂੰ ਪ੍ਰਮਾਣਕ ਢੰਗ ਨਾਲ ਉਪਸਥਿਤ ਕਰਨ ਦੀ ਸ਼ਕਤੀ ਕਾਰਨ 'ਬੂੰਦ ਤੇ ਸਮੁੰਦਰ' ਹਿੰਦੀ ਉਪਨਿਆਸ ਸਾਹਿਤ ਦੀ ਇਕ ਪ੍ਰਤੀਨਿਧ ਕਿਰਤ ਬਣ ਗਿਆ ਹੈ।

— ਡਾ: ਸ਼ਿਵਪ੍ਰਸਾਦ ਸਿੰਘ

1

ਦੁਪਹਿਰ ਦੀ ਧੁੱਪ ਸਿਆਲ ਦੇ ਦਰਬਾਰ ਲਾਕੇ ਚਾਰ ਚੁਫੇਰੇ ਪਸਰ ਰਹੀ ਹੈ। ਤੀਵੀਆਂ ਦਾ ਸਿਊਣਾ ਪਰੋਣਾ ਚਲ ਰਿਹਾ ਹੈ। ਕਣਕ ਛੱਟੀ ਜਾ ਰਹੀ ਹੈ, ਦਾਲਾਂ ਚੁਣੀਆਂ ਜਾ ਰਹੀਆਂ ਹਨ, ਸਾਗ ਵਨਾਰੇ ਜਾ ਰਹੇ ਹਨ; ਕਿਤੇ ਆਰਾਮ ਵੀ ਹੋ ਰਿਹਾ ਹੈ। ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਘੜਮੱਸ ਮਚੀ ਹੋਈ ਹੈ, ਗੁੱਡੀਆਂ ਵੀ ਉਡ ਰਹੀਆਂ ਹਨ। ਕਿਤੇ ਕੋਈ ਪਿਨਸ਼ਨੀਆਂ ਆਗਿਆਕਾਰੀ-ਕਮਾਊ ਸੰਤਾਨ ਵਾਂਗ ਆਸਰਾ ਅਤੇ ਬੇਫ਼ਿਕਰੀ ਦੇਣ ਵਾਲੇ ਘਰ ਨੂੰ ਸਲਾਹੁੰਦਾ ਹੋਇਆ ਬਿਰਧ ਉਮਰ ਵਾਲੇ ਸਰੀਰ ਤੇ ਲਏ ਉੱਨ ਅਤੇ ਰੂੰ ਦੇ ਗ਼ਲਾਫ਼ ਨਿਡਰਤਾ ਨਾਲ ਲਾਹ ਕੇ ਹੱਥਾਂ ਨਾਲ ਗੋਡੇ ਮਲਦਾ ਆਪਣੀ ਗਠੜੀ ਖੋਹਲ ਰਿਹਾ ਹੈ; ਅਵੇਰੇ ਰੋਟੀ ਖਾਣ ਵਾਲੇ ਘਰਾਂ ਦੀਆਂ ਛੱਤਾਂ ਉਤੇ ਅਜੇ ਵੀ ਕੋਈ ਕੋਈ ਸਿਰ 'ਚ ਲੋਟੇ ਡੋਲ੍ਹਦਾ ਹਰ ਹਰ ਗੰਗੇ ਕਰ ਰਿਹਾ ਹੈ। ਜਾਗਦੀ-ਦੁਨੀਆਂ ਦੀਆਂ ਖੜ ਖੜ, ਛੜ ਛੜ, ਧੰਮ ਧੰਮ ਕਰਦੀਆਂ, ਚੜ੍ਹਦੀਆਂ ਲਹਿੰਦੀਆਂ, ਕਰੋਧ-ਮਮਤਾ-ਖਿਝ-ਗੰਭੀਰਤਾ ਅਤੇ ਹਾਸੇ ਠੱਠੇ ਨਾਲ ਭਰੀਆਂ ਹੋਈਆਂ ਸਤਰੰਗੀਆਂ ਆਵਾਜ਼ਾਂ ਗੂੰਜ ਵਿਚ ਸਿਮਟ ਗਈਆਂ ਹਨ — ਗੂੰਜ ਕਣ ਕਣ ਵਿਚ ਵਿਚਰ ਰਹੀ ਹੈ। ਕਿਤਿਉਂ ਕੋਈ ਆਵਾਜ਼ ਦੀ ਇਕ ਵੀ ਤਾਰ ਛੋਹ ਲਏ ਅੱਜ ਦੀ ਦੁਨੀਆਂ ਗੂੰਜ ਪੈਂਦੀ ਹੈ।

ਲਖਨਊ ਦੇ ਇਕ ਮੁਹੱਲੇ ਵਿਚ ਭਭੂਤੀ-ਸੁਨਿਆਰੇ ਦੀਆਂ ਦੋਵੇਂ ਜਵਾਨ ਨੂੰਹਾਂ ਆਪਣੇ ਬਨੇਰੇ ਤੇ ਪਲਮੀਆਂ ਹੋਈਆਂ ਗੁਆਂਢਣ ਤਾਰਾ ਨਾਲ ਗੱਲਾ ਕਰ ਰਹੀਆਂ ਹਨ। ਹੇਠਲੀ ਛੱਤ ਉਤੇ ਭਭੂਤੀ ਦੀ ਕੰਧ ਨਾਲ ਟਿਕਾ ਕੇ ਰਖੇ ਹੋਏ ਚੀਲ ਦੇ ਖ਼ਾਲੀ ਬਕਸੇ ਤੇ ਬੈਠ ਕੇ ਤਾਰਾ ਅ ਪਣੀਆਂ ਗੁਆਂਢਣ ਸਹੇਲੀਆਂ ਦੇ ਬਨੇਰੇ ਤਕ ਆ ਗਈ ਹੈ। ਸਲਾਈਆਂ ਰੋਕ, ਚੁੰਨੇ ਮੁੰਨੇ ਸਵੈਟਰ ਦੇ ਘੁਰਿਆਂ ਵਲ ਵੇਂਹਦੀ, ਭਵਾਂ ਉਤੇ ਜ਼ੋਰ ਪਾਉਂਦੀ—ਤਾਰਾ ਕਹਿ ਰਹੀ ਹੈ — "ਸਾਨੂੰ ਤਾਰਾ ਤਾਰਾ ਅਖਵਾਉਣਾ ਉੱਕਾ ਚੰਗਾ ਨਹੀਂ ਲਗਦਾ, ਵੇਖੋ ਭਈ, ਬੁਰਾ ਨ ਮੰਨਾਇਓ। 'ਤਾਰਾ' ਤਾਂ ਬਸ ਉਹਨਾਂ ਦੇ ਮੂੰਹੋਂ ਈ ਮਿੱਠਾ ਲਗਦਾ ਏ ਆਪਾਂ ਨੂੰ।"

ਵੱਡੀ ਦੇ ਸੱਜੇ ਕੰਨ ਦੇ ਜੜਾਊ ਟੌਪਸ ਉਤੇ ਧੁੱਪ ਪੈ ਰਹੀ ਹੈ, ਸਿਰ ਦੇ ਹੁਲਾਰੇ

ਨਾਲ ਹੀਰੇ ਦੀਆਂ ਕੰਨੀਆਂ ਹਲਕੀ–ਨਿਲੱਤਣ ਮਾਰਦੀਆਂ ਝਮ ਝਮ ਕਰ ਉਠੀਆਂ। ਗੋਰੀ ਗੱਲ੍ਹ ਉਤੇ ਪੰਜਾ ਰੱਖਣ ਵਾਲੇ ਢੰਗ ਨਾਲ ਬੋਲੀ — "ਲੈ ਤੇ ਹੁਣ ਆਪਾਂ ਤੈਨੂੰ ਕੀ ਕਹਿ ਕੇ ਬੁਲਾਈਏ ?"

"ਮਿਸਿਜ਼ ਵਰਮਾ ਕਿਹਾ ਕਰੋ। ਮੈਂ ਵੀ ਤੁਹਾਨੂੰ ਏਦਾਂ ਈ ਸੱਦਿਆ ਕਰਾਂਗੀ।"

ਛੋਟੀ ਦੇ ਮੋਟੇ ਬੁੱਲ੍ਹ ਦਾ ਤਿਲ ਸੁੰਗੜਿਆ, ਨੱਕ ਚੜ੍ਹਿਆ, ਲੌਂਗ ਦੇ ਹੀਰੇ ਨੇ ਝਮ ਝਮ ਕੀਤਾ, ਭਵਾਂ ਤੇ ਗੁਮਾਨ ਦੇ ਤੇਵਰ ਚੜ੍ਹੇ, ਮਚਲਣ ਨਾਲ ਧੌਣ ਵਿਚ ਲੌਚ ਆਈ, ਉਹ ਬੋਲੀ — "ਤਾਂ ਤੂੰ ਸਾਨੂੰ ਕੀ ਆਖੇਗੀ — ਮਿਸਿਜ਼ ਸੁਨਿਆਰਾ ? ਆਪਾਂ ਤਾਂ ਭਈ, ਏਸ ਨਾਂ ਨਾਲ ਨਹੀਂ ਬੋਲਣਾ। ਸਾਨੂੰ ਨਹੀਂ ਚੰਗਾ ਲਗਣਾ।"

ਵੱਡੀ ਨੇ ਕਿਹਾ — "ਇਹਦੇ ਵਿਚ ਕੀ ਮਾੜਾ ਏ ? ਜਿਹੜੀ ਵੀ ਕਿਸੇ ਦੀ ਜ਼ਾਤ ਹੋਏਗੀ, ਉਹੋ ਆਖੀ ਜਾਏਗੀ, ਤੇ ਨਾਲੇ ਅਸੀਂ ਲੋਕ ਕੋਈ ਨੀਵੀਂ ਕੌਮ ਥੋੜੀ ਆਂ ਬੈਸ਼ (ਵੈਸ਼) ਆਂ।"

ਤਾਰਾ ਇੰਟਰਮੀਡੀਏਟ ਤਕ ਪੜ੍ਹੀ ਹੈ। ਉਹਨੇ ਅੰਤਰਜ਼ਾਤੀ ਪ੍ਰੇਮ–ਵਿਆਹ ਕੀਤਾ ਹੈ, ਪਤੀ ਨਾਲ ਅਕਸਰ ਉਹਨੂੰ ਹਜ਼ਰਤ ਗੰਜ, ਕਵਾਲਟੀ, ਸਿਲਵਰ ਸਨੋ ਰੈਸਤੋਰਾਂ, ਕਾਫ਼ੀ–ਹਾਊਸ ਤਕ ਦੀ ਦੁਨੀਆਂ ਵੇਖਣ ਦਾ ਮੌਕਾ ਮਿਲਦਾ ਹੈ। ਆਪਣੇ ਨਾਲੋਂ ਘਟ ਪੜ੍ਹੀਆਂ, ਘਟ ਅਜ਼ਾਦ ਭਭੂਤੀ–ਸੁਨਿਆਰੇ ਦੀਆਂ ਨੂੰਹਾਂ ਨੂੰ ਵੇਖ ਕੇ ਅਪਣੱਤ ਭਰੀ ਅਵਾਜ਼ ਵਿਚ ਨਵੇਂ ਜੁਗ ਦਾ ਮਾਣ ਵਾਲਾ ਐਲਾਨ ਕਰਦਿਆਂ ਤਾਰਾ ਨੇ ਕਿਹਾ — "ਨੀ ਭੈਣਾਂ, ਊਚ ਨੀਚ ਦੀਆਂ ਗੱਲਾਂ ਹੁਣ ਕੌਣ ਮੰਨਦਾ ਏ। ਨਾਲੇ ਆਪਾਂ ਤਾਂ ਭਈ ਜ਼ਾਤਪਾਤ ਨੂੰ ਈ ਨਹੀਂ ਮੰਨਦੇ।"

ਵੱਡੀ ਦੀਆਂ ਨਜ਼ਰਾਂ ਵਿਚ ਤਾਰਾ ਹੀਰੋਇਨ ਹੈ। ਆਪ ਵੀ ਉਹਦੇ ਮਾਣ 'ਚ ਮਤੀ, ਗਦ ਗਦ ਹੋ ਕੇ ਉਹਨੇ ਕਿਹਾ — "ਤੂੰ ਮੰਨਣਾ ਕੀ ਏ, ਕਰ ਵਿਖਾਇਆ ਏ ਭੈਣਾਂ। ਸੱਜਣ ਨਾਲ ਖੁੱਲ੍ਹ ਖੇਡੀਂ ਏ।"

ਉਹ ਹੱਸ ਪਈ। ਉਹ ਦੋਵੇਂ ਵੀ ਹੱਸੀਆਂ। ਤਾਰਾ ਛੋਟੀ ਦੀਆਂ ਨਜ਼ਰਾਂ ਵਿਚ ਵੀ ਹੀਰੋਇਨ ਹੈ। ਤਾਰਾ ਆਪ ਵੀ ਆਪਣੀਆਂ ਨਜ਼ਰਾਂ ਵਿਚ ਹੀਰੋਇਨ ਹੈ।

ਤਾਰਾ ਦੀ ਸਾਂਵਲੀ–ਸੁਡੌਲ ਸ਼ਕਲ ਨੂੰ ਨਸ਼ਿਆਈਆਂ ਨਜ਼ਰਾਂ ਨਾਲ ਵੇਖਦਿਆਂ ਹੋਇਆਂ ਪ੍ਰੇਮ ਵਾਸ਼ਨਾ ਭਰੀ–ਚੰਚਲ ਆਵਾਜ਼ ਵਿਚ ਵਡੀ-ਬੋਲੀ "ਕੁਝ ਵੀ ਕਹਿ ਭਈ, 'ਲੌ ਮੈਰਿਜ' 'ਚ ਆਪਣਾ ਈ ਮਜ਼ਾ ਏ। ਇਕ ਵਾਰ ਜਦੋਂ ਮੈਂ ਏਠਥ ਵਿਚ ਪੜ੍ਹਦੀ ਸਾਂ ਤਾਂ ਮੇਰਾ ਵੀ 'ਲੌ' ਇਕ ਮੁੰਡੇ ਨਾਲ ਹੋਇਆ ਸੀ।"

ਛਿਣ ਭਰ ਲਈ — ਵੱਡੀਆਂ ਦੀਆਂ ਗੁਦਗਦੀ — ਝਿਜਕ ਨਾਲ ਭਰੀਆਂ ਨਜ਼ਰਾਂ ਪੁਰਾਣੇ ਨਜ਼ਾਰੇ ਵਿਚ ਗੁਆਚ ਗਈਆਂ। ਛੋਟੀ ਦੇ ਚਿਹਰੇ ਤੇ "ਹਾਇ ਮਰ ਜਾਂ" ਦਾ ਭਾਵ ਉਜਾਗਰ ਹੋਇਆ। ਰੰਗੇ ਨਹੁੰਆਂ ਵਾਲੀਆਂ ਵਿਚਲੀਆਂ ਦੋ ਉਂਗਲਾਂ

ਮੁਸਕ੍ਰਾਹਟ ਨਾਲ ਖੁਲ੍ਹੇ ਬੁੱਲ੍ਹਾਂ ਉਤੇ ਝਰੋਖੇ ਵਾਂਗ ਜੜੀਆਂ ਗਈਆਂ। ਅਤੇ ਤਾਰਾ-ਇੰਜ ਹੱਸੀ ਜਿਵੇਂ ਫ਼ਸਟ ਆਉਣ ਵਾਲੀ ਵਿਦਿਆਰਥਣ ਨੂੰ ਵੇਖ ਕੇ ਸ਼ਾਬਾਸ਼ ਦੇਂਦੀ ਹੋਈ ਅਧਿਆਪਕਾ ਹੱਸਦੀ ਹੈ।

ਹੇਠਲੀ ਛੱਤ ਉਤੇ ਆਪਣੀ ਪੰਘੂੜੀ ਵਿਚ ਪਈ ਹੋਈ ਵੱਡੀ ਦੀ ਤਿੰਨ ਮਹੀਨੇ ਦੀ ਕੁੜੀ ਰੋਣ ਲਗ ਪਈ। ਉਹਦਾ ਚੌਂਹ ਵਰ੍ਹਿਆਂ ਦਾ ਮੁੰਡਾ ਕੋਲ ਈ ਛੱਪਰ ਹੇਠ ਬੁਖ਼ਾਰ ਨਾਲ ਪਿਆ ਸੁੱਤਾ ਹੋਇਆ ਸੀ। ਉਹਦੇ ਕੋਲ ਬੈਠੀ ਖਰਲ ਵਿਚ ਹਿੰਗ ਵਾਲੇ ਚੂਰਨ ਦਾ ਨੁਸਖ਼ਾ ਘੋਟਦੀ ਹੋਈ ਸੱਸ ਨੇ ਆਵਾਜ਼ ਮਾਰੀ — "ਵਡੀਏ! ਨੀ ਕੁੜੀ ਰੋ ਰਹੀ ਆ।"

ਉਪਰ ਤਾਰਾ ਵੱਡੀ ਨੂੰਹ ਤੋਂ ਪੁੱਛ ਰਹੀ ਹੈ — "ਉਹ ਲਵਰ ਕਿਹੋ ਜਿਹਾ ਸੀ ?"

ਕੁੜੀ ਹੱਥ ਪੈਰ ਮਾਰ ਮਾਰ ਕੇ ਰੋ ਰਹੀ ਹੈ। ਉਹਦੀ ਦਾਦੀ ਇਕ ਚਿੱਤ ਹੋ ਕੇ ਚੂਰਨ ਘੋਟ ਰਹੀ ਹੈ। ਉਹਦੀ ਭੂਆ ਹੇਠਾਂ ਬਿਨਾਂ ਕਿਨਾਰੇ ਦੀ ਰੇਸ਼ਮੀ ਧੋਤੀ ਪਾਈ, ਮੂੰਹ ਵਿਚ ਪਾਨ ਰਖੀ, ਸਰਦੀ ਨਾਲ ਠੁਰਕਦੀ ਹੋਈ ਉਪਰ ਆਈ। ਇਕ ਮਿੰਟ ਨੰਦੋ ਮਾਂ ਕੋਲ ਧੁੱਪ ਵਿਚ ਖੜੀ ਰਹੀ, ਫਿਰ ਜਾਂਦਿਆਂ ਹੋਇਆਂ ਬੋਲੀ — "ਤਾਈ ਦੇ ਘਰ ਜਾ ਰਹੀ ਆਂ।"

ਮਾਂ ਨੇ ਕਿਹਾ — "ਉਪਰੋਂ ਵੱਡੀ ਨੂੰ ਘਲਾਉਂਦੀ ਜਾਈਂ। ਗੱਲਾਂ 'ਚ ਇਹ ਲੋਕੀ ਏਨੀਆਂ ਮਗਨ ਹੁੰਦੀਆਂ ਨੇ ਪਈ ਮੁੰਡਿਆਂ ਕੁੜੀਆਂ ਦੀ ਹੋਸ਼ ਈ ਨਹੀਂ ਰਹਿੰਦੀ।"

ਸਤਾਈਆਂ ਵਰ੍ਹਿਆਂ ਦੀ ਉਮਰ ਵਿਚ ਮੋਹ ਮਾਇਆ ਤਿਆਗ, ਅੱਜ ਕੱਲ੍ਹ ਦੇ ਲੜਕੇ ਲੜਕੀਆਂ, ਆਪਣੀ ਉਮਰ ਜੇਡੀਆਂ, ਘਰ ਬਾਰ 'ਚ ਖੁਭੀਆਂ ਸੁਹਾਗਣਾਂ ਅਤੇ ਗੋਦ ਵਿਚਲੇ ਬੱਚਿਆਂ ਨਾਲ ਘਿਰਣਾ ਕਰਨ ਵਾਲੀ, ਵਰਤਾਂ ਵਿਹਾਰਾਂ ਦੀ ਪੱਕੀ ਬੁਝੇ ਹੋਏ ਚਿਹਰੇ ਵਾਲੀ ਨੰਦੋ ਧਰਮ ਚਰਚਾ ਅਤੇ ਪਰਾਈ ਨਿੰਦਿਆ ਕਰਨ ਵਾਲੀਆਂ ਵੱਡੀਆਂ ਛੋਟੀਆਂ ਦੀ ਸੰਗਤ ਵਿਚ ਆਪਣਾ ਅੱਗਾ ਸੁਧਾਰਦੀ ਹੈ।

ਤਾਈ ਘਰ ਜਾਣ ਲਈ ਨੰਦੋ ਉਤਲੀ ਛੱਤ ਉਤੇ ਚੜ੍ਹੀ ਜਿਥੇ ਉਹਦੀਆਂ ਦੋਵੇਂ ਭਰਜਾਈਆਂ ਤਾਰਾ ਨਾਲ ਗੱਲਾਂ ਕਰ ਰਹੀਆਂ ਸਨ। ਦੱਬੇ ਪੈਰੀਂ ਛੱਤ ਉਤੇ ਆਉਂਦਿਆਂ ਹੋਇਆਂ ਨੰਦੋ ਨੇ ਆਪਣੇ ਕੰਨ ਇਸ ਤਰ੍ਹਾਂ ਲਾਏ ਹੋਏ ਸਨ ਜਿਵੇਂ ਬਿੱਲੀ ਦੀ ਨਜ਼ਰ ਆਪਣੇ ਸ਼ਿਕਾਰ ਤੇ ਲੱਗੀ ਹੁੰਦੀ ਹੈ।

ਨੰਦੋ ਨੂੰ ਪਰਾਈ ਨਿੰਦਿਆ ਲਈ ਬੜਾ ਵਧੀਆ ਮਸਾਲਾ ਮਿਲ ਰਿਹਾ ਸੀ, ਪਰ ਉਂਜ ਈ ਮਾਂ ਨੇ ਫਿਰ ਜ਼ੋਰ ਨਾਲ ਵਾਜ ਦਿਤੀ — "ਨੀ ਵੱਡੀਏ!"

ਅਤੇ ਦੋਵੇਂ ਵਹੁਟੀਆਂ ਸੁਣ ਕੇ ਵੇਖਣ ਲਗੀਆਂ। ਚੋਰ ਵਾਂਗ ਖਲੋਤੀ ਨਣਾਨ ਨੂੰ ਵੇਖ ਕੇ ਦੋਵੇਂ ਭਰਜਾਈਆਂ ਵੀ ਠਠੰਬਰੀਆਂ ਤੇ ਨਣਾਨ ਵੀ। ਨੰਦੋ ਕਾਹਲੀ ਨਾਲ ਆਪਣਾ ਆਪ ਸੰਭਾਲਦੀ ਹੋਈ ਤਾਈ ਦੀ ਛੱਤ ਉਤੇ ਜਾਣ ਲਈ ਬਨੇਰੇ ਵਲ

ਤੁਰ ਪਈ ।

2

ਤਾਈ ਰਾਜਾ ਬਹਾਦਰ ਸਰ ਦਵਾਰਕਾ ਦਾਸ ਅਗਰਵਾਲ਼ ਦੀ ਪਹਿਲੀ ਪਤਨੀ ਹੈ । ਰਾਜਾ ਬਹਾਦਰ ਲਖਨਊ ਦੇ ਰਈਸਾਂ ਦਾ ਨੱਕ ਹਨ। ਅੰਗਰੇਜ਼ੀ ਜ਼ਮਾਨੇ ਵਿਚ ਡਿਪਟੀ ਕਮਿਸ਼ਨਰ ਤੋਂ ਲੈ ਕੇ ਚੀਫ਼ ਸੈਕਟਰੀ ਅਤੇ ਹੋਮ ਮਨਿਸਟਰ ਮੈਂਬਰ ਤਕ, ਸੰਯੁਕਤ ਪ੍ਰਾਂਤ ਦੇ ਗਵਰਨਰ ਤੋਂ ਲੈ ਕੇ ਵਾਇਸਰਾਏ ਤਕ, ਸਭ ਥਾਈਂ ਉਹਨਾਂ ਦੀ ਪਹੁੰਚ ਸੀ। ਉਨ੍ਹਾਂ ਦਾ ਆਦਰ ਹੁੰਦਾ ਸੀ। ਸਵਰਾਜ ਹੋ ਜਾਣ ਤੇ ਵੀ ਸ੍ਰੀ ਦਵਾਰਕਾ ਦਾਸ ਦੀ ਪਹੁੰਚ ਭਾਵੇਂ ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਤਕ ਨਹੀਂ ਰਹੀ — ਫਿਰ ਵੀ ਉਨ੍ਹਾਂ ਦਾ ਦਬਾਅ ਘਟ ਨਹੀਂ ਹੋਇਆ । ਨਵੀਂ ਦਿੱਲੀ ਦੇ ਅਨੇਕ ਉੱਚ ਅਧਿਕਾਰੀ — ਅਤੇ ਉੱਤਰ ਪ੍ਰਦੇਸ਼ ਦੇ ਵੱਡੇ ਵੱਡੇ ਮੰਤਰੀ ਅਤੇ ਅਫ਼ਸਰ ਹੁਣ ਵੀ ਨਿੱਜੀ ਤੌਰ ਤੇ ਉਨ੍ਹਾਂ ਨੂੰ ਰਾਜਾ ਸਾਹਿਬ ਕਹਿ ਕੇ ਹੀ ਸੰਬੋਧਨ ਕਰਦੇ ਹਨ । ਉਹਨਾਂ ਦਾ ਸਰਕਾਰੀ ਕੰਮਕਾਜ ਵੀ ਸਿੱਧੀ ਦੀ ਮੰਜਲ 'ਤੇ ਕਾਨੂੰਨ ਦੀਆਂ ਪੌੜੀਆਂ ਰਾਹੀਂ ਨਹੀਂ, ਸਗੋਂ ਪੱਖਪਾਤ ਦੀ ਲਿਫਟ ਰਾਹੀਂ ਚੜ੍ਹਦਾ ਹੈ। ਰਾਜਾ ਬਹਾਦਰ ਦੀ ਦਾਨ ਵੀਰਤਾ ਅਤੇ ਧਰਮ ਵਿਸ਼ਵਾਸ ਦੇ ਸੰਬੰਧ ਵਿਚ ਬੜੇ ਬੜੇ ਸ਼ੰਕਰ ਆਚਾਰੀਆਂ ਤਕ ਆਪਣੇ ਦੈਵੀ – ਫ਼ਤਵੇ ਦੇ ਚੁਕੇ ਹਨ। ਹਰ ਸਾਲ ਉਹਨਾਂ ਦੇ ਘਰ ਸੰਤ-ਸੰਮੇਲਨ ਹੁੰਦਾ ਹੈ, ਕਈ ਲੱਖ ਰੁਪਏ ਖ਼ਰਚ ਕਰਕੇ ਉਨ੍ਹਾਂ ਨੇ ਲਕਸ਼ਮੀ ਨਾਰਾਇਣ ਦਾ ਮੰਦਰ ਬਣਵਾਇਆ ਹੈ, ਜੋ ਆਪਣੇ ਦੇਵਤਿਆਂ ਦੇ ਨਾਂ ਕਰਕੇ ਨਹੀਂ, ਸਗੋਂ ਅਗਰਵਾਲ ਮੰਦਰ ਦੇ ਨਾਮ ਨਾਲ ਪ੍ਰਸਿੱਧ ਹੈ । ਕਹਿੰਦੇ ਹਨ ਉਨ੍ਹਾਂ ਦੀ ਨਵੀਂ ਹਵੇਲੀ ਵਿਚ ਉਨ੍ਹਾਂ ਵਲੋਂ ਬਣਵਾਏ ਗਏ ਲੱਖੀ ਥੜੇ ਤੋਂ ਜੋ ਅਖੰਡ-ਦੀਪ ਜਗਦਾ ਹੈ ਉਹਦਾ ਕੱਜਲ ਕਾਲਾ ਨਹੀਂ ਸਗੋਂ ਕੇਸਰੀਆ ਹੁੰਦਾ ਹੈ । ਇਹੋ ਜਿਹੇ ਪਤੀ ਦੀ ਸੁਹਾਗਣ ਤਾਈ ਗਲੀ ਗਲੀ ਦੀ ਛੂ ਛੂ ਬਣੀ ਜ਼ਮਾਨੇ ਭਰ ਦੀ ਘ੍ਰਿਣਾ ਅਤੇ ਅਨਾਦਰ ਇਕੱਠਾ ਕਰਦੀ ਹੈ। ਏਸ ਗੱਲ ਨੂੰ ਲੈ ਕੇ ਭਾਵਨਾ ਸ਼ੀਲ ਵੱਡੇ ਬੁੱਢੇ ਖਾਸ ਕਰਕੇ ਭਗਵਾਨ ਦਾ ਪ੍ਰਚਾਰ ਕਰਿਆ ਕਰਦੇ ਹਨ ।

ਤਾਈ ਜਦ ਵਿਆਹੀ ਆਈ ਉਸ ਵੇਲੇ ਦਵਾਰਕਾਦਾਸ ਦੇ ਘਰ ਵਿਚ ਖਾਣ ਦਾ ਖਉ ਸੀ। ਪਿੱਤਰੀ ਜਾਇਦਾਦ ਦੀ ਝੰਕਾਰ ਬਾਬੇ ਦੇ ਰਾਜ ਵਿਚ ਹੀ ਛੱਨਨ-ਮਨੱਨ ਦੇ ਘੁੰਗਰੂਆਂ ਵਿਚ ਸਮਾ ਚੁਕੀ ਸੀ, ਬਚੀ ਖੁਚੀ ਗੂੰਜ ਪਿਤਾ ਦੇ ਸਮੇਂ ਵਿਚ ਖਾ ਖਪ ਗਈ। ਕਰਜ਼ਾ ਚੜ੍ਹ ਜਾਣ ਤੇ ਉਹਨਾਂ ਨੇ ਗੋਮਤੀ ਵਿਚ ਡੁੱਬ ਕੇ ਆਪਣੀ ਇਜ਼ਤ

ਬਚਾਈ। ਵਡੇਰਿਆਂ ਦੀ ਹਵੇਲੀ (ਜੋ ਇਸ ਵੇਲੇ ਫਿਰ ਦਵਾਰਕਾਦਾਸ ਦੀ ਸੰਪਤੀ ਹੋ ਕੇ ਤਾਈ ਦੇ ਕਬਜ਼ੇ ਵਿਚ ਹੈ) ਵਡੇਰਿਆਂ ਦਾ ਕਰਜ਼ਾ ਲਾਹੁਣ ਵਾਸਤੇ ਨੀਲਾਮ ਹੋ ਗਈ। ਦਵਾਰਕਾਦਾਸ ਦੀ ਮਾਂ ਉਨ੍ਹਾਂ ਨੂੰ ਅਤੇ ਦੋ ਕੁਆਰੀਆਂ ਧੀਆਂ ਨੂੰ ਲੈ ਕੇ ਹਵੇਲੀ ਨਾਲ ਲਗਦੇ ਇਕ ਛੋਟੇ ਜਹੇ ਮਕਾਨ ਵਿਚ ਗੁਜ਼ਰ ਕਰਨ ਲੱਗੀ। ਜਿਵੇਂ ਕਿਵੇਂ ਕਰਕੇ ਇਹਨਾਂ ਦੀ ਵੱਡੀ ਭੈਣ ਦਾ ਵਿਆਹ ਹੋਇਆ। ਉਨ੍ਹਾਂ ਦਾ ਵੀ ਵਿਆਹ ਹੋਇਆ। ਤਾਈ ਲੁੱਟੀ ਗਈ ਦੌਲਤ ਦੀ ਕੁੱਲ-ਲਕਸ਼ਮੀ ਬਣ ਕੇ ਆਈ।

ਤਾਈ ਦਾ ਪੇਕਾ ਹਾਥਰਸ ਵਿਚ ਸੀ। ਉਹ ਲੋਕ ਭਾਵੇਂ ਲੁੱਟੇ ਗਏ ਸਨ, ਫਿਰ ਵੀ ਵੱਡੇ ਆਦਮੀ ਸਨ। ਤਾਈ ਦੇ ਮਾਂ ਬਾਪ ਬਚਪਨ ਵਿਚ ਹੀ ਮਰ ਚੁਕੇ ਸਨ। ਦਾਦਾ ਦਾਦੀ ਦੇ ਲਾਡ ਨੇ ਇਹਨਾਂ ਨੂੰ ਸ਼ੁਰੂ ਤੋਂ ਹੀ ਹਠੀ ਤੇ ਬਦਜ਼ਬਾਨ ਬਣਾ ਦਿਤਾ ਸੀ। ਜਦ ਦੂਸਰੇ ਚਾਚਿਆਂ ਦੀਆਂ ਅਗਾਂਹ ਸੰਤਾਨਾਂ ਆਈਆਂ, ਲਾਡ ਮਲ੍ਹਾਰ ਵੰਡਿਆ ਜਾਣ ਲੱਗਾ ਤਾਂ ਤਾਈ ਚਿੜ੍ਹਨ ਲੱਗੀ। ਲਾਡ ਨਾਲ ਵਿਗੜੀ ਹੋਈ ਜ਼ਬਾਨ ਅੰਦਰ ਦੀ ਹਿੰਸਾ ਨਾਲ ਤਿੱਖੀ ਹੋ ਗਈ। ਜਦ ਤਕ ਦਾਦਾ ਦਾਦੀ ਰਹੇ, ਇਨ੍ਹਾਂ ਨੂੰ ਕੋਈ ਕੁਝ ਨਾ ਕਹਿ ਸਕਿਆ। ਉਸ ਤੋਂ ਪਿੱਛੋਂ ਦੁਰ ਦਰ ਮਾਰੀ, ਹੋ ਗਈ, ਆਪਣੀ ਤੇਜ਼ ਜ਼ਬਾਨ ਦੇ ਕਾਰਨ ਸਾਰੇ ਘਰ ਦੀਆਂ ਅੱਖਾਂ ਵਿਚ ਰੜਕਣ ਲੱਗੀ। ਜਿਉਂ ਜਿਉਂ ਇਸ ਦਾ ਨਿਰਾਦਰ ਤੇ ਬੇਮੁਖਤਾ ਹੋਈ ਤਿਉਂ ਹੀ ਉਨ੍ਹਾਂ ਦਾ ਅੰਦਰ ਵੀ ਘਿਰਣਾ ਨਾਲ ਭਰਦਾ ਗਿਆ। ਉਹ ਮਨੁੱਖੀ ਬੋਅ ਤੋਂ ਦੂਰ ਰਹਿ ਕੇ ਇਕੱਲਤਾ ਵਾਸੀ ਹੋ ਗਈ। ਚਾਚਿਆਂ ਨੇ ਬਿਨਾਂ ਕਿਸੇ ਵਿਸ਼ੇਸ਼ ਦਾਨ-ਦਹੇਜ ਦੇ ਦਵਾਰਕਾਦਾਸ ਵਰਗੇ ਫ਼ਕੀਰ ਨਾਲ ਵਿਆਹ ਕੇ ਇਹਦੇ ਕੋਲੋਂ ਸਦਾ ਲਈ ਛੁੱਟੀ ਲੈ ਲਈ। ਫਿਰ ਕਦੇ ਨਿਉਤੇ ਸੱਦੇ ਦਾ ਨਾਂ ਤਕ ਨ ਲਿਆ।

ਵਿਆਹ ਤੋਂ ਪਿਛੋਂ ਦਵਾਰਕਾਦਾਸ ਦੇ ਭਾਗ ਨੇ ਪਲਟਾ ਖਾਧਾ। ਦਵਾਰਕਾਦਾਸ ਉਸ ਵੇਲੇ ਚੌਦਾਂ ਵਰ੍ਹਿਆਂ ਦੇ ਸਨ। ਉਹ ਇਕ ਰਿਸ਼ਤੇਦਾਰ ਦੇ ਨਾਲ ਸਰਾਫ਼ੀ ਦੀ ਦਲਾਲੀ ਦਾ ਕੰਮ ਸਿਖਣ ਲਗੇ। ਦਲਾਲੀ ਵਿਚ ਵਿਗੜੇ ਰਈਸ-ਰਜਵਾੜਿਆਂ, ਨਵਾਬਾਂ ਦੇ ਘਰ ਦਾ ਕੀਮਤੀ ਸਾਮਾਨ ਔਣੇ ਪੌਣੇ ਭਾਅ ਇਨ੍ਹਾਂ ਦੇ ਹੱਥ ਲਗਾ। ਉਹਦੇ ਨਾਲ ਹੀ ਵੱਧਣ ਲੱਗੇ। ਸਰਾਫੀ ਦੀ ਛੋਟੀ ਜਹੀ ਦੁਕਾਨ ਕਰ ਲਈ। ਅੱਛੇ ਦਿਨਾਂ ਦੇ ਆਉਣ ਦਾ ਜੱਸ ਉਨ੍ਹਾਂ ਆਪਣੀ ਪਤਨੀ ਦੇ ਭਾਗ ਨੂੰ ਦਿਤਾ ਅਤੇ ਇਸੇ ਲਈ ਉਹ ਉਹਦੀ ਜ਼ਬਾਨ ਦੇ ਜ਼ਹਿਰ ਨੂੰ ਸ਼ਿਵ ਵਾਂਗ ਪੀ ਗਏ।

ਪਹਿਲੇ ਮਹਾਂ ਯੁੱਧ ਵਿਚ ਭਾਗ ਲੱਛਮੀ — ਦਵਾਰਕਾਦਾਸ ਉਤੇ ਹਜ਼ਾਰ ਅਨਾਵਾਂ ਵਿਖਾ ਕੇ ਰੀਝੀ। ਉਸ ਵੇਲੇ ਇਕ ਪੁਰਾਣਾ ਮਕਾਨ ਖਰੀਦਣ ਉਤੇ ਉਨ੍ਹਾਂ ਨੂੰ ਦੱਬਿਆ ਧੰਨ ਵੀ ਮਿਲਿਆ। ਇਹਦੇ ਪਿੱਛੋਂ ਤਾਂ ਦਵਾਰਕਾਦਾਸ ਦੀ ਮਹਿਮਾ ਚਾਰੇ ਪਾਸੇ ਫੈਲ

ਗਈ। ਐਸ਼ਵਰਯ ਪ੍ਰਾਪਤ ਕਰਕੇ ਸੁਭਾਭਕ ਤੌਰ ਤੇ ਉਹਨਾਂ ਦੀ ਇੱਛਾ ਹੋਣ ਲੱਗੀ ਕਿ ਪਤਨੀ ਅਜੇਹੀ ਹੁੰਦੀ ਜੋ ਉਨ੍ਹਾਂ ਦਾ ਮਾਣ ਸਨਮਾਨ ਕਰਦੀ, ਪਿਆਰ ਕਰਦੀ, ਉਨ੍ਹਾਂ ਦੀ ਗੋਦ ਵਿਚ ਨਵੀਂ ਦੌਲਤ ਦਾ ਉੱਤਰਅਧਿਕਾਰੀ ਬੈਠਾ ਕੇ ਖੁਸ਼ੀ ਮਨਾਉਂਦੀ।

ਵਿਆਹ ਦੇ ਕੁਝ ਵਰ੍ਹੇ ਪਿੱਛੋਂ ਤਾਈ ਦੇ ਦਿਨ ਇਕ ਵਾਰ ਚੜ੍ਹਾਈ ਤੇ ਆਏ ਸਨ। ਉਹਦੇ ਨਾਲ ਘ੍ਰਿਣਾ ਕਰਨ ਵਾਲੀ ਸੱਸ ਵੀ ਉਦੋਂ ਤਕ ਉਹਦੇ ਨਾਲ ਲਾਡ ਕਰਨ ਲੱਗੀ ਸੀ। ਪਰ ਜਦ ਤਾਈ ਨੇ ਲੜਕੀ ਨੂੰ ਜਨਮ ਦਿਤਾ ਤਾਂ ਘਰ ਦੇ ਸਾਰੇ ਹੌਸਲੇ ਠੰਡੇ ਹੋ ਗਏ। ਸੋਗ ਵਿਚ ਹੀ ਸੱਸ ਦਾ ਕੋਈ ਬੋਲ ਕੁਬੋਲ ਤਾਈ ਦੇ ਕੰਨਾਂ ਵਿਚ ਠਣਕ ਗਿਆ ਅਤੇ ਉਸ ਪਿਛੋਂ ਮਨ ਦੀ ਕਿਸੇ ਹੀਣ ਭਾਵਨਾ ਦੀ ਪ੍ਰਤੀਕ੍ਰਿਆ ਵਜੋਂ ਉਸ ਨੂੰ ਸ਼ਕ ਹੋ ਗਿਆ ਕਿ ਘਰ ਵਾਲੇ ਉਸ ਦੀ ਲੜਕੀ ਨੂੰ ਮਾਰ ਦੇਣਾ ਚਾਹੁੰਦੇ ਹਨ। ਇਸੇ ਕਾਰਨ ਕਰਕੇ ਉਹਨੂੰ ਆਪਣੇ ਪਤੀ, ਸੱਸ ਨਣਾਨ, ਨੌਕਰ-ਚਾਕਰ, ਸਾਰੇ ਜਗਤ ਨਾਲ ਸਖ਼ਤ ਘ੍ਰਿਣਾ ਹੋ ਗਈ। ਚੌਵੀ ਘੰਟੇ ਆਪਣੇ ਕਮਰੇ ਦੇ ਬੂਹੇ ਬੰਦ ਰਖ ਕੇ ਉਹ ਆਪਣੀ ਲੜਕੀ ਨੂੰ ਲਾਡ ਲਡਾਉਂਦੀ। ਪਤੀ ਦੇ ਲੱਖ ਸਮਝਾਉਣ ਤੇ ਵੀ ਉਹਨੇ ਇਕ ਨਾ ਸੁਣੀ। ਲੜਕੀ ਅੱਠਾਂ ਮਹੀਨਿਆਂ ਦੀ ਹੋ ਕੇ ਤੁਰ ਗਈ। ਤਾਈ ਦਾ ਸ਼ੋਕ ਘਰ ਦੀ ਸ਼ਾਂਤੀ ਨੂੰ ਪੀ ਗਿਆ। ਬਾਹਰ ਦੇ ਐਸ਼ਵਰਯ ਤੋਂ ਜਗਦਿਆ ਵੀ ਕੁਲ ਜੋਤ ਬਿਨਾਂ ਦਵਾਰਕਾਦਾਸ ਦੇ ਮਨ ਵਿਚ ਘਟਾਵਾਂ ਬਣ ਕੇ ਹਨੇਰਾ ਪਸਰਿਆ ਰਿਹਾ — ਹਨੇਰਾ ਦਿਨੋਂ ਦਿਨ ਵਧਦਾ ਗਿਆ। ਦਵਾਰਕਾਦਾਸ ਨੇ ਫਿਰ ਸਿਹਰਾ ਬੰਨ੍ਹਣ ਦਾ ਨਿਸਚਾ ਕੀਤਾ। ਜਿਸ ਦਿਨ ਉਹਨਾਂ ਦੀ ਦੂਸਰੀ ਬਰਾਤ ਚੜ੍ਹੀ। ਉਸੇ ਰਾਤ ਤਾਈ ਘਰ ਛੱਡ ਕੇ ਚਲੀ ਗਈ।

ਆਪਣੇ ਪਰੋਹਿਤ ਦੀ ਗਲ ਪਈ ਪਰਾਹੁਣਾਚਾਰੀ ਦੇ ਭਾਰ ਤੋਂ ਵਿਹਲਾ ਹੋ ਅੱਠ ਦਿਨ ਪਿਛੋਂ ਦਵਾਰਕਾਦਾਸ ਨੇ ਤਾਈ ਨੂੰ ਇਸ ਗੱਲ ਉਤੇ ਰਾਜ਼ੀ ਕਰ ਲਿਆ ਕਿ ਉਹ ਉਨ੍ਹਾਂ ਦੇ ਵਡੇਰਿਆਂ ਦੀ ਹਵੇਲੀ ਵਿਚ, ਜੋ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਖ਼ਰੀਦੀ ਸੀ, ਰਹੇਗੀ। ਤਾਈ ਦੇ ਜੀਵਨ ਕਾਲ ਤਕ ਉਸੇ ਦਾ ਇਸ ਉਤੇ ਅਧਿਕਾਰ ਰਹੇਗਾ। ਅਤੇ ਪਾਲਣ-ਪੋਸਣ, ਤੀਰਥ ਵਰਤ ਲਈ ਦੋ ਸੌ ਰੁਪਏ ਹਰ ਮਹੀਨੇ ਉਸ ਦੀ ਸੇਵਾ ਵਿਚ ਨਿਯਮ ਨਾਲ ਪਹੁੰਚਦੇ ਰਹਿਣਗੇ।

ਤੇਤੀ ਵਰ੍ਹਿਆਂ ਤੋਂ ਇਹ ਕੰਮ ਬਿਨਾਂ ਕਿਸੇ ਰੁਕਾਵਟ ਤੋਂ ਚਲ ਰਿਹਾ ਹੈ, ਇੰਨੇ ਵਰ੍ਹਿਆਂ ਵਿਚ ਧਰਮ-ਰੱਖਿਅਕ, ਗਊ ਪਾਲਕ ਬਰਾਹਮਣ, ਮਹਾਂਦਾਨੀ ਰਾਜਬਹਾਦਰ ਸਰ ਦਵਾਰਕਾਦਾਸ ਅਗਰਵਾਲ ਕੇ. ਸੀ. ਆਈ. ਈ, ਹੁਰਾਂ ਦੀ ਪਹਿਲੀ ਘਰ ਵਾਲੀ ਜਗਤ ਤਾਈ ਬਣ ਕੇ ਲੜਾਕੀ, ਟੂਣੇ ਹਾਰਨ, ਮਨਹੂਸ ਆਦਿ ਨਾਵਾਂ ਨਾਲ ਸੱਜ ਕੇ ਜ਼ਮਾਨੇ ਭਰ ਦੀ ਛੂ ਛੂ ਬਣ ਗਈ। ਉਸ ਦੇ ਜਾਦੂ ਟੂਣੇ ਦੇ ਸੈਂਕੜੇ ਕਿੱਸੇ ਪ੍ਰਸਿੱਧ

ਹਨ। ਕਹਿੰਦੇ ਹਨ, ਤਾਈ ਰਾਤ ਦੇ ਬਾਰਾਂ ਵਜੇ ਕੁਝ ਦਿਨਾਂ ਲਈ ਕਿਸੇ ਭੰਗੀ ਦੇ ਘਰ ਜਾਦੂ ਟੂਣਾ ਸਿਖਣ ਵੀ ਜਾਂਦੀ ਸੀ। ਕਾਲੇ ਡੋਲੇ ਦੀ ਤੜਾਗੀ ਵਿਚ ਛੋਟਾ ਜਿਹਾ ਚਾਕੂ ਅਤੇ ਕੈਂਚੀ ਬੰਨ੍ਹ ਕੇ ਉਸ ਨੇ ਜ਼ਾਤ ਬਰਾਦਰੀ ਤੇ ਮੁਹੱਲੇ-ਬਸਤੀ ਦੇ ਘਰਾਂ ਵਿਚ ਕਹਿਰ ਕੀਤੇ ਹਨ — ਕਿਸੇ ਦੇ ਪਲੰਘ ਦੀ ਬਾਰੀ ਉਤੇ ਸੰਧੂਰ ਮਲਿਆ ਹੈ, ਕਿਸੇ ਦੇ ਸਿਰਹਾਣੇ ਵਿਚ ਸਵਾ ਗਜ਼ ਲੰਮੀ ਡੋਰ ਪਰੋਕੇ ਸੂਈ ਖਭੋ ਆਈ ਹੈ, ਕਿਤੇ ਸੇਹਦਾ ਤਕਲਾ ਖੋਭ ਆਈ ਹੈ। ਕਿਸੇ ਦੇ ਵਿਆਹ ਦੀ ਚੌਰਸ ਚੁੰਨੀ ਕੱਟੀ ਹੈ, ਕਿਤੇ ਨਿੱਕੇ ਬੱਚੇ ਦੇ ਚੰਦੋਏ ਵਿਚ ਤੇਲ ਦਾ ਤੂੰਬਾ ਲਾ ਕੇ ਮਾਰਨ ਮੰਤਰ ਚਲਾਇਆ ਹੈ, ਕਿਸੇ ਲੜਕੀ ਦੇ ਮਾਂਗ ਵਿਚ-ਕਾਰਿਉਂ ਵਾਲ ਕੱਟ ਕੇ ਬਾਂਝ ਬਣਾਇਆ ਹੈ, ਕਿਸੇ ਦੇ ਦਰਵਾਜ਼ੇ ਉਤੇ ਚਾਲ੍ਹੀ ਦਿਨ ਤਕ ਸ਼ਾਮ ਨੂੰ ਦੀਵਾ ਬਾਲ ਕੇ ਰਖਿਆ ਹੈ, ਕਿਸੇ ਲਈ ਚੌਰਾਹੇ ਵਿਚ ਵਾਰਨੇ ਰਖੇ ਹਨ। ਤਾਈ ਅਨੇਕ ਵਾਰ ਟੂਣਾ ਕਰਦੀ ਫੜੀ ਗਈ ਹੈ। ਸੈ ਕੜੇ ਵਾਰ ਲੜਾਈਆਂ ਹੋਈਆਂ ਨੇ, ਮਾਰੀ ਕੁੱਟੀ ਗਈ ਹੈ, ਘਰ ਘਰ ਦੇ ਬੂਹੇ ਉਸ ਲਈ ਬੰਦ ਹੋਏ ਹਨ। ਹਰ ਘਰ ਦੀ ਬਦਸ਼ਗਨੀ ਦਾ ਭਾਰ ਤਾਈ ਦੀ ਜਾਨ ਤੇ ਪਿਆ ਹੈ।

ਇਸ ਵੇਲੇ ਧੁੱਪ ਵਿਚ ਬੈਠੀ ਵਾਲ ਸੁਕਾ ਰਹੀ ਤਾਈ ਨੂੰ ਆਂਢ ਗੁਆਂਢ ਦੀਆਂ ਛੱਤਾਂ ਦਾ ਰੌਲਾ ਚੁਭ ਰਿਹਾ ਹੈ। ਆਪਣੇ ਕੱਚੇ ਪੱਕੇ ਵਾਲਾਂ ਵਿਚ ਕਾਹਲੀ ਨਾਲ ਉਂਗਲਾਂ ਫੇਰ ਕੇ ਉਨ੍ਹਾਂ ਨੂੰ ਸੁਕਾਉਂਦੀ ਹੋਈ ਉਹ ਬੁੜਬੁੜਾ ਰਹੀ ਹੈ — "ਮੋਇਆਂ ਨੂੰ ਮੌਤ ਵੀ ਨਹੀਂ ਆਉਂਦੀ। ਸੱਤਾਂ ਜਨਮਾਂ ਦੇ ਵੈਰ ਵਹਿੜਕੇ, ਜਿਥੇ ਬੈਠੇ ਉਥੇ ਹਾਏ-ਹਾਏ!"

ਜੇਕਰ ਤਾਈ ਦੀ ਜੀਵਨ ਭਰ ਦੀ ਬੁੜਬੁੜਾਹਟ ਦਾ ਰੱਸਾ ਵੱਟਿਆ ਜਾਏ ਤਾਂ ਹਨੂਮਾਨ ਵੀ ਆਪਣੀ ਪੂਛ ਵਧਾ ਵਧਾਕੇ ਥੱਕ ਜਾਣਗੇ, ਪਰ ਪੂਛ ਨਾਲੋਂ ਰੱਸਾ ਵੱਡਾ ਹੋਵੇਗਾ। ਤਾਈ ਨੂੰ ਸਾਰੀ ਦੁਨੀਆਂ ਨਾਲ ਸ਼ਿਕਾਇਤ ਹੈ, ਹਰ ਵੇਲੇ ਸ਼ਿਕਾਇਤ ਹੈ, ਫਿਰ ਬੁੜਬੁੜਾਹਟ ਦਾ ਅੰਤ ਕਿੰਜ ਹੋਏ। ਝੰਮਟਣ ਬਜ਼ਾਜ ਦੀ ਛੱਤ ਉਤੇ ਜ਼ੋਰ ਜ਼ੋਰ ਦੀ ਹੱਸਦੀਆਂ ਹੋਈਆਂ ਕੁੜੀਆਂ ਵਹੁਟੀਆਂ ਤਾਈ ਦੀਆਂ ਸੱਤਾਂ ਜਨਮਾਂ ਦੀਆਂ ਵੈਰਨਾਂ ਨੇ — "ਵਹਿੜਕੀਆਂ ਦੇ ਗਲ ਦਾਈ ਨੇ ਵਾਸ ਨਾਲ ਖੋਲ੍ਹੇ ਸਨ — ਜਦੋਂ ਵੇਖੋ ਹਾ...ਹਾ...ਹਾ...ਹਾ!" ਫਿਰ ਬੰਨੇ ਤੇ ਭਾਈ ਦੇ 'ਵਹਿੜਕੇ ਖ਼ਸਮ' ਵਰਗਾ ਕਾਂ ਬਹਿ ਕੇ ਵਿੱਠ ਕਰ ਗਿਅ; ਫਿਰ ਆਸੇ ਪਾਸੇ ਦੇ ਰੇਡੀਓ ਖੁਲ੍ਹ ਗਏ "ਹਮ ਤੁਮਸੇ ਮੁਹੱਬਤ ਕਰ ਕੇ ਸਨਮ," ਢੱਠੇ ਖ਼ੂਹ 'ਚ ਪੈਣ ਟੁੱਟ ਪੈਣੇ ਖ਼ਸਮਾ ਖਾਣੇ। ਗੁੰਨੋ ਪਰੋਹਤਣੀ ਦੀ ਛੱਤ ਉਤੇ ਹੋਣ ਵਾਲੀ ਸੱਸ-ਨੂੰਹ ਦੀ ਕਾਂ ਕਾਂ ਨਾਲ ਕੰਨ ਪੱਕ ਗਏ। — "ਰੰਡੀ ਦੀ ਜ਼ਬਾਨ ਬੁੱਢੇ ਵਾਰੇ ਵੀ ਕਤਰ-ਕਤਰ-ਕਤਰ। ਊਂਹ!" ਲਾਲੇ ਦਲਾਲ ਦਾ ਮੁੰਡਾ ਆਪਣੀ ਛੱਤ ਤੋਂ ਚੀਕਿਆ — "ਨੀ ਸਾਬਣ ਦੇ ਕੇ ਨਹੀਂ ਗਈਓਂ ਚੜੇਲੇ? ਸਾਡਾ ਪਾਣੀ ਠੰਡਾ ਹੁੰਦਾ ਜਾ ਰਿਹਾ ਹੈ।" ਤਾਈ ਦੇ ਕੰਨਾਂ ਵਿਚ ਖੌਲਦਾ ਤੇਲ ਪਿਆ—"ਹਾਏ

ਹਾਏ ਕਿੱਦਾਂ ਚੀਕਦੇ ਨੇ ਡਾਕੂਆਂ ਵਰਗੇ ਵਹਿੜਕੇ। ਮੋਇਆਂ ਦਾ ਬੇੜਾ ਗਰਕੇ— ਬਾਰਾਂ ਬਾਰਾਂ ਵਜੇ ਨਹਾਉਣਗੇ — ਇਹ ਬਹੁਤੀ ਨੱਕ ਪਿੱਟੇ ਦੀਆਂ ਨੂੰਹਾਂ ਵਹਿੜਕੀਆਂ ਜਿਵੇਂ ਅੱਖਾਂ ਸਾਹਮਣੇ ਹੀ ਆਦਮਬੋ ਖੜੋਤੀਆਂ ਹੋਣ। ਮੋਏ ਕਦੀ ਵੀ ਦੋ ਘੜੀ ਚੁੱਪ ਕਰਕੇ ਨਹੀਂ ਬਹਿਣ ਦੇਂਦੇ। ਊਂਹ, ਜਿਸਰਾਂ ਜਿਸਰਾਂ ਅਹਿ ਸਭ ਲੋਕ ਮੇਰੇ ਤੇ ਜ਼ੁਲਮ ਢਾਹੁੰਦੇ ਹੈਂਗੇ, ਕਲਪਾਉਂਦੇ ਹੈਂਗੇ, ਉਸਰਾਂ ਇਹਨਾਂ ਦੀਆਂ ਸੱਤਾਂ ਪੀੜ੍ਹੀਆਂ ਦੇ ਅੱਗੇ ਆਏਗੀ। ਇਨ੍ਹਾਂ ਦੇ ਤਨ ਮਨ 'ਚ ਕੀੜੇ ਪੈਣਗੇ। ਮੋਇਆਂ ਨੂੰ ਖੱਫਣ ਤਕ ਨਹੀਂ ਜੁੜਨਾ......ਫਿਰ ਆਈ ਕਾਲੇ ਮੂੰਹ ਵਾਲੀ! ਨੀਂ ਤੇਰੇ ਤਨ ਮਨ ਵਿਚ ਕੀੜੇ......"

ਮਰਿਆ ਚੂਹਾ ਮੂੰਹ ਵਿਚ ਫੜੀ ਬਿੱਲੀ ਹੇਠੋਂ ਉਤੇ ਆਉਂਦੀ ਦਿਸ ਪਈ। ਤਾਈ ਬੁੜਬੁੜ ਕਰਨਾ ਛੱਡ ਕੇ ਚੀਕ ਪਈ ਅਤੇ ਛੱਤ ਉਤੇ ਵੱਡਾ ਵਾਂਸ ਲੈ ਕੇ ਝਪਟੀ। ਬਿੱਲੀ ਪੌੜੀਆਂ ਵਾਲੇ ਛੱਪਰ ਉਤੇ ਕਾਹਲੀ ਨਾਲ ਛਾਲ ਮਾਰ, ਤਾਈ ਦੀ ਉਤਲੀ ਛੱਤ ਲੰਘ ਕੇ ਭਭੂਤੀ ਦੀ ਛੱਤ ਵਲ ਵਧੀ। ਉਸੇ ਵੇਲੇ ਨੰਦੀ ਵੀ ਓਧਰੋਂ ਨਿਕਲੀ। ਥੋੜੇ ਜਿਹੇ ਫ਼ਾਸਲੇ ਉਤੇ ਈ ਅਚਾਨਕ ਬਿੱਲੀ ਦੇ ਛਾਲ ਮਾਰਨ ਨਾਲ ਨੰਦੋ ਚੀਕੀ।

ਤਾਈ ਉਹਨੂੰ ਵੇਖ ਕੇ ਬੋਲੀ – "ਨੰਦੋ, ਤੂੰ ਇਹਦੇ ਨਾਲ ਲਗ ਗਈ ਏਂ ਰੰਡੀਏ! ਜਾ ਕੇ ਨ੍ਹਾ।"

"ਨੀਂ ਤਾਈ ਨਹੀਂ, ਰਾਮ ਜੀ ਦੀ ਸੌਂਹ, ਉਹਨੇ ਮੈਥੋਂ ਐਨੀ ਦੂਰ ਛਾਲ ਮਾਰੀ ਸੀ। ਤੂੰ ਤਾਂ ਵੇਖ ਰਹੀ ਸੈਂ ਤਾਈ। ਹਾਏ ਮੇਰਾ ਕਲੇਜਾ ਧੱਕ ਧੱਕ ਕਰਨ ਲਗ ਪਿਆ। ਮੂੰਹ ਵਿਚ ਸ਼ਿਕਾਰ ਨੱਪਿਆ ਹੋਇਆ ਸੀ। ਤੇਰੇ ਏਥੋਂ ਲੈ ਕੇ ਗਈ ਹੋਏਗੀ ਹੈ ਨਾ ਤਾਈ?" ਉਤਲੀ ਛੱਤ ਤੋਂ ਤਿੰਨ ਪੌੜੀਆਂ ਉਤਰ ਕੇ ਤਾਈ ਦੇ ਕੋਲ ਆਉਂਦੇ ਆਉਂਦੇ ਉਹਨੇ ਪਾਨ ਵਾਲਾ ਹੱਥ ਤਾਈ ਵਲ ਵਧਾਇਆ — "ਲੈ ਪਾਨ ਖਾ।" ਪਾਨ ਵੇਖ ਕੇ ਤਾਈ ਦੇ ਝੱਖੜ ਭਰਿਆ ਚਿਹਰਾ ਥੋੜਾ ਜਿਹਾ ਥੰਮਿਆ। ਵਾਂਸ ਨੂੰ ਕੰਧ ਨਾਲ ਟਿਕਾ ਕੇ ਥੜੀ ਤੇ ਪਈ ਚਿਲਮਚੀ ਵਿਚ ਹੱਥ ਧੋਣ ਲਈ ਅਗਾਂਹ ਹੋਈ। ਹੱਥ ਧੋਂਦੇ ਧੋਂਦੇ ਫਿਰ ਪੁੱਛਿਆ — "ਬਿੱਲੀ ਤੈਨੂੰ ਛੋਹੀ ਤਾਂ ਨਹੀਂ? ਸੱਚ ਦਸ?"

"ਨਈਂ ਤਾਈ! ਐਨੀ ਵੱਡੀ ਸੌਂਹ ਖਾਧੀ ਆ ਮੈਂ। ਮੈਂ ਤਾਂ ਆਪ ਸਭ ਤਰ੍ਹਾਂ ਦਾ ਵਿਚਾਰ ਵਵੇਕ ਰਖਦੀਆਂ। ਘਰ ਵਿਚ ਮੇਰਾ ਤਾਂ ਪਾਨਦਾਨ ਵੀ ਵੱਖਰਾ ਠਾਕਰ ਜੀ ਵਾਲੀ ਕੋਠੜੀ ਵਿਚ ਪਿਆ ਹੁੰਦਾ ਏ।"

ਤਾਈ ਨੇ ਪੱਲੇ ਨਾਲ ਹੱਥ ਪੂੰਝ ਕੇ ਪੱਲੇ ਨਾਲ ਹੀ ਪਾਨ ਫੜੇ ਅਤੇ ਫਿਰ ਆਵਾਜ਼ 'ਚ ਹੌਲੀ ਜਿਹੀ ਕਿਹਾ — "ਜੈ ਸੀ ਕਿਸਨ।"

"ਜੈ ਸੀ ਕਿਸ" ਕਹਿ ਕੇ ਨੰਦੋ ਨੇ ਕਮਰ 'ਚੋਂ ਤਮਾਕੂ ਵਾਲਾ ਬਟੂਆ ਕੱਢਿਆ। ਦੋਵੇਂ ਸੂਰਜ ਵਲ ਪਿੱਠ ਕਰਕੇ ਜ਼ਰਾ ਕੁ ਹਟ ਕੇ ਬੈਠ ਗਈਆਂ। ਨੰਦੋ ਨੇ ਬਟੂਏ 'ਚੋਂ

ਦੋ ਟੋਟੇ ਸਪਾਰੀ ਅਤੇ ਇਕ ਚੁਟਕੀ ਤਮਾਕੂ ਮੂੰਹ ਵਿਚ ਪਾ ਕੇ ਪਾਨ ਨੂੰ ਤਾਜ਼ਿਆਂ ਕੀਤਾ। ਅਤੇ ਬਟੂਏ ਨੂੰ ਕਮਰ 'ਚ ਫਸਾ ਲੱਤਾਂ ਵਿਛਾਉਂਦੀ ਹੋਈ ਬੋਲੀ — "ਮੇਰੀ ਤਾਂ ਤਾਈ ਤੁਸਾਂ ਸਭ ਲੋਕਾਂ ਦੀ ਕਿਰਪਾ ਨਾਲ ਅਜੇ ਤਕ ਪੁਰਾਣੀ ਮਤ ਈ ਬਣੀ ਹੋਈ ਏ, ਸਨਾਤਨ ਧਰਮ ਵਾਲੀ। ਸਵੇਰੇ ਗੋਮਤੀ ਜੀ 'ਚੋਂ ਨ੍ਹਾ ਕੇ ਆਈ ਤੇ ਸਿੱਧੀ ਆਪਣੀ ਠਾਕੁਰ ਜੀ ਦੀ ਕੋਠੜੀ 'ਚ ਚਲੀ ਗਈ। ਮੈਨੂੰ ਕਿਸੇ ਦੀ ਘਰ ਗ੍ਰਿਹਸਥੀ ਨਾਲ ਮਤਲਬ ਨਹੀਂ। ਸੇਵਾ ਪੂਜਾ ਵਿਚ ਈ ਤਿੰਨ ਸਾਢੇ ਤਿੰਨ ਘੰਟੇ ਲੰਘਾ ਲੈਂਦੀ ਆਂ।"

"ਏਥੇ ਤੇਰੇ ਕੋਲ ਕਿੰਨੇ ਠਾਕੁਰ ਨੇ ?" ਤਾਈ ਨੇ ਆਪਣੇ ਵਾਲਾਂ ਤੇ ਉਂਗਲੀ ਫੇਰਦਿਆਂ ਹੋਇਆਂ ਕਿਹਾ।

"ਮੇਰੇ ਕੋਲ ? ਇਕ ਤਾਂ ਰਾਧਾ ਕਿਸਨ ਦੀ ਜੋੜੀ, ਲੱਛਮੀ ਜੀ ਹਨ, ਬਾਲਮਕੁੰਦੇ ਹਨ, ਗਨੇਸ ਜੀ, ਲੱਡੂ ਗੋਪਾਲ, ਬਿਸਨਪਦੀ, ਬਦਰੀ ਨਾਥਾਂ-ਜਗਨ ਨਾਥਾਂ ਦੇ ਪੁੱਤਰ, ਮਹਾਂਦੇਵੀ ਜੀ, ਸਾਲਿਗਰਾਮ — ਤੇ ਬਸ ਐਨੇ ਈ ਨੇ। ਬਾਕੀ ਤਸਬੀਰਾਂ ਨੇ।"

"ਸਾਡੇ ਪਾਸ ਗਨੇਸ ਨਹੀਂ ਹੈਗੇ। ਪਹਿਲਾਂ ਹੁੰਦੇ ਤਾਂ ਸੀ, ਪਰ ਚੰਦਰੇ ਚੂਹੇ ਲੈ ਗਏ !" ਤਾਈ ਨੇ ਸਿਰ ਤੇ ਪੱਲਾ ਲੈ ਕੇ ਕਿਹਾ।

"ਤਾਂ ਫਿਰ ਹੋਰ ਮੰਗਾ ਲੈ ਤਾਈ। ਪਾਲਕੀ ਵਿਚ ਸਭ ਤੋਂ ਪਹਿਲਾਂ ਤਾਂ ਗਨੇਸ ਜੀ ਹੀ ਹੋਣੇ ਚਾਹੀਦੇ ਨੇ। ਸਿੱਧ ਦਾਤਾ ਤਾਂ ਇਹੋ ਨੇ।"

"ਮੈਂ ਮਰੀ ਸਿੱਧੀ ਲੈ ਕੇ ਕੀ ਕਰਨਾਂ। ਭਗਵਤ ਵਿਚ ਲਿਖਿਆ ਏ ਕਿ ਭਗਵਾਨ ਦੇ ਚਰਨਾਂ ਵਿਚ ਅਟੱਲ ਭਗਤੀ ਕਰੋ, ਉਹਦੇ ਅਗੇ ਮੁਕਤੀ ਵੀ ਤੁੱਛ ਏ।"

"ਹਾਂ ਤਾਈ ਐਹੋ ਜਿਹੀ ਭਗਤੀ ਮਿਲ ਜਾਏ ਤਾਂ ਜਲਮ ਜਲਮ ਦੇ ਸਿੰਸਕਾਰ ਨਾ ਸੁਧਰ ਜਾਣ। ਉਸ ਦਿਨ ਕਥਾ ਵਿਚ ਸੁਣਿਆ —"

"ਨੀਂ ਕਥਾ ਕਿਥੇ ਹੁੰਦੀ ਏ ?" ਤਾਈ ਨੇ ਗੱਲ ਟੋਕ ਕੇ ਪੁੱਛਿਆ।

ਤਾਈ ਕਿਸੇ ਕਥਾ ਸਪਤਾਹ ਵਿਚ ਜਾਂ ਗੋਮਤੀ ਗੰਗਾ ਨਹਾਉਣ ਨਹੀਂ ਜਾਂਦੀ। ਉਹ ਕਿਤੇ ਨਹੀਂ ਜਾਂਦੀ, ਬਸ ਸਵੇਰੇ ਸ਼ਾਮ ਗੋਕੁਲ ਦੁਆਰੇ ਵਿਚ ਮੰਗਲਾ ਅਤੇ ਸ਼ਅਨ ਦੇ ਦਰਸ਼ਨ ਕਰਨ ਲਈ ਘਰੋਂ ਨਿਕਲਦੀ ਹੈ ਤਾਂ ਉਹਦੇ 'ਸੱਤਾਂ ਜਨਮਾਂ ਦੇ ਦੁਸ਼ਮਣ' ਗਲੀ ਮੁਹੱਲੇ ਵਾਲੇ ਮੁੰਡੇ ਕੁੜੀਆਂ, ਮਸਖ਼ਰੇ ਜਵਾਨ ਅਤੇ ਗਾਲ੍ਹਾਂ ਖਾਣ ਦੇ ਸ਼ੁਕੀਨ ਮਨਚਲੇ ਅੱਧਖੜ ਬੁੱਢੇ ਵੀ ਉਹਨੂੰ ਚੌਹਾਂ ਪਾਸਿਆਂ ਤੋਂ ਘੇਰ ਕੇ — "ਤਾਈ ਛੋਹ ਗਈ। ਤਾਈ ਛੂ-ਛੂ-ਛੂ। ਤਾਈ ਕਦੋਂ ਮਰੇਂਗੀ ?" ਪੈਰ ਪੈਰ ਤੇ ਉਹਦੇ ਨਾਲ ਛੇੜਖ਼ਾਨੀ ਕਰਦੇ ਹਨ। ਸਾਰਾ ਰਾਹ ਕੋਸਦਿਆਂ-ਬੋਲਦਿਆਂ ਤਾਈ ਦਾ ਸਾਹ ਫੁਲ ਜਾਂਦਾ ਹੈ। ਦੁਨੀਆਂ ਉਹਨੂੰ ਫੁੱਟੀ ਅੱਖ ਨਹੀਂ ਭਾਉਂਦੀ। ਸਮੁੱਚੇ ਬ੍ਰਹਿਮੰਡ 'ਚੋਂ ਕਿਸੇ ਹਦ ਤਕ ਉਹਦੀ ਕੇਵਲ ਨੰਦੋ ਨਾਲ ਹੀ ਬਣਦੀ ਹੈ, ਉਹੋ ਉਹਨੂੰ ਦੁਨੀਆਂ ਦੇ ਕਿੱਸੇ ਸੁਣਾ ਜਾਂਦੀ ਹੈ।

ਨੰਦੋ ਬੋਲੀ "ਵਾਣ ਵਾਲੀ ਗਲੀ ਵਿਚ ਕਾਸੀ ਜੀ ਦੇ ਇਕ ਬਿਆਸ ਜੀ ਆਏ ਨੇ। ਐਹੋ ਜੇਹੀ ਸੁੰਦਰ ਕਥਾ ਸੁਣਾਉਂਦੇ ਨੇ ਪਈ — ਤੈਨੂੰ ਕੀ ਦੱਸੀਏ। ਸੋ ਉਨ੍ਹਾਂ ਕਿਹਾ ਪਈ ਸਿੰਸਕਾਰ ਈ ਮਨੁੱਖ ਜਲਮ ਨੂੰ ਸਾਰਥਕ ਕਰਦੇ ਨੇ।"

"ਸਿੰਸਕਾਰ ਤਾਂ ਹੈਗੇ ਈਆ, ਜਿਹੜੇ ਹੈਗੇ ਆ। ਅੱਜ ਕੱਲ੍ਹ ਦੇ ਮੋਏ ਸਿੰਸਕਾਰਈ ਵਿਗੜ ਗਏ ਨੇ ਦੁਨੀਆਂ ਦੇ। ਵੇਖ ਨਾ, ਮੋਈ ਧੰਨੋ ਦੀ ਧੀ ਬੀ. ਏ, ਐਮ. ਏ ਕਰਕੇ ਦਾਫ਼ਤਰ 'ਚ ਨੌਕਰੀ ਕਰਨ ਜਾਂਦੀ ਆ। ਬੈਸਿਕਲ ਲਈ ਹੋਈ ਆ ਉਹਨੇ।"

"ਪੁੱਛ ਨਾ ਤਾਈ, ਚੌਹਾਂ ਪੈਰਾਂ ਦੀ ਟੇਕ ਤੇ ਅੱਜ ਕੱਲ੍ਹ ਕਲਜੁੱਗ ਖਲੋਤਾ ਹੋਇਆ ਆ। ਕੋਈ ਕਿਸੇ ਨੂੰ ਕਹਿਣ ਜੋਗਾ ਨਹੀਂ ਰਿਆ। ਸਾਡੇ ਘਰ ਵਿਚ ਈ ਕਿਹੜੇ ਘਟ ਚਲਿੱਤਰ ਹੁੰਦੇ ਨੇ। ਸ਼ੰਕਰ; ਸ਼ੰਕਰ ਦੀ ਵਹੁਟੀ ਅੱਠ ਵਜੇ ਤਾਂ ਪਲੰਘ ਛੱਡਦੇ ਨੇ। ਇਸਟੋਵ ਲਿਆਇਆ ਏ ਸੰਕਰ, ਉਹਨੂੰ ਸੁਲਘਾ ਕੇ ਚਾਹ ਤੇ ਆਂਡਾ ਮੱਛੀ ਤੇ ਪਾਵਰੋਟੀ, ਪਤਾ ਨਹੀਂ ਕੀ ਕੀ ਬਣਾਉਂਦੀ ਆ ਉਹਦੀ ਵਹੁਟੀ ਫਿਰ ਆਪ ਘਰ ਵਾਲੇ ਨਾਲ ਬਹਿ ਕੇ ਸਭ ਖਾਂਦੀ ਪੀਂਦੀਆ, ਐਹੋ ਜਹੇ ਤੇ ਸਿੰਸਕਾਰ ਵਿਗੜੇ ਨੇ। ਮਨੀਆ ਦੀ ਵਹੁਟੀ ਆ ਸੋ ਉਹ ਵੀ ਛੋਟੀ ਨਾਲ ਲੁਕ ਛੁਪ ਕੇ ਸਭ ਕੁਝ ਖਾਣ ਪੀਣ ਲੱਗੀ ਏ। ਇਹ ਦੋਵੇਂ ਨੇ, ਤੇ ਇਹਨਾਂ ਦੀ ਗੁਰੂ ਆ ਤੁਹਾਡੀ ਨਵੀਂ ਕਿਰਾਏਦਾਰਨ ਕੀ ਕਈਏ! — ਬਸ।"

"ਪਾਪ ਦੀਆਂ ਪੋਟਲੀਆਂ ਨੇ ਦੁਸ਼ਟਣੀਆਂ। ਸਤਿਆਨਾਸ ਹੋਣਾ — ਕੋਹੜੇ ਹੋ ਕੇ ਮਰਨਗੇ ਉਨ੍ਹਾਂ ਦੇ ਖਸਮ ਜਿਹੜੇ ਉਹਨਾਂ ਪਿੱਛੇ ਲੱਗੇ ਹੋਏ ਆ। ਮੇਰੀ ਆਤਮਾ ਉਠਦੇ ਬਹਿੰਦੇ ਇਨ੍ਹਾਂ ਨੂੰ ਸਰਾਪ ਦੇਂਦੀ ਆ।"

ਤਾਈ ਨੂੰ ਆਪਣੇ ਕਿਰਾਏਦਾਰ ਮਿਸਟਰ ਅਤੇ ਮਿਸਿਜ਼ ਵਰਮਾ ਨਾਲ ਸਖ਼ਤ ਨਫ਼ਰਤ ਹੈ। ਮਿਸਟਰ ਜਦ ਆਪਣੀ ਅੰਤਰਜ਼ਾਤੀ ਪ੍ਰੇਮਿਕਾ ਨੂੰ ਮਿਸੇਜ਼ ਬਣਾ ਕੇ ਆਰੀਆ ਸਮਾਜ ਮੰਦਰ ਵਿਚੋਂ ਪਰਤੇ ਤਾਂ ਦੋਵਾਂ ਦੇ ਘਰ ਦੋਵਾਂ ਵਾਸਤੇ ਸਦਾ ਲਈ ਬੰਦ ਹੋ ਚੁਕੇ ਸਨ। ਮਿਸਟਰ ਵਰਮਾ ਵਧੀਆ ਰੇਡੀਉ ਮਕੈਨਿਕ ਛੋਟੀ ਜਿਹੀ ਚਲਦੀ ਦੁਕਾਨ ਦੇ ਮਾਲਕ ਸਨ। ਉਨ੍ਹਾਂ ਬਾਪ ਨਾਲ ਬਟਵਾਰਾਂ ਕਰਕੇ ਹੋਟਲ 'ਚ ਡੇਰਾ ਲਾ ਲਿਆ ਅਤੇ ਘਰ ਅਲਾਟ ਕਰਨ ਵਾਲੀ ਕਮੇਟੀ ਦੇ ਮੈਂਬਰਾਂ ਵਲ ਦੌੜਨ ਲਗੇ। ਇਕ ਜਾਣ ਪਛਾਣ ਵਾਲੇ ਕਿਹਾ ਕਿ ਘਰ ਲੱਭ ਲਉ ਅਸੀਂ ਅਲਾਟ ਕਰ ਦਿਆਂਗੇ। ਲੱਭਦੇ ਲੱਭਦੇ ਰਾਜਾ ਬਹਾਦਰ ਸਰ ਦਵਾਰਕਾਦਾਸ ਅਗਰਵਾਲ ਦੀ ਪੁਰਾਣੀ ਹਵੇਲੀ ਮਿਲੀ। ਚਾਰ ਚੌਕ ਦੀ ਹਵੇਲੀ ਵੀਹਾਂ ਵਰ੍ਹਿਆਂ ਤੋਂ ਬੰਦ ਪਈ ਸੀ। ਉਹਦੇ ਇਕ ਹਿੱਸੇ ਵਿਚ ਰਾਜਾ ਬਹਾਦਰ ਦੀ ਪਹਿਲੀ ਪਤਨੀ ਤਾਈ ਰਹਿੰਦੀ ਸੀ। ਹਵੇਲੀ ਭੂਤਾਂ ਦਾ ਵਾਸਾ ਮੰਨੀ ਜਾਂਦੀ ਸੀ। ਹਵੇਲੀ ਨਾਲ ਰਾਜਾ ਬਹਾਦਰ ਦਾ ਕੋਈ ਸੰਬੰਧ ਨਹੀਂ। ਉਹ ਤਾਈ ਦੇ ਕਬਜ਼ੇ ਵਿਚ ਸੀ। ਅਤੇ ਤਾਈ ਨੇ ਜਦ ਕਿ ਬਾਹਰ ਵਾਲੀਆਂ ਕੋਠੜੀਆਂ,

ਦੁਕਾਨਾਂ ਅਤੇ ਗਊਸ਼ਾਲਾਂ ਵਾਲੇ ਦਲਾਨ ਕਿਰਾਏ ਤੇ ਚੜ੍ਹਾਏ ਹੋਏ ਸਨ, ਪਰ ਹਵੇਲੀ ਦੇ ਅੰਦਰ ਕਿਸੇ ਤਰ੍ਹਾਂ ਵੀ ਕਿਰਾਏਦਾਰ ਵਸਾਉਣ ਤੇ ਰਾਜ਼ੀ ਨਹੀਂ ਸੀ ਹੁੰਦੀ। ਮਿਸਟਰ ਵਰਮਾ ਨੇ ਅਲਾਟਮੈਂਟ ਕਮੇਟੀ ਦੇ ਜ਼ੋਰ ਨਾਲ ਉਹਦੇ ਇਕ ਹਿੱਸੇ ਤੇ ਹੱਕ ਜਮਾ ਲਿਆ। ਤਾਈ ਉਠਦੀ ਬਹਿੰਦੀ ਵਰਮਾ ਦੰਪਤੀ ਨੂੰ ਕੋਸਦੀ ਹੈ।

ਨੰਦੋ ਬੋਲੀ — "ਹੁਣ ਗੁਰੂ ਗੁਰਆਣੀ ਮੁਹਲੇ 'ਚ ਆਏ ਨੇ ਤਾਂ ਏਥੇ ਵੀ ਚੰਦ ਚੜ੍ਹਨਗੇ। ਖੱਤਰੀ-ਬ੍ਰਾਹਮਣ-ਬਾਣੀਏ ਸਭ ਇਕ ਮਿਕ ਕਰਵਾ ਕੇ ਛੱਡਣਗੇ ਇਹ ਲੋਕ ਵੇਖ ਲਿਉ ? ਭਲਾ ਦੱਸੋ, ਐਹੋ ਜਿਹੇ ਧਰਮ ਭਰਿਸ਼ਟ ਨਾਲ ਸ਼ੰਕਰ, ਮਣੀਆ ਦੀਆਂ ਵਹੁਟੀਆਂ, ਉੱਠਦੀਆਂ ਬਹਿੰਦੀਆਂ, ਖਾਦੀਆਂ ਪੀਂਦੀਆਂ ਨੇ। ਤਦੇ ਤਾਂ ਮਤਾਂ ਵਿਗੜ ਗਈਆਂ ਨੇ।"

ਨੰਦੋ ਨੇ ਆ ਕੇ ਦੱਸਿਆ ਕਿ ਸ਼ਰਣਾਰਥੀ ਕਿਰਾਏਦਾਰ, ਗਊਸ਼ਾਲਾ ਦੇ ਉਤੇ ਵਾਲੇ ਕਮਰੇ ਲਈ ਨਵਾਂ ਕਰਾਏਦਾਰ ਲੈ ਕੇ ਆਇਆ ਹੈ।

3

ਰਾਜਾ ਬਹਾਦਰ ਸਰ ਦਵਾਰਕਾਦਾਸ ਅਗਰਵਾਲ ਦੇ ਵਡੇਰਿਆਂ ਦੀ ਗਊਸ਼ਾਲਾ ਵਿਚ ਦਲਾਲ ਦੇ ਉਤੇ ਇਕ ਛੋਟੇ ਜਹੇ ਕਮਰੇ ਅਤੇ ਛੱਤ ਦਾ ਕਿਰ਼ਾਏਦਾਰ ਬਣ ਕੇ ਚਿਤਰਕਾਰ ਸੱਜਨ ਨੇ ਅਨੁਭਵ ਕੀਤਾ ਕਿ ਭਾਵੁਕਤਾ ਦੇ ਵਹਾ 'ਚ ਸਮਾ ਕੇ ਉਹ ਇਕ ਵੱਡੀ ਗ਼ਲਤੀ ਕਰ ਬੈਠਾ ਹੈ। ਸੱਜਨ ਗਲੀ-ਮੁਹੱਲੇ ਦੇ ਜੀਵਨ ਤੋਂ ਵਾਕਫ਼ ਹੋ ਕੇ ਉਨ੍ਹਾਂ ਦੇ ਚਿੱਤਰ ਬਨਾਉਣ ਦੀ ਇੱਛਾ ਰੱਖ ਕੇ ਏਥੇ ਆਇਆ ਹੈ। ਉਂਜ ਸ਼ਾਹਨਜਫ਼ ਰੋਡ ਤੇ ਉਹਦੀ ਆਪਣੀ ਕੋਠੀ ਹੈ; ਅਮੀਨਾਬਾਦ, ਕੇਸਰਬਾਗ ਵਿਚ ਉਹਦੇ ਆਪਣੇ ਮਕਾਨ ਹਨ। ਜਿਹਨਾਂ ਦੇ ਕਿਰਾਏ ਤੋਂ ਹਜ਼ਾਰ ਅੱਠ ਸੌ ਦੇ ਲਗਭਗ ਆਮਦਨੀ ਹੁੰਦੀ ਹੈ। ਪਿੱਤਰੀ ਜਾਇਦਾਦ ਨੇ ਚੀਨ ਦੀ ਇਤਿਹਾਸਕ ਕੰਧ ਵਾਂਗ ਉਹਦੇ ਲਈ ਉਹਨਾਂ ਸਾਰੇ ਅਣ ਦਿੱਸਦੇ ਵੈਰੀਆਂ ਦੇ ਧਾਵੇ ਰੋਕ ਦਿਤੇ ਹਨ ਜੋ ਕਲਾ ਸਾਧਨਾ ਦੇ ਰਾਹ 'ਚ ਰੋੜੇ ਅਟਕਾਉਂਦੇ ਹਨ। ਆਪਣੇ ਲੈਂਡਸਕੇਪ ਅਤੇ ਪੋਰਟਰੇਟ ਚਿਤਰਾਂ ਲਈ ਸੱਜਨ ਪ੍ਰਸਿੱਧ ਹੈ। ਦੇਸ ਦੇ ਵੱਖ ਵੱਖ ਪਰਦੇਸ਼ਾਂ, ਪਹਾੜਾਂ, ਜੰਗਲਾਂ, ਇਤਿਹਾਸਕ ਅਤੇ ਸੰਸਕ੍ਰਿਤਕ ਮਹੱਤਵ ਦੇ ਸਥਾਨਾਂ ਦੇ ਅਨੇਕ ਚਿਤਰ ਉਹਨੇ ਬਣਾਏ ਹਨ। ਅਮਰਨਾਥ ਤੋਂ ਕੰਨਿਆਕੁਮਾਰੀ ਤਕ ਅਤੇ ਦਵਾਰਕਾ ਤੋਂ ਮਣੀਪੁਰ-ਆਸਾਮ ਤਕ ਉਹ ਆਪਣੇ ਦੇਸ਼ ਦੀਆਂ ਚੌਹਾਂ ਕੂਟਾਂ ਦੀ ਪ੍ਰਕਰਮਾ ਕਰ ਚੁਕਾ ਹੈ, ਆਪਣੇ ਦੇਸ਼ ਦੇ ਪ੍ਰਾਚੀਨ ਵਡੱਪਣ ਸਾਹਿੱਤ, ਸ਼ਿਲਪ, ਚਿਤਰਕਾਲਾ, ਨ੍ਰਿਤ,, ਸੰਗੀਤ ਆਦਿ ਨੂੰ ਵੇਖ ਕੇ ਸੱਜਨ

ਜਿੰਨਾ ਹੀ ਜ਼ਿਆਦਾ ਪ੍ਰਭਾਵਤ ਹੋਇਆ ਹੈ, ਉਨ੍ਹਾਂ ਹੀ ਅੱਜ ਦੇ ਸਮਾਜਿਕ ਜੀਵਨ ਦੇ ਸੰਸਕ੍ਰਿਤਕ ਦਵਾਲੀਏਪਣ ਨੂੰ ਜਾਨਣ ਲਈ ਤੱਤਪਰ ਹੋ ਉਠਿਆ ਹੈ। ਖਜੂਰਾਹੋ, ਅਜੰਤਾ ਐਲੋਰਾ, ਚਿਦੰਬਰਮ, ਤੰਜੋਰ, ਮਦੁਰਾ, ਕੋਣਾਰਕ, ਜਗਨਨਾਥ, ਆਬੂ ਵਿਚ ਸਦੀਆਂ ਦੀਆਂ ਪਾਲਾਂ 'ਚ ਪਸਰਿਆ ਹੋਇਆ ਪੱਥਰ ਦਾ ਕੰਮ ਕਰਨ ਵਾਲਿਆਂ ਅਤੇ ਅਜੰਤਾ ਦੇ ਚਿੱਤਰ ਬਨਾਉਣ ਵਾਲਿਆਂ ਦੇ ਦੇਸ਼ ਵਿਚ ਅੱਜ ਕਿਤੇ ਵੀ ਨਵੇਂ ਨਿਰਮਾਣ ਦੀ ਜਾਣਕਾਰੀ ਨਹੀਂ ਮਿਲ ਰਹੀ — ਚੌਹਾਂ ਪਾਸਿਆਂ ਤੋਂ ਜੀਵਨ ਜਿਵੇਂ ਖੜੋਤ 'ਚ ਆ ਗਿਆ ਹੈ। ਅਸਚਰਜ ਹੈ ਕਿ ਸੱਜਨ ਨੂੰ ਨਵੇਂ ਚਿੱਤਰ ਬਣਾਉਣ ਲਈ ਲੱਭਿਆਂ ਨਵੇਂ ਵਿਸ਼ੇ ਨਹੀਂ ਮਿਲ ਰਹੇ। ਇਸੇ ਉਲਝਣ ਨੂੰ ਲੈ ਕੇ ਉਹਨੂੰ ਇਹ ਵਿਚਾਰ ਆਇਆ ਕਿ ਉਹ ਆਪਣੀ ਤੇ ਆਪਣੇ ਸਮਾਨ ਦੀ ਖੜੋਤ ਦਾ ਕਾਰਨ ਆਪਣੇ ਸਾਮਾਨ ਵਿਚ ਬੈਠ ਕੇ ਲੱਭੇਗਾ। ਸੱਜਨ ਇਹ ਅਨੁਭਵ ਕਰਦਾ ਹੈ ਕਿ ਉਹਦਾ ਸਮਾਜਿਕ ਜੀਵਨ ਗਲੀ-ਮੁਹੱਲਿਆਂ ਅਤੇ ਪਿੰਡਾਂ-ਖੇੜਿਆਂ ਚ ਵੱਸੇ ਹੋਏ ਲੋਕ ਰਾਜ ਤੋਂ ਵੱਖਰਾ ਹੈ। ਕਿਹੜੇ ਵਾਤਾਵਰਣ ਵਿਚ ਉਹ ਰਹਿੰਦਾ ਹੈ, ਜਿਨ੍ਹਾਂ ਲੋਕਾਂ ਨਾਲ ਉਹ ਵਿਚਾਰ ਵਟਾਂਦਰਾ ਕਰਦਾ ਹੈ ਉਹ ਭਾਰਤੀ ਹੁੰਦੇ ਹੋਏ ਵੀ ਪਰੰਪਰਾਵਾਦੀ ਭਾਰਤੀ ਜੀਵਨ ਤੋਂ ਲਗਪਗ ਦੂਰ ਹੋ ਚੁਕੇ ਹਨ। ਅੱਜ ਦੀ ਖੜੋਤ ਉਤੇ ਉਹਨਾਂ ਨਾਲ ਗੱਲ ਕਰਕੇ ਸੱਜਨ ਨੂੰ ਹੱਲ ਨਹੀਂ ਲੱਭਦਾ। ਏਸੇ ਲਈ ਜਦ ਗੱਲਾਂਬਾਤਾਂ ਵਿਚ ਪ੍ਰਸੰਗ ਆਉਣ ਤੇ ਉਹਦੇ ਫ਼ਰੇਮ ਬਣਾਉਣ ਵਾਲੇ ਸਰਦਾਰ ਜੀ ਨੇ ਉਹਨੂੰ ਆਪਣੇ ਘਰ ਦੇ ਕੋਲ ਕਮਰਾ ਦਵਾਉਣ ਦਾ ਵਾਅਦਾ ਕੀਤਾ ਤਾਂ ਬੜਾ ਹੀ ਖ਼ੁਸ਼ ਹੋਇਆ। ਉਹਨੂੰ ਇਹ ਗੱਲ ਉਕਾ ਪਤਾ ਨਹੀਂ ਸੀ ਕਿ ਸਰਦਾਰਜੀ ਨੇ ਉਹਦੀ ਵਰਤੋਂ ਆਪਣੇ ਇਕ ਗੁਆਂਢੀ ਨੂੰ ਛੁਟਆਿਉਣ ਲਈ ਰਾਜਨੀਤਕ ਚਾਲ ਵਜੋਂ ਕੀਤੀ ਹੈ।

ਗਊਸ਼ਾਲਾ ਵਿਚ ਦੋ ਲੰਮੇ ਲੰਮੇ ਦਲਾਨ ਹਨ ਅਤੇ ਦੋ ਕੋਠੜੀਆਂ ਹੇਠਾਂ ਹਨ, ਅਤੇ ਇਕ ਦਲਾਨ ਦੀ ਛੱਤ ਉਤੇ ਇਕ ਛੋਟਾ ਜਿਹਾ ਕਮਰਾ ਬਣਿਆ ਹੈ। ਥੱਲੇ ਦੀਆਂ ਕੋਠੜੀਆਂ ਦਲਾਨਾਂ ਵਿਚ ਦੋ ਸ਼ਰਨਾਰਥੀ ਪਰਿਵਾਰ ਰਹਿੰਦੇ ਹਨ। ਇਕ ਸਰਦਾਰ ਜੀ ਤਰਖਾਣਾ ਕੰਮ ਕਰਦੇ ਨੇ, ਦੂਜਾ ਠੇਲੇ ਤੇ ਮਸਾਲਾ ਵੇਚਦਾ ਹੈ। ਮਸਾਲਾ ਵੇਚਣ ਵਾਲੇ ਦਾ ਇਕ ਕੁਵਾਰਾ ਸਾਲਾ ਉਹਦੀ ਛੱਤ ਉਤਲੇ ਕਮਰੇ ਤੇ ਰਹਿੰਦਾ ਸੀ, ਇਸ ਕਾਰਨ ਉਹਨਾਂ ਦਾ ਵੱਡਾ ਪਰਿਵਾਰ ਤਰਖਾਣੇ ਕੰਮ ਵਾਲੇ ਸਰਦਾਰ ਜੀ ਦੇ ਵੱਡੇ ਪਰਿਵਾਰ ਨਾਲੋਂ ਜ਼ਿਆਦਾ ਜਗ੍ਹਾ ਵਿਚ ਆਰਾਮ ਨਾਲ ਗੁਜ਼ਰ ਕਰਦਾ ਸੀ। ਸਾਲੇ ਸਾਹਬ ਹੋਰੀ ਇਧਰ ਕੁਝ ਰੋਮਾਂਟਿਕ ਕਾਰਨਾਂ ਕਰਕੇ, ਸਿਰ ਦੇ ਵਾਲ ਮੁਨਵਾ, ਦਾੜ੍ਹੀ ਮੁੱਛਾਂ ਕੱਟਵਾ ਕੇ ਮੋਨੇ ਹੋ ਗਏ, ਉਹਨਾਂ ਦੀ ਆਮਦਨੀ ਦਾ ਵੱਡਾ ਹਿੱਸਾ ਜੋ ਹੁਣ ਤੱਕ ਆਪਣੇ ਭਣੇਵੇਂ ਭਣੇਵੀਆਂ ਤੇ ਖ਼ਰਚ ਹੁੰਦਾ ਸੀ, ਕਿਤੇ ਬਾਹਰ ਖ਼ਰਚ ਹੋਣ ਲੱਗਾ ਅਤੇ ਫਿਰ ਇਕ ਦਿਨ ਉਹ ਕੋਠੜੀ ਛੱਡ ਕੇ ਚਲੇ ਵੀ ਗਏ। ਮਸਾਲਾ ਵੇਚਣ ਵਾਲੇ ਨੇ ਉਸ

ਤੋਂ ਪਿੱਛੋਂ ਵੀ ਉਪਰ ਵਾਲੇ ਕਮਰੇ ਅਤੇ ਛੱਤ ਉਤੇ ਆਪਣਾ ਅਧਿਕਾਰ ਨਾ ਛੱਡਿਆ। ਤਰਖਾਣ ਸਰਦਾਰ ਜੀ ਨੂੰ ਇਸ ਨਾਲ ਸੁਭਾਵਕ ਹੀ ਸਾੜਾ ਸੀ। ਇਕ ਦੋ ਵਾਰ ਝੜਪ ਵੀ ਹੋ ਗਈ। ਮਸਾਲਾ ਵੇਚਣ ਵਾਲੇ ਕਹਿੰਦੇ ਸਨ ਜਦ ਕੋਈ ਕਿਰਾਏਦਾਰ ਆ ਜਾਏਗਾ, ਉਹ ਉਹਨੂੰ ਖ਼ਾਲੀ ਕਰ ਦੇਣਗੇ। ਪਤਾ ਨਹੀਂ ਕਿਹੜੀ ਪੱਟੀ ਪੜ੍ਹਾ ਕੇ ਉਹਨਾਂ ਨੇ ਨਾ ਕੇਵਲ ਤਾਈ ਦੀ ਜ਼ਬਾਨ ਹੀ ਚੁੱਪ ਰੱਖੀ, ਸਗੋਂ ਤਰਖਾਣ ਸਰਦਾਰ ਵਿਰੁੱਧ ਉਹਦੇ ਕੰਨਾਂ ਵਿਚ ਗਰਮ ਮਸਾਲਾ ਵੀ ਭਰ ਦਿਤਾ। ਦੂਜੇ ਪਾਸੇ ਜੇਕਰ ਕੋਈ ਕਿਰਾਏਦਾਰ ਆਉਂਦੇ ਤਾਂ ਉਹ ਉਹਨਾਂ ਨੂੰ ਸੋਲਾਂ ਦੂਣਾਂ ਅੱਠ ਦਾ ਪਹਾੜਾ ਪੜ੍ਹਾ ਕੇ ਕਿਸੇ ਤਰ੍ਹਾਂ ਟਰਕਾ ਦੇਂਦੇ ਸਨ।

ਤਰਖਾਣ ਸਰਦਾਰ ਆਪਣੇ ਗੁਆਂਢੀ ਦੀ ਕੂਟਨੀਤਕ ਜਿੱਤ ਨਾਲ ਸੜਿਆ ਭੁਜਿਆ ਆਪਣਾ ਦਾਅ ਲਾਉਣ ਦੀ ਤਾਕ ਵਿਚ ਸੀ ਕਿ ਸੱਜਨ ਨੇ ਉਹਨਾਂ ਨਾਲ ਗੱਲਾ ਦੇ ਪ੍ਰਸੰਗ ਵਿਚ ਜਗ੍ਹਾ ਦੀ ਫ਼ਰਮਾਇਸ਼ ਕਰ ਦਿਤੀ। ਤਰਖਾਣ ਸਰਦਾਰ ਨੂੰ ਤਾਈ ਅਤੇ ਸੱਜਨ ਨਾਲ ਚੰਗਾ ਬਣ ਕੇ ਆਪਣੇ ਵਿਰੋਧੀ ਤੇ ਜਿੱਤ ਪਾਉਣ ਦਾ ਚੰਗਾ ਮੌਕਾ ਹੱਥ ਲਗ ਗਿਆ। ਸੱਤ ਰੁਪਏ ਵਾਲੀ ਜਗ੍ਹਾ ਦਾ ਕਿਰਾਇਆ ਉਹਨਾਂ ਪੰਝੀ ਰੁਪਏ ਦੱਸਿਆ ਅਤੇ ਸੱਜਨ ਨੇ ਸਵੀਕਾਰ ਕਰ ਲਿਆ। ਤਰਖਾਣ ਸਰਦਾਰ ਨੇ ਗੋਕੁਲਦੁਆਰੇ ਜਾਂਦੇ ਸਮੇਂ ਤਾਈ ਸਾਹਮਣੇ ਇਹ ਪ੍ਰਸਤਾਵ ਰਖਿਆ ਅਤੇ ਤਾਈ ਨੇ ਖ਼ੁਸ਼ੀ ਨਾਲ ਉਹਦੀ ਪ੍ਰਵਾਨਗੀ ਦੇ ਦਿਤੀ। ਦੂਜੇ ਦਿਨ ਦੁਪਹਿਰ ਵੇਲੇ ਉਹ ਸੱਜਨ ਨੂੰ ਜਗਾਹ ਵਿਖਾਉਣ ਵੀ ਲੈ ਆਏ। ਉਸ ਵੇਲੇ ਮਸਾਲਾ ਵੇਚਣ ਵਾਲੇ ਸਰਦਾਰ ਠੇਲਾ ਲੈ ਕੇ ਬਾਹਰ ਗਏ ਹੋਏ ਸਨ। ਉਹਨਾਂ ਦੀ ਸਰਦਾਰਨੀ ਦੀਆਂ ਮੁਸ਼ਕਲਾਂ ਦੀ ਪ੍ਰਵਾਹ ਨਾ ਕਰਦੇ ਹੋਏ ਤਰਖਾਣ ਸਰਦਾਰ ਨੇ ਸੱਜਨ ਨੂੰ ਉਹ ਕਮਰਾ ਵਿਖਾ ਦਿਤਾ, ਅਤੇ ਉਸੇ ਵੇਲੇ ਤਾਈ ਨਾਲ ਮਿਲ ਕੇ ਇਕ ਮਹੀਨੇ ਦਾ ਕਿਰਾਇਆ ਪੇਸ਼ਗੀ ਵੀ ਦਿਵਾ ਦਿਤਾ।

ਦੂਸਰੇ ਦਿਨ ਸਵੇਰੇ ਜਦ ਸੱਜਨ ਦਿਲੀ ਮਿੱਤਰਾਂ ਨਾਲ ਉਹਨਾਂ ਨੂੰ ਉਹ ਜਗਾਹ ਵਿਖਾਉਣ ਆਇਆ ਤਾਂ ਮਸਾਲਾ ਵੇਚਣ ਵਾਲੇ ਸਰਦਾਰ ਜੀ ਨੇ ਉਤਲਾ ਤਾਲਾ ਖੋਹਲਣ ਤੋਂ ਨਾਂਹ ਕਰ ਦਿਤੀ। ਉਹਨਾਂ ਕਿਹਾ ਕਿ ਥਾਂ ਕੇਵਲ ਘਰ ਗ੍ਰਿਹਸਥੀ ਵਾਲੇ ਨੂੰ ਹੀ ਮਿਲ ਸਕਦੀ ਹੈ। ਸੱਜਨ ਨੂੰ ਬੜਾ ਗ਼ੁੱਸਾ ਆਇਆ। ਉਹਦੇ ਮਿੱਤਰ ਕਰਨਲ ਸਾਹਿਬ ਅਤੇ ਮਹੀਪਾਲ ਵੀ ਗਰਮ ਹੋ ਗਏ। ਉਧਰ ਤਰਖਾਣ ਨੇ ਤਾਈ ਕੋਲ ਜਾ ਕੇ ਉਹਦਾ ਪਾਰਾ ਚੜ੍ਹਾ ਦਿਤਾ। ਤਾਈ ਵਿਸ਼ਣੂ ਸਹੱਸਰਨਾਮ ਦਾ ਪਾਠ ਛੱਡ ਕੇ ਮਸਾਲਾ ਵੇਚਣ ਵਾਲੇ ਨੂੰ ਹਜ਼ਾਰ ਹਜ਼ਾਰ ਗਾਲ੍ਹਾਂ ਦੇਂਦੀ ਹੋਈ ਬਾਹਰ ਆ ਗਈ। ਮਸਾਲਾ ਵੇਚਣ ਵਾਲੇ ਨੂੰ ਮਜਬੂਰ ਹੋ ਕੇ ਥਾਂ ਛੱਡਣੀ ਪਈ।

ਐਸੀ ਮਮੂਲੀ ਕੋਠੜੀ ਦੇ ਐਸੇ ਧਨੀ ਕਿਰਾਏਦਾਰ ਨੂੰ ਲੈ ਕੇ ਮੁਹੱਲੇ ਵਾਲਿਆਂ ਵਿਚ ਤਰ੍ਹਾਂ ਤਰ੍ਹਾਂ ਦੇ ਚਰਚੇ ਹੋਣੇ ਬੜੇ ਸੁਭਾਵਕ ਸਨ। ਉਸ ਮੁਹੱਲੇ ਵਿਚ ਕੁਝ ਐਸੇ

ਲੋਕ ਵੀ ਸਨ ਜੋ ਸੱਜਨ ਨੂੰ ਉਹਦੀ ਪ੍ਰਸਿੱਧੀ ਕਾਰਨ ਜਾਣਦੇ ਸਨ। ਭਭੂਤੀ ਸੁਨਿਆਰੇ ਦਾ ਛੋਟਾ ਲੜਕਾ ਸ਼ੰਕਰ ਲਾਲ ਅਤੇ ਉਸ ਦੀ ਅਗਵਾਈ ਵਿਚ ਉਸੇ ਮੁਹੱਲੇ ਦੇ ਇਕ ਦੋ ਨਿਵਾਸੀ ਨੌਜਵਾਨ ਸੱਜਨ ਨੂੰ ਮਿਲਣ ਵੀ ਆਏ। ਉਨ੍ਹਾਂ ਨੇ ਕਲਾਕਾਰ ਦੇ ਮੁਹੱਲਾ ਜੀਵਨ ਨੂੰ ਚਿਤਰਨ ਦੇ ਮਹਾਨ ਉਦੇਸ਼ ਦਾ ਵਧਾ ਚੜ੍ਹਾ ਕੇ ਪ੍ਰਚਾਰ ਕੀਤਾ। ਅਫਵਾਹਾਂ ਵਿਚ ਉਹ ਉਦੇਸ਼ ਇਕ ਨਵੇਂ ਅਰਥ ਦਾ ਜਾਮਾ ਪਾ ਕੇ ਫੈਲ ਗਿਆ। ਮਸਾਲਾ ਵੇਚਣ ਵਾਲੇ ਅਤੇ ਹੋਰ ਲੋਕਾਂ ਨੇ ਕਿਹਾ ਕਿ ਮੁਹੱਲੇ ਦੀਆਂ ਨੂੰਹਾਂ ਧੀਆਂ ਨੂੰ ਤਸਵੀਰ ਦਾ ਲਾਲਚ ਦੇ ਕੇ ਵਰਗਲਾਉਣਾ ਹੀ ਚਿੱਤਰਕਾਰ ਅਤੇ ਉਹਦੇ ਮਿੱਤਰਾਂ ਦਾ ਉਦੇਸ਼ ਹੈ। ਮਸਾਲਾ ਵੇਚਣ ਵਾਲੇ ਅਤੇ ਇਕ ਦੋ ਹੋਰ ਲੋਕਾਂ ਦੇ ਦਸਖ਼ਤਾਂ ਨਾਲ ਸ਼ਹਿਰ ਦੇ ਦੋ ਦੈਨਿਕਾਂ ਦੇ ਸੰਪਾਦਕਾਂ ਦੇ ਨਾਂ ਸ਼ਿਕਾਇਤੀ ਖ਼ਤ ਵੀ ਛਪਾ ਦਿਤੇ ਗਏ। ਉਹਨਾਂ ਵਿਚ ਇਹ ਵੀ ਧਮਕੀ ਦਿਤੀ ਗਈ ਸੀ ਕਿ ਭਲੇ ਘਰਾਂ ਵਿਚ ਕੁਝ ਧਨੀ ਨੌਜਵਾਨਾਂ ਦਾ ਇਹ ਅੱਡਾ ਨਾ ਹਟਿਆ ਤਾਂ ਅਸੀਂ ਭੁੱਖ ਹੜਤਾਲ ਕਰਾਂਗੇ।

ਸੱਜਨ ਇਹ ਵੇਖ ਕੇ ਹੈਰਾਨ ਹੋ ਗਿਆ। ਆਪਣੀ ਹਾਲਤ ਨੂੰ ਸਪੱਸ਼ਟ ਕਰਦਿਆਂ ਹੋਇਆ ਉਹਨੇ ਅਖ਼ਬਾਰਾਂ ਵਿਚ ਆਪਣਾ ਬਿਆਨ ਦਿਤਾ, ਨਾਲ ਹੀ ਮੁਹੱਲੇ ਵਾਲਿਆਂ ਦਾ ਵਿਸ਼ਵਾਸ ਪ੍ਰਾਪਤ ਕਰਨ ਦੇ ਉਪਾ ਸੋਚਣ ਲਗਾ। ਅੰਜਾਈ ਉਠਣ ਵਾਲੇ ਵਿਰੋਧ ਤੋਂ ਹਾਰ ਕੇ ਪਿਛਾਂਹ ਹੱਟ ਜਾਣਾ ਉਹਦੇ ਸੁਭਾ ਦੇ ਵਿਰੁੱਧ ਸੀ। ਉਹਨੇ ਮਨ ਬਣਾਇਆ ਕਿ ਉਹ ਡੱਟ ਕੇ ਮੁਹੱਲੇ ਵਾਲਿਆਂ ਦਾ ਮਨ ਜਿੱਤੇਗਾ।

ਸ਼ਾਮ ਹੋ ਗਈ ਸੀ। ਸੱਜਨ ਦੀ ਸਿਗਰਟ ਖ਼ਤਮ ਹੋ ਚੁਕੀ ਸੀ। ਬਜ਼ਾਰੋਂ ਸਿਗਰਟ ਲਿਆਉਣ ਲਈ ਉਹ ਹੇਠਾਂ ਉਤਰਿਆ ਤਾਂ ਵੇਖਿਆ ਰਾਜਾ ਬਹਾਦਰ ਖੜੇ ਨੇ। ਸੱਜਣ ਦੇ ਰੰਗ-ਟੇਕਨੀਕ ਭਰੇ ਮਨ ਨੂੰ ਦੋ ਪਰਸਪਰ ਵਿਰੋਧੀ ਚੀਜ਼ਾਂ — ਟੁੱਟੀ ਭੱਜੀ ਗਲੀ ਅਤੇ ਰੋਹਬ ਦਾਬ ਵਾਲੇ ਰਾਜਾ ਬਹਾਦਰ — ਨੂੰ ਇਕੱਠੇ ਵੇਖ ਕੇ ਝਿਜਕ ਜਹੀ ਹੋਈ, ਜਦ ਕਿ ਉਹ ਤਾਈ, ਰਾਜਾ ਬਹਾਦਰ ਅਤੇ ਇਸ ਗਲੀ ਹਵੇਲੀ ਦੇ ਨਿਕਟੀ ਨਾਤੇ ਨੂੰ ਜਾਣਦਾ ਸੀ।

"ਹੈ ਤੁਸੀਂ ?" ਉਹਨਾਂ ਨੂੰ ਵੇਖ ਕੇ ਸੱਜਨ ਚਾਣਚਕ ਬੋਲ ਪਿਆ। ਰਾਜਾ ਬਹਾਦਰ ਸ਼ਾਹਨਜਫ਼ ਰੋਡ ਤੇ ਉਨ੍ਹਾਂ ਦੇ ਗੁਆਂਢੀ ਹਨ। ਦੋਵਾਂ ਘਰਾਂ ਵਿਚ ਅੱਜ ਵੀ ਪਿਆਰ ਸੰਬੰਧ ਹੈ। ਸੱਜਨ ਉਹਨਾਂ ਨੂੰ ਛੋਟੇ ਬਾਬਾ ਕਹਿੰਦਾ ਹੈ, ਕਿਉਂਕਿ ਰਾਜਾ ਬਹਾਦਰ ਉਹਦੇ ਸਵਰਗੀ ਬਾਬੇ ਨੂੰ ਭਾਈ ਸਾਹਿਬ ਕਹਿ ਕੇ ਬੁਲਾਉਂਦੇ ਸਨ।

ਦਵਾਰਕਾਦਾਸ ਉਸ ਨੂੰ ਵੇਖ ਕੇ ਸੰਕੋਚਵਾਨ ਹੋ ਗਏ। ਭਰੇ ਗਲੇ ਨਾਲ ਕੁਝ ਨਾ ਕਹਿ ਸਕਣ ਤੇ ਇਕ ਪੈਰ ਅਗੇ ਪੁਟ ਕੇ ਉਹਨਾਂ ਨੇ ਸੱਜਨ ਦੇ ਮੋਢਿਆਂ ਨੂੰ ਹੱਥਾਂ ਨਾਲ ਦਬਾ ਦਿਤਾ, ਮਾਨੋਂ ਨੇੜਤਾ ਦਾ ਭਾਰ ਪਾ ਕੇ ਸਿਰੋਂ ਫੜੇ ਜਾਣ ਵਾਲੇ ਅਪਰਾਧੀ ਵਾਂਗ ਹਮਦਰਦੀ ਅਤੇ ਦਇਆ ਮੰਗ ਰਹੇ ਹੋਣ ਫਿਰ ਝੱਟ ਆਪਣੇ ਆਪ

ਨੂੰ ਸੰਭਾਲਦਿਆਂ ਉਹਨਾਂ ਨੇ ਪੁੱਛਿਆ — "ਤੂੰ ਏਥੇ ਕਿਵੇਂ ?"

"ਜੀ ਅੱਜ ਕੱਲ੍ਹ ਮੈਂ ਏਥੇ ਉਤਲੀ ਕੋਠੜੀ ਵਿਚ ਕੰਮ ਕਰਦਾ ਹਾਂ। ਮੁਹੱਲਾ ਲਾਈਫ਼ ਨੂੰ ਸਟੱਡੀ ਕਰ ਰਿਹਾ ਹਾਂ।"

"ਤੈਨੂੰ ਪਤਾ ਹੈ ਇਹ ਹਵੇਲੀ ਮੇਰੇ ਵਡੇਰਿਆਂ ਦੀ ਹੈ ?"

"ਜੀ ਹਾਂ! ਏਥੇ ਆਉਣ ਤੇ ਪਤਾ ਲੱਗਾ। ਮੈਂ ਤਾਂ ਆਪ ਤੁਹਾਥੋਂ ਸਹਾਇਤਾ ਮੰਗਣ ਆਉਣ ਵਾਲਾ ਸਾਂ। ਇਹ ਮੁਹੱਲੇ ਵਾਲੇ ਗ਼ਲਤ ਫ਼ਹਿਮੀਆਂ ਕਾਰਨ ਮੈਨੂੰ ਅਕਸਰ ਪਰੇਸ਼ਾਨ ਕਰਦੇ ਹਨ।"

ਮਦਦ ਮੰਗਣ ਵਾਲੇ ਜਾਚਕ ਦੇ ਆਸਰੇ ਨਾਲ ਆਪਣੀ ਥੱਕੀ ਦੇਹ ਨੂੰ ਉਠਾਉਂਦੇ ਹੋਇਆਂ ਰਾਜਾ ਬਹਾਦਰ ਨੇ ਪਤਨੀ ਦੇ ਦਰਵਾਜ਼ੇ ਦੀ ਕੁੰਡੀ ਖੜਕਾਉਣ ਦਾ ਹੌਸਲਾ ਕੀਤਾ।

"ਕਿਹੜਾ ਏ ਚੰਦਰਾ ਨੱਕ ਸੜਿਆ ? ਕੌਣ ਖੜਕਾਉਂਦਾ ਏ ਕੁੰਡੀ ?" ਅੰਦਰੋਂ ਤਾਈ ਦੀ ਖਿਝੀ ਹੋਈ ਆਵਾਜ਼ ਆਈ।

"ਕੁੰਡੀ ਖੋਹਲੋ", ਦਵਾਰਕਾਦਾਸ ਦਾ ਸੁਭਾਵਕ ਰੋਹਬ ਵਾਲਾ ਅਤੇ ਗੰਭੀਰ ਬੋਲ ਇਸ ਵੇਲੇ ਯਤਨ ਕਰਨ ਨਾਲ ਹੀ ਸੁਭਾਵਕ ਰਹਿ ਸਕਿਆ।

ਤਾਈ ਬੁੜਬੁੜ ਕਰਦੀ ਆਈ। ਕੁੰਡੀ ਖੋਹਲੀ, ਪਤੀ ਨੂੰ ਵੇਖ ਕੇ ਚੁੱਪ ਹੋ ਗਈ। ਲੱਗ ਭੱਗ ਚੌਦਾਂ ਪੰਦਰਾਂ ਵਰ੍ਹਿਆਂ ਪਿੱਛੋਂ ਪਤੀ ਪਤਨੀ ਇਕ ਦੂਜੇ ਨੂੰ ਏਨਾ ਨੇੜਿਉਂ ਵੇਖ ਰਹੇ ਸਨ। ਪਤਨੀ ਨੂੰ ਵੇਖ ਕੇ ਦਵਾਰਕਾ ਦਾਸ ਦੇ ਮਨ ਵਿਚ ਇੱਛਾ ਨਹੀਂ ਜਾਗੀ, ਡਰ ਉਤਪੰਨ ਹੋਇਆ। ਗੱਲ ਕਰਨ ਲਈ ਤੰਦ ਫੜਦੇ ਹੋਏ ਬੋਲੇ — "ਇਸ ਲੜਕੇ ਨੂੰ ਜਾਣਦੀ ਏ ? ਕੰਨੋ ਮਲ ਜੀ ਦਾ ਪੋਤਰਾ ਹੈ।"

"ਹੋਵੇਗਾ, ਮੈਂ ਕੀ ਕਰਨਾ ?" ਕਹਿੰਦਿਆਂ ਹੋਇਆਂ ਤਾਈ ਅੰਦਰ ਵੱਲ ਚਲੀ ਗਈ। ਦਵਾਰਕਾਦਾਸ ਪਿੱਛੇ ਪਿੱਛੇ ਤੁਰ ਪਏ। ਬਿਨਾਂ ਕਿਸੇ ਖਾਸ ਇਰਾਦੇ ਦੇ, ਬਿਨਾਂ ਵਿਚਾਰ ਕੀਤੇ ਸੱਜਨ ਦੇ ਪੈਰ ਵੀ ਉਹਨਾਂ ਦੇ ਪਿੱਛੇ ਪਿੱਛੇ ਵਧੇ।

ਸਿਲ੍ਹੀ ਦਹਿਲੀਜ਼, ਛੋਟਾ ਜਿਹਾ ਦਲਾਨ, ਸਾਹਮਣੇ ਵਿਚ ਲਾਲਟੈਨ ਅਤੇ ਕੁਝ ਚੀਜ਼ਾਂ ਰਖੀਆਂ ਹਨ। ਸੱਜੇ ਪਾਸੇ ਦੇ ਦਲਾਨ ਵਿਚ ਚੁਲੇ ਦੀਆਂ ਲਪਟਾਂ ਨਜ਼ਰੀਂ ਪੈਂਦੀਆਂ ਹਨ।

ਲਾਲਟੈਨ ਦੇ ਚਾਨਣ ਲਾਗੋਂ ਦੀ ਗੁਜ਼ਰਦਿਆਂ ਹੋਇਆਂ, ਥਾਲੀ ਵਿਚ ਆਟੇ ਦਾ ਪੁਤਲਾ ਬਣਿਆ ਵੇਖ ਕੇ ਦਵਾਰਕਾਦਾਸ ਇਸ ਤਰ੍ਹਾਂ ਸਹਿਮ ਗਏ ਜਿਵੇਂ ਸੱਪ ਵੇਖ ਲਿਆ ਹੋਵੇ। ਤਾਈ ਨੇ ਥਾਲੀ ਚੁਕ ਕੇ ਸਾਹਮਣੇ ਦਲਾਨ ਵਿਚ ਖੰਭੇ ਲਾਗੇ ਰੱਖ ਦਿਤੀ, ਫਿਰ ਵਿਹੜੇ 'ਚੋਂ ਲਾਲਟੈਨ ਚੁੱਕ ਕੇ ਦਲਾਨ ਚ ਲੈ ਆਈ। ਰਾਜ ਬਹਾਦਰ ਆਪਣੀ ਸੁਭਾਗਵਤੀ ਦੀ ਪੰਘੂੜੇ ਵਰਗੀ ਮੰਜੀ ਤੇ ਵਿੱਛੇ ਗੰਦੇ ਚਿੱਕੜ ਵਿਛਾਉਣ ਤੇ

ਸੰਭਲ ਸੁਕੜ ਕੇ ਬਹਿ ਗਏ। ਸੱਜਨ ਉਹਨਾਂ ਨਾਲ ਲਗ ਕੇ ਪੈਂਦ ਵੱਲ ਬੈਠ ਗਿਆ। ਤਾਈ ਮੰਜੀ ਤੋਂ ਜ਼ਰਾ ਹੱਟ ਕੇ ਜ਼ਮੀਨ ਤੇ ਬੈਠਦੀ ਹੋਈ ਨੇ ਪਤੀ ਤੋਂ ਪੁੱਛਿਆ — "ਕਿਉਂ ਆਏ ਉ ?"

ਦਵਾਰਕਾਦਾਸ ਨੇ ਮੁਸਕਰਾਉਣ ਦਾ ਯਤਨ ਕਰਦਿਆਂ ਉੱਤਰ ਦਿਤਾ — "ਤੈਨੂੰ ਮਿਲਣ ਆਗਿਆ। ਏਥੇ ਜਾਨਕੀ ਸਰਨ ਦੇ...

ਥਾਲੀ ਵਿਚ ਰੱਖਿਆ ਆਟੇ ਦਾ ਪੁਤਲਾ ਸੱਜਨ ਦਾ ਧਿਆਨ ਖਿਚ ਰਿਹਾ ਸੀ। 'ਤਾਈ ਵੀ ਕਾਲਾਕਾਰ ਹੈ', ਹੈਰਾਨੀ ਤੇ ਪ੍ਰਸੰਸਾ ਭਰੇ ਇਸ ਅਨੁਭਵ ਨੇ ਸੱਜਨ ਨੂੰ ਪੁਤਲਾ ਚੁੱਕ ਕੇ ਵੇਖਣ ਦੀ ਪ੍ਰੇਰਣਾ ਦਿਤੀ।

ਤਾਈ ਗੁੱਸੇ ਨਾਲ ਲਾਲ ਹੋ ਗਈ। ਦਵਾਰਕਦਾਸ ਦੀ ਗੱਲ ਉਥੇ ਦੀ ਉਥੇ ਰਹਿ ਗਈ। ਸੱਜਨ ਉਹਨਾਂ ਗੰਦੀਆਂ ਤੇ ਭੱਦੀਆਂ ਗਾਲ੍ਹਾਂ ਦਾ ਆਦੀ ਨਹੀਂ ਸੀ ਜੋ ਉਹਨੂੰ ਮਿਲ ਰਹੀਆਂ ਸਨ। ਦਵਾਰਕਾਦਾਸ ਸਮਝਾਉਣ ਦੇ ਢੰਗ ਚ ਕੁਝ ਕਹਿ ਕੇ, ਫਿਰ ਮਜਬੂਰੀ ਵੱਸ ਚੁੱਪ ਹੋ ਗਏ।

ਸੱਜਨ ਗਰਮ ਪਤਨੀ ਤੇ ਨਰਮ ਪਤੀ ਦੇ ਬੋਲ ਜਾਦੂ ਤੋਂ ਛੁੱਟ ਕੇ ਝੱਟ ਬਾਹਰ ਚਲਿਆ ਗਿਆ।

ਦਵਾਰਕਾਦਾਸ ਰੁਕੇ ਰਹੇ। ਉਹ ਆਪਣੀ ਪਤਨੀ ਤੋਂ ਆਪਣੇ ਪਰਵਾਰ ਤੇ ਪੋਤੇ ਦੀ ਪ੍ਰਾਣ ਰੱਖਿਆ ਦਾ ਵਰਦਾਨ ਮੰਗਣ ਆਏ ਸਨ। ਆਟੇ ਦਾ ਪੁਤਲਾ ਤਾਈ ਦੀ ਅਣਮਨੁੱਖੀ ਪ੍ਰਾਣ ਵਾਲੀ ਸ਼ਰੀਰ ਸ਼ਕਤੀ ਦਾ ਪਰਤੀਕ ਬਣ ਕੇ ਗਵਰਨਰ ਮਨਿਸਟਰ, ਹਾਕਮ ਅਤੇ ਰਾਈਸਾਂ ਵਾਲਾ ਸਨਮਾਨ ਪਾਉਣ ਵਾਲੇ, ਜੀ-ਹਜ਼ੂਰਾਂ ਦੀਆਂ ਸਿਰ ਅੱਖਾਂ ਤੇ ਬੈਠਣ ਵਾਲੇ ਬੰਦੇ ਨੂੰ ਰੋਂਦੂਆਂ ਵਾਂਗ ਭਿੱਖ ਮੰਗਣ ਲਈ ਮਜਬੂਰ ਕਰ ਰਿਹਾ ਸੀ।

ਬਾਜ਼ਾਰੋਂ ਸਿਗਰਟ ਖ੍ਰੀਦ ਕੇ ਸੱਜਨ ਜਦੋਂ ਆਪਣੇ ਕਮਰੇ ਵਿਚ ਪਹੁੰਚਿਆ ਤਾਂ ਕਰਨਲ ਸਾਹਿਬ ਅਤੇ ਮਹੀਪਾਲ ਬੈਠੇ ਹੋਏ ਸਨ।

ਕਰਨਲ ਸਾਹਿਬ ਸ੍ਰੀ ਨਗੀਨ ਚੰਦ ਦਾ ਲੋਕ ਪ੍ਰਸਿੱਧ ਉਰਫ਼ ਹੈ। ਉਹ ਲਖਨਊ ਦੀ ਇਕ ਪੁਰਾਣੀ ਅਤੇ ਪ੍ਰਸਿੱਧ ਅੰਗਰੇਜ਼ੀ ਦਵਾਵਾਂ ਦੀ ਦੁਕਾਨ ਦੇ ਮਾਲਕ ਹਨ। ਸਮਾਜਿਕ ਕੰਮਾ ਲਈ ਜੀ ਖੋਹਲ ਕੇ ਚੰਦਾ ਦੇਣ ਵਾਲਿਆਂ ਵਿਚ ਓਹਨਾਂ ਦਾ ਨਾਮ ਸ਼ਹਿਰ ਦੇ ਗਿਣੇ ਚੁਣੇ ਲੋਕਾਂ ਨਾਲ ਲਿਆ ਜਾਂਦਾ ਹੈ। ਛੇ ਸੱਤ ਸਾਲਾਂ ਪਹਿਲਾਂ ਮਹੀਪਾਲ ਸ਼ੁਕਲ ਦੇ ਕਾਰਨ ਹੀ ਉਹਨਾਂ ਦੀ ਸੱਜਨ ਨਾਲ ਜਣ ਪਛਾਣ ਹੋਈ ਸੀ। ਇਹ ਜਾਣਕਾਰੀ ਹੁਣ ਗੂਹੜੀ ਮਿੱਤ੍ਰਤਾ ਬਣ ਗਈ ਹੈ। ਸੱਜਨ, ਕਰਨਲ ਅਤੇ ਮਹੀਪਾਲ ਕਦੇ ਨਾ ਵਿਛੜਨ ਵਾਲੇ ਮੰਨੇ ਜਾਂਦੇ ਹਨ। ਲੇਖਕ ਮਹੀਪਾਲ ਇਹਨਾਂ ਦੋਵਾਂ ਨਾਲੋਂ ਬਹੁਤ ਗ਼ਰੀਬ ਹੈ, ਬੜਾ ਮਿਹਨਤੀ, ਖਰਾ ਅਤੇ ਦੋਸਤੀ ਨਿਭਾਉਣ ਵਾਲਾ ਜੀਵ ਹੈ।

ਸੱਜਨ ਦੇ ਕਮਰੇ ਵਿਚ ਪੈਰ ਰੱਖਦਿਆਂ ਈ ਕਰਨਲ ਨੇ ਪੁੱਛਿਆ — "ਤੈਨੂੰ ਮਹਾਂਕਵੀ ਬੋਰ ਤਾਂ ਨਹੀਂ ਸੀ ਮਿਲਿਆ ?"

"ਨਹੀਂ। ਏਥੇ ਆਇਆ ਸੀ ?"

"ਹਾਂ। ਮੈਂ ਉਹਨੂੰ ਪੱਟੀ ਪੜ੍ਹਾ ਕੇ ਘਲ ਦਿਤਾ।"

"ਸਾਲਾ ਏਥੇ ਵੀ ਬੋਰੀਅਤ ਫੈਲਾਉਣ ਆ ਜਾਂਦਾਂ ਏ।"

ਮਹੀਪਾਲ ਬੋਲਿਆ — ਇਹਨਾਂ ਕਮਬਖ਼ਤ ਮੁਹੱਲੇ ਵਾਲਿਆਂ ਨੇ ਤੇਰੇ ਖ਼ਿਲਾਫ਼ ਅਖਬਾਰਾਂ ਵਿਚ ਸ਼ਿਕਾਇਤ ਛਪਵਾ ਕੇ ਹੋਰ ਤਾਂ ਜੋ ਕੁਝ ਬੁਰਾ ਕੀਤਾ ਸੋ ਕੀਤਾ। ਇਸ ਸੀਕ੍ਰੇਟ ਅੱਡੇ ਦਾ ਪਤਾ ਸਾਰੀ ਦੁਨੀਆਂ ਨੂੰ ਹੋ ਗਿਆ। ਇਹ ਬਹੁਤ ਬੁਰਾ ਕੀਤਾ। ਬੜੀ ਮੁਸ਼ਕਿਲ ਨਾਲ ਗਏ ਹਨ ਕਵੀ ਜੀ ਏਥੋਂ।"

ਸਿਗਰਟ ਸੁਲਗਾ ਕੇ ਆਪਣੇ ਆਪ ਨੂੰ ਦੁਸ਼ਾਲੇ ਵਿਚ ਚੰਗੀ ਤਰ੍ਹਾਂ ਲਪੇਟ ਕੇ ਬੈਠਦੇ ਹੋਏ ਸੱਜਨ ਚੁੱਪ ਵਿਚ ਡੁਬ ਗਿਆ। ਕਰਨਲ ਉਹਦੇ ਵਲ ਧਿਆਨ ਨਾਲ ਵੇਖ ਕੇ ਬੋਲਿਆ — "ਕਿਉਂ ਅੱਜ ਫਿਰ ਕੋਈ ਨਵੀਂ ਗੱਲ ਹੋ ਗਈ ?"

"ਨਹੀਂ ਕੋਈ ਖ਼ਾਸ ਨਹੀਂ। ...ਦਵਾਰਕਾਦਾਸ ਜੀ ਆਏ ਹੋਏ ਨੇ ਏਥੇ।"

"ਦਵਾਰਕਾਦਾਸ ਜੀ ? ਰਾਜਾ ਬਹਾਦਰ ?"

"ਹਾਂ ਆਪਣੀ ਪਟਰਾਣੀ ਦੇ ਮਹਿਲਾਂ ਵਿਚ ਹਨ ਇਸ ਵੇਲੇ। ਯਾਰ ਇਹ ਔਰਤ ਤਾਂ ਗਜ਼ਬ ਦੀ ਕਰੈਕਟਰ ਏ। ਜਾਦੂ ਦੇ ਪੁਤਲੇ ਬਣਾਉਂਦੀ ਹੈ।"

ਸੱਜਨ ਨੇ ਥੋੜੀ ਦੇਰ ਪਹਿਲਾਂ ਵਾਪਰੀ ਹੋਈ ਆਪ ਬੀਤੀ ਸੁਣਾਈ। ਕਰਨਲ ਪਰੇਸ਼ਾਨ ਹੋ ਗਏ — "ਤੂੰ ਉਹ ਪੁਤਲਾ ਛੁਹ ਕੇ ਠੀਕ ਨਹੀਂ ਕੀਤਾ।"

"ਮੈਨੂੰ ਕੀ ਪਤਾ ਸੀ ਬਈ! ਮੈਂ ਸਮਝਿਆ ਤਾਈ ਦੇ ਇਕੱਲੇਪਣ ਦਾ ਮਨੋਰੰਜਨ ਏ। ਤੂੰ ਯਕੀਨ ਮੰਨ ਮਹੀਪਾਲ, ਮੈਂ ਬੜਾ ਖ਼ੁਸ਼ ਹੋਇਆ, ਪਰ..." ਸੱਜਨ ਹੱਸਣ ਲੱਗਾ। ਹੱਥ ਵਧਾ ਕੇ ਐਸ਼ਟਰੇ ਵਿਚ ਸੁਆਹ ਝਾੜਦਿਆਂ ਬੋਲਿਆ, "ਮੈਂ ਆਪਣੀ ਸ਼ਾਨ ਵਿਚ ਟ੍ਰੇਡੀਸ਼ਨਲ ਇੰਡੀਅਨ ਸਟਾਈਲ ਵਿਚ ਐਸੀਆਂ ਠੇਠ ਗਾਲ੍ਹਾਂ ਸੁਣੀਆਂ ਨੇ ਕਿ ਕੀ ਦੱਸਾਂ।"

ਛੱਤ ਤੇ ਕਿਸੇ ਦਾ ਪਰਛਾਵਾਂ ਦਿਸਿਆ। ਸੱਜਨ ਦਾ ਧਿਆਨ ਉੱਪਰ ਗਿਆ। ਰਾਜਾ ਬਹਾਦਰ ਸਰ ਦਵਾਰਕਾਦਾਸ ਅਗਰਵਾਲ ਦਰਵਾਜ਼ੇ ਤੇ ਖੜੇ ਸਨ।

ਸੱਜਨ ਸਤਿਕਾਰ ਵਜੋਂ ਉਠ ਖੜਾ ਹੋਇਆ। ਕਰਨਲ ਸਾਹਿਬ ਦੇ ਚਿਹਰੇ ਤੇ ਨਿਮ੍ਰਤਾ ਦੀਆਂ ਕਿਰਨਾਂ ਫੁੱਟ ਪਈਆਂ। ਆਦਰ ਨਾਲ ਹੱਥ ਜੋੜੇ। ਮਹੀਪਾਲ ਉਂਜ ਹੀ ਬੈਠਾ ਰਿਹਾ।

ਰਾਜਾ ਬਹਾਦਰ ਦਾ ਧਿਆਨ ਕਿਸੇ ਵਲ ਨਹੀਂ ਗਿਆ, ਹੱਥ ਦੇ ਇਸ਼ਾਰੇ ਨਾਲ ਸੱਜਨ ਨੂੰ ਬੁਲਾਉਂਦੇ ਹੋਏ ਉਨ੍ਹਾਂ ਕਿਹਾ — "ਏਧਰ ਆਈਂ ਪੁੱਤਰ।"

ਸੱਜਨ ਝਟ ਉਠ ਕੇ ਬਾਹਰ ਗਿਆ। ਉਹਦੇ ਮੌਢੇ ਤੇ ਹੱਥ ਰਖ ਕੇ ਪੌੜੀ ਵਲ ਵਧਦਿਆਂ ਹੋਇਆਂ ਦਵਾਰਕਾਦਾਸ ਬੋਲੇ — "ਅੱਜ ਦੀਆਂ ਗੱਲਾਂ ਬਾਰੇ ਕਿਸੇ ਨਾਲ ਜ਼ਿਕਰ ਨਾ ਕਰੀਂ।"

"ਜੀ, ਬਿਲਕੁਲ ਨਹੀਂ। ਤੁਸੀਂ ਵਿਸ਼ਵਾਸ ਰਖੋ !"

"ਉਹਦਾ ਦਿਮਾਗ਼ ਜ਼ਰਾ ਫਿਰਿਆ ਹੋਇਆ ਏ।"

"ਜੀ ਮੈਨੂੰ ਪਤਾ ਹੈ।"

"ਕੀ ਕਹਾਂ ਸਭ ਭਾਗਾਂ ਦਾ ਦੋਸ਼ ਹੈ।......ਖ਼ੈਰ ਤੂੰ ਕਿਸੇ ਨਾਲ ਵੀ ਗੱਲ ਨਾ ਕਰੀਂ, ਆਪਣੇ ਦੋਸਤਾਂ ਨਾਲ ਵੀ ਨਹੀਂ :......ਅਤੇ ਮੈਂ ਲਾਲਾ ਜਾਨਕੀ ਸਰਨ ਨੂੰ ਕਹਿੰਦਾ ਜਾਵਾਂਗਾ। ਤੈਨੂੰ ਏਥੇ ਕਿਸੇ ਤਰ੍ਹਾਂ ਦੀ ਵੀ ਤਕਲੀਫ਼ ਨਹੀਂ ਹੋਵੇਗੀ।"

ਸੱਜਨ ਉਨ੍ਹਾਂ ਨੂੰ ਗਲੀ ਦੇ ਮੋੜ ਤਕ ਛੱਡ ਆਇਆ। ਦਵਾਰਕਾਦਾਸ ਦੇ ਘੁਮੰਡੀ ਲਿਸ਼ਕ ਵਾਲੇ ਚਿਹਰੇ ਤੇ ਚਿੰਤਾ ਅਤੇ ਥਕਾਵਟ ਦੀ ਝਰੀ ਪੈ ਰਹੀ ਸੀ। ਪਰਤਦਾ ਹੋਇਆ ਸੱਜਨ ਸੋਚਣ ਲਗਾ — "ਕੀ ਇਹ ਵੀ ਸੁਖੀ ਹੈ ?"

4

ਨੰਦੋ ਨੇ ਲਾਲੇ ਦਲਾਲ ਅਤੇ ਉਸ ਦੀ ਘਰ ਵਾਲੀ ਨੂੰ ਮਾਰਨ ਲਈ ਤਾਈ ਤੋਂ ਟੋਟਕਾ ਕਰਵਾਇਆ ਸੀ। ਛੇ ਵਰ੍ਹੇ ਪਹਿਲਾਂ ਮਨੀਆ ਦੇ ਵਿਆਹ ਦੀ ਤਿਆਰੀ ਦੇ ਦਿਨਾਂ 'ਚ ਭਭੂਤੀ ਸੁਨਿਆਰੇ ਦੇ ਘਰ ਗਹਿਣਿਆਂ ਦੀ ਚੋਰੀ ਹੋਈ ਸੀ। ਸੋਨੇ ਦੀ ਸੰਗਲੀ, ਤੌਕ, ਜੋਸਨ ਅਤੇ ਚੰਦਨਮਾਲਾ ਪਾਲਿਸ਼ ਮੁਰੰਮਤ ਲਈ ਕਢ ਕੇ ਮਾਂ ਨੇ ਅਲਗ ਡੱਬੇ 'ਚ ਰਖੇ ਸਨ, ਸੋ ਰਾਤੋ ਰਾਤ ਡੱਬਾ ਹੀ ਉੱਡ ਗਿਆ। ਦੂਸਰੇ ਦਿਨ ਸਵੇਰੇ ਹੀ ਘਰ ਦਾ ਨੌਕਰ ਗ਼ੁੰਮ ਸੀ, ਫਾਟਕ ਦੀ ਕੁੰਡੀ ਖੁਲ੍ਹੀ ਸੀ, ਸੋ ਉਸੇ ਤੇ ਸਾਰਾ ਇਲਜ਼ਾਮ ਲਗਾ। ਕਾਰੋਬਾਰੀ ਕਾਰਨਾਂ ਕਰ ਕੇ ਭਭੂਤੀ ਨੇ ਪੁਲਿਸ ਵਿਚ ਰਿਪੋਰਟ ਨਾ ਕੀਤੀ, ਮਾਂ ਹਾਇ ਕਰਕੇ ਬੈਠੀ ਰਹੀ ਸੀ। ਚੋਰੀ ਦੀ ਕੰਘੀ ਨੌਕਰ ਨਾਲ ਭਾਈਵਾਲੀ ਦੇ ਸੌਦੇ ਵਜੋਂ ਨੰਦੋ ਦੇ ਹੱਥ ਆਈ ਸੀ। ਉਹਨੀਂ ਦਿਨੀਂ ਲਾਲੇ ਦਲਾਲ ਦੀ ਘਰ ਵਾਲੀ ਨਾਲ ਉਹਦਾ ਚੋਖਾ ਨੇੜ ਸੀ। ਨੰਦੋ ਨੇ ਉਨ੍ਹਾਂ ਨੂੰ ਹੀ ਕੰਘੀ ਵੇਚਣ ਲਈ ਦਿਤੀ ਸੀ। ਹੀਲੇ ਬਹਾਨੇ ਇੰਨੇ ਵਰ੍ਹੇ ਲੰਘ ਗਏ, ਨੰਦੋ ਦੇ ਹੱਥ ਫੁੱਟੀ ਕੌਡੀ ਵੀ ਨਾ ਆਈ। ਉਹ ਉਨ੍ਹਾਂ ਨਾਲ ਖੁਲ੍ਹ ਕੇ ਲੜ ਨਹੀਂ ਸਕਦੀ ਸੀ। ਚਾਰ ਪੰਜ ਦਿਨ ਪਹਿਲਾਂ ਲਾਲੇ ਦੀ ਘਰਵਾਲੀ ਨਾਲ ਸਵੇਰੇ ਸਵੇਰੇ ਗੋਮਤੀ ਦੇ ਕੰਢੇ ਹੀ ਬੜੇ ਜ਼ੋਰ ਦੀ ਲੈ ਦੇ ਹੋਈ। ਲਾਲੇ ਦੀ ਘਰਵਾਲੀ ਘਾਟ ਉਤੇ ਹੀ ਸਭ ਤੀਵੀਂਆਂ ਮਰਦਾਂ ਦੇ ਸਾਹਮਣੇ

ਨੰਦੋ ਨੂੰ ਚੋਰ ਛਨਾਲ ਕਹਿ ਕੇ ਉਹਦੇ ਘਰ ਦੀ ਪੁਰਾਣੀ ਚੋਰੀ ਦਾ ਭੇਦ ਖੋਲ੍ਹ ਗਈ, ਪਰ ਨੰਦੋ ਉਨ੍ਹਾਂ ਤੇ ਆਪਣੀ ਚੋਰੀ ਦਾ ਖੁਲ੍ਹਾ ਇਲਜ਼ਾਮ ਨਾ ਲਾ ਸਕੀ। ਨੰਦੋ ਦੀ ਜ਼ਿੱਦ ਤੇ ਤਾਈ ਉਨ੍ਹਾਂ ਨੂੰ ਮਾਰਨ ਲਈ ਪੁਤਲੇ ਬਣਾ ਰਹੀ ਸੀ, ਜਦ ਸੱਜਨ ਅਤੇ ਦਵਾਰਕਾਦਾਸ ਉਹਦੇ ਘਰ ਆਏ ਸਨ।

ਦਵਾਰਕਾ ਦਾਸ ਦੇ ਜਾਣ ਪਿਛੋਂ ਤਾਈ ਪੁਤਲੇ ਬਣਾਉਣ ਬੈਠੀ। ਨੰਦੋ, ਜਿਹੜੀ ਤਾਈ ਦੀ ਉੱਪਰ ਵਾਲੀ ਪੌੜੀ 'ਚ ਬੈਠ ਕੇ ਪਤੀ ਪਤਨੀ ਦੀਆਂ ਗੱਲਾਂ ਸੁਣ ਰਹੀ ਸੀ, ਦਵਾਰਕਾਦਾਸ ਦੇ ਜਾਣ ਪਿਛੋਂ ਇਸ ਤਰ੍ਹਾ ਪਾਕ ਪਵਿੱਤਰ ਹੋ ਕੇ ਆਈ ਜਿਸ ਤਰ੍ਹਾਂ ਹੁਣੇ ਹੀ ਆਪਣੇ ਘਰੋਂ ਆ ਰਹੀ ਹੋਵੇ। ਤਾਈ ਇਸ ਵੇਲੇ ਦਵਾਰਕਾਦਾਸ ਦੀ ਖ਼ੁਸ਼ਾਮਦ ਦੇ ਨਸ਼ੇ 'ਚ ਮਸਤ ਆਪਣੀ ਜਿੱਤ ਤੇ ਸੰਤੁਸ਼ਟ ਤੇ ਪ੍ਰਸੰਨ ਸੀ। ਪ੍ਰਸੰਨਤਾ ਦਾ ਜਜ਼ਬਾ ਧੌਂਕਣੀ ਬਣ ਕੇ ਉਹਦੀ ਹਿੰਸਾ ਦੇ ਕੋਲੇ ਧੌਂਕਣ ਲਗਾ। ਤਾਈ ਜੋਸ਼ ਨਾਲ ਨੰਦੋ ਦਾ ਕਾਰਜ ਸਾਧਣ ਬਹਿ ਗਈ। ਲਾਲੇ ਤੇ ਉਹਦੀ ਵਹੁਟੀ ਦਾ ਮੰਤਰ ਸਿੱਧ ਕੀਤਾ, ਮਿਸਟਰ ਅਤੇ ਮਿਸਿੱਜ਼ ਵਰਮਾ ਵਿਚ ਲੜਾਈ ਦੇ ਕੰਡੇ ਬੀਜਣ ਲਈ ਸਿਆਹੀ ਦਾ ਕੰਡਾ ਕੱਢਿਆ, ਲਾਲਾ ਜਾਨਕੀ ਸਰਨ (ਜਿਨ੍ਹਾਂ ਦਾ ਅਪਰਾਧ ਇੰਨਾਂ ਹੀ ਸੀ ਕਿ ਉਨ੍ਹਾਂ ਦੇ ਘਰ ਅੱਜ ਸ਼ਾਮ ਦਵਾਰਕਾਦਾਸ ਆਏ ਸਨ) ਦੇ ਘਰ ਬੀਮਾਰੀਆਂ ਝਖੜ ਝੋਂਕਣ ਦੀ ਲਿਖਤ ਨਾਲ ਉਨ੍ਹਾਂ ਦੀ ਚੋਖਾਠ ਤੇ ਛਿੱਟੇ ਜਾਣ ਵਾਲੇ ਕਾਲੇ ਤਿਲਾਂ ਦੀ ਪੁੜੀ ਬੱਧੀ ਅਤੇ ਸ਼ਾਮ ਦੇ ਕਾਂਡ ਦੀ ਸਜ਼ਾ ਦੇਣ ਲਈ ਸੱਜਨ ਦਾ ਪੁਤਲਾ ਵੀ ਬਣਾਇਆ। ਪੇਸ਼ਾਵਰ ਹਤਿਆਰਿਆਂ ਵਾਂਗ ਇਕ ਇਕ ਲਈ ਅਸ਼ੁਭ ਕਿਰਿਆਵਾਂ ਕਰਕੇ ਉਹਨੂੰ ਖ਼ੁਸ਼ੀ ਹੁੰਦੀ ਸੀ।

ਨੰਦੋ ਦੇ ਹੱਥੋਂ ਸਭਨਾਂ ਦਾ ਪ੍ਰਬੰਧ ਕਰਵਾਕੇ, ਉਹਨੂੰ ਵਿਦਾ ਕਰਨ ਪਿਛੋਂ ਆਪ ਨ੍ਹਾਤੀ, ਧੋਤੀ ਸੁਕਾਈ ਅਤੇ ਜਦ ਸੌਣ ਗਈ ਉਸ ਵੇਲੇ ਕੋਤਵਾਲੀ ਦੇ ਘੜਿਆਲ ਤੇ ਬਾਰਾਂ ਖੜਕੇ।

ਮੁਸ਼ਕਲ ਨਾਲ ਘੰਟਾ ਡੇਢ ਘੰਟਾ ਵੀ ਨਹੀਂ ਸੀ ਸੁੱਤੀ ਕਿ ਦੋ ਬਿੱਲੀਆਂ ਦੇ ਮਹਾਂਜੁੱਧ ਨੇ ਤਾਈ ਦੀ ਨੀਂਦ ਦਾ ਘਾਤ ਕਰ ਦਿਤਾ। ਅੱਖਾਂ ਦੀਆਂ ਦੋ ਚਮਕਦਾਰ ਜੋੜੀਆਂ ਤਾਈ ਨੂੰ ਡਰਾਉਣ ਲਗੀਆਂ। ਬਿੱਲੀਆਂ ਇਕ ਦੂਜੇ ਤੇ ਭਬਕ ਰਹੀਆਂ ਸਨ। ਹਿੰਸਾ ਨਾਲ ਲਥ ਪਥ ਰੋਸ ਹਮਲੇ ਦੀ ਜਵਾਲਾ ਬਣਾ ਕੇ ਝਪਟਾਂ ਵਾਂਗ ਇਕ ਦੂਸਰੇ ਨਾਲ ਰੁਝ ਗਿਆ। ਤਾਈ ਦੀ ਜਾਦੂ ਟੂਣੇ ਭਰੀ ਨਜ਼ਰ ਵਿਚ ਭੈ ਦੀ ਮੋਹਕ ਸ਼ਕਤੀ ਪਸਰਨ ਲਗੀ। ਆਪਣੇ ਭੈ ਦੇ ਲਹਾ ਚੜ੍ਹਾ ਨਾਲ ਉਹਨੂੰ ਉਹ ਬਿੱਲੀਆਂ ਕਦੀ ਕਦੀ ਆਪਣਾ ਆਕਾਰ ਵਧਾਉਂਦੀਆਂ ਘਟਾਉਂਦੀਆਂ ਨਜ਼ਰ ਆਉਣ ਲਗੀਆਂ। ਲੜਦਿਆਂ ਲੜਦਿਆਂ ਜਦ ਬਿੱਲੀਆਂ ਦਾ ਮੂੰਹ ਕਿਸੇ ਪਲ ਭਰ ਲਈ ਉਹਦੇ ਵਲ ਮੁੜ ਜਾਂਦਾ ਤਾਂ ਅੱਖਾਂ ਦੀ ਚਮਕ ਜਾਦੂ ਨਾਲ ਮੰਤਰੀ ਹੋਈ ਸੂਈਆਂ ਵਾਂਗ ਐਨ ਉਹਦੇ

ਕਲੇਜੇ ਵਿਚ ਚੁਭ ਕੇ ਉਸੇ ਵਿਚ ਗੱਡੀ ਰਹਿ ਜਾਂਦੀ। ਬਿਰਧ ਅਵਸਥਾ ਦਾ ਸਰਦ ਲਹੂ ਡਰ ਦੀ ਭਿਆਨਕਤਾ ਨਾਲ ਠਰ ਗਿਆ। ਗੁੱਸੇ ਨਾਲ ਚੀਕਦੀਆਂ ਬਿੱਲੀਆਂ ਨੇ ਫਿਰ ਇਕ ਦੂਜੀ ਤੇ ਬੁੜ੍ਹਕ ਕੇ ਹਮਲਾ ਕੀਤਾ। ਤਾਈ ਦੀਆਂ ਨਜ਼ਰਾਂ ਵਿਚ ਉਹ ਬਿੱਲੀਆਂ ਕਿਸੇ ਅਤੀ ਮਹਾਨ ਕੱਦ ਵਾਲੇ ਅਤੀ ਹਿੰਸਕ ਜੰਤੂਆਂ ਵਾਂਗ ਵਧ ਕੇ ਪੂਰੇ ਦਾਲਾਨ ਨੂੰ ਹਿਲਾਉਂਦੀਆਂ ਹੋਈਆਂ ਲੱਗੀਆਂ। ਅਤੇ ਉਸ ਭਿਅੰਕਰ ਯੁੱਧ ਦੀ ਲਪਟ ਝਪਟ ਵਿਚ ਬਿੱਲੀਆਂ ਤਾਈ ਦੀ ਮੰਜੀ ਕੋਲ ਆ ਗਈਆਂ। ਭਿਆਨਕ 'ਘੁਰਰ-ਘਰਰ-ਖਾਊ-ਖਾਊਂ-ਖਾਂ' ਦੇ ਰੌਲੇ ਵਿਚ ਤਾਈ ਦੇ ਗਲ ਦੀ ਸਰਕਦੀ ਹੋਈ 'ਹਿ ਹਿ ਹਿ ਹੀ ਹੀ ਹੀ' ਬੜੇ ਜ਼ੋਰ ਨਾਲ ਫਕ ਕੇ ਰਲ ਗਈ। ਆਤਮ ਰੱਖਿਆ ਦੀ ਭਾਵਨਾ ਨਾਲ ਹਿੰਸਾ ਜਾਗੀ; ਉਹਦੇ ਹੱਥ ਇੰਜ ਵਧੇ ਜਿਵੇਂ ਕਿਸੇ ਚਮਤਕਾਰ ਨਾਲ ਪੱਥਰ ਦੀ ਮੂਰਤੀ ਦੇ ਹੱਥ ਵਿਚ ਧੜਕਨ ਹੋਈ ਹੋਏ, ਸਿਰਹਾਣਾ ਚੁਕ ਕੇ ਤਾਣ ਕੇ ਮਰਿਆ। ਉਸ ਸਮੇਂ ਉਹਨੂੰ ਬਿੱਲੀ ਨਾ ਮਾਰਨ ਨਾਲ ਸਵਰਗਾਂ ਵਿਚ ਸੋਨੇ ਦੀ ਬਿੱਲੀ ਜਮ੍ਹਾਂ ਕਰਨ ਦਾ ਕਠੋਰ ਧਾਰਮਕ ਨਿਯਮ ਵੀ ਵਿਸਰ ਗਿਆ।

ਬਿੱਲੀਆਂ ਦੇ ਮਹਾਂ ਯੁੱਧ ਦੀ ਤਨਮਤਾ ਤਾਈ ਦੇ ਬੋਝ ਸੁਟਣ ਨਾਲ ਭੰਗ ਹੋਈ। ਉਹ ਵਿਹੜੇ ਵਾਲ ਭੱਜੀਆਂ। ਹੁਣ ਤਾਈ ਵਿਚ ਹੋਸ਼ ਭਰੀ ਫ਼ੁਰਤੀ ਆਈ। ਮੰਜੀ ਦੇ ਦੂਜੇ ਪਾਸੇ ਪਈ ਹੋਈ ਸੋਟੀ ਤੇਜ਼ੀ ਨਾਲ ਫੜ ਕੇ ਚੁਕੀ। ਉਹਦੀਆਂ ਗੱਲ੍ਹਾਂ ਦੇ ਮਸਲ ਫੜਫੜਾਉਣ ਲਗੇ, ਉਹ ਵੀ ਤੀਸਰੀ ਬਿੱਲੀ ਬਣ ਕੇ ਵਿਹੜੇ ਵਿਚ ਝਪਟੀ। ਇਕ ਬਿੱਲੀ ਸਿੱਧੀ ਵਿਹੜੇ ਵਿਚੋਂ ਹੀ, ਦੂਸਰੀ ਘਬਰਾਹਟ ਕਾਰਨ ਰਸੋਈ ਦੇ ਦਲਾਨ 'ਚੋਂ ਭਟਕ ਕੇ ਉਤਲੀ ਪੌੜੀ ਵਲ ਭੱਜੀ। ਤਾਈ ਪੌੜੀ ਵਲ ਭੱਜੀ, ਜੋਸ਼ ਵਿਚ ਉਤਾਂਹ ਤਕ ਚੜ੍ਹਦੀ ਗਈ। ਠਰੀ ਹੋਈ ਹਨੇਰੀ ਰਾਤ ਵਿਚ ਬਨੇਰਿਆਂ ਤੇ ਦੌੜਦੇ ਹੋਏ ਪਰਛਾਂਵਿਆਂ ਵਰਗੀਆਂ ਬਿੱਲੀਆਂ ਅਤੇ ਲੱਕੜੀ ਚੁਕੀ ਆਉਂਦੀ ਤਾਈ ਦੇ ਕਲੂਟੇ ਰੂਪ ਨੇ ਸੁੱਤੀ ਛੱਤ ਨੂੰ ਭੈੜੇ ਸੁਪਨੇ ਵਾਂਗ ਤ੍ਰਭਕਾ ਦਿਤਾ। ਚੁੱਪ ਚਾਪ ਰਾਤ ਉਹਦੀਆਂ ਗਾਲ੍ਹਾਂ ਦੇ ਰੌਲੇ ਨਾਲ ਉਸੇ ਤਰ੍ਹਾਂ ਖਿਝੀ ਜਿਵੇਂ ਕਿਸੇ ਨੇ ਭਰ ਸਿਆਲ ਵਿਚ ਕਿਸੇ ਦਾ ਚੈਨ 'ਚ ਨਿੱਘਾ ਲੇਫ ਇਕ ਝਟਕੇ ਨਾਲ ਲਾਹ ਦਿਤਾ ਹੋਏ।

ਬੁੜਬੁੜਾਉਂਦੀ ਤਾਈ ਹੇਠਾਂ ਉਤਰੀ। ਉਤਲੀਆਂ ਪੌੜੀਆਂ ਦੀ ਕੁੰਡੀ ਲਾਈ। ਬਕਦਿਆਂ, ਝਕਦਿਆਂ, ਹਫ਼ਦਿਆਂ ਜਦ ਆਪਣੇ ਸੌਣ ਵਾਲੇ ਦਲਾਨ ਵਿਚ ਆਈ ਤਾਂ ਉਹਦਾ ਪੈਰ ਇਕ ਗਿੱਲੀ ਗਿੱਲੀ ਚੀਜ਼ ਨਾਲ ਲਗਾ, ਅੰਗੂਠਾ ਅਤੇ ਉਂਗਲੀਆਂ ਸੁੰਨ ਹੋ ਗਈਆਂ। ਤਾਈ ਦੇ ਪ੍ਰਾਣਾਂ ਵਿਚ ਅਪਵਿਤ੍ਰਤਾ ਦੀ ਤਅੱਸਬ ਭਰੀ ਕੰਬਣੀ ਉਠੀ। ਤੇਜ਼ ਘ੍ਰਿਣਾ ਅਤੇ ਖਿੱਝ ਭਰ ਗਈ, ਪਰ ਜੀਭ ਦੇ ਸ਼ਬਦਾਂ ਦਾ ਹੜ੍ਹ ਅਚਾਨਕ 'ਊਂਹ' ਵਿਚ ਸਿਮਟ ਕੇ ਬੁੱਝ ਗਿਆ। ਆਪਣੇ ਆਪ ਨੂੰ ਕਿਸੇ ਹੱਦ ਤਕ ਕਸੂਰਵਾਰ ਸੋਚ ਕੇ, 'ਏਸੇ ਸ਼ਿਕਾਰ ਦੇ ਪਿੱਛੇ ਲੜੀਆਂ ਸਨ ਮੋਈਆਂ' ਸੋਚ ਕੇ ਸੁੰਨ ਹੋਏ ਸੱਜੇ ਪੈਰ ਦਾ ਪੰਜਾ

ਚੁਕ ਕੇ ਅੱਡੀ ਰਖਦਿਆਂ ਹੋਇਆਂ ਆਪਣੀ ਮੰਜੀ ਦੀ ਪੈਂਦ ਕੋਲ ਰਖੀ ਹੋਈ ਲਾਲਟੈਣ ਤਕ ਆਈ।। ਲਾਲਟੈਣ ਬਾਲੀ ਅਤੇ ਫਿਰ ਉਸੇ ਤਰ੍ਹਾਂ ਅੱਡੀ ਟਿਕਾਉਂਦੀ ਹੋਈ ਘਟਨਾ ਵਾਲੀ ਥਾਂ ਤੇ ਪਰਤ ਆਈ। ਵੇਖਿਆ, ਇਕ ਨਵੇਂ ਜੰਮੇਂ ਹੋਏ ਬਿੱਲੀ ਦੇ ਬੱਚੇ ਦੀ ਲਾਸ਼ ਸੀ ਜੀਹਦਾ ਸਿਰ ਗੁੰਮ ਸੀ। ਘਰ ਵਿਚ ਹੇਰ ਫੇਰ ਕਰਨ ਵਾਲੀ ਬਿੱਲੀ ਦੇ ਗਰਭਵਤੀ ਰੂਪ ਵਿਚ ਏਧਰ ਕਈ ਵਾਰ ਵੇਖੇ ਹੋਏ ਚਿੱਤਰ ਉਹਦੇ ਧਿਆਨ ਵਿਚ ਉਭਰ ਕੇ ਆਏ। "ਢੱਠੇ ਖੂਹ ਵਿਚ ਪਉ ਰੰਡੀਓ।" ਉਹਦੇ ਮੂੰਹ 'ਚੋਂ ਪੈਂਦਿਆਂ ਸਾਰ ਹੀ ਗਾਲ੍ਹ ਨਿਕਲੀ। ਵੇਖਿਆ, ਉਸੇ ਦੇ ਬੱਚੇ ਨੂੰ ਬਿੱਲਾ ਖਾ ਗਿਆ। ਇਹੋ ਲੜਾਈ ਦਾ ਕਾਰਨ ਸੀ।

ਪੈਰ ਟਿਕਾਉਂਦੀ ਹੋਈ ਉਹ ਮੋਰੀ ਤਕ ਗਈ, ਪੈਰ ਧੋਤਾ। ਲਾਲਟੈਨ ਲੈ ਕੇ ਠਾਕੁਰ ਜੀ ਦੀ ਕੋਠੜੀ 'ਚ ਗਈ। ਹਾਰੇ ਤੋਂ ਪੱਖਾ ਲਾਹਿਆ। ਲਾਸ਼ ਨੂੰ ਪੁਰਾਣੇ ਪੱਖੇ ਤੇ ਰਖ ਕੇ ਬਾਹਰ ਸੁੱਟਣ ਦਾ ਇਰਾਦਾ ਕਰਕੇ ਆਉਂਦੀ ਹੋਈ ਤਾਈ ਦੀ ਸੁਭਾਵਕ ਹਿੰਸਾਮਈ ਵਿਹਾਰਕ ਬੁੱਧੀ ਜਾਗ ਪਈ। ਝਟ ਪੌੜੀ ਹੇਠਲੀ ਬੁਖਾਰੀ ਵਿਚੋਂ ਆਪਣਾ ਜਾਦੂ ਟੂਣੇ ਵਾਲਾ ਟਰੰਕ ਕੱਢ ਉਸ ਵਿਚੋਂ ਸੰਧੂਰ ਅਤੇ ਥੋੜੇ ਜਿਹੇ ਕਾਲੇ ਤਿਲ ਲਏ; ਟੂਣੇ ਵਰਗੇ ਕੰਮਾਂ ਲਈ ਵੱਖਰੇ ਰਖੇ ਹੋਏ ਆਟੇ ਦੇ ਡੱਬੇ 'ਚੋਂ ਥੋੜਾ ਜਿਹਾ ਆਟਾ ਕੱਢ ਕੇ ਦੀਵਾ ਬਣਾਇਆ। ਪੱਖੇ ਤੇ, ਤਿਲ ਸੰਧੂਰ ਛਿੜਕੇ ਹੋਏ ਬਿੱਲੀ ਦੇ ਬੱਚੇ ਦੀ ਸਿਰ ਤੋਂ ਬਿਨਾਂ ਲਾਸ਼ ਅਤੇ ਬਲਦਾ ਹੋਇਆ ਦੀਵਾ ਰਖ ਕੇ ਤਾਈ ਉਹਨੂੰ ਤਾਰਾ ਦੇ ਬੂਹੇ ਅਗੇ ਰਖ ਆਈ — "ਰੰਡੀ ਬੜਾ ਢਿੱਡ ਕੱਢ ਕੇ ਫਿਰਦੀ ਏ। ਏਦਾਂ ਹੀ ਨਾਲੋਂ ਲਹਿਕੇ ਡਿੱਗ ਪਏਗਾ।"

ਇਸ ਤਰ੍ਹਾਂ ਲਾਸ਼ ਘਰੋਂ ਬਾਹਰ ਚਲੀ ਗਈ, ਅਤੇ ਤਾਈ ਦੀ ਸੋਚਣੀ ਅਨੁਸਾਰ ਉਹਦੀ ਵਰਤੋਂ ਚੱਜ ਨਾਲ ਹੋ ਗਈ।

ਤਾਈ ਜਦ ਆਪਣਾ ਦਲਾਨ ਧੋਣ ਲਗੀ ਤਾਂ ਉਹਨੇ ਵੇਖਿਆ, ਉਹਦੀ ਮੰਜੀ ਹੇਠਾਂ ਬਿੱਲੀ ਦੇ ਤਿੰਨ ਨਵ ਜੰਮੇ ਬੱਚੇ ਗਠੜੀ ਜਿਹੇ ਬਣੇ ਪਏ ਸਨ। ਤਾਈ ਦਾ ਕਰੋਧ ਜਵਾਲਾ ਮੁਖੀ ਵਾਂਗ ਫੁੱਲ ਪਿਆ।

"ਦੁਸ਼ਟ ਸਾਰੀਆਂ ਮੇਰੀ ਈ ਹਿੱਕ ਤੇ ਵੰਡ ਦਲਣ ਆਈਆਂ ਨੇ। ਸੱਤਾਂ ਜਨਮਾਂ ਦੀਆਂ ਦੁਸ਼ਮਣ ਮਰਨੀਆਂ, ਗਲੀ ਗਲੀ ਫਿਰ ਕੇ ਮੇਰੇ ਘਰ ਬੱਚੇ ਸੁਟਣ ਆਈ ਰੰਡੋ। ਕੀੜੇ ਚਲਣਗੇ ਸਾਰੇ ਅੰਗੀਂ। ਸਰਦੀ ਦੀ ਰਾਤੇ ਦੌੜੀ ਮਾਰਿਆ। ਮੰਜੀ ਕੋਲ ਹੱਥ ਵਿਚ ਬਹੁਕਰ ਲੈ ਕੇ ਤਾਈ ਬਹਿ ਗਈ। ਕੋਸਣ ਦੀ ਆੜ ਵਿਚ ਉਹਦਾ ਦਿਮਾਗ਼ ਇਸ ਵਿਸ਼ੇ ਤੇ ਵਿਚਾਰ ਕਰ ਰਿਹਾ ਸੀ ਕਿ ਇਹਨਾਂ ਬੱਚਿਆਂ ਨੂੰ ਕਿਸ ਚੀਜ਼ ਤੇ ਰਖ ਕੇ ਬਾਹਰ ਸੁਟਿਆ ਜਾਏ। ਟੋਕਰੀ ਵਲ ਧਿਆਨ ਗਿਆ। ਫਿਰ ਸੋਚਿਆ ਹੁਣੇ ਪੱਖੇ ਦਾ ਨੁਕਸਾਨ ਹੋਇਆ, ਹੁਣ ਟੋਕਰੀ ਵੀ ਸੁਟਣੀ ਪਏਗੀ। ਧੋਤੀ ਤਾਂ ਧੋਣੀ ਈ ਹੈ।

ਇਹ ਸੋਚ ਤਾਈ ਨੇ ਬਹੁਕਰ ਰਖ ਕੇ ਬੱਚਿਆਂ ਨੂੰ ਚੋਲੀ ਵਿਚ ਪਾ ਲਿਆ। ਪਾਣੀ ਨਾਲ ਭਿੱਜੇ ਹੱਥਾਂ ਕਾਰਨ ਬੱਚਿਆਂ ਦੇ ਸਰੀਰ ਵਿਚ ਕੰਬਣੀ ਛਿੜੀ। ਤਾਈ ਨੇ ਉਹਨਾਂ ਨੂੰ ਤਿੰਨ ਵਾਰ ਟੋਹਿਆ। ਠੰਡ ਨਾਲ ਸੁੰਗੜੇ ਹੋਏ, ਬੰਦ ਅੱਖਾਂ ਵਾਲੇ ਤਿੰਨੇ ਬੱਚੇ ਝੋਲੀ ਵਿਚ ਗਠੜੀ ਜਿਹੀ ਬਣ ਕੇ ਉਹਦੇ ਢਿੱਡ ਨਾਲ ਲਗ ਗਏ। ਤਿੰਨਾਂ ਜੀਵਾਂ ਦੀ ਜਾਨ ਉਹਦੇ ਢਿੱਡ ਨਾਲ ਲੱਗੀ ਵਿਲਕੀ। ਦਹਿਲੀਜ਼ ਤਕ ਜਾਂਦੇ ਜਾਂਦੇ ਉਹਨੂੰ ਕਦੀ ਆਪਣੀ ਗੋਦ ਵਿਚ ਖੇਡਣ ਵਾਲੀ ਬੱਚੀ ਦੀ ਅਚਾਨਕ ਯਾਦ ਆ ਗਈ। ਉਹ ਅਟਕ ਗਈ। ਪੈਰ ਫਿਰ ਹਠ, ਡੂੰਝਲਾਹਟ ਅਤੇ ਨਿਸ਼ਚੇ ਨਾਲ ਅਗੇ ਵਧੇ, ਪਰ ਬੰਦ ਦਰਵਾਜ਼ੇ ਤੇ ਆ ਕੇ ਰੁਕ ਗਏ। ਬੱਚੀ ਦੀ ਯਾਦ ਤਿੱਖੀ ਹੋ ਗਈ ਸੀ।

ਬਿੱਲੀ ਦੇ ਬੱਚੇ ਫਿਰ ਬਾਹਰ ਨਹੀਂ ਸੁਟੇ ਗਏ।

× × ×

ਮੂੰਹ ਹਨੇਰੇ ਸਾਢੇ ਪੰਜ ਵਜੇ ਦੇ ਆਸ ਪਾਸ ਪੂਜਾ ਦੀ ਘੰਟੀ ਚੌਪੜੀ ਲੈ ਕੇ ਗੋਮਤੀ ਜਾਣ ਲਈ ਲਾਲੇ ਦਲਾਲ ਦੀ ਵਹੁਟੀ ਨੇ ਬੂਹਾ ਖੋਹਲਿਆ। ਪੈਂਦਿਆਂ ਈ ਚੌਗਾਠ ਦੇ ਬਾਹਰ ਦੋਵਾਂ ਪਾਸਿਆਂ ਵਲ ਰਖੇ ਪੁਤਲਿਆਂ ਤੇ ਨਜ਼ਰ ਗਈ। ਡਰ ਦੇ ਮਾਰਿਆਂ ਉਹਨੇ ਆਪਣਾ ਪੈਰ ਅੰਦਰ ਖਿੱਚ ਲਿਆ ਅਤੇ ਘਬਰਾ ਕੇ ਬਾਹਰ ਦੀ ਲਾਈਟ ਦਾ ਸਵਿੱਚ ਦਬਿਆ। ਆਪਣੇ ਘਰ ਲਈ ਕੀਤੇ ਗਏ ਮਾਰੂ ਪਰਯੋਗਾਂ ਨੂੰ ਬਿਜਲੀ ਦੇ ਚਾਨਣ ਵਿਚ ਸਾਫ਼ ਸਾਫ਼ ਵੇਖ ਕੇ ਉਹਦੇ ਦਿਲ ਦੀ ਵਧੀ ਹੋਈ ਧੜਕਣ ਵਿਚ ਹੋਰ ਵੀ ਤੇਜ਼ੀ ਆਈ। ਉਹ ਝਟ ਪਟ ਬੋਲ ਉਠੀ — "ਹਾਇ ਹਾਇ! ਇਹ ਕਿੰਨ੍ਹੇ ਵੈਰ ਕੱਢਿਆ ਰੰਡੀ ਨੇ। ਨੀਂ ਵਹੁਟੀਓ, ਵੇਖੋ ਨੀਂ।"

ਅੰਦਰੋਂ ਖੰਘ ਦੇ ਨਾਲ ਨਾਲ ਬੁੱਢਾਪੇ ਨਾਲ ਕੰਬਦਾ ਹੋਇਆ ਇਕ ਬੋਲ ਸੁਣਾਈ ਦਿਤਾ — "ਬਹੂ ਕੀ ਗੱਲ ਏ?"

"ਐਧਰ ਆਉ ਛੇਤੀ ਨਾਲ। ਭਾਣਾ ਵਰਤ ਗਿਆ।" ਆਖ ਕੇ ਸ੍ਰੀ ਮਤੀ ਲਾਲਾ ਆਪਣੇ ਚਾਰ ਮਣ ਦੇ ਸਰੀਰ 'ਚੋਂ ਨਿਕਲਦੇ ਸਾਹ ਤੇ ਕਾਬੂ ਪਾਉਂਦੀ ਵਿਚ ਵਿਚ ਸ਼ਬਦਾਂ ਨੂੰ ਗਲ 'ਚ ਹੀ ਘੁੱਟ ਕੇ ਛੇਤੀ ਛੇਤੀ ਪ੍ਰਾਰਥਨਾ ਕਰਨ ਲਗੀ — "ਹੇ ਸਤ ਨਰਾਇਣ ਸਵਾਮੀ, ਤੇਰੀ ਕਥਾ ਈ ਬੋਲਦੀ ਆਂ: ਹੇ ਬਜਰੰਗ ਬਲੀ, ਤੁਹਾਡੀ ਸਵਾ ਪੰਜ ਰੁਪਏ ਦੀ ਕੜ੍ਹਾਹੀ ਮਾਤੇਸਰੀ, ਸਾਡੀ ਰੱਛਾ ਕਰੋ......ਹੂੰ ਹੂੰ ਹੂੰ॥"

"ਕੀ ਹੋਇਆ ਬਹੂ?" ਬੁੱਢੀ ਸਰਦੀ ਵਿਚ ਝੂਰਦੀ ਹੋਈ ਆਈ।

"ਨੀ ਬੇਬੇ, ਵੇਖ ਨੀ ਜ਼ਰਾ ਕਿਹੜੀ ਨਪੁੱਤੀ ਰੰਡੀ ਸਾਡੇ ਬੂਹੇ ਤੇ ਅਹਿ ਪੁਤਲੇ ਧਰ ਗਈ ਏ। ਜਿਨ੍ਹੇ ਸਾਡੇ ਲਈ ਕੀਤਾ ਹੋਏ, ਈਸ਼ਰਨਾਥ ਉਹਦੇ ਅੱਗੇ ਆਏ। ਛੁੱਟੜ,

ਚੋਟੀ, ਦੁਸ਼ਟ — ਇਹ ਨੰਦੋ ਰੰਡੀ ਦਾ ਕੰਮ ਹੋਏਗਾ ਉਹੋ ਤਾਈ ਤੋਂ ਕਰਾਕੇ ਧਰ ਗਈ ਏ।"

"ਉਸੇ ਹਤਿਆਰੀ ਦੇ ਟੱਬਰ ਤੇ ਬਿਜਲੀ ਪਏ। ਨੀ ਤੇਰਾ ਤੇ ਸੜਜਾਣੀਏ ਜਨਮ ਬੀਤ ਗਿਆ ਐਹੋ ਲੱਛਣ ਕਰਦੀ ਦਾ।"

ਦਰਵਾਜ਼ੇ ਨਾਲ ਖਹਿ ਕੇ ਲੱਗੀ ਹੋਈ, ਪੱਲੇ ਨਾਲ ਮੂੰਹ ਨੱਕ ਢਕ ਕੇ ਬਾਹਰ ਵੇਂਹਦੀ ਹੋਈ ਬਹੂ ਬੋਲੀ :

"ਬੇਬੇ, ਤੂੰ ਈ ਇਹਨਾਂ ਨੂੰ ਚੁੱਕ ਕੇ ਚੌਰਾਹੇ ਤੇ ਧਰ ਆ। ਸਾਨੂੰ ਗੋਮਤੀ ਜਾਣ 'ਚ ਅਵੇਰ ਹੁੰਦੀ ਆ।"

ਸਰਦੀ ਅਤੇ ਬਿਰਧ ਅਵਸਥਾ ਕਾਰਨ ਕੰਬਦੀ ਹੋਈ ਸੱਸ ਅੰਦਰ ਡਰ ਦੀ ਕੰਬਣੀ ਵਧੀ, ਉਹ ਬੋਲੀ—"ਅਹਿ ਤਾਂ ਭੰਗੀ ਆਏਗਾ ਤੇ ਉਹੋ ਚੁਕੇਗਾ। ਕੀ ਜਾਣੀਏ ਵਿਚੋਂ ਕੌਣ ਐਸਾ ਵੈਸਾ ਆਕੇ ਖਾ ਜਾਏ ਤਾਂ ਸਭ ਦਾ ਭਲਾ ਹੋਏ।" ਕਹਿ ਕੇ ਸੱਸ ਫਿਰ ਅੰਦਰ ਚਲੀ ਗਈ।

ਲਾਲੇ ਦੀ ਘਰ ਵਾਲੀ ਦਾ ਅੰਦਰ ਬਾਹਰ ਸੜ ਗਿਆ, ਬੋਲੀ—"ਚਿਤਾ ਕੰਢੇ ਆਈ, ਅੱਜ ਮਰੀ ਕਲ੍ਹ ਦੂਸਰਾ ਦਿਨ ਹੋਏਗਾ।"

ਸੱਸ ਦਹਿਲੀਜ਼ ਕੋਲ ਫਿਰ ਰੁਕੀ। ਲਾਲੇ ਦੀ ਘਰ ਵਾਲੀ ਨੇ ਉਹਦੇ ਵਲ ਵੇਖ ਕੇ ਫਿਰ ਅਪੀਲ ਕੀਤੀ — "ਬੁੱਢੀਆਂ ਠੇਰੀਆਂ ਨੂੰ ਜਾਦੂ ਟੂਣਾ ਨਹੀਂ ਲਗਦਾ। ਜ਼ਰਾ ਚੁਕ ਦੇ ਏਥੋਂ, ਸਾਨੂੰ ਗੋਮਤੀ ਜਾਣ 'ਚ ਅਵੇਰ ਹੋਈ ਜਾਂਦੀ ਆ॥"

ਉਤੋਂ ਲਾਲੇ ਦਾ ਜ਼ੁੱਲਾ ਬੋਲਿਆ—"ਕੀ ਹੋਇਆ ਸਗੋਂ ?"

ਸੰਤੋਂ ਛੱਜੇ ਤੇ ਆ ਕੇ ਖਲੋ ਗਈ, "ਮਾਂ ਮੈਂ ਆਵਾਂ ?"

"ਤੂੰ ਆ ਕੇ ਕੀ ਕਰੇਂਗੀ ? ਨੰਦੋ ਵੈਰਨ ਸਾਡੇ ਨਾਲ ਅਹਿ ਕਰ ਗਈ ! ਰਾਮ ਕਰੇ ਇਹਦੇ ਮਾਂ ਪਿਉ ਅੱਧੀ ਰਾਤੇ ਮਰ ਜਾਣ। ਰੱਬ ਕਰੇ ਇਹਦੇ ਟੱਬਰ ਦਾ ਸਤਿਆਨਾਸ ਹੋਏ...... ਉਂਹ, ਸਾਡਾ ਵਕਤ ਲੰਘਦਾ ਜਾ ਰਿਹਾ ਏ......ਆਦਮੀ ਆਂਢ ਗੁਆਂਢ ਕਿਰਾਏਦਾਰ ਰੱਖਦਾ ਏ ਤਾਂ ਕਾਹਦੇ ਲਈ ? ਕਿਹੜੇ ਦਿਨ ਲਈ ? ਜਿਹੜਾ ਆਪਣੇ ਔਖ 'ਚ ਕੰਮ ਨਾ ਆਏ, ਐਸੇ ਕਿਰਾਏਦਾਰ ਨੂੰ ਰੱਖ ਕੇ ਅਸੀਂ ਕੀ ਕਰਨਾ। ਅਸੀਂ ਨਹੀਂ ਰੱਖਣੇ ਐਸੇ ਕਿਰਾਏਦਾਰ।"

ਕੇਸਰ ਵਰਗੀ ਧੁੱਪ ਨਿਕਲਣ ਲੱਗੀ, ਗਲੀ ਗੁਲਜ਼ਾਰ ਬਣ ਗਈ। ਘਰਾਂ ਦੇ ਬੂਹੇ ਖੁਲ੍ਹ ਗਏ। ਗੁਆਂਢਣਾਂ ਨੇ ਲਾਲੇ ਦੀ ਘਰ ਵਾਲੀ ਨਾਲ ਚਰਚਾ ਛੋਹੀ, ਪਰਾਈ ਨਿੰਦਿਆ ਦਾ ਪਾਠ ਕੀਤਾ। ਉਤੋਂ ਲਾਲਾ, ਸਿੱਭੂ ਵੀ ਉੱਤਰ ਆਏ। ਗੱਲ ਛੱਜਿਆਂ ਦਰਵਾਜ਼ਿਆਂ ਤੇ ਖਲੋਤੇ ਬੰਦਿਆਂ ਵਿਚ ਵੀ ਛਿੜੀ। ਜ਼ਮਾਨੇ ਦੀ ਨੀਚਤਾ ਦਾ ਚਰਚਾ ਹੋਇਆ। ਗਲੀ ਵਿਚ ਰਾਮਲੋਟਨ ਮਹਾਰਾਜ ਦਾ "ਚਾਹ ਗਰਮ–ਬਿਸਕੁਟ ਨਰਮ" ਦਾ ਹੋਕਾ ਗੂੰਜਿਆ।

ਸ਼ਾਹ ਜੀ ਦਾ ਰਸੀਲਾ ਗਲ "ਗੁਰੂ ਨੇ ਕਿਹਾ ਸੀ ਮੇਰੀ ਚੋਲੀ ਭਰ ਕੇ ਲਿਆਈ" ਸਵੇਰ ਦੀ ਹਵਾ ਵਿਚ ਲਹਿਰਾਂ ਲਿਆਉਣ ਲੱਗਾ। ਨਾਲ ਦੀ ਨੁੱਕਰ ਪਰ ਦੂਸਰੀ ਗਲੀ 'ਚ ਤਾਈ "ਲੈ-ਲੈ, ਤਾਈ ਛੂ-ਛੂ" ਦਾ ਰੌਲਾ ਵੀ ਰੋਜ਼ ਵਾਲੇ ਵੇਲੇ ਪੈਣ ਲਗ ਪਿਆ, ਪਰ ਭੰਗੀ ਦੀ ਸ਼ਕਲ ਅਜੇ ਨਹੀਂ ਦਿਸੀ। ਸਿੱਭੂ ਨੇ ਸਾਹਮਣੇ ਘਰੋਂ ਭੋਲੇ ਨਾਲ, ਭੋਲੇ ਨੇ ਗਲੀ ਦੇ ਸਾਹਮਣੇ ਵਾਲੇ ਘਰ 'ਚੋਂ ਸਿਰੀ ਕਿਸਨ ਨੂੰ ਵਾਜ ਦੇ ਕੇ ਕਹਿ ਦਿੱਤਾ ਕਿ ਜਿਸ ਵੇਲੇ ਵੀ ਭੰਗੀ ਦਿਸੇ ਉਹਨੂੰ ਏਥੇ ਭੇਜ ਦਿੱਤਾ ਜਾਏ। ਰਾਹ ਜਾਂਦਿਆਂ 'ਚ ਚਰਚਾ ਛਿੜ ਗਈ ਕਿ ਲਾਲੇ ਦਲਾਲ ਦੇ ਘਰ ਜਾਦੂ ਦੇ ਪੁਤਲੇ ਰੱਖੇ ਗਏ ਹਨ। ਛੋਟੇ ਜਿਹੇ ਵਿਹੜੇ ਵਿਚ ਦੋਂਹ ਚੋਂਹ ਦੀ ਭੀੜ ਵੱਡਾ ਸਾਰਾ ਮਜਮਾ ਜਾਪ ਰਹੀ ਸੀ; ਜਿਸ ਤਰ੍ਹਾਂ ਦੋ ਕਤਲ ਹੋਈਆਂ ਲਾਸ਼ਾਂ ਪਈਆਂ ਹੋਣ। ਵੱਡੇ ਵੱਡੇ ਚਰਚੇ ਛਿੜ ਪਏ ਤਦ ਕਿਤੇ ਜਾ ਕੇ ਭੰਗੀ ਆਇਆ।

ਪੁਤਲੇ ਹਟਾਂਦਿਆਂ ਈ ਲਾਲੇ ਦੀ ਘਰ ਵਾਲੀ ਨੇ ਝਟ ਦਿੱਤੀ ਬਾਲਟੀ ਲਿਆ ਕੇ ਬੂਹੇ 'ਚ ਪਾਣੀ ਸੁੱਟਿਆ, ਫਿਰ ਘਰੋਂ ਏਦਾਂ ਨਿਕਲੀ ਜਿਸ ਤਰ੍ਹਾਂ ਤੋਪ ਦੇ ਮੂੰਹ 'ਚੋਂ ਗੋਲਾ ਨਿਕਲਦਾ ਹੈ।

ਨੰਦੋ ਦੇ ਘਰ ਉਹਦੇ ਪਿਤਾ ਜੀ ਨਲਕੇ ਕੋਲ ਬੈਠੇ ਹੱਥ ਧੋ ਰਹੇ ਸਨ। ਮਣੀਏ ਦਾ ਵੱਡਾ ਲੜਕਾ ਉੱਪਰ ਜੰਗਲੇ ਕੋਲ ਖੜਾ ਹੋ ਕੇ ਦਾਦੀ ਦਾ ਪੱਲਾ ਖਿੱਚਦਾ ਹੋਇਆ ਜਲੇਬੀ ਖਾਣ ਲਈ ਜ਼ਿਦ ਕਰ ਰਿਹਾ ਸੀ। ਦਾਦੀ ਉਹਨੂੰ ਸਮਝਾ ਰਹੀ ਹੀ ਕਿ ਬੁਖ਼ਾਰ ਉਤਰਨ ਤੇ ਹੀ ਜਲੇਬੀ ਮਿਲੇਗੀ ਅਤੇ ਜਦ ਤਕ ਉਹ ਮੰਜੀ ਤੇ ਜਾਕੇ ਲੰਮਾ ਨਹੀਂ ਪੈ ਜਾਂਦਾ ਉਦੋਂ ਤਕ ਉਹਦਾ ਬੁਖ਼ਾਰ ਨਹੀਂ ਲਹਿਣਾ। ਆਪਣੇ ਕਮਰੇ ਵਿਚ ਵੱਡੀ ਆਪਣੀ ਛੋਟੀ ਬੱਚੀ ਨੂੰ ਪੈਰਾਂ ਤੇ ਬੈਠਾਇਆ ਹੋਇਆ ਸੀ। ਮਣੀਆ ਕੰਬਲ ਉਤੇ ਲਈ ਖੱਬੇ ਹੱਥ ਦੇ ਸਹਾਰੇ ਸਿਰ ਉੱਚਾ ਚੁੱਕੀ, ਮੁੱਠ ਬੰਦ ਕਰਕੇ ਸਿਗਰਟ ਦਾ ਕਸ਼ ਖਿਚਦਿਆਂ ਹੋਇਆ ਆਪਣੀ ਬੱਚੀ ਨੂੰ ਹਸਾ ਰਿਹਾ ਸੀ। ਬੱਚੀ ਦੀ ਹਿੱਲਦੀ ਹੋਈ ਧੌਣ ਪੋਪਲੀ ਹਾਸੀ ਨਾਲ ਝੂਲ ਜਾਂਦੀ ਸੀ। ਉਹਦੇ ਪੈਰਾਂ 'ਚ ਪਏ ਲੱਛੇ ਅਤੇ ਹੱਥਾਂ ਵਿਚ ਸੋਨੇ ਦੇ ਕੀੜਿਆਂ ਦੇ ਘੁੰਗਰੂ ਛੋਟੀ ਜਿਹੀ ਦੇਹ ਦੀ ਚੰਚਲਤਾ ਨਾਲ ਠੁਮਕ ਪੈਂਦੇ ਸਨ। ਵੱਡੀ ਉਹਨੂੰ ਵੇਖ ਕੇ ਰੀਝ ਰਹੀ ਸੀ।...... ਅਤੇ ਸ਼ੰਕਰ ਦੇ ਕਮਰੇ ਵਿਚ ਜੇ ਵੀ ਰਜਾਈ ਅਤੇ ਦੋਹਾਂ ਦੇ ਸੰਗ ਦੀ ਰਾਤ ਗਰਮਾ ਰਹੀ ਸੀ। ਨੰਦੋ ਦੇ ਗੋਮਤੀ ਤੋਂ ਨਹਾ ਕੇ ਪਰਤ ਆਉਣ ਦੀ ਘੜੀ ਨੇੜੇ ਆ ਗਈ ਸੀ। ਨੌਕਰ ਵਿਚਲਾ ਹਿੱਸਾ ਲਗ ਭਗ ਹੂੰਝ ਚੁਕਿਆ ਸੀ।

ਅਚਾਨਕ ਲਾਲੇ ਦੀ ਘਰ ਵਾਲੀ ਨੇ ਐਟਮ ਬੰਬ ਵਾਂਗ ਚੌਂਕ ਵਿਚ ਫਟ ਕੇ ਭਭੂਤੀ ਦੇ ਘਰ ਨੂੰ ਹੀਰੋਸ਼ਿਮਾ ਬਣਾ ਦਿੱਤਾ। ਨਲਕੇ ਕੋਲ ਬੈਠੇ ਘਰ ਦੇ ਮਾਲਕ ਨੂੰ ਸੁਣਾ ਕੇ ਲਾਲੇ ਦੀ ਘਰਵਾਲੀ ਨੇ ਕਿਹਾ—ਕਿੱਥੇ ਆ ਤੇਰੀ ਰੰਡੋ ? ਤੇਰੀ ਲਾਡਲੀ ਧੀ... ? ਸਾਡੇ ਘਰ 'ਚ ਆਪਣੇ ਚਲਿਤਰ ਕਰਕੇ ਆਈ ਏ, ਤੇ ਜਿਹੜੇ ਸਾਡੇ ਘਰ 'ਚ ਜਾਦੂ ਟੂਣੇ

ਕਰਵਾਏਗਾ ਉਸੇ ਦੇ ਘਰ ਦਾ ਈ ਬੰਸ ਨਾਸ ਹੋਏਗਾ ਕਹਿ ਦੇਨੀ ਆਂ। ਹਾਏ, ਸਾਡਾ ਬੁਰਾ ਚਿਤਾਇਆ ਅਸਾਂ ਕਦੇ ਕਿਸੇ ਨਾਲ ਕਿਹੜੀ ਬੁਰਾਈ ਕੀਤੀ ਆ ਅੱਜ ਤਾਈਂ, ਸਾਡੇ ਘਰ ਤਾਈ ਤੋਂ ਪੁਤਲੇ ਕਰਾਕੇ ਰੱਖ ਗਈ। ਆਵੇ ਖਾ ਚੋਟੀ ਛਿੱਟ ਕਿਤੋਂ ਦੀ, ਨੌਕਰ ਨਾਲ ਰਿਸ਼ਤੇਦਾਰੀ ਜੋੜ ਕੇ ਆਪਣੇ ਘਰ 'ਚ ਚੋਰੀ ਕਰਾਈ, ਤੇ ਹੁਣ ਸਾਡੇ ਉਤੇ ਜਾਦੂ ਚਲਾਉਂਦੀ ਹੈ। ਬਈ ਅਸਾਂ ਉਹਦੀ ਸੋਨੇ ਦੀ ਕੰਘੀ ਵੇਚਣ ਖ਼ਾਤਰ ਕਿਉਂ ਨਹੀਂ ਰੱਖੀ। ਭਲਾ ਅਸੀਂ ਕਿਉਂ ਰੱਖਦੇ ਕਿਸੇ ਦੇ ਘਰ ਦੀ ਫੁੱਟ, ਲੜਾਈ, ਚੋਰੀ ਦਾ ਮਾਲ। ਸਾਡੇ ਨਹੀਂ ਘਰ ਦਾ ਇਹ ਕੈਦਾ। ਜਿਨ੍ਹਾਂ ਦਾ ਘਰ ਚੋਰੀ ਦਾ ਰੁਜ਼ਗਾਰ ਹੁੰਦਾ ਆ ਉਹਨਾਂ ਦੀ ਕੁੜੀ ਈ ਆਪਣਾ ਘਰਵਾਲਾ ਛੱਡ ਸੱਤਰ ਖਸਮ ਕਰਦੀ ਫਿਰਦੀ ਆ। ਉੱਤੋਂ ਉੱਤੋਂ ਭਗਤਣੀ ਬਣੀ ਫ਼ਿਰਦੀ ਆ ਚੋਟੀ ਕਿਤੋਂ ਦੀ।"

ਜਦ ਪਹਿਲਾਂ ਹੀ ਐਟਮ ਬੰਬ ਫੁਟ ਗਿਆ ਫ਼ਿਰ ਮਾਂ ਦੀ ਮਸ਼ੀਨਗਨ ਵਰਗੀ ਫਿਟ ਫਿਟ ਕਿੱਥੇ ਸੁਣੇ ਭਲਾ ? ਕੀ ਅਸਰ ਕਰਦੀ ਏ ? ਭਭੂਤੀ ਕੰਨ ਵਿਚ ਤੇਲ ਪਾ ਕੇ ਚੁੱਪ-ਚਾਪ ਦਾਤਣ ਕਰਦਾ ਰਿਹਾ। ਮਨੀਆ, ਮਨੀਏ ਦੀ ਵਹੁਟੀ ਤੀਜੀ ਮੰਜ਼ਿਲ ਦੇ ਜੰਗਲੇ 'ਚੋਂ ਝਾਕ ਕੇ ਵੇਖਦੇ ਰਹੇ। ਫਿਰ ਜਿਉਂ ਹੀ ਨੰਦੋ ਨੇ ਰਣਭੂਮੀ 'ਚ ਧਣਖ ਟੁਣਕਾਇਆ ਤਾਂ ਸ਼ੰਕਰ ਤੇ ਸ਼ੰਕਰ ਦੀ ਵਹੁਟੀ ਵੀ ਕਮਰੇ 'ਚੋਂ ਆ ਗਏ। ਨੰਦੋ ਨੇ ਵੱਡੇ ਵੱਡੇ ਬ੍ਰਹਮ ਅਸਤਰ ਛੱਡੇ, ਮਾਂ ਦੀ ਫਿਟ ਫਿਟੀ ਵੀ ਵਿਚ ਵਿਚ ਦਾਗੀ ਜਾਂਦੀ ਸੀ, ਪਰ ਲਾਲੇ ਦੀ ਘਰਵਾਲੀ ਨੇ ਵਿਗਿਆਨਕ ਜੁਗ ਵਾਂਗ ਧਣਖ ਅਤੇ ਬ੍ਰਹਮ ਅਸਤਰਾਂ ਨੂੰ ਖਿਡਾਉਣਾ ਸਾਬਤ ਕਰ ਦਿਤਾ ਅਪਰਾਧ ਦੇ ਕਿੱਲੇ ਨਾਲ ਜਕੜੀ ਹੋਈ ਨੰਦੋ ਕੋਲੋਂ ਆਪਣੀ ਤੇਜ਼ੀ ਦੇ ਨਾਟਕ ਵਿਚ ਸੱਚਾਈ ਦੀ ਤੇਜ਼ੀ ਨਹੀਂ ਸੀ ਲਿਆਂਦੀ ਜਾਂਦੀ। ਆਦਮੀ ਦੇ ਅੰਦਰ ਦਾ ਓਪਰਾਪਣ, ਉਹਦੀ ਘਿਰਣਾ, ਆਪਣੇ ਲਈ ਨਿਆਂ ਦਾ ਡੂੰਘਾ ਵਿਸ਼ਵਾਸ ਚਾਊਂ-ਚਾਊਂ ਝਾਊਂ ਝਾਊਂ ਦੀ ਗੂੰਜ ਬਣ ਕੇ ਮੁਨਾਰੇ ਵਾਗ ਉਠ ਰਹੀ ਸੀ। ਤੀਜੀ ਮੰਜ਼ਿਲ ਤੋਂ ਤੈਸ਼ ਵਿਚ ਆ ਕੇ ਮਨੀਆ ਵੀ ਲਾਲੇ ਦਲਾਲ ਨੂੰ ਬੇਈਮਾਨ ਸਿੱਧ ਕਰਦਾ ਹੇਠਾਂ ਉਤਰ ਆਇਆ। ਸ਼ੰਕਰ ਵੀ ਜੇਬ ਵਿਚ ਹੱਥ ਪਾਈ ਤਮਾਸ਼ਾ ਵੇਖਣ ਆ ਗਿਆ। ਵਹੁਟੀਆਂ ਛੱਤ ਉਤੇ ਹੀ ਰਹੀਆਂ, ਕੋਲ ਕੋਲ ਹੋ ਗਈਆਂ। ਹੇਠਾਂ ਵਾਲੀ ਘਟਨਾ ਦਾ ਘੁਸਰ ਮੁਸਰ ਚਰਚਾ ਹੋਣ ਲਗਾ।

ਛੋਟੀ ਬੋਲੀ—"ਹਾਇ ਇਹ ਸੰਤੋ ਦੀ ਮਾਂ ਕਹੀ ਤਕੜੀ ਏ ਲੜਨ ਲਈ ਬਸ ਨਿਕਲ ਨਿਕਲ ਕਰਦੀ ਏ।"

ਵੱਡੀ ਨੇ ਕਿਹਾ—"ਸੱਚੀ ਗੱਲ ਏ ਭਈ। ਹੁਣ ਸਾਡੇ ਤੁਹਾਡੇ ਲਈ ਕੋਈ ਬੁਰਾ ਕਰ ਜਾਏ ਤਾਂ ਸਾਨੂੰ ਤੁਹਾਨੂੰ ਗੁਸਾ ਨਾ ਆਏਗਾ ਅਤੇ ਇਹ ਨੰਦੋ ਬੀਬੀ ਤਾਂ ਵੱਡੀ ਖੁਥੜ ਏ। ਹਰ ਇਕ ਨਾਲ ਸੜਨਾ, ਹਰ ਇਕ ਦਾ ਬੁਰਾ ਸੋਚਣਾ, ਇਹੋ ਇਹਦਾ ਕੰਮ ਏ...... ਛੱਟੀ ਕਿਤੋਂ ਦੀ।"

ਆਪਣੀ ਛੱਤ ਦਾ ਬੰਨਾ ਲੰਘ ਕੇ ਤਾਰਾ ਚੋਰ ਵਾਂਗ ਭਭੂਤੀ ਦੀ ਉੱਪਰ ਵਾਲੀ ਛੱਤ ਤੇ ਆਈ। ਛੋਟੀ ਵੱਡੀ ਨੂੰ ਵੇਖ ਕੇ ਹੱਥ ਦੇ ਇਸ਼ਾਰੇ ਨਾਲ ਕੋਲ ਬੁਲਾਇਆ। ਲੜਾਈ ਦਾ ਕਾਰਨ ਜਾਣ ਕੇ ਤਾਰਾ ਬੋਲੀ — "ਸਾਡੇ ਘਰ ਦੇ ਬੂਹੇ ਅੱਗੇ ਵੀ ਰੱਖ ਗਈ ਸੀ। ਮੈਂ ਦੁੱਧ ਵਾਲੇ ਲਈ ਬੂਹਾ ਖੋਹਲਣ ਗਈ ਤਾਂ ਬਾਹਰ ਵੇਖ ਕੇ ਡਰ ਗਈ। ਦੁੱਧ ਵਾਲੇ ਨੇ ਵੀ ਪਤਾ ਨਹੀਂ ਕਿੱਦਾਂ ਕਿੱਦਾਂ ਡਰਾਇਆ।"

"ਡਰਾਉਣ ਵਾਲੀ ਗੱਲ ਈ ਏ ਬਈ। ਹੁਣ ਤੇਰਾ ਅੱਠਵਾਂ ਮਹੀਨਾ ਚੜ੍ਹ ਰਿਹਾ ਏ, ਤੇ..." ਵੱਡੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਤਾਰਾ ਨੇ ਕਿਹਾ — "ਸਾਡੇ ਉਹ ਤਾਂ ਆਖਣ ਲਗੇ ਕਿ ਵਾਧੂ ਦਾ ਸੁਪਰਸਟੀਸ਼ਨ ਏ, ਇਨ੍ਹਾਂ ਸਭ ਗੱਲਾਂ ਵੱਲ ਧਿਆਨ ਨਾ ਦਿਉ। ਅਸਾਂ ਆਪਣੇ ਮਨ 'ਚ ਕਿਹਾ ਕਿ ਹਾਂ, ਅੱਜ ਦੇ ਜ਼ਮਾਨੇ 'ਚ .."

ਹੇਠਾਂ ਪੈਂਦਾ ਰੌਲਾ ਇਸ ਵਾਰ ਪਿਛਲੇ ਸਾਰੇ ਰਿਕਾਰਡ ਮਾਤ ਕਰ ਕੇ ਨਵੀਂ ਲੀਕ ਪਾਉਣ ਲੱਗਾ। ਛੋਟੀ ਵੱਡੀ ਫਿਰ ਜੰਗਲੇ ਕੋਲ ਆ ਕੇ ਹੇਠਾਂ ਵੱਲ ਨਿਉਂ ਕੇ ਵੇਖਣ ਲੱਗੀਆਂ। ਤਾਰਾ ਉਤਾਂਹ ਛੱਤ ਤੇ ਹੀ ਬੈਠ ਕੇ ਰੌਲੇ ਵਿਚ ਛੋਟੀ ਵੱਡੀ ਦਾ ਮੂੰਹ ਵੇਖਣ ਲੱਗੀ।

ਹੇਠਾਂ ਲਾਲੇ ਦੀ ਘਰਵਾਲੀ ਨੇ ਝੱਪਟਾ ਮਾਰ ਕੇ ਨੰਦੋ ਨੂੰ ਗਲੋਂ ਫੜ ਲਿਆ। ਨੰਦੋਂ ਆਪਣੇ ਘੁੱਟੇ ਗਲ 'ਚੋਂ ਘੋਂ ਘੋਂ ਕਰਦੀ ਦੋਵੇਂ ਹੱਥ ਸ੍ਰੀਮਤੀ ਲਾਲਾ ਦੀ ਠੋਡੀ ਤੇ ਅੜਾ ਕੇ ਪੂਰੇ ਜ਼ੋਰ ਨਾਲ ਉਹਨੂੰ ਪਿੱਛੇ ਧੱਕਣ ਦਾ ਯਤਨ ਕਰਨ ਲੱਗੀ। ਭਭੂਤੀ, ਮਾਂ, ਮਨੀਆ, ਸ਼ੰਕਰ ਸਭ ਦੇ ਰੌਲਾ ਪਾਉਂਦੇ ਬੋਲ ਇਕੱਠੇ ਰਲ ਕੇ ਭਿਆਨਕ ਹੁੱਲੜ ਦਾ ਰੂਪ ਧਾਰਨ ਕਰ ਰਹੇ ਹਨ। ਮਨੀਏਂ ਨੇ ਅੱਗੇ ਵੱਧ ਕੇ ਕਿਸੇ ਤਰ੍ਹਾਂ ਆਪਣੀ ਭੈਣ ਨੂੰ ਛੁਡਾਇਆ। ਲਾਲੇ ਦੀ ਘਰ ਵਾਲੀ ਜਦ ਆਪਣੇ ਜੋਸ਼ ਵਿਚ ਮਨੀਏ ਨਾਲ ਉਲਝੀ ਤਾਂ ਉਹਨੇ ਮਾਰਨ ਲਈ ਹੱਥ ਚੁਕਿਆ। ਭਭੂਤੀ ਨੇ ਅੱਗੇ ਵੱਧ ਕੇ ਝਟ ਆਪਣੇ ਪੁੱਤਰ ਦਾ ਹੱਥ ਫੜ ਲਿਆ ਤੇ ਉਹਨੂੰ ਪਿਛਾਂਹ ਧੱਕਦਾ ਹੋਇਆ ਲਾਲੇ ਦੀ ਵਹੁਟੀ ਨੂੰ ਆਖਣ ਲੱਗਾ — ਅਸੀਂ ਤੇਰੇ ਅੱਗੇ ਹੱਥ ਜੋੜਦੇ ਆਂ ਵਹੁਟੀ ਏ! ਜੋ ਗ਼ਲਤੀ ਹੋਈ ਏ ਮਾਫ਼ ਕਰ ਦੇ।...ਨੰਦੋ, ਚਲੀ ਜਾ ਏਥੋਂ। ਮਨੀਏ ਇਹਨੂੰ ਫੜ ਕੇ ਉੱਤੇ ਲੈ ਜਾ। ਚੁੱਪ ਨਹੀਂ ਰਹਿੰਦੀ ਚੜੇਲ। ਬਕ-ਬਕ-ਬਕ-ਬਕ ਕਰੀ ਜਾਂਦੀ ਏ।"

ਲਾਲੇ ਦੀ ਘਰਵਾਲੀ ਕਿਸੇ ਤਰ੍ਹਾਂ ਘਰੋਂ ਭੈੜੇ ਗਰੋਹ ਵਾਂਗ ਟਲੀ।

ਛੋਟੀ ਵੱਡੀ ਫਿਰ ਰੀਪੋਰਟਿੰਗ ਕਰਨ ਲਈ ਉਤਲੀ ਛੱਤ ਤੇ ਆ ਗਈਆਂ। ਘੁਸਰ ਮੁਸਰ ਗੱਲਾਂ ਕਰਦਿਆਂ ਛੋਟੀ ਨੇ ਕਿਹਾ — "ਜੇਕਰ ਉਹਦੇ ਗਲ ਘੁੱਟਣ ਨਾਲ ਨੰਦੋ ਬੀਬੀ ਮਰ ਜਾਂਦੀ ਤਾਂ ਮੈਂ ਬੜੀ ਖ਼ੁਸ਼ ਹੁੰਦੀ। ਆਖਣ ਨੂੰ ਤਾਂ ਭੈਣ ਏ, ਪਰ ਸਾਡੇ ਉਹ ਇਹਨੂੰ ਬੜੀ ਨਫ਼ਰਤ ਕਰਦੇ ਨੇ। ਤੇ ਇਹਦੇ ਨਾਲ ਤਾਂ ਜੇਠ ਹੋਰੀਂ ਵੀ ਹੁਣ ਖ਼ੁਸ਼ ਨਹੀਂ ਹੈਗੇ।"

"ਤੇ ਇਹ ਕੰਘੀ ਚੁਰਾਉਣ ਵਾਲੀ ਕੀ ਗੱਲ ਏ ?" ਤਾਰਾ ਨੇ ਪੁੱਛਿਆ। ਵੱਡੀ ਬੋਲੀ ਸਾਡੀ ਸ਼ਾਦੀ ਤੋਂ ਪਹਿਲਾਂ ਏਥੇ ਬੜੀ ਵੱਡੀ ਚੋਰੀ ਹੋਈ ਸੀ। ਮਾਂ ਦੱਸਦੀ ਸੀ ਨੌਕਰ ਚੁਰਾ ਕੇ ਭੱਜ ਗਿਆ। ਸੋ ਅੱਜ ਵੇਖ ਇਹਨੇ ਵਰ੍ਹਿਆਂ ਪਿੱਛੋਂ ਇਹ ਗੱਲ ਖੋਲ੍ਹੀ ਕਿ ਇਹ ਵੀ ਨੰਦੋ ਬੀਬੀ ਹੋਰਾਂ ਦਾ ਈ ਕੰਮ ਸੀ।

"ਤਾਂ ਕੀ ਨੌਕਰ ਨਾਲ ਇਹਦੀ...?"

ਤਾਰਾ ਦੀ ਭੇਦ ਭਰੀ ਗੱਲ ਦੀ ਤਾਰ ਨੂੰ ਫੜਦਿਆਂ ਛੋਟੀ ਨੇ ਕਿਹਾ — "ਹੋ ਸਕਦਾ ਏ। ਜਿਹੜੀ ਆਪਣੇ ਹਸਬੈਂਡ ਨੂੰ ਛੱਡ ਦਏ, ਘਰ ਵਿਚ ਚੋਰੀ ਕਰਾਏ, ਉਹ ਕੀ ਨਹੀਂ ਕਰ ਸਕਦੀ।"

ਵੱਡੀ ਸਿਰ ਹਿਲਾਉਂਦੀ ਹੋਈ ਬੋਲੀ — "ਸਾਡੀ ਸਮਝ 'ਚ ਨਹੀਂ ਆਉਂਦਾ। ਇਹ ਉਹਨਾਂ ਤੀਂਵੀਆਂ 'ਚੋਂ ਏ ਜੋ ਮਰਦਾਂ ਨੂੰ ਨਫ਼ਰਤ ਕਰਦੀਆਂ ਨੇ। ਮੇਰਾ ਤੇ ਤਜਰਬਾ ਏ। ਮੇਰੇ ਸਕੂਲ 'ਚ ਇਕ ਮਾਸਟਰਾਣੀ ਸੀ, ਉਹ ਵੀ ਇਹੋ ਜਹੀ ਸੀ।"

ਹੇਠਾਂ, ਘਰ ਦੀ ਦੂਸਰੀ ਮੰਜ਼ਿਲ ਤੇ ਦੂਸਰੀ ਲੜਾਈ ਦਾ ਦੌਰ ਸ਼ੁਰੂ ਹੋ ਚੁਕਿਆ ਸੀ। ਛੇ ਵਰ੍ਹੇ ਪਹਿਲਾਂ ਦੀ ਚੋਰੀ ਦਾ ਨੁਕਸਾਨ ਮਾਂ ਦੇ ਕਲੇਜੇ ਵਿਚ ਇਸ ਵੇਲੇ ਮਾਂ ਦੀ ਮਮਤਾ ਨਾਲੋਂ ਵੱਧ ਚੂੰਢ ਰਿਹਾ ਸੀ ਮਨੀਏ ਨੂੰ ਵੀ ਧਨ ਦੀ ਹਾਨੀ ਅਤੇ ਅਪਮਾਨ ਦੋਵਾਂ ਦੀ ਤੜਪ ਸਾੜ ਰਹੀ ਸੀ। ਸ਼ੰਕਰ ਵੀ ਨੰਦੋ ਦੇ ਹੱਕ ਵਿਚ ਨਹੀਂ ਸੀ। ਨੰਦੋ ਸਾਰੇ ਘਰ ਵਿਰੁੱਧ ਇਕੱਲੀ ਈ ਮੋਰਚਾ ਲਾ ਰਹੀ ਸੀ।

ਆਪਣੀ ਛੱਤ ਤੇ ਮਿਸਟਰ ਵਰਮਾ ਦਿਸੇ। ਵੱਡੀ ਥੋੜਾ ਜਿਹਾ ਪੱਲਾ ਖਿਚ ਕੇ ਪਿੱਛੇ ਹੋ ਗਈ। ਛੋਟੀ ਨੇ ਛੱਤ ਤੋਂ ਦਿਸਦੀ ਸੱਜਨ ਦੀ ਕੋਠੜੀ ਵੱਲ ਇਸ਼ਾਰਾ ਕਰ ਕੇ ਆਖਿਆ — "ਭੈਣ ! ਭੈਣ ! ਵੇਖੀਂ ਉਹਨਾਂ ਵੱਲ ਵੀ ਪੁਤਲਾ ਰੱਖਿਆ ਹੋਇਆ ਏ।"

ਵੱਡੀ ਠੋਡੀ ਤੇ ਉਂਗਲੀ ਰੱਖ ਕੇ ਬੋਲੀ — "ਹਾਏ ਹਾਏ ! ਇਹ ਤਾਈ ਡੈਣ ਤਾਂ ਸਭਨਾਂ ਨੂੰ ਖਾਊ।"

5

ਪਾਟੀਆਂ ਹੋਈਆਂ ਗੁੱਡੀਆਂ, ਮੱਕੜੀ ਦੇ ਜਾਲਿਆਂ, ਆਲ੍ਹਣਿਆਂ, ਚਿੜੀਆਂ, ਗਾਹਲੜਾਂ ਅਤੇ ਪਿੱਪਲੀ ਦੇ ਦਾਣਿਆਂ ਨਾਲ ਲੱਦਿਆ, ਅਣਗਿਣਤ ਮਨੁੱਖਾਂ ਦੇ ਚੰਚਲ ਮਨਾਂ ਦੇ ਇਕੱਠ ਵਰਗਾ ਲਹਿ ਲਹਿ ਕਰਦਾ ਹੋਇਆ ਸੰਘਣਾ ਪਿੱਪਲ ਸਦੀਆਂ ਤੋਂ ਮੁਹੱਲੇ ਦਾ ਸਾਥੀ ਹੈ। ਹੁਣ ਦੇ ਵੱਡਿਆਂ ਬੁੱਢਿਆਂ ਦੇ ਬਚਪਨ ਤਕ ਇਹ ਰੁੱਖ ਗੰਗੇ ਭੂਰੀਏ ਦਾ ਪਿੱਪਲ ਅਖਵਾਉਂਦਾ ਸੀ। ਪਰ ਉਹ ਕੰਧ ਜੋ ਕਦੇ, ਕਿਸੇ ਗੰਗੇ ਭੂਰੀਏ

ਦੀ ਸ਼ਾਨ ਸੀ, ਹੁਣ ਬਾਬੂ ਛੇਦਾ ਲਾਲ ਇੰਸ਼ੋਰੈਂਸ ਏਜੰਟ ਦੀ ਮਲਕੀਅਤ ਹੈ। ਮਿਉਂਨਸਪਲ ਕਮੇਟੀ ਦੇ ਰਜਿਸਟਰ ਅਨੁਸਾਰ ਉਸ ਮਕਾਨ ਦਾ ਨੰਬਰ ਇਸ ਵੇਲੇ 420 ਹੈ ਜੋ ਸਹੀ ਤਰ੍ਹਾਂ ਬਾਬੂ ਛੇਦਾ ਲਾਲ ਦੀ ਮਸ਼ਹੂਰੀ ਨੂੰ ਚਾਰ ਚੰਦ ਲਾਉਂਦਾ ਏ। ਇਸ ਰੁੱਖ ਦੇ ਚਾਰੇ ਪਾਸੇ ਰਾਜਾ ਸਾਹਿਬ ਦੇ ਕਿਸੇ ਵਡੇਰੇ ਨੇ ਪੱਕਾ ਥੜਾ ਬਣਵਾ ਕੇ ਪੱਥਰ ਦੇ ਮੰਡਪ ਵਿਚ ਮਹਾਂਵੀਰ ਜੀ ਦੀ ਮੂਰਤੀ ਜੁੜਵਾਈ ਸੀ। ਉਤਸ਼ਾਹੀ ਭਗਤਾਂ ਨੇ ਸੰਧੂਰੀ ਚੋਲੇ ਤੇ ਸੋਨੇ ਚਾਂਦੀ ਦੇ ਵਰਕਾਂ ਨਾਲ ਅੱਜ ਵੀ ਉਹੋ ਜਹੀ ਸਜਾਵਟ ਕੀਤੀ ਹੋਈ ਹੈ ਕਿ ਗਲੀ 'ਚ ਵੜਨ ਵਾਲੇ ਹਰ ਸੁਜਾਖੇ ਆਦਮੀ ਦਾ ਧਿਆਨ ਉਸ ਪਾਸੇ ਖਿੱਚਿਆ ਜਾਂਦਾ ਹੈ, ਜੋਤਹੀਣ ਬੰਦਿਆਂ ਦੀਆਂ ਡੰਗੋਰੀਆਂ ਨੂੰ ਖੜਕਾ ਕੇ ਰਾਹ ਦਾ ਪਤਾ ਦੱਸਣ ਦਾ ਕੰਮ ਰਾਮ ਦੇ ਸੇਵਕ ਦਾ ਥੜਾ ਕਰਦਾ ਹੈ।

ਮੰਡਪ ਦੇ ਸੱਜੇ ਹੱਥ ਅੰਦਰ ਜਾਣ ਵਾਲੀ ਗਲੀ ਦੇ ਮੂੰਹ ਤੇ ਇਹ ਥੜਾ ਮੁਹੱਲੇ ਦੀ ਪਰ੍ਹੇ ਦਾ ਕੰਮ ਦੇਂਦਾ ਹੈ। ਉਹਦੇ ਸਾਹਮਣੇ ਇਕ ਛੋਟਾ ਜਿਹਾ ਟਿੱਲਾ ਹੋਣ ਕਾਰਨ ਧੁੱਪ ਉਥੋਂ ਤਕ ਬਿਨਾਂ ਰੋਕ ਟੋਕ ਆਉਂਦੀ ਏ। ਮੁਹੱਲੇ ਦੇ ਇਕ ਦੋ ਹੁੱਕੇ, ਨਿੰਮ ਦੀਆਂ ਦਾਤਣਾਂ, ਇਕ-ਅਧ ਦੋ ਅਖ਼ਬਾਰ, ਸਬਜ਼ੀ ਫਲ ਵਾਲਿਆਂ ਦੇ ਛਾਬੇ, ਕੁਲਫ਼ੀ ਖ਼ਾਲੀ ਦਾਣਾ, ਕੁਲਫ਼ੀ ਮਲਾਈ, ਜਲੇਬੀ, ਸੁਹਾਲ, ਅੰਦਰਸੇ, ਗੱਜਕ, ਲੌਜ, ਪੱਟੀ, ਰਿਊੜੀ-ਤਿਲ ਦੇ ਲੱਡੂ, ਮੁੰਗਫਲੀ ਵਾਲੇ ਦੇ ਖੋਂਚੇ ਰੁੱਤ ਅਤੇ ਸਮੇਂ ਅਨੁਸਾਰ ਉਸ ਥੜੇ ਤੇ ਦਿੱਸਦੇ ਨੇ।

ਮੰਡਪ ਦੇ ਖੱਬੇ ਪਾਸੇ, ਸਾਹਮਣੀ ਗਲੀ ਵਿਚ ਵੜਨਸਾਰ ਹੀ ਇਕ ਛੱਤਾ ਹੈ, ਅਤੇ ਉਹਦੇ ਕੋਲ ਗਊਸ਼ਾਲਾ ਦੀ ਫੱਟੀ ਟੋਏ ਵਿਚ ਧਸੀ ਅੱਖ ਵਾਂਗ ਚਮਕਦੀ ਹੈ। ਥੜੇ ਦਾ ਇਹ ਹਿੱਸਾ ਜ਼ਿਆਦਾ ਆਵਾਜਾਈ ਨਾ ਹੋਣ ਕਾਰਨ, ਮੰਗਲਵਾਰ ਨੂੰ ਛੱਡ ਆਮ ਕਰ ਕੇ ਸੁੰਨਾ ਹੀ ਰਹਿੰਦਾ ਏ, ਮੰਗਲਵਾਰ ਬਸੰਤੂ ਮਾਲੀ ਫੁੱਲਾਂ ਦੇ ਹਾਰ, ਪਤਾਸੇ, ਵੇਸਣ ਦੇ ਵੱਡੇ ਛੋਟੇ ਲੱਡੂ ਅਤੇ ਛੋਟੇ ਛੋਟੇ ਪੇੜੇ ਲੈ ਕੇ ਬਹਿੰਦਾ ਹੈ। ਕੁਝ ਵਰ੍ਹਿਆਂ ਤੋਂ ਇਕ ਬੁੱਢਾ ਸਿੰਧੀ ਵੀ ਆਪਣਾ ਛੋਟਾ ਜਿਹਾ ਬਸਾਤ ਖਾਨਾ ਵਿਛਾ ਕੇ ਬਹਿ ਜਾਂਦਾ ਹੈ। ਪਿੱਪਲ ਦੇ ਹੇਠਾਂ ਮੰਡਪ ਵਿਚ ਗੁਰਜ-ਪਰਬਤਧਾਰੀ ਡੇਢ ਫੁੱਟਾ ਬੁਜਰੰਗ ਬਲੀ ਦਾ ਚਮਤਕਾਰ ਇਕ ਦਮ ਏਹੋ ਜਿਹਾ ਬਾਕਸ ਆਫ਼ਿਸ ਹੈ, ਜੋ ਬਸ 'ਹਿੱਟ' ਹੁੰਦੇ ਹੁੰਦੇ ਹੀ ਰਹਿ ਗਿਆ।

ਸਵੇਰੇ ਨੌਂ ਵਜੇ ਵਾਲੀ ਧੁੱਪ ਥੜੇ ਤੋਂ ਉੱਤਰ ਕੇ ਗਲੀ ਵਿਚ ਚਾਨਣ ਦੀ ਲਕੀਰ ਪਾ ਰਹੀ ਹੈ। ਹਨੂਮਾਨ ਜੀ ਦੇ ਤੇਜ ਵਾਲੇ ਮੰਡਪ ਤੋਂ ਜ਼ਰਾ ਕੁ ਪਰ੍ਹੇ ਸੂਰਜ ਨਰਾਇਣ ਦਾ ਤੇਜ਼ ਤਪ ਰਿਹਾ ਹੈ। ਥੜੇ ਤੇ ਟਾਟ ਵਿਛਾ ਕੇ ਬੈਠੇ ਰੂੰ ਦਾ ਕੋਟ-ਕਨਪ ਪਾਈ, ਸੋਨੇ ਦੀ ਕਮਾਨੀ ਵਾਲੀ ਮੋਟੀ ਐਨਕ ਲਾਈ, ਚਾਂਦੀ ਦੀ ਛਾਪ ਵਿਚ ਨੀਲਮ ਪਾਈ, ਗੁਲੂਬੰਦ ਅਤੇ ਜਰਾਬਾਂ ਨਾਲ ਸਰਦੀ ਵਿਰੁੱਧ ਪੂਰੀ ਮੋਰਚੇ ਬੰਦੀ ਕਰ ਕੇ ਲਾਲਾ

ਮੁਕੰਦੀਮਲ ਹੁੱਕੇ ਦੀ ਗੜਗੁੜ ਕਰਦਾ ਖੰਘ ਰਿਹਾ ਹੈ । ਥੜੇ ਦੇ ਨਾਲ ਲਗ ਕੇ ਗਲੀ ਵਿਚ ਕੁਰਸੀ ਤੇ ਸੈਕ੍ਰੇਟੇਰੀਅਟ ਦਾ ਇਕ ਸੁਪਰਿੰਟੈਂਡੈਂਟ ਬਾਊ ਗੁਲਾਬਚੰਦ ਬੈਠਾ ਹੋਇਆ ਹੈ । ਉਹਦੇ ਕੋਲ ਥੜੇ ਤੇ ਅਖਬਾਰ ਲੈ ਕੇ ਪੜ੍ਹਦਾ ਹੋਇਆ ਬਾਊ ਰਾਮਸਰੂਪ ਬੈਠਾ ਹੈ । ਮਹਾਂਬੀਰ ਜੀ ਦੇ ਮੰਡਪ ਨਾਲ ਜੁੜ ਕੇ ਬੈਠਾ ਹੋਇਆ ਭਗਵਾਨ ਦੀਨ ਮੱਖਣ ਵਾਲਾ (ਟਿੱਬੇ ਨਾਲ ਲੱਗ ਕੇ ਬਣੇ) ਲਾਲਾ ਮੁਕੰਦੀਮਲ ਦੇ ਘਰੋਂ ਆਏ ਹੋਏ ਵੱਡੇ ਥਾਲ ਵਿਚ. ਪਾ ਪਾ ਪੱਕੇ ਦੇ ਸੱਤ ਕੌਲੇ ਤੋਲ ਕੇ ਰੱਖ ਚੁਕਿਆ ਹੈ, ਅੱਠਵਾਂ ਉਹਦੀ ਤੱਕੜੀ ਵਿਚ ਹੈ ।

ਲਾਲਾ ਮੁਕੰਦੀਮਲ ਦੀ ਨਜ਼ਰ ਭਗਵਾਨ ਦੀਨ ਦੀ ਤਕੜੀ ਤੇ ਸੀ । ਭਗਵਾਨ ਦੀਨ ਕੌਲੇ 'ਚੋਂ ਇਕ ਚਮਚਾ ਮੱਖਣ ਕੱਢ ਕੇ ਆਪਣੇ ਕੂੰਡੇ ਵਿਚ ਪਾਉਣ ਹੀ ਲੱਗਾ ਸੀ ਕਿ ਲਾਲਾ ਬੋਲਿਆ — "ਵਾਹ ਬਈ, ਇਕ ਇਕ ਚਮਚਾ ਮੱਖਣ ਵਿਚ ਸਾਲੇ ਮੁਨਾਫ਼ਾ ਮਾਰਨ ਦੀ ਸੋਚਦੇ ਨੇ । ਪਰ ਕੌਲੇ ਵਿਚ ।"

ਭਗਵਾਨ ਦੀਨ ਮੁਸਕ੍ਰਾ ਕੇ ਚਮਚੇ ਵਾਲਾ ਮੱਖਣ ਵਾਪਸ ਕੌਲੇ ਵਿਚ ਪਾਉਂਦਾ ਹੋਇਆ ਬੋਲਿਆ — "ਲਾਲਾ ਜੀ, ਸਾਨੂੰ ਤਾਂ ਮੁਨਾਫ਼ੇ ਦਾ ਇਕ ਚਮਚਾ ਮਿਲਦਾ ਏ । ਵੱਡਾ ਮੁਨਾਫ਼ਾ ਤਾਂ ਤੁਸੀਂ ਵੱਡੇ ਆਦਮੀ..."

"ਵੇਖੋ, ਵੇਖੋ, ਬਹਿਸਦਾ ਏ ਸਹੁਰਾ । ਗਾਂਧੀ ਜੀ ਏਹੋ ਤੇ ਆਜ਼ਾਦੀ ਲੈ ਕੇ ਦੇ ਗਏ ਨੇ — ਊਚ, ਨੀਚ ਜਿਹਨੂੰ ਵੇਖੋ — ਬਸ ਮੂੰਹ ਖੋਹਲਣਗੇ । ਉਏ, ਮੁਨਾਫ਼ਾ ਇਹਦੇ 'ਚ ਨਹੀਂ, ਗਾਹਕ ਦਾ ਮਨ ਖ਼ੁਸ਼ ਕਰਨ ਵਿਚ ਹੁੰਦਾ ਏ ।"

ਲਾਲੇ ਦਲਾਲ ਲੋਈ ਲਈ — ਗਲੀ 'ਚ ਆਇਆ । ਥੜੇ ਤੇ ਬੈਠੀਆਂ ਹੋਈਆਂ ਤਿੰਨਾਂ ਮੂਰਤੀਆਂ ਨੂੰ ਜੈ ਰਾਮ ਜੀ ਦੀ ਆਖੀ । ਬਾਊ ਗੁਲਾਬ ਚੰਦ ਬੋਲਿਆ — "ਸੁਣਾ ਤੇਰੇ ਘਰ ਅੱਜ ਕੀ ਹੋਇਆ ਸੀ, ਸਵੇਰੇ ਸਵੇਰੇ ?"

"ਹਾਂ, ਸੁਣਿਆ, ਤਾਈ ਕੁਝ ਜਾਦੂ ਟੂਣਾ ਕਰ ਗਈ ਸੀ ।" ਬਾਊ ਰਾਮ ਸਰੂਪ ਨੇ ਗੁਲਾਬ ਚੰਦ ਦੇ ਸਵਾਲ ਨਾਲ ਆਪਣਾ ਸਵਾਲ ਜੋੜ ਕੇ ਕਿਹਾ ।

"ਕੀ ਦੱਸੀਏ ਯਾਰ, ਮੁਹੱਲੇ ਦੇ ਕੁੱਤੇ ਖ਼ਾਨੇ ਨੇ ਸਾਲੇ । ਹਜ਼ਾਰ ਵਾਰ ਘਰ 'ਚ ਮਨ੍ਹਾ ਕੀਤਾ ਕਿ ਛੋਟੇ ਲੋਕਾਂ ਨਾਲ ਲੱਗ ਲਬੇੜ ਨਾ ਰੱਖਿਆ ਕਰੋ । ਚਾਰ ਪੈਸੇ ਕਮਾ ਲੈਣ ਨਾਲ ਈ ਕੋਈ ਆਦਮੀ ਸ਼ਰੀਫ ਨਹੀਂ ਹੋ ਜਾਂਦਾ, ਲਾਲਾ ਮੁਕੰਦੀ ਲਾਲਾ — ਭਲਾ ਮੈਂ ਝੂਠ ਆਂਹਦਾ ਹੋਆਂਗਾ ?"

"ਬਾਊ ਗੁਲਾਬ ਚੰਦ ! ਕੁਝ ਸੁਣਿਆ ਤੁਸਾਂ ?" ਅਚਾਨਕ ਬਾਊ ਛੇਦਾ ਲਾਲ ਨੇ ਕਿਤੋਂ ਬਾਹਰੋਂ ਆਉਂਦਿਆਂ ਹੋਇਆਂ ਕਿਹਾ ।

ਲੋਕਾਂ ਦੀਆਂ ਨਜ਼ਰਾਂ ਬਾਊ ਛੇਦਾ ਲਾਲ ਵੱਲ ਉੱਠੀਆਂ । ਬਾਊ ਛੇਦਾ ਲਾਲ ਬਾਊ ਗੁਲਾਬ ਚੰਦ ਦੀ ਕੁਰਸੀ ਤੇ ਹੱਥ ਰੱਖ ਕੇ ਖਲੋਂਦਿਆਂ ਹੋਇਆਂ ਕਹਿਣ ਲਗਾ

ਅੱਜ ਸਵੇਰੇ ਕੰਪਨੀ ਬਾਗ਼ ਵਿਚ ਜਿਸ ਲੜਕੇ ਦੀ ਲਾਸ਼ ਮਿਲੀ ਸੀ ਨਾ..."

"ਲਾਸ਼ ?" ਲਾਲਾ ਮੁਕੰਦੀ ਲਾਲ ਦੇ ਸਵਾਲ ਵਿਚ ਸਭ ਦੀ ਕੁਝ ਜਾਨਣ ਦੀ ਇੱਛਾ ਰਲੀ ਹੋਈ ਸੀ। ਬਾਊ ਛੇਦਾ ਲਾਲ ਨੇ ਇਕ ਨਜ਼ਰ ਸਭ ਦੇ ਮੂੰਹਾਂ ਤੇ ਬਣੇ ਸਵਾਲ ਦੇ ਨਿਸ਼ਾਨਾਂ ਤੇ ਸੁੱਟ ਕੇ ਕਿਹਾ—"ਹੈਂ ! ਤੁਹਾਨੂੰ ਨਹੀਂ ਪਤਾ। ਐਨਾ ਵੱਡਾ ਇਕੱਠ ਹੋ ਗਿਆ ਸਵੇਰੇ ਸਵੇਰੇ। ਨਵੇਂ ਜੰਮੇਂ ਬੱਚੇ ਦੀ ਲਾਸ਼ ਸੀ। ਸ੍ਰੀ ਮਾਨ ਜਗਦੰਬਾ ਸਹਾਇ ਮਾਸਟਰ ਤੇ ਉਹਦੇ ਭਤੀਜੇ ਦੀ ਵਿੱਡੋ ਫੜੀਆਂ ਗਈਆਂ ਨੇ।"

"ਜਗਦੰਬਾ ਸਹਾਇ, ਇਹ ਆਪਣੇ.. ?"

"ਹਾਂ, ਹਾਂ ਉਹੋ, ਭੈਰੋਂ ਜੀ ਦੀ ਗਲੀ ਵਾਲਾ। ਉਹਦਾ ਮੁੰਡਾ ਉ ਹਨਹੀਂ ਉਹਦੇ ਵਰਗਾ ? ਅਤੇ ਕੁੜੀ ਜਿਹੜੀ ਕਮਿਊਨਿਸਟ ਏ—ਉਹੋ ਸਾਲਾ ਆਪਣੇ ਭਤੀਜੇ ਦੀ ਵਹੁਟੀ ਤੋਂ...; ਹੱਦ ਹੋ ਗਈ ਜਨਾਬ।" ਬਾਊ ਗੁਲਾਬ ਚੰਦ ਦੇ ਸਵਾਲ ਦਾ ਉੱਤਰ ਦੇਂਦੇ ਹੋਏ ਬਾਊ ਛੇਦਾ ਲਾਲ ਥੜੇ ਤੇ ਬਹਿ ਗਏ। ਬਾਊ ਗੁਲਾਬ ਚੰਦ ਨੇ ਆਪਣਾ ਮੂੰਹ ਉਧਰ ਕਰਨ ਲਈ ਝੱਟ ਕੁਰਸੀ ਉਹਨਾਂ ਵੱਲ ਘੁਮਾ ਲਈ।

ਲਾਲਾ ਮੁਕੰਦੀ ਮਲ ਉਬਾਸੀ ਲੈਂਦਾ ਹੋਇਆ ਬੋਲਿਆ — "ਵੇਖੋ ਜੀ, ਹੋਰ ਕੀ ਹੋਏਗਾ ? ਧਰਮ ਕਰਮ ਤੇ ਹੁਣ ਦੁਨੀਆ ਵਿਚ ਰਿਹਾ ਈ ਨਹੀਂ।"

"ਪੜ ਭਈ, ਮੈਂ ਤੇ ਆਹਦਾ ਆਂ ਬੜੀ ਛੇਤੀ ਫੜ ਲਿਆ ਪੁਲਸ ਨੇ। ਸਾਲੀ ਸਵੇੜੇ ਵਾੜਦਾਤ ਹੋਈ ਤੇ..."

"ਬਾਊ ਸਾਲਗ ਰਾਮ ਨੇ ਫੜਾਇਆ ਏ", ਛੇਦਾ ਲਾਲ ਬੋਲਿਆ।

"ਅੱਛਾ !" ਗੋਲ ਜਿਹਾ ਮੂੰਹ ਬਣਾ ਕੇ ਬਾਊ ਰਾਮ ਸਰੂਪ ਨੇ ਧੌਣ ਹਿਲਾਈ — "ਇਹ ਨੇਤਾ ਜੀ ਦੀ ਕਰਤੂਤ ਏ, ਪਰ ਕਿਹੜਾ ਦੁੱਧ 'ਚ ਨਹਾਤਾ ਏ ਬਈਮਾਨ। ਦੋ ਵਾਰੀ ਤੇ ਰਫ਼ਿਊਜ਼ੀਆਂ ਨੇ ਛਿੱਤਰਾਂ ਨਾਲ ਕੁੱਟਿਆ ਸੀ ਇਹਨੂੰ ਛੇੜ ਛਾੜ ਕਰਦਿਆਂ।"

'ਹਾਂ ਤੇ ਫਿਰ ਉਹਦਾ ਕੀ ਹੋਇਆ ਛੇਦਾ ਲਾਲ ? ਉਸ ਜਗਦੰਬਾ ਸਹਾਏ ਦੀ ਨੂੰਹ ਦਾ ?" ਬਾਊ ਗੁਲਾਬ ਚੰਦ ਨੇ ਪੁੱਛਿਆ।

"ਪੁਲਸ ਆਈ ਹੈ ਡਾਕਟਰ ਲੈ ਕੇ। ਭੈਰੋਂ ਜੀ ਦੀ ਗਲੀ ਵਿਚ ਇਸ ਵੇਲੇ ਭੀੜ ਤੇ ਭੀੜ ਇਕੱਠੀ ਹੁੰਦੀ ਜਾਂਦੀ ਏ।" ਛੇਦਾ ਲਾਲ ਨੇ ਕਿਹਾ।

ਚੌਨੁੱਕਰੀ ਟੋਪੀ, ਚੌੜੇ ਮੱਥੇ ਤੇ ਚੰਦਨ ਦਾ ਗੋਲ ਟਿੱਕਾ, ਚਾਂਦੀ ਦੇ ਫ਼ਰੇਮ ਵਿਚ ਨੀਲੇ ਸ਼ੀਸ਼ਿਆਂ ਵਾਲੀ ਐਨਕ, ਮਾਤਾ ਦੇ ਨਿੰਮੇ ਦਾਗਾਂ ਵਾਲਾ, ਵੱਡੀਆਂ ਵੱਡੀਆਂ ਚਿੱਟੀਆਂ ਮੁੱਛਾਂ ਵਾਲਾ ਸੌਲਾ ਰੁਹਬ ਵਾਲਾ ਚਿਹਰਾ, ਲੰਮੀ ਚੌੜੀ ਦੇਹ ਤੇ ਉੱਨ ਦਾ ਕੁੜਤਾ, ਜ਼ਰੀ ਦਾ ਲਾਲ ਦੁਸ਼ਾਲਾ, ਧੋਤੀ, ਤਾਜ਼ੇ ਪਾਲਸ਼ ਕੀਤੇ ਹੋਏ ਪੰਪ ਸ਼ੂ ਪਾਈ, ਮੋਤੀ ਮੂੰਗੇ ਦੀਆਂ ਛਾਪਾਂ ਨਾਲ ਹੱਥ ਵਿਚ ਚਾਂਦੀ ਦੀ ਮੁੱਠ ਵਾਲੀ ਸੋਟੀ ਲਈ ਪੰਡਤ ਸ਼ਿਵ ਨਾਥ ਸ਼ਾਸਤਰੀ ਦੀ ਗੁਰੂ ਵਰਗੀ ਗੰਭੀਰ ਮੂਰਤੀ ਗਲੀ ਵਿਚ ਆਉਂਦੀ ਦਿਸੀ।

"ਆਓ ਮਹਾਰਾਜ ਜੀ, ਪੈਰੀਂ ਪੈਂਦਾ।" ਲਾਲਾ ਮੁਕੰਦੀ ਲਾਲ ਉਹਨਾਂ ਨੂੰ ਦੂਰੋਂ ਹੀ ਵੇਖਦਿਆਂ ਬੋਲਿਆ। ਖੜੇ ਤੇ ਬੈਠੇ ਸਭ ਲੋਕਾਂ ਦੇ ਹੱਥ ਉਹਨਾਂ ਨੂੰ ਪ੍ਰਣਾਮ ਆਖਣ ਲਈ ਜੁੜ ਗਏ।

"ਅਨੰਦ ਰਹੋ।" ਸਾਸਤਰੀ ਜੀ ਨੇ ਅਗਾਂਹ ਜਾਂਦਿਆਂ ਸਭ ਦੇ ਉੱਤਰ ਵਿਚ ਆਖਿਆ।

"ਕਿਉਂ ਮਹਾਰਾਜਾ, ਪਾਠ ਕਰ ਆਏ ਰਾਜਾ ਸਾਹਿਬ ਦੇ ਘਰ ?"

"ਹਾਂ।"

"ਹੁਣ ਉਹਨਾ ਦੇ ਪੋਤਰੇ ਦੀ ਤਬੀਅਤ ਕਿਹੋ ਜਹੀ ਏ ? ਕੱਲ੍ਹ ਤਾਂ ਹਾਲਤ ਬਹੁਤ ਭੈੜੀ ਸੀ ?"

"ਨਹੀਂ ਐਸੀ ਕੋਈ ਖਾਸ ਗੱਲ ਨਹੀਂ। ਹਾਂ, ਬੁਖ਼ਾਰ ਤਾਂ ਹੈਈ।" ਆਖ ਕੇ ਸਾਸਤਰੀ ਜੀ ਆਪਣੇ ਘਰ ਜਾਣ ਲਈ ਇਕ ਕਦਮ ਅੱਗੇ ਵਧੇ।

ਲਾਲਾ ਮੁਕੰਦੀ ਲਾਲ ਨੇ ਫਿਰ ਸਵਾਲ ਕੀਤਾ — "ਤੇ ਰਾਜਾ ਸਾਹਿਬ ਕਿਹਦੇ ਨਾਲ ਨੇ — ਕਾਂਗਰਸ ਕਿ ਜਨਸੰਘ ?"

"ਗੱਲ ਏ ਮੁਕੰਦੀ ਲਾਲ, ਧਨੀ ਆਦਮੀ ਤੇ ਵੇਸਵਾ ਉਹਨਾਂ ਸਭ ਲੋਕਾਂ ਦੀ ਇੱਛਾ ਪੂਰਦੇ ਨੇ ਜਿਨ੍ਹਾਂ ਤੋਂ ਉਹਨਾਂ ਦਾ ਸਵਾਰਥ ਸਿੱਧ ਹੁੰਦਾ ਹੋਏ।"

ਸਭ ਲੋਕ ਹੱਸ ਪਏ। ਬਾਬੂ ਗੁਲਾਬ ਚੰਦ ਕੁਰਸੀ ਤੋਂ ਉੱਠਦਿਆਂ ਬੋਲਿਆ — "ਬਰਾਜੋ ਪੰਡਤ ਜੀ।"

ਐਨਕ ਦੇ ਨੀਲੇ ਸ਼ੀਸ਼ੇ ਵਿਚੋਂ ਕੁਰਸੀ ਵੱਲ ਵਿੰਹਦੇ ਹੋਏ ਸਾਸ਼ਤਰੀ ਜੀ ਬੋਲੇ — "ਹੁਣ ਘਰ ਹੀ ਜਾਵਾਂਗਾ।"

"ਬਰਾਜੋ ਵੀ ਜ਼ਰਾ।" ਲਾਲਾ ਮੁਕੰਦੀ ਮਲ ਜ਼ੋਰ ਦੇ ਕੇ ਬੋਲੇ — ਫਿਰ ਆਪਣੇ ਘਰ ਵੱਲ ਮੂੰਹ ਕਰ ਕੇ ਉੱਚੀ ਸਾਰੀ ਬੋਲੇ — "ਭਗੌਤੀ ਓਏ ਭਗੌਤੀਆ! ਜ਼ਰਾ ਪਾਨ ਲੈ ਆ ਅੱਠ ਦੱਸ ਹੱਥ ਧੋ ਕੇ। ਤੇ ਇਕ ਚਿਲਮ ਤਮਾਕੂ ਭਿਜਵਾ ਛੇਤੀ ਨਾਲ ਕਿਸੇ ਦੇ ਹੱਥ।" ਫਿਰ ਕੁਰਸੀ ਤੇ ਬਹਿੰਦਿਆ ਸ਼ਾਸਤਰੀ ਜੀ ਨੂੰ ਕਿਹਾ — "ਗੱਲ ਤਾਂ ਤੁਸਾਂ ਲੱਖ ਰੁਪਏ ਦੀ ਆਖੀ ਸ਼ਾਸਤਰੀ ਜੀ! ਪਰ ਧਨਵਾਨ ਹੀ ਕਿਉਂ ਸਭ ਆਪਣਾ ਸਵਾਰਥ ਸਾਰਦੇ ਨੇ।"

"ਸਵਾਰਥ ਤਾਂ ਕੇਵਲ ਗਿਆਨੀ ਯੋਗੀ ਹੀ ਸਾਰਦੇ ਨੇ, ਬਾਕੀ ਸਭ ਤਾਂ ਸਵਾਰਥ ਦਾ ਅਨਰਥ ਕਰਦੇ ਨੇ। ਅਤੇ .."

"ਨਮਸਤੇ ਬਾਊ ਸਾਹਿਬ! ਆਓ ਆਓ", ਬਾਊ ਰਾਮ ਸਰੂਪ ਨੇ ਆਪਣੀ ਕੋਠੜੀ ਵੱਲ ਜਾਂਦੇ ਹੋਏ ਸੱਜਨ ਨੂੰ ਬੜੇ ਹੌਸਲੇ ਨਾਲ 'ਵਾਜ਼ ਦਿਤੀ।

ਸੱਜਨ ਉਂਜ ਖੜੇ ਤੇ ਬੈਠੇ ਸਭ ਸੱਜਣਾਂ ਦੀਆਂ ਸ਼ਕਲਾਂ ਤੋਂ ਜਾਣੂ ਸੀ, ਪਰ ਇਹਨਾਂ

ਨਾਲ ਵੱਖਰੀ ਵੱਖਰੀ ਜਾਣ ਪਛਾਣ ਉਹਦੀ ਕਦੀ ਨਹੀਂ ਹੋ ਸਕੀ ਸੀ। ਬਾਊ ਰਾਮ ਸਰੂਪ ਦੇ ਆਵਾਜ਼ ਮਾਰਨ ਤੇ ਉਹਨੂੰ ਝਿਜਕ ਜਿਹੀ ਮਹਿਸੂਸ ਹੋਈ, ਸੰਕੋਚ ਹੋਇਆ, ਅਤੇ ਨਾਲ ਨਾਲ ਖ਼ੁਸ਼ੀ ਵੀ। ਨਿਮਰਤਾ ਨਾਲ ਹੱਥ ਜੋੜ ਕੇ ਉਹ ਅੱਗੇ ਹੋਏ। ਸਭ ਚਿਹਰੇ ਉਹਦੇ ਵੱਲ ਵੇਖਣ ਲੱਗੇ। ਬਾਊ ਰਾਮ ਸਰੂਪ ਖ਼ੁਸ਼ੀ ਨਾਲ ਬੋਲੇ — 'ਅੱਜ ਤਾਂ ਤੁਹਾਡੇ ਉਤੇ ਆਰਟੀਕਲ ਛਪਿਆ ਏ ਪੇਪਰ ਵਿਚ !"

ਬਾਊ ਰਾਮ ਸਰੂਪ ਦੇ ਬੁਲਾਉਣ ਤੇ ਸੱਜਨ ਦੇ ਮਨ ਵਿਚ ਇਕ ਹਲਕਾ ਜਿਹਾ ਖ਼ਿਆਲ ਇਹ ਵੀ ਆਇਆ ਸੀ ਕਿ ਕੱਲ੍ਹ ਸ਼ਾਮ ਰਾਜਾ ਸਾਹਿਬ ਨੇ ਲੋਕਾਂ ਨੂੰ ਉਹਦੀ ਬਾਬਤ ਕੁਝ ਕਿਹਾ ਹੋਏਗਾ, ਪਰ ਖ਼ੁਦ ਆਪਣੀ ਵਡਿਆਈ ਕਾਰਨ ਆਪਣੀ ਆਓ ਭਗਤ ਹੁੰਦੀ ਵੇਖ ਕੇ ਮਨ ਹੀ ਮਨ 'ਚ ਫੁਲ ਗਿਆ। ਪਰ ਬਾਹਰੋਂ ਨਿਮਰਤਾ ਭਾਵ ਨਾਲ ਉਸ ਨੂੰ ਕਿਹਾ — "ਜੀ, ਉਹ ਤਾਂ..."

ਲਾਲੇ ਹੈਰਾਨੀ ਭਰੀਆਂ ਨਜ਼ਰਾਂ ਨਾਲ, ਬਾਊ ਗੁਲਾਬ ਚੰਦ ਨਿਮਰਤਾ ਦੀ ਮੂਰਤ ਬਣ ਕੇ, ਅਤੇ ਬਾਬੂ ਛੇਦਾ ਲਾਲ ਕੰਨ ਅੱਖੀਆਂ ਨਾਲ ਉਹਨੂੰ ਵੇਖਣ ਲਗੇ। ਸ਼ਾਸਤਰੀ ਜੀ ਦੀ ਨੀਵੀਂ ਐਨਕ ਇਕ ਛਿਣ ਲਈ ਉਹਦੇ ਚਿਹਰੇ ਤੇ ਫਿਰ ਕੇ ਫੇਰ ਉਹਨਾਂ ਦਾ ਗੰਭੀਰ ਚਿਹਰਾ ਆਪਣੇ ਆਪ 'ਚ ਮਗਨ ਹੋ ਗਿਆ। ਲਾਲਾ ਮੁਕੰਦੀ ਮਲ ਦੀ ਮੋਟੀ ਐਨਕ ਲਗਾਤਾਰ ਉਹਦੇ ਚਿਹਰੇ ਤੇ ਟਿਕੀ ਰਹੀ।

ਤਦੇ ਚਾਂਦੀ ਦੀ ਪਲੇਟ ਵਿਚ ਪਾਨ ਆਏ।

ਬਾਊ ਰਾਮ ਸਰੂਪ ਨੇ ਪਾਨਾਂ ਦੀ ਪਲੇਟ ਤੇ ਇਕ ਤਿਲਕਵੀਂ ਨਜ਼ਰ ਸੁੱਟਦਿਆਂ ਕਿਹਾ — "ਸ਼ਾਸਤਰੀ ਜੀ ਇਹ ਸਾਡੇ ਭਾਰਤਵਰਸ਼ ਦੇ ਬਹੁਤ ਵੱਡੇ ਚਿੱਤਰਕਾਰ ਹਨ, ਸ੍ਰੀ ਮਾਨ ਸੱਜਨ ਵਰਮਾ। ਅੱਜ ਕੱਲ੍ਹ ਇਹ ਸਾਡੇ ਮੁਹੱਲੇ ਵਿਚ ਹੀ..."

ਬੜੀ ਦੇਰ ਦੀ ਹੈਰਾਨੀ ਵਿਚ ਖੁਭੇ ਲਾਲਾ ਮੁਕੰਦੀ ਮਲ ਦੀ ਧੌਣ ਸਮਝ ਦੀ ਸਪਰਿੰਗ ਨਾਲ ਲਚਕੀ। ਉਹ ਬੋਲਿਆ — "ਅੱਛਾ ਅੱਛਾ। ਤੂੰ ਈ ਏਂ ਕੰਨੋਮਲ ਦਾ ਪੋਤਰਾ ? ਕੱਲ੍ਹ ਰਾਜਾ ਸਾਹਿਬ ਸ਼ਾਮ ਨੂੰ ਗੱਲ ਕਰ ਰਹੇ ਸਨ, ਜਾਨਕੀ ਸਰਨ ਦੇ ਘਰ।"

ਸ਼ਾਸਤਰੀ ਜੀ ਦੀ ਸਮਾਧੀ ਕੰਨੋਮਲ ਦੇ ਨਾਂ ਨਾਲ ਭੰਗ ਹੋਈ। ਨੀਵੀਂ ਐਨਕ ਫਿਰ ਸੱਜਨ ਦੇ ਚਿਹਰੇ ਤੇ ਟਿਕਾਉਂਦੇ ਹੋਏ ਬੋਲੇ — "ਕੰਨੋਮਲ ਸਾਡੇ ਮਿੱਤਰਾਂ ਵਿਚੋਂ ਸਨ।"

ਲਾਲਾ ਮੁਕੰਦੀ ਮਲ ਜੋਸ਼ ਨਾਲ ਬੋਲਿਆ — "ਬਈ ਸਾਡਾ ਤਾਂ ਉਹਨਾਂ ਨਾਲ ਬੜਾ ਵਿਹਾਰ ਸੀ। ਵਿਚਾਰੇ ਬੜੀ ਛੋਟੀ ਉਮਰ 'ਚ ਮਰ ਗਏ। ਮੇਰਾ ਖ਼ਿਆਲ ਏ, ਕੋਈ ਪੰਜਾਹ ਵਰ੍ਹੇ ਤਾਂ ਉਹਨਾਂ ਨੂੰ ਮਰਿਆਂ ਵੀ ਹੋ ਗਏ ਨੇ। ਕਿਉਂ ਸ਼ਾਸਤਰੀ ਜੀ ?"

"ਜੀ ਹਾਂ, ਸੰਨ ਦੋ ਵਿਚ ਉਹਨਾਂ ਦੀ ਮੌਤ ਹੋਈ ਸੀ।" ਸੱਜਨ ਨੇ ਦੱਸਿਆ ਮੁਕੰਦੀ ਮਲ ਬੋਲਿਆ — ਵਿਚਾਰੇ ਭਰ ਜਵਾਨੀ ਵਿਚ ਤੁਰ ਗਏ। ਉਹਨਾਂ ਦੇ

ਲੜਕੇ ਨੇ ਵੀ ਬੜੀ ਘਟ ਉਮਰ ਗੁਜ਼ਾਰੀ — ਉਹਨੂੰ ਤਾਂ ਸ਼ਰਾਬ ਲੈ ਬੈਠੀ, ਬਚਣਾ ।"

ਸਵਰਗੀ ਪਿਤਾ ਦੇ ਸੰਬੰਧ ਵਿਚ ਸ਼ਰਮ ਨਾਲ ਗਾਲ੍ਹ ਵਰਗੀ ਗੱਲ ਸੁਣ ਕੇ ਸੱਜਨ ਦਾ ਮਨ ਝੱਟ ਸੰਕੋਚ ਨਾਲ ਭਰ ਗਿਆ ।

ਸ਼ਾਸਤਰੀ ਜੀ ਬੋਲੇ — "ਕੰਨੋਮਲ ਪਾਠਸ਼ਾਲਾ ਵਿਚ ਮੇਰੇ ਜਮਾਤੀ ਸਨ । ਸਾਲ ਸਵਾ ਸਾਲ ਵੱਡੇ ਸਨ ਮੈਥੋਂ । ਉਹਨਾਂ ਦੇ ਪਿਤਾ ਜੀ ਉਦੋਂ ਏਸੇ ਚੌਕ ਵਿਚ ਰਹਿੰਦੇ ਹੁੰਦੇ ਸਨ । ਆਪਣੇ ਜ਼ਮਾਨੇ ਦੇ ਬਾਦਸ਼ਾਹ ਸਨ ।"

"ਬੜੇ, ਧੜੱਲੇ ਵਾਲੇ ਆਦਮੀ ਸਨ। ਸਾਡੇ ਏਥੋਂ ਪਹਿਲੇ ਪਹਿਲ ਉਹੋ ਹੀ ਵਿਲਾਇਤ ਘੁੰਮਣ ਗਏ। ਪਰਾਸ਼ਚਿਤ ਵੀ ਨਹੀਂ ਕੀਤਾ, ਬਚਣਾ । ਸ਼ਾਹਜਨਫ਼ ਕੋਲ ਕੋਠੀ ਬਣਵਾ ਲਈ। ਵੱਡੇ ਵੱਡੇ ਅੰਗ੍ਰੇਜ ਹਾਕਮ ਉਹਨਾਂ ਕੋਲ ਆਉਂਦੇ ਸਨ। ਲਾਟ ਸਾਹਿਬ ਕੋਲ ਉਹਨਾਂ ਨੂੰ ਕੁਰਸੀ ਮਿਲਦੀ ਸੀ । ਜੀ ਬੜਾ ਨਾਂ ਕਮਾਇਆ ।"

ਬਾਉ ਰਾਮ ਸਰੂਪ ਨੇ ਵੇਖਿਆ ਕਿ ਸਾਰੀ ਮਾਣ ਇੱਜ਼ਤ ਤਾਂ ਇਹ ਦੋਵੇਂ ਬੁੱਢੇ ਹੀ ਖੋਹ ਕੇ ਲਈ ਜਾ ਰਹੇ ਨੇ, ਉਹਦਾ ਬੁਲਾਉਣਾ ਅਜਾਈ ਜਾ ਰਿਹਾ ਏ, ਤਾਂ ਬੜ੍ਹਕ ਕੇ ਬੋਲੇ — "ਜੀ ਇਹਨਾਂ ਤਾ ਆਪਣੇ ਪੁਰਖਿਆ ਨਾਲੋਂ ਵੀ ਜ਼ਿਆਦਾ ਸ਼ੁਹਰਤ ਹਾਸਲ ਕੀਤੀ ਏ । ਇਹਨਾਂ ਉਤੇ ਪੇਪਰਾਂ ਵਿਚ ਆਰਟੀਕਲ ਛਪਦੇ ਨੇ । ਮੈਂ 'ਇਲੱਸਟ੍ਰੇਟਿੱਡ ਵੀਕਲੀ' ਵਿਚ ਇਹਨਾਂ ਦੀਆਂ ਤਸਵੀਰਾਂ ਵੇਖੀਆ ਸਨ ।

ਲਾਲੇ ਬੋਲਿਆ — "ਤਾਂ ਕਿਉਂ ਬਾਊ, ਤੁਸੀਂ ਫੋਟੂਗਰਾਫ਼ੜ ਹੋ ਜਾਂ ਕਲਮੀ ਤਸਵੀੜਾਂ ਬਣਾਉਂਦੇ ਜੇ ?"

ਆਪਣੇ ਕਲਾਕਾਰ ਦੇ ਸੰਬੰਧ ਵਿਚ ਐਸਾ ਤਕਲੀਫ਼ ਵਾਲਾ ਸਵਾਲ ਸੁਣ ਕੇ ਸੱਜਨ ਝਿਜਕ ਜਹੀ ਨਾਲ ਭਰ ਗਿਆ ।

ਲਾਲਾ ਮੁਕੰਦੀ ਮਲ ਦੇ ਹੁੱਕੇ ਤੇ ਤਾਜ਼ੀ ਚਿਲਮ ਆ ਗਈ । ਲਾਲਾ ਜੀ ਨੌਕਰ ਨੂੰ ਹੁੱਕਾ ਸਰਕਾਉਣ ਤੇ ਨਲੀ ਨੀਵੀਂ ਆਦਿ ਕਰਨ ਦੇ ਹੁਕਮ ਦੇਣ ਲੱਗੇ । ਉਹਨਾਂ ਗੱਲਾਂ ਦੇ ਚਲਦੇ ਗੇੜ ਵਿਚ ਸੱਜਨ ਨੇ ਵੀ ਬੜਾ ਸੰਕੋਚ ਭਰਿਆ, ਸੱਜਣ ਤਾਈ ਨਾਲ ਸੌਂਜਿਆ ਬੋਲ ਡਬਲ ਲਾਈਨ ਵਾਂਗ ਵਾਹ ਦਿੱਤਾ — "ਜੀ ਮੈਂ ਕਲਮੀ ਤਸਵੀਰਾਂ ਬਣਾਉਂਦਾ ਹਾ ।"

ਲਾਲਾ ਮੁਕੰਦੀ ਮਲ ਨਵੀਂ ਚਿਲਮ ਦਾ ਪਹਿਲਾ ਕਸ਼ ਖਿਚਣ ਵਾਲੇ ਹੀ ਸਨ, ਕਿ ਉਹਦਾ ਮੋਹ ਤਿਆਗ ਕੇ ਬੋਲੇ — "ਬਈ, ਕਲਮੀ ਤਸਵੀਰਾਂ ਤਾਂ ਸਾਡੇ ਕੋਲ ਪੰਡਤ ਰਾਮ ਨਾਥ ਗੁਸਾਈਂ ਬਣਾਉਂਦੇ ਸਨ ਸੋਂਧੀ ਟੋਲੇ ਵਾਲੇ । ਵਾਹ ਵਾਹ, ਹਾਥੀ ਦੰਦ ਉਤੇ ਉਹਨਾਂ ਏਹੋ ਏਹੋ ਜਹੀਆਂ ਵਧੀਆ ਤਸਵੀਰਾਂ ਬਣਾਈਆਂ ਕਿ ਕਿਸੇ ਕੀ ਬਨਾਉਣੀਆਂ ਨੇ ?"

ਲਾਲਾ ਚੁੱਪ ਹੋਇਆ । ਉਹਦਾ ਹੁੱਕਾ ਬੋਲਣ ਲੱਗਾ । ਸੱਜਨ ਇਕ ਨਾਵਾਕਫ਼

ਸਾਮਾਨ ਤੋਂ ਏਨੀ ਜਾਣਕਾਰੀ ਹੀ ਕਾਫ਼ੀ ਸਮਝ ਕੇ ਹੁਣ ਏਥੋਂ ਜਾਣਾ ਚਾਹੁੰਦਾ ਸੀ। ਇਸ ਸਮਾਜ ਦੀ ਸੁਹਬਤ ਪਰਾਇਆਂ ਵਾਲਾ ਅਹਿਸਾਸ ਲਈ ਹੁਣ ਉਹਦੇ ਮਨ ਵਿਚ ਘੁਟਣ ਉਪਜਾਉਣ ਲੱਗੀ ਸੀ। ਸ਼ਾਸਤਰੀ ਜੀ ਨੂੰ ਹੱਥ ਜੋੜ ਕੇ ਬੋਲਿਆ — "ਹੁਣ ਆਗਿਆ ਲੈਂਦਾ ਹਾਂ, ਫਿਰ ਦਰਸ਼ਨ ਕਰਾਂਗਾ।"

ਗੱਲ ਪੂਰੀ ਕਰਨ ਦੇ ਨਾਲ ਨਾਲ ਹੀ ਸਭ ਨੂੰ ਪ੍ਰਣਾਮ ਕਰ ਕੇ ਸੱਜਨ ਜਾਣ ਲੱਗਾ। ਸ਼ਾਸਤਰੀ ਜੀ ਨੇ ਕਿਹਾ — "ਹਾਂ ਅਵੱਸ਼ ਮਿਲਣਾ। ਮੈਨੂੰ ਬੜੀ ਖੁਸ਼ੀ ਹੋਵੇਗੀ। ਵੱਡੀ ਆਯੂ ਹੋਏ! ਯਸ਼ਵਾਨ ਹੋਵੇ!"

ਸ਼ਾਸ਼ਤਰੀ ਜੀ ਦੇ ਗੰਭੀਰ ਬੋਲਾਂ ਵਿਚ ਸੱਜਨ ਨੂੰ ਡੂੰਘੀ ਅਪਣੱਤ ਦੀ ਛੋਹ ਮਿਲੀ। ਤੁਰਦੇ ਤੁਰਦੇ ਰੁਕ ਕੇ ਅਚਾਨਕ ਉਹਨੇ ਸ਼ਾਸਤਰੀ ਜੀ ਦੇ ਪੈਰ ਛੋਹ ਲਏ। ਮਾਂ ਨੂੰ ਛੱਡ ਕੇ ਉਹਨੇ ਕਦੇ ਕਿਸੇ ਦੇ ਪੈਰ ਨਹੀਂ ਛੋਹੇ ਸਨ।

ਸ਼ਾਸਤਰੀ ਜੀ ਦੀ ਨੀਲੀ ਐਨਕ ਉਹਨੂੰ ਛੱਤੇ ਵੱਲ ਜਾਂਦੇ ਵੇਖ ਕੇ ਥੜੇ ਤੇ ਬੈਠੇ ਸੱਜਣਾਂ ਨੂੰ ਪੁੱਛਣ ਲੱਗੀ — "ਇਹ ਲੜਕਾ ਏਥੇ ਕੀ ਕਰਨ ਆਉਂਦਾ ਏ?"

ਬਾਊ ਗੁਲਾਬ ਚੰਦ ਬੋਲਿਆ — "ਪਤਾ ਨਹੀਂ, ਸ੍ਰੀ ਮਾਨ। ਉਂਜ ਜਦ ਉਸ ਸ਼ਰਨਾਰਥੀ ਆਦਿ ਨੇ ਇਸ ਦੇ ਖਿਲਾਫ਼ ਬਿਆਨ ਛਪਵਾਇਆ ਸੀ ਤਾਂ ਇਹਦੀ ਸਟੇਟਮੈਂਟ ਆਈ ਸੀ ਕਿ ਮੁਹੱਲਾ ਜੀਵਨ ਦੇ ਕੁਝ ਚਿੱਤਰ ਬਨਾਉਣ ਲਈ ਆਇਆ ਹੈ। ਕੁਝ ਇੰਡੀਅਨ ਟ੍ਰਡੀਸ਼ਨ ਵੇਖਣਾ ਚਾਹੁੰਦਾ ਹੈ। ਤਾਈ ਦਾ ਹੀ ਕਿਰਾਇਆ-ਦਾਰ ਹੈ।"

ਲਾਲੇ ਹੱਸ ਕੇ ਉੱਠਦਿਆਂ ਬੋਲਿਆ — "ਤਾਂ ਮੁਹੱਲੇ ਵਿਚ ਤਾਈ ਦੀ ਤਸਵੀਰ ਬਣਾਈ ਕਿ ਨਹੀਂ ਇਹਨਾਂ ਹੁਣ ਤਕ?"

ਬਾਊ ਛੇਦਾ ਲਾਲ ਵੀ ਉੱਠਦਿਆਂ ਹੋਇਆਂ ਮੁਸਕ੍ਰਾਕੇ ਆਖਣ ਲੱਗੇ — "ਜਿਸ ਦਿਨ ਇਹ ਤਾਈ ਦੀ ਤਸਵੀਰ ਬਣਾ ਲਏਗਾ ਉਸ ਦਿਨ ਮੈਂ ਮੁਹੱਲੇ ਵਾਲਿਆਂ ਵਲੋਂ ਇਹਨੂੰ ਇਕ ਮੈਡਲ ਇਨਾਮ ਦਿਆਗਾ।"

"ਬਈ ਕਿੱਥੇ ਚੱਲਿਆ? ਤੇਰੀ ਖ਼ਾਤਰ ਤਾਂ ਅਸਾਂ ਸ਼ਾਸ਼ਤਰੀ ਜੀ ਨੂੰ ਬੈਠਾਇਆ ਤੇ ਤੂੰ ਈ ਉਠ ਕੇ ਤੁਰ ਪਿਆ। ਬੈਠ ਬੈਠ। ਇਹ ਦੱਸ ਕਿ ਵੋਟ ਕਿਹਨੂੰ ਦਿਤਾ ਜਾਏ?"

"ਕਿਉਂ ਬਾਊ ਛੇਦਾ ਲਾਲ ਜੀ, ਏਹੋ ਹੈ ਨਾ ਤੁਹਾਡਾ ਇੰਡੀਅਨ ਕਲਚਰ, ਜੀਹਦੀ ਆਪ ਲੋਕ ਰੱਖਿਆ ਕਰਨਾ ਚਾਹੁੰਦੇ ਹੋ?

ਬਾਊ ਗੁਲਾਬ ਚੰਦ ਦੀ ਗੱਲ ਸੁਣ ਕੇ ਬਾਊ ਰਾਮ ਸਰੂਪ ਹੀ-ਹੀ-ਹੀ ਕਰਦੇ ਹੋਏ ਬਾਊ ਛੇਦਾ ਲਾਲ ਵਲ, ਵਜਾਉਣ ਵਾਲੇ ਢੰਗ ਨਾਲ ਵੇਖਣ ਲੱਗਾ। ਸੱਜਨ ਵੀ ਅੱਧ ਖਾਧੇ ਪੁਤਲੇ ਨੂੰ ਵੇਖ ਕੇ ਮੁਸਕਰਾਉਣ ਲੱਗਾ। ਬਾਊ ਛੇਦਾ ਲਾਲ ਜ਼ੋਰ ਦੇ ਕੇ

ਬੋਲਿਆ — "ਮੈਂ ਇਹ ਕਦੀ ਵੀ ਨਹੀਂ ਕਹਿੰਦਾ ਕਿ ਸਾਡੇ ਧਰਮ ਵਿਚ ਜੋ ਬੁਰਾਈਆਂ ਆ ਗਈਆਂ ਹਨ ਉਹਨਾਂ ਨੂੰ ਅਸੀਂ ਦੂਰ ਨਹੀਂ ਕਰਾਂਗੇ। ਪਰ ਸਾਡਾ ਜੋ ਅਸਲੀ ਧਰਮ ਹੈ ਉਹਦੀ ਪੂਰੀ ਰੱਖਿਆ ਹੋਣੀ ਚਾਹੀਦੀ ਏ।"

"ਠੀਕ ਗੱਲ ਹੈ ਜੀ।" ਲਾਲੇ ਦਲਾਲ ਦੇ ਚਿਹਰੇ ਤੇ ਧਰਮ ਦਾ ਜੋਸ਼ ਆ ਗਿਆ, ਕਹਿਣ ਲੱਗਾ — "ਧੜਮ ਦੀ ਡੱਖਿਆ ਹੜ੍ਹ ਹਾਲਤ ਵਿਚ ਹੋਣੀ ਚਾਹੀਦੀ ਏ। ਅਸੀਂ ਤਾਂ ਭੜਾ ਸਾਸਤੜਾਂ ਦੀ ਗੱਲ ਕੜਦੇ ਆਂ। ਇਸ ਬਾਊ ਹੋੜਾਂ ਦੀਆਂ ਤੜੀਆਂ ਨਾਲ ਅਸੀਂ ਨਵੀਂ ਹਿੰਮਤ ਲੈ ਸਕਦੇ ਹੈਗੇ ਆਂ ਕਿ ਜਾਦੂ ਟੂਣੇ ਦੀ ਪਲੇਟ ਹੱਤ ਨਾਲ ਚੁੱਕ ਲਈ।"

"ਸੁਣ ਲਿਆ ਬਾਊ ਛੇਦਾ ਲਾਲ ਜੀ ?" ਬਾਊ ਗੁਲਾਬ ਚੰਦ ਨੇ ਫਿਰ ਟੋਣਾ ਲਾਇਆ "ਹੁਣ ਏਥੇ ਤਾਂ ਸ਼ਾਸਤਰੀ ਜੀ ਵੀ ਬਿਰਾਜਮਾਨ ਨੇ ਸਾਡੇ ਧੰਨਭ ਗ ਨੇ — ਦੱਸੋ ਮਹਾਰਾਜ, ਕਿਸ ਸਾਸਤਰ ਵਿਚ ਲਿਖਿਆ ਹੈ ਇਹ ਧਰਮ ?"

ਸ਼ਾਸਤਰੀ ਜੀ ਦੀ ਨੀਲੀ ਐਨਕ ਉਤਾਹ ਹੋਈ, ਵੱਡੀਆਂ ਵੱਡੀਆ ਚਿੱਟੀਆਂ ਮੁੱਛਾਂ 'ਚੋਂ ਮੁਸਕਰਾ ਕੇ ਕਹਿਣ ਲਗੇ — "ਲਾਲੇ ਸ਼ਾਸਤਰ ਦੀ ਥੋਹੜਾ ਈ ਕਰ ਰਹੇ ਨੇ, ਇਹ ਤਾਂ ਸਾਸ ਅਤੇ ਤੜ ਦੀ ਗੱਲ ਕਰ ਰਹੇ ਨੇ।"

ਸਭ ਲੋਕ ਹੱਸ ਪਏ। ਲਾਲ ਮੁਕੰਦੀ ਮਲ ਦੇ ਕਥੇ ਰੰਗੇ ਨਕਲੀ ਦੰਦਾਂ ਵਿਚੋਂ ਗੁਜ਼ਰਦੇ ਹੋਏ ਸਾਹ ਦੀਆਂ ਧੜਕਣਾ : 'ਹਾ-ਹਾ-ਹਾ ਕਰਨ ਲੱਗੀਆਂ, ਆਖਣ ਲੱਗਾ — "ਵਾ ਮਹਾਰਾਜ! ਕਿਹਾ ਨੁਕਤਾ ਕੱਢਿਆ ਜੇ! ਹਾ-ਹਾ-ਹਾ !"

ਲਾਲੇ ਦਲਾਲ ਭੰਬਲ ਭੂਸੇ 'ਚ ਪਿਆ ਬੌਂਦਲਿਆ ਖਲੋਤਾ ਸੀ। ਬਾਊ ਛੇਦਾ ਲਾਲ ਦੋਵਾਂ ਗੋਡਿਆਂ ਨੂੰ ਹੱਥਾਂ ਨਾਲ ਬੰਨ੍ਹੀ ਤਣ ਕੇ ਬੈਠਾ ਸੀ, ਉਹਦੀਆਂ ਪੁਤਲੀਆਂ ਵਿਚ ਹਾਰ ਦੀ ਜੈ ਵਾਲਾ ਭਾਵ ਟੇਢੀ ਕਾਟ ਵਾਲੇ ਹੀਰੇ ਦੀਆਂ ਕੰਨੀਆਂ ਵਾਂਗ ਚਮਕ ਰਿਹਾ ਸੀ, ਬਾਕੀ ਚਿਹਰਾ ਸੁਭਾਵਕ ਸੀ। ਬਾਊ ਗੁਲਾਬ ਚੰਦ ਅਤੇ ਬਾਊ ਰਾਮ ਸਰੂਪ ਦੇ ਚਿਹਰੇ ਆਪਣਾ ਪੱਖ ਮਜ਼ਬੂਤ ਸਮਝ ਕੇ ਚਮਕ ਰਹੇ ਸਨ। ਸ਼ਾਸਤਰੀ ਜੀ ਨੇ ਲਾਲੇ ਵੱਲ ਵੇਖ ਕੇ ਆਖਿਆ — "ਮੈਂ ਤੇਰੇ ਉਚਾਰਣ ਦੇ ਦੋਸ਼ ਦਾ ਮਜ਼ਾਕ ਨਹੀਂ ਉਡਾਇਆ ਭਰਾ, ਬੁਰਾ ਨਾ ਮਨਾਈਂ, ਪਰ ਆਪਣੇ ਢੰਗ ਨਾਲ ਤੇਰੀ ਗੱਲ ਵਿਚ ਅਰਥ ਰਲ ਗਿਆ। ਇਸ ਦੇਸ ਵਿਚ ਕੋਈ ਇਕ ਧਰਮ ਤਾਂ ਨਹੀਂ ਹੈਗਾ, ਜਿੰਨੇ ਘਰ, ਜਿੰਨੇ ਸਾਹ, ਉਨੇ ਹੀ ਧਰਮ ਹਨ। ਸੱਸ ਗੁਰੂ ਤੇ ਨੂੰਹ ਚੇਲਾ ਸੋ ਚੇਲੀਆਂ ਸ਼ੁੱਕਰ ਹੁੰਦੀਆਂ ਗਈਆਂ। ਅਨੇਕ ਪੀੜ੍ਹੀਆਂ ਵਿਚ ਜਿੰਨੀਆਂ ਨੂੰਹਾਂ ਹੋਈਆਂ ਉਨਾ ਹੀ ਸੱਸ ਧਰਮ ਦਾ ਪ੍ਰਚਾਰ ਹੋਇਆ।" ਹਾਸਾ ਮੱਚਿਆ, ਪਰ ਸ਼ਾਸਤਰੀ ਜੀ ਦੇ ਵਾਕਾਂ ਦੇ ਹਮਲੇ ਦੀ ਸ਼ਕਤੀ ਕਾਰਨ ਸੰਜਮ ਤੋਂ ਬਾਹਰ ਨਾ ਹੋ ਕੇ, ਲੋਕਾਂ ਦੇ ਮੂੰਹਾਂ ਤੇ ਪਸਰ ਗਿਆ। ਸ਼ਾਸਤਰੀ ਜੀ ਆਖ ਰਹੇ ਸਨ — "ਅਤੇ ਰਹੇ ਤੜ, ਸੋ ਹਿੰਦੂਆਂ ਵਿਚ

ਈਸਾਈ ਦੇਵੀ ਦੇਵਤਿਆਂ ਦੇ ਵੀ ਤੜ ਹਨ, ਪੀਰ ਇਲਾਹੀ-ਔਲੀਏ-ਮੁੱਲਾਂ ਸਭ ਆਪਣੇ ਆਪਣੇ ਤੜ ਬਣਾਈ ਬੈਠੇ ਨੇ। ਇਹਨੀ ਦਿਨੀਂ ਇਕ ਪੁਸਤਕ ਵਿਚ ਮੈਂ ਵੇਖਿਆ ਕਿ ਬੰਬਈ ਵਿਚ ਇਕ ਈਸਾਈ ਦੇਵੀ ਕੋਈ ਮਾਉਂਟ ਮੇਰੀ ਹੈ, ਉਹਨੂੰ ਉਥੋਂ ਦੇ ਹਿੰਦੂ ਮੌਤਮਾਵਲੀ ਆਖ ਕੇ ਪੂਜਦੇ ਨੇ। ਮੁਸਲਮਾਨ ਰਾਜ ਦੇ ਪ੍ਰਭਾਵ ਹੇਠ ਏਥੇ ਅਲਪੋਨਿਸ਼ਦ ਨਾਂ ਦੇ ਇਕ ਨਵੇਂ ਉਪਨਿਸ਼ਦ ਦੀ ਰਚਨਾ ਹੋ ਗਈ ਸੀ। ਕਿੰਨੇ ਮੰਤਰਾਂ ਦੇ ਪ੍ਰਯੋਗਾਂ ਵਿਚ ਇਸਲਾਮ ਵਾਲਿਆਂ ਦਾ ਪ੍ਰਭਾਵ ਪਿਆ। ਇਕ ਚੇਤਰਾਮੀ ਸੰਪਰਦਾਇ ਬਣੀ, ਉਹਨੇ ਅਜੀਬ ਮਤ ਸਾਹਮਣੇ ਲਿਆਂਦਾ ਕਿ ਚੌਂਹ ਮੂੰਹਾਂ ਵਾਲੇ ਬ੍ਰਹਮਾ ਤੋਂ ਅਸਤੀਫ਼ਾ ਦਿਵਾ ਕੇ ਉਹਦੇ ਥਾਂ ਇਕ ਮੂੰਹ ਵਾਲਾ ਅੱਲਾ ਤਿੰਨ ਮੂੰਹਾਂ ਦੱਤਾ ਤ੍ਰੇਯ ਦੋਵਾਂ ਨੂੰ ਬੈਠਾਇਆ। ਇਸ ਤਰ੍ਹਾਂ ਇਕ ਨਵੇਂ ਚੌਂਹ ਮੂੰਹਾਂ ਵਾਲੇ ਸ੍ਰਿਸ਼ਟੀ ਸਿਰਜਕ ਦੀ ਸਿਰਜਣਾ ਕੀਤੀ। ਪ੍ਰਮੇਸ਼ਰ ਸ਼ਬਦ ਨੂੰ ਉਹਨਾਂ ਨੇ ਵਿਸ਼ਨੂ ਦੇ ਸਮਾਨ ਮੰਨਿਆ, ਅਤੇ ਸ਼ਿਵ ਜੀ ਖ਼ੁਦਾ ਨੂੰ ਮਾਰਨ ਦਾ ਕੰਮ ਸੌਂਪ ਕੇ ਭੰਗ ਘੋਟਣ ਤੁਰ ਗਏ।"

ਚਾਰੇ ਪਾਸੇ ਹਾਸਾ ਉਮ੍ਹੜਿਆ। ਹਾਸੇ ਦੀ ਬੇਹੋਸ਼ੀ ਵਿਚ ਸੱਜਨ ਨੇ ਪੁਤਲੇ ਵਾਲੀ ਤਾਸੀ ਥੜੇ ਉਤੇ ਰੱਖ ਦਿਤੀ। ਉਹਨੂੰ ਬੜਾ ਅਨੰਦ ਆ ਰਿਹਾ ਸੀ।

ਲਾਲੇ ਦਲਾਲ ਦੀ ਨਜ਼ਰ ਪੁਤਲੇ ਤੇ ਪਈ, ਝੱਟ ਬੋਲਿਆ — "ਬਾਊ ਸਾਹਿਬ, ਮਾਫ਼ ਕਰਨਾ, ਇਹ ਮਹਾਂਬੀਰ ਜੀ ਦਾ ਸਥਾਨ ਹੈਗਾ।"

"ਜੀ ਮਾਫ਼ ਕਰਨਾ, ਮੈਥੋਂ ਗ਼ਲਤੀ ਹੋ ਗਈ।" ਕਹਿ ਕੇ ਝੱਟ ਤਾਸੀ ਚੁਕ ਲਈ ਅਤੇ ਤੁਰਦਿਆਂ ਤੁਰਦਿਆਂ ਫਿਰ ਜਿਵੇਂ ਸਫ਼ਾਈ ਦੇਂਦਾ ਹੋਇਆ ਬੋਲਿਆ — "ਮੈਂ ਇਹਨੂੰ ਕਿਸੇ ਚੁਰਾਹੇ ਤੇ ਰੱਖ ਦਿਆਂਗ, ਜਿੱਥੇ ਸ਼ਾਇਦ ਕਿਸੇ ਨੂੰ ਪਰਹੇਜ਼ ਨਹੀਂ ਹੋਏਗਾ।"

"ਜਿਹਾਂ ਜਿਹਾਂ ਬਸ ਅੱਗੇ ਨਲਕੇ ਕੋਲ ਜਿਹੜਾ ਚੜ੍ਹਾਹਾ ਹੈਗਾ ਬਸ ਉੱਥੇ ਧਰ ਦੇਣਾ, ਹੱਥ ਧੋ ਲੈਣਾ!"

ਹੱਥ ਵਿਚ ਕਾਵਾਂ ਦੀਆਂ ਚੁੰਝਾਂ ਨਾਲ ਜ਼ਖ਼ਮੀ ਪੁਤਲੇ ਦੀ ਤਾਸੀ ਲਈ ਗਲੀ ਵਿਚੋਂ ਲੰਘਦਿਆਂ ਹੋਇਆਂ ਸੱਜਨ ਨੂੰ ਬੜੀ ਝਿਜਕ ਹੋ ਰਹੀ ਸੀ। ਖ਼ੁਦ ਆਪਣੀਆਂ ਨਜ਼ਰਾਂ ਵਿਚ ਈ ਉਹ ਤਮਾਸ਼ਾ ਜਾਪ ਰਿਹਾ ਸੀ। ਗਲੀ ਵਿਚ ਆਉਂਦੇ ਜਾਂਦੇ, ਘਰਾਂ ਦੇ ਬਾਰੀਆਂ ਬੂਹਿਆਂ ਵਿਚ ਖਲੋਤੇ ਲੋਕਾਂ ਦੀਆਂ ਨਜ਼ਰਾਂ ਤੋਂ ਉਹਨੂੰ ਪ੍ਰੇਸ਼ਾਨੀ ਹੋ ਰਹੀ ਸੀ। ਸੋਚਣ ਲੱਗਾ — ਇਕ ਨੌਕਰ ਏਥੇ ਵੀ ਉਹਦੇ ਕੋਲ ਹੋਣਾ ਚਾਹੀਦਾ ਏ।" ਸੋਚਣ ਲੱਗਾ — ਮੁਹੱਲੇ ਵਾਲਿਆਂ ਦਾ ਵਿਹਾਰ ਉਹਨੂੰ ਕਿੰਨਾ ਆਪਣਾ ਅਤੇ ਪਰਾਇਆ ਜਿਹਾ ਲਗਦਾ ਹੈ। ਮਹੀਪਾਲ ਸ਼ਾਇਦ ਸੱਚ ਕਹਿੰਦਾ ਏ ਮੁਹੱਲੇ ਦੇ — ਆਪਣੇ ਦੇਸ ਦੇ ਸਮਾਜ ਨੂੰ ਉਹ ਅਜਾਇਬ ਘਰ ਵਾਂਗ ਵੇਖਦਾ ਏ, ਆਪਣਾਪਨ ਦੇ ਕੇ ਉਹਨਾਂ ਨਾਲ ਮਿਲ ਨਹੀਂ ਸਕਦਾ — ਪਰ ਇਹ ਕੰਮ ਕੋਈ ਇਕ ਦਿਨ ਵਿਚ ਤਾਂ ਨਹੀਂ ਹੋ

ਸਕਦਾ । ਤੇ ਨਾ ਕਦੇ ਪੂਰੀ ਤਰ੍ਹਾਂ ਨਾਲ ਇਸ ਸਮਾਜ ਵਿਚ ਘੁਲਣਾ ਮਿਲਣਾ ਏ । ਅਸਾਂ ਅਸੰਸਕਾਰਾਂ ਤੇ ਕਸੰਸਕਾਰਾਂ ਨਾਲ ਜੂਝਣਾ ਹੈ । ਉਹਨਾਂ ਨੂੰ ਸਮਝਣਾ ਸੁਲਝਾਉਣਾ ਏ । ਅਸਾਂ ਇਸ ਸਮਾਜ ਨੂੰ ਬਦਲ ਕੇ ਇਹਨੂੰ ਨਵੀਂ ਰੂਪਰੇਖਾ ਦੇਣੀ ਹੈ । ਫਿਰ ਧਿਆਨ ਗਿਆ — ਸ਼ਾਸਤਰੀ ਜੀ ਦੇ ਵਿਚਾਰ ਕਿੰਨੇ ਉੱਚੇ ਨੇ । ਉਹਨੇ ਉਹਨਾਂ ਦੇ ਪੈਰ ਛੋਹੇ ਸਨ । ਅਚਾਨਕ ਇਹ ਭਾਵੁਕਤਾ ਕਿੱਦਾਂ ਆ ਗਈ ? ਖ਼ੈਰ, ਉਹ ਡਿਜ਼ਰਵ ਕਰਦੇ ਸਨ । ਉਹ ਉਹਨਾਂ ਨੂੰ ਹੋਰ ਮਿਲੇਗਾ । ਮਹੀਪਾਲ ਦੀ ਧਾਰਨਾ ਗ਼ਲਤ ਏ । ਹੌਲੀ ਹੌਲੀ ਉਹ ਸਭਨਾਂ ਨਾਲ ਘੁਲ ਮਿਲ ਜਾਏਗਾ ।

ਸੋਚਦਿਆਂ, ਵੇਖਦਿਆਂ, ਚਲਦਿਆਂ ਸੱਜਨ ਚੌਰਾਹੇ ਵੱਲ ਵਧਦਾ ਗਿਆ ।

6

ਚੋਣਾਂ ਦੇ ਨਾਂ, ਨਿਸ਼ਾਨ ਅਤੇ ਨਾਹਰੇ, ਮਾਂ ਭਣ ਦੀਆਂ ਗਾਲ੍ਹਾਂ, ਫਲ ਨੇ ਨਾਲ ਫਲਾਣੇ ਦੇ ਗ਼ੈਰਕੁਦਰਤੀ ਸਰੀਰਕ ਸੰਬੰਧ ਦੀ ਦਿਲ ਵਧਾਊ ਸੂਚਨਾ, ਵੱਡਾ ਸ਼ਾਨਦਾਰ ਦੰਗਲ, ਬੀੜੀ, ਜਾਦੂ ਲੋਸ਼ਨ, ਅਖੰਡ ਕੀਰਤਨ. ਸਿਨਮਾ, ਗਰਮੀ–ਸੁਜਾਕ–ਨਾਮਰਦੀ ਦੀਆਂ ਦਵਾਵਾਂ ਦੇ ਇਸ਼ਤਿਹਾਰ, ਪਾਨ ਦਾ ਥੁੱਕ ਆਦਿ — ਜਨ ਜੀਵਨ ਦੀਆਂ ਵੱਖ ਵੱਖ ਭਾਵਨਾਵਾਂ ਦੇ ਦੀਵਾਰੀ ਅਖ਼ਬਾਰਾਂ ਦੀ ਲੜੀ ਖ਼ਤਮ ਹੋਈ । ਹੱਥ ਵਿਚ ਤਾਸੀ ਲਈ ਸੱਜਨ ਨੁੱਕਰ ਵਾਲੇ ਨਲ ਤੇ ਆ ਗਿਆ ।

ਸਾਹਮਣੇ ਬਾਜ਼ਾਰ ਵਾਲੀ ਗਲੀ ਵਿਚ ਚਾਰ ਸਿਪਾਹੀ ਬੜੀ ਫ਼ਰਤੀ ਨਾਲ ਆਉਂਦੇ ਦਿਸੇ, ਉਹਨਾਂ ਦੇ ਪਿੱਛੇ, ਉਹਨਾਂ ਨਾਲ ਇਕ ਛੋਟੀ ਜਹੀ ਭੀੜ ਵੀ ਆਉਂਦੀ ਦਿਸੀ । ਪੁਲਿਸ ਵਾਲੇ ਡਿਊਟੀ (ਅਰਥਾਤ ਚੌਕਾਂ ਵਿਚ) ਤੇ, ਕੋਤਵਾਲੀ ਥਾਣਿਆਂ ਵਿਚ, ਮੈਦਾਨ ਵਿਚ ਪਰੇਡ ਕਰਦੇ ਹੋਏ, ਵੱਡੀਆਂ ਸ਼ਾਦੀਆਂ ਵਿਚ ਬੈਂਡ ਵਜਾਉਂਦੇ ਹੋਏ, ਟਾਂਗੇ, ਰਿਕਸ਼ੇ ਵਾਲਿਆਂ ਨੂੰ ਫੜ ਕੇ ਝੱਟ ਦਿਤੀ ਹੱਥ ਅਗਾਂਹ ਕਰਦੇ ਹੋਏ ਜੇਕਰ ਦਿਸ ਪੈਣ ਤਾਂ ਅੱਖਾਂ ਨੂੰ ਅਜੀਬ ਨਹੀਂ ਲਗਦਾ, ਪਰ ਗਲੀਆਂ, ਸੜਕਾਂ ਤੇ ਚਹੁੰ ਚਹੁੰ ਦੀਆਂ ਟੋਲੀਆਂ ਵਿਚ ਤੁਰਦਿਆਂ ਹੋਇਆ ਪੁਲਸਮੈਨ ਗੱਲ ਕੁਝ ਹੋਰ ਈ ਹੁੰਦੀ ਹੈ । ਉਹ ਹਕੂਮਤ ਦਾ ਨਿਸ਼ਾਨ ਹੈ । ਮਨੁੱਖ ਦੀ ਸੁਚੇਤ ਨਿਆਂ–ਬੁੱਧੀ ਨੇ ਇਸ ਨੂੰ ਬਣਾਇਆ ਹੈ । ਇਸ ਗੱਲ ਦਾ ਅਹਿਸਾਸ ਸੱਜਨ ਨੂੰ ਇਸ ਵੇਲੇ ਹੋਇਆ । ਪੁਲਸ ਵਾਲੇ ਸੱਜੇ ਹੱਥ ਦੀ ਗਲੀ ਵਿਚ ਚਲੇ ਗਏ । ਜਿਸ ਵਿਚ ਲਾਲੇ ਦਲਾਲ, ਲਾਲਾ ਜਾਨਕੀ ਸਰਨ, ਵਰਮਾ, ਭਭੂਤੀ ਆਦਿ ਰਹਿੰਦੇ ਹਨ ।

ਹੱਥ ਦੀ ਤਾਸੀ ਨੂੰ ਭੁੱਲ ਕੇ ਸੱਜਨ ਪੁਲਸ ਅਤੇ ਭੀੜ ਦੇ ਨਜ਼ਾਰੇ ਵੇਖਣ ਵਿਚ ਰੁਝ

ਗਿਆ। ਤਕਰੀਬਨ ਉਸ ਵੇਲੇ ਉਸ ਗਲੀ ਵਿਚ ਵਰਮਾ ਅਤੇ ਰਾਧੇ ਸ਼ਾਮ ਆਏ। ਮਿਸਟਰ ਰਾਧੇਸ਼ਾਮ ਨੇ ਇਸੇ ਵਰ੍ਹੇ ਬੀ. ਏ. ਪਾਸ ਕੀਤੀ ਹੈ, ਹੁਣੇ ਹੀ ਸਰਕਾਰੀ ਕਲਰਕੀ ਲਈ ਪਬਲਿਕ ਸਰਵਿਸ ਕਮਿਸ਼ਨ ਦਾ ਇਮਿਤਿਹਾਨ ਦਿਤਾ ਹੈ। ਆਪਣੇ ਆਪ ਨੂੰ ਸੋਸ਼ਲਿਸਟ ਵੀ ਖਿਆਲ ਕਰਦਾ ਹੈ, ਨਾਲ ਹੀ ਉਹਦਾ ਇਹ ਵੀ ਖ਼ਿਆਲ ਹੈ ਕਿ ਉਹ ਬੜੇ ਉੱਚੇ ਵਿਚਾਰਾਂ ਦਾ ਆਦਮੀ ਹੈ। ਰਾਧੇਸ਼ਾਮ ਸ਼ੰਕਰ ਲਾਲ ਦੇ ਨਾਲ ਸ਼ੁਰੂ ਸ਼ੁਰੂ ਵਿਚ ਇਕ ਵਾਰ ਸੱਜਨ ਨੂੰ ਮਿਲਣ ਆਇਆ ਸੀ, ਝੱਟ ਅੱਗੇ ਵਧ ਕੇ ਉਹਨੇ ਸੱਜਨ ਨੂੰ ਨਮਸਕਾਰ ਕੀਤੀ ਮਿਸਟਰ ਵਰਮਾ ਨੇ ਵੀ ਬੜੀ ਸ਼ਰਧਾ ਨਾਲ ਹੱਥ ਜੋੜ ਕੇ ਉਹਨੂੰ ਨਮਸਕਾਰ ਕਹੀ।

ਸੱਜਨ ਦੇ ਚੇਤੇ 'ਚ ਹੱਥ ਵਿਚ ਫੜੀ ਤਾਸੀ ਯਾਦ ਆ ਗਈ।

ਉੱਚੇ ਹੋ ਗਏ, ਮਨ ਦਾ ਸੰਕੋਚ ਮੁਸਕ੍ਰਾਉਣ ਦਾ ਯਤਨ ਕਰਨ ਲੱਗਾ, ਬੋਲਿਆ — "ਮੁਹੱਲੇ 'ਚੋਂ ਇਹ ਪਹਿਲਾ ਸਬਜੈਕਟ ਮੈਨੂੰ ਮਿਲਿਆ ਹੈ। ਪਰ ਇਹ ਗੱਲ ਕੀ ਹੈ ? ਇਸ ਗਲੀ ਵਿਚ ਏਨੀ ਭੀੜ ਤੇ ਪੁਲਸ ਦੇ ਸਿਪਾਹੀ..."

ਰਾਧੇਸ਼ਾਮ ਨੇ ਝੱਟ ਹੱਥ ਉੱਚਾ ਕਰ ਕੇ ਦੱਸਣਾ ਸ਼ੁਰੂ ਕੀਤਾ — ਓ ਜੀ ਉਹ ਇਕ ਮਾਸਟਰ ਜਗਦੰਬਾ ਸਹਾਏ ਟੀਚਰ ਹੈ, ਬੜਾ ਪਰਵਰਣ, ਲੁੱਚਾ ਸਾਲਾ..."

ਸੱਜਨ ਨੂੰ ਹੱਥ ਦੀ ਤਾਸੀ ਦਾ ਧਿਆਨ ਆ ਗਿਆ, ਝੱਟ ਬੋਲਿਆ "ਮਾਫ਼ ਕਰਨਾ, ਮੈਂ ਜ਼ਰਾ ਇਹ ਤਾਸੀ ਚਰਾਹੇ 'ਚ ਰੱਖ ਆਵਾਂ।"

ਮਿਸਟਰ ਵਰਮਾ ਨੇ ਕਿਹਾ ਛੱਡੋ ਜੀ, ਏਥੇ ਨਾਲੀ ਵਿਚ ਈ ਸੁੱਟ ਦਿਉ, ਇਸ ਮੇਨਹੋਲ ਵਿਚ।

"ਕਿਸੇ ਨੂੰ ਇਤਰਾਜ਼ ਤਾਂ ਨਹੀਂ ਹੋਏਗਾ ?" ਨਲਕੇ ਤੇ ਕਪੜਾ ਧੋਂਦੇ ਹੋਏ ਇਕ ਆਦਮੀ ਵੱਲ ਵੇਖਦਿਆਂ ਸੱਜਨ ਨੇ ਪੁੱਛਿਆ।

"ਨਹੀਂ ਨਹੀਂ ਜੀ, ਤੁਸੀਂ ਨਿੱਝਕ ਸੁੱਟ ਦਿਉ।"

ਸੱਜਨ ਨੇ ਟੁੱਟੇ ਮੇਨ ਹੋਲ ਲਾਗੇ ਤਾਸੀ ਸੁੱਟ ਕੇ ਨਲਕੇ ਤੋਂ ਹੱਥ ਧੋਤੇ, ਫਿਰ ਕੋਲ ਆ ਕੇ ਪੁੱਛਿਆ — "ਹਾਂ, ਤੇ ਕੀ ਕਿੱਸਾ ਹੈ ?"

"ਜੀ ਉਹਨਾਂ ਦੇ ਭਤੀਜੇ ਦੀ ਵਿੱਡੋ ਜਵਾਨ ਹੈ ਵਿਚਾਰੀ। ਤਿੰਨ ਚਾਰ ਸਾਲ ਪਹਿਲਾਂ ਸ਼ਾਦੀ ਹੋਈ ਸੀ, ਸਾਲ ਛੇ ਮਹੀਨੇ ਪਿਛੋਂ ਉਹਦਾ ਆਦਮੀ ਮਰ ਗਿਆ, ਮਾਸਟਰ ਜਗਦੰਬਾ ਦੇ ਕੋਲ ਜੁ ਰਹਿੰਦੀ ਏ, ਇਸ ਲਈ ਉਹਨੇ ਉਹਦੇ ਤੇ ਹਰ ਤਰ੍ਹਾਂ ਦਾ ਮਾਲਕਾਂ ਵਾਲਾ ਹੱਕ ਜਤਾਇਆ। ਇਹੋ ਤਾਂ ਟ੍ਰੈਜਡੀ ਹੈ ਸਾਡੇ ਸਮਾਜ ਦੀ ! ਹਾਂ !"

ਕਹਿੰਦਾ ਕਹਿੰਦਾ ਮਿਸਟਰ ਰਾਧੇਸ਼ਾਮ ਕਰੋਧ ਤੇ ਦੁਖ ਨਾਲ ਜੋਸ਼ ਵਿਚ ਆ ਗਿਆ।

ਸੱਜਨ ਨੇ ਪੁੱਛਿਆ — "ਫਿਰ ਕੀ ਹੋਇਆ ?"

ਮਿਸਟਰ ਵਰਮਾ ਨੇ ਗੱਲ ਫੜੀ, ਬੋਲਿਆ — "ਕਲ੍ਹ ਰਾਤੀਂ ਉਹਦੇ ਬੱਚਾ ਹੋਇਆ।

ਇਹਨਾਂ ਨੇ ਉਹਦਾ ਗਲ ਘੁੱਟ ਕੇ ਕੰਪਨੀ ਬਾਗ਼ ਵਾਲੇ ਨਾਲੇ ਵਿਚ ਸੁਟਵਾ ਦਿਤਾ। ਅੱਜ ਸਵੇਰੇ ਪੁਲਿਸ ਨੂੰ ਪਤਾ ਲੱਗਾ, ਤਾਂ ਰੇਡ ਹੋ ਗਿਆ।"

"ਪਰ ਪੁਲਸ ਨੂੰ ਇਹ ਕਿਵੇਂ ਪਤਾ ਲਗਾ ਕਿ......" ਸੱਜਨ ਨੇ ਪੁੱਛਿਆ।

ਬਾਊ ਰਾਧੇ ਸ਼ਾਮ ਨੇ ਝਟ ਪੋਲੀਟੀਕਲ ਤਿਊੜੀਆਂ ਚੜ੍ਹਾ ਕੇ ਤੈਸ਼ ਵਿਚ ਕਿਹਾ — "ਇਸ ਦੇਸ਼ ਵਿਚ ਘਰ ਦੇ ਭੇਤੀ ਨੇ ਤਾਂ ਲੰਕਾ ਢਾਹੀ ਹੈ। ਸ੍ਰੀ ਮਾਨ ਜੀ, ਇਹ ਓਸੇ ਸਾਲੇ ਸਾਲਿਗਰਾਮ ਦੀ ਕਰਤੂਤ ਹੈ। ਜਗਦੰਬਾ ਸਹਾਏ ਦੀ ਲੜਕੀ ਕਮਿਊਨਿਸਟ ਹੈ, ਉਹਦੇ ਘਰ ਅੱਜ ਕਲ੍ਹ ਉਹਦੀ ਪਾਰਟੀ ਦੇ ਡਰਾਮਿਆਂ ਡਰੂਮਿਆਂ ਦੀਆਂ ਰੀਹਰਸਲਾਂ ਹੋ ਰਹੀਆਂ ਨੇ। ਭਲਾ ਸਾਲਗਰਾਮ ਬੁੱਕਲ ਦਾ ਸੱਪ ਪਾਲੇਗਾ? ਵਾਰਡ ਦੇ ਗਿਣੇ ਚੁਣੇ ਲੋਕਾਂ ਦੇ ਘਰਾਂ ਦਾ ਹਾਲ ਉਹਦੇ ਕੋਲ ਪਹੁੰਚਦਾ ਏ, ਇਹ ਭਲਾ ਦੁਸ਼ਮਣ ਦੇ ਘਰ ਦਾ ਭੇਤ ਉਹਦੇ ਤੋਂ ਜਾ ਸਕਦਾ? ਏਹੋ ਤਾਂ ਕਾਂਗਰਸ ਦਾ ਗੇਸਟਾਪੋ ਏ ਜਨਾਬ। ਤੇ ਜੇ ਇਸ ਇਲੈਕਸ਼ਨ ਵਿਚ ਜਨਤਾ ਨੇ ਇਸ ਜਾਲ ਨੂੰ ਨਾ ਤੋੜਿਆ, ਤਾਂ ਮੈਂ ਆਖਾਂਗਾ......"

ਗਲੀ ਵਿਚ ਆਵਾਜਾਈ ਜਾਰੀ ਸੀ। ਨਲਕੇ ਨੂੰ ਪਲ ਭਰ ਲਈ ਸਾਹ ਆਇਆ ਸੀ। ਗਲੀ ਦੇ ਅੰਦਰ ਜਾਣ ਵਾਲੇ ਮਿਸਟਰ ਵਰਮਾਂ ਦੇ ਕਿਸੇ ਜਾਣਕਾਰ ਨੇ ਕਿਹਾ — "ਉਹਨੇ ਅੱਗ ਲਵਾ ਲਈ ਵਰਮਾ ਜੀ!"

"ਹੈਂ! ਕਿਨ੍ਹੇ?" ਸੱਜਨ, ਰਾਧੇ ਸ਼ਾਮ, ਵਰਮਾ ਸਭ ਦਾ ਏਹੋ ਭਾਵ ਸੀ।

"ਓਸ ਤੀਵੀਂ ਨੇ। ਜਿਉਂ ਹੀ ਡਾਕਟਰੀ ਜਾਂਚ ਲਈ ਉਹਨੂੰ ਬੁਲਾਇਆ ਗਿਆ, ਪਤਾ ਨਹੀਂ ਕਿਸ ਬਹਾਨੇ ਉਹ ਅੰਦਰੋਂ ਅੰਦਰੋਂ ਰਸੋਈ ਵਿਚ ਚਲੀ ਗਈ। ਉਥੇ ਸਪਿਰਟ, ਮਿੱਟੀ ਦਾ ਤੇਲ, ਜੋ ਕੁਝ ਮਿਲਿਆ......ਹੁਣ ਹੋਰ ਸੁਣ ਕੇ ਕੀ ਕਰੋਗੇ। ਇਹ ਜਗਦੰਬਾ ਸਹਾਏ ਕੰਮਬਖ਼ਤ ਤਾਂ ਫਾਂਸੀ ਤੇ ਲਟਕਾ ਦੇਣ ਵਾਲਾ ਏ। ਉਹਦੀ ਵਾਈਫ਼, ਐਲਡਰ ਬ੍ਰਦਰ ਦੀ ਵਿੱਡੋ ਯਾਨੀ — ਯਾਨੀ ਕਿ ਇਸ ਵਿਧਵਾ ਔਰਤ ਦੀ ਸੱਸ......"

"ਪਰ ਉਸ ਔਰਤ ਦਾ ਕੀ ਬਣਿਆ?" ਸੱਜਨ ਨੇ ਜ਼ਰਾ ਬੇਤਾਬੀ ਨਾਲ ਕਿਹਾ।

"ਉਹ ਮਿੰਟਾਂ ਵਿਚ ਭੜਕ ਉਠੀ ਜਨਾਬ, ਚਾਰੇ ਪਾਸੇ ਦੁਰਗੰਧ ਫੈਲ ਗਈ। ਜਦ ਤਕ ਪੁਲਸ ਦਰਵਾਜ਼ਾ ਤੋੜ ਕੇ ਅੰਦਰ ਆਈ, ਉਹ ਬੇਹੋਸ਼ ਹੋ ਚੁਕੀ ਸੀ, ਇਕ ਦਮ ਲੋਥ ਬਣ ਗਈ ਸੀ। ਉਹਦੇ ਕਪੜੇ ਸੜ ਗਏ ਸਨ, ਉਹ ਇਕ ਦਮ ਨੰਗੀ......"

"ਤੁਸਾਂ ਆਪ ਵੇਖਿਆ?" ਸੱਜਨ ਨੇ ਪੁੱਛਿਆ।

"ਜੀ ਮੈਂ ਆਪ ਤਾਂ......" ਦੱਸਣ ਵਾਲਾ ਮੋਟਾ ਜਿਹਾ ਇਕ ਵਕੀਲ ਨੰਦਨ ਸੀ।

ਸੱਜਨ ਨੂੰ ਇੰਜ ਲੱਗਾ ਕਿ ਦੱਸਣ ਵਾਲੇ ਸ੍ਰੀ ਮਾਨ ਉਸ ਔਰਤ ਬਾਰੇ ਦਸਦਿਆਂ ਇਕ ਤਰ੍ਹਾਂ ਦਾ ਨਿਜੀ ਅਤੇ ਲੁਕਵਾਂ ਮਜ਼ਾ ਲੈ ਰਹੇ ਸਨ। ਇਹ ਉਹਨੂੰ ਚੁਭ ਰਿਹਾ ਸੀ

ਉਹਨੇ ਰਾਧੇਸ਼ਾਮ ਨੂੰ ਕਿਹਾ — "ਤੁਸੀਂ ਮੈਨੂੰ ਉਥੇ ਇਕ ਵਾਰ ਲੈ ਚਲੋਗੇ ?"

"ਹਾਂ-ਹਾਂ।" ਰਾਧੇ ਸ਼ਾਮ ਤੋਂ ਪਹਿਲਾਂ ਵਰਮਾ ਨੇ ਹਾਮੀ ਭਰੀ। ਰਾਧੇ ਸ਼ਾਮ ਵੀ ਰਾਜ਼ੀ ਹੋ ਗਏ।

ਜਾਂਦਿਆਂ ਹੋਇਆ ਰਾਧੇ ਸ਼ਾਮ ਨੇ ਕਿਹਾ — "ਬੜੀ ਭੀੜ ਹੋਏਗੀ। ਤੁਸੀਂ ਉਥੇ ਕੀ ਵੇਖ ਸਕੋਗੇ ?"

"ਕੁਝ ਨਹੀਂ, ਜ਼ਰਾ ਲੋਕਾਂ ਦੇ ਰਉਂ ਹੀ ਵੇਖ ਲਵਾਂਗਾ। ਉਹਨਾ ਦੀਆਂ ਗੱਲਾਂ ਸੁਣਾਂਗਾ," ਸੱਜਨ ਨੇ ਕਿਹਾ।

ਸੂਰਜ ਦੀ ਰੌਸ਼ਨੀ ਤੋਂ ਸਦਾ ਪਰਹੇਜ਼ ਕਰਨ ਵਾਲੀ ਗਲੀਆਂ ਦੀ ਗੰਦਗੀ, ਸੁਕੜੇਵੇਂ ਅਤੇ ਉਹਨਾਂ ਵਿਚ ਰਹਿਣ ਵਾਲੇ ਲੋਕਾਂ ਦੀ ਘੁਟਣ ਭਰੀ ਜ਼ਿੰਦਗੀ ਤੇ ਰਾਧੇ ਸ਼ਾਮ ਦੇ ਤਾਅਨੇ ਸੁਣਦਿਆਂ ਹੋਇਆ, ਮਹਾਂਬੀਰ ਜੀ ਦੇ ਮੰਦਰ ਦਾ ਸੰਧੂਰੀ ਆਲਾ, ਚਿੱਟਾ ਪੋਚਿਆ ਹੋਇਆ ਫੁੱਲਾਂ ਦੇ ਹਾਰਾਂ ਵਾਲਾ ਸਯਨ ਦਾ ਆਲਾ, ਗੋਲੀਆਂ ਖੇਡਦੇ, ਲਾਟੂ ਚਲਾਉਂਦੇ, ਮਿੱਟੀ ਵਿਚ ਲੱਥ ਪੱਥ ਹੁੱਲੜ ਮਚਾਉਣ ਵਾਲੇ ਦੇਸ਼ ਦੇ ਨੌਨਿਹਾਲਾਂ ਨੂੰ ਵੇਖਦੇ ਨਿਹਾਰਦੇ, ਗਾਵਾਂ ਅਤੇ ਰਾਹ ਜਾਂਦਿਆਂ ਤੋਂ ਜ਼ਰਾ ਜਿੰਨੀ ਥਾਂ 'ਚ ਪਾਸਾ ਦੇਂਦਿਆਂ, ਤਿੰਨ ਚਾਰ ਛੋਟੀਆਂ ਛੋਟੀਆਂ ਗਲੀਆਂ ਪਾਰ ਕਰਕੇ ਸੱਜਨ ਮੰਡਲੀ ਇਕ ਖੁਲ੍ਹੀ ਥਾਂ ਤੇ ਪਹੁੰਚ ਗਈ ਜਿਥੇ ਭੀੜ ਲਗੀ ਹੋਈ ਸੀ।

ਸਾਹਮਣੇ ਇਕ ਵੱਡਾ ਪੁਰਾਣਾ ਮਕਾਨ ਸੀ ਜਿਹਦੇ ਬੂਹੇ ਅਗੇ ਖੜੋਤੇ ਦੋ ਪੁਲਸਮੈਨ ਭੀੜ ਨੂੰ ਅਗਾਂਹ ਵਧਣੋਂ ਰੋਕ ਰਹੇ ਸਨ। ਖੱਬੀ ਬਾਹੀ ਇਕ ਖੁਲ੍ਹਾ ਮੈਦਾਨ ਸੀ ਜੋ ਅਗਾਂਹ ਜਾ ਕੇ ਵੱਡੀ ਸੜਕ ਕੋਲ ਮੁੱਕ ਜਾਂਦਾ ਸੀ। ਸੜਕ ਤੇ ਪੁਲਸ ਦੀ 'ਪਿਕ ਅਪ' ਮੋਟਰ ਖੜੀ ਦਿਸਦੀ ਸੀ। ਮੈਦਾਨ ਵਿਚ ਵੀ ਕਾਫ਼ੀ ਲੋਕਾਂ ਦਾ ਇਕੱਠ ਸੀ।

ਏਨੇ ਵਿਚ ਦਰਵਾਜ਼ੇ ਅੰਦਰੋਂ ਦਰੋਗਾ ਜੀ ਨਿਕਲੇ, ਉਹਨਾਂ ਨੇ ਇਕ ਸਿਪਾਹੀ ਨੂੰ ਕੁਝ ਕਿਹਾ। ਉਹ ਦੌੜਦਾ ਹੋਇਆ 'ਪਿਕ ਅਪ' ਵਲ ਚਲਾ ਗਿਆ। ਦਰੋਗਾ ਜੀ ਨੇ ਇਕ ਵਾਰ ਜਨਤਾ ਵਲ ਵੇਖ ਕੇ ਘੁਰਕੀ ਦਿਤੀ — "ਏਥੇ ਲੱਡੂ ਵੰਡੇ ਜਾ ਰਹੇ ਨੇ ? ਜਾਓ — ਤੁਸੀਂ ਵੀ ਤਸ਼ਰੀਫ਼ ਲਿਆਏ ਓ ?" ਸੱਜਨ ਨੂੰ ਵੇਖ ਕੇ ਦਰੋਗਾ ਜੀ ਨੇ ਕਿਹਾ।

ਸੱਜਨ ਨੇ ਕੋਲ ਜਾ ਕੇ ਉਹਨਾਂ ਨਾਲ ਹੱਥ ਮਿਲਾਇਆ। ਰਾਧੇ ਸ਼ਾਮ ਤੇ ਵਰਮਾ ਜੀ ਵੀ ਉਹਦੇ ਪਿਛੇ ਪਿਛੇ ਚਲੇ ਗਏ।

ਸੱਜਨ ਨੇ ਪੁੱਛਿਆ — "ਕੀ ਹਾਲ ਏ ?"

ਦਾਰੋਗਾ ਜੀ ਕਿਹਾ — "ਹਸਪਤਾਲ ਵਿਚ ਜਾ ਕੇ ਸੁਟ ਦਿਆਂਗੇ ਖ਼ਾਨਾਪੁਰੀ ਲਈ, ਪਰ ਬਚਣਾ ਮੁਸ਼ਕਿਲ ਏ।"

"ਬਹੁਤ ਸੜ ਗਈ ਏ ?"

"ਹਾਂਜੀ ਜੀ, ਸੜੀ ਤਾਂ ਖ਼ੈਰ ਹੈ ਈ, ਪਰ ਇਹਦੇ ਤੋਂ ਜ਼ਿਆਦਾ ਸ਼ਾਕ ਹੋਇਆ ਏ ਇਹਨੂੰ। ਸਾਰੇ ਇੰਜੈਕਸ਼ਨ ਦਿਤੇ ਗਏ ਨੇ, ਪਰ ਇਉਂ ਜਾਪਦਾ ਏ ਕਿ ਸਿੰਕ ਕਰ ਜ ਏਗੀ।" ਕਹਿੰਦੇ ਹੋਏ ਦਰੋਗਾ ਜੀ ਅੰਦਰ ਜਾਣ ਲਗੇ। ਸੱਜਨ ਬੋਲਿਆ — "ਮੈਂ......"

"ਆਓ, ਆਓ ਜੀ !" ਦਰੋਗਾ ਜੀ ਨੇ ਉਹਦਾ ਹੱਥ ਫੜ ਕੇ ਘਸੀਟਿਆ। ਫਾਟਕ ਦੇ ਅੰਦਰ ਇਕ ਛੋਟਾ ਜਿਹਾ ਅਹਾਤਾ ਹੈ, ਜਿਸ ਵਿਚ ਤਿੰਨ ਮਕਾਨ ਬਣੇ ਹੋਏ ਹਨ। ਮਾਸਟਰ ਜਗਦੰਬਾ ਸਹਾਇ ਦੇ ਵਡੇਰਿਆਂ ਦੀ ਸ਼ਾਨ ਇਸ ਵੇਲੇ ਮਿਟ ਰਹੀ ਹੈ। ਲਖ਼ੌਰੀ ਇੱਟਾਂ ਥਾਂ ਥਾਂ ਤੋਂ ਉਖੜਨ ਲਗੀਆਂ ਨੇ। ਸਾਹਮਣੇ ਘਰ, ਮਾਲਕ ਮਕਾਨ ਆਪ ਰਹਿੰਦਾ ਹੈ। ਪਹਿਲਾਂ ਮਹਿਰਾਬਦਾਰ ਬਰਾਮਦਾ, ਉਸ 'ਚ ਖੱਬੇ ਹੱਥ ਭਾਰੀ ਜੋੜੀ ਵਾਲਾ ਸਦਾਰ ਦਰਵਾਜ਼ਾ, ਸੱਜੀ ਬਾਹੀ ਵੱਡਾ ਹਾਲ ਬਣਿਆ ਹੋਇਆ ਸੀ।

ਬਰਾਮਦੇ 'ਚ ਪੁਲਸ, ਬਰੂਹਾਂ 'ਚ ਪੁਲਸ — ਘਰ ਪੁਲਸ ਦੇ ਹਵਾਲੇ ਸੀ। ਲੜਕੀ ਦੇ ਕਮਿਊਨਿਸਟ ਹੋਣ ਕਰਕੇ ਲਗਦੇ ਹੱਥ ਘਰ ਦੀ ਤਲਾਸ਼ੀ ਵੀ ਪੁਲਸ ਨੇ ਕਰ ਲਈ ਸੀ; ਕੋਈ ਖ਼ਾਸ ਚੀਜ਼ ਪੁਲਸ ਦੇ ਹੱਥ ਨਾ ਆਈ।

ਜਦ ਇਹ ਲੋਕ ਬੂਹਿਓਂ ਬਾਹਰ ਆ ਰਹੇ ਸਨ, ਓਸੇ ਸਮੇਂ ਪੁਲਸ ਮੈਨ ਅੰਦਰ ਗਿਆ। ਦਾਰੋਗਾ ਜੀ ਉਹਨੂੰ ਵੇਖ ਕੇ ਬਰਾਮਦੇ ਵਿਚ ਹੀ ਖੜੇ ਹੋ ਗਏ। ਕਾਂਸਟੇਬਲ ਨੇ ਕੋਲ ਆ ਕੇ ਸਲੂਟ ਕੀਤਾ ਅਤੇ ਕਿਹਾ — "ਕੋਤਵਾਲੀ ਨੂੰ ਵਾਇਰਲੈੱਸ ਕਰ ਦਿਤਾ ਏ, ਹਜ਼ੂਰ।"

"ਠੀਕ ਏ।" ਦਰੋਗਾ ਜੀ ਨੇ ਕਿਹਾ — "ਤੇ ਸੁਣੋ, ਕਿਤੋਂ ਦੋ ਕੁਰਸੀਆਂ ਲਿਆ ਕੇ ਧੁੱਪੇ ਡਾਹ ਦਿਓ।

ਸਿਪਾਹੀ ਹਾਲ 'ਚ ਚਲਾ ਗਿਆ। ਦਰੋਗਾ ਜੀ ਸੱਜਨ ਨੂੰ ਕਹਿਣ ਲਗੇ — "ਅੱਜ ਸਵੇਰ ਤੋਂ ਚਾਹ ਨਹੀਂ ਪੀਤੀ, ਯਕੀਨ ਕਰਨਾ। ਇਹ ਸਾਲੀ ਪੁਲਸ ਦੀ ਨੌਕਰੀ ਏ। ਸਵੇਰੇ ਉਠ ਕੇ ਪੇਪਰ ਵੇਖ ਰਿਹਾ ਸਾਂ — ਉਦੋਂ ਈ ਬਾਊ ਸਾਲਿਗਰਾਮ ਆ ਗਏ। ਉਹਨਾਂ ਕੁਝ ਇਲੈਕਸ਼ਨ ਦੇ ਮੁਆਮਲੇ 'ਚ ਗੱਲ ਕਰਨੀ ਸੀ। ਤਦੇ ਲਾਸ਼ ਦੀ ਰਿਪੋਰਟ ਆਈ। ਬਾਊ ਸਾਲਿਗਰਾਮ ਨੇ ਕਿਹਾ ਸ਼ੱਕ 'ਚ ਜਗਦੰਬਾ ਸਹਾਇ ਦਾ ਘਰ ਘੇਰ ਲਓ। ਉਹਨਾਂ ਦਾ ਖ਼ਿਆਲ ਸੀ ਕਿ ਇਸ ਘਰ 'ਚ ਕਮਿਊਨਿਸਟਾਂ ਦਾ ਪ੍ਰਾਪੇਗੰਡਾ ਮੈਟੀਰੀਅਲ ਵਗ਼ੈਰਾ ਹੋਏਗਾ। ਫਿਰ ਤਾ ਤੁਸੀਂ ਸਮਝ ਸਕਦੇ ਓ, ਕਿਥੇ ਚਾਹ ਤੇ ਕਿਥੇ ਨਾਸ਼ਤਾ।"

ਕੁਰਸੀਆਂ ਆ ਗਈਆਂ, ਬਹਿੰਦਿਆਂ ਹੋਇਆਂ ਜੇਬ 'ਚੋਂ ਸੱਜਨ ਨੇ ਸਿਗਰਟ ਕੇਸ ਕੱਢਿਆ। ਹਾਥੀ ਦੰਦ ਦਾ ਇਹ ਗੋਪੁਰਮ ਸ਼ਕਲ ਦਾ ਸਿਗਰਟ ਕੇਸ ਮੈਸੂਰ 'ਚੋਂ ਖ਼ਾਸ ਤੌਰ ਤੇ ਉਹਦੇ ਆਰਡਰ ਅਨੁਸਾਰ ਤਿਆਰ ਹੋ ਕੇ ਆਇਆ ਸੀ। ਵਿਚਕਾਹੇ ਨਟਰਾਜ ਦੀ

ਬੜੀ ਸੁੰਦਰ ਮੂਰਤੀ ਸੀ। ਸੱਜਨ ਦੇ ਸਿਗਰਟ ਕੇਸ ਕਢਦਿਆਂ ਹੀ, ਸ਼ੁਕਲਾ ਜੀ ਨੇ ਉਹਨੂੰ ਆਪਣੇ ਹੱਥ 'ਚ ਲੈ ਲਿਆ। ਕੁਝ ਦੇਰ ਵੇਖਣ ਪਿਛੋਂ, ਸਿਗਰਟ ਕੇਸ ਸੱਜਨ ਵਲ ਕਰਦੇ ਬੋਲੇ — "ਉਹ ਕੀ ਏ ਮੈਥਲੀਸ਼ਰਣ ਗੁਪਤ ਦੀ ਲਾਈਨ — ਹਾਈ ਸਕੂਲ ਵਿਚ ਪੜ੍ਹੀ ਸੀ ਕਿ "ਪਾਈ ਤੁਮਹੀ ਸੇ ਵਸਤੂ ਵੋਹ ਤੁਮਹੇਂ ਅਰਪਣ ਕਰੂੰ ?"

ਸੱਜਨ ਨੇ ਇਕ ਸਿਗਰਟ ਕੱਢੀ, ਅਤੇ ਜੇਬ 'ਚੋਂ ਸਿਗਰਟ ਲਾਈਟਰ। ਸ਼ੁਕਲਾ ਜੀ ਨੇ ਆਪਣੇ ਲਈ ਇਕ ਸਿਗਰਟ ਕੱਢ, ਕੇਸ ਬੰਦ ਕਰਦੇ ਹੋਏ ਉਹਦੀ ਨੱਕਾਸ਼ੀ ਨੂੰ ਚੰਗੀ ਤਰ੍ਹਾਂ ਵੇਖ ਕੇ ਕਿਹਾ -- "ਤੁਸੀਂ ਆਰਟਿਸਟ ਲੋਕ ਪਤਾ ਨਹੀਂ ਕਿਥੋਂ ਕਿਥੋਂ ਚੰਗੀਆਂ ਚੀਜ਼ਾਂ ਬਟੋਰ ਲੈਂਦੇ ਓ।"

"ਜੀ ਜਿਹਨੂੰ ਜਿਹੜਾ ਫ਼ਿਕਰ ਹੋਏ ਉਹਨੂੰ ਉਹੋ ਚੀਜ਼ ਮਿਲ ਜਾਂਦੀ ਏ!" ਸਿਗਰਟ ਬਾਲਦਿਆਂ ਸੱਜਨ ਨੇ ਕਿਹਾ।

ਸ਼ੁਕਲਾ ਜੀ ਨੇ ਬੂਹੇ ਕੋਲ਼ ਖੜੋਤੇ ਕਾਂਸਟੇਬਲ ਨੂੰ ਆਵਾਜ਼ ਦਿਤੀ।

"ਸ਼ੇਰ ਅਲੀ!"

"ਜੀ ਹਜ਼ੂਰ।" ਸ਼ੇਰ ਅਲੀ ਕੋਲ ਆਇਆ।

"ਜ਼ਰਾ ਅੰਦਰ ਵੇਖੀਂ ਖਾਂ ਯਾਰ — ਉਹ ਸਾਲੀ ਮਰੀ ਕਿ ਨਹੀਂ।"

ਸ਼ੇਰ ਅਲੀ ਚਲਾ ਗਿਆ। ਸੱਜਨ ਬੋਲਿਆ — "ਪੁਲਸ ਦੇ ਪੇਸ਼ੇ ਵਿਚ ਆਦਮੀ ਦੀ ਜ਼ਮੀਰ ਮਰ ਜਾਂਦੀ ਏ।"

"ਜੀ, ਕੀ ਕਰੀਏ ? ਰੋਜ਼ ਏਹੋ ਜਿਹੇ ਤਮਾਸ਼ੇ ਵੇਖਣੇ ਪੈਂਦੇ ਨੇ। ਕਦੀ ਕਦੀ ਤੇ ਸੱਚ ਮੰਨਣਾ ਸੱਜਨ ਸਾਹਿਬ, ਇਸ ਪੁਲਸ ਪੇਸ਼ੇ ਵਿਚ ਰਹਿ ਕੇ ਵਿਸ਼ਵਾਸ ਹੋਣ ਲਗ ਪੈਂਦਾ ਏ ਕਿ ਇਨਸਾਨੀਅਤ ਉਨਸਾਨੀਅਤ ਕੋਈ ਚੀਜ਼ ਨਹੀਂ। ਪੁਲਸ ਦਾ ਰੋਜ਼ਨਾਮਚਾ ਚੁਕ ਕੇ ਵੇਖੋ, ਪਤਾ ਲਗਦਾ ਏ ਸੱਚ ਤਾਂ ਇਹ ਹੈ; ਬਾਕੀ ਦੇ ਸਭ ਮੰਦਰ-ਮਸਜ਼ਿਦ, ਧਰਮ-ਕਰਮ — ਇਹ ਸਭ ਚੰਗੀਆਂ ਗੱਲਾਂ, ਤੇ ਤੁਹਾਡਾ ਇਹ ਆਰਟ ਕਲਚਰ ਸਭ ਢੋਂਗ ਨੇ। ਹਜਾਰਾਂ ਵਰ੍ਹਿਆਂ 'ਚ ਵੀ ਇਹ ਖ਼ੂਬੀਆਂ ਆਦਮੀ ਤੇ ਕੋਈ ਅਸਰ ਨਾ ਕਰ ਸਕੀਆਂ।......ਹਾਂ ਕੀ ਏ ?"

ਸ਼ੇਰਅਲੀ ਦਾਰੋਗਾ ਜੀ ਨੂੰ ਗੱਲ ਕਰਦਿਆਂ ਵੇਖ ਅੰਦਰ ਆ ਕੇ ਖਲੋ ਗਿਆ ਸੀ। ਦਾਰੋਗਾ ਜੀ ਦੇ ਪੁੱਛਣ ਤੇ ਬੋਲਿਆ — "ਹਜ਼ੂਰ ਡਾਕਟਰ ਸਾਹਿਬ ਕਹਿੰਦੇ ਨੇ ਕਿ ਅਜੇ ਕੁਝ ਨਹੀਂ ਕਿਹਾ ਜਾ ਸਕਦਾ।"

"ਮਾਰ ਦਿਤਾ ਏ ਸਾਲੀ ਨੇ। ਅੱਜ ਭੁੱਖਿਆਂ ਵੀ ਰਖੇਗੀ ਬੱਚੂ।"

"ਤੁਹਾਨੂੰ ਗਾਲ੍ਹਾਂ ਦੇਣ ਦਾ ਹੱਕ ਕਿਹਨੇ ਦਿਤਾ ਏ ?" ਪਿਛੇ ਹਾਲ ਦੇ ਬੂਹੇ 'ਚ ਖੜੀ ਗੋਰੀ ਜਿਹੀ ਮੁਟਿਆਰ ਨੇ ਪੁੱਛਿਆ।

ਸ਼ੁਕਲਾ ਜੀ ਨੇ ਤਿਊੜੀ ਪਾ ਕੇ ਇਸ ਤਰ੍ਹਾਂ ਪਿਛਾਂਹ ਮੁੜ ਕੇ ਵੇਖਿਆ ਜਿਵੇਂ ਉਹਨਾਂ

ਦੇ ਅਧਿਕਾਰਾਂ ਤੇ ਹਮਲਾ ਹੋਇਆ ਹੋਏ। ਸੱਜਨ ਦੀ ਕੁਰਸੀ ਨੂੰ ਉਸ ਜ਼ਨਾਨੇ ਚਿਹਰੇ ਦਾ ਸਾਹਮਣ ਹੁੰਦਾ ਸੀ। ਸੱਜਨ ਨੇ ਅਕਸਰ ਇਸ ਚਿਹਰੇ ਨੂੰ ਵੇਖਿਆ ਸੀ। ਇਕ ਅੱਧ ਵਾਰ ਕਿਤੇ ਦੋਹ ਚੌਂਹ ਦੇ ਇਕੱਠ ਵਿਚ ਗੱਲ ਕਰਨ ਦਾ ਵੀ ਚੇਤਾ ਆਇਆ, ਪਰ ਉਹ ਉਹਨੂੰ ਜਾਣਦਾ ਨਹੀਂ ਸੀ। ਉਸ ਮੁਟਿਆਰ ਦੇ ਗੋਲ ਚਿਹਰੇ ਅਤੇ ਵੱਡੀਆਂ ਵੱਡੀਆਂ ਅੱਖਾਂ ਵਿਚ ਜੋਸ਼ ਦੀ ਚਮਕ ਸੀ।

ਦਰੋਗਾ ਜੀ ਮੁਸਕਰਾ ਕੇ ਬੋਲੇ — "ਕੀ ਕਰੀਏ ਜੀ, ਸਾਡਾ ਪਹਿਲਾ ਅਫ਼ਸਰ ਅੰਗ੍ਰੇਜ਼ ਜੁ ਸੀ ਉਹ ਵੀ ਗਾਲ੍ਹਾਂ ਕੱਢਦਾ ਸੀ, ਤੇ ਇਹ ਨਵੇਂ ਕਾਂਗਰਸ ਮਾਲਕ ਵੀ ਦੇਂਦੇ ਨੇ। ਜਦ ਕਦੇ ਤੁਸਾਂ ਕਮਿਊਨਿਸਟ ਲੋਕਾਂ ਦਾ ਰਾਜ ਆਏਗਾ ਤਾਂ ਸ਼ਾਇਦ ਗਾਲ੍ਹਾਂ ਛੁੱਟ ਜਾਣ।"

ਉਹ ਮੁਟਿਆਰ ਸੱਜਨ ਵਲ ਜਾਣਕਾਰਾਂ ਵਾਂਗ ਵੇਂਹਦੀ, ਘੂਰਦੀ ਹੋਈ ਤੇ ਫਿਰ ਦਾਰੋਗਾ ਜੀ ਨੂੰ ਇਹ ਕਹਿੰਦੀ ਹੋਈ ਅੰਦਰ ਚਲੀ ਗਈ — "ਉਦੋਂ ਤੁਹਾਨੂੰ ਲੋਕਾਂ ਨੂੰ ਮਾਰ ਮਾਰ ਕੇ ਇਹ ਆਦਤ ਛੁਡਾਈ ਜਾਏਗੀ।

ਦਾਰੋਗਾ ਜੀ ਚੜ੍ਹ ਰਹੇ ਗ਼ੁੱਸੇ ਦੀ ਲਗਾਮ ਖਿੱਚ ਕੇ ਸੱਜਨ ਵਲ ਵੇਖ ਕੇ ਮੁਸਕਰਾਉਂਦੇ ਹੋਏ ਜ਼ੋਰ ਨਾਲ ਬੋਲੇ — "ਜੀ, ਏਸੇ ਲਈ ਤਾਂ ਅਸੀਂ ਕਮਿਊਨਿਸਟਾਂ ਦਾ ਰਾਜ ਆਉਣ ਨਹੀਂ ਦੇਣਾ, ਕਿਉਂ ਸਾਹਬ ?'

ਸੱਜਨ ਹੌਲੀ ਜਿਹੀ ਬੋਲਿਆ — "ਇਹ ਗਾਲ੍ਹਾਂ ਦੀ ਆਦਤ ਤਾਂ ਮਾਫ਼ ਕਰਨਾ ਮੈਨੂੰ ਵੀ ਬੁਰੀ ਲਗਦੀ ਏ।"

"ਹਾਂ, ਖ਼ੈਰ ਬੁਰੀ ਤਾ ਹੈ ਈ। ਪਰ ਕੀ ਕਰੀਏ ਸਾਹਬ, ਇਹ ਪੁਲਸ ਦਾ ਮਹਿਕਮਾ ਗਾਲ੍ਹਾਂ ਬਗ਼ੈਰ ਕੰਮ ਹੀ ਨਹੀਂ ਕਰ ਸਕਦਾ।"

ਬਾਹਰੋਂ ਕਾਂਸਟੇਬਲ ਨੇ ਆ ਕੇ ਕਿਹਾ — "ਹਸਪਤਾਲ ਦੀ ਗੱਡੀ ਆ ਗਈ ਏ, ਹਜ਼ੂਰ !"

ਦਰੋਗਾ ਬੋਲਿਆ — "ਆ ਗਈ ਤਾਂ ਕੀ ਕਰਾਂ ? ਡਾਕਟਰ ਸਾਹਿਬ ਨੂੰ ਪੁੱਛ, ਮਰੀਜ਼ ਲੈ ਜਾਣ ਕਾਬਲ ਏ ? ਜਾਂ ਠਹਿਰ, ਮੈਂ ਈ ਉਹਨਾਂ ਨਾਲ ਗੱਲ ਕਰ ਆਉਂਦਾ ਹਾਂ। ਤੁਸੀਂ ਸੱਜਨ ਸਾਹਿਬ ਏਥੇ ਈ ਬੈਠਣਾ !"

"ਜੀ ਹਾਂ ! ਮੈਂ ਬੈਠਾ ਹੋਇਆ ਹਾਂ — ਸਗੋਂ ਚਲਾਂਗਾ।"

"ਜੀ ਠਹਿਰੋ ! ਬਸ ਮੈਂ ਹੁਣੇ ਆਇਆ।"

ਦਾਰੋਗਾ ਜੀ ਅੰਦਰ ਚਲੇ ਗਏ, ਕਾਂਸਟੇਬਲ ਵੀ ਉਹਨਾਂ ਦੇ ਪਿਛੇ ਪਿਛੇ ਗਿਆ।

ਸੱਜਨ ਨੇ ਜੇਬ 'ਚੋਂ ਸਿਗਰਟ ਕੇਸ ਕੱਢਿਆ। ਉਹ ਸੋਚ ਰਿਹਾ ਸੀ, ਵਾਧੂ ਦੀ ਖੇਚਲ 'ਚ ਫਸ ਗਿਆ। ਫਿਰ ਧਿਆਨ ਗਿਆ ਕਿ ਮਰੀਜ਼ ਔਰਤ ਕਿਹੋ ਜਿਹੀ ਹੋਏਗੀ ? ਉਹਨੂੰ ਅੱਗ ਲਾਉਣ ਲਗਿਆਂ ਜ਼ਰਾ ਵੀ ਝਿਜਕ ਨਾ ਆਈ ਹੋਏਗੀ ?

ਉਫ਼, ਕਿੰਨੀ ਬੁਰੀ ਮੌਤ ਏ ? ਕਲਪਨਾ ਨਾਲ ਸੱਜਨ ਦੇ ਰੌਂਗਟੇ ਕੰਬ ਗਏ ।

ਗੋਰੀ ਮੁਟਿਆਰ ਫਿਰ ਆਈ । ਆ ਕੇ ਖ਼ਾਲੀ ਕੁਰਸੀ ਕੋਲ ਖੜੀ ਹੋ ਗਈ । ਸੱਜਨ ਸਭਯ ਮੂਰਤੀ ਬਣ ਕੇ ਖੜਾ ਹੋ ਗਿਆ — "ਆਓ ।"

"ਤੁਸੀਂ ਏਥੇ ਕੀ ਕਰਨ ਆਏ ?"

ਅੰਗ੍ਰੇਜ਼ੀ ਵਿਚ ਪੁੱਛੇ ਗਏ ਰੁੱਖ਼ੇ ਸਵਾਲ ਨਾਲ ਸੱਜਨ ਤ੍ਰਭਕ ਗਿਆ । ਮੁਟਿਆਰ ਨੇ ਉਹਦਾ ਜਵਾਬ ਮਿਲਣ ਤੋਂ ਪਹਿਲਾਂ ਈ ਫਿਰ ਸਵਾਲ ਕੀਤਾ — "ਤੁਹਾਡਾ ਪੁਲਸ ਵਾਲਿਆਂ ਨਾਲ ਮੇਲ ਕਦੋਂ ਦਾ ਹੋਣ ਲਗ ਪਿਆ ? ਮਾਫ਼ ਕਰਨਾ, ਮੈਂ ਬਹੁਤ ਬਲੰਦ ਸਵਾਲ ਪੁੱਛ ਰਹੀ ਹਾਂ ।"

ਸੱਜਨ ਨੇ ਗੰਭੀਰ ਆਵਾਜ਼ 'ਚ ਉੱਤਰ ਦਿਤਾ — "ਬਾਕੀ ਸਭ ਲੋਕਾਂ ਵਾਂਗ ਖ਼ਬਰ ਸੁਣ ਕੇ ਆਇਆ ਸਾਂ । ਇਹ ਮਿਸਟਰ ਸ਼ੁਕਲਾ ਮੈਨੂੰ ਅੰਦਰ ਲੈ ਆਏ — ਮੇਰੀ ਇਹਨਾਂ ਨਾਲ ਜਾਣ ਪਛਾਣ ਹੈ ।"

"ਤਾਂ ਪੁਲਸ ਦੀ ਜਾਣ ਪਛਾਣ ਨਾਲ ਤੁਸੀਂ ਵੀ ਕਿਸੇ ਦੀ ਮਜਬੂਰੀ ਦਾ ਫ਼ਾਇਦਾ ਉਠਾਓਗੇ ?" ਆਵਾਜ਼ ਜ਼ਿਆਦਾ ਰੁੱਖੀ ਤਿੱਖੀ ਸੀ ।

ਸੱਜਨ ਨੇ ਸਿਰ ਨਿਵਾਂ ਲਿਆ, ਫਿਰ ਕਿਹਾ — "ਮੈਥੋਂ ਗ਼ਲਤੀ ਹੋ ਗਈ, ਮਾਫ਼ ਕਰਨਾ । ਮੈਂ ਜਾਂਦਾ ਹਾਂ ।"

"ਮੈਂ ਤੁਹਾਨੂੰ ਜਾਣ ਲਈ ਨਹੀਂ ਕਹਿੰਦੀ" — ਮੁਟਿਆਰ ਦਾ ਬੋਲ ਪਹਿਲਾਂ ਨਾਲੋਂ ਮੱਧਮ ਸੀ — "ਕਿਸੇ ਹੋਰ ਸਮੇਂ ਆਉਂਦੇ ਤਾਂ ਆਪਣਾ ਸੁਭਾਗ ਸਮਝਦੀ । ਕੀ ਤੁਸੀਂ ਜਾਣਦੇ ਹੋ ਕਿ ਅਪਰਾਧੀ ਮੇਰੇ ਪਿਤਾ ਤੇ ਭਾਬੀ ਹਨ ।"

"ਇਹ ਮੈਂ ਨਹੀਂ ਜਾਣਦਾ ਸਾਂ । ਅਸਲ 'ਚ, ਜੇਕਰ ਤੁਸੀਂ ਬੁਰਾ ਨਾ ਮੰਨੋ ਤਾਂ ਮੈਂ ਤੁਹਾਨੂੰ ਵੀ ਨਹੀਂ ਜਾਣਦਾ । ਉਂਜ ਵੇਖਿਆ ਏ ਕਈ ਵਾਰ । ਤੁਸੀਂ ਸ਼ਾਇਦ ਕਮਿਊਨਿਸਟ ਪਾਰਟੀ ਦੇ ਕੰਮ ਕਰਦੇ ਹੋ ।"

"ਜੀ ਨਹੀਂ । ਮੈਂ ਕਮਿਊਨਿਸਟ ਨਹੀਂ । ਪਰ ਮੇਰਾ ਪਾਰਟੀ ਵਾਲਿਆਂ ਨਾਲ ਸੰਬੰਧ ਹੈ ।" ਮੁਟਿਆਰ ਨੇ ਉੱਤਰ ਦਿਤਾ ।

"ਤੁਹਾਨੂੰ ਸ਼ਾਇਦ ਇਹ ਨਹੀਂ ਪਤਾ ਕਿ ਤੁਹਾਡੇ ਘਰ ਤੇ ਤੁਹਾਡੇ ਕਰਕੇ ਹੀ ਆਫ਼ਤ ਆਈ ਏ ?" ਸੱਜਨ ਨੇ ਕਿਹਾ ।

ਮੁਟਿਆਰ ਉਹਦਾ ਮੂੰਹ ਵੇਖਣ ਲਗੀ । ਸੱਜਨ ਨੇ ਕਿਹਾ — "ਤੁਹਾਡੇ ਏਥੇ ਕਮਿਊਨਿਸਟ ਪਾਰਟੀ ਦੇ ਲੋਕ ਇਕੱਠੇ ਹੁੰਦੇ ਨੇ । ਇਸੇ ਲਈ ਨਿਗਰਾਨੀ ਹੁੰਦੀ ਸੀ, ਜਿਸ ਨਾਲ ਤੁਹਾਡੇ ਘਰ ਦਾ ਅਪਰਾਧ......"

"ਅਪਰਾਧ ਕਿਹਦਾ ? ਮੇਰੇ ਪਿਤਾ ਜਾਂ ਭਾਬੀ ਦਾ ?"

ਪ੍ਰਸ਼ਨ ਸੁਣ ਕੇ ਸੱਜਨ ਇਕ ਦਮ ਰੁਕਿਆ, ਫਿਰ ਬੋਲਿਆ — "ਦੋਵਾਂ ਦਾ ਹੈ । ਪਰ

ਕਿਉਂਕਿ ਤੁਹਾਡੀ ਭਾਬੀ ਇਸ ਵੇਲੇ......"

"ਉਹ ਮੇਰੇ ਪਿਤਾ ਦੇ ਅਪਰਾਧ ਦਾ ਫਲ ਪਾ ਰਹੀ ਏ ?" ਆਖ ਕੇ ਮੁਟਿਆਰ ਜਾਣ ਲਗੀ। ਫਿਰ ਕੁਝ ਸੋਚਿਆ, ਪੁੱਛਿਆ — "ਭਾਬੀ ਦਾ ਅਪਰਾਧ ਕੀ ਸੀ ? ਭਰੀ ਜਵਾਨੀ 'ਚ ਵਿਧਵਾ ਹੋਣਾ ਜਾ ਮਾਂ ਬਣਨਾ ?"

ਸੱਜਨ ਨੇ ਮਹਿਸੂਸ ਕੀਤਾ ਕਿ ਉਹ ਮੁਟਿਆਰ ਜਜ਼ਬਾਤੀ ਹੋ ਗਈ ਹੈ, ਹੋਰ ਕਿਸੇ ਨਾ ਕਿਸੇ ਰੂਪ ਵਿਚ ਉਛਲਣਾ ਚਾਹੁੰਦੀ ਏ, ਉਹਨੂੰ ਧੀਰਜ ਦੇਣ ਲਈ ਸੱਜਨ ਨੇ ਮਿੱਠਾ ਬਣ ਕੇ ਕਿਹਾ —

"ਉਹ ਇਸ ਲਈ ਮੇਰੀਆਂ ਨਜ਼ਰਾਂ 'ਚ ਗੁਨਾਹਗਾਰ ਨਹੀਂ ! ਹਾਂ, ਬੱਚੇ ਦੀ ਹੱਤਿਆ ਨੂੰ ਮੈਂ ਜ਼ਰੂਰ......"

"ਉਹ ਮੇਰੇ ਬਾਪ ਨੇ ਕੀਤੀ ਹੈ। ਉਹਨਾਂ ਮੇਰੀ ਭਾਬੀ ਨਾਲ ਹਰ ਤਰ੍ਹਾਂ ਦੀ ਜਬਰਦਸਤੀ ਕੀਤੀ ਹੈ। ਮੈਂ ਜਾਣਦੀ ਹਾ, ਮੈਂ ਕਹਿੰਦੀ ਹਾ।"

ਮੁਟਿਆਰ ਦਾ ਗੋਰਾ ਚਿਹਰਾ ਫਿਰ ਜਜ਼ਬਾਤ ਨਾਲ ਭੱਖ ਉਠਿਆ, ਫਿਰ ਜਾਣ ਲਈ ਪੈਰ ਪੁੱਛਿਆ, ਫਿਰ ਅਟਕੀ ਅਤੇ ਕਿਹਾ — ਜਿਵੇਂ ਆਪਣੇ ਆਪ ਨੂੰ ਕਿਹਾ ਹੋਏ — "ਭਾਬੀ ਦਾ ਅਪਰਾਧ ਏਨਾ ਈ ਏ ਕਿ ਉਹ ਔਰਤ ਹੈ, ਤੇ ਏਕਨਾਮੀਕਲੀ (ਆਰਥਿਕ ਦ੍ਰਿਸ਼ਟੀ ਤੋਂ) ਫ਼੍ਰੀ ਨਹੀਂ।"

ਜ਼ਮੀਨ ਵਲ ਨਜ਼ਰ ਕੀਤੀ ਮੁਟਿਆਰ ਖੜੀ ਰਹੀ। ਸੱਜਨ ਚੁੱਪ ਹੋ ਕੇ ਉਹਨੂੰ ਵੇਖਦਾ ਰਿਹਾ, ਉਹਦੇ ਮਨ ਵਿਚ ਅਣਵੇਖੀ ਸਜ਼ਾ ਲਈ ਹਮਦਰਦੀ ਉਮਡ ਰਹੀ ਸੀ, ਉਹੋ ਹਮਦਰਦੀ ਉਹ ਆਖਣ ਵਾਲੀ ਦੇ ਸੜਦੇ ਦਿਲ ਨੂੰ ਉਹ ਭੇਟ ਕਰ ਰਿਹਾ ਸੀ। ਮੁਟਿਆਰ ਦੇ ਉਲਝੇ ਘੁੰਗਰਾਲੇ ਵਾਲ, ਦਰਦ ਨਾਲ ਏਕਾਗਰ ਵੱਡੀਆਂ ਵੱਡੀਆ ਅੱਖਾਂ ਦੀਆਂ ਪੁਤਲੀਆਂ ਜਜ਼ਬਾਤ ਨਾਲ ਭੱਖਦਾ ਹੋਇਆ ਖ਼ੂਬਸੂਰਤ ਗੋਰਾ ਚਿਹਰਾ ਪੀੜਤ ਨਜ਼ਰਾਂ ਨਾਲ ਵੇਂਹਦਿਆਂ ਵੇਂਹਦਿਆਂ ਅਚਾਨਕ ਸੱਜਨ ਦੇ ਜੀਅ 'ਚ ਆਇਆ ਕਿ ਉਹਨੂੰ ਪਿਆਰ ਕਰ ਲਏ। ਦੂਜੇ ਪਲ ਈ ਉਹਨੂੰ ਆਪਣੇ ਆਪ ਤੇ ਬੜੀ ਸ਼ਰਮ ਆਈ, ਬੜਾ ਗ਼ੁੱਸਾ ਆਇਆ। ਉਹਨੇ ਨਜ਼ਰਾਂ ਨੀਵੀਂਆਂ ਕਰ ਲਈਆਂ।

"ਤੁਸੀਂ ਇਕ ਮੇਹਰਬਾਨੀ ਕਰੋਗੇ ? ਪੁਲਸ ਵਾਲਿਆਂ ਨੂੰ ਆਖੋ ਕਿ ਛੇਤੀ ਹੀ ਏਥੋਂ ਚਲੇ ਜਾਣ। ਸਾਨੂੰ ਲੋਕਾਂ ਨੂੰ ਫੁੱਟ ਫੁੱਟ ਕੇ ਰੋਣ ਦੀ ਵੀ ਵਿਹਲ ਨਹੀਂ ਮਿਲ ਰਹੀ।"

ਵੱਡੀਆਂ ਵੱਡੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ, ਹੋਠ ਤੇ ਨਾਸਾਂ ਕੰਬ ਰਹੇ ਸਨ। ਸੱਜਨ ਨੇ ਵੇਖਿਆ, ਅਤੇ ਝੱਟ ਨਜ਼ਰਾਂ ਨੀਂਵੀਆਂ ਕਰ ਲਈਆਂ। "ਛੀ ਨਾਰੀ ਬਸ ਭੋਗ ਦੀ ਹੀ ਚੀਜ਼ ਹੈ ?"

ਉਹਨੇ ਆਪਣੇ ਆਪ ਨੂੰ ਪ੍ਰਸ਼ਨ ਕੀਤਾ। ਮੁਟਿਆਰ ਕਾਹਲੀ ਨਾਲ ਹਾਲ 'ਚ ਚਲੀ ਗਈ।

7

"ਇਹ ਆਲ ਇੰਡੀਆ ਰੇਡੀਓ ਲਖਨਊ, ਇਲਾਹਬਾਦ, ਪਟਨਾ ਹੈ। ਤੁਹਾਡੀ ਪਸੰਦ ਦੇ ਫ਼ਿਲਮੀ ਰੀਕਾਰਡਾਂ ਦਾ ਪ੍ਰੋਗਰਾਮ ਸਮਾਪਤ......"

ਤਾਰਾ ਨੇ ਉਠ ਕੇ ਰੇਡੀਓ ਦੀ ਸੂਈ ਲਾਹੌਰ ਤੇ ਲਾ ਦਿੱਤੀ।

"ਛਮ ਛਮ ਛਮ ਬਾਜੇ ਪਾਇਲ ਮੋਰੀ।
ਆ ਜਾ ਚੋਰੀ ਚੋਰੀ, ਆ ਜਾ ਚੋਰੀ ਚੋਰੀ।"

ਹਿੰਦੁਸਤਾਨ ਦੀ ਟੁੱਟੀ ਹੋਈ ਤਾਰ ਪਾਕਿਸਤਾਨ ਦੇ ਫ਼ਿਲਮੀ ਪ੍ਰੋਗਰਾਮ ਨੇ ਜੋੜ ਦਿੱਤੀ, ਸੁਣਨ ਵਾਲਿਆਂ ਫਿਰ ਇਕ ਤਾਜ਼ਗੀ ਮਹਿਸੂਸ ਕੀਤੀ।

ਤਾਰਾ ਫਿਰ ਪਲੰਘ ਤੇ ਢੋਹ ਲਾ ਕੇ ਬਹਿ ਗਈ। ਛੋਟੀ ਪੈਂਦ ਵਲ, ਹਥੇਲੀ ਤੇ ਸਿਰ ਟਿਕਾ ਕੇ ਲੇਟੀ ਹੋਈ ਸੀ। ਵੱਡੀ ਨੇ ਕਾਰਪੈੱਟ ਦੀ ਆਰਾਮ ਕੁਰਸੀ ਨੂੰ ਪਲੰਘ ਨਾਲ ਲਾ ਕੇ ਉਹਦੇ ਤੇ ਆਸਣ ਜਮਾਇਆ ਹੋਇਆ ਸੀ। ਤਾਰਾ ਦੇ ਆ ਕੇ ਬਹਿੰਦਿਆਂ ਈ ਛੋਟੀ ਨੇ ਹੋ ਰਹੀ ਗੱਲ ਦੀ ਤੰਦ ਫਿਰ ਛੋਹੀ ਆਖਣ ਲੱਗੀ — "ਮੈਂ ਨੰਦੋ ਬੀਬੀ ਦੇ ਹਸਬੈਂਡ ਨੂੰ ਵੇਖਿਆ ਏ। ਮੇਰੀ ਮਾਸੀ ਦੀ ਜਠਾਣੀ ਦੀ ਭਤੀਜੀ ਨਾਲ ਉਹਦੀ ਦੂਸਰੀ ਸ਼ਾਦੀ ਹੋਈ ਏ। ਜ਼ਰਾ ਪੁਰਾਣੀ ਚਾਲ ਦਾ ਆਦਮੀ ਏ, ਪਰ ਭਰਾ ਬੜੇ ਸ਼ਰੀਫ਼ ਨੇ। ਵੇਖਣ ਵਿਚ ਵੀ ਆਪਣੇ ਚੰਗੇ ਨੇ।"

"ਨੀ ਇਹਦੇ ਲਈ ਤਾਂ ਸਾਖਸ਼ਾਤ ਕਾਮਦੇਵ ਆ ਜਾਏ ਤਾਂ ਵੀ ਕੁਝ ਨਹੀਂ। ਚੁੜੇਲ ਏ ਚੁੜੇਲ। ਐ! ਤੈਨੂੰ ਇਕ ਗੱਲ ਤਾਂ ਦੱਸੀ ਨਹੀਂ।" ਬਿਜਲੀ ਵਰਗੀ ਫ਼ੁਰਤੀ ਨਾਲ ਆਰਾਮ ਕੁਰਸੀ ਛੱਡ ਕੇ ਵੱਡੀ ਪਲੰਘ ਤੇ ਆ ਗਈ। ਵੱਡੀ ਦੀ ਆਵਾਜ਼ ਅਤੇ ਫ਼ੁਰਤੀ ਦੇ ਅਸਰ ਨਾਲ ਲੇਟੀ ਹੋਈ ਛੋਟੀ ਗੁਦਗੁਦੀ ਭਰੀ ਜਲੂਣ ਲਈ ਉਠ ਬੈਠੀ।

ਨਾਰੀ ਦੀ ਦੇਹ ਦੀ ਸੁੰਦਰਤਾ ਨੂੰ ਕਰੂਪ ਕਰਕੇ ਵੀ ਸੁੰਦਰਤਾ ਸਿਰਜਣਾ ਨਾਲ ਉਹਦਾ ਸਰੀਰ ਸਜਾਉਣ ਵਾਲੀ ਸੁਹਾਗਣ ਤਾਰਾ ਦੀ ਦੇਹ ਤੇ ਚੜ੍ਹੇ ਹੋਏ ਅੱਠ ਮਹੀਨੇ ਜਿਸ ਹੱਦ ਤਕ ਉਹਨੂੰ ਆਪਣੇ ਪੈਰ ਸੁੰਗੋੜ ਲੈਣ ਦੀ ਇਜਾਜ਼ਤ ਦੇ ਸਕਦੇ ਸਨ, ਉਸ ਹੱਦ ਤਕ ਉਹ ਵੀ ਸਿੱਧੀ ਤੁਕ ਬੈਠ ਕੇ ਆਪਣੀ ਉਤਸੁਕਤਾ ਵਿਖਾਉਣ ਲਗੀ।

ਵੱਡੀ ਖੱਬੇ ਪੈਰ ਨਾਲ ਪਲਥਾ ਮਾਰ ਅਤੇ ਸਜਾ ਗੋਡਾ ਸਮੇਟ ਕੇ ਉਹਦੇ ਆਸਰੇ ਹੱਥ ਟਿਕਾਉਂਦੀ ਉਂਗਲਾਂ ਨਚਾਉਂਦੀ 'ਚੁੱਪ-ਚੁੱਪ' ਕਹਿੰਦੀ ਬੋਲੀ — "ਨੰਦੋ ਬੀਬੀ ਦੇ ਸੰਦੂਕ 'ਚੋਂ ਫ਼ੋਟੋਆਂ ਮਿਲੀਆਂ ਨੇ, ਪੂਰੀਆਂ ਇਕ ਦਰਜਨ, ਸੈੱਟ ਦਾ ਸੈੱਟ।"

"ਨੀ ਕੇਹੋ ਜਿਹੀਆਂ ਫ਼ੋਟੋ?" ਛੋਟੀ ਦੀ ਗੱਲ ਜਾਣਨ ਦੀ ਕਾਹਲ ਉਹਦੇ ਚਿਹਰੇ ਤੇ ਭੇਦ ਨਾਲ ਤਰਲੋ ਮੱਛੀ ਹੋ ਰਹੀ ਸੀ। ਤਾਰਾ ਦੀਆਂ ਅੱਖਾਂ ਵਿਚ ਵੀ ਬੁਝਾਰਤ ਚਮਕ ਰਹੀ ਸੀ।

ਵੱਡੀ ਨੇ ਓਸੇ ਲਹਿਜੇ ਵਿਚ ਕਿਹਾ — "ਨੀਂ ਜਿਹੜੀਆਂ ਭੈੜੀਆਂ ਭੈੜੀਆਂ ਫ਼ੋਟੋਆਂ ਆਉਂਦੀਆਂ ਨਹੀਂ ਬਾਜ਼ਾਰ ਵਿਚ .. ..ਹਾਏ, ਮੇਰਾ ਤੇ ਬੜਾ ਜੀਅ ਖ਼ਰਾਬ ਹੁੰਦਾ ਏ ਉਹਨਾਂ ਨੂੰ ਵੇਖ ਵੇਖ ਕੇ।" ਵੱਡੀ ਦੀ ਜ਼ਬਾਨ ਵਿਚ ਫੁਲਝੜੀ ਚਲ ਗਈ, ਦੇਹ ਵਿਚ ਰਸ ਦੀ ਲਹਿਰ ਦੌੜ ਗਈ, ਅਤੇ ਅੱਖਾਂ ਵਿਚ ਨਸ਼ਾ ਆ ਗਿਆ।

ਤਾਰਾ ਨੇ ਪੁੱਛਿਆ — "ਤੂੰ ਵੇਖੀਆਂ ਨੇ ਉਹ ਤਸਵੀਰਾਂ ?"

"ਹਾਂ-ਹਾਂ ਬਈ ! ਸਵੇਰੇ ਸਾਡੇ ਉਹਨਾ ਨੰਦੋ ਬੀਬੀ ਦੀ ਇਕ ਇਕ ਚੀਜ਼ ਦੀ ਤਾਲਾਸ਼ੀ ਲਈ ਕਿ ਸ਼ਾਇਦ ਕੁਝ ਹੋਰ ਚੁਰਾਇਆ ਹੋਏ ! ਬੜੀ ਲੈ ਦੇ ਹੋਈ ਏ ਇਸ ਗੱਲ ਤੇ। ਛੋਟੀ ਨੂੰ ਪੁਛ। ਤੇ ਸਾਡੇ ਉਹਨਾਂ ਦਾ ਸੁਭਾਅ ਤਾਂ ਤੂੰ ਜਾਣਦੀ ਈ ਏਂ — ਜਿਸ ਵੇਲੇ ਤੇਜ਼ ਹੋ ਜਾਏ ਉਦੋਂ ਲਾਟ ਵੀ ਉਹਨਾਂ ਸਾਹਮਣੇ ਕੀ ਚੀਜ਼ ਏ !"

ਵੱਡੀ ਦਾ ਪਤੀ ਮਨੀਆ ਆਪਣੀ ਹੀ ਤਰ੍ਹਾਂ ਦਾ ਮੌਜੀ ਜਵਾਨ ਹੈ, ਇਸ ਲਈ ਉਹ ਸ਼ੁਰੂ ਸ਼ੁਰੂ ਵਿਚ ਵੱਡੀ ਨੂੰ ਰਿਝਾਉਂਦਾ ਵੀ ਸੀ। ਪਰ ਇਹ ਸਭ ਕੁਝ ਥੋੜੀ ਦੇਰ ਲਈ ਹੀ ਹੁੰਦਾ ਸੀ, ਅਤੇ ਮਨੀਆ ਦੀ ਮਰਜੀ ਨਾਲ ਹੀ ਹੁੰਦਾ ਸੀ। ਵੱਡੀ ਮਨੀਏ ਤੋਂ ਹਰ ਵੇਲੇ ਕੰਬਦੀ ਰਹਿੰਦੀ ਸੀ। ਕੁਆਰਾ ਦਿਉਰ ਉਹਨੂੰ ਚੰਗਾ ਲਗਦਾ ਸੀ। ਨਣਾਨ ਨੰਦੋ ਤਾਂ ਵੇਂਹਦੀ ਪਈ ਸੀ। ਕਰਾ ਕੇਲ ਝੂਠੀਆਂ ਚੁਗਲੀਆਂ ਕਰਕੇ ਵੱਡੀ ਨੂੰ ਬੜਾ ਸਤਾਇਆ, ਮਾਰਾਂ ਤਕ ਪੁਆਈਆ। ਆਪਣੇ ਵੱਸ ਵਿਚ ਰਖਣ ਲਈ ਮਨੀਏ ਨੂੰ ਸੰਤੋ ਦੀ ਨੂੰਹ ਨਾਲ ਫਸਾਇਆ। ਇਸ ਲਈ ਨੰਦੋ ਨੂੰ ਪਈ ਕੁੱਟ ਤੋਂ ਉਹ ਬੜੀ ਖ਼ੁਸ਼ ਸੀ।

ਗੱਲਾਂ ਚਲ ਈ ਰਹੀਆ ਸਨ ਕਿ ਛੋਟੀ ਕਮਰਿਓਂ ਬਾਹਰ ਤਾਰਾ ਅਤੇ ਮਿਸਟਰ ਵਰਮਾ ਦੇ ਨਾਲ ਈ ਆਪਣੇ ਪਤੀ ਦੀ ਆਵਾਜ਼ ਸੁਣ ਕੇ ਹੱਕੀ ਬੱਕੀ ਰਹਿ ਗਈ, ਨਾਲੇ ਖ਼ੁਸ਼ ਵੀ ਹੋਈ। ਆਰਾਮ ਕੁਰਸੀ ਤੋਂ ਉਠ ਕੇ ਝਟ ਦਰਵਾਜ਼ੇ ਵਿਚ ਆ ਗਈ; ਹੱਥ ਜੋੜ ਕੇ ਮਿਸਟਰ ਵਰਮਾ ਨੂੰ ਨਮਸਕਾਰ ਕੀਤਾ ਅਤੇ ਪਤੀ ਵਲ ਵੇਖ ਕੇ ਕੁਝ ਪੁੱਛਣ ਵਾਲੀ ਹੀ ਸੀ ਕਿ ਮਿਸਟਰ ਵਰਮਾ ਨੇ ਕਿਹਾ -- "ਵੇਖੋ, ਤੁਹਾਡੇ ਭਗੌੜੇ ਕੈਦੀ ਨੂੰ ਫੜ ਕੇ ਲਿਆਇਆ।"

ਛੋਟੀ ਸੰਗਦੀ ਮੁਸਕ੍ਰਾਉਣ ਲਗੀ। ਤਾਰਾ ਛੇੜਵੀਆਂ ਨਜ਼ਰਾਂ ਨਾਲ ਉਹਨੂੰ ਵੇਖ ਕੇ ਹੱਸ ਪਈ। ਸ਼ੰਕਰ ਲਾਲ ਨੇ ਵਰਮਾ ਨੂੰ ਕਿਹਾ --- "ਤਾਂ ਫਿਰ ਇੰਜ ਆਖੋ ਕਿ ਦੋ ਭਗੌੜੇ ਕੈਦੀ ਆਪੋ ਵਿਚ ਇਕ ਦੂਸਰੇ ਨੂੰ ਫੜ ਕੇ ਆਪਣੇ ਹਾਕਮਾਂ ਦੀ ਹਜ਼ੂਰੀ ਵਿਚ ਆ ਗਏ।"

ਚੌਹਾਂ ਦਾ ਹਾਸਾ ਇਕ ਹੋ ਕੇ ਗੂੰਜਿਆ।

ਕਮਰੇ ਵਿਚ ਪਲੰਘ ਦੀ ਪੁਆਂਦ ਨਾਲ ਟਿਕ ਕੇ ਬਾਹਰ ਵਲ ਕੰਨ ਲਾ ਕੇ ਬੈਠੀ ਵੱਡੀ ਦੇ ਮਨ ਵਿਚ ਰੀਝ ਸੀ ਕਿ ਇਹ ਕਿਵੇਂ ਗੱਲਾਂ ਕਰਦੇ ਹਨ। ਤਾਰਾ, ਛੋਟੀ ਖ਼ਾਸ

ਕਰਕੇ ਦਰਾਣੀ ਛੋਟੀ ਵਲ ਦੱਬੀ ਹੋਈ ਈਰਖਾ ਹੁੰਦਿਆਂ ਹੋਇਆਂ ਵੀ ਵੱਡੀ ਉਹਨਾਂ ਨਾਲ ਕੁੜ੍ਹ ਨਹੀਂ ਸੀ ਰਹੀ। ਛੋਟੀ ਅਤੇ ਤਾਰਾ ਦੋਵੇਂ ਹੀ ਇਸ ਵੇਲੇ ਜਿਵੇਂ ਆਪਣੀ ਹੋਂਦ ਨਾਲ ਕੋਈ ਵਾਸਤਾ ਨਾ ਰਖਦੀਆਂ ਹੋਈਆਂ ਬਸ ਇਕ ਕੜੀ ਬਣ ਗਈਆਂ ਸਨ, ਜਿਨ੍ਹਾਂ ਰਾਹੀਂ ਵੱਡੀ ਦਾ ਸੁਆਦ-ਵਿਲਾਸ ਚਲ ਰਿਹਾ ਸੀ।

ਦਿਉਰ ਦੀ ਆਵਾਜ਼ ਕੰਨੀਂ ਪਈ — "ਚਲੋ ਸਰੂਪ, ਘਰ ਜਾ ਕੇ ਝਟ ਪਟ ਤਿਆਰ ਹੋਵੋ ਫਿਰ —"

"ਠਹਿਰੋ, ਹੁਣ ਚਾਹ ਪੀ ਕੇ ਜਾਇਓ —" ਤਾਰਾ ਦੀ ਆਵਾਜ਼ ਆਈ।

"ਨਹੀਂ, ਐਵੇਂ ਵਾਧੂ ਕਸ਼ਟ —" ਸ਼ੰਕਰ ਦੀ ਗੱਲ ਕੱਟ ਕੇ ਮਿਸਟਰ ਵਰਮਾ ਬੋਲ ਪਏ।

"ਬੈਠੋ ਵੀ ਨਾ ਬਈ, ਤੁਹਾਡੇ ਬਹਾਨੇ ਮੈਨੂੰ ਵੀ ਇਕ ਕਪ ਮਿਲ ਜਾਏਗਾ, ਨਹੀਂ ਤਾਂ ਸੁੱਕਾ ਈ ਟਰਕਾ ਦਏਗੀ।"

"ਸੁਣ ਰਹੇ ਓ ਮਿਸਿਜ਼ ਵਰਮਾ ! ਤੁਹਾਡੀ ਸ਼ਿਕਾਇਤ ਲਗਦੀ ਪਈ ਏ।"

"ਤੁਸੀਂ ਈ ਸੁਣੋ। ਜਿਹੜਾ ਅਹਿਸਾਨ ਫਰਾਮੋਸ਼ ਹੋਏ, ਉਹਦੀ ਗੱਲ ਕਿੱਥੋਂ ਤੱਕ ਸੁਣੀ ਜਾਣੀਏ ?"

ਤਾਰਾ ਦੀ ਆਵਾਜ਼ ਦੂਰ ਹੋ ਗਈ। ਮਾੜੇ ਜਿਹੇ ਹਾਸੇ ਪਿੱਛੋਂ ਮਿਸਟਰ ਵਰਮਾ ਦੀ ਆਵਾਜ਼ ਵੱਡੀ ਦੇ ਕੰਨੀ ਪਈ; ਉਹ ਉਹਦੇ ਦਿਉਰ ਨੂੰ ਪੁੱਛ ਰਿਹਾ ਸੀ, "ਕਿਤੇ ਪਿਕਚਰ-ਵਿਕਚਰ ਦਾ ਪਰੋਗਰਾਮ ਬਣਾਇਆ ਜੇ ?"

"ਜੀ ਹਾਂ, ਉਹ ਮੇਰੇ ਦੋਸਤ ਨੇ — ਸ਼ਾਇਦ ਤੁਸਾਂ ਨਾਂ ਸੁਣਿਆ ਹੋਏ — ਵਿਰਹੇਸ਼ ਜੀ, ਉਹਨਾਂ ਨੇ "ਬਹਾਰ ਆਈ ਰੇ" ਪਿਕਚਰ ਦੇ ਗਾਣੇ ਲਿਖੇ ਨੇ।"

"ਹਾਂ ਹਾਂ, ਚੱਲ ਤਾਂ ਰਹੀ ਏ ਅੱਜ ਕੱਲ੍ਹ। ਕਿਹੋ ਜਹੀ ਪਿਕਚਰ ਏ ?" ਵਰਮਾ ਨੇ ਪੁੱਛਿਆ।

"ਗੱਲ ਸੁਣੋ" ਦੂਰੋਂ ਤਾਰਾ ਦੀ ਆਵਾਜ਼ ਆਈ। ਵੱਡੀ ਨੇ ਅੰਦਾਜ਼ਾ ਲਗਾਇਆ ਤਾਰਾ ਰਸੋਈ ਵਿਚ ਹੈ।

ਦੂਰੋਂ ਮਿਸਟਰ ਵਰਮਾ ਦੀ ਆਵਾਜ਼ ਆਈ — "ਸ਼ੰਕਰ ਬਾਬੂ, ਹੁਣੇ ਆਇਆ।"

"ਸੁਣੋ ਸੁਣੋ ਮਿਸਟਰ ਵਰਮਾ" ਸ਼ੰਕਰ ਲਾਲ ਬੋਲਿਆ — ਬੈਠੋ, ਕਿੱਥੇ ਜਾਉਗੇ, ਕੋਈ ਖੇਚਲ ਕਰਨ ਦੀ ਲੋੜ ਨਹੀਂ।"

"ਜੀ ਕੁਝ ਨਹੀਂ, ਬੱਸ ਹੁਣੇ ਆਉਂਦਾ ਹਾਂ।" ਮਿਸਟਰ ਵਰਮਾ ਦੀ ਆਵਾਜ਼ ਬੰਦ ਹੋ ਗਈ।

"ਮਠਿਆਈ-ਵਠਾਈ ਲੈਣ ਗਏ ਹੋਣਗੇ" ਵੱਡੀ ਨੇ ਸੋਚਿਆ। ਸ਼ੰਕਰ ਲਾਲ ਤਾਰਾ ਨੂੰ ਕਹਿ ਰਿਹਾ ਸੀ — "ਤੁਸਾਂ ਵੀ ਮਿਸ਼ਜ ਵਰਮਾ ਵਾਧੂ ਨਠਾਇਆ ਏ ਵਿਚਾਰਿਆਂਨੂੰ।"

"ਲਉ, ਵਾਹ ਜੀ! ਕਦੀ ਭੁੱਲੇ ਭਟਕੇ ਤਾਂ ਸਾਡੇ ਘਰ ਆਉਂਦੇ ਓ ਤੁਸੀਂ। ਬਈ ਛੋਟੀ, ਮੋਹਨੀ ਨੂੰ ਬੁਲਾ ਲੈ। ਪਰਦੇ ਦੀ ਬੰਦੀ ਬਣੀ ਬੈਠੀ ਏ ਅੰਦਰ।"

"ਭਾਬੀ ਏਥੇ ਈ ਏ? — ਭਾਬੀ।" ਸ਼ੰਕਰ ਲਾਲ ਨੇ ਆਵਾਜ਼ ਦਿਤੀ। ਆਵਾਜ਼ ਨਾਲ ਈ ਅਖ਼ਬਾਰ ਦੇ ਵਰਕੇ ਖੜਕੇ।

ਵੱਡੀ ਬੜੇ ਸੰਕੋਚ ਨਾਲ ਉੱਠੀ। ਕਮਰੇ ਦੇ ਦਰਵਾਜ਼ੇ ਵਿਚ ਆ ਕੇ ਖਲੋ ਗਈ। ਦਾਲਾਨ ਵਿਚ ਸੋਫ਼ੇ ਤੇ ਸ਼ੰਕਰ ਲਾਲ ਬੈਠਾ ਸੀ। ਉਹਨੂੰ ਵੇਖ ਕੇ ਮੁਸਕ੍ਰਾਉਂਦਾ ਬੋਲਿਆ — "ਤੂੰ ਤਾਂ ਇੰਜ ਲੁਕੀ ਹੋਈ ਸੈਂ ਜਿਵੇਂ ਕੋਈ ਕਿਸੇ ਦੇ ਦਿਲ ਵਿਚ ਲੁਕਦਾ ਹੈ। ਮੈਂ ਘਰ ਲੱਭਦਾ ਲੱਭਦਾ ਪਰੇਸ਼ਾਨ ਹੋ ਗਿਆ।"

"ਇਹ ਰੇਡੀਓ ਪਾਕਿਸਤਾਨ ਹੈ। ਫ਼ਿਲਮੀ ਰਿਕਾਰਡ..."

"ਮੋਹਨੀ, ਜ਼ਰਾ ਰੇਡੀਓ ਬੰਦ ਕਰ ਦੇ।" ਤਾਰਾ ਨੇ ਰਸੋਈ ਵਾਲੇ ਦਲਾਨ ਵਿਚ ਖੰਭੇ ਦੇ ਸਹਾਰੇ ਖਲੋਤਿਆਂ ਕਿਹਾ। ਛੋਟੀ ਸਟੋਵ ਤੋਂ ਚਾਹ ਵਾਲੀ ਕੇਤਲੀ ਲਾਹ ਕੇ ਦੁੱਧ ਵਾਲਾ ਲੋਟਾ ਰੱਖ ਰਹੀ ਸੀ। ਵੱਡੀ ਆਪਣੇ ਦਿਉਰ ਦੀ ਗੱਲ ਦਾ ਜਵਾਬ ਦੇਂਦੀ ਹੋਈ ਅੰਦਰ ਰੇਡੀਓ ਬੰਦ ਕਰਨ ਗਈ। ਉਹਨੇ ਕਿਹਾ — "ਜੋ ਦਿਲ ਵਿਚ ਲੁਕਿਆ ਏ ਉਹਨੂੰ ਲੱਭਦਿਆਂ ਤਾਂ ਏਥੇ ਆਏ, ਓ। ਮੇਰੇ ਤੇ ਕਿਉਂ ਅਹਿਸਾਨ ਕਰਦੇ ਓ?"

ਰੇਡੀਓ ਬੰਦ ਹੋ ਗਿਆ। ਦਲਾਨ 'ਚੋਂ ਸ਼ੰਕਰ ਲਾਲ 'ਦਾ ਉੱਤਰ ਆਇਆ।

"ਇਹ ਦਿਲ 'ਚ ਕਿੱਥੇ ਆ, ਇਹ ਤਾਂ ਸਾਹਮਣੇ ਏ? ਦਿਲ ਵਿਚ ਤਾਂ ਤੂੰ ਲੁਕੀ ਹੋਈ ਏਂ।"

ਵੱਡੀ ਹੱਸਦੀ ਹੋਈ ਬਾਹਰ ਆਈ। ਸ਼ੰਕਰ ਲਾਲ ਨੇ ਉਹਨੂੰ ਵੇਖਦਿਆਂ ਹੋਇਆਂ ਆਪਣਾ ਵਾਕ ਪੂਰਾ ਕੀਤਾ — "ਮੇਰੇ ਨਾ ਸਹੀ ਭਰਾ ਦੇ ਦਿਲ 'ਚ ਸਹੀ, ਗੱਲ ਇਕੋ ਈ ਏ।"

ਵੱਡੀ ਨੇ ਵੇਖਿਆ ਤਾਰਾ ਅਤੇ ਛੋਟੀ ਦੋਵੇਂ ਮੁਸਕ੍ਰਾ ਰਹੀਆਂ ਸਨ। ਵੱਡੀ ਨੇ ਉਹਨਾਂ ਨੂੰ ਵੇਖਿਆ ਅਤੇ ਸ਼ੋਖ਼ੀ ਨਾਲ ਤਾਰਾ ਨੂੰ ਕਿਹਾ — "ਸੁਣ ਰਹੀ ਏਂ ਇਹਨਾਂ ਦੀਆਂ ਗੱਲਾਂ। ਝੂਠ ਬੋਲਣ ਦਾ ਹੀ ਐਮ. ਏ. ਪਾਸ ਕੀਤਾ ਏ ਸਾਡੇ ਲਾਲਾ ਜੀ ਨੇ। ਇਹ ਤਾਂ ਨਾ ਕਿਹਾ ਬਈ ਚਲ ਭਾਬੀ ਤੈਨੂੰ ਪਿਕਚਰ ਵਖਾ ਲਿਆਵਾਂ, ਉਤੋਂ ਦਿਲ ਦੀਆਂ ਗੱਲਾਂ ਕਰਦੇ ਨੇ।"

ਕਹਿੰਦੀ ਹੋਈ ਵੱਡੀ ਰਸੋਈ ਵਾਲੇ ਦਲਾਨ ਵਲ ਵਧੀ। ਸ਼ੰਕਰ ਨੇ ਜਵਾਬ ਦਿਤਾ — "ਭਾਬੀਆਂ ਨੂੰ ਸੱਦਾ ਨਹੀਂ ਦਿਤਾ ਜਾਂਦਾ, ਉਹ ਆਪ ਗਲ ਫੜ ਕੇ ਸੱਦਾ ਲੈਂਦੀਆਂ ਨੇ। ਮੇਰਾ ਖ਼ਿਆਲ ਏ, ਮਿਸਜ਼ ਵਰਮਾ ਮੇਰੀ ਗੱਲ ਦੀ ਹਾਮੀ ਭਰਨਗੇ।"

ਤਦੇ ਮਿਸਟਰ ਵਰਮਾ ਨੇ ਡੂਨੇ ਹੱਥ 'ਚ ਫੜੀ ਘਰ ਅੰਦਰ ਆਇਆ। ਤਾਰਾ ਉਹਦੇ ਤੋਂ ਡੂਨੇ ਲੈਣ ਲਈ ਵਿਹੜੇ ਵਿਚ ਆ ਗਈ। ਛੋਟੀ ਟਰੇ ਵਿਚ ਚਾਹ ਦੇ

ਬਰਤਨ ਸਜਾ ਰਹੀ ਸੀ। ਵੱਡੀ ਕੋਲ ਈ ਬੈਠੀ ਸੀ, ਉਹਨੇ ਮਾੜਾ ਜਿਹਾ ਘੁੰਡ ਕਰ ਲਿਆ। ਮਠਿਆਈ ਨਮਕੀਨ ਦੇ ਡੂਨੇ ਦੇ ਕੇ ਵਰਮਾ ਨੇ ਸ਼ੰਕਰ ਲਾਲ ਕੋਲ ਆਉਂਦਿਆਂ ਪੁੱਛਿਆ — "ਕਿਸ ਗੱਲ ਦੀ ਹਾਮੀ ਭਰਦੇ ਸਉ ?"

"ਕੁਝ ਨਹੀਂ ਇਕ ਭਾਬੀ ਦੀ ਜ਼ਿਆਦਤੀ ਦਾ ਫ਼ੈਸਲਾ ਦੂਸਰੀ ਭਾਬੀ ਤੋਂ ਕਰਾ ਰਿਹਾ ਸਾਂ।" ਸ਼ੰਕਰ ਨੇ ਮੁਸਕ੍ਰਾਉਂਦਿਆਂ ਹੋਇਆਂ ਜਵਾਬ ਦਿਤਾ।

ਵਰਮਾ ਨੇ ਸੋਫ਼ੇ ਤੋਂ ਸਿਰ ਘੁਮਾ ਕੇ ਦਾਲਾਨ ਦੀ ਰਸੋਈ ਵੱਲ ਵੇਖ ਕੇ ਕਿਹਾ — "ਅੱਛਾ ਤੁਹਾਡੇ ਭਾਬੀ ਜੀ ਵੀ ਏਥੇ ਨੇ।"

"ਪਰ ਜਿਹਨੂੰ ਤੁਸਾਂ ਫ਼ੈਸਲੇ ਦਾ ਅਧਿਕਾਰ ਦੇ ਦਿੱਤਾ ਹੈ ਉਹਦੀ ਯੋਗਤਾ ਦਾ ਅੰਦਾਜ਼ਾ ਵੀ ਲਾ ਲੈਣਾ ਸੀ।"

"ਮਿਸਟਰ ਵਰਮਾ ਹੁਣ ਔਰਤਾਂ ਨੂੰ ਅਯੋਗ ਨਾ ਆਖੋ। ਕਾਂਸਟੀਚੀਊਸ਼ਨ ਵਿਚ ਉਹਨਾਂ ਨੂੰ ਬਰਾਬਰੀ ਦਾ ਦਰਜਾ ਮਿਲਿਆ ਹੋਇਆ ਹੈ।"

ਤਾਰਾ ਚਾਹ ਦੀ ਟਰੇ ਲੈ ਕੇ ਆਈ, ਗੋਲ ਮੇਜ਼ ਤੇ ਰੱਖਦੀ ਹੋਈ ਬੋਲੀ — "ਇਹ ਸਾਰੀ ਗੱਲ ਕਲਚਰਡ ਲੋਕਾਂ ਦੀ ਸਮਝ ਵਿਚ ਹੀ ਆਉਂਦੀ ਏ ਮਿਸਟਰ ਲਾਲ, ਅਹਿਮਕਾਂ ਨੂੰ ਦੱਸਣ ਦਾ ਕੀ ਲਾਭ ?" ਕਹਿੰਦੇ ਹੋਇਆਂ ਤਾਰਾ ਨੇ ਆਪਣੇ ਪਤੀ ਵੱਲ ਸ਼ੋਖੀ-ਸੁਹਾਗ ਭਰਿਆ ਤਿੱਖਾ ਵਿਅੰਗ ਕੀਤਾ। ਵਰਮਾ ਅਤੇ ਸ਼ੰਕਰ ਦੇ ਹੋਠਾਂ ਤੇ ਮੁਸਕ੍ਰਾਹਟ ਆਈ। ਸ਼ੰਕਰ ਨੇ ਆਖਿਆ — "ਬਸ ਹੁਣ ਮੈਂ ਲਾਜਵਾਬ ਹੋ ਗਿਆ ਹਾਂ ਮਿਸਿਜ਼ ਵਰਮਾ।"

ਛੋਟੀ ਮਠਿਆਈ-ਨਮਕੀਨ ਦੀ ਪਲੇਟ ਲੈ ਕੇ ਆ ਗਈ, ਉਹਨੂੰ ਵੇਖ ਕੇ ਸ਼ੰਕਰ ਦੀ ਗੱਲ ਵਿਚ ਨਵਾਂ ਉਤਸ਼ਾਹ ਆਇਆ, ਬੋਲਿਆ — "ਕਿਤੇ ਸਰੂਪ ਨੇ ਵੀ ਜੇ ਮੈਨੂੰ ਅਹਿਮਕ ਬਣਾ ਦਿਤਾ ਤਾਂ ਫਿਰ..."

"ਜਿਹੜਾ ਜਿਹੋ ਜਿਹਾ ਹੋਏਗਾ ਉਹਨੂੰ ਉਹੋ ਈ ਆਖਿਆ ਜਾਏਗਾ !" ਛੋਟੀ ਦੇ ਜਵਾਬ ਤੇ ਤਾਰਾ ਵਰਮਾ ਜ਼ੋਰ ਦੀ ਹੱਸ ਪਏ। ਸ਼ੰਕਰ ਲਾਲ ਦਾ ਹਾਸਾ ਵੀ ਵਿਚ ਆ ਮਿਲਿਆ।

ਰਸੋਈ 'ਚ ਖੜੀ ਵੱਡੀ ਨੇ ਮਜ਼ੇ ਨਾਲ ਹਾਏ ਭਰੀ, ਉਹ ਮਜ਼ਾਕ ਨਾਲ ਵੀ ਆਪਣੇ ਪਤੀ ਨੂੰ ਗਵਾਰ ਨਹੀਂ ਆਖ ਸਕਦੀ। ਤਦੇ ਸਾਹਮਣੇ ਖੜੀ ਤਾਰਾ ਨੇ ਉਹਨੂੰ ਬੁਲਾਇਆ। ਅੱਖ ਦੇ ਇਸ਼ਾਰੇ ਨਾਲ ਹੀ ਵੱਡੀ ਨੇ ਕਿਹਾ — "ਨਹੀਂ, ਮੈਨੂੰ ਸ਼ਰਮ ਆਉਂਦੀ ਏ।"

ਤਦੇ ਸ਼ੰਕਰ ਲਾਲ ਨੇ ਉੱਠਦਿਆਂ ਹੋਇਆਂ ਤਾਰਾ ਨੂੰ ਆਖਿਆ — "ਆਓ, ਤਸਰੀਫ਼ ਰਖੋ।"

"ਆਪਣੀ ਭਾਬੀ ਜੀ ਨੂੰ ਤਾਂ ਬੁਲਾਓ। ਉਹਨਾਂ ਨੂੰ ਸ਼ਰਮ ਆ ਰਹੀ ਏ।" ਆਖ ਕੇ

ਤਾਰਾ ਨੇ ਵੱਡੀ ਵੱਲ ਹੱਸਦਿਆਂ ਹੋਇਆਂ ਵੇਖਿਆ ।

ਵੱਡੀ ਨੇ ਤਾਰਾ ਨੂੰ ਗੁੱਸੇ ਨਾਲ ਘੂਰਿਆ । ਸ਼ੰਕਰ ਨੇ ਆਵਾਜ਼ ਦਿਤੀ — "ਭਾਬੀ ।" ਤਾਰਾ ਸ਼ੰਕਰ ਲਾਲ ਕੋਲ ਆ ਕੇ ਸੋਫ਼ੇ ਤੇ ਬਹਿ ਗਈ । ਛੋਟੀ ਪਿਆਲਿਆਂ ਵਿਚ ਚਾਹ ਉਲਟ ਰਹੀ ਸੀ ।

ਸ਼ੰਕਰ ਲਾਲ ਉੱਠ ਕੇ ਸਾਹਮਣੇ ਆਇਆ । ਵੱਡੀ ਉਸ ਵੱਲ ਝਿਜਕਦੀ ਨਜ਼ਰ ਨਾਲ ਵੇਖ ਕੇ ਸਿਰ ਦਾ ਪੱਲਾ ਸੰਭਾਲਦੀ ਹੋਈ ਸੰਕੋਚਵੇਂ ਪੈਰ ਪੁੱਟਦੀ ਵਿਹੜਾ ਪਾਰ ਕਰਨ ਲੱਗੀ । ਸ਼ੰਕਰ ਲਾਲ ਉਹਦੇ ਵੱਲ ਵੇਖ ਕੇ ਬੋਲਿਆ — "ਸਾਡੀ ਭਾਬੀ ਦੇ ਨਖ਼ਰਿਆਂ ਦਾ ਤੁਹਾਨੂੰ ਪਤਾ ਨਹੀਂ । ਭਰਾ ਨੇ ਇਹਨੂੰ ਬੜੀ ਖ਼ੁਸ਼ਾਮੰਦ ਪਸੰਦ ਬਣਾ ਦਿਤਾ ਹੈ ।"

ਵੱਡੀ ਦਲਾਨ ਵਿਚ ਆ ਗਈ । ਮਿਸਟਰ ਵਰਮਾ ਨੇ ਖੜੇ ਹੋ ਕੇ ਹੱਥ ਜੋੜੇ । ਵੱਡੀ ਨੇ ਵੀ ਸੰਕੋਚ ਕਰਦਿਆਂ ਹੱਥ ਜੋੜੇ ਅਤੇ ਤਾਰਾ ਕੋਲ ਜਾ ਕੇ ਬਹਿ ਗਈ । ਤਾਰਾ ਨੇ ਮਠਿਆਈ ਦੀ ਪਲੇਟ ਚੁੱਕ ਕੇ ਸ਼ੰਕਰ ਲਾਲ ਵੱਲ ਕੀਤੀ । ਛੋਟੀ ਨੇ ਵਰਮਾ ਨੂੰ ਚਾਹ ਦਾ ਪਹਿਲਾ ਪਿਆਲਾ ਦਿਤਾ ।

ਇਸਤਰੀ-ਪੁਰਖਾਂ ਦੇ ਸਾਂਝੇ ਸਮਾਜ ਵਿਚ ਬੈਠ ਕੇ ਚਾਹ ਪੀਣ ਦਾ ਇਹ ਮੌਕਾ ਵੱਡੀ ਨੂੰ ਵਰ੍ਹਿਆਂ ਪਿਛੋਂ ਮਿਲਿਆ ਸੀ । ਸਕੂਲ ਦੇ ਜ਼ਮਾਨੇ ਵਿਚ ਈਸਾਈ ਦੀਦੀ ਦੇ ਘਰ ਉਹਦੇ ਇਕ ਰਿਸ਼ਤੇਦਾਰ ਨਾਲ ਉਹਨੇ ਚਾਹ ਪੀਤੀ ਸੀ । ਉਹਨੂੰ ਮਜ਼ਾ ਆਇਆ ਸੀ । ਸੁਆਦ ਉਹਨੂੰ ਇਸ ਵੇਲੇ ਵੀ ਆ ਰਿਹਾ ਸੀ, ਪਰ ਬੜੇ ਬੰਧਨਾਂ ਨਾਲ । ਤਾਰਾ ਤੇ ਛੋਟੀ ਦੇ ਖੁਲ੍ਹੇ ਢੰਗ ਤਰੀਕੇ ਨੂੰ ਵੇਖ ਕੇ ਉਹ ਆਪਣੇ ਆਪ 'ਚ ਛੋਟਾ ਪਨ ਮਹਿਸੂਸ ਕਰ ਰਹੀ ਸੀ । ਸਭਨਾਂ ਨੂੰ ਚਾਹ ਦੇ ਕੇ ਆਪਣਾ ਪਿਆਲਾ ਲੈ ਕੇ ਛੋਟੀ ਉਹਦੇ ਕੋਲ ਆ ਬੈਠੀ ।

ਵਰਮਾ ਦੰਪਤੀ ਵਲੋਂ ਚਾਹ ਪਿਆਉਣ ਦੇ ਬਦਲੇ ਵਿਚ ਲਾਲ ਦੰਪਤੀ ਨੇ ਆਪਣੇ ਨਾਲ ਪਿਕਚਰ ਵੇਖਣ ਦਾ ਸੱਦਾ ਦਿਤਾ ।

ਵਰਮਾ ਨੇ ਕਿਹਾ :

"ਤੁਹਾਨੂੰ ਤਾਂ ਸਾਂਗ ਰਾਈਟਰ ਨੇ ਬੁਲਾਇਆ ਹੈ ।"

ਵਰਮਾ ਦੀ ਦੂਸਰੀ ਝਿਜਕ ਨੂੰ ਖ਼ਤਮ ਕਰਦਿਆਂ ਹੋਇਆਂ ਸ਼ੰਕਰ ਲਾਲ ਨੇ ਕਿਹਾ — "ਜੀ ਨਹੀਂ, ਪਾਸ-ਵਾਸ ਨਹੀਂ ਹਨ । ਉਹਨਾਂ ਨੇ ਬੜਾ ਜ਼ੋਰ ਦਿਤਾ ਤੇ ਮੈਂ ਵੀ ਸੋਚਿਆ ਕਿ ਅੱਜ ਐਤਵਾਰ ਹੈ, ਕੋਈ ਪਿਕਚਰ ਤਾਂ ਵੇਖਣੀ ਈ ਏ । ਆਉ ਚਲੀਏ ਮਿਸ਼ੇਜ ਵਰਮਾ, ਸਾਡੇ ਵਲੋਂ ਸੱਦਾ ਹੈ ।"

ਮਿਸਟਰ ਅਤੇ ਮਿਸਿਜ਼ ਵਰਮਾ ਦੀਆਂ ਅੱਖਾਂ ਨੇ ਇਕ ਦੂਜੇ ਨਾਲ ਹਾਂ, ਮਿਲਾਈ ਤੇ ਰਾਜ਼ੀ ਹੋ ਗਏ ।

ਸ਼ੰਕਰ ਲਾਲ ਨੇ ਵੱਡੀ ਨੂੰ ਕਿਹਾ — "ਚਲੋ ਭਾਬੀ ਜੀਓ, ਅੱਜ ਤੁਹਾਨੂੰ ਵੀ ਸੈਰ ਕਰਾ ਲਿਆਈਏ। ਘਬਰਾਓ ਨਾ, ਭਰਾ ਕੋਲੋਂ ਲਿਖ ਕੇ ਆਗਿਆ ਮੰਗਾ ਲਵਾਂਗਾ।"

ਆਗਿਆ ਮੰਗਣ ਦੀ ਗੱਲ ਤੇ ਮਨ ਹੀ ਮਨ ਵਿਚ ਸ਼ਰਮ 'ਚ ਡੁੱਬ ਗਈ। ਉਹਦੇ ਮਨ 'ਚ ਆਇਆ ਜਿਵੇਂ ਦੋਵੇਂ ਜੋੜੇ ਉਹਦੇ ਵੱਲ ਹਮਦਰਦੀ ਨਾਲ ਵੇਖ ਰਹੇ ਹੋਣ। "ਹਾਏ ਮੈਂ ਕਿੰਨੀ ਮਜਬੂਰ ਆਂ। ਉੱਚੀ ਸੋਸਾਇਟੀ ਵਾਲਿਆਂ ਦੀ ਨਜ਼ਰ ਵਿਚ ਨੀਵੀਂ ਹਾਂ ਤਾਂ ਬੱਸ ਆਪਣੇ ਪਤੀ ਕਰ ਕੇ।" ਵੱਡੀ ਦੀਆਂ ਨਜ਼ਰਾਂ ਨਾ ਉੱਠੀਆਂ, ਸਭ ਤੁਰ ਪਏ, ਉਹ ਸਭਨਾਂ ਦੇ ਪਿੱਛੇ ਤੁਰੀ।

8

ਮੈਟਨੀ ਸ਼ੋ ਖਤਮ ਹੋਣ ਤੇ ਭੀੜ ਸਿਨਮਾ ਹਾਲ 'ਚੋਂ ਇੰਜ ਨਿਕਲ ਰਹੀ ਸੀ, ਜਿਵੇਂ ਪਾਣੀ ਦਾ ਮੋਟਾ ਪੰਪ ਖੋਹਲ ਦਿਤਾ ਗਿਆ ਹੋਏ। ਉਸੇ ਵੇਲੇ ਸ਼ੰਕਰ ਵਰਮਾ ਪਰਵਾਰਾਂ ਦੇ ਟਾਂਗੇ ਰੁਕੇ। ਸ਼ੰਕਰ ਟਾਂਗੇ ਤੋਂ ਉਤਰ ਕੇ ਕਿਰਾਇਆ ਦੇਣ ਲਈ ਆਪਣਾ ਪਰਸ ਖੋਹਲਣ ਲੱਗਾ। ਉਹਨੂੰ ਵੇਖ ਕੇ ਦੂਸਰੇ ਟਾਂਗੇ ਤੋਂ ਆਪਣੀ ਪਤਨੀ ਤੇ ਵੱਡੀ ਨਾਲ ਉਤਰ ਕੇ ਖਲੋਤੇ ਮਿਸਟਰ ਵਰਮਾ ਨੇ ਕਿਹਾ — "ਮੈਂ ਦੋਵਾਂ ਦੀ ਪੇਮੈਂਟ ਕਰ ਦਿਤੀ ਹੈ ਮਿਸਟਰ ਲਾਲ।" ਫਿਰ ਸ਼ੰਕਰ ਨੇ ਟਾਂਗੇ ਵਾਲੇ ਨੂੰ ਕਿਹਾ — "ਇਹਦੇ ਤੋਂ ਆਪਣੇ ਪੈਸੇ ਲੈ ਲਈ।"

ਸ਼ੰਕਰ ਨੇ ਪਰਸ ਬੰਦ ਕਰਦਿਆਂ ਹੋਇਆਂ ਹੱਸ ਕੇ ਕਿਹਾ — "ਤੁਸੀਂ ਬੜੇ ਜਲਦਬਾਜ਼ ਓ। ਅੱਛਾ, ਮੈਂ ਟਿਕਟ ਲੈ ਕੇ ਆਵਾਂ।"

"ਮੈਂ ਜਾਂਦਾ ਹਾਂ।" ਵਰਮਾ ਅੱਗੇ ਵਧਿਆ, ਸ਼ੰਕਰ ਨੇ ਉਹਨੂੰ ਰੋਕਦਿਆਂ ਹੋਇਆਂ ਕਿਹਾ — ਮਿਸਟਰ ਵਰਮਾ ਪਲੀਜ਼। ਤੇ ਸ਼ੰਕਰ ਤੇਜ਼ੀ ਨਾਲ ਅਗਾਂਹ ਹੋ ਗਿਆ।

ਤਿੰਨਾਂ ਔਰਤਾਂ ਦੇ ਨਾਲ ਵਰਮਾ ਹੌਲੀ ਹੌਲੀ ਤੁਰਨ ਲੱਗਾ। ਤਾਰਾ ਛੋਟੀ ਵੱਡੀ, ਤਿੰਨੇ ਆਪਣੀ ਵੱਲ ਉਠਦੀਆਂ ਹੋਈਆਂ ਮਰਦਾਵੀਆਂ ਨਜ਼ਰਾਂ ਨੂੰ ਨਜ਼ਰ ਅੰਦਾਜ਼ ਕਰ ਕੇ ਅਤੇ ਜ਼ਨਾਨੇ ਫੈਸ਼ਨਾ ਨੂੰ ਵੇਂਹਦੀਆਂ ਹੌਲੀ ਹੌਲੀ ਤੁਰ ਰਹੀਆਂ ਸਨ।

ਲੰਮੇ ਘੁੰਗਰਾਲੇ ਵਾਲਾਂ ਵਾਲੇ, ਐਨਕ ਮੰਡਤ ਵਾਲੀਆਂ ਛੋਟੀਆਂ ਅੱਖਾਂ ਵਾਲੇ, ਉੱਠ ਦਾ ਕੁਰਤਾ-ਸਦਰੀ, ਚੂੜੀਦਾਰ ਪਜਾਮਾਂ ਜਰਾਬਾਂ, ਪਸ਼ੌਰੀ ਪਾਈ, ਖੱਬੀ ਬਾਂਹ ਤੇ ਚੈਸਟਰ ਅਤੇ ਸੱਜੇ ਹੱਥ ਵਿਚ "ਫ਼ਾਈਵ-ਫ਼ਾਈਵ-ਫ਼ਾਈਵ" ਦਾ ਟਿਨ ਲਈ ਇਕ ਸੱਜਣ ਨੂੰ ਨਾਲ ਲਈ ਸ਼ੰਕਰ ਲਾਲ ਉੱਥੇ ਆਏ। ਬੜੇ ਨਿੱਘ ਨਾਲ ਜਾਣ ਪਛਾਣ ਕਰਾਈ — ਮਿਸਟਰ ਵਰਮਾ, ਆਪ ਈ ਪ੍ਰਸਿੱਧ ਕਵੀ ਵਿਰਹੇਸ਼ ਜੀ ਨੇ, ਜਿਨ੍ਹਾਂ ਨੇ ਇਸ ਪਿਕਚਰ

ਦੇ ਗਾਣੇ ਲਿਖੇ ਹਨ। ਅਤੇ ਇਹਨੇ ਮਿਸਟਰ ਤਿਰਭੁਵਨ ਨਾਥ ਵਰਮਾ, ਕੇਸਰ ਬਾਗ ਵਿਚ ਜੋ ਅਜੰਤਾ ਰੇਡੀਓ ਇੰਜੀਨੀਰਿੰਗ ਵਰਕਸ ਹੈ ਉਹ ਇਹਨਾਂ ਦੀ ਹੀ ਹੈ। ਅਤੇ ਇਹ ਨੇ ਮਿਸਿਜ਼ ਤਾਰਾ ਵਰਮਾ। ਇਹ ਮੇਰੇ ਭਾਬੀ ਜੀ ਨੇ ਮਿਸਿਜ਼ ਮੋਹਨੀ ਲਾਲ, ਤੇ ਇਹ — ਜਿਹਨੂੰ ਤੁਸੀਂ ਕਵੀ ਲੋਕ ਸ਼ੋਕ ਦੀ ਹਾਲਤ ਵਿਚ ਪਤਾ ਨਹੀਂ ਕੀ ਕੀ ਕਹਿ ਕੇ ਬੁਲਾਉਂਦੇ ਓ — ਮੇਰੀ ਉਹੋ ਹੈ — ਮਿਸਿਜ਼ ਸਵਰੂਪ ਕੁਮਾਰੀ ਲਾਲ!"

ਤਾਰਾ ਨੇ ਡੁੱਲ੍ਹ ਡੁੱਲ੍ਹ ਪੈਂਦੀ ਖ਼ੁਸ਼ੀ ਦੇ ਭਾਵ ਨਾਲ, ਛੋਟੀ ਨੇ ਖਿੜ ਕੇ ਅਤੇ ਵੱਡੀ ਨੇ ਲੱਜਿਆ ਨਾਲ ਆਪਣੇ ਗਦਗਦ ਹਿਰਦੇ ਦੀਆਂ ਧੜਕਨਾਂ ਲੁਕਾ ਕੇ ਵਿਰਹੇਸ਼ ਜੀ ਨੂੰ ਨਮਸਕਾਰ ਕੀਤਾ। ਅਤੇ ਵਿਰਹੇਸ਼ ਦਾ ਨਮਸਕਾਰ ਸਭ ਲੇਖਕ, ਕਲਾਕਾਰ, ਨੇਤਾ ਉਪਨੇਤਾ ਨੇਤਰਾਂ-ਉਪਨੇਤਰਾਂ ਰਹੀਂ ਪੇਟੇਂਟ ਕਰਾਏ ਹੋਏ ਫ਼ਾਰਮੂਲੇ ਅਨੁਸਾਰ ਹੀ ਸੀ — ਜਿੱਥੋਂ ਤਕ ਬੰਦ ਬਤੀਸੀ ਦੀ ਮੁਸਕ੍ਰਾਹਟ ਅਤੇ ਕੋਮਲ ਕੋਮਲ ਜਿਹਾ ਹੱਥਾਂ ਦਾ ਜੁੜਨਾ।

ਮਿਸਟਰ ਵਰਮਾ ਵਿਰਹੇਸ਼ ਜੀ ਨੂੰ ਵੇਖ ਕੇ ਧੰਨ ਧੰਨ ਹੁੰਦਾ ਜਾ, ਰਿਹਾ ਸੀ। ਵਿਰਹੇਸ਼ ਉਸ ਵਰਗ ਦਾ ਦੇਵਤਾ ਸੀ ਜਿਸ ਨੂੰ ਪਾਉਣ ਲਈ ਅੱਸੀ ਫ਼ੀ ਸਦੀ ਬਾਬੂ ਬੱਚੇ ਸਦਾ ਲਾਲਾਂ ਸੁੱਟਦੇ ਰਹਿੰਦੇ ਹਨ। ਅਤੇ ਔਰਤਾਂ ਵੀ ਤਾਂ ਹਨ ਤਾਂ ਆਖਿਰ ਬਾਊਆਂ ਦੀਆਂ ਨੂੰਹਾਂ ਧੀਆਂ। ਸਵੇਰ ਤੋਂ ਪਰਭਾਤੀਆਂ ਦੀ ਥਾਂ...ਬੇਈਮਾਨ ਬਲਮਾ ਜਾ ਬਲਮਾ ਜਾ — ਬਲਮਾ ਜ ਜਾ ਜਾ।' ਰਿਕਾਰਡ ਸੁਣਨ ਅਤੇ ਗੁਨਗਨਾਉਣਾ ਪਸੰਦ ਕਰਦੀਆਂ ਨੇ। ਸਿਨਮਾਂ ਸਟਾਰਾਂ ਦੇ ਬਾਪ ਦਾਦਿਆਂ ਦੇ ਕੁਰਸੀ ਨਾਮੇਂ ਉਹਨਾਂ ਤੋਂ ਪੁੱਛ ਲਉ; ਕਿਹੜਾ ਸਟਾਰ ਕਿੰਨੇ ਦਾ ਕੰਟਰੈਕਟ ਕਰਦਾ ਹੈ, ਕਿੱਥੇ ਕਿੱਥੇ ਕੰਮ ਕਰ ਰਿਹਾ ਹੈ। ਕਿਸ ਸਟਾਰ ਦਾ ਕਿਸ ਨਾਲ ਲਵ ਚਲ ਰਿਹਾ ਹੈ ਅਤੇ ਕਿਸਦਾ ਪ੍ਰੇਮ ਕਿਹਦੇ ਵੱਟੇ ਖਾਤੇ ਪੈ ਗਿਆ, ਇਸ ਦਾ ਅਪਟੂਡੇਟ ਹਿਸਾਬ ਤੁਹਾਨੂੰ ਉਹਨਾਂ ਕੋਲੋਂ ਮਿਲ ਜਾਏਗਾ। ਫ਼ਿਲਮੀ ਦੁਨੀਆਂ ਨਾਲ ਸੰਬੰਧਤ ਅਨੇਕ ਪ੍ਰੋਡਿਊਸਰ, ਡਾਇਰੈਕਟਰ, ਪਲੇਬੈਕਸਿੰਗਰ, ਮਿਊਜ਼ਕ ਡਾਇਰੈਕਟਰ, ਕੈਮਰਾਮੈਨ, ਲੇਖਕ, ਗੀਤਕਾਰ ਇਸ ਗੱਲ ਦਾ ਦੰਭ ਕਰ ਸਕਦੇ ਹਨ ਕਿ ਉਹਨਾਂ ਦਾ ਜ਼ਿਕਰੇ ਖ਼ੈਰ ਵੀ ਇਹਨਾਂ ਬਾਊਆਣੀਆਂ ਤੋਂ ਅਕਸਰ ਮੌਕਿਆਂ ਤੇ ਕੀਤਾ ਜਾਂਦਾ ਹੈ। ਸਿਨਮਾ ਸ਼ਹਿਰਾਂ ਦੀ ਅੱਸੀ-ਫ਼ੀ ਸਦੀ ਜਵਾਨ ਆਬਾਦੀ ਦਾ ਧਿਆਨ ਅਤੇ ਨਿਸ਼ਾਨਾ ਹੈ। ਤਾਰਾ ਛੋਟੀ ਵੱਡੀ ਸਭਨਾਂ ਨੂੰ ਈ ਵਿਰਹੇਸ਼ ਨਾਲ ਮਿਲ ਕੇ ਬੜਾ ਅਭਿਮਾਨ, ਬੜੀ ਖ਼ੁਸ਼ੀ ਹੋ ਰਹੀ ਸੀ।

ਸ਼ੰਕਰ ਲਾਲ ਨੇ ਆਖਿਆ — "ਖ਼ਾਸ ਮੇਰੇ ਕਾਰਨ ਈ ਇਸ ਵੇਲੇ ਏਥੇ ਖੜੇ ਸਨ।"

"ਜੀ ਹਾਂ, ਮੈਨੂੰ ਤਾਂ ਅੱਜ ਦੋ ਤਿੰਨ ਆਫ਼ੀਸਰਜ਼ ਫ਼ਰੈਂਡਜ਼ ਜ਼ਬਰਦਸਤੀ ਆਪਣੀ ਕਾਰ ਤੇ ਬੈਠਾ ਕੇ ਏਥੇ ਮੈਟਨੀ ਵਿਚ ਲੈ ਆਏ ਕਿ ਵਿਰਹੇਸ਼, ਅਸੀਂ ਤੇਰੇ ਨਾਲ ਬੈਠ ਕੇ ਸਕਰੀਨ ਤੇ ਤੇਰਾ ਨਾਂ ਵੇਖਾਂਗੇ। ਮਜਬੂਰ ਹੋ ਕੇ ਆਉਣਾ ਪਿਆ। ਫਿਰ ਉਹਨਾਂ ਨੂੰ ਕਿਹਾ ਕਿ ਬਈ, ਮੈਂ ਤਾਂ ਹੁਣ ਏਥੇ ਈ ਠਹਿਰਾਂਗਾ ਕਿਉਂਕਿ ਮੇਰੇ ਮਿੱਤਰ

ਸ਼ੰਕਰ ਲਾਲ ਆਉਣ ਵਾਲੇ ਨੇ। ਉਹਨਾਂ ਨਾਲ ਮੈਂ ਪਿਕਚਰ ਵੇਖਣ ਦਾ ਪ੍ਰਾਮਿਸ ਕੀਤਾ ਹੈ, ਨਹੀਂ ਤਾਂ ਉਹਨਾਂ ਦੀ ਕਾਰ ਤੇ ਈ ਤੁਰ ਜਾਂਦਾ।"

ਇਹ ਬਚਨ ਬੋਲ ਕੇ ਵਿਰਹੇਸ਼ ਜੀ ਮਹਾਰਾਜ ਸਭ ਭਗਤਾਂ ਨੂੰ ਆਪਣੇ ਦਰਸ਼ਨਾਂ ਦੇ ਅਮ੍ਰਿਤ ਨਾਲ ਨਿਹਾਲ ਕਰਨ ਲਗੇ। ਸ਼ੰਕਰ ਲਾਲ ਨੇ ਹੱਥ ਵਧਾਉਂਦੇ ਹੋਇਆ ਕਿਹਾ — "ਆਉ ਚੱਲੀਏ।"

ਵਿਰਹੇਸ਼ ਜੀ ਗੋਪ ਗੋਪੀਆਂ ਨਾਲ ਘਿਰੇ ਹੋਏ ਅੱਗੇ ਅੱਗੇ ਤੁਰੇ।

ਕਰਨਲ ਨੇ ਲਾਈਨ ਵਿਚ ਕਾਰ ਖੜੀ ਕੀਤੀ। ਕਰਨਲ ਅਤੇ ਸੱਜਨ ਆਪਣੇ ਆਪਣੇ ਪਾਸੇ ਦੇ ਸ਼ੀਸ਼ੇ ਚੜ੍ਹਾ ਕੇ ਦਰਵਾਜ਼ੇ ਬੰਦ ਕਰਦਿਆਂ ਹੋਇਆਂ ਉੱਤਰ ਕੇ ਬਾਹਰ ਖਲੋ ਗਏ। ਕਰਨਲ ਕਾਰ ਦਾ ਤਾਲਾ ਬੰਦ ਕਰਨ ਲਈ ਗੁੱਛੇ 'ਚੋਂ ਚਾਬੀ ਸਰਕਾਉਣ ਲੱਗਾ। ਸੱਜਨ ਨੇ ਕਾਰ ਦੀ ਛੱਤ ਤੋਂ ਪਾਰ ਵੇਖਿਆ — ਚਹੁੰ ਪਾਸਿਆਂ ਵੱਲ ਪਸਰੀ ਭੀੜ, ਅਤੇ ਉਸ ਭੀੜ ਵਿਚ ਮਹਾਂਕਵੀ ਬੋਰ। ਉਹਦੀਆਂ ਗੁਆਚੀਆਂ ਹੋਈਆਂ, ਅਚੱਲ ਅੱਖਾਂ ਅਚਾਨਕ ਚਮਕ ਉੱਠੀਆਂ, ਉਹਨੇ ਆਖਿਆ — "ਕਰਨਲ, ਪਰਤ ਚਲੋ, ਹੁਣ ਏਥੇ ਨਹੀਂ ਵੇਖਾਂਗੇ।" ਉਹਦੇ ਚਿਹਰੇ ਤੇ ਉਦਾਸੀ ਅਤੇ ਕਹਿਣ ਦੇ ਢੰਗ ਵਿਚ ਉਕਤੇਵਾਂ ਸੀ।

"ਕਿਉਂ ?" ਕਰਨਲ ਨੇ ਤਿਉੜੀ ਚੜ੍ਹਾ ਕੇ ਪੁੱਛਿਆ।

"ਊਂ ਹੂੰ। ਯਾਰ ਨਹੀਂ ਵੇਖਣੀ। ਡਬਲ ਬੋਰੀਅਤ ਹੋਏਗੀ।"

ਸੱਜਨ ਬੱਚਿਆਂ ਵਾਂਗ ਖਿਝਿਆ। ਕਰਨਲ ਨੇ ਕਾਰ ਦਾ ਤਾਲਾ ਲਾ ਕੇ ਚਾਬੀਆਂ ਦਾ ਗੁੱਛਾ ਜੇਬ ਵਿਚ ਰਖਿਆ ਅਤੇ ਅੱਗੇ ਵਧਿਆ। ਸੱਜਨ ਉਸੇ ਚਿੜੇ ਹੋਏ ਮੂਡ ਵਿਚ ਬੋਲਿਆ — "ਇਕ ਤਾਂ ਬੰਬਈਆ ਫ਼ਿਲਮ — ਏਐਸਥੈਟਿਕ ਟੇਸਟ ਵਿਚ ਸੜਿਆ ਪਤੀਤਾ। ਦੂਸਰੇ ਤੇਰੀ ਪਸੰਦ, ਤੀਸਰੇ ਮਹਾਂਕਵੀ ਬੋਰ ਵੀ ਦਿਸ ਪਏ।

ਬੋਰ ਦੇ ਨਾਂ ਤੇ ਕਰਨਲ ਨੂੰ ਹਾਸਾ ਆ ਗਿਆ ਸਾਹਮਣੇ ਵੇਖਿਆ, ਉਹਨੂੰ ਬੋਰ ਨਜ਼ਰ ਨਾ ਆਇਆ, ਪੁੱਛਿਆ — "ਕਿੱਥੇ ਆ ਭਲਾ ?"

"ਔਹ ਸਾਹਮਣੇ ਪੌੜੀਆਂ ਚੜ੍ਹ ਰਿਹਾ ਏ। ਯਾਰ, ਬੜਾ ਸਾਹ ਘੁੱਟੇਗਾ। ਚਲੋ ਬੰਧ ਕੋਲ ਗੋਮਤੀ ਕੰਢੇ ਜਾ ਕੇ ਏਕਾਂਤ ਵਿਚ ਬਹੀਏ, ਗੱਲਾਂ ਕਰੀਏ।" ਸੱਜਨ ਦੇ ਬੋਲਾਂ ਵਿਚ ਥਕਾਵਟ ਸੀ।

"ਤੂੰ ਤਾਂ ਆਪ ਈ ਬੋਰੀਅਤ ਖਿਲਾਰ ਰਿਹਾ ਏਂ ਅੱਜ ! ਮੇਰਾ ਵੇਖਣ ਨੂੰ ਜੀਅ ਕਰਦਾ ਏ — ਵਾਹ ! ਹੁਣ ਏਥੇ ਆਏ ਹਾਂ ਤਾਂ ਏਹੋ ਵੇਖਾਂਗੇ। ਬੋਰ ਸਾਲੇ ਨੂੰ ਕੋਲ ਨਹੀਂ ਫਟਕਣ ਦਿਆਂਗਾ। ਤੂੰ ਵੇਖੀਂ ਤਾਂ ਸਹੀ, ਚਲ।"

ਵਿਰਹੇਸ਼ ਦਲ ਦੀਆਂ ਸਭ ਨਜ਼ਰਾਂ ਨਵੀਂ ਚਮਕ ਨਾਲ ਸੱਜਨ ਨੂੰ ਵੇਖਣ ਲੱਗੀਆਂ। ਮਧਰਾ, ਗੱਠਿਆ ਜਿਸਮ, ਲਹੂ ਨਾਲ ਝਲਝਲ ਕਰਦਾ ਗੋਰਾ-ਚਿੱਟਾ ਖ਼ੂਬਸੂਰਤ

ਪਾਲਿਸ਼ਡ ਚਿਹਰਾ, ਉੱਚਾ ਮੱਥਾ, ਪਸ਼ਮੀਨੇ ਦੀ ਸ਼ੇਰਵਾਨੀ, ਢਿੱਲੀ ਮੋਹਰੀ ਦਾ ਪਜਾਮਾ ਪਾਈ, ਹੱਥ ਵਿਚ ਓਵਰਕੋਟ ਲਈ ਸੱਜਨ ਦਰਵਾਜ਼ੇ ਕੋਲ ਖੜਾ ਸੀ। ਸਭ ਨੇ ਹੱਥ ਜੋੜੇ। ਸੱਜਨ ਨੇ ਚਿਹਰੇ ਤੋਂ ਲਾਪ੍ਰਵਾਹੀ ਵਿਖਾਉਂਦਿਆਂ ਹੋਇਆਂ ਹੱਥ ਉਤਾਂਹ ਕੀਤੇ ਅਤੇ ਹਾਲ ਅੰਦਰ ਪੈਰ ਧਰਿਆ। ਬੋਰ ਛੇਤੀ ਨਾਲ ਉੱਠ ਕੇ ਅੱਗੇ ਆਇਆ। ਸ਼ੰਕਰ ਲਾਲ ਤੇ ਵਰਮਾ ਜੀ ਅੱਗੇ ਵਧੇ। ਤਾਰਾ ਨੇ ਉੱਠ ਕੇ ਆਪਣੇ ਕੋਟ ਤੇ ਕੇਕ ਦੇ ਝੜੇ ਹੋਏ ਟੁਕੜਿਆਂ ਨੂੰ ਹੱਥ ਨਾਲ ਹਟਾਇਆ ਅਤੇ ਫਿਰ ਬੈਂਚ ਤੋਂ ਪਿਆਲਾ ਚੁੱਕ ਕੇ ਛੇਤੀ ਛੇਤੀ ਆਪਣੀ ਕਾਫ਼ੀ ਖ਼ਤਮ ਕਰਨ ਲਗੀ। ਛੋਟੀ ਨੇ ਉੱਠ ਕੇ ਆਪਣੇ ਸਿਰ ਦਾ ਦੁਪੱਟਾ ਸੰਭਾਲਿਆ, ਫਿਰ ਖ਼ਾਹਮਖ਼ਾਹ ਹਲਕਾ ਜਿਹਾ ਖੰਘ ਕੇ ਹਰੇ, ਚਿੱਟੇ, ਨਗੀਨਿਆਂ ਨਾਲ ਜੜੀਆਂ ਗੋਰੀਆਂ ਉਂਗਲੀਆਂ ਨਾਲ ਰੁਮਾਲ ਮੂੰਹ ਤਕ ਕੀਤਾ, ਫਿਰ ਲਿਪਸਟਿਕ ਰੰਗੇ ਹੋਠਾਂ ਨੂੰ ਇਚਕ ਬਿਚਕ ਕੇ ਰਿਜ਼ਰਵ ਹੋ ਗਈ। ਵੱਡੀ ਹੱਥ ਜੋੜਨ ਪਿਛੋਂ ਛੋਟੀ ਵੱਲ ਜ਼ਰਾ ਹੋਰ ਮੁੜ ਗਈ ਅਤੇ ਛੇਤੀ ਛੇਤੀ ਆਪਣਾ ਕੇਕ ਮੁਕਾਉਣ ਲੱਗੀ। ਵੱਡੀ ਲਈ ਅੱਜ ਦੀ ਰਾਤ ਸਵਰਗ ਲੋਕ ਵਿਚ ਬਤੀਤ ਹੋ ਰਹੀ ਸੀ। ਨਾਰਗਿਸ, ਸੁਰੱਈਆ, ਰਾਜ ਕਪੂਰ, ਦਲੀਪ ਕੁਮਾਰ, ਦੇਵਾ ਨੰਦ, ਨਿੰਮੀ, ਪ੍ਰੇਮ ਨਾਥ ਅਤੇ ਹੋਰ ਵੀ ਜਿੰਨੇ ਮਸ਼ਹੂਰ ਨਾਂ ਹਨ ਉਹਨਾਂ ਸਭਨਾਂ ਦੇ ਖ਼ਾਸ ਮਿੱਤਰ ਕਵੀ ਵਿਰਹੇਸ਼ ਜੀ ਨਾਲ ਬਹਿ ਕੇ ਫਿਲਮੀ ਦੁਨੀਆਂ ਦੀਆਂ ਗੱਲਾਂ ਸੁਣਨੀਆਂ, ਉਹਦਾ ਗਾਣਾ ਸੁਣਨਾ — ਇਹ ਸੁਭਾਗ ਵੱਡੀ ਦੇ ਮਨ ਨੂੰ ਪਾਗਲ ਕਰੀ ਜਾਂਦਾ ਸੀ। ਉਤਸ਼ਾਹ ਕਾਰਨ ਉਹਦਾ ਚਿਹਰਾ ਇੰਜ ਸੀ ਜਿਵੇਂ ਹੋਸ਼ ਉੱਡੀ ਹੋਵੇ, ਅਤੇ ਉਹ ਫੁੱਲੀ ਨਹੀਂ ਸੀ ਸਮਾਉਂਦੀ।

ਬੋਰ ਨੇ ਕਿਹਾ — "ਤੁਸੀਂ — ਤੁਸੀਂ ਬਈ ! ਖ਼ੂਬ ਆਏ ਓ ਯਾਰ — ਮਿ: ਸੱਜਨ ! ਅਤੇ ਕਰਨਲ ਸਾਹਿਬ ਨੂੰ ਵੇਖ ਕੇ ਤਾਂ ਤਬੀਅਤ ਖ਼ੁਸ਼ ਹੋ ਗਈ।"

ਸ਼ੰਕਰ ਨੇ ਅਗਾਂਹ ਹੋ ਕੇ ਸੱਜਨ ਨੂੰ ਕਿਹਾ — "ਸੱਜਨ ਜੀ, ਮੇਰੀ ਫ਼ੈਮਲੀ ਦੇ ਬੰਦੇ ਤੁਹਾਨੂੰ ਮਿਲਣ ਲਈ ਬੜੇ ਉਤਸਕ ਨੇ।"

ਆਖ ਕੇ ਉਹਨੇ ਛੋਟੀ ਵੱਡੀ ਨੂੰ ਆਉਣ ਲਈ ਇਸ਼ਾਰਾ ਕੀਤਾ। ਸੱਜਨ ਉਸੇ ਅਭਿੱਜ ਅਦਾ ਨਾਲ ਬਾਹਰ ਨਿਕਲ ਆਇਆ। ਸਭ ਨਾਲ ਮਿਲ ਕੇ 'ਬੜੀ ਖ਼ੁਸ਼ੀ ਹੋਈ' ਕਹਿ ਕੇ ਸੱਜਨ ਫਿਰ ਮੁੜਿਆ।

ਮਿਸਟਰ ਵਰਮਾ ਨੇ ਕਿਹਾ — "ਮਿਸਟਰ ਵਰਮਾ, ਮੇਰੀ ਵਾਈਫ਼ ਅਤੇ ਇਹ ਮਿਸਿਜ਼ ਲਾਲ ਵਗ਼ੈਰਾ ਤੁਹਾਡੀਆਂ ਪੇਂਟਿੰਗਜ਼ ਵੇਖਣਾ ਚਾਹੁੰਦੀਆਂ ਨੇ। ਅੱਜ ਸਵੇਰੇ ਅਸੀਂ ਲੋਕ ਆਰਟੀਕਲ..."

"ਜੀ ਜਦ ਵੀ ਕਹੋ, ਵਖਾ ਦਊਂ ਇਹਨਾਂ ਦੀਆਂ ਪੇਂਟਿੰਗਜ਼", ਵਿਰਹੇਸ਼ ਆਪਣੇ ਘੁੰਗਰਾਂ ਵਾਲੇ ਵਾਲ ਝਟਕਦੇ ਹੋਏ ਬੋਲੇ ਅਤੇ ਫਿਰ ਕੁਝ ਹੋਰ ਵੀ ਕਹਿਣ ਵਾਲੇ ਸਨ ਕਿ ਸੱਜਨ ਦੇ ਚਿਹਰੇ ਦੀ ਕੱਸ ਵੇਖ ਕੇ ਕਰਨਲ ਨੇ ਤੇਜ਼ ਹੋ ਕੇ ਕਿਹਾ — "ਬੋਰੇਸ਼ !"

ਇਹ ਨਾਂ ਸੁਣ ਕੇ ਵਿਰਹੇਸ਼ ਸੁੰਗੜ ਗਿਆ। ਸੱਜਨ ਨੇ ਮਿਸਟਰ ਵਰਮਾ ਨੂੰ ਸ਼ਾਂਤ ਆਵਾਜ਼ 'ਚ ਕਿਹਾ — "ਤੁਸੀਂ ਇਹਨਾਂ ਨੂੰ ਲੈ ਕੇ ਕਿਸੇ ਦਿਨ ਆ ਜਾਉ, ਪਰ ਮਿਹਰਬਾਨੀ ਕਰ ਕੇ ਮੈਨੂੰ ਪਹਿਲਾਂ ਖ਼ਬਰ ਕਰ ਦਿਉ। ਆਓ ਕਰਨਲ।"

ਦੋਵੇਂ ਅੰਦਰ ਚਲੇ ਗਏ।

ਆਪਣੇ ਟਿਕਟ ਦੇ ਕੇ ਅੰਦਰ ਜਾਂਦੇ ਹੋਏ ਸ਼ੰਕਰ ਲਾਲ ਵਿਰਹੇਸ਼ ਆਦਿ ਨੇ ਵੇਖਿਆ, ਕਰਨਲ ਅਤੇ ਸੱਜਨ ਇਕ ਬਾਕਸ ਵਿਚ ਬੈਠ ਰਹੇ ਸਨ।

ਵਿਰਹੇਸ਼ ਨੂੰ ਬਾਲਕੋਨੀ ਵਿਚ ਬੈਠਣਾ ਚੁਭਿਆ, ਪਰ ਜਿਜਮਾਨ ਦੀ 'ਸ਼ਰਧਾ' ਦੇ ਅੱਗੇ ਉਹਦਾ ਕੀ ਵੱਸ ਸੀ। ਵੱਡੀ, ਤਾਰਾ ਅਤੇ ਛੋਟੀ ਤੋਂ ਪਿੱਛੇਂ ਇਕ ਸੀਟ ਛੱਡ ਕੇ ਸ਼ੰਕਰ ਅਤੇ ਵਰਮਾ ਬੈਠੇ। ਛੋਟੀ ਫਿਰ ਸੀਟ ਬਦਲ ਕੇ ਆਪਣੇ ਪਤੀ ਦੇ ਨਾਲ ਦੀ ਸੀਟ ਤੇ ਆ ਬੈਠੀ। ਹੁਣ ਤਾਰਾ ਦੇ ਨਾਲ ਵਾਲੀ ਸੀਟ ਕਵੀ ਹੋਰਾਂ ਲਈ ਖ਼ਾਲੀ ਹੋ ਗਈ, ਪਰ ਕਵੀ ਹੋਰੀਂ ਆਉਂਦੇ ਆਉਂਦੇ ਰੁਕ ਗਏ।

"ਹੁਣੇ ਆਉਂਦਾ ਹਾਂ", ਕਹਿ ਕੇ ਵਿਰਹੇਸ਼ ਜੀ ਸੱਜਨ ਦੇ ਬਾਕਸ ਵੱਲ ਗਏ। ਸੱਜਨ ਅਤੇ ਕਰਨਲ ਵਿਰਹੇਸ਼ ਦੇ ਆਉਂਦਿਆਂ ਹੀ ਕੁੜ੍ਹ ਗਏ।

ਵਿਰਹੇਸ਼ ਜੀ ਨੇ ਕਿਹਾ — "ਹੀ ਹੀ, ਤੁਸੀਂ ਲੋਕਾਂ ਦੇ ਆਉਣ ਨਾਲ..." ਸੱਜਨ ਨੇ ਕਰਨਲ ਦੀ ਖੁੱਚ 'ਚ ਚੂੰਡੀ ਵੱਢੀ, ਕਰਨਲ ਨੇ ਤਿਊੜੀ ਚੜ੍ਹਾ ਕੇ ਕਿਹਾ — "ਬੋਰੇਸ਼ ਜਾ ਏਥੋਂ। ਸਾਨੂੰ ਡਿਸਟਰਬ ਨਾਂ ਕਰ! ਜਾ!"

"ਜਾਂਦਾ ਹਾਂ ਹੁਣੇ ਈ ਜਾਂਦਾ ਹਾਂ।" ਕਹਿੰਦੀਆਂ ਹੋਇਆਂ ਵਿਰਹੇਸ਼ ਪਿਛਲੀ ਸੀਟ ਤੇ ਜਾ ਬੈਠਾ ਅਤੇ ਤਰਲੇ ਨਾਲ ਹੱਸ ਕੇ ਕਿਹਾ — "ਇਸ ਪਿਕਚਰ। ਯਾਨੀ ਇਸ ਪਿਕਚਰ ਵਿਚ ਮੇਰਾ ਸਾਂਗ......"

"ਓਹ! ਇਸੇ ਪਿਕਚਰ ਵਿਚ ਹੈ।" ਸਜਨ ਨੇ ਉਹਦੇ ਵਲ ਵੇਖਣ ਤੋਂ ਬਿਨਾਂ ਈ ਆਖਿਆ।

ਕਰਨਲ ਬੋਲਿਆ — "ਇਹ ਪਤਾ ਹੁੰਦਾ ਤਾਂ ਅਸੀਂ ਲੋਕ ਏਥੇ ਕਦੇ ਨਾ ਆਉਂਦੇ। ਅੱਛਾ ਹੁਣ ਤੂੰ ਤੁਰਦਾ ਫਿਰਦਾ ਨਜ਼ਰ ਆ ਏਥੋਂ ਝਟ ਪਟ!"

"ਹਾਂ, ਹਾਂ, ਬਸ ਜਾ ਈ ਰਿਹਾ ਹਾਂ। ਇਸ ਵਿਚ ਮਿਊਜ਼ਿਕ ਡਾਇਰੈਕਟਰ ਨੇ ਮੇਰੀ ਟਿਊਨ......"

"ਬੋਰੇਸ਼!" ਕਰਨਲ ਨੇ ਫਿਰ ਅੱਖਾਂ ਵਖਾਈਆਂ।

ਵਿਰਹੇਸ਼ ਹੱਥ ਜੋੜ ਕੇ ਬੋਲਿਆ — "ਤੁਸੀਂ ਸਭਨਾਂ ਸਾਹਮਣੇ ਮੈਨੂੰ ਇੰਜ ਨਾ ਬੁਲਾਓ, ਕਰਨਲ ਸਾਹਿਬ! ਜੀਅ ਕਰੇ ਤਾਂ ਇਕੱਲਿਆਂ ਸੌ ਜੁੱਤੀਆਂ......"

"ਠੀਕ ਆ ਬਸ ਨੱਠ ਜਾ ਹੁਣ।"

"ਹਾਂ-ਹਾਂ......"

"ਬੈ......"

ਬੱਰੇਸ਼ ਉਠ ਕੇ ਤੁਰ ਗਿਆ, ਤੀਜੀ ਘੰਟੀ ਵੱਜੀ। ਰਿਕਾਰਡ ਵੱਜਣੇ ਬੰਦ ਹੋਏ, ਵਿਰਹੇਸ਼ ਆਪਣੀ ਕਤਾਰ 'ਚ ਆਇਆ। ਚਾਰ ਜੋੜੀਆਂ ਟੰਗਾਂ ਤੋਂ, "ਮਾਫ਼ ਕਰਨਾ, ਥੈਂਕ ਯੂ" ਕਰਦਾ ਹੋਇਆ ਵਿਰਹੇਸ਼ ਵੱਡੀ ਕੋਲ ਆ ਕੇ ਖੜਾ ਹੋ ਗਿਆ। ਆਪਣੀ ਖ਼ਾਲੀ ਸੀਟ ਵਲ ਇਸ਼ਾਰਾ ਕਰਕੇ ਤਾਰਾ ਨੇ ਕਿਹਾ — "ਪਲੀਜ਼ ਮਿਸਿਜ਼ — ਹਾਂ, ਮੈਂ ਜ਼ਰਾ ਏਥੇ ਬੈਠਾਂਗਾ, ਸਕਰੀਨ ਤੋਂ ਏਥੇ ਨਜ਼ਰ ਦਾ ਐਂਗਲ ਠੀਕ ਬਣਦਾ ਏ। ਤੁਹਾਨੂੰ ਕੋਈ ਤਕਲੀਫ਼ ਤਾਂ ਨਹੀਂ ? ਤੁਹਾਨੂੰ ?"

ਵਿਰਹੇਸ਼ ਨੇ ਬੈਠਣ ਲਗਿਆਂ ਤਾਰਾ ਅਤੇ ਵੱਡੀ ਤੋਂ ਬੜੀ ਨਿਮਰਤਾ ਵਾਲੀ ਭਾਸ਼ਾ ਵਿਚ ਪੁੱਛਿਆ, ਫਿਰ ਗੋਦ ਵਿਚ ਓਵਰ ਕੋਟ ਅਤੇ ਉਸ ਉਤੇ ਸਿਗਰਟ ਦਾ ਟਿਨ ਰਖ ਕੇ ਉਹਨੇ ਸ਼ੰਕਰ ਵਲ ਵੇਖਦਿਆਂ ਹੋਇਆ ਕਿਹਾ — "ਤੁਸੀਂ ਬਹੁਤ ਦੂਰ ਹੋ ਗਏ, ਖ਼ੈਰ !"

ਦੂਰੀ ਸਭ ਤੋਂ ਵਧ ਛੋਟੀ ਨੂੰ ਚੁਭ ਰਹੀ ਸੀ। ਵਿਰਹੇਸ਼ ਉਹਦੇ ਪਤੀ ਦਾ ਮਿੱਤਰ ਹੈ ਤੇ ਉਹੋ ਉਹਦੀਆਂ ਗੱਲਾਂ ਨਹੀਂ ਸੁਣ ਸਕੇਗੀ।

ਨਿਊਜ਼ ਰੀਲ ਸ਼ੁਰੂ ਹੋ ਗਈ। ਵਿਰਹੇਸ਼ ਨੇ ਹੌਲੀ ਹੌਲੀ ਤਾਰਾ ਨੂੰ ਕਹਿਣਾ ਸ਼ੁਰੂ ਕੀਤਾ — "ਪਿਕਚਰ ਵਿਚ ਇਕ ਥਾਂ ਮੈਂ ਕੰਮ ਕੀਤਾ ਏ। ਤੁਸੀਂ ਪਛਾਣਨਾ।"

"ਸੱਚ ?" ਤਾਰਾ ਨੇ ਖ਼ੁਸ਼ੀ ਨਾਲ ਚਮਕ ਕੇ ਕਿਹਾ।

"ਕੀ ਸੱਚ ?" ਛੋਟੀ ਨੇ ਤਾਰਾ ਨੂੰ ਟਕੋਰ ਕੇ ਪੁੱਛਿਆ। ਤਾਰਾ ਨੇ ਛੋਟੀ ਨੂੰ ਦਸਿਆ — "ਮਿਸਟਰ ਵਿਰਹੇਸ਼ ਨੇ ਇਸ ਵਿਚ ਆਪ ਵੀ ਐਕਟਿੰਗ ਕੀਤੀ ਏ।"

"ਅਛਾ !" ਛੋਟੀ ਨੇ ਖ਼ੁਸ਼ ਹੋ ਕੇ ਇਹ ਸ਼ੁਭ ਗੱਲ ਬਾਤ ਆਪਣੇ ਪਤੀ ਨੂੰ ਸੁਣਾਈ, ਉਹਨੇ ਵਰਮਾ ਨੂੰ। ਸਭ ਨੂੰ ਆਪਣੇ ਸੁਭਾਗ ਤੇ ਮਾਨ ਹੋਇਆ। ਵੱਡੀ ਜੋ ਇਸ ਵਾਰ ਵੀ ਕੰਨ ਨੀਵਾਂ ਕਰਕੇ ਕੁਝ ਨਹੀਂ ਸੀ ਸੁਣ ਸਕੀ, ਵਿਰਹੇਸ਼ ਦੇ ਸਿੱਧਿਆਂ ਬੈਠਦਿਆਂ ਈ ਪੁੱਛ ਬੈਠੀ — "ਤੁਸਾਂ ਇਹਨੂੰ ਕੀ ਦਸਿਆ ?"

ਵਿਰਹੇਸ਼ ਨੇ ਆਪਣਾ ਸਿਰ ਉਹਦੇ ਵਲ ਝੁਕਾਉਂਦਿਆਂ ਮੁਸਕਰਾ ਕੇ ਆਖਿਆ — "ਮੈਂ ਇਸ ਵਿਚ ਥੋੜੀ ਜਿਹੀ ਐਕਟਿੰਗ ਵੀ ਕੀਤੀ ਏ। ਉਹ ਡਾਇਰੈਕਟਰ ਤੇ ਸਭ ਜਣੇ ਕਹਿਣ ਲਗੇ — ਬੜਾ ਜ਼ੋਰ ਪਾਇਆ......ਤਾਂ ਮੈਂ ਇਕ ਛੋਟਾ ਜਿਹਾ ਪੀਸ ਕਰ ਦਿਤਾ।"

ਵੱਡੀ ਨੇ ਫਿਰ ਜ਼ੋਰ ਨਾਲ ਕਿਹਾ — "ਵੇਖੋ, ਜਿਥੇ ਤੁਹਾਡੀ ਐਕਟਿੰਗ ਆਏ, ਉਹ ਜਗ੍ਹਾ ਜ਼ਰੂਰ ਸਾਨੂੰ ਦਸ ਦੇਣੀ।"

"ਤਾਂ ਤੁਸੀਂ ਮੈਨੂੰ ਨਹੀਂ ਪਛਾਣ ਸਕੋਗੇ ?' ਕਹਿੰਦਿਆਂ ਹੋਇਆਂ ਵਿਰਹੇਸ਼ ਨੇ ਉਹਦੇ ਵਲ ਵੇਖਿਆ।

ਹਨੇਰੇ ਵਿਚ ਕੋਲ ਬੈਠੇ ਹੋਏ 'ਵੱਡੇ ਆਦਮੀ' ਨੂੰ ਵੱਡੀ ਨੇ ਲਾਜ ਭਰੇ ਨੈਣਾਂ ਨਾਲ ਨੀਝ ਲਾ ਕੇ ਵੇਖਿਆ, ਅਤੇ ਪੁੱਛਿਆ — "ਤਾਂ ਹੂ ਬ ਹੂ ਏਸੇ ਤਰ੍ਹਾਂ ਈ ਉਹਦੇ ਵਿਚ ਦਿਸੋਗੇ ?"

"ਹੂ ਬ ਹੂ । ਹਾਂ ਹਾਂ ਹਾਂ — ਹਾਂ ਜੀ, ਬਿਲਕੁਲ ਹੂ ਬ ਹੂ ਏਸੇ ਤਰ੍ਹਾਂ ।" ਵੱਡੀ ਦੀ ਗੋਰੀ ਨਿਸ਼ੋਹ ਸੂਰਤ ਅਤੇ ਇਸ ਭੋਲੇ ਸਵਾਲ ਤੇ ਵਿਰਹੇਸ਼ ਨੂੰ ਬੜੇ ਪਿਆਰ ਨਾਲ ਹਾਸਾ ਆਇਆ । ਵੱਡੀ ਝਿਜਕ ਗਈ ।

ਨਿਊਜ਼ ਰੀਲ ਵਿਚ ਪੰਡਤ ਜਵਾਹਰਲਾਲ ਨਹਿਰੂ ਖੇਡਾਂ ਦਾ ਉਦਘਾਟਨ ਕਰ ਰਹੇ ਸਨ ।

ਜਦ "ਬਹਾਰ ਆਈ ਰੇ" ਦਾ ਸੈਂਸਰ ਸਰਟੀਫ਼ੀਕੇਟ ਆਇਆ ਉਦੋਂ ਤੋਂ ਈ ਇਹਨਾਂ ਸਭਨਾਂ ਦੀਆਂ ਨਜ਼ਰਾਂ ਸਕਰੀਨ ਤੇ ਵਿਰਹੇਸ਼ ਦਾ ਨਾਂ ਵੇਖਣ ਲਈ ਇਵੇਂ ਜੁਟ ਗਈਆਂ ਜਿਵੇਂ ਅਰਜਨ ਦੀ ਨਜ਼ਰ ਚਿੜੀ ਦੇ ਸਿਰ ਤੇ ਟਿਕੀ ਸੀ ।

ਸਕਰੀਨ ਉਤੇ ਵਿਰਹੇਸ਼ ਦਾ ਨਾਂ ਆਇਆ । ਉਹਦਾ ਪ੍ਰਸ਼ੰਸਕ ਦਲ ਧੰਨ ਧੰਨ ਹੋ ਗਿਆ । ਵਿਰਹੇਸ਼ ਨੇ ਆਪਣੇ ਨਾਂ ਤੇ ਕਸ਼ ਖਿੱਚ ਕੇ ਹੱਥ ਹੇਠਾਂ ਕੀਤਾ ਤਾਂ ਸਿਗਰੇਟ ਅਚਾਨਕ ਵੱਡੀ ਦੀ ਵੀਣੀ ਨਾਲ ਛੁਹ ਗਈ । ਵੱਡੀ ਤੇ ਵਿਰਹੇਸ਼ ਦੋਹਾਂ ਨੇ ਆਪਣੇ ਆਪਣੇ ਹੱਥ ਖਿੱਚੇ । ਵਿਰਹੇਸ਼ ਨੇ ਝੁਕ ਕੇ ਹੌਲੀ ਜਿਹੀ ਕਿਹਾ — "ਸੜਿਆ ਤਾਂ ਨਹੀਂ ?"

"ਨਹੀਂ ।" ਆਨੰਦ ਗੜੁੱਚੀ ਵੱਡੀ ਨੇ ਕਿਹਾ — ਇਸ ਵੇਲੇ ਵਿਰਹੇਸ਼ ਜੇਕਰ ਉਹਨੂੰ ਸੱਚ ਮੁੱਚ ਵੀ ਸਾੜ ਦੇਂਦਾ ਤਾਂ ਵੀ ਉਹਨੇ ਇਵੇਂ ਹੀ ਆਖਣਾ ਸੀ — "ਨਹੀਂ !"

ਆਪਣਾ ਸੀਨ ਆਉਣ ਤੋਂ ਪਹਿਲਾਂ ਵਿਰਹੇਸ਼ ਨੇ ਪਹਿਲਾਂ ਤਾਰਾ ਨੂੰ ਝੁਕ ਕੇ ਚੇਤਾਵਨੀ ਦਿਤੀ, ਫਿਰ ਵੱਡੀ ਨੂੰ ਝੁਕ ਕੇ ਕਿਹਾ । ਤਾਰਾ ਨੇ ਓਧਰ ਸੂਚਨਾ ਫੈਲਾ ਦਿਤੀ । ਸਾਰੇ ਜਣੇ ਸਾਹ ਰੋਕ ਕੇ ਇਸ ਤਰ੍ਹਾਂ ਤਿਆਰ ਹੋ ਗਏ, ਜਿਵੇਂ ਉਹਨਾਂ ਸਾਹਮਣੇ ਸੰਸਾਰ ਦਾ ਅੱਠਵਾਂ ਅਸਚਰਜ ਆਉਣਾ ਵਾਲਾ ਹੋਏ ।

ਹੀਰੋਇਨ ਦੀ ਮੰਗਣੀ — ਪਾਰਟੀ ਵਿਚ ਬਹੁਤ ਸਾਰੇ ਪ੍ਰਾਹੁਣਿਆਂ ਨਾਲ ਵਿਰਹੇਸ਼ ਵੀ ਆਉਂਦੇ ਹਨ । ਹੀਰੋਇਨ ਨੂੰ ਵਧਾਈ ਦੇ ਕੇ ਇਕ ਕੁਰਸੀ ਤੇ ਬਹਿ ਜਾਂਦੇ ਹਨ । ਇਸ ਪਿਛੋਂ ਦੋ ਤਿੰਨ ਵਾਰ ਹੋਰ ਇਸ ਦੀ ਝਲਕ ਪੈਂਦੀ ਹੈ ।

ਆਪਣਾ ਸੀਨ ਆਉਂਦਿਆਂ ਈ ਵਿਰਹੇਸ਼ ਨੇ ਵੱਡੀ ਨੂੰ ਹੌਲੀ ਜਿਹੀ ਕਿਹਾ — "ਹੁਣ ਪਛਾਣੋਂ ਆਪਣੇ ਖ਼ਾਕਸਾਰ ਨੂੰ ।"

ਇੰਟਰਵਲ ਹੋਣ ਤੇ ਵੱਡੀ ਨਾਲ ਨਜ਼ਰਾਂ ਮਿਲਦਿਆਂ ਈ ਵਿਰਹੇਸ਼ ਦਾ ਜੀਵਨ ਸਫਲ ਹੋ ਗਿਆ !

9

ਸੱਜਨ ਅਤੇ ਕਰਨਲ ਸਿਨਮਾ ਹਾਲ 'ਚੋਂ ਨਿਕਲ ਕੇ ਹਜ਼ਰਤ ਗੰਜ ਪਹੁੰਚੇ। ਉੱਚੀਆਂ ਆਧੁਨਿਕ ਇਮਾਰਤਾਂ ਦੀ ਪਾਲ ਛੱਡ ਕੇ ਕਰਨਲ ਦੀ ਗੱਡੀ ਨੇ ਸੜਕ ਦਾ ਚੱਕਰ ਕੱਟਿਆ। ਮੋਟਰਾਂ ਦੀ ਕਤਾਰ ਦੋ ਨੇੜੇ ਦੇ ਚੌਰਾਹਿਆਂ ਦੇ ਵਿਚ ਵਿਸ਼ਰਾਮ ਕਰ ਰਹੀ ਸੀ। ਰੌਸ਼ਨੀ, ਤੜਕ-ਭੜਕ, ਫ਼ੈਸ਼ਨ ਸਟਾਈਲ, ਜ਼ਨਾਨੀ-ਮਰਦਾਨੀ ਜਵਾਨੀ ਦੀ ਚਹਿਲ-ਪਹਿਲ, ਹੁਸਨ ਤੇ ਰੰਗ-ਸੁਗੰਧ ਨਾਲ ਚਮਕਦੇ ਦਮਕਦੇ ਹੋਏ ਹਜ਼ਰਤ ਗੰਜ ਦਾ ਸੁਹਾਗ ਸਿਆਲ ਦੀ ਭਰਪੂਰ ਰਾਤ ਵਿਚ ਅਸਤ ਹੋ ਚੁਕਿਆ ਸੀ; ਬਸ, ਮੇਫ਼ੇਅਰ ਸਿਨੇਮਾ ਦੀ ਜਗਮਗਾਹਟ ਤੁਰੰਤ ਵਿਧਵਾ ਹੋਈ ਨਾਰੀ ਦੀ ਦੇਹ ਤੋਂ ਉਤਰਦੇ ਹੋਏ ਸੁਹਾਗ ਦੇ ਨਿਸ਼ਾਨਾਂ ਵਿਚ ਆਖ਼ਰੀ ਚਿੰਨ੍ਹ ਦੀ ਤਰ੍ਹਾਂ ਬਾਕੀ ਸੀ। ਲਾਲ ਬਾਗ਼ ਵਲ ਗੱਡੀ ਵਧਾਉਂਦੇ ਹੋਏ ਕਰਨਲ ਨੇ ਕਿਹਾ — "ਜ਼ਰਾ ਕੋਟ ਲੈ ਲਵਾਂ ਆਪਣਾ, ਡਰਾਈ ਵਾਸ਼ ਵਾਸਤੇ ਦਿਤਾ ਸੀ। ਤੇਰੇ ਏਥੋਂ ਪਰਤਣ ਤਕ ਦੁਕਾਨ ....."

"ਮੈਨੂੰ ਏਥੇ ਛੱਡ ਦਿਓ। ਤੂੰ ਏਧਰੋਂ ਈ ਨਿਕਲ ਜਾਈਂ।" ਅਚਾਨਕ ਸੱਜਨ ਨੇ ਕਿਹਾ।

"ਕਿਉਂ-ਕਿਉਂ ?"

"ਮੈਂ ਟਹਿਲਦਾ ਹੋਇਆ ਜਾਵਾਂਗਾ। ਰੋਕ, ਰੋਕ ਯਾਰ।" ਗੱਡੀ ਰੁਕ ਗਈ। ਕਰਨਲ ਬੋਲਿਆ — "ਬਈ ਤਾਂ ਮੈਂ ਤੈਨੂੰ ਛੱਡ ਆਉਂਦਾ ਹਾਂ। ਕੋਟ ਕਲ੍ਹ ਆ ਜਾਏਗਾ।"

"ਨਹੀਂ ਹੁਣ ਪੈਦਲ ਈ ਜਾਵਾਂਗਾ।" ਕਾਰ ਤੋਂ ਉਤਰ ਕੇ ਸੱਜਨ ਦੀਆਂ ਨਜ਼ਰਾਂ ਫੁੱਟ ਪਾਥ ਤੇ ਝੁਕੀਆਂ ਹੋਈਆਂ ਸਨ।

ਕਰਨਲ ਨੇ ਉਹਦੇ ਉਦਾਸ ਚਿਹਰੇ ਨੂੰ ਵੇਖ ਕੇ — "ਸੁਣ! ਅੱਜ ਦਿਨ ਭਰ ਤੇਰਾ ਚਿਹਰਾ ਉਦਾਸ ਵੇਖਿਆ, ਕੋਈ ਖ਼ਾਸ ਗੱਲ ਤਾਂ ਨਹੀਂ ਹੋ ਗਈ ?"

"ਨ-ਹੀਂ, ਖ਼ਾਸ ਕੁਝ ਨਹੀਂ। ਉਂਜ ਈ। ਫਿਰ ਦਸਾਂਗਾ ਤੈਨੂੰ।"

ਅੱਜ ਸਵੇਰ ਤੋਂ ਹੀ ਸੱਜਨ ਦੇ ਮਨ ਵਿਚ ਘੁਟਣ ਪੱਸਰੀ ਹੋਈ ਹੈ। ਪੂਰਾ ਦਿਨ ਕਲਾਕਾਰ ਦੇ ਸੰਵੇਦਨਸ਼ੀਲ ਮਨ ਤੇ ਸੱਟਾਂ ਹੀ ਪੈਂਦੀਆਂ ਰਹੀਆਂ ਹਨ। ਸਵੇਰੇ ਮਹੀਪਾਲ ਨੇ ਕਹੀਆਂ-ਨਾ-ਕਹੀਆਂ ਸੁਣਾਈਆਂ, ਉਹਦੇ ਤੋਂ ਜੀਅ ਖੱਟਾ ਹੋਇਆ, ਫਿਰ ਚੌਂਕ ਵਿਚ ਆਪਣੀ ਕੋਠੜੀ 'ਚੋਂ ਪੁਤਲਾ ਲੈ ਕੇ ਗਲੀਆਂ ਵਿਚ ਤਮਾਸ਼ਾ ਬਣ ਕੇ ਜਾਂਦੇ ਹੋਇਆਂ ਉਹਨੂੰ ਅੰਦਰੇ ਅੰਦਰ ਬੜੀ ਝਿਜਕ ਤੇ ਉਲਝਨ ਹੋਈ ਸੀ। ਉਹਦੇ ਪਿਛੋਂ ਜਗਦੰਬਾ ਸਹਾਇ ਦੀ ਤਰੱਕੀ ਪਸੰਦ ਧੀ ਨੇ ਚੁਭਵੀਆਂ ਦੋ ਚਾਰ ਗੱਲਾਂ ਸੁਣਾਈਆਂ। ਫਿਰ ਉਸ ਮੁਟਿਆਰ ਲਈ ਆਪਣੇ ਮਨ 'ਚ ਆਏ ਕਾਮ ਵਿਕਾਰ ਨਾਲ ਖ਼ੁਦ ਆਪਣੀ

ਆਤਮਾ ਉਤੇ ਹਥੌੜੇ ਵੱਜਣ ਲਗੇ ਅਤੇ ਹੁਣੇ ਹੁਣੇ ਚਿਤਰਾ ਉਹਦੇ ਚਰਿੱਤਰ ਦੇ ਦੋਵਾਂ ਪਾਸਿਆਂ ਦੇ ਰੰਗਾਂ ਦੀ ਝਲਕ ਵਿਖਾ ਕੇ ਉਹਦੀ ਤਸਵੀਰ ਬਣਾ ਗਈ ਹੈ।

ਬੱਤੀ ਵਰ੍ਹਿਆਂ ਦੀ ਉਮਰ ਤਕ ਕੁਆਰਾ ਰਹਿਣ ਕਰਕੇ ਉਹਦਾ ਕਾਮ ਜੀਵਨ ਨਿਯਮਤ ਨਹੀਂ। ਔਰਤ ਦੇ ਵਿਚਲੇ ਸੰਬੰਧ ਦਾ ਮੌਕਾ ਕਦੀ ਕਦੀ ਤਾਂ ਦੋ ਦੋ ਤਿੰਨ ਤਿੰਨ ਮਹੀਨੇ ਤਕ ਨਹੀਂ ਮਿਲਦਾ; ਅਤੇ ਜਦ ਕਦੇ ਐਸਾ ਮੌਕਾ ਬਣ ਜਾਂਦਾ ਹੈ ਤਾਂ ਉਹ ਅਣਗੌਲਿਆ ਕਰ ਦਿੰਦਾ ਹੈ। ਉਹਦੇ ਜੀਵਨ ਵਿਚ ਤਿੰਨ ਤਰ੍ਹਾਂ ਦੀਆਂ ਔਰਤਾਂ ਆਉਂਦੀਆਂ ਹਨ। ਪਹਿਲੀ ਤੋਂ ਉਹ ਪੈਸੇ ਦੇ ਕੇ ਆਨੰਦ ਮੁੱਲ ਲੈਂਦਾ ਹੈ, ਦੂਜੀ ਤੋਂ ਪ੍ਰੇਮ ਚੋਜ ਨਾਲ ਰਸ ਲੈਂਦਾ ਹੈ, ਅਤੇ ਤੀਜੀ ਤਰ੍ਹਾਂ ਦੀਆਂ ਉਹ ਸਭ ਔਰਤਾਂ ਹਨ ਜਿਨ੍ਹਾਂ ਨਾਲ ਕੇਵਲ ਸ਼ਿਸ਼ਟਾਚਾਰ ਦੇ ਬਾਹਰੀ ਸੰਬੰਧ ਨੇ। ਮਾਂ ਹੀ ਇਕ ਮਾਤਰ ਇਸ ਭਾਂਤ ਦੀ ਔਰਤ ਸੀ ਜਿਸ ਲਈ ਉਹਦੇ ਮਨ ਵਿਚ ਡੂੰਘੀ ਸ਼ਰਧਾ ਰਹੀ। ਨਾਰੀ ਵਾਸਤੇ ਏਹੋ ਸ਼ਰਧਾ ਉਹਦੇ ਮਨ ਨੂੰ ਸੱਟਾਂ ਮਾਰ ਰਹੀ ਹੈ। ਉਹ ਬਹੁਤ ਬੇਚੈਨ ਹੈ, ਉਹਨੂੰ ਮਾਂ ਦੀ ਯਾਦ ਆ ਰਹੀ ਹੈ।

ਸੱਜਨ ਦੀ ਮਾਂ ਨੂੰ ਸਵਰਗ ਸਿਧਾਰੇ ਗਿਆਰਾਂ ਵਰ੍ਹੇ ਹੋ ਚੁਕੇ ਹਨ। ਸੱਜਨ ਦੇ ਪਿਤਾ ਸ਼ਿਆਮ ਮਨੋਹਰ ਵਰਮਾ ਬੜੇ ਵਿਲਾਸੀ ਸਨ। ਵਲਾਇਤ ਤੋਂ ਬੈਰਿਸਟਰੀ ਦੀ ਡਿਗਰੀ ਲੈ ਆਏ ਸਨ, ਪਰ ਕਚਹਿਰੀ ਇਕ ਦਿਨ ਵੀ ਕੰਮ ਨਹੀਂ ਕੀਤਾ। ਨਾਚ, ਮੁਜਰਾ, ਸੰਗੀਤ, ਸ਼ਰਾਬ ਅਤੇ ਐਸ਼ ਵਿਚ ਉਹਨਾਂ ਨੇ ਅੱਠ ਦਸ ਲੱਖ ਰੁਪਏ ਫੂਕ ਦਿਤੇ। ਘਰ ਦੇ ਜ਼ਨਾਨ ਖ਼ਾਨੇ ਵਿਚ ਉਹ ਕਦੇ ਕਦਾਈਂ ਹੀ ਆਉਂਦੇ ਹੁੰਦੇ ਸਨ, ਅਤੇ ਜਦ ਆਉਂਦੇ ਸਨ ਤਾਂ ਨੌਕਰ, ਚਾਕਰ, ਮਹਿਰੀਆਂ, ਅਤੇ ਮਾਂ ਤਕ ਨੂੰ ਸੱਪ ਸੁੰਘ ਜਾਂਦਾ ਸੀ। ਸੱਜਨ ਆਪਣੇ ਪਿਤਾ ਨਾਲ ਨਫ਼ਰਤ ਕਰਦਾ ਸੀ। ਉਹ ਬਿਨਾਂ ਕਿਸੇ ਗੱਲ ਦੇ ਉਹਦੀ ਮਾਂ ਨਾਲ ਝਗੜਾ ਕਰਦੇ ਹੁੰਦੇ ਸਨ, ਭੱਦੀਆਂ ਭੱਦੀਆਂ ਗਾਲ੍ਹਾਂ ਦੇਂਦੇ ਸਨ, ਅਕਸਰ ਹੱਥ ਵੀ ਚੁਕ ਲੈਂਦੇ ਸਨ, ਸੱਜਨ ਦੀ ਮਾਂ ਬੜੀ ਗੰਭੀਰ ਅਤੇ ਸ਼ਾਂਤ ਸੁਭਾਅ ਵਾਲੀ ਸੀ। ਵਰਤ, ਨਿਯਮ, ਉਪਵਾਸ ਦਾ ਕਠੋਰ ਜੀਵਨ ਉਹ ਮੂੰਹ ਬੰਦ ਕਰਕੇ ਬਿਤਾਉਂਦੀ ਸੀ। ਸੱਜਨ ਨੂੰ ਯਾਦ ਤਕ ਨਹੀਂ ਕਿ ਉਹਨੇ ਮਾਂ ਨੂੰ ਕਦੇ ਘਰੋਂ ਬਾਹਰ ਕਿਤੇ ਆਉਂਦੇ ਜਾਂਦੇ ਵੇਖਿਆ ਹੋਏ। ਇਕ ਵਾਰ ਮਾਂ ਨੇ ਕਿਹਾ ਸੀ — "ਮਰਨ ਵੇਲੇ ਮੇਰੀ ਸੱਸ ਕਹਿ ਗਈ ਸੀ ਕਿ ਘਰਬਾਰ ਸੰਭਾਲੀਂ, ਭੰਡਾਰ ਦੀ ਚਾਬੀ ਕਲੇਜੇ ਨਾਲੋਂ ਦੂਰ ਨਾ ਕਰੀਂ, ਅਤੇ ਘਰ ਦੀ ਡਿਉੜ੍ਹੀ ਛੱਡ ਕੇ ਕਦੇ ਦੂਰ ਨਾ ਜਾਈਂ।" ਸੱਜਨ ਦੀ ਮਾਂ ਨੇ ਤਿੰਨੇ ਗੱਲਾਂ ਮਰਦੇ ਦਮ ਤਕ ਨਿਭਾਈਆਂ।

ਸੱਜਨ ਦੇ ਬਾਬਾ ਰਾਏ ਬਹਾਦਰ ਕੰਨੋਮਲ ਨੇ 1902 ਵਿਚ ਬੱਤੀ ਵਰ੍ਹੇ ਦੀ ਉਮਰ ਭੋਗ ਕੇ ਚਲਾਣਾ ਕੀਤਾ। ਸ਼ਿਆਮ ਮਨੋਹਰ ਉਸ ਵੇਲੇ ਇਕ ਸਾਲ ਦੇ ਸਨ। ਇਲਾਕਾ ਕੋਰਟ ਹੋ ਗਿਆ। ਸ਼ਿਆਮ ਮਨੋਹਰ ਦੇ ਬਾਲਗ਼ ਹੋਣ ਤਕ ਖਾਣ ਵਾਲੇ ਲੱਖਾਂ ਰੁਪਏ ਖਾ

ਗਏ । ਸੱਜਨ ਦੀ ਦਾਦੀ ਵਿਚਾਰੀ ਔਰਤ ਜ਼ਾਤ, ਆਪਣਾ ਘਰ ਲੁੱਟਦਾ ਵੇਖ ਦਿਨੇ ਰਾਤੀਂ ਛਾਤੀ ਪਾੜਦੀ ਰਹਿੰਦੀ ਸੀ । ਇਹ ਸੰਤੋਖ ਉਹਨੂੰ ਜ਼ਰੂਰ ਸੀ ਕਿ ਉਸ ਦਾ ਲੜਕਾ ਆਪਣੇ ਬਾਪ ਵਾਂਗ ਹੀ ਹੋਣਹਾਰ ਨਿਕਲ ਰਿਹਾ ਸੀ । ਸ਼ਿਆਮ ਮਨੋਹਰ ਹੱਠ ਕਰਕੇ ਬੈਰਿਸਟਰੀ ਕਰਨ ਵਿਲਾਇਤ ਚਲੇ ਗਏ । ਉਹਦੇ ਪਿਛੇ ਹੀ ਦਾਦੀ ਪਰਲੋਕ ਤੁਰ ਗਈ । ਸੱਜਨ ਨੂੰ ਅੱਜ ਤਕ ਉਹਦੀ ਪੂਰੀ ਸੁੱਧ ਹੈ ।

ਵਿਲਾਇਤੋਂ ਪਰਤ ਕੇ ਸ਼ਿਆਮ ਮਨੋਹਰ ਦੇ ਰੰਗ ਢੰਗ ਕੁਝ ਹੋਰ ਈ ਹੋ ਗਏ । ਮਨ ਉਤੇ ਪੈਰਸ ਦੀਆਂ ਨਾਈਟ ਕਲੱਬਾਂ ਦੇ ਨਕਸ਼ੇ ਖਿੱਚੇ ਜਾ ਚੁਕੇ ਸਨ; ਗੰਢ ਦੇ ਪੂਰੇ ਸਨ ਹੀ, ਅੰਨ੍ਹੀ ਜਵਾਨੀ ਦੀ ਘੋੜੀ ਬੇਲਗਾਮ ਛੱਡ ਦਿੱਤੀ ।

ਸੰਯੋਗ ਨੂੰ ਆਪਣੇ ਪਿਤਾ ਕੰਨੋਮਲ ਵਾਂਗ ਬਾਊ ਸ਼ਿਆਮ ਮਨੋਹਰ ਨੇ ਵੀ ਆਪਣੀ ਉਮਰ ਦੇ ਬੱਤੀਵੇਂ ਵਰ੍ਹੇ ਵਿਚ ਮੌਤ ਵਿਹਾਜ ਲਈ । ਸੱਜਨ ਉਸ ਸਮੇਂ ਜੂਨੀਅਰ ਕੈਂਬਰਿਜ ਵਿਚ ਪੜ੍ਹ ਰਿਹਾ ਸੀ । ਤੇਰਾਂ ਵਰ੍ਹਿਆਂ ਦੀ ਉਮਰ ਵਿਚ ਨਵੇਂ ਸਿਰਿਓਂ ਜਾਗਣ ਵਾਲਾ ਆਦਮੀ ਦਾ ਸਵਾਲ ਕਰਨ ਵਾਲਾ ਮਨ ਸੱਜਨ ਨੂੰ ਵੀ ਸਤਾਉਣ ਲੱਗਾ ਸੀ । ਜੀਵਨ-ਮਰਨ, ਭਗਵਾਨ-ਧਰਮ, ਆਜ਼ਾਦੀ-ਗ਼ੁਲਾਮੀ ਦੀ ਰਾਜਨੀਤੀ, ਭਾਰਤ ਦੇਸ, ਅਤੇ ਪਤਾ ਨਹੀਂ ਕਿੰਨੀ ਤਰ੍ਹਾਂ ਦੀ ਜਿਗਿਆਸਾ ਦੇ ਨਾਲ ਨਾਲ ਜਵਾਨੀ ਦੇ ਲੁਕੇ ਅਰਥ ਵੇਖਣ ਦੀ ਤੜਫਣੀ ਉਹਦੇ ਮਨ ਵਿਚ ਜਾਗ ਪਈ ਸੀ ।

ਪਿਤਾ ਦੀ ਮੌਤ ਪਿੱਛੋਂ ਮਾਂ ਸੱਜਨ ਦਾ ਵਿਆਹ ਕਰਨ ਲਈ ਵਿਆਕੁਲ ਹੋ ਗਈ । ਸੱਜਨ "ਨ" ਦਾ ਹੱਠ ਫੜ ਬੈਠਾ । ਉਹ ਏਨੀ ਛੇਤੀ ਉਮਰ ਵਿਚ ਵਿਆਹ ਨਹੀਂ ਕਰਨਾ ਚਾਹੁੰਦਾ ਸੀ, ਉਹਦੇ ਮਨ ਵਿਚ ਵੱਡੇ ਹੋ ਕੇ ਆਪਣੀ ਪਸੰਦ ਦਾ ਵਿਆਹ ਕਰਨ ਦੀ ਰੀਝ ਸੀ । ਉਹ ਆਪਣੀ ਮਾਂ ਨੂੰ ਸਾਫ਼ ਸਾਫ਼ ਇਹ ਨਹੀਂ ਆਖ ਸਕਦਾ ਸੀ ਕਿ ਉਹਦੇ ਵਲੋਂ ਮਿੱਥੇ ਕਿਸੇ ਰਿਸ਼ਤੇ ਨੂੰ ਉਹ ਪਸੰਦ ਨਹੀਂ ਕਰ ਸਕਦਾ । ਤਿੰਨ ਵਰ੍ਹੇ ਪਿੱਛੋਂ ਮੂੰਹ ਤੇ ਲੀਕਾਂ ਫੁੱਟ ਆਉਣ ਤੇ ਉਹ ਸੋਚਣ ਲੱਗਾ ਕਿ ਮਾਂ ਦੀ ਪਸੰਦ ਕੀਤੀ ਸੋਹਣੀ ਤੋਂ ਸੋਹਣੀ ਲੜਕੀ ਵੀ ਉਹਦੀ ਜੀਵਨ-ਸਾਥਣ ਨਹੀਂ ਬਣ ਸਕੇਗੀ । ਉਹ ਰੂਪ ਨਾਲ ਸੁਗੰਧੀ ਵੀ ਚਾਹੁੰਦਾ ਸੀ, ਸੁਗੰਧੀ ਦੀ ਪ੍ਰੀਭਾਸ਼ਾ ਉਹਦੀ ਆਪਣੀ ਸੀ । ਉਹ ਵਰਤ-ਨਿਯਮ ਦੀ ਪੱਕੀ ਅਤੇ ਘਰ ਸੰਭਾਲਣ ਵਾਲੀ ਬਹੂ ਕਦਾਚਿਤ ਪਸੰਦ ਨਹੀਂ ਕਰ ਸਕਦਾ । ਉਹਨੂੰ ਪੜ੍ਹੀ ਲਿਖੀ, ਨਵੇਂ ਵਿਚਾਰਾਂ ਦੀ, ਸੁੰਦਰ, ਚਤੁਰ ਅਤੇ ਪਤਾ ਨਹੀਂ ਕਿੰਨੀ ਤਰ੍ਹਾਂ ਦੀਆਂ ਖ਼ੂਬੀਆਂ ਵਾਲੀ ਪਤਨੀ ਦੀ ਰੀਝ ਸੀ । ਇਹਦੇ ਬਿਨਾਂ ਸ਼ਾਦੀ ਤੋਂ ਪਹਿਲਾਂ ਉਹ ਰੋਮਾਂਸ ਚਾਹੁੰਦਾ ਸੀ ।

ਇਕ ਦਿਨ ਦੀ ਗੱਲ ਹੈ ਕਿ ਮਾਂ ਨੇ ਅਚਾਨਕ ਉਹਦੇ ਪੈਰ ਫੜ ਲਏ । ਅੱਖਾਂ ਵਿਚ ਅੱਥਰੂ ਭਰ ਕੇ ਆਖਿਆ — "ਪੁੱਤਰ, ਇਕ ਭਿੱਖਿਆ ਮੰਗਦੀ ਆਂ — ਆਪਣੇ ਬਾਪ ਦੇ ਰਾਹ ਨਾ ਜਾਈਂ । ਜਨਮ ਭਰ ਮੇਰੀ ਆਤਮਾ ਕਲਪਦਿਆਂ ਈ ਬੀਤੀ ਏ — ਤੂੰ

ਮੈਨੂੰ ਨਾ ਸਤਾਈਂ ।''

ਆਪਣੀ ਮਾਂ ਨੂੰ ਸੱਜਨ ਬਹੁਤ ਪਿਆਰ ਕਰਦਾ ਸੀ। ਇਹ ਉਹਦੇ ਮਨ ਦੀ ਵਿਚਿਤ੍ਰੱਤਾ ਸੀ ਕਿ ਜਿਨ੍ਹਾਂ ਖ਼ੂਬੀਆਂ ਨੂੰ ਉਹ ਆਪਣੀ ਪਤਨੀ ਵਿਚ ਵੇਖਣਾ ਪਸੰਦ ਨਹੀਂ ਕਰਦਾ ਸੀ, ਉਹਨਾਂ ਲਈ ਮਾਂ ਦਾ ਆਦਰ ਕਰਦਾ ਸੀ। ਚਰਿਤਰ ਹੀਣ ਪਿਤਾ ਤੋਂ ਉਲਟ ਮਾਂ ਦੇ ਚਰਿਤਰ ਵਿਚ ਉਹਨੂੰ ਸਦਾ ਸ਼ਕਤੀ ਝਲਕਦੀ ਦਿਸਦੀ ਸੀ। ਪਿਤਾ ਮਾਰ-ਧਾੜ ਅਤੇ ਅਤਿਆਚਾਰ ਕਰ ਕੇ ਵੀ ਉਹਨੂੰ ਆਪਣੀ ਮੂੰਹ ਬੰਦ, ਸਹਿਣ ਸੀਲ, ਮਮਤਾ ਭਰੀ ਮਾਂ ਸਾਹਮਣੇ ਸਦਾ ਤੇਜ ਹੀਣ ਅਤੇ ਘਿਨੌਣੇ ਲੱਗੇ। ਉਹਦੇ ਪਿਤਾ ਨੂੰ ਛੱਡ ਕੇ ਹੋਰ ਜਿਹੜਾ ਵੀ ਉਹਦੇ ਨਾਲ ਵਾਹ ਪਾਉਂਦਾ ਸੀ, ਉਹਨੂੰ ਮਨੋਂ ਆਦਰ ਦੇਂਦਾ ਸੀ। ਉਹਦੀ ਮਾਂ ਸਭਨਾਂ ਦੁੱਖ ਤਕਲੀਫ਼ਾਂ ਵਿਚ ਹਿੱਸਾ ਵਟਾਉਂਦੀ ਸੀ। ਉਂਜ ਬੜੀ ਸ਼ੁੱਧਤਾਵਾਦੀ ਸੀ, ਪਰ ਸੱਜਨ ਨੇ ਉਹਨੂੰ ਤਪਦਿਕ ਦੀ ਰੋਗਣ, ਘਰ ਦੇ ਇਕ ਨੌਕਰ ਦੀ ਪਤਨੀ ਦਾ ਥੁੱਕ-ਖੰਘਾਰ ਤਕ ਸਾਫ਼ ਕਰਦਿਆਂ ਵੇਖਿਆ ਹੈ।

ਸੱਜਨ ਦੇ ਮਨ ਉਤੇ ਆਪਣੀ ਮਾਂ ਦੀ ਅਮਿੱਟ ਛਾਪ ਸੀ। ਪਿਤਾ ਦੇ ਪੂਰਨਿਆਂ ਤੇ ਨਾ ਚੱਲਣ ਦਾ ਵਚਨ ਮਾਂ ਨੂੰ ਦੇ ਕੇ ਉਹਨੇ ਆਪਣੇ ਲਈ ਇਕ ਮਾਨਸਿਕ ਘੋਲ ਮੁੱਲ ਲੈ ਲਿਆ ਸੀ। ਏਸੇ ਦੌਰਾਨ ਬਚਪਨ ਤੋਂ ਪੁੰਗਰਦੇ ਹੋਏ ਉਹਦੇ ਚਿਤਰਕਾਰੀ ਦੇ ਸ਼ੌਕ ਨੇ ਲਗਨ ਪ੍ਰਾਪਤ ਕੀਤੀ।

ਸੀਨੀਅਰ ਕੈਂਬਰਿਜ ਪਾਸ ਕਰਨ ਪਿਛੋਂ ਆਰਟਸ ਸਕੂਲ ਵਿਚ ਨਾਂ ਲਿਖਾ ਲਿਆ।

ਪਿਤਾ ਦੀ ਮੌਤ ਤੋਂ ਛੇ ਵਰ੍ਹੇ ਪਿੱਛੋਂ ਮਾਂ ਵੀ ਤੁਰਦੀ ਬਣੀ।

ਸੱਜਣ ਦਾ ਮਨ ਸੁੰਝਾ ਹੋ ਗਿਆ। ਉਸ ਘੁੱਟਣ ਵਿਚੋਂ ਨਿਕਲਣ ਦੇ ਬਹਾਨੇ ਉਹਨੇ ਚਿਤਰ ਬਣਾਉਣ ਲਈ ਸੈਰ ਦੀ ਵਿਉਂਤ ਬਣਾਈ।

ਆਪਣੀ ਮਾਂ ਨੂੰ ਦਿੱਤੇ ਹੋਏ ਵਚਨ ਨਾਲ ਸੱਜਨ ਨੇ ਉਹਦੇ ਜੀਵਨ-ਕਾਲ ਵਿਚ ਹੀ ਗੁਪਤ ਸੰਧੀ ਕਰ ਲਈ ਸੀ। ਉਹਨੇ ਆਪਣੇ ਪਿਤਾ ਵਾਂਗ ਫ਼ਜ਼ੂਲ ਖ਼ਰਚ ਨਾ ਬਣਨ ਦਾ ਪੱਕਾ ਨਿਸ਼ਚਾ ਕਰ ਲਿਆ ਸੀ। ਆਪਣੇ ਪਿਤਾ ਦੇ ਉਲਟ ਉਸ ਵਿਚ ਜਾਇਦਾਦ-ਜ਼ਿਮੀਂਦਾਰੀ ਸੰਭਾਲਣ ਅਤੇ ਹਿਸਾਬ ਕਿਤਾਬ ਦਾ ਧਿਆਨ ਰੱਖਣ ਦੀ ਆਦਤ ਸੀ; ਨੌਕਰਾਂ ਚਾਕਰਾਂ ਉਤੇ ਨਜ਼ਰ ਰੱਖਣ ਅਤੇ ਘਰ ਦੀ ਢਿੱਲ ਨੂੰ ਮਸ਼ੀਨ ਵਾਂਗ ਬੰਨ੍ਹ ਦੇਣ ਦੀ ਉਹਦੇ ਵਿਚ ਸ਼ਕਤੀ ਸੀ; ਆਪਣੀ ਜਾਇਦਾਦ ਨੂੰ ਵਧਾਉਣ ਦੀ ਨੀਯਤ ਅਤੇ ਰੁਚੀ ਨਾ ਹੋਣ ਤੇ ਵੀ ਬਚੀ ਖੁਚੀ ਜੋੜੀ ਪੂੰਜੀ ਨੂੰ ਕਾਇਮ ਰੱਖਣ ਲਈ ਉਹਦੀ ਬੁੱਧੀ ਹਰ ਵੇਲੇ ਚੌਕੰਨੀ ਰਹਿੰਦੀ ਸੀ। ਏਨੇ ਸੰਜਮ ਨਾਲ ਉਹ ਆਪਣੇ ਔਰਤ ਸੰਬੰਧੀ ਦ੍ਰਿਸ਼ਟੀਕੋਣ ਵਿਚ ਸੰਜਮ ਹੀਣ ਬਣਿਆ ਸੀ।

ਪੰਜਾਂ ਵਰ੍ਹਿਆਂ ਵਿਚ ਆਰਟਸ ਸਕੂਲ ਦਾ ਡਿਪਲੋਮਾ ਪਾਸ ਕਰਨ ਪਿੱਛੋਂ ਘੁੰਮਦਿਆਂ, ਅਨੁਭਵ ਅਤੇ ਅਨੰਦ ਲੈਂਦਿਆਂ ਹੋਇਆਂ ਉਹਦੇ ਮਨ ਵਿਚ ਇਹ ਸਿਧਾਂਤ ਉਪਜਿਆ

ਕਿ ਸ਼ਾਦੀ ਕਰਨਾ (ਘੱਟ ਤੋਂ ਘੱਟ ਉਹਦੇ ਲਈ) ਜ਼ਰੂਰੀ ਨਹੀਂ ਹੈ ਅਤੇ ਜੇਕਰ ਜ਼ਰੂਰੀ ਹੈ ਵੀ ਤਾਂ ਆਦਮੀ ਨੂੰ ਤੀਹ ਵਰ੍ਹਿਆਂ ਪਿੱਛੋਂ ਕਰਨੀ ਚਾਹੀਦੀ ਏ। ਉਸ ਵੇਲੇ ਲੋੜੀਂਦਾ ਜੀਵਨ ਸਾਥੀ ਚੁਣਨ ਦੀ ਸਮਝ ਆ ਜਾਂਦੀ ਹੈ। ਆਪਣੇ ਚਿਤਰਾਂ ਰਾਹੀਂ ਸਫਲਤਾ ਅਤੇ ਮਾਣ ਪ੍ਰਾਪਤ ਕਰਦਿਆਂ ਹੋਇਆਂ ਉਹਦੀ ਵਧਦੀ ਲਗਨ ਆਪਣਾ ਸਵਾਰਥ ਵੇਖਣ ਲੱਗੀ। ਇਸ ਸਵਾਰਥ ਦੀ ਦ੍ਰਿਸ਼ਟੀ ਨਾਲ ਉਹ ਮਨ ਹੀ ਮਨ ਔਰਤ ਨੂੰ ਅਕਸਰ ਵਰਤੋਂ ਵਿਚ ਆਉਣ ਵਾਲੀ ਸ਼ੈਅ, ਮਨੋਰੰਜਨ ਅਤੇ ਸਰੀਰਕ ਪੂਰਤੀ ਦੇਣ ਵਾਲਾ ਸਾਧਨ ਮੰਨਣ ਲੱਗਾ। ਬਾਹਰੋਂ ਲਈ ਹੋਈ ਚੇਤਨਾ ਵਜੋਂ ਹਿੰਦੀ ਵਲਾਇਤੀ ਆਦਰਸ਼ਾਂ 'ਚ ਵਾਧਾ ਕਰਨ ਲਈ ਉਹ ਵੀ ਨਾਰੀ ਨੂੰ ਵੱਡੀਆਂ ਵੱਡੀਆਂ ਉਪਮਾਵਾਂ ਨਾਲ ਸਜਾਉਂਦਾ ਸੀ। ਅੱਜ ਏਸੇ ਓਪਰੇ ਕਲਚਰ ਦੀ ਕਾਅਈ ਇਕ ਦਮ ਫਟ ਗਈ। ਇਕ ਇਸਤਰੀ ਤੇ ਹੋਣ ਵਾਲੇ ਅਤਿਆਚਾਰ ਅਤੇ ਪੀੜਤ ਹਾਲਤ ਵਿਚ ਉਹਦੀ ਮੌਤ ਹੋ ਜਾਣ ਨਾਲ ਸੱਜਨ ਦੇ ਮਨ ਦੀ ਈਮਾਨਦਾਰੀ ਜੋਸ਼ ਨਾਲ ਉਬਲ ਕੇ ਬਾਹਰ ਆਈ, ਅਤੇ ਏਸੇ ਈਮਾਨਦਾਰੀ ਦੇ ਚਾਨਣ ਵਿਚ ਜਦ ਉਹਨੇ ਆਪਣੇ ਆਪ ਨੂੰ ਜਗਦੰਬਾ ਸਹਾਏ ਦੀ ਖ਼ੂਬਸੂਰਤ ਲੜਕੀ ਵਲ ਵਾਸ਼ਨਾ-ਵਿਕਾਰ ਨਾਲ ਬੱਝਾ ਵੇਖਿਆ ਤਾਂ ਆਪਣੇ ਲਈ ਉਹਦੀ ਸ਼ਰਮ ਦਾ ਕੋਈ ਥਹੁ ਨਾ ਰਿਹਾ।

ਆਪ ਹੀ ਭੱਜਦੇ ਹੋਏ ਆਦਮੀ ਦਾ ਮਨ ਵੀ ਅਜੀਬ ਗੋਰਖ ਧੰਦਾ ਹੈ। ਪਹਿਲਾਂ ਪਹਿਲਾਂ ਜਦ ਉਹ ਆਪਣੇ ਆਪ ਨਾਲੋਂ ਪਰ੍ਹੇ ਹੋਣਾ ਸ਼ੁਰੂ ਕਰਦਾ ਹੈ ਤਾਂ ਆਪਣੀ ਚਤਰਾਈ ਤੇ ਮਾਣ ਕਰਦਾ ਹੈ, ਜਦ ਉਹ ਚਤਰਾਈ ਡਰ ਦਾ ਕਾਰਨ ਬਣਦੀ ਹੈ ਤਾਂ ਉਹਦੇ ਤੋਂ ਭੱਜਦਾ ਹੈ; ਅਤੇ ਭੈਅ ਜਦ ਵਿਗੜੇ ਸਾਹਨ ਵਾਂਗ ਉਹਨੂੰ ਰੋਲਣਾ ਸ਼ੁਰੂ ਕਰਦਾ ਹੈ ਤਾਂ ਆਪਣੇ ਬਚਾਅ ਲਈ ਤੇਜ਼ ਭੱਜਦਿਆਂ ਭੱਜਦਿਆਂ ਉਹਦਾ ਕਣ ਕਣ ਖਿਲਰਨ ਲਗਦਾ ਹੈ। ਇਸ ਤੋਂ ਡਰ ਕੇ ਜਦ ਵਾਹੋਦਾਹੀ ਭੱਜਣ ਲਗਦਾ ਹੈ ਤਾਂ ਆਪਣੀਆਂ ਹੀ ਭੁੱਲ ਭੁਲੱਈਆਂ ਵਿਚ ਟਕਰਾਂ ਖਾਂਦਾ ਪਾਗ਼ਲ ਹੋ ਜਾਂਦਾ ਹੈ। ਏਸੇ ਪਾਗਲਪਨ ਨੂੰ ਸੁਆਈ ਰੱਖਣ ਦੇ ਯਤਨ ਵਿਚ ਸੱਜਨ ਦੀ ਚੇਤਨਾ ਜੜ ਹੁੰਦੀ ਜਾ ਰਹੀ ਸੀ। ਸਰੀਰਕ ਪੱਖ ਤੋਂ ਗਤੀਵਾਨ ਹੁੰਦੇ ਹੋਇਆਂ ਵੀ ਉਹਦਾ ਮਨ ਇਕ ਥਾਂ ਗੱਡਿਆ ਗਿਆ ਸੀ। ਖੜੋਤ ਦੇ ਕਿੱਲੇ ਨਾਲ ਬੱਝਾ, ਨਵੇਂ ਨੱਥੇ ਗਏ ਜੰਗਲੀ ਸੰਢੇ ਵਾਂਗ ਉਹਦਾ ਮਨ ਛੁਟ ਜਾਣ ਲਈ ਫਰਕਾਰੇ ਮਾਰ ਰਿਹਾ ਸੀ। ਟਾਵੀਂ ਟਾਵੀਂ ਵਗਦੀ ਪਿਛਵਾੜੇ ਵਾਲੀ ਸੜਕ ਤੇ ਬੇਹੋਸ਼ ਹੋ ਕੇ ਤੁਰਦਿਆਂ ਹੋਇਆਂ ਵੀ ਉਹ ਆਪਣੇ ਢੰਗ ਨਾਲ ਬੱਝਾ ਸਹੀ ਰਾਹ ਉੱਤੇ ਜਾ ਰਿਹਾ ਸੀ। ਮਨ ਵਿਚ ਸਰਦੀ ਮਹਿਸੂਸ ਕੀਤੀ, ਸਰੀਰ ਤੇ ਚੈਸਟਰ ਚੜ੍ਹਾ ਲਿਆ। ਉਹ ਸ਼ਾਹਜਨਫ਼ ਰੋਡ ਤੇ ਤੁਰਨ ਲੱਗਾ। ਦੋਵੇਂ ਪਾਸਿਉਂ ਬੰਗਲਿਆਂ ਦੀ ਚੁੱਪ ਪਾਲ ਸੁੰਨੀ ਸੜਕ ਤੇ ਤੁਰਦੇ ਹੋਏ ਸੱਜਨ ਨਾਂ ਦੇ ਇਕ 'ਵਿਅਕਤੀ' ਨਾਲ ਜਿੰਨੀ ਨਿਰਮੋਹੀ ਸੀ, ਉਹ ਵੀ ਉਨਾਂ ਹੀ ਉਹਦੇ ਨਾਲ ਅਤੇ ਆਸ ਪਾਸ ਦੇ ਸਾਰੇ

ਵਾਤਾਵਰਣ ਨਾਲੋਂ ਕੱਟਿਆ ਹੋਇਆ ਤੁਰਿਆ ਜਾ ਰਿਹਾ ਸੀ ।

ਸਾਹਮਣਿਓਂ ਆਉ ਦੀ ਹੋਈ ਕਾਰ ਦੀ ਲਾਈਟ ਸਿੱਧੀ ਉਹਦੇ ਤੇ ਪਈ। ਸੱਜਨ ਤ੍ਰਭਕਿਆ, ਗੁਆਚੀ ਨਜ਼ਰ ਨਾਲ ਕਾਰ ਨੂੰ ਵੇਖਿਆ, ਫਿਰ ਸੜਕ ਤੇ ਖੱਬੀ ਬਾਹੀ ਖਿਸਕ ਪਹਿਲਾਂ ਵਾਂਗ ਧੌਣ ਸੁਟੀ ਤੁਰਨ ਲੱਗਾ ।

ਕਾਰ ਕਾਹਲੀ ਨਾਲ ਉਹਦੇ ਕੋਲ ਆ ਕੇ ਰੁਕੀ। ਸੱਜਨ ਦੇ ਅੰਦਰਲਾ 'ਸੁੰਨ ਮਹੱਲ' ਵਸਤੂ ਜਗਤ ਦਾ ਧੱਕਾ ਖਾ ਕੇ ਢਹਿ ਪਿਆ । ਉਹ ਆਪਣੀ ਲੜਖੜਾਹਟ ਤੋਂ ਸੰਭਲਿਆ ਵੀ ਨਹੀਂ ਸੀ ਕਿ ਕਾਰ ਚੋਂ ਇਕ ਤੇਜ਼ ਜਨਾਨਾ ਠਹਾਕੇ ਦੀ ਆਵਾਜ਼ ਕੰਨੀ ਪਈ।

"ਉਹ । ਸ਼ੀਲਾ ਏ !" ਜਾਨ ਵਿਚ ਜਾਨ ਆਈ । ਨਜ਼ਰਾਂ ਟਿਕਾਣੇ ਸਿਰ ਆਈਆਂ । ਗੱਡੀ ਵਿਚ ਮਹੀਪਾਲ ਅਤੇ ਡਾ: ਸੀਲਾ ਸਿੰਵਗ ਦਿਸੇ। ਸਖ਼ਤ ਘੁਟਣ ਵਿਚੋਂ ਕੱਢਣ ਲਈ ਇਸ ਮਾਨਸਿਕ ਆਵਸ਼ਕਤਾ ਦੇ ਪਲ ਇਹ ਦੋਵੇਂ ਦੋਸਤ ਸੱਜਨ ਨੂੰ ਬਹੁਤ ਚੰਗੇ ਲਗੇ । ਉਹ ਸੁਖੀ ਹੋਇਆ ।

"ਕਿੱਥੋਂ ਤੁਰੀ ਆ ਰਹੀ ਏ ਸਟਕਾਰ ?" ਹੱਥ ਬਾਹਰ ਕੱਢ ਕੇ ਸੀਲਾ ਨੇ ਉਹਦੇ ਓਵਰਕੋਟ ਦਾ ਕਾਲਰ ਖਿਚਦਿਆਂ ਹੋਇਆਂ ਮਸਤੀ ਨਾਲ ਸਵਾਲ ਕੀਤਾ।

ਸੱਜਨ ਆਪਣੇ ਗੁਆਚਣ ਤੇ ਕਾਬੂ ਪਾ ਚੁਕਾ ਸੀ। ਸੁਆਦ ਦੇ ਵਹਾ ਵਿਚ ਆਉਂਦਿਆਂ ਉਸੇ ਸਵਾਲ ਨੂੰ ਦੁਹਰਾ ਕੇ ਉਹਨੇ ਪੁੱਛ ਲਿਆ — "ਤੇ ਤੁਸੀਂ ਲੋਕ ਕਿਧਰੋਂ ਆ ਰਹੇ ਹੋ ਜਨਾਬ ?"

"ਸ਼ੈਤਾਨ ਦੇ ਸਵਰਗ ਚੋਂ ।" ਮਹੀਪਾਲ ਨੇ ਮੁਸਕ੍ਰਾਉਂਦਿਆਂ ਜਵਾਬ ਦਿਤਾ ।

ਡਾ: ਸ਼ੀਲਾ ਸਿੰਵਗ ਨੇ ਮਹੀਪਾਲ ਦੀ ਬਾਂਹ ਤੇ ਮੁੱਕੀ ਮਾਰ ਮੁਸਕ੍ਰਾਉਂਦਿਆਂ ਹੋਇਆਂ ਕਿਹਾ — "ਆਪਣੇ ਸੀਕਰੇਟ ਸਵਰਗ ਦਾ ਪਤਾ ਇਹਨਾਂ ਦੁਨੀਆਂ ਵਾਲਿਆਂ ਨੂੰ ਨਾ ਦਿਉ, ਯੂ ਫੂਲ, ਨਹੀਂ ਤਾਂ ਇਹ ਉੱਥੇ ਵੀ ਖ਼ੁਦਾ ਬਾਗ਼ ਦੇ ਸਿਉ ਲਾ ਦੇਣਗੇ !"

ਖ਼ੁਦਾ ਦੇ ਬਾਗ ਦਾ ਸਿਉਂ ਇਸ ਵੇਲੇ ਸੱਜਨ ਦੇ ਗੱਲ 'ਚ ਅਟਕ ਰਿਹਾ ਸੀ। ਮਜ਼ਾਕ ਦੀ ਚੂੰਢੀ ਨਾਲ ਉਹਦੀ ਦੁਖਦੀ ਰਗ ਵੱਢੀ ਜਾਣ ਲੱਗੀ। ਗੱਲ ਨੂੰ ਓਪਰੇ ਹਾਸੇ ਵਿਚ ਸੁੱਟ ਉਹਨੇ ਦੋਹਾਂ ਨੂੰ ਕਿਹਾ — "ਆਓ, ਥੋੜੀ ਦੇਰ ਮੇਰੇ ਵੱਲ ਬੈਠੋ । ਕਾਫ਼ੀ ਪਿਲਾਵਾਂਗਾ ਤੁਹਾਨੂੰ, ਜਾਂ ਤੁਸੀਂ ਚਾਹੋ ਤਾਂ ਆਪਣੇ ਮੂੰਹ 'ਚੋਂ ਨਿਕਲਣ ਵਾਲੀ ਖ਼ੁਸ਼ਬੋ ਨੂੰ ਹੋਰ ਸਜਾ ਸਕਦੇ ਹੋ ।"

"ਬੜੀ ਦੇਰ ਹੋ ਜਾਵੇਗੀ ਯਾਰ ! ਕਿਉਂ ਡਾਕਟਰ ਟਾਈਮ ਕੀ ਏ ?"

"ਟਾਈਮ — ਟੂ ਬੀ ਐਗਜ਼ੈਕਟ — ਗਿਆਰਾਂ ਵੀਹ। ਅਜੇ ਕੋਈ ਬਹੁਤੀ ਦੇਰ ਨਹੀਂ ਹੋਈ। ਆਓ ਦੁਰਜਨੋਂ, ਅਸੀਂ ਤੁਹਾਨੂੰ ਉਬਲਾਈਜ਼ ਕਰਾਂਗੇ ।"

"ਨਹੀਂ ਯਾਰ, ਫਿਰ ਕਦੇ ਸਹੀ । ਸ਼ੀਲਾ ਦਾ ਕੋਈ ਮੀਆਂ ਹੈ ਨਹੀਂ ਜੁ ਐਕਸਪਲੇਨੇਸ਼ਨ ਦੇਣੀ ਪਊ, ਪਰ ਮੇਰੀ ਤੀਂਵੀ ਤਾਂ ਯਖਸ਼ਣੀ ਬਣ ਕੇ ਮੇਰੀ ਵਾਟ ਘੋਖ ਰਹੀ ਹੋਣੀ ਏਂ ।"

ਸੱਜਨ ਗੱਡੀ ਵਿਚ ਬੈਠ ਚੁਕਾ ਸੀ। ਮਹੀਪਾਲ ਦੀ ਗੱਲ ਸੁਣੀ ਅਣ ਸੁਣੀ ਕਰ ਕੇ ਸ਼ੀਲਾ ਆਪਣੀ ਲੰਮੀ ਚੌੜੀ ਸਟੂਡੀ ਬੇਕਰ ਨੂੰ ਪਿਛਾਂਹ ਮੋੜਨ ਲੱਗੀ।

ਸੱਜਨ ਨੇ ਮਹੀਪਾਲ ਨੂੰ ਕਿਹਾ — "ਕਿਸੇ ਦਿਨ ਤੈਨੂੰ ਜ਼ਰੂਰ ਪੇਂਟ ਕਰਾਂਗਾ ਮਹੀਪਾਲ। ਤੂੰ ਉਸ ਆਦਮੀ ਵਾਂਗ ਏਂ ਜੋ ਅੱਗ ਤੇ ਪਾਣੀ ਦੇ ਦੋ ਸਮੁੰਦਰਾਂ ਵਿਚਕਾਰ ਸੜਦਾ ਅਤੇ ਗਲਦਾ ਖੜਾ ਹੋਏ।"

"ਨਾਓ-ਨਾਓ, ਸ਼ੀਲਾ ਦੀ ਲੈੱਗ ਪੁਲਿੰਗ ਰਹਿਣ ਦੇ ਸੱਜਨ। ਇਹ ਨਾ ਤਾਂ ਹਜ਼ਾਰਾਂ ਸੈਂਟੀ-ਗਰੇਡਜ਼ ਤਕ ਗਰਮ ਏ ਤੇ ਨਾ ਫਰੀਜ਼ਿੰਗ ਪਵਾਇੰਟ ਤਕ ਠੰਡੀ।"

"ਬਸ, ਮਿਹਰਬਾਨੀ ਕਰ, ਮੇਰੀ ਵਕਾਲਤ ਕਰਨ ਦੀ ਜ਼ਰੂਰਤ ਨਹੀਂ। ਇਹਨਾਂ ਨੇ ਮੇਰੀ ਵੱਲ ਇਸ਼ਾਰਾ ਨਹੀਂ ਕੀਤਾ। ਇਜ਼ ਇਟ ਨਾਟ ਦੁਰਜਨ ?"

"ਸਰਟੇਨਲੀ ਨਾਟ ! ਤੂੰ ਜਾਣਦੀ ਏਂ ਮੈਂ ਫੇਅਰ ਸੈਕਸ ਦੀ ਕਿੰਨੀ ਇੱਜ਼ਤ ਕਰਦਾ ਹਾਂ।" ਕਹਿੰਦਿਆਂ ਹੋਇਆਂ ਸੱਜਨ ਦਾ ਦਿਲ ਧੜਕਿਆ, ਜਗਦੰਬਾ ਸਹਾਏ ਦੀ ਲੜਕੀ — ਅਤੇ ਚਿਤਰਾ ਦੀ ਯਾਦ ਆਈ।

ਸੱਜਨ ਦੀ ਕੋਠੀ ਕੋਲ ਪਹੁੰਚ ਕੇ ਕਾਰ ਨੇ ਹਾਰਨ ਵਜਾਇਆ। ਮਹੀਪਾਲ ਬੋਲਿਆ — "ਇਨ ਆਲ ਫੇਅਰ ਨੈੱਸ ਮੈਂ ਸ਼ੀਲਾ ਦੇ ਬਾਰੇ ਇਹ ਕਹਾਂਗਾ ਕਿ ਇਹਦਾ ਦਿਲ ਕਲਾਕਾਰਾ ਵਾਂਗ ਗਰਮ ਏ, ਅਤੇ ਦਿਮਾਗ਼ ਵਿਗਿਆਨਕਾਂ ਵਾਂਗ ਠੰਡਾ।"

ਮਹੀਪਾਲ ਦੀ ਗੱਲ ਸ਼ੀਲਾ ਨੂੰ ਚੰਗੀ ਲੱਗੀ। ਆਖਣ ਲੱਗੀ — "ਮੇਰਾ ਪੇਸ਼ਾ ਏਹੋ ਚਾਹੁੰਦਾ ਏ। ਆਰਟ ਪਲੱਸ ਸਾਇੰਸ..."

'ਤੂੰ ਮੈਨੂੰ ਜੋਸ਼ ਦਿਵਾ ਰਹੀ ਏਂ ਸ਼ੀਲਾ ! ਅੱਜ ਕੱਲ੍ਹ ਦੇ ਨੱਬੇ ਫ਼ੀ ਸਦੀ ਡਾਕਟਰ ਸਾਲੇ ਜੱਲਾਦ ਅਤੇ ਕਸਾਈ ਨੇ। ਅਤੇ ਇਨਸਾਫ਼ ਲਈ — ਆਲ ਦੋ ਆਈ ਨੋ — ਤੂੰ ਵੀ ਏਂ।"

ਚੌਕੀਦਾਰ ਨੇ ਦੌੜਦਿਆਂ ਹੋਇਆਂ ਆ ਕੇ ਫਾਟਕ ਖੋਹਲਿਆ।

... ...

ਅੱਧੀ ਰਾਤ ਵੇਲੇ ਸੱਜਨ ਮਾਸਟਰ ਜਗਦੰਬਾ ਸਹਾਏ ਦੀ ਕਲੰਕ ਕਥਾ ਸੁਣਾ ਰਿਹਾ ਸੀ। ਸਕਾਚ ਵਿਸਕੀ ਨੇ ਉਹਦੇ ਬੋਲਾਂ ਵਿਚ ਅਤੇ ਸ਼ੀਲਾ ਮਹੀਪਾਲ ਦੇ ਹਿਰਦੇ ਵਿਚ ਡੂੰਘੀ ਪੀੜ ਦਾ ਮੂੰਹ ਖੋਹਲ ਦਿਤਾ ਸੀ। ਮਹੀਪਾਲ ਦੀਆਂ ਅੱਖਾਂ ਵਿਚ ਵੱਡੇ ਵੱਡੇ ਅੱਥਰੂ ਉਮਡ ਆਏ।

ਸੱਜਨ ਬੋਲਿਆ — "ਉਹਦੇ ਲਈ ਅੱਥਰੂ ਵਹਾਉਣ ਦੀ ਲੋੜ ਨਹੀਂ ਮਹੀਪਾਲ ! ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸੜਦਿਆਂ ਹੋਇਆਂ ਉਹਨੂੰ ਜ਼ਰਾ ਵੀ ਤਕਲੀਫ਼ ਨਹੀਂ

ਹੋਈ ਹੋਏਗੀ। ਉਹ ਉਸ ਵੇਲੇ ਸੈਲਫ ਪੋਜ਼ੇਸਡ ਇਕ ਜਜ਼ਬੇ ਨਾਲ..."

"ਆਤਮ ਹੱਤਿਆ ਦਾ ਜਜ਼ਬਾ ਅੱਥਰੂਆਂ ਦੀ ਸ਼ਕਤੀ ਲੈ ਕੇ ਈ ਚੜ੍ਹਦਾ ਏ ਸੱਜਨ! ਭਲਾ ਕਿਸੇ ਨੂੰ ਇਸ ਤਰ੍ਹਾਂ ਮਰਨ ਦੀ ਨੌਬਤ ਈ ਕਿਉਂ ਆਏ ? ਇਨਸਾਨ ਦੀ ਔਲਾਦ ਨੂੰ ਧਰਤੀ ਤੇ ਪਹਿਲਾਂ ਸਾਹ ਲੈਂਦਿਆਂ ਈ ਇਸ ਨਿਰਦੈਤਾ ਨਾਲ ਦਮ ਘੁੱਟ ਕੇ ਮਾਰਿਆ ਜਾਏ। ਇਹ ਖ਼ਬਰ ਮੈਂ ਤੇ ਤੁਸੀਂ ਵੇਖੋਗੇ, ਸੁਣਾਂਗੇ ਤੇ ਬਰਦਾਸ਼ਤ ਕਰਾਂਗੇ ? ਸੰਗਮਰਮਰ ਦੀ ਗੋਲ ਮੇਜ਼ ਤੇ ਪੰਜਾ ਸੁੱਟ ਕੇ ਮਹੀਪਾਲ ਉਠ ਖਲੋਤਾ, ਲੰਮੇ ਹਾਲ ਵਿਚ ਤੇਜ਼ੀ ਨਾਲ ਏਧਰ ਉਧਰ ਤੁਰਨ ਲੱਗਾ। ਉਹਦਾ ਕਰੋਧ ਸਹਿਜ ਸੁਭਾਵਕ ਸੀ, ਨਸ਼ੇ ਨੇ ਉਸ ਵਿਚ ਬਿਜਲੀ ਭਰ ਦਿਤੀ ਸੀ, ਵਾਰ ਵਾਰ ਕੰਬਣ ਨਾਲ ਉਹਦੇ ਕਲੇਜੇ ਵਿਚ ਟੀਸ ਉੱਠਣ ਲੱਗੀ। ਜਿਸ ਦੇਹ ਵਿਚ ਬਾਰੀਕ ਜਹੀ ਛਿਲਤਰ ਚੁਭਣ ਨਾਲ ਵੀ ਪੀੜ ਹੁੰਦੀ ਹੈ, ਉਸੇ ਦੇਹ ਨੂੰ ਆਦਮੀ ਆਪਣੇ ਹੱਥਾਂ ਨਾਲ ਅੱਗ ਲਾਏ।.. ਸੜ ਸੜ ਮਰੇ।...ਮਹੀਪਾਲ ਫੁੱਟ ਫੁੱਟ ਰੋਣ ਲੱਗਾ, ਭੋਲੇ! ਏਹੋ ਜਿਹੀ ਮੌਤ ਨ ਦਈਂ ਕਿਸੇ ਨੂੰ — ਕਿਸੇ ਕਿਸੇ — ਕਿਸੇ ਨੂੰ ਨ!"

ਸੜਨ ਵਾਲੇ ਦੀ ਤੜਫ਼ ਇਸ ਵੇਲੇ ਮਹੀਪਾਲ ਦੇ ਜੀ ਵਿਚ ਪਲਸੇਟੇ ਮਾਰ ਰਹੀ ਸੀ। ਅੱਥਰੂਆਂ ਨਾਲ ਭਰੀਆਂ ਅੱਖਾਂ ਵਿਚ ਨਿੱਕੇ ਜਿਹੇ ਬੱਚੇ ਦੀ ਕੋਮਲ ਧੌਣ ਤੇ ਇਕ ਹੋਰ ਕਠੋਰ ਹੱਥ ਦੀ ਤਸਵੀਰ ਵਸ ਗਈ। ਮਹੀਪਾਲ ਦਾ ਅਫ਼ਸੋਸ, ਨਿਆਂ ਅਤੇ ਕ੍ਰੋਧ ਦਾ ਜਜ਼ਬਾ ਬਣਨ ਲੱਗਾ।

ਮਹੀਪਾਲ ਦੀਆਂ ਗੱਲਾਂ ਦਾ ਪ੍ਰਭਾਵ ਸੱਜਨ ਉਤੇ ਵੀ ਪਿਆ ਸੀ। ਸਵੇਰੇ ਖ਼ਬਰ ਸੁਣਨ ਸਾਰ ਹੀ ਥੋੜੀ ਦੇਰ ਲਈ ਕ੍ਰੋਧ ਅਤੇ ਪੀੜ ਦਾ ਜਿਹੜਾ ਵੇਗ ਉਹਨੂੰ ਵਹਾ ਕੇ ਲੈ ਗਿਆ ਸੀ, ਉਹਦੀ ਛੋਹ ਸੱਜਨ ਨੂੰ ਇਸ ਵੇਲੇ ਫਿਰ ਮਿਲੀ — ਇਹ ਉਹਦੀ ਸੋਧੀ ਮਾਂਜੀ ਬੁੱਧੀ ਤੋਂ ਭਾਰ ਹਟਣ ਵਾਂਗ ਸੀ। ਉਹਨੇ ਇਵੇਂ ਜਾਣਿਆ ਕਿ ਇਸ ਕੋਮਲਤ ਦੀ ਜਾਗ੍ਰਤੀ ਨਾਲ ਉਹਦੇ ਅੰਦਰ ਦਾ ਅਪਰਾਧ ਕੁਝ ਘਟ ਗਿਆ ਹੈ। ਇਸ ਕੋਮਲ ਛਿਣ ਨੂੰ ਮੂਲ ਧਨ ਬਣਾ ਕੇ ਸੱਜਨ ਨੇ ਹਿਸਾਬ ਫੈਲਾਇਆ — "ਆਖ਼ਰ ਮੈਂ ਇੰਨਾ ਬੁਰਾ ਨਹੀਂ, ਇੰਨਾ ਬੁਰਾ ਨਹੀਂ।"

ਮਹੀਪਾਲ ਦੇ ਮੇਜ਼ ਤੋਂ ਉੱਠਦਿਆਂ ਈ ਡਾ: ਸ਼ੀਲਾ ਸਿੰਵਗ ਦੀ ਇਕ ਨਜ਼ਰ ਉਹਦੇ ਤੇ ਲਗਾਤਾਰ ਪੈਂਦੀ ਰਹੀ। ਉਹਦਾ ਦਿਮਾਗ਼ ਸ਼ਬਦਾਂ ਵਿਚ ਨਾ ਬੱਝੇ ਹੋਏ ਸਵਾਲ ਦੇ ਵਹਾ ਵਿਚ ਵਹਿ ਰਿਹਾ ਸੀ। ਕਾਹਲੀ ਨਾਲ ਉਹਦੇ ਸਾਹਮਣੇ ਏਹੋ ਜਹੇ ਅਨੇਕਾਂ 'ਕੇਸਜ਼' ਆ ਰਹੇ ਸਨ ਜਿਨ੍ਹਾਂ ਵਿਚ ਉਹ ਇਨਸਾਨ ਦੀ ਜ਼ਿੰਦਗੀ ਤੇ ਮੌਤ ਦੇ ਪਲਾਂ ਵਿਚ ਆਪ ਜੂਝੀ ਸੀ — "ਜ਼ਿੰਦਗੀ ਬਚਣੀ ਚਾਹੀਦੀ ਏ" — ਇਹ ਉਹਦੇ ਦਿਮਾਗ਼ ਦੀ ਰਾਏ ਹੈ ਅਤੇ ਇਸ ਸਮੇਂ ਉਸ ਵਿਚ ਹਾਰਦਿਕ ਦਰਦ ਦਾ ਟਿਕਾਊ ਵਹਾ ਵੀ ਆ ਗਿਆ ਹੈ।

ਮਹੀਪਾਲ ਆਪਣੇ ਜਜ਼ਬਾਤ ਲਈ ਬਾਰੀ ਕੋਲ ਜਾ ਕੇ ਇਕ ਪੈਰ ਉੱਤੇ ਰੱਖ ਕੇ, ਮੁੱਠਾਂ ਬੰਨ੍ਹੀਆਂ ਬਾਹਾਂ ਤੇ ਠੋਡੀ ਧਰ ਕੇ ਗੁਆਚੀ ਨਜ਼ਰ ਨਾਲ ਹਨੇਰੇ ਵਿਚ ਸੌਂ ਰਹੇ ਕਮਪਾਊਂਡ ਦੇ ਬਾਗ਼ ਨੂੰ ਵੇਖਣ ਲੱਗਾ — ਕਿਤੇ ਕੁਝ ਦੂਰ ਵੇਖਣ ਲਗਾ। ਉਹਦੀਆਂ ਸਾਰੀਆਂ ਭਾਵਨਾਵਾਂ ਇਸ ਵੇਲੇ ਸਿਮਟੀ ਹੋਈ ਕਿਸੇ ਵਿਚਾਰ ਦੇ ਆਉਣ ਨੂੰ ਵੇਖ ਰਹੀਆਂ ਹਨ।

ਪਿੱਛੋਂ, ਆਪਣੀ ਜਗ੍ਹਾ ਤੇ ਬੈਠੀ ਹੋਈ ਸ਼ੀਲਾ ਬੋਲੀ — "ਇਹ ਸਹੀ ਏ, ਏਹੋ ਜਿਹੀਆਂ ਸੈਂਕੜੇ ਟ੍ਰੈਜਿਡੀਜ਼ ਏਥੇ ਵਾਪਰਦੀਆਂ ਨੇ, ਪਰ ਕਰਨਾ ਕੀ ਚਾਹੀਦਾ ਏ ? ਆਖਰ ਇਹਦਾ ਇਲਾਜ ਕੀ ਏ ?"

ਸੱਜਨ ਬਿਨਾਂ ਸੋਚੇ ਹੀ, ਸੋਚਣ ਵਾਲਾ ਮੂੰਹ ਬਣਾ ਕੇ ਬੋਲ ਪਿਆ — ਇਹ ਸਭ ਪੜ੍ਹਾਈ ਦੇ ਕਾਰਨ ਏ। ਸਾਡੀ ਜਨਤਾ ਬੜੀ ਬੈਕਵਰਡ ਏ।"

"ਪੜ੍ਹਾਈ, ਵਾਹਟ ? ਕੇਹੋ ਜਿਹੀ ਪੜ੍ਹਾਈ ? ਸਮਾਜ ਨੂੰ ਆਖਰ ਕੀ ਸਿਖਾਇਆ ਜਾਏ ਜਿਸ ਨਾਲ ਕਿ ਏਹੋ ਜਹੇ ਕਰਾਈਮਜ਼ ਇਕਦਮ ਬੰਦ ਹੋ ਜਾਣ।" ਡਾ: ਸ਼ੀਲਾ ਇਹ ਕਹਿੰਦੀ ਹੋਈ ਸੋਚਾਂ ਵਿਚ ਡੁੱਬਣ ਲੱਗੀ।

"ਗਵਰਨਮੈਂਟ ਉਨ੍ਹਾਂ ਨੂੰ ਐਜੂਕੇਸ਼ਨ ਦਏ, ਉਹਨਾਂ ਨੂੰ ਸਮਝਾਦਿਆ ਜਾਏ ਕਿ ਮਾਨਵਤਾ ਕੀ ਏ, ਹਿਊਮਨ ਵੈਲਯੂਜ਼ ਕੀ ਹਨ।"

"ਪਰ ਤੁਸੀਂ ਉਹਨਾਂ ਨੂੰ ਸਮਝਾਉਗੇ ਕਿਵੇਂ ? ਤੁਹਾਡੇ ਕੋਲ ਸਾਧਨ ਕੀ ਏ ?" ਬਾਰੀ ਕੋਲੋਂ ਆਉਂਦੇ ਹੋਏ ਮਹੀਪਾਲ ਨੇ ਸੱਜਨ ਦੀ ਗੱਲ ਕੱਟੀ।

"ਕਿਉਂ ? ਗਵਰਨਮੈਂਟ ਟੀਚਰਜ਼ ਅਪਵਾਇੰਟ ਕਰੇ, ਆਰਟ ਤੇ ਕਲਚਰਲ ਫ਼ੰਕਸ਼ਨਜ਼ ਕਰਾਏ, ਕੁਝ ਏਹੋ ਜਿਹੇ ਔਰਤਾਂ ਮਰਦ ਵੀ ਰੱਖੇ ਜਾਣ ਜੋ ਘਰ ਘਰ ਜਾ ਕੇ ਲੋਕਾਂ ਨੂੰ ਸਫ਼ਾਈ, ਰਹਿਣ ਸਹਿਣ ਦੇ ਤ੍ਰੀਕੇ ਸਮਝਾਉਣ, ਉਹਨਾਂ ਦੀ ਦਿਮਾਗੀ ਪੱਧਰ ਨੂੰ ਉੱਚਾ ਚੁੱਕਣ।"

"ਕੋਰੀ ਨਸੀਹਤ ਵਿਚ ਮੇਰਾ ਵਿਸ਼ਵਾਸ ਨਹੀਂ ਸੱਜਨ।" ਸੱਜਨ ਦੀ ਗੱਲ ਤੇ 'ਹੋਪਲੈੱਸ ਕੇਸ' ਆਖਣ ਵਾਲੀ ਮੂੰਹ ਦੀ ਸ਼ਕਲ ਬਣਾ ਕੇ ਡਾ: ਸ਼ੀਲਾ ਨੇ ਕਿਹਾ — "ਅੱਛਾ, ਨਾਓ ਕਮ ਆਨ, ਇਹ ਸੋਚ, ਕਿ ਤੂੰ ਮੇਰੇ ਕੋਲ ਆਉਂਦਾ ਏਂ ਤੇ ਮੈਂ ਜਿਵੇਂ ਤੇਰੇ ਦੋਸਤ ਨੇ ਦਸਿਆ ਏ, ਮੈਂ ਕਸਾਈ ਹਾਂ। ਮੈਂ ਇਹ ਜ਼ਰੂਰ ਮੰਨਦੀ ਹਾਂ ਕਿ ਲੋਕਾਂ ਦੀ ਜਾਨ ਬਚਾਉਣ ਨਾਲੋਂ ਵਧ ਦੁਨੀਆਂ ਵਿਚ ਕੋਈ ਕੰਮ ਨਹੀਂ, ਪਰ ਓਹੋ ਕੰਮ ਮੇਰੀ ਆਮਦਨੀ ਦਾ ਵਸੀਲਾ ਵੀ ਏ। ਮੈਂ ਸੋਚਦੀ ਹਾਂ ਕਿ ਜਿਸ ਕੰਮ ਨੂੰ ਸਿਖਣ ਲਈ ਮੈਂ ਏਨੀ ਮਿਹਨਤ, ਏਨਾ ਰੁਪਿਆ ਉਜਾੜਿਆ ਏ, ਉਸ ਕੰਮ ਤੋਂ ਲਾਭ ਕਿਉਂ ਨਾ ਉਠਾਵਾਂ। ਇਕ ਆਦਮੀ ਨੂੰ ਜੇਕਰ ਆਪਣੀ ਜਾਨ ਪਿਆਰੀ ਏ ਤਾਂ ਉਹਦੇ ਲਈ ਰੁਪਿਆ ਖ਼ਰਚ ਕਿਉਂ ਨਾ ਕਰੇ ? ਤੇ ਮੈਂ ਕਿਉਂ ਨਾ ਲਵਾਂ ਰੁਪਿਆ ? ਮੈਂ ਆਪਣੇ ਲਈ

ਸੁਖ ਤੇ ਆਰਾਮ ਦੀ ਜ਼ਿੰਦਗੀ ਚਾਹੁੰਦੀ ਹਾਂ। ਮੈਂ, ਤੁਹਾਡੇ ਕੀ ਨਾਂ ਨੇ ਕਿ ਕ੍ਰਿਸ਼ਚੀਅਨ, ਗਾਂਧੀਅਨ ਤੇ ਰਾਮਕ੍ਰਿਸ਼ਨ ਮਿਸ਼ਨ ਵਾਲੇ ਅਸੂਲ ਉਤੇ ਨਹੀਂ ਚਲ ਸਕਦੀ ਕਿ ਸੰਨਿਆਸੀ ਹੋ ਕੇ ਲੋਕਾਂ ਦੀਆਂ ਜਾਨਾਂ ਬਚਾਉਂਦੀ ਫਿਰਾਂ......ਚਲੋ, ਤੁਸੀਂ ਮੈਨੂੰ ਕਿਵੇਂ ਕਨਵਿੰਸ ਕਰੋਗੇ ਕਿ 'ਡਾਕਟਰ ਸਿੰਵਗ, ਗ਼ਰੀਬਾਂ ਤੇ ਰਹਿਮ ਕਰਕੇ ਉਹਨਾਂ ਦਾ ਇਲਾਜ ਮੁਫ਼ਤ ਕਰਿਆ ਕਰੋ ?' ਜੇਕਰ ਐਸਾ ਕਰਾਂ ਤਾਂ ਦੁਨੀਆਂ ਵਿਚ ਗ਼ਰੀਬ ਏਨੇ ਜ਼ਿਆਦਾ ਨੇ ਕਿ ਮੈਨੂੰ ਆਪਣੇ ਅਮੀਰ ਪੇਸ਼ੈਂਟਸ ਤੋਂ ਫ਼ੀਸ ਕਮਾਉਣ ਦੀ ਫ਼ੁਰਸਤ ਈ ਨਹੀਂ ਮਿਲਣੀ।"

ਆਖ ਕੇ ਸ਼ੀਲਾ ਚੁੱਪ ਹੋ ਗਈ। ਇਕ ਸਵਾਲੀਆ ਨਜ਼ਰ ਮਹੀਪਾਲ ਦੇ ਚਿਹਰੇ ਤੇ ਸੁਟੀ, ਪਰਖਣਾ ਚਾਹਿਆ ਕਿ ਉਹਦੇ ਚਿਹਰੇ ਦਾ ਭਾਵ ਕੀ ਹੈ ? ਮਹੀਪਾਲ ਸਿਰ ਨੀਵਾਂ ਪਾਈ ਵਿਚਾਰਵਾਨ ਬੈਠਾ ਸੀ।

ਸੱਜਨ ਵੀ ਵਿਚਾਰਾਂ ਵਿਚ ਪੈ ਗਿਆ, ਬੋਲਿਆ — ਸੱਚ ਮੁੱਚ ਇਹ ਟੇਢਾ ਸਵਾਲ ਏ। ਆਪਣਾ ਸਵਾਰਥ ਵੇਖਣਾ ਸੁਭਾਵਕ ਏ, ਹਿਊਮਨ ਨੇਚਰ ਏ — ਉਂਜ ਕੁਝ ਇਕ ਐਬਨਾਰਮਲ, ਵੱਡੀਆਂ ਆਤਮਾਵਾ ਨਿਕਲ ਆਉਂਦੀਆਂ ਨੇ; ਉਹਨਾਂ ਦੀ ਗੱਲ ਛੱਡੋ — ਪਰ ਜਨਤਾ ਵਿਚ ਸੱਚਾਈ ਵੇਖੋ ਤਾਂ ਏਹੋ ਏ। ਅਸੀਂ ਪਹਿਲਾਂ ਆਪਣਾ ਸਵਾਰਥ ਵੇਖਾਂਗੇ, ਫਿਰ ਹੋਰ ਬਾਰੇ ਵਿਚਾਰ ਕਰਾਂਗੇ।......ਤੇ ਦੂਸਰੀ ਨਜ਼ਰੇ ਵੇਖੀਏ, ਕਿ ਜੇ ਆਦਮੀ ਦੀ ਇਹ ਨੇਚਰ ਨਹੀਂ ਬਦਲੀ ਤਾਂ ਇਨਸਾਨੀਅਤ ਦਾ ਨਾਹਰਾ ਅਤੇ ਉਹਦੇ ਆਧਾਰ ਉਤੇ ਖੜੀਆਂ ਕੀਤੀਆਂ ਗਈਆਂ ਸਭ ਵੈਲਯੂਜ਼ ਝੂਠੀਆਂ ਨੇ।...... ਸਮਝ ਨਹੀਂ ਆਉਂਦਾ ਕਿਸ ਤਰ੍ਹਾਂ ਇਨਸਾਨ ਦਾ ਦਿਲ ਬਦਲ ਸਕਦਾ ਏ ? ਕਹਿੰਦਿਆਂ ਕਹਿੰਦਿਆਂ ਸੱਜਨ ਦੇ ਜਵਾਬ ਵਿਚ ਕੰਬਣੀ ਆ ਗਈ ਮਨ ਵਿਚ ਚਿਤਰਾ ਅਤੇ ਜਗਦੰਬਾ ਸਹਾਏ ਦੀ ਧੀ ਨਾਲ ਆਪਣੀ ਅਪਰਾਧੀ ਆਤਮਾ ਝਾਕ ਗਈ ਸੀ। ਸੱਜਨ ਉਹਦੇ ਨਾਲ ਬੇਚੈਨ ਹੋ ਗਿਆ।

"ਬਦਲ ਸਕਦਾ ਏ।" ਮਹੀਪਾਲ ਨੇ ਨਜ਼ਰਾਂ ਘੁਮਾ ਕੇ ਸੱਜਨ ਨੂੰ ਵੇਖਿਆ ਅਤੇ ਕਿਹਾ — "ਅਤਿਆਚਾਰ — ਦੂਸਰਿਆਂ ਦਾ ਨਾਜਾਇਜ਼ ਫ਼ਾਇਦਾ ਉਠਾਉਣਾ ਬੰਦ ਕਰੋ। ਤੇ ਜੇ ਤੁਸੀਂ ਸਿੱਧੀ ਤਰ੍ਹਾਂ ਨਹੀਂ ਕਰੋਗੇ, ਤਾਂ ਯਾਦ ਰਖੋ, ਮਾਰ ਮਾਰ ਕੇ ਤੁਹਾਡੀ ਅਕਲ ਟਿਕਾਣੇ ਲਾਈ ਜਾਏਗੀ।"

"ਤੂੰ ਇੰਜ ਕਹਿ ਰਿਹਾ ਏਂ ਜਿਵੇਂ ਮੈਂ ਈ ਅਤਿਆਚਾਰੀ ਹਾਂ!" ਮਹੀਪਾਲ ਦੀ ਚੇਤਾਵਨੀ ਸੱਜਨ ਦੇ ਜ਼ਖ਼ਮ ਤੇ ਲਗੀ ਸੀ। ਆਪਣੀ ਤਿਲਮਲਾਹਟ ਨੂੰ ਓਪਰੇ ਹਾਸੇ ਨਾਲ ਸੰਵਾਰਦੇ ਹੋਇਆਂ ਉਹਨੇ ਮਹੀਪਾਲ ਨੂੰ ਜਵਾਬ ਦਿਤਾ। ਸ਼ੀਲਾ ਨੂੰ ਵੀ ਹਾਸਾ ਆ ਗਿਆ। ਮਹੀਪਾਲ ਤੇ ਇਸ ਹਾਸੇ ਦਾ ਕੋਈ ਅਸਰ ਨਹੀਂ ਹੋਇਆ। ਉਹਨੇ ਕਿਹਾ — "ਤੂੰ, ਮੈਂ, ਸਭ ਅਤਿਆਚਾਰੀ ਹਾਂ ਦੋਸਤ ! ਗੱਲ ਦਾ ਇਸ਼ਾਰਾ ਕਿਸੇ ਇਕ

ਤੇ ਨਹੀਂ, ਪੂਰੇ ਸਮਾਜ ਤੇ ਹੈ । ਦੱਬਣ ਤੇ ਦਬਾਉਣ ਦਾ ਸਿਧਾਂਤ ਸਾਨੂੰ ਸਾਡੀ ਗੁੜ੍ਹਤੀ 'ਚੋਂ ਮਿਲਦਾ ਏ। ਪਰ ਜਿਹੜੇ ਲੋਕ ਦੱਬੇ ਜਾ ਰਹੇ ਨੇ ਉਹ ਕਿਸੇ ਦਿਨ ਆਪਣਾ ਦਾਅ ਲਾ ਕੇ ਦਬਾਉਣ ਵਾਲਿਆਂ ਦੀ ਘੰਡੀ ਨੱਪਣਗੇ, ਵੇਖ ਲਈਂ । ਤੇ ਉਹ ਦਿਨ ਹੁਣ ਬਹੁਤ ਦੂਰ ਨਹੀਂ ਸੱਜਨ !"

"ਤਾਂ ਕੀ ਤੂੰ ਸਮਝਦਾ ਏਂ ਕਿ ਹਿੰਦੁਸਤਾਨ ਵਿਚ ਕਮਿਊਨਿਸਟਾਂ ਦਾ ਜ਼ੋਰ ਵਧ ਜਾਵੇਗਾ ?" ਸ਼ੀਲਾ ਨੇ ਦੋਹਾਂ ਹੱਥਾਂ ਦੀਆਂ ਉਂਗਲਾਂ ਇਕ ਦੂਜੀ ਵਿਚ ਫਸਾ ਕੇ ਪੈਰ ਹਿਲਾਉਂਦਿਆਂ ਕਿਹਾ ।

"ਮੈਂ ਨਹੀਂ ਜਾਣਦਾ, ਕਿਸ ਪਾਰਟੀ ਦਾ ਜ਼ੋਰ ਵਧੇਗਾ । ਮੈਂ ਰਾਜਨੀਤੀ ਦਾ ਸਰਗਰਮ ਵਿਦਿਆਰਥੀ ਨਹੀਂ । ਪਰ ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਮਾਰਕਸ ਦੇ ਸਿਧਾਂਤ ਤੇ ਰੂਸ, ਚੀਨ ਦੇ ਨਵੇਂ ਨਿਰਮਾਣ ਨਾਲ ਦੁਨੀਆਂ ਦੇ ਹਰ ਆਮ ਖ਼ਾਸ ਦੇ ਵਿਚਾਰਾਂ ਵਿਚ ਕਰਾਂਤੀ-ਕਾਰੀ ਪਰਿਵਰਤਨ ਜ਼ਰੂਰ ਹੋਇਆ ਏ । ਜਿੰਨੇ ਮਜ਼ਲੂਮ ਨ, ਜਿੰਨੇ ਆਮ ਲੋਕ ਨੇ, ਉਹ ਹੁਣ ਸੱਟ ਖਾਧੇ ਨਾਗ ਵਾਂਗ ਫਨ ਉਠਾ ਰਹੇ ਨੇ । ਇਸ ਵਾਰ ਉਹਨਾਂ ਨੂੰ ਕੋਈ ਨਹੀਂ ਰੋਕ ਸਕੇਗਾ ।......ਤੇ ਸਾਡੇ ਸਮਾਜ ਦੀ ਇਸਤਰੀ ਵੀ ਮਜ਼ਲੂਮ ਹੈ । ਉਹ ਹਦੋਂ ਜ਼ਿਆਦਾ ਸਤਾਈ ਜਾ ਚੁਕੀ ਏ — ਹਦੋਂ ਜ਼ਿਆਦਾ !"

ਸੱਜਨ ਨੂੰ ਆਪਣੀ ਮਾਂ ਦੀ ਯਾਦ ਆ ਗਈ, ਉਹਨੇ ਕਿੰਨੇ ਅੱਤਿਆਚਾਰ ਸਹੇ ਸਨ !

ਸ਼ੀਲਾ ਬੋਲੀ — "ਔਰਤਾਂ ਦੇ ਬਾਰੇ ਤੂੰ ਬੜੇ ਰੋਮਾਂਟਕ ਢੰਗ ਨਾਲ ਸੋਚ ਰਿਹਾ ਏਂ ਮਹੀਪਾਲ ! ਹੁਣ ਔਰਤ ਪੜ੍ਹੀ ਲਿਖੀ, ਕਲਚਰਡ ਤੇ ਪਹਿਲੋਂ ਨਾਲੋਂ ਜ਼ਿਆਦਾ ਆਜ਼ਾਦ ਏ । ਮੈਂ ਵੇਂਹਦੀ ਹਾਂ ਕਿ ਲੜਕੀਆਂ ਦੀ ਐਜੂਕੇਸ਼ਨ......"

ਕ੍ਰੋਧ ਦੀ ਜ਼ਬਾਨ ਨੂੰ ਰੋਕਦਿਆਂ ਹੋਇਆਂ ਵੀ ਮਹੀਪਾਲ ਆਪਣੀ ਜ਼ਬਾਨ ਦਾ ਤਿੱਖਾਪਣ ਨਾ ਰੋਕ ਸਕਿਆ, ਬੋਲਿਆ — "ਮੁੱਠੀ ਕੁ ਔਰਤਾਂ ਆਜ਼ਾਦ ਨੇ, ਉਹਨਾਂ ਵਿਚੋਂ ਇਕ ਤੂੰ ਏਂ ਜੋ ਬੱਤੀ ਰੁਪਏ ਫ਼ੀਸ ਕਮਾ ਲੈਂਦੀ ਏਂ । ਪਰ ਬਹੁ ਗਿਣਤੀ ਤਾਂ ਉਹਨਾਂ ਤੀਵੀਂਆਂ ਦੀ ਏ ਜਿਨ੍ਹਾਂ ਨੂੰ ਸੜ ਸੜ ਕੇ ਮਰਨ ਲਈ ਮਜ਼ਬੂਰ ਹੋਣਾ ਪੈਂਦਾ ਏ ।"

"ਤੂੰ ਤਾਂ ਹੁਣ ਜ਼ਿਦ ਫੜ ਲਈ ਏ ਮਹੀਪਾਲ", ਸ਼ੀਲਾ ਨੇ ਜ਼ਬਾਨ ਵਿਚ ਮਿਠਾਸ ਭਰ ਕੇ ਕਿਹਾ — "ਏਹੋ ਜਿਹੇ ਪੰਜ ਦਸ ਕੇਸੇਜ਼ ਜ਼ਰੂਰ ਹੋ ਜਾਂਦੇ ਨੇ ਉਹ ਗੱਲ ਦੂਸਰੀ ਏ......"

"ਦੂਸਰੀ ਨਹੀਂ, ਪਹਿਲੀ ਏ । ਸੌ ਵਿਚ ਮੁਸ਼ਕਿਲ ਨਾਲ ਪੰਜਾਂ ਦਸਾਂ ਘਰਾਂ ਨੂੰ ਛੱਡ ਦਿਉ, ਬਾਕੀ ਹਿੰਦੁਸਤਾਨ ਦਾ ਘਰ ਔਰਤਾਂ ਲਈ ਕਸਾਈ ਖ਼ਾਨਾ ਏ ।"

"ਤੇਰਾ ਘਰ ਵੀ ?" ਸੱਜਨ ਨੇ ਵਿਅੰਗ ਕੀਤਾ ।

ਸੁਣ ਕੇ ਮਹੀਪਾਲ ਅੜਕਿਆ, ਉਹਦਾ ਚਿਹਰਾ ਕੱਸਿਆ ਗਿਆ, ਫਿਰ ਸੰਭਲੀ

ਆਵਾਜ਼ ਵਿਚ ਬੋਲਿਆ — "ਹਾਂ, ਮੈਂ ਵੀ ਇਕ ਕਸਾਈ ਹਾਂ।"

"ਕਿਉਂ ?" ਸੱਜਨ ਨੇ ਇਸ ਤਰ੍ਹਾਂ ਰੋਹਬ ਨਾਲ ਪੁੱਛਿਆ ਜਿਵੇਂ ਕੋਈ ਜੱਜ ਅਪਰਾਧੀ ਤੋਂ ਸਵਾਲ ਪੁੱਛ ਰਿਹਾ ਹੋਏ। ਦੂਸਰਿਆਂ ਦੇ ਅਪਰਾਧਾਂ ਦੀ ਆੜ ਵਿਚ ਉਹਦਾ ਅਪਰਾਧੀ ਹਿਰਦਾ ਮੂੰਹ ਜ਼ੋਰ ਹੋਣ ਲਗਾ।

ਮਹੀਪਾਲ ਬੋਲਿਆ — "ਮੇਰੀ ਸ਼ਾਦੀ ਅਸਫਲ ਰਹੀ। ਜਿਵੇਂ ਮਾਤਾ ਪਿਤਾ ਵਲੋਂ ਤੈਅ ਹੋਈਆਂ ਸ਼ਾਦੀਆਂ ਵਿਚ ਆਮ ਤੌਰ ਤੇ ਹੁੰਦਾ ਏ। ਸਾਡੇ ਅੱਸੀ ਪ੍ਰਤੀਸ਼ਤ ਘਰਾਂ ਵਿਚ ਐਸੀਆਂ ਸ਼ਾਦੀਆਂ ਜੀਵਨ ਭਰ ਦੇ ਕਰਜ਼ ਵਾਂਗ ਨਿਭਾਈਆਂ ਜਾਂਦੀਆਂ ਨੇ। ਨਤੀਜਾ ਇਹ ਹੁੰਦਾ ਏ ਕਿ ਕਿਤੇ ਪਤੀ, ਕਿਤੇ ਪਤਨੀ ਤੇ ਕਿਤੇ ਪਤੀ ਪਤਨੀ ਦੋਵੇਂ ਈ ਇਕ ਦੂਜੇ ਦੀ ਪਿੱਠ ਓਹਲੇ ਵਿਭਚਾਰ ਕਰਦੇ ਨੇ !"

"ਸਿਰਫ਼ ਇਹੋ ਜਿਹੀਆਂ ਸ਼ਾਦੀਆਂ ਵਿਚ ਕਿਉਂ ? ਲਵ ਮੈਰਿਜ ਵਿਚ ਵੀ ਹੁੰਦਾ ਏ ! ਜਦ ਤਕ ਨਵੇਂ ਨਵੇਂ ਰੋਮੀਓ ਜੂਲੀਅਟ ਰਹੇ, ਦੋਹਾਂ ਵਿਚ ਚੋਖਾ ਪ੍ਰੇਮ ਰਿਹਾ; ਫਿਰ ਜਾਂ ਤਾਂ ਤਲਾਕ ਜਾਂ ਆਪਸ ਵਿਚ ਦਗ਼ਾਬਾਜ਼ੀ — ਇਹੋ ਰਾਹ ਰਹਿ ਜਾਂਦੇ ਨੇ। ਮੈਂ ਵੀ ਇਸ ਨਤੀਜੇ ਤੇ ਪਹੁੰਚੀ ਹਾਂ ਕਿ ਸ਼ਾਦੀ ਦਾ ਰਿਵਾਜ ਲੋਕਾਂ ਵਿਚ ਧੋਖਾ ਦਹੀ, ਝੂਠ ਤੇ ਅਤਿਆਚਾਰ ਨੂੰ ਜਗਾਉਂਦਾ ਏ। ਇਹਨੂੰ ਹਟਾ ਦਿਓ, ਔਰਤਾਂ ਨੂੰ ਆਰਥਕ ਪੱਖ ਤੋਂ ਆਜ਼ਾਦ ਕਰ ਦਿਓ, ਫਿਰ ਵੇਖੋ, ਔਰਤ ਮਰਦ ਦੇ ਰਿਸ਼ਤੇ ਕਿੰਨੀ ਛੇਤੀ ਨਾਰਮਲ ਹੋ ਜਾਣਗੇ।" ਸ਼ੀਲਾ ਬੋਲੀ।

"ਫਿਰ ਔਰਤ ਮਰਦ ਵਿਚਕਾਰ ਰਿਸ਼ਤਾ ਕੀ ਹੋਏਗਾ ? ਸਿਰਫ਼ ਦੇਹ ਭੋਗ ਦਾ !" ਮਹੀਪਾਲ ਭੱਖ ਕੇ ਬੋਲਿਆ।

"ਤੇ ਹੁਣ ਕੀ ਏ ? ਨਾਇੰਟੀ ਨਾਈਨ ਪਵਾਇੰਟ ਨਾਈਨ ਰੈਕਰਿੰਗ ਕੇਸਿਜ਼ ਵਿਚ ਔਰਤ ਮਰਦ ਕੀ ਇਕ ਦੂਸਰੇ ਨੂੰ ਵਰਤਣ ਦੀ ਚੀਜ਼ ਵਾਂਗ ਨਹੀਂ ਵੇਖਦੇ ?" ਸੱਜਨ ਮੇਜ਼ ਤੋਂ ਸਿਗਰਟ ਕੇਸ ਚੁਕ ਕੇ ਬੋਲਿਆ।

"ਮੈਂ ਤੈਨੂੰ ਦਸਦੀ ਆਂ, ਮੇਰੀਆਂ ਨਜ਼ਰਾਂ ਸਾਹਮਣੇ ਤਾਂ ਪਤਾ ਨਹੀਂ ਕਿੰਨਿਆਂ ਘਰਾਂ ਦੇ ਪਰਦੇ ਫ਼ਾਸ਼ ਹੋ ਚੁਕੇ ਨੇ। ਪਹਿਲਾਂ ਮੈਂ ਏਹੋ ਅਬਾਰਸ਼ਨ ਕੇਸ ਨਹੀਂ ਸਾਂ ਕਰਦੀ ਹੁੰਦੀ। ਫਿਰ ਸੋਚਿਆ, ਇਸ ਵਿਚ ਕੀ ਹਰਜ ਏ। ਜਿਸ ਕੰਮ ਨੂੰ ਸਿਰਫ਼ ਇਨਸਾਨ ਨਹੀਂ, ਪਸ਼ੂ-ਪੰਛੀ ਤਕ ਕੁਦਰਤੀ ਤੌਰ ਤੇ ਕਰਦੇ ਨੇ, ਉਹਨੂੰ ਜੇਕਰ ਆਦਮ ਤੇ ਈਵ ਦੀਆਂ ਸੰਤਾਨਾਂ ਸ਼ਾਦੀ ਤੇ ਉਹਦੇ ਮਾਰਲ ਕੋਡ ਕਰਕੇ ਪਾਪੀ ਸਮਝ ਕੇ ਡਰਦੀਆਂ ਨੇ ਤਾਂ ਕਿਉਂ ਨਾ ਉਹਨਾਂ ਦੀ ਮੂਰਖਤਾ ਦਾ ਲਾਭ ਉਠਾਇਆ ਜਾਏ।" ਆਖ ਕੇ ਸ਼ੀਲਾ ਨੇ ਜਿਵੇਂ ਸੱਚੀ ਉਤੇਜਨਾ ਦੇ ਉਬਾਲ ਵਿਚ ਗਲਾਸ ਨੂੰ ਮੂੰਹ ਨਾਲ ਲਾ ਲਿਆ।

ਸੱਜਨ ਨੂੰ ਪ੍ਰੇਰਨਾ ਮਿਲੀ, ਆਪਣੇ ਗਲਾਸ ਵਲ ਹੱਥ ਵਧਾਉਂਦਾ ਬੋਲਿਆ — "ਤੂੰ ਬਿਲਕੁਲ ਠੀਕ ਕਹਿੰਦੀ ਏਂ। ਸ਼ਾਦੀ ਤੇ ਉਹਦਾ ਮਾਰਲ ਕੋਡ ਸਮਾਜ ਨੂੰ ਉਤਾਂਹ

ਚੁਕਣ ਦੀ ਥਾਂ ਡੇਗਦੇ ਨੇ। ਇਹਨਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਏ!"

"ਉਹ ਆਪੇ ਈ ਖ਼ਤਮ ਹੋ ਜਾਏਗਾ। ਜਦ ਮਰਦ ਤੇ ਔਰਤ ਦੋਵੇਂ ਉਚੀ ਸਿੱਖਿਆ ਲੈਣਗੇ, ਦੋਵੇਂ ਈ ਕਮਾਉਣ ਲਗਣਗੇ ਉਸੇ ਦਿਨ ਇਹ ਸੜਿਆ ਗਲਿਆ ਮਾਰਲ ਕੋਡ ਵੀ ਖ਼ਤਮ ਹੋ ਜਾਏਗਾ।"

ਸ਼ੀਲਾ ਨੇ ਮਹੀਪਾਲ ਨੂੰ ਮੁਸਕਰਾ ਕੇ ਕਿਹਾ — "ਗੈਟ ਅਪ ਯਕਸ਼! ਘੜੀ ਵੇਖ। ਤੇਰੀ ਵਿਜੋਗਣ ਰਾਹ ਤਕ ਰਹੀ ਹੋਏਗੀ।"

ਦੋ ਜੋੜੇ ਅੱਖਾਂ ਚੁੱਪ ਚਾਪ ਮੁਸਕ੍ਰਾਈਆਂ। ਮਹੀਪਾਲ ਝੱਟਪਟ ਨਜ਼ਰਾਂ ਕੱਟ ਕੇ ਘੜੀ ਵਲ ਵੇਖਣ ਲਗਾ। ਇਕ ਵੱਜ ਕੇ ਚਾਲ੍ਹੀ ਮਿੰਟ ਹੋਏ ਸਨ।

10

ਸੜਕ ਤੇ ਸ਼ੀਲਾ ਦੀ ਗੱਡੀ ਫੁੱਟਪਾਥ ਨਾਲ ਲਗ ਕੇ ਖੜੀ ਹੋ ਗਈ।

ਦਰਵਾਜ਼ਾ ਖੋਲ੍ਹਦਿਆਂ ਹੋਇਆਂ ਮਹੀਪਾਲ ਨੂੰ ਸ਼ੀਲਾ ਨੇ ਕਿਹਾ — "ਐਂਡ ਬੀ ਨਾਈਸ ਟੂ ਯੋਰ ਮਿਸੇਜ ਡਾਰਲਿੰਗ! ਅੱਜ ਸੱਚ ਮੁੱਚ ਈ ਬਹੁਤ ਦੇਰ ਹੋ ਗਈ ਤੈਨੂੰ......"

"ਹਾਂ, ਪਰ ਵਨਸ ਇਨ ਏ ਬਲੂ ਮੂਨ ਇਹ ਵੀ ਸਹੀ ਹੈ।" ਬਨਾਉਟੀ ਲਾਪਰਵਾਹੀ ਨਾਲ ਆਖ ਕੇ ਮਹੀਪਾਲ ਹੱਸਿਆ, ਬੋਲਿਆ — "ਜੇਕਰ ਮੈਂ ਚਿਤਰਕਾਰ ਹੁੰਦਾ ਤਾਂ ਆਪਣੀ ਤਸਵੀਰ ਮਿੱਟੀ ਰੰਗੇ ਰੰਗ ਨਾਲ ਰੰਗਦਾ; ਬਸ ਦਿਲ ਦੀਆਂ ਧੜਕਣਾਂ ਸਾਫ਼ ਨੇ।......ਤੂੰ ਮੇਰੀ ਥਕਾਵਟ ਦੀ ਸਾਥਣ ਏਂ; ਕਲਿਆਣੀ ਮੇਰੇ ਜੀਵਨ ਦਾ ਆਧਾਰ ਏ। ਮੈਂ ਤੁਹਾਡਾ ਦੋਵਾਂ ਦਾ ਕਰਜ਼ਾ ਨਹੀਂ ਚੁਕਾ ਸਕਦਾ, ਸੱਚ ਕਹਿੰਦਾ ਹਾਂ।"

ਮਹੀਪਾਲ ਹਾਰੇ-ਹੁਟੇ ਮਰੀਜ਼ ਵਾਂਗ ਦਰਦ ਭਰੀ ਨਜ਼ਰ ਨਾਲ ਸ਼ੀਲਾ ਵਲ ਵੇਖਣ ਲਗਾ। ਸ਼ੀਲਾ ਨੇ ਪਿਆਰ ਨਾਲ ਉਹਦੀ ਗੱਲ੍ਹ ਤੇ ਹੱਥ ਰਖ ਕੇ ਕਿਹਾ — "ਤੂੰ ਕਿੰਨਾ ਚਾਰਮਿੰਗ (ਮਨੋਹਰ) ਏਂ? ਨਾਓ ਟੇਕ ਕੇਅਰ ਆਫ਼ ਯੋਅਰ ਹੈਲਥ, ਡੀਅਰ! ਆਪਣੀ ਆਤਮਾ ਦਾ ਇਹ ਦਰਦ ਆਪਣੇ ਸਾਹਿਤ ਨੂੰ ਦੇ ਦੇ......ਤੇ ਸਭ ਕੁਝ ਭੁੱਲ ਜਾ।"

ਸ਼ੀਲਾ ਦੀ ਬਾਂਹ ਦੇ ਆਸਰੇ ਦੋ ਧੌਣਾਂ ਝੁਕ ਗਈਆਂ। ਹਨੇਰੇ ਵਿਚ ਝੁਕੀਆਂ ਚੌਹਾਂ ਅੱਖਾਂ ਵਿਚ ਇਕ ਸ਼ਕਤੀ ਡਲ੍ਹਕ ਰਹੀ ਸੀ—ਸ਼ੀਲਾ ਦੀਆਂ ਨਜ਼ਰਾਂ ਵਿਚ ਹੀਰੇ ਦੀ ਕਣੀ ਬਣ ਕੇ ਅਤੇ ਮਹੀਪਾਲ ਦੀਆਂ ਅੱਖਾਂ ਵਿਚ ਕੁਮਲਾਏ ਗੁਲਾਬ ਦੇ ਫੁੱਲ ਵਾਂਗ। ਸ਼ੀਲਾ ਦੇ ਹੋਠਾਂ ਵਿਚ ਜਜ਼ਬਾਤੀ ਗਰਮੀ ਸੀ, ਅਤੇ ਮਹੀਪਾਲ ਦੇ ਹੋਠਾਂ ਵਿਚ ਭਾਵ ਦੀ ਛੋਹ ਤਾਂ

ਸੀ, ਪਰ ਜੋਸ਼ ਨਹੀਂ ਸੀ।

"ਕਲ੍ਹ ਮਿਲੇਂਗਾ ?" ਸ਼ੀਲਾ ਨੇ ਉਠ ਕੇ ਪੁੱਛਿਆ।

"ਲਿਖਣਾ ਚਾਹੁੰਦਾ ਹਾਂ।" ਮਹੀਪਾਲ ਨੇ ਬਾਹਰ ਨਿਕਲਦਿਆਂ ਹੋਇਆਂ ਕਿਹਾ।

"ਮੇਰੇ ਕੋਲ ਆ ਕੇ ਲਿਖ। ਇਵੇਂ ਕਰ, ਦੁਪਹਿਰ ਦਾ ਖਾਣਾ ਖਾ ਕੇ ਮੇਰੇ ਪਾਸ ..."

"ਸਮਾਧੀ ਲਾ ਕੇ ਜੋਗੀ ਆਪਣਾ ਆਸਣ ਨਹੀਂ ਛੱਡ ਸਕਦਾ !......ਜੇਕਰ ਸ਼ਾਮ ਤਕ ਜਾਣ ਨੂੰ ਜੀਅ ਕੀਤਾ ਤਾਂ ਤੈਨੂੰ ਫ਼ੋਨ ਕਰਕੇ ਆ ਜਾਵਾਂਗਾ।" ਮਹੀਪਾਲ ਬੋਲਿਆ।

"ਨਹੀਂ, ਕਲ੍ਹ ਤਾਂ ਤੂੰ ਜ਼ਰੂਰ ਆਈਂ। ਕ੍ਰਿਸਮਸ-ਈਵ ਏ......"

"ਓਹੋ ! ਮੈਂ ਭੁੱਲ ਗਿਆ ਸਾਂ।......ਆਵਾਂਗਾ......ਕਲ੍ਹ ਮੈਂ......ਸੱਤ ਵਜੇ ਦੇ ਨੇੜ ਤੇੜ ਪਹੁੰਚ ਜਾਵਾਂਗਾ। ਬਾਈ ਬਾਈ !"

"ਬਾਈ ਬਾਈ।" ਕਾਰ ਸ਼ੂਕਦੀ ਹੋਈ ਨਿਕਲ ਗਈ। ਕਾਰ ਦੀ ਲਾਲ ਰੌਸ਼ਨੀ ਵੀ ਅੱਖਾਂ ਤੋਂ ਓਹਲੇ ਹੋ ਗਈ। ਮਹੀਪਾਲ ਜਿਵੇਂ ਹੋਰ ਕੋਈ ਚਾਰਾ ਨਾ ਵੇਖ ਕੇ ਘਰ ਦੀ ਗਲੀ ਵਲ ਤੁਰਿਆ।

ਫ਼ੁੱਟਪਾਥ ਤੋਂ ਘਸੀਆਂ ਟੁੱਟੀਆਂ ਇੱਟਾਂ ਦੀਆਂ ਚਾਰ ਖੌਂਚੇਦਾਰ ਪੌੜੀਆਂ ਉੱਤਰ ਕੇ ਤੰਗ ਗਲੀ ਵਿਚ ਆਉਂਦਿਆਂ ਹੋਇਆਂ ਗਲੀ ਦੇ ਸੁੰਞੇਪਣ ਨਾਲ ਮਹੀਪਾਲ ਦਾ ਸੁੰਞਾਪਣ ਰਲ ਗਿਆ।

ਬੰਦ ਬੂਹਿਆਂ ਦੀ ਚੁੱਪ ਆਬਾਦੀ 'ਚੋਂ ਲੰਘਦਿਆਂ ਹੋਇਆਂ ਮਹੀਪਾਲ ਦੇ ਖ਼ਿਆਲ ਆਪਣੇ ਨਾਲ ਜੁੜ ਕੇ ਲਗਾਤਾਰ ਪਸਰਣ ਲਗੇ ਘੁੱਟਣ ਸਾਹ ਦੀ ਹਵਾੜ੍ਹ ਬਣ ਕੇ ਉਤਾਂਹ ਉਠੀ, ਅੱਖਾਂ ਸਹਿਜ ਭਾਅ ਹੀ ਆਸਮਨ ਵਲ ਵੇਖਣ ਲਗੀਆਂ। ਉੱਚੀਆਂ ਕੰਧਾਂ ਦੀਆਂ ਤੰਗ ਬਰਾ ਬਰਾਬਰ ਲੀਕਾਂ ਦੇ ਉਤੇ ਪੋਹ ਦੀ ਰਾਤ ਪੂਰੇ ਜ਼ੋਰੀਂ ਜਗਮਗਾ ਰਹੀ ਸੀ।

"ਦੁਨੀਆਂ ਕਿੰਨੀ ਫੈਲੀ ਹੋਈ ਏ !" ਮਹੀਪਾਲ ਸੋਚਣ ਲਗਾ — "ਇਹ ਤਾਰੇ ਇਕੱਠੇ ਕਿੰਨੇ ਪਸਾਰ ਵਿਚ — ਕਿੰਨੇ ਵਿਅਕਤੀਆਂ, ਘਰਾਂ, ਆਬਾਦੀਆਂ, ਦੇਸ-ਪਰਦੇਸ ਨੂੰ ਆਪਣੀਆਂ ਝਲਕੀਆਂ ਨਾਲ ਬੰਨ੍ਹ ਰਹੇ ਨੇ !"

ਇਕ ਗਾਂ ਅੱਧੀ ਗਲੀ ਮਲ ਕੇ ਬੈਠੀ ਹੋਈ ਸੀ। ਨਾਲ ਦੀ ਕਿਸੇ ਗਲੀ 'ਚੋਂ ਕੁੱਤਿਆਂ ਦੀ ਲੜਾਈ ਦਾ ਰੌਲਾ ਸੁਣ ਰਿਹਾ ਸੀ। ਮਹੀਪਾਲ ਨੂੰ ਇਹ ਰੌਲਾ ਰਾਤ ਦੇ ਸੱਨਾਟੇ ਦਾ ਹੀ ਇਕ ਅੰਗ ਲਗਾ। ਲਗਭਗ ਏਸੇ ਸਮੇਂ ਉਹਦੇ ਪੰਦਰਾਂ ਵੀਹ ਕਦਮਾਂ ਤੇ ਕਿਸੇ ਘਰ ਦੀ ਉਤਲੀ ਮੰਜ਼ਲ 'ਚੋਂ ਕੋਈ ਚੀਜ਼ ਗਲੀ ਵਿਚ 'ਠੱਕ' ਕਰਕੇ ਡਿੱਗੀ। ਮਹੀਪਾਲ ਤ੍ਰਭਕ ਪਿਆ, ਉਹਦੇ ਲਈ ਰਾਤ ਦੀ ਡੂੰਘੀ ਚੁੱਪ ਭੰਗ ਹੋ ਗਈ। ਕੀ ਡਿੱਗਾ, ਇਸ ਸਮੇਂ ਕੌਣ ਜਾਗ ਰਿਹਾ ਹੋਏਗਾ ? — ਗਲੀ ਦੀ ਰੌਸ਼ਨੀ ਵਿਚ ਉਹਨੂੰ

ਚਿੱਟੀ ਪੋਟਲੀ ਜਿਹੀ ਚਮਕਦੀ ਦਿਸੀ। ਉਹਦਾ ਮਨ ਤ੍ਰਾਹ ਕੇ ਕਿਸੇ ਅਧਰਾਧ — ਕਿਸੇ ਨਾਜਾਇਜ਼ ਬੱਚੇ ਦੀ ਲਾਸ਼ ਦੀ ਕਲਪਨਾ ਵਿਚ ਗੁਆਚ ਗਿਆ। ਦਿਲ ਦੀਆਂ ਧੜਕਨਾਂ ਨਾਲ ਕਦਮ ਵੀ ਤੇਜ਼ ਹੋਏ, ਕੋਲ ਪਹੁੰਚਣ ਤੇ ਇਕ ਪਾਟਾ ਹੋਇਆ ਚੀਥੜੇ ਵਰਗਾ ਸਿਰਹਾਣਾ ਦਿਸਿਆ, ਜਿਹਦੀ ਕੁਝ ਰੂੰ ਗਲੀ ਵਿਚ ਵੀ ਖਿਲਰ ਰਹੀ ਸੀ। ਇਹ ਵੇਖ ਕੇ ਉਹਨੂੰ ਧੀਰਜ ਹੋਇਆ। ਹਾਸਾ ਵੀ ਆਇਆ ਕਿ ਇਸ ਵੇਲੇ ਇਹ ਦਲਿੱਦਰ ਸੁਟਣ ਦਾ ਮੂਡ ਕਿਹਦਾ ਬਣਿਆ ? ਫਿਰ ਸੋਚਿਆ, ਮੁਹੱਲਾ ਹੈ, ਰਾਤ ਹੋਣ ਨਾਲ ਜੀਵਨ ਦੀ ਤੋਰ ਤਾਂ ਨਹੀਂ ਰੁਕ ਜਾਂਦੀ ? ਉਹ ਆਪ ਵੀ ਤਾਂ ਤੁਰ ਰਿਹਾ ਹੈ, ਆਪਣੀਆਂ ਸਮੱਸਿਆਵਾਂ ਦੀ ਕਹਾਣੀ ਲੈ ਕੇ ਤੁਰ ਰਿਹਾ ਹੈ। ....ਸੋਚਣ ਲੱਗਾ, ਹਰ ਚੌਂਹ ਕੰਧਾਂ ਪਿਛੇ ਬੰਦ ਹੋ ਕੇ ਪਤਾ ਨਹੀਂ ਕਿੰਨੇ ਮਨਾਂ ਦੀਆਂ ਕਹਾਣੀਆਂ ਸੁੱਤੀਆਂ ਜਾਂ ਜਾਗ ਰਹੀਆਂ ਹੋਣਗੀਆਂ !

ਮਹੀਪਾਲ ਦੀ ਕਲਪਨਾ ਨੇ ਹਰ ਘਰ ਦੇ ਬੰਦ ਬੂਹੇ ਖੋਲ੍ਹ ਲਏ। ਕੋਠੜੀ ਵਿਚ ਵਿੱਛੀ ਪਰਾਲੀ ਅਤੇ ਕਮਜ਼ੋਰ ਮੰਜੀਆਂ ਤੋਂ ਲੈ ਕੇ ਵਧੀਆ ਪਲੰਘਾਂ ਤਕ ਤੋਂ ਉਤੇ, ਪਾਟੀਆਂ ਪੁਰਾਣੀਆਂ ਗੋਦੜੀਆਂ ਅਤੇ ਟਾਟਾਂ ਤੋਂ ਲੈ ਕੇ ਰੇਸ਼ਮੀ ਫ਼ਰਦਾਂ ਤਕ ਵਿਚ ਗਰਮਾਈ ਲੈਂਦੇ ਹੋਏ ਮੁਹੱਲੇ ਦੀ ਅਸਪਸ਼ਟ ਝਲਕ ਉਹਨੂੰ ਨਜ਼ਰੀਂ ਆਈ। ਕਿੰਨੇ ਹੀ ਜਾਗ ਰਹੇ ਹੋਣਗੇ, ਇਕੱਲੇ ਵਿਜੋਗ ਵਿਚ, ਜਾਂ ਦੁਕੱਲੇ ਆਨੰਦ ਵਿਚ। ਕਈ ਸੰਸਾਰੀ ਮਾਇਆ ਵਿਚ ਖੁਭੇ ਹੋਣਗੇ। ਇਹਨਾਂ ਘਰਾਂ ਵਿਚ ਕਿੰਨੇ ਜਗਦੰਬਾ ਸਹਾਏ ਵੀ ਹੋਣਗੇ, ਕਿੰਨੀਆਂ ਈ ਅਜਿਹੀਆਂ ਬੇਬਸ ਰਮਣੀਆਂ ਹੋਣਗੀਆਂ ਜਿਨ੍ਹਾਂ ਨੂੰ ਅੱਜ ਦੇ ਦੇਹ-ਸੁਖ ਦਾ ਮੁੱਲ ਕਲ੍ਹ ਆਪਣੀ ਦੇਹ ਨੂੰ ਅੱਗ ਲਾ ਕੇ ਤਾਰਨਾ ਪਏਗਾ।

ਮਹੀਪਾਲ ਦੇ ਲੂੰ ਕੰਡੇ ਹੋ ਗਏ। ਉਹਨੂੰ ਠੰਡ ਲੱਗਣ ਲਗੀ।...... ਇਹ ਜੀਵਨ ਵੀ ਅਜਬ ਸਮੱਸਿਆ ਹੈ। ਇਹ ਮੁਹੱਲੇ ਉਹਨਾਂ ਸਭ ਸਮੱਸਿਆਵਾਂ ਨੂੰ ਲੈ ਕੇ ਗਲੀਆਂ, ਸੜਕਾਂ, ਬਜ਼ਾਰਾਂ ਦੀਆਂ ਲੀਕਾਂ ਅਤੇ ਇਤਿਹਾਸ ਦੀਆਂ ਗਈਆਂ ਗੁਜ਼ਰੀਆਂ ਸਦੀਆਂ ਦੇ ਜਟਲ ਜਾਲ ਵਿਚ ਘਿਰੇ ਹੋਏ ਹਨ। ਇਹਨਾਂ ਵਿਚ ਇਨਸਾਨਾਂ ਅਤੇ ਹੈਵਾਨਾ ਨੂੰ ਇਕੱਠਿਆਂ, ਅਤੇ ਬਿਨਾਂ ਕਿਸੇ ਭੇਦ ਭਾਵ ਤੋਂ ਸਦਾ ਪਨਾਹ ਮਿਲੀ ਹੈ। ਰਈਸਾਂ ਅਤੇ ਨਗਰ ਸੇਠਾਂ ਦੀਆਂ ਉੱਚੀਆ ਹਵੇਲੀਆਂ ਤੋਂ ਲੈ ਕੇ ਨੀਵੀਂ ਤੋਂ ਨੀਵੀਂ ਜ਼ਿੰਦਗ਼ੀ ਜੀਊਣ ਵਾਲੇ, ਇਨਸਾਨੀ ਚੂਹਿਆਂ ਦੇ ਰੁੱਡਾਂ ਵਰਗੇ ਘਰ ਇਹਨਾਂ ਮੁਹੱਲਿਆ ਦੇ ਨਾਂ ਅਤੇ ਪਤਿਆਂ ਨਾਲ ਬਰਾਬਰ ਦੇ ਹੱਕਦਾਰ ਰਹੇ ਹਨ ! ਈਮਾਨਦਾਰਾਂ ਦੇ ਈਮਾਨ ਦੀ ਪਰਖ ਏਥੇ ਈ ਜੱਗ ਸਾਹਵੇਂ ਆਉਂਦੀ ਹੈ; ਚੋਰ ਕਾਤਲ ਅਤੇ ਬਦਮਾਸ਼ ਵੀ ਇਹਨਾਂ ਗਲੀ ਮੁਹੱਲਿਆਂ ਵਿਚ ਸਮਾਉਂਦੇ ਹਨ।

......ਸਦੀਆਂ ਗੁਜ਼ਰਦੀਆਂ ਹਨ, ਸਮੱਸਿਆਵਾਂ ਬਦਲ ਜਾਂਦੀਆਂ ਹਨ। ਘਰ ਖੰਡਰ ਹੁੰਦੇ ਹਨ, ਨਵੇਂ ਬਣਦੇ ਹਨ।...... ਮੁਹੱਲਾ ਉਜਾੜ ਖੰਡ ਵਿਚ

ਸਦਾ ਨਵੀਂ ਆਸ ਲੈ ਕੇ ਜੀਊਂਦਾ ਹੈ। ਏਹੋ ਇਨਸਾਨ ਦੀ ਕਦੇ ਨ ਮੁੱਕਣ ਵਾਲੀ ਕਹਾਣੀ ਹੈ! ਇਹਦੇ ਦਿਲ ਵਿਚ ਇਨਸਾਨ ਦਾ ਘਰ ਹੈ।

ਘਰ ਪਹੁੰਚ ਕੇ ਮਹੀਪਾਲ ਨੂੰ ਕੁੰਡੀ ਖੜਕਾਉਣ ਲਈ ਇਕ ਵਾਰ ਝਿਜਕ ਆਈ। ਸੋਚਿਆ, ਮੂੰਹ 'ਚੋਂ ਸ਼ਰਾਬ ਦੀ ਬੋ ਜ਼ਰੂਰ ਆ ਰਹੀ ਹੋਏਗੀ। ਫਿਰ ਸੋਚਿਆ, ਸ਼ਾਇਦ ਨਾ ਵੀ ਆਉਂਦੀ ਹੋਏ, ਪੀਤੀ ਨੂੰ ਬੜੀ ਦੇਰ ਹੋ ਗਈ ਹੈ।

ਖਿੱਚੋਤਾਣ ਵਿਚ ਇਕ ਮਿੰਟ ਲੰਘ ਗਿਆ; ਆਖ਼ਰਕਾਰ ਉਹਨੇ ਕੁੰਡੀ ਖੜਕਾਈ।

ਥੋੜੀ ਦੇਰ ਪਿੱਛੋਂ ਬੂਹੇ ਪਿੱਛੋਂ ਕਲਿਆਣੀ ਦੀ ਆਵਾਜ਼ ਆਈ "ਕੌਣ ਹੈ?"

"ਮੈਂ।" ਮਹੀਪਾਲ ਦੇ ਕਹਿੰਦੀਆਂ ਹੀ ਅੰਦਰੋਂ ਖੜਾਕ ਹੋਇਆ, ਕੁੰਡੀ ਖੁਲ੍ਹ ਗਈ। ਦਹਿਲੀਜ਼ ਦਾ ਚਾਨਣ ਮਹੀਪਾਲ ਤੇ ਪੈਣ ਲੱਗਾ। ਪਤੀ ਪਤਨੀ ਨੇ ਇਕ ਦੂਜੇ ਨੂੰ ਵੇਖਿਆ, ਪਤੀ ਨੇ ਨਜ਼ਰਾਂ ਬਚਾ ਲਈਆਂ। ਅੰਦਰ ਜਾ ਕੇ ਆਪਣਾ ਮੂੰਹ ਬੰਦ ਕੀਤਿਆਂ ਉਹਨੇ ਬੈਠਕ ਦਾ ਬੂਹਾ ਖੋਹਲਿਆ। ਅੰਦਰ ਸਿਵਿੱਚ ਵਲ ਵਧਿਆ।

ਬਾਹਰ ਦਾ ਦਰਵਾਜ਼ਾ ਖੜਾਕ ਬੰਦ ਕਰਕੇ ਕਲਿਆਣੀ ਨੇ ਫਿੱਕੀ ਆਵਾਜ਼ ਵਿਚ ਪੁੱਛਿਆ — "ਹੈਥੇ ਪੜ੍ਹਨੈਂ?"

"ਲਿਖੂੰ।" ਭਾਰੀ ਆਵਾਜ਼ ਵਿਚ ਉੱਤਰ ਦੇ ਕੇ ਮਹੀਪਾਲ ਨੇ ਟੇਬਲ ਲੈਂਪ ਜਗਾਇਆ ਅਤੇ ਆਪਣੀ ਮੇਜ਼ ਦੇ ਕਾਗਜ਼ ਪੱਤਰ ਇਸ ਤਰ੍ਹਾਂ ਉਲਟਣ ਲੱਗਾ ਜਿਵੇਂ ਕੋਈ ਜ਼ਰੂਰੀ ਕਾਗਜ਼ ਲੱਭਣ ਲੱਗਾ ਹੋਏ। ਰੁੱਝਾ ਹੋਣ ਦਾ ਬਹਾਨਾ ਕਰਦਿਆਂ ਹੋਇਆਂ ਉਹਦੀ ਪਿੱਠ ਆਪਣੀ ਪਤਨੀ ਵਲ ਸੀ, ਉਂਜੇ ਈ ਬੋਲਿਆ — "ਦੋ ਕੁ ਪਾਨ ਮੈਨੂੰ ਦੇ ਜਾਈਂ।"

"ਪਾਨਦਾਨ ਵਿਚ ਰਖੇ ਨੇ।" ਪਤਨੀ ਦੇ ਕਹਿੰਦਿਆਂ ਹੀ ਮਹੀਪਾਲ ਨੇ ਝਟ ਕਾਗਜ਼ ਛੱਡ ਪਾਨ ਵਾਲਾ ਡੱਬਾ ਚੁੱਕ ਲਿਆ ਅਤੇ ਮੂੰਹ ਵਿਚ ਚਾਰ ਪਾਨ ਪਾ ਕੇ ਇਸ ਤਰ੍ਹਾਂ ਨਿਸ਼ਚਿੰਤ ਹੋਇਆ ਜਿਵੇਂ ਚੋਰੀ ਦਾ ਮਾਲ ਲੈ ਕੇ ਭੱਜਣ ਵਾਲਾ ਚੋਰ ਡਰ ਕੇ ਇਲਾਕੇ 'ਚੋਂ ਨਿਕਲ ਕੇ ਆਪਣੀ ਸਰਹੱਦ ਵਿਚ ਪਹੁੰਚ ਗਿਆ ਹੋਏ।

ਉਹਦੀ ਪਤਨੀ ਦਰਵਾਜ਼ੇ ਵਿਚ ਜਾ ਚੁਕੀ ਸੀ। ਬੇਫਿਕਰੀ ਦਾ ਸਾਹ ਲੈ ਕੇ ਮਹੀਪਾਲ ਨੇ ਮੂੰਹ ਵਿਚ ਤਮਾਕੂ ਦੀ ਚੁਟਕੀ ਪਾਈ।

ਦੋ ਦਿਨਾਂ ਤੋਂ ਘਰ ਵਿਚ ਪਤੀ ਪਤਨੀ ਦੀ ਖਟਪਟੀ ਚਲ ਰਹੀ ਹੈ। ਕਲ ਦੁਪਹਿਰ ਤੋਂ ਤਾਂ ਬੜੇ ਜ਼ੋਰ ਦੀ ਖੜਕ ਪਈ ਸੀ, ਅੱਜ ਵੀ ਸਵੇਰ ਦੀ ਕਲ੍ਹਾ ਨਾਲ ਦਿਨ ਆਰੰਭ ਹੋਇਆ; ਭੋਜਨ ਸਮੇਂ ਵੀ ਉਹ ਖਾਂਦਾ ਖਾਂਦਾ ਥਾਲੀ ਸਰਕਾ ਕੇ ਉੱਠ ਆਇਆ ਸੀ। ਕਲ੍ਹਾ ਖ਼ਰਚ ਨੂੰ ਲੈ ਕੇ ਹੋਈ ਸੀ। ਡੇਢ ਮਹੀਨੇ ਤੋਂ ਉਹਦੀ ਆਮਦਨੀ ਦੀ ਤਾਰ ਬੇਸੁਰੀ ਹੋ ਗਈ ਸੀ। ਸਤੰਬਰ ਵਿਚ ਮਹੀਪਾਲ ਦੀ ਵੱਡੀ ਲੜਕੀ ਨੂੰ ਡਬਲ ਨਮੂਨੀਆ ਹੋ ਗਿਆ ਸੀ। ਸ਼ੀਲਾ ਅਤੇ ਕਰਨਲ ਕਰਕੇ ਇਲਾਜ ਦਾ ਖ਼ਰਚ ਤਾਂ ਉਹਨੂੰ ਖ਼ਾਸ ਨਹੀਂ

ਸੀ ਕਰਨਾ ਪਿਆ, ਪਰ ਮਾਨਸਿਕ ਟੁੱਟ ਭੱਜ ਕਾਰਨ ਉਹਨੀਂ ਦਿਨੀ ਉਹ ਕੁਝ ਲਿਖ ਨਹੀਂ ਸੀ ਸਕਿਆ । ਰੋਜ਼ ਖੂਹ ਪੁੱਟ ਕੇ ਪਾਣੀ ਪੀਣ ਵਾਲੇ ਆਦਮੀ ਲਈ ਇਕ ਦਿਨ ਵੀ ਵਿਹਲਾ ਬਹਿਣਾ ਭਾਰ ਹੋ ਜਾਂਦਾ ਹੈ। ਮਹੀਪਾਲ ਲਈ ਨਵੰਬਰ ਤੋਂ ਹੀ ਤੰਗੀ ਸ਼ੁਰੂ ਹੋ ਗਈ ਸੀ । ਦਸੰਬਰ ਵਿਚ ਆਸ ਸੀ ਕਿ ਪੁਸਤਕਾਂ ਦੀ ਰਾਇਲਟੀ ਦੇ ਡੇਢ ਪੌਣੇ ਦੋ ਹਜ਼ਾਰ ਰੁਪਏ ਆ ਜਾਣਗੇ ਸੋ ਕੁਝ ਦਿਨ ਪਹਿਲਾਂ ਮਹੀਪਾਲ ਦੇ ਕਈ ਤਕਾਜ਼ਿਆਂ ਪਿਛੋਂ ਪ੍ਰਕਾਸ਼ਕ ਦਾ ਖ਼ਤ ਆਇਆ ਸੀ ਕਿ ਬਜ਼ਾਰ ਦੇ ਮੰਦੇ ਦੇ ਕਾਰਨ ਇਸ ਵੇਲੇ ਉਹਦਾ ਹੱਥ ਸੁਖਾਲਾ ਨਹੀਂ, ਰੁਪਿਆ ਫ਼ਰਵਰੀ ਜਾਂ ਮਾਰਚ ਤਕ ਭੇਜੇਗਾ ।

ਸਿਰਫ਼ ਰੋਟੀ ਪਾਣੀ ਤੋਰਨ ਲਈ ਵੀ ਨੌਂ ਜੀਆਂ ਦੇ ਘਰ ਵਿਚ ਘਟੋ ਘੱਟ ਸਾਢੇ ਤਿੰਨ-ਪੌਣੇ ਚਾਰ ਸੌ ਰੁਪਏ ਮਹੀਨੇ ਦੀ ਸਖ਼ਤ ਲੋੜ ਪੈਂਦੀ ਹੀ ਹੈ । ਮਹੀਪਾਲ ਦੇ ਦੋ ਲੜਕੇ ਹਰਸ਼ਵਰਧਨ ਅਤੇ ਸ੍ਰੀ ਵਰਧਨ ਅਤੇ ਭਣੇਵੀਂ ਸ਼ਕੁੰਤਲਾ ਇਸ ਵੇਲੇ ਇੰਟਰਮੀਡੀਏਟ ਦੇ ਦੂਸਰੇ ਸਾਲ ਵਿਚ ਪੜ੍ਹ ਰਹੇ ਹਨ; ਪੰਦਰਾਂ ਵਰ੍ਹਿਆਂ ਦੀ ਧੀ ਰਾਜ ਸ੍ਰੀ ਨਾਵੀ ਜਮਾਤ ਵਿਚ, ਅਤੇ ਸਿਧਾਰਥ ਸਤਵੀਂ ਵਿਚ ਪੜ੍ਹਦਾ ਹੈ; ਤਪੋਧਨ ਸੱਤਾਂ ਵਰ੍ਹਿਆਂ ਦਾ ਹੈ, ਦੂਜੀ ਜਮਾਤ ਵਿਚ ਪੜ੍ਹਦਾ ਹੈ; ਅਤੇ ਅਨਾਮਿਕਾ ਅਜੇ ਸਾਲ ਭਰ ਦੀ ਦੁੱਧ ਚੁੰਘਦੀ ਬਚੀ ਹੈ ।

ਰੇਡੀਓ ਲਈ ਨਾਟਕ ਵਾਰਤਾਵਾਂ ਅਤੇ ਮਾਸਕ ਪਤ੍ਰ-ਪਤ੍ਰਕਾਵਾਂ ਵਿਚ ਕਹਾਣੀਆਂ, ਲੇਖ ਆਦਿ ਲਿਖਣ ਤੋਂ ਬਿਨਾਂ ਮਹੀਪਾਲ ਏਧਰ ਪੰਜ ਛੇ ਮਹੀਨੇ ਤੋਂ ਇਕ ਸਥਾਨਕ ਦੈਨਿਕ ਪਤ੍ਰ ਲਈ, ਲਗਾਤਾਰ ਹਾਸਰਸ ਦਾ ਕਾਲਮ ਵੀ ਲਿਖਣ ਲੱਗਾ ਹੈ । ਹਾਲ ਦੀ ਘੜੀ ਹਾਸਰਸ ਵਾਲੇ ਕਾਲਮ ਦੀ ਮਜ਼ਦੂਰੀ ਦੇ ਡੇਢ ਸੌ ਰੁਪਏ ਹੀ ਉਹਦੀ ਬੱਧੀ ਆਮਦਨੀ ਨੇ, ਬਾਕੀ ਸਭ ਅਸਥਿਰ ਹੈ । ਉਂਜ ਤਾਂ ਬਾਜ਼ਾਰ ਵਿਚ ਸਭ ਮਿਲਾ ਕੇ ਉਸ ਦੀਆਂ ਗਿਆਰਾਂ ਕਿਤਾਬਾਂ ਚਲ ਰਹੀਆਂ ਨੇ, ਪਰ ਆਮਦਨੀ ਜ਼ਿਆਦਾ ਨਹੀਂ ਹੁੰਦੀ ਮਹੀਪਾਲ ਦੇ ਨਾਵਲਾਂ ਵਿਚ ਰੋਮਾਂਸ ਬਿਲਕੁਲ ਨਹੀਂ ਹੁੰਦਾ, ਅਤੇ ਅੱਜ ਕਲ੍ਹ (ਪ੍ਰਕਾਸ਼ਕ ਦੇ ਕਹਿਣ ਅਨੁਸਾਰ) ਚਟਪਟੀਆਂ ਕਿਤਾਬਾਂ ਦੀ ਸਭ ਤੋਂ ਵਧ ਮੰਗ ਹੈ। ਪ੍ਰਗਤੀਸ਼ੀਲ, ਸਾਮਾਜਿਕ, ਵਿਚਾਰਸ਼ੀਲ ਉਪਨਿਆਸ ਵਿਕਦੇ ਤੇ ਹਨ, ਪਰ ......। ਇਸ 'ਪਰ' ਉਤੇ ਇਕ 'ਪਰ' ਇਹ ਹੋਰ ਵੀ ਜੁੜਿਆ ਹੈ ਕਿ ਜਿਨ੍ਹਾਂ ਰਚਨਾਵਾਂ ਦੀ ਹੜ੍ਹ ਦੇ ਕਾਂਬੇ ਵਰਗੀਆਂ, ਹਾਹਾਕਾਰ ਕਰਦੀਆਂ ਸਮਾਲੋਚਨਾਵਾਂ; ਇਕ 'ਅਧਿਅਨ' ਦੋ 'ਚਿੰਤਨ,' ਅਤੇ ਦਸ ਦ੍ਰਿਸ਼ਟੀਕੋਣ ਛਪ ਕੇ ਮਾਸਕ ਸਾਹਿਤ ਪੜ੍ਹਨ ਵਾਲਿਆਂ ਨੂੰ ਵੱਡੇ ਮੰਦਰ ਸਾਹਮਣੇ ਬੈਠੇ ਹੋਏ ਮੰਗਤਿਆਂ ਵਾਂਗ ਨ ਘੇਰਨ, ਉਹਨਾਂ ਦੇ ਲੇਖਕਾਂ ਦੀ ਆਮਦਨੀ ਹੋਰ ਵੀ ਘਟ ਹੁੰਦੀ ਹੈ । ਮਹੀਪਾਲ ਦੀਆਂ ਰਚਨਾਵਾਂ ਨੂੰ ਇਹ ਸੁਭਾਗ ਵੀ ਘਟ ਮਿਲਦਾ ਹੈ । ਉਹ ਇਹ ਮਹਿਸੂਸ ਕਰਦਾ ਹੈ, ਸ਼ਿਕਾਇਤ ਵੀ ਕਰਦਾ ਰਹਿੰਦਾ ਹੈ ਕਿ ਸਭ ਤੋਂ ਵਧ ਰੌਲਾ ਉਹਨਾਂ ਕਿਤਾਬਾਂ ਦਾ ਹੀ ਹੁੰਦਾ ਹੈ ਜਿਨ੍ਹਾਂ ਦੇ ਲੇਖਕਾਂ ਦਾ ਕਿਸੇ ਨਾ ਕਿਸੇ

ਰਾਜਨੀਤਕ ਜਾਂ ਸਾਹਿਤਕ ਗੁੱਟ ਨਾਲ ਸਮਝੌਤਾ ਹੋਇਆ ਹੁੰਦਾ ਹੈ। ਜਿਸ ਗੁੱਟ ਦਾ ਜਿੰਨਾ ਜ਼ਿਆਦਾ ਸੰਗਠਨ ਹੁੰਦਾ ਹੈ ਉਹਦੇ ਲੇਖਕਾਂ ਨੂੰ ਓਨੀ ਹੀ ਵਧ ਪਬਲਿਸਿਟੀ ਹੁੰਦੀ ਹੈ, ਅਤੇ ਉਹ ਓਨਾ ਹੀ ਵਧ ਕਮਾ ਲੈਂਦੇ ਹਨ। ਮਹੀਪਾਲ ਆਪਣੇ ਆਪ ਨੂੰ ਕਿਸੇ ਗੁੱਟ ਨਾਲ ਨਹੀਂ ਜੋੜ ਸਕਿਆ।

ਇਸ ਤਰ੍ਹਾਂ ਆਪਣੇ ਵਰਗ ਦੇ ਲੋਕਾਂ ਨਾਲੋਂ ਟੁੱਟ ਕੇ ਉਹ ਇਕੱਲਾ ਹੈ। ਇਸ ਇਕੱਲੇਪਨ ਨੂੰ ਲੈ ਕੇ ਉਹ ਦਿਨੋਂ ਦਿਨ ਮਾਨਸਿਕ ਝਕੋਲਿਆਂ ਦੀ ਦਲਦਲ ਵਿਚ ਫਸਦਾ ਜਾਂਦਾ ਹੈ। ਅਣਜੋੜ ਦੇ ਠੂੰਹੇ ਦਾ ਡੰਗ ਖਾ ਕੇ ਕਦੇ ਲੱਖਾਂ ਦੀ ਲੱਛਮੀ ਅਤੇ ਸੱਤਾਂ ਸੁੱਖਾਂ ਦੀ ਕਲਪਨਾ ਨਾਲ ਆਪਣਾ ਜੀ ਪਰਚਾਉਂਦਾ ਹੈ, ਅਤੇ ਕਦੇ ਇਸ ਝੂਠੀ ਕਲਪਨਾ ਦੇ ਪ੍ਰਤੀਕਰਮ ਕਰਕੇ ਆਪਣੇ ਆਪ ਨੂੰ ਕੋਸਦਾ ਹੋਇਆ, ਰਾਮ, ਬੁੱਧ, ਮਹਾਂਵੀਰ, ਈਸਾ, ਗਾਂਧੀ ਅਤੇ ਪ੍ਰਾਚੀਨ ਭਾਰਤੀ ਰਿਸ਼ੀਆਂ, ਸੰਤਾਂ ਦੇ ਤਿਆਗ ਅਤੇ ਤਪੱਸਿਆ ਦੀ ਭਾਵਨਾ ਤੋਂ ਪ੍ਰੇਰਨਾ ਲੈ ਕੇ ਲਿਖਣ ਪੜ੍ਹਨ ਦੇ ਕੰਮ ਵਿਚ ਜੁਟ ਜਾਂਦਾ ਹੈ। ਦਿਨ ਰਾਤ ਦੇ ਅਟੁੱਟ ਕਰਮ ਵਾਂਗ ਉਹਦਾ ਕੰਮ ਕਾਰ ਅਤੇ ਨਿਕੰਮੇਪਣ ਦਾ ਗੁਨਾਹ ਅਤੇ ਤੋਬਾ ਭਰਿਆ ਸਿਲਸਿਲਾ ਕਦੇ ਮੁੱਕਣ ਤੇ ਹੀ ਨਹੀਂ ਆਉਂਦਾ। ਰੱਬ ਅਤੇ ਪਿਆਰੇ ਦੇ ਮਿਲਾਪ ਵਿਚਕਾਰ ਹਸਰਤ ਨਾਲ ਦੋਵੇਂ ਪਾਸੇ ਹੱਥ ਪਸਾਰ ਉਹ ਸਦਾ ਤਿਹਾਏ ਦਾ ਤਿਹਾਇਆ ਰਹਿ ਜਾਂਦਾ ਹੈ।

ਬੈਠਕ 'ਚੋਂ ਪਤਨੀ ਦੇ ਤੁਰ ਜਾਣ ਪਿੱਛੋਂ ਮਹੀਪਾਲ ਦਾ ਪਸ਼ਚਾਤਾਪ ਵਾਲਾ ਮੂਡ ਤੇਜ਼ੀ ਨਾਲ ਚੜ੍ਹਿਆ। ਝਟ ਇਸ ਗੱਲ ਵਲ ਧਿਆਨ ਗਿਆ ਕਿ ਅਠੱਤੀ ਵਰ੍ਹਿਆਂ ਦੀ ਉਮਰ ਵਿਚ ਹੀ ਕਲਿਆਣੀ ਦੇ ਸਿਰ ਤੇ ਚਿਟਆਈ ਚਮਕਣ ਲੱਗੀ ਹੈ, ਚਿਹਰੇ ਦੀਆਂ ਲੀਕਾਂ ਪੱਕੀਆਂ ਹੋ ਗਈਆਂ ਹਨ, ਉਹ ਆਪਣੀ ਉਮਰ ਨਾਲੋਂ ਪੰਜ ਸੱਤ ਵਰ੍ਹੇ ਵੱਡੀ ਲਗਦੀ ਹੈ। ਮਹੀਪਾਲ ਸੋਚਣ ਲਗਾ ਕਿ ਕਲਿਆਣੀ ਦੀ ਇਹ ਦੁਰਦਸ਼ਾ ਉਹਦੇ ਕਰਨ ਹੋਈ ਹੈ। ਮੰਨਿਆਂ ਕਿ ਉਹ ਕਲ-ਸਾਹਿਤ ਨੂੰ ਜ਼ਰਾ ਨਹੀਂ ਸਮਝਦੀ, ਗੱਲਾਂ ਵੀ ਬਹੁਤ ਘਸੀਆਂ ਪਿੱਟੀਆਂ ਕਰਦੀ ਹੈ, ਹਰ ਵੇਲੇ ਰੁਪਏ-ਪੈਸੇ, ਰਿਸ਼ਤੇ-ਨਾਤੇ, ਲੈਣ ਦੇਣ ਆਦਿ ਸੰਬੰਧੀ ਹੀ ਵਿਚਾਰਦੀ ਰਹਿੰਦੀ ਹੈ ਫਿਰ ਵੀ ਉਹਦਾ ਜੀਵਨ ਜਿਵੇਂ ਇਕ ਧਾਰਨਾ 'ਚ ਬੱਝਾ ਹੋਇਆ ਹੈ ਉਹੋ ਜਿਹਾ ਉਹਨੇ ਘਟ ਹੀ ਵੇਖਿਆ ਹੈ। ਦੂਸਰਿਆਂ ਨੂੰ ਆਰਾਮ ਪਹੁੰਚਾਉਣ ਲਈ ਉਹ ਸਰੀਰ ਤੋੜ ਕੇ ਮਿਹਨਤ ਕਰ ਸਕਦੀ ਹੈ, ਆਪਣੀ ਜਾਨ ਤਕ ਨਿਛਾਵਰ ਕਰ ਸਕਦੀ ਹੈ। ਇਹ ਵਿਸ਼ੇਸ਼ਤਾ ਮਹੀਪਾਲ ਨੂੰ ਦੂਸਰੀਆਂ ਤੀਵੀਆਂ ਵਿਚ ਆਮ ਕਰਕੇ ਘੱਟ ਜਾਂ ਨਾ ਹੋਣ ਦੇ ਤੁਲ ਹੀ ਦਿੱਸਦੀ ਹੈ। ਮਹੀਪਾਲ ਸੱਚੇ ਦਿਲ ਨਾਲ ਉਹਦੇ ਸਾਹਮਣੇ ਸ਼ਰਧਾਵਾਨ ਹੋ ਜਾਂਦਾ ਹੈ।

ਕਲਿਆਣੀ ਇਕ ਹੱਥ ਵਿਚ ਪਾਣੀ ਦਾ ਗਲਾਸ ਅਤੇ ਦੂਸਰੇ ਵਿਚ ਕਟੋਰਾ ਥਾਲੀ ਲੈ ਕੇ ਕਮਰੇ ਵਿਚ ਆਈ। ਮਹੀਪਾਲ ਤ੍ਰਭਕ ਪਿਆ। ਜੇਕਰ ਪਹਿਲੋਂ ਥੋੜਾ ਜਿਹਾ ਵੀ

ਖੜਾਕ ਸੁਣ ਲੈਂਦਾ ਤਾਂ ਉਹ ਲਿਖਣ ਪੜ੍ਹਨ ਦਾ ਢੌਂਗ ਕਰਨ ਲਗਦਾ, ਪਰ ਇਸ ਵੇਲੇ ਤਾਂ ਉਹ ਕਾਗ਼ਜ਼-ਕਲਮ-ਕਿਤਾਬ ਤੋਂ ਦੂਰ ਤਖ਼ਤ ਤੇ ਸਿਰਹਾਣੇ ਤੇ ਢਾਸਣਾ ਲਾਈ ਬੈਠਾ ਹੋਇਆ ਪਸਚਾਤਾਪ ਕਰ ਰਿਹਾ ਸੀ। ਪਰ ਇਹ ਪਸ਼ਚਾਤਾਪ ਪਤਨੀ ਵਲ ਹਮਦਰਦੀ ਭਰਿਆ ਵਿਚਾਰ ਤਸਵੀਰ ਵਾਂਗ ਆਪਣੀ ਪਤਨੀ ਦੇ ਸਾਹਮਣੇ ਝਲਕਾ ਕੇ ਉਹ ਇਹ ਨਹੀਂ ਆਖ ਸਕਦਾ ਕਿ ਵੇਖੋ, ਪਿੱਠ ਪਿਛੇ ਵੀ ਮੈਂ ਤੇਰੇ ਗੌਰਵ ਬਾਰੇ ਸੋਚ ਕੇ ਤੇਰੀ ਵਡਿਆਈ ਵਧਾ ਰਿਹਾ ਸਾ: ਇਸ ਲਈ ਝਟਪਟ ਕਲਿਆਣੀ ਦੇ ਆ ਜਾਣ ਨਾਲ ਉਹਨੂੰ ਉਲਝਨ ਮਹਿਸੂਸ ਹੋਈ।

ਕਲਿਆਣੀ ਮੇਜ਼ ਤੇ ਗਲਾਸ ਰਖ ਕੇ ਕੋਨੇ ਦੇ ਸਟੂਲ ਤੋਂ ਇਕ ਅਖ਼ਬਾਰ ਚੁਕ ਕੇ ਪੁੱਛਣ ਲਗੀ — "ਇਹ ਵਿਛਾ ਦਿਆਂ ? ਤੁਹਾਡੇ ਕਿਸੇ ਕੰਮ......"

"ਵਿਛਾ ਦੇ। ਇਹ ਕੀ ਏ; ਵੇਸਣ ਦਾ ਹਲਵਾ ?" ਵੇਖ ਕੇ ਮਹੀਪਾਲ ਨੂੰ ਭੁੱਖ ਲਗ ਪਈ। ਉਹਨੇ ਉਗਾਲਦਾਨ ਚੁਕ ਕੇ ਪਾਨ ਦੀ ਲੁਗਦੀ ਥੱਕੀ, ਗਲਾਸ ਦੇ ਪਾਣੀ ਨਾਲ ਚੁਲੀ ਕੀਤੀ।

ਹਲਵੇ ਵਾਲੀ ਥਾਲੀ ਅਤੇ ਦਹੀਂ ਵੜੇ ਦਾ ਕਟੋਰਾ ਰਖਦਿਆਂ ਕਲਿਆਣੀ ਬੋਲੀ — "ਵੱਡਾ ਬੜੇ ਦਿਨਾਂ ਤੋਂ ਆਂਹਦਾ ਸੀ ਬਈ ਅੰਮਾ ਹਲਵਾ ਬਣਾ, ਹਲਵਾ ਬਣਾ, ਤੇ ਮੈਂ ਕਿਹਾ ਬਈ ਮਾਂਹ ਦੇ ਨਮਕੀਨ ਦਹੀਂ ਵੜੇ ਬਣਾ ਲਵਾਂ।"

ਇਹ ਤਾ ਬਿਲਕੁਲ ਗਰਮਾਗਰਮ ਮਾਮਲਾ ਏ।......ਵਾਹ, ਚੰਗਾ ਬਣਿਆ ਏ !" ਗਿਰੀ ਦੇ ਲੱਛੇ, ਚਿਰੌਂਜੀ, ਪਿੱਸੀਆਂ ਹੋਈਆਂ ਛੋਟੀਆਂ ਲਾਚੀਆਂ ਅਤੇ ਮਿਸਰੀ ਦੀਆਂ ਡਲੀਆਂ ਦੇ ਨਾਲ ਵੇਸਣ ਦਾ ਹਲਵਾ ਮਹੀਪਾਲ ਨੂੰ ਬੜਾ ਪਿਆਰਾ ਲਗਦਾ ਹੈ।

ਕਲਿਆਣੀ ਬੋਲੀ -- "ਬਿਜਲੀ ਵਾਲੇ ਸਟੋਵ ਤੇ ਗਰਮ ਕੀਤਾ ਏ ਹੁਣੇ ਈ...... ਤੁਸੀਂ ਸਵੇਰੇ ਪਾਸਾ ਭੁਆਂ ਤੁਰ ਗਏ। ਸਾਡਾ ਦਿਨ ਕਿੰਜ ਬੀਤਿਆ......।" ਗੱਲ ਪੂਰੀ ਨਾ ਹੋਈ, ਕਲਿਆਣੀ ਦੀਆਂ ਅੱਖਾਂ ਵਿਚ ਅੱਥਰੂ ਛਲਕ ਪਏ, ਹੋਠ ਕੰਬਣ ਲਗੇ।

ਮਹੀਪਾਲ ਦੀ ਪੀੜ ਜਾਗੀ। ਉਹਨੂੰ ਲੁਕਾਉਂਦਿਆਂ ਹੋਇਆਂ ਹੱਸ ਕੇ ਬੋਲਿਆ — "ਅੱਛਾ, ਤਾਂ ਇਹ ਸਭ ਰੁੱਸੇ ਬਾਲਮ ਨੂੰ ਮਨਾਉਣ ਦੇ ਲੱਛਣ ਨੇ। ਵੱਡੇ ਵਿਚਾਰੇ ਦਾ ਬਹਾਨਾ ਈ ਬਹਾਨਾ ਏ !"

ਕਲਿਆਣੀ ਦੇ ਸੁੱਕੇ ਚਿਹਰੇ ਤੇ ਹਰਿਆਲੀ ਟਪਕੀ, ਮਹੀਪਾਲ ਬੋਲਿਆ — "ਇਵੇਂ ਸਹੀ। ਸਾਡੀ ਤਸੱਲੀ ਹੋ ਗਈ ! ਲੈ......"

ਮਹੀਪਾਲ ਨੇ ਚਿਮਚੇ 'ਚ ਹਲਵਾ ਪਾ ਕੇ ਉਹਦੇ ਵਲ ਕੀਤਾ, ਕਲਿਆਣੀ ਬੋਲੀ — "ਨਾ ਅਸੀਂ ਨਹੀਂ ਖਾਣਾ।"

"ਇਹਨੂੰ, ਕੀ ਛੂਤ ਹੋ ਗਈ ? ਸਦੈਣ ਜਿਹੀ ! ਚੌਕੇ ਵਾਲੇ ਕਮਰੇ ਵਿਚ ਨਾ ਖਾਧਾ, ਬੈਠਕ ਵਾਲੇ ਕਮਰੇ ਵਿਚ ਖਾ ਲਿਆ। ਇਹਦੇ 'ਚ ਭਲਾ ਕਿਹੜੀ ਬੁਰਾਈ ਆ

ਗਈ, ਦਸ ?"

"ਮੈਂ ਤੁਹਾਨੂੰ ਤੇ ਨਹੀਂ ਆਂਹਦੀ, ਬਾਕੀ ਸਾਡਾ ਪੰਜਾਂ ਦਾ ਵਿਚਾਰ ਬਬੇਕ ਏ......"

"ਅਢ਼ੀ ਤਢ਼ੀ ਤੇਰੇ ਵਿਚਾਰ ਬਬੇਕ ਦੀ। ਖਾ ਲੈ।" ਲਾਡ ਨਾਲ ਡਾਂਟਦਿਆਂ ਮਹੀਪਾਲ ਨੇ ਚਿਮਚਾ ਉਹਦੇ ਬੁੱਲ੍ਹਾਂ ਨਾਲ ਲਾ ਦਿਤਾ। ਕਲਿਆਣੀ ਝਟ ਪਟ ਹੀ ਬੁੱਲ੍ਹਾਂ ਨੂੰ ਸੰਗੋੜ ਕੇ ਪਿਛਾਂਹ ਹੱਟਦੀ ਹੋਈ ਦ੍ਰਿੜ੍ਹ ਆਵਾਜ਼, ਪਰ ਮਾਫ਼ੀ ਮੰਗਣ ਵਾਲੇ ਢੰਗ ਨਾਲ ਬੋਲੀ — "ਨਾ-ਨਾ।"

ਮੱਥੇ 'ਚ ਗ਼ੁੱਸੇ ਦੀ ਰੁਮਕ ਆਈ, ਪਰ ਮਹੀਪਾਲ ਉਹਨੂੰ ਦੱਬ ਕੇ ਗੰਭੀਰ ਆਵਾਜ਼ ਵਿਚ ਬੋਲਿਆ — "ਸਵਾਮੀ ਵਿਵੇਕਾਨੰਦ ਕਹਿੰਦੇ ਨੇ — ਜਾਣਦੀ ਏਂ ਵਿਵੇਕਾਨੰਦ ਕੌਣ ਸਨ ?"

"ਹਾਂ-ਹਾਂ, ਤਸਵੀਰ ਵੇਖੀ ਏ ਉਹਨਾਂ ਦੀ।"

"ਤੇ ਹਾਂ, ਉਹ ਕਹਿ ਗਏ ਨੇ, ਕਿ ਸਾਡੇ ਹਿੰਦੂਆਂ ਦਾ ਧਰਮ ਜਾਣਦੀ ਏਂ ਕਿਥੇ ਰਹਿੰਦੈ ? — ਰਸੋਈ ਵਿਚ। ਤੇ ਸਾਡੇ ਭਗਵਾਨ ਕੌਣ ਨੇ ? ਕਹਿੰਦੇ ਨੇ ਜੁ ਸਾਡੇ ਭਗਵਾਨ ਨੇ ਦਾਲ ਚੌਲ ਵਾਲੇ ਬਰਤਨ। ਤੇ ਫਿਰ ਸਾਡਾ ਧਰਮ ਕੀ ਹੋਇਆ, ਇਹੋ ਦਸ ?"

ਕਲਿਆਣੀ ਨੇ ਉੱਤਰ ਨਾ ਦਿਤਾ, ਸਵਾਲੀਆ ਨਿਸ਼ਾਨ ਬਣੀ ਉਹਦੇ ਵਲ ਵੇਂਹਦੀ ਰਹੀ।

'ਸਾਡਾ ਧਰਮ ਉਸ ਖ਼ੁਸਰੇ ਵਰਗਾ......ਜੋ ਨੱਕ ਤੇ ਉਂਗਲ ਰਖ ਕੇ ਅੱਖਾਂ ਮਟਕਾਉਂਦਿਆ ਹੋਇਆਂ ਆਪਣੇ ਮੰਨਣ ਵਾਲਿਆਂ ਨੂੰ ਕਹਿੰਦਾ ਹੈ ਕਿ ਭੜੂਇਓ, ਮੋਇਓ, ਮੈਨੂੰ ਛੋਹਿਓ ਨਾ, ਮੈਂ ਬਹੁਤ ਪਾਕ-ਪਵਿੱਤਰ ਹਾਂ।"

ਧਰਮ ਦਾ ਇਸ ਤਰ੍ਹਾਂ ਮਖ਼ੌਲ ਉਡਾਇਆ ਜਾਣਾ ਕਲਿਆਣੀ ਨੂੰ ਰੜਕਿਆ, ਚੁਭਿਆ, ਉਹ ਭੈਭੀਤ ਹੋ ਗਈ। ਮਹੀਪਾਲ ਗੱਲ ਕਰਕੇ ਚੁੱਪ ਹੋ ਗਿਆ। ਹਲਵੇ ਦੀ ਅੱਧੀ ਬਚੀ ਹੋਈ ਪਲੇਟ ਰਖ ਕੇ ਵੜਿਆਂ ਦਾ ਕਟੋਰਾ ਚੁਕਦਿਆਂ ਹੋਇਆਂ ਆਪਣੀ ਗੱਲ ਦੇ ਪ੍ਰਤੀਕਰਮ ਨੂੰ ਉਡੀਕਣ ਲਗਾ। ਕਲਿਆਣੀ ਕੰਬਦੀ ਆਵਾਜ਼ ਵਿਚ ਬੋਲੀ — "ਵੇਖੋ, ਅਸੀਂ ਪੰਜਾਂ ਜੀਆਂ ਦੇ ਘਰ ਗ੍ਰਿਹਸਥੀ ਵਾਲੇ ਬਾਲ ਬੱਚੇਦਾਰ ਹੈਗੇ ਆਂ। ਤੁਹਾਨੂੰ ਧਰਮ ਭਗਵਾਨ ਨੂੰ ਇੰਜ ਨਹੀਂ ਆਖਣਾ ਚਾਹੀਦਾ। ਬੜਾ ਪਾਪ ਲਗਦਾ ਏ !"

"ਪਾਪ ਤਾਂ ਸਹੁਰਾ ਤੇਰੀ ਇਸ ਛੂਤ ਛਾਤ ਵਿਚ ਈ ਘੁਸਿਆ ਬੈਠਾ ਏ। ਇਹਦੀ ਛੂਤ, ਉਹਦੀ ਛੂਤ — ਰਾਮ ਰਾਮ......ਅੱਛਾ ਇਹ ਤਾਂ ਦਸ ਤੂੰ ਹਲਵਾ ਆਪਣੇ ਚੌਂਕੇ ਵਿਚ ਕਿਉਂ ਬਣਾਉਂਦੀ ਏਂ ? ਉਥੇ ਬਹਿ ਕੇ ਇਹਨੂੰ ਖਾਂਦੀ ਪਰੋਸਦੀ ਕਿਉਂ ਏਂ ? ਤੇਰੇ ਵਿਚਾਰ ਬਬੇਕ ਨਾਲ ਤਾਂ ਇਹ ਵੀ ਛੂਤ ਹੋਣੀ ਚਾਹੀਦੀ ਏ।"

"ਕਿੰਜ ?" ਕਲਿਆਣੀ ਨੇ ਤ੍ਰਭਕ ਕੇ ਪੁੱਛਿਆ।

"ਕਿੰਜ ? ਬਈ ਇਹ ਅਰਬ ਦੇਸ ਦਾ ਭੋਜਨ ਹੈ — ਮੁਸਲਮਾਨਾਂ ਦਾ।"

"ਹੋਏ ਪਿਆ, ਸਾਨੂੰ ਕੀ ਮਤਲਬ। ਮੁਸਲਮਾਨ ਆਪਣੇ ਘਰ ਬਣਾਉਂਦੇ ਨੇ, ਅਸੀਂ ਆਪਣੇ ਘਰ 'ਚ ਬਣਾਉਂਦੇ ਆਂ।"

"ਇਹੋ ਤੇ ਮੈਂ ਪੁੱਛਦਾਂ ਕਿ ਕਿਉਂ ਬਣਾਉਂਦੀ ਏਂ ? ਤੁਸੀਂ ਪੰਜੇ ਜਣੇ ਈਂ ਅੱਖਰਾਂ ਸ਼ਬਦਾਂ 'ਚੋਂ ਪਵਿੱਤਰਤਾ ਅਪਵਿੱਤਰਤਾ ਸੁੰਘਣ ਵਾਲੇ ਓ।"

"ਨਹੀਂ ਤੇ —" ਕਲਿਆਣੀ ਤੋਂ ਕੁਝ ਕਹਿੰਦਿਆਂ ਵੀ ਗੱਲ ਨਾ ਬਣੀ ਅਤੇ ਚੁੱਪ ਵੀ ਨਾ ਰਿਹਾ ਗਿਆ। ਹੜਬੜਾਈ ਹੋਈ ਇਹੋ ਆਖ ਬੈਠੀ। ਮਹੀਪਾਲ ਨੇ ਫਿਰ ਉਹਦੀ ਜ਼ਬਾਨ ਰੋਕੀ, ਕਿਹਾ — "ਨਹੀਂ ਤੇ ਕੀ ? ਸ਼ਬਦ ਅਪਵਿੱਤਰ ਨਾ ਹੋਣ ਤਾਂ ਤੂੰ ਗਾਜਰ, ਗੋਭੀ ਕਿਉਂ ਨਹੀਂ ਖਾਂਦੀ ? ਉਹਦੇ ਵਿਚ ਗਾਂ ਸ਼ਬਦ 'ਗਾ–ਗੋ' ਆ ਜਾਂਦਾ ਏ ਇਸ ਲਈ ਨਾ !... ..ਤਾਂ......ਤਾਂ ਤੂੰ ਇਹ ਵੜੇ ਵੀ ਨਾ ਖਾਇਆ ਕਰ। ਇਸ ਵਿਚ ਵੀ 'ਗਾ–ਗੋ' ਆਉਂਦਾ ਏ। (ਜੋਸ਼ ਵਿਚ ਅੱਧਾ ਵੜਾ ਖਾ ਕੇ) ਵਾਹ ! ਬੜੇ ਪੋਲੇ ਬਣੇ ਨੇ।"

"ਵੜਿਆਂ ਵਿਚ ਗਾ ਗੋ ਕਿਥੇ ਆਉਂਦਾ ਏ ?" ਵੜਿਆਂ ਦੀ ਸਿਫ਼ਤ ਨਾਲ ਸੰਤੁਸ਼ਟ ਹੋ ਕੇ ਕਲਿਆਣੀ ਨੇ ਖ਼ੁਸ਼ੀ ਭਰੀ ਆਵਾਜ਼ ਵਿਚ ਪੁੱਛਿਆ।

"ਤੇਲਗੂ ਭਾਸ਼ਾ ਵਿਚ ਵੜੇ ਨੂੰ ਗਾਰੂ ਕਿਹਾ ਜਾਂਦਾ ਏ। ਹੁਣ ਇਹ ਖਾਇਆ ਬਣਾਇਆ ਨਾ ਕਰ ! ਦੋ ਕੁ ਵੜੇ ਹੋਰ ਲੈ ਆ। ਮਸਾਲੇ ਤੇ ਮਿਰਚ ਦੀ ਇਕ ਚੁਟਕੀ ਜ਼ਰਾ ਹੋਰ ਸੁਟ ਦਈਂ ਵਿਚ।"

ਕਲਿਆਣੀ ਹੱਸ ਪਈ, ਫਿਰ ਕਿਹਾ "ਏਨੀ ਰਾਤ ਗਈ ਨਾ ਖਾਓ, ਇਹ ਤਾਂ ਮੇਰਾ ਦਿਲ ਨਹੀਂ ਸੀ ਕਰਦਾ ਤਾਂ ਲੈ ਆਈ ਸਾਂ। ਸਵੇਰੇ ਖਾਇਓ।"

"ਓ. ਕੇ. ਚੀਫ਼," ਕਹਿ ਕੇ ਮਹੀਪਾਲ ਕਸੋਰੇ ਦਾ ਦਹੀਂ ਸੂਤ ਕੇ ਚਿਮਚੇ ਵਿਚ ਭਰਨ ਲੱਗਾ। ਆਪਣੀ ਪਤਨੀ ਨੂੰ ਛੇੜਨ ਲਈ ਕਹੀ ਹੋਈ ਗਲ ਅਚਾਨਕ ਉਹਦੇ ਮਨ ਵਿਚ ਵਿਚਾਰ ਬਣ ਕੇ ਅਟਕੀ — "ਹਲਵਾ ਪਰਦੇਸੀ ਚੀਜ਼ ਏ। ਫਿਰ ਵੀ ਹੁਣ ਸਾਡੇ ਦੇਸੀ ਭੋਜਨ ਦਾ ਅੰਗ ਬਣ ਗਿਆ ਏ। ਏਸੇ ਤਰ੍ਹਾਂ ਖਾਣ, ਪੀਣ ਪਹਿਨਣ-ਪਾਉਣ ਦੀਆਂ ਚੀਜ਼ਾਂ, ਸ਼ਬਦ, ਰੀਤੀ ਰਵਾਜਾਂ ਦੀਆਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਇਕ ਦੂਸਰੇ ਰਾਹੀਂ ਅਪਨਾਈਆਂ ਜਾਣ ਕਰਕੇ ਲੋਕ ਵਿਆਪੀ ਮਨੁੱਖੀ ਜੀਵਨ ਵਿਚ ਸਮਾ ਜਾਂਦੀਆਂ ਨੇ, ਇਹ ਵੜਾ ਪਤਾ ਨਹੀਂ ਭਾਰਤ ਦੇ ਕਿਸ ਪ੍ਰਾਂਤ ਵਿਚ ਕਿਸ ਇਸਤਰੀ ਜਾਂ ਪੁਰਖ ਨੇ ਸਭ ਤੋਂ ਪਹਿਲੇ ਤਜਰਬੇ ਵਾਂਗ ਬਣਾਇਆ ਹੋਏਗਾ...... ਜਾਂ ਸ਼ਾਇਦ ਕਈ ਥਾਈਂ ਵੱਖ ਵੱਖ ਪਵਿੱਤਰ ਪ੍ਰਯੋਗ ਕਰਦੇ ਹੋਏ ਲੋਕਾਂ ਨੇ ਇਹਦੀ ਕਾਢ ਕਢੀ ਹੋਏ। ਫਿਰ ਵੀ ਇਹ ਤਾਂ ਪੱਕੀ ਗੱਲ ਹੈ ਕਿ ਇਕ ਦੂਸਰੇ ਵਲੋਂ ਅਪਨਾਏ ਜਾਣ ਤੇ ਈ ਇਹ ਅੱਜ ਲਗ ਭੱਗ ਸਾਰੇ ਦੇਸ ਦੀ ਭੋਜਨ ਸਮੱਗਰੀ ਵਿਚ ਜੁੜ ਗਿਆ ਹੈ।...... ਕਿੰਜ

ਚੀਜ਼ਾਂ ਇਕ ਤੋਂ ਦੂਸਰੇ ਤਕ ਪਹੁੰਚਦੀਆਂ ਨੇ ? ਕਿੰਜ ਸੰਸਕ੍ਰਿਤੀ ਦਾ ਪਸਾਰ ਹੁੰਦਾ ਏ ? ਦੇਸ ਕਾਲ ਦੇ ਪਸਾਰ ਵਿਚ ਵਸਤੂ ਅਤੇ ਵਿਚਾਰ ਕਿਸ ਤਰਾਂ ਸੰਸਕਾਰ ਬਣ ਕੇ ਸਮਾ ਜਾਂਦੇ ਨੇ ? ਵਾਹ ਬਈ ਮਨੁੱਖੀ ਜੀਵਨ ! ਕਿਤਨਾ ਗੁੰਝਲਦਾਰ ਕਿੰਨਾ ਸਰਲ ! ਨਾਲ ਈ......"

ਕਲਿਆਣੀ ਨੇ ਗੱਲ ਸ਼ੁਰੂ ਕੀਤੀ, ਮਹੀਪਾਲ ਦਾ ਧਿਆਨ ਅੰਤਰਮੁਖੀ ਤੋਂ ਬਾਹਰ ਮੁਖੀ ਹੋਇਆ। ਕਲਿਆਣੀ ਆਖਣ ਲੱਗੀ "ਅੱਜ ਸੰਧਿਆ ਵੇਲੇ ਪਾਰਬਤੀ ਦੀ ਅੰਮਾ ਆਈ। ਬੜੀ ਭੈੜੀ ਹਾਲਤ ਏ ਉਹਨਾਂ ਦੇ ਘਰ ਦੀ । ਸੁਣ ਕੇ ਮੇਰਾ ਤੇ ਜੀਆਂ ਕੰਬ ਗਿਆ......"

"ਕੀ ਹੋਇਆ ?" ਪੁੱਛ ਕੇ ਮਹੀਪਾਲ ਨੇ ਹਲਵੇ ਵਾਲੀ ਪਲੇਟ ਚੁੱਕੀ।

"ਕੀ ਦਸਾਂ ? ਪਾਰਬਤੀ ਦਾ ਬਾਪ ਤਾਂ ਮਹਾਂ ਨਖਿੱਧ ਵਾਹਯਾਤ ਏ, ਆਪਣੇ ਲੜਕੇ ਲੜਕੀਆਂ ਨੂੰ ਭੁੱਖਿਆ ਮਾਰ ਕੇ ਆਪ ਐਸ਼ ਆਰਾਮ ਕਰਦੈ, ਏਹੋ ਜਹਿਆਂ ਨੂੰ ਰਾਮ ਜੀ ਸੱਤ ਜਨਮ ਨਰਕੋਂ ਨ ਕੱਢਣ !"

ਪਾਰਬਤੀ ਗੁਆਂਢ ਰਹਿਣ ਵਾਲੇ ਇਕ ਦਫ਼ਤਰੀ ਬਾਊ ਦੀ ਪਲੇਠੀ ਦੀ ਧੀ ਹੈ। ਅਠਾਰਾਂ ਵਰ੍ਹਿਆਂ ਦੀ ਹੋ ਗਈ; ਨਾ ਵਿਆਹ ਹੋ ਸਕਿਆ, ਨਾ ਪੜ੍ਹੀ ਹੀ। ਉਹਦੇ ਪੰਜ ਭੈਣ ਭਰਾ ਹੋਰ ਹਨ। ਕੰਧ ਨਾਲ ਕੰਧ ਲੱਗੇ ਘਰ ਵਿਚ ਪਾਰਬਤੀ ਦੀ ਮਾਸੀ ਆਪਣੇ ਬੱਚਿਆਂ ਨਾਲ ਰਹਿੰਦੀ ਹੈ। ਪੰਜਾਂ ਵਰ੍ਹਿਆਂ ਤੋਂ ਮਾਸੜ ਟ੍ਰਾਂਸਫਰ ਹੋ ਕੇ ਇਕੱਲਾ ਜਲੰਧਰ ਵਿਚ ਰਹਿੰਦਾ ਹੈ; ਉਥੋਂ ਖ਼ਰਚਾ ਭੇਜਦਾ ਹੈ। ਪਾਰਬਤੀ ਦੇ ਪਿਤਾ ਦੀ ਛੋਟੀ ਜਿਹੀ ਤਨਖ਼ਾਹ ਦਾ ਬਹੁਤਾ ਹਿੱਸਾ ਵੀ ਮਾਸੀ ਦੀ ਹੀ ਸੰਦੂਕੜੀ ਵਿਚ ਜਾਂਦਾ ਹੈ। ਪਾਰਬਤੀ ਦੀ ਮਾਂ ਆਪਣੇ ਬੱਚਿਆਂ ਨਾਲ ਆਪਣੀ ਛੋਟੀ ਭੈਣ ਕਰਕੇ ਅਨਾਥ ਵਿਧਵਾ ਵਾਂਗ ਪੈਸੇ ਦੀ ਥੁੜ ਕਾਰਨ ਅਤੇ ਸੁਹਾਗਣ ਵਾਂਗ ਲੱਤਾਂ, ਜੁੱਤੀਆਂ, ਗਾਲਾਂ ਨਾਲ ਭਰੀ ਜ਼ਿੰਦਗੀ ਬਿਤਾਉਣ ਲਈ ਮਜਬੂਰ ਹੈ। ਸਾਰੇ ਮੁਹੱਲੇ ਵਿਚ ਸਾਲੀ ਭਣਵੱਈਏ ਦੀ ਹਵਾ ਉੱਡੀ ਹੋਈ ਹੈ।

ਮਹੀਪਾਲ ਨੇ ਖ਼ਾਲੀ ਥਾਲੀ ਅਖ਼ਬਾਰ ਤੇ ਰੱਖਦਿਆਂ ਹੋਇਆਂ ਗਲਾਸ ਵਲ ਹੱਥ ਵਧਾ ਕੇ ਕਿਹਾ — "ਕਿਹੜੀ ਨਵੀਂ ਗੱਲ ਹੋਈ ਏ ?"

"ਹੁਣ ਐਤਕੀ ਦੀ ਤਨਖ਼ਾਹ 'ਚੋਂ ਕੱਖ ਵੀ ਘਰ ਨਹੀਂ ਸੁ ਦਿੱਤਾ। ਪਾਰਬਤੀ ਦੀ ਅੰਮਾਂ ਮੇਰੇ ਅੱਗੇ ਫੁੱਟ ਫੁੱਟ ਰੋਈ, ਆਖਣ ਲੱਗੀ ਭੈਣ ਜੀ ਸਭ ਕੁਝ ਸਹਿ ਸਕਦੀ ਆਂ, ਪਰ ਬੱਚਿਆਂ ਨੂੰ ਦੋ ਦੋ ਦਿਨ ਲਈ ਭੁੱਖਿਆਂ ਵਿਲਕਦਿਆਂ ਵੇਖ ਕੇ ਕਿੰਜ ਜੀਅ ਥੰਮਾਂ ?"

ਮਹੀਪਾਲ ਦਾ ਮਨ ਆਪਣੇ ਆਪ ਨੂੰ ਜੜ ਬਣਾ ਕੇ ਫਿਰ ਆਪਣੇ ਆਪ ਵਿਚ ਲੀਨ ਹੋਣ ਲੱਗਾ।

ਕਲਿਆਣੀ ਭਿੱਜੀ ਕੰਬਦੀ ਆਵਾਜ਼ ਵਿਚ ਕਹਿਣ ਲੱਗੀ – "ਮੈਨੂੰ ਕਿਹਾ ਬਈ ਭੈਣ ਜੀ, ਪੰਡਤ ਜੀ ਤਾਂ ਵੱਡੇ ਵੱਡੇ ਲੋਕਾਂ ਨੂੰ ਜਾਣਦੇ ਨੇ; ਕਿਤੇ ਸਾਡੇ ਇਕ ਅੱਧ ਲੜਕੇ ਨੂੰ ਵੀ ਰਖਵਾ ਦੇਣ ਸਾਨੂੰ ਕੁਝ ਨਹੀਂ ਲੋੜੀਦਾ, ਬਸ, ਉਹਨੂੰ ਦੋ ਡੰਗ ਰੋਟੀ ਤੇ ਪਾਟਾ ਪੁਰਾਣਾ......"

ਅੱਖਾਂ ਵਿਚੋਂ ਗੰਗਾ-ਜਮਨਾ ਵਹਿਣ ਲੱਗੀਆਂ। ਪਲ ਭਰ ਲਈ ਕਲਿਆਣੀ ਦੇ ਗਲ ਦੀ ਅਵਾਜ਼ ਅੱਥਰੂਆਂ ਦੇ ਪਤਾਲ ਵਿਚ ਲਹਿ ਗਈ। ਮਹੀਪਾਲ ਚੁੱਪਚਾਪ ਸੁਣਦਾ ਰਿਹਾ। ਜਜ਼ਬਾਤ ਤੇ ਜ਼ਰਾ ਕੁ ਕਾਬੂ ਪਾ ਕੇ ਪੱਲੇ ਨਾਲ ਅੱਥਰੂ ਪੂੰਝਦੀ ਹੋਈ ਕਲਿਆਣੀ ਬੋਲੀ, "ਉਹਦੀ ਵਿਥਿਆ ਸੁਣ ਮੇਰਾ ਦਿਲ ਪਾਟਣ ਪਾਟਣ ਕਰਨ ਲੱਗਾ। ਕਿਹੜੇ ਕਲੇਜੇ ਨਾਲ ਮਾਂ ਆਪਣੇ ਪੁੱਤ ਨੂੰ ਘਰੋਂ ਕੱਢਣ ਦੀ ਗੱਲ......"

ਉਹ ਫਿਰ ਰੋਣ ਲੱਗੀ। ਹਉਕਾ ਲੈ ਕੇ ਮਹੀਪਾਲ ਬੋਲਿਆ — "ਪੇਟ! ਪਾਪੀ ਪੇਟ; ਇਹਦੇ ਤੋਂ ਹਾਰ ਕੇ ਮਾਂ ਵੀ ਕਲੇਜੇ ਤੇ ਪੱਥਰ ਰਖ ਲੈਂਦੀ ਏ।...... ਜੀ ਕਰਦਾ ਏ ਏਸ ਸਾਲੇ ਦੀਪਨਰਾਇਣ ਨੂੰ ਜਾ ਕੇ ਖ਼ੂਬ ਤੌਣੀ ਫੇਰਾਂ — ਮਾਰ ਮਾਰ ਕੇ ਸਾਲੇ ਦੇ ਜੋੜ ਢਿੱਲੇ......"

ਜਗ ਦੀ ਪੀੜ ਨੂੰ ਚੀਰ ਕੇ ਘਰ ਵਾਲੀ ਦਾ ਹੁਕਮ ਵਾਲਾ ਬੋਲ ਤੀਰ ਵਾਂਗ ਅਗਾਂਹ ਵਧਿਆ — "ਖ਼ਬਰਦਾਰ, ਤੁਹਾਨੂੰ ਕਹਿ ਦੇਨੀਆਂ, ਦੁਨੀਆਂ ਭਰ ਦੇ ਬਖੇੜੇ ਵਿਚ ਨ ਪਿਓ। ਸਾਨੂੰ ਕੀ ਮਤਲਬ ? ਜਿੰਨਾ ਸਾਡਾ ਧਰਮ ਸੀ ਨਿਭਾ ਦਿਤਾ। ਤੁਸੀਂ ਕਿਉਂ ਕਿਸੇ ਦੀ ਦੁਸ਼ਮਣੀ ਮੁੱਲ ਲੈਂਦੇ ਓ ?" ਕਹਿੰਦਿਆਂ ਕਲਿਆਣੀ ਉੱਠੀ, ਅੰਦਰ ਚਲੀ ਗਈ।

ਮਹੀਪਾਲ ਸੋਚ ਰਿਹਾ ਸੀ — "ਮੈਂ ਭਲਾ ਦੀਪਨਰਾਇਣ ਵਾਂਗ ਨੀਚ ਨਹੀਂ ? ਆਪਣੀ ਪਤਨੀ ਨੂੰ ਸਤਾਉਂਦਾ ਹਾਂ, ਧੋਖਾ ਦੇਂਦਾ ਹਾਂ। ਇਹ ਠੀਕ ਏ ਮੈਂ ਫ਼ਜ਼ੂਲਖ਼ਰਚੀ ਨਹੀਂ ਕਰਦਾ, ਫਿਰ ਵੀ ਆਪਣੇ ਬੱਚਿਆਂ ਨੂੰ ਪੂਰੀ ਤਰ੍ਹਾਂ ਖੁਆ-ਪੁਆ ਨਹੀਂ ਸਕਦਾ।..... ਤੇ ਕਲ੍ਹ ਕ੍ਰਿਸਮਸ ਈਵ ਏ, ਸ਼ੀਲਾ ਵਲ ਜਾਣਾ ਏਂ। ਉਹਨੂੰ ਕੋਈ ਪ੍ਰੈਜ਼ੈਂਟ ਵੀ ਦੇਣੀ ਏ।...... ਘਰ ਵਿਚ ਪੰਜ ਰੁਪਏ ਬਚੇ ਨੇ। ਤੇ ਪਹਿਲੀ ਤਾਰੀਖ਼ ਦੀ ਵੀ ਕੋਈ ਖਿੱਚ ਨਹੀਂ। "ਲੋਕ ਸੱਤਾ" ਵਾਲਿਆਂ ਦਾ ਪੈਸਾ ਵੀ ਅੱਠ ਦੱਸ ਜਨਵਰੀ ਤੋਂ ਪਹਿਲੋਂ ਮਿਲਣੋਂ ਰਿਹਾ। ਏਨੇ ਦਿਨ ਕਿੰਜ ਲੰਘਣਗੇ ? ਕਿੰਜ ਹੋਵੇਗਾ ? ਭੋਲੇ।......"

ਕਲਿਆਣੀ ਲੋਟੇ ਵਿਚ ਪਾਣੀ ਲੈ ਕੇ ਆ ਗਈ। ਉਗਾਲਦਾਨ ਚੁਕ ਕੇ ਪਤੀ ਦਾ ਹੱਥ-ਮੂੰਹ ਧੁਆਉਣ ਲੱਗੀ। ਕੋਲ ਹੋਣ ਤੇ ਉਹਨੂੰ ਪਤੀ ਦੇ ਮੂੰਹ 'ਚੋਂ ਨਿਕਲਣ ਵਾਲਾ ਹਲਕਾ ਜਿਹਾ ਹੁਮਕ ਮਹਿਸੂਸ ਹੋਇਆ। ਕਲਿਆਣੀ ਨੇ ਨੱਕ ਸੰਗੋੜੀ। ਪਤਨੀ ਦੇ ਪੱਲੇ ਨਾਲ ਹੱਥ ਪੂੰਝਦਿਆਂ ਉਹਨੇ ਉਹਦਾ ਸੰਕੋਚ ਵੇਖ ਲਿਆ। ਸਮਝ ਵੀ ਗਿਆ, ਚੋਰੀ

ਫੜੇ ਜਾਣ ਉਤੇ ਝਾਕਾ ਅਤੇ ਬੇਸ਼ਰਮੀ ਵੀ ਆਈ। ਆਪ ਹੀ ਬੋਲਿਆ—"ਅੱਜ ਥੋੜ੍ਹੀ ਜਹੀ ਪੀ ਲਈ ਮੈਡਮ! ਸੱਜਨ ਦੇ ਘਰ—ਉਹ ਜ਼ੋਰ ਲਾਉਣ ਲੱਗ ਪਿਆ।"

ਉਗਾਲਦਾਨ ਕੋਨੇ ਵਿਚ ਰੱਖ ਕੇ ਖੱਬੇ ਹੱਥ ਤੇ ਪਾਣੀ ਪਾਉਂਦਿਆਂ ਹੋਇਆਂ ਬੋਲੀ — "ਉਹ ਤੇ ਵੱਡੇ ਆਦਮੀ ਨੇ, ਪੀਂਦੇ ਨੇ ਤਾਂ ਤਰ ਮਾਲ ਵੀ ਖਾਂਦੇ ਨੇ। ਤੁਸੀਂ ਤਾਂ...... ਵੇਖੋ ਨ, ਕਿੰਜ ਹੋ ਗਏ ਜੇ......"

"ਕਿਹੜਾ ਰੋਜ਼ ਦਿਹਾੜੀ ਪੀਂਦੇ ਆਂ......? ਹਾਂ, ਕਲ੍ਹ ਤੇ ਪਰਸੋਂ ਦੋ ਦਿਨ ਹੋਰ ਪੀਣੀ ਏਂ। ਕ੍ਰਿਸਮਸ ਤੋਂ ਪਹਿਲਾਂ ਚੇਤੇ ਕਰਾਦਿਆਂ, ਬੁਰਾ ਨਾ ਮੰਨੀ।"

ਮੇਜ਼ ਤੋਂ ਪਾਨਦਾਨ ਅਤੇ ਤਮਾਕੂ ਦੀ ਡੱਬੀ ਚੁੱਕ ਕੇ ਦੇਂਦਿਆਂ ਕਲਿਆਣੀ ਨੇ ਕਿਹਾ "ਬੁਰਾ ਨ ਮੰਨੋ ਤਾਂ ਇਕ ਗੱਲ ਆਖਾਂ।"

"ਆਖ!"

"ਛੱਡ ਪਰਾਂ, ਨਾ ਆਖਣਾ ਦੋ ਦਿਨਾਂ ਪਿੱਛੋਂ ਇਸ ਰਾਤ ਮੇਰੇ ਨਛੱਤਰ ਗ੍ਰਹਿ ਠੀਕ ਹੋਏ ਨੇ।" ਮੁਸਕਰਾ ਕੇ ਪਾਨਦਾਨ ਚੋਂ ਆਪ ਦੋ ਪਾਨ ਕੱਢ ਕੇ ਮੂੰਹ ਵਿਚ ਰੱਖੇ, ਪਾਨਦਾਨ ਬੰਦ ਕੀਤਾ। ਮਹੀਪਾਲ ਨੇ ਤਮਾਕੂ ਦੀ ਡੱਬੀ ਉਹਦੇ ਵਲ ਕੀਤੀ, ਉਸਨੇ ਹੱਸ ਕੇ ਕਿਹਾ— "ਝੱਕ ਨ ਮਹਾਰਾਣੀ, ਮੈਥੋਂ ਡਰਨ ਦੀ ਹੁਣ ਕੋਈ ਲੋੜ ਨਹੀਂ।"

"ਸ਼ਕੁੰਤਲਾ ਦੇ ਹੱਥ ਪੀਲੇ ਕਰਨ ਦੀ ਚਿੰਤਾ ਏ। ਚੰਗਿਆਈ ਕੋਈ ਨਹੀਂ ਵੇਂਹਦਾ। ਬੁਰਾਈ ਝੱਟ ਸੁੰਘ ਲੈਂਦੇ ਨੇ।" ਸਾਹਮਣੇ ਕੁਰਸੀ ਤੇ ਪੈਰ ਉੱਚਾ ਕਰਕੇ ਬਹਿੰਦਿਆਂ ਕਲਿਆਣੀ ਨੇ ਕਿਹਾ।

ਸਿਰਹਾਣੇ ਤੇ ਢਾਸਣਾ ਲਾਉਂਦਿਆਂ ਹੋਇਆਂ ਮਹੀਪਾਲ ਨੇ ਆਕੜ ਕੇ ਕਿਹਾ— "ਅਸੀਂ ਬਾਲਾ ਕੁੱਲ ਦੇ ਸ਼ੁਕਲ ਆਂ। ਬਾਲਾ ਪੀਏ ਪਿਆਲਾ ਤੇ ਫਿਰ ਬਾਲਾ ਦਾ ਬਾਲਾ ਸਾਡੇ ਵਲ ਉਂਗਲ ਕਰਨ ਦੀ ਕਿਹੜੇ ਸਾਲੇ ਦੀ ਹਿੰਮਤ ਏ?"

ਕਲਿਆਣੀ ਹੱਸ ਪਈ—"ਇਸ ਵੇਲੇ ਤਾਂ ਬਾਲਾ ਦੇ ਸ਼ੁਕਲ ਇੰਜ ਆਕੜਦੇ ਓ ਜਿਵੇਂ ਨਨੌਰੇ ਦੀ ਤਲੁੱਕੇਦਾਰੀ ਇਹਨਾਂ ਦੇ ਹਿੱਸੇ ਈ ਆਈ ਹੋਏ। (ਫਿਰ ਜ਼ਰਾ ਰੁਕ ਕੇ : ਗੰਭੀਰ ਹੋ ਗਈ) ਜੇ ਲੱਖ ਦੋ ਲੱਖ ਦੀ ਹਸੀਅਤ ਹੁੰਦੀ ਸਾਡੀ ਤਾਂ ਮੈਂ ਆਂਹਦੀ ਸਾਡੇ ਵੱਲ ਕੋਈ ਅੱਖ ਨਹੀਂ ਚੁੱਕ ਸਕਦਾ? ਗੱਟੂ ਵੱਡੇ ਆਦਮੀ ਹੋ ਗਏ ਨੇ, ਉਹ ਜੋ ਮਰਜ਼ੀ ਕਰਨ, ਸ਼ਰਾਬ 'ਚ ਸ਼ਰਾਬ ਬਣੇ ਰਹਿਣ। ਮੈਨੂੰ ਤਾਂ ਮੁੱਲਰ ਦੀ ਅੰਮਾਂ ਸਭ ਸਾਹਮਣੇ ਕਹਿ ਗਈ ਆ ਕੇ — ਫਿਰ ਤੁਹਾਡਾ ਨਾਂ ਲੈ ਕੇ, ਕਿ ਵੱਡੇ ਨਾਂ ਵਾਲੇ ਜ਼ਰੂਰ ਨੇ, ਪਰ ਵੱਡੇ ਆਦਮੀ ਕਾਹਦੇ। ਇਹਨਾਂ ਕੋਲ ਹੈ ਕੀ ਜੋ ਭਣੇਵੀਂ ਦੇ ਦਾਜ ਵਿਚ ਦੇਣਗੇ?"

ਮਹੀਪਾਲ ਦਾ ਮਨ ਮੁੱਲਰ ਦੀ ਮਾਂ ਅਤੇ ਸਾਰੇ ਸਾਮਾਜ ਲਈ ਘਿਰਣਾ ਨਾਲ ਭਰ ਗਿਆ। ਗੱਟੂ (ਉਹਦਾ ਛੋਟਾ ਭਰਾ, ਲਖਨਊ ਦਾ ਮੰਨਿਆ ਦੱਨਿਆ ਡਾਕਟਰ

ਜੈਪਾਲ ਸ਼ੁਕਲ) ਦੀ ਸੰਸਾਰਕ ਸਫ਼ਲਤਾ ਦੇ ਪ੍ਰਕਾਸ਼ ਵਿਚ ਆਪਣੀ ਅਸਫ਼ਲਤਾ ਦੀ ਤਸਵੀਰ ਉਹਦੇ ਕਲੇਜੇ ਵਿਚ ਥੋਹਰ ਦਾ ਜੰਗਲ ਬਣ ਕੇ ਝਾਕਣ ਲਗੀ, ਚੁਭਣ ਲੱਗੀ। ਆਰਥਕ ਬੇਹਿੰਮਤੀ ਦੇ ਸ਼ੇਰ ਨੇ ਪੰਜਾ ਚੁੱਕ ਕੇ ਐਸਾ ਥੱਪੜ ਮਾਰਿਆ ਕਿ ਉਹਦੇ ਸਾਹਿਤਕ ਦਬਦਬਾ ਦੀ ਖਲ ਖਿੱਚੀ ਗਈ। ਉਹਦਾ ਸਾਹ ਬਲ ਉਠਿਆ, ਜੋਸ਼ ਨਾਲ ਸਿੱਧਾ ਤਣ ਕੇ ਬਹਿ ਗਿਆ; ਕੜਕਦੀ ਆਵਾਜ਼ ਵਿਚ ਬੋਲਿਆ — "ਮੈਂ ਵੀ ਵੇਖਾਂਗਾ ਦੱਸਾਂ ਵਰ੍ਹਿਆਂ ਪਿਛੋਂ ਕੌਣ ਵੱਡਾ ਆਦਮੀ ਅਖਵਾਉਂਦਾ ਏ ? ਗੱਟੂ ਜਾਂ ਮੈਂ ? ਇਹ ਪੈਸੇ ਦੀ ਦੁਨੀਆਂ ਬਹੁਤ ਦਿਨ ਨਹੀਂ ਰਹਿਣੀ। ਅੱਜ ਕੱਲ੍ਹ ਤਾਂ ਸਮਾਜ ਦਾ ਰਾਜ ਈ ਬੇਈਮਾਨਾਂ ਅਤੇ ਲੁਟੇਰਿਆਂ ਦੇ ਹੱਥ ਵਿਚ ਏ। ਲੋਕਾਂ ਦੇ ਜੀਵਨ ਦੀਆਂ ਮਾਨਤਾਵਾਂ ਉਹੋ ਨੇ ਜੋ ਉਹ ਚਲਾਉਂਦੇ ਨੇ। — ਜਿਹੜੇ ਇਸ — ਇਸ ਅੰਨ੍ਹੀ ਨੂੰ ਸਮਾਜ ਦੀ ਚੰਗੇ ਭਾਗਾਂ ਵਾਲੀ ਚਮਕ ਬਣਾ ਕੇ ਆਪਣਾ ਖੋਟਾ ਸਿੱਕਾ ਚਲਾ ਰਹੇ ਨੇ, ਉਹ ਇਹ ਭੁੱਲ ਜਾਂਦੇ ਨੇ ਕਿ ਕਰੋੜਾਂ ਬੀਮਾਰ ਭੁੱਖੇ ਅਤੇ ਨੰਗੇ ਉਹਨਾਂ ਪਿੱਛੇ "ਮਰਦਾ ਕੀ ਨਾ ਕਰਦਾ" ਵਾਲੀ ਸਪਿਰਟ ਲੈ ਕੇ ਪਾਗ਼ਲ ਜੋਸ਼ ਨਾਲ ਅਗਾਂਹ ਵਧਦੇ ਤੁਰੇ ਆਉਂਦੇ ਨੇ। ਇਹਨਾਂ ਮੁੱਠ ਕੁ ਅੰਨ੍ਹੀ ਮਚਾਉਣ ਵਾਲਿਆ ਨੂੰ ਸਾੜ ਕੇ ਸੁਆਹ ਕਰ ਦੇਣਗੇ ਉਦੋਂ ਮੇਰੀਆਂ ਲੜਕੀਆਂ ਨਾਲ ਗਿਆਨ ਰੂਪੀ ਦਾਜ ਜਾਏਗਾ — ਤੇ ਉਹਦੀ ਕੀਮਤ ਹੋਏਗੀ। — ਚੋਰ, ਸਾਲੇ, ਬਦਮਾਸ਼ ! ਮੇਰੀ ਗ਼ਰੀਬੀ ਦਾ ਮਖੌਲ ਉਡਾਉਂਦੇ ਨੇ ?"

ਜੋਸ਼ ਨਾਲ ਹਉਂਕਦਿਆਂ ਮਹੀਪਾਲ ਤਖ਼ਤ ਤੋਂ ਉੱਠ ਬੈਠਾ, ਅਤੇ ਕਮਰੇ ਵਿਚ ਟਹਿਲਣ ਲੱਗਾ।

ਕਲਿਆਣੀ ਉਹਦੀਆਂ ਗੱਲਾਂ ਦਾ ਮਤਲਬ ਨਾ ਸਮਝ ਕੇ ਵੀ ਉਹਦੇ ਜੋਸ਼ ਤੋਂ ਡਰ ਗਈ। ਆਪ ਗ਼ਰੀਬੀ ਅਤੇ ਪੈਸਿਆਂ ਦੀ ਤੰਗੀ ਕਾਰਨ ਉਹ ਵੀ ਇਕ ਥਾਂ ਅਮੀਰਾਂ ਨੂੰ ਨਫ਼ਰਤ ਕਰਦੀ ਹੈ, ਉਹ ਵੀ ਵੇਖਦੀ ਹੈ, ਨਿੱਤ ਅਨੁਭਵ ਕਰਦੀ ਹੈ ਕਿ ਅੱਜ ਦੀ ਦੁਨੀਆਂ ਵਿਚ ਸਿੱਧੇ ਅਤੇ ਈਮਾਨਦਾਰ ਦੀ ਮੌਤ ਹੈ, ਬੇਈਮਾਨ ਫਲ ਫੁਲ ਰਹੇ ਹਨ। — ਪਰ ਕਿੰਜ ਇਹ ਸਭ ਕੁਝ ਬਦਲੇਗਾ ? ਦੁਨੀਆਂ ਵਿਚ ਹਮੇਸ਼ਾ ਏਹੋ ਹੁੰਦਾ ਆਇਆ ਹੈ। ਭਗਵਾਨ ਦੀ ਮਰਜ਼ੀ ਹੀ ਇੰਜ ਹੈ।

ਫਿਰ ਉਹਨੂੰ ਆਪਣੇ ਪਤੀ ਤੇ ਦਇਆ ਆਉਣ ਲੱਗੀ। ਵਿਚਾਰੇ ਦੁਖੀ ਹੋ ਜਾਂਦੇ ਨੇ ! ਏਨੀ ਮਿਹਨਤ ਕਰ ਕੇ ਵੀ ਇਹਨਾਂ ਨੂੰ ਸੁੱਖ ਨਹੀਂ ਮਿਲਦਾ। ਦਿਮਾਗੀ ਕੰਮ ਕਰ ਕੇ ਵੀ ਵਿਚਾਰਿਆਂ ਨੂੰ ਛਟਾਂਕ ਭਰ ਘਿਉ ਨਸੀਬ ਨਹੀਂ ਹੁੰਦਾ, ਕਿੰਨੇ ਢਲ ਗਏ ਨੇ !...

ਕਠਨ ਮਾਨਸਿਕ ਹਾਲਤ ਵਿਚ ਇਕ ਮਿੰਟ ਦਾ ਸਮਾਂ ਬ੍ਰਹਮਾ ਦੇ ਇਕ ਕਲਪ ਦੇ ਬਰਾਬਰ ਹੋ ਜਾਂਦਾ ਹੈ। ਇਸ ਤੋਂ ਦੁਗਣੀ ਲੰਮੀ ਉਮਰ ਤੱਕ ਕਮਰੇ ਵਿਚ ਡੂੰਘੀ ਚੁੱਪ ਪੱਸਰੀ ਰਹੀ; ਸਿਰਫ਼ ਮਹੀਪਾਲ ਦੇ ਚਲਣ ਦੀ ਪਟਕ ਪਟਕ ਸੁਣਾਈ ਦੇ ਰਹੀ ਸੀ

ਜੋ ਡੂੰਘੀ ਚੁੱਪ ਦਾ ਹੀ ਅੰਗ ਸੀ।

ਅਚਾਨਕ ਕਲਿਆਣੀ ਦੇ ਸਾਹਮਣੇ ਖਲੋ ਕੇ ਮਹੀਪਾਲ ਨੇ ਕਿਹਾ — "ਬੱਸ, ਮੈਂ ਸੋਚ ਲਿਆ ਏ — ਸ਼ਿਵ ਚਰਨ ਦੂਬੇ ਦੇ ਲੜਕੇ ਨਾਲ ਗੱਲ ਪੱਕੀ ਕਰ ਲੈਂਦਾ ਹਾਂ। ਉਹਦੇ ਵਿਚਾਰ ਤੇ ਧਰਮ ਦੋਵੇਂ ਚੰਗੇ ਨੇ; ਉਹਦਾ ਲੜਕਾ ਵੀ ਬੜਾ ਸਾਊ ਏ, ਇੰਜੀਨੀਅਰਿੰਗ ਪਾਸ ਕਰੇਗਾ ਇਸ ਸਾਲ। ਕੀ ਸਮਝੀ ਏਂ ?"

ਮਹੀਪਾਲ ਦੀ ਕਾਹਲੀ ਤੋਂ ਡਰਦਿਆਂ ਹੋਇਆਂ ਵੀ ਕਲਿਆਣੀ ਨੇ ਹੌਲੀ ਜਹੀ ਕਿਹਾ — "ਸ਼ਿਵ ਚਰਨ ਹੋਰੀਂ ਕਿੱਧਰ ਦੇ ਦੂਬੇ ਨੇ। ਮੈਂ ਨਹੀਂ ਕਰਨਾ ਧਾਕਰਾਂ* ਦੇ ਘਰ।"

ਮਹੀਪਾਲ ਨੇ ਤੜਫ ਕੇ ਕਿਹਾ — "ਤਾਂ ਲਿਆ ਫਿਰ ਲੱਭ ਕੇ ਲਖਨਊ ਦੇ ਬਾਜਪੇਈ ਦਾ ਲੜਕਾ, ਜਿਹੜਾ ਸੱਚ ਦਾ ਪੁਜਾਰੀ ਹੋਏ — ਦਹੇਜ ਨਾ ਮੰਗੇ।"

"ਤੁਹਾਡਾ ਸ਼ਿਉਚਰਨ ਦਹੇਜ ਨਾ ਲਊ ?"

"ਨਹੀਂ ! ਸ਼ਿਉਚਰਨ ਖ਼ਰੇ ਬੰਦੇ ਨੇ। ਮੈਂ ਉਹਨਾਂ ਦੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਪਰਖ ਚੁੱਕਿਆ ਹਾਂ।"

ਡੂੰਘਾ ਸਾਹ ਲੈਂਦਿਆਂ ਲੈਂਦਿਆਂ ਕਲਿਆਣੀ ਨੇ ਕਿਹਾ -- "ਜਗ ਕੀ ਕਹੂ ? ਜੇ ਸ਼ਕੁੰਤਲਾ ਦੇ ਮਾਂ ਪਿਉ ਜਿਊਂਦੇ ਹੁੰਦੇ ਤਾਂ ਕੀ ਮੱਝ ਗਈਆਂ ਦੇ ਮਿਸਰ ਦੇ ਬੇਟੇ ਧਾਕਰ ਦੇ ਘਰ ਜਾਂਦੀ ?"

"ਤਾਂ ਕੱਢ ਪੰਦਰਾਂ ਵੀਹ ਹਜ਼ਾਰ ਰੁਪਏ। ਇਹ ਲੋਕ ਲੜਕੇ ਲੜਕੀਆਂ ਦਾ ਵਿਆਹ ਥੋਹੜਾ ਕਰਦੇ ਨੇ, ਲੱਛਮੀ ਤੇ ਹੰਕਾਰ ਦਾ ਜਕੜਬੰਦ ਕਰਦੇ ਨੇ। ਨੀਚ !

---

*ਕੰਨਿਆਂ ਕੁਬਜ ਬ੍ਰਾਹਮਣ ਸਾਮਾਜ ਵਿਚ ਵੀ ਦੂਜੇ ਸਮਾਜਾਂ ਵਾਂਗ ਹੀ ਅਨੇਕਾਂ ਉਪਜਾਤੀਆਂ ਹਨ। ਇਹ ਉਪਜਾਤੀਆਂ ਅਨੇਕ ਗੋਤਾਂ ਵਿਚ ਵੰਡੀਆਂ ਹੋਈਆਂ ਹਨ। ਅਤੇ ਗੋਤ ਅਨੇਕ ਕੁੱਲਾਂ ਵਿਚ ਵੰਡੇ ਹੋਏ ਹਨ। ਕੁੱਲ ਤਿੰਨ ਭਾਗਾਂ ਵਿਚ ਵੰਡੇ ਹੋਏ ਹਨ — ਸ਼ਟਕੁਲ, ਮੱਧਮ ਅਤੇ ਧ ਕਰ। ਸ਼ਟਕੁਲ ਵਾਲੇ ਆਪਣੇ ਆਪ ਨੂੰ ਸਰਵਉੱਚ ਮੰਨਦੇ ਹਨ ਅਤੇ ਧਾਕਰਾਂ ਨੂੰ (ਆਪਣੇ ਸਮਾਜ ਵਿਚ) ਸਭ ਤੋਂ ਨੀਵੀਂ ਨਜ਼ਰ ਨਾਲ ਵੇਖਦੇ ਹਨ। ਬਾਲਾ ਨਾਂ ਦੇ ਪ੍ਰਸਿੱਧ ਪੁਰਖਾਂ ਦੀ ਕੁਲ ਵਿਚ ਵੀਹ ਵਿਸਵੇ 'ਮਰਯਾਦਾ' ਲੈ ਕੇ ਪੈਦਾ ਹੋਇਆ ਮਹੀਪਾਲ ਸ਼ੁਕਲ ਸ਼ਟਕੁਲ ਵਾਲਾ ਹੈ। ਉਹਦੀ ਭਣੇਵੀਂ ਦਾ ਪਿੱਤਰ ਕੁਲ ਵੀ ਉੱਚਾ ਹੈ। ਉਹ ਵੀਹ ਵਿਸਵੇ ਮਰਯਾਦਾ ਵਾਲੇ ਮਾਂਝ ਗਾਂਵ ਦੇ ਮਿਸ਼ਰ ਹਨ।

ਇਨਹਿਯੂਮਨ।...ਔਹ — ਔਹ ਤਿਵਾੜੀ ਜੀ — ਕਹਿਣ ਨੂੰ ਬੜੇ ਵੱਡੇ ਲੇਖਕ, ਵਿਚਾਰਕ, ਕਾਲਜ ਦੇ ਪ੍ਰਿੰਸੀਪਲ ਨੇ, ਪਰ ਜਨਮ ਪਤ੍ਰ ਮੰਗੋ ਤਾਂ ਆਖਣਗੇ ਕਿ ਨਕਦ ਪੰਝੀ ਹਜ਼ਾਰ ਲੈਣਾ, ਬਾਕੀ ਜੇ ਤੁਹਾਡੀ ਸ਼ਰਧਾ ਹੋਏ! — ਇਹ ਲੋਕ ਪੜ੍ਹੇ ਲਿਖੇ ਨੇ? ਸਭਯ ਨੇ? ਛਿ:!"

ਮਹੀਪਾਲ ਦਿਆਂ ਪੈਰਾਂ ਵਿਚ ਫਿਰ ਤੇਜ਼ੀ ਆ ਗਈ। ਉਹ ਛੋਟੀ ਜਿਹੀ ਥਾਂ ਵਿਚ ਵੀ ਜਿੱਥੋਂ ਤੱਕ ਹੋ ਸਕਦਾ ਸੀ ਕਾਹਲੀ ਨਾਲ ਚੱਕਰ ਲਾਉਣ ਲੱਗਾ। ਫਿਰ ਇਕ ਦਮ ਕਲਿਆਣੀ ਦੀ ਕੁਰਸੀ ਕੋਲ ਰੁੱਕ ਕੇ ਉਹਦੇ ਮੋਢੇ ਨੂੰ ਦਬਾਉਂਦਾ ਹੋਇਆ ਤਿਊੜੀ ਚੜ੍ਹਾ ਕੇ ਬੋਲਿਆ — "ਕੰਨ ਖੋਹਲ ਕੇ ਸੁਣ ਲੈ, ਸ਼ਕੁੰਤਲਾ ਦਾ ਵਿਆਹ ਸ਼ਿਵ ਚਰਨ ਦੂਬੇ ਦੇ ਲੜਕੇ ਨਾਲ ਨਿਯਤ ਕਰਾਂਗਾ — ਤੇ ਜਨਮ ਪੱਤ੍ਰ ਆਦਿ ਕੁਝ ਨਹੀਂ ਮਿਲਾਵਾਂਗਾ। ਤੇ ਜੇ ਬਹੁਤੀ ਮੀਣ ਮੇਖ ਕਢੇਂਗੀ — ਤਾਂ ਉਹਦੀ ਸ਼ਾਦੀ ਦੂਸਰੀ ਜਾਤ ਵਿਚ ਕਰ ਦਿਆਂਗਾ। ਮੈਂ ਜਾਤਪਾਤ ਕੁਝ ਨਹੀਂ ਮੰਨਦਾ। ਮੈਨੂੰ ਇਹਨਾਂ ਸਭਨਾਂ ਤੋਂ ਘਿਰਣਾ ਏ — ਘੋਰ ਘਿਰਣਾ। ਸੁਣ ਲਿਆ? — ਸੁਣਿਆ ਕਿ ਨਹੀਂ?"

ਕਲਿਆਣੀ ਗੱਲ ਦਾ ਜਵਾਬ ਦੇਂਦਿਆਂ ਘਬਰਾਉਂਦੀ ਸੀ, ਉਹਦੇ ਚਿਹਰੇ ਤੇ ਉਤਾਰ ਚੜ੍ਹਾ ਹੋ ਰਿਹਾ ਸੀ। ਪਤੀ ਨੂੰ ਇੰਜ ਹਠ ਨਾਲ ਪੁੱਛਦਿਆਂ ਵੇਖ ਉਹਨੇ ਝਟਪਟ ਫ਼ੈਸਲਾ ਕਰ ਕੇ ਜਵਾਬ ਦਿਤਾ — "ਆਪਣੇ ਬੱਚਿਆਂ ਦਾ ਵਿਆਹ ਜਿਹੜੀ ਜਾਤ ਵਿਚ ਚਾਹਿਓ ਉਸ ਹੀ ਨਾਲ ਕਰਿਓ। ਸ਼ੁਕੰਤਲਾ ਪਰਾਈ ਧੀ ਏ। ਛੋਟੀ ਭੈਣ ਜੀਊਂਦੀ ਹੁੰਦੀ ਤਾਂ ਉਹਦੀ ਸਲਾਹ ਨਾਲ ਭਾਵੇਂ ਧਾਕਰਾ ..."

"ਫਿਰ ਤੂੰ ਧਾਕਰਾਂ ਨੂੰ ਛੋਟੇ ਆਖਿਆ? ਮੈਂ ਕਹਿੰਦਾਂ ਕੋਈ ਛੋਟਾ ਵੱਡਾ ਨਹੀਂ..."

"ਹੋਏ ਜਾਂ ਨਾ ਹੋਏ। ਮੈਂ ਜ਼ਹਿਰ ਖਾ ਲਊਂ ਜੇ ਸ਼ੁਕੰਲਤਾ ਨੂੰ ਕਿਸੇ ਐਸੀ ਕੁਲ ਵਿਚ ਦਿਤਾ।"

"ਪਰ ਰੁਪਿਆ ਕਿਥੋਂ ਲਿਆਵਾਂਗਾ?"

"ਇਕ ਕੱਲੇ ਤੁਸੀਂ ਈ ਓ ਗਰੀਬ ਸਟਕੁਲ ਵਾਲੇ? ਬਹੁਤ ਸਾਰੇ ਛਾਤੀ ਪਿੱਟਦੇ ਨੇ, ਪਰ ਦੁਨੀਆ ਦੇ ਕੰਮ ਧੰਦੇ ਤਾਂ ਨਹੀਂ ਰੁਕ ਜਾਂਦੇ — ਗਰੀਬ ਹੋਏ ਤਾਂ ਕੀ।"

"ਇਹ ਛਾਤੀ ਪਿੱਟਣ ਵਾਲਿਆਂ ਦੀ ਦੁਨੀਆਂ ਈ ਅਸਲੀ ਦੁਨੀਆਂ ਏ, ਤੇ ਉਹ ਇਸ ਵੇਲੇ ਡੋਲ ਰਹੀ ਏ। ਜਾਣਦੀ ਏਂ ਲੋਕ ਸ਼ਾਦੀ ਵਿਆਹ ਕਿੰਜ ਕਰਦੇ ਨੇ? ਜੀਵਨ ਦੇ ਮੰਗਲ ਸੰਸਕਾਰ ਅਤੇ ਉਤਸਵ ਪਤਾ ਲੋਕ ਕਿੰਝ ਮਨਾਉਂਦੇ ਨੇ? ਉਧਾਰ ਲੈ ਕੇ! — ਆਪਣੇ ਆਪ ਨੂੰ ਚਿੰਤਾ, ਅਪਮਾਨ ਅਤੇ ਅੱਥਰੂਆਂ ਵਿਚ ਪੂਰੀ ਤਰ੍ਹਾਂ ਡੋਬ ਕੇ। — ਮੇਰੇ ਕੋਲ ਇੰਨਾ ਦਿਲ ਦਿਮਾਗ ਨਹੀਂ ਕਿ ਅੱਜ ਦੀਆਂ ਹਜ਼ਾਰ ਚਿੰਤਾਵਾਂ ਨੂੰ ਲੈ ਕੇ ਮੈਂ ਕਿਸੇ ਸੂਦਖੋਰ ਬਾਣੀਏ ਦੇ ਅਤਿਆਚਾਰ ਜਾਂ ਭਾਰ ਆਪਣੇ ਸਿਰ ਤੇ ਲੱਦਾਂ। ਮੈਂ ਇਹ ਬਿਲਕੁਲ ਨਹੀਂ ਕਰ ਸਕਦਾ।"

ਕਲਿਆਣੀ ਪਤੀ ਦੀ ਪੀੜ੍ਹ ਨਾਲ ਪੀੜਤ ਵੀ ਹੋਈ, ਨਾਲ ਦੀ ਨਾਲ ਉਹਦੇ ਨਾਸਤਕ ਲੱਗਣ ਵਾਲੇ ਵਿਰੋਧ ਤੋਂ ਖਿਝ ਗਈ। ਮਹੀਪਾਲ ਨੂੰ ਉਹ ਹਰ ਤਰ੍ਹਾਂ ਪੂਰਨ ਸਮਝ ਲੈਂਦੀ ਹੈ; ਜਦ ਉਹ ਉਹਦੇ ਉੱਤੇ ਬੁਰੀ ਤਰ੍ਹਾਂ ਨਰਾਜ਼ ਹੁੰਦਾ ਹੈ, ਉਹਦਾ ਅਪਮਾਨ ਕਰਦਾ ਹੈ: ਉਦੋਂ ਉਹ ਉਹਨੂੰ ਬੁਰਾ ਨਹੀਂ ਲਗਦਾ। ਸਾਰੀ ਦੁਨੀਆਂ ਵਿਚ ਘਰ ਘਰ ਉਹ ਸਦਾ ਤੋਂ ਏਹੋ ਵੇਂਹਦੀ ਤੁਰੀ ਆਈ ਹੈ ਕਿ ਆਦਮੀ ਔਰਤਾਂ ਤੇ ਰਾਜ ਕਰਦੇ ਹਨ। ਇਸ ਵਿਰੋਧੀ ਸਮਾਜਕ ਵਾਤਾਵਰਣ ਵਿਚ ਅਮੀਰ ਗਰੀਬ ਮੱਧਮ ਵਰਗ ਸਭ ਘਰ ਆ ਜਾਂਦੇ ਹਨ। ਮਹੀਪਾਲ ਚਰਿਤਰ ਹੀਣ ਹੈ, ਕਲਿਆਣੀ ਉਹਦੇ ਏਸ ਰੂਪ ਨੂੰ ਵੀ ਸਮਝ ਜਾਂਦੀ ਹੈ। ਉਹਦੇ ਬੜੇ ਕੱਟੜ ਸਨਾਤਨ ਧਰਮੀ ਘਰਾਂ ਵਿਚ ਵੀ ਆਦਮੀਆਂ ਨੂੰ ਸ਼ਰਾਬੀ, ਵਿਭਚਾਰੀ ਅਤੇ ਹੋਰ ਤਰ੍ਹਾਂ ਚਰਿਤਰ ਹੀਣ ਵੇਖਿਆ ਹੈ, ਸੁਣਿਆ ਹੈ। ਪਰ ਜਿਹੜੀ ਗੱਲ ਉਹ ਬਿਲਕੁਲ ਨਹੀਂ ਸਹਿੰਦੀ — ਉਹ ਮਹੀਪਾਲ ਦੀਆਂ ਗੱਲਾਂ ਹਨ। ਆਪਣੇ 24 ਵਰ੍ਹਿਆਂ ਦੇ ਵਿਆਹੁਤਾ ਜੀਵਨ ਵਿਚ ਆਪਣੇ ਪਤੀ ਦੇ ਜੀਵਨ ਢੰਗ ਅਤੇ ਵਿਚਾਰਾਂ ਨੂੰ ਕਦੇ ਸੱਚੇ ਮਨੋਂ ਗ੍ਰਹਿਣ ਨਹੀਂ ਕੀਤਾ। ਉਹਦੇ ਮਨ ਵਿਚ ਵਰ੍ਹਿਆਂ ਤੋਂ ਲੁਕਿਆ ਹੋਇਆ ਸ਼ੱਕ ਹੈ — ਕੀ ਇਹਨਾਂ ਸਾਰੀਆਂ ਨਾਸਤਕ ਅਧਰਮੀ ਧਾਰਨਾਂ ਨਾਲ ਭਰੀਆਂ ਗੱਲਾਂ ਕਰ ਕੇ ਦੁਨੀਆਂ ਉਹਦੇ ਪਤੀ ਦੀ ਇੱਜ਼ਤ ਕਰਦੀ ਹੈ ? ਇਹਨਾਂ ਨੂੰ ਲਿਖਣ ਕਰ ਕੇ ਹੀ ਕੀ ਉਹ ਵੱਡਾ ਲੇਖਕ ਮੰਨਿਆ ਜਾਂਦਾ ਹੈ...? ਏਨੇ ਵਰ੍ਹਿਆਂ ਤੋਂ ਇਹ ਅਜੇਹੀਆਂ ਗੱਲਾਂ ਹੀ ਲਿਖਦੇ ਤੇ ਕਰਦੇ ਹਨ, ਛਾਪੇਖ਼ਾਨੇ ਅਤੇ ਸਭਾਵਾਂ ਦੀ ਦੁਨੀਆਂ ਇਹਨਾਂ ਦਾ ਮਾਣ ਕਰਦੀ ਹੈ, ਫਿਰ ਵੀ ਸੰਸਾਰ ਆਪਣੀ ਸਨਾਤਨੀ ਲੀਕ ਤੇ ਹੀ ਤੁਰਿਆ ਜਾਂਦਾ ਹੈ। ਇਹਨਾਂ ਦੀਆਂ ਗੱਲਾਂ ਨੂੰ ਕਲਜੁਗੀ ਮਤਵਾਲੇ ਭਾਵੇਂ ਸਲਾਹੁਣ, ਉਹਨਾਂ ਵਿਚ ਕੋਈ ਤੱਤ ਨਹੀਂ। ਦੁਨੀਆਂ ਤੋਂ ਸਭ ਮਰਯਾਦਾਂ, ਧਰਮ ਕਰਮ, ਰੀਤੀ ਰਿਵਾਜ, ਇਹ ਸਭ ਭਗਵਾਨ ਦੇ ਬਣਾਏ ਕਾਰਖ਼ਾਨੇ ਤਾਂ ਅਲੋਪ ਨਹੀਂ ਹੋਣਗੇ ? ਦੁਨੀਆਂ ਜਿਵੇਂ ਅੱਜ ਤਕ ਤੁਰੀ ਆਈ ਹੈ ਉਦਾਂ ਹੀ ਅਗਾਂਹ ਵੀ ਤੁਰੇਗੀ। ਸਭ ਕਰਜ਼ੇ ਲੈ ਕੇ ਏਦਾਂ ਦੇ ਉਪਾ ਕਰ ਕੇ ਆਪਣੇ ਲੜਕੇ ਲੜਕੀਆਂ ਦੇ ਵਿਆਹ ਕਰਦੇ ਹਨ — ਤਾਂ ਕੀ ਏਹੋ ਕੋਈ ਅਨੋਖੇ ਹਨ ?

ਕਲਿਆਣੀ ਨੇ ਦੂਜਾ ਪੈਰ ਵੀ ਚੁਕ ਕੇ ਕੁਰਸੀ ਉੱਤੇ ਰੱਖ ਲਿਆ। ਅਤੇ ਗੋਡਿਆਂ ਉੱਤੇ ਹੱਥ ਟਿਕਾਉਂਦਿਆਂ ਹੋਇਆਂ ਉਂਗਲਾਂ ਮਟਕਾ ਕੇ ਤੜਫਦੀ ਬੋਲੀ — "ਕਰਜ਼ਾ ਲਓ ਜਾਂ ਜੋ ਵੀ ਉਪਾ ਕਰੋ, ਰਹੀ ਸ਼ਕੁੰਤਲਾ ਉਹ ਤਾਂ ਸਾਡੇ ਸ਼ਟਕੁਲ ਵਿਚ ਈ ਜਾਏਗੀ। ਆਪਣੇ ਲੜਕੇ ਲੜਕੀਆਂ ਦਾ ਵਿਆਹ ਭਾਵੇਂ ਮੇਹਤਰਾਂ ਦੇ ਘਰ ਕਰਿਓ, ਭਾਵੇਂ ਚਮਿਆਰਾਂ ਦੇ — ਮੈਂ ਨਹੀਂ ਬੋਲਦੀ ਮੈਂ ਆਪ ਗੰਗਾ ਕੰਢੇ ਜਾਂ ਪਊਂ। ਬਾਕੀ ਛੋਟੀ ਭੈਣ ਦੀ ਧੀ ਤਾਂ ਸਨਾਤਨ ਰੀਤੀ ਨਾਲ ਈ ਪਰਨਾਈ ਜਾਊ। ਚਾਹੇ ਐਸ ਕੰਨ ਸੁਣੋ ਚਾਹੇ ਉਸ।" ਆਖ ਕੇ ਕਲਿਆਣੀ ਝਟ ਪਟ ਜਾਣ ਲਈ ਉਠ ਖਲੋਤੀ।

ਮਹੀਪਾਲ ਸ਼ਕੁੰਤਲਾ ਦੇ ਵਿਆਹ, ਦਾਜ ਅਤੇ ਪਤਨੀ ਦੀ ਨਾਰਾਜ਼ਗੀ ਨੂੰ ਲੈ ਕੇ — ਨਾਲ ਹੀ ਆਪਣੇ ਮਨ ਦੀ ਝੁੰਜਲਾਹਟ ਨੂੰ ਲੈ ਕੇ ਵਿਚਾਰਾਂ ਵਿਚ ਸਿਮਟ ਗਿਆ ਸੀ। ਪਤਨੀ ਦੀ ਕੁਰਸੀ ਕੋਲ ਮੇਜ਼ ਨਾਲ ਟਿਕ ਕੇ ਖਲੋਤਾ ਉਹ ਸੋਚ ਰਿਹਾ ਸੀ ? ਇਹ ਔਰਤ ਵੀ ਦੁਨੀਆਂ ਵਿਚ ਕਹੀ ਮਜ਼ਾਕ ਦੀ ਚੀਜ਼ ਹੈ ? ਇਤਿਹਾਸ ਦੇ ਆਦਿ ਕਾਲ ਤੋਂ ਲੈ ਕੇ ਔਰਤ ਹੀ ਆਦਮੀ ਲਈ ਸਭ ਤੋਂ ਵੱਡੀ ਸਮੱਸਿਆ ਰਹੀ ਹੈ। ਵਰਤਮਾਨ ਸਮਾਜ ਵਿਚ ਔਰਤ ਦੀ ਇਕ ਅਜੀਬ ਸਮਾਜਕ ਸਥਿਤੀ ਹੈ। ਖ਼ਾਸ ਤੌਰ ਤੇ ਸਾਡੇ ਦੇਸ਼ ਵਿਚ ਤਾਂ ਇਹ ਵਚਿਤ੍ਰਤਾ ਹੋਰ ਵੀ ਸਪੱਸ਼ਟ ਤਰ੍ਹਾਂ ਝਲਕਦੀ ਹੈ। ਅਸੀਂ ਵੇਖਦੇ ਹਾਂ ਕਿ ਔਰਤ ਇਸ ਸਮੇਂ ਆਮ ਘਰਾਂ ਵਿਚ, ਕਿਸੇ ਨਾ ਕਿਸੇ ਰੂਪ ਵਿਚ ਬੇਇੱਜ਼ਤੀ ਦਾ ਜੀਵਨ ਬਿਤਾਉਂਦੀ ਹੈ। ਛੋਟੇ ਆਦਮੀ ਅਖਵਾਉਣ ਵਾਲਿਆਂ ਨੂੰ ਕੌਣ ਆਖੇ, ਵੱਡੇ ਵੱਡੇ ਸਭਿਆ ਰਈਸਾਂ ਅਤੇ ਪੰਡਤਾਂ ਦੇ ਘਰਾਂ ਵਿਚ ਇਸਤਰੀ ਜਾਤੀ ਨੂੰ ਦਬਾਇਆ ਜਾਂਦਾ ਹੈ, ਤਰ੍ਹਾਂ ਤਰ੍ਹਾਂ ਉਹਨਾਂ ਦਾ ਅਪਮਾਨ ਹੁੰਦਾ ਹੈ। ਆਮ ਸੋਚ ਅਨੁਸਾਰ ਇਸਤਰੀ ਘਰ ਦਾ ਕੰਮ ਕਾਜ, ਸਭ ਦੀ ਟਹਿਲ ਸੇਵਾ ਕਰਨ ਵਾਲੀ ਅਤੇ ਆਦਮੀ ਦੇ ਭੋਗ ਦੀ ਚੀਜ਼ ਹੋਣ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਹਾਂ, ਉਹਦੀ ਇਕ ਵਡਿਆਈ ਇਹ ਜ਼ਰੂਰ ਹੈ ਕਿ ਇਹ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਵੀ ਹੈ। ਬੱਚੇ ਕਿਉਂ ਜੋ ਇਨਸਾਨੀ ਜ਼ਿੰਦਗੀ ਨੂੰ ਵਧਾਉਣ ਲਈ ਬਹੁਤ ਜ਼ਰੂਰੀ ਹਨ ਉਹਨਾਂ ਨੂੰ ਉਪਜਾਉਣ ਵਾਲੀ ਫ਼ੈਕਟਰੀ ਦਾ ਵੀ ਬੜਾ ਮਹੱਤਵ ਹੈ।...ਪਰ ਇੰਨੀ ਬੇਇੱਜ਼ਤੀ — ਅਣਮਨੁੱਖੀ ਵਤੀਰਾ ਹੋਣ ਤੇ ਵੀ ਨਾਰੀ ਤੋਂ ਵੱਧ ਕੇ ਆਦਮੀ ਲਈ ਹੋਰ ਕੋਈ ਵੀ ਚੀਜ਼ ਜ਼ਿਆਦਾ ਆਦਰ-ਯੋਗ ਨਹੀਂ ਹੈ। ਦੁਨੀਆਂ ਹੁਣ ਵੀ ਸਮਝਦੀ ਹੈ ਕਿ ਨਾਰੀ ਸਮਾਜ ਦੀ ਇੱਜ਼ਤ ਹੈ — ਪੁਰਸ਼ ਜਗਤ ਨਿਸ਼ਚਿਤ ਰੂਪ ਨਾਲ ਇਹ ਜਾਣਦਾ ਹੈ ਕਿ ਨਾਰੀ ਬਿਨਾਂ ਉਹ ਅਧੂਰਾ ਹੈ।

ਇਹ ਵਿਰੋਧ ਸਾਡੇ ਸਮਾਜ ਵਿਚ ਨੀਂਹ ਪੱਥਰ ਵਾਂਗ ਸ਼ੁਰੂ ਤੋਂ ਟੇਢਾ ਗੱਡਿਆ ਹੋਇਆ ਹੈ, ਅਤੇ ਇਸ ਗ਼ਲਤ ਨੀਂਹ ਉੱਤੇ ਹੀ ਮਨੁੱਖ ਦਾ ਘਰ ਬਣਿਆ ਹੈ, ਰੀਤੀ ਰਿਵਾਜ ਬਣੇ ਹਨ, ਸੰਸਕ੍ਰਿਤੀ, ਧਰਮ ਕਰਮ ਜਗਤ ਦਾ ਵਿਹਾਰ ਬਣਿਆ ਹੈ। — ਫਿਰ ਕਿਉਂ ਨਾ ਸਭ ਕੁਝ ਉਲਟਾ ਹੀ ਉਲਟਾ ਹੋਏ !

ਕਲਿਆਣੀ ਉੱਠੀ ਤਾਂ ਮਹੀਪਾਲ ਦੇ ਵਿਚਾਰਾਂ ਨੂੰ ਧੱਕਾ ਲੱਗਾ, ਪੁੱਛਿਆ — "ਕਿਉਂ ? ਚੱਲੀ ਏਂ ?"

ਪ੍ਰਸ਼ਨ ਏਨੀ ਸਰਲਤਾ ਨਾਲ ਪੁੱਛਿਆ ਗਿਆ ਸੀ ਕਿ ਕਲਿਆਣੀ ਆਪਣਾ ਸਾਰਾ ਵਿਰੋਧ ਰੱਖਦਿਆਂ ਵੀ ਮਹੀਪਾਲ ਨਾਲ ਨਜ਼ਰਾਂ ਮਿਲਾ ਕੇ ਹੱਸਣੋਂ ਨਾ ਰਹਿ ਸਕੀ। ਬੋਲੀ — "ਹਾਂ ਬਈ ਹੁਣ ਮੈਂ ਜਾਂਦੀ ਆਂ। ਪਲ ਵਿਚ ਤੁਹਾਡਾ ਗ਼ੁੱਸਾ ਚੜ੍ਹਿਆ ਤਾਂ ਲੱਗੇ ਗੱਜਣ ਵੱਸਣ — ਸੁੱਤਾ ਮੁਹੱਲਾ ਜਾਗ ਪੈਂਦਾ।"

ਮਹੀਪਾਲ ਨੂੰ ਹਾਸਾ ਆ ਗਿਆ। ਕਲਿਆਣੀ ਮਾਣ ਨਾਲ ਬੋਲੀ — "ਤੁਹਾਡਾ ਕੀ

ਏ ? ਤੁਸੀਂ ਤਾਂ ਆਪਣੀ ਡਫਲ ਵਜਾ ਕੇ ਤੁਰਦੇ ਹੁੰਦੇ ਓ, ਗੁਆਂਢਣਾਂ ਸਾਡਾ ਹਾਸਾ ਉਡਾਉਂਦੀਆਂ ਨੇ — ਆਖੇ ਪੰਡਤ ਜੀ ਤੇ ਮਹੀਨੇ ਪੰਦਰੀਂ ਦਿਨੀਂ ਕਿਹੜਾ ਭੂਤ ਸਵਾਰ ਹੋ ਜਾਂਦਾ ਏ ?"

ਮਹੀਪ ਲ ਗੱਲ ਦੇ ਗਲਾਵੇਂ 'ਚ ਆਇਆ; ਹਾਸਾ ਵੀ ਆਇਆ, ਪੁੱਛਿਆਂ — "ਤੇਰੀਆਂ ਗੁਆਢਣਾਂ ਮੇਰਾ ਮਜ਼ਾਕ ਉਡਾਉਂਦੀਆਂ ਨੇ ?"

ਕਲਿਆਣੀ ਖਿੜ ਖਿੜ ਹੱਸੀ, ਪੱਲੇ ਨਾਲ ਦੰਦ ਲੁਕਾਉਂਦੀ ਹੋਈ ਬੋਲੀ —"ਮੇਰੀਆਂ ਗੁਆਢਣਾਂ ਕੀ, ਤੁਹਾਡੇ ਪੁੱਤ ਧੀਆਂ ਤਕ ਤੁਹਾਡਾ ਮਖ਼ੌਲ ਉਡਾਉਂਦੇ ਨੇ। ਮੈਨੂੰ ਆਂਹਦੇ ਨੇ ਮ ਤਾ ਜੀ ਚੁੱਪ ਕਰ ਰਹਿਓ, ਨਹੀਂ ਤਾਂ ਪਿਤਾ ਜੀ ਐਟਮ ਬੰਬ ਵਹਾਉਣ ਲੱਗ ਪੈਣਗੇ।"

ਮਹੀਪਾਲ ਵੀ ਜ਼ੋਰ ਦੀ ਹੱਸਿਆ, ਫਿਰ ਅ ਖਣ ਲੱਗਾ — "ਸੱਚੀ ਮੈਂ ਤੈਨੂੰ ਸਤਾਉਂਦਾ ਤਾਂ ਬਹੁਤ ਆਂ, ਤੇਰੇ ਬਿਨਾਂ ਮੇਰੀ ਗਤੀ ਨਹੀਂ, ਕਲਿਆਣੀ ਬਿਨਾਂ ਮਹੀਪਾ ' ਮਹੀਪਾਲ ਨਹੀਂ !"

ਕਲਿਆਣੀ ਤ੍ਰਿਪਤ ਹੋਈ, ਸ਼ਾਂਤੀ ਨਾਲ ਮੂੰਹ ਬੰਦ ਕਰੀ ਖਲੋਤੀ ਰਹੀ।

ਏਨੇ 'ਚ ਉਤੋਂ ਛੋਟੀ ਲੜਕੀ ਦੇ ਰੋਣ ਦੀ ਆਵਾਜ਼ ਆਈ।

11

'ਵੱਡੇ ਦਿਨ' ਦਾ ਸਵੇਰਾ। ਕਰਨਲ ਨਾਲ ਸੱਜਨ ਪੰਡਤ ਸ਼ਿਵ ਨਾਥ ਸ਼ਾਸਤਰੀ ਦੇ ਘਰ ਗਿਆ ਸੀ, ਦੋਵੇਂ ਉਥੋਂ ਪਰਤ ਰਹੇ ਸਨ। ਸਵੇਰ ਨੌਂ ਸਵਾ ਨੌਂ ਵਜੇ ਦੀ ਧੁੱਪ ਨਾਲ ਅਸਮਾਨ ਸੁਨਹਿਰੀ ਜ਼ਰੂਰ ਹੈ, ਪਰ ਗਲੀ ਦੀ ਸਿਲ੍ਹ ਨਾਲ ਗਲਤਾਨ ਗੱਲ ਰਹੀ ਹੈ।

ਕਰਨਲ ਬੋਲਿਆ — "ਬਈ ਬੜੀ ਠੰਡ ਏ ਅੱਜ। ਜਾਪਦਾ ਏ, ਆਸੇ ਪਾਸੇ ਕਿਤੇ ਜ਼ੋਰ ਦੀ ਬਰਫ਼ ਪਈ ਏ।"

ਜਦ ਮੌਸਮ ਦੀ ਗੱਲ ਤੇ ਸੱਜਨ ਦਾ ਧਿਆਨ ਭੰਗ ਨਾ ਹੋਇਆ ਤਾਂ ਕਰਨਲ ਨੇ 'ਇੰਟੇਲੈਕੁਚੁਅਲ' ਗੱਲ ਛੇੜੀ, ਕਿਹਾ — "ਬਈ ਕੁਝ ਵੀ ਕਹਿ ਲਓ, ਜੋਤਿਸ਼ ਵਿਦਿਆ ਬੜੀ ਸੱਚੀ ਚੀਜ਼ ਹੈ। ਬੱਸ ਗੱਲ ਏਨੀ ਏ ਕਿ ਕੋਈ ਦੱਸਣ ਵਾਲਾ ਹੋਣਾ ਚਾਹੀਦਾ ਏ। ਮੈਂ ਤਾਂ ਅੱਜ ਸ਼ਾਸ਼ਤਰੀ ਜੀ ਦਾ ਭਗਤ ਹੋ ਗਿਆਂ।"

"ਇਹਦੇ ਵਿਚ ਸ਼ੱਕ ਨਹੀਂ ਕਿ ਆਦਮੀ ਬੜੇ ਉਦਾਰ ਅਤੇ ਗਿਆਨੀ ਹਨ", ਸੱਜਨ ਬੋਲਿਆ — "ਅੱਜ ਮਹਾਂਰਿਸ਼ੀ ਵਿਆਸ ਦੀ ਪਾਪ ਪੁੰਨ ਵਾਲੀ ਵਿਆਖਿਆ ਸੁਣ ਕੇ

ਤਾਂ ਮੇਰੇ ਸਭ ਕਨਫ਼ੂਯੂਜ਼ਨਜ਼ ਦੂਰ ਹੋ ਗਏ।......ਕਹੀ ਸਿੱਧੀ ਜਿਹੀ ਗੱਲ ਹੈ ਕਿ ਪਰਉਪਕਾਰ ਕਰਨਾ ਪੁੰਨ ਹੈ ਅਤੇ ਦੂਸਰਿਆਂ ਨੂੰ ਦੁੱਖ ਦੇਣਾ ਪਾਪ।...ਸੱਚਮੁੱਚ ਕਮਾਲ ਹੈ ਇਹ ਸਾਦਗੀ — ਇਹ ਸੱਚੀ ਸਿੱਧੀ ਨਜ਼ਰ!"

"ਯਾਰ, ਦੁਕਾਨ ਦੀ ਚੋਰੀ ਵਾਲੀ ਗੱਲ, ਅਤੇ ਲੱਭੂ ਨਾਲ ਸਾਡੇ ਬਟਵਾਰੇ ਦੀ ਗੱਲ, ਮੇਰੀ ਵਾਈਫ਼ ਦੀ ਨੱਕ-ਨੁਹਾਰ ਸਭ ਕੁਝ ਤਾਂ ਦੱਸ ਦਿਤਾ। ਭਲਾ ਦੱਸ, ਹੁਣ ਜੋਤਿਸ਼ ਤੇ ਵਿਸ਼ਵਾਸ਼ ਕਿਵੇਂ ਨਾ ਕੀਤਾ ਜਾਏ?" ਕਰਨਲ ਆਪਣੀ ਥਾਂ ਸ਼ਾਸ਼ਤਰੀ ਜੀ ਦੀ ਮਹਿਮਾ ਗਾ ਰਿਹਾ ਸੀ।

ਸੱਜਨ ਨੇ ਹੱਸਦਿਆਂ ਦੱਬੀ ਜਬਾਨੇ ਕਿਹਾ — "ਮੇਰੇ ਬਾਰੇ ਤਾਂ ਉਹਨਾਂ ਅਜੀਬ ਭਵਿੱਖ ਬਾਣੀ ਕੀਤੀ ਹੈ!"

ਕਰਨਲ ਮੋਢੇ ਨਾਲ ਉਹਦੇ ਮੋਢੇ ਨੂੰ ਮਾੜਾ ਜਿਹਾ ਧੱਕਾ ਦੇ ਕੇ ਹੱਸਣ ਲੱਗਾ, ਆਖਿਆ — "ਸਾਲਿਆ ਅਜੀਬ ਕੀ, ਤੇਰੀ ਤਾਂ ਬਦਨਾਮੀ ਈ ਨਹੀਂ, ਦੁਰਗਤ ਵੀ ਹੋਣੀ ਚਾਹੀਦੀ ਏ। ਤੇਰੀ ਤੇ ਮਹੀਪਾਲ ਦੋਵਾਂ ਦੀ!"

"ਤਾਂ ਮਤਲਬ ਕਿ ਮੇਰੀ ਬਦਨਾਮੀ ਤੇ ਤੁਹਾਨੂੰ ਖ਼ੁਸ਼ੀ ਹੋਵੇਗੀ! ਤੇ ਤੁਸੀਂ ਮੇਰੇ ਜਿਗਰੀ ਦੋਸਤ ਹੋ! — ਕਿਉਂ?"

"ਦੋਸਤ ਆਂ ਤਾਂ ਕੀ, ਬੁਰਾਈਆਂ ਵਿਚ ਵੀ ਨਿਭਾਵਾਂਗਾ?"

"ਪਰ ਉਹਨਾਂ ਜ਼ੋਰ ਦੇ ਕੇ ਤਾਂ ਨਹੀਂ ਆਖਿਆ ਕਿ ਕਿਸੇ ਬੁਰੇ ਕੰਮ ਕਰ ਕੇ ਮੇਰੀ ਬਦਨਾਮੀ ਹੋਏਗੀ?"

"ਹਾਂ, ਤੇ ਉਂਜ ਤਾਂ ਇਹ ਵੀ ਆਖਿਆ ਕਿ ਬਦਨਾਮੀ ਸਹਿਣ ਪਿੱਛੋਂ ਤੇਰਾ ਬੜਾ ਨਾਂ ਹੋਏਗਾ।"

ਮਾੜਾ ਜਿਹਾ ਸਾਹ ਲੈ ਕੇ ਜੇਬ 'ਚੋਂ ਸਿਗਰਟ-ਕੇਸ ਕਢਦਿਆਂ ਹੋਇਆਂ ਸੱਜਨ ਨੇ ਕਿਹਾ — 'ਕਵੀ ਨਰਿੰਦਰ ਦੀ ਭਲਾ ਉਹ ਕੀ ਲਾਈਨ ਏ ਕਿ ਬੰਦ ਕਲੀ ਸਾ ਤੇਰਾ ਰਾਜ ਨਾ ਤੇਰੇ ਖੋਹਲੇ ਸੇ ਖੁੱਲ ਪਾਏਗਾ।'

ਕਰਨਲ ਵੱਲ ਸਿਗਰਟ ਕੇਸ ਕਰਦਿਆਂ, ਆਪਣੀ ਇਕ ਸਿਗਰਟ ਕੱਢੀ, ਅਤੇ ਉਹਨੂੰ ਮੂੰਹ ਵਿਚ ਲੈ ਕੇ ਬੋਲਿਆ — "ਵੈਸੇ ਮੈਂ ਜਨਮ ਕੁੰਡਲੀ ਵਿਖਾਉਣਾ ਅਸੂਲਨ ਪਸੰਦ ਨਹੀਂ ਕਰਦਾ। ਭਵਿੱਖ ਨੂੰ ਨਾ ਜਾਣਨਾ ਈ ਚੰਗਾ ਏ — ਕੱਲ੍ਹ ਦੀ ਚਿੰਤਾ ਵਿਚ ਸਾਡੀ ਅੱਜ ਦੀ ਖੇਡ ਫਿੱਕੀ ਪੈ ਜਾਂਦੀ ਏ।"

ਸਿਗਰਟ ਲਾਉਣ ਲਈ ਉਹ ਇਕ ਥਾਂ ਰੁਕ ਗਏ। ਸਿਗਰਟ ਲਾਈਟਰ ਜੇਬ ਵਿਚ ਰੱਖ ਕੇ ਸੱਜਨ ਅਤੇ ਕਰਨਲ ਅਗਾਂਹ ਹੋਏ ਹੀ ਸਨ ਕਿ ਇਕ ਨੌਕਰ ਕਿਸਮ ਦੇ ਆਦਮੀ ਨੇ ਸਾਹਮਣੇ ਆ ਕੇ ਉਹਨਾਂ ਨੂੰ ਸਵਾਲ ਕੀਤਾ — "ਬਾਊ ਜੀ, ਐਸ ਗਲੀ 'ਚ ਡਾਂਗਡਰ ਸਾਹਬ ਦੀ ਕੇਹੜੀ ਦੁਕਾਨ ਆ?"

ਕਰਨਲ ਨੇ ਪੁੱਛਿਆ — "ਜਿਹੜੇ ਡਾਕਟਰ ਬਾਰੇ ਪੁੱਛਦਾ ਏ ?"

"ਸਾਹਬ ਜਿਹੜਾ ਦਹੀਂ ਵੇਚਦਾ ਏ।"

ਸੁਣ ਕੇ ਸੱਜਨ ਤੇ ਕਰਨਲ ਦੋਵੇਂ ਤ੍ਰਭਕੇ; ਕਰਨਲ ਨੂੰ ਇਸ ਗੱਲ ਤੇ ਵੀ ਤਾਅ ਚੜ੍ਹਿਆ ਕਿ ਇਕ ਮਾਮੂਲੀ ਆਦਮੀ ਉਹਨਾਂ ਨਾਲ ਮਖ਼ੌਲ ਕਰ ਰਿਹਾ ਹੈ। ਬੋਲਿਆ — "ਬਦਤਮੀਜ਼ ਮਖ਼ੌਲ ਕਰਦਾ ਏਂ ?"

"ਨਹੀਂ ਸਰਕਾਰ" — ਪੁੱਛਣ ਵਾਲੇ ਨੇ ਦੋਵੇਂ ਕੰਨ ਫੜ ਕੇ ਹੱਥ ਜੋੜਦਿਆਂ ਹੋਇਆਂ ਕਿਹਾ — "ਮੈਂ ਤੇ ਆਪ ਬੜੇ ਫੇਰ 'ਚ ਪੈ ਗਿਆ, ਮੇਰੇ ਮਾਲਕ ਕਿਹਾ ਭਈ ਡਾਂਗਡਰ ਦੀ ਦੁਕਾਨ ਤੋਂ ਦਹੀਂ ਲਿਆ। ਮੇਰੀ ਕੀ ਗਲਤੀ..."

"ਬੜਾ ਬੇਵਕੂਫ਼ ਏ ਤੇਰਾ ਮਾਲਕ, ਕਿਤੇ ਡਾਕਟਰ ਦੀ ਦੁਕਾਨ ਤੇ ਦੁੱਧ ਦਹੀਂ ਮਿਲਦਾ ਏ ?" ਕਰਨਲ ਨੇ ਕਿਹਾ ਅਤੇ ਅਗਾਂਹ ਹੋਇਆ।

ਇਕ ਲਾਲੇ ਹੋਰਾਂ ਜਾਂਦਿਆਂ ਸੁਣਿਆ, ਅਤੇ ਨੌਕਰ ਨੂੰ ਪੁੱਛਿਆ — "ਡਾਕਟਰ ਹਲਵਾਈ ਬਾਰੇ ਪੁੱਛਦਾ ਏ ? — ਉਹ ਖੱਬੇ ਹੱਥ ਦੁਕਾਨ ਏ।"

ਨੌਕਰ ਗੁਆਚੀਆਂ ਨਜ਼ਰਾਂ ਨਾਲ ਹਲਵਾਈ ਦੀ ਦੁਕਾਨ ਵੇਖਣ ਦੀ ਕੋਸ਼ਿਸ਼ ਕਰਨ ਲੱਗਾ। ਲਾਲੇ ਹੋਰੀ ਬੋਲੇ — "ਓਏ ਔਹ। ਰਾਸ਼ਨ ਦੀ ਦੁਕਾਨ ਪਿੱਛੋਂ ਸਬਜ਼ੀ ਵਾਲਿਆਂ ਦੀਆਂ ਦੁਕਾਨਾਂ ਨਹੀਂ ਦੀਹਦੀਆਂ — ਬੱਸ, ਉਥੇ ਈ ਏ।"

ਕਰਨਲ ਅਤੇ ਸੱਜਨ ਅਗਾਂਹ ਤੁਰ ਪਏ। — "ਚੰਗਾ ਮਜ਼ਾਕ ਏ ਕਿ ਹਲਵਾਈ ਦਾ ਨਾਮ ਵੀ ਡਾਕਟਰ।"

ਸੱਜਨ ਬੋਲਿਆ — "ਜਦ ਇਕ ਦਵਾ ਵੇਚਣ ਵਾਲਾ ਕਰਨਲ ਹੋ ਸਕਦਾ ਏ ਤਾਂ..."

"ਮੈਨੂੰ ਪਤਾ ਸੀ ਤੂੰ ਇਹ ਜ਼ਰੂਰ ਕਹੇਂਗਾ", ਝਿਜਕ ਨਾਲ ਹੱਸਦਿਆਂ ਹੋਇਆਂ ਕਰਨਲ ਨੇ ਕਿਹਾ।

ਡਾਕਟਰ ਨਾਂ ਦੇ ਹਲਵਾਈ ਨੂੰ ਵੇਖਣ ਦੀ ਚੁਲਬੁਲੀ ਇੱਛਾ ਨਾਲ ਸੱਜਨ ਗਲੀ ਦੀਆਂ ਦੋਵਾਂ ਪਾਸਿਆਂ ਦੀਆਂ ਦੁਕਾਨਾਂ ਵੇਂਹਦਾ ਤੁਰਨ ਲੱਗਾ। ਕੁੱਤੇ, ਗਾਵਾਂ, ਤੰਗ ਜਿਹੀ ਭੀੜ ਨਾਲ ਭਰੀ ਗਲੀ ਵਿਚ ਵੀ ਸਾਈਕਲ ਸਵਾਰੀ ਦੇ ਕਰਤਵ ਵਿਖਾਉਂਦੇ ਹੋਏ ਆਦਮੀ, ਭਾਂਤ ਭਾਂਤ ਦੀਆਂ ਗੱਲਾਂ, ਔਰਤਾਂ ਮਰਦਾਂ ਦੀ ਆਵਾਜਾਈ ਨਾਲ ਗਲੀ ਦਾ ਬਾਜ਼ਾਰ ਗੁਲਜ਼ਾਰ ਬਣਿਆ ਹੋਇਆ ਸੀ। ਇਸ ਗਲੀ ਵਿਚ ਸ਼ਾਸ਼ਤਰੀ ਜੀ ਦੀ ਗਲੀ ਤੋਂ ਉਲਟ ਧੁੱਪ ਵੀ ਕਾਫ਼ੀ ਹੱਦ ਤਕ ਪੱਸਰੀ ਹੋਈ ਸੀ, ਖਬੇ ਪਾਸੇ ਦੀ ਪਣਚੱਕੀ ਵਿਚ ਆਟੇ ਦੀ ਧੂੜ ਨਾਲ ਚਿੱਟਾ ਗੁੱਟ ਬਣੇ ਹੋਏ ਮਜ਼ਦੂਰ ਨੂੰ ਵੇਖ ਕੇ ਸੱਜਨ ਨੂੰ ਮਜ਼ਾ ਆਇਆ। ਸੱਜੇ ਹੱਥ ਇਕ ਤੰਗ ਜਹੀ ਗਲੀ ਮਿਲੀ, ਫਿਰ ਦਰਜ਼ੀ ਦੀ ਦੁਕਾਨ, ਮਸ਼ੀਨ ਦੀ ਸੜਸੜੇ ਕਰਦੀ ਗੂੰਜ, ਮਹਿੰਦੀ ਰੰਗੀ ਦਾਹੜੀ ਵਾਲੇ ਖ਼ਲੀਫ਼ਾ ਜੀ ਦਰਵਾਜ਼ੇ

ਵਿਚ ਬੈਠੇ ਹੋਏ ਸੂਈ ਚਲਾ ਰਹੇ ਸਨ। ਉਹਨਾਂ ਅੱਗੇ ਮਿੱਟੀ ਦੇ ਥੱਲੇ ਵਾਲਾ ਹੁੱਕ ਪਿਆ ਹੋਇਆ ਸੀ। ਕਾਰੀਗਰ ਸ਼ਾਗਿਰਦ ਕਟਾਈ ਸਿਲਾਈ ਕਰ ਰਹੇ ਸਨ। ਦਰਜ਼ੀ ਦੀ ਦੁਕਾਨ ਪਿੱਛੋਂ ਇਕ ਘਰ ਦਾ ਦਰਵਾਜ਼ਾ, ਫਿਰ ਦਰਜ਼ੀ, ਸ਼ਬਜ਼ੀ ਵਾਲੇ, ਮਨਿਆਰ, ਵੈਦ, ਫਿਰ ਮਕਾਨ, ਦੋ ਆਨਿਆਂ ਦੀ ਸੌਗੀ ਦਈਂ। ਭਈ ਮੇਰਾ ਸੌਦਾ ਲਿਆ। ਹਾ, ਲਉ ਜੀ ! ਓਏ, ਫਟਕੜੀ ਕੱਢੀਂ ਅੰਦਰੋਂ।...' ਆਦਿ ਦੇ ਰੌਲੇ ਪਿੱਛੋਂ ਰਾਜਵੈਦ ਦੀ ਪਦਵੀ ਵਾਲੇ ਸਾਈਨ ਬੋਰਡ ਵਾਲੇ ਪੱਗੜ ਧਾਰੀ ਵੈਦਰਾਜ ਆਪਣੀ ਮਰੀਜ਼ਾਂ ਤੋਂ ਸੱਖਣੀ ਦੁਕਾਨ ਵਿਚ ਬੈਠੇ ਹੋਏ ਦਿਸੇ; ਫਿਰ ਖਟੀਕਾਂ ਦੀਆਂ ਦੁਕਾਨਾਂ, ਦਾੜ੍ਹੀ-ਮੁੱਛ-ਰਗੜਾ, ਜ਼ਨਾਨੀ ਧੋਤੀ ਪਾਈ ਇਕ ਖੁਸਰਾ ਬੈਠਾ ਪਾਨ ਲਾ ਰਿਹਾ ਸੀ। ਇਸ ਤੋਂ ਪਿੱਛੋਂ ਹੀ, ਹਲਵਾਈ ਸ਼ਰੋਮਣੀ ਡਾਕਟਰ ਦੀ ਦੁਕਾਨ ਆਈ। ਦੁਕਾਨ ਵੱਡੀ ਸੀ; ਗੱਦੀ ਤੇ ਗਣੇਸ਼ ਜੀ ਨਾਲੋਂ ਵੀ ਸਵਾਏ, ਰੰਗ ਵਿਚ ਹਬਸ਼ੀਆਂ ਨਾਲੋਂ ਵੀ ਚਾਰ ਚਾਸ਼ਨੀਆਂ ਵਧ, ਉੱਨ ਦੇ ਕੰਨਟੋਪ ਨਾਲ ਪੂਰਾ ਮੂੰਹ ਢੱਕੀ ਬੈਠੇ ਡਾਕਟਰ ਸਾਹਿਬ ਜਲੇਬੀ ਤੋਲ ਰਹੇ ਸਨ। ਉਹਨੂੰ ਵੇਖ ਕੇ ਸੱਜਨ ਬੜਾ ਪ੍ਰਸੰਨ ਹੋਇਆ। ਕਰਨਲ ਨੂੰ ਕਹਿਣ ਲੱਗਾ — "ਯਾਰ, ਇਹਦੇ ਕੋਲੋਂ ਤਾਂ ਜ਼ਰੂਰ ਕੁਝ ਖ਼ਰੀਦਾਂਗੇ। ਆਦਮੀ ਕੀ ਏ, ਚੰਗਾ ਖ਼ਾਸਾ ਜਪਾਨੀ ਤੋਪ ਦਾ ਗੋਲਾ ਏ।"

ਥੜੇ ਤੇ ਪਿੱਤਲ ਦਾ ਜੰਗਲਾ ਲਾ ਕੇ ਮਠਿਆਈ ਦੇ ਥਾਲ ਸਜਾਏ ਗਏ ਸਨ। ਸ਼ਿਵ ਜੀ, ਹਨੂਮਾਨ ਜੀ, ਗਾਂਧੀ, ਨਹਿਰੂ, ਨੇਤਾ ਜੀ, ਸ਼ਿਵਾ ਜੀ ਅਤੇ ਰਾਣਾ ਪ੍ਰਤਾਪ ਦੀਆਂ ਤਸਵੀਰਾਂ ਟੰਗੀਆਂ ਸਨ। ਸ਼ਿਵ ਜੀ ਦੇ ਚਿੱਤਰ ਉਤੇ ਫੁੱਲਾਂ ਦਾ ਹਾਰ ਵੀ ਟੰਗਿਆ ਹੋਇਆ ਸੀ, ਬਾਹਰ ਪਿੱਤਲ ਦੀਆਂ ਜ਼ੰਜੀਰਾਂ ਵਿਚ ਦੋ ਘੰਟੇ ਲਟਕ ਰਹੇ ਸਨ। ਉਸ ਵੇਲੇ ਦੁਕਾਨ ਤੇ ਮਾਮੂਲੀ ਜਹੀ ਭੀੜ ਸੀ। ਕਰਨਲ ਬੋਲਿਆ — "ਜਲੇਬੀਆਂ ਲਈ ਚੱਲੋ।" ਕੰਨ ਟੋਪ ਦੇ ਛੇਕ ਵਿਚ ਡਾਕਟਰ ਸਾਹਿਬ ਦਾ ਪਹੀਆ ਫਿਰਿਆ ਹੋਇਆ ਫੀਨਾ ਨੱਕ, ਚਿੜੀ ਵਰਗੀਆਂ ਅੱਖਾਂ, ਪਰ ਚਾਂਦੀ ਦੀ ਕਮਾਨੀ ਵਾਲੀ ਐਨਕ, ਕਰੜ ਬਰੜੀਆਂ ਮੁੱਛਾਂ ਅਤੇ ਮੋਟੇ ਬੁੱਲ੍ਹ ਜਿਨ੍ਹਾਂ 'ਚੋਂ ਪਾਨ ਦੀ ਥੁੱਕ ਵਗ ਰਹੀ ਸੀ ਦਿਸਦੇ ਸਨ। ਗਾਹਕ ਪੰਜ ਸੱਤ ਹੀ ਸਨ, ਪਰ ਹੁੱਲੜ ਬੜਾ ਸੀ। ਡਾਕਟਰ ਦਾ ਹੱਥ ਨੌਂ ਦਿਨਾਂ ਵਿਚ ਢਾਈ ਕੋਹ ਦੀ ਸਪੀਡ ਨਾਲ ਚਲ ਰਿਹਾ ਸੀ ਅਤੇ ਜ਼ਬਾਨ ਡਾਕ ਗੱਡੀ ਬਣੀ ਹੋਈ ਸੀ। ਸੱਜਨ ਨੇ ਜਲੇਬੀ, ਆਲੂਆਂ ਦੇ ਲੱਛੇ ਅਤੇ ਸੇਮ ਦੀ ਦਾਲ ਦਾ ਆਡਰ ਦਿਤਾ।

ਪਿੱਠ ਪਿੱਛੇ, ਗਲੀ ਦੇ ਦੂਸਰੇ ਪਾਸੇ ਮਕਾਨ ਦੇ ਥੜੇ ਤੇ ਬੈਠੇ ਧੁੱਪ ਸੇਕਦੇ ਇਕ ਪਿਲਪਲੇ ਬੁੱਢੇ ਨੇ ਕਿਸੇ ਨੂੰ ਕਿਹਾ — "ਓਏ ਜਵਾਨੀ ਤਾਂ ਸਾਰੇ ਸ਼ੌਕ ਨਾਲ ਕੱਟ ਲੈਂਦੇ ਹਨ, ਪਰ ਬੁਢਾਪਾ ਕੱਟਣਾ ਵੱਡੇ ਮਰਦ ਦਾ ਕੰਮ ਏਂ। ਦੰਦ ਰਹੇ ਨਹੀਂ, ਕੰਨੋਂ ਸੁਣਿਆ ਨਹੀਂ ਜਾਂਦਾ, ਅੱਖਾਂ 'ਚੋਂ ਦੀਹਦਾ ਘਟ,......ਹੱਥਾਂ ਪੈਰਾਂ ਵਿਚ, ਹੱਡੀ ਹੱਡੀ

ਵਿਚ ਅਜੇਹਾ ਦਰਦ ਹੁੰਦਾ ਹੈ ਸਹੁਰਾ ਕਿ ਸਭ ਵੱਡੇ ਵਡੇਰੇ ਮਾਂ ਬਾਪ ਯਾਦ ਆ ਜਾਂਦੇ ਨੇ।......ਤੇ ਕੋਈ ਪਾਣੀ ਤਕ ਨਹੀਂ ਪੁੱਛਣ ਵਾਲਾ — ਬੁੱਢਾ ਵਾਰਾ ਕੱਟਣਾ ਤੱਕੜ ਸੂਰਮੇਂ ਦਾ ਕੰਮ ਏ। ਭਰਾਵਾ ਹਰ ਕੋਈ ਨਹੀਂ ਕਟ ਸਕਦਾ! — ਮੇਰੀ ਤਿਰਾਨਵੇਂ ਵਰ੍ਹਿਆਂ ਦੀ ਉਮਰ ਹੋ ਗਈ। ਰੱਬ ਦੇ ਘਰ ਮੇਰਾ ਕਾਗਤ ਈ ਸਹੁਰਾ ਗੁਆਚ ਗਿਆ ਏ। ਖਊਂ, ਖਊਂ, ਖਊਂ!"

ਸੱਜਨ ਖਲੋਤਾ ਸੁਣਦਾ ਰਿਹਾ। ਉਹਦੇ ਮਨ ਤੇ ਸੁਭਾਉਕੀ ਇਹਨਾਂ ਗੱਲਾਂ ਦਾ ਪ੍ਰਭਾਵ ਪਿਆ — ਕਿਸੇ ਦਿਨ ਉਹ ਵੀ ਬੁੱਢਾ ਹੋਏਗਾ। ਸ਼ਾਇਦ ਏਨਾ ਬੁੱਢਾ ਈ ਹੋਏ!... ਸੱਚ ਕਹਿ ਰਹੇ ਨੇ ਇਹ ਬਜ਼ੁਰਗ, ਬੁਢਾਪਾ ਕੱਟਣਾ ਤਕੜੇ ਸੂਰਮੇ ਦਾ ਕੰਮ ਏ।

"ਬਾਂਊਂ ਜੀਂ, ਉਂਦਨ ਦੇਂ ਪੈਂਸੇ ਨਈਂ ਦੇਂ ਗਏਂ ਛੇਂ ਅਂਨੇ — ਰਬੜੀ ਦੇਂ।"

"ਕਿਹਨੂੰ ਕਹਿ ਰਹੇ ਓ?" ਸੱਜਨ ਵਲ ਇਸ਼ਾਰਾ ਕਰ ਕੇ ਕਰਨਲ ਨੇ ਡਾਕਟਰ ਨੂੰ ਪੁੱਛਿਆ। ਸੱਜਨ ਤ੍ਰਭਕ ਕੇ ਉਧਰ ਵੇਖਣ ਲੱਗਾ, ਬੋਲਿਆ — "ਮੈਂ ? ਮੈਂ ਤਾਂ ਤੁਹਾਡੀ ਦੁਕਾਨ ਤੇ ਪਹਿਲਾਂ ਕਦੇ ਆਇਆ ਵੀ ਨਹੀਂ।"

"ਵਾਂਹ! ਤੂੰ ਈਂ ਤਾਂ ਲੈਂ ਗਿਆਂ ਸੈਂ ਰਬੜੀ — ਅਜੇਂ ਪਰਸੋਂ ਬੀਤੇਂ ਦਿਨ ਦੀ ਗੱਲ ਏ। ਏਹ ਨਾਂ ਸਮਝੀਂ ਪਈਂ ਡਾਕਟਰ ਨੂੰ ਕੁਝ ਯਾਦ ਨਈ ਰਹਿੰਦਾ। ਆਹੋਂ।"

ਇਹ ਅਣਹੋਣਾ ਝਗੜਾ ਸੁਣ ਕੇ ਸੱਜਨ ਦਾ ਚੇਹਰਾ ਭੱਖ ਉੱਠਿਆ। ਕੋਲ ਹੀ ਅੱਖਾਂ ਵਿਚ ਸੁਰਮਾ ਪਾਈ, ਮੂੰਹ ਵਿਚ ਪਾਨ ਲਈ, ਰੂੰ ਦਾ ਮਿਰਜ਼ਈ ਕੰਨਟੋਪ ਪਾਈ ਇਕ ਗੋਰੇ ਜਿਹੇ ਲਾਲਾ ਜੀ ਖਲੋਤੇ ਹੋਏ ਸਨ, ਉਹਨਾਂ ਨੇ 'ਚੰਗੇ ਸ਼ਰੀਫ਼ ਲੱਗਣ ਵਾਲੇ ਆਦਮੀ' ਜਾਪਦੇ ਸੱਜਣ ਦੀ ਪ੍ਰੇਸ਼ਾਨੀ ਸਮਝ ਕੇ ਡਾਕਟਰ ਨੂੰ ਡਾਂਟਿਆ — "ਡਾਕਟਰ, ਸੱਤੂਰ ਬਹੱਤਰ ਗਿਆ ਏਂ ? ਆਦਮੀ ਆਦਮੀ ਦੀ ਪਛਾਣ ਈ ਨਹੀਂ ਰਹਿੰਦੀ ਅਫ਼ੀਮ ਦੀ ਪੀਨਕ ਵਿਚ ?"

ਸੱਜਨ ਉਹਦੇ ਵੱਲ ਵੇਖ ਕੇ ਆਪਣੀ ਸਫ਼ਾਈ ਦੇਣ ਲੱਗਾ — "ਮੈਂ ਅੱਜ ਪਹਿਲੀ ਵਾਰ ਹੀ ਏਥੇ ਕੁਝ ਖ਼ਰੀਦਣ ਆਇਆ ਹਾਂ।"

"ਪਹਿਲੀ ਵਾਂਰ ?" ਰੋਂਜ ਤਾਂ ਸਾਡੋ ਕੋਲੋਂ ਹੁਧਾਰ ਲੈਂ ਜਾਂਦਾ ਏਂ ?

ਕਰਨਲ ਨੇ ਹੱਸ ਕੇ ਕਿਹਾ — "ਬਈ ਤੈਨੂੰ ਕਿਸੇ ਹੋਰ ਦਾ ਸ਼ਕ ਹੋ ਗਿਆ ਹੈ ਡਾਕਟਰ ਸਾਹਿਬ! ਇਹਦੀ ਨਬਜ਼ ਵਿਚ ਤਾਂ ਰਬੜੀ ਨਹੀਂ, ਪੁਡਿੰਗ ਬੋਲਦਾ ਹੈ। ਕੀ ਸਮਝਿਆ ?"

ਨੌਕਰ ਨੇ ਗਰਮ ਜਲੇਬੀਆਂ ਦਾ ਥਾਲ ਡਾਕਟਰ ਕੋਲ ਲਿਆ ਕੇ ਰੱਖਦਿਆ ਹੋਇਆਂ ਕਿਹਾ — "ਵਾਧੂ ਦੀ ਹੁੱਜਤ ਕਰਦਾ ਏਂ ਲਾਲਾ। ਇਹ ਨਈ ਐਂ ?"

ਹੱਥ ਮਾਰ ਕੇ ਡਾਕਟਰ ਆਪਣੇ ਨੌਕਰ ਨਾਲ ਹੀ ਚਿੜਚਿੜ ਕਰਨ ਲੱਗਾ — "ਵਾਂ! ਉੱਲੂ ਦਾਂ ਪੱਠਾਂ ਮੈਨੂੰ ਸਮਝਾਉਂਦਾਂ ? ਏਂਹ ਬੀਮਾ ਵਾਲੇ ਦਾ ਪੁੱਤਰ ਹੈ

ਕਿ ਨਹੀਂ ?"

ਲਾਲਾ ਜੀ ਹੱਸ ਕੇ ਬੋਲੇ — "ਯਾਰ ਡਾਕਟਰ ਇੱਟ ਦੀ ਐਨਕ ਬਣਵਾ ਇੱਟ ਦੀ ! ਪੱਥਰ ਦੀ ਐਨਕ ਨਾਲ ਤੇਰੇ ਵਰਗੇ ਅਫੀਮੀਆਂ ਦਾ ਕੰਮ ਨਹੀਂ ਚਲਣਾ !"

ਫਿਰ ਹੱਸਦਾ ਹੱਸਦਾ ਸੱਜਨ ਤੇ ਕਰਨਲ ਨੂੰ ਆਖਣ ਲੱਗਾ — "ਇਹਦੀ ਇਹ ਪੁਰਾਣੀ ਆਦਤ ਏ ਬਾਊ ਸਾਹਿਬ ! ਰਾਤ ਵੇਲੇ ਪੀਨਕ ਵਿਚ ਕਿਸੇ ਨੂੰ ਸੌਦਾ ਘਟ ਤੋਲ ਕੇ ਦੇਂਦਾ ਏ, ਕਿਸੇ ਨੂੰ ਜ਼ਿਆਦਾ । ਇਹਦੇ ਤੋਂ ਰਾਤ ਵੇਲੇ ਹੁਦਾਰ ਕੋਈ ਲੈ ਜਾਂਦਾ ਏ, ਸਵੇਰੇ ਝਗੜਾ ਕਿਸੇ ਹੋਰ ਨਾਲ ਕਰਦਾ ਏ । ਰੋਜ਼ ਦਿਹਾੜੀ ਤੂੰ ਤੂੰ ਮੈਂ ਮੈਂ ਲੱਗੀ ਰਹਿੰਦੀ ਏ ਇਹਦੇ ਕੋਲ। ਵਾਹ ਡਾਕਟਰ ਯਾਰ, ਸ਼ਹਿਰ ਭਰ ਵਿਚ ਤੇਰਾ ਵੀ ਜਵਾਬ ਨਹੀਂ ।"

ਕਰਨਲ ਹੱਸ ਕੇ ਬੋਲਿਆ — "ਹਾਂ ਹਾਂ ਜ਼ਿਆਦਾ ਆਰਟਿਸਟਪੁਣਾ ਮੇਰੇ ਸਾਹਮਣੇ ਨਾ ਵਿਖਾ । ਸਾਲੇ ਜ਼ਮਾਨੇ ਭਰ ਦੀ ਗੰਦਗੀ, ਜਹਾਲਤ ਤਾਂ ਏਥੇ ਹੀ ਪਲਦੀ ਏ । ਤੂੰ ਕਰੈਕਟਰ ਲਈ ਫਿਰਦਾ ਏਂ ।"

ਸੱਜਨ ਨੂੰ ਕਰਨਲ ਦੀ ਗੱਲ ਚੁਭੀ, ਪਰ ਉਹਦੇ ਵਿਚ ਸੱਚਾਈ ਵੀ ਸੀ, ਜਿਸ ਨੂੰ ਝੁਠਲਾਉਣ ਲਈ ਸੱਜਨ ਕੋਲ ਕੋਈ ਜਵਾਬ ਨਹੀਂ ਸੀ ।

ਦੋਵੇਂ ਤੁਰਦੇ ਗਏ। ਕਰਨਲ ਬੋਲਿਆ — "ਸਹੁਰੇ ਮਹੀਪਾਲ ਦਾ ਕੋਈ ਪਤਾ ਈ ਨਹੀਂ ਲਗ ਰਿਹਾ ਕੱਲ੍ਹ ਤੋਂ । ਕੱਲ੍ਹ ਤੋਂ ਕੀ, ਮੇਰੀ ਤਾਂ ਪਰਸੋਂ ਦੁਪਹਿਰ ਪਿੱਛੋਂ ਮੁਲਾਕਾਤ ਈ ਨਹੀਂ ਹੋਈ ।"

"ਪਰਸੋਂ ਰਾਤ ਮੇਰੇ ਕੋਲ ਆਇਆ ਸੀ । ਆਪਣੇ ਪੁੱਠੇ ਤਵੇ ਨਾਲ ।"

"ਹਾਂ ਹਾਂ, ਉਹਦਾ ਤਾਂ ਮੈਨੂੰ ਪਤਾ ਏ । ਵੱਡੇ ਦਿਨ ਦਾ ਜਸ਼ਨ ਮਨਾ ਰਹੇ ਹੋਣਗੇ ਸ਼ੁਕਲ ਜੀ ਮਹਾਰਾਜ । ਤੜੇ ਸਵੇਰੇ ਦੇਰ ਤਕ ਸੁੱਤਾ ਰਹਿੰਦਾ ਏ ।"

"ਸੌਣ ਦੇ ਯਾਰ" — ਸੱਜਨ ਨੇ ਕਿਹਾ — "ਇਨਸਾਨ ਦਾ ਤੜਫਦਾ ਦਿਲ ਜਾਗੋ ਮੀਟੇ ਦਾ ਸ਼ਿਕਾਰ ਹੋ ਜਾਏ ਤਾਂ ਇਹਦੇ ਵਿਚ ਦੁਨੀਆਂ ਦਾ ਕੀ ਹਰਜ਼ ਏ ? ਵਿਚਾਰਾ ਬੜਾ ਪ੍ਰੇਸ਼ਾਨ ਰਹਿੰਦਾ ਏ ।"

ਆਪਣੀ ਗਲੀ ਵਿਚ ਆਏ ਤਾਂ ਵੇਖਿਆ ਥੜ੍ਹੇ ਉੱਤੇ ਮਹਿਫ਼ਲ ਲੱਗੀ ਹੋਈ ਸੀ । ਅੱਜ ਮੰਗਲਵਾਰ ਹੋਣ ਕਾਰਨ ਬਸੰਤੂ ਮਾਲੀ ਵੀ ਫੁੱਲ ਪ੍ਰਸ਼ਾਦ ਲਈ ਬੈਠਾ ਸੀ ਅਤੇ ਉਥੇ ਹੀ ਪੰਡਤ ਮਹੀਪਾਲ ਸ਼ੁਕਲ ਵੀ ਚੌਕੜ ਮਾਰ ਕੇ ਗੱਪਾਂ ਮਾਰ ਰਿਹਾ ਸੀ । ਬਾਊ ਛੇਦਾ ਲਾਲ ਨੇ ਦੂਰੋਂ ਹੀ ਦੋਵਾਂ ਨੂੰ ਆਉਂਦਿਆਂ ਵੇਖ ਕੇ "ਵਾਜ਼ ਮਾਰੀ — "ਆਓ ਆਓ, ਤੁਹਾਡੀ ਈ ਕਸਰ ਸੀ ਬਾਕੀ !"

ਸੱਜਨ ਨੇ ਸਭ ਨੂੰ ਹੱਥ ਜੋੜੇ । ਕਰਨਲ ਹੱਸਦਾ ਹੋਇਆ ਬਾਊ ਗੁਲਾਬ ਚੰਦ ਦੀ ਕੁਰਸੀ ਦੇ ਪਿੱਛੇ ਖਲੋ ਕੇ ਉਹਦੇ ਸਿਰ ਤੇ ਮਾੜੀ ਜਹੀ ਪਟੋਕੀ ਮਾਰ ਕੇ ਬੋਲਿਆ —

"ਹਾਂ ਜੀ ਸੁਪਰਿਨਟੈਂਡੈਂਟ ਸਾਹਿਬ, ਕੀ ਬਣ ਰਿਹਾ ਏ ? ਤੈਨੂੰ ਪਤਾ ਏ ਸੱਜਨ, ਗੁਲਾਬੂ ਮੇਰਾ ਗਾਲਾਂ ਦਾ ਰਿਸ਼ਤੇਦਾਰ ਏ..."

ਗੁਲਾਬ ਚੰਦ ਦੇ ਜਵਾਬ ਦੇਣ ਤੋਂ ਪਹਿਲੋਂ ਹੀ ਲਾਲਾ ਮੁਕੰਦੀਮਲ ਹੁੱਕਾ ਛੱਡ ਕੇ ਬੋਲਿਆ — "ਓ ਭਾਈ ਨਗੀਨ ਚੰਦ !"

"ਜੀ ਲਾਲਾ ਜੀ ?" ਕਰਨਲ ਨੇ ਜਵਾਬ ਦਿਤਾ।

ਲਾਲਾ ਹੋਰਾਂ ਦੀ ਗੱਲ ਵਿਚੋਂ ਹੀ ਰਾਧੇ ਸ਼ਿਆਮ ਨੇ ਛੇਦਾ ਲਾਲ ਨੂੰ ਦੋ ਕੁਰਸੀਆਂ ਮੰਗਵਾਉਣ ਲਈ ਕਿਹਾ — ਛੇਦਾ ਲਾਲ ਨੇ ਆਪਣੇ ਘਰ ਆਵਾਜ਼ ਦਿਤੀ।

ਲਾਲੇ ਨੇ ਕਰਨਲ ਨੂੰ ਪੁੱਛਿਆ — "ਵਿਜੇ ਲਕਸ਼ਮੀ ਪੰਡਤ ਦਾ ਸਵਾਗਤ ਕਰਨ ਲਈ ਸਟੇਸ਼ਨ ਤੇ ਨਹੀਂ ਗਿਆ ? ਤੂੰ ਤਾਂ ਕੀ ਨਾਂ ਏ ਕਾਂਗਰਸ ਦਾ ਬੜਾ ਭਗਤ ਏਂ।"

"ਹਾਂ ਲਾਲਾ ਜੀ, ਵਿਚਾਰ ਤਾਂ ਬਣਾਇਆ ਸੀ ਪਹਿਲਾਂ। ਫਿਰ ਸੋਚਿਆ ਜਨਸੰਘ ਵਲੋਂ ਕੋਈ ਏਹੋ ਜਿਹੀ ਨਾਮੀ ਔਰਤ ਤਾਂ ਆਉਣੀ ਨਹੀਂ। ਇਸ ਲਈ ਜੇ ਮੈਂ ਗਿਆ ਤਾਂ ਤੁਹਾਨੂੰ ਬੁਰਾ ਲੱਗਣਾ ਏਂ।"

ਸੱਜਨ ਮਹਾਂਬੀਰ ਦੇ ਮੰਡਪ ਨਾਲ ਲੱਗ ਕੇ ਮਹੀਪਾਲ ਨਾਲ ਜਾ ਬੈਠਾ ਸੀ। ਮਹੀਪਾਲ ਨੇ ਨੀਵਾਂ ਹੋ ਕੇ ਉਹਦੇ ਕੰਨ ਵਿਚ ਪੁੱਛਿਆ — "ਹੱਥ ਵਿਚ ਕੀ ਏ ?"

"ਜਲੇਬੀਆਂ ! ਕਲ੍ਹ ਸ਼ਾਮ ਸ਼ੀਲਾ ਵਲ ਸੈਂ ?" ਸੱਜਨ ਨੇ ਵੀ ਓਸੇ ਤਰ੍ਹਾਂ ਹੌਲੀ ਜਹੀ ਪੁੱਛਿਆ।

ਮਹੀਪਾਲ ਨੇ ਹੱਸ ਕੇ ਧੌਣ ਹਲਾਈ। ਸੱਜਨ ਵੀ ਮੁਸਕ੍ਰਾਇਆ। ਉਸ ਵੇਲੇ ਲਾਲਾ ਮੁਕੰਦੀਮਲ ਕਰਨਲ ਦੇ ਮਖ਼ੌਲ ਦਾ ਜਵਾਬ ਦੇ ਰਿਹਾ ਸੀ — "ਲੈ, ਮੈਨੂੰ ਕਿਉਂ ਬੁਰਾ ਲੱਗਣਾ ਭਾਈ। ਸਾਡੀ ਜਨਸੰਘ ਵਿਚ ਨਾ ਸਹੀ, ਪਰ ਸਾਡੇ ਵਾਰਡ ਵਿਚ ਤਾਂ ਏਹੋ ਜਿਹੀ ਨਾਮੀ ਔਰਤ ਨਿਕਲਣ ਵਾਲੀ ਏ ਕਮਿਊਨਿਸਟਾਂ ਵਿਚ। ਘਰ ਵਿਚ ਈ ਹਨੇਰ ਮਚਾ ਦਿਤਾ ਸਹੁਰਾ।"

ਸੱਜਨ ਦੇ ਕੰਨ ਵੱਜੇ। ਲਾਲਾ ਮੁਕੰਦੀਮਲ ਬਾਊ ਛੇਦਾ ਲਾਲ ਵੱਲ ਵੇਖ ਕੇ ਬੋਲਿਆ — "ਬਈ, ਉਹ ਅਖ਼ਬਾਰ ਕਿੱਥੇ ਏ ਭੇਦ ਭਰੀ ਘਟਨਾ ਵਾਲੀ ?"

"ਕੋਈ ਕਮਿਊਨਿਸਟਾਂ ਦਾ ਅਖ਼ਬਾਰ ਨਿਕਲਿਆ ?" ਕਰਨਲ ਨੇ ਉਤਸੁਕਤਾ ਵਿਖਾਉਂਦਿਆਂ ਹੋਇਆਂ ਛੇਦਾ ਲਾਲ ਨੂੰ ਪੁੱਛਿਆ।

ਛੇਦਾ ਲਾਲ ਨੇ ਜੇਬ 'ਚੋਂ ਅਖ਼ਬਾਰ ਕੱਢੀ। ਬਾਊ ਰਾਧੇ ਸ਼ਿਆਮ ਬੋਲਿਆ — "ਵੇਖੋ ਜੀ, ਸਰਾਸਰ ਸਾਲਗ ਰਾਮ ਦੀ ਬਦਮਾਸ਼ੀ ਏ। ਇਲੈਕਸ਼ਨ ਦੇ ਚੱਕਰ ਵਿਚ ਗੁਨਾਹਗਾਰ ਨੂੰ ਛਡਵਾ ਕੇ ਬੇਨਗੁਾਹ..."

"ਇਹ ਤੁਸੀਂ ਕਿੰਜ ਆਂਹਦੇ ਓ ? ਮਰਨ ਵਾਲੀ ਨੇ ਆਪ ਬਿਆਨ ਦਿਤਾ ਏ।" ਪਰਚਾ ਖੋਹਲਿਆ ਛੇਦਾ ਲਾਲ ਬੋਲਿਆ।

"ਸਟੇਟਮੈਂਟ ਨਹੀਂ ਸੁਆਹ..."

ਛੇਦਾ ਲਾਲ ਦਾ ਨੌਕਰ ਦੋ ਫੋਲਡਿੰਗ ਕੁਰਸੀਆਂ ਲੈ ਕੇ ਆ ਗਿਆ। ਲਾਲਾ ਮੁਕੰਦੀਮਲ ਨੇ ਗੱਲ ਟੋਕ ਕੇ ਆਖਿਆ — "ਬਈ, ਪਹਿਲੋਂ ਸੁਣਨ ਤੇ ਦੇ। ਗੁਲਾਬ ਚੰਦ, ਤੂੰ ਪੜ੍ਹ। ਤੂੰ ਜ਼ਰਾ ਚੰਗੀ ਤਰ੍ਹਾਂ ਸੁਣਾਏਂਗਾ।"

ਗੁਲਾਬ ਚੰਦ ਬੋਲਿਆ — "ਪੰਡਤ ਜੀ ਨੂੰ ਦਿਉ, ਪੰਡਤ ਜੀ ਨੂੰ, ਏਨੇ ਵੱਡੇ ਲੇਖਕ ਨੇ — ਮੈਂ ਕੀ ਸੁਣਾਵਾਂਗਾ।"

"ਹਾਂ ਹਾਂ ਮਹੀਪਾਲ ਸੁਣਾ, ਤੂੰ ਈਂ ਸੁਣਾ।"

ਲਾਲਾ ਮੁਕੰਦੀਮਲ ਨੇ ਆਪਣੇ ਘਰ ਵਲ ਮੂੰਹ ਕਰ ਕੇ ਵਾਜ ਦਿਤੀ — "ਓਏ ਭਗੌਤੀਏ! ਛੇਤੀ ਨਾਲ ਪਾਨ ਦੇ ਜਾ।......ਹਾਂ ਪੰਡਤ ਜੀ ਮਹਾਰਾਜ, ਸੁਣਾਓ!"

ਮਹੀਪਾਲ ਪੜ੍ਹਨ ਲੱਗਾ — "ਭੇਦ ਖੁਲ੍ਹ ਗਿਆ। ਰੂਸ ਦੇ ਏਜੰਟਾਂ ਦੀ ਕਾਲੀ ਕਰਤੂਤ। ਜਨਤਾ ਕਮਿਊਨਿਸਟਾਂ ਤੋਂ ਸਾਵਧਨ ਰਹੇ! ਪਿਛਲੇ ਐਤਵਾਰ 23 ਦਸੰਬਰ ਵਾਲੇ ਦਿਨ ਕੰਪਨੀ ਬਾਗ ਕੋਲ ਬਾਦਸ਼ਾਹੀ ਨਾਲੇ ਵਿਚ ਨਵ ਜੰਮੇ ਬੱਚੇ ਦੀ ਲਾਸ਼ ਕੁੱਤਿਆਂ ਅਤੇ ਸਿਆਰਾਂ ਹੱਥੋਂ ਕੋਹੀ ਹੋਈ ਮਿਲੀ, ਇਹ ਸਮਾਚਾਰ ਵਾਰਡ ਦੀ ਜਨਤਾ ਚੰਗੀ ਤਰ੍ਹਾਂ ਜਾਣ ਚੁਕੀ ਏ। ਸਾਡੀ ਰਾਸ਼ਟਰੀ ਸਰਕਾਰ ਦੀ ਫ਼ਰਜ਼ ਪਾਲਣ ਵਾਲੀ ਪੁਲਸ ਨੇ ਕਿੰਨੀ ਤਨਦੇਹੀ ਨਾਲ ਇਸ ਅਣਮਨੁੱਖੀ ਬੇਰਹਿਮ ਹੱਤਿਆ ਦਾ ਪਤਾ ਲਾਇਆ, ਇਹ ਗੱਲ ਵੀ ਹੁਣ ਕਿਸੇ ਤੋਂ ਲੁਕੀ ਹੋਈ ਨਹੀਂ। ਸਾਡੇ ਵਾਰਡ ਦੇ ਕਾਬਿਲ ਅਤੇ ਜਾਣ ਪਛਾਣੇ ਅਧਿਆਪਕ ਸ੍ਰੀ ਜਗਦੰਬਾ ਸਹਾਏ ਜੀ ਦੀ ਜਵਾਨ ਵਿਧਵਾ ਭਤੀਜਿਓਂ ਨੂੰਹ, ਨਾਮ ਜਸ਼ੋਦਾ ਬਾਈ (ਜਿਹਨੇ ਆਪਣੇ ਕਾਲੇ ਕਲੰਕ ਨੂੰ ਲੁਕਾਉਣ ਲਈ ਬਦਕਿਸਮਤੀ ਨਾਲ ਆਤਮਹੱਤਿਆ ਕਰ ਲਈ, ਇਸ ਪਾਪ ਦੀ ਹਿੱਸੇਦਾਰ ਸੀ, ਉਹਨੂੰ ਵੀ ਜਨਤਾ ਚੰਗੀ ਤਰ੍ਹਾਂ ਜਾਣ ਗਈ ਹੈ। ਇਸ ਕਲੰਕ ਕਹਾਣੀ ਨਾਲ ਜਨਤਾ ਨੇ ਭਰਮ ਨਾਲ ਆਦਰਯੋਗ ਮਾਸਟਰ ਜਗਦੰਬਾ ਸਹਾਏ ਜੀ ਦਾ ਨਾਂ ਜੋੜ ਲਿਆ ਹੈ। ਅਸੀਂ ਜਨਤਾ ਨੂੰ ਇਹ ਦੱਸਣਾ ਆਪਣਾ ਪਵਿੱਤਰ ਫ਼ਰਜ਼ ਸਮਝਦੇ ਹਾਂ ਕਿ ਪੂਜਨੀਕ ਮਾਸਟਰ ਸਾਹਿਬ ਦਾ ਨਾਂ ਵਿਅਰਥ ਹੀ ਬਦਨਾਮ ਕੀਤਾ ਜਾ ਰਿਹਾ ਹੈ।

"ਦੇਵਤਿਆਂ ਵਰਗੇ ਮਾਸਟਰ ਜਗਦੰਬਾ ਸਹਾਏ ਜੀ ਨਾਲ ਇਹ ਕਲੰਕ ਸਦਾ ਲਈ ਜੁੜ ਜਾਂਦਾ, ਇਸ ਵਿਚ ਭੋਰਾ ਵੀ ਸ਼ੱਕ ਨਹੀਂ। ਪਰ ਚੰਗਿਆਈ ਲਈ ਭਗਵਾਨ ਵੀ ਸਦਾ ਚੰਗਾ ਹੀ ਕਰਦਾ ਹੈ। ਸਾਡੇ ਸ਼ਹਿਰ ਦੇ ਮਹਾਨ ਨੇਤਾ, ਸਾਡੇ ਵਾਰਡ ਦੇ ਰਤਨ, ਲੋਕ ਸੇਵਾ ਲਈ ਪ੍ਰਣ ਲੈਣ ਵਾਲੇ ਬਾਊ ਸਾਲਗ ਰਾਮ ਜੀ ਜਾਇਸਵਾਲ ਦੀ ਅਗਾਊਂ ਸੂਝਬੂਝ, ਅਤੇ ਸਾਡੀ ਰਾਸ਼ਟਰੀ ਪੁਲਸ ਦੀ ਫ਼ਰਜ਼ ਪਾਲਣਾ ਨੂੰ ਲੱਖ ਲੱਖ ਧੰਨਵਾਦ ਹੈ, ਜਿਸ ਕਰ ਕੇ ਸਾਡੀ ਭੋਲੀ ਭਾਲੀ ਜਨਤਾ ਇਕ ਨਿਰਦੋਸ਼ ਆਤਮਾ ਨੂੰ

ਕਲੰਕਤ ਕਰਨ ਤੋਂ ਬੱਚ ਗਈ। ਅਤੇ ਅਸਲੀ ਅਪਰਾਧੀ ਦਾ ਪਤਾ ਲੱਗ ਗਿਆ। ਕੀ ਜਨਤਾ ਜਾਣਦੀ ਹੈ ਕਿ ਇਹ ਦੁਸ਼ਟ ਪਾਪੀ ਕੌਣ ਹੈ ? — ਕੌਣ ਹੈ ਉਹ ਨੀਚ ਪਾਪੀ ਜਿਸ ਨੇ ਡਬਲ ਅਪਰਾਧ ਕਰ ਕੇ ਸਾਡੀ ਧਰਮੀ ਜਨਤਾ ਨੂੰ ਆਪਣੇ ਘੋਰ ਪਾਪ ਨਾਲ ਦੁਖੀ ਕੀਤਾ ਹੈ ? ਇਸ ਵਿਸ਼ੇ ਬਾਰੇ ਕੁਝ ਨਾ ਕਹਿ ਕੇ ਅਸੀਂ ਸਵਰਗੀ ਬੀਬੀ ਜਸੋਦਾ ਦਾ ਉਹ ਬਿਆਨ ਏਥੇ ਛਾਪਦੇ ਹਾਂ ਜੋ ਉਹਨੇ ਮਰਨ ਤੋਂ ਪਹਿਲਾਂ ਪੁਲਸ ਸਾਹਮਣੇ ਦਿਤਾ ਸੀ। ਪਾਪ ਦੀ ਜਵਾਲਾ ਵਿਚ ਸੜੀ ਹੋਈ ਭਾਰਤੀ ਇਸਤਰੀ ਨੇ ਆਪਣੇ ਅੰਤ ਸਮੇਂ ਦੇ ਟੁੱਟੇ ਫੁਟੇ ਸ਼ਬਦਾਂ ਵਿਚ ਪੁਲਸ ਨੂੰ ਦੱਸਿਆ ਕਿ, "ਬਾਊ ਭੱਲਾ ਮੇਰੀ ਨਣਾਨ ਦਾ ਦੋਸਤ ਸੀ। ਦੋਵੇਂ ਇਕੋ ਪਾਰਟੀ (ਅਰਥਾਤ ਕਮਿਊਨਿਸਟ ਪਾਰਟੀ, ਜੋ ਦੇਸ਼ ਦੇ ਗੱਦਾਰਾਂ ਦੀ ਸੰਸਥਾ ਹੈ) ਵਿਚ ਕੰਮ ਕਰਦੇ ਸਨ। ਬਾਊ ਭੱਲਾ ਏਥੇ ਅਕਸਰ ਆਉਂਦਾ ਸੀ। ਇਕ ਦਿਨ ਉਹਨੇ ਅਤੇ ਮੇਰੀ ਨਣਾਨ ਕੁਮਾਰੀ ਵਨਕੰਨਿਆਂ ਨੇ ਮੈਨੂੰ ਢਾਹ ਲਿਆ। ਉਦੋਂ ਤੋਂ ਬਾਊ ਭੱਲੇ ਨੇ ਮੈਨੂੰ ਡਰਾ ਧਮਕਾ ਕੇ ਆਪਣੇ ਵੱਸ ਵਿਚ ਕੀਤਾ ਹੋਇਆ ਸੀ। ਜਦ ਮੈਨੂੰ ਗਰਭ ਠਹਿਰ ਗਿਆ ਤਾਂ ਘਰ ਵਾਲੇ ਵੀ ਜਾਣ ਗਏ; ਪਰ ਸਭ ਜਣੇ ਆਪਣੀ ਇੱਜ਼ਤ ਤੋਂ ਡਰਦੇ ਸਨ। ਕੱਲ੍ਹ ਸ਼ਾਮ ਜਦ ਮੇਰੇ ਪਾਪ ਨੇ ਜਨਮ ਲਿਆ ਤਾਂ ਮੇਰੇ ਦੇਵਤਿਆਂ ਵਰਗੇ ਪੂਜਨੀਕ ਸਹੁਰੇ ਚਾਚਾ ਜੀ ਨੇ ਭੱਲਾ ਬਾਊ ਨੂੰ ਬੁਲਾ ਕੇ ਲੜਕਾ ਫੜਾਉਂਦਿਆਂ ਹੋਇਆਂ ਕਿਹਾ ਕਿ ਆਪਣਾ ਲੜਕਾ ਲੈ ਜਾ। ਮੇਰੇ ਲੜਕੇ ਨੂੰ ਭੱਲੇ ਬਾਊ ਨੇ ਹੀ ਮਾਰ ਕੇ ਸੁੱਟ ਦਿਤਾ ਹੈ। ਮੈਂ ਆਪਣੀ ਸ਼ਰਮ ਨਾਲ ਆਪ ਸੜ ਕੇ ਮਰ ਰਹੀ ਹਾਂ।"

"ਇਸ ਬਿਆਨ ਨੂੰ — ਦੀਨ ਅਬਲਾ ਦੀ ਇਸ ਦੁਖ ਭਰੀ ਪੁਕਾਰ ਨੂੰ — ਸੱਚੇ ਮਨੋਂ ਵਿਚਾਰਨ ਪਿਛੋਂ ਨਿਆਂਕਾਰੀ ਜਨਤਾ ਦੇ ਦਿਲਾਂ ਵਿਚ ਕੀ ਵਿਚਾਰ ਆਉਂਦਾ ਹੈ ? — ਏਹੋ ਕਿ ਬਦੇਸ਼ੀ ਸਭਿਅਤਾ ਦੀ ਹਵਾ ਵਿਚ ਪਲੇ ਹੋਏ, ਈਸ਼ਵਰ, ਧਰਮ ਕਰਮ, ਪਾਪ ਪੁੰਨ ਦਾ ਬਬੇਕ ਨਾ ਰਖਣ ਵਾਲੇ ਐਂਗਲੋਂ-ਸੂਦਰ ਕਮਿਊਨਿਸਟ ਆਪਣੇ ਸਵਾਰਥ ਲਈ ਨੀਚ ਤੋਂ ਨੀਚ ਕੰਮ ਕਰ ਸਕਦੇ ਹਨ। ਇਹ ਪਰਚਾ ਇਲੈਕਸ਼ਨ ਦੇ ਚਰਚੇ ਕਾਰਨ ਨਹੀਂ ਛਾਪਿਆ ਗਿਆ, ਜਨਤਾ ਇਸ ਗੱਲ ਨੂੰ ਭਲੀ ਭਾਂਤ ਸਮਝ ਲਏ। ਸਗੋਂ ਇਹ ਪਰਚਾ ਜਨਤਾ ਵਿਚ, ਸਾਡੇ ਵਾਰਡ ਦੇ ਇਕੋ ਇਕ ਲੋਕਾਂ ਦੇ ਪਿਆਰੇ ਰਾਸ਼ਟਰੀ ਨੇਤਾ ਬ ਊ ਸਾਲਗਰਾਮ ਜੀ ਜਾਇਸਵਾਲ ਦੇ ਦੁਖੀ ਦਿਲ ਦੀ ਪੁਕਾਰ ਸੁਣਾਉਣ ਲਈ ਵੰਡਿਆ ਜਾ ਰਿਹਾ ਹੈ। ਜਦ ਤੋਂ ਵਾਰਡ ਵਿਚ ਇਹ ਅਫ਼ਸੋਸ ਵਾਲੀ ਦੁਰਘਟਨਾ ਹੋਈ ਹੈ ਪੂਜਨੀਕ ਸਾਲਗਰਾਮ ਜੀ ਦਾ ਮਨ ਅੱਠੇ ਪਹਿਰ ਬੜਾ ਦੁਖੀ ਰਹਿੰਦਾ ਹੈ ! ਅਤੇ ਉਹਨਾਂ ਨੇ ਇਸ ਗੱਲ ਦਾ ਪੱਕਾ ਪ੍ਰਣ ਕੀਤਾ ਹੈ ਕਿ ਉਹ ਹੁਣ ਤੋਂ ਆਪਣੇ ਵਾਰਡ ਵਿਚ ਇਹਨਾਂ ਸੰਨ 42 ਦੇ ਗ਼ੱਦਾਰਾਂ ਦਾ ਕਲੰਕ ਵਾਲਾ ਪਰਛਾਵਾਂ ਵੀ ਨਹੀਂ ਆਉਣ ਦੇਣਗੇ। ਜਨਤਾ ਕੋਲ ਪ੍ਰਾਰਥਨਾ ਹੈ ਕਿ ਉਹ ਆਪਣੇ ਪਿਆਰੇ ਨੇਤਾ ਦੇ ਪ੍ਰਣ ਨੂੰ ਪੂਰਾ

ਕਰਨ ਵਿਚ ਪੂਰੀ ਪੂਰੀ ਸਹਾਇਤਾ ਦਏ ।"

ਪੜ੍ਹ ਕੇ ਮਹੀਪਾਲ ਨੇ ਇਸ਼ਤਿਹਾਰ ਮਰੋੜਿਆ, ਸੱਜਨ ਨੂੰ ਪੂਰੇ ਇਸ਼ਤਹਾਰ 'ਚੋਂ ਇਕ ਗੱਲ ਨੇ ਖਿੱਚਿਆ : ਜਗਦੰਬਾ ਸਹਾਏ ਦੀ ਲੜਕੀ ਦਾ ਨਾਮ ਵਨਕੰਨਿਆ ਸੀ। ਮਿਸ ਵਨਕੰਨਿਆ ਨੇ ਉਸ ਦਿਨ ਕਿਹਾ ਸੀ — "ਹੱਤਿਆ ਮੇਰੇ ਪਿਤਾ ਨੇ ਕੀਤੀ ਹੈ, ਮੈਂ ਜਾਣਦੀ ਹਾਂ, ਮੈਂ ਕਹਿੰਦੀ ਹਾਂ। ਮੇਰੀ ਭਾਬੀ ਦਾ ਅਪਰਾਧ ਸਿਰਫ਼ ਇਹ ਹੈ ਕਿ ਉਹ ਔਰਤ ਹੈ, ਅਤੇ ਆਰਥਕ ਤੌਰ ਤੇ ਆਜ਼ਾਦ ਨਹੀਂ । ਸੱਜਨ ਦੇ ਸਾਹਮਣੇ ਵਨ ਕੰਨਿਆਂ ਦਾ ਜਜ਼ਬਾਤੀ ਗੋਰਾ-ਸੁਡੌਲ ਚਿਹਰਾ ਨੱਚ ਉੱਠਿਆ। ਇਸ ਪਰਚੇ ਵਿਚ ਉਹਦੇ ਉਤੇ ਬੜੇ ਘਿਨੌਣੇ ਇਲਜ਼ਾਮ ਲਾਏ ਗਏ ਸਨ। ਇਹ ਪਰਚਾ ਨਿਰਾ ਪੁਰਾ ਝੂਠ ਨਾਲ ਭਰਿਆ ਸੀ ।"

"ਇਹ ਪਰਚਾ ਸਰਾਸਰ ਝੂਠ ਨਾਲ ਭਰਿਆ ਹੋਇਆ ਹੈ ।" ਸੱਜਨ ਨੇ ਕਿਸੇ ਹੋਰ ਦੇ ਬੋਲਣ ਤੋਂ ਪਹਿਲਾਂ ਆਖਿਆ। ਮਹੀਪਾਲ ਤੋਂ ਪਰਚਾ ਲੈ ਕੇ ਜੇਬ ਵਿਚ ਰਖਦਿਆਂ ਹੋਇਆਂ ਬਾਊ ਛੇਦਾ ਲਾਲ ਦੀਆਂ ਨਜ਼ਰਾਂ ਸੱਜਨ ਨੂੰ ਟੇਢੀਆਂ ਹੋ ਕੇ ਜਾਚਣ ਲਗੀਆਂ, ਲਾਲਾ ਮੁਕੰਦੀ ਮੱਲ ਦਾ ਹੁੱਕਾ ਚੁੱਪ ਹੋ ਗਿਆ। ਬਾਊ ਗੁਲਾਬ ਚੰਦ ਬੋਲਿਆ — "ਖ਼ੈਰ ਇਹਦੇ ਵਿਚ ਤਾਂ ਕੋਈ ਸ਼ੱਕ ਈ ਨਹੀਂ ।"

"ਜੀ, ਮੈਂ ਆਪ ਜਗਦੰਬਾ ਸਹਾਏ ਦੇ ਘਰ ਗਿਆ ਸਾਂ । ਸਬ-ਇੰਸਪੈਕਟਰ ਸ਼ੁਕਲਾ ਨੇ ਮੈਨੂੰ ਸਾਰੀ ਸੱਚਾਈ ਦੱਸੀ । ਦੂਸਰੀ ਗੱਲ ਕਿ ਸਾਢੇ ਗਿਆਰਾਂ-ਬਾਰਾਂ ਵਜੇ ਤਕ ਤਾਂ ਉਹ ਔਰਤ — ਕੀ ਨਾਂ ਹੈ ਉਹਦਾ, ਬੀਬੀ ਜਸੋਦਾ — ਹੋਸ਼ ਵਿਚ ਨਹੀਂ ਸੀ ਆਈ । ਤੇ ਡਾਕਟਰ ਨੂੰ ਕੋਈ ਆਸ ਵੀ ਨਹੀਂ ਸੀ ਕਿ ਉਹਨੂੰ ਹੋਸ਼ ਆਏਗੀ! ਸਗੋਂ, ਮੈਂ ਤੁਹਾਨੂੰ ਦੱਸਾਂ ਸ਼ੁਕਲਾ, ਪਰੇਸ਼ਾਨ ਹੋ ਰਹੇ ਸਨ ਕਿ ਡਾਈਂਗ ਡਿਕਲੇਰੇਸ਼ਨ ਨਾ ਮਿਲ ਸਕੇਗਾ —"

"ਖ਼ੈਰ, ਹੋ ਸਕਦਾ ਹੈ ਕਿ ਇਸ ਵਿਚ ਕੁਝ ਝੂਠ ਹੋਏ", ਲਾਲਾ ਮੁਕੰਦ ਮਲ ਬੋਲਿਆ — "ਇਲੈਕਸ਼ਨ ਦੇ ਦਿਨ ਨੇ, ਪ੍ਰਾਪੇਗੰਡੇ ਵਿਚ ਝੂਠ ਵੀ ਬੋਲਿਆ ਜਾਂਦਾ ਹੈ। ਪਰ ਇਸ ਗੱਲ ਦਾ ਕੀ ਸਬੂਤ ਕਿ ਇਹ ਕਾਰਸਤਾਨੀ ਕਮਿਊਨਿਸਟਾਂ ਦੀ ਨਹੀਂ —"

ਬਾਊ ਰਾਧੇ ਸ਼ਿਆਮ ਤੈਸ਼ 'ਚ ਆ ਗਏ, ਬੋਲੇ — "ਸਾਹਬ, ਤੁਸੀਂ ਕਮਿਊਨਿਸਟਾਂ ਨੂੰ ਕਿਉਂ ਬਦਨਾਮ ਕਰਦੇ ਓ ? ਜਗਦੰਬਾ ਸਹਾਏ ਭੜੂਏ ਨੂੰ ਸਭ ਜਾਣਦੇ ਨੇ — ਮਹਾਂ ਜ਼ਲੀਲ ਆਦਮੀ — ਉਹਨੂੰ ਇਸ ਵਿਚ ਦੇਵਤਿਆਂ ਵਰਗਾ ਲਿਖਿਆ ਗਿਆ। ਸਾਲਗਰਾਮ ਦੀ ਮਹਿਮਾ ਗਾਈ ਗਈ ਹੈ. ਤੇ ਤੁਸੀਂ ਆਂਹਦੇ ਓ ਕਿ —"

"ਤੁਸੀਂ ਨਹੀਂ ਸਮਝੇ ਇਹਦੇ 'ਚ ਕੀ ਪਾਲਸੀ ਏ ।" ਕਰਨਲ ਨੇ ਠੰਡੀ ਆਵਾਜ਼ ਨਾਲ ਗੱਲ ਚੁਕੀ — "ਬਾਊ ਭੱਲੇ ਕੋਲ ਮੇਹਤਰਾਂ, ਚਮਿਆਰਾਂ ਦੇ ਦੋ ਹਜ਼ਾਰ ਸਾਲਿਡ ਵੋਟ ਨੇ। ਭਲਾ ਸਾਲਗਰਾਮ ਵਰਗਾ ਘਾਗ ਇਹੋ ਜਿਹਾ ਮੌਕਾ ਛੱਡ ਦੇਂਦਾ ? ਇਸ

ਪਰਚੇ 'ਚੋਂ ਕਮਿਊਨਿਸਟਾਂ ਦੀ ਹਵਾ ਵਿਗਾੜ ਕੇ ਉਹ ਇਹ ਵੋਟ ਪਾੜਨੇ ਚਾਹੁੰਦਾ ਏ।"

"ਤੁਹਾਡਾ ਇਹ ਪੁਵਾਇੰਟ ਬਿਲਕੁਲ ਸੱਚਾ ਏ ਕਰਨਲ ਸਾਹਿਬ! ਪਰ ਇਹ ਵੋਟ ਹੁਣ ਨਾ ਕਮਿਊਨਿਸਟਾਂ ਨੂੰ ਮਿਲਣਗੇ ਤੇ ਨਾ ਕਾਂਗਰਸ ਨੂੰ — ਵੇਖ ਲੈਣਾ।" ਛੇਦਾ ਲਾਲ ਨੇ ਆਖ ਕੇ ਚੁਟਕੀ ਨਾਲ ਸੁਆਹ ਝਾੜੀ।

ਮੁਕੰਦੀਲਾਲ ਦੂਰ ਦੀ ਸੁਝਣ ਵਾਂਗ ਧੌਣ ਹਿਲਾਉਂਦਾ ਬੋਲਿਆ — "ਠੀਕ ਕਹਿੰਦਾ ਏ ਛੇਦਾ ਲਾਲ। ਇਹ ਵੋਟ ਹੁਣ ਜਨਸੰਘ ਨੂੰ ਮਿਲਣਗੇ।"

"ਵਾਹ, ਤੁਸੀਂ ਵੀ ਕਿਥੋਂ ਤਕ ਪਹੁੰਚੇ ਓ ਲਾਲਾ ਜੀ! ਮੇਹਤਰਾਂ ਵਿਚ ਮੁਸਲਮਾਨ ਵੀ ਨੇ। ਉਹਨਾਂ ਦੇ ਵੋਟ ਭਲਾ ਸੰਘ ਨੂੰ ਕਿੰਜ ਮਿਲ ਸਕਦੇ ਨੇ? ਇਹ ਵੋਟ ਤਾਂ, ਤੁਸੀਂ ਇਕ ਦਮ ਫ਼ੈਕਟ ਗੱਲ ਸਮਝੋ, ਜਾਂ ਤਾਂ ਕਮਿਊਨਿਸਟ ਲੈਂਦੇ, ਜਾਂ ਹੁਣ ਇਹ ਕਾਂਗਰਸ ਵਾਲੇ ਲੈ ਜਾਣਗੇ। ਸਾਲਿਗਰਾਮ ਨੇ ਸਮੇਂ ਸਿਰ ਪਰਚਾ ਸੁਟ ਕੇ ਆਪਣਾ ਮਤਲਬ ਸਾਧ ਲਿਆ। ਹੁਣ ਭਾਵੇਂ ਤੁਸੀਂ ਉਹਨੂੰ ਕੁਝ ਵੀ ਕਹਿੰਦੇ ਰਹੋ।" ਕਰਨਲ ਨੇ ਆਪਣਾ ਮੰਤਵ ਦਰਸਾਇਆ।

"ਹੁਣ ਮੈਂ ਕਹਾਂ —"

ਬਾਊ ਗੁਲਾਬਚੰਦ ਦੀ ਗੱਲ ਟੋਕ ਕੇ ਮਹੀਪਾਲ ਬੋਲਿਆ — "ਮੈਂ ਵੀ ਕੁਝ ਆਖਾਂ ਗੁਲਾਬਚੰਦ, ਇਹ ਇਲੈਕਸ਼ਨ ਤਾਂ ਚਹੁੰ ਦਿਨਾਂ ਦਾ ਰੌਲਾ ਗੌਲਾ ਏ। ਪਰ ਇਸ ਹੁੱਲੜ ਵਿਚ ਸਮਾਜ ਦਾ ਇੰਨਾ ਵੱਡਾ ਪਾਪ ਲੁਕ ਜਾਏ, ਇਹ ਤੁਸੀਂ ਲੋਕ ਕਿੰਜ ਬਰਦਾਸ਼ਤ ਕਰ ਲਓਗੇ?"

"ਭਾਈ ਸਾਹਿਬ, ਪੰਡਤ ਜੀ ਮਹਾਰਾਜ, ਕਿਹੋ ਜਿਹੀ ਗੱਲ ਕਰਦੇ ਓ?" ਲਾਲਾ ਮੁਕੰਦੀਮਲ ਨੇ ਗੱਲ ਤੋਰੀ। ਇਸ ਸਮੇਂ ਤਕ ਉਹਨਾਂ ਦੇ ਘਰੋਂ ਪਾਨਾਂ ਵਾਲੀ ਥਾਲੀ ਵੀ ਆ ਗਈ। ਨੌਕਰ ਨੇ ਅਗਲੀ ਕੁਰਸੀ ਤੇ ਬੈਠੇ ਕਰਨਲ ਵਲ ਪਾਨ ਕੀਤੇ। ਮੁਕੰਦੀਮਲ ਨੇ ਆਪਣੀ ਗੱਲ ਸ਼ੁਰੂ ਰਖੀ, ਕਿਹਾ — "ਇਹ ਤਾਂ ਸੰਸਾਰ ਏ, ਚਲਦਾ ਈ ਰਹਿੰਦਾ ਏ ਸਹੁਰਾ। ਇਹ ਕੋਈ ਨਵੀਂ ਗੱਲ ਹੋਈ ਏ? ਅਸੀਂ ਤਾਂ ਇਹੋ ਕੁਝ ਸੁਣਦੇ ਬੁੱਢੇ ਹੋ ਗਏ।"

"ਪਰ, ਕਦ ਤਕ ਸੁਣੋਗੇ, ਹੋਰ? ਜਦੋਂ ਤਕ ਸਮਾਜ ਵਿਚ ਇਹੋ ਪਾਪੀ ਕੰਮ ਹੁੰਦਾ ਰਹੇਗਾ ਉਦੋਂ ਤਕ ਤੁਹਾਡੇ ਇਹ ਇਲੈਕਸ਼ਨ ਅਤੇ ਪਾਰਟੀਆਂ ਬੇਕਾਰ ਨੇ।"

— "ਬੇਕਾਰ ਤਾਂ ਹਨ ਈ ਮਹਾਰਾਜ, ਮੈਂ ਵੀ ਇਹੋ ਗੱਲ ਆਹਨਾ ਆਂ। ਜਿਹਦੀ ਲਾਠੀ ਉਹਦੀ ਭੈਂਸ। ਰਾਜ ਸਦਾ ਇਹੋ ਜਿਹਾ ਈ ਰਹੇਗਾ, ਭਾਵੇਂ ਕੋਈ ਪਾਰਟੀ ਵੀ ਆਏ; ਤੇ ਪਰਜਾ ਵੀ ਏਦਾਂ ਦੀ ਹੀ ਰਹੇਗੀ, ਪਾਪ ਵੀ ਰਹੇਗਾ, ਪੁੰਨ ਵੀ ਰਹੇਗਾ — ਇਹ ਤਾਂ ਸਭ ਭਗਵਾਨ ਦੇ ਬਣਾਏ ਕੌਤਕ ਨੇ। ਇਹਨਾਂ ਨੂੰ ਕੌਣ ਬਦਲ ਸਕਦਾ ਹੈ? ਏਨੇ ਏਨੇ ਵੱਡੇ ਰਿਸ਼ੀ ਮੁਨੀ ਹੋ ਗਏ, ਰਾਮ ਚੰਦ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਵਰਗੇ

ਅਵਤਾਰ ਹੋਏ, ਤਾਂ ਵੀ ਸਾਲੀ ਦੁਨੀਆਂ ਨਾ ਬਦਲੀ — ਹੁਣ ਕੀ ਬਦਲੇਗੀ ?"

"ਬੋਲ ਲਾਲਾ ਲਗੋਟੇ ਵਾਲੇ ਦੀ ਜੈ ? ਚੁਰਾਸੀ ਘੰਟੇ ਵਾਲੇ ਦੀ ਜੈ ! ਬਜਰੰਗ ਤੇਰਾ ਹੀ ਸਹਾਰਾ ਏ, ਸਵਾਮੀ ਨਾਥ !" ਕੜਾਕੇ ਦੀ ਸਰਦੀ ਵਿਚ ਵੀ ਨੰਗੇ ਸਰੀਰ, ਜਨੇਊ ਨਾਲ ਬੱਝਾ ਹੋਇਆ ਕੁੰਜੀਆਂ ਦਾ ਵੱਡਾ ਗੁੱਛਾ ਮੋਢੇ ਤੇ ਪਾਈ, ਛਾਤੀ, ਮੁੱਛਾਂ ਅਤੇ ਤਣੀ ਧੌਣ ਨਾਲ ਇਕ ਭਗਤ ਰਾਜ ਨੇ ਆ ਕੇ ਆਪਣੀ ਅਲਮਸਤ ਆਵਾਜ਼ ਵਿਚਕਿਹਾ । ਭਗਤ ਦੀ ਮਸਤੀ ਨਾਲ ਆਪਣੇ ਇਸ਼ਟ ਲਈ ਜੋਸ਼ ਅਤੇ ਤਾਸੀ ਵਿਚੋਂ ਪਾਨ ਦਾ ਬੀੜਾ ਚੁਕਦਿਆਂ ਹੋਇਆਂ ਬਾਊ ਰਾਧੇ ਸ਼ਿਆਮ ਬੋਲਿਆ — "ਬਦਲੇਗੀ ਲਾਲਾ । ਹੁਣ ਕਮਿਊਨਿਸਟ ਆ ਕੇ ਬਦਲਣਗੇ । ਇਹ ਸਰਮਾਏਦਾਰੀ ਖੇਡ ਹੁਣ ਜ਼ਿਆਦਾ ਦੇਰ ਨਹੀਂ ਚਲੇਗੀ।"

ਗੁਲਾਬ ਚੰਦ ਹੱਸਿਆ, ਬੋਲਿਆ — "ਯਾਰ, ਤੂੰ ਤਾਂ ਦਿਨੋ ਦਿਨ ਕਾਮਰੇਡ ਸਟਾਲਨ ਹੋਈ ਜਾਂਦਾ ਏਂ । ਯਾਰ ਆਪਣੇ ਬਾਲ ਬੱਚਿਆਂ, ਨੌਕਰੀ ਦਾ ਵੀ ਧਿਆਨ ਰਖ ਯਾਰ — ਇਹ ਕਾਂਗਰਸ ਗੌਵਰਨਮੈਂਟ ਏ ।"

"ਕੋਈ ਗਵਰਨਮੈਂਟ ਹੋਏ, ਬਾਊ ਗੁਲਾਬਚੰਦ, ਸੜੇ ਦਿਲ ਦੀ ਆਹ ਕਿਸੇ ਦੇ ਰੋਕਿਆਂ ਨਹੀਂ ਰੁਕ ਸਕਦੀ ।" ਮਹੀਪਾਲ ਬੋਲਿਆ — "ਮੈਂ ਕਮਿਊਨਿਸਟ ਨਹੀਂ, ਪਰ ਤੁਸੀਂ ਵਿਸ਼ਵਾਸ ਮੰਨਣਾ ਜਦ ਇਹ ਸੁਣਦਾ ਹਾਂ ਕਿ ਰੂਸ ਵਿਚ ਬਿਲਕੁਲ ਬੇਕਾਰੀ ਨਹੀਂ, ਹਰ ਬੰਦਾ ਕੰਮ ਤੇ ਰੋਟੀ ਹਾਸਲ ਕਰਦਾ ਏ ਤਾ ਮੇਰਾ ਜੀਅ ਚਾਹੁੰਦਾ ਏ ਕਿ ਹਿੰਦੁਸਤਾਨ ਵਿਚ ਕਮਿਊਨਿਜ਼ਮ ਆ ਜਾਏ ।"

ਏਸੇ ਵੇਲੇ ਪਿਛਲੀ ਗਲੀ 'ਚੋਂ ਇਕ ਔਰਤ ਦੌੜਦੀ ਹੋਈ ਆਈ । ਅਠਾਈਆਂ — ਤੀਹਾਂ ਦੀ ਉਮਰ; ਚੇਹਰਾ, ਅੱਖਾਂ ਪੱਕੀਆਂ ਲੀਕਾਂ ਅਤੇ ਥਕਾਵਟ ਨਾਲ ਭਰੀਆਂ ਹੋਣ ਤੇ ਵੀ ਆਪਣੇ ਸਾਂਵਲੇਪਨ ਨਾਲ ਸਭ ਦਾ ਧਿਆਨ ਖਿੱਚਣ ਲਗੀ । ਮੁਟਿਆਰ ਮਜਮੇਂ ਨੂੰ ਵੇਖ ਕੇ ਝਟਪਟ ਰੁਕੀ। ਗਲੀ 'ਚੋਂ ਪਿਛਲੇ ਪਾਸਿਉਂ ਦੌੜਦੀ ਹੋਈ ਆਵਾਜ਼ ਆਈ — "ਫੜੋ ! ਫੜੋ !" ਮੁਟਿਆਰ ਲਾਲਾ ਮੁਕੰਦੀਮਲ ਕੋਲ ਆ ਕੇ ਖਲੋ ਗਈ । ਲਾਲਾ ਜੀ ਦਾ ਕੰਨਟੋਪ ਨਾਲ ਸਜਿਆ, ਮੋਟੇ ਸ਼ੀਸ਼ੇ ਦੀਆਂ ਐਨਕਾਂ ਜੜਿਆ, ਚਿੱਟੀਆਂ ਮੁੱਛਾਂ ਵਾਲਾ ਚਿਹਰਾ ਕੱਸਿਆ ਗਿਆ । ਮੁਟਿਆਰ ਨੇ ਝਟ ਕਰਕੇ ਉਹਦੇ ਮੂੰਹ ਉਤੇ ਥੁੱਕ ਦਿਤਾ । ਅਤੇ ਦੂਜਿਆਂ ਵਲ ਮੂੰਹ ਫੇਰਿਆ ਈ ਸੀ ਕਿ ਭਗਦੜ ਮੱਚ ਗਈ। ਸੱਜਨ ਥੜੇ ਤੋਂ ਉਠ ਕੇ ਉਹਦੇ ਵਲ ਹੋਇਆ । ਉਨੱਾਸੀ ਵਰ੍ਹਿਆਂ ਦੇ ਮੰਨੇ ਦੰਨੇ ਲਾਲਾ ਮੁਕੰਦੀਮਲ ਦੀ ਇੱਜ਼ਤ ਕ੍ਰੋਧ ਦੀ ਮਾਰੀ ਅੰਨ੍ਹੀ ਹੋ ਗਈ । ਝਟਪਟ ਗੁਲੂਬੰਦ ਨਾਲ ਮੂੰਹ ਸਾਫ਼ ਕਰਦਿਆਂ ਉਠਿਆ ਤਾਂ ਹੁੱਕਾ ਇੰਜ ਡਿੱਗਾ ਜਿਵੇਂ ਲੜਾਈ ਵਿਚ ਸ਼ਹੀਦ ਡਿੱਗਾ ਹੋਏ ।

ਸੱਜਨ ਦੇ ਨੇੜੇ ਆਉਂਦਿਆਂ ਹੀ ਮੁਟਿਆਰ ਦੀਆਂ ਅੱਖਾਂ ਉਹਦੇ ਚਿਹਰੇ ਤੇ ਪਈਆਂ। ਗਲੀ 'ਚੋਂ ਦੌੜਦੇ ਪੈਰਾਂ ਤੇ ਹਫ਼ੀਆਂ ਆਵਾਜ਼ਾਂ ਦੀ ਸੁਰ ਨੇੜੇ ਆ ਗਈ । ਮੁਟਿਆਰ

ਨੇ ਪਿਛਾਂਹ ਮੁੜ ਕੇ ਵੇਖਿਆ, ਸੱਜਨ ਨੇ ਵੀ ਵੇਖਿਆ। ਇਕ ਪੈਂਹਠ-ਸੱਤਰ ਵਰ੍ਹਿਆਂ ਦੇ 'ਅਰਿਸਟੋਕ੍ਰੇਟ' ਦਿਸਣ ਵਾਲੇ ਸੱਜਨ ਭੱਜੇ ਆ ਰਹੇ ਸਨ — "ਫੜਨਾ ਮਾਈ ਡੀਅਰ ! ਫੜਨਾ ! ਥੈਂਕਯੂ, ਥੈਂਕਯੂ !"

"ਮਾਈ ਡੀਅਰ।" ਕਹਿ ਕੇ ਮੁਟਿਆਰ ਸੱਜਨ ਨਾਲ ਘੁਲਣ ਲਗੀ। ਸੱਜਨ ਮਜ਼ਬੂਤ ਸੀ, ਦੋਵੇਂ ਵੀਣੀਆਂ ਫੜ ਕੇ ਉਹਨੇ ਆਖਿਆ — "ਖ਼ਬਰਦਾਰ।"

"ਹੁਣ ਨਹੀਂ ਕਰਾਂਗੀ। ਹੁਣ ਨਹੀਂ ਥੁੱਕਾਂਗੀ। ਪਲੀਜ਼ ਐਕਸਕਯੂਜ਼ ਮੀ। ਮੈਨੂੰ ਛੱਡ ਦਿਉ। ਮੈਨੂੰ ਮਾਰੋ ਨਾ।"

ਬਿਰਧ ਵਿਅੱਕਤੀ ਆ ਕੇ ਖਲੋ ਗਿਆ। ਉਹ ਬੁਰੀ ਤਰ੍ਹਾਂ ਹਫ਼ ਰਿਹਾ ਸੀ। ਕਰਨਲ, ਗੁਲਾਬ ਚੰਦ ਮੰਡਪ ਕੋਲ ਖੜੇ ਸਨ, ਛੇਦਾ ਲਾਲ ਘਰ ਦੀ ਕੰਧ ਨਾਲ ਲਗ ਕੇ ਖੜਾ ਸੀ, ਰਾਧੇ ਸ਼ਿਆਮ ਵੀ ਉਹਦੇ ਕੋਲ ਹੀ ਸੀ, ਮਹੀਪਾਲ ਆਪਣੀ ਥਾਂ ਬੈਠਾ ਹੋਇਆ ਸੀ, ਪਰਸ਼ਾਦ ਅਤੇ ਫੁੱਲਾਂ ਦੀ ਟੋਕਰੀ ਉਤੇ ਦੋਵੇਂ ਹੱਥ ਰਖੀ ਬਸੰਤੂ ਮਾਲੀ ਘਾਬਰਿਆ ਹੋਇਆ ਡੱਡੂ ਬਣਿਆਂ ਹੋਇਆ ਸੀ।

ਬਿਰਧ ਸੱਜਨ ਨੂੰ ਵੇਖ ਕੇ ਮੁਕੰਦੀਮਲ ਬੋਲਿਆ — "ਵਕੀਲ ਸਾਹਬ ਇਹ - ਇਹ ਤੁਹਾਡੀ ਨੂੰਹ ਏ ? ਉਹੋ ਪਾਗਲ ?"

"ਜੈਂਟਲਮੈਨ, ਯੂ ਆਰ ਮਾਈ ਫ਼ਾਦਰ, ਮਾਈ ਬ੍ਰਦਰ, ਮਾਈ ਐਵਰੀਥਿੰਗ।" ਸੱਜਨ ਦੇ ਹੱਥਾਂ ਵਿਚ ਬੇਵੱਸ ਬੱਝੀ ਹੋਈ ਔਰਤ ਨੇ ਛਲਕਦੀਆਂ ਅੱਖਾਂ ਅਤੇ ਦੁਖ ਨਾਲ ਕੰਬਦੇ ਬੋਲਾਂ ਵਿਚ ਮਿੰਨਤ ਕਰਨੀ ਸ਼ੁਰੂ ਕੀਤੀ। — "ਮੈਨੂੰ ਮੇਰੇ ਰਾਜੇਸ਼ ਕੋਲ ਪੁਚਾ ਦਿਉ। ਰਾਜੇਸ਼ ਮਾਈ ਡਾਰਲਿੰਗ ! ਫ਼ਲਾਵਰ ਆਫ਼ ਮਾਈ ਹਾਰਟ ! ਮੇਰਾ ਦਿਲ ਸੜ ਰਿਹਾ ਹੈ। ਏਥੇ ! ਏਥੇ ! ਮੇਰਾ ਹੱਥ ਛੱਡ ਦਿਉ, ਮੈਂ ਵਖਾਵਾਂਗੀ ਕਿਥੇ ਸੜ ਰਿਹਾ ਹੈ। ਸ਼ਮਸ਼ਾਨ ਲਟਲਟ ਬਲਦਾ ਏ !"

"ਅੱਛਾ, ਅੱਛਾ, ਘਰ ਚਲ ਪੁੱਤਰ ?" ਉਹਦਾ ਸਹੁਰਾ ਵਕੀਲ ਬੋਲਿਆ — "ਘਰ ਚਲ। ਤੇਰਾ ਸਾਮਾਨ ਤੇ ਕਪੜੇ ਬੰਨ੍ਹੀਏ, ਫਿਰ ਚਲੀਂ ਰਾਜੇਸ਼ ਕੋਲ !"

"ਨਹੀਂ, ਮੈਂ ਉਥੇ ਨਹੀਂ ਜਾਵਾਂਗੀ। ਮਾਈ ਡੀਅਰ ਹਸਬੈਂਡ ਇਜ਼ ਕੈਪਟਨ ! ਉਹ ਮੈਨੂੰ ਸਾੜ੍ਹੀਆਂ ਦੇਣਗੇ, ਮੋਟਰ ਤੇ ਘੁਮਾਉਣਗੇ। ਮੈਂ ਜਾ ਕੇ ਆਪਣੇ ਰਾਜੇਸ਼ ਨਾਲ ਚਿਮਟ ਜਾਵਾਂਗੀ।" ਮੁਟਿਆਰ ਨੇ ਸੱਜਨ ਤੋਂ ਫਿਰ ਛੁਟਣ ਦਾ ਯਤਨ ਕੀਤਾ। ਸੱਜਨ ਨੇ ਉਹਦੀਆਂ ਵੀਣੀਆਂ ਨੂੰ ਹਲੂਣਿਆ, ਕਿਹਾ — "ਘਰ ਚਲ।"

"ਨਹੀਂ, ਮੈਨੂੰ ਉਥੇ ਨਾ ਖੜੋ। ਯੂ ਆਰ ਜੈਂਟਲਮੈਨ। ਹੈਲਪ ਮੀ। ਉਥੇ ਗੇਪੂ ਹੈ, ਉਹ ਆਪਣੀ ਵਾਈਫ਼ ਨੂੰ ਆਪਣੇ ਨਾਲ ਘੁਟਦਾ ਏ, ਕਿੱਸ ਕਰਦਾ ਏ। ਮੈਨੂੰ ਟੱਟੀ ਵਿਚ ਬੰਦ ਕਰ ਦੇਂਦੇ ਨੇ। ਤੇ ਇਹ ਬੁੱਢਾ, ਮੇਰਾ ਸਹੁਰਾ ਮੈਨੂੰ ਧੀਏ ਧੀਏ ਕਹਿੰਦਾ ਏ। ਮਾਂ ਜੀ ਵੀ ਮਿੱਠੀ ਜ਼ਬਾਨ ਨਾਲ ਮੈਨੂੰ ਧੀ ਰਾਣੀਏਂ, ਮੇਰੀ ਰਾਣੀ ਕਹਿੰਦੀ ਏ। ਉਹਨਾਂ ਨੂੰ

ਵੀ ਤਰਸ ਨਹੀਂ ਆਉਂਦਾ । ਰਾਤ ਨੂੰ ਦੋਵੇਂ ਬੁੱਢਾ ਬੁੱਢੀ ਘੁਸਰ-ਘੁਸਰ ਕੇ —"

ਸੱਜਨ ਨੇ ਹੱਥ ਛੱਡ ਕੇ ਤਾੜ ਕਰਕੇ ਉਹਨੂੰ ਥੱਪੜ ਜੜਿਆ, ਮੁਟਿਆਰ ਸਹਿਮ ਕੇ ਬਕਰੀ ਬਣ ਗਈ । ਆਪਣੇ ਜਜ਼ਬਾਤ ਤੇ ਕਾਬੂ ਪਾ ਕੇ, ਕਿਸੇ ਹੱਦ ਤਕ ਝਿਜਕ ਕੇ ਵਕੀਲ ਸਾਹਿਬ ਨੂੰ ਕਿਹਾ — "ਮੈਨੂੰ ਮਾਫ਼ ਕਰ ਦਿਓ !"

"ਨਹੀਂ ਪੁੱਤਰ ! ਨੋ ਨੋ !" ਵਕੀਲ ਸਾਹਿਬ ਨੇ ਪ੍ਰੇਮ ਭਾਵ ਨਾਲ ਕਿਹਾ ।

"ਘਰ ਚਲ ।" ਸੱਜਨ ਨੇ ਕਹਿੰਦਿਆਂ ਹੀ ਮੁਟਿਆਰ ਚੁੱਪ ਚਾਪ ਰੋਂਦੀ ਅਤੇ ਬੁੜ ਬੁੜ ਕਰਦੀ ਆਪਣੇ ਘਰ ਵਲ ਤੁਰ ਪਈ। ਵਕੀਲ ਸਾਹਿਬ ਬਿਨਾਂ ਕਿਸੇ ਨੂੰ ਦੁਆ ਸਲਾਮ ਕੀਤਿਆਂ ਸਿਰ ਝੁਕਾਈ, ਥੱਕੇ, ਗੁਆਚੇ ਹੋਏ ਅਗਾਂਹ ਤੁਰ ਪਏ।

ਕਰਨਲ ਬੋਲਿਆ — "ਸੱਜਨ, ਮੈਂ ਤੇਰੇ ਨਾਲ ਚਲਾਂ ?"

"ਨਹੀਂ । ਮੈਂ ਹੁਣੇ ਆਉਂਦਾ ਹਾਂ ।" ਸੱਜਨ ਨੇ ਬਿਨਾਂ ਮੂੰਹ ਫੇਰਿਆਂ ਜਵਾਬ ਦਿਤਾ ਅਤੇ ਚਲਾ ਗਿਆ ।

12

ਪਰਤਣ ਤੇ ਥੜਾ ਖ਼ਾਲੀ ਵੇਖ ਕੇ ਸੱਜਨ ਆਪਣੀ ਕੋਠੜੀ ਵਲ ਗਿਆ । ਦਰਵਾਜ਼ੇ ਖੁਲ੍ਹੇ ਵੇਖੇ।

ਅੰਦਰ ਗਿਆ । ਵਨ ਕੰਨਿਆਂ ਬੈਠੀ ਥਾਮਸਮ ਕ੍ਰੈਵਨ ਦੀ 'ਦ ਸਟੋਰੀ ਆਫ਼ ਪੇਂਟਿੰਗ' ਪੜ੍ਹ ਰਹੀ ਸੀ। ਉਹਨੂੰ ਵੇਖ ਕੇ ਸੱਜਨ ਦਾ ਕਲੇਜਾ ਸੁਭਾਉਕੀ ਉੱਛਲ ਪਿਆ। ਫਿਰ ਧਿਆਨ ਹੋਇਆ ਕਿ ਉਥੇ ਨਾ ਕਰਨਲ ਸੀ ਨਾ ਮਹੀਪਾਲ; ਜਲੇਬੀਆਂ, ਨਮਕੀਨ ਦੀਆਂ ਪੁੜੀਆਂ ਸਾਹਮਣੇ ਪਈਆਂ ਸਨ ।

ਸੱਜਨ ਨੇ ਖ਼ੁਸ਼ੀ ਵਿਚ ਆਪਣੀ ਹਸਤੀ ਭੁੱਲ ਕੇ ਹੱਥ ਜੋੜੇ । ਵਨ ਕੰਨਿਆ ਨੇ ਮੁਸਕ੍ਰਾ ਕੇ ਹੱਥ ਉਤਾਂਹ ਕੀਤੇ, ਫਿਰ ਬੋਲੀ — "ਉਸ ਦਿਨ ਅਚਾਨਕ ਤੁਸੀਂ ਮੇਰੇ ਘਰ ਆ ਗਏ ਸਉ —"

"ਤਾਂ ਵਾਰੀ ਵੱਟੇ ਅੱਜ ਤੁਸਾਂ ਮੈਨੂੰ ਤ੍ਰਭਕਾ ਦਿਤਾ, ਹੈ ਨਾ ?" ਸੱਜਨ ਕੋਠੜੀ ਵਿਚਕਾਹੇ ਖਲੋ ਗਿਆ — "ਤੇ ਮੇਰੇ ਦੋਵੇਂ ਮੂਰਖ਼ ਦੋਸਤ ਕਿਥੇ ਤੁਰ ਗਏ ? ਤੁਹਾਨੂੰ ਏਥੇ ਮਿਲੇ ਤਾਂ ਹੋਣਨੇ ?"

'ਕਿਸੇ ਨੂੰ' ਵੇਖ ਕੇ ਹੌਸਲੇ ਹੜ੍ਹ ਆਏ ਸਨ; ਫ਼ਜ਼ੂਲ-ਬੇਫ਼ਜ਼ੂਲ ਸ਼ਬਦਾਂ 'ਚ ਘਿਰ ਕੇ ਮਿੱਤਰ ਸਿਰਫ਼ "ਮੂਰਖ਼" ਬਣ ਕੇ ਰਹਿ ਗਏ, ਕੀ ਇਹ ਘਟ ਚੰਗਾ ਸੀ ?

"ਹਾਂ, ਉਹਨਾਂ 'ਚੋਂ ਮਹੀਪਾਲ ਜੀ ਨੂੰ ਤਾਂ ਮੈਂ ਜਾਣਦੀ ਹਾਂ। ਤੇ ਇਕ ਹੋਰ ਸੱਜਣ

ਸਨ। ਜਦੋਂ ਮੈਂ ਆਈ ਦੋਵੇਂ ਏਥੇ ਸਨ।"

"ਕਿਥੇ ਗਏ ਨੇ ? ਤੁਹਾਨੂੰ ਕੁਝ ਦੱਸ ਗਏ ਨੇ ?"

ਉਂਗਲੀ ਨਾਲ ਛੋਟੀ ਮੇਜ਼ ਵਲ ਇਸ਼ਾਰਾ ਕਰਦਿਆਂ ਵਨ ਕੰਨਿਆਂ ਬੋਲੀ — "ਉਥੇ ਕੁਝ ਲਿਖ ਕੇ ਰਖ ਗਏ ਨੇ ?"

ਸੱਜਨ ਨੇ ਉਠ ਕੇ ਵੇਖਿਆ, ਬਾਂਬੇ ਆਰਟ ਸੋਸਾਇਟੀ ਦੇ ਇਕ ਪੁਰਾਣੇ ਸੱਦੇ ਪੱਤਰ ਵਾਲਾ ਬੁਕ ਪੋਸਟ ਲਫ਼ਾਫ਼ਾ ਬੰਦ ਕਰਕੇ ਰਖਿਆ ਹੋਇਆ ਸੀ ਛਪੇ ਪਤੇ ਉਤੇ ਮਹੀਪਾਲ ਦੇ ਦਸਖ਼ਤਾਂ ਹੇਠ ਲਿਖਿਆ ਹੋਇਆ ਸੀ — "ਮੈਨੀ ਹੈਪੀ ਰਿਟਰਨਸ ਆਫ਼ ਦ ਡੇ ! (ਇਹ ਖ਼ੁਸ਼ੀ ਦਾ ਦਿਨ ਵਾਰ ਵਾਰ ਆਏ !)"

ਸੱਜਨ ਮੁਸਕ੍ਰਾਇਆ — ਨਾੜ ਨਾੜ ਵਿਚ ਕਰੰਟ ਵਾਂਗ ਦੌੜ ਰਹੀ ਖ਼ੁਸ਼ੀ ਮੁਸਕ੍ਰਾਹਟ ਵਿਚ ਸਿਮਟ ਗਈ — "ਬਦਮਾਸ਼ ਸਾਲੇ !"

ਲਫ਼ਾਫ਼ਾ ਖੋਲ੍ਹਿਆ, ਪੁਰਾਣੇ ਸੱਦੇ-ਪੱਤਰ ਦੇ ਪਿਛਲੇ ਪਾਸੇ ਲਿਖਿਆ ਹੋਇਆ ਸੀ : "ਜਲੇਬੀ ਦੀ ਸਹੁੰ, ਇਹ ਬ੍ਰਾਹਮਣ ਇਸ ਵੇਲੇ ਵਿਯੋਗੀ ਬਣ ਮਨ ਜਾ ਰਿਹਾ ਹੈ। ਅੱਜ ਤੋਂ ਮੇਰਾ ਜਲੇਬੀ ਤਿਆਗ ਸੁਨਹਿਰੀ ਅੱਖਰਾਂ ਵਿਚ ਲਿਖ ਲਈਂ। ਕਰਨਲ ਨੇ ਵੀ ਸਵਾਦ ਇਦ੍ਰੀਆਂ ਨੂੰ ਜਿੱਤ ਕੇ ਆਪਣੇ ਜੈਨ ਹੋਣ ਦਾ ਸਬੂਤ ਦਿਤਾ ਹੈ। ਇਹ ਅਨੋਖਾਪਣ — ਇਕੱਲਪੁਣਾ — ਤੈਨੂੰ ਵੱਡੇ ਦਿਨ ਦੇ ਤੁਹਫ਼ੇ ਵਜੋਂ ਭੇਟ ਕੀਤਾ। ਚਾਚਿਆਂ ਦਾ ਅਹਿਸਾਨ ਮੰਨੀਂ, ਸਮਝਦਾਰ ਬਣ, ਤੇਰੇ ਹੱਕ ਵਿਚ ਅਸੀਂ ਹੁਣ ਦੀ ਘੜੀ ਇਹੋ ਅਰਦਾਸ ਕਰਦੇ ਹਾਂ।"

ਹੇਠਾਂ ਕਰਨਲ ਦੀ ਕੱਚੀ ਲਿਖਤ ਵਿਚ ਲਿਖਿਆ ਹੋਇਆ ਸੀ : 'ਪੁੱਤਰ, ਕਮਿਊਨਿਸਟ ਨਾ ਬਣ ਜਾਈਂ।"

ਹਸੂੰ ਹਸੂੰ ਕਰਦੀ ਖ਼ੁਸ਼ੀ ਨੂੰ ਓਪਰੀ ਹੈਰਾਨੀ ਨਾਲ ਢੱਕ ਕੇ, ਖ਼ਤ ਜੇਬ ਵਿਚ ਰਖਦਿਆਂ ਹੋਇਆ ਸੱਜਨ ਵਨ ਕੰਨਿਆਂ ਵਲ ਹੋਇਆ। ਕਿਸੇ ਹੱਦ ਤਾਈਂ 'ਅਤੀ' ਤਕ ਪਹੁੰਚਿਆ ਹੋਇਆ ਗੋਰਾ ਨਿਸ਼ੋਹ ਅਤੇ ਪਾਣੀਦਾਰ ਵਿਅੱਕਤੀਤਵ ਵਨ ਕੰਨਿਆਂ ਦੀ ਵਿਸ਼ੇਸ਼ਤਾ ਸੀ। ਸੱਜਨ ਦੀਆਂ ਅੱਖਾਂ ਵਿਚ ਉਸ ਦਰਸ਼ਨ ਦਾ ਪ੍ਰਭਾਵ ਝਲਕਿਆ; ਲਹਿਰਾਉਂਦੀ-ਝੁੰਝਲਾਉਂਦੀ ਆਵਾਜ਼ ਵਿਚ ਕਿਹਾ — "ਇਹ ਮੇਰੇ ਦੋਵੇਂ ਦੋਸਤ ਐਸੇ ਨੰਬਰੀ ਮੂਰਖ ਨੇ, ਕਿ ਤੁਹਾਨੂੰ ਕੀ ਦਸਾਂ। ਜ਼ਰੂਰੀ ਕੰਮ ਜਾ ਰਹੇ ਨੇ ਇਹ ਤਾਂ ਲਿਖ ਦਿਤਾ, ਪਰ ਇਹ ਨਹੀਂ ਲਿਖਿਆ ਭਾਈ ਇਹਨਾਂ ਕਮਬਖ਼ਤਾਂ ਨਾਲ ਮੇਲ ਕਿਥੇ ਹੋਏਗਾ। ਮੇਰਾ ਸਾਰਾ ਕ੍ਰਿਸਮਸ ਡੇ ਤਬਾਹ ਕਰ ਦਿਤਾ।"

ਆਖਦਾ ਹੋਇਆ ਸੱਜਨ ਵਨ ਕੰਨਿਆ ਦੇ ਲਾਗੇ ਈ ਇਕ ਚੌਰਸ ਸਿਰਹਾਣੇ ਦਾ ਸਹਾਰਾ ਲੈ ਕੇ ਬਹਿ ਗਿਆ। ਉਹ ਬੋਲੀ — "ਉਹ ਦੂਸਰੇ ਸੱਜਣ ਈ ਮਹੀਪਾਲ ਜੀ ਨੂੰ ਆਪਣੇ ਨਾਲ ਲੈ ਗਏ। ਸਗੋਂ ਮੈਂ ਤਾਂ ਚਾਹੁੰਦੀ ਸਾਂ ਮਹੀਪਾਲ ਜੀ ਰਹਿਣ।"

ਆਸ਼ਕ ਦਾ ਦਿਲ ਕਾਂਸੀ ਦੇ ਭਾਂਡੇ ਵਾਂਗ ਠਣ ਕਰਕੇ ਵੱਜਾ। ਸੱਜਨ ਨੇ ਪੁੱਛਿਆ — "ਮਹੀਪਾਲ ਨਾਲ ਕੋਈ ਖ਼ਾਸ ਕੰਮ ਏ ਤੁਹਾਨੂੰ ?"

"ਨਹੀਂ ਨਹੀਂ! ਉਂਜ ਮੈਂ ਉਹਨਾਂ ਦੀਆਂ ਬੜੀਆਂ ਕਿਤਾਬਾਂ ਪੜ੍ਹੀਆਂ ਨੇ। ਉਹ ਮੇਰੇ ਚਹੇਤੇ ਲੇਖਕ ਨੇ।"

ਸੱਜਨ ਦੇ ਮਨ ਇਹ ਪੁਹਿਆ ਨਾ। ਪਰ ਉਹ ਸੰਤੁਸ਼ਟ ਚਿਹਰੇ ਨਾਲ ਸੁਣਦਾ ਰਿਹਾ।

ਵਨ ਕੰਨਿਆਂ ਨੇ ਫਿਰ ਮੁਸਕਰਾ ਕੇ ਕਿਹਾ—"ਉਂਜ ਕਈ ਵਾਰ ਸੋਚਿਆ ਸੀ, ਉਹਨਾਂ ਨੂੰ ਮਿਲ ਆਵਾਂ। ਫਿਰ ਸੋਚਿਆ ਬਈ ਬਹੁਤ ਸਾਰੇ ਏਵੇਂ ਕੇਵੇਂ ਦੇ ਬਿਨਾਂ ਜਾਣੇ ਪਛਾਣੇ ਲੋਕ ਲੇਖਕਾਂ ਕਲਾਕਾਰਾਂ ਆਦਿ ਕੋਲ ਨਿੱਤ ਦਿਹਾੜੀ ਆਉਂਦੇ ਰਹਿੰਦੇ ਨੇ, ਤੁਹਾਨੂੰ ਘੁਮੰਡ ਹੋ ਜਾਂਦਾ ਏ — ਇਸ ਲਈ ਨਾ ਮਿਲਾਂ। ਅੱਜ ਸੰਜੋਗ ਨਾਲ ਉਹ ਏਥੇ ਮਿਲ ਗਏ ਤਾਂ......"

"ਤਾਂ ਕੀ ਏ। ਜਿਸ ਵੇਲੇ ਚਾਹੋ ਤੁਹਾਡੇ ਪਿਆਰੇ ਲੇਖਕ ਨੂੰ ਕੰਨੋਂ ਫੜ ਕੇ ਹਾਜ਼ਰ ਕਰ ਦਿਆਂ। ਚਲੋ, ਹੁਣੇ ਚਲੀਏ ਉਹਦੇ ਵਲ। ਉਹ ਦੋਵੇਂ ਘਰ ਈ ਗਏ ਹੋਣਗੇ।"

ਵਨ ਕੰਨਿਆਂ ਨੇ ਬੜੇ ਠਰ੍ਹੰਮੇ ਨਾਲ ਕਿਹਾ — "ਇਸ ਵੇਲੇ ਤਾਂ ਮੈਂ ਇਕ ਕੰਮ ਆਈ ਆਂ -- ਤੁਹਾਡੇ ਕੋਲ।"

ਸੁਣ ਕੇ ਸੱਜਨ ਦੇ 'ਮੂਡ' ਵਿਚ ਤਰਾਵਟ ਆਈ। ਵਿਸ਼ੇ ਨੂੰ ਸਮਝ ਕੇ ਜ਼ਰਾ ਕੁ ਗੰਭੀਰ ਹੋਇਆ, ਪੁੱਛਿਆ — "ਏਬਾਊਟ ਦੈਟ ਪੈਂਫਲੇਟ ?"

"ਹਾਂ।"

"ਮੈਂ ਹੁਣੇ ਈ ਮੁਹੱਲੇ ਵਾਲਿਆਂ ਨਾਲ ਸੁਣਿਆ ਸੀ। ਉਹ ਪਰਚਾ ਬੰਦ ਕਰਕੇ ਰਖ ਛੱਡਣ ਵਾਲਾ ਏ। ਉਹਨੂੰ ਪੜ੍ਹ ਕੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਨਾਂ ਤੇ ਥੁੱਕਣਗੀਆਂ।"

"ਖ਼ੈਰ, ਆਉਣ ਵਾਲੀ ਗੱਲ ਛੱਡੋ; ਮੇਰੀ ਤਾਂ ਹੁਣ ਦੀ ਸਮੱਸਿਆ ਏ।" ਕੰਨਿਆਂ ਨੇ ਆਖਦਿਆਂ ਆਪਣਾ ਵਿਚਾਰ ਮਗਨ ਸਿਰ ਨੀਵਾਂ ਪਾ ਲਿਆ। ਦੋਵਾਂ ਪੈਰਾਂ ਦੇ ਅੰਗੂਠੇ ਅਤੇ ਉਂਗਲਾਂ ਆਪੋ ਵਿਚ ਕੈਂਚੀ ਵਾਂਗ ਚਲਣ ਲਗੇ। ਸੱਜਨ ਨੂੰ ਨਜ਼ਰ ਭਰ ਕੇ ਉਹਦਾ ਮੂੰਹ ਵੇਖਣ ਦਾ ਸਮਾਂ ਮਿਲਿਆ : ਭੂਰੀ ਭਾਹ ਵਾਲੇ ਵਾਲਾਂ ਦੀਆਂ ਦੋ ਘੁੰਗਰਾਂ ਵਾਲੀਆਂ ਲਿਟਾਂ ਦੋਵਾਂ ਕੰਨਾਂ ਤੇ ਲਟਕ ਰਹੀਆਂ ਸਨ — ਬੜੀ ਸੁਹਣੀ ਲੱਗੀ — ਬਹੁਤ ਹੀ ਸੁਹਣੀ — ਕਿੰਨੀ ਤਕਲੀਫ਼ ਵਿਚ ਸੀ ਵਿਚਾਰੀ! ਇਹ ਮੇਰੇ ਕੋਲ ਆਪਣਾ ਦੁਖ ਵੰਡਾਉਣ ਆਈ ਏ। ਕਿੰਨਾ ਵੱਡਾ ਆਸਰਾ ਲੈ ਕੇ ਆਈ ਏ!.....

ਜ਼ਰਾ ਕੁ ਜੋਸ਼ ਵਿਚ ਆ ਕੇ ਸੱਜਨ ਨੇ ਕਿਹਾ — "ਤੁਸੀਂ ਉਹਦੇ ਲਈ ਕੀ ਕਾਰਵਾਈ ਕਰਨੀ ਚਾਹੁੰਦੇ ਓ ? ਮੈਂ ਦਿਲੋਂ ਤੁਹਾਡੀ ਸਹਾਇਤਾ ਕਰਾਂਗਾ।"

ਕੰਨ ਵਿਚ ਕਿਤੇ ਸ਼ਾਸਤਰੀ ਜੀ ਦੇ ਬੋਲ ਗੂੰਜ ਪਏ — "ਪਰਉਪਕਾਰ : ਪੁੰਨ ਹੈ

ਅਤੇ ਪਾਪ ਦੂਸਰਿਆਂ ਨੂੰ ਦੁਖੀ ਕਰਨਾ ਹੈ ।"

ਵਨ ਕੰਨਿਆਂ ਨੇ ਸਿਰ ਚੁਕਿਆ; ਨਜ਼ਰਾਂ ਵਿਚ ਨਜ਼ਰਾਂ ਪਾ ਕੇ ਵੇਖਿਆ ਜਿਵੇਂ ਪਰਖਿਆ ਹੋਏ, ਫਿਰ ਕਿਹਾ — "ਆਪਣੀ ਬਦਨਾਮੀ ਦੀ ਚਿੰਤਾ ਨਹੀਂ ਕਰਦੀ। ਸਵਰਗੀ ਭਾਬੀ ਲਈ ਨਿਆਂ ਚਾਹੁੰਦੀ ਆਂ।"

"ਪੈਂਫ਼ਲੇਟ ਵਿਚ ਦਿਤਾ ਗਿਆ ਡਾਈਂਗ ਡਿਕਲੇਰੇਸ਼ਨ —"

ਕੰਨਿਆਂ ਰੁੱਖ਼ਾ ਹਾਸਾ ਹੱਸੀ, ਆਖਣ ਲਗੀ — "ਬਾਊ ਸਾਲਗਰਾਮ ਨੇ ਛਲਕੇ ਹੋਏ ਦੁੱਧ 'ਚੋਂ ਮੁਨਾਫ਼ਾ ਕਮਾਇਆ ਏ। ਮੇਰੇ ਬਾਪ ਨੂੰ ਭਲਾ ਚੰਗਾ ਕਿਉਂ ਨਾ ਲਗਦਾ! ਖ਼ੂਨ ਕਰਕੇ ਵੀ ਖ਼ੂਨੀ ਫਾਂਸੀ ਦੇ ਫੰਦੇ 'ਚੋਂ ਬੇਦਾਗ਼ ਉਤਰ ਆਇਆ। ਇਹ ਸਵਰਾਜ ਦਾ ਨਿਆਂ ਹੈ!"

ਸੱਜਨ ਵਿਚਾਰ ਮਗਨ ਹੋ ਗਿਆ।

ਕੰਨਿਆਂ ਫਿਰ ਬੋਲੀ — "ਮਰਦਿਆਂ ਮਰਦਿਆਂ ਵੀ ਭਾਬੀ ਦੀ ਦੇਹ ਤੋਂ ਇਕ ਹੋਰ ਸੇਵਾ ਲੈ ਲਈ। ਸਟੇਟਮੈਂਟ ਤੇ ਉਹਦਾ ਹੱਥ ਫੜ ਕੇ ਦਸਖ਼ਤ ਕਰਾਏ ਗਏ।...... ਉਸ ਦਿਨ ਜੋ ਮੈਂ ਅਨੁਭਵ ਕੀਤਾ ਕਦੇ ਨਹੀਂ ਭੁੱਲਾਂਗੀ। ਇਕ ਮੈਜਿਸਟ੍ਰੇਟ, ਪੁਲਸ, ਸਬ ਇੰਸਪੈਕਟਰ, ਇਕ ਡਾਕਟਰ ਅਤੇ ਇਕ ਕੌਮੀ ਨੇਤਾ — ਇਹ ਸਾਡੇ ਨਿਆਂ ਦੇ ਪ੍ਰਤੀਕ ਸਰਾਸਰ ਨਿਆਂ ਦਾ ਗੱਲ ਘੁੱਟ ਰਹੇ ਸਨ। ਮਰਨ ਵਾਲੀ ਆਤਮਾ ਧਰਤੀ ਤੋਂ ਕਿੱਡਾ ਬੁਰਾ ਅਸਰ ਲੈ ਕੇ ਗਈ ਹੋਏਗੀ। ਆਖ਼ਰੀ ਸਾਹ ਤਕ ਉਹਦਾ ਨਾਜਾਇਜ਼ ਲਾਭ ਉਠਾਇਆ ਗਿਆ ......।"

"ਸਕਾਊਂਡਰਲਸ!"

ਇਲੈਕਸ਼ਨ ਦੀ ਨਿਰੀ ਇਕ ਚਾਲ ਲਈ ਮਨੁਖਤਾ ਵਿਰੁੱਧ ਇੰਨਾ ਵੱਡਾ ਢਕੌਂਜ ਰਚਿਆ ਗਿਆ। ਇਹ ਸਾਡੀ ਸਭਿਅਤਾ ਦਾ ਤਾਜ਼ਾ ਨਮੂਨਾ ਏ।"

ਮਿੰਟ ਕੁ ਭਰ ਕਮਰੇ ਵਿਚ ਚੁੱਪ ਭਰੀ ਰਹੀ। ਕੰਨਿਆਂ ਨੇ ਫਿਰ ਗੱਲ ਤੋਰੀ, ਕਿਹਾ — "ਇਹ ਲੋਕ ਤਾਂ, ਖ਼ੈਰ ਮੰਨੇ ਹੋਏ ਨੀਚ ਨੇ, ਪਰ ਅੱਜ ਪਾਰਟੀ ਵਾਲਿਆਂ ਦਾ ਰੁਖ਼ ਵੇਖ ਕੇ ਮੈਨੂੰ ਜਿਹੜਾ ਦੁਖ ਹੋਇਆ, ਉਹ ਦਸ ਨਹੀਂ ਸਕਦੀ।"

ਅੱਖਾਂ ਵਿਚ ਸਵਾਲ ਲੈ ਕੇ ਸਜਨ ਵੇਖਣ ਲਗਾ। ਕੰਨਿਆਂ ਕਹਿਣ ਲਗੀ — ਇਸ ਪਰਚੇ ਨਾਲ ਸਵੇਰੇ ਬਾਊ ਭੱਲਾ ਅਤੇ ਦੋ ਤਿੰਨ ਸਾਥੀ ਇਕ ਪਰਚੇ ਦਾ ਖਰੜਾ ਮੇਰੇ ਕੋਲ ਲਿਆਏ ਸਨ। ਉਹਦੇ ਵਿਚ ਵੀ ਇਸ ਅਨਿਆਂ ਨਾਲੋਂ ਵਧ ਪਾਰਟੀ ਅਤੇ ਬਾਊ ਭੱਲੇ ਦੀ ਇੱਜ਼ਤ ਬਚਾਉਣ ਫ਼ਿਕਰ ਸੀ। ਚਾਹੁੰਦੇ ਸਨ ਮੈਂ ਉਹਦੇ ਤੇ ਦਸਖ਼ਤ ਕਰ ਦਿਆਂ। ਮੈਂ ਨਾਹ ਕਰ ਦਿਤੀ — ਮੈਂ ਪੁੱਛਦੀ ਆਂ, ਏਸ ਔਰਤ ਦੀ ਇੱਜ਼ਤ ਕਿਸੇ ਵੀ ਪਾਰਟੀ ਜਾਂ ਦੇਸ਼ ਦੀ ਇੱਜ਼ਤ ਨਾਲੋਂ ਘਟ ਏ? ਇਹ ਅਨਿਆਂ ਭਲਾ ਪੂਰੇ ਸਮਾਜ ਲਈ ਅਨਿਆਂ ਨਹੀਂ!"

ਸੱਜਨ ਆਪ ਵੀ ਆਪਣਾ ਦਿਲ ਟੋਹ ਰਿਹਾ ਸੀ ।

"ਸਭ ਆਪਣਾ ਹੀ ਸਵਾਰਥ ਵੇਖਦੇ ਨੇ ਸੱਜਨ ਜੀ, ਮੇਰਾ ਮਨੁੱਖ ਜਾਤੀ ਤੋਂ ਹੀ ਵਿਸ਼ਵਾਸ ਉਠਦਾ ਜਾਂਦਾ ਹੈ ।"

ਸੱਜਨ ਕੁਝ ਨਾ ਬੋਲਿਆ, ਚੁੱਪ ਉਹਦੀ ਹਾਂ ਦੀ ਸੂਚਕ ਸੀ । ਕੰਨਿਆਂ ਨੇ ਆਪਣਾ ਪਰਸ ਖੋਲ੍ਹ ਕੇ ਇਕ ਕਾਗ਼ਜ਼ ਕੱਢਦਿਆਂ ਹੋਇਆਂ ਕਿਹਾ — ਮੈਂ ਇਕ ਛੋਟਾ ਜਿਹਾ ਲੇਖ ਲਿਖਿਆ ਹੈ । ਤੁਹਾਥੋਂ ਏਨੀ ਕੁ ਮਦਦ ਚਾਹੁੰਦੀ ਹਾਂ ਕਿ ਇਹਨੂੰ ਕਿਸੇ ਅਖ਼ਬਾਰ ਵਿਚ ਛਪਵਾ ਦਿਉ ।"

ਸੱਜਨ ਫੁਲਸਕੇਪ ਕਾਗ਼ਜ਼ ਦੇ ਚਾਰ ਸਫੇ ਪੜ੍ਹਨ ਵਿਚ ਰੁਝ ਗਿਆ । ਵਨ ਕੰਨਿਆਂ ਦੀ ਨਜ਼ਰ ਕਮਰੇ ਵਿਚ ਏਧਰ ਓਧਰ ਫਿਰਦੀ ਹੋਈ ਵਿਚ ਸੱਜਨ ਦੇ ਚਿਹਰੇ ਦੀ ਪ੍ਰਤੀਕਿਰਿਆ ਵੇਂਹਦੀ ਜਾਂਦੀ ਸੀ ।

ਪੜ੍ਹ ਕੇ ਸੱਜਨ ਨੇ ਡੂੰਘਾ ਸਾਹ ਲਿਆ ਕਿਹਾ — "ਤੁਸਾਂ ਬਹੁਤ ਸੁਹਣਾ ਲਿਖਿਆ ਹੈ।......ਪਰ ਮੇਰੀ ਰਾਏ ਹੈ ਕਿ ਇਹਨੂੰ ਅਖ਼ਬਾਰ ਵਿਚ ਨਾ ਛਾਪੀਏ । ਇਲੈਕਸ਼ਨ ਦੇ ਹੁੱਲੜ ਵਿਚ ਇਹ ਦੱਬਿਆ ਜਾਣਾ ਏ । ਇਸ ਵੇਲੇ ਤਾਂ ਇਸ਼ਤਿਹਾਰਬਾਜ਼ੀ ਦਾ ਮੌਸਮ ਹੈ ।"

'ਪਰ ਮੇਰੇ ਕੋਲ ਤਾ ਹੋਰ ਕੋਈ ਵਸੀਲਾ ਨਹੀਂ ।"

"ਮੈਂ ਕਰਨਲ ਨਾਲ ਗੱਲ ਕਰਾਂਗਾ । ਉਹੋ ਜੋ ਮਹੀਪਾਲ ਨਾਲ ਤੁਹਾਨੂੰ ਏਥੇ ਮਿਲਿਆ ਸੀ । ਅਮੀਨਾਬਾਦ ਵਿਚ ਵਿਕਟੋਰੀਆ ਮੈਡੀਕਲ ਸਟੋਰਜ਼ ਹੈ ਨਾ......ਉਹਦਾ ਪ੍ਰੋਪਰਾਈਟਰ ਏ । ਇਲੈਕਸ਼ਨ ਦੇ ਬੜੇ ਦਾਅ ਪੇਚ ਸਮਝਦਾ ਏ । ਹੁਣੇ ਅਸੀਂ ਚਲਾਂਗੇ — ਮੈਂ, ਤੁਸੀਂ, ਕਰਨਲ, ਮਹੀਪਾਲ ਸਭ ਬਹਿ ਕੇ ਕੋਈ ਰਾਹ ਕੱਢਾਂਗੇ । ਮੇਰਾ ਮਤਲਬ ਏ ਜਦ ਤਕ ਇਹ ਲੇਖ ਇਲੈਕਸ਼ਨ ਦੇ ਸਭ ਰੌਲੇ ਰੱਪੇ ਤੋਂ ਉਤਾਂਹ ਓਠ ਕੇ ਨਹੀਂ ਆਉਂਦਾ ਤਦ ਤਕ ਪਬਲਿਕ ਤੇ ਉਹਦਾ ਕੋਈ ਅਸਰ ਨਹੀਂ ਪੈ ਸਕਦਾ ।"

"ਮੈਂ ਜੀਵਨ ਭਰ ਤੁਹਾਡਾ ਉਪਕਾਰ ਮੰਨਾਂਗੀ ।"

ਸੱਜਨ ਨੂੰ ਗੱਲ ਚੰਗੀ ਲਗੀ, ਫਿਰ ਇਸ ਚੰਗਿਆਈ ਵਿਚ ਆਪਣੀ ਲੁਕੀ ਇੱਛਾ ਦੀ ਝਲਕ ਵੇਖ ਲੈਣ ਲਈ ਉਹਨੂੰ ਆਪਣੇ ਉਤੇ ਸ਼ਰਮ ਵੀ ਆਈ, ਬੋਲਿਆ — "ਮੈਨੂੰ ਆਪਣੀਆ ਨਜ਼ਰਾ ਵਿਚ ਇੰਨਾ ਬੁਰਾ ਨਾ ਸਮਝੋ । ਇਹ ਕੰਮ ਜਿੰਨਾ ਤੁਹਾਡਾ ਹੈ ਓਨਾ ਹੀ ਮੇਰਾ ਏ — ਹਰ ਇਨਸਾਫ਼ ਪਸੰਦ ਮਨੁੱਖ ਦਾ ਹੈ । ਫਿਰ ਕੌਣ ਕਿਸੇ ਤੇ ਉਪਕਾਰ ਕਰੇਗਾ ਤੇ ਕੌਣ ਅਹਿਸਾਨ ਮੰਨੇਗਾ ?"

ਵਨ ਕੰਨਿਆਂ ਦੀਆਂ ਨਜ਼ਰਾਂ ਸ਼ੱਕ ਅਤੇ ਆਦਰ ਦਾ ਰਲਵਾਂ ਭਾਵ ਲੈ ਕੇ ਚੁੱਪ ਚਾਪ ਨੀਵੀਆਂ ਹੋ ਗਈਆਂ ।

ਨਾਸ਼ਤੇ ਉਤੇ ਸੱਜਨ ਦੀ ਨਜ਼ਰ ਪਈ, ਲਫ਼ਾਫ਼ੇ ਖੋਲ੍ਹਦਿਆਂ ਹੋਇਆਂ ਉਹਨੇ ਕਿਹਾ —

"ਆਓ ਕੁਝ ਨਾਸ਼ਤਾ ਹੋ ਜਾਏ। ਜਲੇਬੀਆਂ ਤਾਂ ਇਕ ਦਮ ਠੰਡੀਆਂ ਹੋ ਗਈਆਂ ਨੇ, ਪਰ ਖ਼ੈਰ।"

ਪੁੜੀਆਂ ਖੋਲ੍ਹਦਿਆਂ ਹੋਇਆਂ ਅਖਬਾਰੀ ਕਾਗ਼ਜ਼ ਦੀ ਸਰਸਰਾਹਟ ਹੁੰਦੀ ਰਹੀ। ਸੱਜਨ ਨੇ ਫਿਰ ਪੁੱਛਿਆ — "ਮੇਰਾ ਖ਼ਿਆਲ ਏ, ਚਾਹ ਜ਼ਰੂਰ ਚਲੇਗੀ ਇਹਦੇ ਨਾਲ — ਕਿਉਂ ?"

"ਮੈਂ ਬਣਾਉਂਦੀ ਆਂ।" ਆਖ ਕੇ ਵਨ ਕੰਨਿਆ ਉਠੀ। ਨੁੱਕਰ ਵਿਚ ਛੋਟੀ ਮੇਜ਼ ਤੇ ਚਾਹ ਦਾ ਸਾਮਾਨ ਰਖਿਆ ਹੋਇਆ ਸੀ।

ਸੱਜਨ ਬਾਜ਼ਾਰੋਂ ਦੁੱਧ ਲੈਣ ਚਲਾ ਗਿਆ। ਕਰਨਲ ਦੇ ਘਰੋਂ ਸਿੱਧਿਆਂ ਸ਼ਾਸਤਰੀ ਜੀ ਦੇ ਘਰ ਚਲੇ ਜਾਣ ਕਰਕੇ ਉਹ ਦੁੱਧ ਦੀ ਬੋਤਲ ਆਪਣੇ ਨਾਲ ਨਹੀਂ ਲਿਆ ਸਕਿਆ ਸੀ।

... ...

ਚਾਹ ਪੀਂਦਿਆਂ ਸੱਜਨ ਨੇ ਗੱਲ ਤੋਰੀ; ਕਿਹਾ — "ਤੁਸੀਂ ਜਦ ਏਥੇ ਆਏ ਹੋ ਤਾਂ ਉਹਦੇ ਨਾਲੋਂ ਕੁਝ ਪਹਿਲਾਂ ਇਕ ਸੋਸ਼ਲ ਸਰਵਿਸ ਦਾ ਮੈਨੂੰ ਅਨੁਭਵ ਹੋਇਆ ਸੀ। ਏਥੇ ਗਲੀ ਵਿਚ ਅਗਾਂਹ ਜਾ ਕੇ ਇਕ ਵਕੀਲ ਸਾਹਬ ਰਹਿੰਦੇ ਨੇ। ਚੋਖੇ ਬਜ਼ੁਰਗ ਨੇ, ਗੱਲ ਬਾਤ ਵਿਚ ਬੜੇ ਇੰਟਰਸਟਿੰਗ ਲਗੇ। ਹਾਂ, ਤੇ, ਉਹਨਾਂ ਦੇ ਛੋਟੇ ਲੜਕੇ ਦੀ ਨੂੰਹ ਪਾਗਲ ਏ। ਅੱਜ ਇਕਵਾਰਗੀ ਗਲੀ ਵਿਚ ਆ ਗਈ, ਬੜਾ ਕੱਜੀਆ ਖੜਾ ਕੀਤਾ। ਕੰਟ੍ਰੋਲ ਵਿਚ ਲਿਆਉਣ ਲਈ ਮੈਂ ਉਹਨੂੰ ਇਕ ਥੱਪੜ ਜੜਿਆ — ਆਪਣੀ ਹੋਸ਼ ਵਿਚ ਪਹਿਲੀ ਵਾਰ ਕਿਸੇ ਔਰਤ ਉਤੇ ਹੱਥ ਚੁਕਿਆ — ਬੜੇ ਚਿਰ ਤਕ ਮੇਰੀ ਹਥੇਲੀ ਵਿਚ ਉਸ ਥੱਪੜ ਦੀ ਝਣਝਨਾਹਟ ਹੁੰਦੀ ਰਹੀ।"

"ਕਿੰਜ ਪਾਗਲ ਹੋ ਗਈ ਉਹ ?"

"ਤੁਹਾਡੀ ਭਾਬੀ ਨੇ ਇਕ ਤਰ੍ਹਾਂ ਦਾ ਅਤਿਆਚਾਰ ਸਹਿਆ, ਇਸ ਔਰਤ ਨੇ ਦੂਜੀ ਤਰ੍ਹਾਂ ਦਾ। ਅੰਤ ਵੀ ਇਕੋ ਜਿਹਾ ਹੋ ਕੇ ਦੋ ਰੂਪਾਂ ਵਿਚ ਸਾਹਮਣੇ ਆਇਆ — ਬਸ ਇਹੋ ਫ਼ਰਕ ਏ।" ਸੱਜਨ ਦੀ ਆਵਾਜ਼ ਵਿਚ ਪੀੜ ਅਤੇ ਵਿਚਾਰ ਦੋਵਾਂ ਦੀ ਡੂੰਘੀ ਛੋਹ ਸੀ। ਕੰਨਿਆਂ ਉਹਨੂੰ ਪੂਰੇ ਮਨ ਨਾਲ ਵੇਖ ਅਤੇ ਸੁਣ ਰਹੀ ਸੀ।

ਸੱਜਨ ਨੇ ਰੁਕ ਕੇ ਫਿਰ ਸਾਹ ਲੈ ਕੇ ਕਿਹਾ — "ਵਕੀਲ ਸਾਹਿਬ ਦੇ ਤਿੰਨੇ ਲੜਕੇ ਐਸੇ ਨਸੀਬਾਂ ਵਾਲੇ ਨਿਕਲੇ ਕਿ ਹੁਣ ਉਹਨਾਂ ਨੇ ਮਾਂ ਬਾਪ ਨਾਲੋਂ ਆਪਣਾ ਸੰਬੰਧ ਵੀ ਓਨੀ ਹੀ ਦੂਰ ਕਰ ਲਿਆ ਏ। ਵੱਡਾ ਲੜਕਾ ਇੰਗਲੈਂਡ ਡਾਕਟਰੀ ਪੜ੍ਹਨ ਗਿਆ ਸੀ, ਉਥੇ ਈ ਕਿਸੇ ਕਾਊਂਟੀ ਵਿਚ ਪ੍ਰੈਕਟਿਸ ਲੈ ਕੇ ਬਹਿ ਗਿਆ, ਆਪਣੇ ਬੀਵੀ ਬੱਚਿਆਂ

ਨੂੰ ਵੀ ਉਥੇ ਈ ਸੱਦ ਲਿਆ। ਹੁਣ ਉਹਦੇ ਨਾਲ ਤਾਂ ਸਮਝੋ ਕੋਈ ਮਤਲਬ ਨਹੀਂ ਰਿਹਾ, ਸਾਲ ਛੇ ਮਹੀਨੇ ਵਿਚ ਕਦੇ ਇਕ ਅੱਧ ਚਿੱਠੀ ਆ ਜਾਂਦੀ ਹੈ। ਦੂਸਰੇ ਸਾਹਬਜ਼ਾਦੇ ਆਈ. ਸੀ. ਐਸ. ਨੇ, ਉਹ ਵੀ ਹੁਣ ਇਸ ਗਲੀ ਮੁਹੱਲੇ ਅਤੇ ਸਨਾਤਨੀ ਮਾਂ ਬਾਪ ਨਾਲ ਭਲਾ ਕਿੰਜ ਸੰਬੰਧ ਰਖਣ ? ਹਾਂ ਕੁਝ ਰੁਪਿਆਂ ਦੀ ਸਹਾਇਤਾ ਜ਼ਰੂਰ ਕਰਦੇ ਰਹਿੰਦੇ ਨੇ। ਤੀਸਰੇ ਸਾਹਬਜ਼ਾਦੇ ਮਿਲਟਰੀ ਵਿਚ ਨੇ ਅਰਥਾਤ ਮਿਜਾਜ਼ੀ ਤੋਪਾਂ ਬੰਦੂਕਾਂ ਦੇ ਮਾਲਕ, ਕੈਪਟਨ ਸੋ ਐਂਡ ਸੋ। ਉਹਦਾ ਆਪਣੀ ਸਕੀ ਚਚੇਰੀ ਭੈਣ ਨਾਲ ਰੋਮੀਓਂ ਜੂਲੀਅਟ ਵਾਲਾ ਰਿਸ਼ਤਾ ਸੀ ਜਿ ਸਨੇ ਪ੍ਰੋਗਰੇਸ ਕਰਕੇ ਸ਼ਾਦੀ ਦਾ ਰੂਪ ਧਾਰਨ ਕਰ ਲਿਆ। ਅਤੇ ਇਹ ਔਰਤ ਲਗ ਭਗ ਸੱਤ ਅੱਠ ਸਾਲਾਂ ਤੋਂ ਕੰਡੈਮਡ ਮਾਲ ਵਾਂਗ ਏਥੇ ਪਈ ਏ। ਵਕੀਲ ਸਾਹਬ ਆਪਣੇ ਪੁੱਤਰ ਦੀ ਕਲੰਕ ਕਰਤੂਤ ਤੋਂ ਏਨੇ ਡਰ ਗਏ ਕਿ ਉਹ ਅਤੇ ਉਹਨਾਂ ਦੀ ਬੁੱਢੜੀ ਸਦਾ ਬੜੇ ਨਰਵਿਸ ਟੈਨਸ਼ਨ ਵਿਚ ਆਪਣੀ ਨੂੰਹ ਤੇ ਸਖ਼ਤ ਨਿਗਰਾਨੀ ਰਖਣ ਲਗੇ। ਨਤੀਜਾ ਇਹ ਨਿਕਲਿਆ ਕਿ ਮਨ ਦੀਆਂ ਚਾਹਤਾਂ ਫ੍ਰਸਟਰੇਟ ਹੁੰਦਿਆਂ ਹੁੰਦਿਆਂ ਅੱਜ ਇਸ ਨੌਬਤ ਤਕ ਪਹੁੰਚ ਗਈ।"

ਆਖ ਕੇ ਦੋ ਪਲਾਂ ਲਈ ਵਿਚਾਰਾਂ ਵਿਚ ਡੁੱਬੀ ਨਜ਼ਰ ਨਾਲ ਸੱਜਨ ਕੰਨਿਆਂ ਵਲ ਵੇਖਦਾ ਰਿਹਾ, ਫਿਰ ਇਕ ਘੁੱਟ ਨਾਲ ਚਾਹ ਦਾ ਅੱਧਾ ਪਿਆਲਾ ਪੀ ਕੇ ਪਿਆਲਾ ਰੱਖ ਦਿਤਾ।

ਕੰਨਿਆਂ ਨੇ ਬੜੇ ਭੋਲੇਪਨ ਅਤੇ ਪ੍ਰੇਸ਼ਾਨੀ ਨਾਲ ਸਵਾਲ ਕੀਤਾ — "ਪਰ ਕੀ ਹੋਏਗਾ ? ਇਹ ਸਭ ਕੁਝ ਕਦ ਤਾਂਈਂ ਚਲਦਾ ਰਹੇਗਾ ? ਇਹਦਾ ਕੋਈ ਅੰਤ ਨਹੀਂ ?"

"ਜ਼ਰੂਰ ਏ ! ਜ਼ਰੂਰ ਏ !"

"ਕਿੰਜ ਹੋਏਗਾ, ਏਹੋ ਮੇਰੀ ਸਮਝ ਵਿਚ ਨਹੀਂ ਆਉਂਦਾ। ਅੱਜ ਸਵੇਰ ਤੋਂ ਮੈਨੂੰ ਇਕ ਨਵੀਂ ਚਿੰਤਾ ਸਤਾ ਰਹੀ ਏ।......ਮੈਨੂੰ ਨਹੀਂ ਪਤਾ ਤੁਹਾਡੇ ਪੋਲੀਟੀਕਲ ਵਿਊਜ਼ ਕੀ ਨੇ — ਪਰ ਕਮਿਊਨਿਜ਼ਮ ਨਾਲ ਮੇਰਾ ਬੋਧਕ ਲਗਾਅ ਏ, ਇਹ ਤਾਂ ਤੁਸੀਂ ਵੀ ਜਾਣਦੇ ਓ।"

ਖ਼ੈਰ ਹੋਏਗਾ। ਮੈਂ ਇਜ਼ਮਾਂ ਦੀ ਨਜ਼ਰ ਨਾਲ ਇਸਤਰੀ ਪੁਰਖਾਂ ਨੂੰ ਨਹੀਂ ਵੇਖਦਾ..."

ਮੈਂ ਇਸ ਲਈ ਕਿਹਾ ਏ ਕਿ ਕਮਿਊਨਿਸਟ ਅਖਵਾਉਣਾ ਅੱਜ ਕੱਲ੍ਹ ਭਿਆਨਕ ਸਮਝਿਆ ਜਾਂਦਾ ਹੈ, ਹਾਲਾਂਕਿ ਉਹਦੇ ਵਿਚ ਵੀ ਸੈਂਕੜੇ ਹਜ਼ਾਰਾਂ ਮੇਰੇ ਤੁਹਾਡੇ ਵਰਗੇ ਈ ਲੋਕ ਨੇ। ਖ਼ੈਰ, ਤੇ ਬਾਊ ਭੱਲੇ ਨੂੰ ਮੈਂ ਤਿੰਨਾਂ ਚਹੁੰ ਵਰ੍ਹਿਆਂ ਤੋਂ ਜਾਣਦੀ ਹਾਂ। ਉਹ ਬੇਹੱਦ ਜ਼ਿਆਦਾ ਪੜ੍ਹਨ ਸੋਚਣ ਵਾਲੇ ਤਾਂ ਨਹੀਂ ਫਿਰ ਵੀ ਪੜ੍ਹਦੇ ਸੋਚਦੇ ਰਹਿੰਦੇ ਨੇ। ਉਂਜ ਉਹ ਪ੍ਰੈਕਟੀਕਲ ਵਰਕਰ ਨੇ। ਤੇ ਮੈਂ ਸੱਚ ਕਹਿੰਦੀ ਹਾਂ, ਲੋਕ ਉਹਨੂੰ ਜੋ ਚਾਹੁੰਣ ਆਖਣ, ਪਰ ਉਹ ਬੜੇ ਖ਼ਰੇ ਆਦਮੀ ਨੇ, ਮੈਂ ਉਹਨਾਂ ਦਾ ਆਦਰ

ਕਰਦੀ ਆਂ।......ਪਰ ਅੱਜ ਸਵੇਰੇ ਉਹਨਾਂ ਦੀਆਂ ਗੱਲਾਂ ਸੁਣ ਕੇ ਇੰਜ ਲੱਗਾ ਜਿਵੇਂ ਮੈਂ ਕਿਸੇ ਨਵੇਂ ਆਦਮੀ ਨੂੰ ਵੇਖ ਰਹੀ ਆਂ।"

ਸੱਜਨ ਬੁੱਧੀਵਾਨ ਆਦਮੀ ਵਾਂਗ ਹੱਸਿਆਂ, ਬੋਲਿਆ — "ਮੈਂ ਤੁਹਾਡੇ ਪੋਲੀਟੀਕਲ ਵਿਚਾਰਾਂ ਨੂੰ ਸੱਟ ਨਹੀਂ ਪਹੁੰਚਾਣੀ ਚਾਹੁੰਦਾ ਸਾਂ, ਪਰ ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਕਮਿਊਨਿਸਟ ਜ਼ਿਮੇਵਾਰ ਆਦਮੀ ਨਹੀਂ ਹੁੰਦੇ।"

"ਤੁਹਾਡੀ ਲਾਜਿਕ ਗ਼ਲਤ ਹੈ।" ਵਨ ਕੰਨਿਆਂ ਦਾ ਪੱਕਾ ਇਲਜ਼ਾਮ ਸੁਣ ਕੇ ਸੱਜਨ ਦੇ ਮਨ ਨੂੰ ਧੱਕਾ ਲੱਗਾ। ਉਹ ਸੰਭਲ ਕੇ ਬਹਿ ਗਿਆ। ਕੰਨਿਆਂ ਕਹਿਣ ਲੱਗੀ — "ਇਕ ਗੱਲ ਜੋ ਚਿਰ ਤੋਂ ਮਨ ਵਿਚ ਚੁਭਦੀ ਸੀ, ਉਹ ਅੱਜ ਦੀ ਘਟਨਾ ਨਾਲ ਮੈਨੂੰ ਹੱਲ ਦਿਸ ਰਹੀ ਏ। ਅੱਜ ਇਕ ਦਮ ਮੈਨੂੰ ਇੰਜ ਲੱਗਾ ਜਿਵੇਂ ਫ਼ੁੱਟਬਾਲ ਦਾ ਮੈਚ ਹੁੰਦਾ ਏ ਨਾ, ਰਾਜਨੀਤਕ ਪਾਰਟੀਆਂ ਦਾ ਘੋਲ ਵੀ ਐਨ ਇੰਜ ਹੀ ਏ। ਜਨਤਾ ਫ਼ੁੱਟਬਾਲ ਏ, ਮੈਚ ਉਹਦੇ ਨਾਂ ਤੇ ਈ ਹੋ ਰਿਹਾ ਏ, ਪੋਲੀਟੀਕਲ ਪਾਰਟੀਆਂ ਦੇ ਖਿਡਾਰੀ ਠੋਕਰਾਂ ਵੀ ਉਹਨੂੰ ਲਾ ਰਹੇ ਨੇ। ਇਹ ਇਲੈਕਸ਼ਨ ਸਾਡੀ ਲੋਕ ਤੰਤਰੀ ਸਮਾਜੀ ਹਾਲਤ ਦਾ ਏਹੋ ਰੂਪ ਦਰਸਾ ਰਹੀਆਂ ਨੇ।"

ਸੱਜਨ ਬੜੇ ਧਿਆਨ ਨਾਲ ਸੁਣ ਰਿਹਾ ਸੀ।

ਕੰਨਿਆ ਕਹਿੰਦੀ ਰਹੀ — "ਬਾਊ ਭੱਲਾ ਜੋ ਸਟੇਟਮੈਂਟ ਬਣਾ ਕੇ ਲਿਆਇਆ ਸੀ ਉਹਦੇ ਵਿਚ ਮੇਰੇ ਪਿਤਾ ਦਾ ਪਾਪ ਅਤੇ ਭਾਬੀ ਦਾ ਅੰਤ ਵੀ ਪ੍ਰਾਪੇਗੰਡੇ ਦੀ ਸ਼ਕਲ ਵਿਚ ਈ ਸਾਹਮਣੇ ਆਇਆ। ਉਹਦੇ ਵਿਚ ਸਿਰਫ਼ ਕਮਿਊਨਿਸਟ ਪਾਰਟੀ ਅਤੇ ਇਲੈਕਸ਼ਨ ਦਾ ਹੀ ਮਹੱਤਵ ਸੀ। ਉਹਦੇ ਵਿਰੁੱਧ ਝੂਠਾ ਪ੍ਰਚਾਰ ਕਿਉਂ ਹੁੰਦਾ ਹੈ? ਇਹਦਾ ਪੋਲ ਵੀ ਬੜੇ ਜੋਸ਼ ਨਾਲ ਖੋਹਲਿਆ ਗਿਆ ਸੀ। — ਮੈਂ ਪੁੱਛਿਆ ਠੀਕ ਏਹੋ ਜੋਸ਼ ਤੁਹਾਨੂੰ ਇਕ ਇਸਤਰੀ ਨਾਲ ਹੋਣ ਵਾਲੇ ਅਤਿਆਚਾਰ ਤੇ ਕਿਉਂ ਨਹੀਂ ਆਇਆ? — ਕਹਿਣ ਲੱਗੇ, ਪਾਰਟੀ ਇਹਨਾ ਆਦਰਸ਼ਾਂ ਨੂੰ ਹੀ ਨਾਲ ਲੈ ਕੇ ਚਲ ਰਹੀ ਏ। ਜਦ ਪਾਰਟੀ ਜਿੱਤੇ ਗੀ ਤਾਂ ਸਮਾਜ ਵੀ ਬਦਲੇਗਾ। ਤੁਹਾਨੂੰ ਸੱਚ ਦਸਦੀ ਆਂ ਮੈਨੂੰ ਤਸੱਲੀ ਨਹੀਂ ਹੋਈ। ਮੈਨੂੰ ਇੰਜ ਲੱਗਾ ਸਮਾਜ ਨੂੰ ਇਹ ਬੜੀਆਂ ਵੱਡੀਆਂ ਜਨਰਲ ਟਰਮਸ ਵਿਚ ਵੇਖ ਰਹੇ ਨੇ। ਜਿਸ ਵਿਅਕਤੀ ਦੀਆਂ ਪੀੜਾਂ ਦਾ ਸਮੂਹਿਕ ਰੂਪ ਵਿਚ ਵਿਖਾਵਾ ਕਰ ਕੇ ਇਹ ਰਾਜਨੀਤਕ ਸਿਧਾਂਤ ਬਣੇ ਨੇ, ਓਹਦਾ ਅਨੁਭਵ, ਉਹਦੀ ਤੜਫ਼ ਵੀ ਹੁਣ ਸਾਡੇ ਮਨ 'ਚੋਂ ਨਿਕਲ ਗਈ ਏ। ਸਾਡੀ ਨਜ਼ਰ ਹੁਣ ਕੇਵਲ ਪੋਲੀਟੀਕਲ ਰਹਿ ਗਈ ਏ — ਸਿਰਫ਼ ਪੋਲੀਟੀਕਲ — ਕੋਹਲੂ ਦੇ ਬੌਲਦ ਵਾਂਗ ਆਦਤ ਦੇ ਕਾਰਨ ਚੱਕਰ ਕੱਟਦੇ ਜਾ ਰਹੇ ਆਂ, ਕੰਮ ਕੁਝ ਵੀ ਨਹੀਂ ਰਿਹਾ।"

"ਤੁਸੀਂ ਸੱਚ ਕਹਿੰਦੇ ਓ। ਐਨ ਮੇਰੇ ਮਨ ਦੀ ਗੱਲ ਕਹਿ ਰਹੇ ਓ। ਮੈਂ ਪਾਲਿਟਿਕਸ ਨੂੰ ਹੇਟ ਕਰਦਾ ਹਾਂ", ਆਖਦਿਆਂ ਸੱਜਨ ਨੇ ਕੇਤਲੀ ਚੁੱਕੀ, ਵੇਖਿਆ,

ਕਿਹਾ — "ਗੱਲਾਂ ਵਿਚ ਚਾਹ ਇਕ ਦਮ ਠੰਡੀ ਹੋ ਗਈ। ਦੁਬਾਰਾ ਬਣਾਵਾਂ ?"

"ਤੁਹਾਡੇ ਲਈ ਬਣਾਵਾਂ, ਮੈਂ ਤਾ ਹੁਣ..."

"ਹਾਂ, ਮਨ ਤਾਂ ਮੇਰਾ ਵੀ ਹੋਰ ਤਰ੍ਹਾਂ ਦਾ ਹੋ ਗਿਆ। — ਵੇਖੋ ਇਹ ਚਾਹ ਕਾਫ਼ੀ ਸਿਗਰਟ ਵੀ ਵਿਹਲ ਦੇ ਸ਼ੌਕ ਨੇ। ਦਿਮਾਗ਼ ਜਦ ਪੂਰੀ ਤਰ੍ਹਾਂ ਕਿਸੇ ਭਾਵਨਾ ਨਾਲ ਜੁੜਿਆ ਰਹਿੰਦਾ ਏ, ਉਦੋਂ ਇਹ ਸਭ ਚੀਜ਼ਾਂ ਝੂਠੀਆਂ ਸਾਬਤ ਹੁੰਦੀਆਂ ਨੇ।" ਕਹਿੰਦਿਆਂ ਹੋਇਆਂ ਸੱਜਨ ਨੇ ਜੇਬ ਵਿਚੋਂ ਸਿਗਰਟ ਕੇਸ ਕੱਢਣ ਲਈ ਹੱਥ ਪਾਉਣਾ ਚਾਹਿਆ।

ਕੰਨਿਆ ਨੇ ਝੱਟ ਪੱਟ ਟੋਕਿਆ — "ਹੱਥ ਧੋਵੋ। ਜਲੇਬੀਆਂ ਨਾਲ ਚਿਪ ਚਿਪ ਨਾ ਕਰਦੇ ਹੋਣਗੇ।"

ਸੱਜਨ ਨੇ ਝਿਜਕ ਭਰੀ ਮੁਸਕ੍ਰਾਹਟ ਨਾਲ ਉਹਨੂੰ ਵੇਖਦਿਆਂ ਹੋਇਆਂ ਖੱਬੇ ਹੱਥ ਨਾਲ ਸਿਗਰਟ ਕੇਸ ਕੱਢਿਆ ਅਤੇ ਕੰਨਿਆ ਨੂੰ ਕਿਹਾ — "ਇਹ ਸਾਰੀਆਂ ਹੁਣ ਖ਼ਤਮ ਤੇ ਕਰ ਦਿਉ। ਤੇ, ਇਫ਼ ਯੂ ਡੌਂਟ ਮਾਈਂਡ, ਚਾਹ ਇਕ ਵਾਰ ਬਣਾ ਈ ਲਉ।...ਬਈ, ਖ਼ਾ ਤਾਂ ਲਉ ਫਿਰ ਬਣਦੀ ਰਹੇਗੀ ਚਾਹ।"

"ਨਹੀਂ, ਬੱਸ ਹੁਣ ਖਾ ਚੁੱਕੀ ਆਂ।"

'ਊਂ ਹੂੰ। ਇਹ ਕੰਮ ਨਹੀਂ ਚਲਣਾ। ਜੇ ਅਨਿਆਂ ਨੂੰ ਮਿਟਾਉਣਾ ਚਾਹੁੰਦੇ ਓ ਤਾਂ ਆਪ ਅਨਿਆਈ ਨਾ ਬਣੋ; ਆਦਮੀਆਂ ਨਾਲ ਬਰਾਬਰੀ ਚਾਹੁੰਦੇ ਹੋ ਤਾਂ ਅੱਧਾ ਨਾਸ਼ਤਾ ਵੀ ਮੁਕਾਉ।" ਸੱਜਨ ਨੇ ਐਨ ਅੱਖਾਂ ਉੱਖਾਂ ਬਣਾ ਕੇ ਪੂਰੀ ਰੋਹਬਦਾਰ ਨਕਲ ਕੀਤੀ।

ਕੰਨਿਆਂ ਹੱਸ ਪਈ, ਕਿਹਾ — "ਆਪਣੀ ਵਾਰੀ ਨਿਆਂ ਮੰਗਦੇ ਓ, ਮੈਂ ਕਦੇ ਨਿਆਂ ਮੰਗਿਆ ਤਾਂ ਸਾਫ਼ ਇਨਕਾਰ ਕਰ ਦਿਉਗੇ।" ਕਹਿੰਦਿਆਂ ਹੋਇਆਂ ਉਹਦੀ ਆਵਾਜ਼ ਵਿਚ ਔਰਤ ਦਾ ਮਾਣ ਗੂੰਜ ਉੱਠਿਆ। ਪੁਤਲੀਆਂ ਗੁਲਾਬੀ ਲਾਜ ਦੇ ਕੱਚੇ ਧਾਗੇ ਨਾਲ ਬੱਝੀਆਂ ਆਪਣੇ ਆਪ ਨੈਨਾਂ ਤਕ ਖਿੱਚੀਆਂ ਗਈਆਂ।

ਸੱਜਨ ਇਕ ਵਾਰ ਫਿਰ ਰੀਝ ਪਿਆ; ਉਹਨੇ ਲਗਾਤਾਰ ਸੋਚਿਆ ਕਿ ਕੰਨਿਆਂ ਦੇ ਮਨੋਰਥ ਸਿੱਧੀਆਂ ਲੀਕਾਂ ਅਤੇ ਬਿੰਦੀਆਂ ਵਾਂਗ ਉਹਦੇ ਚਿਹਰੇ ਅਤੇ ਅੱਖਾਂ ਵਿਚ ਆ ਜਾਂਦੇ ਹਨ; ਉਹ ਸਾਰੇ ਰੰਗ ਸਾਦੇ, ਪਰ ਜਾਨਦਾਰ ਹਨ।

ਸੱਜਨ ਨੇ ਮੁਸਕ੍ਰਾਉਂਦਿਆਂ ਕਿਹਾ — "ਬਿਨਾਂ ਪਰਖਿਆਂ ਤੁਸਾਂ ਮੇਰੇ ਵਿਰੁੱਧ ਇਕ ਪਾਸੜ ਡਿਗਰੀ..."

ਆਪਣੀ ਪਲ ਭਰ ਦੀ ਢਿੱਲ ਰੋਕ ਕੇ ਗੱਲ ਸੰਭਾਲਦਿਆਂ ਹੋਇਆਂ ਕੰਨਿਆ ਨੇ ਕਿਹਾ — "ਪਾਰਟੀਕੁਲਾਰਲੀ ਤੁਹਾਨੂੰ ਨਹੀਂ ਕਿਹਾ, ਮੇਰਾ ਮਤਲਬ ਸਾਰੇ ਆਦਮੀਆਂ ਤੋਂ ਹੈ।"

"ਵੇਖੋ ਜਨਾਬ, ਜੇ ਤੁਸੈਂ ਇਹ ਜਾਤੀਵਾਦ ਫੈਲਾਇਆ ਤਾਂ ਮੇਰੀ ਤੁਹਾਡੀ ਲੜਾਈ

ਹੋ ਜਾਏਗੀ। ਔਰਤ ਭਲਾ ਘਟ ਹਤਿਆਰੀ ਹੁੰਦੀ ਹੈ ? ਮੈਂ ਤਾਂ ਔਰਤਾਂ ਨੂੰ ਜੁੱਤੀਆਂ ਨਾਲ ਆਪਣੇ ਮਰਦਾਂ ਦੀ ਪੂਜਾ ਕਰਦਿਆਂ ਵੇਖਿਆ ਏ।..."

ਕੰਨਿਆਂ ਹੱਸੀ।

"ਅਜੇ ਕੁਝ ਦਿਨ ਪਹਿਲੋਂ ਇਕ ਉਰਦੂ ਨਾਵਲ 'ਉਮਰਾਵਜਾਨ ਅਦਾ' ਪੜ੍ਹ ਰਿਹਾ ਸਾਂ। ਉਸ ਵਿਚ ਇਕ ਬੁੱਢੇ ਮੀਆਂ ਜੀ ਦਾ ਵਰਣਨ ਸੀ ਜਿਨ੍ਹਾਂ ਨੂੰ ਉਹਨਾਂ ਦੀ ਬਿਲੱਵਡ, ਇਕ ਵੇਸਵਾ, ਆਪਣੇ ਦੂਜੇ ਪ੍ਰੇਮੀਆਂ ਦੀ ਖ਼ੁਸ਼ੀ ਲਈ ਰੁੱਖ ਤੇ ਚੜ੍ਹਨ ਉਤਰਨ ਦਾ ਹੁਕਮ ਦੇਂਦੀ ਸੀ..."

ਕੰਨਿਆ ਫਿਰ ਹੱਸੀ, ਹੱਸਦੀ ਹੋਈ ਨੇ ਕਿਹਾ — "ਉਹ ਕੰਮਬਖ਼ਤ ਸੀ ਈ ਇਸ ਲਾਇਕ। ਖ਼ੈਰ, ਤੁਹਾਡੀ ਗੱਲ ਮੰਨ ਲੈਂਦੀ ਹਾਂ। ਔਰਤਾਂ ਵੀ ਵੇਲੇ ਸਿਰ ਬੜੀਆਂ ਜੱਲਾਦ ਸਾਬਤ ਹੋਈਆਂ ਨੇ।"

ਨਾਸ਼ਤਾ ਖ਼ਤਮ ਹੋਇਆ। ਪੱਤੇ ਕਾਗਜ਼ ਸਮੇਟ ਕੇ ਬਾਹਰ ਪਏ ਕੂੜੇ ਵਾਲੇ ਪੀਪੇ 'ਚ ਸੁੱਟੇ ਗਏ, ਕੇਤਲੀ ਸਾਫ਼ ਕਰ ਕੇ ਦੁਬਾਰਾ ਪਾਣੀ ਰੱਖਿਆ ਗਿਆ।

ਸੱਜਨ ਨੇ ਗੱਦੇ ਤੇ ਆਰਾਮ ਨਾਲ ਬੈਠਦਿਆਂ ਸਿਗਰਟ ਕੱਢੀ, ਸੁਲਗਾਈ, ਅਤੇ ਇਕ ਕਸ਼ ਖਿੱਚ ਕੇ ਦੁਨੀਆਂ ਦੀ ਸਾਰੀ ਬਾਦਸ਼ਾਹੀ ਆਪਣੇ ਕਲੇਜੇ ਵਿਚ ਭਰ ਲਈ। ਸੱਜਨ ਦੇ ਮਨ ਵਿਚ ਇਸ ਵੇਲੇ ਅਨੋਖਾ ਉਤਸ਼ਾਹ ਸੀ। ਇਕ ਵਨ ਕੰਨਿਆਂ ਦੀ ਹੋਂਦ ਨਾਲ ਇਹ ਛੋਟਾ ਜਿਹਾ ਕਮਰਾ ਭਰਿਆ ਭਰਿਆ ਸੰਸਾਰ ਬਣ ਗਿਆ ਸੀ। ਉਹ ਡੀਜ਼ਲ ਤੇ ਰੱਖੇ ਅਧੂਰੇ ਚਿੱਤ੍ਰ ਵਲ ਵੇਖ ਰਹੀ ਸੀ।

ਅਚਾਨਕ ਸੱਜਨ ਨੇ ਪੁੱਛਿਆ — "ਇਹ ਵਨ ਕੰਨਿਆਂ ਨਾਂ ਤੁਸਾਂ ਆਪ ਰੱਖਿਆ ਸੀ ਜਾਂ ਤੁਹਾਡੇ ਪੇਰੇਂਟਸ ਨੇ ?"

ਕੰਨਿਆ ਮੁਸਕ੍ਰਾਈ, ਕਿਹਾ — "ਕਿਉਂ ਪੁੱਛਦੇ ਓ ?"

ਸੱਜਨ ਨੇ ਮੂੰਹ ਵਿਚ ਸਿਗਰਟ ਦੱਬਿਆ ਲਾਪਰਵਾਹੀ ਵਖਾਉਂਦਿਆਂ ਹੋਇਆਂ ਜਵਾਬ ਦਿਤਾ — "ਏਹੋ ਜਿਹੇ ਨਾਂ ਸਾਡੇ ਏਧਰ ਕਾਮਨ ਨਹੀਂ।......ਕਦੋਂ ਬਦਲਿਆ ਤੁਸਾਂ ? ਹਾਈ ਸਕੂਲ ਦਾ ਫਾਰਮ ਭਰਨ ਵੇਲੇ ?"

"ਤੁਸੀਂ ਤਾਂ ਸੱਚੀ ਮੁਚੀ ਜੋਤਸ਼ੀ ਹੋ ਗਏ।"

"ਤੁਹਾਨੂੰ ਆਪ ਸੁਝਿਆ ਸੀ ਜਾਂ ਕਿਸੇ ਨੇ .."

"ਮੈਂ ਆਪ ਈ ਸੋਚਿਆ ਸੀ — ਕੇਹੋ ਜਿਹਾ ਏ ?"

"ਹੂੰ-ਹੂੰ, ਚੰਗਾ ਏ! ਬੋਲਚਾਲ ਦੀ ਭਾਸ਼ਾ ਵਿਚ ਆਖਿਆ ਜਾਏਗਾ — ਜੰਗਲੀ ਲੜਕੀ!" ਦੋਵੇਂ ਹੱਸ ਪਏ।

ਕੰਨਿਆਂ ਨੇ ਤਸਵੀਰ ਵਲ ਵੇਂਹਦਿਆਂ ਫਿਰ ਪੁੱਛਿਆ — "ਇਹ ਸੱਤਿਯਨਾਰਾਇਣ ਦੀ ਕਥਾ ਏ ਨਾ ?......ਬਹੁਤ ਵਧੀਆ ਬਣਾਈ ਏ। ਇਹ ਤਾਂ ਮਰਾਠੀ ਆਲਾ-

ਦੁਆਲਾ ਏ । ਕਿੱਥੇ ਸਕੈੱਚ ਕੀਤਾ ਸੀ ?"

"ਕੋਲਹਾ ਪੁਰ ਵਿਚ ।"

"ਤੁਹਾਨੂੰ ਇਹਨਾਂ 'ਸੋ ਕਾਲਡ' ਗਰੀਬਾਂ-ਗੁਰਬਾਂ ਨਾਲ ਬੈਠਦਿਆਂ ਝਿਜਕ ਨਹੀਂ ਹੁੰਦੀ, ਇਹ ਵੇਖ ਕੇ ਮੈਂ ਬੜੀ ਖ਼ੁਸ਼ ਹੋਈ ।"

"ਮਾਫ਼ ਕਰਨਾ ਤੁਹਾਡੇ ਅਨੰਦ ਵਿਚ ਵਿਘਨ ਪਾਵਾਂਗਾ — ਮੈਨੂੰ ਝਿਜਕ ਤਾਂ ਹੁੰਦੀ ਏ..."

"ਤਾਂ ਫਿਰ ?"

"ਪਰ ਮਨ ਕਰਨ ਤੇ ਝਿਜਕ ਹਟਾ ਵੀ ਦੇਂਦਾ ਹਾਂ ।"

"ਜੇਕਰ ਤੁਸੀਂ ਇਸ ਝਿਜਕ ਨੂੰ ਸਦਾ ਲਈ ਹਟਾ ਸਕਦੇ ਓ ਤਾਂ ਮੇਰੇ ਨਾਲ ਆਓ ! ਏਜੰਤਾ ਏਲੋਰਾ ਤਾਂ ਤੁਸੀਂ ਬਹੁਤ ਬਣਾ ਚੁਕੇ ਓ, ਹੁਣ ਇਹਨਾਂ ਜੀਊਂਦੀਆਂ ਗੁਫ਼ਾਵਾਂ ਦੇ ਚਿੱਤ੍ਰ ਵੀ ਬਣਾਓ । ਇਹ ਜੋ ਸਾਡੇ ਮਹਾਨ ਮਹਾਨ ਨੇਤਾ ਲੋਕ ਨੇ — ਜੋ ਦੁਨੀਆਂ ਨੂੰ ਆਜ਼ਾਦ ਕਰਾਉਣ ਦੀ ਹਾਮੀ ਭਰਦੇ ਨੇ — ਇਹਨਾਂ ਨੂੰ ਜ਼ਰਾ ਪਤਾ ਤਾਂ ਲੱਗੇ ਕਿ ਉਹਨਾਂ ਦੀ ਜਨਤਾ ਦੀ ਅਸਲੀ ਤਸਵੀਰ ਕੀ ਏ !" ਕੰਨਿਆਂ ਦੇ ਚਿਹਰੇ ਤੇ ਜੋਸ਼ ਦੀ ਗਰਮੀ ਆ ਗਈ ।

ਉਹਦੀ ਗੱਲ ਸੁਣ ਕੇ ਸੱਜਨ ਦਾ ਮਨ ਖਿੜ ਪਿਆ, ਬੋਲਿਆ — "ਤੁਸੀਂ ਮੈਨੂੰ ਇੰਸਪਾਇਰ ਕਰ ਰਹੇ ਹੋ, ਕੰਨਿਆਂ ਜੀ ! ਮੈਂ ਇਸੇ ਮਿਸ਼ਨ ਨੂੰ ਲੈ ਕੇ ਏਥੇ ਪ੍ਰਯੋਗ ਕਰਨ ਆਇਆ ਹਾਂ । ਪਰ ਮੈਂ ਤੁਹਾਡੀ ਇਸ ਉਪਯੋਗੀ ਗੱਲ ਨਾਲ ਸਹਿਮਤ ਨਹੀਂ ਕਿ ਏਜੰਤਾਂ ਏਲੋਰਾ ਦੇ ਚਿਤ੍ਰ ਬਣਾਉਣੇ ਉਪਯੋਗੀ ਨਹੀਂ ।"

"ਮੈਂ ਇਹ ਨਹੀਂ ਕਹਿੰਦੀ..."

"ਏਜੰਤਾ ਏਲੋਰਾ ਨੂੰ ਵੇਖ ਕੇ ਜੋ ਠੀਕ ਇੰਮਪਰੇਸ਼ਨ ਲਈ ਜਾਏ ਤਾਂ ਆਦਮੀ ਦੀ ਪੂਰੀ ਜ਼ਿੰਦਗੀ ਸੁੰਦਰ ਅਤੇ ਉਪਯੋਗੀ ਬਣਾਉਣ ਲਈ ਉਹ ਇਕੱਲੇ ਕਾਫ਼ੀ ਨੇ..."

"ਮੈਂ..."

"ਮੈਂ ਸੱਚ ਕਹਿੰਦਾ ਆਂ ਤੁਹਾਨੂੰ, ਜਦ ਇਹਨਾਂ ਗੁਫ਼ਾਵਾਂ ਨੂੰ ਵੇਖ ਰਿਹਾ ਸਾਂ ਤਾਂ ਅਚਾਨਕ ਮੇਰੇ ਸਾਹਮਣੇ ਮਿਸਰ ਦੇ ਪਿਰਾਮਿਡਾਂ ਦੀ ਤਸਵੀਰ ਆ ਗਈ । ਜ਼ਰਾ ਇਹਨਾਂ ਦੋਵਾਂ ਨੂੰ ਕੰਟ੍ਰਾਸਟ ਨਾਲ ਵੇਖੋ ਇਕ ਪਾਸੇ ਤਾਂ ਸਾਡੇ ਇਜਿਪਸ਼ੀਅਨ ਪੁਰਖਾਂ ਨੇ ਪਹਾੜਾਂ ਦੇ ਪਹਾੜ ਖੜੇ ਕਰ ਦਿੱਤੇ ਨੇ, ਆਪਣੀ ਸ਼ਕਤੀ ਅਤੇ ਪ੍ਰਤਿਭਾ ਨਾਲ ਉਹ ਅੱਜ ਵੀ ਸਾਡੀ ਨਜ਼ਰ ਅਤੇ ਬੁੱਧੀ ਨੂੰ ਚੁੰਧਿਆ ਰਹੇ ਨੇ......ਪਰ ਇਹਨਾਂ ਬਨਾਉਟੀ ਪਹਾੜਾਂ ਦੀ ਵਰਤੋਂ ਕਾਹਦੇ ਲਈ ਕੀਤੀ ਗਈ ? ਮੁਰਦਿਆਂ ਲਈ !......ਹੁਣ ਦੂਜੇ ਪਾਸੇ ਵੇਖੋ, ਸਾਡੇ ਹਿੰਦੁਸਤਾਨੀ ਪੁਰਖਿਆਂ ਨੇ ਉੱਚੇ ਉੱਚੇ ਪਹਾੜਾਂ ਨੂੰ ਪੋਲਾ ਕਰ ਕੇ ਉਹਨਾਂ ਨੂੰ ਆਪਣੀ ਸੁੰਦਰਤਾ ਨਾਲ ਭਰ ਦਿਤਾ । ਅਤੇ ਸਭ ਤੋਂ ਵੱਡੀ ਸੁੰਦਰਤਾ ਤਾਂ ਇਹ ਆ

ਕਿ ਉਹਨਾਂ ਨੂੰ ਪੜ੍ਹਨ ਪੜ੍ਹਾਉਣ ਲਈ ਵਰਤੋਂ ਵਿਚ ਲਿਆਂਦਾ ਗਿਆ, ਨਾ ਕਿ ਕਿਸੇ ਰਾਜੇ ਫ਼ਰਾਊਨ ਦੇ ਐਸ਼ ਆਰਾਮ ਜਾਂ ਮੁਰਦੇ ਦੱਬਣ ਲਈ। ਇਹਨਾਂ ਦੋਵਾਂ ਕਲਚਰਲ ਦ੍ਰਿਸ਼ਟੀਕੋਣਾਂ ਵਿਚ ਕਿੰਨਾ ਫ਼ਰਕ ਏ। ਅਸੀਂ ਕਲਾ ਨੂੰ ਏਥੇ ਜ਼ਿੰਦਗੀ ਦੇ ਨਾਲ ਨਾਲ ਬੱਝਾ ਹੋਇਆ ਵੇਖਦੇ ਆਂ। ਸਾਡੀ ਕਲਾ ਵਿਚ ਚਮਤਕਾਰ ਡਾਢਾ ਏ, ਪਰ ਉਹ ਸਾਨੂੰ ਚੁੰਧਿਆਉਂਦਾ ਨਹੀਂ, ਸਗੋਂ ਮਨ ਨੂੰ ਚਾਨਣ ਦੇਂਦਾ ਏ! ਉਹ ਸੁੰਦਰਤਾ ਸਾਡੇ ਮਨਾਂ ਨੂੰ ਆਪਣੇ ਨੇੜੇ ਖਿੱਚ ਕੇ ਲੈ ਜਾਂਦੀ ਏ — ਤੇ ਉਹਨਾਂ ਨੂੰ ਵੀ ਓਨਾ ਈ ਸੁੰਦਰ ਬਣਾ ਦੇਂਦੀ ਏ।"

ਸੱਜਨ ਦੀਆਂ ਗੱਲਾਂ ਦਾ ਅਸਰ ਕੰਨਿਆਂ ਦੇ ਚਿਹਰੇ ਤੇ ਚਿੱਤ੍ਰ ਵਾਂਗ ਚਿਤਰਿਆ ਹੋਇਆ ਸੀ। ਸੱਜਨ ਆਪ ਵੀ ਆਪਣੀਆਂ ਗੱਲਾਂ ਦੇ ਅਸਰ ਨਾਲ ਬੱਝਾ ਚੁੱਪ ਹੋ ਗਿਆ!

ਕੁਝ ਰੁਕ ਕੇ ਕੰਨਿਆਂ ਬੋਲੀ — "ਤੁਹਾਡੀ ਗੱਲ ਠੀਕ ਏ। ਆਪਣੇ ਅਨੁਭਵ ਦੀ ਗੱਲ ਦੱਸ ਕੇ ਅੱਜ ਤੁਸਾਂ ਮੈਨੂੰ ਇਕ ਉੱਚੀ ਕਸਵੱਟੀ ਦਿਤੀ ਹੈ। — ਆਈ ਸ਼ੈਲ ਨੈਵਰ ਫ਼ਾਰਗੇਟ ਇਟ! .....ਪਰ ਇਕ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ — ਇਸ ਦੇਸ ਵਿਚ ਇਕ ਪਾਸੇ ਤਾਂ ਉੱਚੇ ਉੱਚੇ ਦਰਸ਼ਨ, ਸਾਹਿਤ, ਸ਼ਿਲਪ-ਕਲਾ, ਇਹਨਾਂ ਸਭਨਾਂ ਦੀਆਂ ਅਟੁੱਟ ਲੜੀਆਂ ਵਿਛੀਆਂ ਪਈਆਂ ਨੇ, ਤੇ ਦੂਜੇ ਪਾਸੇ ਇਹ ਸਾਡੇ ਘਰਾਂ ਦੇ ਸੱਤਿਯਨਾਰਾਇਣ, ਇਹ ਢਕਵੰਜੀ ਰਸਮਾਂ, ਮੇਰੀ ਭਾਬੀ ਅਤੇ ਤੁਹਾਡੀ ਉਸ ਪਾਗ਼ਲ ਵਰਗੀਆਂ ਔਰਤਾਂ, ਮੇਰੇ ਪਿਤਾ, ਮੇਰੇ ਭਰਾ..."

"ਤੁਹਾਡੇ ਭਰਾ ? ਤੁਹਾਡੇ ਭਰਾ ਨੇ ਕੀ ਕੀਤਾ ?"

ਸੱਜਨ ਦੇ ਪ੍ਰਸ਼ਨ ਨਾਲ ਕੰਨਿਆਂ ਦੀ ਗੱਲ ਦਾ ਵਹਾ ਧੱਕਾ ਲੱਗਣ ਨਾਲ ਰੁਕਿਆ; ਨਾ ਕਹਿਣ ਦੀ ਇੱਛਾ 'ਚ ਫਿੱਕੀ ਮੁਸਕ੍ਰਾਹਟ ਨਾਲ ਧੀਮੀ ਆਵਾਜ਼ ਵਿਚ ਕਿਹਾ — "ਮੇਰਾ ਘਰ ਮੇਰੇ ਲਈ ਸੱਚੇ ਅਰਥਾਂ ਵਿਚ ਯੂਨੀਵਰਸਿਟੀ ਏ ਕੀ ਆਖਾਂ! ਮੇਰਾ ਭਰਾ ਇਕ ਅਜੀਬ ਮਜ਼ਬੂਰੀ ਵਿਚ ਬੱਝਾ ਹੋਇਆ ਹੈ।......ਤੁਹਾਨੂੰ ਕਿੰਜ ਦੱਸਾਂ... (ਚਿਹਰੇ ਤੇ ਲਾਜ ਦੀ ਲਾਲੀ ਆ ਗਈ, ਅੱਖਾਂ ਨਿੰਵ ਗਈਆਂ; ਫਿਰ ਹੌਂਸਲਾ ਕਰ ਕੇ ਨਜ਼ਰਾਂ ਮਿਲਾਉਂਦਿਆਂ ਹੋਇਆਂ) ਪਰ ਤੁਸੀਂ ਕਿਉਂ ਜੋ ਸਮਾਜ ਨੂੰ ਵੇਖਣ ਨਿਕਲੇ ਓ ਇਸ ਲਈ ਇਕ ਕੇਸ ਵਾਂਗ ਬਿਨਾਂ ਝਿਜਕ ਕਹਾਂਗੀ — "ਮੇਰੀ ਇਹ ਭਾਬੀ 'ਪਈ' ਏ।"

ਕੰਨਿਆ ਦੇ ਚਿਹਰੇ ਦਾ ਭਾਵ ਵੇਖ ਕੇ ਸੱਜਨ ਕੁਝ ਹੋਰ ਸੁਣਨ ਦੀ ਆਸ ਕਰ ਰਿਹਾ ਸੀ, ਇਸ ਤੋਂ ਉਲਟ ਦੂਜੀ ਭਾਬੀ ਸੰਬੰਧੀ ਸੁਣ ਕੇ ਤੇ ਉਹ ਵੀ ਇਕ ਅਜੀਬ ਸ਼ਬਦ ਸੁਣ ਕੇ ਤ੍ਰਭਕ ਗਿਆ, ਪੁੱਛਿਆ — "ਪਈ ਕੀ ?"

ਕੰਨਿਆਂ ਨੇ ਬੜਾ ਸੰਭਲ ਸੰਭਲ ਕੇ ਕਹਿਣਾ ਸ਼ੁਰੂ ਕੀਤਾ — "ਕੁਦਰਤ ਦਾ ਇਕ ਮਖ਼ੌਲ! ਅਜੇਹੀਆਂ ਔਰਤਾਂ ਬਾਹਰੋਂ ਔਰਤ ਜਾਪਦੀ ਵੀ ਅਸਲ ਵਿਚ ਵਿਅਰਥ

ਹੁੰਦੀ ਏ।"

"ਓਂ–ਹ ! — ਹੂੰ ! — ਮਤਲਬ ਕਿ ਹਿਜ..."

"ਹਾਂ ਜੀ, ਫ਼ਰਕ ਏਹੋ ਕਿ ਉਹਨਾਂ ਦਾ ਉਤਲਾ ਹਿੱਸਾ ਨਾਰਮਲ ਔਰਤ ਵਾਂਗ ਪੂਰੀ ਤਰ੍ਹਾਂ ਡਿਵੈਲਪਡ ਹੁੰਦਾ ਏ।"

"ਤਾਂ ਫਿਰ ਇਹ ਵਿਆਹ ਕਿੰਜ ਹੋਇਆ ?"

"ਜਿਸ ਤਰ੍ਹਾਂ ਬਹੁਤ ਸਾਰੇ ਧੋਖੇ ਹੁੰਦੇ ਨੇ। ਅੰਬਾ ਬਾਊ ਨੂੰ ਪੰਦਰਾਂ ਹਜ਼ਾਰ ਦਾ ਦਾਜ ਮਿਲਿਆ; ਭਾਈ ਸਾਹਿਬ ਕੁਝ ਨਾ ਲੈ ਕੇ ਭਾਬੀ ਦੀਆਂ ਹੱਡੀਆਂ ਚੂੰਡਦੇ ਨੇ। ਮੈਂ ਤੁਹਾਨੂੰ ਕੀ ਦੱਸਾਂ ? ਭਾਬੀ ਦਾ ਦੁੱਖ ਵੇਖਿਆ ਨਹੀਂ ਜਾਂਦਾ।......ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਸਾਹਿਬ ਨੂੰ ਜੈਨੂਇਨ ਸ਼ਾਕ ਲੱਗਾ ਏ। ਉਹ ਦਿਲ ਦੇ ਬੜੇ ਭੋਲੇ ਅਤੇ ਚੰਗੇ ਨੇ। ਪਰ ਇਹ ਕਿ ਉਹਨਾਂ ਨੂੰ ਫਿਟਸ ਆਉਂਦੇ ਨੇ। ਤੇ ਹੁਣ ਫਿਟਸ ਆਉਂਦੇ ਨੇ ਤਾਂ ਰਾਖ਼ਸ਼ ਹੋ ਜਾਂਦੇ ਨੇ। ਇਕ ਦਿਨ ਰਾਤ ਜਦ ਉਹ ਸੁੱਤੀ ਹੋਈ ਸੀ ਤਾਂ ਉਹਦੀ ਗੁੱਤ ਨੂੰ ਅੱਗ ਲਾ ਦਿਤੀ। ਇਕ ਦਿਨ ਉਹਨੂੰ ਤੜਕੇ ਈ ਉਠਾ ਕੇ ਉਹ ਗੋਮਤੀ ਵਿਚ ਨਹਾਉਣ ਲੈ ਗਏ। ਉੱਥੇ ਉਹਨੂੰ ਕਿਹਾ ਚਲ, ਮੈਂ ਤੂੰ ਦੋਵੇਂ ਸਿਰ ਮੁਨਵਾ ਲਈਏ, ਤੇ ਫਿਰ ਇਕੱਠੇ ਗੋਮਤੀ ਜੀ ਵਿਚ ਡੁੱਬ ਮਰੀਏ .."

"ਹੈਂ !..."

"ਉੱਥੇ ਉਹਨਾਂ ਇਕ ਸੀਨ ਕ੍ਰੀਏਟ ਕਰਨ ਦੀ ਕੋਸ਼ਿਸ਼ ਕੀਤੀ। ਜਦ ਭਾਬੀ ਨੇ ਮਨ੍ਹਾਂ ਕੀਤਾ ਤਾਂ ਉਹ ਗੁੱਸੇ ਹੋਣ ਲੱਗੇ। ਭਾਬੀ ਨੇ ਝੱਟ ਸਮਝ ਤੋਂ ਕੰਮ ਲਿਆ, ਕਿਹਾ ਕਿ ਪਹਿਲਾਂ ਤੁਸੀਂ ਮੁੰਡਨ ਕਰਵਾਓ, ਫਿਰ ਮੈਂ ਕਰਾਵਾਂਗੀ। ਇਸ ਤਰ੍ਹਾਂ ਭਾਈ ਸਾਹਿਬ ਸਿਰ ਮੁਨਾਉਣ ਬਹਿ ਗਏ, ਜਦ ਉਹਨਾਂ ਦਾ ਸਿਰ ਨਿਵਿਆਂ ਹੋਇਆ ਸੀ ਤਾਂ ਇਹ ਚੁੱਪ ਚੁਪੀਤੇ ਉੱਠ ਕੇ ਤੁਰ ਆਈ। ਰਾਹ 'ਚੋਂ ਕਿਤਿਉਂ ਰਿਕਸ਼ਾ ਲੈ ਕੇ ਹਫ਼ਦੀ ਕੰਬਦੀ ਘਰ ਆਈ।"

"ਚ–ਚ–ਚ।"

"ਮੈਂ ਕੀ ਦੱਸਾਂ ਤੁਹਾਨੂੰ ? ਉਹਨਾਂ ਕਰ ਕੇ ਕਿੰਨਾ ਕਿੰਨਾ ਕਲੇਸ਼ ਹੁੰਦਾ ਏ।...ਤੇ... ਤੇ ਸੱਚ ਕਹਿੰਦੀ ਆਂ ਬੜੀ ਸ਼ਰਮ ਆਉਂਦੀ ਏ...—ਮੇਰੇ ਘਰ ਵਿਚ ਇਕ ਐਸਾ ਵਿਸ਼ਸ–ਸਰਕਿਲ ਜਿਹਾ ਬਣ ਗਿਆ ਏ ਕਿ — ਮੇਰੀ ਤਾਈ ਤੇ ਮਾਂ ਵਿਚ ਸੌਂਕਣਾ ਵਾਲਾ ਰਿਸ਼ਤਾ ਚਲਦਾ ਏ। ਮੇਰੀ ਤਾਈ ਨੇ ਆਪਣਾ ਪੱਖ ਪੱਕਾ ਕਰਨ ਲਈ ਦਾਦਾ ਜੀ ਨਾਲ ਮਿੱਠੀ ਬਣ ਕੇ ਉਹਨਾਂ ਨਾਲ ਆਪਣੀ ਵਿਧਵਾ ਨੂੰਹ ਦਾ ਨਾਜ਼ਾਇਜ਼ ਨਾਤਾ ਜੁੜਵਾਉਣਾ ਚਾਹਿਆ। ਮੇਰੇ ਭਾਈ ਸਾਹਿਬ ਇਕ ਥਾਂ ਬੜੀ ਧਾਰਮਕ ਮਾਨਤਾ ਵਾਲੇ ਨੇ, ਪਰ ਉਹ ਹਲੂਣੇ ਖਾਂਦੇ ਹੋਏ ਵੀ ਵਿਆਹ ਦੀ ਗੱਲ ਲੈ ਕੇ ਅਗਾਂਹ ਵਧ ਰਹੇ ਸਨ। ਇਹਦੇ ਵਿਚ ਸ਼ਾਇਦ ਮੇਰੀ ਭਾਬੀ ਦੀ ਵੀ ਮਰਜ਼ੀ ਸੀ। ਇਨ ਦਾ ਮੀਨ ਟਾਇਮ,

ਮੇਰੀ ਮਾਂ ਨੇ ਤਾਈ ਦੀ ਚਾਲ ਸਮਝ ਲਈ। ਉਹ ਚਰਿਤ੍ਰ ਦੀ ਸਾਫ਼ ਹੋਣ ਤੇ ਵੀ ਪਾਵਰ ਦੀ ਭੁੱਖੀ ਸੀ। ਉਹਨੇ ਈ ਮੇਰੇ ਪਿਤਾ ਜੀ ਨੂੰ ਉਕਸਾ ਕੇ ਉਹਨਾਂ ਤੋਂ ਇਹ ਜ਼ਬਰਦਸਤੀ ਕਰਵਾਈ ਸੀ। ਸਿਰਫ਼ ਮੇਰੀ ਤਾਈ ਨੂੰ ਸਬਕ ਸਿਖਾਉਣ ਲਈ ਆਪਣਾ ਬਦਲਾ ਲੈਣ ਲਈ।"

ਇਕ ਡੂੰਘਾ ਸਾਹ ਲੈ ਕੇ ਸੱਜਨ ਨੇ ਕਿਹਾ — "ਮਿਸ ਕੰਨਿਆ, ਆਈ ਸਿਮਪੈਥਾਈਜ਼ ਵਿਦ ਯੂ !"

"ਧੰਨਵਾਦ ! ਪਰ ਮੈਨੂੰ ਹਮਦਰਦੀ ਦੀ ਲੋੜ ਨਹੀਂ। ਮੈਂ ਆਪਣੀ ਲੜਾਈ ਆਪਣੇ ਆਪ ਲੜ ਲੈਂਦੀ ਆਂ। .... ਮੇਰਾ ਇਹ ਸਭ ਕੁਝ ਕਹਿਣ ਦਾ ਆਸ਼ਾ ਇਹੋ ਸੀ ਕਿ ਇਕ ਪਾਸੇ ਜਿੱਥੇ ਸਾਡੀ ਸਭਿਆਚਾਰ ਨੇ ਇਹ ਅਜੰਤਾ, ਏਲੋਰਾ ਆਦਿ ਨਿਰਜਿੰਦ ਪਹਾੜਾਂ ਵਿਚ ਚੇਤਨਾ ਭਰੀ, ਉੱਥੇ ਕਿਸੇ ਸਿਸਟਮ ਦੀ ਖ਼ਰਾਬੀ ਨਾਲ ਚੇਤਨ ਆਦਮੀ ਨੂੰ ਬੇਜਾਨ ਪੱਥਰ ਬਣਾ ਦਿਤਾ। ਸਾਡੇ ਏਨੇ ਚੰਗੇ ਚੰਗੇ ਆਦਰਸ਼ ਸਮਾਜ ਵਿਚ ਇਕ ਥਾਂ ਆਪਣਾ ਸੱਚਾ ਅਸਰ ਰੱਖਦੇ ਹੋਏ ਵੀ ਸਿਮਟ ਕੇ ਨਵੀਂ ਸ਼ਕਤੀ ਨਹੀਂ ਬਣ ਸਕਦੇ। ਕਾਰਨ ਕੀ ਏ ? ਵਿਅਕਤੀ ਦੀ ਇੰਨੀ ਸੱਚੀ ਮਾਨਤਾ ਹੋਣ ਤੇ ਵੀ ਸਾਡਾ ਨੈਸ਼ਨਲ ਕਰੈਕਟਰ ਕੁਝ ਵੀ ਨਹੀਂ ?"

ਸੱਜਨ ਨੂੰ ਬੁਰਾ ਲੱਗਾ। ਬੋਲਿਆ — "ਮੈਂ ਨਹੀਂ ਮੰਨਦਾ ਕਿ ਸਾਡਾ ਨੈਸ਼ਨਲ ਕਰੈਕਟਰ ਕੁਝ ਵੀ ਨਹੀਂ। ਜਿਸ ਨੇਸ਼ਨ ਵਿਚ ਚਰਿਤ੍ਰ ਬਲ ਨਹੀਂ ਹੁੰਦਾ ਉਸ ਵਿਚ ਵਿਆਸ, ਬਾਲਮੀਕੀ ਤੇ ਕਾਲੀਦਾਸ ਵਰਗੇ ਪੋਇਟਸ ਨਹੀਂ ਹੁੰਦੇ। ਸਾਡੇ ਇਤਿਹਾਸ ਵਿਚ ਅਸ਼ੋਕ ਵਰਗਾ ਰਾਜਾ ਆਉਂਦਾ ਹੈ, ਬੁੱਧ, ਮਹਾਂਵੀਰ, ਗਾਂਧੀ ਵਰਗੀਆਂ ਪ੍ਰਸਨੈਲੀਟੀਜ਼ ਆਉਂਦੀਆਂ ਨੇ।......ਤੁਹਾਨੂੰ ਸ਼ਾਇਦ ਆਪਣੇ ਘਰ ਦੇ ਵਾਤਾਵਰਣ ਕਾਰਨ ਸਾਰਾ ਹਿੰਦੁਸਤਾਨ ਬੁਰਾ ਜਾਪਦਾ ਏ। ਮੈਂ ਇੰਜ ਨਹੀਂ ਸਮਝਦਾ। ਮੇਰੇ ਸਾਹਮਣੇ ਮੇਰੀ ਮਾਂ ਦੀ ਮਿਸਾਲ ਏ — ਦੁਨੀਆਂ ਵਿਚ ਹੋਰ ਵੀ ਬਹੁਤ ਸਾਰੇ ਲੋਕ ਮਿਲਦੇ ਨੇ। ਸਗੋਂ ਅੱਜ ਸਵੇਰੇ ਈ ਮੈਂ ਏਥੇ ਈ, ਗੁੰਨੋਮਲ ਦੇ ਹਾਤੇ ਵਿਚ ਪੰਡਤ ਸ਼ਿਵ ਨਾਥ ਜੀ ਸ਼ਾਸ਼ਤਰੀ ਰਹਿੰਦੇ ਨੇ, ਬਹੁਤ ਵੱਡੇ ਸਕਾਲਰ ਨੇ, ਉਹਨਾਂ ਨੂੰ ਮਿਲਣ ਗਿਆ ਸੀ। ਉਹਨਾਂ ਤੋਂ ਮੈਨੂੰ ਆਪਣੀਆਂ ਟ੍ਰੇਡੀਸ਼ਨਜ਼ ਦੀਆਂ ਗੱਲਾਂ ਪਤਾ ਲੱਗੀਆਂ ਤਾਂ ਮੈਂ ਹੈਰਾਨ ਰਹਿ ਗਿਆ। ਸਮਝ ਨਹੀਂ ਆਉਂਦੀ ਤੁਹਾਡੀ ਗੱਲ ਨੂੰ ਸੱਚ ਕਿੰਜ ਮੰਨ ਲਵਾਂ !"

ਚਾਹ ਦਾ ਪਿਆਲਾ ਅਗਾਂਹ ਕਰਦਿਆਂ ਹੋਇਆਂ ਕੰਨਿਆਂ ਬੋਲੀ — "ਮੈਂ ਇਹਦੇ ਤੋਂ ਇਨਕਾਰ ਨਹੀਂ ਕਰਦੀ, ਪਰ ਇਹ ਜ਼ਰੂਰ ਕਹਿੰਦੀ ਆਂ ਕਿ ਸਾਡੇ ਸਮਾਜਕ ਢਾਂਚੇ ਵਿਚ ਕੋਈ ਐਸੀ ਵਿਰੋਧੀ ਧਾਰਾ ਵੀ ਵਗ ਰਹੀ ਏ ਜੋ ਇਸ ਸਾਰੀ ਨੈਤਿਕ ਸੁੰਦਰਤਾ ਦੀ ਅੱਖ ਫੇਹ ਦੇਂਦੀ ਏ। ਖੰਡ ਥੋੜੀ ਤੇ ਨਹੀਂ ?"

"ਨੌ, ਥੈਂਕਸ ! ਸਗੋਂ ਜ਼ਰਾ ਤੇਜ਼ ਈ ਏ। ਤੁਸੀਂ ਸ਼ਾਇਦ ਦੋ ਚਿਮਚੇ ਪਾਈ ਏ ? ਖ਼ੈਰ ! ਮਿਠਾਸ ਨੂੰ ਐਨਜੁ ਆਏ ਕਰ ਰਿਹਾ ਆਂ ।"

ਮਜ਼ਾਕ ਨੂੰ ਸਮਝ ਕੇ ਵੀ ਕੰਨਿਆਂ ਉਹਨੂੰ ਅੱਖੋਂ ਪਰੋਖੇ ਕਰ ਗਈ। ਬੋਲੀ — "ਵੇਖੋ, ਜਿਵੇਂ ਇਹ ਸੱਤਯਨਾਰਾਇਣ ਦੀ ਕਥਾ ਏ, ਇਹਦੇ ਵਿਚ ਕੀ ਏ। ਕਰੋੜਾਂ ਘਰਾਂ ਵਿਚ ਬੜੀ ਸ਼ਰਧਾ ਨਾਲ ਇਹਦੀ ਕਹਾਣੀ ਪੜ੍ਹੀ ਜਾਂਦੀ ਏ। ਇਹਦੇ ਵਿਚ ਕਿਹੜਾ ਮਾਰਲ ਏ। ਮੈਂ ਤਾਂ ਕਥਾ ਪੜ੍ਹੀ ਏ। ਉਸ ਵਿਚ ਨਾ ਤਾਂ ਸਤਯ ਏ ਤੇ ਨਾ ਨਰਾਇਣ ।"

ਸੱਜਣ ਬਨਾਉਣੀ ਉਲਝਨ ਨਾਲ ਬੋਲਿਆ — "ਬਈ ਹਰ ਵੇਲੇ ਇਹ ਕਮਿਊਨਿਜ਼ਮ ਮੈਨੂੰ ਚੰਗਾ ਨਹੀਂ ਲਗਦਾ ।" (ਅਚਾਨਕ ਕੁਝ ਯਾਦ ਆਉਣ ਤੇ) "ਓ, ਪਰ ਤੁਸਾਂ ਕੁਝ ਖਾਧਾ ਨਹੀਂ ਹੋਣਾ ਅਜੇ ਤਕ ।"

"ਕਿਉਂ, ਹੁਣੇ ਹੁਣੇ ਨਾਸ਼ਤਾ ਤਾਂ ਕੀਤਾ ਏ ।"

"ਲਉ, ਉਹਦੇ ਨਾਲ ਕੀ ਬਣਦਾ ਏ, ਤੇ ਹੁਣ ਦੋ ਵੱਜ ਰਹੇ ਨੇ। ਏਨੀ ਦੇਰ ਤਕ ਤੁਸੀਂ ਖਾਣਾ ਨਾ ਖਾਓ ਤਾਂ ਤੁਹਾਡੇ ਘਰ ਦਾ ਕੋਈ ਨਾਰਾਜ਼ ਨਹੀਂ ਹੁੰਦਾ ?"

"ਚਾਹ ਪੀਣ ਦੇ ਪੱਜ ਕੰਨਿਆਂ ਚੁੱਪ ਰਹੀ। ਚਿਹਰਾ ਸੁਤਿਆ ਗਿਆ। ਫਿਰ ਗੰਭੀਰਤਾ ਨਾਲ ਕਿਹਾ — "ਪਹਿਲਾਂ ਨਾਰਾਜ਼ ਹੁੰਦੇ ਸਨ ।......ਪਰਸੋਂ ਤੋਂ ਘਰ ਨਾਲ ਰਿਸ਼ਤਾ ਈ ਨਹੀਂ ਰਿਹਾ ।"

ਅੱਖਾਂ ਵਿਚ ਸਵਾਲ ਦਾ ਨਿਸ਼ਾਨ ਲੈ ਕੇ ਸੱਜਨ ਉਹਨੂੰ ਵੇਖਣ ਲੱਗਾ। ਕੰਨਿਆਂ ਬੋਲੀ — "ਮੈਂ ਘਰੋਂ ਹੀ ਕੱਢ ਦਿਤੀ ਗਈ ਹਾਂ ।"

"ਇਹ ਕਦੋਂ ?"

"ਪਰਸੋਂ ਤੋਂ !"

"ਕੋਈ ਖ਼ਾਸ ਗੱਲ ਹੋਈ ?"

"ਹਾਂ — ! — ! — ਗੱਲ ਖ਼ਾਸ ਤਾਂ ਜ਼ਰੂਰ ਹੋਈ। ਬਾਊ ਸਾਲਗ ਰਾਮ ਦੀ ਸਲਾਹ ਨਾਲ ਆਪਣੇ ਬਿਆਨਾਂ ਵਿਚ ਮੇਰੇ ਸਾਰੇ ਘਰਦਿਆਂ ਨੇ ਮੇਰੇ ਫ਼ਾਦਰ ਦੇ ਚਾਲ ਚਲਨ ਨੂੰ ਦੇਵਤਿਆਂ ਬਰਾਬਰ ਦੱਸਿਆ। ਸਭਨਾਂ ਨੇ ਬਾਊ ਭੱਲੇ ਅਤੇ ਭਾਬੀ ਉੱਤੇ ਈ ਚਿੱਕੜ ਸੁੱਟਿਆ। ਮੈਂ ਪੁਲਸ ਵਿਚ ਇਸ ਤਰ੍ਹਾਂ ਦਾ ਬਿਆਨ ਦੇਣ ਤੋਂ ਨਾਂਹ ਕਰ ਦਿਤੀ ।"

"ਸਕਾਊਂਡਰਲਸ ! — ਤਾਂ ਫਿਰ ਇਸ ਵੇਲੇ ਤੂੰ ਰਹਿੰਦੀ ਕਿਥੇ ਏਂ ? ਕਮਿਊਨਿਸਟ ਪਾਰਟੀ..."

"ਜੀ ਨਹੀਂ। ਪਰਸੋਂ ਰਾਤ ਤੋਂ ਕੱਲ੍ਹ ਦੁਪਹਿਰ ਤਕ ਆਪਣੇ ਇਕ ਦੋਸਤ ਕੋਲ ਸਾਂ। ਫਿਰ ਉਹਦੇ ਘਰਦਿਆਂ ਨੂੰ ਮੇਰੇ ਰਹਿਣ ਤੇ ਇਤਰਾਜ਼ ਹੋਇਆ। ਫਿਰ ਉਥੋਂ ਆਪਣੀ

ਇਕ ਇਪਟਾ (ਇੰਡੀਅਨ ਪੀਪਲਜ਼ ਥੀਏਟਰ) ਦੀ ਕਾਮਰੇਡ ਦੇ ਘਰ ਆ ਗਈ। ਵੇਖੋ ਹੁਣ ਕਿੱਥੇ ਜਾਂਦੀ ਆਂ, ਕੀ ਹੁੰਦਾ ਏ ? ਹਾਲ ਦੀ ਘੜੀ ਤਾਂ ਸਭ ਕੁਝ ਹਨੇਰੇ ਵਿਚ ਏ।" ਦਬਾਉਂਦਿਆਂ ਦਬਾਉਂਦਿਆਂ ਵੀ ਡੂੰਘੀ ਨਿਰਾਸਤਾ ਆਹ ਬਣ ਕੇ ਫੁੱਟ ਪਈ।

ਸੱਜਨ ਜਜ਼ਬਾਤੀ ਹੋ ਕੇ ਬੋਲਿਆ — "ਨਹੀਂ, ਤੁਸੀਂ ਕਿਸੇ ਤਰ੍ਹਾਂ ਦੀ ਤਕਲੀਫ਼ ਕਿਉਂ ਝੱਲੋ। ਮੇਰੇ ਏਨੇ ਮਕਾਨ ਨੇ..."

"ਪਰ ਤੁਹਾਡੇ ਮਕਾਨਾਂ ਵਿਚ ਮੈਂ ਨਹੀਂ ਰਹਿ ਸਕਦੀ।"

"ਕਿਉਂ ?"

"ਗੱਲ ਕਿਉਂ ਤਕ ਵੀ ਸੋਚਣ ਤੋਂ ਪਰ੍ਹੇ ਦੀ ਏ।" ਕੰਨਿਆਂ ਨੇ ਦ੍ਰਿੜ੍ਹਤਾ ਨਾਲ ਕਿਹਾ।

ਸੱਜਨ ਗੰਭੀਰ ਹੋ ਗਿਆ। ਬੋਲਿਆ — "ਮੈਂ ਤੁਹਾਡੀ ਮਾਨਸਿਕ ਹਾਲਤ ਨੂੰ ਸਮਝਦਾ ਹਾਂ। ਤੁਸਾਂ ਹੁਣ ਤਕ ਜੋ ਕੁਝ ਵੇਖਿਆ ਏ ਉਸ ਕਾਰਨ ਹਰ ਸੱਚੀ ਸਮਝਦਾਰ ਔਰਤ ਨੂੰ ਤੁਹਾਡੇ ਵਾਂਗ ਈ ਆਦਮੀ ਤੇ ਸ਼ੱਕ ਅਤੇ ਨਫ਼ਰਤ ਕਰਨ ਦਾ ਹੱਕ ਏ। ਮੈਂ ਆਦਮੀ ਆਂ, ਬੁਰਾ ਵੀ ਆਂ, ਪਰ — ਵਿਦ ਯੂਅਰ ਪਰਮਿਸ਼ਨ ਮਿਸ ਵਨ ਕੰਨਿਆਂ, ਮੇਰੇ ਵਿਚ ਕੁਝ ਚੰਗਿਆਈਆਂ ਵੀ ਨੇ।"

ਨੀਵੀਆਂ ਨਜ਼ਰਾਂ ਨਾਲ ਪਲਕ ਚੁੱਕ ਕੇ ਇਕ ਵਾਰ ਉਹਨੂੰ ਤੱਕਦਿਆਂ ਹੋਇਆਂ ਕੰਨਿਆਂ ਮੁਸਕ੍ਰਾਈ। ਕਿਹਾ — "ਇਹ ਨਾ ਸਮਝਦੀ ਤਾਂ ਤੁਹਾਡੇ ਕੋਲ ਸਹਾਇਤਾ ਮੰਗਣ ਨਾ ਆਉਂਦੀ।"

"ਚੰਗਾ, ਤਾਂ ਉਠੋ। ਅਸੀਂ ਚੱਲਾਂਗੇ।"

"ਕਿਉਂ ?"

"ਮੇਰੇ ਘਰ। ਅੱਜ ਮਹਾਤਮਾ ਈਸਾ ਦਾ ਜਨਮ ਦਿਨ ਏ। ਮੇਰੇ ਘਰ ਤੁਹਾਡੀ ਦਾਅਵਤ ਏ।"

"ਮੈਂ ਹੁਣ ਖਿਡਾਉਣਿਆਂ ਦੀ ਨੁਮਾਇਸ਼ ਵੇਖਣ ਜਾਵਾਂਗੀ।"

ਸੱਜਨ ਨੇ ਕਿਹਾ — "ਹਾਂ-ਹਾਂ, ਮੈਂ ਵੀ ਨਾਲ ਚਲਾਂਗਾ ਸਗੋਂ ਮਹੀਪਾਲ ਤੇ ਕਰਨਲ ਨੂੰ ਵੀ ਲੈ ਲਵਾਂਗੇ।"

"ਸੱਜਨ ਜੀ, ਮੈਂ..."

"ਵੇਖੋ ਹੁਣ ਇਸ ਗੱਲ ਤੇ ਮੈਂ ਤੁਹਾਡੀ ਇਕ ਨਹੀਂ ਸੁਣਨੀ। ਅੱਜ ਦੀ ਦਾਅਵਤ ਤਾਂ ਤੁਹਾਨੂੰ ਸਵੀਕਾਰ ਕਰਨੀ ਈ ਪੈਣੀ ਏਂ। ਅਜੇ ਤਕ ਤੁਸੀਂ ਆਦਮੀਆਂ ਨਾਲ ਖੁਲ੍ਹੇ ਦਿਲ ਨਾਲ ਉੱਠਦੇ ਬਹਿੰਦੇ ਨਹੀਂ ? — ਤਾਂ ਫਿਰ ? — ਇਸ ਤੋਂ ਬਿਨਾਂ ਤੁਸੀਂ ਇਸ ਪੈਂਫਲਟ ਵਾਸਤੇ ਕਰਨਲ ਨੂੰ ਮਿਲਣਾ ਈ ਏ।"

ਕੈਨਿਆਂ ਨਾਲ ਬਾਹਰ ਆਉਂਦਿਆਂ ਹੋਇਆਂ ਸੱਜਨ ਨੇ ਜੋ ਸੰਤੋਖ ਅਨੁਭਵ ਕੀਤਾ ਉਹ ਅਨੇਕਾਂ ਔਰਤਾਂ ਦਾ ਅਨੁਭਵ ਹੁੰਦਿਆਂ ਵੀ ਉਹਦੇ ਲਈ ਨਵਾਂ ਸੀ। ਉਹ ਨਾਰੀ ਦਾ ਆਦਰ ਕਰਨਾ ਸਿਖ ਰਿਹਾ ਸੀ।

13

ਨਵੇਂ ਸਾਲ ਦੇ ਖਾਤੇ ਵਿਚ ਸੰਨ '51 ਦੀ ਇਕ ਖ਼ਬਰ 'ਸ੍ਰੀ ਰੋਕੜ ਬਾਕੀ' ਵਾਂਗ ਆਈ। ਚੋਣਾਂ ਦੇ ਫ਼ਸਲੀ ਹੋ-ਹੱਲੇ ਵਿਚ ਵੀ ਆਧੁਨਿਕ ਡਿਮਾਕ੍ਰੇਟ ਸਮਾਜ ਦੀ ਇਹ ਚਿਰੰਜੀਵੀ ਖ਼ਬਰ 31 ਦਸੰਬਰ ਦੇ ਅਖ਼ਬਾਰਾਂ ਵਿਚ ਛਪ ਕੇ ਸ਼ਹਿਰ ਲਖਨਊ ਦੀ ਮਨੁੱਖਤਾ ਨੂੰ ਹਲੂਣ ਗਈ ਸੀ...

ਨਗਰ ਦੇ ਅੰਤਲੇ ਸਿਰੇ ਤੇ, ਰੇਲਵੇ ਲਾਈਨ ਲਾਗੇ ਇਕ ਲਾਸ਼ ਗੱਡੀ ਹੋਈ ਲੱਭੀ। ਕੁੱਤੇ ਉਹਨੂੰ ਬਾਹਰ ਘਸੀਟ ਰਹੇ ਸਨ। ਉਸ ਦਿਲ ਹਿਲਾਉਣ ਵਾਲੇ ਦ੍ਰਿਸ਼ ਤੇ ਜਦ ਮੁੰਡਿਆਂ ਦੀ ਨਜ਼ਰ ਪਈ ਤਾਂ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਪੰਝੀਆਂ ਦੇ ਏੜ ਗੇੜ ਉਮਰ ਦੀ ਇਕ ਮੁਟਿਆਰ ਅਸਮਾਨੀ ਰੰਗ ਦੀ ਵਾਇਲ ਦੀ ਸਾੜ੍ਹੀ ਅਤੇ ਪਲਾਸਟਿਕ ਦੀਆਂ ਚੂੜੀਆਂ ਪਾਈ ਦੁਰਗੰਧ ਭਰੀ ਲੋਥ ਬਣ ਕੇ ਸ਼ਾਇਦ ਦੋ ਤਿੰਨ ਦਿਨਾਂ ਤੋਂ ਉਸ ਟੋਏ ਵਿਚ ਦੱਬੀ ਪਈ ਸੀ, ਉਹਦੇ ਪੈਰ ਦਾ ਇਕ ਚਿੱਟਾ ਸੈਂਡਲ ਵੀ ਉੱਥੇ ਪਿਆ ਸੀ।

ਨਵੇਂ ਵਰ੍ਹੇ ਤੋਂ ਪਹਿਲੀ ਇਸ ਸੜਦੀ ਜਵਾਨੀ ਦੇ ਚਰਚੇ ਸ਼ਹਿਰ ਦੇ ਗਲੀਆਂ ਬਾਜ਼ਾਰਾਂ ਵਿਚ ਚਲਦੇ ਰਹੇ। ਏਧਰ ਉਧਰ ਕਤਲ, ਲੁੱਟ ਅਤੇ ਬਲਾਤਕਾਰ ਦੇ ਕਈ ਕਾਂਡ ਜਨਤਾ ਦੀਆਂ ਨਜ਼ਰਾਂ ਵਿਚ ਵਾਰ ਵਾਰ ਆ ਚੁਕੇ ਹਨ। ਇਸ ਲਈ ਚੋਣਾਂ ਦੇ ਪੌਣ ਪਾਣੀ ਵਿਚ ਇਹ ਖ਼ਬਰ ਵੀ ਕਾਂਗਰਸ ਸਰਕਾਰ ਦੀ ਸ਼ਿਕਾਇਤ ਬਣ ਕੇ ਅਮਰ ਵੇਲ ਵਾਂਗ ਹਰ ਪਾਸੇ ਫੈਲ ਗਈ। ਹੁਣ ਤਕ ਪੁਲਸ ਇਹ ਪਤਾ ਨਹੀਂ ਕਰ ਸਕੀ ਕਿ ਮੁਟਿਆਰ ਕੌਣ ਸੀ। ਕੋਈ ਉਹਨੂੰ ਹਿੰਦੂ ਕਹਿੰਦਾ ਹੈ, ਕੋਈ ਮੁਸਲਮਾਨ। ਕੋਈ ਕਹਿੰਦਾ ਹੈ ਕਿ ਔਰਤ ਏਸੇ ਸ਼ਹਿਰ ਦੀ ਸੀ, ਕਿਤੇ ਕਿਹਾ ਜਾ ਰਿਹਾ ਹੈ ਕਿ ਰੇਲ ਵਿਚ ਗਲਾ ਘੁੱਟ ਕੇ ਜਾਂ ਜ਼ਹਿਰ ਖੁਆ ਕੇ ਮਾਰੀ ਗਈ ਹੈ। ਕਤਲ ਦੇ ਕਾਰਨਾਂ ਬਾਰੇ ਵੀ ਅੰਦਾਜ਼ੇ ਲਾਏ ਜਾ ਰਹੇ ਹਨ; ਜਿੰਨੇ ਮੂੰਹ ਉਨੀਆਂ ਗੱਲਾਂ। .....ਬੱਸ ਗੱਲਾਂ ਹਨ ਅਤੇ ਕੰਮ ਹੈ। ਨਵੇਂ ਵਰ੍ਹੇ ਦਾ ਨਵਾਂ ਦਿਨ ਵੀ ਪੁਰਾਣੇ ਵਰ੍ਹਿਆਂ ਦੇ ਹਰ ਦਿਨ ਵਾਂਗ ਹਰ ਆਦਮੀ ਦੀ ਛਾਤੀ ਤੇ ਸੱਪ ਬਣ ਕੇ ਲੇਟ ਰਿਹਾ ਹੈ। ਆਮ ਲੋਕਾਂ ਦਾ ਜੀਵਨ ਆਰਥਕ ਧੱਕੇ ਧੋੜੇ ਖਾ ਖਾ ਕੇ ਰੇਤ ਵਲ ਖਿਲਰ ਗਿਆ ਹੈ। ਮੁਨਾਫ਼ਾ ਖ਼ੋਰ ਸੰਨ

'52 ਦੇ ਨਵੇਂ ਦਿਨ ਵੀ ਰੇਤ ਚੋਂ ਤੇਲ ਕੱਢਣ ਵਿਚ ਉਸੇ ਤਰ੍ਹਾਂ ਜੁਟੇ ਹੋਏ ਹਨ ਜਿਸ ਤਰ੍ਹਾਂ ਹੁਣ ਤਕ ਜੁਟੇ ਸਨ। ਹਰ ਪਾਸੇ ਲੂਣ, ਤੇਲ, ਲੱਕੜੀ ਦਾ ਰੋਣਾ ਹੈ, ਉਤੋਂ ਚੋਣਾਂ ਦਾ ਜ਼ੋਰ ਹੈ, ਹਰ ਵਾਰਡ ਅਤੇ ਗਲੀ ਮੁਹੱਲਿਆਂ ਵਿਚ ਪੋਲੀਟੀਕਲ ਪਾਰਟੀਆਂ ਦੇ ਲਾਊਡ ਸਪੀਕਰ ਆਪਣੀ ਆਪਣੀ ਸਭਾ ਦੇ ਰੌਲੇ ਵਿਚ ਕੰਠਾਂ ਦੇ ਪੜਦੇ ਪਾੜ ਰਹੇ ਹਨ; ਮੈਂ ਤੂੰ ਸਭ ਆਪਸੀ ਚਿੱਕੜ ਸੁੱਟ ਕੇ ਪਵਿੱਤ੍ਰ ਕੰਮ ਵਿਚ ਜੀ ਜਾਨ ਨਾਲ ਲੱਗੇ ਹੋਏ ਹਨ।

ਨਵੇਂ ਸਾਲ ਦੇ ਨਵੇਂ ਦਿਨ ਦੀ ਰਾਤ ਇਸ ਤਰ੍ਹਾਂ ਜਗ ਮਗ ਕਰ ਰਹੀ ਹੈ, ਜਿਵੇਂ ਕੋਈ ਸਤਾਈ ਹੋਈ ਵੇਸਵਾ ਆਪਣੇ ਮਨ ਦੀ ਪੀੜ ਨੂੰ ਮਨ ਵਿਚ ਹੀ ਕੱਸ ਕੇ ਢਿੱਡ ਦੇ ਗਾਹਕਾਂ ਨੂੰ ਪਰਚਾਉਣ ਦੀ ਮਾਰੀ ਪੂਰੇ ਸੱਜ-ਸਿੰਗਾਰ ਨਾਲ ਆਪਣੇ ਛੱਜੇ ਤੇ ਬੈਠੀ ਹੋਏ।

ਬਾਜ਼ਾਰ ਉਹਨਾਂ ਇੱਜ਼ਤ ਵਾਲੇ ਲੋਕਾਂ ਦੇ ਘਰਾਂ ਵਰਗੀ ਚਹਿਲ ਪਹਿਲ ਅਤੇ ਰੌਣਕ ਨਾਲ ਭਰਿਆ ਹੈ ਜਿਸ ਵਿਚ ਕਰਜ਼ਾ ਲੈ ਕੇ ਸ਼ਾਦੀ-ਜਨੇਊ ਆਦਿ ਜੀਵਨ ਦੇ ਉਤਸਵ ਮਨਾਏ ਜਾ ਰਹੇ ਹਨ — ਜਿੱਥੇ ਓਪਰੀ ਤੜਕ ਮੜ੍ਹਕ, ਹਾਸਾ ਖ਼ੁਸ਼ੀ ਅਤੇ ਖਿੜਖੜਾਉਣ ਵਿਚ ਚਿੰਤਾ ਦੀ ਚਿਤਾ ਬਲ ਰਹੀ ਹੈ।

ਚੁਰਾਹਿਆਂ ਦੇ ਚਾਰੇ ਪਾਸੇ ਬੱਸਾਂ, ਮੋਟਰਾਂ, ਤਾਂਗੇ-ਯੱਕੇ, ਰਿਕਸ਼ੇ ਸਾਈਕਲ ਅਤੇ ਪੈਦਲ ਭੀੜ ਨਿੱਤਨੇਮ 'ਚ ਬੱਧੀ ਇਸ ਤਰ੍ਹਾਂ ਤੁਰੀ ਜਾਂਦੀ ਹੈ ਜਿਵੇਂ ਕਿਸੇ ਦੀਵਾਲੀਆ ਸੇਠ ਦੀ ਮਿੱਲ ਚਲ ਰਹੀ ਹੋਏ। ਮਿੱਲ ਦੀ ਗੜਗੜ ਦੀ ਆਵਾਜ਼ ਨਾਲ ਬਾਹਰ ਵਾਲਿਆਂ ਨੂੰ ਤੁਰਨ ਦਾ ਅਹਿਸਾਸ ਹੁੰਦਾ ਹੈ, ਉਹ ਸਮਝਦੇ ਹਨ ਕਿ ਨਵੀਂ ਉਪਜ ਹੋ ਰਹੀ ਹੈ, ਨਿਰਮਾਣ ਹੋ ਰਿਹਾ ਹੈ; ਪਰ ਅੰਦਰੋਂ ਬਹੁਤ ਘਟ ਉਪਜ ਕਰ ਕੇ ਜ਼ਿਆਦਾ ਐਨਰਜੀ ਫੂਕੀ ਜਾ ਰਹੀ ਹੈ — ਸਿਰਫ਼ ਸੇਠ ਜੀ ਦੀ ਸਾਖ ਬਣਾਈ ਰੱਖਣ ਲਈ। ਪਰ ਢੋਲ ਵਿਚ ਪੋਲ ਲੈ ਕੇ ਪੂੰਜੀਵਾਦੀ ਵਿਕਾਸ ਦਾ ਇਹ ਮੰਤਵਹੀਣ ਕੰਮ ਵੱਧ ਤੋਂ ਵੱਧ ਵੀ ਚੱਲੇਗਾ ਤਾਂ ਕਦ ਤਕ ? ਹੁਣ ਉਸ ਵਿਚ ਸਾਹ ਹੀ ਕਿੰਨਾ ਕੁ ਰਿਹਾ ਹੈ ?

ਖਾਣ ਪੀਣ ਦੀਆਂ ਥਾਵਾਂ, ਹਲਵਾਈਆਂ ਅਤੇ ਪਾਨਾਂ ਵਾਲਿਆਂ ਦੀਆਂ ਦੁਕਾਨਾਂ ਵਿਚ ਰੇਡੀਓ ਤੋਂ ਖ਼ਬਰਾਂ ਆ ਰਹੀਆਂ ਹਨ।

ਬਾਜ਼ਾਰੀ ਸੜਕਾਂ 'ਚੋਂ ਲੰਘ ਕੇ ਘਰੇਲੂ ਸੜਕਾਂ ਤੇ ਆਉਂਦੀ ਹੋਈ ਰੇਡੀਓ ਦੀ ਆਵਾਜ਼ ਲਗਾਤਾਰ ਸੁਣਨ ਵਾਲਿਆਂ ਦੇ ਕੰਨਾਂ ਵਿਚ ਪਹੁੰਚਦੀ ਹੈ, ਕਿਸੇ ਕਿਸੇ ਸੜਕ ਉੱਤੇ ਤਾਂ ਇਕ ਸਿਰਿਉਂ ਦੂਸਰੇ ਸਿਰੇ ਤਕ, ਪੈਰ ਪੈਰ ਤੇ ਹਰ ਘਰ ਵਿਚੋਂ ਆਉਂਦੀ ਹੋਈ ਰੇਡੀਉ ਦੀ ਆਵਾਜ਼ ਸਮਾਜ ਦੇ 'ਇਕ ਬੋਲ' ਵਾਂਗ ਗੂੰਜਦੀ ਹੋਈ ਲੱਭਦੀ ਹੈ। ਖੇਡਾਂ ਦੀ ਖ਼ਬਰ ਆ ਰਹੀ ਹੈ : ਕਲਕੱਤੇ ਵਿਚ ਹੋਣ ਵਾਲੇ ਭਾਰਤ ਅਤੇ ਇੰਗਲੈਂਡ ਦੇ ਤੀਸਰੇ ਮੈਚ ਦਾ ਅੱਜ ਤੀਸਰਾ ਦਿਨ ਸੀ। ਰਾਏ, ਉਮਰੀਗਰ, ਹਜ਼ਾਰੇ ਕੇਵਲ

ਅਠਾਈ ਰਨ ਬਣਾ ਕੇ ਇਕ ਘੰਟੇ ਵਿਚ ਹੀ ਆਊਟ ਹੋ ਗਏ। ਮਾਂਜਰੇਕਰ ਨੇ ਅਠਤਾਲੀ ਰਨ ਬਣਾ ਕੇ ਅੱਜ ਦੀ ਸੁਸਤ ਖੇਡ ਵਿਚ ਕੁਝ ਖਿੱਚ ਪੈਦਾ ਕੀਤੀ।...... ਹੁਣ ਮੌਸਮ ਦਾ ਹਾਲ ਸੁਣੋ।"

ਰੇਡੀਓ ਨੂੰ ਗ੍ਰੀਨਵਿਚ ਸਮੇਂ ਦੇ ਸੰਕੇਤਾਂ ਦੀਆਂ ਹਿਚਕੀਆਂ ਆਉਣ ਲੱਗੀਆਂ। ਨਵੇਂ ਪ੍ਰੋਗਰਾਮ ਦੇ ਆਉਣ ਦੀ ਉਡੀਕ ਵਿਚ, ਸੱਜਨ ਦੇ ਡਰਾਈਂਗ ਰੂਮ ਵਿਚ ਕੋਲ ਕੋਲ ਬੈਠੇ ਹੋਏ ਸੱਜਨ ਅਤੇ ਕੰਨਿਆਂ ਇਕ ਦੂਸਰੇ ਨੂੰ ਟਿਕਵੀਂ ਨਜ਼ਰ ਨਾਲ ਵੇਖਣ ਲੱਗੇ। ਚਾਰ ਪੰਜ ਦਿਨਾਂ ਵਿਚ, ਦੋਵਾਂ ਦੀਆਂ ਨਜ਼ਰਾਂ ਵਿਚ ਚੋਖੀ ਖੁਲ੍ਹ ਆ ਗਈ ਹੈ। ਰੇਡੀਓ ਨੇ ਸੂਚਨਾ ਦਿਤੀ ! "ਇਹ ਆਲ ਇੰਡੀਆ ਰੇਡੀਓ, ਲਖਨਊ-ਇਲਾਹਾਬਾਦ-ਪਟਨਾ ਹੈ। ਪਰਾਗ — ਇਸ ਸਾਹਿਤਕ ਪ੍ਰੋਗਰਾਮ ਅਧੀਨ ਅੱਜ ਤੁਸੀਂ ਮਹੀਪਾਲ ਸ਼ੁਕਲ ਤੋਂ ਉਹਨਾਂ ਦੀ ਨਵੀਂ ਕਹਾਣੀ ਸੁਣੋਗੇ : "ਜਦ ਨਵਾਂ ਜੁੱਗ ਆਉਂਦਾ ਹੈ।" ਸ੍ਰੀ ਮਹੀਪਾਲ ਸ਼ੁਕਲ......"

ਸੱਜਨ ਨੇ ਮੋਢੇ ਤੇ ਸਿਰ ਸੁੱਟ ਕੇ ਅੱਖਾਂ ਬੰਦ ਕਰ ਲਈਆਂ। ਕੰਨਿਆਂ ਸਿੱਧੀ ਰੇਡੀਓ ਵੱਲ ਵੇਖ ਰਹੀ ਸੀ, ਜਿਵੇਂ ਆਵਾਜ਼ ਵਿਚ ਮਹੀਪਾਲ ਦਾ ਰੂਪ ਦਿਸ ਰਿਹਾ ਹੋਏ। ਮਹੀਪਾਲ ਦੀ ਆਵਾਜ਼ ਡੂੰਘਾਈ 'ਚੋਂ ਨਿਕਲਦੀ ਹੈ। ਉਹਦੇ ਵਿਚ ਸ਼ਕਤੀ ਅਤੇ ਮਿਠਾਸ ਵੀ ਹੈ, ਸ਼ਬਦ ਗੂੰਜ ਦੇ ਛੱਲੇ ਬਣਾਉਂਦੇ ਨਿਕਲਦੇ ਹਨ, ਪਰ ਬੋਲਾਂ ਵਿਚ ਥਕਾਵਟ ਹੈ, ਉਹ ਖਿੱਚ ਖਿੱਚ ਕੇ ਬੋਲਦਾ ਹੈ, ਜਿਸ ਨਾਲ ਰੇਡੀਓ ਤੇ ਖਰ ਖਰ ਹੁੰਦੀ ਹੈ।

ਅੱਖਾਂ ਖੋਹਲ ਕੇ ਸੱਜਨ ਨੇ ਕੰਨਿਆਂ ਨੂੰ ਕਿਹਾ — "ਜ਼ਰਾ ਆਵਾਜ਼ ਟਿਊਨ ਕਰ ਦਿਉਗੇ ਉਹਦੀ ? — ਥੈਂਕਯੂ !"

"ਹੁਣੇ ਤੁਸੀਂ ਮਹੀਪਾਲ ਸ਼ੁਕਲ ਦੀ ਕਹਾਣੀ ਸੁਣ ਰਹੇ ਸਉ।"

"ਇਹ ਆਲ ਇੰਡੀਆ ਰੇਡੀਓ ਹੈ।"......ਇਕ ਅਨਜਾਣੀ ਜ਼ਨਾਨੀ ਆਵਾਜ਼ ਸ਼ੰਕਰਾ ਦਾ ਖ਼ਿਆਲ ਉਠਾਇਆ।

"ਕਿੰਜ ਲੱਗੀ ਕਹਾਣੀ ?" ਸੱਜਨ ਨੇ ਉੱਠ ਕੇ ਟੈਲੀਫ਼ੋਨ ਕੋਲ ਜਾਂਦਿਆ ਹੋਇਆਂ ਕੰਨਿਆਂ ਤੋਂ ਪੁੱਛਿਆ।

"ਬਹੁਤ ਵਧੀਆ ਰਹੀ। — ਕਾਫ਼ੀ ਹੱਦ ਤਕ ਅੱਛੀ !" ਕੰਨਿਆਂ ਅਜੇ ਵੀ ਕਹਾਣੀ ਤੇ ਵਿਚਾਰ ਕਰ ਰਹੀ ਸੀ।

ਸੱਜਨ ਨੇ ਰੇਡੀਓ ਨਾਲ ਫ਼ੋਨ ਮਿਲਾ ਕੇ ਉੱਥੋਂ ਦੇ ਡਿਊਟੀ-ਅਫ਼ਸਰ ਤੋਂ ਮਹੀਪਾਲ ਨੂੰ ਬੁਲਾਉਣ ਲਈ ਬੇਨਤੀ ਕੀਤੀ।

ਕੰਨਿਆਂ ਸੋਫ਼ੇ ਤੋਂ ਉੱਠੀ, ਰੇਡੀਓਗਰਾਮ ਕੋਲ ਆਈ, ਸੱਜਨ ਨੇ ਪੁੱਛਿਆ — "ਤੁਹਾਨੂੰ ਇਹ ਖ਼ਿਆਲ ਪਸੰਦ ਆ ਰਿਹਾ ਏ ?"

ਟੈਲੀਫ਼ੋਨ ਦਾ ਰਿਸੀਵਰ ਕੰਨ ਨਾਲ ਲਾਈ ਸੱਜਣ ਨੇ ਨਾਂਹ ਵਾਲੇ ਢੰਗ ਨਾਲ ਸਿਰ ਹਿਲਾ ਕੇ ਕਿਹਾ — "ਮੈਨੂੰ ਸਿਰਫ਼ ਆਪਣੇ, ਅਤੇ ਆਪਣਿਆਂ ਦੇ ਖ਼ਿਆਲ ਪਸੰਦ ਆਉਂਦੇ ਨੇ।......ਹਾਂ, ਹੈਲੋ, ਦੱਸੋ ਮਹਾਨ ਲੇਖਕ ਜੀ, ਵੇਖ ਰਿਹਾ ਹਾਂ ਤੁਹਾਡੀ ਮਹਾਨਤਾ ਦਿਨੋ ਦਿਨ ਵਧਦੀ ਜਾ ਰਹੀ ਹੈ। ਤੁਹਾਡੇ ਇਸ 'ਕਿਉਂ' ਤੇ ਜੀ ਕਰਦਾ ਏ ਦਸ ਹੰਟਰ ਕੱਸ ਕੱਸ ਕੇ ਮਾਰਾਂ। ਸ਼ਰਮ ਨਹੀਂ ਆਉਂਦੀ ਛਿਆਂ ਦਿਨਾਂ ਤੋਂ ਸ਼ਕਲ ਨਹੀਂ ਦਿਸੀ ਤੇਰੀ — ਨਾ ਸਵੇਰੇ ਨਾ ਸ਼ਾਮ।......ਹਾਂ......ਹਾਂ......! ਚ–ਚ! ਤਾਂ ਤੇ ਬੜੀ ਮਿਹਨਤ ਕਰਨੀ ਪਈ ਹੋਏਗੀ। ਓਏ ਉੱਲੂ, ਏਸੇ ਲਈ ਕਹਿੰਦਾ ਆਂ ਬਹੁਤੀ ਨਾ ਪੀਆ ਕਰ। ਹ......ਹ......ਹ!......ਵੈਰੀ ਗੁੱਡ, ਆ ਜਾਓ। —ਮੇਰੀ ਰਾਏ? ਜਨਾਬ ਮੇਰੀ ਰਾਏ ਤੋਂ ਵਧੀਆ ਰਾਏ ਸੁਣ। ਸ੍ਰੀ ਮਾਨ ਹੋਰਾਂ ਦੀ ਇਕ ਜ਼ਬਰਦਸਤ ਫੈਨ — ਹਿੰਦੀ ਵਿਚ ਪ੍ਰਸ਼ੰਸਕਾ ਆਖਣਾ ਚਾਹੀਦਾ ਏ — ਇਫ਼ ਆਈ ਐਮ ਨਾਟ ਰਾਂਗ, ਉਹਨਾਂ ਦੀ ਰਾਏ ਸੁਣਵਾਉਂਦਾ ਹਾਂ। (ਫਿਰ ਮਾਊਥਪੀਸ ਮੂੰਹ ਤੋਂ ਥੋੜਾ ਕੁ ਨੀਵਾਂ ਕਰ ਕੇ ਕੰਨਿਆਂ ਨੂੰ) ਕਮ ਹਿਅਰ ਕੰਨਿਆਂ, ਆਈ 'ਲ ਇਂਟ੍ਰੋਡੀਊਸ ਯੂ ਟੂ ਯੋਰ ਮੋਸਟ ਫੇਵਰਿਟ ਆਥਰ।"

ਕੰਨਿਆਂ ਰੇਡੀਓ ਦੀ ਆਵਾਜ਼ ਮੱਧਮ ਕਰ ਕੇ, ਇਕ ਕੰਨ ਟੈਲੀਫ਼ੋਨ ਦੀਆਂ ਗੱਲਾਂ ਵਲ ਲਾਈ ਰੇਡੀਓ ਦੀ ਸੂਈ ਦੇ ਸਹਾਰੇ ਸਾਰੇ ਹਿੰਦੁਸਤਾਨ ਵਿਚ ਘੁੰਮ ਰਹੀ ਸੀ। ਜਦ ਸੱਜਨ ਨੇ ਉਹਨੂੰ ਬੁਲਾਇਆ ਉਸ ਸਮੇਂ ਰੇਡੀਓ ਕਿਸੇ ਬਹੁਤ ਹੀ ਮਧੁਰ ਗਲੇ ਦਾ ਕਰਨਾਟਕ ਸੰਗੀਤ ਪ੍ਰਸਾਰਤ ਕਰ ਰਿਹਾ ਸੀ। ਕੰਨਿਆਂ ਕੁਝ ਸੰਕੋਚ ਨਾਲ ਟੈਲੀਫ਼ੋਨ ਕੋਲ ਆਈ।

ਸੱਜਨ ਨੇ ਮਹੀਪਾਲ ਨੂੰ ਕਿਹਾ — "ਲੈ ਅਹਿ ਆ ਗਏ — ਇਹ ਨੇ ਮਿਸ ਵਨ ਕੰਨਿਆਂ, ਤੇ ਦੂਸਰੇ ਪਾਸੇ ਏ ਮੇਰਾ ਇਕ ਬੇਵਕੂਫ਼ ਦੋਸਤ" — ਕਹਿੰਦਿਆਂ ਹੋਇਆਂ ਸੱਜਨ ਨੇ ਰਿਸੀਵਰ ਕੰਨਿਆਂ ਨੂੰ ਦੇ ਦਿਤਾ।

ਕੰਨਿਆਂ ਨੇ ਮੁਸਕ੍ਰਾਉਂਦਿਆਂ ਹੋਇਆਂ ਰਿਸੀਵਰ ਲਿਆ, ਮਹੀਪਾਲ ਨਾਲ ਗੱਲਾਂ ਕਰਨ ਲੱਗੀ — "ਨਮਸਕਾਰ। ਜੀ? — (ਹਾਸਾ) ਨਹੀਂ; ਮੈਂ ਸੱਚ ਨਹੀਂ ਮੰਨਿਆ। ਤੁਸੀਂ ਦੋਵੇਂ ਦੋਸਤ ਓ, ਇਕ ਦੂਸਰੇ ਨੂੰ ਜੋ ਚਾਹੋ ਕਹਿ ਸਕਦੇ ਓ। ਮੈਂ ਤਾਂ ਤੁਹਾਡੀਆਂ ਦੋਵਾਂ ਦੀ ਕਲਾਵਾਂ ਤੋਂ ਪ੍ਰੇਰਣਾ ਲੈਂਦੀ ਹਾਂ।......ਜੀ, ਚੰਗੀ ਲੱਗੀ। ਸੱਚ! — ਬਹੁਤ ਅੱਛੀ ਤਾਂ ਨਹੀਂ ਕਹਾਂਗੀ। ਤੁਹਾਡੀ ਦੇਵਤਾ ਕਹਾਣੀ ਬਹੁਤ ਵਧੀਆ ਸੀ।..."

ਅਚਾਨਕ ਛੱਤ ਦੇ ਐਨ ਉਤੋਂ ਦੀ ਇਕ ਹਵਾਈ ਜਹਾਜ਼ ਬੜਾ ਰੌਲਾ ਪਾਉਂਦਾ ਹੋਇਆ ਨਿਕਲ ਗਿਆ; ਕੰਨਾਂ ਦੇ ਪਰਦੇ ਪਾਟ ਗਏ। ਵਨ ਕੰਨਿਆਂ ਨੇ ਫਿਰ ਗੱਲ ਸ਼ੁਰੂ ਕੀਤੀ। ਏਨੇ ਵਿਚ ਇਕ ਹੋਰ ਹਵਾਈ ਜਹਾਜ਼ ਆ ਧਮਕਿਆ — ਉਨੀ ਹੀ ਨਿਵਾਣ ਤੇ ਉਡਦਾ ਤੇ ਰੌਲਾ ਪਾਉਂਦਾ। ਵਨ ਕੰਨਿਆਂ ਲਈ ਗੱਲ ਸੁਣਨੀ ਮੁਸ਼ਕਿਲ

ਹੋ ਗਈ। ਸੱਜਨ ਹੈਰਾਨੀ ਨਾਲ ਬਾਲਕਨੀ ਤੇ ਵੇਖਣ ਲਈ ਚਲ ਗਿਆ।

ਮਹੀਪਾਲ ਨੇ ਵੰਨ ਕੰਨਿਆਂ ਨੂੰ ਇਹ ਆਖ ਕੇ ਰਿਸੀਵਰ ਰੱਖ ਦਿਤਾ ਕਿ ਉਹ ਹੁਣੇ ਈ ਸੱਜਨ ਦੇ ਘਰ ਪਹੁੰਚ ਰਿਹਾ ਹੈ। ਦੋ ਦੋ ਹਵਾਈ ਜਹਾਜ਼ਾਂ ਦੇ ਏਨੀ ਨੀਂਵੀ ਉਡਾਰੀ ਲਾਉਣ ਤੇ ਮਹੀਪਾਲ ਅਤੇ ਰੇਡੀਓ ਸਟੇਸ਼ਨ ਦੇ ਦੂਸਰੇ ਲੋਕਾਂ ਨੇ ਝੁੰਝਲਾਹਟ ਪ੍ਰਗਟਾਈ। ਏਨੇ ਵਿਚ ਮਹੀਪਾਲ ਲਈ ਫਿਰ ਟੈਲੀਫ਼ੋਨ ਆਇਆ; ਇਸ ਵਾਰ ਕਰਨਲ ਬੋਲ ਰਿਹਾ ਸੀ।

ਮਹੀਪਾਲ ਨੇ ਕਿਹਾ — "ਏਥੇ ਠਹਿਰੀਂ ? ਕਿਉਂ ? ਮੈਂ ਸੱਜਨ ਵਲ ਜਾ ਰਿਹਾ ਹਾਂ।......ਹੈਂ, ਏਅਰੋਡਰਮ ਤੋਂ ਬੋਲ ਰਿਹਾ ਏਂ ? ਉੱਥੇ ਭਲਾ ਮਰਨ ਲਈ ਚਲਾ ਗਿਆ ਸੈਂ ?"

ਅਸਮਾਨ ਤੇ ਫਿਰ ਹਵਾਈ ਜਹਾਜ਼ ਘੂਕਣ ਲੱਗੇ; ਸਾਰਾ ਸ਼ਹਿਰ ਚੱਕਰ ਵਿਚ ਪੈ ਗਿਆ। ਸਿਆਲ ਦੀ ਰਾਤ; ਸਨ ਬਵਿੰਜਾ ਦੇ ਪਹਿਲੇ ਦਿਨ ਇਹ ਬੁਝਾਰਤ ਵਰਗਾ ਅਸਮਾਨੀ ਹੰਗਾਮਾ ਲੋਕਾਂ ਨੂੰ ਅਜੀਬ ਤਰ੍ਹਾਂ ਹਲੂਣਨ ਲੱਗਾ। ਪੰਜ ਮਿੰਟ ਇੰਜ ਈ ਹਵਾਈ ਜਹਾਜ਼ ਇਹ ਚੱਕਰ ਘੇਰੀਆਂ ਲਾਉਂਦੇ ਰਹੇ। ਬੰਦ ਹੁੰਦੇ ਹੋਏ ਬਜ਼ਾਰ ਖਲੋ ਗਏ, ਸੈਂਕੜੇ ਹਜ਼ਾਰਾਂ ਲੇਫ਼ਾਂ ਦੀ ਗਰਮੀ ਵਿਧਵਾ ਹੋ ਗਈ। ਹੱਟੀਆਂ-ਵੱਟੀਆਂ; ਨੁੱਕਰਾਂ, ਚੁਰਾਹੇ, ਗਲੀਆਂ, ਛਤ ਛੱਜੇ ਚਾਰੇ ਪਾਸੇ ਮਨੂ ਦੀ ਬੰਸ ਵੇਲ ਪਸਰ ਕੇ, ਰੌਲੇ ਨਾਲ ਫੁੱਲਣ ਲੱਗੀ।

ਅਤੇ ਫਿਰ ਰੌਲਾ ਪਿਆ ਕਿ ਇਸ਼ਤਿਹਾਰ ਡਿਗ ਰਹੇ ਹਨ। ਸੁਹਾਗਣ ਦੇ ਚੰਨ ਜਿਹੇ ਮੁਖੜੇ ਦੀ ਸ਼ੋਭਾ ਵਰਗੀ ਨਿਰਮਲ ਚੋਥ ਦੀ ਚਾਨਣੀ ਵਿਚ ਚਿੱਟੇ ਕਬੂਤਰਾਂ ਵਾਂਗ ਅਣਗਿਣਤ ਇਸ਼ਤਿਹਾਰ ਉੱਡਣ ਲੱਗੇ।

ਸ਼ਹਿਰ ਦੀਆਂ ਗਲੀਆਂ ਸੜਕਾਂ ਤੇ, ਛੱਤਾਂ ਤੇ ਅਸਮਾਨੀ ਵਰਦਾਨ ਰੋਕਣ ਵਾਸਤੇ ਲੱਖਾਂ ਹੱਥ ਉਤਾਂਹ ਹੋਣ ਲੱਗੇ। ਸੜਕਾਂ ਉੱਤੇ ਬਿਜਲੀ ਦੇ ਖੰਭਿਆਂ ਤੋਂ ਜ਼ਰਾ ਕੁ ਉੱਚੇ ਜਦ ਇਸ਼ਤਿਹਾਰ ਰਹਿ ਗਏ, ਤਾਂ ਲੋਕਾਂ ਦੀਆਂ ਨਜ਼ਰਾਂ ਨੇ ਉਹਨਾਂ ਨੂੰ ਛੋਟੀ ਜਹੀ ਕਿਤਾਬ ਦੀ ਸ਼ਕਲ ਵਿਚ ਉੱਡਦਿਆਂ ਹੋਇਆਂ ਪਛਾਣ ਲਿਆ।

ਜਿਨ੍ਹਾਂ ਦੇ ਹੱਥ ਸਹਿਜੇ ਹੀ ਕਿਤਾਬ ਆ ਗਈ, ਉਹ ਤਾਂ ਜਿਵੇਂ ਡਰਬੀ ਦੀ ਲਾਟਰੀ ਹੀ ਜਿੱਤ ਗਏ; ਅਤੇ ਕਿਤੇ ਖੋਹਾ ਖਾਈ ਹੋਣ ਲੱਗੀ, ਧੱਕਾ-ਮੁੱਕੀ, ਗਾਲਾਂ ਗਲੋਚ ਮੱਚ ਗਿਆ; ਜਿਨ੍ਹਾਂ ਨੂੰ ਕਿਤਾਬ ਨਹੀਂ ਮਿਲੀ ਸੀ ਉੱਖੜੇ ਜਿਹੇ ਫਿਰ ਰਹੇ ਸਨ। ਕਿਸੇ ਹਿੰਦੀ ਵਾਲੇ ਦੇ ਹੱਥ ਉਰਦੂ ਦੀ ਕਿਤਾਬ ਆ ਗਈ। ਉਹ ਮੁਹੱਲੇ ਵਿਚ ਉਰਦੂ ਪੜ੍ਹਨ ਵਾਲਿਆਂ ਨੂੰ ਲੱਭ ਰਿਹਾ ਸੀ। ਜਿਹੜੇ ਉਰਦੂ ਵਾਲੇ ਹੱਥ ਹਿੰਦੀ ਦੀ ਕਿਤਾਬ ਆਈ ਉਹ ਆਪਣੇ ਘਰ ਦੇ ਸਕੂਲੀ ਮੁੰਡਿਆਂ ਨੂੰ ਜਗਾਉਣ ਲੱਗੇ ਜੋ ਹੁਣ ਆਮ ਕਰ ਕੇ ਹਿੰਦੀ ਪੜ੍ਹਦੇ ਹਨ। ਜਿੰਨੇ ਲੋਕ ਸਨ, ਉਨੇ ਕੰਮ ਹੋ ਗਏ।

ਜਨਤਾ ਏਹੋ ਜਿਹੇ ਮੌਕਿਆਂ ਉਤੇ ਫੁਰਤੀ ਵਿਚ ਕਮਾਲ ਕਰ ਵਖਾਉਂਦੀ ਹੈ; ਉਰਲੀ ਪਰਲੀ ਇਕ ਪ੍ਰਚਾਰ ਪੁਸਤਕ ਲੈਣ ਲਈ ਹਜ਼ਾਰਾਂ ਦੁਰਘਟਨਾਵਾਂ ਹੋ ਗਈਆਂ, ਗੱਲ ਆਈ ਗਈ ਹੋ ਗਈ, ਅਤੇ ਹੁਣ ਤਾਂ ਲੋਕ ਜ਼ਿਆਦਾ ਕਰ ਕੇ ਟੋਲੀਆਂ ਵਿਚ ਸਿਮਟੇ ਹੋਏ ਕਿਤਾਬ ਪੜ੍ਹ ਰਹੇ ਹਨ।

ਕਿਤਾਬ ਦੇ ਪਹਿਲੇ ਸਫ਼ੇ ਤੇ ਤਿੰਨਾਂ ਘੁੰਡਾਂ ਦੇ ਰਫ਼ ਪੈਂਸਿਲ ਸਕੈੱਚਾਂ ਦਾ ਬਲਾਕ ਛਪਿਆ ਹੈ। ਹੇਠਾਂ ਛਾਪੇ ਦੇ ਵੱਡਿਆਂ ਅੱਖਰਾਂ ਵਿਚ ਲਿਖਿਆ ਹੈ : "ਘੂੰਘਟ ਕਾ ਪਟ ਖੋਲ੍ਹ ਰੀ ! ਲੇਖਕਾ ! ਕੁ : ਵਨ ਕੰਨਿਆਂ।"

ਆਪਣੇ ਘਰ ਦਾ ਕੱਚਾ ਬਿਉਰਾ ਦੇਂਦਿਆਂ ਹੋਇਆਂ ਅੰਤ ਵਿਚ ਲੇਖਕਿਾ ਨੇ ਲਿਖਿਆ ਸੀ : ਮਰਦ ਸਮਾਜ ਨੂੰ ਮੈਂ ਕੁਝ ਵੀ ਨਹੀਂ ਕਹਿਣਾ। ਜਿਹਨੂੰ ਲੁੱਟਣ ਦੀ ਬਾਣ ਪੈ ਗਈ ਉਹ ਛੇਤੀ ਕੀਤੇ ਆਪਣੀ ਆਦਤ ਨਹੀਂ ਛੱਡ ਸਕਦਾ। ਗੱਲ ਮੈਂ ਆਪਣੀਆਂ ਭੈਣਾਂ ਨੂੰ ਆਖਣੀ ਹੈ। ਉਹ ਭੈਣਾਂ ਜੋ ਸਕੂਲਾਂ ਕਾਲਜਾਂ ਵਿਚ ਪੜ੍ਹਦੀਆਂ ਪੜ੍ਹਾਉਂਦੀਆਂ ਹਨ, ਉਹ ਜਿਹੜੀਆਂ ਘਰ ਦੀ ਵਲਗਣ ਵਿਚ ਕੈਦ ਹਨ, ਉਹਨਾਂ ਸਭਨਾਂ ਤੋਂ ਮੇਰੀ ਸਤਿਆਗ੍ਰਹਿ ਭਰੀ ਬੇਨਤੀ ਹੈ ਕਿ 'ਪ੍ਰੇਮ' ਸ਼ਬਦ ਨਾਲ ਫੈਲੀ ਹੋਈ ਨਾਰੀ ਵਿਰੋਧੀ ਜਿਹੜੀ ਗੰਦੀ ਤਸਵੀਰ ਨੂੰ ਲੋਕ-ਸਮਾਜ ਅੱਜ ਅਪਨਾਈ ਬੈਠਾ ਹੈ, ਉਹਦੇ ਤੋਂ ਸੱਪ ਦੇ ਫੰਨ ਵਾਂਗ ਪਰ੍ਹੇ ਰਹਿਣ, ਆਪਣਾ ਦਾਸ ਬਣਾ ਕੇ ਅਤਿਆਚਾਰੀ ਜਿਸ ਉਤੇ ਰਾਜ ਕਰਨਾ ਚਾਹੁੰਦੇ ਹਨ, ਉਹਨਾਂ ਨੈਤਿਕ ਦਲ ਉਹ ਪਹਿਲਾਂ ਤੋੜ ਦੇਂਦੇ ਹਨ। ਹਜ਼ਾਰਾਂ ਵਰ੍ਹਿਆਂ ਦੇ ਇਤਿਹਾਸ ਵਿਚ ਬਹੁਤਾ ਕਰਕੇ ਸਮਾਜ ਨੇ ਨਾਰੀ ਨਾਲ ਹਰ ਤਰ੍ਹਾਂ ਖੇਡ ਕੇ, ਰਸ ਲੈ ਕੇ ਸਦਾ ਉਹਨੂੰ ਪੈਰਾਂ ਹੇਠ ਲਿਤਾੜਿਆ ਹੈ, ਜੀਉਂਦੇ ਜੀਅ ਸਾੜਿਆ ਹੈ। ਵਿਆਹ ਦੇ ਮੰਤਰਾਂ ਵਿਚ ਦਿਤਾ ਗਿਆ ਨਾਰੀ ਅਧਿਕਾਰ ਅਰਧ-ਨਾਰੀਸ਼ਵਰ ਦੇ ਪ੍ਰਤੀਕ ਵਿਚ ਦਿਤੀ ਗਈ ਸਮਾਨਤਾ — ਇਹ ਮਹਾਨ ਲੋਕ ਰਾਜੀ ਆਦਰਸ਼ ਕੇਵਲ ਪੋਥੀਆਂ ਦੀ ਚੀਜ਼ ਬਣੇ ਅੱਜ ਭਾਰਤ ਨਾਲੋਂ ਭਾਰਤ ਦੇ ਬਾਹਰ ਪੂਜਾ ਕਰਾ ਰਹੇ ਹਨ। 'ਜਿਥੇ ਨਾਰੀ ਦੀ ਪੂਜਾ ਹੁੰਦੀ ਹੈ, ਉਥੇ ਦੇਵਤਿਆਂ ਦਾ ਨਿਵਾਸ ਹੁੰਦਾ ਹੈ' — ਇਸ ਮਹਾਨ ਕਥਨ ਅਤੀ ਬੇਸ਼ਰਮੀ ਨਾਲ ਝੁਠਲਾ ਕੇ ਭਾਰਤੀ ਮਰਦ ਸਮਾਜ ਵਿਹਾਰ ਦੇ ਖੇਤਰ ਵਿਚ ਨਾਰੀ ਦਾ ਸਥਾਨ ਢੋਰ, ਗੰਵਾਰ, ਸ਼ੂਦਰ ਅਤੇ ਪਸ਼ੂ ਵਾਂਗ ਮੰਨਦਾ ਆਇਆ ਹੈ। ਏਸੇ ਨੂੰ ਉਹ ਧਰਮ ਮੰਨਦੇ ਹਨ। ਧਰਮ, ਨਿਆਂ, ਰਾਜ ਸਭ ਮਰਦਾਂ ਦਾ ਹੈ। ਮਰਦ ਆਪਣੀ ਮਰਜ਼ੀ ਦੇ ਸੰਗਲਾਂ ਵਿਚ ਨਾਰੀ ਨੂੰ ਧੋਖੇ ਨਾਲ ਜਾਂ ਮੱਲੋਜ਼ੋਰੀ ਬੰਨ੍ਹ ਕੇ ਆਪਣੀ ਦਾਸੀ ਬਣਾ ਲਏ ਤਾਂ ਉਹ ਬੇਵੱਸ ਵਿਚਾਰੀ ਕੀ ਕੀ ਆਖੇ ? ਦੇਵਤਾ ਬਣ ਕੇ ਇਹ ਠੱਗ ਸੰਸਾਰ ਜੇਕਰ ਉਹਦਾ ਸਭ ਕੁਝ ਖੋਹ ਲਏ ਤਾਂ ਉਹ ਕੀ ਕਰੇ ? ਪਰ ਸਾਨੂੰ ਹੁਣ ਝੂਠੇ ਧਰਮ ਦਾ ਡਰ, ਅਤੇ ਝੂਠੀ ਇੱਜ਼ਤ ਦਾ ਮਾਇਆ ਜਾਲ ਤੋੜ ਕੇ ਕਹਿਣਾ ਵੀ ਪਏਗਾ ਅਤੇ ਲੜਨਾ ਵੀ ਪੈਣਾ ਹੈ।

"ਹੁਣ ਮੈਂ ਆਪਣੇ ਘਰ ਵਿਚ ਆਪਣੇ ਪਿਤਾ ਹੱਥੋਂ ਹੋਣ ਵਾਲੇ ਅਤਿਆਚਾਰ ਵਿਰੁੱਧ ਕੁਝ ਕਹਿਣਾ ਚਾਹਿਆ ਤਾਂ ਮੇਰੀ ਭਾਬੀ ਨੇ ਹੀ ਰੋਕ ਦਿਤਾ। ਲੱਖ ਯਤਨ ਕਰਨ ਤੇ ਵੀ ਮੈਂ ਉਹਨੂੰ ਇਹ ਸਮਝਾ ਨਾ ਸਕੀ ਕਿ ਇਸ ਪਸ਼ੂਪੁਣੇ ਵਿਰੁੱਧ ਲੋਕ ਮੱਤ ਤਿਆਰ ਕਰਨ ਵਿਚ ਇੱਜ਼ਤ ਨਹੀਂ ਜਾਂਦੀ; ਇੱਜ਼ਤ ਤਾਂ ਉਦੋਂ ਜਾਂਦੀ ਹੈ ਜਦ ਆਪਣੀ ਮਰਜ਼ੀ ਵਿਰੁੱਧ ਵਿਚਾਰੇ ਪਸ਼ੂਆਂ ਵਾਂਗ ਔਰਤ ਦੀ ਵਰਤੋਂ ਹੁੰਦੀ ਹੈ। ਔਰਤ ਦੀ ਆਬਰੂ ਤਾਂ ਉਦੋਂ ਜਾਂਦੀ ਹੈ ਜਦ 'ਪ੍ਰੇਮ' ਸ਼ਬਦ ਦਾ ਮਨ ਮੋਹਣਾ ਮਾਇਆ ਜਾਲ ਪਸਾਰ ਕੇ ਔਰਤ ਦੀ ਮਰਜ਼ੀ ਨੂੰ ਮਰਦ ਬੜੀ ਖ਼ੂਬਸੂਰਤੀ ਨਾਲ ਝੂਠਿਆਂ ਕਰ ਦੇਂਦਾ ਹੈ। ਵਿਚਾਰੀ ਭੋਲੀ ਭਾਲੀ ਔਰਤ ਸਮਝਦੀ ਹੈ ਕਿ ਮਰਦ ਉਹਦੇ ਨਾਲ ਪ੍ਰੇਮ ਕਰ ਰਿਹਾ ਹੈ, ਜੀਵਨ ਭਰ ਦੁਖ ਸੁਖ ਦੇ ਉਹ ਦੋਵੇਂ ਇਕ ਦੂਜੇ ਦੇ ਸੱਚੇ ਸਹਾਰੇ ਬਣਨਗੇ — ਪਰ ਮੈਂ ਆਪਣੀਆਂ ਭੈਣਾਂ ਨੂੰ ਪੁੱਛਦੀ ਹਾਂ, ਕੀ ਏਹੋ ਪ੍ਰੇਮ ਹੈ ਜੋ ਅੱਜ ਅੰਮ੍ਰਿਤ ਅਤੇ ਕਲ੍ਹ ਵਿਹੁ ਬਣ ਜਾਂਦਾ ਹੈ ? ਕੀ ਇਹੋ ਪ੍ਰੇਮ ਹੈ ਜੋ ਸਾਡੇ ਇਕ ਇਕ ਸਾਹ ਵਿਚ ਸਮਾ ਕੇ ਲਹੂ ਨੂੰ ਅੱਥਰੂਆਂ ਦਾ ਖਾਰਾ ਪਾਣੀ ਬਣਾ ਦੇਂਦਾ ਹੈ।......ਸਾਰਾ ਦਿਨ ਅਸੀਂ ਇਕ ਨਿਰਮੋਹੇ, ਛਲੀਏ ਦੇ ਧਿਆਨ ਵਿਚ ਬੈਠੀਆਂ ਰਹੀਏ, ਨਾ ਕਿਸੇ ਕੰਮ ਦੀਆਂ ਰਹੀਏ ਨਾ ਥਾਂ ਦੀਆਂ...... ਕਦੇ ਅੱਖਾਂ ਰੋ ਰੋ ਪੱਥਰ ਬਣ ਜਾਣ, ਕਦੇ ਅੱਥਰੂਆਂ ਦੇ ਭਾਰ ਹੇਠ ਦੱਬ ਜਾਣ — ਸਾਡੇ ਵਿਚ ਨਾ ਕੋਈ ਉਮੰਗ ਰਹਿ ਜਾਏ ਨਾ ਉਤਸ਼ਾਹ, ਨਾ ਹੋਰ ਭਾਵਨਾ! ਮੈਂ ਪੁੱਛਦੀ ਹਾਂ — ਕੀ ਇਹੋ ਪ੍ਰੇਮ ਹੈ ? ਜਿਸ ਦੇ ਵਹਿਮ ਵਿਚ ਫਸ ਕੇ ਇਸਤਰੀ ਜ਼ਾਤੀ ਆਪ ਆਪਣਾ ਨਾਸ ਕਰਨ ਵਿਚ ਮਰਦ ਨੂੰ ਸਹਾਇਤਾ ਦੇਂਦੀ ਹੈ ? ਔਰਤ, ਇਹ ਮੋਹ ਦੂਰ ਕਰ। ਘੁੰਡ ਦਾ ਬੂਹਾ ਖੋਲ੍ਹ! ਮਰਦ ਦੇ ਅਤਿਆਚਾਰ ਵਿਰੁੱਧ ਇਕੱਠਿਆਂ ਹੋ ਕੇ ਆਪਣੀ ਆਵਾਜ਼ ਉਠਾ। ਜਿਸ ਦਿਨ ਇਸਤਰੀ ਜ਼ਾਤੀ ਆਪਣੇ ਉਤੇ ਹੋਣ ਵਾਲੇ ਅਤਿਆਚਾਰਾਂ ਦਾ ਅੰਤ ਕਰਨ ਲਈ ਨਿਸ਼ਚੇ ਨਾਲ ਖਲੋ ਗਈ। ਉਸ ਦਿਨ ਦੁਨੀਆਂ 'ਚੋਂ ਹਰ ਤਰ੍ਹਾਂ ਦੇ ਅਤਿਆਚਾਰ ਮਿਟ ਜਾਣਗੇ!"

ਸੱਜਨ ਅਤੇ ਕੰਨਿਆਂ ਸੋਫ਼ੇ ਉਤੇ ਇਕ ਦੂਜੇ ਵਲ ਨਿੰਵ ਕੇ ਬੈਠੇ ਹੋਏ ਨਾਲ ਨਾਲ ਪੜ੍ਹ ਰਹੇ ਸਨ। ਵਨ ਕੰਨਿਆਂ ਦੇ ਲੇਖ ਦੀ ਸਮਾਪਤੀ ਉਤੇ ਇਕ ਛੋਟਾ ਜਿਹਾ ਨੋਟ ਛਪਿਆ ਸੀ : "ਭੈਣ ਵਨ ਕੰਨਿਆਂ ਜੀ ਦਾ ਲੇਖ ਚੋਣਾਂ ਦੇ ਪਾਰਟੀ ਪਾਲੀਟਿਕਸ ਅਤੇ ਦੁਨੀਆਂ ਦੇ ਝੰਜਟਾਂ ਤੋਂ ਉਤਾਂਹ ਉਠ ਕੇ ਵਿਚਾਰਨ ਯੋਗ ਹੈ। ਅਸੀਂ ਸਭਨਾਂ ਤੋਂ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਜਨਤਾ ਇਸ ਵਲ ਧਿਆਨ ਦਏ। ਇਹ ਚੋਣ ਜੋ ਰਹੀ ਹੈ ਅਤੇ ਹੱਲਾ ਜੋ ਮੱਚ ਰਿਹਾ ਹੈ ਉਸ ਵਿਚ ਜਿਸ ਨਿਆਂ ਲਈ ਪਬਲਿਕ ਤੜਫ ਰਹੀ ਹੈ ਮੇਰੀ ਸਮਝ ਵਿਚ ਤਾਂ ਭੈਣ ਵਨ ਕੰਨਿਆਂ ਜੀ ਦਾ ਇਹ ਲੇਖ ਉਹੋ ਨਿਆਂ ਮੰਗਦਾ ਹੈ। ਪਬਲਿਕ ਇਸ ਵਲ ਧਿਆਨ ਦੇਵੇ। (ਹੇਠਾਂ ਦਸਖ਼ਤ ਸਨ : ਮਹੀਪਾਲ ਸ਼ੁਕਲ, ਸੱਜਨ ਵਰਮਾ, ਨਗੀਨ ਚੰਦ ਜੈਨ ਉਰਫ਼ ਕਰਨਲ ਸਾਹਿਬ)।"

ਪੜ੍ਹਦਿਆਂ ਹੋਇਆਂ ਕੰਨਿਆਂ ਦੀਆਂ ਅੱਖਾਂ ਵਿਚ ਖ਼ੁਸ਼ੀ ਝੂੰਮਣ ਲਗੀ, ਸੱਜਨ ਨੂੰ ਹਾਸਾ ਅਤੇ ਗ਼ੁੱਸਾ ਦੋਵੇਂ ਹੀ ਮਹਿਸੂਸ ਹੋਏ। ਸੱਜਨ ਬੋਲਿਆ — "ਇਹ ਕਰਨਲ ਖ਼ੋਤੇ ਦਾ ਖ਼ੋਤਾ ਈ ਹਮੇਸ਼ਾ ਰਿਹਾ! ਕਿਹਾ ਊਲ ਜਲੂਲ ਸਟੇਟਮੈਂਟ ਦਿੱਤਾ ਹੈ ਅਤੇ ਉਹਦੇ ਤੇ ਮੇਰਾ ਅਤੇ ਮਹੀਪਾਲ ਦਾ ਨਾਂ ਵੀ ਦੇ ਦਿਤਾ ਹੈ ਕੰਮਬਖ਼ਤ ਨੇ!"

ਕੰਨਿਆਂ ਹੱਸੀ, ਕਿਹਾ — "ਤਾਂ ਇਸ ਵਿਚ ਕੀ ਹਰਜ ਹੈ ?......ਪਰ ਕੁਝ ਵੀ ਕਹੋ, ਕਮਾਲ ਕਰ ਵਿਖਾਈ ਕਰਨਲ ਸਾਹਿਬ ਨੇ ?"......

ਸਿਗਰਟ ਮੂੰਹ ਵਿਚ ਲਾ ਕੇ ਲਾਈਟਰ ਕਢਦਿਆਂ ਹੋਇਆਂ ਸੱਜਨ ਨੇ ਕਿਹਾ — 'ਬਸ, ਉਸੇ ਕਰਿਸਮਸ ਵਾਲੇ ਦਿਨ ਤੁਹਾਡੇ ਸਾਹਮਣੇ ਈ ਤਾਂ ਮੈਂ ਉਹਨੂੰ ਆਰਟੀਕਲ ਦਿਤਾ ਸੀ। ਉਸ ਤੋਂ ਪਿਛੋਂ ਅੱਜ ਸ਼ਾਮ ਤਕ ਉਹਨੇ ਮੈਨੂੰ ਇਸ ਸੰਬੰਧੀ ਕੁਝ ਵੀ ਨਹੀਂ ਦਸਿਆ! — ਕਿਸੇ ਤਰ੍ਹਾਂ ਦੀ ਚਰਚਾ ਨਹੀਂ......"

"ਊਂ! ਭਲਾ ਤੁਹਾਨੂੰ ਨਾ ਦਸਿਆ ਹੋਏ!" ਅੱਖਾਂ ਦੀਆਂ ਪੁਤਲੀਆਂ ਵਿਚ ਨਕਲੀ ਅਵਿਸ਼ਵਾਸ ਝਲਕਿਆ; ਜਿੱਤ ਨਾਲ ਉਛਲਦੇ ਹੋਏ ਦਿਲ ਨੇ ਚਾਣਚਕ ਬੇਹੋਸ਼ੀ ਵਿਚ ਆਪਣੇ ਦਿਲ ਦਾ ਭੇਤ ਅੱਖਾਂ ਵਿਚ ਉਛਾਲ ਦਿਤਾ। ਸੱਜਨ ਮੁਗਧ ਹੋ ਕੇ ਉਹਨੂੰ ਵੇਖਣ ਲਗਾ। ਨਿਜੀ ਦਾ ਅਸਲੀ ਪਰਦਾ ਦੋਵਾਂ ਦੇ ਸਾਹਮਣਿਉਂ ਹਟ ਰਿਹਾ ਸੀ; ਇਸ ਅਨੁਭਵ ਨੂੰ ਅੱਜ ਦੀ ਤਜੌਰੀ ਵਿਚ ਭਰ ਕੇ ਫਿਰ ਆਪਣੀ ਗੱਲ ਛੁਹਦਿਆਂ ਹੋਇਆਂ ਕੰਨਿਆਂ ਨੇ ਕਿਹਾ — "ਇਹ ਸਕੈੱਚ ਤਾਂ ਤੁਹਾਡਾ ਈ ਬਣਾਇਆ ਹੋਇਆ ਏ।"

ਸੱਜਨ ਨੇ ਬਿਨਾਂ ਕਾਰਣ ਜ਼ੋਰ ਨਾਲ ਹੱਸ ਕੇ ਜਵਾਬ ਦਿਤਾ — "ਇਸ ਵੇਲੇ ਤਾਂ ਇਹਨੂੰ ਵੀ ਕਰਨਲ ਦਾ ਬਣਾਇਆ ਹੋਇਆ ਸਮਝੋ। ਮੇਰੀ ਸਕੈੱਚ ਬੁੱਕ 'ਚੋਂ ਕੱਢ ਕੇ ਲੈ ਗਿਆ ਏ; ਦੇਵਾ, ਮਿਸਰਿਥ, ਬਟੇਸ਼ਵਰ ਆਦਿ ਕਿਸੇ ਪੇਂਡੂ ਮੇਲੇ ਵਿਚ ਸਕੈੱਚ ਕੀਤਾ ਸੀ ਮੈਂ। ਹਾਂ, ਜੇਕਰ ਮੈਨੂੰ ਕਹਿੰਦਾ ਤਾਂ ਨਵਾਂ ਚਿੱਤਰ ਬਣਾ ਦੇਂਦਾ —।"

"ਪਰ ਇਹ ਚੰਗਾ ਤਾਂ ਲਗਦਾ ਏ......ਬਹੁਤ ਰੁਪਏ ਖ਼ਰਚ ਕੀਤੇ ਹੋਣਗੇ ਉਹਨਾਂ ਨੇ।"

"ਉਂਹ ਰੁਪਏ ਹੋਰ ਹੁੰਦੇ ਕਿਸ ਵਾਸਤੇ ਨੇ ?"

"ਆਪਣੇ ਲਈ ਸਭ ਖ਼ਰਚ ਕਰ ਸਕਦੇ ਨੇ। ਦੂਸਰੇ ਲਈ ਖ਼ਰਚ ਕਰਨਾ ਬੜਾ ਕਠਨ ਕੰਮ ਏ — ਕਿਸੇ ਉਦੇਸ਼ ਨੂੰ ਪੂਰਾ ਕਰਨ ਲਈ ਤਾਂ ਹੋਰ ਵੀ ਕਠਨ!" ਕੰਨਿਆਂ ਨੇ ਜਜ਼ਬੇ ਭਰੀ ਆਵਾਜ਼ ਵਿਚ ਜਵਾਬ ਦਿੱਤਾ।

ਸੱਜਨ ਇਹ ਵਖਾਉਣਾ ਚਾਹੁੰਦਾ ਸੀ ਕਿ ਉਹਦੇ ਮਿੱਤਰ ਅਤੇ ਉਹ, ਖ਼ਾਸ ਕਰਕੇ ਉਹ — ਕਿਸੇ ਵੀ ਸੱਚੇ ਉਦੇਸ਼ ਦੀ ਪੂਰਤੀ ਲਈ ਹਮੇਸ਼ਾਂ ਆਪਣਾ ਤਨ, ਮਨ ਧਨ ਤਲੀ ਤੇ ਧਰੀ ਤਿਆਰ ਰਹਿੰਦੇ ਹਨ। ਉਹਨੇ ਸੋਫ਼ੇ ਦੀਆਂ ਬਾਹੀਆਂ ਤੇ ਹੱਥ ਪਸਾਰ ਕੇ ਹਵਾਈ ਲਹਿਜੇ ਵਿਚ ਕਿਹਾ — "ਮੇਰੇ ਜੀਵਨ ਵਿਚ ਇਹੋ ਸਿਧਾਂਤ ਫਰਸਟ

ਇਮਪਾਰਟੈਂਸ ਦਾ ਹੈ; ਅਤੇ ਮੇਰੇ ਦਿਲ ਦਾ ਨਾਤਾ ਵੀ ਉਹਨਾਂ ਲੋਕਾਂ ਨਾਲ ਜੁੜਦਾ ਹੈ ਜੋ ਏਨਾ ਵੱਡਾ ਦਿਲ ਰਖਦੇ ਹੋਣ। ਅਤੇ ਇਹਨੂੰ ਮੈਂ ਕਿਸੇ ਖ਼ਾਸ ਵੱਡਪਣ ਦੀ ਨਿਸ਼ਾਨੀ ਨਹੀਂ ਮੰਨਦਾ, ਹਰ ਔਸਤ ਆਦਮੀ ਵਿਚ ਇਹ ਗੁਣ ਹੋਣੇ ਈ ਚਾਹੀਦੇ ਨੇ।"

ਕੰਨਿਆਂ ਨੇ ਰੀਝੀਆਂ ਹੋਈਆਂ ਨਜ਼ਰਾਂ ਨਾਲ ਉਹਨੂੰ ਵੇਖਿਆ। ਵੇਖਣ ਦੀ ਸ਼ਰਮ ਹੁਣ ਉਹਦੀਆਂ ਅੱਖਾਂ ਵਿਚ ਬਾਕੀ ਨਹੀਂ ਸੀ ਰਹੀ — ਸਗੋਂ ਚਾਅ ਵਧ ਗਿਆ ਸੀ। ਸੱਜਨ ਦੀ ਸ਼ਖ਼ਸੀਅਤ ਵਿਚ ਜਿਵੇਂ ਉਹ ਅਧਾਰ ਮਿਲ ਗਿਆ ਸੀ, ਜਿਹਨੂੰ ਪਾਉਣ ਦੀ ਇੱਛਾ ਸ਼ਾਇਦ ਹਰ ਇਸਤਰੀ-ਪੁਰਖ ਵਿਚ ਹੁੰਦੀ ਹੈ। ਕੰਨਿਆ ਦੀ ਨਜ਼ਰ ਦੀ ਇਹੋ ਸੱਚਾਈ ਸੱਜਨ ਦੇ ਅੰਦਰ ਆਲਸੀ ਬਣੇ ਪਏ ਸੱਚ ਨੂੰ ਗੁਦ ਗੁਦਾ ਰਹੀ ਸੀ; ਇਸ ਗੁਦਗੁਦੀ ਵਿਚ ਉਹਨੂੰ ਰਸ ਮਿਲਦਾ ਸੀ, ਨਾਲ ਹੀ ਉਠ ਖਲੋਣ ਲਈ ਚੈਲਿੰਜ ਵੀ। ਕੰਨਿਆਂ ਦੇ ਸਾਹਮਣੇ ਉਹਨੂੰ ਵਾਰ ਵਾਰ ਆਪਣੇ ਮਨ ਨੂੰ ਕੱਸਣਾ ਪੈਂਦਾ ਸੀ। ਕੰਨਿਆਂ ਨੂੰ ਆਪਣੀ ਵਲ ਨਿਰਛਲ ਅਪਣੱਤ ਨਾਲ ਵੇਖਦਿਆਂ ਤਕ ਕੇ ਸੱਜਨ ਆਪ ਆਪਣੀ ਈ ਗੱਲ ਦੇ ਭਾਰ ਨੂੰ ਮਹਿਸੂਸ ਦਾ ਹੋਇਆ ਸਾਵਧਾਨ ਹੋ ਗਿਆ। ਪ੍ਰਸੰਗ ਬਦਲਦਾ ਹੋਇਆ ਬੋਲਿਆ — "ਤੁਹਾਡੀ ਖੇਡ ਬੜੀ ਸੁੰਦਰ ਹੈ। ਜਨਤਾ ਉਤੇ ਇਹਦਾ ਸ਼ਰਤੀਆ ਚੰਗਾ ਅਸਰ ਪਏਗਾ।"

ਕੰਨਿਆਂ ਸਿਰ ਨਿਵਾਂ ਕੇ ਸੋਚਣ ਲਗੀ, ਫਿਰ ਬੋਲੀ — "ਸਮਝ ਨਹੀਂ ਆਉਂਦਾ ਕੀ ਹੋਏਗਾ। ਤੁਹਾਨੂੰ ਦਿਲ ਦੀ ਗੱਲ ਆਖਾਂ, ਜਦ ਤਾਈਂ ਇਸ ਝੂਠ ਦਾ ਪਰਦਾ ਫ਼ਾਸ਼ ਨਹੀਂ ਸੀ ਹੋਇਆ, ਮੈਂ ਮਨ ਹੀ ਮਨ ਵਿਚ ਸਦਮੇਂ ਦੀ ਮਾਰੀ ਖ਼ੌਂਲਦੀ ਰਹਿੰਦੀ ਸਾਂ। ਤੁਸੀਂ ਕਲਪਨਾ ਨਹੀਂ ਕਰ ਸਕਦੇ, ਉਸ ਦਿਨ ਕਿੰਨੀ ਅੱਗ ਲੈ ਕੇ ਲੇਖ ਤੁਹਾਡੇ ਕੋਲ ਲਿਆਈ ਸਾਂ। ਤੁਹਾਥੋਂ, ਫਿਰ ਉਸ ਪਿਛੋਂ ਕਰਨਲ ਸਾਹਬ ਤੋਂ ਭਰੋਸਾ ਮਿਲਿਆ ਤਾਂ ਬੜੀ ਸ਼ਾਂਤੀ ਹੋਈ। ਸੋਚਿਆ, ਦੁਨੀਆਂ ਵਿਚ ਜੇਕਰ ਅਨਿਆਂ ਏ ਤਾਂ ਉਹਦੇ ਖੰਡਨ ਲਈ ਸਾਧਨ ਵੀ ਨੇ। ਮੈਨੂੰ ਇੰਜ ਲਗਾ ਮੈਂ ਆਪਣਾ ਬਦਲਾ ਲੈ ਲਿਆ। ਪਰ ਹੁਣ ਸੋਚਦੀ ਆਂ ਕਿ ਏਨੀ ਧੂਮ ਧਾਮ ਨਾਲ ਮੇਰੇ ਮਨ ਦੇ ਸੱਚ ਦਾ ਪ੍ਰਚਾਰ ਹੋਇਆ, ਜਾਂ ਕੀ ਫਿਰ ਵੀ ਹੋਏਗਾ? ਹਜ਼ਾਰਾਂ ਲੱਖਾਂ ਲੋਕ ਇਸ ਪੈਂਫਲੇਟ ਨੂੰ ਪੜ੍ਹਨਗੇ, ਦੋ ਚਾਰ ਦਿਨ ਗਰਮੋ ਗਰਮ ਚਰਚਾ ਵੀ ਹੋਏਗੀ, ਤੇ ਉਸ ਪਿਛੋਂ? ਫਿਰ ਇੰਜ ਹੀ ਸਭ ਕੁਝ ਹੋਏਗਾ, ਬੱਚੇ ਨਜਾਇਜ਼ ਆਖ ਕੇ ਮਾਰੇ ਜਾਣਗੇ, ਔਰਤਾਂ ਅੱਗ ਲਾ ਕੇ ਆਤਮ ਹੱਤਿਆ ਕਰਨਗੀਆਂ।

ਆਪਣੀ ਪ੍ਰੇਮਕਾ (ਹਾਂ, ਹੁਣ ਸੱਜਨ ਦੇ ਮਨ ਵਿਚ 'ਪ੍ਰੇਮਕਾ' ਸ਼ਬਦ ਸਪੱਸ਼ਟ ਹੈ, ਜੋ ਅਜੇ ਜ਼ਬਾਨ ਉੱਤੇ ਹੈ, ਵਰਤੋਂ ਵਿਚ ਨਹੀਂ ਆ ਸਕਦਾ) ਨੂੰ ਧੀਰਜ ਦੇਣ ਲਈ ਬੜੇ ਜੋਸ਼ ਨਾਲ ਉਹਨੇ ਕਿਹਾ — "ਨਹੀਂ; ਆਖ਼ਰ ਤਕ ਇਸ ਅਨਿਆਂ ਨੂੰ ਮਿਟਾਉਣ ਲਈ ਅਸੀਂ ਲੜਾਂਗੇ।

ਸੱਜਨ ਦੀਆਂ ਨਜ਼ਰਾਂ ਵਿਚੋਂ ਉਹਦੀ ਗੱਲ ਦੀ ਸ਼ਕਤੀ ਦਾ ਅਨੁਮਾਨ ਲਾਉਂਦਿਆਂ ਹੋਇਆਂ, ਫਿਰ ਉਹਦੇ ਵਲੋਂ ਨਜ਼ਰ ਹਟਾ ਕੇ ਇਕ ਹਲਕਾ ਜਿਹਾ ਸਾਹ ਲੈ ਕੇ ਕੰਨਿਆਂ ਬੋਲੀ — "ਸਮਝ ਨਹੀਂ ਆਉਂਦੀ ਕਿੰਜ ਹੋਏਗਾ। ਸਾਡੀਆਂ ਪੋਲੀਟੀਕਲ ਪਾਰਟੀਆਂ ਆਮ ਕਰ ਕੇ ਸਮਾਜ ਨਾਲੋਂ ਟੁੱਟ ਕੇ ਤਾਕਤ ਪਿੱਛੇ ਨੱਸ ਰਹੀਆਂ ਹਨ..."

"ਨੱਸਣ ਦਿਉ। ਪਬਲਿਕ ਉਹਨਾਂ ਨੂੰ ਆਪ ਈ ਹੂਟ-ਅਊਟ ਕਰ ਦਏਗੀ।"

"ਹੂਟ-ਆਊਟ ਕਰਨ ਨਾਲ ਸਮਾਜ ਵਿਚ ਸਥਿਰਤਾ ਨਹੀਂ ਆਉਂਦੀ ਸੱਜਨ ਜੀ, ਅਰਾਜਕਤਾ ਮਨੁੱਖੀ ਸਮੱਸਿਆ ਦਾ ਹੱਲ ਨਹੀਂ। ਸਮਾਜੀ ਚੇਤਨਾ ਬਦਲਣ ਦਾ ਸਵਾਲ ਹੈ। ਇਹਦੇ ਬਦਲੇ ਬਿਨਾਂ ਇਹ ਸਭ ਅਨਿਆਂ ਇੰਜ ਈ ਹੁੰਦੇ ਰਹਿਣਗੇ। — ਅਤੇ ਰਾਜਨੀਤੀ ਨੂੰ ਉਹਦੇ ਚਾਲੂ ਵਿਹਾਰ ਕਾਰਨ ਅਸੀਂ 'ਕੋਸ ਭਾਵੇਂ ਲਈਏ, ਪਰ ਸਮਾਜ ਦੀ ਗੱਡੀ ਦਾ ਸਟੀਅਰਿੰਗ ਵੀਲ ਪਾਲਿਟਿਕਸ ਈ ਏ..."

"ਮੈਂ ਇਹ ਨਹੀਂ ਮੰਨਦਾ। ਕਲਚਰ..."

"ਕਲਚਰ ਪੈਟਰੋਲ ਵਾਂਗ ਜ਼ਰੂਰੀ ਏ, ਜਿਹਦੇ ਬਿਨਾਂ ਗੱਡੀ ਈ ਨਹੀਂ ਚਲ ਸਕਦੀ, ਪਰ ਇਹਦੇ ਨਾਲ ਤੁਸੀਂ ਸਟੀਅਰਿੰਗ ਵੀਲ ਦਾ ਮਹੱਤਵ ਤਾਂ ਨਹੀਂ ਘਟ ਕਰ ਸਕਦੇ। ਜਦ ਤਕ ਸਮਾਜ ਏਨਾ ਸੰਸਕ੍ਰਿਤਕ ਅਤੇ ਸਭਯ ਨਹੀਂ ਹੋ ਜਾਂਦਾ ਕਿ ਬਿਨਾਂ ਸੈਕ੍ਰੇਟੇਰੀਅਟ ਪੁਲਸ ਅਤੇ ਮਨਿਸਟਰਾਂ ਦੇ ਬਗ਼ੈਰ ਵੀ ਅਸਾਨੀ ਨਾਲ ਚਲ ਸਕੇ, ਉਦੋਂ ਤਕ ਰਾਜਨੀਤੀ ਦਾ ਮਹੱਤਵ ਏਨਾ ਹੀ ਜ਼ੋਰਦਾਰ ਰਹੇਗਾ। ਅਤੇ ਇਹ ਹਾਲਤ ਜੇਕਰ ਦੁਨੀਆਂ ਵਿਚ ਜ਼ਿਆਦਾ ਨਹੀਂ ਤਾਂ ਘਟੋ ਘਟ ਸੌ ਵਰ੍ਹਿਆਂ ਤਕ ਰਹੇਗੀ ਹੀ।"

ਕੰਨਿਆਂ ਚੁੱਪ ਹੋ ਗਈ। ਸੱਜਨ ਵੀ ਵਿਚਾਰਾਂ 'ਚ ਮਗਨ ਚੁੱਪ ਬੈਠਾ ਰਿਹਾ। ਵਿਚਾਰਾਂ ਵਿਚ ਨਜ਼ਰ ਗੱਡੀ ਕੰਨਿਆਂ ਨੇ ਫਿਰ ਕਹਿਣਾ ਸ਼ੁਰੂ ਕੀਤਾ — ਸਾਡੇ ਰਾਜਨੀਤਕ ਨੇਤਾ, ਉਹ ਭਾਵੇਂ ਕਿਸੇ ਵੀ ਪਾਰਟੀ ਦੇ ਕਿਉਂ ਨਾ ਹੋਣ, ਨੱਬੇ ਫ਼ੀ ਸਦੀ ਸਾਂਸਕ੍ਰਿਤਕ ਦ੍ਰਿਸ਼ਟੀ ਤੋਂ ਸੋਚ ਈ ਨਹੀਂ ਸਕਦੇ। ਇਹਨਾਂ ਨੂੰ ਇਸ ਗੱਲ ਦਾ ਕਦੇ ਅਨੁਭਵ ਈ ਨਹੀਂ ਹੁੰਦਾ ਕਿ ਸਾਂਸਕ੍ਰਿਤਕ ਨਜ਼ਰ ਦਾ ਵਿਕਾਸ ਕੀਤੇ ਬਿਨਾਂ ਪਾਲਿਟਿਕਸ ਵਿਚ ਸਪਿਰਿਚੁਅਲ ਫੋਰਸ ਆ ਈ ਨਹੀਂ ਸਕਦੀ ਅਤੇ ਇਹਦੇ ਬਿਨਾਂ ਪਾਲਿਟਿਕਸ ਲਗਾਤਾਰ ਪਾਵਰ ਪਾਲਿਟਿਕਸ ਬਣੀ ਰਹੇਗੀ।"

"ਤੁਸੀਂ ਸਪਿਰਿਚੁਅਲ ਫ਼ੋਰਸ ਨੂੰ ਮੰਨਦੇ ਓ ? ਮੈਂ ਤਾਂ ਸਮਝਦਾ ਸਾਂ ਕਮਿਊਨਿਸਟ ਇਹ ਸਭ ਕੁਝ ਨਹੀਂ ਮੰਨਦੇ।"

"ਕਮਿਊਨਿਸਟ ਨਹੀਂ ਮੰਨਦੇ ਤਾਂ ਕੀ ਹੋਰ ਸਭ ਲੋਕ ਠੀਕ ਤਰ੍ਹਾਂ ਮੰਨਦੇ ਨੇ ?" ਕੰਨਿਆਂ ਨੇ ਹੱਸ ਕੇ ਕਿਹਾ — "ਉਂਜ ਕਮਿਊਨਿਸਟ ਵੀ ਮੰਨਦੇ ਹਨ। ਪਰ ਹਰ ਇਕ ਦੇ ਮੰਨਣ ਦੇ ਢੰਗ ਤਰੀਕੇ ਆਪਣੇ ਆਪਣੇ ਨੇ। ਸੱਚ ਪੁੱਛੋ ਤਾਂ ਮੈਂ ਇਹ ਜਾਣਦੀ ਹੀ ਨਹੀਂ ਸਿਪਿਰਿਟ, ਆਤਮਾ ਜਾਂ ਪ੍ਰਮਾਤਮਾ ਸ਼ਬਦ ਠੀਕ ਠੀਕ ਕਿਸ ਸ਼ਕਤੀ

ਦਾ ਨਾਂ ਨੇ। ਇਹ ਜ਼ਰੂਰ ਹੈ ਕਿ ਮਨ ਦੇ ਕਿਸੇ ਭਾਵ ਨੂੰ ਪ੍ਰਗਟਾਉਣ ਲਈ ਇਹ ਸ਼ਬਦ ਆਪਣੇ ਆਪ ਆ ਜਾਂਦੇ ਨੇ।"

"ਮੈਂ ਜਾਣਦਾ ਹਾਂ, ਕੰਮ ਜੁ ਕੰਮ ਆਪਣੇ ਲਈ ਤਾਂ ਜਾਣਦਾ ਹੀ ਹਾਂ।" ਕੰਨਿਆਂ ਉਹਦੇ ਵੱਲ ਧਿਆਨ ਨਾਲ ਵੇਖਣ ਲੱਗੀ, ਸੱਜਨ ਨੇ ਮੁਸਕ੍ਰਾ ਕੇ ਧੀਮੀ ਰਸ ਭਰੀ ਆਵਾਜ਼ ਵਿਚ ਕਿਹਾ — "ਮੇਰੀ ਸਪਿਰਿਟ, ਆਤਮਾ ਜਾਂ ਪ੍ਰਮਾਤਮਾ — ਜੋ ਕੁਝ ਵੀ ਕਹੋ — ਇਕ ਜੰਗਲੀ ਲੜਕੀ ਹੈ।"

ਵਨ ਕੰਨਿਆਂ ਤੇ ਇਸ ਗੱਲ ਦਾ ਤਿੱਖਾ ਮੋੜਵਾਂ ਅਸਰ ਪਿਆ, ਇਕ ਵਾਰ ਪੁਤਲੀਆਂ ਵਿਚ ਆਮੁਹਾਰੇ ਰਸ ਵਰ੍ਹਿਆ, ਪਰ ਉਹ ਝਟ ਹੀ ਸੰਭਲ ਗਈ, ਗੰਭੀਰ ਹੋ ਕੇ ਸਿਰ ਝੁਕਾ ਲਿਆ। ਉਹਨੇ ਜਵਾਬ ਨਾ ਦਿਤਾ।

ਦਰਵਾਜ਼ੇ ਦੇ ਬਾਹਰ ਕਰਨਲ ਅਤੇ ਮਹੀਪਾਲ ਦੀਆਂ ਆਵਾਜ਼ਾਂ ਸੁਣਨ ਲੱਗੀਆਂ। ਦੋਵੇਂ ਉੱਚੀ ਉੱਚੀ ਗੱਲਾਂ ਕਰਦੇ ਤੁਰੇ ਆ ਰਹੇ ਸਨ। ਕਰਨਲ ਕਹਿ ਰਿਹਾ ਸੀ — "ਵੇਖਿਆ ਬਾਊ, ਕੱਲ੍ਹ ਇਹਦਾ ਅਸਰ ਸ਼ਹਿਰ ਵਿਚ ਕੀ ਹੁੰਦਾ ਏ..."

ਦੋਵਾਂ ਦੇ ਕਮਰੇ ਵਿਚ ਪ੍ਰਵੇਸ਼ ਕਰਦਿਆਂ ਈ ਵੰਨ ਕੰਨਿਆਂ ਹੱਥ ਜੋੜ ਕੇ ਖੜੀ ਹੋ ਗਈ। ਮਹੀਪਾਲ ਨੇ ਸਾਂਸਕ੍ਰਿਤਕ ਗੰਭੀਰਤਾ ਨਾਲ ਉਹਨੂੰ ਵੇਖਿਆ। ਕਰਨਲ ਨੇ ਬੜੀ ਅਪਣੱਤ ਨਾਲ ਹੱਸਦਿਆਂ ਹੋਇਆਂ ਉਹਨੂੰ ਪੁੱਛਿਆ —

"ਭਲਾ ਅੱਜ ਦਾ ਤਮਾਸ਼ਾ ਤੁਹਾਨੂੰ ਕੇਹੋ ਜਿਹਾ ਲੱਗਾ ?"

ਕੰਨਿਆਂ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਸੱਜਨ ਨੇ ਮਹੀਪਾਲ ਨੂੰ ਕਿਹਾ — "ਯਾਰ, ਕੋਈ ਚੰਗਾ ਵਕੀਲ ਦੱਸ!"

ਅਤੇ ਇਸ ਤੋਂ ਪਹਿਲਾਂ ਕਿ ਮਹੀਪਾਲ ਕੁਝ ਕਹਿ ਸਕੇ, ਕਰਨਲ ਨੇ ਉਤਸ਼ਾਹ ਨਾਲ ਕਿਹਾ — "ਵਕੀਲ ? ਹਾਂ-ਹਾਂ! ਹੁਣੇ ਫ਼ੋਨ ਕਰਾਂ ? ਕੰਮ ਕੀ ਏ ?"

"ਤੇਰੇ ਉੱਤੇ ਚਾਰ ਸੌ ਵੀਹ ਦਾ ਦਾਅਵਾ ਠੋਕਣਾ ਏਂ।" ਸੱਜਨ ਨੇ ਚਿਹਰਾ ਗੰਭੀਰ ਬਣਾ ਕੇ ਜਵਾਬ ਦਿਤਾ।

"ਜ਼ਰੂਰ ਠੋਕੋ ਸਾਲੇ ਉੱਤੇ" — ਕਹਿੰਦਿਆਂ ਕਹਿੰਦਿਆਂ ਮਹੀਪਾਲ ਰੁਕ ਗਿਆ ਅਤੇ ਕੰਨਿਆਂ ਵੱਲ ਵੇਖ ਕੇ ਬੋਲਿਆ — "ਮਾਫ਼ ਕਰਨਾ, ਗਾਲ ਨਿਕਲ ਗਈ ਏ ਮੂੰਹ 'ਚੋਂ!"

ਕੰਨਿਆਂ ਹੱਸਣ ਲੱਗੀ! ਸੱਜਨ ਬੋਲਿਆ — "ਇਹ ਹੈ ਈ ਇਸ ਯੋਗ! ਕੀ ਸਟੇਟਮੈਂਟ ਛਾਪੀ ਏ ਸਾਡੇ ਨਾਂ ਤੇ, ਜ਼ਰਾ ਵੇਖਣਾ ?" ਕਹਿੰਦਿਆਂ ਹੋਇਆਂ ਸੱਜਨ ਨੇ ਕੋਲ ਈ ਤਪਾਈ ਤੋਂ ਪੈਂਫਲੇਟ ਚੁਕਦਿਆਂ ਹੱਥ ਅਗਾਂਹ ਕੀਤਾ। ਕਰਨਲ ਝੱਕਦਾ ਹੋਇਆਂ ਹੱਸਣ ਲੱਗਾ।

ਮਹੀਪਾਲ ਬੋਲਿਆ — "ਰ੍ਹਾਹ ਵਿਚ ਮੈਂ ਇਹਨੂੰ ਫਿਟਕਾਰਦਾ ਆਇਆ ਹਾਂ;

ਏਨੀ ਗਲਤ ਮਲਤ ਭਾਸ਼ਾ ਨਾਲ ਮੇਰਾ ਨਾਂ ਜੋੜਿਆ ਹੈ; ਜ਼ਰਾ ਇਸ ਗੱਲ ਵਲ ਧਿਆਨ ਦੇਣਾ।"

"ਭਾਸ਼ਾ ਨਾ ਵੇਖੋ, ਭਾਵ ਵੇਖੋ ਇਹਨਾਂ ਦਾ। ਭਾਸ਼ਾ ਦੀਆਂ ਗ਼ਲਤੀਆਂ ਤਾਂ ਵੱਡੇ ਵੱਡੇ ਸਾਹਿਤਕਾਰ ਵੀ ਕਰ ਦੇਂਦੇ ਨੇ = ਬਾਲ ਮੁਕੰਦ ਗੁਪਤ ਨੇ ਮਹਾਂਵੀਰ ਪ੍ਰਸਾਦਿ ਦਿਵੇਦੀ ਵਰਗੇ ਮਹਾਨ ਅਚਾਰੀਆ ਦੀਆਂ ਗ਼ਲਤੀਆਂ ਕੱਢੀਆਂ ਨੇ। — ਬਾਕੀ ਇਹਨਾਂ ਅੱਜ ਸਾਰੇ ਸ਼ਹਿਰ ਨੂੰ ਹਿਲਾ ਦਿਤਾ, ਸਾਨੂੰ ਅਤੇ ਤੁਹਾਨੂੰ; ਇਹ ਕੋਈ ਮਾਮੂਲੀ ਗੱਲ ਨਹੀਂ!"

ਕਰਨਲ ਬੜਾ ਹੀ ਖ਼ੁਸ਼ ਹੋਇਆ। ਰੌਲਾ ਪਾਉਂਦਾ ਬੋਲਿਆ — "ਬੱਸ-ਬੱਸ-ਬੱਸ! ਤੁਸੀਂ ਜੀਊਂਦੇ ਰਹੋ। ਹੁਣ ਮੇਰੀ ਵਲੋਂ ਵੀ ਇੰਟੇਲੈਕੁਚੁਅਲ ਜਵਾਬ ਦੇਣ ਵਾਲਾ ਮਿਲ ਗਿਆ ਇਹਨਾਂ ਮੂਰਖ਼ਾਂ ਨੂੰ! ਇਹ ਲੋਕ ਅੰਬ ਨਹੀਂ ਵੇਖਦੇ ਉਹਦੇ ਪੱਤੇ ਵੇਖਦੇ ਨੇ! ਪਰ ਆਪਣੇ ਆਪ ਨੂੰ ਵੱਡੇ ਆਰਟਿਸਟ ਸਮਝਦੇ ਨੇ।"

ਮਹੀਪਾਲ ਬੋਲਿਆ — "ਖ਼ੈਰ ਤੁਹਾਡੇ ਕਾਰਨ ਇਹਨੂੰ ਛੱਡ ਦਿਤਾ। — ਤੁਹਾਡਾ ਲੇਖ ਬੜਾ ਸੁੰਦਰ ਸੀ, ਤੁਸੀਂ ਚੰਗਾ ਲਿਖਦੇ ਓ।"

ਕੰਨਿਆਂ ਨੇ ਨਿਮਰਤਾ ਵਜੋਂ ਅੱਖਾਂ ਨੀਂਵੀਆਂ ਕਰ ਲਈਆਂ — "ਛੱਪਣ ਤੋਂ ਪਹਿਲਾਂ ਤੁਹਾਨੂੰ ਵਖਾ ਲੈਣਾ ਚਾਹੁੰਦੀ ਸਾਂ। ਗ਼ਲਤੀਆਂ ਤਾਂ ਬਹੁਤ ਹੋਣਗੀਆਂ।"

"ਨਹੀਂ ਜੀ! ਬੜਾ ਸੁੰਦਰ ਲਿਖਿਆ ਹੈ! ਬੱਸ, ਦੁੱਖ ਇਸ ਗੱਲ ਦਾ ਰਹਿ ਗਿਆ ਕਿ ਜੇ ਇਸ ਬੇਵਕੂਫ਼ ਨੇ ਮੈਨੂੰ ਪਹਿਲਾਂ ਕਿਹਾ ਹੁੰਦਾ ਤਾਂ ਤੁਹਾਡੇ ਲੇਖ ਨੂੰ ਸਪੋਰਟ ਕਰਨ ਲਈ ਮੈਂ ਇਕ ਵਧੀਆ ਜਿਹਾ ਬਿਆਨ ਲਿਖ ਦੇਂਦਾ।" ਮਹੀਪਾਲ ਨੇ ਕਿਹਾ।

ਸੱਜਨ ਵੀ ਝੱਟ ਬੋਲ ਪਿਆ — "ਇਹੋ ਤਾਂ ਮੈਂ ਵੀ ਕਹਿੰਦਾ ਹਾਂ। ਇਹਦੇ ਤੇ ਪਤਾ ਨਹੀਂ ਕੀ ਧੁਨ ਸਵਾਰ ਹੋ ਗਈ ਕਿ ਨਾ ਕਿਸੇ ਨੂੰ ਪੁੱਛਿਆ ਨਾ ਗਿੱਛਿਆ .."

"ਇਹ ਪਾਲਸੀ ਏ ਬਾਊ ਜੀ! ਇਲੈਕਸ਼ਨ ਵਿਚ ਇਸ਼ਤਿਹਾਰ ਦੀ ਵੈਲਯੂ ਹੁੰਦੀ ਹੈ। — ਕਿਸੇ ਨੂੰ ਕੰਨੋਂ ਕੰਨ ਖ਼ਬਰ ਨਾ ਹੋ ਸਕੇ ਕਿ ਸਾਡਾ ਕਿਹੜਾ ਇਸ਼ਤਿਹਾਰ ਆਊਟ ਹੋਣਾ ਵਾਲਾ ਏ। ਤਾਂ ਪਬਲਿਕ ਤੇ ਅਸਰ ਪੈਂਦਾ ਹੈ।" ਕਰਨਲ ਨੇ ਕਿਹਾ।

"ਅਸਰ ਨਹੀਂ, ਸੁਆਹ ਪੈਂਦੀ ਏ..."

"ਕੱਲ ਵੇਖਿਓ..."

"ਨਹੀਂ, ਅਸਤ ਤਾਂ ਜ਼ਰੂਰ ਪਏਗਾ" — ਕੰਨਿਆਂ ਕਹਿਣ ਲੱਗੀ, ਉਹਦੀ ਗੱਲ ਟੋਕ ਕੇ ਮੁਸਕ੍ਰਾਉਂਦਿਆਂ ਸੱਜਨ ਨੇ ਕਿਹਾ — "ਹੁਣੇ ਤਾਂ ਤੁਸੀਂ ਕਹਿ ਰਹੇ ਸਓ ਕੋਈ ਅਸਰ ਨਹੀਂ ਹੋਏਗਾ।"

ਕੰਨਿਆ ਠਠੰਬਰ ਗਈ। ਦਬਾਏ ਹੋਏ ਝਾਕੇ ਨਾਲ ਹੱਸਦੀ ਹੋਈ ਨੇ ਸੱਜਨ ਨੂੰ ਕਿਹਾ — "ਜਾਓ, ਤੁਸੀਂ ਤਾਂ ਮੇਰੀ ਗੱਲ ਦਾ ਮਤਲਬ ਹੀ ਬਦਲੀ ਜਾ ਰਹੇ ਓ।

(ਫਿਰ ਕਰਨਲ ਨੂੰ ਕਹਿਣ ਲੱਗੀ) ਮੈਂ ਭਾਈ ਸਾਹਿਬ ਇਹਨਾਂ ਨੂੰ ਇੰਝ ਕਿਹਾ ਸੀ ਕਿ ਵਿਅਰਥ ਤੁਹਾਡਾ ਏਨਾ ਰੁਪਇਆ ਨਸ਼ਟ ਕਰਵਾਇਆ, ਜਨਤਾ ਚਾਰ ਦਿਨ ਚਾਅ ਨਾਲ ਚਰਚੇ ਕਰੇਗੀ। ਫਿਰ ਏਹੋ ਅਤਿਆਚਾਰ ਹੁੰਦੇ ਰਹਿਣਗੇ।"

ਮਹੀਪਾਲ ਬੋਲਿਆ — "ਸੱਚ ਏ ! ਸਮਾਜ ਨੂੰ ਬਦਲਣ ਲਈ ਉਹਦੀਆਂ ਬਹੁਤ ਸਾਰੀਆਂ ਮੁੱਢਲੀਆਂ ਮਾਨਤਾਵਾਂ ਬਣਨਣੀਆਂ ਪੈਣਗੀਆਂ । ਇਹਦੇ ਲਈ ਇਕ ਵਿਆਪਕ ਸੰਗਠਨ ਅਤੇ ਅੰਦੋਲਨ ਦੀ ਲੋੜ ਹੈ।"

ਕਾਫ਼ੀ ਦੇਰ ਤਾਈਂ ਚਰਚੇ ਚਲਦੇ ਰਹੇ। ਕਰਨਲ ਅਤੇ ਮਹੀਪਾਲ ਜਦ ਜਾਣ ਲਗੇ ਤਾਂ ਸੱਜਨ ਉਹਨਾਂ ਦੇ ਨਾਲ ਦਰਵਾਜ਼ੇ ਤਕ ਆਇਆ। ਉਹਨੇ ਕਰਨਲ ਨੂੰ ਪੁੱਛਿਆ — "ਕਿੰਨਾ ਖ਼ਰਚਾ ਹੋਇਆ ?"

"ਕਿਉਂ ਤੁਸੀਂ ਮੈਨੂੰ ਪੇਮੈਂਟ ਕਰੋਗੇ ?"

"ਹਾਂ।"

ਕਰਨਲ ਮਹੀਪਾਲ ਵੱਲ ਵੇਖਕੇ ਬੋਲਿਆ—"ਸੁਣ ਰਹੇ ਓ ਰਈਸਜ਼ਾਦੇ ਦੀਆਂ ਗੱਲਾਂ। (ਸੱਜਨ ਨੂੰ) ਬਾਊ ਜੀ, ਅਜੇ ਕੀ ਖ਼ਰਚਾ ਹੋਇਆ ਅਜੇ ਤਾਂ ਹਜ਼ਾਰ ਦੋ ਹਜ਼ਾਰ ਤੁਹਾਡੀ ਬੱਲੋ ਨੂੰ ਹੀ ਮੈਨੂੰ ਪ੍ਰੈਜ਼ੰਟ ਕਰਨੇ ਪੈਣਗੇ। ਤਾਂ ਇਕੱਠਾ ਬਿਲ ਤੁਹਾਡੇ ਕੋਲ ਘੱਲਾਂਗਾ!"

"ਸੱਚ ਯਾਰ, ਮੈਨੂੰ ਵੀ ਜਾਪਦਾ ਏ, ਸ਼ਾਦੀ ਤੇਰੀ ਏਸੇ ਨਾਲ ਹੋਏਗੀ। ਲੜਕੀ ਬੜੀ ਚੰਗੀ ਏ, ਮੈਨੂੰ ਪਸੰਦ ਆਈ ਏ।"

ਸੱਜਨ ਨੂੰ ਮਿੱਤਰਾਂ ਦੀਆਂ ਇਹ ਗੱਲਾਂ ਚੰਗੀਆਂ ਲਗ ਰਹੀਆਂ ਸਨ, ਹੱਸ ਕੇ ਬੋਲਿਆ — "ਤੁਸੀਂ ਲੋਕ ਮੇਰੇ ਦਿਮਾਗ ਵਿਚ ਆਟੋ ਮਸ਼ੀਨ ਭਰ ਰਹੇ ਓ। ਮੈਂ ਤਾਂ ਵਿਚਾਰੀ ਬਿਨਾਂ ਕਿਸੇ ਸਵਾਰਥ ਸਹਾਇਤਾ..."

"ਹਾਂ ਹਾਂ ਬੜਾ ਬੇਗਰਜ਼ ਏ ਤੂੰ ਸਾਲਾ !" ਕਰਨਲ ਨੇ ਹੱਸ ਕੇ ਕਿਹਾ — "ਨਹੀਂ ਯਾਰ, ਇਹ ਲੜਕੀ ਮੈਨੂੰ ਵੀ ਬਹੁਤ ਪਸੰਦ ਆਈ ਏ। ਬੱਸ, ਇਹੋ ਹੈ ਜ਼ਰਾ ਕਮਿਊਨਿਸਟ ਹੈ, ਬਾਕੀ ਇਹਦੀਆਂ ਅੱਖਾਂ ਬੜੀਆਂ ਅਸੀਲ ਨੇ।"

ਉਹਨਾਂ ਦੇ ਜਾਣ ਪਿੱਛੋਂ ਸੱਜਨ ਕੰਨਿਆਂ ਨੂੰ ਉਹਨਾਂ ਦੇ ਘਰ ਛੱਡਣ ਗਿਆ। ਕੰਨਿਆਂ ਨੇ ਆਪਣੀ ਸਹੇਲੀ ਦਾ ਆਸਰਾ ਛੱਡ ਕੇ ਦੱਸ ਰੁਪਏ ਮਹੀਨੇ ਦੀ ਇਕ ਤੰਗ ਕੋਠੜੀ ਕਿਰਾਏ ਉੱਤੇ ਲੈ ਲਈ ਸੀ। ਜਦ ਗੱਡੀ 'ਚੋਂ ਉਤਰਨ ਲੱਗੀ ਤਾਂ ਸੱਜਨ ਨੇ ਆਪਣੀ ਜੇਬ 'ਚੋਂ ਇਕ ਵੱਡਾ ਲਫ਼ਾਫ਼ਾ ਕੱਢ ਕੇ ਉਹਦੇ ਵੱਲ ਵਧਾਉਂਦਿਆਂ ਕਿਹਾ — "ਇਹ ਰੱਖ ਲਉ।"

"ਕੀ ਏ ?"

"ਰੱਖ ਲਉ !"

"ਰੁਪਏ ?"

"ਹਾਂ ਹਾਂ ਕੰਮ ਆਉਣਗੇ।"

"ਨਹੀਂ।"

"ਵੇਖੋ, ਮੇਰੇ ਹੁੰਦਿਆਂ ਤੁਸੀਂ ਤਕਲੀਫ਼ ਝੱਲੋ, ਇਹ ਮੈਥੋਂ ਨਹੀਂ ਵੇਖਿਆ ਜਾਣਾ।"

"ਮੈਂ ਕੋਈ ਤਕਲੀਫ਼ ਮਹਿਸੂਸ ਨਹੀਂ ਕਰ ਰਹੀ।"

"ਤੁਹਾਡੇ ਕੋਲ ਖਰਚੇ ਲਈ ਪੈਸੇ ਨੇ ?"

ਕੰਨਿਆਂ ਚੁੱਪ ਰਹੀ।

ਸੱਜਨ ਨੇ ਕਿਹਾ — ਤਾਂ ਫਿਰ ਇਹਨਾਂ ਨੂੰ ਰੱਖ ਲਉ ਨਾ! ਵੇਖੋ, ਇਹਨਾਂ ਕਰ ਕੇ ਕਿਸੇ ਤਰ੍ਹਾਂ ਦਾ ਵੀ ਅਪਮਾਨ ਜਾਂ ਅਹਿਸਾਨ ਮਹਿਸੂਸ ਨਹੀਂ ਕਰਨਾ।"

"ਨਹੀਂ, ਨਮਸਤੇ!" ਕੰਨਿਆਂ ਹੌਲੀ ਹੌਲੀ ਸਿਰ ਨਿਵਾਈ ਆਪਣੀ ਕੋਠੜੀ ਵੱਲ ਵਧ ਗਈ।

ਕਿਸੇ ਔਰਤ ਸਾਹਮਣੇ ਅੱਜ ਪਹਿਲੀ ਵਾਰ ਸੱਜਣ ਦਾ ਰੁਪਿਆ ਹਾਰਿਆ ਸੀ।

14

ਬੰਦ ਘਰ ਵਿਚ ਗੱਟੂ ਵੱਟੇ ਜਿਹੇ ਤਿੰਨ ਬਿੱਲੀ ਦੇ ਬੱਚੇ ਤਾਈ ਦੀ ਪੰਗੂੜੇ ਵਰਗੀ ਮੰਜੀ ਤੇ ਨੱਚ ਟੱਪ ਰਹੇ ਸਨ। ਜਦ ਤੋਂ ਅੱਖ ਖੁਲ੍ਹ ਗਈ ਹੈ ਟਿਕ ਕੇ ਨਹੀਂ ਬਹਿੰਦੇ। ਉਹਨਾਂ ਨਾਲ ਤਾਈ ਦਾ ਮਨ ਸਦਾ ਉੱਚਾ ਰਹਿੰਦਾ ਹੈ; ਮੋਰੀ ਦੇ ਛੇਕ ਅੱਗੇ ਇੱਟ ਅੜਾ ਦਿਤੀ, ਪੌੜੀਆਂ ਦੀ ਕੁੰਡੀ ਸਦਾ ਬੰਦ ਹੀ ਰਹਿੰਦੀ ਹੈ ਕਿ ਕਿਤੇ ਬਿੱਲਾ ਨਾ ਆ ਜਾਏ। ਬੱਚਿਆਂ ਦੀ ਮਾਂ ਵੀ ਉਹਨੂੰ ਫੁੱਟੀ ਅੱਖੇ ਨਹੀਂ ਸੁਹਾਉਂਦੀ, ਬੱਚਿਆਂ ਨੂੰ ਦੁੱਧ ਪਿਆਉਣ ਲਈ ਲੱਖ ਜਤਨਾਂ ਨਾਲ ਉਹ ਤਾਈ ਦੇ ਘਰ ਵਿਚ ਘੁਸਦੀ ਹੈ, ਤੇ ਤਾਈ ਜਦ ਉਹਨੂੰ ਵੇਖ ਲੈਂਦੀ ਹੈ ਤਾਂ ਸੋਟੀ ਫੜ ਕੇ ਦੌੜਦੀ ਹੈ।

ਹਨੇਰੇ ਘਰ ਵਿਚ ਬਿੱਲੀ ਨੇ ਉਪਰ ਦੀ ਕਾਰਨਿਸ ਤੋਂ ਨਲਕੇ ਕੋਲ ਢੱਕੇ ਪਏ ਦੌਰੇ ਤੇ ਛਾਲ ਮਾਰੀ। ਉਹਨੂੰ ਵੇਖ, ਮੰਜੀ ਦੀ ਹੀਅ ਨਾਲ ਜੁੜ ਕੇ ਬੈਠੇ ਬੱਚੇ ਮਿਆਊਂ ਮਿਆਊਂ ਕਰਨ ਲੱਗੇ। ਬਿੱਲੀ ਤਾਈ ਦੀ ਮੰਜੀ ਤੇ ਚੜ੍ਹ ਕੇ ਲੇਟ ਗਈ; ਬੱਚੇ ਘੁਸ ਕੇ ਦੁੱਧ ਪੀਣ ਲੱਗੇ। ਇਕ ਬੱਚਾ ਉਹਦੀ ਪਿੱਠ ਤੇ ਚੜ੍ਹ ਦੁੱਧ ਪੀਣ ਲੱਗਾ; ਧੁੱਸਾ ਮਾਰ ਕੇ ਦੁੱਧ ਪੀਂਦਿਆਂ ਹੇਠਾਂ ਆ ਪਿਆ। ਤਿੰਨ ਚੂੰਨੀਆਂ ਮੁੰਨੀਆਂ ਪੂਛਾਂ ਅਨੰਦ ਨਾਲ ਲਹਿਰਾਉਂਦੀਆਂ ਹਨ, ਬਿੱਲੀ ਵੀ ਕਦੇ ਕਦੇ ਮਮਤਾ ਖੁਣੋਂ ਪੂਛ ਹਿਲਾ ਦੇਂਦੀ ਹੈ।

ਤਾਈ ਉਹਨਾਂ ਲਈ ਬਾਜ਼ਾਰੋਂ ਦੁੱਧ ਦਾ ਡੱਲੂ ਲੈ ਕੇ ਆ ਰਹੀ ਏ। ਪਰਭੂ ਮੁਰਹਾ ਗਲ੍ਹ 'ਚ ਪਾਨ ਦੱਬੀ ਮੁੱਠ ਬੰਦ ਕਰ ਕੇ ਸਿਗਰਟ ਪੀਂਦਿਆਂ ਅਚਾਨਕ ਤਾਈ ਨੂੰ ਵੇਖ

ਕੇ ਖਲੀਫ਼ਾ ਤਮੋਲੀ ਦੇ ਥੜੇ ਤੋਂ ਬੁੜ੍ਹਕ ਕੇ ਗਲੀ ਵਿਚ ਤਾਈ ਦੇ ਸਾਹਮਣੇ ਬਹਿ ਗਿਆ ਅਤੇ ਉਹਦੀ ਸੋਟੀ ਫੜ ਲਈ। ਤਾਈ ਤਭਕ ਗਈ, ਡੱਲੂ 'ਚੋਂ ਦੁੱਧ ਛਲਕਿਆ।

ਮੁਰਹੂ ਬੋਲਿਆ — "ਤਾਈ ਮਰਨ ਕੰਢੇ ਆਈ ਏਂ — ਦੁੱਧ ਮਲਾਈ ਲੜਕਿਆਂ ਲਈ ਹੁੰਦੇ ਨੇ। ਡੱਲੂ ਮੈਨੂੰ ਦੇ ਜਾ, ਸੋਟੀ ਛੱਡ ਦਿਤੀ।"

ਤਾਈ ਤਪਣ ਲੱਗੀ, ਮੁਰਹੂ ਨੇ ਫਿਰ ਆਖਿਆ — "ਵੇਖ ਵੇਖ, ਗਾਲ੍ਹਾਂ ਕੱਢ–ਮੰਦਾ ਆਖ, ਗੁੱਸੇ ਨਾਲ ਤੇਰਾ ਈ ਨੁਕਸਾਨ ਹੋਣਾ ਏਂ। ਦੁੱਧ ਡੁੱਲ੍ਹ ਜਾਊ।"

ਤਾਈ ਸੱਚ ਮੁੱਚ ਬੜੇ ਫੇਰ 'ਚ ਪੈ ਗਈ ਸੀ। ਅੱਜ ਵਰਗੀ ਹਾਲਤ ਵਿਚ ਉਹ ਕਦੇ ਨਹੀਂ ਸੀ ਘਿਰੀ। ਜੀਵਨ ਵਿਚ ਸ਼ਾਇਦ ਪਹਿਲੀ ਵਾਰ ਤਾਈ ਰਣ ਭੂਮੀ ਵਿਚ ਹਾਰ ਕੇ ਸੰਧੀ ਕਰਨ ਲਈ ਮਜਬੂਰ ਹੋਈ; ਖਿਝਕੇ ਬੋਲੀ—"ਛੱਡ ਦੇ ਮੋਇਆ, ਬੱਚੇ ਭੁੱਖੇ ਹੋਣਗੇ।"

"ਲੈ, ਮੈਨੂੰ ਛੱਡ ਕੇ ਹੋਰ ਤੇਰਾ ਕਿਹੜਾ ਬੱਚਾ ਹੋ ਸਕਦਾ ਏ? ਤੇ ਜੇ ਕੋਈ ਹੋਇਆ ਤਾਂ ਸਾਲੇ ਨੂੰ ਸਿੱਝ ਲਾਂਗੇ। ਬਈ ਬਜ਼ਾਰ ਵਾਲਿਓ ਸੁਣ ਲਉ ਤਾਈ ਨੇ ਮੈਨੂੰ ਗੋਦ ਲਿਆ ਏ। ਹੁਣ ਇਹਦਾ ਜੋੜਿਆ ਧਨ ਮੇਰਾ ਏ, ਭਾਵੇਂ ਇਹਦੇ ਮਰਨ ਪਿੱਛੋਂ ਤੇ ਭਾਵੇਂ ਜੀਊਂਦੇ ਜੀਅ ਲੈ ਲਈਏ!"

ਗਲੀ ਦੇ ਦੋਵੇਂ ਪਾਸੇ ਦੁਕਾਨਦਾਰ, ਸੁਨਿਆਰੇ, ਦਰਜ਼ੀ, ਬਿਸਾਤੀ, ਤੰਬੋਲੀ, ਹਲਵਾਈ ਸਭ ਹੱਸ ਰਹੇ ਸਨ। ਤਾਈ ਦੇ ਕੋਲੋਂ ਦੀ ਲੋਕ ਹੱਸਦੇ ਹੋਏ ਨਿਕਲ ਜਾਂਦੇ ਹਨ। ਚੌਹਾਂ ਪਾਸਿਆਂ ਦੀ ਛੇੜਖਾਨੀ ਤੋਂ ਬੇਹੱਦ ਤਪਿਆਂ ਹੋਇਆਂ ਵੀ ਡੱਲੂ ਕਾਰਨ ਤਾਈ ਬੇਵੱਸ ਹੋ ਰਹੀ ਹੈ। ਉਹਨੇ ਮੰਦਾ ਚੰਗਾ ਬੋਲਣਾ ਵੀ ਬੰਦ ਕਰ ਦਿਤਾ, ਭੱਠੀ 'ਚ ਪਏ ਲੋਹੇ ਵਾਂਗ ਤਪਦੀ ਖਲੋਤੀ ਹੈ।

ਅਚਾਨਕ ਸੋਟੀ ਛੱਡ ਕੇ ਅੱਗੇ ਤੁਰ ਪਈ।

ਪਰਭੂ ਮੁਰਹੇ ਨੂੰ ਇਹਦੀ ਆਸ ਨਹੀਂ ਸੀ। ਆਸਰਾ ਹੱਟ ਜਾਣ ਨਾਲ ਸੋਟੀ ਗਲੀ 'ਚ ਜਾ ਪਈ, ਮੁਰਹੇ ਦੇ ਹੱਥ ਨੂੰ ਧੱਕਾ ਵੱਜਾ। ਉੱਠ ਕੇ ਸੋਟੀ ਅਗਾਂਹ ਕਰਦਾ ਬੋਲਿਆ — "ਅੱਛਾ ਲੈ, ਸੋਟੀ ਲੈ ਜਾ, ਓ ਤਾਈ!"

ਤਾਈ ਦੂਰ ਜਾ ਕੇ ਖਲੋ ਗਈ; ਉਹਦੇ ਵੱਲ ਤਿੱਖੀ ਨਜ਼ਰ ਕਰਦੀ ਬੋਲੀ — "ਘਰ ਆ ਕੇ ਦੇ ਜਾਈਂ ਮੋਇਆ ਨਹੀਂ ਤਾਂ ਕੱਲ੍ਹ ਤੇਰਾ ਬੰਸ ਨਾਸ ਕਰ ਦਿਆਂਗੀ।"

ਮੁਰਹੂ ਦੇ ਕਲੇਜੇ ਵਿਚ ਤਾਈ ਦਾ ਸਰਾਪ ਲੱਗਾ; ਮਸ਼ਕਰੀ ਭੁੱਲ ਗਈ, ਡਰ ਲੱਗਾ, ਸਭਨਾਂ ਸਾਹਮਣੇ ਰੋਹ ਚੜ੍ਹਿਆ, ਆਕੜ ਕੇ ਹੱਸਦਾ ਬੋਲਿਆ — "ਤੂੰ ਤੇ ਕੱਲ ਮੇਰਾ ਬੰਸ ਨਾਸ ਕਰੇਂਗੀ — ਮੈਂ ਅੱਜ ਈ ਤੇਰਾ ਸਫ਼ਾਇਆ ਕਰਦਾਂ। ਆਹ ਪਈ ਊ ਸੋਟੀ ਤੇਰੀ, ਚੁੱਕ ਭਾਵੇਂ ਨਾ ਚੁੱਕ। ਮੈਂ ਨਾ ਲਿਆਂਦੀ, ਸੁਣ ਲਾ। ਓ ਤਾਈ!"

ਤਾਈ ਬਜਰੰਗ ਬਲੀ ਦੇ ਥੜੇ ਕੋਲ ਪਹੁੰਚ ਕੇ ਆਪਣੇ ਫਾਟਕ ਵੱਲ ਮੁੜ ਰਹੀ ਸੀ।

ਬਜ਼ਾਰ ਵਾਲਿਆਂ ਪਰਭੂ ਨੂੰ ਸਮਝਿਆ, ਪਰ ਉਹ ਅੜ ਗਿਆ। ਧਰਮ ਦਾ ਭੈਅ ਰੱਖਣ

ਵਾਲੇ ਇਕ ਸੁਨਿਆਰੇ ਨੇ ਆਪਣੇ ਲੜਕੇ ਨੂੰ ਤਾਈ ਦੀ ਡਾਂਗ ਦੇ ਆਉਣ ਲਈ ਭੇਜਿਆ।

ਬੁੜ ਬੁੜ ਕਰਦੀ ਤਾਈ ਦੇ ਅੰਦਰ ਆਉਂਦਿਆਂ ਬਿੱਲੀ ਛਾਲ ਮਾਰ ਕੇ ਮੰਜੀ ਦੇ ਹੇਠਾਂ ਹੋ ਗਈ। ਇਕ ਬੱਚਾ ਜਿਹੜਾ ਮਾਂ ਦਾ ਦੁੱਧ ਪੀ ਕੇ ਮਸਤੀ ਵਿਚ ਲੜਦਾ ਭਿੜਦਾ ਕਿਸੇ ਵੇਲੇ ਮੰਜੀ ਤੋਂ ਹੇਠਾ ਡਿਗ ਪਿਆ ਸੀ. ਸੂਫ਼ੇ ਵਿਚ ਤਾਈ ਨੂੰ ਵੇਖ ਕੇ ਮਹੀਨ ਜਹੀ ਮਿਆਊਂ ਮਿਆਊਂ ਕਰਦਾ ਦੌੜਿਆ। ਪੀੜ੍ਹੀ ਤੇ ਗੁੱਥਮ-ਗੁੱਥਾ ਹੁੰਦੇ ਦੋਵੇਂ ਬੱਚੇ ਵੀ ਆਪਣੇ ਦਲਾਨ 'ਚ ਡਿੱਗ ਪਏ। ਭਰਾ ਦੀ ਮਿਆਊਂ ਦਾ ਅਰਥ ਸਮਝ ਕੇ ਝਟਪਟ ਮਿਆਊਂ ਮਿਆਊਂ ਕਰਦੇ ਸਿਰਹਾਣੇ ਤਕ ਗਏ। ਇਸ ਵੇਲੇ ਦੁੱਧ ਮਿਲਦਾ ਹੈ, ਏਨੀ ਕੁ ਹੋਸ਼ ਇਹਨਾਂ ਦਸਾ ਬਾਰਾਂ ਦਿਨਾਂ ਦੇ ਬੱਚਿਆਂ ਨੂੰ ਆ ਗਈ ਹੈ। ਦਲਾਨ ਵਾਲਾ ਅੱਗੇ ਦੌੜਿਆ ਤਾਂ ਥੜੀ ਤੇ ਡਿੱਗਾ, ਅਤੇ ਥੜੀ ਤੇ ਦੋ ਪੈਰ ਦੌੜਿਕੇ ਫਿਰ ਵਿਹੜੇ ਵਿਚ; ਮੰਜੀ ਵਾਲਿਆ 'ਚੋਂ ਇਕ ਤਾਂ ਸਹੁੰਦ ਮਾਰ ਕੇ ਧੜਾਮ ਕਰਦਾ ਜ਼ਮੀਨ ਤੇ ਡਿੱਗਾ, ਸੁਖ ਰਹਿਣਾ ਵਿਚਾਰਾ ਮੰਜੀ ਤੋਂ ਹੀ ਮਿਆਊਂ ਮਿਆਊਂ ਕਰਨ ਲਗ ਪਿਆ।

ਦੋਵੇਂ ਬੱਚੇ ਵਿਹੜੇ ਵਿਚ ਆ ਕੇ ਤਾਈ ਦੇ ਪੈਰਾਂ ਨਾਲ ਮਿਆਊਂ ਮਿਆਊਂ ਕਰਕੇ ਮੂੰਹ ਰਗੜਨ ਲੱਗੇ, ਉਹਦਾ ਪੈਰ ਪੁੱਟਣਾ ਔਖਾ ਹੋ ਗਿਆ। ਤਾਈ ਦੀ ਬਾਹਰਲੀ ਸਾੜ ਭੁੱਜ ਤੇ ਮੋਹ ਦੀ ਠੰਡਕ ਪਸਰ ਗਈ। ਦੋਵਾਂ ਲਈ ਜ਼ਮੀਨ ਤੇ ਥੋੜ੍ਹਾ ਜਿਹਾ ਦੁੱਧ ਸੁੱਟ ਕੇ ਆਪਣਾ ਪੱਲਾ ਛੁਡਾਉਂਦੀ ਦਲਾਨ ਵਿਚ ਆਈ; ਥੰਮੇ ਕੋਲ ਰੱਖੇ ਹੋਏ ਐਲਮੋਨੀਅਮ ਦੇ ਢੱਕਣ ਵਿਚ ਡੱਲੂ ਦਾ ਦੁੱਧ ਪਲਟ ਕੇ ਤਾਈ ਵਿਹੜੇ ਦੀ ਦੋਵਾਂ ਬੱਚਿਆ ਨੂੰ ਚੁਕੇ ਲਿਆਈ, ਫਿਰ ਪੀੜ੍ਹੀ ਤੋਂ ਤੀਜੇ ਬੱਚੇ ਨੂੰ ਵੀ ਚੁੱਕ ਕੇ ਦੁੱਧ ਕੋਲ ਰਖ ਦਿੱਤੀ।ਏਨੇ ਵਿਚ ਦਰਵਾਜ਼ੇ ਦੀ ਕੁੰਡੀ ਖੜਕਣ ਲੱਗੀ।ਆਦਮ ਬੋ ਨਾਲ ਫਿਰ ਭਖਣ ਲੱਗੀ।

"ਆਪਣੀ ਡਾਂਗ ਲੈ ਜਾ ਤਾਈ, ਤਾਈ !" ਬਾਹਰੋਂ 'ਵਾਜ ਸੁਣਕੇ ਤਾਈ ਬੁਖ਼ਾਰੀ 'ਚੋਂ ਤ੍ਰਾਲੇ ਤਿਲ ਕੱਢ ਕੇ ਗਾਲ੍ਹਾਂ ਬੱਕਦੀ ਦਰਵਾਜ਼ੇ ਵਲ ਆਈ।

... ...

ਉਸ ਦਿਨ ਰਾਤ ਦੇ ਨੌਂ ਵਜੇ ਤਕ ਗਲੀ ਲਾਗਦੇ ਬਜ਼ਾਰ 'ਚ ਬੜੀ ਗਰਮੋ ਗਰਮ ਚਰਚਾ ਹੁੰਦੀ ਰਹੀ ਕਿ ਪਰਭੂ ਮੁਰਹੇ ਦੇ ਭੁਲੇਵੇ ਤਾਈ ਨੇ ਪਰਸ਼ੋਤਮ ਸੁਨਿਆਰੇ ਦੇ ਲੜਕੇ ਤੇ ਤਿਲ ਛਿੜਕ ਦਿੱਤੇ; ਉਹਦੀ ਹਾਲਤ ਭੈੜੀ ਹੈ, ਝਾੜ ਫੂਕ,ਡਾਕਟਰੀ ਇਲਾਜ ਸਭ ਕੁਝ ਹੋ ਰਿਹਾ ਹੈ, ਭਭੂਤੀ ਸੁਨਿਆਰਾ ਦੁਕਾਨ ਵਧਾ ਕੇ ਮਹਾਰਾਜ ਦੇ ਸਿਰ ਤੇ ਸੰਦੂਕ ਰਖਵਾ ਕੇ ਬਰਛੇ ਵਾਲੇ ਚੌਕੀਦਾਰ ਨਾਲ ਗਲੀ ਵਿਚ ਆਇਆ ਤਾਂ ਇਹ ਚਰਚਾ ਸੁਣੀ। ਪਰਸ਼ੋਤਮ ਦੀ ਦੁਕਾਨ ਤੇ ਖਲੋ ਕੇ ਉਹਦੇ ਛੋਟੇ ਭਰਾ ਤੋਂ ਹਾਲ ਪੁੱਛਿਆ। ਪਰਸ਼ੋਤਮ ਨਾਲ ਹਮਦਰਦੀ ਰੱਖਣ ਵਾਲੇ ਸਭ ਲੋਕ ਤਾਈ ਵਲ ਬੇਅੰਤ ਘ੍ਰਿਣਾ ਅਤੇ ਗੁੱਸਾ ਪ੍ਰਗਟਾ ਰਹੇ ਸਨ। ਭਭੂਤੀ ਬੋਲਿਆ—"ਘਰ ਹੋ ਆਵਾਂ ਫਿਰ ਤੇਰੇ ਵਲ ਆਉਂਦਾਂ।"

ਭਭੂਤੀ ਦੇ ਘਰ ਇਸ ਵੇਲੇ ਵੱਡੀ ਅਤੇ ਨੰਦੋ ਨੂੰ ਛੱਡ ਕੇ ਹੋਰ ਕੋਈ ਨਹੀਂ ਹੈ।

ਸ਼ੰਕਰ-ਛੋਟੀ ਸੈਕੰਡ ਸ਼ੋ ਵਿਚ ਸਿਨਮਾ ਵੇਖਣ ਗਏ ਹਨ। ਮਾਂ, ਅੱਜ ਛੇ ਦਿਨ ਹੋਏ, ਭਣਵਈਏ ਦੇ ਸਿਆਪੇ ਤੇ ਕਾਸਗੰਜ ਗਈ ਹੋਈ ਹੈ; ਉਹਦਾ ਲਾਡਲਾ ਪੋਤਾ ਵੀ ਨਾਲ ਗਿਆ ਹੈ। ਮਨੀਆ ਕਲ ਮਾਲ ਲਿਆਉਣ ਲਈ ਕਲਕੱਤੇ ਗਿਆ ਹੈ।

ਮਨੀਆ ਕੋਲੋਂ ਕੁੱਟ ਖਾ ਕੇ ਚੋਰੀ-ਭੇਦ ਖੁੱਲਣ ਪਿਛੋਂ ਨੰਦੋ ਘਰੋਂ ਬਾਹਰ ਪੈਰ ਨਹੀਂ ਪਾ ਸਕੀ। ਗੋਮਤੀ, ਦੇਵਦਰਸ਼ਨ, ਏਥੋਂ ਤਕ ਕਿ ਤਾਈ ਦੇ ਘਰ ਵੀ ਮਨੀਆ ਦੇ ਹੁਕਮ ਨਾਲ ਉਹਦਾ ਆਉਣ ਜਾਣ ਬੰਦ ਹੋ ਗਿਆ ਹੈ। ਪਹਿਲੇ ਦੋ ਦਿਨ ਤਾਂ ਆਪਣੀ ਕੋਠੜੀ 'ਚੋਂ ਈ ਬਾਹਰ ਨਹੀਂ ਨਿਕਲੀ। ਫਿਰ ਘਰ ਦੇ ਕੰਮ ਵਿਚ ਥੋੜ੍ਹਾ ਕੁ ਮਨ ਲਾਇਆ। ਮਾਂ ਦਾ ਰੁਖ ਵੀ ਟੇਢਾ ਸੀ। ਉਹਨੇ ਮਨੀਆ ਦੇ ਬੱਚਿਆਂ ਉਤੇ ਆਪਣੇ ਪ੍ਰੇਮ ਪਿਆਰ ਦੀ ਡੋਰੀ ਸੁੱਟੀ। ਮਨੀਆ ਦੇ ਨਹਾਉਣ ਖਾਣ ਵੇਲੇ ਧੋਤੀ ਪਰਨਾ ਪਾਣੀ ਪਟੜੇ ਤੇ ਫਟਕਣ ਲੱਗੀ। ਏਨੇ 'ਚ ਸਕੇ ਮਾਸੜ ਦੇ ਮਰਨ ਦੀ ਚਿੱਠੀ ਆਈ, ਸੋ ਮਾਂ ਕਾਸਗੰਜ ਚਲੀ ਗਈ। ਮਾਂ ਦੇ ਜਾਣ ਨਾਲ ਨੰਦੋ ਦਾ ਝਾਕਾ ਖੁੱਲ੍ਹਾ; ਕੰਮ ਧੰਦੇ ਵਿਚ ਭਰਜਾਈਆਂ ਨਾਲ ਹੱਥ ਵਟਾਉਣ ਲੱਗੀ। ਛੋਟੀ ਨੂੰ ਤਾਂ ਸਵੇਰੇ ਪਤੀ ਦੇ ਚਾਹ ਪਾਣੀ ਤੋਂ, ਫਿਰ ਆਪਣਾ ਹਾਈ ਸਕੂਲ ਦਾ ਕੋਰਸ ਪੜ੍ਹਨ ਤੋਂ, ਫਿਰ ਪਤੀ ਵੱਲੋਂ ਦਿੱਤੇ ਗਏ ਹੋਮਵਰਕ ਨੂੰ ਪੂਰਾ ਕਰਨ ਤੋਂ, ਫਿਰ ਤਾਰਾ ਨਾਲ ਗੱਲਾਂ ਮਾਰਨ ਤੋਂ, ਅਤੇ ਫਿਰ ਏਸੇ ਤਰ੍ਹਾਂ ਕੁਝ ਨਾ ਕੁਝ ਕਰਦੇ ਰਹਿਣ ਨਾਲ ਘਰ ਦੇ ਕੰਮਕਾਰ ਵਾਸਤੇ ਜ਼ਿਆਦਾ ਸਮਾਂ ਨਹੀਂ ਮਿਲਦਾ, ਇਸ ਲਈ ਸੱਸ ਦੇ ਜਾਣ ਅਤੇ ਮਨੀਆ ਦੀ ਰੋਕ ਨਾਲ ਵੱਡੀ ਤੇ ਹੀ ਘਰ ਦਾ ਸਾਰਾ ਭਾਰ ਆ ਪਿਆ ਹੈ। ਇਸ ਲਈ ਨੰਦੋ ਨੂੰ ਉਹਦੇ ਨਾਲ ਰਹਿਣ ਦਾ ਹੀ ਜ਼ਿਆਦਾ ਸਮਾਂ ਮਿਲਦਾ ਹੈ। ਉਹਨੇ ਮੁੰਨੀ ਵਾਸਤੇ ਸਵੈਟਰ ਦੇ ਘੁਰੇ ਵੀ ਪਾਏ ਹਨ। ਵੱਡੀ ਤੋਂ ਨਵੀਂ ਬੁਣਤੀ ਵੀ ਸਿੱਖਣ ਲੱਗੀ ਹੈ।

ਜਦ ਭਭੂਤੀ ਨੇ "ਕੁੰਡੀ ਖੋਹਲੋ" ਦੀ ਅਵਾਜ਼ ਦਿੱਤੀ, ਉਸ ਵੇਲੇ ਨੰਦੋ-ਵੱਡੀ ਪਲੰਘ ਉਤੇ ਕੋਲ ਕੋਲ ਪਈਆਂ ਗੱਲਾਂ ਕਰ ਰਹੀਆਂ ਸਨ। ਮੁੰਨੀ ਕੋਲ ਹੀ ਆਪਣੇ ਪੰਘੂੜੇ ਵਿਚ ਸੌਂ ਰਹੀ ਸੀ —

ਅਕੇਲੇ ਮੇਂ ਵੋਹ ਘਬਰਾਤੇ ਤੋ ਹੋਂਗੇ।
ਮਿਟਾ ਕਰ ਮੁਝਕੋ ਪਛਤਾਤੇ ਤੋ ਹੋਂਗੇ।
ਹਮਾਰੀ ਯਾਦ ਆ ਜਾਤੀ ਤੋ ਹੋਗੀ......

ਭਭੂਤੀ ਘਰ ਆਇਆ। ਸੰਦੂਕ ਕੋਠੇ 'ਚ ਰਖਿਆ, ਤਾਲਾ ਬੰਦ ਕੀਤਾ, ਭੋਜਨ ਕੀਤਾ ਅਤੇ ਆਪਣੀ ਲੜਕੀ ਨੂੰ ਅੰਦਰਲਾ ਕੁੰਡਾ ਬੰਦ ਕਰਨ ਲਈ ਆਖ ਕੇ ਪਰਸ਼ੋਤਮ ਸੁਨਿਆਰੇ ਦੇ ਘਰ ਉਹਦੇ ਲੜਕੇ ਦਾ ਹਾਲ ਚਾਲ ਪੁੱਛਣ ਚਲਾ ਗਿਆ।

ਨਣਾਨ ਭਰਜਾਈ ਫਿਰ ਬੇਫ਼ਿਕਰ ਹੋ ਕੇ ਤੀਜੀ ਮੰਜ਼ਲੇ--ਵੱਡੀ ਦੇ ਕਮਰੇ ਵਲ ਹੋਈਆਂ। ਇਕ ਦਮ ਨੰਦੋ ਦੇ ਜੀਅ ਵਿਚ ਮਠਿਆਈ ਖਾਣ ਖ਼ੁਆਉਣ ਦੀ ਆਈ। ਵੱਡੀ ਨੂੰ ਪੈਸੇ

ਨਹੀਂ ਦੇਣ ਦਿੱਤੇ, ਆਪਣੀ ਕੋਠੜੀ 'ਚੋਂ ਪੈਸੇ ਲੈਕੇ ਗਲੀ ਵਿਚ ਆਈ। ਸਾਹਮਣੇ ਬਰਾਮਦੇ ਵਿਚ ਬਿਸਤਰਾ ਵਿਛਾ ਕੇ ਬੈਠੇ ਹੋਏ ਚੌਕੀਦਾਰ ਦੀ ਖ਼ੁਸ਼ਾਮਦ ਕਰਕੇ ਉਹਨੂੰ ਮਠਿਆਈ ਅਤੇ ਨਮਕੀਨ ਅਤੇ ਅੱਧ ਸੇਰ ਦੁੱਧ ਲੈਣ ਭੇਜਿਆ। ਉਪਰ ਮੁੰਨੀ ਇਕੱਲੀ ਸੀ ਇਸ ਲਈ ਵੱਡੀ ਚਲੀ ਗਈ, ਨੰਦੋ ਸੌਦਾ ਆਉਣ ਦੀ ਵਾਟ ਵੇਂਹਦੀ ਹੇਠਾਂ ਹੀ ਬੈਠੀ ਰਹੀ।

ਕਲ ਰਾਤ ਇਕੱਲ ਦੀ ਮਾਰੀ ਨੰਦੋ ਵੱਡੀ ਕੋਲ ਹੀ ਸੌਂਦੀ ਹੈ। ਸੱਸ ਦੇ ਜਾਣ ਪਿਛੋਂ ਅੱਜ ਕਲ੍ਹ ਨੰਦੋ ਨੂੰ ਆਪਣੀ ਵੱਡੀ ਭਰਜਾਈ ਤੇ ਉਸੇ ਤਰ੍ਹਾਂ ਪਿਆਰ ਆਉਂਦਾ ਹੈ, ਜਿਵੇਂ ਉਹਦੇ ਵਿਆਹੇ ਆਉਣ ਤੇ ਸ਼ੁਰੂ ਸ਼ੁਰੂ ਵਿਚ ਕੁਝ ਦਿਨਾਂ ਲਈ ਆਇਆ ਸੀ; ਸਗੋਂ ਸੱਚ ਤਾਂ ਇਹ ਹੈ ਕਿ ਅੱਜ ਕਲ੍ਹ ਵਰਗਾ ਪਿਆਰ ਤਾਂ ਉਹਨੂੰ ਕਦੇ ਆਇਆ ਈ ਨਹੀਂ ਸੀ।

ਆਪਣੇ ਕਮਾਊ ਭਰਾ ਨਾਲ ਨੰਦੋ ਕਿਸੇ ਤਰ੍ਹਾਂ ਵੀ ਵਿਗਾੜ ਪਾਉਣ ਲਈ ਤਿਆਰ ਨਹੀਂ। ਮਨੀਆ ਭੋਲਾ ਹੈ, ਜ਼ਰਾ ਜਿੰਨੀ ਸੇਵਾ ਖ਼ੁਸ਼ਾਮਦ ਨਾਲ ਹੀ ਪਿਘਲ ਜਾਂਦਾ ਹੈ। ਵੱਡੀ ਜਦ ਵਿਆਹੀ ਆਈ ਸੀ, ਮਨੀਆ ਨਵੀਂ ਦੁਲਹਨ ਤੇ ਨਿਛਾਵਰ ਹੁੰਦਾ ਰਹਿੰਦਾ ਸੀ, ਉਹ ਭਰਜਾਈ ਦੇ ਮਨ ਦੀ ਪੁੱਛਦੀ ਰਹਿੰਦੀ ਸੀ। ਫਿਰ ਜਦ ਉਹ ਆਪਣੀ ਸਹੇਲੀ ਸੰਤੋ ਦੀ ਨੂੰਹ ਨਾਲ ਮਨੀਆ ਦੀ ਗੰਢ-ਸੰਢ ਕਰਾਉਣ ਵਿਚ ਸਫਲ ਹੋਈ, ਉਦੋਂ ਤੋਂ ਵੱਡੀ ਦੀ ਜਾਨੀ ਦੁਸ਼ਮਣ ਬਣ ਗਈ; ਜਿੰਨੇ ਹੋ ਸਕੇ ਉੱਨੇ ਅਤਿਆਚਾਰ ਉਹਦੇ ਤੇ ਕਰਾਏ। ਫਿਰ ਮਨੀਆ ਅਚਾਨਕ ਸੁਧਰ ਗਿਆ, ਉਦੋਂ ਤੋਂ ਭੈਣ ਭਰਾ ਵਿਚ ਪਾੜਾ ਪੈ ਗਿਆ ਸੀ। ਆਪਣੀ ਗਿਆਨ ਪ੍ਰਾਪਤੀ ਪਿਛੋਂ ਮਨੀਆ ਨੂੰ ਨੰਦੋ ਦੀ ਲੁਕੀ ਰੁਸਤਮੀ ਹਰਕਤਾਂ ਨਾਲ ਹੋਰ ਵੀ ਜ਼ਿਆਦਾ ਨਫ਼ਰਤ ਹੋ ਗਈ; ਉਹ ਭੈਣ ਦਾ ਚੁਗਲ ਪੇਸ਼ਾ ਛੁਡਾਉਣਾ ਚਾਹੁੰਦਾ ਸੀ। ਨੰਦੋ ਉਸ ਤੋਂ ਵਿਰੰਟ ਹੋ ਗਈ; ਸਭ ਤੋਂ ਵਡਾ ਸਹਾਰਾ ਤਾਂ ਉਹਨੂੰ ਬਾਪ ਦੇ ਲਾਡ ਦਾ ਹੈ।ਭੈਣ ਭਰਾ ਇਕ ਦੂਜੇ ਦੇ ਕੱਚੇ ਪੋਲ ਜਾਣਦੇ ਸਨ ਪਰ ਜ਼ਬਾਨ ਤੇ ਨਹੀਂ ਲਿਆ ਸਕਦੇ ਸਨ। ਇਸ ਲਈ ਮਨੀਆ ਨੇ ਨੰਦੋ ਨਾਲ ਰੁੱਖਾ ਵਤੀਰਾ ਰਖਣਾ ਸ਼ੁਰੂ ਕਰ ਦਿੱਤਾ ਸੀ। ਹੁਣ ਤਕ ਤਾਂ ਦੋਵਾਂ ਦੀ ਗੁਨਾਹ ਦੀ ਤਕੜੀ ਦੇ ਪਲੜੇ ਦੋਵੇਂ ਪਾਸੇ ਬਰਾਬਰੀ ਦੇ ਕੰਡੇ ਹੇਠ ਸਨ, ਪਰ ਇਕ ਨਵੇਂ ਗੁਨਾਹ ਦੀ ਆੜ ਲੈ ਕੇ ਮਨੀਆ ਦਾ ਪਲੜਾ ਭਾਰਾ ਹੋ ਗਿਆ। ਉਸ ਦਿਨ ਕੋਠੜੀ ਦੀ ਤਲਾਸ਼ੀ ਲੈਣ ਦੇ ਬਹਾਨੇ ਉਹਨੇ ਨੰਦੋ ਨੂੰ ਚੰਗਾ ਧਮਕਾਇਆ; ਉਹਦੇ ਸੰਦੂਕ ਵਿਚੋਂ ਤਸਵੀਰਾਂ ਦੀ ਐਲਬਮ ਨਿਕਲ ਆਉਣ ਤੇ ਉਹ ਪੂਰੀ ਤਰ੍ਹਾਂ ਸ਼ੇਰ ਹੋ ਗਿਆ, ਬੋਲਿਆ — "ਮੈਂ ਹੁਣੇ ਸਾਰੇ ਘਰ ਵਿਚ ਵਖਾ ਕੇ ਤੇਰਾ ਮੂੰਹ ਕਾਲਾ ਕਰਾ ਸਕਦਾ ਹਾਂ, ਤੇ ਤੂੰ ਮੇਰੇ ਬਾਰੇ ਕੁਝ ਆਖੇਂਗੀ ਤਾਂ ਸਾਰਾ ਝੂਠ ਹੀ ਸਮਝਿਆ ਜਾਏਗਾ। ਚੇਤੇ ਰੱਖੀਂ, ਹੁਣ ਜੇ ਮੇਰੇ ਖ਼ਿਲਾਫ਼ ਬੋਲੀਓਂ ਤਾਂ ਝਾਟਾ ਫੜ ਕੇ ਘਰੋਂ ਬਾਹਰ ਕੱਢ ਦਿਆਂਗਾ, ਓਦਣ ਬਾਊ ਜੀ ਵੀ ਕੁਝ ਨਹੀਂ ਕਰ ਸਕਣਗੇ।" ਆਪਣੀ ਗੁੱਤ ਹੱਥ ਆ ਜਾਣ ਤੇ ਨੰਦੋ ਮਨੀਆ ਦੇ ਵੱਸ ਵਿਚ ਹੋਈ 'ਸੁਸ਼ੀਲ' ਬਣਨ

ਲੱਗੀ। ਆਪਣਾ ਭਾਰ ਵਧਾਉਣ ਲਈ ਵੱਡੀ ਨਾਲ ਵੀ ਮੇਲ ਜੋਲ ਵਧਾਇਆ। ਨੰਦੋ ਦੇ ਕਿਸੇ ਵੱਡੇ ਚਮਕਦਾਰ ਨਛੱਤਰ ਦੇ ਚੜ੍ਹਨ ਨਾਲ ਉਹਦਾ ਮਾਸੜ ਮਰ ਗਿਆ, ਉਹਨੂੰ ਵੱਡੀ ਨਾਲ ਇਕੱਲਿਆਂ ਨਿਭਾਉਣ ਅਤੇ ਮਨੀਆ ਨੂੰ ਆਪਣੀ ਸੁਸ਼ੀਲਤਾ ਨਾਲ ਰਿਝਾਉਣ ਦਾ ਵਧੀਆ ਮੌਕਾ ਮਿਲ ਗਿਆ।

ਕਲ੍ਹ ਰਾਤੀਂ ਦੋਵੇਂ ਨਣਾਨ ਭਰਜਾਈ ਕੋਲ ਕੋਲ ਸੁੱਤੀਆਂ ਸਨ, ਸੋ ਅੱਜ ਸਵੇਰ ਤੋਂ ਈ ਵੱਡੀ ਲਈ ਨੰਦੋ ਇਕਦਮ 'ਆਪਣੀ' ਹੋ ਗਈ ਹੈ। ਦਿਨੇਂ ਉਹਨੇ ਛੋਟੀ ਨੂੰ ਕਿਹਾ ਕਿ — "ਨੰਦੋ ਬੀਬੀ ਜੀ ਜਿਵੇਂ ਉੱਤੋਂ ਦਿੱਸਦੀ ਹੈ, ਉਹੋ ਜਹੀ ਬਿਲਕੁਲ ਨਹੀਂ। ਜੇਕਰ ਇਹਨੂੰ ਸਾਡੇ ਲੋਕਾਂ ਦੀ ਸੋਸਾਇਟੀ ਮਿਲੇ ਤਾਂ ਇਕਦਮ ਸੁਧਰ ਜਾਏ।"

ਨੰਦੋ ਮਠਿਆਈ, ਨਮਕੀਨ ਅਤੇ ਦੁੱਧ ਲੈਕੇ ਉਪਰ ਆਈ। ਉਸ ਵੇਲੇ ਇਕੱਲੀ ਪਈ ਹੋਈ ਵੱਡੀ ਸੁੰਨੇ ਘਰ ਵਿਚ ਅਜ਼ਾਦ — ਕਿਸੇ ਹੱਦ ਤਕ ਖੁਲ੍ਹੀ ਅਵਾਜ਼ ਵਿਚ — ਵਿਰਹੇਸ਼ ਦੀ ਗ਼ਜ਼ਲ ਗਾ ਰਹੀ ਸੀ :

"ਸਿਰ ਸੇ ਕਫ਼ਨ ਲਪੇਟੇ ਨਿਕਲੇ ਹੈਂ ਪਿਆਰ ਕਰਨੇ।
ਨਜ਼ਰੋਂ ਕੋ ਚਾਰ ਕਰਨੇ ਮੀਠਾ ਗੁਨਾਹ ਕਰਨੇ।"

ਨਣਾਨ ਭਰਜਾਈ ਵਿਚ ਐਸਾ ਗਲ-ਰਸ ਘੁਲਿਆ ਕਿ ਵੱਡੀ ਦਾ ਰੋਮ ਰੋਮ ਖਿੜ ਗਿਆ। ਨੰਦੋ ਨੇ ਵੀ ਆਪਣੇ ਬਚਪਨ ਤੋਂ ਲੈਕੇ ਹੁਣ ਤਕ ਦੀਆਂ ਗੱਲਾਂ ਸੁਣਾ ਦਿੱਤੀਆਂ; ਅਤੇ ਅੰਤ ਵਿਚ ਵੱਡੀ ਨੇ ਵੀ ਆਪਣੇ ਦਿਲ ਦਾ ਅਪ-ਟੂ-ਡੇਟ ਅਕਾਊਂਟ ਵਖਾ ਦਿੱਤਾ।

ਨੰਦੋ ਦੇ ਬਾਰੇ ਉਹਦੀ ਮਾਂ ਹੀ ਆਖਦੀ ਹੁੰਦੀ ਹੈ ਕਿ ਖੂਹ-ਸਮੁੰਦਰ ਦੀ ਥਾਹ ਹੈ, ਪਰ ਨੰਦੋ ਦੇ ਢਿੱਡ ਦੀ ਨਹੀਂ। ਕਾਸਗੰਜ ਜਾਂਦੇ ਵਕਤ ਸੱਸ ਦੋਵਾਂ ਨੂੰਹਾਂ ਨੂੰ ਨੰਦੋ ਵਲੋਂ ਚੌਕੰਨਾ ਰਹਿਣ ਲਈ ਚੇਤਾਵਨੀ ਦੇ ਗਈ ਸੀ। ਛੋਟੀ ਦੇ ਸੁਭਾ ਵਿਚ ਸਿਆਣਪ ਹੈ; ਵੱਡੀ ਦਲਦਲ ਵਿਚ ਫਸੀ ਬੇੜੀ ਵਾਂਗ ਹਰ ਇਕ ਹੜ੍ਹ ਨਾਲ ਵਹਿ ਜਾਂਦੀ ਹੈ। ਅਤੇ ਨੰਦੋ ਦੇ ਸੁਭਾਗ ਕਰਕੇ ਕੁੰਜੀ ਦੋਵਾਂ ਨੂੰ ਇਕੋ ਲਗਦੀ ਸੀ।

ਸਾਹ ਨਾਲ ਸਾਹ ਛੁਹਾਉਂਦੀਆਂ ਦੋਵੇਂ ਜਣੀਆਂ ਕੂਹਣੀਆਂ ਤੇ ਸਿਰ ਰਖੀ ਬੜੇ ਰਸ ਨਾਲ ਗੱਲਾਂ ਕਰ ਰਹੀਆਂ ਸਨ। ਅਲਫ਼ ਲੇਲਾ ਦੇ ਅਨੇਕ ਰੰਗੀਨ ਕਿੱਸੇ, ਆਪਣੇ ਅਤੇ ਪਰ ਏ, ਸੁਣਾ ਕੇ ਨੰਦੋ ਨੇ ਵੱਡੀ ਦਾ ਇਕ ਇਕ ਸਾਹ ਮੁੱਠ ਵਿਚ ਲੈ ਲਿਆ ਸੀ। ਨੰਦੋ ਨੇ ਉਹਨੂੰ ਸਾਫ਼ ਸਾਫ਼ ਕਹਿ ਦਿੱਤਾ ਕਿ ਉਹ ਕੁਟਣੀ ਪੇਸ਼ਾ* ਕਰਦੀ ਹੈ। ਬੋਲੀ — "ਮਰਦ ਕੰਜਰ ਕਰਦੇ ਨੇ ਤਾਂ ਔਰਤਾਂ ਕਿਉਂ ਨਾ ਕਰਨ ? ਜਿਹਨੂੰ ਰੱਬ ਨੇ ਰੂਪ ਦਿੱਤਾ

---

* ਔਰਤਾਂ ਨੂੰ ਵਰਗਲਾ ਕੇ ਉਹਨਾਂ ਨੂੰ ਪਰਾਏ ਮਰਦਾਂ ਨਾਲ ਮਿਲਾਉਣ ਵਾਲੀ ਔਰਤ ਦਾ ਧੰਦਾ।

ਹੋਏ, ਉਹ ਚਾਰ ਗਹਿਣੇ ਹੋਰ ਕਿਉਂ ਨਾ ਬਟੋਰੇ ? ਔਰਤ ਨੂੰ ਮਰਦ ਦਾ ਕਿਸੇ ਤਰ੍ਹਾਂ ਦਾ ਵਿਸਾਹ ਨਹੀਂ ਕਰਨਾ ਚਾਹੀਦਾ। ਅਤੇ ਆਪਣੀ ਛਾਤੀ ਹਮੇਸ਼ਾ ਗਹਿਣਿਆਂ ਨਾਲ ਤਰ ਰਖਣੀ ਚਾਹੀਦੀ ਹੈ ਤੇ ਆਪਣਾ ਰੱਖ-ਰਖਾ ਐਸਾ ਹੋਏ ਕਿ ਇਕ ਹੱਥ ਰਖੀ ਚੀਜ਼ ਦੂਜੇ ਹੱਥ ਨੂੰ ਵੀ ਨਾ ਲੱਭੇ।''

ਤਾਹੀਉਂ ਬਾਉ ਜੀ ਆਏ, 'ਕੁੰਡੀ ਖੋਹਲੋ' ਦੀ ਅਵਾਜ਼ ਆਈ। ਨੰਦੋ ਜਾ ਕੇ ਖੋਹਲ ਆਈ। ਬਾਊ ਦੇ ਸਿਰਹਾਣੇ ਹੁੱਕਾ ਭਰ ਕੇ ਰਖਿਆ। ਫਿਰ ਵੱਡੀ ਕੋਲ ਆ ਗਈ। ਫ਼ਿਰ ਰਸੀਲੀਆਂ ਗੱਲਾਂ ਤੁਰ ਪਈਆਂ।

ਗੱਲਾਂ ਵਿਚ ਹੁੰਦਿਆਂ ਹੁੰਦਿਆਂ ਵੱਡੀ ਨੂੰ ਨੰਦੋ ਨੇ ਇਹ ਵੀ ਕਹਿ ਦਿੱਤਾ ਕਿ ਜੇ ਉਹ ਚਾਹੇ ਤਾਂ ਉਹ ਉਹਦੀ ਕਿਸੇ ਨਾਲ ਗੰਢ ਤੁਪ ਕਰਾ ਸਕਦੀ ਹੈ। ਕਿਸੇ ਨੂੰ ਕੰਨੋਂ ਕੰਨ ਖ਼ਬਰ ਨਹੀਂ ਹੋਏਗੀ। ਮਿਲਣ ਮਿਲਾਉਣ ਦਾ ਪ੍ਰਬੰਧ ਨੰਦੋ ਕਰੇਗੀ। ਵੱਡੀ ਨੂੰ ਆਪਣੇ ਯਾਰ ਤੋਂ ਜੋ ਵੀ ਮਿਲੇ ਉਸ ਵਿਚ ਚਵਾਨੀ ਨੰਦੋ ਨੂੰ ਈਮਾਨਦਾਰੀ ਨਾਲ ਦੇ ਦਏ।

ਵੱਡੀ ਦੁਖ ਦੀ ਮਾਰੀ ਭੋਲੇ ਭਾਅ ਆਪਣਾ ਵਿਰਹੇਸ਼ ਨਾਲ ਪ੍ਰੇਮ ਦਸ ਬੈਠੀ। ਨੰਦੋ ਨੂੰ ਇਹ ਥਾਹ ਮਿਲ ਗਈ। ਉਸੇ ਵੇਲੇ ਉੱਪਰ ਦੀ ਛੱਤ ਤੇ ਕਿਸੇ ਦੇ ਪੈਰਾਂ ਦੀ ਆਹਟ ਹੋਣ ਲੱਗੀ। ਦੋਵਾਂ ਨੇ ਹੀ ਛੱਤ ਉੱਤੇ ਧੰਮ ਧੰਮ ਦੀ ਅਵਾਜ਼ ਸੁਣੀ, ਡਰ ਦੀਆਂ ਮਾਰੀਆਂ ਇਕ ਦੂਸਰੀ ਨਾਲ ਚਿਮਟ ਗਈਆਂ। ਫਿਰ ਨੰਦੋ ਨੇ ਸ਼ੰਕਰ ਨੂੰ ਘਿੱਗੀ ਬੱਜੀ ਅਵਾਜ਼ ਦਿੱਤੀ। ਉਪਰ ਦੀ ਆਹਟ ਦੌੜ ਕੇ ਤਾਈ ਦੇ ਘਰ ਵਲ ਚਲੀ ਗਈ।

... ...

ਤਾਈ ਬੱਚਿਆਂ ਨੂੰ ਰਜਾਈ ਵਿਚ ਲੁਕਾਈ ਮੂੰਹ ਟੱਡੀ ਘੁਰਾੜੇ ਮਾਰ ਰਹੀ ਸੀ। ਅੱਜ ਕਲ੍ਹ ਤਾਈ ਨੂੰ ਦੇਰ ਨਾਲ ਨੀਂਦ ਆਉਂਦੀ ਹੈ। ਬੱਚਿਆਂ ਕਾਰਨ ਘਰ ਵਿਚ ਗੰਦਗੀ ਵਧ ਗਈ ਹੈ। ਤਾਈ ਨੂੰ ਖਿਝਦਿਆਂ ਖਿਝਦਿਆਂ ਵਾਰ ਵਾਰ ਧੋਆ ਧੁਆਈ ਕਰਨੀ ਪੈਂਦੀ ਹੈ। ਬਿੱਲੀ ਦੇ ਬੱਚਿਆਂ ਦੇ ਆਉਣ ਤੋਂ ਪਿਛੋਂ ਉਹਦੇ ਕੰਮ ਦਾ ਝੰਜਟ ਵਧ ਗਿਆ। ਬੱਚੇ ਤਾਈ ਨੂੰ ਬਹੁਤ ਤੰਗ ਕਰਦੇ ਹਨ। ਉਹ ਪੂਜਾ ਕਰਨ ਜਾਂ ਤਪ ਕਰਨ ਬੈਠਦੀ ਹੈ ਤਾਂ ਬੱਚੇ ਉਹਦੀ ਗੋਦ ਵਿਚ ਘੁਸ ਕੇ ਸੌਂਦੇ ਹਨ। ਦੁੱਧ ਵੇਲੇ ਬੱਚੇ ਮਿਆਊਂ ਮਿਆਊਂ ਕਰਦੇ ਹਨ। ਰਾਤ ਨੂੰ ਰਜਾਈ ਵਿਚ ਗੁੱਥਮ-ਗੁੱਥਾ ਹੁੰਦੇ ਤਾਈ ਦੇ ਢਿੱਡ ਅਤੇ ਛਾਤੀ ਨੂੰ ਕੁਰਕੁਸ਼ੇਤਰ ਦਾ ਮੈਦਾਨ ਬਣਾ ਦੇਂਦੇ ਹਨ।

ਅੱਜ ਤਾਈ ਬੱਚਿਆਂ ਨੂੰ ਖੁਆਉਂਦੀ ਬੜੇ ਲਾਡ ਨਾਲ ਇਕ ਨੂੰ ਚੁੱਕ ਕੇ, ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਲੱਗੀ — ਇੰਜ ਲੱਗਾ ਜਿਵੇਂ ਅੰਦਰੋਂ ਬਾਲਮੁਕੰਦ ਝਾਕ ਰਹੇ ਹੋਣ।

ਤਾਈ ਦਾ ਮਨ ਭਗਤੀ ਨਾਲ ਭਰ ਗਿਆ, ਬੜੇ ਮੋਹ ਨਾਲ ਉਹਨਾਂ ਨੂੰ ਛਾਤੀ ਨਾਲ ਲਾ ਲਿਆ। ਤਿੰਨਾਂ ਨੂੰ ਫੜ ਕੇ ਆਪਣੀ ਮੰਜੀ ਤੇ ਰਜਾਈ ਨਾਲ ਢੱਕ ਕੇ ਆਪ

ਜਪ ਕਰਦੀ ਕਰਦੀ ਸੌਂ ਗਈ। ਇਹ ਉਹਦੀ ਪਹਿਲੀ ਨੀਂਦ ਸੀ।

ਜਦ ਧੱਕਾ ਲੱਗਣ ਨਾਲ ਅੱਖ ਖੁੱਲ੍ਹੀ ਤਾਂ ਆਪਣੇ ਮੂੰਹ ਵਿਚ ਕਪੜਾ ਫਸਿਆ ਹੋਇਆ ਵੇਖਿਆ। ਸਾਫ਼ਿਆਂ ਨਾਲ ਮੂੰਹ ਢੱਕੀ ਹੋਈ ਦੋ ਸ਼ਾਤਰ ਅੱਖਾਂ ਵਾਲੇ ਆਦਮੀਆਂ ਨੇ ਤਾਈ ਨੂੰ ਜਕੜ ਲਿਆ ਸੀ। ਉਹਦੀ ਰਜਾਈ ਚੁੱਕ ਕੇ ਹੇਠਾਂ ਸੁੱਟੀ, ਬੱਚਿਆਂ ਨੂੰ ਓਸੇ ਬੇਦਰਦੀ ਨਾਲ ਚੁੱਕ ਕੇ ਸੁੱਟਿਆ, ਅਤੇ ਕਿੱਲੀ ਨਾਲ ਟੰਗੇ ਲਾਲ ਦੁਸ਼ਾਲੇ ਵਿਚ ਲਪੇਟ ਕੇ ਨਵੀਂ ਮਜ਼ਬੂਤ ਰੱਸੀ ਨਾਲ ਉਹਨੂੰ ਮੁਰਦੇ ਵਾਂਗ ਬੰਨ੍ਹ ਦਿੱਤਾ; ਚਿਹਰਾ ਉਹਨਾਂ ਲੋਕਾਂ ਖੁਲ੍ਹਾ ਰਖਿਆ। ਸਿਰਫ਼ ਮੂੰਹ ਵਿਚ ਕਪੜਾ ਤੁੰਨ ਕੇ ਪੱਟੀ ਬੰਨ੍ਹ ਦਿੱਤੀ।

ਤਾਈ ਦੀਆਂ ਅੱਖਾਂ ਸਾਹਮਣੇ ਉਹਦੇ ਘਰ ਦੀ ਇਕ ਇਕ ਚੀਜ਼ ਸੁੱਟੀ ਗਈ। ਚੋਰਾਂ ਨੇ 'ਕੁਝ ਖਾਧਾ, ਕੁਝ ਸੁੱਟਿਆ, ਕੁਝ ਬੰਨ੍ਹ ਕੇ ਲੈ ਗਏ' ਵਾਲਾ ਹਿਸਾਬ ਕਰ ਦਿੱਤਾ। ਇਕ ਨੂੰ ਤਲਾਸ਼ੀ ਵਿਚ ਤਾਈ ਦਾ ਜਾਦੂ ਟੂਣੇ ਵਾਲਾ ਸੰਦੂਕ ਮਿਲ ਗਿਆ। ਉਹਨੇ ਬੜੇ ਪ੍ਰੇਮ ਨਾਲ ਸੰਧੂਰ ਦੀ ਪੁੜੀ ਡੱਬੇ ਦੇ ਘਿਉ ਵਿਚ ਘੋਲ ਕੇ ਤਾਈ ਦੇ ਬੰਨ੍ਹੇ ਹੋਏ ਮੂੰਹ ਅਤੇ ਵਾਲਾਂ ਤੇ ਰਚਾ ਰਚਾ ਕੇ ਮਲ ਦਿੱਤਾ, ਉਹਦੇ ਉਤੇ ਕੱਜਲ ਦੀਆਂ ਲਕੀਰਾਂ ਬਣਾ ਕੇ ਅਤੇ ਸੰਦੂਕ ਦੇ ਤਿਲ ਜੌਂ ਛੱਡ ਕੇ ਤਾਈ ਦੇ ਚਿਹਰੇ ਸਾਹਮਣੇ ਰੁਪਇਆਂ ਨਾਲ ਛਣ ਛਣ ਕਰਦੀ ਥੈਲੀ ਉਛਾਲ ਕੇ ਚਲੇ ਗਏ!

ਬਿੱਲੀ ਦੇ ਬੱਚੇ ਮੰਜੀ ਦੇ ਆਸੇ ਪਾਸੇ ਇਕ ਦੂਜੇ ਨਾਲ ਲੱਗ ਕੇ ਬੈਠੇ ਹੋਏ ਮੂੰਹ ਚੁੱਕ ਕੇ ਮਿਆਊਂ ਮਿਆਊਂ ਕਰਨ ਲੱਗੇ।

15

ਵਨ ਕੰਨਿਆ ਨੂੰ ਆਪਣੇ ਜੀਵਨ ਵਿਚ ਏਨੀ ਤੇਜ਼ੀ ਨਾਲ ਆਉਂਦਿਆਂ ਵੇਖ ਕੇ ਸੱਜਨ ਕਿਸੇ ਹੱਦ ਤਕ ਘਬਰਾਹਟ ਵੀ ਮਹਿਸੂਸ ਕਰਨ ਲੱਗਾ ਹੈ। ਏਨੇ ਘਟ ਸਮੇਂ ਵਿਚ, ਏਨੀ ਤੇਜ਼ੀ ਨਾਲ ਵਧਦੇ ਹੋਏ ਰਿਸ਼ਤੇ ਭਾਵੇਂ ਅਨੇਕ ਵਾਰ ਆਏ ਹਨ, ਪਰ ਉਹਨਾਂ ਰਿਸ਼ਤਿਆਂ ਨਾਲੋਂ ਇਹ ਨਵਾਂ ਨਾਤਾ ਜ਼ਿਆਦਾ ਮਾਰਮਕ ਹੈ। ਸੱਜਨ ਇਹ ਮਹਿਸੂਸ ਕਰਦਾ ਹੈ ਕਿ ਕੰਨਿਆ ਉਹਨਾਂ ਅਨੇਕ ਮੁਟਿਆਰਾਂ ਵਾਂਗ ਨਹੀਂ ਜਿਨ੍ਹਾਂ ਦੀਆਂ ਯਾਦਾਂ ਦਾ ਸਿਰਹਾਣਾ ਬਣਾ ਕੇ ਉਹ ਹੁਣ ਤਕ ਸੌਂਦਾ ਆਇਆ ਹੈ। ਕੰਨਿਆ ਦੀ ਖਿੱਚ ਉਹਨੂੰ ਬਰਾਬਰ ਹਲੂਣ ਕੇ ਜਗਾ ਰਹੀ ਹੈ। ਪਹਿਲੀ ਮਿਲਣੀ ਤੋਂ ਹੀ ਕੰਨਿਆ ਉਹਦੇ ਲਈ ਕਸੌਟੀ ਸਾਬਤ ਹੋ ਰਹੀ ਹੈ। ਯਾਰ ਲੋਕ ਵੀ ਛੇੜ ਛਾੜ ਵਿਚ ਕੰਨਿਆ ਨਾਲ ਹੀ ਉਹਦੇ ਵਿਆਹ ਹੋਣ ਦੀ ਭਵਿੱਖ ਬਾਣੀ ਕਰਦੇ ਹਨ; ਉਹ ਆਪ ਵੀ ਕੁਝ ਕੁਝ ਏਸੇ ਤਰ੍ਹਾਂ ਸੋਚਦਾ ਹੈ। ਇਸ ਤਰ੍ਹਾਂ ਨਾ ਸੋਚਣ ਤੋਂ ਬਿਨਾਂ ਉਹਦੇ ਕੋਲ ਹੋਰ ਕੋਈ ਚਾਰਾ ਵੀ

ਨਹੀਂ ਹੈ। ਆਖ਼ਿਰ ਉਹ ਹੋਰ ਕਿਸ ਤਰ੍ਹਾਂ ਨਾਲ ਕੰਨਿਆ ਵਲ ਵਧਦੀ ਹੋਈ ਖਿੱਚ ਨੂੰ ਅੰਤਮ ਰੂਪ ਦੇ ਸਕਦਾ ਹੈ ? ਪਰ ਕੀ ਕੰਨਿਆ ਵੀ ਏਸੇ ਤਰ੍ਹਾਂ ਸੋਚਦੀ ਹੈ ? ਕਿਤੇ ਇੰਜ ਤਾਂ ਨਹੀਂ ਕਿ ਕੰਨਿਆ ਕੇਵਲ ਉਹਦਾ ਲਾਭ ਹੀ ਉਠਾ ਰਹੀ ਹੋਏ ਅਤੇ ਕੰਮ ਨਿਕਲ ਜਾਣ ਪਿਛੋਂ ਉਹਨੂੰ ਧੋਖਾ ਦੇ ਕੇ ਚਲੀ ਜਾਏ ? — ਇਸ ਸ਼ੰਕੇ ਤੋਂ ਵੀ ਸੱਜਨ ਦਾ ਮਨ ਦੁਖ ਜਾਂਦਾ ਹੈ।

ਪਰਸੋਂ ਰਾਤ ਕਰਨਲ ਦੇ ਕਰਿਸ਼ਮੇ ਨੇ ਵਨ ਕੰਨਿਆ ਅਤੇ ਉਹਦੇ ਲੇਖ ਨੂੰ ਚਮਤਕਾਰੀ ਰੂਪ ਨਾਲ ਪ੍ਰਸਿੱਧੀ ਦੀਆਂ ਉਚਾਈਆਂ ਤੇ ਪਹੁੰਚਾ ਦਿੱਤਾ। ਕਲ੍ਹ ਸਵੇਰੇ ਦੇਸ਼ ਭਰ ਦੇ ਸਾਰੇ ਅਖ਼ਬਾਰਾਂ ਵਿਚ ਹਵਾਈ ਕਰਿਸ਼ਮੇਂ ਦੇ ਨਾਲ ਵਨ ਕੰਨਿਆ ਦੇ ਲੇਖ ਦੀ ਚਰਚਾ ਛਪੀ ਸੀ। ਸ਼ਹਿਰ ਦੇ ਅਖ਼ਬਾਰਾਂ ਨੇ ਤਾਂ ਕਾਫ਼ੀ ਵਿਸਥਾਰ ਨਾਲ ਨਵੇਂ ਸਾਲ ਦੇ ਪਹਿਲੇ ਦਿਨ ਦੀ ਇਸ ਘਟਨਾ ਨੂੰ ਉੱਚਾ ਅਸਥਾਨ ਦਿੱਤਾ ਸੀ। ਵਨ ਕੰਨਿਆ ਨੇ ਕਲ੍ਹ ਸਵੇਰੇ ਅੱਖ ਖੁਲ੍ਹਦਿਆਂ ਹੀ ਸ਼ਹਿਰ ਵਿਚ ਆਪਣੀ ਪ੍ਰਸਿੱਧੀ ਦਾ ਚਮਤਕਾਰ ਵੇਖਿਆ। ਜਾਣ ਪਛਾਣ ਵਾਲੇ ਉਹਨੂੰ ਬੜੇ ਉਤਸ਼ਾਹ ਨਾਲ ਵਧਾਈ ਦੇਣ ਆਏ। ਅਖ਼ਬਾਰ ਦੇ ਰੀਪੋਰਟਰਾਂ ਨੇ ਉਹਦੇ ਨਾਲ ਇੰਟ੍ਰਵੀਊ ਕੀਤੀ, ਉਹਦੀਆਂ ਤਸਵੀਰਾਂ ਵੀ ਖਿੱਚੀਆਂ। ਵਨ ਕੰਨਿਆ ਇਹਨਾਂ ਸਭਨਾਂ ਗੱਲਾਂ ਤੋਂ ਬੜੀ ਉਤਸ਼ਾਹਤ ਤੇ ਪ੍ਰਫੁਲਤ ਨਜ਼ਰ ਆਉਂਦੀ ਸੀ। ਦਿਨ ਭਰ ਦੇ ਰੁਝੇਵੇਂ ਵਾਲੇ ਕੰਮਕਾਰ ਪਿਛੋਂ ਜਦ ਸੱਜਨ ਦੀ ਕੰਨਿਆ ਨਾਲ ਕੁਝ ਦੇਰ ਦੀ ਇਕੱਲ ਮਿਲੀ, ਤਾਂ ਉਹਨੇ ਵੇਖਿਆ ਕਿ ਕੰਨਿਆ ਉਸ ਨਾਲੋਂ ਬਦਲ ਗਈ ਹੈ। ਉਹ ਉਹਦੇ ਤੋਂ ਨਜ਼ਰ ਬਚਾਉਣ, ਘਟ ਗੱਲਾਂ ਕਰਨ ਅਤੇ ਜਲਦੀ ਨਾਲ ਪਿੱਛਾ ਛੁਡਾ ਕੇ ਭੱਜ ਜਾਣ ਲਈ ਉਤਾਵਲੀ ਹੋ ਗਈ ਸੀ। ਉਸ ਤੋਂ ਬਾਅਦ ਸੱਜਨ ਨਾਲ ਕਾਰ ਤੇ ਬਾਹਰ ਨਿਕਲਣ ਤੋਂ ਵੀ ਇਨਕਾਰ ਕਰ ਦਿੱਤਾ, ਅਤੇ ਇਕੱਲੀ ਚਲੀ ਗਈ। ਸੱਜਨ ਦੀ ਇੱਛਾ ਸੀ ਕਿ ਦੋਵੇਂ ਜਣੇ ਇਕੱਠੇ ਘੁੰਮਣ ਜਾਂਦੇ, 'ਸਾਰੇ ਸ਼ਹਿਰ ਦੀ ਚਰਚਾ', ਕਾਰ ਵਿਚ, ਸੜਕਾਂ ਤੇ, ਕਾਫ਼ੀ ਹਾਊਸ ਵਿਚ ਉਹਨੂੰ ਬਗਲਗੀਰ ਹੋਏ — ਲੋਕ ਉਹਨੂੰ ਤੇ ਉਹਦੀ ਹੀਰੋਇਨ ਨੂੰ ਲੈ ਕੇ ਚਰਚਾ ਕਰਨ, ਈਰਖਾ ਕਰਨ। ਪਰ ਕੰਨਿਆ ਉਹਦੇ ਸਾਰੇ ਹੌਸਲੇ ਨੂੰ ਮਿੱਟੀ 'ਚ ਮਿਲਾ ਕੇ ਚਲੀ ਗਈ। ਜਾਣ ਸਮੇਂ ਇਕ ਗੱਲ ਵੀ ਕਹਿ ਗਈ ਸੀ — "ਮਹੀਪਾਲ ਜੀ ਦੀ 'ਦੇਵਤਾ' ਕਹਾਣੀ ਵਿਚ ਇਕ ਬੜਾ ਮਜ਼ੇ ਦਾ ਵਾਕ ਆਇਆ ਹੈ, ਸ਼ਾਇਦ ਤੁਸਾਂ ਪੜ੍ਹਿਆ ਵੀ ਹੋਏ, ਉਹ ਇਹ ਹੈ ਕਿ ਈਸ਼ਵਰ ਜਿਸ ਭਲੇ ਆਦਮੀ ਨੂੰ ਕਿਸੇ ਕਾਰਨ ਸਜ਼ਾ ਦੇਣਾ ਚਾਹੁੰਦਾ ਹੈ, ਉਹ ਉਹਨੂੰ ਦੇਵਤਾ ਬਣਾ ਦੇਂਦਾ ਹੈ।" ਗੱਲ ਇਸ ਤਰ੍ਹਾਂ ਕਹੀ ਗਈ ਸੀ ਕਿ ਸੱਜਨ ਲਈ ਤਿੱਖਾ ਵਿਅੰਗ ਬਣ ਗਈ।

ਸੱਜਨ ਲਈ ਕਲ੍ਹ ਦੀ ਪੂਰੀ ਸ਼ਾਮ ਅਤੇ ਰਾਤ, ਅਤੇ ਅੱਜ ਦੀ ਸਵੇਰ ਵੀ ਕੰਡਿਆਂ ਨਾਲ ਭਰੀ ਬਣ ਗਈ। ਉਹਨੂੰ ਇੰਜ ਲੱਗਾ ਕਿ ਜਿਵੇਂ ਵਨ ਕੰਨਿਆ ਵੀ ਉਹਦੀ ਉਸ

ਨੀਚਤਾ ਨੂੰ ਪਛਾਣ ਗਈ ਹੈ। ਜਿਸ ਕਾਰਨ ਸੱਜਨ ਆਪ ਬੜਾ ਪਛਤਾ ਚੁਕਾ ਹੈ। ਉਹਨੂੰ ਲੱਗਾ ਕਿ ਹੋ ਸਕਦਾ ਹੈ ਕੰਨਿਆ ਹੁਣ ਨਾ ਆਏ — ਕਦੇ ਨਾ ਆਏ। ਕਲ੍ਹ ਸ਼ਾਮ ਤੋਂ ਬੇਹੱਦ ਉਖੜੇ ਮੂਡ ਵਿਚ ਸੱਜਨ ਨੇ ਫਿਰ ਇਕਾਂਤ ਮਨਾਈ। ਟੈਲੀਫ਼ੋਨ ਦੂਸਰੇ ਕਮਰੇ ਵਿਚ ਭਿਜਵਾ ਦਿੱਤਾ; ਕਿਸੇ ਨਾਲ ਵੀ — ਕਰਨਲ ਮਹੀਪਾਲ ਅਤੇ 'ਇਹ ਮੇਮ ਸਾਹਬ ਜੋ ਹੁਣੇ ਗਏ ਹਨ', ਤਕ ਕਿਸੇ ਨਾਲ ਵੀ ਨਾ ਮਿਲਣ ਦਾ ਆਪਣਾ ਨਿਸ਼ਚਾ ਨੌਕਰਾਂ ਨੂੰ ਦੱਸ ਕੇ ਕਮਰੇ ਦੇ ਬੂਹੇ ਬੰਦ ਕਰ ਦਿੱਤੇ। ਉਸੇ ਕਮਰੇ ਵਿਚ ਰਹਿ ਕੇ ਉਹਨੇ ਹੋਈ-ਅਣਹੋਈ ਗੱਲ ਤੇ ਨੌਕਰਾਂ ਨੂੰ ਡਾਂਟਿਆ, ਸ਼ਰਾਬ ਪੀਤੀ, ਰਸੋਈ ਘਰ ਵਿਚ ਮਿੰਟ ਮਿੰਟ ਤੇ ਨਵੀਆਂ ਨਵੀਆਂ ਡਿਸ਼ਾਂ ਤਿਆਰ ਕਰਨ ਦਾ ਹੁਕਮ ਦੇ ਕੇ ਉਹਨੇ ਸਭਨਾਂ ਨੂੰ ਹੈਰਾਨ ਕਰ ਦਿੱਤਾ। ਫਿਰ ਰੇਡੀਓ ਅਤੇ ਸੰਗੀਤ ਨਾਲ ਜੂਝਿਆ, ਫਿਰ ਕਿਤਾਬਾਂ ਨਾਲ, — ਗੀਤਾ ਨਾਲ, ਗੌਤਮ ਨਾਲ।......

ਗੀਤਾ ਵਿਚ ਲਿਖਆ ਹੈ ਕਿ ਕਾਮ ਤੋਂ ਕ੍ਰੋਧ ਜਾਗਦਾ ਹੈ, ਕ੍ਰੋਧ ਤੋਂ ਬੁੱਧੀ ਸ਼ੱਕੀ ਬਣਦੀ ਹੈ।

ਉਖੜੇ ਮਨ ਦੀਆਂ ਔਲ ਟੌਲ ਚਾਲਾਂ ਤੋਂ ਥੱਕ ਕੇ ਸੱਜਨ ਕਿਸੇ ਹੱਦ ਤਕ ਇਸ ਗੱਲ ਤੇ ਰੁਕਿਆ। ਇਕ ਵਾਰ ਬੜਾ ਫੁੱਲ ਕੇ ਉਹਦੇ ਮਨ 'ਚ ਇਹ ਵਿਚਾਰ ਵੀ ਆਇਆ ਕਿ ਉਹ ਕਾਮ ਨੂੰ ਜਿੱਤ ਲਏਗਾ। ਉਹ ਆਪਣੇ ਜੀਵਨ ਨਾਲ ਨਾਰੀ ਨਾਂ ਦੀ ਚੀਜ਼ ਨੂੰ ਹੀ ਮਿਟਾ ਦਏਗਾ।

ਇਕ ਥਾਂ ਬੁੱਧ ਅਤੇ ਉਹਦੇ ਪੱਟਸ਼ਿਸ਼ ਆਨੰਦ ਦੀ ਗੱਲ-ਬਾਤ ਪੜ੍ਹੀ। ਆਨੰਦ—"ਭੰਤੇ! ਇਸਤਰੀਆਂ ਨਾਲ ਅਸੀਂ ਕਿਸ ਤਰ੍ਹਾਂ ਦਾ ਵਿਹਾਰ ਕਰਾਂਗੇ?"

ਬੁੱਧ — "ਅਦਰਸ਼ਨ – ਅਰਥਾਤਿ ਨਾ ਵੇਖਣਾ।"

ਆਨੰਦ — "ਦਰਸ਼ਨ ਹੋਣ ਤੇ ਕੀ ਕਰੀਏ?"

ਬੁੱਧ — "ਗੱਲ ਨਾ ਕਰਿਓ. ਆਨੰਦ।"

ਆਨੰਦ — "ਗੱਲ ਵੀ ਕਰਨੀ ਪਏ ਤਾਂ?"

ਬੁੱਧ — "ਹੋਸ਼ ਸੰਭਾਲ ਕੇ ਰਖਣੀ।"

ਸੱਜਨ ਵੀ ਹੁਣ ਤੋਂ ਇੰਜ ਹੀ ਕਰੇਗਾ। ਨਾਰੀ ਨੇ ਉਹਨੂੰ ਬਹੁਤ ਸਤਾਇਆ ਹੈ। ਹੁਣ ਤੋਂ ਉਹ ਹੋਸ਼ ਸੰਭਾਲ ਕੇ ਰਖੇਗਾ। ਉਹ ਬ੍ਰਹਮਚਰਜ ਦਾ ਪਾਲਣ ਕਰੇਗਾ — ਜ਼ਰੂਰ ਕਰੇਗਾ। ਬ੍ਰਹਮਚਰਜ ਸਾਡੀ ਭਾਰਤੀ ਸੰਸਕ੍ਰਿਤੀ ਦਾ ਮਹਾਨ ਆਦਰਸ਼ ਹੈ। ਸਾਨੂੰ ਉਸ ਪਾਸੇ ਵੀ ਤੁਰਨਾ ਚਾਹੀਦਾ ਹੈ, ਨਵੇਂ ਅਨੁਭਵ ਨਾਲ ਸ਼ਾਇਦ ਉਹਨੂੰ ਨਵੀਂ ਚੇਤਨਾ ਮਿਲੇ — ਨਵੀਂ ਨਜ਼ਰ ਮਿਲੇ! ਹੁਣ ਸਾਨੂੰ ਆਪਣੇ ਜੀਵਨ ਦਾ ਸਹੀ ਪਾਸੇ ਦਾ ਗਿਆਨ ਮਿਲਣਾ ਹੀ ਚਾਹੀਦਾ ਹੈ। ਸਾਡੀ ਸਹੀ ਗਤੀ ਹੋਣੀ ਈ ਚਾਹੀਦੀ ਹੈ। ਕਿਤਾਬ ਉਲਟਦਿਆਂ ਵੇਖਿਆ, ਬੁੱਧ ਨੇ ਇਕ ਥਾਂ ਕਿਹਾ ਹੈ: "ਗਤੀਵਾਨ ਤਾ ਅਸੀਂ

ਵੀ ਹਾਂ, ਪਰ ਕਿਥੇ ਜਾਣਾ ਹੈ, ਇਹਦਾ ਪਤਾ ਨਹੀਂ; ਜੇਕਰ ਗਤੀਸ਼ੀਲਤਾ ਹੋਏ ਪਰ ਸੰਯਮ-ਸਾਧਨਾ ਵਿਚ ਭਰਮ ਨਹੀਂ; ਉਦਾਸੀਨ ਹੋਏ ਪਰ ਸੇਵਾ ਧਰਮ ਵਿਚ ਕਮੀ ਨਹੀਂ, ਉਚਿੱਤ ਸਵੈ-ਅਭਿਮਾਨ ਹੋਏ ਪਰ ਨਿਮਰਤਾ ਦੀ ਘਾਟ ਨਹੀਂ, ਸੱਚੇ ਅਰਥਾਂ ਵਿਚ ਸ਼ਾਸਤਰ ਧਰਮ ਦਾ ਅਨੁਭਵ ਹੋਏ ਪਰ ਸ਼ਾਸਤਰ ਗ੍ਰਹਿਣ ਨਹੀਂ, ਤਾਂ ਪ੍ਰਤੱਖ ਹੋਣ ਵਿਚ ਕਾਹਦੀ ਦੇਰ ਹੈ ? ਸੱਜਨ ਨੂੰ ਲੱਗਾ ਕਿ ਉਹ ਆਪਣੇ ਜੀਵਨ ਦਾ ਨਵਾਂ ਰਾਹ ਅਪਨਾ ਰਿਹਾ ਹੈ। ਅਤੇ ਵਨ ਕੰਨਿਆ — ਉਹ ਤਾਂ ਇਕ ਮੁਸੀਬਤ ਦੀ ਮਾਰੀ ਔਰਤ ਸੀ, ਜੋ ਹੋ ਸਕਿਆ ਸੱਜਨ ਨੇ ਉਹਦੀ ਸੇਵਾ ਕਰ ਦਿੱਤੀ — ਪਰਉਪਕਾਰ ਪੁੰਨ ਹੈ।

ਅਧਿਆਤਮਕ ਪੱਧਰ ਤੇ ਉੱਠ ਕੇ, ਤਰ੍ਹਾਂ ਤਰ੍ਹਾਂ ਦੀਆਂ ਕਲਪਨਾਵਾਂ ਨਾਲ ਆਪਣੇ ਆਉਣ ਵਾਲੇ ਜੀਵਨ ਦੇ ਚਿੱਤਰ ਸਜਾਉਂਦੇ ਹੋਇਆਂ ਸੱਜਨ ਨੇ ਰਾਤ ਗੁਜ਼ਾਰ ਦਿੱਤੀ। ਢਲਦੀ ਰਾਤ ਵੇਲੇ ਝਪਕੀ ਆਈ। ਇਸ ਵੇਲੇ ਜਾਗਣ ਤੇ ਵੀ, ਨਸ਼ਾ ਉਤਰ ਜਾਣ ਤੇ ਵੀ ਸੱਜਨ ਦਾ ਬ੍ਰਹਮਚਰਜ ਕਾਇਮ ਰਿਹਾ। ਉਹਦੇ ਮਨ ਵਿਚ ਇਹ ਵਿਚਾਰ ਅੱਖ ਖੁਲ੍ਹਦਿਆਂ ਹੀ ਸਵੇਰ ਦਾ ਪਹਿਲਾ ਵਿਚਾਰ ਬਣ ਕੇ ਆਇਆ।

ਅੱਜ ਸਵੇਰੇ ਇਕ ਸਥਾਨਕ ਅੰਗ੍ਰੇਜ਼ੀ ਰੋਜ਼ਾਨਾ ਅਖ਼ਬਾਰ ਨੇ ਆਪਣੀ ਸੰਪਾਦਕੀ ਟਿਪਣੀ ਵਿਚ ਕੰਨਿਆ ਦੇ ਲੇਖ ਦੀ ਤਾਰੀਫ਼ ਕਰਦਿਆਂ ਹੋਇਆਂ ਸਰਕਾਰ ਤੋਂ ਇਸ ਮੁਆਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ। ਉਹਨਾਂ ਚੋਣਾਂ ਲੜਨ ਵਾਲੀਆਂ ਸਭ ਪਾਰਟੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੀ ਹਾਰ ਜਿੱਤ ਲਈ ਮਨੁਖਤਾ ਦਾ ਗਲ ਨਾ ਘੁੱਟਣ। ਦੁਨੀਆਂ ਕੁਝ ਵਿਸ਼ਵਾਸਾਂ ਤੇ ਕਾਇਮ ਹੈ, ਜੇਕਰ ਉਹ ਵੀ ਮਿਟ ਗਏ ਤਾਂ ਹਰ ਪਲੇਟੀਕਲ ਪਾਰਟੀ ਦੇ ਉੱਚੇ ਉੱਚੇ ਆਦਰਸ਼ ਨਿਰਜਿੰਦ ਹੋ ਜਾਣਗੇ।

ਸੱਜਨ ਨੂੰ ਕੰਨਿਆ ਨਾਲ ਈਰਖਾ ਹੋਈ; ਫਿਰ ਚੇਤਾ ਆਇਆ ਕਿ ਉਹ ਤਾਂ ਹੁਣ ਬ੍ਰਹਮਚਰਜ ਪਾਲਣ ਕਰਨ ਜਾ ਰਿਹਾ ਹੈ। ਉਹਨੇ ਹੁਣ ਭਲਾ ਕੰਨਿਆ ਤੋਂ ਕੀ ਲੈਣਾ ਦੇਣਾ ?

ਆਪਣੇ ਮਨ ਨੂੰ ਹੱਠ ਨਾਲ ਕੱਸ ਕੇ ਸੱਜਨ ਨੇ ਰੋਜ਼ਾਨਾ ਕਾਰ ਵਿਹਾਰ ਵਿਚ ਜੀਅ ਲਾਇਆ। ਅੱਜ ਵਰ੍ਹਿਆਂ ਪਿਛੋਂ ਸੱਜਨ ਨੂੰ ਮਾਂ ਦੇ ਮੰਦਰ ਵਿਚ ਜਾਣ ਦੀ ਇੱਛਾ ਹੋਈ। ਸਭ ਨੌਕਰਾਂ ਚਾਕਰਾਂ ਨੂੰ ਵੀ ਇਸ ਗੱਲ ਤੇ ਬੜੀ ਹੈਰਾਨੀ ਹੋਈ। ਕੋਠੀ ਦੇ ਪਿਛਲੇ ਹਿੱਸੇ ਵਿਚ ਸੰਗਮਰਮਰ ਦਾ ਠਾਕੁਰਦੁਆਰਾ ਬਣਿਆ ਹੈ। ਇਹ ਠਾਕੁਰਦੁਆਰਾ ਸੱਜਨ ਦੀ ਪੜਦਾਦੀ ਨੇ ਆਪਣੀ ਕੁਲ ਦੇ ਦੇਵੀ ਦੇਵਤਿਆਂ ਲਈ ਬਣਵਾਇਆ ਸੀ। ਵਿਲਾਇਤੋਂ ਪਰਤਣ ਪਿਛੋਂ ਕੰਨੋਮਲ ਦੀ ਮਾਂ ਨੇ ਆਪਣੇ ਪਤੀ ਨੂੰ ਨਾ ਤਾਂ ਕਦੇ ਆਪਣੀ ਦੇਹ ਛੁਹਣ ਦਿੱਤੀ ਅਤੇ ਨਾ ਕਦੇ ਆਪਣੇ ਠਾਕੁਰਦੁਆਰੇ ਵਿਚ ਹੀ ਪੈਰ ਰਖਣ ਦਿੱਤਾ। ਪਰੰਪਰਾ ਤੋਂ ਕੁੱਲ ਦੇ ਠਾਕੁਰਾਂ ਦੀ ਸੇਵਾ ਸੱਸ ਤੋਂ ਬਹੂ ਦੇ ਸਪੁਰਦ ਹੁੰਦੀ ਆਈ ਅਤੇ ਸੱਜਨ ਦੀ ਮਾਂ ਦੇ ਜੀਵਨ ਕਾਲ ਤਕ ਇਹ ਨਿਯਮ ਨਿਰਵਿਘਨ ਚਲਿਆ ਆਇਆ।

ਸੱਜਨ ਦੀ ਮਾਂ ਦੇ ਸਮੇਂ ਜਿਹੜਾ ਪੁਜਾਰੀ ਠਾਕੁਰਦੁਆਰੇ ਦਾ ਇੰਚਾਰਜ ਸੀ, ਉਸੇ ਦਾ ਭਤੀਜਾ ਇਸ ਵੇਲੇ ਵੀ ਨੌਕਰ ਹੈ। ਨਿਤਾਪ੍ਰਤੀ ਠਾਕੁਰ ਪੂਜਾ ਅਤੇ ਚੰਡੀ ਪਾਠ ਹੋ ਜਾਣ ਪਿਛੋਂ ਉਹ ਸੱਜਨ ਨੂੰ ਚਰਣਾਮਤ ਅਤੇ ਅਸ਼ੀਰਵਾਦ ਦੇਣ ਆਉਂਦਾ ਹੈ — ਬਸ, ਏਨਾ ਹੀ ਸੱਜਨ ਦਾ ਧਰਮ ਨਾਲ ਸੰਬੰਧ ਰਿਹਾ ਹੈ। ਰੱਬ ਹੈ ਜਾਂ ਨਹੀਂ, ਇਸ ਸਮੱਸਿਆ ਤੇ ਉਹਨੇ ਗੰਭੀਰਤਾ ਨਾਲ ਇਕ ਪਲ ਵੀ ਨਹੀਂ ਖ਼ਰਚ ਕੀਤਾ। ਆਮ ਤੌਰ ਤੇ ਉਹ ਰੱਬ ਦਾ ਹਾਸਾ ਉਡਾਉਣ ਵਾਲਾ ਭਾਵ ਰਖਦਾ ਹੈ, ਅੱਜ ਜਦ ਨਹਾ ਕੇ ਉਹ ਸਿੱਧਾ ਠਾਕੁਰਦੁਆਰੇ ਪੁੱਜਾ ਤਾਂ ਚੰਡੀ ਪਾਠ ਕਰਦੇ, ਊਂਘਦੇ ਹੋਏ ਪੁਜਾਰੀ ਜੀ ਇੰਜ ਤ੍ਰਭਕੇ ਜਿਵੇਂ ਭੂਤ ਵੇਖ ਲਿਆ ਹੋਏ।

ਵਰ੍ਹਿਆਂ ਪਿਛੋਂ ਆਪਣੇ ਹੀ ਰਹਿਣ ਵਾਲੇ ਘਰ ਵਿਚ, ਦੂਸਰੇ ਪਾਸੇ ਉਹਨੇ ਪੈਰ ਰਖਿਆ ਹੈ। ਉਹਨੇ ਸਦਾ ਮਾਂ ਨਾਲ ਇਸ ਠਾਕੁਰਦੁਆਰੇ ਦੇ ਕਮਰੇ ਨੂੰ ਅਪਨਾਇਆ ਸੀ। ਮਾਂ ਦੀ ਮੌਤ ਪਿਛੋਂ ਪਹਿਲੀ ਵਾਰ ਉਸ ਮਾਂ ਵਿਹੂਣੇ ਠਾਕੁਟ ਘਰ ਵਿਚ ਆ ਕੇ ਸੱਜਨ ਦਾ ਜੀਅ ਭਰ ਗਿਆ। ਕਮਰਾ ਤੇਜਹੀਣ ਹੋ ਰਿਹਾ ਸੀ, ਉਸ ਵਿਚ ਬਣਿਆ ਹੋਇਆ ਸੰਗਮਰਮਰ ਦਾ ਠਾਕੁਰ ਮੰਡਪ ਮੈਲਾ ਹੋ ਰਿਹਾ ਸੀ। ਮਖ਼ਮਲ ਦਾ ਚੰਦੋਆ, ਉਹਦੇ ਤੇ ਜਰੀ ਦਾ ਕੰਮ — ਸਭ ਕੁਝ ਮੈਲਾ ਮੈਲਾ, ਪੁਰਾਣਾ ਹੋ ਚੁਕਾ ਸੀ। ਚੰਦੋਏ ਨੂੰ ਤਾਣਨ ਵਾਲੇ ਚਾਂਦੀ ਦੇ ਕਲੱਸ਼ ਸਫ਼ਾਈ ਨਾ ਹੋਣ ਕਾਰਨ ਕਾਲੇ ਪੈ ਗਏ ਸਨ। ਤੇਜਹੀਣ ਵਾਤਾਵਰਣ ਵਿਚ ਬਹੁਤ ਸਾਰੇ ਠਾਕੁਰਾਂ ਦਾ ਦਲ ਚੰਦਨ ਅਤੇ ਫੁੱਲਾਂ ਦੇ ਹਾਰਾਂ ਨਾਲ ਸਜਿਆ ਜਿੰਦਹੀਣ ਬੈਠਾ ਸੀ। ਸੱਜਨ ਨੂੰ ਇਹ ਚੰਗਾ ਨਾ ਲੱਗਾ, ਪੁਜਾਰੀ ਤੇ ਕ੍ਰੋਧ ਆਇਆ, ਡਾਂਟ ਕੇ ਬੋਲਿਆ — "ਤੂੰ ਕਿਸ ਧਰਮ ਦਾ ਪਾਲਣ ਕਰਦਾ ਏਂ ? ਜਿਸ ਭਗਵਾਨ ਨੂੰ ਸਭ ਤੋਂ ਪਵਿਤ੍ਰ ਮੰਨਦਾ ਏਂ, ਓਸੇ ਨੂੰ ਏਨੇ ਗੰਦੇ ਢੰਗ ਨਾਲ ਰਖਦਾ ਏਂ ? ਏਨੇ ਚੰਗੇ ਕੰਮ ਲਈ ਹਰਾਮ ਦੀ ਤਨਖ਼ਾਹ ਖਾਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ।

ਪੁਜਾਰੀ ਦੇ ਹੱਥ ਪੈਰ ਫੁੱਲ ਗਏ। ਕਈ ਵਾਰ ਜਵਾਬ ਦੇਣ ਲੱਗਾ ਪਰ ਮਨ ਦੀ ਗੱਲ ਕਹਿ ਨਾ ਸਕਿਆ। ਤੀਹ ਰੁਪਏ ਲੈਣ ਵਾਲਾ ਪੇਸ਼ਾਵਰ ਪੁਜਾਰੀ ਬ੍ਰਾਹਮਣ ਆਪਣੇ ਮਾਲਕ ਦੇ ਗ਼ੁੱਸੇ ਅੱਗੇ ਭਲਾ ਕੁਝ ਕਹਿਣ ਦੀ ਹਿੰਮਤ ਕਿੰਜ ਕਰ ਸਕਦਾ ਸੀ ?

ਅੱਜ ਸੱਜਨ ਨੇ ਆਪਣੇ ਨੌਕਰਾਂ ਨੂੰ ਸਫ਼ਾਈ ਕਰਨ ਦਾ ਹੁਕਮ ਦਿੱਤਾ, ਮਾਲੀ ਲਈ ਵੀ ਇਹ ਫ਼ੁਰਮਾਨ ਜਾਰੀ ਕੀਤਾ ਗਿਆ ਕਿ "ਓਹਨੂੰ ਆਖਣਾ ਕਿ ਕੱਲ੍ਹ ਤੋਂ ਏਥੋਂ ਲਈ ਵਧੀਆ ਫੁੱਲ, ਗੁਲਦਸਤੇ ਅਤੇ ਬੰਦਨਵਾਰ ਆਦਿ ਠੀਕ ਤਰੀਕੇ ਨਾਲ ਲਿਆਇਆ ਕਰੇ ਜਿਵੇਂ ਮਾਤਾ ਜੀ ਦੇ ਵੇਲੇ ਹੁੰਦਾ ਸੀ। ਇਹ ਕੀ ਹੋਇਆ ਕਿ ਉਹ ਆਪਣੀ ਸਾਰੇ ਫੁੱਲਾਂ ਦੀ ਮੇਹਨਤ ਮੇਰੇ ਕਮਰਿਆਂ ਤੇ ਹੀ ਲਾ ਦਿੰਦਾ ਹੈ। ਜੇਕਰ ਕੱਲ੍ਹ ਤਕ ਹਰ ਚੀਜ਼ ਠੀਕ ਨਾ ਹੋਈ ਤਾ ਸਭ ਨੂੰ ਮੈਂ ਪੰਜ ਪੰਜ ਰੁਪਏ ਫ਼ਾਈਨ ਕਰ ਦਿਆਂਗਾ। .....ਤੇ ਪੰਡਤ ਜੀ ਤੁਸੀਂ ਜੇ ਮਨ ਲਾਕੇ, ਠੀਕ ਤਰ੍ਹਾਂ ਨਾਲ ਪਾਠ ਨਹੀਂ ਕਰ ਸਕਦੇ ਤਾਂ ਕੱਲ੍ਹ ਤੋਂ ਮੈਂ ਦੂਸਰਾ

ਇੰਤਜ਼ਾਮ ਕਰ ਲਵਾਂਗਾ।"

"ਨਹੀਂ ਧਰਮ ਅਵਤਾਰ — !"

"ਬਕਵਾਸ ਨਾ ਕਰ ! ਮੈਂ ਆਪਣੇ ਘਰ ਵਿਚ ਸ਼ੁੱਧ ਪਾਠ ਚਾਹੁੰਦਾ ਹਾਂ, ਪੂਰੀ ਨਿਸ਼ਠਾ ਨਾਲ ਉਹ ਹੁੰਦਾ ਵੇਖਣਾ ਚਾਹੁੰਦਾ ਹਾਂ।"

ਪੁਜਾਰੀ, ਨੌਕਰਾਂ ਉੱਤੇ ਆਪਣੇ ਰੋਹਬ ਦਾ ਦਬਦਬਾ ਜਮਾ ਕੇ ਸੱਜਨ ਦਾ ਮਨ ਜਦ ਖ਼ਾਲੀ ਹੋਇਆ ਤਾਂ ਠਾਕੁਰਾਂ ਤੇ ਫਿਰ ਨਜ਼ਰ ਪਈ। ਉਹਦੇ ਮਨ ਵਿਚ ਕੋਈ ਵਿਸ਼ਵਾਸ਼ ਨਾ ਜਾਗਿਆ, ਸੋਚਣ ਲੱਗਾ ਆਖ਼ਰ ਇਨਸਾਨ ਇਹਨਾਂ ਮੂਰਤੀਆਂ ਵਿਚੋਂ ਵੇਖਦਾ ਕਿਹਨੂੰ ਹੈ ? ਉਹਨੇ ਆਪਣੀ ਦਾਦੀ ਨੂੰ, ਮਾਂ ਨੂੰ ਘੰਟਿਆਂ ਬੱਧੀ ਬੈਠ ਕੇ ਸੇਵਾ ਪੂਜਾ ਕਰਦੇ ਹੋਏ ਜਾਂ ਕਥਾ-ਪੁਰਾਣ ਸੁਣਦਿਆਂ ਹੋਇਆਂ ਵੇਖਿਆ ਹੈ। ਉਹਨੇ ਆਪਣੀ ਮਾਂ ਨੂੰ ਬਿਜਲੀ ਦਾ ਪੱਖਾ ਹੁੰਦਿਆਂ ਹੋਇਆਂ ਵੀ ਕਈ ਕਈ ਘੰਟੇ ਠਾਕੁਰ ਜੀ ਨੂੰ ਪੱਖੀ ਝਲਦਿਆਂ ਵੇਖਿਆ ਹੈ। ਭਾਰਤ ਦੇ ਅਨੇਕ ਮੰਦਰਾਂ ਵਿਚ ਜਾ ਕੇ ਵੀ ਉਹਨੇ ਕੇਵਲ ਉਥੋਂ ਦੀ ਕਲਾ ਹੀ ਵੇਖੀ ਹੈ, ਭਗਵਾਨ ਨਹੀਂ। ਉਹਨੇ ਪਾਂਡੇ ਪੁਜਾਰੀਆਂ ਦੀਆਂ ਬਦਮਾਸ਼ੀਆਂ ਅਤੇ ਭੈੜੇ ਚਾਲਚਲਣ ਨੂੰ ਵੀ ਖ਼ੂਬ ਵੇਖਿਆ ਹੈ; ਪਰ ਕਦੀ ਇਸ ਗੱਲ ਤੇ ਤਰਕਪੂਰਣ ਧਿਆਨ ਨਹੀਂ ਦਿੱਤਾ ਕਿ ਆਖ਼ਰ ਕਿਸ ਜਾਦੂ ਨਾਲ ਬੱਧੇ ਹਜ਼ਾਰਾਂ ਲੋਕ ਅਜੇਹੀਆਂ ਥਾਵਾਂ ਤੇ ਖਿੱਚੇ ਤੁਰੇ ਆਉਂਦੇ ਹਨ। ਇਸ ਸਮੇਂ ਸੱਜਨ ਨੂੰ ਇਹ ਵਿਚਾਰ ਪਹਿਲੀ ਵਾਰ ਆਇਆ। ਉਹ ਗੰਭੀਰ ਹੋ ਗਿਆ; ਪਰ ਆਪਣੇ ਪ੍ਰਸ਼ਨ ਦਾ ਉੱਤਰ ਨਾ ਲੱਭ ਸਕਿਆ। ਘਸੀ ਹੋਈ, ਪਿੱਤਲ ਦੀ, ਵੱਡੇ ਵੱਡੇ ਬਨਾਉਟੀ ਨਿਰਜੀਵ ਨੇਤਰ ਲਾਈ ਰਾਧਾਕ੍ਰਿਸ਼ਨ ਦੀ ਵੱਡੀ ਜੋੜੀ, ਬਹੁਤ ਸਾਰੀਆਂ ਛੋਟੀਆਂ ਛੋਟੀਆਂ ਜੋੜੀਆਂ, ਬਹੁਤ ਸਾਰੇ ਪੱਤਰਿਆਂ, ਸਾਲਗ੍ਰਾਮ, ਸ਼ਿਵਜੀ ਦੀਆਂ ਜੜਾਵਾਂ, ਬਾਲਮੁਕੰਦ, ਚਾਂਦੀ ਦੀ ਜਲਧਾਰਾ ਵਿਚ ਨਾਗਧਾਰੀ ਸ਼ਿਵ, ਗਣੇਸ਼, ਮਾਰੂਤੀ, ਤਿੰਨ ਵੱਡੇ ਵੱਡੇ ਤਾਮਰ ਯੰਤਰ — ਇਹਨਾਂ ਸਭਨਾਂ ਚੀਜ਼ਾਂ ਵਿਚ ਉਹਨੂੰ ਕੋਈ ਸੱਚ ਨਜ਼ਰੀਂ ਨਾ ਆਇਆ। ਫਿਰ ਵੀ ਕਰੋੜਾਂ ਇਨਸਾਨ ਆਖ਼ਰ ਇਹਨਾ 'ਚੋਂ ਕੀ ਵੇਖਦੇ ਹਨ ?

ਸੱਜਨ ਦੇ ਕੁਝ ਏਕਾਂਤ ਦੇ ਪਲ ਪੂਰੀ ਸੰਜੀਦਗੀ ਨਾਲ ਗੁਜ਼ਰੇ, ਓਹਨਾਂ ਦਾ ਉਹਦੇ ਉੱਤੇ ਪ੍ਰਭਾਵ ਵੀ ਪਿਆ। ਸੋਚਣ ਲੱਗਾ ਹੁਣ ਏਥੇ ਰੋਜ਼ ਆਇਆ ਕਰਾਂਗਾ — ਹੋਰ ਕੁਝ ਨਹੀਂ ਤਾਂ ਆਪਣੇ ਚਿੰਤਨ ਦਾ ਕਮਰਾ ਬਣਾ ਲਵਾਂਗਾ — ਨਿਯਮ ਨਾਲ ਆਵਾਂਗਾ। ਸੱਜਨ ਨੂੰ ਵਿਸ਼ਵਾਸ਼ ਸੀ, ਇਹਨਾ ਅਨੁਸ਼ਾਸਨ ਉਹ ਆਪਣੇ ਉੱਤੇ ਕਰ ਸਕਦਾ ਹੈ।

ਸੱਜਨ ਅੱਜ ਸਵੇਰ ਤੋਂ ਇਕ ਜ਼ਿੱਦ ਲੈ ਕੇ ਉਠਿਆ ਹੈ, ਉਹਦੇ ਮਨ ਵਿਚ ਤਪ ਤਪ ਕੇ ਇਹ ਨਿਸ਼ਚਾ ਨਿਰੰਤਰ ਢਲ ਰਿਹਾ ਹੈ ਕਿ ਉਹ ਨਾਰੀ ਦੇ ਸੰਬੰਧ ਵਿਚ ਆਪਣੇ ਵਿਚਾਰਾਂ ਨੂੰ ਹੁਣ ਭਟਕਣ ਨਹੀਂ ਦਏਗਾ। ਕੰਨਿਆ ਜੇਕਰ ਉਹਦੇ ਜੀਵਨ ਵਿਚ ਆਏਗੀ ਵੀ ਤਾਂ ਉਹ ਉਹਨੂੰ ਇਕ ਸਾਧਾਰਣ ਮਿੱਤਰ ਦੀ ਨਜ਼ਰ ਨਾਲ ਵੇਖੇਗਾ। ਹੱਠ ਨਾਲ ਉਹ

ਉਹਦੀ ਵਲੋਂ ਆਪਣਾ ਮਨ ਪਰ੍ਹੇ ਰਖੇਗਾ ।

ਅੱਜ ਜਦੋਂ ਆਪਣੇ ਚੌਕ ਵਾਲੇ ਸਟੂਡੀਓ ਲਈ ਤੁਰਿਆ ਤਾਂ ਦੋ ਨੌਕਰ ਅਤੇ ਬਾਲਟੀਆਂ ਆਦਿ ਵੀ ਨਾਲ ਲੈ ਲਈਆਂ; ਬਹੁਤ ਸਾਰੇ ਫੁੱਲ ਅਤੇ ਗੁਲਦਸਤੇ ਵੀ ਨਾਲ ਰਖ ਲਏ । ਅੱਜ ਉਹ ਅੰਦਰ ਬਾਹਰ, ਹਰ ਤਰ੍ਹਾਂ ਦੀ ਸਫ਼ਾਈ ਕਰਨ ਤੇ ਤੁਲਿਆ ਹੋਇਆ ਸੀ — ਨਸ਼ੇ ਪਿਛੋਂ ਵੀ ਉਹ ਆਪਣੇ ਜਨੂੰਨ ਨੂੰ ਗਰਮਾਈ ਰਖਣ ਦੇ ਯਤਨ ਵਿਚ ਲੱਗਾ ਹੋਇਆ ਸੀ ।

ਨੌਕਰਾਂ ਨਾਲ ਪਹਿਲੀ ਵਾਰ ਹੀ ਉਹ ਆਪਣੀ ਕੋਠਰੀ ਵਿਚ ਆਇਆ ਸੀ, ਹੁਣ ਤਕ ਕੇਵਲ ਡ੍ਰਾਈਵਰ ਨੇ ਹੀ ਇਹ ਜਗ੍ਹਾ ਵੇਖੀ ਸੀ । ਬੰਗਲੇ ਦੇ ਨੌਕਰ ਸੁੰਘਦੇ ਹੋਏ ਗਊਸ਼ਾਲਾ ਦੇ ਛੱਤੇ ਤੇ ਆਪਣੇ ਮਾਲਕ ਦੇ ਪਿੱਛੇ ਪਿੱਛੇ ਤੁਰਨ ਲੱਗੇ । ਪਾਉੜੀਆਂ ਚੜ੍ਹਦਿਆਂ ਹੋਇਆਂ ਅਕਾਨਕ ਤਾਈ ਦੇ ਘਰ ਦੇ ਖੁਲ੍ਹੇ ਹੋਏ ਬੂਹਿਆਂ ਤੇ ਨਜ਼ਰ ਪਈ, ਨੌਕਰ ਦੇ ਸਿਰ ਤੇ ਫੁੱਲਾਂ ਦਾ ਟੋਕਰਾ ਵੇਖ ਕੇ ਉਹਦੀ ਇੱਛਾ ਹੋਈ ਕਿ ਚਲੋ, ਤਾਈ ਦੇ ਠਾਕੁਰਾਂ ਵਾਸਤੇ ਵੀ ਉਹਨੂੰ ਕੁਝ ਫੁੱਲ ਦੇ ਆਈਏ । ਸ਼ਾਇਦ ਉਹ ਖ਼ੁਸ਼ ਹੋ ਜਾਏ । ਨੌਕਰਾਂ ਨੂੰ ਚਾਬੀ ਦੇ ਕੇ, ਕਮਰਾ ਧੋਣ, ਸਾਫ਼ ਕਰਨ ਦਾ ਹੁਕਮ ਦੇ ਕੇ, ਅਤੇ ਆਪ ਵਾਂਸ ਦੀ ਛੋਟੀ ਜਹੀ ਟੋਕਰੀ ਵਿਚ ਫੁੱਲ ਲੈ ਕੇ ਤਾਈ ਦੇ ਘਰ ਵਲ ਤੁਰ ਪਿਆ । ਦਹਿਲੀਜ ਵਿਚ ਪੈਰ ਧਰਦਿਆਂ ਵਿਚਾਰ ਆਇਆ ਕਿ ਗਾਲ੍ਹਾਂ ਖਾਣੀਆਂ ਪਈਆਂ ਤਾਂ ? ਫਿਰ ਸੋਚਿਆ ਕਿ ਖਾ ਲਵਾਂਗਾ ।

ਵਿਹੜੇ ਵਿਚ ਤਿੰਨ ਬਿੱਲੀ ਦੇ ਬੱਚੇ ਲਾਈਨ ਲਾ ਕੇ ਬੈਠੇ ਹੋਏ ਸਨ — ਉਹਨੂੰ ਵੇਖਦਿਆਂ ਹੀ ਇਕੋ ਅਵਾਜ਼ ਵਿਚ ਮਿਆਊਂ ਮਿਆਊਂ ਕਰਨ ਲੱਗ ਪਏ । ਸੱਜਨ ਦਾ ਵਿਹੜੇ ਵਿਚ ਇਕ ਪੈਰ ਪੁੱਟਣਾ ਵੀ ਔਖਾ ਕਰ ਦਿੱਤਾ । ਸੱਜਨ ਨੂੰ ਇਹ ਡਰ ਰਹਿੰਦਾ ਸੀ ਕਿ ਕਿਤੇ ਕੋਈ ਮਿੱਧਿਆ ਨਾ ਜਾਏ । ਉਹ ਉਹਦੇ ਪੈਰਾਂ ਦੁਆਲੇ ਮਿਆਊਂ ਮਿਆਊਂ ਦਾ ਰੌਲਾ ਪਾਉਂਦੇ ਉਹਨੂੰ ਬੇੜੀਆਂ ਵਾਂਗ ਜਕੜ ਲੈਂਦੇ ਸਨ ।

ਸਾਹਮਣੇ ਦਲਾਨ ਵਿਚ ਜ਼ਰਾ ਉਹਲਾ ਕਰਕੇ ਮੰਜੀ ਨਾਲ ਬੱਝੀ ਹੋਈ ਤਾਈ ਨਜ਼ਰੀਂ ਪਈ । ਸੱਜਨ ਅਚਾਨਕ ਤ੍ਰਭਕ ਪਿਆ, ਉਹਦਾ ਸਾਰਾ ਚਿਹਰਾ ਹਨੂੰਮਾਨ ਜੀ ਵਾਂਗ ਸੰਧੂਰ ਨਾਲ ਪੋਚਿਆ ਹੋਇਆ ਸੀ, ਮੂੰਹ ਤੇ ਪੱਟੀ ਬੱਝੀ ਹੋਈ, ਗਲ੍ਹਾਂ ਅਤੇ ਮੱਥੇ ਤੇ ਕੱਜਲ ਦੀਆਂ ਲਕੀਰਾਂ — ਲਾਸ਼ ਵਾਂਗ ਬੱਝਾ ਹੋਇਆ ਤਾਈ ਦਾ ਇਹ ਸਰੀਰ, ਭਿਆਨਕ ਜਾਦੂ ਦੇ ਮੇਕਅਪ ਵਾਲਾ ਰੂਪ ਵੇਖ ਕੇ ਸੱਜਨ ਨੂੰ ਇਕ ਵਾਰ ਇਹ ਵਿਸ਼ਵਾਸ਼ ਹੋ ਗਿਆ ਕਿ ਤਾਈ ਮਰ ਚੁਕੀ ਹੈ । ਲਾਸ਼ ਦੇ ਕੋਲ ਜਾਂਦਿਆਂ ਹੋਇਆਂ ਉਹਨੂੰ ਝਿਜਕ ਮਹਿਸੂਸ ਹੋਈ । ਇੰਨੇ ਵਿਚ ਤਾਈ ਦਾ ਸਿਰ ਹਿੱਲਿਆ, ਡੂੰਘੇ ਮੇਕਅਪ ਵਿਚ ਪਾਟੀਆਂ ਹੋਈਆਂ ਸਫ਼ੈਦ ਅੱਖਾਂ ਚਮਕ ਪਈਆਂ । ਸੱਜਨ ਝਟ ਕੋਲ ਗਿਆ । ਉਹਨੇ ਉਹਦੇ ਮੂੰਹ ਤੇ ਬੱਝੀ ਪੱਟੀ ਖੋਹਲੀ, ਮੂੰਹ ਵਿਚ ਠੁਕਿਆ ਹੋਇਆ ਕਪੜਾ ਬਾਹਰ ਕਢਿਆ; ਤਾਈ ਦੇ

ਜਬਾੜੇ ਜਕੜੇ ਗਏ ਸਨ, ਬੜੀ ਦੇਰ ਤਕ ਜਿਉਂ ਦੇ ਤਿਉਂ ਖੁੱਲ੍ਹੇ ਰਹੇ। ਸੱਜਨ ਨੇ ਤਾਈ ਦੇ ਬੰਧਨ ਖੋਹਲੇ, ਉਹਦੇ ਠੰਡੇ ਹੱਥਾਂ ਪੈਰਾਂ ਅਤੇ ਜਬਾੜਿਆਂ ਨੂੰ ਉਹ ਤੇਜ਼ੀ ਨਾਲ ਮਲਣ ਲੱਗਾ।

ਥੋੜ੍ਹੀ ਦੇਰ ਪਿਛੋਂ ਤਾਈ ਕੁਝ ਸੁਰਤ ਵਿਚ ਆਈ, ਆਪਣੇ ਜਬਾੜਿਆਂ ਵਿਚ ਲੱਗੇ ਹੋਏ ਜੰਦਰਿਆਂ ਦੀ ਪ੍ਰੇਸ਼ਾਨੀ ਨਾਲ ਤਾਈ ਹੁਣ ਵੀ ਜੂਝ ਰਹੀ ਸੀ। ਸੱਜਨ ਉਹਦੇ ਗਲ ਨੂੰ ਮਾਲਸ਼ ਕਰਦਾ ਕਰਦਾ ਜਬਾੜੇ ਨੂੰ ਠੀਕ ਬੈਠਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਤਾਈ ਅੰਦਰੋ ਅੰਦਰ ਬੋਲਣ ਲਈ ਤਾਣ ਲਾ ਰਹੀ ਸੀ। ਮੰਜੀ ਦੇ ਦੋਵਾਂ ਪਾਵਿਆਂ ਉਤੇ ਹੱਥ ਦਾ ਜ਼ੋਰ ਪਾ ਕੇ ਤਾਈ ਉਠ ਕੇ ਬੈਠ ਗਈ। ਉਹਨੇ ਸੱਜਨ ਨੂੰ ਪੋਲੇ ਜਹੇ ਹੱਥ ਨਾਲ ਪਰ੍ਹੇ ਕਰ ਦਿੱਤਾ।

ਸੱਜਨ ਨੇ ਕਿਹਾ, ਮੈਂ ਡਾਕਟਰ ਬੁਲਵਾਉਂਦਾ ਹਾ, ਤਾਈ। ਤਾਈ ਨੇ ਹੱਥ ਹਿਲਾ ਕੇ ਮਨ੍ਹਾ ਕੀਤਾ। ਵਿਹੜੇ ਵਿਚ ਮਿਆਊਂ ਮਿਆਊਂ ਕਰਦੇ ਹੋਏ ਬੱਚਿਆਂ ਵਲ ਹੱਥ ਕਰਕੇ ਆਪਣੇ ਖੁਲ੍ਹੇ ਜਬਾੜਿਆਂ ਵਾਲੇ ਬੇਵਸ ਗਲੇ 'ਚੋਂ ਆਵਾਜ਼ ਕੱਢਣੀ ਸ਼ੁਰੂ ਕੀਤੀ।

ਸੱਜਨ ਕੁਝ ਨਾ ਸਮਝਿਆ। ਬੋਲਿਆ — "ਮੈਂ ਹੁਣੇ ਸੇਕਣ ਦਾ ਪ੍ਰਬੰਧ ਕਰਦਾ ਹਾਂ, ਜ਼ਰੂਰਤ ਪਏਗੀ ਤਾਂ ਡਾਕਟਰ ਨੂੰ ਬੁਲਵਾ ਲਵਾਂਗਾ।"

ਤਾਈ ਵਿਹੜੇ ਵਲ ਹੱਥ ਕਰਕੇ ਬਿਨਾ ਸ਼ਬਦਾਂ ਵਾਲੀ ਅਵਾਜ਼ ਵਿਚ ਕੁਝ ਕਹਿ ਰਹੀ ਸੀ, ਜਿਹਨੂੰ ਕੁਝ ਹੋਰ ਸਮਝ ਕੇ ਸੱਜਨ ਨੇ ਜਵਾਬ ਦਿੱਤਾ — "ਮੈਂ ਤੁਹਾਡਾ ਬੱਚਾ ਹਾਂ। ਮੈਥੋਂ ਸੇਵਾ ਕਰਾਉਣ ਵਿਚ ਜ਼ਰਾ ਜਿੰਨਾ ਵੀ ਸੰਕੋਚ ਨਾ ਕਰੋ।"

ਤਾਈ ਫਿਰ ਵਿਹੜੇ ਵਲ ਹੱਥ ਕਰਨ ਲੱਗੀ। ਸੱਜਨ ਨੌਕਰਾਂ ਨੂੰ ਬੁਲਾਉਣ ਬਾਹਰ ਚਲਾ ਗਿਆ — ਇਸ ਵਾਰ ਕੁਝ ਵਿਸ਼ਵਾਸ ਨਾਲ ਗਿਆ। ਬੱਚੇ ਵਿਹੜੇ ਵਿਚ ਰੌਲਾ ਪਾਉਂਦੇ ਰਹੇ।

ਜਦ ਸੱਜਨ ਆਪਣੇ ਇਕ ਨੌਕਰ ਨਾਲ ਸਟੋਵ ਲੈ ਕੇ ਪਹੁੰਚਿਆ ਤਾਂ ਤਾਈ ਮੰਜੀ ਤੇ ਬੈਠੀ ਹੋਈ ਹੱਥਾਂ ਨਾਲ ਆਪਣਾ ਸਿਰ ਅਤੇ ਹੇਠਲਾ ਜਬਾੜਾ ਫੜ ਕੇ ਹਿਲਾਉਣ ਦਾ ਯਤਨ ਕਰ ਰਹੀ ਸੀ। ਸੱਜਨ ਨੇ ਲਗਾਤਾਰ ਮਾਲਸ਼ ਕੀਤੀ, ਆਪਣੇ ਅਤੇ ਨੌਕਰਾਂ ਦੇ ਮਫ਼ਲਰਾਂ ਨੂੰ ਸਟੋਵ ਤੇ ਗਰਮ ਕਰਕੇ ਸੇਕ ਕੀਤਾ। ਤਾਈ ਨੇ ਆਪਣੀ ਲੋਦੇ ਵਰਗੀ ਜ਼ਬਾਨ ਚੁੱਕ ਕੇ ਪਹਿਲਾ ਸ਼ਬਦ ਬੋਲਿਆ — "ਦੁੱਧ"। ਸੱਜਨ ਨੇ ਤਾਈ ਦੀ ਦੁੱਧ ਪੀਣ ਦੀ ਇੱਛਾ ਜਾਣ ਕੇ ਝਟ ਨੌਕਰ ਨੂੰ ਬਜ਼ਾਰੋਂ ਇਕ ਸੇਰ ਦੁੱਧ ਲਿਆਉਣ ਲਈ ਭੇਜਿਆ। ਤਾਈ ਦੁਪੱਟੇ ਦੀ ਕੰਨੀਉਂ ਪੈਸੇ ਖੋਹਲਦੀ ਹੀ ਰਹਿ ਗਈ।

ਤਾਈ ਥੋੜ੍ਹੀ ਦੇਰ ਤਕ ਉਹਨੂੰ ਵੇਖਦੀ ਰਹੀ, ਫਿਰ ਥੱਕੀ ਅਵਾਜ਼ ਵਿਚ ਉਹਨੂੰ ਕਿਹਾ : ਕੰਨੋਮਲ ਦੇ ਪੋਤੇ!" ਫਿਰ ਸਾਹ ਲਿਆ ਤੇ ਕਿਹਾ — "ਨੰਦੋ ਦਾ ਪਿਉ ਸੀ"! ਆਖ ਕੇ ਤਾਈ ਫਿਰ ਥੱਕ ਗਈ। ਉਹਦਾ ਕੱਜਲ ਸੰਧੂਰ ਨਾਲ ਰੰਗਿਆ, ਤਿਲਾ ਨਾਲ ਚਿਪਕਿਆ

ਹੋਇਆ ਚਿਹਰਾ ਸੱਜਨ ਦੇ ਮਨ ਵਿਚ ਇਕ ਅਜੀਬ ਕਲਪਨਾ ਜਗਾ ਰਿਹਾ ਸੀ। ਥੜੀ ਤੇ ਬੈਠ ਕੇ, ਬੱਚਿਆਂ ਨੂੰ ਆਪਣੇ ਪੱਲੇ 'ਚ ਪਾ ਕੇ ਤਾਈ ਬਹਿ ਗਈ। ਫਿਰ ਸੱਜਨ ਵਲ ਵੇਖ ਕੇ ਆਪਣੀ ਧੋਤੀ ਦੇ ਪੱਲੇ ਦੀ ਗੰਢ ਖੋਲ੍ਹ ਕੇ ਪੈਸੇ ਕੱਢਦਿਆਂ ਹੋਇਆਂ ਤਾਈ ਨੇ ਕਿਹਾ — "ਦੁੱਧ ਮੰਗਵਾ ਦੇ।"

"ਤਾਈ ਮੰਗਵਾਇਆ ਤਾਂ ਹੈ।"

"ਇਹਨਾਂ ਲਈ ਮੰਗਵਾ ਦੇ।"

ਨੌਕਰ ਦੇ ਪਰਤ ਆਉਣ ਤੇ ਸੱਜਨ ਚੁੱਪਚਾਪ ਤਾਈ ਵਲ ਵੇਖ ਕੇ ਇਹ ਸੋਚਦਾ ਰਿਹਾ — ਤਾਈ ਜਿਹਨੂੰ ਸਭ ਬੁਰਾ ਕਹਿੰਦੇ ਨੇ; ਜੋ ਹਰ ਵੇਲੇ ਗਾਲ੍ਹਾਂ ਗੱਟਾਂ ਕਰਦੀ ਰਹਿੰਦੀ ਹੈ, ਟੂਣੇ ਟੋਟਕੇ ਕਰਦੀ ਹੈ — ਹਰ ਇਕ ਨਾਲ ਨਫ਼ਰਤ ਕਰਦੀ ਹੈ, — ਉਹ ਤਾਈ ਇਹਨਾਂ ਬਿੱਲੀ ਦੇ ਬੱਚਿਆਂ ਲਈ ਨਾ ਜਾਣੀਏ ਕਿੰਨੇ ਚਿਰ ਤੋਂ ਤੜਫ ਰਹੀ ਸੀ। ਉਹਨੂੰ ਸਭ ਤੋਂ ਪਹਿਲਾਂ ਉਹਨਾਂ ਬੱਚਿਆਂ ਦੀ ਚਿੰਤਾ ਹੋਈ। ਸੱਜਨ ਸੋਚਣ ਲੱਗਾ ਪੱਥਰ ਵੀ ਪਿਘਲਣਾ ਜਾਣਦਾ ਹੈ। ਮਨੁੱਖ ਦੇ ਜੀਵਨ ਵਿਚ ਏਨੀ ਸੁੰਦਰਤਾ ਪਤਾ ਨਹੀਂ ਕਿਥੇ ਲੁਕੀ ਰਹਿੰਦੀ ਹੈ? — ਅਤੇ ਏਸ ਸਹੱਪਣ ਦਾ ਧਨੀ ਹੁੰਦਿਆਂ ਵੀ ਮਨੁੱਖ ਆਪਣੇ ਚਾਰੇ ਪਾਸੇ ਘਿਰਣਾ, ਗ਼ੁੱਸਾ ਅਤੇ ਹਿੰਸਾ ਦਾ ਜਾਲ ਕਿਉਂ ਉਣ ਲੈਂਦਾ ਹੈ — ਇਹ ਸੱਜਨ ਦੀ ਸਮਝ ਵਿਚ ਨਾ ਆਇਆ। ਫਿਰ ਵੀ ਤਾਈ ਉਹਦੇ ਲਈ ਸ਼ਰਧਾ ਦਾ ਵਿਸ਼ਾ ਬਣ ਗਈ ਸੀ।

ਬੱਚੇ ਤਾਈ ਦੀ ਗੋਦ ਵਿਚ ਘੁੱਸ ਕੇ ਸੌਣ ਲਈ ਇਕ ਦੂਜੇ ਨਾਲ ਮਿੱਠਾ ਝਗੜਾ ਕਰ ਰਹੇ ਸਨ। ਦੋਂਹ ਨੂੰ ਤਾਂ ਆਰਾਮ ਦੀ ਥਾਂ ਮਿਲ ਗਈ ਸੀ, ਇਕ ਤਾਈ ਦੇ ਹੱਥ ਤੇ ਚੜ੍ਹਦਾ ਹੋਇਆ ਉਹਦੇ ਮੋਢੇ ਤੇ ਬੈਠ ਕੇ ਅੱਖਾਂ ਮੀਟਦਾ ਹੋਇਆ ਝੋਕ ਲੈਣ ਦਾ ਯਤਨ ਕਰ ਰਿਹਾ ਸੀ; ਤਾਈ ਦੀ ਧੌਣ ਪਿਆਰ ਨਾਲ ਉਹਦੇ ਉਤੇ ਨੀਵੀਂ ਹੋਈ ਸੀ। ਕਾਗ਼ਜ਼ ਪੈਂਸਲ ਲਈ ਸੱਜਨ ਦਾ ਜੀਅ ਮਚਲਣ ਲੱਗਾ। ਏਸ ਮਨਹੂਸ ਮੇਕਅਪ ਵਿਚ ਤਾਈ ਜਿੰਨੀ ਭਿਅੰਕਰ ਲਗ ਰਹੀ ਸੀ, ਉਹਨੀ ਹੀ ਬੱਚਿਆਂ ਨਾਲ ਤਰਸ ਭਰੀ।

ਨੌਕਰ ਦੁੱਧ ਲੈ ਕੇ ਆਇਆ। ਤਾਈ ਬੱਚਿਆਂ ਨੂੰ ਝੋਲੀ 'ਚ ਪਾ ਕੇ ਉਠ ਪਈ, ਉਹਦੇ ਦੁੱਧ ਦੇ ਢੱਕਣ ਵਿਚ ਦੁੱਧ ਪਾ ਕੇ ਤਾਈ ਨੇ ਸੱਜਨ ਨੂੰ ਕਿਹਾ — "ਹੁਣ ਤੂੰ ਜਾ।"

"ਥੋੜਾ ਜਿਹਾ ਤੂੰ ਵੀ ਪੀ ਲੈ ਤਾਈ?"

"ਮੇਰੇ ਤਾਂ ਮੋਏ ਦਰਸ਼ਨ ਵੀ ਰਹਿ ਗਏ — ਕੰਮਬਖ਼ਤ ਦੇ ਸਾਰੇ ਘਰ ਨੂੰ ਹੈਜ਼ਾ ਹੋ ਜਾਏ। ਤੂੰ ਆਪਣਾ ਦੁੱਧ ਲੈ ਜਾ। ਜਾ!"

ਭੁੱਖੇ ਬੱਚੇ ਉਤਾਵਲ ਨਾਲ ਢੱਕਣ ਦਾ ਦੁੱਧ ਚੱਟ ਕਰ ਰਹੇ ਸਨ। ਸੱਜਨ ਤੇ

ਓਹਦੇ ਨੌਕਰਾਂ ਦੇ ਜਾਣ ਪਿਛੋਂ ਤਾਈ ਨੇ ਘਰ ਦਾ ਦਰਵਾਜ਼ਾ ਬੰਦ ਕੀਤਾ ਅਤੇ ਬੜੀ ਉਤਾਵਲੀ ਹੋ ਕੇ ਆਪਣੇ ਘਰ ਦੀਆਂ ਕੋਠੜੀਆਂ ਵਿਚ ਘੁੱਸ ਕੇ ਚੋਰਾਂ ਵਲੋਂ ਉਲਟ ਪੁਲਟ ਕੀਤੀਆਂ ਚੀਜ਼ਾਂ, ਸੰਦੂਕ ਆਦਿ ਵੇਖਣ ਲੱਗੀ। ਚੱਕੀ ਉਖਾੜ ਕੇ ਉਹਦੇ ਹੇਠਲੀ ਹਾਂਡੀ ਖ਼ਾਲੀ ਕੀਤੀ ਜਾ ਚੁਕੀ ਸੀ। ਚੁੱਲ੍ਹਾ ਧੰਨ ਦੇ ਲਾਲਚ ਵਿਚ ਮੁਫ਼ਤ ਵਿਚ ਈ ਭੰਨਿਆ ਗਿਆ ਸੀ। ਦਲਾਨ ਦੇ ਅੰਦਰ ਵਾਲੀ ਕੋਠੜੀ ਦੀਆ ਚਾਰੇ ਬਾਹੀਆਂ ਧੰਨ ਦੇ ਲਾਲਚ ਵਿਚ ਚੋਰਾਂ ਨੇ ਪੁੱਟ ਸੁੱਟੀਆਂ ਸਨ। ਲਾਲਟੈਣ ਬਾਲ ਕੇ ਤਾਈ ਨੇ ਧੰਨੀਆਂ ਵਿਚ ਬੱਝੀ ਹੋਈ ਰੁਪਿਆਂ ਦੀ ਪੋਟਲੀ ਵੀ ਵੇਖੀ — ਉਹ ਨਹੀਂ ਮਿਲੀ। ਬੜੀ ਦੇਰ ਤਾਈ ਸਿਰ ਤੇ ਹੱਥ ਰਖੀ ਡੂੰਘੀ ਸੋਚ ਵਿਚ ਬੈਠੀ ਰਹੀ। ਬਿੱਲੀ ਦੇ ਬੱਚੇ ਢਿੱਡ ਭਰ ਜਾਣ ਕਰਕੇ ਚੁੰਗੀਆਂ ਭਰ ਰਹੇ ਸਨ।

ਚੋਰਾਂ ਹੱਥੋਂ ਨਸ਼ਟ ਹੋ ਗਏ ਆਪਣੇ ਘਰ ਨੂੰ ਮੁੱਢ ਤੋਂ ਠੀਕ ਕਰ ਕੇ, ਰਸੋਈ ਵਾਲੇ ਦਲਾਨ ਵਿਚ ਸੁੱਟੇ ਗਏ ਅੰਨ, ਮਸਾਲੇ ਦੇ ਪੀਪਿਆਂ ਅਤੇ ਟੁੱਟੇ ਮਟਕਿਆਂ ਨੂੰ ਤਾਈ ਨੇ ਰੁਖ਼ ਸਿਰ ਕੀਤਾ, ਘਰ ਧੋਤਾ, ਨਹਾਤੀ ਅਤੇ ਠਾਕੁਰ ਜੀ ਦੀ ਪੂਜਾ ਕੀਤੀ, ਸੱਜਨ ਵਲੋਂ ਲਿਆਂਦੇ ਗਏ ਫੁੱਲ ਚੜ੍ਹਾਏ। ਫਿਰ ਦਰਵਾਜ਼ੇ ਨੂੰ ਜੰਦਰਾ ਲਾ ਕੇ ਸੱਜਨ ਦੀ ਕੋਠੜੀ ਵਿਚ ਪਹੁੰਚੀ। ਨੌਕਰਾਂ ਨੇ ਕਮਰਾ ਅਤੇ ਛੱਤ ਧੋ ਕੇ ਸਾਫ਼ ਕਰ ਦਿਤੇ ਸਨ, ਹਰ ਚੀਜ਼ ਕਰੀਨੇ ਨਾਲ ਸਜਾਈ ਜਾ ਚੁਕੀ ਸੀ, ਫੁੱਲਾਂ ਦੇ ਗੁਲਦਸਤੇ ਕਮਰੇ ਨੂੰ ਰੰਗੀਨ ਬਣਾ ਰਹੇ ਸਨ। ਸੱਜਨ ਬੈਠਾ ਤਾਈ ਦਾ ਸਕੈੱਚ ਬਣਾ ਰਿਹਾ ਸੀ। ਦਰਵਾਜ਼ੇ ਤੇ ਤਾਈ ਨੂੰ ਖਲੋਤਿਆਂ ਵੇਖ ਕੇ ਸੱਜਨ ਹੜਬੜਾ ਕੇ ਉਠ ਪਿਆ — "ਆਉ ਤਾਈ ਜੀ।"

ਤਾਈ ਦਾ ਚਿਹਰਾ ਚਿੰਤਾ ਨਾਲ ਕਠੋਰ ਹੋ ਰਿਹਾ ਸੀ, ਬੋਲੀ — "ਮੇਰਾ ਤਿੰਨ ਹਜ਼ਾਰ ਅਤੇ ਛੇ ਵੀਹਾਂ ਰੁਪਏਆਂ ਚੁਰਾ ਕੇ ਲੈ ਗਏ ਦੁਸ਼ਟ। ਵੇਖ ਲਈਂ, ਇਹਨਾਂ ਦੇ ਰੋਮ ਰੋਮ 'ਚੋਂ ਕੋਹੜ ਬਣ ਕੇ ਮੇਰੀ ਪਾਈ ਪਾਈ ਨਿਕਲੇਗੀ।"

ਸੱਜਨ ਨੇ ਸੋਚਿਆ ਕਿ ਚੋਰ ਤਾਈ ਦਾ ਸਾਰਾ ਜੋੜਿਆ ਜੁਟਿਆ ਲੈ ਗਏ ਹੋਣਗੇ। ਉਹਨੇ ਤਾਈ ਨੂੰ ਹੌਸਲਾ ਦਿੱਤਾ। ਅਚਾਨਕ ਉਹ ਉਹਨੂੰ ਪੁੱਛ ਬੈਠੀ — "ਕੰਨੋਮਲ ਦਿਆ ਪੋਤਿਆ ਤੇਰਾ ਵਿਆਹ ਹੋ ਗਿਆ ?"

"ਅਜੇ ਨਹੀਂ।"

"ਮੇਰੇ ਕੋਲ ਗੋਕੁਲਦੁਆਰੇ 'ਚ ਇਕ ਜਣਾ ਆਉਂਦਾ ਏ। ਦੱਸਣਾ ਏ, ਆਪਣੀ ਬਰਾਦਰੀ ਦੇ। ਉਹਨਾਂ ਦੀ ਇਕ ਲੜਕੀ ਏ, ਬੜੀ ਸੁੰਦਰ, ਸਾਰੇ ਕੰਮ ਕਾਰ ਵਿਚ ਹੁਸ਼ਿਆਰ ਏ। ਛੇਵੀਂ ਤਕ ਘਰ ਵਿਚ ਅੰਗ੍ਰੇਜ਼ੀ ਵੀ ਪੜ੍ਹਾਈ ਏ। ਆਖੇਂ ਤਾਂ ਗੱਲ ਚਲਾਵਾਂ।"

ਸੱਜਨ ਨੇ ਹੱਸ ਕੇ ਕਿਹਾ — "ਨਹੀਂ ਤਾਈ ਜੀ, ਅਜੇ ਤਾਂ ਸ਼ਾਦੀ ਨਹੀਂ ਕਰਨੀ।"

ਅਜੇ ਨਹੀਂ ਕਰੇਂਗਾ ਤਾਂ ਬੁੱਢਾ ਹੋ ਕੇ ਕਰੇਂਗਾ ? ਕੰਨੋਮਲ ਭੜੂਆ ਤਾਂ ਧਰਮ-ਭਰਿਸ਼ਟ

ਸੀ — "ਤੂੰ ਵੀ ਉਹੋ ਜਿਹਾ ਏਂ।"

ਸੱਜਨ ਨੇ ਹੱਸ ਕੇ ਕਿਹਾ — "ਨਹੀਂ ਤਾਈ, ਮੈਂ ਤਾਂ ਬੜੀ ਪਵਿੱਤਰਤਾ ਨਾਲ ਰਹਿੰਦਾ ਹਾਂ।

"ਰੋਟੀ ਕੌਣ ਪਕਾਉਂਦਾ, ਮਹਾਰਜ ਦੇ ਹੋਟਲ 'ਚੋਂ ਖਾਂਦਾ ਏ ?"

"ਮਹਾਰਜ ਬਣਾਉਂਦਾ ਏ, ਤਾਈ ਜੀ। ਕਦੇ ਕਦੇ ਮੈਂ ਵੀ ਬਣਾ ਲੈਂਦਾ ਹਾਂ।" ਤਾਈ ਦੇ ਸਾਹਮਣੇ ਪਵਿੱਤਰਤਾ ਦੀ ਗੱਲ ਕਰਦਿਆਂ ਸੱਜਨ ਨੂੰ ਮਨ ਹੀ ਮਨ ਵਿਚ ਬੜਾ ਜ਼ੋਰ ਦਾ ਹਾਸਾ ਆ ਰਿਹਾ ਸੀ। ਤਾਈ ਬੋਲੀ — "ਤੂੰ ਜੇ ਰਾਮਚੰਦਰ ਦੀ ਲੜਕੀ ਨਾਲ ਵਿਆਹ ਕਰਨ ਲਈ ਰਾਜ਼ੀ ਹੋਏ ਤਾਂ ਮੈਂ — (ਅਗਾਂਹ ਖਿਸਕ ਕੇ ਹੌਲੀ ਜਹੀ) ਸੌ ਤੋਲੇ ਸੋਨਾ ਤੇਰੀ ਬਹੂ ਨੂੰ ਚੜ੍ਹਾਂਊਗੀ। ਵੇਖ ਚਾਹੇ ਕੋਈ ਮੈਨੂੰ ਜਿੰਨਾ ਵੀ ਲੁਟਣ ਦੀ ਕੋਸ਼ਿਸ਼ ਕਰੇ, ਪਰ ਗੋਕੁਲਨਾਥ ਜੀ ਮਹਾਰਾਜ ਮੇਰੀ ਰੱਛਾ ਕਰਦੇ ਨੇ। ਦੁਸਟਾਂ ਦਾ ਇਕ ਇਕ ਦਾ ਬੰਸ ਨਾਸ ਕਰ ਦਿਊਂ।......ਪਰ ਤੂੰ ਵਿਆਹ ਕਰ ਲੈ ਕੰਨੋਮਲ ਦੇ ਪੋਤਿਆ। ਸੌ ਤੋਲੇ......"

ਸੱਜਨ ਅਤੇ ਤਾਈ ਨੇ ਸਿਰ ਚੁਕ ਕੇ ਵੇਖਿਆ — ਦਰਵਾਜ਼ੇ ਤੇ ਕੰਨਿਆ ਸੀ। ਸੱਜਨ ਘਬਰਾਇਆ, ਆਪਣੇ ਕਾਰਨ ਵੀ ਅਤੇ ਤਾਈ ਦੇ ਕਾਰਨ ਵੀ। ਤਾਈ ਉਹਨੂੰ ਕੱਠਨ ਪਾਰਖੂ ਨਜ਼ਰਾਂ ਨਾਲ ਵੇਖਦੀ ਰਹੀ। ਕੰਨਿਆ ਸਾਹਮਣੇ ਚੱਟਾਈ ਤੇ ਆ ਕੇ ਬਹਿ ਗਈ। ਤਾਈ ਨੇ ਪੁੱਛਿਆ — "ਇਹ ਕੌਣ ਏ ?"

ਸੱਜਨ ਮੁਸ਼ਕਿਲ 'ਚ ਫਸ ਗਿਆ। ਉਹ ਜਾਣਦਾ ਸੀ ਕਿ ਕੁਆਰੀ ਤੇ ਹੋਰ ਜ਼ਾਤ ਦੀ ਦੱਸਣ ਤੇ ਤਾਈ ਕੰਨਿਆ ਅਤੇ ਸੱਜਨ ਦੋਵਾਂ ਤੋਂ ਹੀ ਫਰੰਟ ਹੋ ਜਾਏਗੀ। ਕੰਨਿਆ ਦੇ ਸਾਹਮਣੇ ਆ ਜਾਣ ਤੇ ਸੱਜਨ ਦਾ ਮਨ ਡਾਵਾ ਡੋਲ ਹੋਣ ਲੱਗਾ — "ਇਹ ਆਪਣੀ ਈ ਬਰਾਦਰੀ ਦੀ ਏ ਤਾਈ।"

"ਕੀਹਦੀ ਧੀ ਏਂ ?"

"ਇਹ ਇਹ ਤਾਈ — ਇਹਦਾ ਪੇਕਾ ਬਾਹਰ ਏ।"

"ਤੇ ਏਥੇ ਇਹਦੇ ਸਹੁਰੇ ਨੇ ? ਕੀਹਦੇ ਵਲ ?"

ਸੱਜਨ ਨਹੀਂ ਸੀ ਚਾਹੁੰਦਾ ਕਿ ਕੰਨਿਆ ਕੋਈ ਉੱਤਰ ਦਏ ਅਤੇ ਇਸ ਲਈ ਉਹ ਝੂਠ ਤੇ ਝੂਠ ਘੜ ਰਿਹਾ ਸੀ। ਤਾਈ ਦੇ ਪ੍ਰਸ਼ਨ ਅਤੇ ਕੰਨਿਆ ਦੀ ਹੋਂਦ ਦੀ ਘਬਰਾਹਟ ਦੇ ਮਾਰਿਆਂ ਉਹਨੂੰ ਸੋਚਣ ਦਾ ਮੌਕਾ ਨਹੀਂ ਸੀ ਮਿਲ ਰਿਹਾ। ਅਚਾਨਕ ਕੰਨਿਆ ਦੇ ਚੂੜੀਆਂ ਤੋਂ ਬਿਨਾਂ ਹੱਥਾਂ ਤੋਂ ਪ੍ਰੇਰਨਾ ਲੈ ਕੇ ਸੱਜਨ ਨੇ ਕਿਹਾ — "ਇਹ ਏਥੇ ਸਕੂਲ ਵਿਚ ਪੜ੍ਹਾਉਂਦੀ ਏ ਤਾਈ ਜੀ। ਇਹਦੇ ਸਹੁਰਿਆਂ 'ਚੋਂ ਸਭ ਮਰ ਗਏ ਹਨ।"

"ਤੇਰੇ ਕੋਲ ਕੀ ਕਰਨ ਆਉਂਦੀ ਏ ?"

"ਕੰਮ ਸਿੱਖਣ ਆਉਂਦੀ ਹਾਂ ਮਾਂ ਜੀ।"

ਕੰਨਿਆ ਨੇ ਸਮਝਿਆ ਕਿ ਤਾਈ ਜੀ ਸੱਜਨ ਦੀ ਨਿਕਟ ਵਰਤੀ ਰਿਸ਼ਤੇਦਾਰ ਹੈ। ਉਹ ਸੱਜਨ ਦੀ ਘਬਰਾਹਟ ਦਾ ਅਨੰਦ ਲੈਂਦੀ ਹੋਈ ਤਾਈ ਨੂੰ ਉੱਤਰ ਨਾਲ ਸੰਤੁਸ਼ਟ ਕਰਨ ਲੱਗੀ।

ਤਾਈ ਅਚਾਨਕ ਸੱਜਨ ਨੂੰ ਪੁੱਛ ਬੈਠੀ — "ਤਾਂ ਇਹਦੇ ਨਾਲ ਵਿਧਵਾ ਵਿਆਹ ਕਰੇਂਗਾ ?"

"ਨਾ ਨਾ ਤਾਈ ਜੀ, ਮੈਂ ਤਾਂ ਇਹਨਾਂ ਦਾ ਮਾਸਟਰ ਹਾਂ, ਦਸ ਰੁਪਏ ਮਹੀਨੇ ਤੇ ਪੜ੍ਹਾਉਂਦਾ ਹਾਂ।"

ਤਾਈ ਕੁਝ ਨਾ ਬੋਲੀ, ਚੁੱਪ ਚਾਪ ਬੈਠੀ ਸੋਚਦੀ ਰਹੀ ਫਿਰ ਉਠਦਿਆਂ ਹੋਇਆਂ ਕਿਹਾ — "ਕੰਨੋਮਲ ਦੇ ਪੋਤੇ, ਸੋਚ ਲੈ — ਮੈਂ ਤੈਨੂੰ ਗੱਲ ਤੇ ਦੱਸੀ ਆ ਸੌ। ਹੋਰ ਕਿਸੇ ਦੇ ਅਗਾੜੀ ਨਾ ਕਰੀਂ।"

"ਨਹੀਂ ਤਾਈ ਜੀ, ਜੇ ਤੁਸੀਂ ਕਹੋ ਤਾਂ ਪੁਲਸ ਵਿਚ ਰੀਪੋਰਟ ਕਰਾ ਦਿਆਂ ?"

"ਪੁਲਸ ਵੁਲਸ ਦੀ ਲੋੜ ਨਹੀਂ। ਮੈਂ ਆਪ ਈ ਕੰਜਰ ਨਾਲ ਸਿੱਝ ਲਊਂ।" ਆਖ ਕੇ ਤਾਈ ਹੌਲੀ ਹੌਲੀ ਬਾਹਰ ਚਲੀ ਗਈ। ਉਹਦੇ ਜਾਣ ਪਿਛੋਂ ਕੰਨਿਆ ਨੇ ਪੁੱਛਿਆ, "ਇਹ ਕੌਣ ਹਨ ?"

ਸੱਜਨ ਨੇ ਹੱਸ ਕੇ ਕਿਹਾ — "ਭਾਰਤਮਾਤਾ।"

ਕੰਨਿਆ ਉਹਦੇ ਉੱਤਰ ਤੋਂ ਕੁਝ ਸਮਝ ਨਾ ਸਕੀ। ਫਿਰ ਵੀ ਇਕ ਖ਼ਬਤੀ ਬੁੱਢੜੀ ਵਿਚ ਭਾਰਤਮਾਤਾ ਦੀ ਕਲਪਨਾ ਤੋਂ ਉਹਨੂੰ ਹਾਸਾ ਆਇਆ। ਪੁੱਛਿਆ — "ਤੁਸਾਂ ਇਹਨਾਂ ਅਗੇ ਮੇਰੇ ਬਾਰੇ ਇੰਨਾ ਝੂਠ ਕਿਉਂ ਬੋਲਿਆ ?"

ਸੱਜਨ ਪ੍ਰਸ਼ਨ ਸੁਣ ਕੇ ਝਿਜਕ ਜਿਹਾ ਗਿਆ, ਫਿਰ ਸੰਭਲ ਕੇ ਉੱਤਰ ਦਿੱਤਾ — "ਜੇਕਰ ਕਹਿੰਦਾ ਤਾਂ ਆਪਣੇ ਤੇ ਤੁਹਾਡੇ ਬਾਰੇ ਉਹਨਾਂ ਦੀ ਧਾਰਨਾ ਕੁਝ ਚੰਗੀ ਬਣਦੀ।"

ਸੱਜਨ ਦੇ 'ਆਪ' ਕਹਿ ਕੇ ਬਲਾਉਣ ਤੇ ਵਨ ਕੰਨਿਆ ਨੇ ਧਿਆਨ ਦਿੱਤਾ। ਸੱਜਨ ਵੀ ਆਪਣੇ ਨਵੇਂ ਨਿਸ਼ਚੇ ਅਤੇ ਕੰਨਿਆਂ ਦੀ ਸੁਭਾਵਕ ਖਿੱਚ ਨਾਲ ਥਿੜਕ ਰਿਹਾ ਸੀ। ਉਹਦੀਆਂ ਨਜ਼ਰਾਂ ਨੀਂਵੀਆਂ ਸਨ ਅਤੇ ਚਿਹਰੇ ਦਾ ਢੰਗ ਗੰਭੀਰ ਅਤੇ ਵਿਚਾਰ 'ਚ ਡੁੱਬਾ। ਕੰਨਿਆ ਸੋਚ ਰਹੀ ਸੀ, ਸੱਜਨ ਸ਼ਾਇਦ ਕਲ੍ਹ ਦੀਆਂ ਗੱਲਾਂ ਤੋਂ ਕੁਝ ਨਾਰਾਜ਼ ਹੋ ਗਿਆ ਹੈ। ਉਹਦੀ ਨਾਰਾਜ਼ਗੀ ਨੂੰ ਅੱਖੋਂ ਪਰੋਖੇ ਕਰਕੇ ਕੰਨਿਆ ਨੇ ਕਿਹਾ — "ਮੈਂ ਕਰਨਲ ਭਾਈ ਸਾਹਿਬ ਦੇ ਘਰੋਂ ਆ ਰਹੀ ਹਾਂ।"

ਸੱਜਨ ਸਿਰ ਚੁਕ ਕੇ ਉਹਨੂੰ ਵੇਖਣ ਲੱਗਾ। ਕੰਨਿਆ ਕਹਿਣ ਲੱਗੀ — "ਅੱਜ ਸਵੇਰੇ ਸਵੇਰੇ ਮਥਰਾ ਤੋਂ ਇਕ ਸੱਜਨ — (ਮਾੜਾ ਜਿਹਾ ਹੱਸ ਕੇ) ਕਰਨਲ ਭਾਈ ਸਾਹਿਬ ਦੇ ਨਾਲ ਮੇਰੇ ਰਹਿਣ ਵਾਲੀ ਜਗ੍ਹਾ ਲਭਦੇ ਹੋਏ ਆ ਗਏ ਸਨ।"

ਸੱਜਨ ਦਾ ਮਨ ਹੁਣ ਤਕ ਸੰਭਲ ਚੁਕਾ ਸੀ। ਉਹਨੇ ਕਿਸੇ ਹੱਦ ਤਾਈਂ ਬਣਦਿਆਂ ਹੋਇਆਂ ਪੁੱਛਿਆ – "ਉਹਨਾਂ ਨੂੰ ਤੇਰੇ — ਤੁਹਾਡੇ ਘਰ ਦਾ ਪਤਾ ਕਿਵੇਂ ਲੱਗਾ ?"

"ਕਲ੍ਹ ਅਖ਼ਬਾਰਾਂ ਵਿਚ ਖ਼ਬਰ ਪੜ੍ਹ ਕੇ ਆ ਗਏ। ਪਹਿਲਾਂ ਮੇਰੇ ਘਰ ਗਏ, ਉਥੋਂ ਝਿੜਕ ਖਾਧੀ, ਫਿਰ ਕਿਸੇ ਨੇ ਉਹਨਾਂ ਨੂੰ ਕਰਨਲ ਭਾਈ ਸਾਹਿਬ ਦਾ ਨਾਂ ਦੱਸਿਆ। ਤੇ ਇਸ ਤਰ੍ਹਾਂ ਉਹ ਉਹਨਾਂ ਨੂੰ ਨਾਮ ਲੈ ਕੇ ਮੇਰੇ ਕੋਲ ਆਏ।" ਆਖ ਕੇ ਕੰਨਿਆ ਨੇ ਆਪਣੇ ਬੈਗ 'ਚੋਂ ਇਕ ਚੌਰਸ ਮੁੜਿਆ ਹੋਇਆ ਕਾਗ਼ਜ਼ ਕੱਢਿਆ। ਉਹਨੂੰ ਖੋਲ੍ਹ ਕੇ ਅਗਾਂਹ ਕਰਦਿਆਂ ਉਹਨੇ ਕਿਹਾ — "ਇਹ ਭਾਬੀ ਦੀ ਚਿੱਠੀ ਹੈ ਜੋ ਉਹਨਾ ਨੇ ਆਪਣੀ ਇਕ ਸਹੇਲੀ ਨੂੰ ਲਿਖੀ ਸੀ।"

ਸੱਜਨ ਚਿੱਠੀ ਪੜ੍ਹਨ ਲੱਗਾ। ਕਾਫ਼ੀ ਹੱਦ ਤਕ ਮਾਂਜੀ ਹੋਈ ਜਨਾਨੀ ਲਿਖਾਵਟ ਵਿਚ ਲਿਖਿਆ ਇਹ ਪੱਤਰ ਬਹੁਤ ਹੀ ਦੁਖ ਭਰਿਆ ਸੀ — "ਮੈਂ ਰਾਖ਼ਸ਼ਾਂ ਦੇ ਪੱਲੇ ਪੈ ਗਈ ਹਾਂ। ਤ੍ਰਿਭਵਨ ਲਾਲਾ ਜੀ ਦੀ ਔਰਤ ਵਿਚ ਖੋਟ ਹੈ। ਉਹ ਮੇਰੇ ਨਾਲ ਵਿਧਵਾ ਵਿਆਹ ਕਰਨ ਤੇ ਰਾਜ਼ੀ ਹੋ ਗਏ ਸਨ। ਮਾਂ ਜੀ ਵਿਆਹ ਲਈ ਤਾਂ ਰਾਜ਼ੀ ਨਹੀਂ ਸਨ, ਪਰ ਚਾਹੁੰਦੇ ਸਨ ਕਿ ਮੇਰੇ ਨਾਲ ਤ੍ਰਿਭੁਵਨ ਨੂੰ ਬੰਨ੍ਹ ਕੇ ਉਹ ਉਹਨਾਂ ਨੂੰ ਆਪਣੇ ਵਸ ਕਰ ਲੈਣ। ਇਸ ਘਰ ਦੀ ਲੀਲਾ ਨਾ ਪੁੱਛ ਭੈਣ। ਕੀਹਦੀ ਕੀਹਦੀ ਬੁਰਾਈ ਕਰਾਂ। ਤ੍ਰਿਭੁਵਨ ਮਨ ਦੇ ਭੋਲੇ ਹਨ। ਉਹਨਾਂ ਨੇ ਆਪਣੀ ਸੱਚਾਈ ਕਾਰਨ ਸਾਰੇ ਘਰ ਸਾਹਮਣੇ ਮੇਰੇ ਨਾਲ ਸ਼ਾਦੀ ਦਾ ਢੰਢੋਰਾ ਪਿੱਟ ਦਿੱਤਾ। ਚਾਚੀ, ਚਾਚਾ ਜੀ ਮੈਨੂੰ ਮਾਰਨ ਆਏ। ਮੈਨੂੰ ਬਚਾਉਣ ਕਾਰਨ ਮਾਂ ਜੀ ਨੂੰ ਵੀ ਮਾਰ ਪਈ। ਅਤੇ ਚਾਚਾ ਜੀ ਨੇ — ਉਸ ਰਾਖ਼ਸ਼ ਨੂੰ ਚਾਚਾ ਕਿੰਜ ਕਹਾਂ — ਮਾਰ ਪਿੱਟ ਕੇ ਜ਼ੋਰ-ਜ਼ਬਰਦਸਤੀ ਮੇਰਾ ਸਭ ਕੁਝ ਲੁੱਟ ਲਿਆ। ਨੰਨ੍ਹੀ ਮੇਰੇ ਲਈ ਤਾਂ ਮਰਨ ਦੀ ਵੀ ਠੌਰ ਨਹੀਂ। ਘਰ ਵਿਚ ਮੇਰਾ ਕੋਈ ਵੀ ਮਦਦਗਾਰ ਨਹੀਂ। ਭਗਵਾਨ ਵੀ ਝੂਠਾ ਹੋ ਗਿਆ ਹੈ। ਤ੍ਰਿਭੁਵਨ ਦੇ ਬਾਪ ਅੱਗੇ ਕੋਈ ਵੱਸ ਨਹੀਂ ਚਲਦਾ। ਕੰਨਿਆ ਬੀਬੀ ਜੀ ਮੇਰਾ ਪੱਖ ਕਰਦੀ ਹੈ, ਪਰ ਉਹ ਵਿਚਾਰੀ ਵੀ ਕੀ ਕਰੇ। ਮਨ ਦਾ ਹਾਲ ਤੈਨੂੰ ਲਿਖ ਕੇ ਮਨ ਹੌਲਾ ਕਰ ਰਹੀ ਹਾਂ। ਪਰ ਤੂੰ ਮੈਨੂੰ ਉੱਤਰ ਨਾ ਦਈਂ। ਕਿਤੇ ਇਹਨਾਂ ਰਾਖ਼ਸ਼ਾਂ ਦੇ ਹੱਥ ਚਿੱਠੀ ਲਗ ਗਈ ਤਾਂ ਮੇਰਾ ਜੀਊਣਾ ਮੁਸ਼ਕਿਲ ਕਰ ਦੇਣਗੇ।"

ਚਿੱਠੀ ਨੂੰ ਇਕ ਵਾਰ ਪੜ੍ਹ ਕੇ ਸੱਜਨ ਨੇ ਦੋਬਾਰਾ ਪੜ੍ਹਿਆ, ਤਿਬਾਰਾ ਪੜ੍ਹਿਆ, ਉਸੇ ਤੇ ਨਜ਼ਰ ਗੱਡੀ ਰਖੀ। ਕੰਨਿਆ ਬੋਲੀ — "ਕਰਨਲ ਭਾਈ ਸਾਹਿਬ ਨੇ ਕਿਹਾ ਕਿ ਇਸ ਨਾਲ ਬਾਊ ਜੀ ਝੱਟ ਫਸ ਸਕਦੇ ਨੇ। ਉਹ ਮੈਨੂੰ ਮੈਜਿਸਟ੍ਰੇਟ ਕੋਲ ਲੈਕੇ ਜਾ ਰਹੇ ਨੇ। ਮੈਂ ਆਖਿਆ ਕਿ ਪਹਿਲਾਂ ਤੁਹਾਨੂੰ ਪੁੱਛ ਲਵਾਂ।"

ਸੱਜਨ ਨੂੰ ਫਿਰ ਹੁਲਾਰਾ ਆਇਆ; ਆਪਣੇ ਆਪ ਨੂੰ ਸੰਭਾਲ ਕੇ ਨੀਵੀਂ ਨਜ਼ਰ ਕੀਤਿਆਂ ਹੋਇਆਂ ਉਹਨੇ ਕਿਹਾ — ਕਰਨਲ ਨੇ ਠੀਕ ਸਲਾਹ ਦਿਤੀ ਹੈ, ਤੁਸੀ

ਮੈਜਿਸਟ੍ਰੇਟ ਨੂੰ ਮਿਲਣ ਚਲੇ ਜਾਂਦੇ ਤੇ ਉਹ ਸਾਹਬ ਕੌਣ ਸਨ ਜੋ ਤੁਹਾਨੂੰ ਮਿਲਣ ਆਏ ਸਨ ?"

ਸੱਜਨ ਦੇ ਨਵੇਂ ਰੁਖ਼ ਨੂੰ ਪੜ੍ਹਨ ਦਾ ਯਤਨ ਕਰਦਿਆਂ ਲਗਾਤਾਰ ਉਹਦੇ ਵਲ ਵੇਖਦੇ ਰਹਿੰਦਿਆਂ ਦੰਦ ਨਾਲ ਨਹੁੰ ਚਬਦਿਆਂ ਕੰਨਿਆ ਬੋਲੀ — "ਭਾਬੀ ਦੀ ਏਸੇ ਸਹੇਲੀ ਦੇ ਪਤੀ ਨੇ। ਉਹ ਸਹੇਲੀ ਵਿਚਾਰੀ ਪੈਰਾਲਿਟਕ ਹੈ। ਛੇ ਮਹੀਨੇ ਤੋਂ ਉਠ ਬੈਠ ਨਹੀਂ ਸਕਦੀ। ਇਹ ਲੋਕ ਮੈਨੂੰ ਪੂਰੀ ਮਦਦ ਦੇਣ ਲਈ ਤਿਆਰ ਹਨ। ਉਹ ਤਾਂ ਏਥੋਂ ਤਕ ਕਹਿੰਦੇ ਨੇ ਕਿ ਏਥੋਂ ਕੋਰਟ ਦੇ ਆਰਡਰਸ ਲੈ ਕੇ ਉਹ ਮਥੁਰਾ ਵਿਚ ਆਪਣੀ ਪਤਨੀ ਦੀ ਸਟੇਟਮੈਂਟ ਵੀ ਦਿਵਾ ਸਕਦੇ ਨੇ — ਜੇਕਰ ਮੈਂ — ਤੁਸੀਂ ਲੋਕ ਚਾਹੋ।"

ਸੱਜਨ ਬੋਲਿਆ — "ਤਾਂ ਫਿਰ ਤੁਸੀਂ ਕੀ ਚਾਹੁੰਦੇ ਹੋ ?"

' ਜਿਵੇਂ ਤੁਸੀਂ ਕਹੋ।"

ਜੇਬ 'ਚੋਂ ਸਿਗਰਟ ਕੱਢਦਿਆਂ ਹੋਇਆਂ, ਮੂੰਹ ਤੇ ਦਾਰਸ਼ਨਿਕ ਭਾਵ ਲਿਆ ਕੇ, ਉਹਨੂੰ ਇਕ ਵਾਰ ਵੇਖ ਸੱਜਨ ਨੇ ਕਿਹਾ — "ਮੈਂ ਕੀ ਕਹਾਂ — ਇਹ ਤਾਂ ਤੁਹਾਡਾ ਮੁਆਮਲਾ ਹੈ।"

"ਸਿਰਫ਼ ਮੇਰਾ ਹੀ ? ਮਨੁੱਖਤਾ ਦਾ ਨਹੀਂ ?"

"ਨਹੀਂ ਮੇਰਾ ਮਤਲਬ ਹੋਰ ਸੀ। ਤੁਹਾਡੇ ਪਿਤਾ ਦਾ, ਪਰਿਵਾਰ ਦੀ ਇੱਜ਼ਤ ਦਾ ਮੁਆਮਲਾ ਹੈ —"

"ਪਿਤਾ ਦੀ ਇੱਜ਼ਤ !" ਕੰਨਿਆ ਤਿੱਖੀ ਹੋ ਕੇ ਬੋਲੀ — "ਉਹਨਾਂ ਲੋਕਾਂ ਦੀ ਇੱਜ਼ਤ ਨਾਲ ਮੇਰਾ ਕੋਈ ਵਾਸਤਾ ਨਹੀਂ। ਮੈਂ ਉਹਨਾਂ ਤੋਂ ਭਾਬੀ ਦਾ ਬਦਲਾ ਲੈਣ ਤੇ ਤੁਲੀ ਹੋਈ ਹਾਂ। ਉਹ ਤਾਂ ਕਲ੍ਹ ਤੋਂ ਮੇਰੇ ਪਿਛੇ ਪਏ ਹੋਏ ਹਨ। ਮੇਰਾ ਨੱਕ ਵੱਢਣ ਲਈ ਗੁੰਡੇ ਲਾ ਦਿਤੇ ਹਨ।"

ਕੰਨਿਆ ਲਈ ਸੱਜਨ ਦੇ ਸਭ ਵਿਰੋਧੀ ਭਾਵ ਅੱਖ ਝਪਕਦਿਆਂ ਈ ਛੂਈ ਮੂਈ ਹੋ ਗਏ, ਘਬਰਾ ਕੇ ਬੋਲਿਆ — "ਉਹਨਾਂ ਨੇ ਤੈਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਤਾਂ ਨਹੀਂ ਪਹੁੰਚਾਇਆ ?"

ਕੰਨਿਆ ਬੋਲੀ — "ਕਲ੍ਹ ਰਾਤ ਬਾਊ ਜੀ ਮੇਰੇ ਕਮਰੇ ਸਾਹਮਣੇ ਆ ਕੇ ਬੜਾ ਗਰਜੇ, ਸਭ ਦੇ ਸਾਹਮਣੇ ਮੈਨੂੰ ਭੈੜੀਆਂ ਭੈੜੀਆਂ ਗੱਲਾਂ ਕਹੀਆਂ। ਨੱਕ ਕਟਵਾ ਦੇਣ ਦੀ ਧਮਕੀ ਦਿੱਤੀ। ਮੈਂ ਬੂਹਾ ਨਾ ਖੋਲ੍ਹਿਆ —"

"ਫਿਰ ?"

"ਫਿਰ ਉਹ ਚਲੇ ਗਏ। ਉਹਦੇ ਪਿਛੋਂ ਉਹਨਾਂ ਦੇ ਲਾਏ ਗੁੰਡੇ ਮੇਰੇ ਬੂਹੇ ਤੇ ਖੜ ਖੜ ਕਰਦੇ ਰਹੇ, ਬੋਲੀਆਂ ਮਾਰਦੇ ਰਹੇ। ਉਸ ਅਹਾਤੇ ਵਿਚ ਸਭ ਕੁਹਾਰ, ਮਜ਼ਦੂਰ ਹੀ

ਰਹਿੰਦੇ ਨੇ, ਉਹਨਾਂ 'ਚੋਂ ਬਹੁਤ ਸਾਰੇ ਸ਼ਾਇਦ ਪੈਸੇ ਜਾਂ ਸਾਲਗਰਾਮ ਦੇ ਪ੍ਰਭਾਵ ਕਰਕੇ ਮੇਰੇ ਦੁਸ਼ਮਣ ਬਣ ਗਏ ਹਨ। ਅੱਜ ਸਵੇਰੇ ਉਸ ਅਹਾਤੇ ਵਿਚ ਰਹਿਣ ਵਾਲੀਆਂ ਦੋ ਤਿੰਨ ਮਹਿਰੀਆਂ, ਮਹਿਰੇ, ਏਥੋਂ ਤਕ ਕਿ ਬੱਚੇ ਵੀ ਮੇਰੀ ਕੋਠੜੀ ਸਾਹਮਣੇ ਆ ਕੇ ਮੈਨੂੰ ਪਰੇਸ਼ਾਨ ਕਰ ਜਾਂਦੇ ਸਨ। ਉਹ ਤਾਂ ਕਰਨਲ ਭਾਈ ਸਾਹਿਬ ਨੇ ਆ ਕੇ — ਤੇ ਉਦੋਂ ਤੋਂ ਅਜੇ ਤਕ ਉਥੇ ਗਈ ਵੀ ਨਹੀਂ ਹਾਂ।" ਕੰਨਿਆ ਦੀਆਂ ਅੱਖਾਂ ਵਿਚ ਫਿਰ ਛਲ ਛਲ ਹੋਈ। ਸੱਜਨ ਦੀ ਪੀੜ ਫਿਰ ਘੁਲਣ ਲਗੀ। ਉਤੇਜਿਤ ਹੋ ਕੇ ਬੋਲਿਆ — "ਤੁਸੀਂ ਉਥੇ ਰਹਿੰਦੇ ਈ ਕਿਉਂ ਓ ?" ਏਨੀ ਵਾਰ ਕਹਿ ਚੁਕਿਆਂ। ਤੁਹਾਡਾ ਖ਼ਿਆਲ ਹੈ ਕਿ ਮੈਂ ਹੋਰਨਾਂ ਵਾਗ ਜ਼ਲੀਲ ਤੇ ਅਵਾਰਾ ਹਾਂ......?"

"ਮੈਂ ਇੰਜ ਕਦੇ ਨਹੀਂ ਸੋਚਿਆ।"

"ਫਿਰ ਹੋਰ ਕੀ ਸੋਚਦੇ ਹੋ ? ਮੇਰਾ ਆਪਣਾ ਏਡਾ ਵੱਡਾ ਮਕਾਨ ਏ। ਮੈਂ ਪੂਰੇ ਮਕਾਨ ਵਿਚ ਤਾਂ ਰਹਿੰਦਾ ਨਹੀਂ। ਤੁਸੀਂ ਚਾਹੋ ਤਾਂ ਇਕ ਹਿੱਸਾ ਪੂਰੀ ਤਰ੍ਹਾਂ ਤੁਹਾਡੇ ਲਈ ਵੱਖਰਾ ਕਰ ਸਕਦਾ ਹਾਂ। ਆਪਣੇ ਵਲ ਕੰਧ ਕਰਵਾ ਲਵਾਂਗਾ, ਹੋਰ ਤੁਹਾਨੂੰ ਕੀ ਚਾਹੀਦਾ ਹੈ ? ਕੰਨਿਆ ਚਾਣਚਕ ਹੱਸ ਪਈ। ਬੋਲੀ — "ਤੁਹਾਡਾ ਗ਼ੁੱਸਾ ਵੀ ਕਿੰਨਾ ਵਿਅਰਥ ਹੈ। ਪਰ ਮੈਨੂੰ ਬੁਰਾ ਨਹੀਂ ਲਗਦਾ।"

ਸੱਜਨ ਕੰਨਿਆ ਦੇ ਇਸ ਤਰ੍ਹਾਂ ਹੱਸਣ ਅਤੇ ਜਵਾਬ ਦੇਣ ਤੇ ਇਕਦਮ ਸਹਿਮ ਗਿਆ, ਛੋਟਾ ਮਹਿਸੂਸ ਕਰਨ ਲੱਗਾ। ਇਸ ਵੇਲੇ ਉਹਦੀ ਮਾਨਸਿਕ ਹਾਲਤ ਇਹੋ ਜਿਹੀ ਸੀ ਕਿ ਨਾ ਤਾਂ ਉਹ ਆਪਣੇ ਰਾਤ ਭਰ ਦੇ ਨਿਸ਼ਚੇ ਅਨੁਸਾਰ ਉਹਦੇ ਨਾਲੋਂ ਪੂਰੀ ਤਰ੍ਹਾਂ ਵੱਖਰਾ ਹੀ ਮਹਿਸੂਸ ਕਰਦਾ ਸੀ, ਅਤੇ ਨਾ ਉਹ ਆਪਣਾ ਆਪ ਹੀ ਦੇ ਸਕਦਾ ਸੀ ਜੋ ਏਧਰ ਕੁਝ ਦਿਨਾਂ ਤੋਂ ਉਹਦੇ ਵਤੀਰੇ ਵਿਚ ਆ ਗਿਆ ਸੀ। ਹੈਰਾਨੀ ਨਾਲ ਉਹ ਕੰਨਿਆ ਦੀਆਂ ਨਜ਼ਰਾਂ ਨੂੰ ਵੇਖਣ ਲਗਾ — ਉਹੋ ਪਹਿਲਾਂ ਵਾਲੀ ਨੇੜਤਾ ਅਤੇ ਦੂਰੀ ਦਾ ਰਲਵਾਂ ਅਹਿਸਾਸ।

ਕੰਨਿਆ ਫਿਰ ਬੋਲੀ — "ਉਸ ਵੱਡੀ ਕੋਠੀ ਦੇ ਇਕ ਹਿੱਸੇ ਵਿਚ ਕਿਰਾਇਆ ਦੇ ਕੇ ਰਹਿ ਸਕਾਂ ਏਨੀ ਮੇਰੀ ਹੈਸੀਅਤ ਨਹੀਂ ਹੈ। ਤੇ ਮੰਨ ਲਉ ਮੇਰਾ ਦਿਲ ਰਖਣ ਲਈ ਤੁਸੀਂ ਉਹਦਾ ਕਿਰਾਇਆ ਦਸ ਰੁਪਏ ਦਸੋ ਤਾਂ ਕੀ ਉਹ ਗ਼ਲਤ ਨਾ ਹੋਏਗਾ ?"

ਸੱਜਨ ਬੋਲਿਆ — "ਮੈਂ ਆਪਣੇ ਕਿਰਾਏ ਦੇ ਮਕਾਨਾਂ 'ਚੋਂ ਕੋਈ ਮਕਾਨ ਤੁਹਾਨੂੰ ਨਹੀਂ ਦੇ ਰਿਹਾ। ਇਸ ਵੇਲੇ ਕੋਈ ਖ਼ਾਲੀ ਵੀ ਨਹੀਂ। ਮੈਂ ਤਾਂ ਇਕ ਦੋਸਤ ਦੇ ਨਾਤੇ ਤੁਹਾਡੇ ਕੰਮ ਆਉਣਾ ਚਾਹੁੰਦਾ ਹਾਂ। ਮੈਨੂੰ ਬਦਲੇ ਵਿਚ ਤੁਹਾਥੋਂ ਕੁਝ ਨਹੀਂ ਚਾਹੀਦਾ। ਘਟੋ ਘਟ ਇਸ ਉਲਝਣ ਅਤੇ ਪਰੇਸ਼ਾਨੀ ਤੋਂ ਤੁਸੀਂ ਇਸ ਵੇਲੇ ਬਚ ਜਾਉਗੇ। ਤੇ ਹੁਣ ਤਾਂ ਕੁਝ ਨਹੀਂ, ਮੰਨ ਲਓ ਇਸ ਖ਼ਤ ਤੇ ਤੁਸੀਂ ਕੋਈ ਕਾਨੂੰਨੀ ਕਾਰਵਾਈ ਕਰੋ, ਉਸ ਵੇਲੇ ਤੁਹਾਨੂੰ ਉਥੇ ਰਹਿ ਕੇ ਹਰ ਵੇਲੇ ਖ਼ਤਰਾ ਬਣਿਆ ਰਹੇਗਾ।"

"ਤੁਸੀਂ ਮੈਨੂੰ 'ਤੂੰ' ਕਹਿਣ ਲਗ ਪਏ ਸਉ ਹੁਣ ਇਹ 'ਤੁਸੀਂ' ਕਿਉਂ ?"

"ਇਸ ਲਈ ਕਿ ਦੇਵਤਾ ਹੋ ਗਿਆ ਹਾਂ !" ਸੱਜਨ ਨੇ ਵਿਅੰਗ ਨਾਲ ਕਿਹਾ । ਕੰਨਿਆ ਸੁਣ ਕੇ ਚੁੱਪ ਰਹੀ, ਸਿਰ ਝੁਕਾ ਲਿਆ ।

ਕੁਝ ਸੈਕੰਡ ਖ਼ਾਮੋਸ਼ੀ ਪਸਰੀ ਰਹੀ। ਫਿਰ ਅਚਾਨਕ ਗੱਲ ਸਾਫ਼ ਕਰਕੇ ਕਿਹਾ — "ਇਕ ਗੱਲ ਕਹਾਂ ?" ਅਤੇ ਉਹਦੀਆਂ ਅੱਖਾਂ ਸੱਜਨ ਦੀਆਂ ਨਜ਼ਰਾਂ ਨਾਲ ਜੁੜ ਗਈਆਂ । ਸੱਜਨ ਨੇ ਉਹਨੂੰ ਵੇਖਦਿਆਂ ਕਿਹਾ — "ਕੀ ?"

ਕੰਨਿਆ ਨੇ ਇਕ ਵਾਰ ਪਲਕਾਂ ਝੁਕਾਈਆ । ਚਿਹਰਾ ਜ਼ਿਆਦਾ ਗੰਭੀਰ, ਕੁਝ ਲਾਲ ਵੀ ਹੋ ਗਿਆ । ਫਿਰ ਸਿਰ ਚੁਕ ਕੇ ਬੋਲੀ — "ਮੈਂ ਜਦ ਤੁਹਾਨੂੰ ਮਿਲੀ ਸਾਂ ਉਦੋਂ ਮੇਰੇ ਮਨ ਵਿਚ ਕੋਈ ਭਾਵਨਾ ਨਹੀਂ ਸੀ, ਸਿਵਾਏ ਇਕ ਚੰਗੇ ਆਦਮੀ ਤੋਂ ਚੰਗੇ ਕੰਮ ਲਈ ਸਹਾਇਤਾ ਲੈਣ ਦੀ ਇੱਛਾ ਤੋਂ ਬਿਨਾਂ। ਪਰ ਤੁਸਾਂ ਜਿਸ ਜਿੰਨੀ ਤੇਜ਼ੀ ਨਾਲ ਸਾਡੀਆਂ ਮਿਲਣੀਆਂ ਨੂੰ ਜਿਸ ਰੰਗ ਵਿਚ ਰੰਗਿਆ ਏ, ਉਹ — ਉਹ — ਮੈਨੂੰ ਖ਼ਾਸ ਬੁਰਾ ਨਾ ਲਗਦਿਆਂ ਵੀ ਚੌਂਕਣ ਵਾਲਾ ਜਾਪਿਆ......ਠਹਿਰੋ, ਮੈਨੂੰ ਆਪਣੀ ਗੱਲ ਆਖ ਲੈਣ ਦਿਓ — ਮੈਂ ਤੁਹਾਨੂੰ ਬੁਰਾ ਆਦਮੀ ਨਹੀਂ ਸਮਝਦੀ, ਪਰ ਮਾਫ਼ ਕਰਨਾ, ਇਹ ਜ਼ਰੂਰ ਮਹਿਸੂਸ ਕਰਦੀ ਹਾਂ ਕਿ ਤੁਸੀਂ ਦੋਸਤ ਤੋਂ ਜ਼ਿਆਦਾ ਮੈਨੂੰ ਹੋਰ ਕੁਝ ਸਮਝ ਰਹੇ ਹੋ, ਜਾਂ ਸਮਝਣਾ ਚਾਹੁੰਦੇ ਓ । ਮੈਂ ਉਸ ਰੁਖ਼ ਨੂੰ ਨਹੀਂ ਸਮਝ ਸਕਦੀ ।"

ਸੱਜਨ ਉਤੇ ਕੰਨਿਆ ਦੀ ਇਸ ਸਪੱਸ਼ਟਤਾ ਦਾ ਡੂੰਘਾ ਅਸਰ ਹੋਇਆ, ਉਹਨੇ ਕਿਹਾ — "ਜਿਸ ਤਰ੍ਹਾਂ ਤੂੰ ਸੱਚਾਈ ਤੇ ਜ਼ੋਰ ਦੇ ਰਹੀ ਏ, ਉਸੇ ਤਰ੍ਹਾਂ ਮੈਂ ਵੀ ਕਹਾਂ ? ਕੀ ਤੂੰ ਮੈਨੂੰ ਕੁਝ ਹੋਰ ਸਮਝਣ ਵਿਚ ਮਦਦ ਨਹੀਂ ਦਿਤੀ ?

ਕੰਨਿਆ ਦੀਆਂ ਅੱਖਾਂ ਲਾਜ ਨਾਲ ਭਰ ਗਈਆਂ। ਸੱਜਨ ਕਹਿਣ ਲੱਗਾ — "ਆਪਣੇ ਬਾਰੇ ਵਿਚ ਇਹ ਕਹਿ ਸਕਦਾ ਆਂ ਕਿ ਜੇ ਮੈਂ ਪੂਰੀ ਤਰ੍ਹਾਂ ਸੁੱਚੇ ਚਰਿਤਰ ਵਾਲਾ ਨਹੀਂ ਤਾਂ ਭੈੜੇ ਚਲਣ ਵਾਲਾ ਵੀ ਨਹੀਂ । ਤੇ ਜੋ ਕੁਝ ਤੈਨੂੰ ਸਮਝਦਾ ਹਾਂ...... ਜਾਂ ਕਹਿਣਾ ਚਾਹੀਦਾ ਸੀ, ਉਸ ਬਾਰੇ ਏਨੀ ਛੇਤੀ ਕੁਝ ਵੀ ਕਹਿਣਾ ਗ਼ਲਤ ਹੋਏਗਾ । ਖ਼ੈਰ, ਜੇਕਰ ਮੈਥੋਂ ਕੋਈ ਗ਼ਲਤੀ ਹੋਈ ਏ ਤਾਂ ਮਾਫ਼ ਕਰਨਾ । ਮੈਨੂੰ ਇਹ ਸਾਬਤ ਕਰਕੇ ਵਿਖਾਉਣ ਦਾ ਮੌਕਾ ਦੇ ਕਿ ਮੈਂ ਔਰਤਾਂ ਦੀ ਇੱਜ਼ਤ ਕਰਦਾ ਹਾਂ ।"

"ਤੁਹਾਡੇ ਮਨ ਵਿਚ ਮੇਰੇ ਲਈ ਜ਼ਰਾ ਵੀ ਬੇਵਿਸਾਹੀ ਨਹੀਂ । ਹੁਣ ਹੋਰ ਵੀ ਨਹੀਂ ਰਹੇਗੀ । ਤੁਹਾਨੂੰ ਹਾਸਲ ਕਰਕੇ ਮੈਂ ਆਪਣੇ ਜੀਵਨ ਵਿਚ ਇਕ ਨਵਾਂ ਵਿਸ਼ਵਾਸ ਵੇਖਿਆ ਹੈ ।"

ਸੱਜਨ ਦਾ ਮਾਨਸਕ ਆਦਰਸ਼ ਲੜਖੜਾਉਣ ਲਗਾ । ਕੰਨਿਆ ਨੂੰ ਉਹਨੇ ਏਨੀ ਤਿੱਖੀ ਹਿਰਦੇਵੇਦਕ ਨਜ਼ਰ ਨਾਲ ਵੇਖਿਆ ਕਿ ਉਹ ਵੀ ਸਥਿਰ ਨਾ ਰਹਿ ਸਕੀ । ਸੰਭਲ ਕੇ ਬੋਲੀ — "ਇਸ ਚਿੱਠੀ ਲਈ ਕੀ ਕਰਨਾ ਪਵੇਗਾ ?"

ਸੱਜਨ ਨੇ ਆਪਣੇ ਆਪ ਨੂੰ ਸੰਭਾਲਦਿਆਂ ਹੋਇਆਂ ਉੱਤਰ ਦਿਤਾ — "ਚਲੋ, ਕਰਨਲ ਵਲ ਜਾਂਦੇ ਆਂ। ਮੇਰੀ ਸਮਝ ਮੁਤਾਬਕ ਤਾਂ ਅੱਜ ਈ ਇਸ ਤੇ ਕੋਈ ਨਾ ਕੋਈ ਕਾਰਵਾਈ ਹੋ ਜਾਣੀ ਚਾਹੀਦੀ ਏ।" ਉਠਦਿਆਂ ਹੋਇਆਂ ਉਹਨੇ ਫਿਰ ਕਿਹਾ — "ਪਰ ਹੁਣ ਤੋਂ ਪਿਛੋਂ ਤੂੰ ਰਹੇਂਗੀ ਕਿਥੇ? ਮੈਂ ਤੈਨੂੰ ਉਥੇ ਤਾਂ ਰਹਿਣ ਈ ਨਹੀਂ ਦਿਆਂਗਾ।"

ਕੰਨਿਆ ਚੁੱਪ ਚਾਪ ਬੈਠੀ ਪੈਰ ਦਾ ਅੰਗੂਠਾ ਮਲਦੀ ਰਹੀ। ਫਿਰ ਕਿਹਾ — "ਅੱਜ ਕਿਤੇ ਵੀ ਰਹਿ ਸਕਦੀ ਆਂ — ਤੁਹਾਡੇ ਘਰ, ਕਰਨਲ ਭਾਈ ਸਾਹਿਬ ਵਲ। ਕਲ੍ਹ ਤਾਈਂ ਕੋਈ ਪ੍ਰਬੰਧ ਕਰਨਾ ਪਏਗਾ।"

ਸੱਜਨ ਕੁਝ ਸੋਚ ਕੇ ਬੋਲਿਆ — "ਆਪਣੀ ਕੰਸਰਬਾਗ਼ ਵਾਲੀ ਬਿਲਡਿੰਗ ਵਿਚ ਇਕ ਮੰਜ਼ਿਲ ਚੜ੍ਹਾਉਣ ਦੀ ਇਜਾਜ਼ਤ ਮੈਨੂੰ ਮਿਲ ਚੁਕੀ ਏ, ਨਕਸ਼ਾ ਆਦਿ ਸਭ ਪਾਸ ਹੋ ਚੁਕਿਆ ਹੈ। ਮੈਂ ਹਾਲ ਦੀ ਘੜੀ ਤੇਰੇ ਲਈ ਇਕ ਫ਼ਲੈਟ ਛੇਤੀ ਹੀ ਬਣਵਾ ਦਿਆਂਗਾ। ਉਦੋਂ ਤਕ......"

ਕੰਨਿਆ ਉਹਨੂੰ ਵੇਖ ਰਹੀ ਸੀ। ਸੱਜਨ ਨੇ ਇਕ ਟਕ ਉਹਨੂੰ ਵੇਂਹਦਿਆਂ ਹੋਇਆਂ ਆਪਣੀ ਗੱਲ ਪੂਰੀ ਕੀਤੀ — "ਉਦੋਂ ਤਕ ਤੂੰ ਮੇਰੇ ਕੋਲ ਈ ਰਹੁ। ਕਰਨਲ ਦੇ ਘਰ ਰਹਿਣ ਵਿਚ ਮੈਨੂੰ ਕੋਈ ਇਤਰਾਜ਼ ਤਾਂ ਨਹੀਂ, ਪਰ ਉਹਦੀ ਬੀਵੀ ਪੁਰਾਣੇ ਖ਼ਿਆਲ ਦੀ ਹੈ। ਮੈਂ ਨਹੀਂ ਚਾਹੁੰਦਾ ਕਿ ਤੇਰੇ ਬਾਰੇ ਕੋਈ ਵੀ ਬੁਰਾ ਸੋਚੇ।"

ਪਰ ਤੁਹਾਡੇ ਘਰ ਰਹਿਣ ਨਾਲ ਭਲਾ ਦੁਨੀਆਂ ਮੈਨੂੰ ਛੱਡ ਦਏਗੀ? ਕਲ੍ਹ ਮੇਰੇ ਪਿਤਾ ਤਕ ਨੇ ਤਾਂ ਤਾਅਨਾ ਮਾਰ ਦਿੱਤਾ। ਖ਼ੈਰ, ਮੈਂ ਤੁਹਾਡੀ ਗੱਲ ਮੰਨਾਂਗੀ।"

ਖ਼ੁਸ਼ੀ ਦੀ ਭਾਵਨਾ ਨਾਲ ਸੱਜਨ ਫਿਰ ਆਪਣੇ ਆਪ ਨੂੰ ਭੁੱਲ ਗਿਆ, ਉਹਦਾ ਜੀਅ ਕੀਤਾ ਕਿ ਕੰਨਿਆ ਨੂੰ ਆਪਣੇ ਨਾਲ ਲਾ ਲਏ। ਬਾਹਰੋਂ ਸੱਜਨ, ਸੱਜਨ ਹੀ ਬਣਿਆ ਰਿਹਾ। ਬੁੱਧ ਦਾ ਵਾਕ ਉਹਦੇ ਕੰਨਾਂ ਵਿਚ ਗੂੰਜਣ ਲਗਾ : "ਹੋਸ਼ ਸੰਭਾਲ ਕੇ ਰਖੀਂ ਆਨੰਦ!"

16

ਸੱਜਨ ਦੇ ਰੋਜ਼ਾਨਾ ਕਾਰ-ਵਿਹਾਰ ਵਿਚ ਅੱਜ ਇਕ ਨਵਾਂ ਪ੍ਰੀਵਰਤਨ ਆਇਆ। ਕਰਨਲ ਦੇ ਘਰੋਂ ਨਾਸ਼ਤਾ ਕਰਨ ਤੋਂ ਪਿਛੋਂ ਉਹ ਚੌਕ ਆਉਣ ਦੀ ਥਾਂ ਕੋਠੀ ਚਲਾ ਗਿਆ। ਦੇਵਤਿਆਂ ਵਲ ਮਾਲਕ ਦਾ ਰੁਖ਼ ਬਦਲ ਜਾਣ ਨਾਲ ਕੱਲ੍ਹ ਦੁਪਹਿਰ ਤੋਂ ਹੀ ਨੌਕਰਾਂ ਦੀ ਬਟਾਲੀਅਨ ਪਰਮ-ਭਗਵਦ-ਭਗਤ ਹੋ ਗਈ ਸੀ ਇਸ ਵੇਲੇ ਠਾਕੁਰਦੁਆਰਾ

ਲਾੜ੍ਹੇ ਦੇ ਚਿਹਰੇ ਵਾਂਗ ਝਮਝਮ ਕਰ ਰਿਹਾ ਹੈ ।

ਦੇਗਿਲਾਫ਼ਾਂ ਵਿਚ ਬੱਝੇ ਝਾੜਫਨੂਸ ਸਾਫ਼ ਕੀਤੇ ਗਏ ਹਨ। ਚੰਦੋਏ ਨੂੰ ਤਾਣਨ ਵਾਲੇ ਚਾਂਦੀ ਦੇ ਡੰਡੇ ਝਮਝਮ ਕਰ ਰਹੇ ਹਨ। ਠਾਕੁਰ ਜੀ ਦੇ ਮੰਡਪ ਦੇ ਦੋਹੀਂ ਪਾਸੀਂ ਸੰਗਮਰਮਰ ਦੇ ਖੰਭਿਆਂ ਤੇ ਬਣੀਆਂ ਹੋਈਆਂ ਇਸਤ੍ਰੀਆਂ ਦੀਆਂ ਮੂਰਤੀਆਂ ਕੱਲ੍ਹ ਨਾਲੋਂ ਜ਼ਿਆਦਾ ਸਾਫ਼ ਹਨ। ਮਾਲੀ ਨੇ ਵੀ ਆਪਣਾ ਕਰਤੱਵ ਨਿਭਾਉਣ ਵਿਚ ਕੋਈ ਕਸਰ ਬਾਕੀ ਨਹੀਂ ਰਖੀ। ਗੇਂਦੇ ਦੇ ਬੰਦਨਵਾਰ ਅਤੇ ਜਾਲੀਆਂ ਮੰਡਪ ਦੀ ਸ਼ੋਭਾ ਵਧਾ ਰਹੇ ਹਨ। ਅੱਜ ਪੰਡਤ ਜੀ ਵੀ ਸਮੇਂ ਤੋਂ ਪਹਿਲਾਂ ਆ ਕੇ ਠਾਕੁਰ ਜੀ ਨੂੰ ਇਸ਼ਨਾਨ ਅਤੇ ਸ਼ਿੰਗਾਰ ਕਰਾਉਣ ਪਿਛੋਂ ਬੜੇ ਭਗਤੀ ਵਾਲੇ ਅਡੰਬਰ ਨਾਲ 'ਓਂ ਜੈ ਜਗਦੀਸ਼ ਹਰੇ, ਭਗਤ ਜਨੋਂ ਕੇ — ਭਗਤ ਜਨੋਂ ਕੇ ਸੰਕਟ ਛਿਨ ਮੇਂ ਦੂਰ ਕਰੇਂ' ਦੀ ਆਰਤੀ ਗਾ ਰਹੇ ਹਨ। ਤਦੇ ਪੁਜਾਰੀ ਲਈ ਸੰਕਟ ਵਰਗਾ ਸੱਜਨ ਠਾਕੁਰਦੁਆਰੇ ਵਿਚ ਪਹੁੰਚਿਆ। ਪੁਜਾਰੀ ਜੀ ਦੇ ਹੱਥ ਪੈਰ ਫੁੱਲ ਗਏ, ਜਿਵੇਂ ਕਿਵੇਂ ਆਰਤੀ ਪੂਰੀ ਹੋਈ। ਸੱਜਨ ਇਕ ਟੱਕ ਖੜਾ ਵੇਖਦਾ ਰਿਹਾ। ਉਹਨੂੰ ਮਹਿਸੂਸ ਹੋਇਆ ਜਿਵੇਂ ਉਹਦੀ ਮਾਂ ਸਿਪਿਰਟ ਰੂਪ ਵਿਚ ਉਥੇ ਮੌਜੂਦ ਹੈ, ਅਤੇ ਉਹਨੂੰ ਸੱਜਨ ਕੋਲ ਆਉਣ ਨਾਲ ਬੜੀ ਸ਼ਾਂਤੀ ਮਿਲੀ ਹੈ। ਪੰਡਤ ਜੀ ਚਿੱਥ ਚਿੱਥ ਕੇ ਸ਼ਬਦਾਂ ਦਾ ਉੱਚਾਰਣ ਕਰਦੇ ਏਹੋ ਜਹੀ ਭਗਦੜ ਨਾਲ ਪਾਠ ਕਰ ਰਹੇ ਹਨ ਕਿ ਸੱਜਨ ਨੂੰ ਹਾਸਾ ਆ ਗਿਆ। ਸੋਚਣ ਲੱਗਾ, ਇਹ ਧਰਮ ਦਾ ਟੱਟਪੂੰਜੀਆ ਦਲਾਲ ਬ੍ਰਾਹਮਣ ਕਿੰਜ ਸੱਚਾ ਮਾਣ ਪ੍ਰਾਪਤ ਕਰ ਸਕਦਾ ਹੈ।

ਆਪਣੀ ਸੱਚੀ ਮਾਨਤਾ ਤੇ ਗ਼ੌਰ ਕਰਦਾ ਹੋਇਆ ਉਹ ਆਪਣੇ ਚਿੰਤਨ ਮੰਦਰ ਚੋਂ ਜਦ ਬਾਹਰ ਆਇਆ ਤਾਂ ਉਹਨੂੰ ਇਕ ਚਿਟ ਤੇ ਬਾਊ ਸਾਲਗਰਾਮ ਜਾਇਸਵਾਲ ਅਤੇ ਲਾਲਾ ਜਾਨਕੀ ਸ਼ਰਣ ਦੇ ਨਾਂ ਮਿਲੇ। ਸੱਜਨ ਨੇ ਨੌਕਰ ਤੋਂ ਪੁੱਛਿਆ — "ਕਿੰਨੀ ਦੇਰ ਤੋਂ ਬੈਠੇ ਹਨ ?"

"ਲਗ ਭਗ ਵੀਹ ਮਿੰਟ ਤੋਂ ਬੈਠੇ ਨੇ ਸਰਕਾਰ !

"ਚਾਹ ਪਹੁੰਚਾਈ ?"

"ਜੀ ਸਰਕਾਰ !"

ਸੱਜਨ ਨੇ ਫਿਰ ਪੁੱਛਿਆ — ਉਹਨਾਂ ਨੂੰ ਕੀ ਕਹਿ ਦਿੱਤਾ ਸੀ ?"

"ਕਿਹਾ ਸੀ ਕਿ ਸਰਕਾਰ ਪੂਜਾ ਘਰ ਵਿਚ ਹਨ।"

"ਠੀਕ ਹੈ।" ਸੱਜਨ ਸੰਤੁਸ਼ਟ ਹੋ ਕੇ ਕਪੜੇ ਬਦਲਣ ਗਿਆ। ਜਦ ਡਰਾਇੰਗ ਰੂਮ ਵਿਚ ਪਹੁੰਚਾ ਤਾਂ ਦੋਵਾਂ ਸਾਹਬਾਂ ਨੇ ਬੜੇ ਤਪਾਕ ਨਾਲ ਸੱਜਨ ਦਾ ਉਹਦੇ ਘਰ ਵਿਚ ਹੀ ਸਵਾਗਤ ਕੀਤਾ। ਬਾਊ ਸਾਲਗ ਰਾਮ ਨਾਲ ਉਹਦੀ ਜਾਣ ਪਛਾਣ ਨਹੀਂ ਸੀ। ਲਾਲਾ ਜਾਨਕੀ ਸ਼ਰਣ ਨਾਲ ਜ਼ਰੂਰ ਉਹਦੀ 'ਰਾਮ ਰਾਮ' ਸੀ – ਉਹ ਵੀ ਰਾਜਾ ਸਾਹਿਬ ਦੇ ਗੁਆਂਢੀ, ਅਤੇ ਕੰਨੋਮਲ ਦੇ ਪੋਤੇ ਹੋਣ ਦੇ ਨਾਤੇ।

ਸੱਜਨ ਨੇ ਹੱਥ ਜੋੜ ਕੇ ਖਿਮਾਂ ਮੰਗਦਿਆਂ ਕਿਹਾ — "ਤੁਸਾਂ ਲੋਕਾਂ ਨੂੰ ਉਡੀਕ ਕਰਨੀ ਪਈ।"

ਪਤਲੀ ਗਠੀ ਹੋਈ ਦੇਹ, ਪਤਲੇ ਹੋਠ, ਪਤਲੀਆਂ ਮੁੱਛਾਂ ਅਤੇ ਪਤਲੇ ਨੱਕ ਵਾਲੇ ਅੱਧਖੜ ਉਮਰ ਦੇ ਲਾਲਾ ਜਾਨਕੀ ਸਰਣ ਬੋਲੇ — "ਨਹੀਂ ਜੀ, ਨਹੀਂ। ਸਗੋਂ ਅਸੀਂ ਤਾਂ, ਸੱਚ ਜਾਣਨਾ ਬੜੇ ਈ ਖ਼ੁਸ਼ ਹੋਏ ਕਿ ਤੂੰ ਪੂਜਾ ਵੀ ਕਰਦਾ ਏਂ।"

ਭੂਰੀਆਂ ਮੁੱਛਾਂ ਵਾਲੇ, ਚਿੱਟੀ ਟੋਪੀ ਵਾਲੇ ਬਾਊ ਸਾਲਗ ਰਾਮ ਆਪਣੀ ਐਨਕ 'ਚੋਂ ਝਾਕਦੀਆਂ ਅੱਖਾਂ ਨੂੰ ਵਿਚਾਰਿਆਂ ਵਾਂਗ ਸੁੰਗੜ ਕੇ ਹੱਸਦੇ ਹੋਇਆਂ ਬੋਲਿਆ — "ਸ੍ਰੀਮਾਨ ਜੀ ਖ਼ਾਨਦਾਨੀ ਆਦਮੀ ਨੇ, ਤੇ ਫਿਰ ਏਨੇ ਵੱਡੇ ਮਹਾਨ ਕਲਾਕਾਰ ਨੇ ਸਾਡੇ ਭਾਰਤਵਰਸ਼ ਸਾਡੀ ਇੰਡੀਆ ਦੇ। ਤੇ ਇਹ ਕਲਾ ਤਾਂ ਸਰਸਵਤੀ ਜੀ ਦੇ ਬਰਦਾਨ ਨਾਲ ਆਉਂਦੀ ਹੈ — ਭਲਾ ਇਹ ਪੂਜਾ ਨਾ ਕਰਨਗੇ ? ਹਿਂ: ਹਿਂ: ਹਿਂ: ?"

ਚਾਂਦੀ ਦੀ ਨੱਕਾਸ਼ੀ ਵਾਲੀ ਮੁੱਠ ਵਾਲੀ ਲੱਕੜੀ ਤੇ ਦੋਵੇਂ ਹੱਥ ਟੇਕ ਕੇ ਸਿੱਧੇ ਬੈਠਦਿਆਂ ਹੋਇਆਂ ਲਾਲਾ ਜਾਨਕੀ ਸਰਣ ਨੇ ਕਿਹਾ — "ਸਾਨੂੰ ਤਾ ਭਾਈ ਬੜੀ ਖ਼ੁਸ਼ੀ ਏ ਕਿ ਆਪਣੇ ਜਾਣੂਆਂ 'ਚੋਂ ਤੂੰ ਏਨਾ ਨਾਂ ਕੱਢਿਆ ਏ। ਹੁਣ ਸਾਡੇ ਮੁਹੱਲੇ ਵਿਚ ਵੀ ਕੰਮ ਕਰ ਰਹੇ ਓ। ਇਕ ਦਿਨ ਰਾਜਾ ਸਾਹਿਬ ਆਪ ਵੀ ਮੇਰੇ ਘਰ ਆ ਕੇ ਤੇਰੇ ਬਾਰੇ ਕਹਿ ਗਏ ਸਨ। ਉਂਝ ਵੀ ਅਕਸਰ ਪੁੱਛਦੇ ਰਹਿੰਦੇ ਹਨ।"

"ਉਹ ਮੇਰੇ ਬਜ਼ੁਰਗ ਨੇ, ਹਮੇਸ਼ਾ ਮੇਰਾ ਖ਼ਿਆਲ ਰਖਦੇ ਨੇ।" ਸੱਜਨ ਨੇ ਚਿਹਰੇ ਤੇ ਕ੍ਰਿਤਗਤਾ ਦਾ ਭਾਵ ਪ੍ਰਗਟ ਕੀਤਾ।

ਬਾਊ ਸਾਲਗ ਰਾਮ ਨੇ ਕਿਹਾ — "ਅਸੀਂ ਇਹਨਾਂ ਦੇ ਦੋਹਾਂ ਮਿੱਤਰਾਂ ਨੂੰ ਤਾਂ ਚੰਗੀ ਤਰ੍ਹਾਂ ਪਛਾਣਦੇ ਹਾਂ, ਬਾਕੀ ਇਹਨਾਂ ਦਾ ਤਾ ਨਾਂ ਹੀ ਸੁਣਿਆ ਹੋਇਆ ਸੀ — ਸੱਜਨ ਜੀ ਤਾਂ ਪੂਰੇ ਸੱਜਨ ਈ ਨਿਕਲੇ। ਹੇਂ-ਹੇਂ-ਹੇਂ-ਹੇਂ !"

"ਮੈਂ ਬਈ ਅੱਜ ਇਕ ਸੁਝਾ ਲੈ ਕੇ ਤੇਰੇ ਕੋਲ ਆਇਆ ਹਾਂ। ਮੈਂ ਇਹਨਾਂ ਨੂੰ ਵੀ ਮਨਾ ਲਿਆ ਏ — ਸਾਲਿਗ ਰਾਮ ਹੋਰਾਂ ਨੂੰ। ਮੈਂ ਇਹਨਾਂ ਨੂੰ ਕਿਹਾ ਕਿ ਰਾਜਨੀਤੀ ਤਾਂ ਹਰ ਵੇਲੇ ਚਲਦੀ ਈ ਰਹਿਣੀ ਏ। ਜਨਤਾ ਵਿਚ ਕੁਝ ਠੋਸ ਕੰਮ ਵੀ ਹੋਣਾ ਚਾਹੀਦਾ ਏ। ਤਾਂ ਇਹ ਮੰਨ ਗਏ। ਹੁਣ ਮੈਂ ਸੋਚਿਆ ਏ ਕਿ ਇਕ ਵਾਰ ਤੇਰੀ ਵੀ ਸਲਾਹ ਲੈ ਲਈ ਜਾਏ। ਸ਼ੁਕਲਾ ਜੀ ਤੇ ਕਰਨਲ ਸਾਹਿਬ ਨਾਲ ਤਾਂ ਮੇਰਾ ਵੀ ਪੁਰਾਣਾ ਮੇਲ ਜੋਲ ਏ। ਤੇਰੀ ਰਾਏ ਮਿਲ ਗਈ ਤਾਂ ਫਿਰ ਅਗਾਂਹ ਦੀ ਕਾਰਵਾਈ ਕੀਤੀ ਜਾਏਗੀ।"

ਲਾਲਾ ਜਾਨਕੀ ਸਰਣ ਨੇ ਆਪਣੀ ਗੱਲ ਤਰਤੀਬ ਨਾਲ ਖੋਲ੍ਹ ਦਿੱਤੀ। ਸੱਜਨ ਝਟ ਸਮਝ ਗਿਆ ਕਿ ਇਹ ਹਵਾਈ ਪੈਂਮਫ਼ਲਟ ਦਾ ਪ੍ਰਤਾਪ ਹੈ। ਪ੍ਰਵੀਨ ਪੱਖੋਂ ਮਨੋਂ ਤਿਆਰ ਹੋ ਕੇ ਬਾਹਰਲੀ ਸਰਲਤਾ ਨਾਲ ਉਹ ਬੋਲਿਆ — "ਮੈਂ ਹਰ ਚੰਗੇ ਕੰਮ ਵਿਚ ਤੁਸਾਂ ਲੋਕਾਂ ਦੇ ਨਾਲ ਹਾਂ। ਦੱਸੋ, ਕੀ ਕਰਨਾ ਏ ?"

ਬਾਊ ਸਾਲਗ ਰਾਮ ਨੇ ਕਿਹਾ — "ਮੈਂ ਤਾਂ ਸਾਹਬ ਰਾਜਨੀਤੀ ਦਾ ਕੀੜਾ ਹਾਂ। ਮੈਂ ਤਾਂ ਇਕ ਈ ਵਿਸ਼ੇ-ਭਾਸ਼ਣ ਦੇਣਾ ਤੇ ਮੀਟਿੰਗ ਕਰਨਾ ਜਾਣਦਾ ਹਾਂ। ਹੁਣ ਤੁਸੀਂ ਦਸੋ ਕਿ ਅਜੇਹਾ ਕੀ ਉਪਰ ਕਰਨਾ ਚਾਹੀਦਾ ਏ ਜੀਹਦੇ ਨਾਲ ਪਬਲਿਕ ਦਾ ਗਿਆਨ ਵਧੇ।"

"ਹਾਂ ਬਈ, ਤੂੰ ਤੇ ਸਭ ਕੁਝ ਤੁਰਿਆ ਫਿਰਿਆ ਤੇ ਪੜ੍ਹਿਆ ਏ। ਕੋਈ ਏਹੋ ਜਿਹਾ ਉਪਾ ਦਸ ਜੀਹਦੇ ਨਾਲ ਜਨਤਾ ਤੇ ਅਸਰ ਪਏ। ਮੈਂ ਤੇ ਇਹਨਾਂ ਨੂੰ ਕਿਹਾ ਕਿ ਇਹ ਜਿਹੜੀ ਖਿਡੌਣਿਆਂ ਵਾਲੀ ਨੁਮਾਇਸ਼ ਨਿਸ਼ਾਤਗੰਜ ਵਿਚ ਹੋਈ ਸੀ, ਉਹਦਾ ਕੁਝ ਹਿੱਸਾ ਮਹੱਲੇ ਮਹੱਲੇ ਵਿਚ ਫਿਰਾ ਦਿਓ — "

"ਉਹਦੇ ਨਾਲ ਕੋਈ ਖ਼ਾਸ ਫ਼ਾਇਦਾ ਨਹੀਂ ਹੋਣਾ। ਬਹੁਤ ਸਾਰੇ ਲੋਕ ਤਾਂ ਵੇਖ ਚੁਕੇ ਨੇ, ਨਾਲੇ ਤੁਹਾਡੇ ਚੋਂ ਕੋਈ ਖਿਡੌਣਿਆਂ ਨਾਲ ਤਾਂ ਖੇਡਣੋਂ ਰਿਹਾ......ਹੇਂ ਹੇਂ...... ਮੈਂ ਤਾਂ ਇਹਨਾਂ ਨੂੰ ਸਲਾਹ ਦਿੱਤੀ ਏ ਬਈ ਤੁਹਾਡੇ ਚਿੱਤਰਾਂ ਦੀ ਪਰਦਰਸ਼ਨੀ ਹੋਏ। ਲੋਕਾਂ ਨੂੰ ਕੁਝ ਨਵੇਂ ਜ਼ਮਾਨੇ ਦੀ ਕਲਾ ਦਾ ਵੀ ਗਿਆਨ ਹੋਏ।" ਬਾਊ ਸਾਲਗ ਰਾਮ ਦਾ ਤੀਰ ਸਹੀ ਨਿਸ਼ਾਨੇ ਤੇ ਲੱਗਾ। ਸੱਜਨ ਨੂੰ ਆਪਣੇ ਚਿੱਤਰਾਂ ਦੀ ਨੁਮਾਇਸ਼ ਦਾ ਸੁਝਾ ਚੰਗਾ ਲੱਗਾ।

ਬਾਊ ਸਾਲਗ ਰਾਮ ਬੋਲਿਆ — "ਅਸੀਂ ਹਰ ਐਕਸੇਲੈਂਸੀ ਤੋਂ ਉਹਦਾ ਉਦਘਾਟਨ ਕਰਾਵਾਂਗੇ। ਏਸੇ ਮਹੀਨੇ ਦੀ ਵੀਹ ਤਾਰੀਖ਼ ਤਕ ਠਾਠ ਵਾਲੀ ਨੁਮਾਇਸ਼ ਹੋ ਜਾਏ। ਸਭ ਕੰਮ ਹੋ ਜਾਏਗਾ — ਤਾਂ ਸੱਜਨ ਜੀ, ਤੁਸੀਂ ਸਭ ਦੀਆਂ ਤਸਵੀਰਾਂ ਲੈ ਦਿਉ ਤੇ ਇਹਦੇ ਵਿਚ ਕੋਈ ਝੰਜਟ ਪਏ ਤਾਂ ਆਪਣੀਆਂ ਤਸਵੀਰਾਂ ਹੀ ਦੇ ਦੇਣੀਆਂ — ਇਕ ਅੱਧੀ ਗਾਂਧੀ ਜੀ ਦੀ ਤਸਵੀਰ ਲਾ ਦੇਣਾ — "

ਸੱਜਨ ਹੱਸ ਕੇ ਬੋਲਿਆ — "ਤਾਂ ਇਹ ਪਰਦਰਸ਼ਨੀ ਵੀ ਤੁਹਾਡੀ ਚੋਣ ਦਾ ਇਕ ਪ੍ਰਾਪੇਗੰਡਾ ਸਟੰਟ ਹੀ ਜਾਪਦੀ ਏ।"

ਲਾਲਾ ਜਾਨਕੀ ਸਰਣ ਕੁਝ ਮੁਸਕ੍ਰਾਇਆ। ਬਾਊ ਸਾਲਗ ਰਾਮ ਗੰਭੀਰ ਬੈਠਾ ਰਿਹਾ। ਲਾਲਾ ਜੀ ਨੇ ਕਿਹਾ — "ਹਾਂ ਚੋਣ ਨੂੰ ਕੁਝ ਫ਼ਾਇਦਾ ਤਾਂ ਜ਼ਰੂਰ ਈ ਪਹੁੰਚਾਇਆ ਜਾ ਰਿਹਾ ਏ। ਪਰ ਸਾਡਾ ਅਸਲ ਮਕਸਦ ਏ ਕਿ ਜਨਤਾ ਨੂੰ ਲਾਭ ਪਹੁੰਚੇ।"

ਸੱਜਨ ਨੇ ਕੇਵਲ ਆਪਣੀ ਈ ਨਹੀਂ, ਸਗੋਂ ਨਗਰ ਦੇ ਸਭ ਪ੍ਰਸਿੱਧ ਚਿੱਤਰਕਾਰਾਂ ਦੀ ਇਕ ਕਲਾ ਪਰਦਰਸ਼ਨੀ ਦਾ ਪ੍ਰਬੰਧ ਕਰਨ ਲਈ ਹਾਮੀ ਭਰ ਲਈ। ਜਾਂਦਿਆਂ ਜਾਂਦਿਆਂ ਸਾਲਗ ਰਾਮ ਨੇ ਇਕ ਵਾਰ ਫਿਰ ਨੁਮਾਇਸ਼ ਦੇ ਇਸ਼ਤਹਾਰ ਲਈ ਸੱਜਨ ਅਤੇ ਉਹਦੇ ਦੋਵੇਂ ਮਿੱਤਰਾਂ ਦਾ ਨਾਂ ਛਪਾਉਣ ਦੀ ਆਗਿਆ ਲੈ ਲਈ।

ਸੱਜਨ ਨਹੀਂ ਸੀ ਜਾਣਦਾ ਕਿ ਮਹੀਪਾਲ ਆਪਣਾ ਨਾਂ ਛਾਪਣ ਦੀ ਆਗਿਆ ਦੇਣ ਤੇ ਇਤਰਾਜ਼ ਕਰੇਗਾ। ਇਸ ਵੇਲੇ ਤਾਂ ਉਹ ਸਭ ਤੋਂ ਵਧ ਕੰਨਿਆ ਨੂੰ ਮਿਲਣ ਲਈ ਹੀ

ਉਤਸੁਕ ਹੋ ਉਠਿਆ ਸੀ। ਉਹ ਚਾਹੁੰਦਾ ਸੀ ਕਿ ਕੰਨਿਆ ਤੇ ਉਹ ਸਮਝਾ ਦਏ ਕਿ ਏਸ ਨੁਮਾਇਸ਼ ਦੇ ਕਾਰਣ ਉਹਨੂੰ ਕੋਈ ਭਰਮ ਨਹੀਂ ਹੋਣਾ ਚਾਹੀਦਾ। ਜੇਕਰ ਬਾਊ ਸਾਲਗ ਰਾਮ ਉਹਨੂੰ ਆਪਣੀ ਚਾਲ 'ਚ ਫਸਾਉਣ ਆਇਆ ਸੀ ਤਾਂ ਉਹ ਉਹਨੂੰ ਆਪਣੀ ਚਾਲ ਵਿਚ ਫਸਾਏਗਾ।

ਪਰਤਦਿਆਂ ਹੋਇਆਂ ਲਾਲਾ ਜਾਨਕੀ ਸਰਣ ਸੱਜਨ ਦੀ ਗੱਡੀ ਵਿਚ ਈ ਆਇਆ।

ਸੱਜਨ ਆਪਣੀ ਕੋਠੜੀ ਵਿਚ ਆਇਆ। ਕੱਲ੍ਹ ਦੇ ਮੁਰਝਾਏ ਫੁੱਲ ਉਹਨੂੰ ਸੁਤੇ ਸਿੱਧ ਤਾਈ ਦੀ ਯਾਦ ਦਿਵਾਉਣ ਲੱਗੇ। ਕੱਲ੍ਹ ਵਿਚਾਰੀ ਬੱਝੀ ਹੋਈ ਦੁਖ ਭੋਗ ਰਹੀ ਸੀ। ਅਤੇ ਇਸ ਤੇ ਵੀ, ਹੈਰਾਨੀ ਹੈ ਕਿ ਉਹਨੂੰ ਆਪਣੀ ਤਕਲੀਫ਼ ਤੇ ਚੋਰੀ ਦੇ ਗ਼ਮ ਨਾਲੋਂ ਵਧ ਬਿੱਲੀ ਦੇ ਭੁੱਖੇ ਬੱਚਿਆਂ ਦਾ ਧਿਆਨ ਸੀ। ਸੱਜਨ ਨੂੰ ਤਾਈ ਦੇ ਚਰਿਤ੍ਰ ਦੀ ਇਹ ਸਵੈ-ਵਿਰੋਧਤਾ ਹੈਰਾਨੀ ਵਿਚ ਪਾ ਰਹੀ ਸੀ। ਏਨੀ ਘਿਰਣਾ ਵਾਲੀ ਜੇ ਏਨੀ ਤਰਸ ਵਾਲੀ ਬਣ ਸਕਦੀ ਹੈ, ਤਾਂ ਉਹ ਆਪਣੇ ਵਿਭਚਾਰੀ ਮਨ ਨੂੰ ਸਦਾਚਾਰੀ ਕਿਉਂ ਨਹੀਂ ਬਣਾ ਸਕਦਾ?......ਫਿਰ ਉਹਨੂੰ ਕੰਨਿਆ ਦੀ ਯਾਦ ਕਿਉਂ ਆਉਂਦੀ ਹੈ? ਉਹਨੂੰ ਕੰਨਿਆ ਦੇ ਚੰਗਾ ਜਾਂ ਬੁਰਾ ਮੰਨ ਲੈਣ ਦੀ ਇੱਛਾ ਕਿਉਂ ਏਂ? ਸੱਜਨ ਆਪਣਾ ਮਨ ਚੌਹਾਂ ਪਾਸਿਆਂ ਤੋਂ ਸਮੇਟ ਕੇ ਤਾਈ ਦਾ ਚਿੱਤਰ ਬਨਾਉਣ ਲੱਗਾ।

ਮਹਾਂਕਵੀ ਬੋਰ ਹੌਲੇ ਪੈਰੀਂ ਹੀਂ ਹੀਂ ਕਰਦਾ ਕਮਰੇ ਵਿਚ ਆਇਆ। ਬੋਰ ਨੂੰ ਵੇਖਦਿਆਂ ਸੱਜਨ ਸੜ-ਭੁੱਜ ਗਿਆ। ਪਰ ਮੂੰਹੋਂ ਕੁਝ ਨਾ ਆਖ ਕੇ, ਚੁੱਪਚਾਪ ਆਪਣਾ ਕੰਮ ਕਰਦਾ ਰਿਹਾ।

ਹੱਸਦਿਆਂ ਹੋਇਆਂ ਵਿਰਹੇਸ਼ ਬੋਲਿਆ — "ਮੈਨੂੰ ਉਮੀਦ ਸੀ ਕਿ ਸੱਜਨ ਭਾਈ ਇਸ ਵੇਲੇ ਆਪਣੀ ਕਲਾ ਸਾਧਨਾ ਵਿਚ ਹੀ ਲੱਗੇ ਹੋਣਗੇ। ਹੋਂ ਹੋਂ, ਕੀ ਕਰ ਰਹੇ ਓ?"

ਜੀ 'ਚ ਆਇਆ ਕਿ ਆਖੇ: "ਤੇਰਾ ਸਿਰ!" ਪਰ ਕੁਝ ਨਾ ਕਹਿੰਦਿਆਂ ਕਾਹਲੀ ਨਾਲ ਬੁਰਸ਼ ਚਲਾਉਣ ਲੱਗਾ।

ਵਿਰਹੇਸ਼ ਬਾਹਰ ਦੇ ਬੂਹੇ ਨਾਲ ਟਿਕ ਕੇ ਬੈਠ ਗਿਆ। ਵੱਡੀ ਦੀ ਬਾਰੀ ਨੂੰ ਵਾਰ ਵਾਰ ਵੇਖਦਿਆਂ, ਅਤੇ ਜ਼ੋਰ ਨਾਲ ਹੱਸਦਿਆਂ, ਗੱਲਾਂ ਕਰਦਿਆਂ ਵਿਰਹੇਸ਼ ਨੇ ਪੌਣਾ ਘੰਟਾ ਬਿਤਾ ਦਿੱਤਾ। ਕਦੇ ਆਪਣੀਆਂ ਨਵੀਆਂ ਰਚਨਾਵਾਂ ਗਾ ਕੇ ਸੁਨਾਉਣ ਲਗਦਾ ਸੀ।

ਸੱਜਨ ਨੇ ਕਈ ਵਾਰ ਇਸ਼ਾਰੇ-ਇਸ਼ਾਰੇ ਨਾਲ ਉਹਨੂੰ ਦੱਸਿਆ ਕਿ ਉਹ ਇਸ ਵੇਲੇ ਏਥੋਂ ਚਲਿਆ ਜਾਏ, ਸਗੋਂ ਇਕ ਵਾਰ ਤਾਂ ਉਹਨੇ ਸਾਫ਼ ਸਾਫ਼ ਕਿਹਾ — ਵਿਰਹੇਸ਼, ਮੈਂ ਇਸ ਵੇਲੇ ਇਕਾਂਤ ਚਾਹੁੰਦਾ ਹਾਂ। ਕਿਸੇ ਹੋਰ ਵੇਲੇ ਆਈਂ।"

"ਹੋਰ ਵੇਲੇ ਤਾਂ — ਹਾਂ — ਆਵਾਂਗਾ ਹੀ। ਪਰ ਗੱਲ ਇਹ ਆ ਸੱਜਨ ਵੀਰ

ਕਿ ਤੇਰੇ ਕੋਲ ਆਉਣ ਨਾਲ ਮੈਨੂੰ ਨਵੀਂ ਪ੍ਰੇਰਣਾ ਮਿਲਦੀ ਏ। ਮੈਂ ਏਥੇ ਆ ਕੇ ਨਵੀਂ ਤਾਜ਼ਗੀ, ਨਵੀਂ ਚੇਤਨਾ, ਨਵੇਂ ਸਾਹ ਲੈਂਦਾ ਹਾ। ਮੈਂ ਤੈਨੂੰ — ਤੁਹਾਨੂੰ ਡਿਸਟਰਬ ਨਹੀਂ ਕਰਾਂਗਾ ਸੱਜਨ ਭਾਈ! ਹੁਣ ਤੋਂ ਮੈਂ ਇਕਦਮ ਚੁੱਪਚਾਪ ਬੈਠਾ ਰਹਾਂਗਾ।"

ਥੋੜ੍ਹੀ ਦੇਰ ਕਵੀਜਨ ਵਿਰਹੇਸ਼ ਸੱਚਮੁੱਚ ਚੁੱਪਚਾਪ ਬੈਠਾ ਹੋਇਆ ਵੱਡੀ ਦੀ ਬਾਰੀ ਵਲ ਵੇਖਦਾ ਰਿਹਾ, ਫਿਰ ਗੁਣਗੁਣਾਉਣਾ ਸ਼ੁਰੂ ਕਰ ਦਿੱਤਾ। ਫਿਰ ਅਚਾਨਕ ਪੁੱਛਿਆ — "ਸੱਜਨ ਭਾਈ ਚਾਹ ਬਣਾ ਲਵਾਂ ? ਮੈਨੂੰ ਮੂਡ ਆ ਰਿਹਾ ਏ ?" ਆਖ ਕੇ ਸੱਜਨ ਦੇ ਹਾਂ ਜਾਂ ਨਾਂਹ ਕਹੇ ਬਿਨਾਂ ਉਹ ਸਟੋਵ ਕੋਲ ਪਹੁਚ ਗਿਆ। ਸਟੋਵ ਸੁਲਗਾਇਆ, ਪਾਣੀ ਚੜ੍ਹਾਇਆ ਅਤੇ ਇਕ ਠੰਡਾ ਸਾਹ ਲੈ ਕੇ ਵਿਰਹੇਸ਼ ਆਖਣ ਲੱਗਾ — ਸੱਜਨ ਭਾਈ ਗ਼ਾਲਿਬ ਸੱਚ ਲਿਖ ਗਿਆ ਹੈ ਕਿ "ਇਸ਼ਕ ਪਰ ਜ਼ੋਰ ਨਹੀਂ ਹੈ ਯੇ ਵੋ ਆਤਿਸ਼ ਗ਼ਾਲਿਬ — ਕਿ ਲਗਾਏ ਨਾ ਲਗੇ ਔਰ ਬੁਝਾਏ ਨਾ ਬਨੇ'।......(ਆਹ) ਸੱਜਨ ਭਾਈ, ਤੁਹਾਨੂੰ ਸੱਚ ਕਹਿੰਦਾ ਹਾਂ — 'ਬਿਨਾਂ ਦਿਲ ਵਿਚ ਅੱਗ ਲੱਗਿਆਂ ਅਮਰ ਰਚਨਾ ਨਹੀਂ ਹੋ ਸਕਦੀ।' ਤੇ ਹੁਣ ਤੁਸੀਂ ਵੇਖ ਲਉ — ਬਹੁਤ ਛੇਤੀ ਹੀ ਮੈਂ ਆਪਣਾ ਦੂਸਰਾ ਅਮਰ ਗੀਤ ਲਿਖਣ ਵਾਲਾ ਹਾਂ।"

ਸੱਜਨ ਕੁਝ ਨਾ ਬੋਲਿਆ। ਵਿਰਹੇਸ਼ ਫਿਰ ਦਰਵਾਜ਼ੇ ਦੇ ਕੋਲ ਆਕੇ, ਦਰਵਾਜ਼ੇ ਨਾਲ ਇਕ ਗਲ ਜੋੜ ਕੇ ਵੱਡੀ ਦੀ ਬਾਰੀ ਵਲ ਵੇਖ ਕੇ ਗੁਣਗੁਣਾਉਣ ਲੱਗਾ — "ਬਾਟ ਤੁਮ੍ਹਾਰੀ ਤਕਤੇ ਪਿਆਰੀ, ਅੱਖੀਆਂ ਹਾਰੀ, ਅੱਖੀਆਂ ਹਾਰੀ।"

ਚਾਹ ਬਣੀ, ਪੀਤੀ। ਵਿਰਹੇਸ਼ ਜੀ ਨੇ ਸੱਜਣ ਦੀਆਂ ਸਾਰੀਆਂ ਸਿਗਰਟਾਂ ਫੂਕ ਦਿੱਤੀਆਂ। ਕਈ ਵਾਰ ਤੜਫ ਤੜਫ ਕੇ ਗਾਨਾ ਗਾਇਆ। ਇਕ ਵਾਰ ਵੱਡੀ ਦੀ ਬਾਰੀ ਤੇ ਇਕ ਚਿਹਰਾ ਚਮਕਿਆ। ਵਿਰਹੇਸ਼ ਨੇ ਮਜਨੂੰ ਵਾਂਗ ਵੇਖਿਆ, ਪਰ ਕੋਈ ਹੋਰ ਸੀ। (ਨੰਦੋ ਸੀ) ਵਿਰਹੇਸ਼ ਨਿਰਾਸ਼ ਹੋ ਕੇ ਜ਼ੋਰ ਜ਼ੋਰ ਨਾਲ ਵਿਜੋਗ ਦੇ ਗੀਤ ਗਾਉਣ ਲੱਗਾ। ਪਾਉੜੀਆਂ ਚੜ੍ਹ ਕੇ ਛੱਤ ਤੇ ਆਉਂਦਿਆਂ ਹੋਇਆਂ ਮਹੀਪਾਲ ਨੇ ਵਿਰਹੇਸ਼ ਨੂੰ ਅੱਖਾਂ ਮੀਟਿਆਂ ਤਕਿਆ, ਖੱਬੇ ਕੰਨ ਤੇ ਹਥੇਲੀ ਰਖ ਕੇ ਗਾਉਂਦਿਆਂ ਵੇਖਿਆ — ਉਹਦੇ ਪੀੜਤ, ਉਤੇਜਤ ਚਿਹਰੇ ਤੇ ਖਿੜ ਆ ਗਈ!

ਅੰਦਰ ਸੱਜਨ ਨੂੰ ਕਿਸੇ ਦੇ ਆਉਣ ਦੀ ਆਹਟ ਸੁਣੀ, ਤਾਂ ਸਮਝਿਆ ਕੰਨਿਆ ਆ ਰਹੀ ਹੈ। ਖ਼ੁਸ਼ੀ ਜਹੀ ਹੋਈ।

ਦਰਵਾਜ਼ੇ ਤੇ ਵਿਰਹੇਸ਼ ਦੀ ਖੋਪਰੀ ਹਿਲਾ ਕੇ ਮਹੀਪਾਲ ਨੇ ਕਿਹਾ — "ਟੰਗਾਂ ਸੁੰਗੋੜੋ ਮਹਾਰਾਜ! ਅੰਦਰ ਆਉਣਾ — "

"ਗੁਰੂ! ਗੁਰੂ! ਕਹਿ ਕੇ ਝਟ ਕੀਤਿਆਂ ਵਿਰਹੇਸ਼ ਨੇ ਮਹੀਪਾਲ ਦੀਆਂ ਲੱਤਾਂ ਫੜ ਲਈਆਂ। ਲੰਮੇ ਵਾਲਾਂ ਨੂੰ ਝਟਕ ਕੇ, ਮੋਟੀ ਐਨਕ 'ਚੋਂ ਜਜ਼ਬਾਤੀ ਪੁਤਲੀਆਂ ਝਲਕਾ ਕੇ

ਕਿਹਾ — ਹੁਣ ਗੁਰੂ ਦੇ ਦਰਸ਼ਨ ਹੋ ਗਏ, ਮੇਰਾ ਸਾਰਾ ਕੰਮ ਬਣ ਜਾਏਗਾ।"

ਕੰਨਿਆ ਦੀ ਥਾਂ ਮਹੀਪਾਲ ਨੂੰ ਵੇਖ ਕੇ ਸੱਜਨ ਨਿਰਾਸ਼ ਹੋਇਆ; ਫਿਰ ਵੀ ਕੂਲ ਮਿਲਾ ਕੇ ਉਹਨੂੰ ਸੰਤੋਖ ਹੋਇਆ।

ਮਹੀਪਾਲ ਸਿਰਹਾਣੇ ਦਾ ਆਸਰਾ ਲਈ ਇਸ ਤਰ੍ਹਾਂ ਬੈਠਾ ਜਿਵੇਂ ਟੁਟ ਗਿਆ ਹੋਏ। ਸੱਜਨ ਨੂੰ ਉਹਦੀ ਤਕਲੀਫ਼ ਦਾ ਅਹਿਸਾਸ ਹੋਇਆ। ਉਹਨੇ ਪੈਲੇਟ-ਬੁੱਸ਼ ਰਖ ਦਿੱਤਾ।

ਵਿਰਹੇਸ਼ ਬੋਲਿਆ — "ਗੁਰੂ ਜੀ ਇਕ ਨਵਾਂ ਗੀਤ ਲਿਖ ਰਿਹਾ ਆਂ ਅੱਜ ਕੱਲ੍ਹ –"

ਸੱਜਨ ਨੇ ਸੱਜਨਤਾ ਨਾਲ ਕਿਹਾ – "ਵਿਰਹੇਸ਼, ਮੈਂ ਮਹੀਪਾਲ ਨਾਲ ਕੁਝ ਜ਼ਰੂਰੀ ਗੱਲਾਂ ਕਰਨੀਆਂ ਹਨ —"

ਹਾਂ ਹਾਂ ਤੁਸੀਂ ਸ਼ੌਕ ਨਾਲ ਗੱਲਾਂ ਕਰੋ। ਮੈਂ ਛੱਤ ਤੇ ਬੈਠ ਜਾਵਾਂਗਾ। ਅੱਜ ਗੁਰੂ ਜੀ ਆ ਗਏ ਹਨ, ਇਹਨਾਂ ਦੀ ਕਿਰਪਾ ਨਾਲ ਮੇਰਾ ਗੀਤ ਪੂਰਾ ਹੋ ਜਾਏ ਤਾਂ —। ਗੁਰੂ ਜੀ, ਤਹਾਡੇ ਅਸ਼ੀਰਵਾਦ ਨਾਲ ਇਹ ਮੇਰਾ ਦੂਸਰਾ ਅਮਰ ਗੀਤ ਹੋਏਗਾ। ਬਸ, ਇਹਨੂੰ ਪੂਰਾ ਕਰ ਲਵਾਂ ਫਿਰ ਸਿੱਧਾ ਬੰਬਈ ਚਲਿਆ ਜਾਵਾਂਗਾ।" ਵੱਡੇ ਦਾਈਏ ਦੀ ਠੰਡੀ ਆਹ ਭਰ, ਵਾਲ ਝਟਕ ਕੇ ਵਿਰਹੇਸ਼ ਉੱਠ ਕੇ ਖਲੋ ਗਿਆ ਅਤੇ ਆਕੜ ਲੈ ਕੇ ਵੱਡੀ ਦੀ ਬਾਰੀ ਵਲ ਵੇਖਦਿਆਂ ਹੋਇਆਂ ਬਾਹਰ ਨਿਕਲਿਆ।

ਸੱਜਨ ਝਿਜਕ ਕੇ ਹੌਲੀ ਜਹੀ ਬੋਲਿਆ — "ਇਹ ਕੰਮਬਖ਼ਤ ਜੋਕ ਵਾਂਗ ਚਿਮਟਦਾ ਏ। ਕਿਸੇ ਦੀ ਸੁਣਦਾ ਗਿਣਦਾ ਈ ਨਹੀਂ, ਬਸ ਇਕ ਕਰਨਲ ਤੋਂ —। ਕਿਉਂ, ਇਸ ਤਰ੍ਹਾਂ ਉਦਾਸ ਕਿਉਂ ਏਂ ? ਭਾਬੀ ਨਾਲ ਮਹਾਂ ਭਾਰਤ ਹੋ ਗਿਆ ?"

ਮਹੀਪਾਲ ਨੇ ਧੌਣ ਹਿਲਾ ਕੇ ਨਾਂਹ ਕੀਤੀ। ਸੱਜਨ ਨੇ ਫਿਰ ਪੁੱਛਿਆ — ਤੈਨੂੰ ਕੋਈ ਨਾ ਕੋਈ ਚਿੰਤਾ ਜ਼ਰੂਰ ਏ। ਸਵੇਰੇ ਕਰਨਲ ਨੇ ਦੱਸਿਆ ਕਿ ਕੱਲ੍ਹ ਤੁਹਾਡੇ ਸਾਲੇ ਦੀ ਸ਼ਾਦੀ ਸੀ ਏਥੇ।"

ਸ਼ਾਦੀ ਪਰਸੋਂ ਸੀ, ਕੱਲ੍ਹ ਵੱਡਾ ਭੋਜ ਸੀ।"

ਸੱਜਨ ਕੁਝ ਪਲ ਚੁੱਪ ਰਿਹਾ, ਫਿਰ ਬੋਲਿਆ — "ਸ਼ਾਦੀ ਵਿਚ ਕੱਲ੍ਹ ਤੁਹਾਨੂੰ ਕੋਈ ਪ੍ਰੈਜ਼ੰਟ ਵੀ ਦੇਣੀ ਹੋਏਗੀ ਕੁਝ ਨਾ ਕੁਝ ?"

"ਦੇ ਦਿੱਤੀ।"

ਸੱਜਨ ਨੇ ਸਿਗਰਟ-ਕੇਸ ਚੁੱਕਿਆ, ਖ਼ਾਲੀ ਨਿਕਲਿਆ, ਖਿਝ ਕੇ ਬਾਹਰ ਵਲ ਵੇਖਦਿਆਂ ਬੋਲਿਆ — "ਇਹ ਬੋਰ —"

"ਸਿਗਰੇਟ ਹੈ। ਲਉ!" ਮਹੀਪਾਲ ਨੇ ਡੱਬੀ ਕੱਢ ਕੇ ਫ਼ਰਸ਼ ਤੇ ਸੁੱਟੀ।

"ਗੁਰੂ ਜੀ, ਇਕ ਸਿਗਰੇਟ ਮੈਨੂੰ ਵੀ –" ਕਹਿੰਦਿਆਂ ਹੋਇਆਂ ਵਿਰਹੇਸ਼ ਅੰਦਰ ਆ ਗਿਆ।

ਮਹੀਪਾਲ ਬੋਲਿਆ – "ਕੰਮ ਕੀ ਕਰਦਾ ਏਂ ਅੱਜ ਕਲ੍ਹ, ਵਿਰਹੇਸ਼ ?"

ਸਿਗਰਟ ਕੱਢ ਕੇ ਸੱਜਨ ਅਤੇ ਮਹੀਪਾਲ ਵਲ ਕਰਦਿਆਂ ਹੋਇਆਂ ਵਿਰਹੇਸ਼ ਹੱਸ ਕੇ ਬੋਲਿਆ — "ਕੰਮ ਤਾਂ ਗੁਰੂ ਜੀ ਅੱਜ ਕੱਲ੍ਹ — ਇਹ ਗੀਤ ਲਿਖ ਰਿਹਾ ਹਾਂ।"

ਢਿੱਡ ਕਿੰਜ ਭਰਦਾ ਏ ਤੇਰਾ, ਪਰਿਵਾਰ ਕਿੰਜ ਚਲਾਉਂਦਾ ਏਂ ? ਮੈਂ ਸੁਣਿਆ ਏ ਤੇਰੀ ਸ਼ਾਦੀ ਵਾਦੀ ਤਾਂ ਹੋ ਚੁਕੀ ਏ, ਬਾਲ ਬੱਚੇ ਵੀ ਨੇ ?"

"ਬਾਲ-ਬੱਚੇ ਸਭ ਆਪਣੇ ਨਾਨਕੇ ਰਹਿੰਦੇ ਨੇ। ਹੁਣ ਤੁਹਾਨੂੰ ਕੀ ਆਖਾਂ ਗੁਰੂ, ਐਸੀ ਮੂਰਖ ਏ ਮੇਰੀ ਪਤਨੀ ਕਿ ਨਾਲ ਰਹਾਂ ਤਾਂ ਮੇਰੀ ਸਾਰੀ ਕਵਿਤਾ ਚੌਪਟ ਹੋ ਜਾਏ। ਕੋਈ ਪੇਂਡੂ !"

"ਤੇ ਬੱਚੇ ਕਿੰਨੇ ਨੇ ?"

ਤੁਹਾਡੀ ਅਸ਼ੀਰਵਾਦ ਨਾਲ ਪੰਜ ਨੇ ਗੁਰੂ ਜੀ।"

ਸੁਣ ਕੇ ਮਹੀਪਾਲ ਨੂੰ ਤਾਅ ਚੜ੍ਹ ਗਿਆ। ਬੋਲਿਆ — ਪੰਜ ਬੱਚੇ ਤੇ ਫਿਰ ਵੀ ਤੂੰ ਨਿਕੰਮਾ ? ਤੈਨੂੰ ਸ਼ਰਮ ਨਹੀਂ ਆਉਂਦੀ ਵਿਰਹੇਸ਼ ? ਆਖ਼ਰ ਉਹਨਾਂ ਦਾ ਖ਼ਰਚ ਕਿੰਝ ਚਲਦਾ ਏ ?

ਵਿਰਹੇਸ਼ ਕੁਝ ਨਾ ਬੋਲਿਆ — ਸਿਗਰਟ ਫੂਕਦਾ ਰਿਹਾ।

ਮਹੀਪਾਲ ਨੇ ਸੱਜਨ ਨੂੰ ਕਿਹਾ — "ਕੋਈ ਖ਼ਾਸ ਕੰਮ ਨਾ ਕਰ ਰਹੇ ਹੋਵੋ ਤਾਂ ਆਪਣੇ ਘਰ ਚਲੋ। ਏਥੇ ਮੇਰਾ ਸਾਹ ਘੁੱਟਦਾ ਹੈ।"

"ਚਲੋ। ਵੈਸੇ ਮੈਂ ਇਕ ਆਦਮੀ ਨੂੰ ਏਥੇ ਐਕਸਪੈਕਟ ਕਰ ਰਿਹਾ ਸਾਂ ?"

ਮਹੀਪਾਲ ਸਮਝਿਆ, ਪੁੱਛਿਆ — "ਆਉਣ ਦਾ ਇਕਰਾਰ ਕੀਤਾ ਹੈ ?"

"ਨਹੀਂ — "

ਵਿਰਹੇਸ਼ ਬੋਲਿਆ — ਸੱਜਨ ਭਾਈ, ਤੁਸੀਂ ਜਾਓ ਤਾਂ ਚਾਬੀ ਮੈਨੂੰ ਦੇ ਕੇ ਜਾਣਾ। ਮੈਂ ਏਥੇ ਬੈਠ ਕੇ ਕੋਈ ਕੰਮ ਕਰਾਂਗਾ, ਮੈਨੂੰ ਮੂਡ ਆ ਰਿਹਾ ਏ।"

ਸੱਜਨ ਆਪਣੀ ਸੱਜਨਤਾ ਦਾ ਜਾਮਾ ਉਤਾਰ, ਕਿਸੇ ਹੱਦ ਤਕ ਚਿੜ ਕੇ ਬੋਲਿਆ — "ਇਹ ਧਰਮਸਾਲਾ ਦੀ ਕੋਠੜੀ ਨਹੀਂ।"

ਵਿਰਹੇਸ਼ ਇਸ ਗੱਲ ਤੇ 'ਹੇਂ ਹੇਂ' ਕਰ ਕੁਝ ਕਹਿਣ ਹੀ ਲੱਗਾ ਸੀ ਕਿ ਮਹੀਪਾਲ ਬੋਲਿਆ — "ਸੱਜਨ, ਉੱਠ ਪਉ ਝਟਪਟ। ਹੁਣ ਮੇਰਾ ਜੀਅ ਏਥੋਂ ਬਿਲਕੁਲ ਉਚਾਟ ਹੋ ਗਿਆ ਏ। ਗ਼ੁੱਸਾ ਆ ਗਿਆ ਤਾਂ ਇਕ ਅੱਧ ਨੂੰ ਠੋਕ ਵੀ ਦਿਆਂਗਾ।"

ਵਿਰਹੇਸ਼ ਸਿਗਰਟ ਦਾ ਕਸ਼ ਖਿੱਚਦਾ ਚੁੱਪਚਾਪ ਛੱਤ ਤੇ ਚਲਾ ਗਿਆ। ਉਹਦੇ ਬਾਹਰ ਜਾਣ ਪਿਛੋਂ ਸੱਜਨ ਹੌਲੀ ਜਹੀ ਬੁੜਬੁੜਾਇਆ। "ਅੱਜ ਗਿਆ ਹਾਂ। ਜਦੋਂ ਆਉਂਦਾ ਏ, ਮੇਰਾ ਮੂਡ ਰੋਲ ਜਾਂਦਾ ਏ।"

ਮਹੀਪਾਲ ਬੋਲਿਆ — "ਤੂੰਏਂ ਇਹਨੂੰ ਸਿਰ ਤੇ ਚੜ੍ਹਾਇਆ ਏ।"

ਸੱਜਨ ਗੱਲ ਟੋਕ ਕੇ ਬੋਲਿਆ — "ਅੱਜ ਸਵੇਰੇ ਬਾਊ ਸਾਲਗ ਰਾਮ ਅਤੇ ਲਾਲਾ

ਜਾਨਕੀ ਸਰਣ ਆਏ ਸਨ ਮੇਰੇ ਕੋਲ। ਏਥੇ ਮੁਹੱਲੇ ਵਿਚ ਇਕ ਆਰਟ ਐਗਜ਼ੀਬੀਸ਼ਨ ਕਰਨਾ ਚਾਹੁੰਦੇ ਨੇ।"

"ਕਰਨ ਦੇ ਸਾਲਿਆਂ ਨੂੰ।"

"ਸਾਨੂੰ ਉਹਦਾ ਕਨਵੀਨਰ ਬਨਾਉਣਾ ਚਾਹੁੰਦੇ ਨੇ।"

"ਮੈਂ ਨਹੀਂ ਏਹੋ ਜਹੇ ਕਮੀਨਿਆਂ ਨਾਲ ਸ਼ਾਮਲ ਹੋਣਾ। ਇਹ ਪੈਸੇ ਵਾਲੇ ਤੇ ਕਾਂਗਰਸੀ ਦੋਵੇਂ ਵਿਸ਼ਵਾਸ ਜੋਗ ਨਹੀਂ।"

ਸੱਜਨ ਹੱਸਿਆ — "ਮੈਂ ਜਾਣਦਾ ਹਾਂ ਕਿ ਇਹ ਪਰਸੋਂ ਦੇ ਹਵਾਈ ਚਮਤਕਾਰ ਦਾ ਪ੍ਰਤਾਪ ਏ......ਪਰ ਮੈਂ ਹਾਮੀ ਭਰ ਦਿੱਤੀ। ਉਹ ਜੇਕਰ ਸਾਨੂੰ ਬੇਵਕੂਫ ਬਨਾਉਣ ਆਏ ਸਨ ਤਾਂ ਅਸੀਂ ਉਹਨਾਂ ਨੂੰ ਬਣਾਵਾਂਗੇ।"

"ਤੂੰ ਆਪਣੇ ਆਪ ਨੂੰ ਉਹਨਾਂ ਨਾਲੋਂ ਜ਼ਿਆਦਾ ਸਮਝਦਾਰ ਸਮਝਦਾ ਏਂ ?" ਸੱਜਨ ਧੋਖਾ ਖਾ ਜਾਏਂਗਾ।"

"ਹੈਂ ਜੀ, ਕਿਸ ਗੱਲ ਦਾ ਧੋਖਾ ?" ਮੇਰਾ ਤੇ ਉਹਨਾਂ ਦਾ ਕੋਈ ਪੋਲੀਟੀਕਲ ਪੈਕਟ ਤਾਂ ਨਹੀਂ ਰਿਹਾ। ਮੈਨੂੰ ਇਸ ਬਹਾਨੇ ਗਲੀ ਮੁਹੱਲੇ ਵਾਲਿਆਂ ਦੀ ਚੰਗੀ ਜਾਣਕਾਰੀ ਹੋ ਜਾਏਗੀ।"

"ਤਾਂ ਉਹਦੇ ਲਈ ਕੋਈ ਦੂਜਾ ਉਪਾ ਸੋਚੋ। ਉਹਨਾਂ ਲੋਕਾਂ ਨਾਲ ਮਿਲ ਕੇ ਕੋਈ ਵੀ ਕੰਮ ਕਰਨਾ ਗ਼ਲਤ ਏ।"

ਵਿਰਹੇਸ਼ ਬਨੇਰੇ ਨਾਲ ਟਿਕ ਕੇ ਸਾਹਮਣੀ ਕੰਧ ਵਿਚ ਬਣਦੀ ਬਾਰੀ ਵਲ ਵਿੰਹਦਾ ਹੋਇਆ ਜ਼ੋਰ ਨਾਲ ਗਾਉਣ ਲੱਗਾ —

"ਨਹੀਂ ਆਏ ਅਬ ਤਕ ਜੋ ਥੇ ਆਨੇ ਵਾਲੇ।
ਕਹਾਂ ਛਿਪ ਗਏ ਮੁਝ ਕੋ ਤੜਪਾਨੇ ਵਾਲੇ।
ਅਜਬ ਮੋਹਿਨੀ ਡਾਲ ਦੀ ਯਾਰ ਤੂ ਨੇ।
ਕਿ ਮਰ ਮਰ ਕੇ ਜੀਤੇ ਹੈਂ ਦਿਲ ਦੇਨੇ ਵਾਲੇ।"

ਮਹੀਪਾਲ ਤੇ ਸੱਜਨ ਕੋਠੜੀ 'ਚੋਂ ਬਾਹਰ ਆਏ।

ਸੱਜਨ ਜਦ ਤਾਲਾ ਬੰਦ ਕਰ ਰਿਹਾ ਸੀ ਤਾਂ ਬਾਰੀ ਵਿਚ ਮਹਾਂਕਵੀ ਬੋਰ ਨੂੰ ਵੱਡੀ ਦਾ ਚੰਨ ਜੇਹਾ ਮੁਖੜਾ ਦਿਸਿਆ। ਬੋਰ ਹਰਾ ਭਰਾ ਹੋ ਗਿਆ। ਮਹੀਪਾਲ ਆਪਣੇ ਵਿਚਾਰਾਂ ਵਿਚ ਡੁੱਬਾ ਹੋਇਆ ਸੀ। ਤਾਲਾ ਬੰਦ ਕਰਨ ਪਿਛੋਂ ਸੱਜਨ ਨੇ ਵੇਖਿਆ ਤਾਂ ਉਹਨੂੰ ਛਾਤੀ ਤੇ ਹੱਥ ਰਖੀ ਸ਼ਰਬਤੀ ਅੱਖਾਂ 'ਚੋਂ ਗਦ-ਗਦ ਹੋਇਆ ਉਤਾਂਹ ਵਲ ਵੇਖ ਕੇ ਗਾਉਂਦਿਆਂ ਵੇਖਿਆ। "ਅਜਬ ਮੋਹਿਨੀ ਡਾਲ ਦੀ ਯਾਰ ਤੂ ਨੇ — ਸੱਜਨ ਨੇ ਉਤਾਂਹ ਵਲ ਕੋਈ ਧਿਆਨ ਨਾ ਕੀਤਾ, ਵਿਰਹੇਸ਼ ਨੂੰ ਕਿਹਾ — ਚੰਗਾ ਹੁਣ ਚਲ।"

"ਜਾਂਦਾ ਹਾਂ, ਜਾਂਦਾ ਹਾਂ ਮੇਰੇ ਦੋਸਤ, ਜ਼ਰਾ ਠਹਿਰ।" — (ਫਿਰ ਗਾ ਕੇ) ਜਾਂਦਾ ਹਾਂ,

ਜਾਂਦਾ ਹਾਂ ਮੇਰੇ ਦੋਸਤ ਠਹਿਰੋ ! ਕਿ ਆਏ ਹੈਂ ਨਜ਼ਰੇਂ — "

ਮਹੀਪਾਲ ਖਿਝ ਗਿਆ, ਡਾਂਟ ਕੇ ਬੋਲਿਆ – "ਚੰਗਾ ਇਹ ਨਖ਼ਰੇ ਨਾ ਵਿਖਾ, ਚਲ, ਸਿੱਧਾ ਤੁਰ, ਸਾਨੂੰ ਦੇਰ ਹੋ ਰਹੀ ਏ।"

ਮਹੀਪਾਲ ਪਹਿਲਾਂ ਪੌੜੀਆਂ 'ਚੋਂ ਉਤਰਨ ਲੱਗਾ, ਫਿਰ ਸੱਜਨ, ਫਿਰ ਬੋਰ। ਬੋਰ ਦੀਆਂ ਨਜ਼ਰਾਂ ਉੱਪਰ ਸਨ, ਗਾਉਂਦਾ ਅਤੇ ਅਲਵਿਦਾ ਕਹਿੰਦਾ ਉਹ ਪੁੱਠਾ ਤੁਰਦਾ ਪੌੜੀ ਵਲ ਆ ਰਿਹਾ ਸੀ। ਅਚਾਨਕ ਇਕ ਪੌੜੀ ਛੁੱਟੀ ਧੜਾ ਕਰਦਾ ਸੱਜਨ ਦੀ ਪਿੱਠ ਤੇ ਹੀ ਡਿੱਗਾ। ਸੱਜਨ ਵੀ ਲੁੜਕ ਕੇ ਮਹੀਪਾਲ ਤੇ ਡਿੱਗਾ। ਮਹੀਪਾਲ ਪੌੜੀ ਦੀਆਂ ਦੋਵੇਂ ਕੰਧਾਂ ਤੇ ਮਜ਼ਬੂਤੀ ਨਾਲ ਹੱਥ ਅੜਾ ਕੇ ਖੜਾ ਹੋ ਗਿਆ। ਸਭ ਜਣੇ ਡਿਗਦੇ ਡਿਗਦੇ ਬਚੇ। ਸਰਦਾਰਾਂ ਦਾ ਪਰਿਵਾਰ 'ਕੀ ਹੋਇਆ ਕੀ ਹੋਇਆ', ਕਰਦਾ ਹੇਠਾਂ ਜੁੜ ਗਿਆ। ਸੱਜਨ ਦੇ ਮੌਢੇ ਤੇ ਸੱਟ ਲੱਗੀ। ਮਹੀਪਾਲ ਨੂੰ ਤਾਅ ਚੜ੍ਹ ਗਿਆ। ਕ੍ਰੋਧ ਵਿਚ ਆਕੇ ਬੋਰ ਦੇ ਲੰਮੇ ਵਾਲ ਖਿੱਚ ਕੇ ਤਿੰਨ ਚਾਰ ਧੱਫੇ ਮਾਰਦਿਆਂ ਕਿਹਾ — "ਉਏ ਵੇਖ ਕੇ ਨਹੀਂ ਤੁਰੀਦਾ। ਜੁੱਤੀਆਂ ਮਾਰ ਕੇ ਸਾਰਾ ਛਾਇਆਵਾਦ ਢਿੱਲਾ ਕਰ ਦਿਆਂਗਾ, ਯਾਦ ਰਖੀਂ।"

ਬੋਰ ਨੇ ਆਪਣੀ ਐਨਕ ਸੰਭਾਲਦਿਆਂ ਹੋਇਆਂ ਗਿੜ-ਗਿੜ ਕਰਦਿਆਂ 'ਗੁਰੂ ਜੀ, ਗੁਰੂ ਜੀ' ਕਰਨਾ ਸ਼ੁਰੂ ਕਰ ਦਿੱਤਾ। ਸੱਜਨ ਨੇ ਮਹੀਪਾਲ ਦਾ ਹੱਥ ਝਟਕ ਕੇ ਬੋਰ ਨੂੰ ਛੁਡਾਇਆ। ਸਰਦਾਰਨੀਆਂ ਦੇ ਬੱਚੇ ਬੋਰ ਨੂੰ ਮਾਰ ਪੈਂਦੀ ਵੇਖ ਖਿੜ-ਖਿੜ ਕੇ ਹੱਸ ਪਏ।

ਮਹੀਪਾਲ ਵਿਰਹੇਸ਼ ਵਲ ਧਿਆਨ ਨਾ ਦੇ ਕੇ ਤੇਜੀ ਨਾਲ ਸੱਜਨ ਦਾ ਹੱਥ ਫੜ ਕੇ ਫਾਟਕ ਵਲ ਵਧਿਆ। ਵਿਰਹੇਸ਼ ਨੂੰ ਮਾਰਨ ਪਿਛੋਂ ਉਹਨੂੰ ਆਪ ਪਛਤਾਵਾ ਹੋਣ ਲੱਗ ਪਿਆ ਸੀ, ਜੋ ਉਹ ਵਿਖਾਉਣਾ ਨਹੀਂ ਚਾਹੁੰਦਾ। ਉਹ ਕੱਲ੍ਹ ਰਾਤ ਤੋਂ ਬੜਾ ਦੁਖੀ ਸੀ।

ਸਕੇ ਸਾਲੇ ਦੀ ਜੰਞ ਲਖਨਊ ਆਈ ਸੀ। ਉਂਜ ਉਹ ਆਮ ਕਰਕੇ ਬਿਰਾਦਰੀ, ਰਿਸ਼ਤੇਦਾਰੀ 'ਚ ਆਉਣ ਜਾਣ ਤੋਂ ਬਚਦਾ ਹੈ, ਪਰ ਏਥੇ ਮਜਬੂਰ ਸੀ। ਕੱਲ੍ਹ ਰਾਤੀਂ ਲੜਕੀ ਵਾਲਿਆਂ ਦੇ ਘਰ ਹੋਣ ਵਾਲੀ ਜਨਾਰ, ਵੱਡੇ ਭੋਜ ਵਿਚ ਉਹ ਗੱਲਾਂ ਗੱਲਾਂ 'ਚ ਭਾਵੁਕ ਹੋ ਕੇ ਆਪਣੇ ਸਮਾਜ ਦੀਆ ਬੁਰਾਈਆਂ ਕਰਨ ਲੱਗ ਪਿਆ। ਇਕ ਪੁੱਠੀ ਖੋਪਰੀ ਵਾਲੇ ਅੱਖੜ ਬ੍ਰਾਹਮਣ ਦੇਵਤੇ ਨੇ ਪਰਤ ਕੇ ਮਹੀਪਾਲ ਨੂੰ ਟਿਚਕਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ — "ਨਾਸਤਕ ਹੈ। ਸਨਾਤਨ ਧਰਮ ਦੀ ਨਿੰਦਿਆ ਕਰਦਾ ਹੈ। ਪਹਿਲਾਂ ਇਕ ਸੇਠ ਨੂੰ ਫਸਾ ਕੇ ਘਰ ਭਰਿਆ, ਤੇ ਹੁਣ ਮਾਲਦਾਰ ਡਾਕਟਰਨੀ ਫਸਾਈ ਹੋਈ ਹੈ। ਈਸਾਇਣ ਨਾਲ ਖਾਣ ਪੀਣ ਸੂ।" ਮਹੀਪਾਲ ਬੇਹੱਦ ਗਰਮ ਹੋ ਗਿਆ। ਉਹਦੇ ਸਹੁਰੇ ਨੇ ਆਪਣੇ ਮਾਣਜੋਗ ਜਵਾਈ ਅਤੇ ਪੂਜਨੀਕ ਪ੍ਰਾਹੁਣੇ ਅੱਗੇ ਹੱਥ ਜੋੜ ਕੇ ਗੱਲ ਠੰਡੀ ਪਾਈ।

ਪਤਨੀ ਅੱਜ ਸਵੇਰ ਤੋਂ ਸੌਂਕਣ ਵਾਲੀ ਗੱਲ-ਬਾਤ ਤੇ ਕਈ ਵਾਰ ਆਪਣੇ ਪੰਜ ਤੱਤ

ਫੂਕ ਚੁਕੀ ਹੈ। ਮਹੀਪਾਲ ਖਿਝ ਕੇ ਏਥੇ ਆ ਗਿਆ ਸੀ, ਸੋ ਵਿਰਹੇਸ਼ ਤੇ ਅਣ-ਆਈ ਖਿਝ ਵਰ ਪਈ। ਸੱਜਨ ਕਹਿ ਰਿਹਾ ਸੀ – "ਤੈਨੂੰ ਆਪਣੇ ਗ਼ੁੱਸੇ ਤੇ ਜ਼ਰਾ ਕਾਬੂ ਪਾਉਣਾ ਚਾਹੀਦਾ ਏ ਦੋਸਤ!"

ਅੰਦਰ ਦੀ ਖਿਝ ਨਾਲ ਮਹੀਪਾਲ ਦਾ ਚਿਹਰਾ ਵਿਗੜ ਗਿਆ, ਬੋਲਿਆ — "ਢੱਠੇ ਖੂਹ 'ਚ ਪਏ ਕਾਬੂ! ਹੁਣ ਤੇ ਜੀਵਨ ਤੋਂ ਹੀ ਥੱਕ ਗਿਆ।"

ਇਸ ਪਿਛੋਂ ਸੱਜਨ ਨੇ ਕੁਝ ਨਹੀਂ ਕਿਹਾ। ਦੋਵੇਂ ਗਲੀਆਂ 'ਚੋਂ ਲੰਘਦੇ ਅੱਗੇ ਤੁਰਦੇ ਗਏ।

1

ਮਹੀਪਾਲ ਆਪਣੀਆਂ ਦੋ ਭੈਣਾਂ ਅਤੇ ਛੋਟੇ ਭਰਾ ਨਾਲ ਨਾਨਕੇ ਪਲਿਆ ਸੀ। ਉਹਦੇ ਨਾਨਕਿਆਂ ਦਾ ਘਰਾਣਾ ਤਾਅਲੁਕੇਦਾਰਾਂ ਦਾ ਸੀ। ਪਿਤਾ ਜੀ ਇਕ ਜ਼ਿਲਾ ਹਾਈ ਸਕੂਲ ਦੇ ਹੈੱਡਮਾਸਟਰ ਸਨ। ਉਹ ਆਤਮ-ਅਭਿਮਾਨੀ, ਮੂੰਹਫੱਟ ਤੇ ਚਰਿੱਤਰ ਵਾਲੇ ਆਦਮੀ ਸਨ। ਮਹੀਪਾਲ ਦੀ ਮਾਂ ਵਿਚ ਵਡੇ ਘਰਾਂ ਦੇ ਸਾਰੇ ਦੋਸ਼ ਸਨ। ਉਹਦਾ ਜ਼ਿਆਦਾ ਸਮਾਂ ਆਪਣੇ ਪੇਕੇ ਹੀ ਲੰਘਦਾ ਸੀ। ਉਹਦਾ ਬਾਪ ਤੇ ਵੱਡਾ ਭਰਾ ਉਹਨੂੰ ਬਹੁਤ ਚਾਹੁੰਦੇ ਸਨ, ਏਸੇ ਲਈ ਮਹੀਪਾਲ ਦੀਆਂ ਮਾਮੀਆਂ ਆਦਿ ਤੇ ਮਹੀਪਾਲ ਦੀ ਮਾਂ ਦਾ ਰਾਜ ਬਿਨਾਂ ਰੋਕ ਟੋਕ ਚਲਦਾ ਸੀ। ਰਿਆਸਤੀ ਹਰਮ ਵਾਲੇ ਪੁੱਠੇ ਚੱਕਰ ਚਲਾਉਣ ਵਿਚ ਉਹ ਬੜੀ ਚਤੁਰ ਸੀ, ਕਿਸੇ ਹੱਦ ਤਕ ਜ਼ਾਲਮ ਵੀ ਸੀ, ਅਤੇ ਏਸੇ ਲਈ ਲੋਕ ਉਹਦੇ ਨਾਲ ਬੜਾ ਸਾੜਾ ਰਖਦੇ ਸਨ।

ਮਹੀਪਾਲ ਦੀਆਂ ਦੋਵਾਂ ਵੱਡੀਆਂ ਭੈਣਾਂ ਦਾ ਵਿਆਹ-ਦਾਜ ਉਥੋਂ ਈ ਹੋਇਆ। ਉਹ ਵੱਡੇ ਘਰਾਂ ਵਿਚ ਵਿਆਹੀਆਂ ਗਈਆਂ। ਮਹੀਪਾਲ ਦਾ ਵਿਆਹ ਵੀ ਇਕ ਵੱਡੇ ਘਰਾਣੇ ਵਿਚ ਈ ਹੋਇਆ। ਵਿਆਹ ਦੇ ਕੁਝ ਦਿਨ ਬਾਅਦ ਹੀ ਭਾਗਾਂ ਨੇ ਉਹਦੇ ਲਈ ਕਈ ਪ੍ਰੀਵਰਤਨ ਲਿਆਉਣੇ ਸ਼ੁਰੂ ਕਰ ਦਿੱਤੇ ਸਨ। ਬਾਪ ਬੀਮਾਰ ਹੋ ਗਿਆ, ਚਲ ਵੱਸਿਆ! ਵਰ੍ਹਾ ਪਿਛੋਂ ਵੱਡਾ ਮਾਮਾ ਵੀ ਸੁਰਗਵਾਸ ਹੋ ਗਿਆ। ਵੱਡੇ ਮਾਮੇ ਦੀ ਮੌਤ ਪਿਛੋਂ ਮਹੀਪਾਲ ਦੀ ਮਾਂ ਨੂੰ ਪੇਕਾ ਭਾਰਾ ਜਾਪਣ ਲੱਗਾ। ਘਰ ਵਿਚ ਉਹਦੇ ਅਨੇਕ ਵਿਰੋਧੀ ਤਾਂ ਹੈਗੇ ਈ ਸਨ, ਵੇਲਾ ਵੇਖ ਕੇ ਉਹ ਉਹਨੂੰ ਨੀਵਾਂ ਵਿਖਾਉਣ ਦਾ ਯਤਨ ਕਰਨ ਲੱਗੇ। ਇਕ ਘਿਰਣਾ ਵਾਲੀ ਹਾਲਤ ਵਿਚ ਘਿਰ ਕੇ ਆਪਣਾ ਮੂੰਹ ਢੱਕਣ ਲਈ ਉਹਨੂੰ ਆਤਮ-ਹੱਤਿਆ ਕਰਨੀ ਪਈ।

ਮਾਂ ਦੀ ਮੌਤ ਪਿਛੋਂ ਮਹੀਪਾਲ, ਉਹਦੀ ਪਤਨੀ ਅਤੇ ਛੋਟੇ ਭਰਾ ਜੈਪਾਲ ਲਈ

ਹਾਲਾਤ ਮੁਸ਼ਕਿਲ ਹੁੰਦੇ ਗਏ। ਮਾਮੀਆਂ ਆਪਣੀ ਮਰੀ ਹੋਈ ਨਣਾਨ ਦੇ ਅਤਿਆਚਾਰਾਂ ਦਾ ਬਦਲਾ ਉਹਦੀ ਸੰਤਾਨ ਤੋਂ ਲੈਣ ਲੱਗੀਆਂ। ਉਹਨੀਂ ਦਿਨੀਂ ਮਹੀਪਾਲ ਇੰਟਰ-ਮੀਡੀਏਟ ਵਿਚ ਅਤੇ ਨੌਵੀਂ ਜਮਾਤ ਵਿਚ ਪੜ੍ਹ ਰਹੇ ਸਨ।

ਸਾਹਿੱਤ ਵਿਚ ਮਹੀਪਾਲ ਦੀ ਰੁਚੀ ਕਿਸ਼ੋਰ ਅਵਸਥਾ ਤੋਂ ਹੀ ਉਤਪਨ ਹੋ ਚੁਕੀ ਸੀ। ਮਾਂ ਵਾਸਤੇ ਮਾਣ ਸ਼ਰਧਾ ਅਤੇ ਬਾਪ ਲਈ ਭਗਤੀ ਵਾਲੀ ਖਿੱਚ ਉਹਦੇ ਸੰਵੇਦਨਸ਼ੀਲ ਹਿਰਦੇ ਵਿਚ ਅਣਹੋਂਦ ਦੀ ਹੋਂਦ ਵਾਂਗ ਜਾਗੀ। ਬਚਪਨ ਵਿਚ ਉਹਦੀ ਇੱਛਾ ਆਪਣੇ ਪਿਤਾ ਪਾਸ ਰਹਿਣ ਦੀ ਹੀ ਹੁੰਦੀ ਸੀ, ਪਰ ਮਾਂ ਦੇ ਹੱਠ ਕਾਰਨ ਪੱਕੇ ਤੌਰ ਤੇ ਉਥੇ ਨਾ ਰਹਿ ਸਕਿਆ। ਉਹਦੇ ਪਿਤਾ ਸ਼ਾਂਤ, ਗੰਭੀਰ ਅਤੇ ਬੜੇ ਹੀ ਵਿਚਾਰਵਾਨ ਪੁਰਖ ਸਨ। ਉਹ ਅਕਸਰ ਥੋੜ੍ਹਾ ਬਹੁਤਾ ਲਿਖਦੇ ਵੀ ਹੁੰਦੇ ਸਨ। ਖੜੀ ਬੋਲੀ ਦੇ ਰਚੇ ਹੋਏ ਉਹਨਾਂ ਦੇ ਸਵੱਈਏ, ਘਨਾਕਸ਼ਰੀ ਛੰਦਾਂ ਦਾ ਸੰਗ੍ਰਹਿ ਮਹੀਪਾਲ ਕੋਲ ਹੁਣ ਵੀ ਸੰਭਾਲਿਆ ਪਿਆ ਹੈ। ਉਹਨਾਂ ਦੇ ਇਤਿਹਾਸ, ਸਮਾਜ ਅਤੇ ਸਿੱਖਿਆ ਸਬੰਧੀ ਲੇਖ ਕਦੀ ਕਦੀ 'ਸਰਸਵਤੀ', 'ਮਾਧੁਰੀ', ਅਤੇ 'ਸੁਧਾ' ਆਦਿ ਪੱਤ੍ਰ-ਪਤ੍ਰਕਾਵਾਂ ਵਿਚ ਛਪਦੇ ਹੁੰਦੇ ਸਨ। ਬਚਪਨ ਤੋਂ ਹੀ ਮਹੀਪਾਲ ਦੀ ਇੱਛਾ ਆਪਣੇ ਪਿਤਾ ਵਾਂਗ ਆਦਰਸ਼ਵਾਦੀ, ਵਿਦਿਅਕ ਜਗਿਆਸੂ, ਅਤੇ ਲੇਖਕ ਬਣਨ ਦੀ ਹੋ ਗਈ ਸੀ। ਪ੍ਰੇਮਚੰਦ ਅਤੇ 'ਚਾਂਦ', 'ਭਵਿਸ਼', 'ਪ੍ਰਤਾਪ', 'ਅਭਯੁੱਦਯ', ਆਦਿ ਦੇ ਸਮਾਜਕ, ਰਾਜਨੀਤਕ, ਸਾਹਿੱਤ ਦਾ ਪ੍ਰਭਾਵ ਉਹਦੇ ਤੇ ਲਗਾਤਾਰ ਪੈਂਦਾ ਰਿਹਾ। ਆਪਣੇ ਮਾਮਿਆਂ ਅਤੇ ਉਹਨਾਂ ਦੇ ਕਰਿੰਦਿਆਂ ਹੱਥੋਂ ਹੋਣ ਵਾਲੇ ਜ਼ੁਲਮ ਉਹਨੂੰ ਬਹੁਤ ਹੀ ਰੜਕਦੇ ਸਨ। ਉਹ ਅਕਸਰ ਪ੍ਰੇਸ਼ਾਨ ਹੋ ਕੇ ਸੋਚਦਾ ਸੀ ਕਿ ਇਹਨਾਂ ਬੁਰੇ ਹਾਲਾਂ ਵਾਲੇ ਕਿਰਤੀਆਂ ਉਤੇ ਉਹਦੇ ਨਿਕੰਮੇ ਮਾਮੇਂ ਏਨਾ ਅਤਿਆਚਾਰ ਭਲਾ ਕਿਸ ਅਧਿਕਾਰ ਨਾਲ ਕਰਦੇ ਹਨ? ਕਿਸਾਨਾਂ ਨੂੰ ਬੈਂਤਾਂ ਨਾਲ ਮਾਰਨਾ, ਉਹਨਾਂ ਨੂੰ ਰੁੱਖਾਂ ਨਾਲ ਪੁੱਠੇ ਲਟਕਾ ਕੇ ਧੂਣੀ ਦੇਣੀ, ਮਨਮਾਨੀ ਵਗਾਰ ਲੈ ਕੇ ਉਹਨਾਂ ਨੂੰ ਭੁੱਖਿਆਂ ਮਾਰਨਾ, ਘਰ ਲੁਟਣਾ ਆਦਿ ਅਣਮਨੁੱਖੀ ਅਤਿਆਚਾਰ ਉਹ ਲਗਭਗ ਰੋਜ਼ ਹੀ ਵੇਖਦਾ ਹੁੰਦਾ ਸੀ; ਅਤੇ ਉਹ ਵੇਖ ਕੇ ਉਹਦਾ ਰੋਮ ਰੋਮ ਤੜਫ ਉਠਦਾ ਸੀ। ਆਪਣੇ ਤਿੰਨਾਂ ਛੋਟੇ ਮਾਮਿਆਂ ਨੂੰ ਉਹਨੇ ਪਿੰਡ ਦੀਆਂ ਨੂੰਹਾਂ ਧੀਆਂ ਦੀ ਇਜ਼ਤ ਲੁਟਦਿਆਂ ਵੀ ਅਨੇਕ ਵਾਰ ਵੇਖਿਆ ਸੀ। ਉਹਦਾ ਅਧਖੜ ਵਿਚਕਾਰਲਾ ਮਾਮਾ ਖ਼ਾਸ ਕਰਕੇ ਬੜੇ ਵਿਭਚਾਰੀ ਸੁਭਾ ਵਾਲਾ ਸੀ। ਉਹਨੂੰ ਕੁਆਰੀਆਂ ਕੰਨਿਆਵਾਂ ਦਾ ਸਰਬ ਨਾਸ ਕਰਨ ਵਿਚ ਬੜਾ ਅਨੰਦ ਮਿਲਦਾ ਸੀ। ਧੀਆਂ, ਭਤੀਜੀਆਂ ਦੀ ਉਮਰ ਵਾਲੀਆਂ, ਪਿੰਡ ਦੇ ਗ਼ਰੀਬ ਕਿਸਾਨਾਂ ਦੀਆਂ ਧੀਆਂ ਨੂੰ ਆਪਣੇ ਵਿਸ਼ੇ ਭੋਗ ਦੀ ਸਮੱਗਰੀ ਮੰਨ ਕੇ ਉਹਦੀ ਆਤਮਾ ਕਦੀ ਵੀ ਡੋਲਦੀ ਨਹੀਂ ਸੀ।

ਬਾਪ ਦੇ ਘਰ ਦੁਸਹਿਰੇ, ਵਡੇ ਦਿਨ ਜਾਂ ਗਰਮੀਆਂ ਦੀਆਂ ਛੁਟੀਆਂ ਬਿਤਾ ਕੇ ਮਹੀਪਾਲ ਜਦ ਕਦੀ ਆਪਣੇ ਨਾਨਕੇ ਪਰਤਦਾ ਤਾਂ ਉਹਨੂੰ ਜਾਪਦਾ ਜਿਵੇਂ ਹਰੇ ਭਰੇ

ਮੈਦਾਨਾਂ 'ਚੋਂ ਮੱਲੋਜ਼ੋਰੀ ਖਿਚ ਕੇ ਉਹਨੂੰ ਘੁਟਣ ਭਰੇ ਭੋਰੇ ਵਿਚ ਬੰਦ ਕਰ ਦਿੱਤਾ ਹੋਏ। ਤਾਲੁੱਕੇਦਾਰੀ ਵਾਤਾਵਰਣ ਵਿਚ ਮੋਦਕ. ਚਰਸ, ਗਾਂਜਾ, ਸ਼ਰਾਬ, ਮਾਰਪੀਟ, ਅਤਿਆਚਾਰ, ਵਿਭਚਾਰ, ਰੰਡੀਬਾਜ਼ੀ, ਗ਼ੈਰ-ਕੁਦਰਤੀ ਭੋਗ ਆਦਿ ਤਰ੍ਹਾਂ ਤਰ੍ਹਾਂ ਦੀਆਂ ਗੰਦਗੀਆਂ ਵੇਖ ਵੇਖ ਕੇ ਉਹ ਰਾਤ ਦਿਨੇ ਤਪਦਾ ਰਹਿੰਦਾ। ਉਹਦੀ ਹਾਲਤ ਉਸ ਮਨੁੱਖ ਵਰਗੀ ਸੀ, ਜੀਹਦੀ ਜ਼ਬਾਨ ਕੱਟ ਲਈ ਗਈ ਹੋਏ। ਸਾਹਿੱਤ ਗੂੰਗੇ ਦੀ ਬਾਣੀ ਬਣ ਕੇ ਉਹਦੇ ਜੀਵਨ ਵਿਚ ਆਇਆ। ਪਹਿਲਾਂ ਤੁਕਬੰਦੀ ਸ਼ੁਰੂ ਕੀਤੀ, ਪਿਛੋਂ ਕਹਾਣੀਆਂ ਲਿਖਣ ਲੱਗਾ। ਪਿਤਾ ਦੀ ਰੀਸੋ-ਰੀਸੀ ਡਾਇਰੀ ਲਿਖਣ ਦਾ ਅਭਿਆਸ ਵੀ ਸਾਧ ਲਿਆ ਜਿਹਨੇ ਉਹਨੂੰ ਕਹਾਣੀ ਲੇਖਕ ਬਣਨ ਵਿਚ ਬੜੀ ਸਹਾਇਤਾ ਦਿੱਤੀ। ਇੰਟਰ ਦਾ ਇਮਤਿਹਾਨ ਦੇਣ ਤਕ ਉਹਦੀਆਂ ਪੰਜ ਛੇ ਕਹਾਣੀਆਂ 'ਚਾਂਦ' ਅਤੇ 'ਸੁਧਾ' ਵਿਚ ਛਪ ਚੁਕੀਆਂ ਸਨ।

ਮਾਂ ਦੀ ਮੌਤ ਪਿਛੋਂ ਨਾਨਕਿਆਂ ਦਾ ਵਾਤਾਵਰਣ ਉਹਦੇ ਅਤਿਅੰਤ ਅਪਮਾਨ ਭਰਿਆ ਹੋ ਗਿਆ। ਇਕ ਦਿਨ ਤਕੜਾ ਝਗੜਾ ਹੋਣ ਤੇ ਇੰਟਰ ਦਾ ਨਤੀਜਾ ਨਿਕਲਣ ਤੋਂ ਪਹਿਲਾਂ ਹੀ ਮਹੀਪਾਲ ਆਪਣੀ ਨਵ-ਵਿਆਹੀ ਪਤਨੀ ਦੀ ਪ੍ਰੇਰਨਾ ਨਾਲ ਵੱਖਰਾ ਘਰ ਵਸਾਉਣ ਦਾ ਇਰਾਦਾ ਲੈਕੇ ਕੰਮ ਦੀ ਭਾਲ ਵਿਚ ਲਖਨਊ ਆ ਗਿਆ।

ਇਹ ਸੰਨ '30 ਦੇ ਅੰਦੋਲਨ ਦਾ ਜ਼ਮਾਨਾ ਸੀ। 'ਸੁਧਾ' ਦੇ ਸੰਪਾਦਕੀ ਵਿਭਾਗ ਵਿਚ ਉਹਨੂੰ ਚਾਲ੍ਹੀ ਰੁਪਏ ਮਹੀਨੇ ਦੀ ਥਾਂ ਮਿਲ ਗਈ। 'ਸੁਧਾ' ਦੇ ਦਫ਼ਤਰ ਵਿਚ ਨਿੱਤ ਦਿਨ ਉਹਨੂੰ ਮਹਿਮਾਵਾਨ ਸਾਹਿੱਤਕਾਰਾਂ ਦੇ ਦਰਸ਼ਨ ਹੁੰਦੇ ਸਨ। ਪ੍ਰੇਮਚੰਦ, ਨਿਰਾਲਾ, ਮਿਸ਼ਰਬੰਧੂ, ਸੁਮਿਤ੍ਰਾਨੰਦਨ ਪੰਤ, ਰੂਪ ਨਾਰਾਇਣ ਪਾਂਡੇ, ਕ੍ਰਿਸ਼ਣਾ ਬਿਹਾਰੀ ਮਿਸ਼ਰ ਆਦਿ ਅਨੇਕ ਸਾਹਿੱਤ ਦੇਵਤਿਆਂ ਦੇ ਸਰਸ਼ਨ ਉਹਨੂੰ ਏਥੇ ਈ ਪ੍ਰਾਪਤ ਹੋਏ; ਇਹਦੇ ਨਾਲ ਉਹਦੇ ਸਾਹਿੱਤਕ ਜੀਵਨ ਦਾ ਵਿਕਾਸ ਤੇਜ਼ੀ ਨਾਲ ਹੋਇਆ। ਖ਼ਾਸ ਕਰਕੇ ਉਹ ਨਿਰਾਲਾ ਜੀ ਦੇ ਨਿਕਟ ਸੰਪਰਕ ਵਿਚ ਆਇਆ; ਇਹ ਸਾਥ ਉਹਨੂੰ ਨੌਕਰੀ ਦੀ ਘੁਟਣ ਤੋਂ ਬਚਾਉਣ ਵਿਚ ਸਵਾਸਥਕਾਰੀ ਸਿੱਧ ਹੋਇਆ। ਨੌਕਰੀ ਦਾ ਅਭਿਆਸ ਨਾ ਹੋਣ ਤੇ, ਨੌਕਰੀ ਤੋਂ ਅਸੰਤੁਸ਼ਟ ਹੁੰਦਿਆਂ ਹੋਇਆਂ ਵੀ ਚੰਦਰੀ ਲੋੜ ਤੋਂ ਮਜਬੂਰ ਹੋ ਕੇ ਚਿਪਕਿਆ ਹੀ ਰਿਹਾ। ਤਿੰਨਾਂ ਮਹੀਨਿਆਂ ਪਿਛੋਂ ਅਮੀਨਾਬਾਦ ਵਿਚ ਇਕ ਛੋਟਾ ਜਿਹਾ ਮਕਾਨ ਕਿਰਾਏ ਤੇ ਲੈਕੇ ਆਪਣੀ ਗਰਭਵਤੀ ਪਤਨੀ ਅਤੇ ਭਰਾ ਨਾਲ ਉਹ ਟਿਕ ਗਿਆ। ਉਹਦੀ ਪਤਨੀ ਦੇ ਗਹਿਣੇ ਹੀ ਉਹਦੀ ਇਕੋ ਇਕ ਰਾਖਵੀਂ ਪੂੰਜੀ ਸਨ।

ਨਾਨਕਿਆਂ ਤੋਂ ਉਹ ਬਸ ਰੱਬ ਆਸਰੇ ਹੀ ਨਿਕਲਿਆ ਸੀ। ਉਹਨੇ ਆਪਣੇ ਭਰਾ ਨੂੰ ਹਾਈ ਸਕੂਲ ਵਿਚ ਭਰਤੀ ਕਰਾਇਆ ਅਤੇ ਇਹ ਭਰੋਸਾ ਦਿੱਤਾ ਕਿ ਬੇਫ਼ਿਕਰ ਹੋਕੇ ਉਹ ਜਿਥੋਂ ਤਕ ਪੜ੍ਹਨਾ ਚਾਹੇ ਪੜ੍ਹੇ। ਮਹੀਪਾਲ ਜੀ ਤੋੜ ਕੇ ਮੇਹਨਤ ਕਰਨ ਲੱਗਾ। 'ਸੁਧਾ' ਵਿਚ ਕੰਮ ਕਰਦਿਆਂ ਹੋਇਆਂ ਬਾਕੀ ਸਮੇਂ ਵਿਚ ਉਹ ਇਕ ਦੂਜੇ ਪ੍ਰਕਾਸ਼ਕ ਲਈ

'ਬੁਕ ਆਫ਼ ਨਾਲੇਜ', ਇਤਿਹਾਸ ਅਤੇ ਕੋਰਸ ਦੀਆਂ ਕਿਤਾਬਾਂ ਦੂਸਰਿਆਂ ਦੇ ਨਾਂ ਨਾਲ ਲਿਖ ਕੇ ਜਾਂ ਅਨੁਵਾਦ ਕਰਕੇ ਕਾਪੀ ਰਾਈਟ ਵੇਚਦਾ; ਮਹੀਨੇ ਵਿਚ ਇਕ ਦੋ ਕਹਾਣੀਆਂ ਵੀ ਲਿਖ ਲੈਂਦਾ, ਇਸ ਤਰ੍ਹਾਂ ਉਹਨੇ ਸੌ ਰੁਪਏ ਲਗਭਗ ਹਰ ਮਹੀਨੇ ਕਮਾਉਣ ਦਾ ਢੰਗ ਬਣਾ ਲਿਆ।

ਸਮਾਂ ਮੁਕਾਬਲਤਨ ਚੰਗਾ ਸੀ। ਅਖ਼ਬਾਰਾਂ, ਰਿਸਾਲੇ ਘਟ ਹੋਣ ਤੇ ਵੀ ਨਵਾਂ ਲੇਖਕ ਜੇਕਰ ਸਾਹਸੱਤ ਵਾਲਾ ਹੁੰਦਾ ਤਾਂ ਛੇਤੀ ਹੀ ਪ੍ਰਸਿੱਧੀ ਦੇ ਰਾਹ ਪੈ ਜਾਂਦਾ ਸੀ। ਵਡੇ ਸਾਹਿੱਤਕਾਰ ਹਮੇਸ਼ਾ ਛੋਟਿਆਂ ਨੂੰ ਉਤਸਾਹ ਦਿਆ ਕਰਦੇ ਸਨ। ਮਹੀਪਾਲ ਦੀ ਕਲਮ ਵਿਚ ਜ਼ੋਰ ਸੀ, ਮਨ ਵਿਚ ਉਭਰਨ ਦੀ ਲਗਨ ਸੀ, ਹੌਲੀ ਹੌਲੀ ਉਹ ਅਗਾਂਹ ਵਧਣ ਲੱਗਾ।

ਉਹਨੂੰ ਇਕ ਰਈਸ ਨੌਜਵਾਨ ਰੂਪ ਰਤਨ ਮਿਲ ਗਿਆ ਜੋ ਉਹਦੀਆਂ ਕਹਾਣੀਆਂ ਦਾ ਪ੍ਰਸੰਸਕ ਸੀ। ਉਹ ਕੌਮੀ ਵਿਚਾਰਾਂ ਦਾ ਆਦਮੀ ਸੀ। ਉਹਦੇ ਪਿਤਾ ਸੇਠ ਭਜਗੋਵਿੰਦ ਦਾਸ ਬੜੇ ਸ਼ਾਹੂਕਾਰ ਸਨ; ਰੂਪਰਤਨ ਨੇ ਆਪ ਵੀ ਇਕ ਹੈਂਡਲੂਮ ਫ਼ੈਕਟਰੀ ਖੋਲ੍ਹੀ ਹੋਈ ਸੀ; ਇਸ ਤੋਂ ਬਿਨਾਂ ਵੈਦਾਂ ਨੂੰ ਰਖ ਕੇ ਉਹ ਇਕ ਦਵਾਈ ਘਰ ਅਤੇ ਹਸਪਤਾਲ ਵੀ ਚਲਾਉਂਦੇ ਸਨ; ਦ੍ਰਾਖਸ਼ਾਸਵ, ਚਯਵਨਪ੍ਰਾਸ਼, ਦਸ਼ਮੂਲਾਰਿਸ਼ਟ ਆਦਿ ਦਵਾਵਾਂ ਉਹ ਤਿਆਰ ਕਰਦੇ ਸਨ। ਵਡੇ ਨੇਤਾਵਾਂ ਨੂੰ ਆਪਣੇ ਦਵਾਖ਼ਾਨੇ ਘੁਮਾ ਕੇ ਉਹ ਉਹਨਾਂ ਤੋਂ ਸਰਟੀਫ਼ੀਕੇਟ ਲੈ ਲੈਂਦੇ ਸਨ। ਇਸ਼ਤਿਹਾਰਬਾਜ਼ੀ ਵਿਚ ਉਹਨਾਂ ਦਾ ਵਿਸ਼ਵਾਸ਼ ਸੀ। ਉਹਨਾਂ ਨੂੰ ਚੋਖੀ ਆਮਦਨੀ ਹੁੰਦੀ ਸੀ। ਰੂਪ ਰਤਨ ਕਾਂਗਰਸ ਦੇ ਕੋਮਲ ਨੇਤਾ ਅਤੇ ਖ਼ਜ਼ਾਨਚੀ ਵੀ ਸਨ, ਭਾਈਵਾਲੀ ਨਾਲ ਸ਼ਰਾਬ ਦੀ ਦੁਕਾਨ ਵੀ ਚਲਾਉਂਦੇ ਸਨ। ਰੂਪ ਰਤਨ ਬਹੁ-ਧੰਦਿਆਂ ਵਾਲੇ, ਬੜੇ ਹੀ ਮਿਲਣਸਾਰ, ਪੜ੍ਹੇ ਲਿਖੇ, ਗੱਲ-ਬਾਤ ਵਿਚ ਚਲਾਕ, ਅਤੇ ਉਹਨਾਂ ਕੁਝ ਕੁ ਨੌਜਵਾਨਾਂ ਵਿਚੋਂ ਸਨ ਜਿਨ੍ਹਾਂ ਨੇ ਆਪਣੇ ਆਪ ਨੂੰ ਸੰਨ '30 ਤਕ ਵਿਚ ਹੀ ਸੋਸ਼ਲਿਜ਼ਮ ਦਾ ਹਿਮਾਇਤੀ ਮਿਥ ਲਿਆ ਸੀ।

ਮਹੀਪਾਲ ਨਾਲ ਰਾਮ ਰਤਨ ਦੀ ਮੁਲਾਕਾਤ ਜਿਮਖ਼ਾਨਾ ਕਲੱਬ ਵਿਚ ਹੋਈ। ਮਹੀਪਾਲ ਦਾ ਇਕ ਨਾਨਕਿਉਂ ਭਰਾ ਲਖਨਊ ਵਿਸ਼ਵ-ਵਿਦਿਆਲੇ ਵਿਚ ਪੜ੍ਹਦਾ ਸੀ। ਉਹਦੇ ਨਾਲ ਉਹਦਾ ਨਿੱਘਾ ਸਬੰਧ ਸੀ। ਉਹਦੇ ਨਾਲ ਹੀ ਉਹ ਅਕਸਰ ਕਲੱਬ ਵੀ ਚਲਿਆ ਜਾਂਦਾ ਸੀ। ਤੌਰ ਤਰੀਕੇ ਉਹਦੇ ਵੀ ਅਰਿਸਟੋਕ੍ਰੇਟ ਸਨ, ਇਸ ਲਈ ਉਹ ਵਡਿਆਂ ਲੋਕਾਂ ਵਿਚ ਝਟ ਹੀ ਘੁਲ ਮਿਲ ਜਾਂਦਾ ਸੀ। ਖੱਦਰ ਉਹ ਲਖਨਊ ਆਉਂਦਿਆਂ ਹੀ ਪਾਉਣ ਲੱਗ ਪਿਆ ਸੀ — ਕੁਝ ਦੱਬੇ ਸ਼ੌਕ ਨੂੰ ਉਭਾਰਨ ਦੀ ਸੁਤੰਤ੍ਰਤਾ ਲੈ ਕੇ, ਅਤੇ ਕੁਝ ਇਸ ਲਈ ਵੀ ਕਿ ਕੀਮਤੀ ਕਪੜਿਆਂ ਦੀ ਅਣਹੋਂਦ ਖਾਦੀ ਦੇ ਵੈਰਾਗੀ ਲਿਬਾਸ ਨਾਲ ਪੂਰੀ ਤਰ੍ਹਾਂ ਢੱਕੀ ਜਾ ਸਕਦੀ ਸੀ। ਗਲਾਸਾਂ ਦੇ ਦੌਰ ਵਿਚ ਰੂਪ ਰਤਨ ਤੇ ਮਹੀਪਾਲ ਨੂੰ ਲੱਗਾ ਕਿ ਦੋਵਾਂ ਦੇ ਵਿਚਾਰ ਇਕ ਦੂਜੇ ਨਾਲ ਕਾਫ਼ੀ ਮੇਲ ਖਾਂਦੇ ਹਨ।

ਦੋਵਾਂ ਦੇ ਸਬੰਧ ਦਿਨੋ ਦਿਨ ਸੰਘਣੇ ਹੁੰਦੇ ਗਏ। ਇਕ ਦਿਨ ਰੂਪ ਰਤਨ ਨੇ ਅਖ਼ਬਾਰ ਕੱਢਣ ਦਾ ਸੁਝਾ ਦਿੱਤਾ। ਮਹੀਪਾਲ ਬਹੁਤ ਹੀ ਖ਼ੁਸ਼ ਹੋਇਆ।

ਰੂਪ ਰਤਨ ਦੇ ਪਿਤਾ ਕੋਲ ਇਕ ਪ੍ਰੈੱਸ ਗਹਿਣੇ ਪਿਆ ਸੀ। ਰੂਪ ਰਤਨ ਨੇ ਆਪਣੇ ਬਾਪ ਤੋਂ ਉਹ ਕਰਜ਼ੇ ਤੇ ਖ਼ਰੀਦ ਲਿਆ, ਤੇ ਪਿਛੋਂ ਕਾਨੂੰਨੀ ਤਿਕੜਮ ਲੜਾ ਕੇ ਉਸ ਪ੍ਰੈੱਸ ਦਾ ਮਾਲਕ ਵੀ ਬਣ ਬੈਠਾ।

ਸਪਤਾਹਿਕ 'ਨਵਚੇਤਨਾ' ਬੜੀ ਅੱਗ ਉਗਲਦੀ ਸੀ। ਮਹੀਪਾਲ ਦੇ ਸੰਪਾਦਨ ਕਾਲ ਵਿਚ ਤਿੰਨ ਵਾਰ ਉਹਦੀਆਂ ਜ਼ਮਾਨਤਾਂ ਜ਼ਬਤ ਹੋਈਆਂ। ਜਦ ਵੀ ਜ਼ਮਾਨਤ ਜ਼ਬਤ ਹੋਈ 'ਨਵਚੇਤਨਾ' ਦੀ ਵਿਕਰੀ ਵਧੀ। ਬਾਅਦ ਵਿਚ ਰੂਪ ਰਤਨ ਨੇ ਮਹੀਪਾਲ ਨੂੰ ਇਸ ਗੱਲ ਲਈ ਸਮਝਾ ਬੁਝਾ ਕੇ ਮਨਾ ਲਿਆ ਕਿ ਅਖਬਾਰ ਓਨੀ ਹੀ ਅੱਗ ਉਗਲੇ ਜਿਸ ਨਾਲ ਉਹਦੇ ਪ੍ਰਕਾਸ਼ਨ ਉਤੇ ਕੋਈ ਠੇਸ ਨਾ ਲੱਗੇ। 'ਨਵਚੇਤਨਾ' ਦਾ ਦਫ਼ਤਰ ਗਰਮ ਲਹੂ ਵਾਲੇ ਨੌਜਵਾਨ ਲੇਖਕਾਂ ਦਾ ਅੱਡਾ ਬਣ ਗਿਆ। ਹੌਲੀ ਹੌਲੀ ਨਵਚੇਤਨਾ ਪੁਸਤਕ ਪ੍ਰਕਾਸ਼ਨ ਵੀ ਸ਼ੁਰੂ ਹੋਇਆ।

ਰੂਪ ਰਤਨ ਨੇ ਇਸ ਸੰਸਥਾ ਦੇ ਸਮਾਜਵਾਦੀ ਹੋਣ ਦਾ ਐਲਾਨ ਕੀਤਾ ਸੀ। ਉਹ ਵਾਰ ਵਾਰ ਜ਼ੋਰ ਦੇ ਕੇ ਇਹ ਗੱਲ ਕਹਿੰਦੇ ਇਹ ਸੰਸਥਾ ਉਹਨਾਂ ਦੇ ਨਿਜੀ ਮੁਨਾਫ਼ੇ ਲਈ ਨਹੀਂ ਖੋਲ੍ਹੀ ਗਈ। ਲੇਖਕਾਂ, ਕਵੀਆਂ ਅਤੇ ਪ੍ਰੈੱਸ ਕਰਮਚਾਰੀਆਂ ਦੀ ਆਰਥਕ ਸਹਾਇਤਾ ਅਤੇ ਸਮਾਜਵਾਦ ਦਾ ਪ੍ਰਚਾਰ ਕਰਨ ਲਈ ਹੀ ਖੋਲ੍ਹੀ ਗਈ ਹੈ। ਇਸ ਲਈ ਸਮਾਜਵਾਦ ਦੇ ਨਾਂ ਉਤੇ ਉਹ ਹਰ ਇਕ ਤੋਂ ਤਿਆਗ ਅਤੇ ਤਪੱਸਿਆ ਕਰਾ ਲੈਂਦੇ ਸਨ।

ਮਹੀਪਾਲ ਦੇ ਦਿਨ ਬੜੇ ਸੁਖ ਨਾਲ ਬੀਤਣ ਲੱਗੇ। ਉਹਦੀ ਮਾਸਕ ਤਨਖ਼ਾਹ 500 ਰੁਪਏ ਸੀ, ਜਿਸ 'ਚੋਂ ਤਿਆਗ ਦੇ ਨਾ ਤੇ ਤਿੰਨ ਸੋ ਰੁਪਏ ਕੱਟੇ ਜਾਂਦੇ ਸਨ। ਰੂਪ ਰਤਨ ਦੀ ਮਿੱਠੀ ਚਾਲ ਨੂੰ ਭੋਲਾ ਮਹੀਪਾਲ ਨਹੀਂ ਸੀ ਸਮਝਦਾ; ਉਹਦੇ ਤਿਆਗ ਨਾਲ ਕੰਮਪਾਜ਼ੀਟਰ ਅਤੇ ਹੋਰ ਪ੍ਰੈੱਸ ਵਾਲੇ ਵੀ 'ਆਪਣੀ ਸੰਸਥਾ' ਵਾਸਤੇ ਤਿਆਗ ਕਰਨ ਦੀ ਪ੍ਰੇਰਨਾ ਮਜਬੂਰਨ ਲੈਂਦੇ ਸਨ। ਇਹਨੀਂ ਦਿਨੀਂ ਮਹੀਪਾਲ ਨੇ ਬੜੀ ਉੱਨਤੀ ਕੀਤੀ। ਖ਼ੂਬ ਪੜ੍ਹਨਾ, ਕਹਾਣੀਆਂ, ਨਾਵਲ ਲਿਖਣਾ, ਅਤੇ ਲਗਨ ਨਾਲ ਫਿਰ ਫਿਰ ਕੇ ਜ਼ਿਲਿਆਂ, ਪਿੰਡਾਂ, ਮਜ਼ਦੂਰ ਬਸਤੀਆਂ ਅਤੇ ਗ਼ਰੀਬਾਂ ਦੇ ਸੰਕਟਾਂ ਦਾ ਲੇਖਾ ਜੋਖਾ ਇਕੱਠਾ ਕਰਨਾ — ਇਹ ਉਹਦਾ ਕੰਮ ਸੀ। ਸਰਕਾਰ ਦੀਆਂ ਵਧੀਕੀਆਂ ਦੇ ਨਾਲ ਨਾਲ ਪੂੰਜੀਪਤੀਆਂ ਦੇ ਥੋਥੇ ਪੋਲ ਖੋਲ੍ਹਣ ਲਈ ਉਹਦੀ ਕਲਮ ਬੜੇ ਜੋਸ਼ ਨਾਲ ਚਲਦੀ ਸੀ। ਰੂਪ ਰਤਨ ਆਪ ਹੋਰ ਪੂੰਜੀਪਤੀਆਂ ਦੀਆਂ ਕੱਚੀਆ ਪੋਲਾਂ ਮਹੀਪਾਲ ਨੂੰ ਦੱਸਦਾ ਸੀ। ਦੂਸਰਿਆਂ ਤੇ ਆਪਣਾ ਪ੍ਰਭਾਵ ਪਾਉਣ ਲਈ ਹੀ ਰੂਪ ਰਤਨ ਇੰਜ ਲਿਖਵਾਉਂਦਾ, ਵਿਚਾਰਾ ਮਹੀਪਾਲ ਇਸ ਚਾਲ ਨੂੰ ਨਹੀਂ ਸਮਝ ਸਕਿਆ।

ਉਹਨੇ ਜੈਪਾਲ ਨੂੰ ਇੰਟ੍ਰਮੀਡੀਏਟ ਪਾਸ ਕਰਾਈ, ਡਾਕਟਰੀ ਵਿਚ ਦਾਖ਼ਲ ਕੀਤਾ। ਪਤਨੀ ਨਾਲ ਬੌਧਕ ਮੇਲ ਨਾ ਹੋਣ ਕਾਰਨ ਆਮ ਕਰਕੇ ਨਿੱਤ ਦਿਨ ਉਹਦੀ ਖਟਪਟ ਹੋ ਜਾਂਦੀ ਸੀ, ਪਰ ਮਹੀਪਾਲ ਇਸ ਕਾਰਨ ਕਦੇ ਵੀ ਚਰਿਤ੍ਰਹੀਣ ਨਹੀਂ ਹੋਇਆ। ਰੂਪ ਰਤਨ ਦੇ ਤੀਵੀਂ ਅਤੇ ਦਾਰੂ ਦੇ ਯੋਗ ਵਿਚ ਉਹ ਕਦੀ ਕਦੀ ਕੇਵਲ ਦਾਰੂ ਨਾਲ ਹੀ ਸਹਿਯੋਗ ਕਰਦਾ ਸੀ।

ਸੰਨ '36 ਦੀਆਂ ਚੋਣਾਂ ਵਿਚ 'ਨਵਚੇਤਨਾ' ਨੇ ਖ਼ੂਬ ਕੰਮ ਕੀਤਾ। ਰੂਪ ਰਤਨ ਕਾਂਗਰਸ ਟਿਕਟ ਤੇ ਐਮ. ਐਲ. ਏ. ਹੋ ਗਿਆ। ਪਾਰਲੀਮੈਂਟਰੀ ਸੈਕਟਰੀ ਵੀ ਹੋ ਗਿਆ। ਹੁਣ ਉਹ ਆਪਣੀ ਅਖ਼ਬਾਰ ਦੀ ਰੀਤੀ ਨੀਤੀ ਨੂੰ ਬਦਲਣਾ ਚਾਹੁੰਦਾ ਸੀ। ਉਹਨੇ ਦਫ਼ਤਰ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਅੜੰਗੇ ਲੈਣੇ ਸ਼ੁਰੂ ਕਰ ਦਿਤੇ। ਤਿਆਗ ਦੇ ਨਾਂ ਤੇ ਉਹਨਾਂ ਨੇ ਪ੍ਰੈੱਸ ਵਾਲਿਆਂ ਨੂੰ ਕੋਈ ਤਰੱਕੀ ਨਹੀਂ ਸੀ ਦਿੱਤੀ। ਦੁਨੀਆਂ ਦੀ ਨਜ਼ਰ ਜਾਣਨ ਵਾਲੇ ਕਰਮਚਾਰੀ ਸੇਠ ਰੂਪ ਰਤਨ ਦੇ ਸਮਾਜਵਾਦ ਅਤੇ ਤਿਆਗ ਨੂੰ ਭਲੀ ਭਾਂਤ ਸਮਝਦੇ ਸਨ, ਪ੍ਰੰਤੂ ਮਹੀਪਾਲ ਦੀ ਸੱਜਣਤਾ, ਸੱਚਾਈ ਅਤੇ ਲਗਨ ਉਤੇ ਮੁਗਧ ਹੋਣ ਕਾਰਨ, ਅਤੇ ਉਹਦੇ ਵਿਸ਼ਵਾਸ਼ ਦਿਵਾਉਣ ਤੇ ਮੁਆਮਲਾ ਹੁਣ ਤਕ ਕਿਸੇ ਤਰ੍ਹਾਂ ਟਲਦਾ ਆਇਆ। ਪਰ ਹੁਣ ਸਭ ਲੋਕ ਅੜ ਗਏ ਸਨ, ਮਹੀਪਾਲ ਵੀ ਅੜ ਗਿਆ ਕਿ ਹੁਣ ਹਰ ਇਕ ਨੂੰ ਤਰੱਕੀ ਮਿਲਣੀ ਹੀ ਚਾਹੀਦੀ ਹੈ। ਇਸ ਵਾਰ ਰਾਮ ਰਤਨ ਨੇ ਆਪਣੀ ਮਿੱਠੀ ਟਰਕਾਊ ਨੀਤੀ ਛੱਡ ਕੇ ਸਾਫ਼ ਸਾਫ਼ 'ਨਾਂਹ' ਕਹਿ ਦਿੱਤੀ।

ਮਹੀਪਾਲ ਅਸਮਾਨ ਤੋਂ ਜ਼ਮੀਨ ਤੇ ਢਹਿ ਪਿਆ। ਉਹਨੇ ਅਸਤੀਫ਼ਾ ਦੇ ਦਿੱਤਾ। ਰੂਪ ਰਤਨ ਵਿਅਕਤੀਗਤ ਤੌਰ ਤੇ ਮਹੀਪਾਲ ਨਾਲ ਸਬੰਧ ਬਣਾਈ ਰਖਣਾ ਚਾਹੁੰਦਾ ਸੀ। ਇਸ ਲਈ ਉਹਨੇ ਉਹਨੂੰ ਬਹੁਤ ਮਨਾਇਆ, ਸਬਜ਼ ਬਾਗ਼ ਵਖਾਏ, ਪਰ ਉਹ ਨਾ ਮੰਨਿਆ। ਕਰਮਚਾਰੀਆਂ ਦਾ ਹੱਕੀ ਪੱਖ ਛੱਡ ਕੇ ਉਹਨੇ ਕੇਵਲ ਆਪਣੇ ਸਵਾਰਥ ਦੀ ਪੂਰਤੀ ਤੋਂ ਇਨਕਾਰ ਕਰ ਦਿੱਤਾ। ਕਰਮਚਾਰੀਆਂ ਹੜਤਾਲ ਕੀਤੀ, ਹੁਲੜ ਮਚਾਇਆ। ਰੂਪ ਰਤਨ ਨੇ ਪੁਲਸ ਦੇ ਜ਼ੋਰ ਨਾਲ ਉਹਨੂੰ ਦਬਾਇਆ, ਅਨੇਕਾਂ ਫੜੇ ਗਏ, ਪਰ ਮਹੀਪਾਲ ਨਾ ਫੜਿਆ ਗਿਆ। ਮੁਆਮਲਾ ਠੱਪ ਹੋ ਜਾਣ ਤੇ ਰੂਪ ਰਤਨ ਨੇ ਹੌਲੀ ਹੌਲੀ ਉਹਦੇ ਨਾਲੋਂ ਆਪਣੇ ਨਿਜੀ ਰਿਸ਼ਤੇ ਵੀ ਤੋੜ ਲਏ।

ਏਡਾ ਰਾਜ ਭਾਗ, ਏਨੇ ਲੋਕਾ ਤੇ ਹਕੂਮਤ, ਏਨੇ ਲੇਖਕਾਂ ਦਾ ਆਸਰਾ ਦਾਤਾ ਹੋਣ ਪਿਛੋਂ ਮਹੀਪਾਲ ਹੁਣ ਕੁਝ ਵੀ ਨਹੀਂ ਸੀ ਰਹਿ ਗਿਆ। ਇਹ ਉਹਨੂੰ ਬਹੁਤ ਚੁਭਦਾ ਸੀ। 'ਨਵਚੇਤਨਾ' ਪ੍ਰਕਾਸ਼ਨ ਤੋਂ ਛਪੀਆਂ ਉਹਦੀਆਂ ਪੁਸਤਕਾਂ ਉਹਦੇ ਨਾਲੋਂ ਵਧ ਰੂਪ ਰਤਨ ਨੂੰ ਲਾਭ ਪਹੁੰਚਾਉਂਦੀਆਂ ਸਨ।

ਪੱਕਾ ਆਦਰਸ਼ਵਾਦੀ ਹੋਣ ਕਰਕੇ ਇਕ ਧੇਲਾ ਦਾਜ ਲਏ ਬਿਨਾਂ ਹੀ ਮਹੀਪਾਲ ਨੇ

ਇਕ ਸੁੰਦਰ ਸੁਸ਼ੀਲ ਲੜਕੀ ਨਾਲ ਆਪਣੇ ਭਰਾ ਦਾ ਵਿਆਹ ਕੀਤਾ। ਐਮ.ਬੀ.ਬੀ.ਐਸ. ਕਰ ਲੈਣ ਪਿਛੋਂ ਉਹਨੂੰ ਵਲਾਇਤ ਜਾ ਕੇ ਪੜ੍ਹਨ ਦੀ ਵਾਰ ਵਾਰ ਪ੍ਰੇਰਣਾ ਦਿੱਤੀ। ਪਰ ਜਦ ਜੈਪਾਲ ਦੇ ਵਲਾਇਤ ਜਾਣ ਦਾ ਸਮਾਂ ਆਇਆ ਉਦੋਂ ਉਹ ਆਪ ਬੇਆਸਰਾ ਹੋ ਚੁਕਿਆ ਸੀ। ਇਸ ਉਤੇ ਵੀ ਮਹੀਪਾਲ ਹਾਰਿਆ ਨਹੀਂ, ਆਪਣੀ ਪਤਨੀ ਦੇ ਸਾਰੇ ਗਹਿਣੇ ਵੇਚ ਕੇ ਉਹਨੇ ਆਪਣੇ ਭਰਾ ਨੂੰ ਇੰਗਲੈਂਡ ਘੱਲਿਆ। ਏਸੇ ਵੇਲੇ ਮੰਦੇ ਭਾਗਾਂ ਨੂੰ ਉਹਦੀ ਵਿਚਕਾਰਲੀ ਵੱਡੀ ਭੈਣ ਅਤੇ ਉਹਦਾ ਪਤੀ ਸੁਰਗਵਾਸ ਹੋ ਗਿਆ। ਦਾਦੇ ਦੇ ਘਰ ਬੇਆਸਰਾ ਹੋਕੇ ਮਹੀਪਾਲ ਦੀ ਭਣੇਂਵੀ ਸ਼ਕੁੰਤਲਾ ਵੀ ਉਹਦੇ ਕੋਲ ਹੀ ਰਹਿਣ ਲਈ ਆ ਗਈ।

ਮਹੀਪਾਲ ਨੂੰ ਆਪਣੀ ਪਤਨੀ, ਬੱਚੇ, ਭਣੇਂਵੀਂ, ਛੋਟੇ ਭਰਾ ਦੀ ਪਤਨੀ ਅਤੇ ਉਹਦੇ ਗੋਦ ਵਿਚਲੇ ਪੁੱਤਰ ਦੇ ਪਾਲਣਪੋਸਣ ਵਾਸਤੇ ਜੀ ਤੋੜ ਕੇ ਮਿਹਨਤ ਕਰਨੀ ਪੈਂਦੀ ਸੀ; ਫਿਰ ਵੀ ਉਹ ਡੇਢ ਪੌਣੇ ਦੋ ਸੌ ਤੋਂ ਵਧ ਨਹੀਂ ਸੀ ਕਮਾ ਸਕਦਾ।

ਦੂਸਰੀ ਲੜਾਈ ਛਿੜ ਗਈ। ਬਹੁਤ ਸਾਰੇ ਬੇਕਾਰਾਂ ਲਈ ਲੜਾਈ ਆਮਦਨ ਦਾ ਸਾਧਨ ਬਣੀ, ਮੰਦੇ ਦੇ ਮਾਰੇ ਦੁਕਾਨਦਾਰ ਵੀ ਵਾਰੀ ਸਿਰ ਕਾਲੇ ਲਾਭ ਦੀ ਕ੍ਰਿਪਾ ਨਾਲ ਆਪਣੀ ਚਰਬੀ ਚੜ੍ਹਾਉਣ ਲੱਗੇ। ਮਹੀਪਾਲ ਲਈ ਇਹ ਲੜਾਈ ਜਾਨ ਦਾ ਖੌਅ ਸੀ–ਆਰਥਕ ਸੰਕਟ ਤਾਂ ਸੀ ਹੀ; ਨਾਲ ਹੀ ਜੈਪਾਲ ਦੇ ਇੰਗਲੈਂਡ 'ਚ ਹੋਣ ਕਾਰਨ ਉਹਦੀ ਜਾਨ ਹਰ ਸਮੇਂ ਤੜਫਦੀ ਰਹਿੰਦੀ ਸੀ। ਸੰਨ '41 ਵਿਚ ਜੈਪਾਲ ਕਿਸੇ ਤਰ੍ਹਾਂ ਪਰਤ ਆਇਆ — ਡਿਗਰੀ ਲੈਕੇ ਹੀ ਆਇਆ। ਭਰਾ ਦੇ ਪਰਤ ਆਉਣ ਤੇ ਮਹੀਪਾਲ ਦੀ ਜਾਨ ਵਿਚ ਜਾਨ ਆਈ। ਭਰਾ ਨੂੰ ਟਿਕਾਉਣ ਲਈ ਉਹ ਫਿਰ ਬੇਸ਼ਰਮ ਹੋਕੇ ਰੂਪ ਰਤਨ ਨੂੰ ਮਿਲਿਆ। ਉਹਦੇ ਪ੍ਰਭਾਵ ਨਾਲ ਮੈਡੀਕਲ ਕਾਲਜ ਵਿਚ ਨੌਕਰੀ ਦਿਵਾਈ ਅਤੇ ਸੁਖੀ ਭਵਿੱਖ ਦੀ ਕਲਪਨਾ ਕਰਕੇ ਸੰਤੁਸ਼ਟ ਹੋ ਗਿਆ। ਪਰ ਇਹ ਤਸੱਲੀ ਪਲ ਭਰ ਦੀ ਸੀ। ਜੈਪਾਲ ਵੀ ਬਦਲਿਆ ਬਦਲਿਆ ਦਿਸਦਾ ਸੀ।

ਸੰਨ '42 ਦੇ ਅੰਦੋਲਨ ਵਿਚ ਮਹੀਪਾਲ ਦੇ ਜੇਲ ਜਾਣ ਪਿਛੋਂ ਜੈਪਾਲ ਆਪਣੇ ਵੱਡੇ ਭਰਾ ਦੇ ਪਰਿਵਾਰ ਨੂੰ ਨਿਰਾਸਰਾ ਛੱਡ ਕੇ ਵੱਖਰਾ ਹੋ ਗਿਆ। ਦੋ ਵਰ੍ਹੇ ਬਾਅਦ ਕਠਨ ਬੀਮਾਰੀ ਦੇ ਕਾਰਨ ਜਦ ਉਹ ਛੁੱਟ ਕੇ ਘਰ ਆਇਆ ਉਦੋਂ ਤਕ ਉਹਦੇ ਸਾਰੇ ਵਿਸ਼ਵਾਸ਼ ਤਾਸ਼ ਦੇ ਮਹੱਲ ਵਾਂਗ ਭੁਰਭਰਾ ਕੇ ਢਹਿ ਪਏ ਸਨ। ਉਹਨੇ ਵੇਖਿਆ ਰੁਪਏ ਦੀ ਹੋੜ ਵਿਚ ਦੁਨੀਆ ਉਸ ਤੋਂ ਬੜੀ ਅੱਗੇ ਨਿਕਲ ਗਈ ਸੀ। ਆਂਢ ਗੁਆਂਢ ਦੇ ਕਿੰਨੇ ਹੀ ਮਕਾਨ ਨਵੇਂ ਅਤੇ ਆਲੀਸ਼ਾਨ ਬਣ ਗਏ ਸਨ। ਉਹਦੇ ਗੁਆਂਢ 'ਚ ਰਹਿਣ ਵਾਲਾ ਇਕ ਮਾੜਕੂ ਜਿਹਾ ਮੰਦੇ ਹਾਲ ਵਾਲਾ ਗਭਰੂ ਰਾਸ਼ਨਿੰਗ ਇੰਸਪੈਕਟਰ ਹੋ ਕੇ ਰਿਸ਼ਟ ਪੁਸ਼ਟ ਅਤੇ ਚੀਕਣਾ ਹੋ ਗਿਆ ਸੀ। ਉਹਦੇ ਘਰ ਵਿਚ ਚੁਹੀਂ ਪਾਸੀਂ ਜਗਮਗ ਹੋ ਰਹੀ ਸੀ। ਉਹਦਾ ਆਪਣਾ ਛੋਟਾ ਭਰਾ ਜੈਪਾਲ ਮੋਟਰ ਅਤੇ ਬੰਗਲੇ ਦੀ ਸ਼ਾਨ ਦਾ

ਸੁਖ ਭੋਗ ਰਿਹਾ ਸੀ। ਮਹੀਪਾਲ ਦੇ ਜੇਲ 'ਚੋਂ ਰਿਹਾ ਹੋਣ ਪਿਛੋਂ ਜੈਪਾਲ ਕੇਵਲ ਇਕ ਦਿਨ ਖੜਾ ਖੜਾ ਭਰਾ ਨੂੰ ਮਿਲ ਗਿਆ। ਫਿਰ ਕਦੇ ਰਾਜ਼ੀ ਖ਼ੁਸ਼ੀ ਵੀ ਪੁੱਛਣ ਨਾ ਆਇਆ। ਉਹ ਬਾਹਰਦਿਆਂ ਨੂੰ ਕਹਿੰਦਾ ਸੀ — "ਭਰਾ ਨੇ ਮੇਰੇ ਨਾਲ ਕੀਤਾ ਵੀ ਕੀ ਏ ? ਜੇਕਰ ਉਹ ਮੇਰੀ ਸ਼ਾਦੀ ਦਾਜ ਲੈਕੇ ਕਰਦੇ ਤਾਂ ਉਸ 'ਚੋਂ ਹੀ ਮੇਰਾ ਵਲਾਇਤ ਦਾ ਖ਼ਰਚ ਨਿਕਲ ਆਉਣਾ ਸੀ। ਉਹ ਆਪਣੇ ਆਦਰਸ਼ਵਾਦ ਦੇ ਚੱਕਰ ਵਿਚ ਬੇਵਕੂਫ਼ੀਆਂ ਕਰਦੇ ਫਿਰਨ ਤਾਂ ਉਹਦੀ ਜ਼ਿਮੇਵਾਰੀ ਮੇਰੇ ਤੇ ਕਿੰਜ ਆਉਂਦੀ ਹੈ ?"

ਮਿਤ੍ਰ ਰੂਪ ਰਤਨ, ਫਿਰ ਸਕੇ ਭਰਾ ਤੋਂ ਧੱਕਾ ਖਾ ਕੇ ਸਨਕੀ ਹੋ ਗਿਆ ਹੈ। ਲੜਾਈ ਦੇ ਦਿਨਾਂ ਵਿਚ ਤੇ ਹੁਣ ਤਕ ਬੜੀ ਖਿੱਚ ਧੂਹ ਵਾਲੀ ਜ਼ਿੰਦਗੀ ਬਿਤਾਉਂਦਿਆਂ ਹੋਇਆਂ ਉਹ ਚਿੜਚਿੜਾ ਅਤੇ ਅਸਥਿਰ ਚਿੱਤ ਵਾਲਾ ਹੋ ਗਿਆ ਹੈ। ਸਵੈ-ਅਭਿਮਾਨੀ ਏਨਾ ਹੈ ਕਿ ਸੱਜਨ ਅਤੇ ਕਰਨਲ ਸਾਹਿਬ ਵਰਗੇ ਨਿਕਟਵਰਤੀ ਮਿੱਤਰਾਂ ਤੋਂ ਵੀ ਕਿਸੇ ਤਰ੍ਹਾਂ ਦੀ ਸਹਾਇਤਾ ਲੈਣੀ ਪਸੰਦ ਨਹੀਂ ਕਰਦਾ। ਡਾਕਟਰ ਸ਼ੀਲਾ ਸਿੰਵਗ ਤੋਂ ਵੀ ਉਹ ਦੋਸਤੀ ਵਿਚ ਬਰਾਬਰ ਦੀ ਦੌੜ ਲਾਉਣ ਦਾ ਯਤਨ ਕਰਦਾ ਹੈ। ਕਰਨਲ, ਸੱਜਨ ਅਤੇ ਸ਼ੀਲਾ ਉਹਦੀ ਦੁਖਦੀ ਰਗ ਨੂੰ ਪਛਾਣ ਕੇ ਸਦਾ ਉਹਦੇ ਸਵੈ-ਅਭਿਮਾਨ ਦੀ ਰੱਖਿਆ ਕਰਨ ਦਾ ਯਤਨ ਕਰਦੇ ਰਹਿੰਦੇ ਹਨ।

ਅਜੇਹੇ ਆਦਮੀ ਤੇ ਜੇਕਰ ਕੋਈ ਭਰੀ ਸਭਾ ਵਿਚ ਇਹ ਦੋਸ਼ ਲਾਏ ਕਿ ਉਹ ਕਿਸੇ ਸੇਠ ਜਾਂ ਮਾਲਦਾਰ ਔਰਤ ਦਾ ਪੈਸਾ ਚੱਟ ਕੇ ਲਾਲ ਸੂਹਾ ਹੋ ਗਿਆ ਹੈ ਤਾਂ ਉਹਨੂੰ ਸੁਭਾਵਕ ਤੌਰ ਤੇ ਬੜੀ ਤਕਲੀਫ਼ ਹੋਏਗੀ। ਮਹੀਪਾਲ ਆਪਣੀ ਇਸ ਨਿੰਦਿਆ ਨਾਲ ਪਾਗਲ ਹੋ ਗਿਆ ਸੀ।

ਗਲੀਆਂ 'ਚੋਂ ਲੰਘਦੇ ਹੋਏ ਕੁਝ ਦੇਰ ਸੱਜਨ ਅਤੇ ਮਹੀਪਾਲ ਚੁੱਪ ਰਹੇ। ਮਹੀਪਾਲ ਦੇ ਦੁਖੀ ਚਿਹਰੇ ਨੂੰ ਵੇਖ ਕੇ ਸੱਜਨ ਨੇ ਕਿਹਾ — ਯਾਰ ਗੱਲ ਕੀ ਏ ?......ਤੂੰ ਅੱਜ ਔਸਤ ਤੋਂ ਜ਼ਿਆਦਾ ਅਪਸੈੱਟ ਨਜ਼ਰ ਆ ਰਿਹਾ ਏਂ।...... ਮੈਂ ਜਾਣਦਾ ਹਾਂ ਤੂੰ ਮੈਥੋਂ ਸਹਾਇਤਾ ਲਏਂਗਾ, ਪਰ ਕੀ ਘਰ ਵਿਚ ਕੋਈ ਪੈਸਿਆਂ ਦੀ ਪਰੇਸ਼ਾਨੀ ਏ ?"

ਮਹੀਪਾਲ ਸੱਜਨ ਦੇ ਮੋਢੇ ਤੇ ਹੱਥ ਰਖ ਕੇ, ਬਿਨਾਂ ਕਿਸੇ ਪਾਸੇ ਵੇਖਿਆਂ ਸਿਰ ਨਿਵਾਈ ਬੋਲਿਆ — "ਵੇਲਾ ਆਉਣ ਤੇ ਸਹਾਇਤਾ ਤੁਸਾਂ ਲੋਕਾਂ ਤੋਂ ਨਹੀਂ ਮੰਗਾਂਗਾ ਤੇ ਹੋਰ ਮੇਰਾ ਕੌਣ ਬੈਠਾ ਏ।"

ਆਖ ਕੇ ਮਹੀਪਾਲ ਚੁੱਪ ਹੋ ਗਿਆ, ਸੱਜਨ ਦੇ ਮੋਢੇ ਤੇ ਹੱਥ ਰਖੀ ਚੁੱਪਚਾਪ ਅਗਾਂਹ ਤੁਰਦਾ ਗਿਆ। ਗਲੀ ਨਾਲ ਬਜ਼ਾਰ ਆਪਣੀ ਚਹਿਲ ਪਹਿਲ ਵਿਚ ਮਗਨ ਸੀ। ਸਭ ਤਰ੍ਹਾਂ ਦੇ ਚਰਚੇ ਚਲ ਰਹੇ ਸਨ — ਚਾਰ ਦਿਨ ਪਹਿਲਾਂ ਦੇ ਹਵਾਈ ਜਹਾਜ਼ ਵਾਲੇ ਇਸ਼ਤਿਹਾਰ ਤੋਂ ਲੈਕੇ ਅੱਜ ਦੇ ਸਾਗ ਭਾਜੀਆਂ ਦੇ ਭਾਅ ਤਕ।

ਚੋਣਾਂ ਦੀ ਚਰਚਾ ਆਮ ਸੀ। ਇਕ ਥਾ ਲੋਕਾਂ ਦੀਆਂ ਗੱਲਾਂ ਵਿਚ ਚੋਣਾਂ ਨੂੰ ਲੈਕੇ

ਧਰਮ ਅਤੇ ਜਾਤੀ ਦਾ ਜ਼ੋਰਦਾਰ ਚਰਚਾ ਚਲ ਰਿਹਾ ਸੀ। ਮਹੀਪਾਲ ਇਕਦਮ ਚਿੜ ਗਿਆ, ਸੱਜਨ ਨੂੰ ਕਿਹਾ — "ਮੇਰੇ ਹੱਥ ਵਿਚ ਦੋ ਦਿਨ ਲਈ ਪ੍ਰਬੰਧ ਆ ਜਾਏ ਤਾਂ ਜਿੰਨੇ ਧਰਮ ਦੀ ਗੱਲ ਕਰਨ ਵਾਲੇ ਨੇ ਸਭਨਾਂ ਨੂੰ ਚਰਾਹਿਆਂ ਵਿਚ ਜੁੱਤੀਆਂ ਮਰਵਾਵਾਂ। ਢੋਂਗੀ ! ਮੱਕਾਰ !"

ਸੱਜਨ ਹੱਸਿਆ, ਬੋਲਿਆ — "ਹੋਏਗਾ ਹੋਏਗਾ ! ਉਸਤਾਦ ਜਾਣ ਦੇ ! ਆਖ਼ਰ ਇਹਨਾਂ ਧਰਮ ਵਾਲਿਆਂ ਤੇਰਾ ਕੀ ਵਿਗਾੜਿਆ ਹੈ ?"

ਮਹੀਪਾਲ ਬੋਲਿਆ — "ਮੇਰਾ ਈ ਨਹੀਂ ਇਹ ਸਾਰੀ ਦੁਨੀਆ ਦਾ ਉਲਟ ਕਲਿਆਣ ਕਰ ਰਹੇ ਨੇ। ਅੰਨ੍ਹੀ ਸ਼ਰਧਾ ਨਾਲ ਭਰੇ ਹੋਏ ਕੁਝ ਸਿਧਾਂਤਾਂ ਨੂੰ ਲੈਕੇ ਇਹ ਲੋਕ ਅਰੋਗੀ ਅਤੇ ਸੰਸਕਾਰਾਂ ਵਾਲੇ ਜੀਵਨ ਦਾ ਗਲ ਘੁੱਟ ਰਹੇ ਨੇ — ਇਹਦੀ ਅੰਨ੍ਹੀ ਕਟੜਤਾ ਪੂਰੇ ਜੀਵਨ ਨੂੰ ਅਤੀ ਅਣਮਨੁੱਖੀ ਨਜ਼ਰ ਨਾਲ ਵੇਖਦੀ ਹੈ।"

ਸੱਜਨ ਬੋਲਿਆ — "ਜਾਪਦਾ ਹੈ ਸਾਲੇ ਦੀ ਸ਼ਾਦੀ ਵਿਚ ਕੋਈ ਅਣਮਨੁੱਖੀ ਗੱਲ ਤੂੰ ਵੇਖ ਲਈ ਏ। ਤੇ ਪ੍ਰਤੱਖ ਏ ਅਜੇਹੀ ਗੱਲ ਲੜਕੇ ਵਾਲਿਆਂ, ਯਾਨੀ ਤੇਰੇ ਸਹੁਰਿਆਂ ਵਲੋਂ ਈ ਹੋਈ ਹੋਏਗੀ। ਕਿਉਂ ਏਹੋ ਏ ਨਾ ?"

ਸੱਜਨ ਦੀ ਗੱਲ ਤੇ ਹੂੰ ਕਰਕੇ ਦੋ ਪੈਰ ਚੁੱਪਚਾਪ ਤੁਰਨ ਪਿਛੋਂ ਮਹੀਪਾਲ ਬੋਲਿਆ — "ਕਹਿਣ ਨੂੰ ਤਾਂ ਇਹ ਬ੍ਰਾਹਮਣ ਦੇਸ਼ ਦੇ ਇੰਟੇਲੇਕੂਚੁਅਲ ਲੀਡਰ ਨੇ, ਪਰ ਇਹਨਾਂ ਨਾਲ ਵਧ ਪਤਿਤ, ਕੁਰੱਖਤ, ਦੰਭੀ ਅਤੇ ਮੂਰਖ ਸ਼ਾਇਦ ਜੰਗਲੀ ਜਾਤੀਆਂ ਵਿਚੋਂ ਵੀ ਨਹੀਂ ਮਿਲਣਗੇ। ਮੇਰੇ ਤੇ — ਆਪਣੇ ਬਾਪ ਤੇ — ਤੁਹਮਤ ਲਾਉਂਦੇ ਨੇ ਕਿ ਮੈਂ ਸ਼ੀਲਾ ਦਾ ਪੈਸਾ ਖਾਂਦਾ ਹਾਂ, ਮੈਂ ਰੂਪ ਰਤਨ ਦੀ ਜੋੜੀ ਜਪੜੀ ਮਾਰ ਲਈ ਹੈ। ਹੱਦ ਹੋ ਗਈ।"

ਸੱਜਨ ਹੱਸਿਆ, ਬੋਲਿਆ — ਖਾਂਦਾ ਤੇ ਏਂ, ਭਲਾ ਇਹਦੇ ਵਿਚ ਵੀ ਕੋਈ ਝੂਠ ਏ ?"

ਮਹੀਪਾਲ ਮਜ਼ਾਕ ਦੇ ਮੂਡ ਵਿਚ ਨਹੀਂ ਸੀ, ਹੌਲੀ ਹੌਲੀ ਤਣਦਾ ਤੁਰਿਆ ਜਾਂਦਾ ਸੀ। ਜੇਕਰ ਉਹ ਇਸ ਵੇਲੇ ਸੜਕ ਤੇ ਨਾ ਤੁਰ ਰਿਹਾ ਹੁੰਦਾ ਤਾਂ ਬੜੇ ਜ਼ੋਰ ਦੀ ਗਰਜਦਾ। ਝੁੰਜਲਾ ਕੇ ਬੋਲਿਆ — "ਇਹ ਕੰਮਬਖ਼ਤ ਹੱਦ ਦਰਜੇ ਦੀਆ ਗੰਦਗੀਆਂ ਨਾਲ ਭਰੇ ਹੋਏ, ਨੀਚਾਂ ਨਾਲੋਂ ਵੀ ਨੀਚਤਮ, ਸਨਾਤਨ ਧਰਮ ਦੀ ਮਹਿਮਾ ਵਿਖਿਆਨਦੇ ਨੇ ਬਈਮਾਨ। ਮੇਰੇ ਤੇ ਝੂਠਾ ਦੋਸ਼ ਲਾਉਂਦੇ ਨੇ। ਰੁਪਏ ਤੇ ਜਾਨ ਦੇਂਦਾ ਹੁੰਦਾ ਤਾਂ ਮਹੀਪਾਲ ਸ਼ੁਕਲ ਅੱਜ ਲਖਪਤੀ ਹੁੰਦਾ, ਲੇਖਕ ਨਹੀਂ।"

"ਯਾਰ, ਤੂੰ ਖਾਹਮਖਾਹ ਚਿੜ੍ਹਾਉਂਦਾ ਏਂ। ਬਈ, ਦੁਨੀਆ ਵਾਲਿਆਂ ਦਾ ਕਾਇਦਾ ਏ ਕਿ ਵਧਣ ਵਾਲਿਆਂ ਨੂੰ ਲੱਤੋਂ ਫੜ ਪਿਛਾਂਹ ਘਸੀਟਦੀ ਏ। ਇਹਦੇ ਟਾਕਰੇ ਤੇ ਤੂੰ ਆਪਣਾ ਜੇਰਾ ਵਿਖਾ ਕਿ ਕਿਵੇਂ ਇਹਨਾਂ ਜ਼ਬਰਦਸਤ ਵਿਰੋਧਾਂ ਦੇ ਹੁੰਦਿਆਂ ਵੀ ਅਗਾਹ

ਵਧਦੇ ਓ।"

ਮਹੀਪਾਲ ਦੇ ਉਬਾਲ ਤੇ ਸੱਜਨ ਦੇ ਬੋਲ ਠੰਡੇ ਪਾਣੀ ਵਾਂਗ ਪਏ। ਉਹ ਚੁੱਪਚਾਪ ਸਿਰ ਝੁਕਾਈ ਅਗਾਂਹ ਵਧਣ ਲੱਗਾ, ਫਿਰ ਇਕ ਹੌਕਾ ਭਰ ਕੇ ਨਿਰਾਲਾ ਦੀਆਂ ਪੰਗਤੀਆਂ ਬੜੇ ਜਜ਼ਬਾਤੀ ਹੋ ਕੇ ਕਹੀਆਂ —

ਕਰਨਾ ਹੋਗਾ ਯੇਹ ਤਿਸਿਰ ਪਾਰ —
ਦੇਖਨਾ ਸਤਯ ਕਾ ਮਿਹਰ-ਦਵਾਰ —
ਬਹਨਾ ਜੀਵਨ ਕੇ ਪ੍ਰਖਰ ਜਵਾਰ ਮੇਂ ਨਿਸ਼ਚਯ —
ਲੜਨਾ ਵਿਰੋਧ ਸੇ ਦ੍ਵੰਦ-ਸਮਰ,
ਰਹ ਸਤਯ ਮਾਰਗ ਪਰ ਸਿਖਰ ਨਿਰਭਰ —
ਜਾਨਾ, ਬਿਨ ਭੀ ਦੇਹ, ਨਿੱਜ ਘਰ ਨਿ: ਸੰਸ਼ਯ।"*

ਮਹੀਪਾਲ — ਜੀਵਨ ਤੋਂ ਹਾਰੇ-ਹੁੱਟੇ ਇਕ ਬੰਦੇ ਨੂੰ ਮਹਾਂਕਵੀ ਦੀ ਬਾਣੀ ਤੋਂ ਓਸੇ ਤਰ੍ਹਾਂ ਸਹਾਰਾ ਮਿਲ ਰਿਹਾ ਸੀ, ਜਿਵੇਂ ਰੋਗੀ ਨੂੰ ਆਧੁਨਿਕ ਵਿਗਿਆਨ ਆਕਸੀਜਨ 'ਚੋਂ ਸਾਹ ਲੈਣ ਵਿਚ ਸਹਾਇਤਾ ਕਰਦਾ ਏ।

ਗਲੀ ਦੇ ਅੱਗੇ ਵੱਡੇ ਬਜ਼ਾਰ ਦੀ ਸੜਕ ਤੋਂ ਚੋਣਾਂ ਦਾ ਜ਼ਬਰਦਸਤ ਹੁੱਲੜ ਸੁਣਾਈ ਦੇ ਰਿਹਾ ਸੀ।

18

ਕੰਨਿਆ ਅੱਜ ਆਈ ਨਹੀਂ ਸੀ। ਪਤਾ ਨਹੀਂ ਉਹਨੂੰ ਰਹਿਣ ਦੀ ਥਾਂ ਕਿਥੇ ਮਿਲੀ ਹੋਏਗੀ ? ਇੱਛਾ ਹੋਈ ਇਕ ਵਾਰ ਚਲ ਕੇ ਉਹਨੂੰ ਵੇਖਿਆ ਜਾਏ। ਉਹ ਮੁਸੀਬਤ 'ਚ ਪਈ ਹੈ, ਸਵੈ-ਅਭਿਮਾਨਣੀ ਹੈ — ਉਹਦੇ ਆਤਮ-ਅਭਿਮਾਨ ਦੀ ਰੱਖਿਆ ਕਰਦਿਆਂ ਨੂੰ ਸੰਕਟ 'ਚੋਂ ਬਚਾਉਣਾ ਹੀ ਮਨੁਖਤਾ ਹੈ।

---

*ਸੱਚ ਦਾ ਚਾਨਣ-ਦੁਆਰ ਵੇਖਣ ਲਈ
ਇਸ ਅੰਧਕਾਰ ਨੂੰ ਪਾਰ ਕਰਨਾ ਪਏਗਾ
ਜੀਵਨ ਦੇ ਸ਼ਕਤੀਸ਼ਾਲੀ ਧਾਰੇ ਵਿਚ ਵਹਿਣਾ ਹੀ ਪਏਗਾ
ਵਿਰੋਧਤਾ ਨਾਲ ਦੁਪਾਸੜ ਘੋਲ ਕਰਦਿਆਂ
ਸੱਚ ਦੇ ਰਾਹ ਤੇ ਟਿਕਣਾ ਪਏਗਾ
ਬਿਨਾਂ ਸਰੀਰੋਂ, ਨਿਡਰਤਾ ਨਾਲ ਆਪਣੇ ਟਿਕਾਣੇ ਤੇ ਪਹੁੰਚਣਾ ਹੈ। (ਅਨੁਵਾਦਕ)

ਕਾਰ ਲੈ ਕੇ ਸੱਜਨ ਉਸ ਅਹਾਤੇ ਵਿਚ ਗਿਆ ਜਿਥੇ ਕੰਨਿਆ ਰਹਿੰਦੀ ਸੀ। ਉਥੋਂ ਪਤਾ ਲੱਗਾ ਕਿ ਕਲ੍ਹ ਰਾਤ ਹੀ ਉਹ ਆਪਣਾ ਸਾਮਾਨ ਲੈ ਕੇ ਕਿਸੇ ਦੀ ਮੋਟਰ ਤੇ ਚਲੀ ਗਈ। ਸੱਜਨ ਉਸ ਅਨਜਾਣੇ ਮੋਟਰ ਵਾਲੇ ਨਾਲ ਸਾੜਾ ਹੋਇਆ, ਫਿਰ ਦੁਖ ਵਿਚ ਗਰੱਸਿਆਂ ਬ੍ਰਹਮਚਰਯ ਦਾ ਖ਼ਿਆਲ ਆਇਆ। ਸੋਚਿਆ, ਮੈਂ ਕਰਨਾ ਈ ਕੀ ਏ ? ਪਰ ਬ੍ਰਹਮਚਾਰੀ ਵਰਤਧਾਰੀ ਸੱਜਨ ਦਾ ਮਨ ਕੰਨਿਆ ਤੋਂ ਬਿਨਾਂ ਵਿਸ ਵਿਸ ਕਰਦਾ ਹੀ ਰਿਹਾ।

ਪਰਤ ਕੇ ਸੱਜਨ ਕਰਨਲ ਦੀ ਦੁਕਾਨ ਤੇ ਆਇਆ। ਮਹੀਪਾਲ ਉਥੇ ਈ ਬੈਠਾ ਸੀ। ਉਹਨੇ ਕਰਨਲ ਨੂੰ ਸੱਜਨ — ਸਾਲਿਗਰਾਮ ਪੈਕਟ ਬਾਰੇ ਕਹਿ ਦਿੱਤਾ ਸੀ। ਕਰਨਲ ਵੀ ਸੱਜਨ ਨਾਲ ਬੇਹੱਦ ਨਾਰਾਜ਼ ਸੀ। ਆਉਂਦਿਆਂ ਈ ਉਹਦੇ ਤੇ ਵਰ੍ਹ ਪਿਆ — "ਇਹ ਤੂੰ ਕੀਹਦੇ ਤੋਂ ਪੁੱਛ ਕੇ ਹਾਮੀ ਭਰੀ ਆ ਬਈ ? ਤੂੰ ਮੇਰੇ ਸਾਰੇ ਕੀਤੇ ਕਰਾਏ ਤੇ ਪਾਣੀ ਫੇਰਨਾ ਚਾਹੁੰਦਾ ਏਂ ?"

ਕਰਨਲ ਦੇ ਵਿਰੋਧ ਤੋਂ ਸੱਜਨ ਨੂੰ ਇਹ ਮਹਿਸੂਸ ਹੋਣ ਲੱਗਾ ਸੀ ਕਿ ਉਹਨੇ ਸੱਚ ਮੁੱਚ ਗ਼ਲਤੀ ਕੀਤੀ ਹੈ, ਪਰ ਕਿਉਂ ਜੋ ਉਹ ਗ਼ਲਤੀ ਕਰ ਚੁਕਾ ਸੀ, ਇਸ ਲਈ ਉਸ ਤੇ ਡਟਿਆ ਰਹਿਣਾ ਚਾਹੁੰਦਾ ਸੀ। ਖ਼ਾਸ ਕਰ ਮਹੀਪਾਲ ਦੇ ਸਾਹਮਣੇ ਤਾਂ ਉਹ ਆਪਣੀ ਗਲਤੀ ਸਵੀਕਾਰ ਹੀ ਨਹੀਂ ਸੀ ਕਰਨਾ ਚਾਹੁੰਦਾ, ਚਿਹਰੇ ਨੂੰ ਤਣ ਕੇ ਰੁੱਖੀ ਆਵਾਜ਼ ਵਿਚ ਬੋਲਿਆ — "ਜੇਕਰ ਤੂੰ ਵੀ ਸ਼ਾਮਲ ਨਾ ਹੋਣਾ ਚਾਹੇਂ ਤਾਂ ਨਾ ਹੋ। ਮੈਂ ਜੋ ਕੁਝ ਕੀਤਾ ਏ ਸਮਝਕੇ ਤੇ ਸਹੀ ਕੀਤਾ ਹੈ।"

"ਸਹੀ ਨਹੀਂ, ਸੁਆਹ ਕੀਤਾ ਏ ? ਕਰਨਲ ਬੋਲਿਆ — "ਮੈਂ ਪੁੱਛਨਾ ਆਂ ਤੂੰ ਕਿਸ ਚੱਕਰ ਵਿਚ ਪੈ ਗਿਆ ਏਂ ? ਜਾਨਕੀ ਸਰਣ ਤੇ ਸਾਲਗਰਾਮ ਸਵੇਰੇ ਸਵੇਰੇ ਕੋਠੀ ਪਹੁੰਚ ਗਏ ਸਨ, ਇਸ ਲਈ ਮੂੰਹ ਵੇਖ ਕੇ ਖੇਚਲ 'ਚ ਪੈ ਗਏ ? ਇਹ ਤੇਰੇ ਦਿਮਾਗ਼ ਵਿਚ ਨਹੀਂ ਆਇਆ ਕਿ ਬਿੰਨੋ ਦਾ ਜਿਹੜਾ ਕੇਸ ਚਲ ਰਿਹਾ ਏ ਉਹਦੇ ਉਤੇ ਤੇਰੀ ਇਸ ਮੂਰਖ਼ਤਾ ਦਾ ਕੀ ਅਸਰ ਪਏਗਾ ?"

ਬਿੰਨੋ ਸ਼ਬਦ ਸੁਣ ਕੇ ਸੱਜਨ ਤ੍ਰਭਕਿਆ, ਫਿਰ ਕੇਸ ਦੇ ਸਿਲਸਿਲੇ ਵਿਚ ਸਮਝ ਗਿਆ ਕਿ ਕਰਨਲ ਨੇ ਕੰਨਿਆ ਦਾ ਨਵਾਂ ਨਾਮਕਰਣ ਕੀਤਾ ਹੈ। ਉਹਨੂੰ ਕੰਨਿਆ ਲਈ ਕਰਨਲ ਦੇ ਇਸ ਲਾਡ ਤੋਂ ਲਗਾਅ ਜਿਹਾ ਹੋਇਆ।

ਕੰਨਿਆ ਕਿਥੇ ਏ ? ਨਵੇਂ ਸਿਰਿਓਂ ਚਿੰਤਾ ਹੋਈ; ਚੀਸ ਉਠੀ। ਆਪਣੀ ਗ਼ਲਤੀ ਤੇ ਚਿੱਪ ਚੜ੍ਹਨ ਲੱਗੀ। ਸਵੇਰੇ ਮੰਜ਼ੂਰੀ ਦੇਂਦੇ ਸਮੇਂ ਉਹਨੂੰ ਨਿਰਸੰਦੇਹ ਕੰਨਿਆ ਦਾ ਖ਼ਿਆਲ ਆਇਆ ਸੀ; ਫਿਰ ਵੀ ਉਹਨੇ ਹਾਮੀ ਭਰ ਲਈ ?......ਕੰਨਿਆ ਕਾਰਨ ਉਹਦਾ ਮਨ ਸਨਕੀ ਹੋ ਗਿਆ ਹੈ। ਕਿਉਂ ਬ੍ਰਹਮਚਰਯ-ਬ੍ਰਹਮਚਰਯ ......ਇਹ ਜੋ ਦਿਮਾਗ਼ ਵਿਚ ਚਲ ਰਿਹਾ ਏ, ਕਿਤੇ ਇਹ ਕੋਰਾ ਖ਼ਬਤ ਤੇ ਨਹੀਂ ? ਅਚਾਨਕ ਮੈਂ

ਆਪਣਾ ਦਿਮਾਗ਼ੀ ਸੰਤੁਲਨ ਗੁਆ ਰਿਹਾ ਹਾਂ; ਇਹਦਾ ਕਾਰਨ ? ਕਾਰਨ ਸਮਝ ਨਹੀਂ ਆਇਆ। ਦਿਮਾਗ਼ ਕੱਟੇ ਹੋਏ ਫਲ ਦੀਆਂ ਫਾੜੀਆਂ ਵਾਂਗ ਖਿੱਲਰ ਰਿਹਾ ਸੀ। ਜਿੰਨਾ ਹੀ ਇਹਨੂੰ ਕਿਸੇ ਗੱਲ 'ਚ ਏਕਾਗਰ ਕਰੋ ਉਹਨਾਂ ਹੀ ਧੂੰਏ ਨਾਲ ਭਰਦਾ ਹੈ। ਗ਼ੁੱਸਾ ਆਇਆ। ਕਰਨਲ ਨੂੰ ਜਵਾਬ ਦਿੱਤਾ — ਮੈਂ ਸਭ ਕੁਝ ਚੰਗੀ ਤਰ੍ਹਾਂ ਸੋਚ ਚੁਕਾ ਹਾਂ। ਆਦਮੀ ਉਹੋ ਏ ਜੋ ਆਪਣੇ ਦੁਸ਼ਮਣ ਨਾਲ ਵੀ ਹਰ ਵੇਲੇ ਹੱਥ ਮਿਲਾਉਣ ਲਈ ਤਿਆਰ ਰਹੇ। ਦੈਣ ਇਜ਼ ਅਵਰ ਇੰਡੀਅਨ ਕਲਚਰ ! ਅਸੀਂ ਆਪਣਾ ਕੰਮ ਲੜਦੇ ਵੀ ਇਸ ਨੁਮਾਇਸ਼ ਵਿਚ ਭਾਗ ਲਵਾਂਗੇ। ਤੁਸੀਂ ਲੋਕ ਤੰਗ ਨਜ਼ਰਾਂ ਨਾਲ ਵੇਖਦੇ ਓ, ਮੈਂ ਅਜਿਹਾ ਕਰਨਾ ਇਕ ਆਰਟਿਸਟ ਦੇ ਮਿਜਾਜ਼ ਦੇ ਉਲਟ ਮੰਨਦਾ ਹਾਂ।" ਸੱਜਨ ਆਪਣੀਆਂ ਗੱਲਾਂ ਤੇ ਖ਼ੁਸ਼ ਹੋਇਆ।

"ਬ੍ਰੇਵੋ ! ਮੇਰੇ ਨਾਲ ਰਹਿਣ ਦਾ ਤੇਰੇ ਤੇ ਚੰਗਾ ਅਸਰ ਪਿਆ ਏ !" ਮਹੀਪਾਲ ਨੇ ਚਿਹਰੇ ਤੇ ਗੁਰੂਡਮ ਲਿਆ ਕੇ ਕਿਹਾ — "ਕਾਸ਼ ਕਿਤੇ ਇਹਨਾਂ ਗੱਲਾਂ ਵਿਚ ਤੇਰਾ ਦਿਲ ਵੀ ਬੋਲਿਆ ਹੁੰਦਾ ਸੱਜਨ, ਤਾਂ ਵਿਸ਼ਵਾਸ ਜਾਣ ਅੱਜ ਤੇਰੇ ਚਰਨਾਂ ਤੇ ਸ਼ਰਧਾ ਨਾਲ ਸਿਰ ਟਿਕਾ ਦੇਂਦਾ !"

ਸੱਜਨ ਸ਼ਰਮ ਅਤੇ ਗ਼ੁੱਸੇ ਨਾਲ ਕੰਬ ਉਠਿਆ। ਮਨ ਦੀ ਸਾੜ-ਭੁੱਜ ਆਪਣੀ ਪੂਰੀ ਕੜਵਾਹਟ ਲੈ ਕੇ ਝਟ ਕੀਤੇ ਚਿਹਰੇ ਤੇ ਚੜ੍ਹ ਗਈ।

ਤਦੇ ਦਰਵਾਜ਼ੇ ਤੇ ਲਗਾ ਚਿੱਕ 'ਚੋਂ, ਸਾਹਮਣੇ ਉਤਲੀ ਪੌੜੀ 'ਚੋਂ ਵਨਕੰਨਿਆ ਉਤਰਦੀ ਦਿਸੀ।

ਇਹ ਲੋਕ ਦਵਾਖ਼ਾਨੇ ਦੇ ਪਿਛਾਂਹ ਵਾਲੇ ਹਿੱਸੇ ਵਿਚ, ਕਰਨਲ ਦੇ ਪ੍ਰਾਈਵੇਟ ਆਫ਼ਿਸ ਵਿਚ ਬੈਠੇ ਸਨ। ਸੱਜਨ ਆਰਾਮ ਕੁਰਸੀ ਤੋਂ ਉਠ ਪਿਆ, ਦਰਵਾਜ਼ੇ ਦੇ ਕੋਲ ਜਾ ਕੇ ਚਿੱਕ ਚੁਕਦਿਆਂ ਉਹਨੇ ਕੰਨਿਆ ਨੂੰ ਕਿਹਾ — "ਤੂੰ ਏਥੇ ਉਥੇ ਵੇਖਣ ਗਿਆ ਸਾਂ।"

ਕੰਨਿਆ ਮੁਸਕ੍ਰਾਈ, ਕੁਝ ਜਵਾਬ ਨਾ ਦਿੱਤਾ। ਚਿੱਕ ਤੇ ਪਰਦਾ ਆਪਣੇ ਹੱਥ ਨਾਲ ਚੁਕ ਕੇ ਅਗਾਂਹ ਹੋਈ, ਸੱਜਨ ਰਾਹ ਛਡ ਕੇ ਅੰਦਰ ਚਲਾ ਗਿਆ। ਕੰਨਿਆ ਨੂੰ ਵੇਖ ਕੇ ਮਹੀਪਾਲ ਨੇ ਉਠ ਕੇ ਹੱਥ ਜੋੜੇ। ਕਰਨਲ ਨੇ ਬੈਠਿਆਂ ਬੈਠਿਆਂ ਹੀ ਉਹਦੇ ਵਲ ਹੱਸਦਿਆ ਕਿਹਾ — "ਤੁਹਾਨੂੰ ਏਥੇ ਵੇਖ ਕੇ ਇਹ ਆਰਟਿਸਟ ਸਾਹਿਬ ਸੁੰਨ ਹੋ ਗਏ। ਅੱਜ ਕਰਕੇ ਆਏ ਨੇ ਬੋੜਮਦਾਸ। ਉਤੋਂ ਇਹ ਏਥੇ ਲਿਕਚਰ ਝਾੜ ਰਹੇ ਨੇ ਸਾਡੇ ਸਾਹਮਣੇ !"

ਸੱਜਨ ਦੇ ਚੇਹਰੇ ਤੇ ਫਿਰ ਪਰੇਸ਼ਾਨੀ ਝਲਕੀ, ਪਰ ਇਸ ਵਾਰੀ ਜ਼ਰਾ ਸੰਜਮ ਨਾਲ।

ਨੁੱਕਰ ਚੋਂ ਕੁਰਸੀ ਖਿੱਚ ਕੇ ਬੈਠਦਿਆਂ ਹੋਇਆਂ ਕੰਨਿਆ ਨੇ ਸੱਜਨ ਨੂੰ ਕਿਹਾ — "ਕਰਨਲ ਭਾਈ ਸਾਹਿਬ ਨੇ ਮੈਨੂੰ ਉੱਪਰ ਰਹਿਣ ਦੀ ਜਗ੍ਹਾ ਦੇ ਦਿੱਤੀ ਹੈ। ਕਲ੍ਹ ਇਹ

ਮੇਰੇ ਪਿਛੇ ਪੈ ਗਏ ਕਿ ਝਟ ਪਟ ਚਲ ਕੇ ਕਾਰ ਤੇ ਆਪਣਾ ਸਾਮਾਨ ਲਿਆ।"

ਕਰਨਲ ਨੇ ਹੱਸ ਕੇ ਮਹੀਪਾਲ ਨੂੰ ਕਿਹਾ — "ਪਹਿਲਾਂ ਤਾਂ ਇਹ ਸਾਡੇ ਨਾਲ ਬੜੀ ਕੌਮਨਿਸ਼ਟੀ ਝਾੜਦੀ ਰਹੀ — ਬੜੀ ਬਹਿਸਬਾਜ਼ੀ ਕੀਤੀ ਕਿ ਐਦਿਉਂ ਨਹੀਂ ਉਦਿਉਂ ਨਹੀਂ। ਪਰ ਮੈਂ ਕਿਹਾ ਬਈ ਬਹਿਸ ਫੇਰ ਕਰੀਂ, ਪਹਿਲਾਂ ਚਲ ਕੇ ਸਾਮਾਨ ਲਿਆ। ਜੇ ਮੈਨੂੰ ਭਰਾ ਬਣਾਇਆ ਈ ਤਾਂ ਮੇਰਾ ਹੁਕਮ ਵੀ ਮੰਨਣਾ ਪਵੇਗਾ। ਭਲਾ ਦੱਸ, ਇਹੋ ਜਿਹੀ ਥਾਂ ਰਹਿੰਦੀ ਸੀ — ਮਹਿਰਿਆਂ — ਕੁਹਾਰਾਂ ਦੇ ਹਾਤੇ 'ਚ! ਪਿਉ ਤੇ ਉਹ ਸਹੁਰਾ ਸਾਲਗਰਾਮ ਖ਼ਾਰ ਖਾਈ ਬੈਠੇ ਨੇ, ਹੋਰ ਕੁਝ ਨਹੀਂ, ਤਾਂ ਪੈਸਿਆਂ ਦਾ ਲਾਲਚ ਦੇ ਕੇ ਕਿਸੇ ਤੋਂ ਛੇੜਖ਼ਾਨੀ ਈ ਕਰਵਾ ਦੇਣ। ਵਿਚਾਰੀ ਸ਼ਰੀਫ਼ ਜਨਾਨੀ ਤਾਂ ਏਨੇ 'ਚ ਹੀ ਮਰ ਜਾਂਦੀ ਏ, ਜਨਾਬ!"

"ਇਹ ਤੂੰ ਚੰਗਾ ਕੀਤਾ ਏ। ਤੇ ਤੇਰਾ ਉਤਲਾ ਕਮਰਾ ਬਿਲਕੁਲ ਖ਼ਾਲੀ ਪਿਆ ਸੀ?"

ਚੀੜ ਦੇ ਬਕਸੇ ਬੋਤਲਾਂ — ਇਹੋ ਨਿਕੜ ਸੁੱਕੜ ਪਿਆ ਸੀ। ਅੱਜ ਸਵੇਰੇ ਸਭ ਕੁਝ ਚੁਕਵਾ ਕੇ ਪਿਛਲੇ ਤਬੇਲੇ ਵਿਚ ਘਲਵਾ ਦਿੱਤਾ। ਏਥੇ ਥਾਂ ਬਣ ਗਈ ਇਹਦੇ ਲਈ – ਉੱਪਰ ਕਮਰਾ ਏ, ਇਕ ਛੱਜਾ, ਨਲਕਾ-ਬਾਥਰੂਮ ਸਭ ਕੁਝ ਏ।"

ਸੱਜਨ ਨੂੰ ਇਸ ਗੱਲ ਦੀ ਹੈਰਾਨੀ ਹੋ ਰਹੀ ਸੀ ਕਿ ਕੰਨਿਆ ਕਰਨਲ ਦੇ ਆਸ਼ਰਮ 'ਚ ਰਹਿਣਾ ਅਸਵੀਕਾਰ ਨਾ ਕਰ ਸਕੀ। ਉਹਨੇ ਸੱਜਨ ਦਾ ਸੁਝਾਅ ਨਾ ਮੰਨਿਆ। ਕਿਉਂ? ਦੁਨੀਆ ਜੇਕਰ ਸੱਜਨ ਨਾਲ ਜਾਂ ਉਹਦੇ ਨਾਲ ਕਿਸੇ ਮਕਾਨ 'ਚ ਰਹਿਣ ਤੇ ਕੰਨਿਆ ਨੂੰ ਬਦਨਾਮ ਕਰ ਸਕਦੀ ਸੀ ਤਾਂ ਕੀ ਕਰਨਲ ਨਾਲ ਰਹਿਣ ਤੇ ਉਹਨੂੰ ਛੱਡ ਦਏਗੀ? ਤਾ ਫਿਰ ਕੰਨਿਆ ਦਾ ਉਹਦੇ ਲਈ ਇਹ ਅਵਿਸ਼ਵਾਸ ਕਿਉਂ? ਇਸ ਵੇਲੇ ਸੱਜਨ ਦਾ ਜੀਅ ਤਿੱਖੀ ਹਵਾ 'ਚ ਉੱਡਦੇ ਹੋਏ ਕਪੜੇ ਵਾਂਗ ਫੜਫੜਾ ਰਿਹਾ ਸੀ। ਉਹਨੂੰ ਲਗਦਾ ਸੀ ਕਿ ਸਾਲਗ ਰਾਮ ਨਾਲ ਸਹਿਯੋਗ ਦੀ ਗੱਲ ਹੁਣ ਆਖੀ ਹੀ ਜਾਏਗੀ। ਸੱਜਨ ਉਸ ਘੜੀ ਦਾ ਟਾਕਰਾ ਕਰਨ ਤੋਂ ਝਿਜਕ ਰਿਹਾ ਸੀ। ਉਹਨੂੰ ਆਪਣੇ ਉਤੇ, ਕਰਨਲ, ਮਹੀਪਾਲ, ਕੰਨਿਆ, ਸਾਲਗ ਰਾਮ, ਜਾਨਕੀ ਸਰਣ — ਸਭਨਾਂ ਤੇ ਬੜੀ ਖਿੱਝ ਚੜ੍ਹਨ ਲੱਗੀ। ਉਹ ਚਾਹੁੰਦਾ ਸੀ ਕਿ ਛੇਤੀ ਨਾਲ ਉਠ ਕੇ ਭੱਜ ਜਾਏ, ਪਰ ਇੰਜ ਕਰਨ ਲਈ ਜਿਵੇਂ ਉਹਦੇ ਪੈਰਾਂ ਵਿਚ, ਸਾਰੇ ਸਰੀਰ ਵਿਚ, ਸ਼ਕਤੀ ਨਹੀਂ ਸੀ ਰਹਿ ਗਈ; ਉਹ ਅਰਾਮ ਕੁਰਸੀ ਤੇ ਗੱਡਿਆ ਬੈਠਾ ਸੀ।

ਕਰਨਲ ਨੇ ਕੰਨਿਆ ਨੂੰ ਪੁਛਿਆ – "ਬਿੰਨੋ, ਕਿਤੇ ਬਾਹਰ ਜਾ ਰਹੀ ਸੈਂ?"

"ਜੀ ਹਾਂ। ਛੇਤੀ ਹੀ ਜਾਵਾਂਗੀ।"

"ਤੂੰ ਕਿਸੇ ਵੇਲੇ ਵੀ ਆ। ਮੈਂ ਚੌਕੀਦਾਰ ਨੂੰ ਕਹਿ ਦਿੱਤਾ ਹੈ। ਇਕ ਤਾਲਾ ਏਧਰ ਦੇ ਦਰਵਾਜ਼ੇ ਨੂੰ ਲੱਗ ਜਾਏਗਾ। ਤੂੰ ਜਦ ਵੀ ਆਏਂ, ਚੌਕੀਦਾਰ ਨੂੰ ਜਗਾ ਕੇ ਖੁਲ੍ਹਵਾ

ਲਈਂ ।"

ਕੰਨਿਆ ਹੱਸੀ, ਬੋਲੀ — "ਮੈਨੂੰ ਸੈਕੰਡ ਸ਼ੋ ਵਿਚ ਪਿਕਚਰਾਂ ਵੇਖਣ ਦੀ ਆਦਤ ਨਹੀਂ ਭਾਈ ਸਾਹਿਬ !"

ਮਹੀਪਾਲ ਪਹਿਲੀ ਵਾਰ ਕੰਨਿਆ ਲਈ 'ਤੁਮ' ਸ਼ਬਦ ਦੀ ਵਰਤੋਂ ਕਰਦਾ ਬੋਲਿਆ – "ਤੂੰ ਸਮਝੀ ਨਹੀਂ ਭੈਣ, ਇਹ ਕਰਨਲ ਹਰ ਗੱਲ ਬੜੀ ਪਾਲਿਸੀ ਨਾਲ ਕਹਿੰਦਾ ਹੈ। ਇਹ ਸਮਝਦਾ ਹੈ ਕਿ ਕਮਿਊਨਿਸਟ ਲੜਕੀਆਂ ਰਾਤਾਂ ਨੂੰ ਦਾਤਰੀ ਹਥੌੜਾ ਲੈ ਕੇ ਫਿਰਦੀਆਂ ਨੇ ।"

ਕੰਨਿਆ ਖਿੜਖਿੜਾ ਕੇ ਹੱਸ ਪਈ, ਕਰਨਲ ਵੀ ਝਿਜਕਦਿਆਂ ਬੋਲਿਆ – "ਇਹਨਾਂ ਲੇਖਕਾਂ ਕਲਾਕਾਰਾਂ ਦੀਆਂ ਗੱਲਾਂ 'ਚ ਨਾ ਆਈਂ, ਬਿੰਨੋ । ਇਹ ਲੋਕ ਹਮੇਸ਼ਾ ਮੂਰਖਤਾ ਵਾਲੀਆਂ ਗੱਲਾਂ ਕਰਕੇ ਹੀ ਨਾਂ ਬਣਾਉਂਦੇ ਨੇ ।"

ਕੰਨਿਆ ਹੱਸੀ ਤਾਂ ਜ਼ਰੂਰ, ਪਰ ਕੰਨਅੱਖੀਆਂ 'ਚੋਂ ਉਹਦੀਆਂ ਨਿਗਾਹਾਂ ਸੱਜਨ ਦੇ ਪਰੇਸ਼ਾਨ ਚਿਹਰੇ ਨੂੰ ਗਹੁ ਨਾਲ ਵੇਖ ਰਹੀਆਂ ਸਨ । ਸੱਜਨ ਸਿਰ ਨਿਵਾਈ ਬੈਠਾ ਸੀ। ਕਰਨਲ ਅਤੇ ਮਹੀਪਾਲ ਦੋਵਾਂ ਦਾ ਧਿਆਨ ਕੰਨਿਆ ਵਲ ਸੀ। ਕੰਨਿਆ ਦਾ ਇੰਜ ਮਨਮਾਨੇ ਢੰਗ ਨਾਲ ਸੱਜਨ ਵਲ ਵੇਖਣਾ, ਉਹਦੀ ਚੁੱਪ ਪਰੇਸ਼ਾਨੀ ਮਹੀਪਾਲ ਦੇ ਮਨ ਵਿਚ ਕਵਿਤਾ ਜਗਾ ਗਈ। 'ਪਿਆਰ ਵਾਲੀਆਂ ਨਜ਼ਰਾਂ ਵਿਚ ਵੀ ਕਹੀ ਗੱਲ ਹੁੰਦੀ ਹੈ !' — ਸੋਚਦਿਆਂ ਹੋਇਆਂ ਮਹੀਪਾਲ ਨੂੰ ਸੱਜਨ ਨਾਲ ਰਸ਼ਕ ਹੋਇਆ ਅਜੇ ਕਿ ਉਹਦੇ ਮਨ ਵਿਚ ਕਿਸੇ ਨੁਕਰੇ ਵੀ ਕੰਨਿਆ ਲਈ ਕਿਸੇ ਤਰ੍ਹਾਂ ਦੀ ਬੁਰੀ ਭਾਵਨਾ ਨਹੀਂ ਸੀ। ਇਕ ਵਾਰ ਬੜੇ ਜ਼ੋਰ ਨਾਲ ਉਹਦੇ ਜੀ 'ਚ ਆਇਆ ਕਿ ਸੱਜਨ — ਸਾਲਗਰਾਮ ਪੈਕਟ ਦੀ ਚਰਚਾ ਕੰਨਿਆ ਸਾਹਮਣੇ ਕਰਕੇ ਉਹ ਸੱਜਨ ਨੂੰ ਨੀਂਵਾਂ ਵਿਖਾਏ। ਫਿਰ ਆਪਣੀ ਇੱਛਾ ਨੂੰ ਦਬਾ ਕੇ ਉਹਨੂੰ ਪੁੱਛਿਆ — "ਕੰਨਿਆ, ਤੇਰੇ ਕੇਸ ਦਾ ਕੀ ਹਾਲ ਏ ?"

ਕੰਨਿਆ ਨੇ ਤ੍ਰਭਕ ਕੇ ਸੱਜਨ ਦੇ ਚਿਹਰੇ ਨਾਲ ਜੁੜੀਆਂ ਆਪਣੀਆਂ ਅੱਖਾਂ ਨੂੰ ਮਹੀਪਾਲ ਵਲ ਘੁਮਾਇਆ। ਕਰਨਲ ਉਹਦੇ ਜਵਾਬ ਦੇਣ ਤੋਂ ਪਹਿਲਾਂ ਈ ਬੋਲ ਪਿਆ — "ਅਜੇ ਮੈਂ ਜ਼ਰਾ ਵਕੀਲਾਂ ਨਾਲ ਸਲਾਹ ਕਰ ਰਿਹਾਂ। ਇਹਦੀ ਭਾਬੀ ਦੇ ਕੁਝ ਉਹ ਰਿਸ਼ਤੇਦਾਰ ਜੁ ਆਏ ਸਨ। ਉਹਨਾਂ ਨੂੰ ਮੈਂ ਸੁਰੀਯਾ ਹਿੰਦੂ ਹੋਟਲ ਵਿਚ ਟਿਕਾ ਦਿੱਤਾ ਏ। ਅੱਜ ਦਿਨੇ ਇਹਨੂੰ ਮੈਂ ਛੋਟੀ ਗੱਡੀ ਤੇ ਉਹਨਾਂ ਨੂੰ ਇਮਾਮ ਬਾੜਾ ਆਦਿ ਵਿਖਾਉਣ ਭੇਜ ਦਿੱਤਾ ਸੀ — ਅੱਛਾ ਬਈ ਸੱਜਨ, ਤੈਨੂੰ ਇਕ ਖ਼ੁਸ਼ਖ਼ਬਰੀ ਸੁਣਾਵਾਂ, ਸਾਡੀ ਬਿੰਨੋ ਡਰਾਇੰਗ ਸਿਖ ਰਹੀ ਏ। ਅੱਜ ਸ਼ਿਓਮੰਗਲ ਨੇ ਮੈਨੂੰ ਦੱਸਿਆ ਕਿ ਛੇਤੀ ਈ ਸਿਖ ਜਾਏਗੀ ।"

ਸੱਜਨ ਨੇ ਖ਼ਾਲੀ ਨਜ਼ਰਾਂ ਉਤਾਂਹ ਚੁਕੀਆਂ; ਕੰਨਿਆ ਨੇ ਹਾਸੇ, ਲਾਜ, ਅਤੇ ਸ਼ਾਬਾਸ਼ੀ

ਲੈਣ ਵਾਲੀ ਸੁਹਾਗ ਭਰੀ ਕਾਮਨਾ ਨਾਲ ਆਪਣੀਆਂ ਪੁਤਲੀਆਂ ਸੱਜਨ ਦੀਆਂ ਅੱਖਾਂ ਵਿਚ ਪਾ ਦਿੱਤੀਆਂ। ਛੋਟੇ ਜਿਹੇ ਕਮਰੇ ਦੇ ਮੱਧਮ ਹਨੇਰੇ ਵਿਚ ਪਲ ਭਰ ਲਈ ਚਾਰ ਅੱਖਾਂ ਨੂੰ ਸਿਰਫ਼ ਦੋ ਹੀ ਜੀਵ ਦਿਸੇ। ਸੱਜਨ ਦੀਆਂ ਪਰੇਸ਼ਾਨੀਆਂ ਨੂੰ ਆਰਾਮ ਮਿਲਿਆ, ਬੜੀ ਸ਼ਾਂਤੀ ਹੋਈ। ਕਰਨਲ ਮਹੀਪਾਲ ਕਿਸੇ ਤੋਂ ਵੀ ਇਹ ਨਜ਼ਰਾਂ ਲੁਕੀਆਂ ਨਾ ਰਹਿ ਸਕੀਆਂ। ਮਹੀਪਾਲ ਦੇ ਮਨ ਵਿਚ ਅਜੀਬ ਵਿਚਾਰ ਆਇਆ, ਸੋਚਿਆ — ਛੋਕਰੀ ਚਲਾਕ ਜਾਪਦੀ ਏ। ਸੱਜਨ ਨਾਲ ਸ਼ਾਦੀ ਕਰਨ ਪਿਛੋਂ ਉਹਨੂੰ ਕਮਿਊਨਿਜ਼ਮ ਤੋਂ ਕੈਪਟਲਿਜ਼ਮ ਵਲ ਆਉਣਾ ਪਏਗਾ, ਸੋ ਮੋਟਰ ਚਲਾਉਣਾ ਸਿਖ ਰਹੀ ਏ।

ਕਰਨਲ ਨੇ ਸਭ ਦਾ ਧਿਆਨ ਮੋੜਦਿਆਂ ਆਪਣੀ ਗੱਲ ਚਾਲੂ ਕੀਤੀ, ਕਿਹਾ — "ਮੈਂ ਜ਼ਰਾ ਬੈਰਿਸਟਰ ਧਵਨ ਨਾਲ ਇਕ ਵਾਰ ਹੋਰ ਸਲਾਹ ਕਰ ਲਵਾਂ। ਉਹਦੇ ਕੋਲੋਂ ਹਰ ਤਰ੍ਹਾਂ ਦੀ ਚੰਗੀ ਸਲਾਹ ਮਿਲੇਗੀ। ਇਹ ਨਿਕੱਲੇ ਸਾਲਗ ਰਾਮ ਨਾਲ ਮੋਰਚਾ ਨਹੀਂ ਜਨਾਬ। ਇਸ ਵੇਲੇ ਇਲੈਕਸ਼ਨ ਦੀ ਪੂਰੀ ਮਸ਼ੀਨਰੀ ਸਾਡੇ ਵਲ ਆਪਣਾ ਮੋਰਚਾ ਬਣਾਏਗੀ। ਇਹ ਹਵਾਈ ਜਹਾਜ਼ ਵਲ ਕਰਤਬ ਮੇਰੀ ਸੂਝ ਨਾਲੋਂ ਕਿਤੇ ਵਧ ਕੰਮ ਕਰ ਗਿਆ। ਸ਼ਹਿਰ ਵਿਚ ਇਹਨਾਂ ਦੀ ਹਵਾ ਖ਼ਰਾਬ ਹੋ ਗਈ ਏ। ਪਰ ਇਸ ਵੇਲੇ ਮੈਂ ਵੀ ਸ੍ਰੀ ਦਾਦਾ ਗੁਰੂ ਦੇ ਚਰਨ ਭੇਟਣ ਦੀ ਮਾਨਤਾ ਮੰਨੀ, ਤਣਿਆ ਬੈਠਾ ਆਂ। ਉਹਨਾਂ ਦੇ ਚਰਨਾਂ ਦੇ ਪ੍ਰਤਾਪ ਨਾਲ ਕਲ੍ਹ ਇਹ ਇਹੋ ਜਿਹਾ ਅਨਮੋਲ ਡਾਕੂਮੈਂਟ ਮੇਰੇ ਹੱਥ ਲਗ ਗਿਆ ਏ ਕਿ ਅਸੀਂ ਇਹਨਾ ਦੀ ਇਕ ਇਕ ਨਾੜ ਹਿਲਾ ਦਿਆਂਗੇ। (ਅਚਾਨਕ ਵਿਚਾਰ ਆਉਣ ਨਾਲ ਗੱਲ ਦਾ ਰੁਖ਼ ਪਲਟ ਕੇ) ਅੱਛਾ, ਹਾਂ ਸੱਜਨ, ਅਸਾਂ ਤੇਰਾ ਤੇ ਸਾਲਗ ਰਾਮ ਦਾ ਪੈਕਟ ਪਾਸ ਕੀਤਾ। ਇਸ ਮੋਰਚੇ ਤੇ ਸਾਨੂੰ ਪਬਲਿਕ ਸਾਹਮਣੇ ਆਪਣੀ ਸਫ਼ਾਈ ਦੇਣ ਦਾ ਚੰਗਾ ਮੌਕਾ ਹੱਥ ਆਏਗਾ। ਇਹ ਸਾਨੂੰ ਗਲ ਗਲ ਤਾਈਂ ਡੋਬਣ ਦੀ ਸਕੀਮ ਲੈ ਕੇ ਆਇਆ ਏ, ਤੇ ਅਸੀਂ ਸਹੁਰੇ ਨੂੰ ਖਲੋਤੇ ਹਾਥੀ ਵਾਂਗ ਪੂਛ ਮਰੋੜ ਕੇ ਬਿਠਾ ਦਿਆਂਗੇ। ਹੁਣ ਤਾਂ ਸਾਲਗ ਰਾਮ ਅੱਜ ਜਾਂ ਕਲ੍ਹ ਆਏਗਾ ਹੀ, ਪਹਿਲਾਂ ਤਾਂ ਖ਼ੂਬ ਖ਼ਰੀਆਂ ਖੋਟੀਆਂ ਸੁਣਾਵਾਂਗਾ ਕਿ ਤੂੰ ਸਾਲਿਆ ਇਕ ਆਰਟਿਸਟ ਦੀ ਸ਼ਰਾਫ਼ਤ ਦਾ ਫ਼ਾਇਦਾ ਉਠਾ ਕੇ ਮੈਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ ਏ! ਅੱਛਾ ਪੁੱਤ ਅਸੀਂ ਵੀ ਤੈਨੂੰ ਵਖਾਵਾਂਗੇ — ਉਹੋ ਸੱਜਨ ਵਾਲੀ ਗੱਲ ਕਿ — ਸਾਡੀ ਇਨਸਾਨੀਅਤ ਦੁਸ਼ਮਣਾਂ ਨਾਲ ਵੀ ਹਰ ਚੰਗੇ ਕੰਮ ਵਿਚ ਖੁਲ੍ਹੇ ਦਿਲ ਨਾਲ ਸ਼ਾਮਲ ਹੁੰਦੀ ਏ।"

ਸੱਜਨ ਦਾ ਚਿਹਰਾ ਖਿੜ ਗਿਆ, ਵਨ ਕੰਨਿਆ ਦੇ ਚਿਹਰੇ ਤੇ ਪ੍ਰਸ਼ਨ ਉਘੜਿਆ, ਮਹੀਪਾਲ ਨੂੰ ਕਰਨਲ ਦੀ ਹਾਮੀ ਚੁਭੀ; ਉਹ ਕੰਨਿਆ ਨੂੰ ਗੱਲ ਦੀ ਭੂਮਿਕਾ ਸੁਣਾਉਂਦਿਆਂ ਹੋਇਆਂ ਬੋਲਿਆ — "ਅਜੇ ਇਹਨਾਂ ਨੂੰ ਸ਼ਾਇਦ ਪਤਾ ਨਹੀਂ। ਗੱਲ

ਇੰਜ ਏ ਕੰਨਿਆ ਜੀ ਕਿ ਅੱਜ ਤੁਹਾਡੇ ਬਾਊ ਸਾਲਗ ਰਾਮ ਅਤੇ ਸ਼ਹਿਰ ਦੇ ਇਕ ਬਹੁਤ ਵੱਡੇ ਸੂਦਖ਼ੋਰ ਮਹਾਜਨ ਸੱਜਨ ਨੂੰ ਖ਼ੁਸ਼ ਕਰਨ ਲਈ ਇਹਦੇ ਚਿੱਤਰਾਂ ਦੀ ਪ੍ਰਦਰਸ਼ਨੀ ਦਾ ਬਹਾਨਾ ਬਣਾ ਕੇ ਇਹਦੇ ਪਾਸ ਆਏ ਸਨ। ਉਹਨਾਂ ਸੋਚਿਆ ਕਿ ਉਹ ਕਲਾਕਾਰ ਨੂੰ ਪੂਜਾ ਦੇ ਕੇ ਆਪਣੀ ਵਲ ਪੁੱਟ ਲੈਣਗੇ.....ਤੇ ਉਹ ਇਸ ਵਿਚ ਆਸਾਨੀ ਨਾਲ ਸਫਲ ਵੀ ਹੋ ਗਏ।"

ਵਨ ਕੰਨਿਆ ਦਾ ਚਿਹਰਾ ਕਾਲਾ ਹੋ ਗਿਆ. ਸੱਜਨ ਦੇ ਚਿਹਰੇ ਤੇ ਗੁੱਸੇ ਦੀ ਤਪਸ਼ ਪੱਸਰੀ, ਕਰਨਲ ਨੇ ਝਟ ਮਹੀਪਾਲ ਦੀ ਗੱਲ ਦੇ ਅਸਰ ਨੂੰ ਕੱਟਦਿਆਂ ਹੋਇਆਂ ਕਿਹਾ - "ਤੂੰ ਗੱਲ ਨੂੰ ਗ਼ਲਤ ਢੰਗ ਨਾਲ ਕਿਹਾ ਏ ਮਹੀਪਾਲ! ਸੱਜਨ ਨੇ ਠੀਕ ਤਰ੍ਹਾਂ ਹੀ ਸੋਚਿਆ ਸੀ. ਦਰਅਸਲ ਸਾਡੀ ਹੀ ਨਜ਼ਰ ਤੰਗ ਸੀ!" ਵਨ ਕੰਨਿਆ ਦੇ ਚਿਹਰੇ ਤੇ ਵਧਦੀ ਹੋਈ ਜਿਗਿਆਸਾ ਨੂੰ ਅਰਥ ਦੇਣ ਲਈ ਕਰਨਲ ਨੇ ਫਿਰ ਕਿਹਾ — "ਸੱਜਨ ਦੀ ਗੱਲ ਮੈਨੂੰ ਸਵਾ ਸੋਲਾਂ ਆਨੇ ਸੱਚ ਜਚ ਰਹੀ ਏ ਬਿੰਨੋ! ਇਹਦਾ ਕਹਿਣਾ ਏ ਕਿ ਉਹ ਸਾਡੇ ਕੋਲ ਇਕ ਚੰਗੇ ਕੰਮ ਦੀ ਪ੍ਰੋਪੋਜ਼ਲ ਲੈ ਕੇ ਆਏ ਤਾਂ ਜੇਕਣ ਉਹਨਾ ਨੇ ਇਕ ਮਨੁੱਖਤਾ ਵਾਲੇ ਕੰਮ ਵਿਚ ਤੁਹਾਡਾ ਹੱਥ ਵੰਡਾਇਆ ਉਂਜ ਹੀ ਉਹ ਪਾਲਿਟਿਕਸ ਦਾ ਭੇਦ ਭਾਵ ਭੁੱਲ ਕੇ ਹਰ ਕਿਸੇ ਨਾਲ ਚੰਗੇ ਕੰਮ ਵਿਚ ਸ਼ਰੀਕ ਹੋਣਗੇ। ਇਸ ਵਿਚ ਕੀ ਗ਼ਲਤ ਗੱਲ ਏ?"

ਵਨ ਕੰਨਿਆ ਦੀਆਂ ਅੱਖਾਂ ਵਿਚ ਸ਼ੱਕ ਅਤੇ ਹਾਮੀ ਦਾ ਘੁਲਿਆ ਮਿਲਿਆ ਭਾਵ ਝਲਕਿਆ। ਸੱਜਨ ਉਹਦੇ ਨਾਲ ਅੱਖਾਂ ਮਿਲਾਉਣ ਲਈ ਬੇਕਲ ਸੀ। ਪਿਆਰ ਵਿਚ ਜ਼ਬਾਨ ਇਕ ਥਾਂ ਅੱਖਾ ਵਿਚ ਬੁਰੀ ਤਰ੍ਹਾਂ ਮਾਤ ਖਾਂਦੀ ਹੈ। ਚੌਂਹ ਨਜ਼ਰਾਂ ਵਿਚ ਗੱਲ ਕਰਨ ਦੀ ਜਿੰਨੀ ਸ਼ਕਤੀ ਹੁੰਦੀ ਹੈ ਉੱਨੀ ਹਜ਼ਾਰ ਜ਼ਬਾਨਾ ਵਿਚ ਮਿਲ ਕੇ ਵੀ ਨਹੀਂ ਹੋ ਸਕਦੀ। ਆਪਣੀਆਂ ਨਜ਼ਰਾਂ ਨਾਲ ਕੰਨਿਆ ਦੀਆਂ ਕੱਟਦੀਆਂ ਹੋਈਆਂ ਨਜ਼ਰਾਂ ਨੂੰ ਬੰਨ੍ਹ ਕੇ ਸੱਜਨ ਨੇ ਕਿਹਾ — "ਉਹ ਮੇਰੇ ਚਿੱਤਰਾਂ ਦੀ ਨੁਮਾਇਸ਼ ਦਾ ਪ੍ਰਸਤਾਵ ਲੈ ਕੇ ਆਏ ਸਨ। ਮੈਂ ਉਹਨਾ ਦੀ ਨੀਯਤ ਝਟ ਸਮਝ ਗਿਆ। ਮੈਂ ਉਹਨਾ ਦੀ ਪ੍ਰੋਪੋਜ਼ਲ ਨੂੰ ਬਦਲ ਕੇ ਇਕ ਨਵੀਂ ਗੱਲ ਈ ਅਗੇ ਰਖੀ। ਮੈਂ ਆਖਿਆ ਕਿਉਂਕਿ ਮੁਹੱਲੇ ਵਿਚ ਨੁਮਾਇਸ਼ ਕਰਨ ਦਾ ਇਹ ਨਵਾਂ ਹੀਲਾ ਏ ਇਸ ਲਈ ਇਹਦੇ ਵਿਚ ਸਭ ਗਲੀ ਮੁਹੱਲਿਆਂ ਦੀਆਂ ਔਰਤਾਂ ਆਪਣੀ ਸਿਲਾਈ, ਕਢਾਈ ਕਸੀਦਾਕਾਰੀ ਤੇ ਹੋਰ ਵੀ ਜੋ ਜੋ ਕਲਾ-ਕੌਸ਼ਲ ਪ੍ਰੰਪਰਾ ਤੋਂ ਉਹ ਜਾਣਦੀਆਂ ਨੇ, ਉਹਨਾਂ ਦੀ ਨੁਮਾਇਸ਼ ਹੋਏ। ਉਸ ਵਿਚੋਂ ਮੁਹੱਲੇ ਵਾਲੇ ਚੋਣ ਕਰਨ, ਪ੍ਰਾਈਜ਼ ਵੰਡਣ, ਸੌ ਰੁਪਏ ਦਾ ਪ੍ਰਾਈਜ਼ ਮੈਂ ਵੀ ਆਪਣੀ ਮਦਰ ਦੇ ਨਾਂ ਤੇ ਦਵਾਂਗਾ। ਇਹਦੇ ਨਾਲ ਨਾਲ ਅੱਜ ਦੀ 'ਕਲਾ ਤੋਂ' ਵੀ ਇਹਨਾਂ ਲੋਕਾਂ ਦੀ ਜਾਣ ਪਛਾਣ ਕਰਾਈ ਜਾਏ, ਸੋ ਸ਼ਹਿਰ ਦੇ ਸਭਨਾ ਅੱਛੇ ਕਲਾਕਾਰਾਂ ਦੀਆਂ ਤਸਵੀਰਾਂ ਲੈ ਆਵਾਂਗਾ — ਚਾਲ੍ਹੀ ਪੰਜਾਹ ਤਸਵੀਰਾਂ ਤੋਂ ਵਧ ਉਥੇ ਹੋਰ ਕੀ

ਚਾਹੀਦਾ ਏ ? ਜਾਨਕੀ ਸਰਣ ਵਾਲੇ ਦੋ ਵੱਡੇ ਹਾਲਾਂ ਵਿਚ ਨੁਮਾਇਸ਼ ਹੋਏਗੀ। ਇਸ ਵਿਚ ਮੈਂ ਕੀ ਬੁਰਾ ਕੀਤਾ ? ਮਹੀਪਾਲ ਕਹਿੰਦਾ ਹੈ ਮੈਂ ਧੋਖਾ ਕੀਤਾ। ਇਹ ਮੇਰੀ ਈਮਾਨਦਾਰੀ ਤੇ ਝੂਠਾ ਕਲੰਕ ਏ, ਤੇ ਮੈਂ ਆਪਣੀ ਗੱਲ ਦੀ ਸੱਚਾਈ ਨੂੰ ਸਾਬਤ ਕਰਕੇ ਵਿਖਾਵਾਂਗਾ।"

ਕੰਨਿਆ ਨੇ ਪੈਂਦਿਆਂ ਈ ਸੱਜਨ ਨੂੰ ਕਿਹਾ — "ਤੁਸਾਂ ਜੋ ਹੌਸਲਾ ਦਿਖਾਇਆ ਹੈ ਉਹ ਤੁਹਾਡੇ ਵਰਗੇ ਕਲਾਕਾਰਾਂ ਦੀ ਮਾਨਤਾ ਅਨੁਸਾਰ ਏ। ਮੇਰੀ ਤਾਂ ਕੋਈ ਹਸਤੀ ਹੀ ਨਹੀਂ, ਫਿਰ ਵੀ ਇਹਦੇ ਲਈ ਜੋ ਕੰਮ ਤੁਸੀਂ ਮੈਨੂੰ ਸੌਂਪੋਗੇ ਮੈਂ ਇਹਨੂੰ ਜ਼ਿੰਮੇਵਾਰੀ ਨਾਲ ਨਿਭਾਵਾਂਗੀ।"

ਸੱਜਨ ਖਿੜ ਗਿਆ। ਮਹੀਪਾਲ ਬੋਲਿਆ — "ਤੁਸੀਂ ਲੋਕ ਆਪਣੇ ਕਲਾਕਾਰਾਂ ਵਾਲੇ ਜੋਸ਼ ਵਿਚ ਦੁਨੀਆਂ ਦੀਆਂ ਚਾਲਾਂ ਨੂੰ ਨਾ ਭੁੱਲਣਾ। ਇਹ ਇਲੈਕਸ਼ਨ ਦੇ ਦਿਨ ਨੇ !"

"ਇਲੈਕਸ਼ਨ ਦੇ ਦਿਨ ਨੇ, ਤਾਂ ਇਥ ਵੀ ਉਹਨਾਂ ਦਾ ਚਾਚਾ ਬੈਠਾ ਹੋਇਆ ਏ — ਬਾਊ ਨਗੀਨ ਚੰਦਰ ਜੈਨ ਉਰਫ਼ ਕਰਨਲ ਸਾਹਿਬ !" ਆਖ ਕੇ ਕਰਨਲ ਨੇ ਆਪਣੀਆਂ ਸਫ਼ਾਚੱਟ ਮੁੱਛਾਂ ਤੇ ਆਕੜ ਕੇ ਤਾਅ ਦਿੱਤਾ। ਫਿਰ ਸੱਜਨ ਨੂੰ ਕਿਹਾ — "ਠਾਠ ਨਾਲ ਨੁਮਾਇਸ਼ ਕਰੋ ਜੀ, ਕਿਤੇ ਅੱਜ ਦੀ ਤਾਰੀਖ਼ ਵਿਚ ਇਕ ਗੱਲ ਸੱਜਨ ਮੇਰੀ ਵੀ ਲਿਖ ਲੈ, ਕਿ ਇਹਨਾਂ ਦੀ ਹਰ ਚਾਲ ਬਦਲ ਕੇ ਇਸ ਵਾਰ ਆਪਣੀ ਅਲਗ ਪਾਰਟੀ — ਇਨਸਾਨੀ ਦਲ ਨਾ ਬਣਾਇਆ ਤਾ ਸਮਝ ਬਈ ਕੁਝ ਨਾ ਕੀਤਾ। ਹੁਣ ਅਸੀਂ ਇਕ ਨਹੀਂ ਸਭ ਪੋਲੀਟੀਕਲ ਪਾਰਟੀਆਂ ਨੂੰ ਚੁਨੌਤੀ ਦੇ ਕੇ ਕਸੌਟੀ ਤੇ ਪਰਖਾਂਗੇ। ਅਸੀਂ ਜਨਤਾ ਵਿਚ ਰਹਾਂਗੇ। ਜਨਤਾ ਦੇ ਅਧਿਕਾਰਾ ਦੇ ਪੱਕੇ ਰਹਾਗੇ। ਹੁਣ ਭਾਵੇਂ ਸਰਕਾਰ ਹੋਏ, ਇਹ ਵੱਡੇ ਵਡੇ ਕੈਪੀਟਿਲਿਸਟ ਹੋਣ ਜਾਂ ਪੋਲੀਟੀਕਲ ਪਾਰਟੀਆਂ ਹੋਣ — ਅਸੀਂ ਸਭ ਨਾਲ ਆਪਣੇ ਅਧਿਕਾਰਾ ਲਈ ਸਾਵਧਾਨ ਰਹਾਂਗੇ। ਕਿਉਂ ਬਿੰਨੋ ? ਕੀ ਰਾਏ ਏ ?"

ਮਹੀਪਾਲ ਕੁਰਸੀ ਤੋਂ ਉਠਦਾ ਬੋਲਿਆ — "ਬਿੰਨੋ ਵਿਚਾਰੀ ਕੀ ਦਸੇਗੀ, ਮੈਂ ਦੱਸਦਾਂ — ਤੁਸੀਂ ਸਾਰੇ ਜਿਹੜੇ ਰਾਵਣ ਵਾਗ ਦਸਾਂ ਦਸਾਂ ਸਿਰਾਂ ਬਰਾਬਰ ਬੁੱਧੀ ਲੈ ਕੇ ਫੁੱਲੇ ਨਹੀਂ ਸਮਾਉਂਦੇ, ਤਾਂ ਤੁਹਾਨੂੰ ਇਹ ਸਾਲਗਰਾਮ ਆਦਿ ਨੁਮਾਇਸ਼ ਦੇ ਇਨਾਮ ਵਿਚ ਇਕ ਇਕ ਖੋਤੇ ਦਾ ਸਿਰ ਪ੍ਰਦਾਨ ਕਰ ਦੇਣਗੇ — ਇਹ ਯਾਦ ਰੱਖਿਓ !...... ਵਿਚਾਰੀ......ਵਿਚਾਰੀ ਵਨ ਕੰਨਿਆ ਦਾ ਕੇਸ ਅਧੂਰਾ ਹੀ ਰਹਿ ਜਾਏਗਾ। ਵੇਖ ਲਈਂ ਤੁਸਾ ਮੂਰਖਾਂ ਲਈ ਮੈਂ ਇਹ ਬ੍ਰਹਮ ਵਾਕ ਕਹਿ ਦੇਂਦਾ ਹਾਂ।"

ਸੱਜਨ ਵੀ ਤੇਜ਼ੀ ਨਾਲ ਉਂਦਿਆ ਬੋਲਿਆ — "ਫਿਰ ਮੇਰਾ ਵੀ ਭਰਤ ਵਾਕ ਸੁਣਦਾ ਜਾ ਮਹੀਪਾਲ ! ਸੱਜਨ ਹਰ ਤਰ੍ਹਾਂ ਨਾਲ ਤੇਰੇ ਬ੍ਰਹਮ ਨੂੰ ਝੂਠਾ ਕਰਕੇ

ਵਿਖਾਏਗਾ। ਤੇ ਗੱਲ ਮੈਂ ਉਹਨਾਂ ਲੋਕਾਂ ਸਾਹਮਣੇ ਕਹਿ ਰਿਹਾ ਹਾਂ ਜਿਹਨਾਂ ਸਾਹਮਣੇ ਝੂਠਾ ਹੋਣ ਨਾਲੋਂ ਮੈਂ ਮਰ ਜਾਣਾ ਠੀਕ ਸਮਝਾਂਗਾ।"

ਮਹੀਪਾਲ ਕੁਝ ਨਾ ਬੋਲਿਆ, ਗੁੱਸੇ 'ਚ ਤੁਰ ਗਿਆ। ਸੱਜਨ ਨੂੰ ਇਸ ਵੇਲੇ ਮਹੀਪਾਲ ਤੇ ਬੇਹੱਦ ਗੁੱਸਾ ਆ ਰਿਹਾ ਸੀ। ਉਹਨੇ ਉਹਦੇ ਵਲੋਂ ਕੰਨਿਆ ਦਾ ਮਨ ਹਟਾਉਣ ਦੀ ਕੋਸ਼ਿਸ਼ ਕੀਤੀ। ਇਹ ਗੱਲ ਉਹਨੂੰ ਮੁੜ ਮੁੜ ਕੇ ਤਪਾ ਰਹੀ ਸੀ। ਬੁੜ ਬੁੜ ਕਰਦਾ ਆਖਣ ਲੱਗਾ — "ਆਪ ਝੂਠੀ ਜ਼ਿੰਦਗੀ ਗੁਜ਼ਾਰਦਾ ਏ, ਆਪਣੀ ਬੇਵਕੂਫ਼ੀ ਨਾਲ ਲੋਕਾਂ ਦੇ ਧੋਖੇ 'ਚ ਆਉਂਦਾ ਏ ਤਾਂ ਸਮਝਦਾ ਏ ਸਭ ਲੋਕ ਅਜਿਹੇ ਈ ਹੋਣਗੇ। ਈਡੀਅਟ !"

ਕਰਨਲ ਬੋਲਿਆ — "ਓਏ ਯਾਰ ! ਤੂੰ ਵੀ ਕਿਹਦੀਆਂ ਗੱਲਾਂ ਵਲ ਧਿਆਨ ਦੇ ਰਿਹਾ ਏਂ। ਹੁਣ ਕਿਤੇ ਮਨ ਦੀ ਛਿਲਤਰ ਚੁਭ ਗਈ ਹੋਏਗੀ ਤਾਂ ਖ਼ਿਲਾਫ਼ ਹੋ ਗਏ ਲੇਖਕ ਜੀ ਮਹਾਰਾਜ; ਤੇ ਹੁਣੇ ਮਨ ਹੋਰਥੇ ਪਿਆ ਤਾਂ ਤੈਥੋਂ ਅਗਾਂਹ ਹੋ ਕੇ ਤੇਰਾ ਕੰਮ ਨਿਪਟਾਏਗਾ। ਮੈਂ ਸੱਚ ਕਹਿੰਦਾ ਆਂ ਬਿੰਨੋ, ਮਹੀਪਾਲ ਵਰਗਾ ਭੋਲਾ ਆਦਮੀ ਮੈਂ ਨਹੀਂ ਵੇਖਿਆ ? ਇਹਦੀ ਜ਼ਬਾਨ ਭੈੜੀ ਏ, ਦਿਲ ਨਹੀਂ ?"

ਕੰਨਿਆ ਬੋਲੀ — "ਬਈ ਇੰਜ ਤਾਂ ਕੋਈ ਬੰਦਾ ਦੁੱਧ 'ਚ ਨਹਾਤਾ ਹੋਇਆ ਨਹੀਂ ਭਾਈ ਸਾਹਿਬ, ਪਰ ਸਮੁੱਚੇ ਰੂਪ 'ਚ ਮਹੀਪਾਲ ਲਈ ਮੇਰੇ ਮਨ 'ਚ ਆਦਰ ਏ। ਦਿਲ ਦੇ ਚੰਗੇ ਨਾ ਹੁੰਦੇ ਤਾਂ ਏਨੇ ਚੰਗੇ ਸਾਹਿਤਕਾਰ ਵੀ ਉਹ ਨਾ ਬਣ ਸਕਦੇ।"

ਸੱਜਨ ਦਾ ਕ੍ਰੋਧ ਕੰਨਿਆ, ਕਰਨਲ ਅਤਿ ਖ਼ੁਦ ਆਪਣੇ ਈ ਤਰਕ ਨਾਲ ਹਾਰ ਰਿਹਾ ਸੀ। ਉਹਨੂੰ ਉਹ ਹੁਣ ਵੀ ਆਪਣੇ ਕਲੇਜੇ ਨਾਲ ਲਾ ਕੇ ਰਖਣਾ ਚਾਹੁੰਦਾ ਸੀ। ਇਹ ਕ੍ਰੋਧ — ਇਹ ਤੇਜ਼ੀ — ਉਹਨੂੰ ਕੰਨਿਆ ਦੀ ਪਿਆਰ ਭਰੀ ਦ੍ਰਿਸ਼ਟੀ ਤੋਂ ਮਿਲੀ ਸੀ ਜਿਸ ਦੇ ਅੱਗੇ ਉਹ ਇਸ ਵੇਲੇ ਸਭ ਕੁਝ ਭੁੱਲਾ ਹੋਇਆ ਸੀ। ਕੰਨਿਆ ਦਾ ਸਨੇਹ ਦਾਨ ਉਹਦੇ ਕਮਜ਼ੋਰ ਮਨ ਨੂੰ ਇਸ ਵੇਲੇ ਝੂਠੇ ਹੰਕਾਰ ਨੂੰ ਬਲ ਦੇ ਰਿਹਾ ਸੀ। ਉਹ ਚਾਹੁੰਦਾ ਸੀ ਕਿ ਕੁਝ ਦੇਰ ਲਈ ਉਹਨੂੰ ਕੰਨਿਆ ਨਾਲ ਏਕਾਂਤ ਮਿਲ ਜਾਏ। ਉਹਨੂੰ ਆਪਣੇ ਨਾਲ ਫਿਰਾਉਣ ਦਾ ਸੁਝਾਅ ਇਕ ਦਿਨ ਪਹਿਲਾ ਅਸਵੀਕਾਰ ਕਰ ਚੁਕੀ ਸੀ। ਸੱਜਨ ਦੀਆਂ ਅੱਖਾਂ ਵਿਚ ਇਸ ਵੇਲੇ ਜਿਹੜੀ ਚਮਕ ਸੀ ਉਹ 'ਚਿੰਤਨ ਮੰਦਰ' ਦੇ ਬ੍ਰਹਮਚਰਜ ਸੰਕਲਪ ਤੋਂ ਬਿਲਕੁਲ ਉਲਟੀ ਤਰਫ਼ ਚਾਨਣ ਪਾ ਰਹੀ ਸੀ। ਉਹਦੇ ਸਾਹ ਕੰਨਿਆ ਦੀ ਮੋਹ ਲੈਣ ਵਾਲੀ ਸ਼ਕਤੀ ਨਾਲ ਬੱਝੀ ਹੋਈ ਆਪਣੀ ਗੂੰਗੀ ਚਾਹਤ ਦੇ ਖੰਭ ਬੜੀ ਉਤਾਵਲ ਨਾਲ ਫੜ ਫੜ ਕਰ ਰਹੇ ਸਨ। ਇਸ ਵੇਲੇ ਆਪਣੇ ਆਪ ਨੂੰ ਕਿਉਂਜੋ ਕਿਸੇ ਤਰ੍ਹਾਂ ਪ੍ਰਤਿਸ਼ਠਤ ਨਹੀਂ ਕਰ ਸਕਿਆ ਇਸ ਲਈ ਕੰਨਿਆ ਤੋਂ ਇਹੋ ਪੁੱਛ ਬੈਠਾ — "ਤੇਰਾ ਆਪਣਾ ਕਿਚਨ ਅਜੇ ਵੱਸਿਆ ਕਿ ਨਹੀਂ ?"

ਕੰਨਿਆ ਬੋਲੀ — "ਭਾਈ ਸਾਹਿਬ ਤਾਂ ਮਨ੍ਹਾ ਕਰਦੇ ਹਨ, ਪਰ ਇਸ ਵਿਸ਼ੇ 'ਚ ਉਹਨਾਂ ਦੀ ਗੱਲ ਨਹੀਂ ਮੰਨਾਂਗੀ। ਇਕ ਦੋ ਦਿਨਾਂ ਵਿਚ... ."

"ਉਦੋਂ ਤਕ ਤੇਰਾ ਖਾਣ ਪੀਣ ਦਾ ਇੰਤਜ਼ਾਮ ਕਿਥੇ......"

"ਕਲ੍ਹ ਰਾਤ ਵੀ ਭਾਈ ਸਾਹਿਬ ਦੇ ਨਾਲ ਈ......"

"ਜੀ ਮਨ ਜੀ ਕੀ।" ਸੱਜਨ ਨੇ ਮੁਸਕ੍ਰਾ ਕੇ ਆਖਿਆ — "ਬਹੁਤਾ ਨਾ ਜੈਨੀਆ ਦੇ ਚੱਕਰ ਵਿਚ ਪਈਂ ਕੰਨਿਆ, ਇਹ ਅਹਿੰਸਾ ਪਰਮੋ ਧਰਮਾ ਆਖ ਆਖ ਕੇ ਤੇਰਾ ਮੱਛੀ ਕਬਾਬ ਛੁਡਵਾਏਗਾ।"

ਹਾਸਾ ਕਮਰੇ ਵਿਚ ਗੂੰਜ ਪਿਆ। ਕਰਨਲ ਨੇ ਕਿਹਾ — "ਤੂੰ ਮਾਸ ਮੱਛੀ ਖਾਣ ਵਾਲੇ ਨੂੰ ਸਾਡੇ ਖਾਣੇ ਦੀ ਲੱਜ਼ਤ ਦਾ ਕੀ ਪਤਾ ?" ਆਖਦਿਆ ਕਰਨਲ ਖੜਾ ਹੋ ਗਿਆ। ਬਾਹਰ ਜਾਂਦਿਆਂ ਹੋਇਆਂ ਉਹਨੇ ਕਿਹਾ — "ਮੈਂ ਹੁਣੇ ਧਵਨ ਸਾਹਿਬ ਨੂੰ ਟੈਲੀਫ਼ੋਨ ਕਰਕੇ ਆਉਂਦਾ।"

ਕਰਨਲ ਚਲਾ ਗਿਆ। ਸੱਜਨ ਤੇ ਕੰਨਿਆ ਇਕ ਦੂਸਰੇ ਨੂੰ ਵੇਖਣ ਲੱਗੇ। ਸੱਜਨ ਨੇ ਪੁੱਛਿਆ — "ਤੂੰ ਦਿਲੋਂ ਮੇਰੀ ਗੱਲ ਦੀ ਹਾਮੀ ਭਰੀ ਸੀ... .."

"ਕਿਸ ਗੱਲ ਦੀ ?"

"ਇਹੋ ਸਾਲਗ ਰਾਮ ਦੇ ਨਾਲ......"

"ਤੁਹਾਨੂੰ ਇਹ ਸ਼ੱਕ ਕਿਉਂ ਹੁੰਦਾ ਏ ?"

ਸੱਜਨ ਉਠ ਕੇ ਕੰਨਿਆ ਦੇ ਨਾਲ ਵਾਲੀ ਕੁਰਸੀ ਤੇ ਆ ਕੇ ਬੈਠ ਗਿਆ, ਕਹਿਣ ਲੱਗਾ — "ਤੂੰ ਅੱਜ ਮੈਨੂੰ ਸਦਾ ਲਈ ਆਪਣਾ ਦਾਸ ਬਣਾ ਲਿਆ।"

"ਮੈਂ ਗ਼ੁਲਾਮੀ ਖ਼ਤਮ ਕਰਨ 'ਚ ਵਿਸ਼ਵਾਸ ਕਰਦੀ ਆਂ, ਸੱਜਨ ਜੀ।"

"ਫਿਰ ਵੀ ਇਕ ਗ਼ੁਲਾਮੀ ਐਸੀ ਏ ਜਿਹਨੂੰ ਮਨੁੱਖੀ ਬੁੱਧੀ ਦਾ ਕੋਈ ਇਜ਼ਮ ਕਦੇ ਤੋੜ ਨਹੀਂ ਸਕੇਗਾ। ਦਿਲ ਦਾ ਨਾਤਾ ਬੜੀ ਵੱਡੀ ਗੱਲ ਏ। ਉਹ ਪ੍ਰੇਮ ਤੇ ਇਨਸਾਨੀਅਤ ਦਾ ਬਧਨ ਏ, ਜਿਸ 'ਚ ਬੱਝ ਕੇ ਆਦਮੀ ਕਦੇ ਆਜ਼ਾਦ ਨਹੀਂ ਹੋਣਾ ਚਾਹੁੰਦਾ; ਸਗੋਂ ਇਹੋ ਚਾਹੁੰਦਾ ਏ ਕਿ ਇਹ ਬੰਧਨ ਉਹਦੇ ਚਾਰੇ ਪਾਸੇ ਹਰ ਘੜੀ ਪਲ ਹੋਰ ਕੱਸਿਆ ਜਾਏ, ਹੋਰ ਕੱਸਿਆ ਜਾਏ।"

ਕੰਨਿਆ ਚੁੱਪ ਬੈਠੀ ਰਹੀ। ਸੱਜਨ ਉਹਨੂੰ ਵੇਖ ਕੇ ਚੰਗੀ ਤਰ੍ਹਾਂ ਇਹ ਨਾ ਸਮਝ ਸਕਿਆ ਕਿ ਉਹਦੀਆ ਗੱਲਾਂ ਦਾ ਉਹਦੇ ਤੇ ਕੀ ਅਸਰ ਹੋਇਆ। ਕਮਰੇ ਵਿਚ ਚੁੱਪ ਵੀ ਅੱਧੇ ਮਿੰਟ ਤੋਂ ਕੁਝ ਜ਼ਿਆਦਾ ਦੇਰ ਈ ਰਹੀ। ਸੱਜਨ ਨੇ ਫਿਰ ਕਿਹਾ — "ਕਲ੍ਹ ਤੂੰ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਮੇਰੇ ਕੋਲ ਰਹਾਂਗੀ।"

ਕੰਨਿਆ ਸਿਰ ਨਿਵਾਂ ਕੇ ਦ੍ਰਿੜ੍ਹ ਆਵਾਜ਼ ਵਿਚ ਬੋਲੀ — "ਏਥੇ ਤੁਹਾਡਾ ਹੀ ਘਰ ਸਮਝ ਕੇ ਆਈ ਆਂ।"

ਸੱਜਨ ਇਕ ਤਰ੍ਹਾਂ ਸੰਤੁਸ਼ਟ ਹੋਇਆ। ਪਲ ਭਰ ਸੋਚ ਕੇ ਉਹਨੇ ਫਿਰ ਕਿਹਾ — "ਮਨ ਦਾ ਇਹ ਵੀ ਕੀ ਅਨੋਖਾ ਕਰਿਸ਼ਮਾ ਹੁੰਦਾ ਏ ਕਿ ਜਿਹਦੇ ਧਿਆਨ ਵਿਚ ਹਰ ਦਮ ਡੁੱਬਾ ਰਹਿੰਦਾ ਏ, ਉਹਦੇ ਸਾਹਮਣੇ ਹੋਣ ਤੋਂ ਈ ਉਹਨੂੰ ਉਲਝਣ ਹੁੰਦੀ ਏ।"

ਕੰਨਿਆ ਚੁੱਪ ਰਹੀ। ਸੱਜਨ ਨੂੰ ਉਹਦੇ ਚੁੱਪ ਰਹਿਣ ਨਾਲ ਬਲ ਮਿਲਿਆ। ਇਕ ਦਮ ਝਟਕੇ ਨਾਲ ਉਹਨੇ ਸਵਾਲ ਕੀਤਾ — "ਕੀ ਤੂੰ ਨਹੀਂ ਇੰਜ ਮਹਿਸੂਸ ਕਰਦੀ ਕੰਨਿਆ?"

ਕੰਨਿਆ ਨੇ ਹੌਲੀ ਜਿਹੀ ਸਿਰ ਚੁਕਿਆ, ਅੱਖਾਂ 'ਚ ਸਵਾਲ ਲਈ ਉਹਨੂੰ ਵੇਖਦੀ ਰਹੀ। ਫਿਰ ਸਾਵਧਾਨੀ ਨਾਲ ਬੋਲੀ — "ਮੈਂ ਇਸ ਵੇਲੇ ਅਜਿਹੀ ਮਾਨਸਕ ਸਥਿਤੀ 'ਚ ਹਾਂ ਕਿ ਆਪਣੇ ਸੋਚੇ ਹੋਏ ਤੇ ਈ ਮੈਨੂੰ ਆਪ ਵਿਸ਼ਵਾਸ ਨਹੀਂ ਆਉਂਦਾ।"

ਇਕ ਪਲ ਲਈ ਕੰਨਿਆ ਰੁਕੀ, ਫਿਰ ਹੌਲੀ ਹੌਲੀ ਗੱਲ ਦੀ ਤਾਰ ਚੁਕੀ — "ਇੰਜ ਤਾਂ ਨਹੀਂ ਮੰਨਦੀ ਕਿ ਮੈਂ ਕਿਸੇ ਨੂੰ ਪਿਆਰ ਈ ਨਹੀਂ ਕਰ ਸਕਦੀ। ਪਰ ਆਮ ਕਰਕੇ ਇਸ ਵਿਚਾਰ ਤੋਂ ਦੂਰ ਈ ਰਹੀ ਆਂ; ਭਾਵੇਂ ਇਕ ਸੁਪਨ ਮਨ 'ਚ ਜ਼ਰੂਰ ਪਲਦਾ ਸੀ।......ਮੇਰਾ ਉਹ ਅਧੂਰਾ ਜਿਹਾ ਸੁਪਨਾ ਤੁਸਾ ਬੜੀ ਨਾਟਕੀ ਹਾਲਤ ਵਿਚ ਆ ਕੇ ਪੂਰਾ ਕਰਨ ਦੀ ਉਤਾਵਲ ਵਖਾਈ। ਏਸੇ ਲਈ ਨਾ ਤਾਂ ਮੈਂ ਤੁਹਾਨੂੰ ਈ ਠੀਕ ਠੀਕ ਸਮਝ ਸਕਦੀ ਆਂ ਤੇ ਨਾ ਆਪਣੇ ਆਪ ਨੂੰ ਈ।......ਤੁਸੀਂ ਭੀੜ ਵੇਲੇ ਮੇਰੇ ਸਹਾਇਕ ਬਣ ਕੇ ਆਏ ਓ। ਮੈਨੂੰ ਡਰ ਏ ਕਿ ਆਪਣੇ ਸਵਾਰਥ ਕਾਰਨ ਮੈਂ ਲੋੜੋਂ ਵਧ ਤੁਹਾਡਾ ਅਹਿਸਾਨ ਮੰਨ ਰਹੀ ਆਂ।"

"ਇਸ 'ਚ ਅਹਿਸਾਨ ਮੰਨਣ ਦੀ ਕੋਈ ਗੱਲ ਈ ਨਹੀਂ।"

"ਤੁਹਾਡੇ ਦਿਲ ਵਿਚ ਹੋਏ ਨਾ ਹੋਏ, ਹੋ ਸਕਦਾ ਏ ਤੁਸੀਂ ਸੱਚ ਕਹਿੰਦੇ ਹੋਵੋ, ਪਰ ਮੇਰੇ ਮਨ ਵਿਚ ਇਹ ਭਾਵਨਾ ਜ਼ਰੂਰ ਏ, ਤੇ ਬਿਲਕੁਲ ਸੁਭਾਵਕ ਰੂਪ ਵਿਚ ਏ।"

"ਸੁਭਾਵਕ ਕਿਉਂ ਏ?"

"ਤੁਹਾਡੇ ਨਾਲ ਮੇਰੀ ਕੋਈ ਪਹਿਲਾਂ ਦੀ ਨੇੜਤਾ ਨਹੀਂ, ਤੁਸੀਂ ਮੇਰੇ ਰਿਸ਼ਤੇਦਾਰ ਵੀ ਨਹੀਂ ਓ।"

"ਅਸੀਂ ਜਿਸ ਰਿਸ਼ਤੇ ਵਿਚ ਬੱਝ ਰਹੇ ਆਂ ਉਹ ਦੁਨੀਆਂ ਦਾ ਸਭ ਤੋਂ ਵੱਡਾ......"

"ਸ਼ੂੰਨ ਹੈ!" ਕੰਨਿਆ ਨੇ ਸ਼ਾਂਤ ਗੰਭੀਰ ਆਵਾਜ਼ ਵਿਚ ਵਾਕ ਪੂਰਾ ਕੀਤਾ।

ਸੱਜਨ ਤ੍ਰਬਕ ਪਿਆ, ਪੁੱਛਿਆ — 'ਸ਼ੂੰਨ ਕੀ?"

ਕੰਨਿਆ ਨੇ ਪਹਿਲਾਂ ਨਾਲੋਂ ਕੁਝ ਜ਼ਿਆਦਾ ਆਵਾਜ਼ ਨੂੰ ਚੁਕਦਿਆਂ ਕਿਹਾ — "ਜ਼ੀਰੋ — ਸਿਫ਼ਰ — ਇਸ ਨਾਲੋਂ ਵਧ ਇਸ ਨਾਤੇ ਦੀ ਹੋਰ ਕੋਈ ਪ੍ਰੀਭਾਸ਼ਾ ਮੇਰੇ ਧਿਆਨ ਵਿਚ ਨਹੀਂ ਆਉਂਦੀ।"

ਸੱਜਨ ਹੈਰਾਨ ਰਹਿ ਗਿਆ। ਉਹਨੇ ਕੰਨਿਆ ਤੋਂ ਕਦੇ ਅਜਿਹਾ ਉੱਤਰ ਮਿਲਣ

ਦੀ ਆਸ ਈ ਨਹੀਂ ਸੀ ਕੀਤੀ।

ਕੰਨਿਆ ਫਿਰ ਕਹਿਣ ਲੱਗੀ — ' ਜਿਸ ਪ੍ਰੇਮ ਤੇ ਦੁਨੀਆਂ ਜਾਨ ਦੇਂਦੀ ਏ, ਮੈਂ ਉਹਨੂੰ ਮਨ ਦੀ ਇਕ ਕਮੀ ਮੰਨਦੀ ਆਂ।"

ਸੱਜਨ ਦੀ ਆਵਾਜ਼ ਵਿਚ ਕੜਕ ਆਈ, ਪੁੱਛਿਆ — "ਕਿਉਂ ?"

ਕੰਨਿਆ ਬੋਲੀ — "ਘਾਟ ਤੋਂ ਬਿਨਾ ਹੋਰ ਹੈ ਕੀ ? ਲੈਲਾ ਨੂੰ ਮਜਨੂੰ ਨਾ ਮਿਲਿਆ, ਮਜਨੂੰ ਬਿਨਾਂ ਲੈਲਾ ਦੇ ਰਹਿ ਗਿਆ — ਇਸ ਲਈ ਦੁਨੀਆਂ ਉਹਨਾਂ ਦੇ ਪ੍ਰੇਮ ਦੇ ਗੀਤ ਗਾਉਂਦੀ ਏ। ਮੈਂ ਪੁੱਛਦੀ ਆਂ ਇਹੋ ਲੈਲਾ-ਮਜਨੂੰ ਜੇਕਰ ਆਪਸ ਵਿਚ ਵਿਆਹ ਕਰ ਲੈਂਦੇ ਤਾਂ ਦੁਨੀਆਂ ਇਹਨੂੰ ਅਮਰ ਪ੍ਰੇਮੀ ਮੰਨ ਕੇ ਯਾਦ ਰਖਦੀ ? '

ਸੱਜਨ ਗੰਭੀਰ ਹੋ ਗਿਆ; ਉਹਨੇ ਸੋਚ ਕੇ ਜਵਾਬ ਦਿੱਤਾ — "ਕਮੀ ਦਾ ਪੈਦਾ ਹੋਣਾ ਆਦਮੀ ਦੇ ਜੀਵਨ ਵਿਚ ਛੋਟੀ ਘਟਨਾ ਨਹੀਂ ਹੁੰਦੀ ਕੰਨਿਆ ! ਅ ਪਣੀ ਘਾਟ ਨੂੰ ਪਛਾਣ ਕੇ ਹੀ ਉਹਨੂੰ ਪੂਰੀ ਕਰਨ ਲਈ ਇਨਸਾਨ ਦੇ ਅੰਦਰ ਲੁਕੀ ਹੋਈ ਤਾਕਤ ਨਿਖਰਦੀ ਏ — ਉਹਦਾ ਵਿਕਾਸ ਹੁੰਦਾ ਏ। ਤੇ ਰਹੇ ਲੈਲਾ-ਮਜਨੂੰ, ਉਹ ਇਸ ਲਈ ਯਾਦ ਕੀਤੇ ਜਾਂਦੇ ਨੇ ਕਿ ਇਕ ਦੂਸਰੇ ਲਈ ਆਪਣੇ ਆਪ ਨੂੰ ਨਿਛਾਵਰ ਕੀਤਾ। ਵਡਿਆਈ ਏਸੇ ਨਿਛਾਵਰ ਕਰਨ ਦੀ ਹੈ !"

ਕੰਨਿਆ ਇਕ ਵਾਰ ਹਲਕਾ ਜਿਹਾ ਗਲਾ ਸਾਫ਼ ਕਰਕੇ ਫਿਰ ਚੁੱਪ ਹੋ ਗਈ। ਉਹਨੇ ਅਜਿਹਾ ਰੁਖ਼ ਦਿਖਾਇਆ ਜਿਵੇਂ ਉਹਨੂੰ ਇਹਨਾ ਗੱਲਾ ਵਿਚ ਕੋਈ ਦਿਲਚਸਪੀ ਨਹੀਂ। ਸੱਜਨ ਚੁੱਪ ਹੋ ਕੇ ਉਹਨੂੰ ਵੇਖਦਾ ਰਿਹਾ।

ਅਚਾਨਕ ਕੰਨਿਆ ਉਠ ਕੇ ਜਾਂਦੀ ਹੋਈ ਬੋਲੀ — "ਕਵੀਆਂ ਨੇ ਜਿਨ੍ਹਾਂ ਵਿਚਾਰਾ ਅਤੇ ਅਨੁਭਵਾਂ ਨੂੰ ਹਮੇਸ਼ਾਂ ਅਗਾਂਹ ਵਧਾਇਆ ਏ ਮੈਂ ਉਹਨਾਂ ਨੂੰ ਧੋਖੇ ਦੀ ਟੱਟੀ ਸਮਝਦੀ ਆਂ। ਗੱਲ ਸਿੱਧੀ ਹੋਣੀ ਚਾਹੀਦੀ ਏ। ਇਸਤਰੀ-ਪੁਰਖ ਨਾਤੇ ਦਾ ਅੰਤਮ ਰੂਪ ਏ — ਪਤੀ ਪਤਨੀ ਹੋਣਾ. ....। ਤੇ ਇਸ ਨਾਤੇ ਦੇ ਰੂਪ ਵਿਚ ਮੈਂ ਅਜੇ ਤੁਹਾਨੂੰ ਆਪਣੇ ਨਾਲ ਨਾਲ ਠੀਕ ਤਰ੍ਹਾਂ ਨਹੀਂ ਦੇਖ ਸਕਦੀ।"

ਸੱਜਨ ਨੂੰ ਫਿਰ ਕਰਾਰੀ ਸੱਟ ਵੱਜੀ।

ਦਰਵਾਜ਼ੇ ਦੇ ਕੋਲ ਆ ਕੇ ਬਾਹਰ ਜਾਣ ਤੋਂ ਪਹਿਲਾਂ ਬਿਨਾਂ ਸਿਰ ਫੇਰਿਆਂ ਕੰਨਿਆ ਕਹਿ ਗਈ — "ਇਸਤਰੀ-ਪੁਰਖ ਜੀਵਨ ਵਿਚ ਇਕ ਵਾਰ ਹੀ ਇਕ ਦੂਸਰੇ ਨੂੰ ਪ੍ਰਾਪਤ ਕਰਦੇ ਨੇ; ਮੇਰਾ ਇਸ ਗੱਲ 'ਚ ਪੱਕਾ ਵਿਸ਼ਵਾਸ ਏ। ਤੇ ਪ੍ਰਾਪਤ ਕਰਨ ਲਈ ਉਹਨਾਂ ਨੂੰ ਆਪਸ ਵਿਚ ਆਪਣੇ ਆਪ ਨੂੰ ਅਨੇਕ ਕੱਸਵਟੀਆਂ ਤੇ ਕੱਸਣਾ ਪੈਂਦਾ ਏ — ਇਹ ਜ਼ਿੰਮੇਵਾਰੀ ਦਾ ਨਾਤਾ ਏ — ਰਈਸਾਂ, ਕਲਾਕਾਰਾ, ਮਨਚਲਿਆਂ ਦੇ ਮਨਪ੍ਰਚਾਵੇ ਦੀ ਖੇਡ ਨਹੀਂ !"

ਕੰਨਿਆ ਚਲੀ ਗਈ। ਸੱਜਨ ਦਾ ਸੁਪਨ ਲੋਕ ਫਿਰ ਨੀਂਹਾਂ ਤੋਂ ਹਿੱਲ ਗਿਆ।

ਸੱਜਨ ਨੂੰ ਆਪਣੀ ਬੇਬਸੀ ਤੇ ਬੜਾ ਤਰਸ ਆਇਆ। ਇਹ ਮੁਟਿਆਰ ਰੋਜ਼ ਆ ਕੇ ਉਹਦੇ ਨਾਲ ਖਿਡੌਣੇ ਵਾਂਗ ਖੇਡਦੀ ਏ, ਤੇ ਫਿਰ ਵਗ੍ਹਾਤਾ ਸੁੱਟ ਕੇ ਚਲੀ ਜਾਂਦੀ ਹੈ। ਸੱਜਨ ਰੋਜ਼ ਉਸ ਤੋਂ ਬੇਲਾਗ ਰਹਿਣ ਦਾ ਪ੍ਰਣ ਕਰਦਾ ਹੈ, ਅਤੇ ਉਹ ਪ੍ਰਣ ਕੱਚੇ ਧਾਗੇ ਵਾਗ ਵਾਰ ਵ ਰ ਟੁੱਟ ਜਾਦਾ ਹੈ।

ਸੱਜਨ ਇਸ ਤਰ੍ਹਾਂ ਬੇਵੱਸ ਅਤੇ ਚੁੱਪ ਤਿਲਮਿਲਾਉਂਦਾ ਰਿਹਾ ਜਿਵੇਂ ਭਰੇ ਬਾਜ਼ਾਰ ਵਿਚ ਕਿਸੇ ਨੇ ਚਪੇੜ ਮਾਰ ਦਿੱਤੀ ਹੋਏ। ਤਾਹੀਓਂ ਕਰਨਲ ਨੇ ਆ ਕੇ ਹੱਸਦਿਆਂ ਕਮਰੇ ਦੀ ਲਾਈਟ ਜਗਾ ਕੇ ਉਹਨੂੰ ਕਿਹਾ — "ਕਿਉਂ ਪੁੱਤਰ, ਹੋ ਗਈ ਤੇਰੀ ਲਵ-ਮੇਕਿੰਗ ? ਮੈਂ ਤਾਂ ਤੈਨੂੰ ਮੌਕਾ ਦੇਣ ਲਈ ਪਰ੍ਹਾਂ ਹੋ ਗਿਆ ਸਾਂ।"

ਭਾਰੀ ਆਵਾਜ਼ ਵਿਚ ਸੱਜਨ ਨੇ ਕਿਹਾ — "ਤੁਸਾਂ ਮੇਰੇ ਤੇ ਬੜਾ ਅਹਿਸਾਨ ਕੀਤਾ ! ਬੇਵਕੂਫ਼, ਸਾਲੇ !"

19

ਕਰਨਲ ਦੇ ਘਰੋਂ ਨਿਕਲ ਕੇ ਅਮੀਨਾਬਾਦ ਪਾਰਕ ਦੀਆਂ ਭੀੜ ਵਾਲੀਆਂ ਸੜਕਾਂ ਤੋਂ ਲੰਘਦਿਆਂ ਮਹੀਪਾਲ ਦੀ ਮਾਨਸਿਕ ਉਤੇਜਨਾ ਹੌਲੀ ਹੌਲੀ ਇਸ ਤਰ੍ਹਾਂ ਬਹਿਣ ਲੱਗੀ ਜਿਵੇਂ ਪਾਣੀ ਪੈਣ ਨਾਲ ਧੂੜ ਬਹਿੰਦੀ ਹੈ। ਪ੍ਰਤੀਕਿਰਿਆ ਵਜੋਂ ਨਿਰਾਸ਼ਾ ਵਧਣ ਲੱਗੀ। ਹੁਣ ਕਿਥੇ ਜਾਈਏ। ਉਹਦਾ ਕੋਈ ਟਿਕਾਣਾ ਨਹੀਂ। ਕਿਸੇ ਦੇ ਦਿਲ ਵਿਚ ਟਿਕਾਣਾ ਨਹੀਂ। ਉਹ ਸਭਨਾਂ ਲਈ ਭਾਰ ਹੈ। ਉਹਦਾ ਜੀਵਨ ਕਿਸੇ ਲਈ ਵੀ ਉਪਯੋਗੀ ਨਹੀਂ। ਅਸਫਲਤਾ ਉਹਦੇ ਮੱਥੇ ਤੇ ਲਿਖੀ ਹੋਈ ਚਮਕ ਰਹੀ ਸੀ। ਇੰਜ ਲਗਦਾ ਸੀ ਜਿਵੇਂ ਸਾਰੀ ਦੁਨੀਆਂ ਉਸ ਅਭਾਗੇ ਦੀ ਅਸਫਲਤਾ ਨੂੰ ਵੇਖਦੀ ਹੈ, ਓਸ ਤਰ੍ਹਾਂ ਜਿਵੇਂ ਨੁੱਕਰ ਵਾਲੀ ਉੱਚੀ ਇਮਾਰਤ ਦੀ ਛੱਤ ਤੇ ਬਿਜਲੀ ਦੇ ਵਡੇ ਵਡੇ ਅੱਖਰਾਂ ਵਿਚ ਲਿਖੇ ਹੋਏ ਨੀਮ ਟੁੱਥ-ਪੇਸਟ ਦੇ ਇਸ਼ਤਿਹਾਰ ਨੂੰ ਸਭਨਾਂ ਦੀਆਂ ਨਜ਼ਰਾਂ ਵੇਖਦੀਆਂ ਹਨ। ਉਹ ਕਿੰਨਾ ਮਜਬੂਰ ਹੈ।

ਬਹੁਤ ਸਿੱਧਾ ਹੋਣਾ ਵੀ ਠੀਕ ਨਹੀਂ, ਮਹੀਪਾਲ ਨੇ ਸੋਚਿਆ। ਸਿੱਧਾ ਆਦਮੀ ਹਮੇਸ਼ਾ ਮਜਬੂਰੀਆਂ ਦਾ ਸ਼ਿਕਾਰ ਬਣਿਆ ਰਹਿਣ ਕਰਕੇ ਅੱਜ ਦੀ ਦੁਨੀਆ ਵਿਚ ਰੋੜਾ ਬਣਦਾ ਹੈ। ਸੇਠ ਰੂਪ ਰਤਨ ਅਤੇ ਛੋਟੇ ਭਰ ਗੱਟੂ ਨੇ ਉਹਨੂੰ ਠੱਗ ਲਿਆ। ਇਸ ਗੱਲ ਤੇ ਕੋਈ ਇਤਬਾਰ ਨਹੀਂ ਕਰੇਗਾ। ਪਰ ਇਹ ਕਹਿਣ ਲਈ ਹਰ ਕੋਈ ਮੂੰਹ ਚੁਕ ਕੇ ਤਿਆਰ ਰਹੇਗਾ ਕਿ ਮਹੀਪਾਲ ਨੇ ਰੂਪ ਰਤਨ ਵਰਗੇ ਸੇਠ ਨੂੰ ਫਸਾ ਕੇ ਰਕਮ ਮਾਠ ਲਈ; ਜਾਂ ਡਾ: ਜੈਪਾਲ ਤੋਂ ਉਹਨੂੰ ਲਾਭ ਪਹੁੰਚਦਾ ਹੁੰਦਾ। ਮੈਂ ਸ਼ੀਲਾ ਨੂੰ ਕੀ

ਦੇਂਦਾ ਹਾਂ, ਇਹ ਦੁਨੀਆ ਨਹੀਂ ਸਮਝੇਗੀ । ਜੇਕਰ ਜਾਨ ਜਾਏਗੀ ਤਾਂ ਵੀ ਏਹੋ ਕਹੇਗੀ ਕਿ ਮਹੀਪਾਲ ਸ਼ੁਕਲ, ਜੋ ਬੜਾ ਵਡਾ ਲੇਖਕ ਅਤੇ ਸਾਹਿੱਤਕਾਰ ਬਣਦਾ ਹੈ, ਉਹ ਏਹੋ ਜਿਹਾ ਰਾਖਸ਼ ਹੈ ਕਿ ਆਪਣੇ ਕੰਗਾਲ ਬੀਵੀ ਬੱਚਿਆਂ ਦਾ ਢਿੱਡ ਵੱਢ ਕੇ ਅੱਯਾਸ਼ੀ ਵਿਚ ਮਾਲ ਲੁਟਾਉਂਦਾ ਹੈ । ਦੁਨੀਆਂ ਮੈਨੂੰ ਹਰ ਹਾਲਤ ਵਿਚ ਬਦਨਾਮ ਵੀ ਕਰੇਗੀ ਇਸ ਲਈ ਕਿ ਮੈਂ ਸਿੱਧਾ ਹਾਂ, ਗ਼ਰੀਬ ਹਾਂ । ਮੇਰੇ ਹੱਥ ਵਿਚ ਕਿਸੇ ਤਰ੍ਹਾਂ ਦੀ ਵੀ ਸੱਤਾ ਨਹੀਂ ।

ਸਾਹਮਣੇ ਭਗਤ ਜੀ ਪਾਨ ਵਾਲੇ ਦੀ ਦੁਕਾਨ ਤੇ ਕੱਲ੍ਹ ਰਾਤੀਂ ਵਡੇ ਭੋਜ ਵਿਚ ਸ਼ਾਮਲ ਹੋਏ ਦੋ ਬੰਦੇ ਖਲੋਤੇ ਦਿਸੇ । ਉਹਨਾਂ ਨੂੰ ਵੇਖ ਕੇ ਮਹੀਪਾਲ ਚੁਰਾਹੇ 'ਚੋਂ ਇੰਜ ਪਰ੍ਹੇ ਹੋਇਆ ਜਿਵੇਂ ਚੋਰ ਨੇ ਪੁਲਸਮੈਨਾਂ ਨੂੰ ਵੇਖ ਲਿਆ ਹੋਏ । ਉਹ ਕਿੰਨਾ ਤੇਜ਼ ਤੁਰਿਆ ਇਸ ਗੱਲ ਦਾ ਪਤਾ ਉਹਨੂੰ ਕੇਸਰੀਬਾਗ ਦੇ ਚੌਕ ਤਕ – ਨਜ਼ੀਰਾਬਾਦ ਦੀ ਸਾਰੀ ਸੜਕ ਤੇ ਤੁਰਦਿਆਂ ਨਹੀਂ ਲੱਗਾ । ਚੌਰਾਹਿਆ ਕ੍ਰਾਸ ਕਰਦੀ ਹੋਈ ਬੱਸ ਨੇ ਓਹਦੀ ਤਿੱਖੀ ਚਾਲ ਤੇ ਬ੍ਰੇਕ ਲਾ ਕੇ ਇਸ ਗੱਲ ਦਾ ਵੀ ਅਹਿਸਾਸ ਕਰਾਇਆ ਕਿ ਉਹਨੇ ਖ਼ਾਹਮਖ਼ਾਹ ਆਪਣੇ ਆਪ ਨੂੰ ਪਰੇਸ਼ਾਨ ਕੀਤਾ । ਉਹਨੂੰ ਉਹਨਾਂ ਲੋਕਾਂ ਤੋਂ ਡਰਨ ਦੀ ਕੀ ਲੋੜ ਸੀ ? ਅਸਲ ਵਿਚ ਉਹ ਲੋਕਾਂ ਤੋਂ ਨਹੀਂ ਆਪਣੀ ਬਦਨਾਮੀ ਤੋਂ ਡਰ ਕੇ ਨੱਸਿਆ ਸੀ । ਪਰ ਇਹ ਤਾਂ ਵਾਧੂ ਗੱਲ ਹੈ । ਆਪਣੇ ਘਾਬਰੇ ਹੋਏ ਮਨ ਨੂੰ ਸੰਜਮ ਸਿਖਾ ਕੇ ਮਹੀਪਾਲ ਨੇ ਆਪਣੇ ਆਪ ਨੂੰ ਕਿਹਾ — "ਮੈਂ ਕਦੋਂ ਤੱਕ ਲੋਕਾਂ ਤੋਂ ਭੱਜਦਾ ਰਹਾਂਗਾ । ਅਤੇ ਮੈਂ ਇਹੋ ਜਿਹਾ ਕੀਤਾ ਵੀ ਕੀ ਹੈ ? ਸੰਸਾਰ ਵਿਚ ਬਹੁਤ ਸਾਰੇ ਅਜੇਹੇ ਹਨ ਜੋ ਇਕ ਨਾਲੋਂ ਵੱਧ ਤੀਵੀਂਆਂ ਨਾਲ ਸੰਬੰਧ ਰੱਖਦੇ ਹਨ, ਬਹੁਤ ਸਾਰੇ ਹਨ ਜੋ ਆਪਣੀ ਵਿਲਾਸੀ ਖੇਡ ਲਈ ਔਰਤਾਂ ਦੇ ਅਣਉਚਿਤ ਵਪਾਰ ਨੂੰ ਹੱਲਾਸ਼ੇਰੀ ਦੇਂਦੇ ਹਨ । ਕੀ ਮਹੀਪਾਲ ਸ਼ੁਕਲ ਓਹਨਾਂ ਤੋਂ ਵੀ ਗਿਆ ਗੁਜ਼ਰਿਆ ਹੈ ? — ਨਹੀਂ, ਮੈਂ ਪਾਪੀ ਨਹੀਂ । ਮੇਰਾ ਅਤੇ ਸ਼ੀਲਾ ਦਾ ਸੰਬੰਧ ਅੱਜ ਦੀ ਦੁਨਿਆਵੀ ਨਜ਼ਰ ਤੋਂ ਅਨੈਤਿਕ ਭਾਵੇਂ ਹੋਏ, ਪਰ ਅਸੀਂ ਕੋਈ ਪਾਪ ਨਹੀਂ ਕਰ ਰਹੇ । ਅਤੇ ਜੇ ਇਹ ਆਖਿਆ ਜਾਵੇ ਕਿ ਮੈਂ ਇਕ ਪਤਨੀ ਬਰਤਾ ਨਹੀਂ ਹੋ ਸਕਿਆ ਤਾਂ ਵੀ ਇਹਦੇ ਵਿਚ ਕੋਈ ਪਾਪ ਨਹੀਂ । ਤੀਹ ਚਾਲ੍ਹੀ ਵਰ੍ਹੇ ਪਹਿਲਾਂ ਤੱਕ ਕਿੰਨੇ ਲੋਕ ਦੋ ਦੋ ਤਿੰਨ ਤਿੰਨ ਪਤਨੀਆਂ ਰੱਖਦੇ ਸਨ; ਖ਼ੁਦ ਸ਼ਿਵ, ਕ੍ਰਿਸ਼ਨ, ਏਥੋਂ ਤੱਕ ਕਿ ਭਗਵਾਨ ਰਾਮ ਦੇ ਬਾਪ ਵੀ ਇਕ ਤੋਂ ਵੱਧ ਪਤਨੀਆਂ ਰੱਖਣ ਵਾਲੇ ਸਨ । ਅਨੇਕ ਰਿਸ਼ੀਆਂ ਨੇ ਇਕ ਤੋਂ ਵੱਧ ਪਤਨੀਆਂ ਦੇ ਸਿਧਾਂਤ ਨੂੰ ਮੰਨਿਆ । ਸ਼ੀਲਾ ਇਕ ਤਰ੍ਹਾਂ ਮੇਰੀ ਪਤਨੀ ਤਾਂ ਹੈ ਈ, ਭਾਵੇਂ ਓਹਦੇ ਨਾਲ ਸਤਾਂ ਭਵਾਟਣੀਆਂ ਵਾਲਾ ਵਿਆਹ ਨ ਹੋਇਆ ਹੋਏ ।"

ਮਹੀਪਾਲ ਦੀ ਬੁੱਧੀ ਆਪਣੇ ਅੰਦਰ ਪਲਦੇ ਹੋਏ ਭੈਅ ਦਾ ਨਾਸ ਕਰਨ ਲਈ ਉਚਿੱਤ ਜਾਂ ਅਣਉਚਿੱਤ ਦਲੀਲਾਂ ਦਾ ਸਹਾਰਾ ਲੈ ਰਹੀ ਸੀ । ਹੁੰਦਿਆਂ ਹੁੰਦਿਆਂ

ਉਹਦੀ ਵਿਚਾਰਧਾਰਾ ਏਥੋਂ ਤਕ ਆ ਗਈ ਕਿ ਸ਼ੀਲਾ ਹੀ ਉਹਦੀ ਅਸਲ ਪਤਨੀ ਹੈ — ਕਲਿਆਣੀ ਨਾਲ ਉਹਦਾ ਵਿਆਹ ਵਡੇਰਿਆਂ ਦੀ ਇੱਛਾ ਨਾਲ ਹੋਇਆ। ਅਤੇ ਇਹ ਬੱਚੇ — ਇਹ ਸਭ ਬੱਚੇ ਅਸਲ ਵਿਚ ਸ਼ੀਲਾ ਦੇ ਹੀ ਹੁੰਦੇ।

ਆਪਣੇ ਬੱਚਿਆਂ ਦੀ ਮਾਂ ਦੇ ਰੂਪ ਵਿਚ ਸ਼ੀਲਾ ਦੀ ਕਲਪਨਾ ਕਰਦਿਆਂ ਮਹੀਪਾਲ ਦੀ ਬੇਕਾਬੂ ਬੁੱਧੀ ਵੀ ਸੁੰਗੜ ਗਈ।...ਨਹੀਂ, ਸ਼ੀਲਾ ਉਹਦਿਆਂ ਬੱਚਿਆਂ ਦੀ ਮਾਂ ਨਹੀਂ ਹੋ ਸਕਦੀ। ਸ਼ੀਲਾ ਮਾਂ ਬਣਨ ਦੇ ਖਿਆਲ ਨੂੰ ਹੀ ਨਫ਼ਰਤ ਕਰਦੀ ਹੈ। ਮਹੀਪਾਲ ਨੂੰ ਮੁੱਢ ਤੋਂ ਇਹ ਖ਼ਿਆਲ ਆਇਆ ਕਿ ਜੇ ਸ਼ੀਲਾ ਤੋਂ ਵੀ ਉਹਦੀ ਕੋਈ ਸੰਤਾਨ ਹੋਏ — ਤਾਂ ਕਿੰਜ ਲੱਗੇ ? ਕਲਿਆਣੀ ਦੇ ਬੱਚੇ, ਸ਼ੀਲਾ ਦੀ ਔਲਾਦ — ਅਤੇ ਦੋਵਾਂ ਦੇ ਹੀ ਬੱਚੇ ਉਹਦੀ ਸੰਤਾਨ !...ਬੱਚਿਆਂ ਵਿਚ ਪਿਆਰ ਦੀ ਵੰਡ ਕਿਸ ਤਰ੍ਹਾਂ ਨਾਲ ਕਰ ਸਕੇਂਗਾ ? ਜਿਨ੍ਹਾਂ ਲੋਕਾਂ ਦੀਆਂ ਵੱਖ ਵੱਖ ਪਤਨੀਆਂ ਤੋਂ ਸੰਤਾਨਾ ਹੁੰਦੀਆਂ ਹਨ ਉਹਨਾਂ ਦੇ ਮਨ ਵਿਚ ਕੀ ਫ਼ਰਕ ਨਹੀਂ ਪੈਂਦਾ ? ਜ਼ਰੂਰ ਪੈਂਦਾ ਹੈ। ਸੁਭਾਵਕ ਹੀ ਪੈਂਦਾ ਹੈ। ਦੁਨੀਆਂ ਵਿਚ ਅਜੇਹੀਆ ਕਿੰਨੀਆਂ ਮਿਸਾਲਾਂ ਹਨ। ਵੱਖ ਵੱਖ ਤੀਵੀਆਂ ਤੋਂ ਜੇਕਰ ਉਹਨਾ ਦੀਆਂ ਸੰਤਾਨਾਂ ਨਾ ਹੁੰਦੀਆਂ ਤਾ ਉਹਨਾਂ ਦਾ ਘਰ ਇੰਜ ਖੇਰੂੰ ਖੇਰੂੰ ਨਾ ਹੁੰਦਾ ? ਇਕ ਤੋਂ ਵੱਧ ਪਤਨੀਆਂ ਵਾਲੇ ਢੰਗ ਦੀ ਅੰਤਮ ਟ੍ਰੈਜੇਡੀ ਦੇ ਰੂਪ ਵਜੋਂ ਦਸ਼ਰਥ ਦੀ ਉਦਾਹਰਣ ਉਹਦੇ ਸਾਹਮਣੇ ਆਈ। ਤਿੰਨਾਂ ਤੀਵੀਆਂ ਤੋਂ ਪੈਦਾ ਹੋਏ ਚੌਂਹ ਪੁੱਤਰਾਂ ਦੇ ਬਾਪ ਨੂੰ ਕਿੰਨੀ ਭੈੜੀ ਮੌਤ ਮਰਨਾ ਪਿਆ।

ਮਹੀਪਾਲ ਆਪਣੇ ਵਿਚਾਰਾਂ ਨੂੰ ਨਾਲ ਲੈ ਕੇ ਤੁਰਦਾ ਹੋਇਆ ਵਿਕਟੋਰੀਆ ਪਾਰਕ ਵਿਚ ਪਹੁੰਚ ਗਿਆ ਸੀ। ਇਸ ਵੇਲੇ ਵਿਚਾਰ ਉਹਦੇ ਮਨ ਤੇ ਇਸ ਤਰ੍ਹਾਂ ਪੱਸਰ ਗਏ ਸਨ ਕਿ ਅਨਜਾਣੇ ਹੀ ਉਹਦੀ ਇੱਛਾ ਬਹਿਣ ਦੀ ਹੋਈ ਅਤੇ ਵਿਕਟੋਰੀਆ ਮੰਡਪ ਦੇ ਥੜ੍ਹੇ ਤੇ ਪੌੜੀ ਦੀ ਢੋਹ ਲਾ ਕੇ ਉਹ ਬੈਠ ਵੀ ਗਿਆ। ਸਿਆਲ ਦਾ ਹਨੇਰਾ, ਪਾਰਕ ਦੀ ਡੂੰਘੀ ਚੁੱਪ, ਕਿਉਂ ਇਸ ਗੱਲ ਦਾ ਖ਼ਿਆਲ ਮਨ 'ਚ ਬਹਿ ਗਿਆ — ਸਭ ਕੁਝ ਇਸ ਵੇਲੇ ਉਹਦੇ ਵਿਚਾਰਾਂ ਤੋਂ ਬਾਹਰ ਸੀ। ਜੇਬ 'ਚੋਂ ਇਕ ਸਿਗਰੇਟ ਕੱਢੀ, ਸੁਲਗਾਈ ਅਤੇ ਆਪਣੇਂ ਵਿਚਾਰਾਂ ਦੀ ਲੜੀ ਵਿਚ ਡੁੱਬ ਗਿਆ।

ਲੱਗ ਭੱਗ ਇਕ ਘੰਟੇ ਤਕ ਉਹ ਉਥੇ ਬੈਠਾ ਹੋਇਆ ਤਰ੍ਹਾਂ ਤਰ੍ਹਾ ਦੀਆ ਗੱਲਾ ਸੋਚਦਾ ਰਿਹਾ। ਸਰਦੀ ਵਧ ਰਹੀ ਸੀ — ਵਿਚਾਰਾਂ ਦੀ ਗਰਮੀ ਵੀ ਹੁਣ ਮੌਸਮ ਦੀ ਠੰਡਕ ਨੂੰ ਬਚਾ ਨਹੀਂ ਸੀ ਸਕਦੀ। ਸੱਚੇ ਚਿੰਤਨ ਦੇ ਅਣਗਿਣਤ ਪਲਾਂ ਦਾ ਧਨੀ ਆਪਣੀ ਗ਼ਰੀਬੁਲਵਤਨੀ ਦੇ ਅਹਿਸਾਸ ਨਾਲ ਠੁਰੂ ਠੁਰੂ ਕਰਨ ਲੱਗਾ। ਇਸ ਵੇਲੇ ਉਹ ਜਾਏ ਕਿੱਥੇ ? ਰਹੇ ਕਿੱਥੇ ?

ਮਹੀਪਾਲ ਘਰ ਨਹੀਂ ਜਾਣਾ ਚਾਹੁੰਦਾ। ਉਹਦਾ ਮਨ ਕਲਿਆਣੀ ਸਾਹਮਣੇ ਜਾਣ ਤੋਂ ਮੂੰਹ ਲੁਕਾਉਂਦਾ ਸੀ। ਸਵੇਰੇ ਪਤੀ ਪਤਨੀ ਦੀ ਕਲਾਹ ਤੋਂ ਬੱਚੇ ਵੀ ਜਾਣ ਗਏ

ਹਨ ਕਿ ਉਹਨਾਂ ਦਾ ਬਾਪ ਬਦਚਲਨ ਹੈ। ਆਪਣੀ ਪਤਨੀ ਬੱਚਿਆਂ ਦੀ ਮਾਂ, ਦੇ ਰਹਿੰਦਿਆਂ ਹੋਇਆਂ ਵੀ ਉਹ ਹੋਰ ਔਰਤ ਨਾਲ 'ਅਯੋਗ' ਸੰਬੰਧ ਰੱਖਦਾ ਹੈ।

"ਬੱਚੇ ਕੀ ਸੋਚਦੇ ਹੋਣਗੇ ? ਪਿਤਾ ਮਹੀਪਾਲ ਆਪਣੇ ਬੱਚਿਆਂ ਨਾਲ ਕਿੰਜ ਅੱਖ ਮਿਲਾਏਗਾ ? ਕਲਿਆਣੀ ਉੱਕੀ ਮੂਰਖ ਹੈ। ਮੰਨਿਆ ਉਹਨੂੰ ਜੋ ਦੁੱਖ ਹੋਇਆ ਉਹ ਸਭਾਵਕ ਸੀ। ਫਿਰ ਜਿਵੇਂ ਉਹਨੇ ਉਹਦਾ ਪ੍ਰਦਰਸ਼ਨ ਕੀਤਾ ਉਹ ਬਿਲਕੁਲ ਸੁਘੜਤਾ ਵਾਲਾ ਨਹੀਂ ਸੀ।

ਚਾਰ ਪੰਜ ਵਰ੍ਹੇ ਪਹਿਲਾ ਅੰਤੜੀਆ ਵਿਚ ਜ਼ਖ਼ਮ ਹੋ ਜਾਣ ਕਾਰਨ ਕਲਿਆਣੀ ਬਹੁਤ ਬੀਮਾਰ ਸੀ। ਕਰਨਲ ਨਾਲ ਡਾ: ਸ਼ੀਲਾ ਸਿੰਵਗ ਇਲਾਜ ਲਈ ਉਹਦੇ ਘਰ ਆਈ ਸੀ। ਮਹੀਪਾਲ ਨਾਲ ਗੱਲਾ ਕਰਨ ਤੇ ਉਹਨੂੰ ਉਹਦੇ ਨਾਲ ਬੌਧਕ ਖਿੱਚ ਹੋ ਗਈ। ਕਰਨਲ ਨੇ ਵੀ ਆਪਣੇ ਮਿੱਤਰ ਦੀ ਪ੍ਰਸਿੱਧੀ ਅਤੇ ਮਹਾਨਤਾ ਦਾ ਜੋਸ਼ ਅਤੇ ਮਾਣ ਭਰਿਆ ਵਰਣਨ ਕੀਤਾ। ਸ਼ੀਲਾ ਦੇ ਮਨ ਉਤੇ ਉਹਦੀ ਵੀ ਛਾਪ ਲੱਗੀ। ਕਲਾ ਅਤੇ ਸਾਹਿਤ ਵਿਚ ਸ਼ੀਲਾ ਦੀ ਰੁਚੀ ਚੋਖੀ ਸੁਲਝੀ ਹੋਈ ਸੀ। ਹਿੰਦੀ ਸਾਹਿਤ ਨਾਲ ਉਹਦੀ ਵਾਕਫ਼ੀ ਨਹੀਂ, ਭਾਵੇਂ ਪ੍ਰੇਮ ਚੰਦ ਦੀਆ ਇਕ ਦੋ ਪੁਸਤਕਾਂ, ਸ਼ਰਤ ਦੇ ਇਕ ਦੋ ਹਿੰਦੀ ਅਨੁਵਾਦ ਉਹਨੇ ਹਿੰਦੀ ਵਿਚ ਪੜ੍ਹੇ ਸਨ। ਉੱਗਰ ਦੀ 'ਚੰਦ ਹੁਸੀਨੋਂ ਕੇ ਖ਼ਤੂਤ' ਦੀ ਉਹਨੂੰ ਅੱਜ ਵੀ ਯਾਦ ਆਉਂਦੀ ਹੈ। — ਬੱਸ ਏਨੀ ਪੂੰਜੀ ਉਤੇ ਈ ਦੋਵਾਂ ਦੀ ਸਾਝ ਹੋਈ। ਉਹਨੀਂ ਦਿਨੀਂ ਪੈਸਿਆਂ ਦੀ ਤੰਗੀ ਸੀ ਸੋ ਮਹੀਪਾਲ ਨੇ ਕਰਨਲ ਤੋਂ ਰੁਪਏ ਉਧਾਰ ਲੈ ਕੇ ਆਪਣੀਆਂ ਕਿਤਾਬਾਂ ਦਾ ਸੈੱਟ ਖ਼ੀਦਿਆ ਅਤੇ ਕਰਨਲ ਰਾਹੀਂ ਡਾ: ਸ਼ੀਲਾ ਸਿੰਵਗ ਦੇ 'ਕਰ ਕਮਲਾਂ' ਵਿਚ ਭੇਟ ਕਰ ਦਿਤਾ। ਇਸ ਪਿੱਛੋਂ ਸ਼ੀਲਾ ਨੇ ਫ਼ੀਸ ਲੈਣੀ ਬੰਦ ਕਰ ਦਿਤੀ ਅਤੇ ਬਿਨ ਬੁਲਾਈ ਵਿੱਜ਼ਿਟ ਕਰਕੇ ਕਲਿਆਣੀ ਨੂੰ ਰੋਗ ਮੁਕਤ ਕਰਨ ਵਿਚ ਬੜਾ ਤਾਣ ਲਾਇਆ। ਸ਼ੀਲਾ, ਕਲਿਆਣੀ ਅਤੇ ਬੱਚਿਆਂ ਨਾਲ ਘੁਲ ਮਿਲ ਗਈ। ਮਹੀਪਾਲ ਉਹਨੂੰ ਲੇਖਕ ਅਤੇ ਮਨੁੱਖ ਦੋਵਾਂ ਨਾਤਿਆਂ ਤੋਂ ਪਸੰਦ ਆਇਆ, ਸ਼ੀਲਾ ਆਪਣੇ ਕਲਾ-ਪਿਆਰ, ਸੱਜਣਤਾਈ ਅਤੇ ਜ਼ਿੰਦਾ-ਦਿਲੀ ਨਾਲ ਮਹੀਪਾਲ ਨੂੰ ਪ੍ਰਭਾਵਤ ਕਰਨ ਲੱਗੀ। ਬੱਸ ਦੋਵਾ ਵਿਚ ਇੰਨਾ ਹੀ ਸੰਬੰਧ ਸੀ। ਅਕਸਰ ਕਾਫ਼ੀ-ਹਾਊਸ ਵਿਚ ਵੀ ਬੈਠਕ ਹੋ ਜਾਂਦੀ ਸੀ। ਮਹੀਪਾਲ ਦੇ ਸਾਥ ਵਿਚ ਸੱਜਨ ਅਤੇ ਕਰਨਲ ਨਾਲ ਵੀ ਉਹਦੀ ਨੇੜਤਾ ਵਧਣ ਲੱਗੀ। ਇੰਜ ਮਹੀਨੇ ਹੀ ਲੰਘ ਗਏ।

ਇਕ ਦਿਨ ਮਹੀਪਾਲ ਇਕੱਲਾ ਕਾਫ਼ੀ-ਹਾਊਸ ਵਿਚ ਬੈਠਾ ਸੀ। ਸ਼ੀਲਾ ਆਈ। ਉਸ ਦਿਨ ਕੁਝ ਬੇਮਨੀ ਜਿਹੀ ਵਾਲੇ ਮੂਡ ਵਿਚ ਸੀ। ਉੱਥੇ ਬਹਿਣ ਨੂੰ ਜੀਅ ਨਾ ਕੀਤਾ। ਮਹੀਪਾਲ ਸਾਹਮਣੇ ਤੁਰਨ ਫਿਰਨ ਦਾ ਸੁਝਾ ਰੱਖਿਆ। ਦੋਵੇਂ ਲਾਮਾਰਟੀ-ਨੇਅਰ ਕਾਲਜ ਦੇ ਸਾਹਮਣੇ ਤਾਈਂ ਕਾਰ ਵਿਚ ਗੱਲਾਂ ਕਰਦੇ ਗਏ। ਕਾਰ 'ਚੋਂ ਉੱਤਰ ਕੇ ਇਕ ਥਾ ਇਕਾਂਤ ਵਿਚ ਬਹਿ ਗਏ। ਗੱਲਾਂ ਗੱਲਾਂ ਵਿਚ ਗੁਆਚਦਿਆਂ ਹੋਇਆਂ

ਸ਼ੀਲਾ ਦੀਆਂ ਨਜ਼ਰਾਂ ਮਹੀਪਾਲ ਲਈ ਅਜੇਹੇ ਰਿਸ਼ਤੇ ਦਾ ਸੱਦਾ ਲਿਆਈਆਂ ਜੋ ਅਨੁਭਵ ਦੇ ਤੌਰ ਤੇ ਉਹਦੇ ਲਈ ਨਵਾਂ ਹੁੰਦਿਆਂ ਹੋਇਆਂ ਵੀ ਬੜਾ ਰਸ ਭਰਿਆ, ਤਾਜ਼ਗੀ ਭਰਿਆ ਸੀ। ਇਹਦੇ ਕੁਝ ਕੁ ਦਿਨਾਂ ਪਿੱਛੋਂ ਮਹੀਪਾਲ ਦਾ ਇਕ ਪਤਨੀ ਵਾਲਾ ਵਰਤ ਟੁੱਟ ਗਿਆ। ਪਾਪ ਦੀ ਭਾਵਨਾ ਹੁੰਦਿਆਂ ਵੀ ਸ਼ੀਲਾ ਨਾਲ ਮਿਲ ਕੇ ਅੱਜ ਵੀ ਮਹੀਪਾਲ ਦੇ ਮਨ ਵਿਚ ਉਹੋ ਨਿਖ਼ਾਰ ਆਉਂਦਾ ਹੈ ਜੋ ਚਾਰ ਵਰ੍ਹੇ ਪਹਿਲਾਂ ਉਹਦੇ ਅਨੁਭਵ ਵਿਚ ਆਇਆ ਸੀ। ਸ਼ੀਲਾ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਮਹੀਪਾਲ ਨੂੰ ਰਿਝਾਉਣਾ ਚਾਹੁੰਦੀ ਹੈ। ਇੰਨੇ ਦਿਨਾਂ ਵਿਚ ਅੱਜ ਤਕ ਕਦੇ ਲੜਾਈ ਨਹੀਂ ਹੋਈ, ਅਜੇ ਕਿ ਆਮ ਕਰ ਕੇ ਮੱਤਭੇਦ ਹੋ ਜਾਂਦਾ ਹੈ। ਮਹੀਪਾਲ ਤੇਜ਼ ਹੈ। ਉਹਦਾ ਸੁਭਾ ਸ਼ੀਲਾ ਸਾਹਮਣੇ ਵੀ ਉਘੜਦਾ ਹੈ, ਪਰ ਸ਼ੀਲਾ ਸਾਹਮਣੇ ਉਹਦੀ ਤੇਜ਼ੀ ਨੂੰ ਹੁੱਲੜ ਮੁਚਾਉਣ ਦਾ ਮੌਕਾ ਨਹੀਂ ਮਿਲਦਾ। ਸ਼ੀਲਾ ਉਹਦੇ ਕ੍ਰੋਧ ਨੂੰ ਉਥੇ ਦਾ ਉਥੇ ਦੱਬ ਦੇਣ ਦੀ ਕਲਾ ਜਾਣਦੀ ਹੈ। ਬਹੁਤ ਘੁਲ ਮਿਲ ਕੇ ਵੀ ਸ਼ੀਲਾ ਨੇ ਅੱਜ ਤਕ ਮਹੀਪਾਲ ਦੀ ਪੈਸੇ ਧੇਲੇ ਦੀ ਹਾਲਤ ਸੰਬੰਧੀ ਕਦੇ ਇਕ ਵੀ ਸਵਾਲ ਨਹੀਂ ਕੀਤਾ ਅਤੇ ਨਾ ਆਪਣੇ ਹੀ ਕਿਸੇ ਨਿੱਜੀ ਅਤੇ ਘਰੇਲੂ ਮੁਆਮਲੇ ਨੂੰ ਉਹਦੇ ਸਾਹਮਣੇ ਛੇੜਿਆ। ਦੋਵਾਂ ਦਾ ਮੇਲ ਗੇਲ ਵੀ ਰੋਜ਼ ਨਹੀਂ ਹੁੰਦਾ। ਦੋਵੇਂ ਹੀ ਆਪਣੇ ਕੰਮ ਕਾਜ ਵਿਚ, ਆਪਣੀ ਆਪਣੀ ਸੋਸਾਇਟੀ ਵਿਚ ਰੁੱਝੇ ਰਹਿੰਦੇ ਹਨ। ਫਿਰ ਵੀ ਛੇਤੀ ਛੇਤੀ ਮਿਲ ਕੇ ਰਹਿਣਾ ਉਹਨਾਂ ਦਾ ਜ਼ਰੂਰੀ ਨੇਮ ਹੈ।

ਮਹੀਪਾਲ ਦੇ ਮਨ ਵਿਚ ਸ਼ੀਲਾ ਦੀ ਯਾਦ ਆਪਣੀ ਮਿਠਾਸ ਨਾਲ ਡੂੰਘੀ ਹੋ ਗਈ। ਸੋਚਣ ਲੱਗਾ -- ਉੱਥੇ ਜਾਇਆ ਜਾਏ। ਉੱਥੇ ਰਾਤ ਕੱਟੀ ਜਾਏ।

ਮਹੀਪਾਲ ਉੱਠ ਖਲੋਤਾ। ਇਕ ਵਾਰੀ ਫਿਰ ਝਿਜਕ ਹੋਈ। ਫਿਰ ਇਹ ਸੋਚਿਆ ਕਿ ਸ਼ੀਲਾ ਦੇ ਘਰ ਜਾਣ ਬਿਨਾਂ ਹੋਰ ਕੋਈ ਚਾਰਾ ਨਹੀਂ। ਉਂਜ ਤਾਂ ਉਹ ਸੱਜਣ ਵੱਲ ਜਾ ਕੇ ਵੀ ਸੌਂ ਰਹਿੰਦਾ, ਪਰ ਉਹਦੇ ਵੱਲ ਇਸ ਵੇਲੇ ਜਾਣਾ ਨਹੀਂ ਚਾਹੁੰਦਾ। ਉਹਦੀਆਂ ਨਜ਼ਰਾਂ ਵਿਚ ਸੱਜਨ ਹਿੱਪੋਕ੍ਰੇਟ ਹੈ। ਕਰਨਲ ਦਾ ਘਰ ਉਹਦੇ ਘਰ ਦੇ ਬਹੁਤ ਨੇੜੇ ਹੈ, ਉੱਥੇ ਜਾਣ ਤੇ ਉਹ ਉਪਦੇਸ਼ ਦਾ ਅੰਮ੍ਰਿਤ ਪਿਆਏਗਾ — ਸ਼ੀਲਾ ਦੇ ਘਰ ਹੀ ਜਾਣਾ ਚਾਹੀਦਾ ਏ।

ਹੱਠ ਕਰ ਕੇ ਇਸ ਵਿਚਾਰ ਨੂੰ ਪੱਲੇ ਬੰਨ੍ਹ ਕੇ ਉਹ ਦਸ ਕੁ ਪੈਰ ਗਿਆ, ਫਿਰ ਸੋਚਿਆ ਕਿ ਹੁਣ ਉਹ ਸ਼ੀਲਾ ਵਲ ਹੀ ਰਹੇਗਾ? ਕੀ ਉਹ ਰਹਿ ਸਕਦਾ ਹੈ? ਮਹੀਪਾਲ ਦੇ ਪੈਰ ਫਿਰ ਬੱਝਣ ਲੱਗੇ। ਉਹਨੂੰ ਫਿਰ ਸਖ਼ਤ ਉਲਝਨ ਦਾ ਦੌਰਾ ਪਿਆ। ਉਹਦਾ ਜੀਵਨ ਵਿਅਰਥ ਹੈ। ਉਹ ਹੁਣ ਸੰਨਿਆਸ ਲਏਗਾ — ਕਿਤੇ ਨੱਸ ਜਾਏਗਾ।

ਨੱਸਣ ਤੋਂ ਪਹਿਲਾਂ ਸ਼ੀਲਾ ਤੋਂ ਆਖ਼ਰੀ ਵਿਦਾ ਲੈਣ ਦਾ ਵਿਚਾਰ ਉਹਦੇ ਮਨ ਵਿਚ ਬਚਾਅ ਵਜੋਂ ਆਇਆ, ਤੇ ਉਹ ਏਸੇ ਬਹਾਨੇ ਤੁਰਦਾ ਰਿਹਾ।

ਬੰਗਲੇ ਤੇ ਪਹੁੰਚ ਕੇ ਨੌਕਰਾਂ ਤੋਂ ਪਤਾ ਲੱਗਾ ਕਿ ਮਿੱਸ ਸਾਹਿਬ ਵਿੱਜ਼ਟ ਤੋਂ ਵਾਪਿਸ ਨਹੀਂ ਆਈ। ਉਸ ਵੇਲੇ ਘੜੀ ਤੇ ਪੌਣੇ ਦਸ ਵੱਜ ਰਹੇ ਸਨ। ਮਹੀਪਾਲ, ਨੌਕਰਾਂ ਨੂੰ ਕਾਫ਼ੀ ਬਣਾਉਣ ਲਈ ਕਹਿ ਕੇ, ਸ਼ੀਲਾ ਦੇ ਲਿਵਿੰਗ ਰੂਮ ਵਿਚ ਜਾ ਕੇ ਸੋਫ਼ੇ ਤੇ ਲੇਟ ਗਿਆ। ਵੀਹ ਮਿੰਟਾਂ ਪਿੱਛੋਂ ਸ਼ੀਲਾ ਵੀ ਆ ਗਈ।

ਸ਼ੀਲਾਂ ਦੇ ਜੂੜੇ ਵਿਚ ਤਿੰਨ ਪੀਲੇ ਗੁਲਾਬ ਦੇ ਫੁੱਲ ਅਤੇ ਕੰਨਾਂ ਵਿਚ ਹੀਰੇ ਦੀਆਂ ਵਾਲੀਆਂ ਚਮਕ ਰਹੀਆਂ ਸਨ। ਸ਼ੀਲਾ ਬਾਹਰੋਂ ਬੜੀ ਖ਼ੁਸ਼ ਹੋ ਕੇ ਆਈ ਸੀ, ਮਹੀਪਾਲ ਨੂੰ ਵੇਖ ਕੇ ਉਹਦੀ ਖ਼ੁਸ਼ੀ ਨੂੰ ਚਾਰ ਚੰਨ ਲਗ ਗਏ।

"ਯੂ ਰਾਸਕਲ, ਵਾਹਟ ਆਰ ਯੂ ਡੂਇੰਗ ਹਿਅਰ ਐਟ ਦਿਸ ਟਾਈਮ ਆਫ ਦਾ ਨਾਈਟ ? ਤੀਵੀਂ ਨੇ ਘਰੋਂ ਕੱਢ ਦਿਤਾ ਏ ?"

ਮਾਹੀਪਾਲ ਨੇ ਰੁੱਖਾ ਹਾਸਾ ਹੱਸਦਿਆਂ ਕਿਹਾ –– "ਹਾਂ।"

"ਸੱਚ ਦਸ, ਲੜ ਕੇ ਆਇਆ ਏਂ ?"

ਮਹੀਪਾਲ ਨੇ ਗੱਲ ਨੂੰ ਹਾਸੇ 'ਚ ਪਾ ਕੇ ਉੱਤਰ ਦਿਤਾ –– "ਨਹੀਂ ਜੀ, ਮੈਂ ਤਾਂ ਹਾਸੇ ਨਾਲ ਕਹਿ ਰਿਹਾ ਸਾਂ। ਹੋਇਆ ਇੰਜ ਬਈ ਅੱਜ ਸ਼ਾਮੀਂ ਉਹ ਦੋਵੇਂ ਬੇਵਕੂਫ਼ ਮਿਲੇ ਨਹੀਂ। ਮੈਂ ਜ਼ਰਾ ਫਿਰਨ ਤੁਰਨ ਦੇ ਮੂਡ ਵਿਚ ਆ ਗਿਆ। ਬੜਾ ਚਿਰ ਵਾਈਟ ਵਿਕਟੋਰੀਆ ਤੇ ਬੈਠਾ ਰਿਹਾ। ਫਿਰ ਜੀਅ ਕੀਤਾ ਤੇਰੇ ਵਲ ਚੱਲਾਂ। ਆ ਗਿਆ। ਖਾਣਾ ਵਾਣਾ ਖਾ ਲਿਆ ਤੂੰ ?"

"ਅਜੇ ਕਿੱਥੇ। ਸ਼ਾਇਦ ਤੂੰ ਵੀ ਨਹੀਂ ਖਾਧਾ ?"

"ਤਦੇ ਤੇ ਪੁੱਛਿਆ।"

"ਅਬਦੁਲ !"

"ਜੀ ਮਿੱਸ ਸਾਹਬ।" ਦੂਰੋਂ ਆਵਾਜ਼ ਆਈ।

ਮਹੀਪਾਲ ਨੂੰ ਹਾਸਾ ਆ ਗਿਆ। ਸ਼ੀਲਾ ਨੇ ਵੇਖਿਆ, ਪੁੱਛਿਆ –– "ਕਿਉਂ ਕਿਸ ਗੱਲ ਤੇ ਹਾਸਾ ਆਇਆ ਏ ?"

ਮਹੀਪਾਲ ਨੇ ਕਿਹਾ –– "ਅਬਦੁਲ ਦੇ ਮਿੱਸ ਸਾਹਬ ਕਹਿਣ ਤੇ !"

ਸ਼ੀਲਾ ਨੂੰ ਇਕ ਸੈਕੰਡ ਗੱਲ ਸਮਝਣ 'ਚ ਲੱਗਾ ਅਤੇ ਫਿਰ ਬੜੇ ਜ਼ੋਰ ਨਾਲ ਹੱਸੀ। ਆਪਣੇ ਕੋਲ ਰੱਖਿਆ ਹੋਇਆ ਗੋਲ ਸਿਰਹਾਣਾ ਉਹਨੇ ਮਹੀਪਾਲ ਤੇ ਭੁਆ ਕੇ ਮਾਰਿਆ। ਅਬਦੁੱਲ ਤਦ ਤਕ ਆ ਗਿਆ ਸੀ। ਸ਼ੀਲਾ ਨੇ ਗੰਭੀਰ ਹੋ ਕੇ ਉਹਨੂੰ ਕਿਹਾ –– "ਸਾਹਬ ਏਥੇ ਈ ਖਾਣਗੇ — ਕੀ ਬਣਾਇਆ ਏ ਅੱਜ ?"

"ਮੁਰਗੀ।"

"ਠੀਕ ਏ ! ਖਾਣਾ ਲਾ ਦੇ।...ਠਹਿਰ ! ਮਹੀਪਾਲ, ਡਰਿੰਕ ਲੈਣੀ ਪਸੰਦ ਕਰੇਂਗਾ ?"

"ਸ਼ਰਤੀਆ ਪਸੰਦ ਕਰਾਂਗਾ।"

ਅਬਦੁਲ ਨੂੰ ਫਿਰ ਕੁਝ ਹੋਰ ਹੁਕਮ ਦੇਣ ਦੀ ਲੋੜ ਨਾ ਪਈ। ਸ਼ੀਲਾ ਤੋਂ ਦਰਾਜ਼ ਦੀ ਚਾਬੀ ਮੰਗੀ। ਮੇਜ਼ ਦਾ ਦਰਾਜ਼ ਖੋਹਲਿਆ, ਦੂਸਰੀ ਚਾਬੀ ਕੱਢੀ ਅਤੇ ਅਲਮਾਰੀ ਖੋਹਲ ਕੇ ਮੇਜ਼ ਤੇ ਗਲਾਸ ਅਤੇ ਵਿਸਕੀ ਦੀ ਬੋਤਲ ਰੱਖ ਦਿਤੀ।

ਖਾਣੇ ਦੀ ਟੇਬਲ ਤੇ ਬੈਠਦਿਆਂ ਸ਼ੀਲਾ ਨੇ ਪੁੱਛਿਆ — "ਤੇਰੇ ਨਾਵਲ ਦਾ ਕੀ ਬਣਿਆ ?"

"ਅਗਾਂਹ ਨਹੀਂ ਤੁਰ ਰਿਹਾ।"

"ਕਦੋਂ ਤੋਂ ?"

"ਪੰਦਰਾ ਵੀਹ ਦਿਨ ਹੋ ਗਏ।"

"ਹੁਣ ਤਾਈਂ ਕਿੰਨਾ ਲਿਖ ਚੁਕਿਆ ਏਂ ?"

"ਚੁਰਿੰਜਾ ਸਫ਼ੇ।"

"ਲਿਖਣਾ ਕਿਉਂ ਬੰਦ ਕਰ ਦਿੱਤਾ ?"

"ਉਂ, ਉਂਜ ਈ। ਵਿਚੋਂ ਕੁਝ ਰੇਡੀਓ ਦਾ ਕੰਮ ਆ ਗਿਆ। ਤੇ ਫਿਰ ਰੋਜ਼ ਦੀ ਮਜ਼ਦੂਰੀ ਕਰਨ ਤੋਂ ਵਿਹਲ ਨਹੀਂ ਮਿਲਦੀ।"

"ਉਹਨੂੰ ਪੂਰਾ ਕਰ ਦੇ। ਤੂੰ ਇਕ ਚੰਗੀ ਚੀਜ਼ ਛੋਹੀ ਏ।"

ਮੁਰਗ਼ੀ ਤੇ ਛੁਰੀ ਚਲਾਉਂਦਿਆਂ ਮਹੀਪਾਲ ਨੇ ਲਾਪਰਵਾਹੀ ਨਾਲ ਮੂੰਹ ਬਣਾ ਕੇ ਕਿਹਾ -- "ਊਂਹ ਹੋ ਜਾਏਗਾ ਪੂਰਾ। ਕੌਣ ਪ੍ਰਵਾਹ ਕਰਦਾ ਏ ?"

"ਵਾਹ, ਜੇਕਰ ਸਭ ਆਰਟਿਸਟ ਇਹੋ ਸੋਚ ਲੈਣ ਤਾਂ ਕਲ੍ਹ ਨੂੰ ਆਰਟ ਨਾ ਦੀ ਕੋਈ ਚੀਜ਼ ਹੀ ਨਾ ਦਿਸੇਗੀ।"

"ਪੁਰਾਣੀ ਘਸੀ ਹੋਈ ਗੱਲ — ਏਨੀ ਘਸੀ ਹੋਈ ਕਿ ਸਿਨਮੇ ਵਾਲੇ ਵੀ ਉਹਦੇ ਡਾਇਲਾਗ ਬਣਾ ਲੈਂਦੇ ਨੇ। ਸ਼ੀਲਾ ਵੇਖ, ਲਿਖਣ ਲਈ ਕੋਈ ਕਿਸੇ ਲੇਖਕ ਨੂੰ ਮਜਬੂਰ ਨਹੀਂ ਕਰ ਸਕਦਾ। ਲੇਖਕ ਆਪ ਵੀ ਆਪਣੇ ਆਪ ਨੂੰ ਮਜਬੂਰ ਨਹੀਂ ਕਰ ਸਕਦਾ। ਇਹਦਾ ਕਾਰਣ ਇਹ ਹੈ ਕਿ ਲੇਖਕ — ਜਾਂ ਕੋਈ ਵੀ ਆਰਟਿਸਟ ਆਪਣੇ ਆਰਟ ਤੋਂ ਖ਼ੁਦ ਏਨਾ ਮਜਬੂਰ ਹੁੰਦਾ ਏ ਕਿ ਜ਼ਰਾ ਜਿੰਨੀ ਸ਼ਾਂਤੀ ਹੁੰਦਿਆਂ ਹੀ ਆਪਣਾ ਕੰਮ ਸ਼ੁਰੂ ਕਰ ਦਿੰਦਾ ਹੈ।"

"ਕਿਉਂ ਅੱਜ ਕਲ੍ਹ ਕਿਸੇ ਖ਼ਾਸ ਪਰੇਸ਼ਾਨੀ ਵਿਚ ਏਂ ?"

ਮਹੀਪਾਲ ਨੇ ਪ੍ਰਸ਼ਨ ਸੁਣ ਕੇ ਆਪਣੇ ਆਪ ਨੂੰ ਸੰਭਾਲਿਆ; ਉਹਨੇ ਕਿਹਾ — "ਖ਼ਾਸ ਪਰੇਸ਼ਾਨੀ ਕੀ — ਭਣੇਵੀਂ ਦੀ ਸ਼ਾਦੀ ਦੀ ਚਿੰਤਾ ਏ। ਰੋਜ਼ ਈ ਕਿਤੇ ਜਨਮ ਪੱਤਰੀ ਮੰਗੋ, ਕਿਤੇ ਖ਼ੁਸ਼ਾਮਦ ਕਰੋ, ਇਹੋ ਸਭ ਉਲਝਨਾਂ ਮਨ ਤੇ ਅਸਰ ਕਰ ਰਹੀਆਂ ਨੇ।"

"ਸ਼ਕੁਨ ਦਾ ਵਿਆਹ ਪੱਕਾ ਕਰ ਲਿਆ ਏ, ਕਿਤੇ ?"

"ਕਿਤਿਉਂ ਲਾੜਾ ਤਾ ਖਰੀਦ ਲਵਾਂ। ਸਾਡਾ ਇਥੋਂ ਦਾ ਅਜੀਬ ਢੰਗ ਏ ਕਿ ਵੱਡੇ ਮੁੱਲੋ ਖ਼ਰੀਦੀ ਚੀਜ਼ ਤੇ ਸਾਡਾ ਆਪਣਾ ਹੱਕ ਹੀ ਨਹੀਂ। ਲੜਕੀ ਲਈ ਵਰ ਦਾ ਮੁੱਲ ਦੇ ਕੇ ਵੀ ਸਾਨੂੰ ਹਰ ਤਰ੍ਹਾਂ ਬੇਵਕੂਫ਼ ਬਣਨਾ ਪੈਂਦਾ ਏ। ਅਪਮਾਨ ਸਹਿਣਾ ਪੈਂਦਾ ਏ।"

"ਮਹੀਪਾਲ ਤੂੰ ਇਹ ਸਾਰੇ ਜ਼ਾਤ ਆਦਿ ਦੇ ਬੰਧਨ ਤੋੜ ਕਿਉਂ ਨਹੀਂ ਦੇਦਾ ? ਹੁਣ ਜੇਕਰ ਤੇਰੇ ਵਰਗੇ ਲੋਕ ਵੀ ਇਹਨਾਂ ਮੁਆਮਲਿਆਂ ਵਿਚ ਲੀਡ ਨਹੀਂ ਲੈਣਗੇ ਤਾਂ ਸਮਾਜ ਆਖ਼ਰ ਕਿੰਜ ਬਦਲੇਗਾ ?"

"ਬਣੀ ਮੈਂ ਤਾਂ ਲੱਖ ਬਦਲਦਾ ਹਾਂ, ਪਰ ਉਹ ਜਿਹੜੀ ਤੇਰੀ ਏ......ਉਹ ਕਹਿੰਦੀ ਏ ਕਿ ਮੈਂ ਜ਼ਹਿਰ ਖਾ ਲਵਾਂਗੀ ਜੇਕਰ ਸ਼ਕੁੰਤਲਾ ਦਾ ਵਿਆਹ ਖਟਕੁਲ ਵਿਚ ਨਾ ਕੀਤਾ ਤਾਂ।"

ਹਾਲਤ ਦੀ ਮਜਬੂਰੀ ਨੂੰ ਹਮਦਰਦੀ ਨਾਲ ਸਮਝਦਿਆਂ ਹੋਇਆਂ ਵੀ ਸ਼ੀਲਾ ਨੂੰ ਗੱਲ ਕਹਿਣ ਦੇ ਢੰਗ ਤੇ ਡੂੰਘਾ ਹਾਸਾ ਆਇਆ। ਉਹਨੇ ਕਿਹਾ — "ਤੂੰ ਤਾਂ ਕਲਿਆਣੀ ਦੀ ਐਸੀ ਨਕਲ ਲਾਹੁੰਦਾ ਏਂ ਕਿ — ਚੰਗਾ ਮਿਲ ਲੈਣ ਦੇ ਇਸ ਵਾਰ, ਤੇਰੀ ਸ਼ਿਕਾਇਤ ਕਰਾਂਗੀ।"

ਮਹੀਪਾਲ ਨੇ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਚੁੱਪ ਚੁਪੀਤਾ ਖਾਂਦਾ ਰਿਹਾ।

"ਅਬਦੁਲ।"

"ਹਜ਼ੂਰ !"

"ਮੀਆਂ, ਗਲਾਸ ਭਰ ਦੇ ਇਕ ਵਾਰ।"

"ਬਹੁਤ ਅੱਛਾ, ਹਜ਼ੂਰ।"

ਸ਼ੀਲਾ ਬੋਲੀ — "ਮੈਂ ਤੇਰੀ ਪਰੇਸ਼ਾਨੀ ਨੂੰ ਖੂਬ ਸਮਝ ਰਹੀ ਆਂ। ਲੜਕੇ ਵਾਲੇ ਢੇਰ ਸਾਰਾ ਦਾਜ ਮੰਗਦੇ ਹੋਣਗੇ।"

"ਮੰਗਣ ਦੇ ਸਾਲਿਆਂ ਨੂੰ !" ਗਲਾਸ ਵਿਚ ਰੰਗ ਪੈਂਦਿਆਂ ਹੀ ਉਹਦੇ ਮਨ ਵਿਚ ਨਵੀਂ ਮਸਤੀ ਆ ਗਈ। ਉਹਨੇ ਕਿਹਾ — "ਮੈਂ ਇਹਦੀ ਚਿੰਤਾ ਕਰਨੀ ਹੀ ਛੱਡ ਦਿੱਤੀ ਏ। ਕਲਿਆਣੀ ਨੂੰ ਗ਼ਰਜ਼ ਹੋਏਗੀ ਤਾ ਆਪੇ ਕਰ ਲਏਗੀ।" ਫਿਰ ਅਬਦੁਲ ਨੂੰ ਕਿਹਾ — "ਹੋਰ ਪਾਈਂ ਯਾਰ !"

ਗਲਾਸ ਵਿਚ ਦੋ ਪੈੱਗ ਪਾ ਕੇ ਉਹ ਸੋਡੇ ਦੀ ਬੋਤਲ ਖੋਲ੍ਹਣ ਲੱਗਾ ਸੀ। ਅਬਦੁਲ ਨੇ ਝੱਟ ਹੀ ਸੋਡਾ ਰਖ ਕੇ ਬੋਤਲ ਖੋਲ੍ਹੀ। ਦੋ ਪੈੱਗ ਹੋਰ ਪਾਏ। ਸ਼ੀਲਾ ਨੇ ਪੁੱਛਿਆ — "ਤੈਨੂੰ ਪਤਾ ਏ ਕਿ ਤੂੰ ਓਵਰ ਨਹੀਂ ਹੋ ਰਿਹਾ।"

"ਨਹੀਂ, ਆਈ ਨੀਡ ਇਟ।" ਅਬਦੁਲ ਨੂੰ ਬੋਤਲ ਬੰਦ ਕਰਦਿਆਂ ਵੇਖ ਉਹਨੇ ਪੁੱਛਿਆ — "ਮਿਸ ਸਾਹਬ ਨੂੰ ਨਹੀਂ ਦਿੱਤੀ ?"

"ਮੈਂ ਹੁਣ ਨਹੀਂ ਲਵਾਂਗੀ।"

"ਸਾਥ ਦੇਣ ਲਈ ?"

"ਨਹੀਂ। ਸਵੇਰੇ ਪੇਸ਼ੈਂਟਸ ਅਟੈਂਡ ਕਰਨੇ ਨੇ।"

"ਇਕ ਪੈੱਗ — ਸਾਥ ਦੇਣ ਲਈ ?"

"ਅਬਦੁਲ ਤੂੰ ਜਾ, ਮੈਂ ਲੈ ਲਵਾਂਗੀ। ਸੋਡਾ ਖੋਲ੍ਹ ਦੇ ਤੇ ਜਾ।"

ਅਬਦੁਲ ਦੇ ਜਾਣ ਪਿਛੋਂ ਸ਼ੀਲਾ ਨੇ ਉਠ ਕੇ ਮਹੀਪਾਲ ਦੇ ਗਲਾਸ ਵਿਚੋਂ ਹੀ ਇਕ ਪੈੱਗ ਦੇ ਲਗ ਭਗ ਆਪਣੇ ਗਲਾਸ ਵਿਚ ਪਾ ਲਈ। ਫਿਰ ਸੋਡਾ ਮਿਲਾਇਆ।

ਗਲਾਸ ਟਣਕੇ। ਦੋਵਾਂ ਨੇ ਆਪਣੇ ਪਿਆਰ ਦੇ ਘੁੱਟ ਪੀਤੇ। ਗਲਾਸ ਰਖ ਕੇ ਖਾਣਾ ਸ਼ੁਰੂ ਕਰਦਿਆਂ ਸ਼ੀਲਾ ਨੇ ਕਿਹਾ — "ਮਹੀਪਾਲ, ਇਕ ਗੱਲ ਕਰਾਂ ?"

"ਕੀ ?"

"ਮੇਰਾ ਕਾਫ਼ੀ ਰੁਪਿਆ ਬਲੈਕ ਹੋ ਕੇ ਪਿਆ ਏ — ਉਹਨੂੰ ਵਾਈਟ ਕਰਨ ਵਿਚ ਮਦਦ ਦਏਂਗਾ ?"

"ਨਹੀਂ।"

"ਪਹਿਲਾਂ ਮੇਰੀ ਗੱਲ ਸੁਣ ਲੈ। ਤੂੰ ਸਿਰਫ਼ ਮੇਰੀ ਏਨੀ ਮਦਦ ਕਰਨੀ ਏਂ ਕਿ ਮੈਨੂੰ ਜਿਸ ਤਰ੍ਹਾਂ ਦੇ ਆਦਮੀ ਚਾਹੀਦੇ ਨੇ ਉਹ ਲੱਭ ਕੇ ਲਿਆ ਦਈਂ।"

"ਕਿਸ ਕੰਮ ਲਈ ?"

"ਮੈਂ ਪਬਲੀਕੇਸ਼ਨ ਕਰਨਾ ਚਾਹੁੰਦੀ ਹਾਂ। ਇਕ ਤਾਂ ਤੂੰ ਮੈਨੂੰ ਆਪਣੀਆ ਸਾਰੀਆਂ ਕਿਤਾਬਾਂ ਛਾਪਣ ਦਾ ਹੱਕ ਦੇ। ਉਹ ਜਿਥੋਂ ਜਿਥੋਂ ਛਪੀਆ ਨੇ ਮੈਂ ਸਭ ਦੇ ਸਟਾਕ ਖ਼ਰੀਦਨ ਲਈ ਤਿਆਰ ਹਾਂ। ਜਿਹੜੀਆਂ ਵਿਕ ਚੁਕੀਆਂ ਨੇ ਉਹਨਾਂ ਦੇ ਨਵੇਂ ਐਡੀਸ਼ਨ ਮੈਂ ਛਾਪਾਂਗੀ। ਕਿਤਾਬਾਂ ਦਾ ਧੰਦਾ ਚੰਗੀ ਤਰ੍ਹਾਂ ਸਮਝਣ ਵਾਲਾ ਇਕ ਚੰਗਾ ਮੈਨੇਜਰ ਤੂੰ ਮੈਨੂੰ ਦੇ — ਬਸ ਏਨੀ ਹੀ ਮਦਦ ਚਾਹੁੰਦੀ ਆਂ।"

ਮਹੀਪਾਲ ਚੁੱਪ ਚਾਪ ਸੁਣਦਾ ਰਿਹਾ। ਸ਼ੀਲਾ ਦੀ ਗੱਲ ਮੁੱਕ ਜਾਣ ਤੇ ਵੀ ਉਹਨੇ ਆਪਣੀ ਵਲੋਂ ਕੋਈ ਗੱਲ ਨਾ ਕੀਤੀ। ਸ਼ੀਲਾ ਨੇ ਫਿਰ ਪੁੱਛਿਆ — "ਬੋਲ, ਮਨਜ਼ੂਰ ਏ — ਤੇ ਇਹ ਗੱਲ ਮੈਂ ਪਹਿਲਾ ਹੀ ਸਾਫ਼ ਕਰ ਦਿਆਂ ਕਿ ਇਹ ਮੇਰਾ ਵਿਉਪਾਰ ਬਿਜ਼ਨੈੱਸ ਫ਼ਾਰਮੂਲਾ ਏ। ਐਸ ਮੰਦੇ ਦੇ ਸਮੇਂ, ਥੋੜ੍ਹੀਆਂ ਬਹੁਤੀਆਂ ਕਿਤਾਬਾਂ ਤਾਂ ਲੋਕ ਜ਼ਰੂਰ ਖ਼ਰੀਦਦੇ ਨੇ। ਤੇ ਮੈਂ ਤਾਂ ਏਹੋ ਜਿਹੇ ਨਵੇਂ ਢੰਗ ਨਾਲ ਇਹਦੀ ਪਬਲਿਸਿਟੀ ਕਰਕੇ ਸੇਲ ਪੁੱਛ ਕਰਾਂਗੀ ਕਿ ਤੂੰ ਵੇਖਦਾ ਹੀ ਰਹਿ ਜਾਏਂਗਾ।"

ਮਹੀਪਾਲ ਹੱਸਿਆ — ਜ਼ੋਰ ਨਾਲ ਸਨਕੀ ਹਾਸਾ ਹੱਸਿਆ। ਸ਼ੀਲਾ ਉਹਦੀ ਸ਼ਕਲ ਵੇਖਣ ਲੱਗੀ। ਮਹੀਪਾਲ ਨੇ ਕਿਹਾ — "ਤੈਥੋਂ ਨਾ ਮੰਗਣ ਤੇ ਇਹ ਹਾਲ ਏ ਕਿ ਲੋਕ ਖੁਲ੍ਹੇ ਆਮ ਮੈਨੂੰ ਬਦਨਾਮ ਕਰਦੇ ਨੇ ਤੇ ਜੋ ਕਿ ਤੇਰੇ ਪੈਸੇ ਨਾਲ ਮੇਰੀਆਂ ਕਿਤਾਬਾਂ ਛਪਣ

ਲੱਗੀਆਂ ਫਿਰ ਤੇ ਲੋਕ ਬਸ ਆਪੋ ਵਿਚਲੀ ਘੁਸਰ ਮੁਸਰ ਵਿਚ ਨਹੀਂ ਸਗੋਂ ਇਤਿਹਾਸਾਂ ਵਿਚ ਮੇਰਾ ਕਲੰਕ ਲਿਖਣ ਆਉਣਗੇ।"

"ਤੇਰੇ ਨਾਲ ਇਕ ਵੱਡੀ ਮੁਸ਼ਕਿਲ ਮੈਨੂੰ ਇਹ ਹੁੰਦੀ ਏ ਕਿ ਜਦ ਤੂੰ ਆਪਣੇ ਬਾਰੇ ਸੋਚਦਾ ਏਂ ਬਹੁਤ ਗ਼ਲਤ ਹੋ ਜਾਂਦਾ ਏਂ। ਤੇਰੇ ਆਪਣੇ ਕਹੇ ਅਨੁਸਾਰ ਹੀ ਜ਼ਿੰਦਗੀ ਹੁਣ ਅੱਧਾ ਸਫ਼ਰ ਮੁਕਾ ਚੁਕੀ ਏ। ਕਦ ਤਾਈਂ ਬੇਵਕੂਫ਼ੀਆਂ ਦਾ ਸ਼ਿਕਾਰ ਬਣਿਆ ਰਹੇਂਗਾ ? ਮੈਂ ਤੈਨੂੰ ਸੱਚ ਕਹਿੰਦੀ ਆਂ — ਬੜੇ ਦਿਨਾਂ ਤੋਂ ਮੈਂ ਇਸ ਗੱਲ ਤੇ ਵਿਚਾਰ ਕਰ ਰਹੀ ਸਾਂ। ਮੈਂ ਬਹੁਤ ਸੋਚ ਸਮਝ ਕੇ ਅੱਜ ਤੈਨੂੰ ਇਹ ਗੱਲ ਆਖੀ ਏ। ਇਸ ਕੰਮ ਵਿਚ ਸਾਡਾ ਦੋਵਾਂ ਦਾ ਫ਼ਾਇਦਾ ਏ। ਮੈਂ ਸੇਲ ਵਧਾਉਣ ਦੇ, ਪਬਲਿਸਟੀ ਦੇ ਬੜੇ ਬੜੇ ਵਧੀਆ ਤਰੀਕੇ ਸੋਚੇ ਨੇ......"

"ਸੋਚੇ ਹੋਣਗੇ। ਮੈਨੂੰ ਦੱਸਣ ਦੀ ਜ਼ਰੂਰਤ ਨਹੀਂ।"

"ਤੂੰ ਜ਼ਿਆਦਤੀ ਕਰ ਰਿਹਾ ਏਂ। ਜ਼ਰਾ ਕੁ ਲਈ ਭੁੱਲ ਕਿਉਂ ਨਹੀਂ ਜਾਂਦਾ ਕਿ ਤੂੰ ਉਹ ਨਹੀਂ ਜੋ ਕਿ — ਜੋ ਕਿ ਤੂੰ ਮੇਰਾ ਏਂ। ਅਸੀ ਦੋ ਸਿੱਧੇ ਸਾਦੇ ਦੋਸਤ ਹਾਂ। ਆਪੋ ਵਿਚ ਮਿਲ ਕੇ ਇਹੋ ਜਿਹਾ ਬਿਜ਼ਨੈੱਸ ਕਰਦੇ ਹਾਂ ਤਾਂ ਉਸ ਵਿਚ ਕੀ ਨੁਕਸਾਨ ਏ — ਦੁਨੀਆਂ ਦੀਆਂ ਗੱਲਾਂ ਛੱਡ। ਦੁਨੀਆਂ ਪਤਾ ਨਹੀਂ ਕੀ ਬੱਕਦੀ ਰਹਿੰਦੀ ਏ!"

"ਸ਼ੀਲਾ, ਮੈਂ ਦੁਨੀਆਂ ਤੋਂ ਨਹੀਂ ਡਰਦਾ, ਆਪਣੇ ਮਨ ਦੇ ਚੋਰ ਤੋਂ ਡਰਦਾ ਹਾਂ।"

"ਡਰਦਾ ਵਰਦਾ ਤੂੰ ਕੁਝ ਨਹੀਂ। ਹੁਣੇ ਸੱਚ ਕਹਿ ਦਿੱਤਾ ਤਾਂ ਮੂੰਹ ਵੱਟ ਲਏਂਗਾ। ਪਰ ਤੂੰ ਹੈਗਾ ਮੂਰਖ ਈ ਏਂ। ਮੈਂ ਹਾਸੇ ਨਾਲ ਨਹੀਂ ਕਹਿ ਰਹੀ। ਤੇਰੇ ਵਿਚ ਸੱਚੀਂ ਐਸੀ ਜਹਾਲਤ ਏ ਜੋ ਖ਼ੁਦ ਤੈਨੂੰ ਹੀ ਚੈਨ ਨਹੀਂ ਲੈਣ ਦੇਂਦੀ। ਦੂਜਿਆਂ ਦੀ ਤਾਂ ਚਰਚਾ ਈ ਫ਼ਜ਼ੂਲ ਏ।"

ਮਹੀਪਾਲ ਕੁਝ ਕਹਿਣ ਲੱਗਾ ਈ ਸੀ ਕਿ ਸ਼ੀਲਾ ਸਮਝਾਉਣ ਵਾਲੇ ਲਹਿਜੇ ਵਿਚ ਕਹਿਣ ਲੱਗੀ — "ਵੇਖ, ਮੈਂ ਬੜੀਆਂ ਚੰਗੀਆਂ ਚੰਗੀਆਂ ਸਕੀਮਾਂ ਸੋਚੀਆਂ ਨੇ। ਸਭ ਸਕੂਲਾਂ ਤੇ ਕਾਲਜਾਂ, ਯੂਨੀਵਰਸਿਟੀਆਂ ਵਿਚ ਏਸ ਤਰ੍ਹਾਂ ਦੀ ਪਬਲਿਸਟੀ ਕਰਾਵਾਂਗੀ ਕਿ ਉਹ ਤੇਰੀਆਂ ਕਿਤਾਬਾਂ ਪੜ੍ਹ ਕੇ ਉਹਨਾਂ ਦਾ ਚੰਗਾ ਕਰਿਟਿਇਜਮ ਕਰਨਗੇ, ਉਹਨਾਂ ਦੇ ਕੰਪੀਟੀਸ਼ਨ ਵਿਚ ਜੋ ਫ਼ਸਟ ਆਏਗਾ ਉਹਨੂੰ ਇਨਾਮ ਦਿੱਤਾ ਜਾਏਗਾ। ਇਸ ਤਰ੍ਹਾਂ ਲੋਕ ਤੇਰੀਆਂ ਕਿਤਾਬਾਂ ਨੂੰ ਵਧ ਤੋਂ ਵਧ ਗਿਣਤੀ ਵਿਚ ਲੈਣ ਤੇ ਪੜ੍ਹਨ ਲਈ ਉਤਸੁਕ ਹੋਣਗੇ।"

ਮਹੀਪਾਲ ਇਹ ਸੁਣ ਕੇ ਅੰਦਰੋ ਅੰਦਰ ਬੜਾ ਸੁਖੀ ਹੋਇਆ। ਜਿਵੇਂ ਥਲ ਦੇ ਤਿਹਾਏ ਨੂੰ ਪਾਣੀ ਮਿਲਿਆ ਹੋਏ। ਮਹੀਪਾਲ ਦੀ ਇਹ ਬੜੀ ਵੱਡੀ ਇੱਛਾ ਰਹੀ ਏ ਕਿ ਲੋਕ ਚੌਹੀਂ ਪਾਸੀਂ ਓਹਦੀਆਂ ਕਿਤਾਬਾਂ ਨੂੰ ਪੜ੍ਹਨ ਤੇ ਤਾਰੀਫ਼ ਕਰਨ, ਪਰ ਇਸ ਸਵਾਰਥ ਸਿੱਧੀ ਲਈ ਮਹੀਪਾਲ ਆਪਣੀ ਮਰਯਦਾ ਨਹੀਂ ਤੋੜੇਗਾ। ਸ਼ੀਲਾ ਦਾ ਉਤਸਾਹ

ਮੱਧਮ ਪਾਉਣ ਲਈ ਬੋਲਿਆ — "ਵੇਖ ਇਹ ਪ੍ਰਕਾਸ਼ਨ ਦਾ ਕੰਮ ਪੂਰਾ ਵਕਤ ਤੇ ਮਿਹਨਤ ਮੰਗਦਾ ਏ। ਤੈਨੂੰ ਏਨੀ ਫ਼ੁਰਸਤ ਕਿਥੇ......"

'ਤੂੰ ਇਹ ਇੰਜ ਸਮਝਿਆ ਕਿ ਮੈਂ ਇਸ ਕੰਮ ਵਿਚ ਮੈਂ ਆਪਣਾ ਸਮਾਂ ਨਹੀਂ ਦੇ ਸਕਾਂਗੀ। ਬਸ ਮੈਨੂੰ ਇਕ ਵਧੀਆ ਬਿਜ਼ਨੈੱਸ ਮੈਨੇਜਰ ਢੂ ਦੇ — ਵੇਖ, ਮਹੀਪਾਲ ਮੇਰਾ ਬੇਕਾਰ ਐਸਾ ਮੁਨਾਫ਼ਾ ਦੇਣ ਲਗ ਪਏਗਾ, ਤੈਨੂੰ ਵੀ ਰਾਇਲਟੀ ਦੀ ਬੱਝੀ ਰਕਮ ਮਿਲੇਗੀ। ਮੈਂ ਸੱਚ ਕਹਿੰਦੀ ਆਂ ਕਿ ਇਸ ਡਿੱਗੇ ਸਮੇਂ ਵਿਚ ਵੀ ਮੈਂ ਤੇਰੀਆਂ ਕਿਤਾਬਾਂ ਦੀ ਸੇਲ ਨਾ ਵਧਾ ਦਿੱਤੀ ਤਾਂ ਆਖੀਂ !"

"ਬਹੁਤ ਹੋ ਗਈ। ਹੁਣ ਕੋਈ ਹੋਰ ਗੱਲ ਕਰ !"

"ਮੈਂ ਬੜੀ ਖ਼ਾਸ ਗੱਲ ਕਰ ਰਹੀ ਆਂ।"

"ਮੇਰੇ ਜੀਊਂਦਿਆਂ ਤੇਰਾ ਇਹ ਬਿਜ਼ਨੈੱਸ ਨਹੀਂ ਚਲ ਸਕਦਾ। ਮਰਨ ਤੇ ਕਰੀਂ।"

"ਮਹੀਪਾਲ" — ਸ਼ੀਲਾ ਨੇ ਬਣ ਕੇ ਨਜ਼ਾਕਤ ਨਾਲ ਕਿਹਾ — "ਤੂੰ ਕਦੇ ਮੇਰੀ ਗੱਲ ਨਹੀਂ ਮੰਨਦਾ।"

ਮਹੀਪਾਲ ਨੇ ਗਲਾਸ ਚੁਕਦਿਆਂ ਖ਼ਾਲੀ ਹਾਸਾ ਹੱਸਦਿਆਂ ਕਿਹਾ — "ਖ਼ੈਰ ਅੱਜ ਮੈਂ ਤੇਰੀ ਅਜਿਹੀ ਹਰ ਗੱਲ ਮੰਨ ਲਵਾਂਗਾ ਜੋ ਅੱਜ ਹੀ ਪੂਰੀ ਹੋ ਜਾਣ ਵਾਲੀ ਹੋਏਗੀ !"

"ਕੀ ਮਤਲਬ ?"

"ਅੱਜ ਮੈਂ ਤੈਥੋਂ ਵਿਦਾ ਲੈਣ ਆਇਆ ਹਾਂ।"

"ਸ਼ੀਲਾ ਸੁੰਨ ਰਹਿ ਗਈ। ਕੁਝ ਸਮਝ ਨਾ ਸਕੀ। ਪਰ ਡਰ ਜ਼ਰੂਰ ਗਈ। ਪੁੱਛਿਆ — 'ਕੀ ਮਤਲਬ ਆ ਤੇਰਾ ?"

... ...

ਦੋਵੇਂ ਸ਼ੀਲਾ ਦੇ ਪਲੰਘ ਤੇ ਬੈਠੇ ਹੋਏ ਸਨ — ਇਕੱਠਿਆਂ ਰਜ਼ਾਈ ਲੈ ਕੇ। ਸ਼ੀਲਾ ਦੁਖੀ ਸੀ। ਉਹਦੇ ਕਰਕੇ ਲੇਖਕ ਮਹੀਪਾਲ ਦੀ ਏਨੀ ਜ਼ਿਆਦਾ ਬਦਨਾਮੀ ਹੋ ਗਈ ਇਹ ਗੱਲ ਵਾਰ ਵਾਰ ਉਹਦਾ ਮਨ ਦੁਖਾ ਰਹੀ ਸੀ। ਬੜਾ ਚਿਰ ਚੁੱਪ ਬੈਠੇ ਰਹਿਣ ਪਿਛੋਂ, ਅਚਾਨਕ ਮਹੀਪਾਲ ਦੇ ਗਲ ਵਿਚ ਬਾਹਾਂ ਪਾ ਕੇ ਉਹਨੂੰ ਆਪਣੀ ਛਾਤੀ ਨਾਲ ਕੱਸਦਿਆਂ ਹੋਇਆਂ ਅੱਥਰੂਆਂ ਭਰੀਆਂ ਅੱਖਾਂ ਨਾਲ ਵੇਖ ਕੇ ਸ਼ੀਲਾ ਨੇ ਕਿਹਾ — "ਦੁਨੀਆਂ ਨੂੰ ਕਹਿਣ ਦੇ !"

"ਦੁਨੀਆਂ ਦੀ ਮੈਨੂੰ ਪਰਵਾਹ ਨਹੀਂ। ਗੱਲ, ਕਲਿਆਣੀ ਤੇ ਬੱਚਿਆਂ ਤਕ ਪਹੁੰਚ ਗਈ ਏ।... ..ਮੈਨੂੰ ਇਸ ਗੱਲ ਦਾ ਬੜਾ ਦੁਖ ਏ ਕਿ ਉਹ ਲੋਕ ਹੁਣ ਤਕ ਤੈਨੂੰ ਜਿਸ

ਨਜ਼ਰ ਨਾਲ ਵੇਖਦੇ ਸਨ ਉਂਜ ਹੁਣ ਨਹੀਂ ਵੇਖ ਸਕਣਗੇ। ਮੇਰੇ ਲਈ ਉਹਨਾਂ ਨੂੰ ਛੱਡਣ ਜਾਂ ਤੈਨੂੰ ਛੱਡਣ ਦਾ ਸਵਾਲ ਆ ਗਿਆ ਏ।"

ਸ਼ੀਲਾ ਕੁਝ ਨਾ ਬੋਲੀ — ਉਂਜ ਹੀ ਜਕੜੀ ਰਹੀ।

"ਇਹ ਜਾਣਦਾ ਹਾਂ ਕਿ ਘਰ ਤੇ ਬਾਹਰ ਦੋਵੇਂ ਥਾਈਂ ਕੁਝ ਦਿਨਾਂ ਪਿਛੋਂ ਇਹ ਰੌਲਾ ਰੱਪਾ ਦੱਬਿਆ ਜਾਏਗਾ। ਹਰ ਰੌਲਾ ਰੱਪਾ ਆਪਣੀ ਤੇਜ਼ੀ ਵਿਖਾ ਕੇ ਦੱਬਿਆ ਜਾਂਦਾ ਏ। ਉਹਦੇ ਪਿਛੋਂ ਅਸੀਂ ਫਿਰ ਏਸੇ ਤਰ੍ਹਾਂ ਮਿਲਾਂਗੇ ਤੇ ਦੁਨੀਆਂ ਸਾਨੂੰ ਫਿਰ ਬੇਸ਼ਰਮ ਕਹਿ ਕੇ ਸਾਡੇ ਵਲ ਉਂਗਲ ਕਰਨੀ ਛੱਡ ਦਏਗੀ।"

ਸ਼ੀਲਾ ਸਿੱਧੀ ਹੋ ਕੇ ਬੈਠ ਗਈ। ਬੋਲੀ — "ਵੇਖ ਮਹੀਪਾਲ, ਅਸੀਂ ਆਪੋ ਵਿਚ ਇਕ ਦੂਜੇ ਨੂੰ ਜਾਣਦੇ ਹਾਂ ਫਿਰ ਉਸ ਈਮਾਨਦਾਰੀ ਨੂੰ ਅਸੀਂ ਦੁਨੀਆਂ ਤੋਂ ਕਿੰਜ ਲੁਕਾਈਏ? ਸਾਡੇ ਈਮਾਨ ਨੂੰ ਜੇਕਰ ਦੁਨੀਆਂ ਗ਼ਲਤ ਸਮਝਦੀ ਏ ਤਾਂ ਸਮਝੇ, ਪਰ ਅਸੀਂ ਕਿਉਂ ਗ਼ਲਤ ਸਮਝੀਏ? ਤੇ ਇਸ ਤੋਂ ਬਿਨਾਂ ਇਕ ਗੱਲ ਮੈਂ ਤੈਨੂੰ ਇਹ ਪੁੱਛਦੀ ਹਾਂ ਕਿ ਏਨੇ ਦਿਨਾਂ ਵਿਚ ਮੈਂ ਤਾਂ ਕਦੀ ਕਲਿਆਣੀ ਦਾ ਹੱਕ ਨਹੀਂ ਖੋਹਿਆ; ਫਿਰ ਕਲਿਆਣੀ ਲਈ ਤੂੰ ਮੇਰਾ ਅਧਿਕਾਰ ਕਿਉਂ ਖੋਹ ਰਿਹਾ ਏਂ?"

"ਤੂੰ ਕਲਿਆਣੀ ਤੋਂ ਮੈਨੂੰ ਖੋਹਿਆ ਏ ਸ਼ੀਲਾ! ਜਿਹੜੇ ਆਦਮੀ ਤੇ ਵੀਹ ਵਰ੍ਹੇ ਉਹਦਾ ਇਕੱਲੀ ਦਾ ਅਧਿਕਾਰ ਰਿਹਾ ਉਹਦੇ 'ਚੋਂ ਅੱਜ ਤੂੰ ਹਿੱਸਾ ਵੰਡਾ ਰਹੀ ਏਂ।"

"ਕਲਿਆਣੀ ਜਿੰਨਾ ਤੈਨੂੰ ਜਿੱਤ ਸਕੀ ਓਨਾ ਤੂੰ ਅੱਜ ਵੀ ਉਹਦਾ ਏਂ, ਪਰ ਜੋ ਮੇਰੀ ਜਿੱਤ ਦਾ ਹਿੱਸਾ ਏ, ਉਹਨੂੰ ਲੈਣ ਵਾਲੀ ਉਹ ਕੌਣ ਹੁੰਦੀ ਏ? ਮੈਂ ਕਦੀ ਵੀ ਤੇਰਾ ਸਾਥ ਨਹੀਂ ਛੱਡਾਂਗੀ। ਪ੍ਰਾਮਿਸ ਕਰੋ ਕਿ ਤੂੰ ਅਗਾਂਹ ਤੋਂ ਏਹੋ ਜਿਹੀ ਗੱਲ ਕਦੇ ਮੇਰੇ ਸਾਹਮਣੇ ਨਹੀਂ ਕਰੇਂਗਾ। ਇਹ ਲਵ-ਟ੍ਰਾਇਐਂਗਲ ਵਾਹ ਕੇ ਉਹਦੀ ਸਮੱਸਿਆ ਵਿਚ ਉਲਝਣ ਦੀ ਹੁਣ ਸਾਡੀ ਉਮਰ ਨਹੀਂ ਰਹੀ। ਅਸੀਂ ਜਿਵੇਂ ਹੁਣ ਤਕ ਰਹੇ ਹਾਂ, ਉਵੇਂ ਹੀ ਰਹਾਂਗੇ। ਬੋਲ, ਵਾਇਦਾ ਕਰ ਪਿਛਾਂਹ ਤਾਂ ਨਹੀਂ ਹਟੇਂਗਾ?"

ਮਹੀਪਾਲ ਵਿਚਲਾ ਮਨੁੱਖ ਪਿਛਾਂਹ ਪੈਰ ਰਖਣ ਲਈ ਤਿਆਰ ਨਹੀਂ ਸੀ। ਬੋਲਿਆ — "ਮੈਂ ਵਾਇਦਾ ਕਰਦਾ ਹਾਂ। ਸਾਡਾ ਜੋ ਨਾਤਾ ਏ ਇਹ ਸਦਾ ਜੁੜਿਆ ਰਹੇਗਾ।" ਸ਼ਰਾਬ ਦੇ ਨਸ਼ੇ ਨੇ ਪ੍ਰਤਿਗਿਆ ਨੇ ਅਪਾਰ ਜੋਸ਼ ਭਰ ਦਿਤਾ, ਪਰ ਇਸ ਹਾਲਤ ਵਿਚ ਵੀ ਉਹ ਪੂਰੀ ਤਰ੍ਹਾਂ ਨਾਲ ਆਪਣੀ ਹੋਸ਼ ਟਿਕਾਣੇ ਰਖੇਗਾ। ਕਿਸੇ ਹੱਦ ਤਾਈਂ ਆਪਣੇ ਨਸ਼ੇ ਨਾਲ ਬੇਕਾਬੂ ਹੋਣ ਤੇ ਵੀ ਮਹੀਪਾਲ ਨੂੰ ਆਪਣੇ ਸਵੈ ਅਭਿਮਾਨ ਦਾ ਧਿਆਨ ਰਿਹਾ। ਵਚਨ ਦੇ ਕੇ ਖ਼ੁਦ ਉਸ ਨੇ ਵੀ ਸ਼ੀਲਾ ਤੋਂ ਵਚਨ ਮੰਗਿਆ — 'ਤੇ ਤੈਨੂੰ ਵੀ ਵਾਇਦਾ ਕਰਨਾ ਪਵੇਗਾ ਕਿ ਅਗਾਂਹ ਤੋਂ ਮੇਰੇ ਸਾਹਮਣੇ ਬਿਜ਼ਨੈੱਸ ਦੀਆਂ ਗੱਲਾਂ ਨਹੀਂ ਕਰੇਂਗੀ। ਤੂੰ ਆਪਣੇ ਆਪ ਨੂੰ ਲੱਖਪਤੀ ਸਮਝਦੀ ਏਂ। ਮੈਂ ਅੱਜ ਤਕ ਤੇਰੇ ਲੱਖਾਂ ਦੀ ਪ੍ਰਵਾਹ ਨਹੀਂ ਕੀਤੀ।"

"ਗੱਲ ਏਥੇ ਈ ਰਹਿਣ ਦੇ। ਹੁਣ ਅਜਿਹੀ ਗੱਲ ਕਦੇ ਨਹੀਂ ਕਰਾਂਗੀ।" ਆਪਣਾ ਗੁਨਾਹ ਮੁਆਫ਼ ਕਰਵਾਉਣ ਲਈ ਮਹੀਪਾਲ ਦੀ ਛਾਤੀ ਨਾਲ ਆਪਣਾ ਸਿਰ ਲਾ ਕੇ ਉਹਨੇ ਐਨ ਉਹਦੇ ਦਿਲ ਅਗੇ ਅਪੀਲ ਕੀਤੀ। ਚਤਰ ਤੀਵੀਂ ਮਰਦ ਨੂੰ ਖ਼ੂਬ ਰਿਝਾਉਣਾ ਜਾਣਦੀ ਹੈ।

ਮਹੀਪਾਲ ਜਦ ਸ਼ੀਲਾ ਦੇ ਘਰੋਂ ਬਾਹਰ ਨਿਕਲਿਆ ਤਾਂ ਰਾਤ ਦਾ ਡੇਢ ਵੱਜ ਰਿਹਾ ਸੀ। ਉਹਨੇ ਸ਼ੀਲਾ ਦੀ ਮੋਟਰ ਨਾ ਲਈ। ਕਿਹਾ — "ਸ਼ਹਿਰ ਵਿਚ ਕੋਈ ਚੀਜ਼ ਕਿਸੇ ਵੇਲੇ ਵੀ ਲੁਪਤ ਨਹੀਂ ਹੁੰਦੀ। ਇਸ ਚੌਕ ਜਾਂ ਡਾਲੀ ਗੰਜ 'ਚੋਂ ਤਾਂ ਜ਼ਰੂਰ ਹੀ ਰਿਕਸ਼ਾ ਜਾਂ ਤਾਂਗਾ ਮਿਲ ਜਾਏਗਾ।"

ਸ਼ੀਲਾ ਨੇ ਜ਼ਬਰਦਸਤੀ ਆਪਣਾ ਸ਼ਾਲ ਦੇ ਦਿਤਾ, ਸਰਦੀ ਤੇਜ਼ ਹੋਣ ਕਾਰਨ ਮਹੀਪਾਲ ਨੇ ਵੀ ਨਾਂਹ ਨਾ ਕੀਤੀ। ਸੜਕ ਤੇ ਆ ਕੇ ਸੋਚਣ ਲਗਾ, "ਹੁਣ ਕਿਥੇ ਜਾਵਾਂ!"

... ...

ਸੰਸਕ੍ਰਿਤੀ ਦੇ ਵੱਖ ਵੱਖ ਪੱਖਾਂ ਤੇ ਵਿਚਾਰ ਕਰਦਿਆਂ ਮਹੀਪਾਲ ਨੇ ਸਿਆਲ ਦੀ ਰਾਤ ਗੋਮਤੀ ਘਾਟ ਦੇ ਇਕ ਖੁਲ੍ਹੇ ਸ਼ਿਵਾਲੇ ਵਿਚ ਆਪਣੀ ਗਿਆਨ ਚੇਤਨਾ ਨੂੰ ਗਰਮਾਉਂਦਿਆਂ ਕੱਟੀ। ਇਸ ਦੇ ਬਾਵਜੂਦ ਵੀ ਉਹ ਇਸ ਖ਼ਿਆਲ 'ਚੋਂ ਨਾ ਉਭਰ ਸਕਿਆ ਕਿ ਉਹ ਕਮਜ਼ੋਰੀਆਂ ਦਾ ਗ਼ੁਲਾਮ ਏ। ਇਸ ਹਾਲਤ ਵਿਚ ਉਹਦੀ ਬਬੇਕ ਬੁੱਧੀ ਕਦੇ ਵਿਕਸਤ ਨਹੀਂ ਹੋ ਸਕਦੀ। ਉਹਦਾ ਕੋਈ ਨਿਰਣਾ ਦਲੀਲ ਵਾਲਾ ਅਤੇ ਉਚਿਤ ਅਧਾਰ ਵਾਲਾ ਨਹੀਂ ਹੋ ਸਕਦਾ। ਉਹ ਕਮਜ਼ੋਰ ਹੈ ਅਨ ਆਈ, ਉਹਦਾ ਘਰ ਛੱਡਣ ਦਾ ਇਰਾਦਾ ਵੀ ਠੀਕ ਨਹੀਂ ਹੈ, ਪਾਪ ਹੈ।

ਕਮਜ਼ੋਰ ਮਨ ਵਾਲੇ ਮਹੀਪਾਲ ਦਾ ਸਾਹ ਜਿਹਾ ਘੁੱਟਣ ਲਗਾ। ਅਸਮਾਨ ਵਿਚ ਚਮਕਦੇ ਹੋਏ ਤਾਰੇ ਕੁਝ ਕੁਝ ਛਪ ਚੁਕੇ ਸਨ। ਮਹੀਪਾਲ ਸੋਚਣ ਲਗਾ ਕਿ ਰਾਤ ਤਾਂ ਹੁਣ ਬੀਤ ਹੀ ਚਲੀ ਏ, ਪਰ ਦਿਨ ਕਿਥੇ ਤੇ ਕਿੰਜ ਨਿਕਲੇਗਾ। ਭਟਕਦਾ ਹੋਇਆ ਆਖ਼ਰ ਉਹ ਕਿਥੇ ਤਕ ਜਾਏਗਾ? ਕੀ ਭਟਕਣਾ ਹੀ ਉਹਦੇ ਜੀਵਨ ਦਾ ਮਿਸ਼ਨ ਹੋ ਜਾਏਗਾ? ਇਹ ਵਿਚਾਰ ਆਪਣੇ ਆਪ ਵਿਚ ਬੁਜ਼ਦਿਲੀ ਵਾਲੇ ਨਹੀਂ। ਇਹ ਗਿਆਨ ਦਾ ਚਿੰਤਨ ਜੋ ਉਹ ਕਰਦਾ ਹੈ ਨਿਰਾ ਸਮਾਂ ਬਿਤਾਉਣ ਲਈ ਹੀ ਸ਼ੌਕ ਵਜੋਂ ਕਰਦਾ ਹੈ। ਕੀ ਉਹਦਾ ਕੋਈ ਸਮਾਜਕ ਮੁੱਲ ਹੈ? ਪਿਤਾ ਹੋ ਕੇ ਬੱਚਿਆਂ ਪ੍ਰਤੀ ਕੀ ਉਹਦਾ ਕੋਈ ਨੈਤਿਕ ਕਰਤੱਵ ਨਹੀਂ? ਕੇਵਲ ਮੂੰਹ ਲੁਕਾਉਂਦਿਆਂ ਰਹਿਣਾ ਆਖ਼ਰ ਸੰਭਵ ਹੀ ਕਿੰਜ ਹੋ ਸਕਦਾ ਹੈ? ਉਹਨੂੰ ਮੁਸੀਬਤ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।"

"ਘਰ ਜਾਵਾਂਗਾ। ਕਲਿਆਣੀ ਨੂੰ ਇਕ ਵਾਰ ਸਾਰੀ ਹਾਲਤ ਸਮਝਾਵਾਂਗਾ, ਫਿਰ ਜਿਵੇਂ ਇਰਾਦਾ ਹੋਏਗਾ, ਦੇਖਿਆ ਜਾਏਗਾ।"

ਮਹੀਪਾਲ ਆਪਣੇ ਘਰ ਪਹੁੰਚ ਕੇ ਦਰਵਾਜ਼ੇ ਤੋਂ ਹੀ ਪਰਤ ਆਇਆ; ਕੁੰਡੀ ਖੜਕਾਉਣ ਦਾ ਉਹਦਾ ਹੌਸਲਾ ਨਾ ਪਿਆ।

ਕਰਨਲ ਦੇ ਘਰ ਤਕਰੀਬਨ ਨਿੱਤ ਵਾਲੇ ਸਮੇਂ ਪਹੁੰਚ ਗਿਆ।

ਸੱਜਨ ਅਤੇ ਕਰਨਲ ਸੁਪਨੇ ਵਿਚ ਵੀ ਨਾ ਇਹ ਸੋਚ ਸਕੇ ਕਿ ਉਹਨਾ ਮਿੱਤਰ ਪਿਛਲੇ ਸਵੇਰ ਤੋਂ ਹੀ ਘਰੋਂ ਭੱਜਿਆ ਹੋਇਆ ਹੈ।

20

"ਲਉ ਜੀ, ਉਹ ਠੀਕ ਈ ਕਹਿ ਰਹੀ ਹੋਏਗੀ। ਅੱਜ ਕਲ੍ਹ ਦੇ ਬਾਬੇ ਵਰਾਗੀਆ ਦਾ ਕੋਈ ਟਿਕਾਣਾ ਏ ?"

ਚੌਕ 'ਚੋਂ ਜ਼ਰਾ ਕੁ ਹਟ ਕੇ ਚਾਹ ਵਾਲੇ ਦੀ ਦੁਕਾਨ ਲਾਗੇ ਬੜੀ ਭੀੜ ਲਗੀ ਹੋਈ ਸੀ। ਭੀੜ ਨਾਲ ਅੱਧੀ ਸੜਕ ਘਿਰੀ ਹੋਈ ਸੀ; ਕੁਝ ਲੋਕ ਭੀੜ ਵਿਚ ਘੁਸਾ ਕੇ ਤਮਾਸ਼ਾ ਵੇਖਣ ਲਈ ਅਗਾਂਹ ਹੋ ਰਹੇ ਸਨ, ਕੁਝ ਤਮਾਸ਼ਾ ਵੇਖ ਕੇ ਪਰਤਦੇ ਤਰ੍ਹਾਂ ਤਰ੍ਹਾ ਦੀ ਰਾਏ ਦਸ ਰਹੇ ਸਨ। ਇਕ ਔਰਤ ਗਲਾ ਪਾੜ ਪਾੜ ਕੇ ਲੜ ਰਹੀ ਸੀ, ਉਹਦੀ ਆਵਾਜ਼ ਉਤੇ ਕਈਆਂ ਆਵਾਜ਼ਾ ਦਾ ਹੱਲਾ ਗੁੱਲਾ ਵਿਚ ਵਿਚ ਪੱਸਰ ਜਾਂਦਾ ਸੀ — ਖ਼ੂਬ ਘੜਮੱਸ ਮਚੀ ਹੋਈ ਸੀ।

ਸੱਜਨ ਨੇ ਰੋਜ਼ ਵਾਲੀ ਥਾ ਤੇ ਆਪਣੀ ਕਾਰ ਖੜੀ ਕੀਤੀ। ਆਉਂਦਿਆ ਹੀ ਭੀੜ ਵਲ ਉਹਦਾ ਧਿਆਨ ਗਿਆ। ਕਾਰ ਦੀ ਚਾਬੀ ਲਾ ਕੇ ਨਿਕਲਣ ਪਿਛੋਂ ਉਹ ਕਾਰ ਦੇ ਕੋਲ ਹੀ ਖੜਾ ਹੋ ਕੇ ਭੀੜ ਵੇਖਣ ਲੱਗਾ।

ਕੋਲੋਂ ਗੁਜ਼ਰਦੇ ਦੋ ਆਦਮੀਆ ਦੀ ਗੱਲ ਬਾਤ ਤੋਂ ਉਹਦੇ ਮਨ ਵਿਚ ਵੀ ਤਮਾਸ਼ਾ ਵੇਖਣ ਦਾ ਖ਼ਿਆਲ ਆਇਆ।

ਭੀੜ ਵਿਚ ਅਗਾਹ ਜਾ ਕੇ ਉਹਨੇ ਵੇਖਿਆ, ਇਕ ਕੁਰਸੀ ਤੇ ਵਕੀਲ ਸਾਹਿਬ ਦੀ ਪਾਗਲ ਨੂੰਹ ਬੈਠੀ ਹੋਈ ਜ਼ੋਰ ਜ਼ੋਰ ਦੀ ਰੋ ਧੋ ਰਹੀ ਸੀ। ਕੋਲ ਹੀ ਇਕ ਬਿਰਧ ਲੰਗੋਟੀ ਵਾਲਾ ਸਾਧੂ ਖੜਾ ਮੁਸਕਰਾ ਰਿਹਾ ਸੀ। ਆਪਣੀ ਜਾਣੀ ਪਛਾਣੀ ਪਾਗਲ ਨੂੰ ਇਸ ਤਮਾਸ਼ੇ ਦੀ ਪ੍ਰਮੁਖ ਨਾਇਕਾ ਦੇ ਰੂਪ ਵਿਚ ਦੇਖ ਕੇ ਸੱਜਨ ਤੋਂ ਤਮਾਸ਼ਾ ਵੇਖਣ ਵਾਲਾ ਬਣ ਕੇ ਨਾ ਰਿਹਾ ਗਿਆ। ਅਗਾਂਹ ਵਧ ਕੇ ਉਹਦੇ ਸਿਰ ਤੇ ਹੱਥ ਰਖ ਕੇ ਪੁੱਛਿਆ —

"ਕੀ ਹੋਇਆ ?"

ਗੱਲ ਪੂਰੀ ਤਰ੍ਹਾਂ ਪੁੱਛ ਵੀ ਨਹੀਂ ਸੀ ਸਕਿਆ ਕਿ ਉਹਨੂੰ ਵੇਖ ਕੇ ਪਾਗਲ ਮੁਟਿਆਰ ਇੰਜ ਉਠ ਖੜੋਤੀ ਜਿਵੇਂ ਡੁੱਬਦੇ ਨੂੰ ਸਹਾਰਾ ਮਿਲ ਗਿਆ ਹੋਏ। ਉਹਨੇ ਖ਼ੁਸ਼ੀ ਭਰੀ ਗਦ ਗਦ ਆਵਾਜ਼ ਵਿਚ ਕਿਹਾ — "ਉਹ ਯੂ ਹੈਵ ਕਮ ਜੈਂਟਲਮੈਨ ! ਮੈਨੂੰ ਇਹਦੇ ਕੋਲੋਂ ਬਚਾਓ। ਇਹ ਸਾਧੂ ਵਾਧੂ ਕਝ ਨਹੀਂ, ਕਸਾਈ ਆ, ਕਸਾਈ। ਇਹ ਮੈਨੂੰ ਰੰਡੀ ਬਨਾਉਣਾ ਚਾਹੁੰਦਾ ਏ। ਮੈਂ ਰੰਡੀ ਆਂ ? ਤੁਸੀਂ ਦਸੋ ਕਿ ਮੈਂ ਕਿੰਨੇ ਉੱਚੇ ਘਰਾਣੇ ਦੀ — ਹੁਣ ਜੇ ਮੇਰੇ ਰਾਜੇਸ਼ ਨੂੰ ਪਤਾ ਲਗਾ ਤਾਂ ਉਹ ਇਸ ਬਾਬਾ ਜੀ ਨੂੰ ਆ ਕੇ ਗੋਲੀ ਮਾਰ ਦਏਗਾ। ਤੁਸੀਂ ਮੈਨੂੰ ਮੇਰੇ ਰਾਜੇਸ਼ ਦੇ ਕੋਲ ਲੈ ਚਲੋ। ਮੇਰਾ ਰਾਜੇਸ਼ ਕੈਪਟਨ ! ਉਹ ਜਦ ਆ ਕੇ ਵੇਖਣਗੇ ਕਿ ਇਹਨਾਂ ਸਭ ਲੋਕਾਂ ਨੇ ਭੀੜ ਲਾਈ ਹੋਈ ਏ ਤਾਂ ਇਹਨਾਂ ਸਭ ਲੋਕਾਂ ਨੂੰ ਗੋਲੀ ਨਾਲ 'ਟਕ-ਟਕ' — ਇਕ ਇਕ ਨੂੰ ਸ਼ੂਟ ਕਰ ਦੇਣਗੇ। ਤੇ ਇਹ ਬਾਬਾ, ਹਰਾਮ ਦਾ ਕੁੱਤਾ......"

ਪਾਗਲ ਇਕ ਵਾਰ ਫਿਰ ਬਾਬੇ ਵਲ ਮੁੱਕੀਆਂ ਵੱਟ ਕੇ ਆਈ। ਸੱਜਨ ਨੇ ਉਹਦੇ ਦੋਵੇਂ ਹੱਥ ਫੜ ਕੇ ਜ਼ੋਰ ਨਾਲ ਹਲੂਣੇ ਤੇ ਪੁੱਛਿਆ — "ਤੁਸੀਂ ਆਪਣੇ ਘਰ ਚਲੋਗੇ ?"

"ਉਸ ਬੁੱਢੇ ਵਲ ? ਨਹੀਂ ਕਦੀ ਨਹੀਂ ਜਾਵਾਂਗੀ। ਤੁਸੀਂ ਮੈਨੂੰ ਮੇਰੇ ਰਾਜੇਸ਼ ਕੋਲ ਘੱਲ ਦਿਓ। ਬਸ ਐਸ ਵੇਲੇ ਤੁਸੀਂ ਮੈਨੂੰ ਉਥੇ ਲੈ ਚਲੋ। ਬਸ, ਹੁਣ ਮੈਂ ਏਥੇ ਨਹੀਂ ਰੁਕਾਂਗੀ। ਚਲੋ — ਚਲੋ !" ਉਹ ਸੱਜਨ ਨੂੰ ਜ਼ੋਰ ਦੇ ਕੇ ਧੱਕਣ ਲਗੀ।

ਸੱਜਨ ਨੇ ਇਕ ਵਾਰ ਕੋਲ ਖਲੋਤੇ ਲੰਗੋਟੀ ਵਾਲੇ ਬਿਰਧ ਸਾਧੂ ਨੂੰ ਵੇਖਿਆ। ਬੁਢਾਪਾ ਕੇਵਲ ਉਹਦੇ ਦੰਦਾਂ ਤੋਂ ਬਿਨਾਂ ਝੁਰੜੀਆਂ ਵਾਲੇ ਚਿਹਰੇ ਤੇ ਹੀ ਦਿਸਦਾ ਸੀ; ਬਾਕੀ ਸਾਰਾ ਸਰੀਰ ਫੌਲਾਦ ਵਾਂਗ ਕਰੜਾ ਸੀ। ਸ਼ਾਮ ਰੰਗ ਹੁੰਦਿਆਂ ਵੀ ਚਿਹਰੇ ਤੇ ਚਮਕ ਸੀ। ਬਾਬੇ ਵਲ ਸੱਜਨ ਨੂੰ ਵੇਖਦਿਆਂ ਪਾਗਲ ਨੇ ਕਿਹਾ — "ਬਾਬੇ ਵਲ ਕੀ ਵੇਖਦੇ ਓ ? ਇਹ ਮੈਨੂੰ ਕਦੇ ਨਹੀਂ ਰੋਕ ਸਕਦਾ।" ਪਾਗਲ ਉਹਨੂੰ ਫਿਰ ਆਪਣੇ ਜਕੜੇ ਹੱਥਾਂ ਨਾਲ ਝੰਜੋੜਨ ਲਗੀ।

ਸਾਧੂ ਨੇ ਸੱਜਨ ਨੂੰ ਕਿਹਾ "ਇਸ ਵੇਲੇ ਭੀੜ ਕਰਕੇ ਤਕੜੀ ਹੋ ਗਈ ਏ ਰਾਮ ਜੀ ! ਤੁਸੀਂ ਜ਼ਰਾ ਮੇਰੇ ਨਾਲ ਆਉਣ ਦਾ ਕਸ਼ਟ ਕਰੋ ? ਇਹਦੇ ਹੱਥ ਛੱਡ ਦਿਓ।"

ਸੱਜਨ ਨੇ ਝਟ ਪਾਗਲ ਦੇ ਹੱਥ ਛੱਡ ਦਿਤੇ ਅਤੇ ਸਾਧੂ ਨਾਲ ਭੀੜ 'ਚੋਂ ਬਾਹਰ ਆਉਣ ਲਈ ਅਗਾਂਹ ਹੋਇਆ। ਪਾਗਲ ਨੇ ਝਟ ਉਹਦੀ ਬਾਂਹ ਫੜ ਕੇ ਨਾਲ ਚਿਮੜਦਿਆਂ ਕਿਹਾ — "ਨਾ ! ਬਾਬੇ ਨਾਲ ਨਾ ਜਾਇਓ। ਇਹ ਤੁਹਾਨੂੰ ਵੀ ਪਾਗਲ ਬਣਾ ਦਏਗਾ, ਜੜੀ ਬੂਟੀ ਪਿਆਏਗਾ, ਕਸਰਤ ਕਰਾਏਗਾ, ਮਾਰੇਗਾ।" ਬਾਬੇ ਨੇ ਅਗਾਂਹ ਹੋ ਕੇ ਚਾਹ ਵਾਲੇ ਦੇ ਨੌਕਰ ਨੂੰ ਕਿਹਾ — "ਪੁੱਤਰ, ਜ਼ਰਾ ਧਿਆਨ ਰਖੀਂ।"

ਸੱਜਨ ਨੇ ਪਾਗਲ ਨੂੰ ਸਮਝਾਇਆ ਕਿ ਉਹ ਬਾਬਾ ਜੀ ਨੂੰ ਕੋਤਵਾਲੀ ਵਿਚ ਬੰਦ

ਕਰਾਉਣ ਜਾ ਰਿਹਾ ਹੈ। ਪਾਗਲ ਇਸ ਗੱਲੋਂ ਬੇਹੱਦ ਖ਼ੁਸ਼ ਹੋਈ। ਅਤੇ ਫਿਰ ਪਗਲੀ ਦੀ ਇੱਛਾ ਅਨੁਸਾਰ ਸੱਜਨ ਨੇ ਉਹਨੂੰ ਭਰੋਸਾ ਦਿਤਾ ਕਿ ਬਾਬੇ ਨੂੰ ਗ੍ਰਿਫ਼ਤਾਰ ਕਰਾਉਣ ਪਿਛੋਂ ਉਹ ਉਹਨੂੰ ਝਟ ਹਵਾਈ ਜਹਾਜ਼ ਉਤੇ ਬਿਠਾ ਕੇ ਰਾਜੇਸ਼ ਕੋਲ ਲੈ ਜਾਏਗਾ।

ਭੀੜ 'ਚੋਂ ਬਾਹਰ ਨਿਕਲ ਕੇ ਸਾਧੂ ਅਤੇ ਸੱਜਨ ਇਕ ਥਾਂ ਗੱਲ ਕਰਨ ਲਈ ਖੜੇ ਹੋਏ; ਪੰਜਾਂ ਸੱਤਾਂ ਦੀ ਭੀੜ ਝਟ ਉਹਨਾ ਦੇ ਆਸ ਪਾਸ ਵੀ ਜੁੜ ਗਈ। ਬਿਰਧ ਸਾਧੂ ਨੇ ਕਿਹਾ — ਰਾਮ ਜੀ ਮੈਂ ਇਸ ਲੜਕੀ ਦਾ ਉਪਚਾਰਕ (ਸੇਵਾ ਜਾ ਦਵਾ ਦਾਰੂ ਕਰਨ ਵਾਲਾ – ਅਨੁ) ਹਾਂ। ਤੁਸੀਂ ਇਹਦੇ ਕੋਈ ਰਿਸ਼ਤੇਦਾਰ ਹੋ ?"

ਸੱਜਨ ਬੋਲਿਆ — "ਜੀ ਨਹੀਂ। ਇਕ ਦਿਨ ਏਦਾਂ ਈ ਗਲੀ 'ਚੋਂ ਭੱਜ ਨਿਕਲੀ ਸੀ। ਮੈਂ ਇਹਨੂੰ ਫੜ ਕੇ ਘਰ ਲੈ ਗਿਆ ਸਾ; ਉਦੋਂ ਈ ਇਸ ਵਿਚਾਰੀ ਦੀ ਹਿਸਟਰੀ ਦਾ ਪਤਾ ਲਗਾ। ਇਹਦਾ ਸਹੁਰਾ......"

"ਇਹਦੇ ਸਹੁਰੇ ਨੂੰ ਵੀ ਰਾਮ ਜੀ ਆਖਿਆ ਸੀ ਹੁਣੇ। ਅਸਾਂ ਕਿਹਾ ਕਿ ਏਸ ਤਰ੍ਹਾਂ ਨਾਲ ਇਹ ਆਸ਼ਰਮ 'ਚੋਂ ਨਿਕਲ ਆਈ ਏ ਤੇ ਤੁਸੀਂ ਆਉਣ ਦਾ ਕਸ਼ਟ ਕਰੋ : ਉਹ ਵਿਚਾਰੇ ਆਪਣੀ ਇੱਜ਼ਤ ਆਬਰੂ ਦੇ ਡਰੋਂ ਬਾਜ਼ਾਰ ਵਿਚ ਆਉਣ ਤੇ ਰਾਜ਼ੀ ਨਾ ਹੋਏ। ਸਾਨੂੰ ਆਖ ਘੱਲਿਆ ਕਿ ਬਾਬਾ ਜਾਣੇ। ਖ਼ੈਰ, ਹੁਣ ਪ੍ਰਸ਼ਨ ਇਹ ਪੈ ਗਿਆ ਏ ਰਾਮ ਜੀ, ਇਹ ਭੀੜ ਵਿਚ ਫਸ ਗਈ ਏ — ਚਹੁੰ ਨੇ ਪੁੱਠੀਆ ਕਹਿ ਦਿਤੀਆਂ, ਚਹੁੰ ਨੇ ਸਿੱਧੀਆਂ; ਤਾ ਇਸ ਵੇਲੇ ਇਹਨੇ ਸਾਡੇ ਵੱਸ ਨਹੀਂ ਆਉਣਾ। ਤੇ ਭੀੜ 'ਚ ਪਾਗਲ ਨੂੰ, ਬਿਸ਼ੇਸ ਕਰਕੇ ਇਸਤਰੀ ਰੋਗੀ ਤੇ ਬਲ ਦਾ ਪ੍ਰਯੋਗ ਕਰਨਾ ਸਾਡੀ ਨੀਤੀ ਦੇ ਵਿਰੁੱਧ ਏ। ਤੁਸੀਂ ਇਕ ਸੇਵਾ ਕਰ ਦਿਓਗੇ ਰਾਮ ਜੀ ? ਇਹਨੂੰ ਪਰਚਾ ਕੇ ਸਾਡੇ ਆਸ਼ਰਮ ਤਕ ਛੱਡ ਆਓ ਤਾ ਬੜਾ ਉਪਕਾਰ ਹੋਏਗਾ।"

ਸੱਜਨ ਨੇ ਕਿਹਾ – "ਮੇਰੇ ਕੋਲ ਗੱਡੀ ਏ.. ..."

ਪੋਪਲੇ ਮੂੰਹ ਨਾਲ ਮਘਨ ਹੋ ਕੇ ਹੱਸਦਿਆ ਸਾਧੂ ਨੇ ਕਿਹਾ — "ਬਸ-ਬਸ, ਤਾ ਤੇ ਤੁਸਾ ਸਾਰਾ ਕੰਮ ਈ ਬਣਾ ਦਿਤਾ। ਤੁਸੀਂ ਇਹਨੂੰ ਆਪਣੀ ਗੱਡੀ ਤੇ ਲੈ ਕੇ ਚਲੋ। ਮੈਂ ਦੌੜ ਕੇ ਆਉਂਦਾ ਹਾ। ਇਹ ਬਗੀਚਾ ਪਾਰ ਕਰਕੇ ਸਿੱਧੀ ਸੜਕ ਘਾਟ ਤੇ ਸਾਡਾ ਆਸ਼ਰਮ ਹੈ।"

"ਮੈਂ ਸਮਝ ਗਿਆ, ਹੁਣ ਕੋਈ ਅੜਚਨ ਤਾਂ ਨਹੀਂ ਹੋਏਗੀ। ਤੁਹਾਨੂੰ ਦੌੜ ਕੇ ਪਹੁੰਚਣ ਦੀ ਆਵਸ਼ਕਤਾ ਨਹੀਂ। ਮੈਂ ਇਹਨੂੰ ਜ਼ਰਾ ਇਕ ਰਾਊਂਡ ਘੁਮਾ ਕੇ ਦਸਾਂ ਮਿੰਟਾਂ ਵਿਚ ਪਹੁੰਚਦਾ ਹਾਂ – ਮੇਰੇ ਘੁਮਾਉਣ ਨਾਲ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ?"

ਸਾਧੂ ਆਪਣੇ ਪੋਪਲੇ ਮੂੰਹ ਨਾਲ ਖਿੜਖਿੜਾ ਕਰਕੇ ਹੱਸ ਪਿਆ ਉਹਦਾ ਹਾਸਾ ਬੱਚੇ ਦੀ ਕਿਲਕਾਰੀ ਭਰੇ ਨਿਰਮਲ ਹਾਸੇ ਵਰਗੀ ਸੀ। ਛੋਟੀਆਂ ਛੋਟੀਆਂ ਅੱਖਾ ਦੀਆਂ ਕਾਲੀਆਂ ਪੁਤਲੀਆਂ ਵਿਚ ਅਪਾਰ ਸਨੇਹ ਚਮਕ ਰਿਹਾ ਸੀ। ਸੱਜਨ ਨੂੰ ਇਸ ਹਾਸੇ ਨੇ ਪ੍ਰਭਾਵਤ

ਕੀਤਾ। ਸਾਧੂ ਬੋਲਿਆ—"ਰਾਮ ਜੀ ਦੇ ਕੰਮ ਵਿਚ ਅਸੀਂ ਇਤਰਾਜ਼ ਕਰਨ ਵਾਲੇ ਕੌਣ ? ਉਹ ਸਦਾ ਠੀਕ ਕਰਦੇ ਨੇ। ਅੱਛਾ ਰਾਮ ਜੀ, ਹੁਣ ਅਸ਼ਰਮ ਵਿਚ ਭੇਟ ਹੋਏਗੀ।"

ਕਾਰ ਤੇ ਬੈਠ ਕੇ ਪਾਗਲ ਨੂੰ ਬੇਹੱਦ ਖ਼ੁਸ਼ੀ ਹੋਈ। ਪਹਿਲਾਂ ਇਕ ਵਾਰ ਉਹਨੂੰ ਸੰਕੋਚ ਜਿਹਾ ਹੋਇਆ ਸੀ। ਕਾਰ ਤੇ ਬੈਠਦੇ ਵਕਤ ਝਿਜਕ ਕੇ ਉਹਨੇ ਕਿਹਾ ਸੀ—"ਮੈਂ ਇੰਜ ਜਵਾਂਗੀ ਕਾਰ ਤੇ ? ਮੇਰੇ ਪੈਰੀਂ ਸੈਂਡਲ ਨਹੀਂ, ਮੇਰੀ ਇਹ ਧੋਤੀ ! ਛੀ ਛੀ ਮੈਂ ਏਹੋ ਜਹੀ ਘਸੀ ਪਿੱਟੀ ਧੋਤੀ ਪਾ ਕੇ ਕਾਰ ਤੇ ਜਾਵਾਂਗੀ ? ਮੈਂ ਨਹੀਂ ਜਾਵਾਂਗੀ।" ਸੱਜਨ ਨੇ ਉਹਨੂੰ ਭਰੋਸਾ ਦਿਵਾਇਆ ਕਿ ਉਹ ਖ਼ੁਸ਼ੀ ਖ਼ੁਸ਼ੀ ਗੱਡੀ ਤੇ ਬੈਠ ਕੇ ਆ ਗਈ। ਸੱਜਨ ਨੇ ਆਪਣੇ ਦੇਵਾਂ ਵਾਇਦੇ ਪੂਰੇ ਕੀਤੇ।

ਸੈਂਡਲ ਅਤੇ ਸਾੜ੍ਹੀ ਲੈ ਕੇ ਰਾਜੇਸ਼ ਦੀ ਪਾਗਲ ਪਤਨੀ ਬੜੀ ਖ਼ੁਸ਼ ਹੈ। ਉਹਦੀਆਂ ਗਲਾਂ ਦੀ ਲੜੀ ਕਦੇ ਟੁੱਟਣ ਵਿਚ ਹੀ ਨਹੀਂ ਆਉਂਦੀ। ਗਲਾਂ ਵਿਚ ਬਸ ਏਹੋ ਗਲ ਹੈ ਕਿ ਉਹ ਆਪਣੇ ਰਾਜੇਸ਼ ਨੂੰ ਪਿਆਰ ਕਰਨ ਲਈ ਕਿੰਜ ਤੜਪ ਰਹੀ ਹੈ। ਆਪਣੀਆਂ ਪਿਆਰ ਸ਼ਿੰਗਾਰ ਦੀਆਂ ਗੁਪਤ ਲੀਹਾਂ ਦੀ ਮਿੱਠੀ ਕਲਪਨਾ ਕਰਕੇ, ਅਤੇ ਉਤਸ਼ਾਹ ਨਾਲ ਖੋਲ੍ਹ ਕੇ ਦੱਸਣ ਕਾਰਨ ਪਾਗਲ ਨੂੰ ਅਪਾਰ ਖ਼ੁਸ਼ੀ ਹੋ ਰਹੀ ਸੀ। ਸੱਜਨ ਲਈ ਇਹ ਸਮਾਂ ਬੜਾ ਮੁਸ਼ਕਲ ਗੁਜ਼ਰ ਰਿਹਾ ਸੀ। ਤੀਵੀਂ ਮਰਦ ਦਾ ਅਤੀ ਗੁਪਤ ਮਿੱਠਾ ਭੇਦ ਇਕ ਅਤਰਿਪਤ ਵਾਸ਼ਨਾ ਨਾਲ ਭਰੀ ਪਾਗਲ ਤੀਵੀਂ ਦੀ ਮਹਾਨ ਕਾਮਨਾ ਬਣਕੇ ਉਹਦੇ ਮਨ ਵਿਚ ਰਸ ਦੀ ਥਾਂ ਪੀੜ ਜਗਾ ਰਹੀ ਸੀ। ਉਹ ਗੰਭੀਰ ਹੋ ਰਿਹਾ ਸੀ—ਗੰਭੀਰ ਬਣਨ ਵਿਚ ਸੱਜਨ ਨੂੰ ਕਠਨ ਮੇਹਨਤ ਵਾਲਾ ਮਾਨਸਿਕ ਖਿਚਾਅ ਮਹਿਸੂਸ ਹੋ ਰਿਹਾ ਸੀ। ਉਹਨੂੰ ਇਕ ਧਿਆਨ, ਇਕ ਭੈਅ ਸਤਾ ਰਿਹਾ ਸੀ ਹੈ ਕਿ ਅਤ੍ਰਿਪਤੀ ਮਨ ਨੂੰ ਕਿਸੇ ਹੱਦ ਤਕ ਬੇਸੁੱਧ ਬਣਾ ਦੇਂਦੀ ਹੈ। ਆਦਮੀ ਜਿਨ੍ਹਾ ਗਲਾਂ ਨੂੰ ਆਪਣਾ ਪਿਆਰੇ ਤੋਂ ਪਿਆਰਾ ਭੇਦ ਸਮਝਦਾ ਹੈ, ਉਹਨੂੰ ਵੀ ਬੇਝਿਜਕ ਹੋ ਕੇ ਏਨੇ ਖੁਲ੍ਹੇ ਰੂਪ ਨਾਲ ਪ੍ਰਗਟ ਕਰ ਦਿੰਦਾ ਹੈ ! ਉਹਨੂੰ ਬੜੀ ਠੇਸ ਲਗ ਰਹੀ ਸੀ–ਕੋਈ ਵੀ ਮਨੁੱਖ ਪਾਗਲ ਹੋ ਸਕਦਾ ਹੈ; ਕਦੇ ਵੀ ਹੋ ਸਕਦਾ ਹੈ। ਇਹ ਸੱਜਨ ਨਾਂ ਦਾ ਮਾਣ ਇੱਜ਼ਤ ਵਾਲਾ ਧਨੀ ਨਾਗਰਕ, ਪ੍ਰਸਿੱਧ ਕਲਾਕਾਰ ਅਤੇ ਸੁੰਦਰ ਸਜੀਲਾ ਨੌਜਵਾਨ ਆਪਣੀਆਂ ਅਤ੍ਰਿਪਤੀਆਂ ਕਾਰਨ ਜੇਕਰ ਕਦੇ ਪਾਗਲ ਹੋ ਜਾਏ ਤਾ ?......ਐ ਭਗਵਾਨ ! ਸੱਜਨ ਕੰਬ ਗਿਆ। ਗੱਡੀ ਮੈਡੀਕਲ ਕਾਲਜ ਪਾਰ ਕਰਕੇ, ਪੱਕਾ ਪੁਲ, ਵੱਡਾ ਇਮਾਮ ਵਾੜਾ ਅਤੇ ਮੱਛੀ ਭਵਨ ਤੋਂ ਹੁੰਦੀ ਹੋਈ ਘਾਟ ਦੇ ਕੋਲ ਪਹੁੰਚ ਗਈ।

ਘਾਟ ਦੀ ਗਲੀ ਦੇ ਸਿਰੇ ਤੇ ਲੈਂਪ ਪੋਸਟ ਕੋਲ, ਲੈਂਪ ਪੋਸਟ ਵਾਗ ਹੀ ਤਣ ਕੇ ਲੰਗੋਟੀਧਾਰੀ-ਬਿਰਧ ਸਾਧੂ ਖੜਾ ਸੀ। ਉਹਦੇ ਸਾਹਮਣੇ ਗੱਡੀ ਰੁਕਦਿਆਂ ਹੀ ਪਗਲੀ ਵਿਲਕ ਕੇ ਰੋਣ ਲਗ ਪਈ—"ਮੈਂ ਨਹੀਂ ਜਾਵਾਂਗੀ ? ਮੈਂ ਬਾਬੇ ਕੋਲ ਨਹੀਂ ਜਾਵਾਂਗੀ।"

ਸਾਧੂ ਨੇ ਗੱਡੀ ਦਾ ਦਰਵਾਜ਼ਾ ਖੋਲ੍ਹ ਹੱਥ ਫੜ ਕੇ ਖਿੱਚਦਿਆਂ ਪਾਗਲ ਨੂੰ ਇਕ ਥਪੜ ਜੜਿਆ। ਉਹਦੇ ਸੈਂਡਲ ਅਤੇ ਸਾੜੀ ਦੇ ਡੱਬੇ ਖਿਲਰ ਗਏ। ਉਹ ਤੀਵੀਂ ਉਸ ਵੇਲੇ ਮਾਰ ਨੂੰ ਭੁਲ ਕੇ ਵੀ ਆਪਣੀਆਂ ਚੀਜ਼ਾਂ ਲਈ ਆਤੁਰ ਹੋ ਗਈ। ਚਪੇੜ ਖਾ ਕੇ ਉਹ ਇਕ ਦਮ ਚੁੱਪ ਹੋ ਗਈ। ਜਿਵੇਂ ਉਹਨੂੰ ਸਮਝ ਆ ਗਈ ਹੋਵੇ। ਉਹ ਸਾਧੂ ਦੇ ਹੱਥਾਂ ਚੋਂ ਨਿਕਲਣ ਦਾ ਜਤਨ ਕਰਨ ਲੱਗੀ। ਸਾਧੂ ਉਹਦੀ ਆਤੁਰਤਾ ਵੇਖ ਕੇ ਮਿੱਠੀ ਅਵਾਜ਼ ਵਿਚ ਬੋਲਿਆ—"ਇਹ ਕੀ ਲਿਆਈ ਏਂ ਬੇਟੀ ?"

ਉਹਦੀ ਕਰੜੀ ਮੁੱਠ 'ਚੋਂ ਛੁੱਟਣ ਦਾ ਮਾੜਾ ਜਿਹਾ ਜਤਨ ਕਰਦੀ ਹੋਈ ਉਹ ਬੋਲੀ—ਮੇਰੇ ਸੈਂਡਲ, ਸਾੜ੍ਹੀ, ਮੇਰੀ ਰਾਜੇਸ਼ ਨੇ ਮੈਨੂੰ ਲੈ ਕੇ ਦਿੱਤੇ ਨੇ।"

ਸਾਧੂ ਨੇ ਫਿਰ ਪੁੱਛਿਆ—'ਇਹਨਾਂ ਨੇ ਲੈ ਕੇ ਦਿੱਤੇ ਨੇ ?"

"ਨਹੀਂ, ਨਹੀਂ ! ਮੈਂ ਭਲਾ ਕਿਸੇ ਪਰਾਏ ਮਰਦ ਤੋਂ ਚੀਜ਼ ਲੈ ਸਕਦੀ ਆਂ ? ਤੁਸੀਂ ਮੈਨੂੰ ਛੱਡ ਦਿਉ। ਮੇਰੇ ਰਾਜੇਸ਼ ਨੇ ਮੈਨੂੰ ਕਿਹਾ ਹੈ ਕਿ ਉਹ ਸਾੜ੍ਹੀ ਅਤੇ ਸੈਂਡਲ ਪੁਵਾ ਕੇ—"

"ਅੱਛਾ ਲੈ ਛੱਡ ਦਿਤਾ।" ਕਹਿ ਕੇ ਬਿਰਧ ਸਾਧੂ ਨੇ ਉਹਨੂੰ ਛੱਡ ਦਿਤਾ। ਉਹ ਸੜਕ ਤੇ ਖੁਲ੍ਹਾ ਪਿਆ ਆਪਣਾ ਸਾੜ੍ਹੀ ਵਾਲਾ ਡੱਬਾ ਚੁੱਕਣ ਲੱਗੀ। ਸਾਧੂ ਨੇ ਵੀ ਓਨੀ ਹੀ ਫੁਰਤੀ ਨਾਲ ਲਪਕ ਕੇ ਉਹ ਡੱਬਾ ਅਤੇ ਕਾਰ ਦੀ ਸੀਟ ਤੇ ਪਿਆ ਸੈਂਡਲ ਦਾ ਡੱਬਾ ਚੁੱਕ ਲਿਆ।

ਪਗਲੀ ਮਚਲਣ ਲੱਗੀ। ਸਾਧੂ ਨੇ ਉਹਨੂੰ ਕਿਹਾ—' ਇਹ ਸਭ ਚੀਜ਼ਾ ਤੇਰੇ ਰਾਜੇਸ਼ ਨੇ ਦਿੱਤੀਆਂ ਨੇ ਨ ?"

"ਹਾਂ।"

"ਇਹਨਾਂ ਨੇ ਤਾਂ ਨਹੀਂ ਦਿਤੀਆਂ ?"

"ਨਹੀਂ।"

"ਅੱਛਾ ਤਾਂ ਹੁਣ ਇਹਨਾਂ ਦੋਵਾਂ 'ਚੀਜ਼ਾਂ' ਨੂੰ ਅਸੀਂ ਗੋਮਤੀ ਵਿਚ ਸੁੱਟ ਦੇਂਦੇ ਹਾਂ।"

ਸੁਣ ਕੇ ਵਿਚਾਰੀ ਪਾਗਲ ਦੀ ਜਿਵੇਂ ਜਾਨ ਨਿਕਲ ਗਈ। ਸਾਧੂ ਦਾ ਹੱਥ ਨੀਵਾਂ ਕਰਕੇ ਉਹ ਉਹਦੇ ਕੋਲੋਂ ਆਪਣੀਆਂ ਚੀਜ਼ਾ ਲੈਣ ਲਈ ਮਚਲਣ ਲੱਗੀ। ਸਾਧੂ ਮੁਸਕਰਾਉਂਦਾ ਰਿਹਾ।

ਇਸ ਆਪਾ ਧਾਪੀ ਵਿਚ ਵੀ ਸੱਜਨ ਨੂੰ ਕਿਹਾ—"ਰਾਮ ਜੀ ਬੜਾ ਉਪਕਾਰ ਕੀਤਾ। ਆਓ, ਆਸ਼ਰਮ 'ਚ ਆਓ ਕੁਝ ਦੇਰ।"

ਪਾਗਲ ਔਰਤ ਆਪਣੀਆਂ ਚੀਜ਼ਾਂ ਲਈ ਹੁੱਲੜ ਮਚਾ ਰਹੀ ਸੀ, ਉਹਦੇ ਵਲ ਵੇਖਦਿਆਂ ਸੱਜਨ ਨੇ ਹੱਥ ਜੋੜ ਕੇ ਕਿਹਾ — "ਫਿਰ ਕਦੇ ਆਵਾਂਗਾ। ਤੁਹਾਡੇ ਕੋਲ ਬਹੁਤ ਸਾਰੇ ਪਾਗਲ ਨੇ ?"

"ਹਾਂ ਰਾਮ ਜੀ। ਸਾਨੂੰ ਤੁਸਾਂ ਪਾਗਲ ਦੁਨੀਆਂ ਦਾ ਸੇਵਕ ਬਣਾ ਦਿਤਾ ਹੈ ਤਾਂ ਏਹੋ ਡਿਊਟੀ ਦੇਂਦੇ ਹਾਂ। ਅੱਛਾ ਹੁਣ ਜਾਂਦਾ ਹਾਂ। ਇਹ ਚੀਜ਼ਾਂ ਜੋ ਇਹਨੂੰ ਰਾਜੇਸ਼ ਨੇ ਦਿਤੀਆਂ ਨੇ ਸਭ ਗੋਮਤੀ ਜੀ ਵਿਚ ਵਹਾ ਦੇਂਦਾ ਹਾਂ। ਜੈ ਰਾਮ ਜੀ ਕੀ।" ਆਖ ਕੇ ਸਾਧੂ ਡੱਬਿਆਂ ਨਾਲ ਘਰ ਦੀ ਸੜਕ ਤੇ ਪਾਗਲ ਨੂੰ ਚਿੜਾਉਂਦਾ ਦੌੜਨ ਲੱਗਾ–"ਮੈਂ ਇਹਨਾਂ ਨੂੰ ਹੁਣੇ ਸੁੱਟਦਾ ਹਾਂ।"

ਪਾਗਲ ਆਪਣੀਆਂ ਚੀਜ਼ਾਂ ਨੂੰ ਬਚਾਉਣ ਲਈ ਆਤੁਰ ਹੋ ਕੇ ਬਾਬੇ ਦੇ ਪਿਛੇ ਦੌੜਨ ਲਗੀ।

ਸੱਜਨ ਖਲੋਤਾ ਇਹ ਦ੍ਰਿਸ਼ ਵੇਖਦਾ ਰਿਹਾ। ਪਗਲੀ ਅਤੇ ਸਾਧੂ ਘਾਟ ਤੇ ਜਾ ਕੇ ਅਖਾਂ ਤੋਂ ਪਰ੍ਹੇ ਹੋ ਗਏ।

ਆਪਣੀ ਕੋਠੜੀ 'ਚ ਆ ਕੇ ਸੱਜਨ ਇਸ ਤਰ੍ਹਾਂ ਨਿਢਾਲ ਹੋ ਕੇ ਪੈ ਗਿਆ ਜਿਵੇਂ ਉਹਦੇ 'ਚ ਸਾਹ ਸੱਤ ਹੀ ਨ ਹੋਏ। ਉਹਦਾ ਚਿਹਰਾ ਇਕ ਦਮ ਫਿੱਕਾ ਪੈ ਗਿਆ। ਇਹਨੀ ਦਿਨੀਂ ਵਨਕੰਨਿਆ ਅਤੇ ਆਪਣੀ ਕਾਮ ਵਾਸ਼ਨਾ ਕਰਕੇ ਸੱਜਨ ਡੂੰਘੇ ਮਾਨਸਿਕ ਘੋਲ ਵਿਚੋਂ ਲੰਘ ਰਿਹਾ ਹੈ। ਕੱਲ੍ਹ ਸ਼ਾਮ ਜਾਣ ਵੇਲੇ ਉਹਦੀ ਵਧਦੀ ਜਾਂਦੀ ਚਾਹ ਨਾਲ ਫਿਰ ਠਠਾ ਕਰ ਗਈ ਸੀ। ਰਾਤ ਨੂੰ ਉਹਦਾ ਮਨ ਉਲਝਿਆ ਰਿਹਾ। ਇਕ ਵਾਰ ਵਿਸਕੀ, ਸੋਡਾ ਮੰਗਵਾਇਆ ਵੀ, ਪਰ ਗਲਾਸ ਬੁਲ੍ਹਾਂ ਤਕ ਲਿਆ ਕੇ ਰੋਕ ਲਿਆ। ਮਨ ਪ੍ਰਤਿਗਿਆ ਤੋੜਨ ਲਈ ਵਾਰ ਵਾਰ ਹਠ ਕਰਨ ਲਗਾ। ਸੱਜਨ ਨੇ ਖਿਝ ਕੇ ਉਹਨਾਂ ਚੀਜ਼ਾਂ ਨੂੰ ਅੱਖੋਂ ਪਰਾਂ ਹਟਾਉਣ ਲਈ ਨੌਕਰ ਨੂੰ ਹੁਕਮ ਦਿਤਾ। ਅਜ ਸਵੇਰ ਵੇਲੇ ਵੀ ਬੇਦਿਲੀ ਹੀ ਰਹੀ। ਆਪਣੇ 'ਚਿੰਤਨ-ਮੰਦਰ' ਵਿਚ ਵੀ ਅਜ ਉਹਦਾ ਜੀ ਨਾ ਲਗਾ। ਉਹਦੇ ਮਨ ਵਿਚ ਉਪਰ ਥੱਲੀ ਇਹ ਹਠ ਜ਼ੋਰ ਫੜ ਰਿਹਾ ਸੀ ਕਿ ਇਸ ਵਾਰ ਕੰਨਿਆ ਨੂੰ ਦੂਰੋਂ ਹੀ ਝਿੜਕ ਦਏਗਾ, ਉਹਦੇ ਨਾਲ ਕਿਸੇ ਤਰ੍ਹਾਂ ਦਾ ਵਾਸਤਾ ਨਹੀਂ ਰਖੇਗਾ। ਉਹ ਹਰ ਤੀਵੀਂ ਤੋਂ ਦੂਰ ਰਹੇਗਾ ਅਤੇ ਜੇਕਰ ਲੋੜ ਪਈ ਵੀ ਤਾਂ ਉਹ ਤਾਈ ਦੀ ਦਸੀ ਹੋਈ ਅਣਜਾਣੀ, ਅਣਵੇਖੀ ਲੜਕੀ ਨਾਲ ਵਿਆਹ ਕਰ ਲਏਗਾ।

ਸੱਜਨ ਆਪਣੇ ਹਠ. ਤਰਕ, ਸੰਜਮ-ਅਸੰਜਮ, ਸ਼ੰਕਿਆਂ ਅਤੇ ਸੁਲਝਾਵਾਂ ਦੇ ਬਿਖੜੇ ਜੰਗਲ ਵਿਚ ਭਟਕ ਕੇ ਫੜਫੜਾ ਰਿਹਾ ਸੀ। ਉਹਨੂੰ ਪਲ ਲਈ ਵੀ ਸ਼ਾਂਤੀ ਨਹੀਂ ਸੀ ਮਿਲ ਰਹੀ। ਇਸ ਵੇਲੇ ਪਾਗਲ ਔਰਤ ਨੇ ਜਿਵੇਂ ਉਹਦੇ ਮਨ ਦੀ ਹੂ-ਬ-ਹੂ ਸ਼ਕਲ ਧਾਰਨ ਕਰਕੇ ਉਹਦੇ ਹਰ ਹਠ ਅਤੇ ਨਿਸ਼ਚੇ ਨੂੰ ਹਰਾ ਦਿਤਾ ਸੀ। ਸੱਜਨ ਦੇ ਮਨ ਵਿਚ ਅੰਵਾਈ ਹੀ ਇਹ ਡਰ ਘਰ ਕਰ ਗਿਆ ਸੀ ਕਿ ਇਕ ਦਿਨ ਉਹ ਵੀ ਏਸੇ ਤਰ੍ਹਾਂ ਹੋਸ਼ ਗੁਆ ਲਏਗਾ। ਸੱਜਨ ਇਸ ਵੇਲੇ ਤਕ ਟੁੱਟ ਚੁਕਾ ਸੀ। ਉਹਨੂੰ ਨੀਂਦ ਆ ਗਈ।

ਕਮਰੇ ਵਿਚ ਮਹਾਂ ਕਵੀ ਬੋਰ ਨੇ ਹੀਂ ਹੀਂ ਕਰਦਿਆਂ ਪੈਰ ਰਖਿਆ। ਸੱਜਨ ਨੂੰ ਸੁੱਤਿਆਂ

ਵੇਖ ਕੇ ਉਹ ਉਹਦੇ ਵਲੋਂ ਬੇਫਿਕਰ ਹੋ ਕੇ ਛੱਤ ਤੇ ਆ ਕੇ ਵੱਡੀ ਦੀ ਬਾਰੀ ਵਲ ਨਜ਼ਾਰਾਂ ਕਰਕੇ ਇਕ ਫਿਲਮੀ ਗੀਤ ਗਾਉਣ ਲੱਗਾ—

"ਆ ਹਾ ਹਾ ਹਾ ! ਠੰਡੀ ਹਵਾਏਂ, ਲੌਟ ਕੇ ਆਏਂ
ਹਮ ਹੈ ਯਹਾਂ, ਤੁਮ ਹੋ ਵਹਾਂ–ਕੈਸੇ ਬੁਲਾਏਂ।"

ਉਤਲੀ ਬਾਰੀ ਤੇ ਗਾਣੇ ਦਾ ਅਸਰ ਹੁੰਦਾ ਨਾ ਦਿਸਿਆ। ਵਿਮੇਸ਼ ਨੇ ਦੂਸਰਾ ਗੀਤ ਸ਼ੁਰੂ ਕੀਤਾ—

ਉਨਕੇ ਬੁਲਾਵੇ ਪੇ ਡੋਲੇ ਮੇਰੇ ਦਿਲ,
ਜਾਊਂ ਤੋਂ ਮੁਸ਼ਕਿਲ ਨ ਜਾਊਂ ਤੋਂ ਮੁਸਕਿਲ।

ਉਤਲੀ ਬਾਰੀ ਵਿਰਹੇਸ਼ ਦੀ ਪ੍ਰੇਮਕਾ ਦੇ ਚੰਨ ਮੁਖੜੇ ਬਿਨਾਂ ਸੁੰਨੀ ਰਹੀ। ਹਾਰੇ ਹੋਏ ਪ੍ਰੇਮੀ ਨੇ ਤੀਜਾ ਗੀਤ ਛੁਹਿਆ—

"ਦਿਲ ਕਿਸੀ ਕੋ ਦੀਜੀਏ, ਦਿਲ ਕਿਧੀ ਕਾ ਲੀਜੀਏ,
ਜ਼ਿੰਦਗੀ ਹੈ ਚਾਰ ਦਿਨ, ਸਹੀ ਕਾਮ ਕੀਜੀਏ।"

ਬੂਹੇ ਨਾਲ ਸਿਰ ਜੋੜ ਕੇ ਬਾਰੀ ਵਲ ਨਜ਼ਰਾ ਕਰੀ ਵਿਰਹੇਸ਼ ਆਪਣੀ ਪ੍ਰੇਮਕਾ ਤਕ ਅਵਾਜ਼ ਪਹੁੰਚਾਉਣ ਲਈ ਜ਼ੋਰ ਜ਼ੋਰ ਨਾਲ ਗਾਉਣ ਲਗਾ। ਸੱਜਨ ਦੀ ਨੀਂਦ ਉਖੜ ਗਈ। ਅੱਖ ਖੁਲ੍ਹਦਿਆਂ ਹੀ ਬੂਹੇ ਤੇ ਖਲੋਤੇ ਗਲ ਪਾੜ ਪਾੜ ਕੇ ਬੋਲ ਰਹੇ ਬੋਰ ਨੂੰ ਵੇਖ ਕੇ ਸੱਜਨ ਅਜ ਆਪਣੇ ਆਪ ਵਿਚ ਨਾ ਰਹਿ ਸਕਿਆ। ਆਪਣੀ ਭਲ-ਮਾਣਸੀ ਦੇ ਸਾਰੇ ਬੰਧਨ ਗੁੱਸੇ ਦੀ ਬੇਹੋਸ਼ੀ ਨਾਲ ਲਗੇ ਵਾਹ ਤੋੜ ਕੇ ਉਹ ਕੜਕਿਆ—"ਬੋਰ ਗੇਟ ਆਊਟ !!"

ਵਿਰਹੇਸ਼ ਕਰਨਲ ਅਤੇ ਮਹੀਪਾਲ ਤੋਂ ਹਰ ਭੈੜੇ ਵਰਤਾਅ ਦੀ ਕਲਪਨਾ ਕਰ ਸਕਦਾ ਸੀ, ਪਰ ਸੱਜਨ ਤੋਂ ਨਹੀਂ। ਆਪਣੀ ਪਪੀਹੇ ਵਰਗੀ ਰਟਣ ਛੱਡਕੇ ਹੜਬੜਾ ਕੇ ਹੱਥ ਜੋੜਦਾ ਹੋਇਆ ਤਰਲੇ ਭਰੀ ਅਵਾਜ ਵਿਚ ਕਹਿਣ ਲਗਾ—"ਹੀਂ ਹੀਂ ਭਾਈ ਸਾਹਿਬ ਤੁਸੀਂ ਸੌਂ ਰਹੇ ਸਉ, ਮੈਨੂੰ ਪਤਾ ਨਹੀਂ ਸੀ।"

ਸੱਜਨ ਆਪਣੇ ਸੁਘੜਤਾ ਰਹਿਤ ਵਤੀਰੇ ਤੇ ਆਪ ਸੁੰਗੜਨ ਲਗਾ। ਖੁਲ੍ਹੇ ਤੌਰ ਤੇ ਕਿਸੇ ਬਾਹਰਲੇ ਆਦਮੀ ਨਾਲ ਅਸਭਯ ਬੋਲ ਬੋਲਣ ਦਾ ਉਹਨੂੰ ਅਭਿਆਸ ਨਹੀਂ ਸੀ। ਬੋਰ ਨੇ ਆਪਣੀ ਬੋਰੀਅਤ ਫੈਲਾਉਣੀ ਸ਼ੁਰੂ ਕੀਤੀ। ਆਖਣ ਲਗਾ — "ਮੈਂ ਤਾਂ ਸੱਜਨ ਭਾਈ—ਭਾਈ ਸਾਹਿਬ--ਹੀਂ ਹੀਂ ਆਪਣਾ ਦੂਜਾ ਅਮਰਗੀਤ ਲਿਖਣ ਦੇ ਮੂਡ ਵਿਚ ਅਜ ਕਲ੍ਹ ਏਨ੍ਹਾ ਗੁਆਚਿਆ ਰਹਿੰਦਾ ਆਂ ਕਿ..."

ਦਰਵਾਜ਼ੇ ਤੇ ਕੰਨਿਆ ਹੱਥ ਵਿਚ ਇਕ ਡੂਨਾ ਲਈ ਆਉਂਦਿਆ ਆਉਂਦਿਆਂ ਅਟਕ ਕੇ ਖਲੋ ਗਈ।

ਵਿਰਹੇਸ਼ ਨੇ ਵਨ ਕੰਨਿਆ ਨੂੰ ਵੇਖ ਕੇ ਆਪਣੀ ਹੀਂ ਹੀਂ ਦ ਪਾਸ ਸਜਨ ਦੀ ਬਜਾਏ

ਉਹਦੇ ਵਲ ਕਰ ਦਿਤਾ । ਹੱਥ ਜੋੜ ਕੇ ਬੋਲਿਆ—"ਤੁਸੀਂ ਹੀ ਸ਼ਾਇਦ ਹੀਂ ਹੀਂ—ਤੁਸੀਂ ਹੀ ਸ਼ਾਇਦ ਕੁਮਾਰੀ ਵਨ ਕੰਨਿਆ ਹੋ। ਮੈਂ ਤੁਹਾਨੂੰ ਨਾਟਕਾਂ ਵਿਚ ਪਾਰਟ ਕਰਦਿਆਂ ਵੇਖ ਚੁਕਾ ਹਾਂ । ਅਜ ਕਲ੍ਹ ਤਾ ਤੁਹਾਡਾ ਬੜਾ ਜੱਸ ਹੋ ਰਿਹੈ । ਹੀਂ ਹੀਂ—ਸੱਜਨ ਭਾਈ ਸਾਹਿਬ ਨੇ ਤੁਹਾਨੂੰ ਵਡਿਆਈ ਦੇ ਅਕਾਸ਼ ਵਿਚ ਉਡਾ ਦਿਤਾ । ਹੀਂ ਹੀਂ ।"

ਕੰਨਿਆ ਗੰਭੀਰ ਢੰਗ ਨਾਲ 'ਜੀ ਹਾਂ' ਕਹਿ ਕੇ ਅੰਦਰ ਆ ਗਈ । ਇੱਕੋ ਨਜ਼ਰ ਨਾਲ ਸੱਜਨ ਦਾ ਲੱਥਾ ਚਿਹਰਾ ਵੇਖ ਲੱਡੂਆ ਦਾ ਡੂਨਾ ਮੇਜ਼ ਤੇ ਰੱਖ ਉਹਦੇ ਸਾਹਮਣੇ ਆ ਕੇ ਪੁੱਛਿਆ—"ਤੇਰੀ ਤਬੀਅਤ ਕੈਸੀ ਏ ?"

ਕੰਨਿਆ ਦੀ 'ਤੇਰੀ' ਸ਼ਬਦ ਦੀ ਵਰਤੋਂ ਸੱਜਨ ਲਈ ਜਾਦੂ ਦਾ ਕੰਮ ਕਰ ਗਈ। ਕੰਨਿਆ ਲਈ ਉਹਦਾ ਸਾਰਾ ਵਿਦਰੋਹ ਪਾਣੀ ਵਿਚ ਲੂਣ ਵਾਂਗ ਘੁਲ ਗਿਆ, ਅਤੇ ਉਹ ਖਾਰਾਪਨ ਵਿਮੇਸ਼ ਵਲ ਵਹਿ ਤੁਰਿਆ— ਉਹਨੇ ਕਿਹਾ—"ਵਿਰਹੇਸ਼, ਮੇਰੀ ਤਬੀਅਤ ਠੀਕ ਨਹੀਂ । ਮੈਂ ਏਕਾਂਤ ਚਾਹੁੰਦਾ ਹਾਂ । ਤੂੰ ਮਿਹਰਬਾਨੀ ਕਰਕੇ ਏਥੋਂ ਚਲਾ ਜਾ ।" ਆਖ ਕੇ ਸੱਜਨ ਸਿਰਹਾਣੇ ਨਾਲ ਸਿਰ ਲਾ, ਅੱਖਾ ਬੰਦ ਕਰਕੇ ਲੇਟ ਗਿਆ ।

ਕੰਨਿਆ ਸੋਚਾਂ 'ਚ ਪਈ ਉਹਦੇ ਵਲ ਵੇਖਣ ਲੱਗੀ । ਵਿਰਹੇਸ਼ ਦੋਵਾ ਵਲ ਅਰਥ-ਭਰੀ ਨਜ਼ਰ ਨਾਲ ਮੁਸਕ੍ਰਾਕੇ ਬੋਲਿਆ—"ਰਬ ਤੁਹਾਡੀ ਤਬੀਅਤ ਨੂੰ ਜਲਦੀ ਹੀ ਅਨੰਦ ਦਏ । ਵਿਜੋਗੀ ਵਿਰਹੇਸ਼ ਸੱਜਨ ਆਪਣੇ ਭਰਾ ਨੂੰ ਸਦਾ ਇਹੋ ਦੁਆ ਦੇਂਦਾ ਰਹੇਗਾ !" ਆਖ ਕੇ ਮਿਰਹੇਸ਼ ਬਾਹਰ ਵਲ ਹੋਇਆ । ਦੋਵਾ ਨੇ ਸਮਝਿਆ ਜਾ ਰਿਹਾ ਏ। ਸੱਜਨ ਨੂੰ ਅਰਾਮ ਹੋਇਆ । ਪਰ ਵਡੀ ਦਾ ਵਿਜੋਗੀ ਫਿਰ ਛੱਤ ਤੇ ਜਾ ਕੇ ਬਹਿ ਗਿਆ। ਸੱਜਨ ਦੰਦ ਪੀਂਹਦਾ ਰਹਿ ਗਿਆ। ਕੰਨਿਆ ਨੇ ਬੂਹੇ ਵਲ ਪਿਠ ਕਰਕੇ ਸੱਜਨ ਦੇ ਸਾਹਮਣੇ ਬਹਿੰਦਿਆਂ ਫਿਰ ਪੁੱਛਿਆ—"ਜੀ ਕੇਹੋ ਜਿਹਾ ਏ ?"

ਸੱਜਨ ਨੇ ਮਾਣ ਨਾਲ ਕਿਹਾ—"ਮੈਂ ਮਰ ਰਿਹਾ ਹਾਂ—ਪਰ ਤੇਰੀ ਬਲਾ ਨੂੰ !"

ਕੰਨਿਆ ਮੁਸਕ੍ਰਾਈ, ਬੋਲੀ—"ਮੈਂ ਸੰਜੀਵਨੀ ਬੂਟੀ ਲਿਆਈ ਹਾ ।"

ਸੱਜਨ ਨੂੰ ਅਜ ਪਹਿਲੀ ਵਾਰ ਕੰਨਿਆ ਤੋਂ ਆਪਣੇ ਲਈ ਰਸ ਭਰੀਆ ਗਲਾ ਸੁਣਕੇ ਬੜਾ ਸੁਖ ਮਹਿਸੂਸ ਹੋ ਰਿਹਾ ਸੀ। ਉਹਨੂੰ ਆਪਣੇ ਅੰਦਰ ਉਸੇ ਤਰ੍ਹਾਂ ਦਾ ਸੁਹਾਵਣਾ-ਪਨ ਮਹਿਸੂਸ ਹੋ ਰਿਹਾ ਸੀ ਜੇਹੋ ਜਿਹਾ ਕਿ ਹਵਾ ਵਿਚ ਝੂਲ ਦੇ ਝੋਨੇ ਦੇ ਹਰੇ ਭਰੇ ਖੇਤ ਨੂੰ ਹੁੰਦਾ ਹੈ । ਭੋਲਾ ਮਨ ਪਿਛਲਾ ਸਭ ਕੁਝ ਭੁੱਲ ਕੇ ਰਸ ਮਗਨ ਹੋਣ ਲਗਾ । ਉਹਨੇ ਕਿਹਾ—"ਬਚਪਨ ਵਿਚ ਦਾਈ ਮੈਨੂੰ ਇਕ ਕਹਾਣੀ ਸੁਣਾਉਂਦੀ ਹੁੰਦੀ ਸੀ ਕਿ ਇਕ ਪਰੀ ਇਕ ਰਾਜਕੁਮਾਰ ਨੂੰ ਉਡਾ ਕੇ ਲੈ ਗਈ। ਦਿਨ ਭਰ ਉਹ ਜਾਦੂ ਦੀ ਲੱਕੜ ਨਾਲ ਮੁਰਦਾ ਬਣਾ ਕੇ ਰੱਖਦੀ ਸੀ ਅਤੇ ਰਾਤ ਵੇਲੇ ਜਦ ਉਹਦਾ ਖੇਡਣ ਨੂੰ ਜੀਅ ਕਰਦਾ ਤਾਂ ਫਿਰ ਜੁਆ ਲੈਂਦੀ ਸੀ । ਖੇਡ ਪਿਛੋਂ ਰਾਜਕੁਮਾਰ ਫਿਰ ਮੁਰਦਾ ਹੋ ਜਾਂਦਾ ਸੀ ।"

ਸੁਣ ਕੇ ਕੰਨਿਆ ਹੱਸ ਪਈ।

ਬਾਹਰ ਵਿਰਹੇਸ਼ ਨੇ ਤਾਨ ਛੇੜੀ।

''ਯੇ ਰਾਤੇਂ, ਯੇ ਮੌਸਮ. ਯੇ ਹੰਸਨਾ ਹੰਸਾਨਾ, ਮੁਝੇ ਭੂਲ ਜਾਨਾ ਇਨ੍ਹੇ ਨ ਭੁਲਾਨਾ।''

ਕੰਨਿਆ ਅਤੇ ਸੱਜਨ ਦੋਵਾਂ ਨੂੰ ਹੀ ਬਹੁਤ ਬੁਰਾ ਲਗਾ। ਕੰਨਿਆ ਨੇ ਹੌਲੀ ਜਿਹੀ ਪੁੱਛਿਆ—''ਇਹ ਕੌਣ ਏ ?'

''ਇਕ ਬਦਤਮੀਜ ਏ ! ਕੰਮਬਖਤ ਏਥੇ ਵੀ ਪਿਛੋਂ ਨਹੀਂ ਲਹਿੰਦਾ। ਦੁਖੀ ਹੋ ਗਿਆ ਆਂ ਇਹਤੋਂ।'

ਵਿਰਹੇਸ਼ ਦਾ ਗਾਉਣ ਪੰਚਮ ਸਵਰ ਤੇ ਚੜ੍ਹਨ ਲਗਾ।

ਅਚਾਨਕ ਕੰਨਿਆ ਉੱਠੀ। ਦਰਵਾਜ਼ਾ ਭੀੜ ਦਿੱਤ। ਫਿਰ ਮੇਜ਼ ਤੋਂ ਲੱਡੂਆਂ ਦਾ ਡੂਨਾ ਚੁੱਕ ਕੇ ਇਕ ਰੱਦੀ ਅਖ਼ਬਾਰ ਵਿਛਾ ਸੱਜਨ ਦੇ ਸਾਹਮਣੇ ਰਖਦੀ ਹੋਈ ਬੋਲੀ— ''ਮੈਨੂੰ ਨੌਕਰੀ ਮਿਲ ਗਈ।''

ਸੱਜਨ ਨੂੰ ਧੱਕਾ ਲਗਾ। ਕੰਨਿਆ ਵਾਸਤੇ ਨੌਕਰੀ ਲੱਭਣ ਦੀ ਗਲ ਉਹਨੇ ਹੁਣ ਤਕ ਆਪ ਕਿਉਂ ਨ ਸੋਚੀ ਉਹਦੇ ਲਈ ਕੋਸ਼ਿਸ਼ ਕਿਉਂ ਨ ਕੀਤੀ ? ਕੀ ਇਹ ਨੌਕਰੀ ਵੀ ਉਹਨੂੰ ਕਰਨਲ ਦੀ ਕੋਸਿਸ ਨਾਲ ਮਿਲੀ ?—ਇਕੋ ਘੜੀ ਵਿਚ ਉਹਨੂੰ ਅਨੇਕ ਧੱਕੇ ਲਗੇ।

ਡੂਨੇ ਦੇ ਅੰਦਰ ਇਕ ਪੱਤ 'ਚ ਲਗਾ ਹੋਇਆ ਗਿੱਲਾ ਸੰਧੂਰ ਆਪਣੀ ਉਂਗਲੀ ਨਾਲ ਲਾ ਕੇ ਸੱਜਨ ਨੂੰ ਟਿੱਕਾ ਲਾਉਣ ਲਈ ਕੰਨਿਆ ਐਨ ਉਹਦੇ ਕੋਲ ਆ ਗਈ। ਸੱਜਨ ਉਹਦੀ ਛੋਹ ਨਾਲ ਸੀਤਲ ਹੋ ਗਿਆ। ਕੰਨਿਆ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਹੱਸ ਰਹੀ ਸੀ। ਉਹਦੇ ਗੋਰੇ ਮੱਥੇ ਤੇ ਸੰਧੂਰੀ ਬਿੰਦੀ ਬੜੀ ਸੋਹਣੀ ਲਗ ਰਹੀ ਸੀ। ਸੱਜਨ ਨੇ ਅਚਾਨਕ ਉਹਦਾ ਹੱਥ ਫੜ ਕੇ ਬਹੁਤ ਹੌਲੀ ਜਹੀ ਕਿਹਾ—''ਕੰਨਿਆ, ਮੈਂ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ।'' ਕੰਨਿਆ ਗੰਭੀਰ ਹੋ ਗਈ. ਪਰ ਉਹਨੇ ਹੱਥ ਛੁਡਾਉਣ ਦੀ ਖੇਚਲ ਨਾ ਕੀਤੀ—''ਅਜੇ ਉਹਦਾ ਵੇਲਾ ਨਹੀਂ ਆਇਆ।'' ਕਹਿ ਕੇ ਸਹਿਜੇ ਸਹਿਜੇ ਉਹਨੇ ਆਪਣਾ ਹੱਥ ਛੁਡਾ ਲਿਆ। ਤੇ ਗਲ ਬਦਲ ਕੇ ਉਹਦੇ ਵਲ ਡੂਨਾ ਕਰਦੀ ਬੋਲੀ ''ਮਹਾਂਬੀਰ ਜੀ ਦਾ ਪ੍ਰਸਾਦ ਹੈ।''

ਸੱਜਨ ਆਪਣੀ ਗਲ ਦੀ ਲੜੀ ਜੋੜਨਾ ਚਾਹੁੰਦਾ ਸੀ। ਉਹਨੇ ਲੱਡੂਆਂ ਵਲ ਧਿਆਨ ਨਾ ਦੇ ਕੇ ਫਿਰ ਪ੍ਰਸ਼ਨ ਕੀਤਾ—''ਦੇਰ ਕਿਉਂ ਏ ?'

ਕੰਨਿਆ ਨੇ ਸ਼ਾਂਤ ਭਾਵ ਨਾਲ ਕਿਹਾ—''ਅਜੇ ਅਸੀਂ ਦੋਵੇਂ ਇਕ ਦੂਜੇ ਨੂੰ ਜਾਣਦੇ ਨਹੀਂ।''

''ਇਹ ਤੇਰਾ ਖਿਆਲ ਏ ! ਤੂੰ ਜਾਣਦੀ ਏਂ ਕਿ ਮੈਂ ਤੈਨੂੰ ਚਾਹੁੰਦਾ ਹਾਂ; ਤੇ ਮੈਂ ਵੀ ਜਾਣਦਾ ਹਾਂ ਕਿ ਤੂੰ ਵੀ ਮੈਨੂੰ—''

"ਇਹ ਤੇਰਾ ਖਿਆਲ ਏ ! ਲੈ, ਲੱਡੂ ਫੜ, ਭਗਵਾਨ ਦਾ ਪ੍ਰਸਾਦਿ ਲੈਣ ਵਿਚ ਦੇਰ ਨਹੀਂ ਕਰੀਦੀ ।"

"ਤੂੰ ਵੀ ਮੈਨੂੰ ਭਗਵਾਨ ਦੇ ਪ੍ਰਸ਼ਾਦ ਵਾਂਗ ਮਿਲੀ ਏਂ ਕੰਨਿਆ । ਮੈਂ ਤੈਨੂੰ ਹਾਸਲ ਕਰਨ ਵਿਚ ਦੇਰ ਨਹੀਂ ਕਰਨਾ ਚਾਹੁੰਦਾ ।" ਸੱਜਨ ਦੀਆਂ ਅੱਖਾਂ ਵਿਚ ਅਤ੍ਰਿਪਤੀ ਦੀ ਉਤੇਜਨਾ ਚਮਕ ਉੱਠੀ ।

ਬਾਹਰੋਂ ਵਿਰਹੇਸ਼ ਦੀ ਅਵਾਜ਼ ਆਈ—"ਭਾਬੀ ਜੀ ਜੇ ਸੱਜਨ ਵੀਰ ਜੀ ਲਈ ਚਾਹ ਬਣਾਉ ਤਾਂ ਇਕ ਕਪ ਮੈਨੂੰ ਵੀ ਦੇਣਾ । ਰੱਬ ਤੁਹਾਡਾ ਭਲਾ ਕਰੇ !......(ਫਿਰ ਗਾਉਣ ਲਗਾ) ਦਇਆ ਕਰੋ ਹੇ ਦਿਆਲੂ ਭਗਵਾਨ, ਮੈਂ ਬੈਠਾ ਬੈਠਾ ਤੜਪ ਰਹਾ ਹੂੰ—"

ਸੱਜਨ ਅਤੇ ਕੰਨਿਆ ਤੋਂ ਵਿਰਹੇਸ਼ ਦੀ ਬਦਤਮੀਜ਼ੀ ਵਾਲੀ ਗਲ ਸਹੀ ਨ ਗਈ । ਕੰਨਿਆ ਕਾਹਲੀ ਨਾਲ ਦਰਵਾਜ਼ਾ ਖੋਲ੍ਹ ਕੇ ਵਿਰਹੇਸ਼ ਨੂੰ ਕਹਿਣ ਲਗੀ – "ਭਲੇ ਮਾਣਸੋ, ਤੁਹਾਡੇ ਨਾਲੋਂ ਵੱਡਾ ਬਦਤਮੀਜ਼ ਮੈਂ ਹੁਣ ਤਕ ਨਹੀਂ ਵੇਖਿਆ ਸੀ । ਤੁਹਾਨੂੰ ਇਹ ਝੂਠੀ ਰਿਸ਼ਤੇਦਾਰੀ ਫੈਲਾਉਣ ਦਾ ਅਧਿਕਾਰ ਕਿਹਨੇ ਦਿਤਾ ਏ ?"

"ਛੱਡ ਪਰ੍ਹਾ ਕੰਨਿਆ, ਆ ਜਾ ਨਾ ।" ਸੱਜਨ ਨੇ ਅੰਦਰੋਂ ਅਵਾਜ਼ ਦਿਤੀ । ਬਾਹਰ ਵਡੀ ਆਪਣੀ ਬਾਰੀ ਵਿਚ ਆ ਗਈ ਸੀ । ਵਿਰਹੇਸ਼ ਦੀਆਂ ਅਖਾਂ ਉਥੇ ਟਿਕ ਗਈਆਂ ਸਨ । ਵਨਕੰਨਿਆ ਦਾ ਤਾਅ ਉਹਦੇ ਆਸ਼ਕਾਨਾ ਰੰਗ ਨੂੰ ਬਦਰੰਗ ਕਰ ਰਿਹਾ ਸੀ, ਹੱਥ ਜੋੜ ਕੇ ਬੋਲਿਆ — "ਮਾਫ਼ੀ ਮੰਗਦਾਂ ਦੇਵੀ ਜੀ ! ਮੈਂ — ਮੈਂ ਆਪਣੇ ਦੂਸਰੇ ਅਮਰਗੀਤ ਦੇ ਮੂਡ ਵਿਚ ਸਾਂ ।...... ਮੇਰਾ ਦੂਸਰਾ ਅਮਰਗੀਤ ਮੇਰੀਆਂ ਪਲਕਾਂ ਦੇ ਝਰੋਖੇ ਵਿਚ ਬੈਠਾ ਹੋਇਆ ਮੇਰੀਆਂ ਅੱਖਾਂ 'ਚ ਸਮਾ ਰਿਹਾ ਏ ।" ਵਿਮੇਸ਼ ਦੀ ਸੁਫਨ-ਮਈ ਨਜ਼ਰ ਫਿਰ ਵੱਡੀ ਦੀ ਬਾਰੀ ਤੇ ਪਹੁੰਚ ਗਈ । ਵੱਡੀ ਉਹਲੇ 'ਚ ਖੜੀ ਆਪਣੇ ਘੁੰਗਰਾਲੇ ਪ੍ਰੇਮੀ ਨੂੰ ਇਕ ਸੁੰਦਰ ਗੋਰੀ 'ਮੂੰਹਪਾਣੀ' ਵਲੋਂ ਫਿਟਕਾਰੇ ਜਾਂਦਿਆ ਵੇਖ ਤਰਲੋ ਮੱਛੀ ਹੁੰਦੀ ਦਿਸ ਰਹੀ ਸੀ । ਵਨ ਕੰਨਿਆ ਵਿਰਹੇਸ਼ ਦਾ ਸੁਦਾਪੁਣਾ ਵੇਖ ਖਿਝ ਕੇ ਪਰਤ ਆਈ । ਉਹਦੇ ਹਟਦਿਆਂ ਹੀ ਵਿਰਹੇਸ਼ ਨੇ ਵਨਕੰਨਿਆ ਵਲੋਂ ਖੋਲ੍ਹਿਆ ਗਿਆ ਦਰਵਾਜ਼ਾ ਆਪਣੀ ਵਲ ਖਿੱਚਕੇ ਬੰਦ ਕਰ ਲਿਆ ।

ਵਡੀ ਮੈਦਾਨ ਸਾਫ ਵੇਖ ਕੇ ਬਾਰੀ 'ਚ ਸਾਹਮਣੇ ਆ ਗਈ । ਵਿਰਹੇਸ਼ ਦਾ ਕਮਲ ਵਰਗਾ ਮੂੰਹ ਖਿਲ ਗਿਆ । ਦੋਵਾਂ ਪਾਸਿਆ ਵਲੋਂ ਇਸ਼ਾਰੇ ਬਾਜ਼ੀਆਂ ਹੋਣਾ ਲੱਗੀਆ — "ਹੁਣ ਰਹਿਆ ਨਹੀਂ ਜਾਂਦਾ; ਹੁਣ ਸਹਿਆ ਨਹੀਂ ਜਾਂਦਾ; ਹਾਏ, ਕੀ ਕੀ ਮਜਬੂਰੀਆਂ ਨੇ । ਕਦ ਮਿਲੇਂਗੀ । ਅਸੀਂ ਜਾਨ ਦੇ ਦਿਆਂਗੇ ।" ਆਦਿ ਭਾਵ ਵਾਲੀਆਂ ਫੁੱਲ-ਝੜੀਆਂ ਦੋਵਾਂ ਪਾਸਿਓਂ ਵਲੋਂ ਛੁੱਟਣ ਲਗੀਆਂ । ਫਿਰ ਆਪਸੀ ਮਨ ਮਨਾਈ ਚੱਲਣ ਲਗੀ — "ਤੂੰ ਆਪਣੀ ਸਿਹਤ ਸੰਭਾਲ ਕੇ ਰੱਖ । ਹਾਏ, ਤੇਰੀ ਇਹ ਹਾਲਤ ਮੈਥੋਂ ਵੇਖੀ ਨਹੀਂ ਜਾਂਦੀ ।" ਵਿਰਹੇਸ਼ ਨੇ ਆਪਣੀ ਜੇਬ 'ਚੋਂ ਇਕ ਖ਼ਤ ਕੱਢ ਕੇ ਵਿਖਾਇਆ,

ਵਡੀ ਨੇ ਬਾਰੀ 'ਚੋਂ ਆਪਣੀ ਚਿੱਠੀ ਹਿਲਾਈ; ਫਿਰ ਹੱਥ ਦਾ ਇਸ਼ਾਰਾ ਕਰਕੇ ਬਾਰੀ 'ਚੋਂ ਹਟ ਗਈ। ਥੋੜੀ ਦੇਰ ਪਿਛੋਂ ਵਿਰਹੇਸ਼ ਦੀ ਜਾਣੀ ਪਛਾਣੀ ਥੈਲੀ ਡੋਰੀ ਨਾਲ ਹੌਲੀ ਹੌਲੀ ਹੇਠਾਂ ਆਉਣ ਲਗੀ। ਵਿਰਹੇਸ਼ ਤੇ ਵਡੀ ਨੇ ਦੋ ਤਿੰਨ ਵਾਰ ਇਸ ਥੈਲੀ ਰਾਹੀਂ ਚਿੱਠੀਆਂ ਦਾ ਲੈਣ ਦੇਣ ਕੀਤਾ। ਪਿਛਲੀ ਵਾਰ ਵਡੀ ਨੂੰ ਵਿਖਾ ਵਿਖਾ ਕੇ ਵਿਰਹੇਸ਼ ਨੇ ਇਸ ਥੈਲੀ ਨੂੰ ਚੁੰਮਿਆ ਸੀ, ਕਲੇਜੇ ਨਾਲ ਲਾਇਆ ਸੀ, ਆਪਣੀ ਚਿੱਠੀ ਵਿਚ ਥੈਲੀ ਕਵਿਤਾ ਵੀ ਲਿਖੀ ਸੀ।

ਚਿੱਠੀ ਲੈਣ ਲਈ ਵਿਰਹੇਸ਼ ਪੌੜੀ ਵਲ ਆਇਆ। ਉਸੇ ਵੇਲੇ ਡਾ: ਸ਼ੀਲਾ ਸ਼ਿਵੰਗ ਅਤੇ ਉਹਨਾਂ ਦੇ ਪਿਛੇ ਪਿਛੇ ਵਰਮਾ ਆਇਆ। ਜਦ ਵਡੀ ਦਾ ਖ਼ਤ ਹੇਠਾਂ ਆਇਆ ਤਦ ਡਾ: ਸ਼ੀਲਾ ਛੱਤ ਤੇ ਆ ਚੁਕੀ ਸੀ। ਵਿਰਹੇਸ਼ ਦੇ ਹੱਥ ਨੇ ਡੋਰ ਫੜੀ ਹੀ ਸੀ ਕਿ ਸ਼ੀਲਾ ਨੇ ਉਹਦਾ ਹੱਥ ਫੜ ਲਿਆ। ਵਿਰਹੇਸ਼ ਲੋਹਾ ਲਾਖ ਹੋ ਗਿਆ।

"ਇਹ ਕੀ ਹੋ ਰਿਹਾ ਸੀ — ਏਥੇ ?" ਡਾ: ਸ਼ੀਲਾ ਨੇ ਦਬੰਗ ਅਵਾਜ਼ ਨਾਲ ਪੁੱਛਿਆ।

ਵਡੀ ਵਰਮੇ ਨੂੰ ਵੇਖ ਕੇ ਪਹਿਲਾਂ ਹੀ ਰਫੂਚੱਕਰ ਹੋ ਚੁਕੀ ਸੀ। ਵਿਰਹੇਸ਼ ਸਿਰੋਂ ਫੜਿਆ ਜਾਣ ਤੇ ਹਰ ਤਰ੍ਹਾਂ ਬੇਵਕੂਫ਼ ਬਣ ਚੁਕਾ ਸੀ ਉਹਦੇ ਚਿਹਰੇ ਤੇ ਮੁੜ੍ਹਕਾ ਝਲਕ ਪਿਆ ਬੋਲਤੀ ਬੰਦ ਹੋ ਗਈ।

ਡਾ: ਸ਼ੀਲਾ ਨੇ ਵਿਰਹੇਸ਼ ਨੂੰ ਅਕਸਰ ਵੇਖਿਆ ਹੋਇਆ ਸੀ, ਪਰ ਉਹ ਉਹਨੂੰ ਜਾਣਦੀ ਨਹੀਂ ਸੀ। ਥੈਲੀ ਵਿਚ ਕਾਗਜ਼ ਵੇਖ ਕੇ ਕੱਢਣ ਲਗੀ। ਵਿਰਹੇਸ਼ ਨੂੰ ਕੁਝ ਨਾ ਸੁਝਿਆ ਤਾਂ ਰੋਂਦਾ ਹੋਇਆ ਉਹਦੇ ਪੈਰੀਂ ਢਹਿ ਪਿਆ — "ਸੇਵ ਮੀ ਸਰ! ਆਈ ਐਮ ਯੋਰ ਸਰਵੇਂਟ ਸਰ!"

ਛੱਤ ਤੇ ਰੌਲਾ ਸੁਣ ਕੇ ਸੱਜਨ ਨੇ ਬਾਰ ਖੋਲ੍ਹੇ — "ਹੈਲੋ ਸ਼ੀਲਾ!" ਵਰਮੇ ਨੇ ਭਗਤੀ ਭਾਵ ਨਾਲ ਹੱਥ ਜੋੜੇ। ਸੱਜਨ ਨੇ ਸਿਰ ਹਿਲਾਕੇ ਉੱਤਰ ਦਿਤਾ ਅਤੇ ਵਿਰਹੇਸ਼ ਵਲ ਵੇਖ ਕੇ ਪੁੱਛਿਆ — "ਕੀ ਗਲ ਏ ?"

ਰੋਂਦਿਆਂ ਹੋਇਆਂ ਵਿਰਹੇਸ਼ ਨੇ ਕਿਹਾ — "ਇਹਨਾਂ ਤੋਂ ਮੇਰਾ ਅਮਰ ਗੀਤ ਦਿਵਾ ਦਿਉ ਸੱਜਨ ਵੀਰੇ।" ਪਰ ਦੋਵਾਂ ਪਾਸਿਆਂ ਤੇ ਲਿਖਿਆ ਹੋਇਆ ਵਡੀ ਦਾ ਪ੍ਰੇਮ-ਪੱਤਰ ਸ਼ੀਲਾ ਲਈ ਬੜਾ ਮਜ਼ੇਦਾਰ ਸਾਬਤ ਹੋਇਆ, ਦੂਜੀ ਤੀਜੀ ਸਤਰ ਪੜ੍ਹਦਿਆਂ ਹੀ ਉਹ ਖਿੜਖਿੜਾ ਕੇ ਹੱਸ ਪਈ, ਸੱਜਨ ਵਲ ਚਿੱਠੀ ਕਰਦਿਆਂ ਹੋਇਆਂ ਬੋਲੀ — "ਇਹ ਇਹਨਾਂ ਦਾ ਅਮਰਗੀਤ ਵੇਖੋ ——"

ਵਨ ਕੰਨਿਆ ਬਾਹਰ ਆ ਗਈ। ਸ਼ੀਲਾ ਦਾ ਧਿਆਨ ਉਹਦੇ ਵਲ ਗਿਆ; ਗਹੁ ਕਰਨ ਲਗੀ, ਸੱਜਨ ਅਤੇ ਕੰਨਿਆ ਦੇ ਮੱਥਿਆਂ ਤੇ ਇਕੋ ਜਿਹੀ ਬਿੰਦੀ ਵੇਖੀ, ਸਮਝ ਗਈ। ਝੱਟ ਵਿਰਹੇਸ਼ ਅਤੇ ਉਹਦੇ ਖ਼ਤ ਨੂੰ ਭੁੱਲ ਕੇ ਹੱਸਦਿਆਂ ਹੋਇਆਂ ਬੋਲੀ —

"ਆਈ ਐਮ ਸਓਰੀ, ਤੂੰ ਹੀ ਮਿਸ ਵਨ ਕੰਨਿਆ ਏਂ ?"

ਵਿਰਹੇਸ਼ ਸੱਜਨ ਤੋਂ ਆਪਣਾ ਪਤ੍ਰ ਮੰਗ ਰਿਹਾ ਸੀ। ਸੱਜਨ ਨੇ ਇਕ ਨਜ਼ਰੇ ਪੱਤ੍ਰ ਪੜ੍ਹਨਾ ਬੰਦ ਕਰਕੇ, ਤਿਊੜੀਆਂ ਚੜ੍ਹਾ ਵਿਰਹੇਸ ਨੂੰ ਕਿਹਾ — "ਤੂੰ ਏਥੇ ਏਹੋ ਕੁਝ ਕਰਨ ਲਈ ਆਉਂਦਾ ਏਂ ? ਸ਼ਰੀਫ਼ਾਂ ਦੇ ਮੁਹੱਲੇ ਵਿਚ ਮੈਨੂੰ ਬਦਨਾਮ ਕਰਾਏਂਗਾ ?"

ਵਰਮਾ ਵੀ ਏਸ ਵੇਲੇ ਵਿਰਹੇਸ਼ ਨੂੰ ਚੰਗੀਆਂ ਨਜਰਾਂ ਨਾਲ ਨਹੀਂ ਵੇਖ ਰਿਹਾ ਸੀ। ਵਿਰਹੇਸ਼ ਠੰਡਾ ਸਾਹ ਲੈ ਕੇ ਬੋਲਿਆ — "ਸੱਜਨ ਭਾਈ —"

"ਚੁੱਪ ਰਹੁ !" ਸੱਜਨ ਨੇ ਡਾਂਟਿਆ ਤੇ ਕਿਹਾ — "ਹੁਣ ਜੇ ਕਦੇ ਏਥੇ ਦਿਸਿਓਂ ਵੀ ਤਾਂ ਯਾਦ ਰੱਖੀਂ ਪੁਲਸ ਦੇ ਹਵਾਲੇ ਕਰ ਦਿਆਂਗਾ ਤੈਨੂੰ। ਛੇਤੀ ਕਰ ਤਿੱਤਰ ਹੋ ਜਾ ?"

"ਜਾਂਦਾ ਆਂ !...... ਪਰ ਮੇਰੀ ਚਿੱਠੀ ਤਾਂ ਦਿਉ।"

ਸੱਜਨ ਨੇ ਝਟਕ ਕੇ ਖ਼ਤ ਉਸ ਦੇ ਮੂੰਹ ਤੇ ਮਾਰਿਆ। ਵਰਮੇ ਨੇ ਅੱਗੇ ਹੋ ਕੇ ਉਹ ਖ਼ਤ ਵਿਰਹੇਸ਼ ਤੋਂ ਖੋਹ ਲਿਆ ਅਤੇ ਉਹਨੂੰ ਵਿਚੋਂ ਪਾੜਦਿਆ ਹੋਇਆ ਬੋਲਿਆ 'ਮੁਹੱਲੇ ਦੀ ਇਜ਼ਤ ਇਹਦੇ ਨਾਲ ਜਾਣੀ ਠੀਕ ਨਹੀਂ। ਨਠ ਜਾ ਏਥੋਂ !"

ਕੁਝ ਦਿਨ ਪਹਿਲਾਂ ਭਗਤ ਦੇ ਰੂਪ ਵਿਚ ਮਿਲਣ ਵਾਲਾ ਵਰਮਾ ਵੀ ਇਸ ਵੇਲੇ ਵਿਰਹੇਸ਼ ਦਾ ਨਿਰਾਦਰ ਕਰਨ ਦੀ ਜੁਰਅੱਤ ਵਿਖਾ ਰਿਹਾ ਸੀ। ਵਿਹੇਰਸ਼ ਉਹਨੂੰ ਘੂਰ ਕੇ ਵੇਖਣ ਲਗਾ ਜਿਵੇਂ ਵੱਢ ਖਾਏਗਾ।

ਕੰਨਿਆ ਅਤੇ ਸ਼ੀਲਾ ਗੱਲਾਂ ਕਰਦੀਆ ਕਮਰੇ ਵਿਚ ਚਲੀਆਂ ਗਈਆ ਸਨ।

ਵਰਮਾ ਨੇ ਚਲਾਕੀ ਨਾਲ ਪਾਟੀ ਹੋਈ ਚਿੱਠੀ ਆਪਣੀ ਜ਼ੇਬ ਵਿਚ ਰਖ ਲਈ। ਵਿਰਹੇਸ਼ ਹਾਰ ਕੇ ਜਾਣ ਲੱਗਾ, ਜਾਂਦਿਆਂ ਜਾਂਦਿਆਂ ਜੋਸ਼ ਵਿਖਾਉਂਦਿਆਂ ਸੱਜਨ ਵਲ ਵੇਖ ਕੇ ਬੋਲਿਆ —"ਗਰੀਬਾਂ ਦਾ ਪ੍ਰੇਮ ਵੀ ਇਹ ਧਨੀ ਲੋਕ ਸਹਾਰ ਨਹੀਂ ਸਕਦੇ। ਆਪ ਤਾਂ ਬੂਹੇ ਬੰਦ ਕਰਕੇ ਆਪਣੀ ਪ੍ਰੇਮਕਾ ਨਾਲ ਮੌਜ ਮੇਲਾ ਕਰਦੇ — "

ਸੱਜਨ ਨੇ ਘੁਰਕੀ ਲੈ ਕੇ ਉਹਦੇ ਵਲ ਵੇਖਿਆ। ਵਿਰਹੇਸ ਚੁੱਪਚਾਪ ਹੇਠਾਂ ਉੱਤਰ ਗਿਆ।

ਵਰਮੇ ਨੇ ਸੱਜਨ ਨੂੰ ਭੇਦ ਭਰੀ ਅਵਾਜ 'ਚ ਕਿਹਾ — "ਇਹਦਾ ਲਵ-ਅਫੇਅਰ ਸ਼ੰਕਰ ਲਾਲ ਵਲ ਕਿਸੇ ਨਾਲ ਚਲ ਰਿਹਾ ਏ। ਇਹ ਬਾਰੀ, ਜਿਥੋਂ ਚਿੱਠੀ ਸੁੱਟੀ ਗਈ, ਉਹਦੇ ਵਡੇ ਭਰਾ ਦੇ ਕਮਰੇ ਦੀ ਏ।......ਤੁਹਾਡੀ ਬੜੀ ਬਦਨਾਮੀ — ਹੁੰਦੀ !"

ਸੱਜਨ ਹਾਲਤ ਦੀ ਗੰਭੀਰਤਾ ਦਾ ਅਨਭਵ ਕਰ ਰਿਹਾ ਸੀ, ਕਹਿਣ ਲਗਾ —"ਏਥੇ ਇਹਦਾ ਠੀਪਾ ਕਿੰਜ ਪੈ ਗਿਆ, ਕੁਝ ਪਤਾ ਨਹੀਂ ਲਗਦਾ !"

ਕਮਰੇ ਵਿਚ ਸੱਜਨ ਦੇ ਆਉਂਦਿਆਂ ਹੀ ਸ਼ੀਲਾ ਨੇ ਹੱਸ ਕੇ ਕਿਹਾ— "ਯੂ ਰਾਸਕਲ ? ਕਲਾ ਦੇ ਪੱਜ ਤੂੰ ਏਥੇ ਪ੍ਰੇਮ ਦੀ ਦੁਕਾਨ ਖੋਲ੍ਹ ਛੱਡੀ ਏ ?"

ਸਭ ਜਣੇ ਹੱਸਣ ਲਗ ਪਏ। ਸੱਜਨ ਨੇ ਕਿਹਾ —"ਤਾਂ ਤੂੰ ਵੀ ਭਲਾ ਪ੍ਰੇਮ ਦੇ

ਲਾਲਚ 'ਚ ਏਥੇ ਆਈ ਏਂ ? ਆਖੇਂ ਤਾਂ ਤੇਰਾ ਨਮੂਨਾ ਲਿਆ ਕੇ ਵਿਖਾਵਾਂ ?"

ਵਰਮੇਂ ਦੇ ਹੁੰਦਿਆਂ ਸ਼ੀਲਾ ਮਨ ਮਰਜ਼ੀ ਦਾ ਜਵਾਬ ਨਾ ਦੇ ਸਕੀ, ਉਹਦੀ ਬਾਂਹ ਤੇ ਥੱਪੜ ਮਾਰ ਕੇ ਹੱਸਣ ਲਗੀ। ਸੱਜਨ ਵੀ ਹੱਸਣ ਲਗਾ।

"ਲੈ, ਲੱਡੂ ਖਾਹ ! ਇਹ ਮਹਾਂਬੀਰ ਜੀ ਦਾ ਪ੍ਰਸ਼ਾਦ ਏ।"

ਸੱਜਨ ਨੇ ਸ਼ੀਲਾ ਅਤੇ ਵਰਮਾ ਵਲ ਡੂਨਾ ਕੀਤਾ। ਲੱਡੂ ਚੁਕਦਿਆਂ ਸ਼ੀਲਾ ਪੁੱਛਣ ਹੀ ਲੱਗੀ ਸੀ ਕਿ ਸੱਜਨ ਨੇ ਕਿਹਾ — "ਇਹਨੂੰ ਨੌਕਰੀ ਮਿਲ ਗਈ ਏ।"

"ਗੁੱਡ ! ਕਿਥੇ ?"

"ਨਵ ਜੀਵਨ ਦੇ ਐਡੀਟੋਰੀਅਲ ਸਟਾਫ਼ ਵਿਚ।" ਕੰਨਿਆ ਨੇ ਉੱਤਰ ਦਿਤਾ ਅਤੇ ਫਿਰ ਪੁੱਛਿਆ — "ਮੇਰਾ ਖ਼ਿਆਲ ਏ, ਚਾਹ ਤਾਂ ਅਸੀਂ ਸਾਰੇ ਜਣੇ ਪੀਆਂਗੇ।"

"ਮੈਂ ਮਾਫ਼ੀ ਚਾਹੁੰਦਾ ਹਾਂ।" ਵਰਮਾ ਨੇ ਹੱਥ ਜੋੜ ਕੇ ਕਿਹਾ।

"ਕਿਉਂ ?" ਸੱਜਨ ਨੇ ਪੁੱਛਿਆ।

"ਦੁਕਾਨ ਤੇ ਜਾਣਾ ਏਂ, ਬੜੀ ਦੇਰ ਹੋ ਗਈ ਏ !"

"ਠੀਕ ਏ ! ਠੀਕ ਏ !" ਸ਼ੀਲਾ ਨੇ ਕਿਹਾ — "ਐਂਡ ਥੈਂਕ ਯੂ ਸੋ ਮੱਚ ਫ਼ਾਰ ਟੇਕਿੰਗ ਸੋ ਮੱਚ ਟ੍ਰਬਲ ! ਤੇ ਫ਼ਿਕਰ ਨਾ ਕਰਨਾ। ਅਜੇ ਵੀਹ ਪੰਝੀ ਦਿਨ ਕੁਝ ਵਾਪਰਣ ਵਾਲਾ ਨਹੀਂ। ਤੁਸੀਂ ਵੀ ਮਹਾਬੀਰ ਜੀ ਦੇ ਲੱਡੂ ਵੱਡੂ ਸੁਖ ਰਖੋ ਕਿ ਲੜਕਾ ਹੋਏ !"

ਵਰਮਾ ਹੱਸਣ ਲਗਾ, ਬੋਲਿਆ — "ਵਕਤ ਆਉਣ ਦਿਉ ! ਤੁਹਡੇ ਬੰਗਲੇ ਤੇ ਮਠਿਆਈ ਲੈ ਕੇ ਅਸੀਂ ਹਾਜ਼ਰ ਹੋਵਾਂਗੇ।"

"ਥੈਂਕਯੂ !" ਸ਼ੀਲਾ ਨੇ ਹੱਥ ਜੋੜੇ। ਵਰਮਾ ਸਭ ਨੂੰ ਨਮਸਤੇ ਕਰਕੇ ਚਲਾ ਗਿਆ। ਸ਼ੀਲਾ ਨੇ ਸੁਖ ਦਾ ਸਾਹ ਲਿਆ ਅਤੇ ਬੇਤਕੱਲਫ਼ ਹੋ ਕੇ ਸਿਰਹਾਣੇ ਦੇ ਆਸਰੇ ਲੇਟ ਗਈ। ਸਟੋਵ ਸੁਲਗਾਉਂਦੀ ਹੋਈ ਕੰਨਿਆ ਵਲ ਵੇਖ ਕੇ ਸ਼ੀਲਾ ਨੇ ਕਿਹਾ — "ਦੁਰਜਨ ! ਕਰਮਾਂ ਵਾਲਾ ਏਂ। .....ਲਿਆ, ਇਕ ਲੱਡੂ ਮੇਰੇ ਮੂੰਹ ਵਿਚ ਹੋਰ ਪਾ ਦੇ।......ਪਰ ਮਹੀਪਾਲ ਤਾਂ ਮੈਨੂੰ ਕਹਿੰਦਾ ਸੀ ਕਿ ਮਿਸ ਵਨ ਕੰਨਿਆ ਕਮਿਊਨਿਸਟ ਹੈ।"

"ਹਾਂ ਬਈ ਇਹ ਤਾਂ ਮੈਂ ਵੀ ਤੈਨੂੰ ਕੰਨਿਆ ਪੁੱਛਣ ਵਾਲਾ ਸਾਂ, ਤੂੰ ਇਹ ਸਭ ਕੁਝ ਮੰਨਦੀ ਏਂ ?" ਸੱਜਨ ਨੇ ਸ਼ੀਲਾ ਦੇ ਕੋਲ ਹੀ ਇਕ ਹੋਰ ਸਿਰਹਾਣੇ ਦਾ ਢਾਸਣਾ ਲਾ ਕੇ ਆਰਾਮ ਨਾਲ ਲੱਤਾਂ ਫੈਲਾ ਕੇ ਬੈਠਦਿਆਂ ਹੋਇਆ ਪੁੱਛਿਆ।

ਕੰਨਿਆ ਬੋਤਲ 'ਚੋਂ ਦੁੱਧ ਕੱਢ ਕੇ ਪਤੀਲੀ ਨੂੰ ਸਟੋਵ ਤੇ ਚੜ੍ਹਾਉਂਦੀ ਹੋਈ ਇਕ ਪਲ ਚੁੱਪ ਰਹੀ, ਫਿਰ ਬੋਲੀ — "ਮੈਂ ਕਦੇ ਵੀ ਇਸ ਗੱਲ ਤੇ ਵਿਚਾਰ ਤਾਂ ਨਹੀਂ ਕੀਤਾ ਕਿ ਰੱਬ ਹੈ ਜਾਂ ਨਹੀਂ; ਤੇ ਵਿਚਾਰ ਕੀਤਾ ਵੀ ਹੈ ਤਾਂ ਕਿਸੇ ਤਰਕ ਨਾਲ ਰੱਬ ਨੂੰ

ਕੱਟ ਨਹੀਂ ਸਕੀ। ਚੰਗੇ ਬੁਰੇ ਸਮੇਂ 'ਚ ਹੋਰਾਂ ਵਾਂਗ ਉਹ ਮੇਰੇ ਮਨ ਦਾ ਸਹਾਰਾ ਵੀ ਏ।"

"ਈਸ਼ਵਰ ਤਰਕ ਦੀ ਚੀਜ਼ ਨਹੀਂ !" ਸ਼ੀਲਾ ਨੇ ਕਿਹਾ — "ਮੇਰਾ ਖ਼ਿਆਲ ਹੈ ਕਿ ਹਰ ਆਦਮੀ ਪੂਰੀ ਜ਼ਿੰਦਗੀ ਵਿਚ ਆਪਣੀਆਂ ਸਾਰੀਆਂ ਕਾਰਗੁਜ਼ਾਰੀਆਂ ਨਾਲ ਈਸ਼ਵਰ ਦਾ ਹੀ ਨਿਰਮਾਣ ਕਰਦਾ ਹੈ......"

"ਮਹੀਪਾਲ ਵੀ ਇਹੋ ਕਹਿੰਦਾ ਹੁੰਦਾ ਏ।"

"ਤੂੰ ਸਮਝਦਾ ਏਂ ਕਿ ਮੈਂ ਮਹੀਪਾਲ ਤੋਂ ਬਹੁਤ ਜ਼ਿਆਦਾ ਵੱਖਰਾ ਸੋਚ ਸਕਦਾ ਹਾਂ ?"

"ਗ੍ਰੇਟ ! ਏਸੇ ਨੂੰ ਪ੍ਰੇਮ ਕਹਿੰਦੇ ਨੇ !" ਸੱਜਨ ਨੇ ਇਹ ਗੱਲ ਇਸ ਤਰ੍ਹਾਂ ਆਖੀ ਜਿਵੇਂ ਕੰਨਿਆ ਨੂੰ ਸੁਣਾ ਰਿਹਾ ਹੋਏ। ਕੰਨਿਆ ਦੇ ਚਿਹਰੇ ਤੇ ਕਿਸੇ ਤਰ੍ਹਾਂ ਦਾ ਪ੍ਰਭਾਵ ਨਾ ਝਲਕਿਆ।

ਸ਼ੀਲਾ ਕਹਿਣ ਲਗੀ — "ਦੁਨੀਆਂ ਤੋਂ, ਖ਼ਾਸ ਕਰਕੇ ਸਾਡੇ ਦੇਸ਼ 'ਚੋਂ ਈਸ਼ਵਰ ਨਾਂ ਦੀ ਚੀਜ਼ ਮਿਟ ਜਾਏ, ਇਹ ਮੈਨੂੰ ਸੰਭਵ ਨਹੀਂ ਜਾਪਦਾ।"

"ਸਾਇੰਸ ਇਕ ਦਿਨ ਜ਼ਰੂਰ ਇਸ ਦਾ ਨਿਪਟਾਰਾ ਕਰੇਗੀ। ਜਾਂ ਤਾਂ ਇਸ ਧਾਰਣਾ ਨੂੰ ਮਜ਼ਬੂਤ ਬਣਾਏਗੀ — ਜਾਂ ਫਿਰ ਸਦਾ ਲਈ ਖ਼ਤਮ ਕਰ ਦਏਗੀ। ਹੁਣ ਅਸਾਂ ਅਟਾਮਿਕ-ਜੁਗ ਵਿਚ ਪੈਰ ਰਖਿਆ ਹੈ ਡਾਕਟਰ। ਇਸ ਪ੍ਰਿਥਵੀ ਨੂੰ ਛੱਡ ਕੇ ਦੂਸਰੇ ਗ੍ਰਹਿਆਂ ਵਿਚ ਜਾਣ ਦੀ ਗੱਲ ਸੋਚਣ ਲਗੇ ਹਾਂ, ਇਸ ਤਰ੍ਹਾਂ ਇਕ ਦਿਨ ਰੱਬ ਦੀ ਅਸਲੀਅਤ ਤਕ ਨਾ ਪਹੁੰਚ ਜਾਵਾਂਗੇ ?" ਕੰਨਿਆ ਨੇ ਗੱਲ ਪੂਰੀ ਕਰਕੇ ਇਕ ਨਜ਼ਰ ਦੁੱਧ ਵਲ ਕੀਤੀ, ਉਬਾਲ ਆਉਣ ਵਿਚ ਜ਼ਰਾ ਕਸਰ ਸੀ।

"ਤੇ ਉਹਦੇ ਪਹਿਲੋਂ ਹੀ ਕਿਆਮਤ ਆ ਗਈ ਤਾ ?" ਸੱਜਨ ਨੇ ਪਿਆਰ ਦੀ ਨਜ਼ਰ ਨਾਲ ਕੰਨਿਆ ਵਲ ਵੇਖਦਿਆਂ ਪੁੱਛਿਆ।

"ਕਿਆਮਤ ਆ ਗਈ ਤਾਂ ਤੇ ਇਨਸਾਫ਼ ਦੇ ਦਿਨ ਰੱਬ ਨੂੰ ਸਭ ਲੋਕ ਵੇਖ ਈ ਲੈਣਗੇ ! ਉਸ ਦਿਨ ਮੈਂ ਤੁਹਾਡੇ ਵਿਰੁੱਧ ਗੁਆਹੀ ਦਿਆਗੀ, ਦਰਜਨ ! ਖ਼ੁਦਾ ਨੂੰ ਆਖਾਂਗੀ ਕਿ ਇਸ ਆਦਮੀ ਨੇ ਇਕ ਗੋਰੀ ਖ਼ੂਬਸੂਰਤ, ਭੋਲੀ ਜਿਹੀ ਕੁੜੀ ਦਾ ਦਿਲ ਲੁੱਟ ਲਿਆ ਸੀ !"

ਦੁੱਧ ਵਿਚ ਉਬਾਲ ਆ ਚੁਕਿਆ ਸੀ। ਕੰਨਿਆ ਨੇ ਉਠ ਕੇ ਸਾੜ੍ਹੀ ਦੇ ਪੱਲੇ ਤੋਂ ਫੜ ਕੇ ਗਰਮ ਪਤੀਲੀ ਲਾਹ ਕੇ ਜ਼ਮੀਨ ਤੇ ਰਖੀ ਅਤੇ ਕੇਤਲੀ ਨੂੰ ਸੁਰਾਹੀ 'ਚੋਂ ਭਰਨ ਲਗੀ। ਸੁਰਾਹੀ ਖ਼ਾਲੀ ਸੀ। ਸੱਜਨ ਉਠ ਕੇ ਬੋਲਿਆ — "ਲਿਆ ਮੈਂ ਭਰ ਲਿਆਵਾਂ।"

"ਨਲਕਾ ਕਿਥੇ ਏ ?"

"ਹੇਠਾ।"

"ਤੂੰ ਬੈਠ, ਮੈਂ ਲੈ ਆਉਂਦੀ ਹਾਂ।"

"ਤੂੰ ਉਥੇ ਕਿਥੇ ਜਾਏਂਗੀ ? ਰਿਫ਼ੀਊਜੀ ਲੋਕ ਨੇ, ਤੈਨੂੰ ਵੇਖ ਕੇ ਤ੍ਰਭਕਣਗੇ।"

ਸੁਰਾਹੀ ਦੀ ਧੌਣ ਦੋਵਾਂ ਦੇ ਹੱਥ ਵਿਚ ਸੀ, ਦੋਵਾਂ ਦੀਆਂ ਅੱਖਾਂ ਵਿਚ ਰਸ ਭਰੀ ਅਪਣੱਤ ਸੀ — ਸੱਜਨ ਦੇ ਮਨ ਵਿਚ ਆਜ਼ਾਦ ਵਹਿਣ ਵਹਿ ਰਿਹਾ ਸੀ, ਕੰਨਿਆ ਲਾਜ ਅਤੇ ਸੰਜਮ ਦੇ ਬੂਹੇ ਢੋਈ ਖੜੀ ਸੀ। ਰਸ ਉਹਨਾ ਬੂਹਿਆਂ ਦੀਆਂ ਝੀਤਾਂ ਰਾਹੀਂ ਝਰ ਰਿਹਾ ਸੀ। ਉਹ ਬੋਲੀ — "ਮੈਂ ਡਰਾਉਣੀ ਲਗਦੀ ਆ ?"

"ਘਟੋ ਘਟ ਮੈਨੂੰ ਤੇ ਡਰ ਲਗਦਾ ਏ !" ਮੁਸਕ੍ਰਉਂਦਿਆਂ ਹੋਇਆਂ ਆਖ ਕੇ ਉਹਨੇ ਸੁਰਾਹੀ ਲੈ ਲਈ ਅਤੇ ਚਲਾ ਗਿਆ।

ਐਵੇਂ ਬਲਦਾ ਹੋਇਆ ਸਟੋਵ ਬੁਝਾ ਕੇ ਕੰਨਿਆ ਸ਼ੀਲਾ ਦੇ ਕੋਲ ਬਹਿ ਗਈ। ਸ਼ੀਲਾ ਪਿਆਰ ਨਾਲ ਉਹਦਾ ਹੱਥ ਫੜ ਕੇ ਚੁੰਮਦੀ ਬੋਲੀ — "ਮੈਂ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਤੂੰ ਏਨੀ ਪਿਆਰੀ ਏਂ ! ਸੱਜਨ ਖ਼ੁਸ਼ ਕਿਸਮਤ ਏ, ਤੇ ਤੂੰ ਵੀ। ਬਸ, ਹੁਣ ਝਟਪਟ ਤੁਸੀਂ ਸ਼ਾਦੀ ਕਰ ਲਉ। ਮੈਨੂੰ ਖਾਣੇ ਦੀ ਦਾਅਵਤ ਮਿਲਣੀ ਚਾਹੀਦੀ ਏ !"

"ਅਜੇ ਮੇਰਾ ਇਰਾਦਾ ਨਹੀਂ।"

"ਕਿਉਂ ?"

'ਤੁਹਾਡਾ ਰੋਗੀਆਂ ਨਾਲ ਕਿੰਨਾ ਕੁ ਰਿਸ਼ਤਾ ਰਹਿੰਦਾ ਏ — ਸਿਰਫ਼ ਫ਼ੀਸ ਤੇ ਵਿਜ਼ਟ ਦਾ — ਹੈਂ ਨਾ ! ਪਰ ਜੋ ਆਪਣੇ ਘਰ ਦੇ ਰੋਗੀਆਂ ਦੀ ਦਿਨ ਰਾਤ ਸੇਵਾ ਕਰਦੇ ਨੇ, ਉਹਨਾਂ ਦਾ ਨਾਤਾ ਤੁਹਾਡੇ ਨਾਲੋਂ ਡੂੰਘਾ ਹੁੰਦਾ ਏ !"

"ਤੇਰਾ ਮਤਲਬ ਏ ਕਿ ਸ਼ਾਦੀ ਤੇਰੇ ਲਈ ਗੰਭੀਰ ਚਿੰਤਾ ਦੀ ਪ੍ਰਾਬਲਮ ਏ ! ਸੱਚ ਦਸੀਂ ਡਾਰਲਿੰਗ ਤੂੰ ਵੀ ਉਹਨਾਂ ਲੋਕਾਂ ਵਿਚੋਂ ਏਂ ਜੋ ਪ੍ਰੇਮ ਨੂੰ ਸਕੂਲ ਦਾ ਕੋਰਸ ਸਮਝ ਕੇ ਇਮਤਿਹਾਨ ਤੇ ਇਮਤਿਹਾਨ ਪਾਸ ਕਰਦੇ ਨੇ, ਤੇ ਆਖ਼ਰ 'ਚ ਸਰਟੀਫ਼ੀਕੇਟ ਲੈ ਕੇ ਸ਼ਾਦੀ ਕਰਦੀ ਨੇ ? ਮੈਨੂੰ ਇਸ ਬੇਵਕੂਫ਼ੀ ਵਾਲੇ ਸਿਧਾਂਤ ਤੇ ਹਾਸਾ ਆਉਂਦਾ ਏ, ਤੇ ਜਦੋਂ ਦੋਵੇਂ ਹੀ ਪੜ੍ਹੇ ਲਿਖੇ ਸ਼ਰੀਫ਼ ਅਤੇ ਸਮਝਦਾਰ ਹੋ, ਤਾਂ ਯਕੀਨ ਕਰੋ ਉਮਰ ਭਰ ਦੋਵਾਂ ਵਿਚ ਪ੍ਰੇਮ ਦੀ ਗੰਢ ਖੁਲ੍ਹ ਨਹੀਂ ਸਕਦੀ।"

"ਮੈਂ ਇਹਦੇ ਨਾਲ ਸਹਿਮਤ ਹਾਂ। ਤੇ ਮੈਨੂੰ ਹੈਰਾਨੀ ਏ ਕਿ ਤੁਸੀਂ......"

"ਮੈਨੂੰ 'ਤੂੰ' ਆਖ ਪਿਆਰੀ। ਸੱਜਨ ਦੇ ਰਿਸ਼ਤੇ 'ਚ ਮੈਨੂੰ ਬਿਨਾਂ ਵੇਖਿਆਂ ਵੀ ਤੇਰੇ ਨਾਲ ਪਿਆਰ ਸੀ, ਪਰ ਹੁਣ ਤਾਂ ਉਮਰ ਭਰ ਲਈ ਤੇਰੀ ਹੋ ਗਈ ਆਂ। ਮੈਂ ਆਖਿਆ ਨਾ, ਮੈਂ ਦਿਲੀ ਕੋਸ਼ਿਸ਼ ਵਿਚ ਵਿਸ਼ਵਾਸ ਰਖਦੀ ਆਂ।"

ਸੁਰਾਹੀ ਲੈ ਕੇ ਸੱਜਨ ਕਮਰੇ ਵਿਚ ਆਇਆ। ਕੰਨਿਆ ਨੇ ਝਟ ਉਠ ਕੇ ਉਹਦੇ ਹੱਥੋਂ ਸੁਰਾਹੀ ਫੜੀ, ਅਤੇ ਚਾਹ ਦੇ ਪ੍ਰਬੰਧ ਵਿਚ ਜੁਟ ਗਈ। ਸੱਜਨ ਉਹਦੀ ਮਦਦ

ਕਰਨ ਦੇ ਬਹਾਨੇ ਉਹਦੇ ਕੋਲ ਕੋਲ ਰਿਹਾ।

ਸ਼ੀਲਾ ਨੇ ਸੱਜਨ ਨੂੰ ਕਿਹਾ — "ਦੁਰਜਨ ਔਰਤ ਮਰਦ ਦੇ ਰਿਸ਼ਤੇ ਨੂੰ ਲੈ ਕੇ ਮੈਂ ਆਪਣੀ ਜ਼ਿੰਦਗੀ ਤੋਂ ਇਕ ਗੱਲ ਸਿਖੀ ਏ — ਪ੍ਰੇਮ ਪ੍ਰੇਮ ਥੀਊਰੀ ਨਹੀਂ, ਪ੍ਰੈਕਟਿਸ ਹੈ; ਜਿੰਨਾ ਜ਼ਿਆਦਾ ਪਿਆਰ ਕਰੋ, ਓਨਾ ਰਿਸ਼ਤਾ ਡੂੰਘਾ ਹੋਏਗਾ; ਤੇ ਰਿਸ਼ਤਾ ਜਿੰਨਾ ਵੀ ਪੁਰਾਣਾ ਹੁੰਦਾ ਹੈ ਉਹਦੇ ਵਿਚ ਰੋਜ਼ ਓਨੀ ਹੀ ਨਵੀਂ ਤਾਜ਼ਗੀ ਆਉਂਦੀ ਏ। ਤੇਰਾ ਕੀ ਖ਼ਿਆਲ ਏ ?"

"ਮੈਂ ਤੇਰੇ ਖ਼ਿਆਲ ਨਾਲ ਸਹਿਮਤ ਹਾਂ!" ਸੱਜਨ ਨੇ ਸ਼ੀਲਾ ਨੂੰ ਜਵਾਬ ਦਿਤਾ, ਗੱਲ ਕੰਨਿਆ ਨੂੰ ਸੁਣਾਈ; ਕਹਿਣ ਲਗਾ — "ਵਾਹ, ਤੂੰ ਵੀ ਖ਼ੂਬ ਆਖੀ ਏ, ਲਵ ਇਜ਼ ਨਾਟ ਥਿਊਰੀ ਬਟ ਪ੍ਰੈਕਟਿਸ !"

ਸ਼ੀਲਾ ਜਜ਼ਬਾਤ ਦੇ ਵਹਾਅ 'ਚ ਵਹਿ ਰਹੀ ਸੀ, ਫਿਰ ਬੋਲੀ – "ਦੁਰਜਨ, ਕਲ੍ਹ ਤਕ ਜਿਸ ਗੱਲ ਵਿਚ ਯਕੀਨ ਕਰਦੀ ਸਾਂ, ਅੱਜ ਉਹ ਝੂਠੀ ਸਾਬਤ ਹੋ ਚੁਕੀ ਏ — ਔਰਤ ਹੋਏ ਜਾਂ ਮਰਦ — ਇਨਸਾਨ ਲਈ ਸ਼ਾਦੀ ਕਰਾਉਣੀ ਬੜੀ ਜ਼ਰੂਰੀ ਏ। ਇਹਦੇ ਨਾਲ ਇਹ ਹੁੰਦਾ ਏ ਕਿ ਆਦਮੀ ਜਿਹਨੂੰ ਚਾਹੁੰਦਾ ਹੈ ਉਹਨੂੰ ਹਰ ਪਲ ਆਪਣੇ ਕੋਲ, ਆਪਣੇ ਘਰ 'ਚ, ਆਪਣੇ ਕਾਲਜੇ 'ਚ ਲੁਕਾ ਦੇ ਰਖ ਤਾਂ ਸਕਦਾ ਏ। ਕੋਈ ਉਂਗਲੀ ਚੁਕ ਕੇ ਇਹ ਤਾਂ ਨਹੀਂ ਕਹਿ ਸਕਦਾ ਕਿ ਇਹ 'ਤੇਰਾ' — ਕਾਨੂੰਨਨ ਤੇਰਾ — ਨਹੀਂ ਏ।"

ਸ਼ੀਲਾ ਦੀਆਂ ਅੱਖਾਂ 'ਚ ਨਮੀ ਆ ਗਈ। ਸੱਜਨ ਕੰਨਿਆ ਕੋਲ ਸੁਖੀ ਗ੍ਰਹਿਸਥ ਵਾਂਗ ਬੈਠਾ ਸਟੋਵ ਦੀ ਸੂਰਜ ਮੁਖੀ ਦੇ ਫੁੱਲ ਵਰਗੀ ਲੋਅ ਅਤੇ ਉਹਦੀ ਗੂੰਜ ਵਿਚ ਆਪਣੇ ਸੁਖੀ ਭਵਿੱਖ ਦੀ ਲੋਅ ਕਰ ਰਿਹਾ ਸੀ। ਕੰਨਿਆ ਸ਼ਾਂਤ ਗੰਭੀਰ ਬੈਠੀ ਕੇਤਲੀ ਵਲ ਵੇਂਹਦੀ ਸ਼ੀਲਾ ਦੀਆਂ ਗੱਲਾਂ ਸੁਣ ਰਹੀ ਸੀ।

ਸੱਜਨ ਨੇ ਸ਼ੀਲਾ ਦੇ ਅੱਥਰੂ ਨਾ ਵੇਖੇ, ਉਹਦੀ ਗੱਲ ਦਾ ਉੱਤਰ ਲੈਣ ਲਈ ਕੰਨਿਆ ਦੇ ਚਿਹਰੇ ਤੇ ਅੱਖਾਂ ਗੱਡ ਦਿਤੀਆਂ, ਜਿਵੇਂ ਹਠ ਕਰ ਰਿਹਾ ਹੋਏ — "ਏਧਰ ਵੇਖੋ ! ਮੈਨੂੰ ਵੇਖ ! ਜਵਾਬ ਦੇ !"

ਅਚਾਨਕ ਸ਼ੀਲਾ ਨੇ ਪੁੱਛਿਆ — "ਅੱਛਾ ਦੁਰਜਨ, ਇਹ ਜਿਹੜੀ ਹੁਣੇ ਲਵ ਕਾਂਸਪੀਰੇਸੀ ਅਸਾਂ ਫੜੀ ਏ, ਇਹਦੇ ਵਿਚ ਦੋਵੇਂ ਸ਼ਾਦੀ ਸ਼ੁਦਾ ਨੇ ?"

"ਵਿਰਹੇਸ਼ ਬਾਲ ਬੱਚਿਆਂ ਵਾਲਾ ਹੈ। ਤੇ ਇਹਦੇ ਘਰ ਵਿਚ ਜਿਹੜੀ ਲੜਕੀ ਇਹਦੇ ਨਾਲ ਪ੍ਰੇਮ ਕਰਦੀ ਹੈ......"

"ਉਹ ਵੀ ਕੱਚੀ ਉਮਰ ਦੀ ਨਹੀਂ। ਇਹ ਗੱਲ ਦਾ ਤਾਂ ਖ਼ਤ ਦੇ ਮਜ਼ਮੂਨ 'ਚੋਂ ਈ ਪਤਾ ਲਗਦਾ ਏ।......ਅੱਛਾ ਦੁਰਜਨ, ਮੈਂ ਉਹਦਾ ਖ਼ਤ ਫੜ ਕੇ ਚੰਗਾ ਨਹੀਂ ਕੀਤਾ — ਇਹ ਮੈਂ ਹੁਣ ਸੋਚਦੀ ਆਂ। ਉਦੋਂ ਪਤਾ ਨਹੀਂ ਕਿਹੜਾ ਜਨੂੰਨ ਮੇਰੇ ਉਤੇ

ਸਵਾਰ ਹੋ ਗਿਆ ਸੀ। ਪੌੜੀਆਂ ਚੜ੍ਹਦਿਆਂ ਹੋਇਆਂ ਵੀ ਮੈਂ ਸਾਰਾ ਤਮਾਸ਼ਾ ਵੇਖਿਆ — ਕੰਧ ਦੇ ਨਾਲ ਨਾਲ ਬੈਲੀ ਦਾ ਹੇਠਾਂ ਆਉਣਾ, ਉਸ ਵਧੇ ਵਾਲਾਂ ਵਾਲੇ ਦੇ ਮੂੰਹ ਤੇ ਖ਼ੁਸ਼ੀ ਤੇ ਉਤਾਵਲਾਪਨ ! ਸੱਚ ਮੰਨੀਂ, ਸਪੱਸ਼ਟ ਤੌਰ ਤੇ ਹੱਸਦਿਆਂ ਹੋਇਆਂ ਵੀ ਉਸ ਵੇਲੇ ਮੈਂ ਨਫ਼ਰਤ ਨਾਲ ਭਰ ਗਈ ਸਾਂ; ਦਿਲ ਨੂੰ ਯਕੀਨ ਹੋ ਗਿਆ ਸੀ ਕਿ ਇਹ ਗੰਦਾ ਕੰਮ ਹੈ।''

''ਸੱਚ ਮੁੱਚ ਗੰਦਾ ਕੰਮ ਏ ! ਇਸ ਆਦਮੀ ਨੂੰ ਚੰਗੀ ਤਰ੍ਹਾਂ ਕੁੱਟਣਾ ਚਾਹੀਦਾ ਸੀ।'' ਸਟੋਵ ਬੰਦ ਕਰਦਿਆਂ ਕੰਨਿਆ ਨੇ ਕਿਹਾ।

''ਕਿਉਂ ?'' ਸ਼ੀਲਾ ਨੇ ਇੰਜ ਸੰਭਲਦੇ ਪੁੱਛਿਆ ਜਿਵੇਂ ਉਹਨੂੰ ਧੱਕਾ ਲਗਾ ਹੋਏ। ਸੱਜਨ ਚੁੱਪ ਨਜ਼ਰਾਂ ਨਾਲ ਕੰਨਿਆ ਨੂੰ ਵੇਂਹਦਾ ਰਿਹਾ।

ਪਿਆਲੇ ਲੈਣ ਲਈ ਉਠਦੀ ਹੋਈ ਕੰਨਿਆ ਬੋਲੀ — ''ਇਹ ਲੋਕ ਪ੍ਰੇਮ ਪਿਛੇ ਨਹੀਂ, ਸਰੀਰਕ ਸ਼ੌਕ ਪਿਛੇ ਦੀਵਾਨੇ ਹੋ ਰਹੇ ਨੇ।''

''ਤਾਂ ਇਹਦੇ 'ਚ ਕੀ ਬੁਰਾਈ ਏ ?'' ਸ਼ੀਲਾ ਨੇ ਦੱਬੀ ਜ਼ਬਾਨ ਨਾਲ ਪੁੱਛਿਆ, ਕੰਨਿਆ ਤੋਂ ਆਪਣੀਆਂ ਨਜ਼ਰਾਂ ਬਚਾ ਕੇ ਚਾਹ ਦੇ ਪਿਆਲੇ ਤੇ ਨਿਵ ਗਈ।

ਕੰਨਿਆ ਨੇ ਕੁਝ ਉਤੇਜਤ ਢੰਗ ਨਾਲ ਕਿਹਾ — ''ਬੁਰਾਈ ਪੁੱਛਦੇ ਓ ! ਮੈਂ ਇਸ ਸ਼ੌਕ ਨੂੰ ਰਾਖਸ਼ੀ ਭੁੱਖ ਬਣ ਕੇ ਦੋ ਜਾਨਾਂ ਲੈਂਦਿਆਂ ਆਪਣੇ ਘਰ ਵੇਖਿਆ ਏ। ਇਸ ਸ਼ੌਕ ਦੇ ਵਰਗਲਾਵੇ 'ਚ ਆ ਕੇ ਕਿੰਨੀਆਂ ਹੀ ਔਰਤਾਂ ਦੀ ਜ਼ਿੰਦਗੀ ਬਰਬਾਦ ਹੁੰਦੀ ਵੇਖੀ ਏ।''

''ਇਹ ਬੁਰਾਈ ਤਾਂ ਸਮਾਜਕ ਪ੍ਰਬੰਧ ਕਰਕੇ ਏ, ਡਾਰਲਿੰਗ ! ਤੂੰ ਆਦਮੀ ਦੀ ਇਸ ਕੁਦਰਤੀ ਲੋੜ ਨੂੰ ਬੁਰਾ ਕਿਉਂ ਕਹਿੰਦੀ ਏਂ ?'' ਕੰਨਿਆ ਸ਼ੀਲਾ ਦੀ ਇਸ ਗੱਲ ਦਾ ਜਵਾਬ ਦੇਣਾ ਹੀ ਚਾਹੁੰਦੀ ਸੀ ਕਿ ਉਹਨੇ ਆਪਣੀ ਗੱਲ ਜ਼ੋਰ ਦੇ ਕੇ ਅਗਾਂਹ ਤੋਰੀ, ਬੋਲੀ — ''ਭੁੱਖ ਵੀ ਆਦਮੀ ਦੀ ਇਕ ਕੁਦਰਤੀ ਜ਼ਰੂਰਤ ਏ, ਤੂੰ ਕਿਸੇ ਭੋਜਨ ਦੇ ਸ਼ੌਕੀਨ ਨੂੰ ਬੁਰਾ ਨਹੀਂ ਕਹਿ ਸਕਦੀ।''

''ਡਾਕਟਰ. ਤੂੰ ਇਹ ਗੱਲ ਦਿਲੋਂ ਕਹਿ ਰਹੀ ਏਂ, ਜਾਂ ਕੇਵਲ ਮੇਰਾ ਇਮਤਿਹਾਨ ਲੈਣ ਲਈ ?'' ਕੰਨਿਆ ਨੇ ਉਂਜ ਤਾਂ ਇਹ ਗੱਲ ਬੜੇ ਠੰਡੇ ਤਰੀਕੇ ਨਾਲ ਪੁੱਛੀ, ਪਰ ਉਹਦਾ ਹਰ ਸ਼ਬਦ ਸੁਆਹ ਨਾਲ ਢੱਕੀ ਚੰਗਿਆੜੀ ਵਰਗਾ ਸੀ। ਸੱਜਨ ਇਹਨਾਂ ਦੋਵਾਂ ਤੀਵੀਆਂ ਦੀ ਗੱਲ ਸੁਣਦਾ ਹੋਇਆ ਚੁੱਪਚਾਪ ਚਾਹ ਪੀ ਰਿਹਾ ਸੀ; ਕੰਨਿਆ ਜਿਹੜੇ ਸੱਚਾਈ ਵਾਲੇ ਪੱਖ ਨੂੰ ਪੂਰ ਰਹੀ ਸੀ ਉਹ ਸੱਜਨ ਦੀ ਜ਼ਬਾਨ ਤੋਂ ਸਦਾ ਪ੍ਰਗਟ ਹੋਣ ਵਾਲੀ ਵਿਚਾਰਧਾਰਾ ਦੇ ਅਨੁਕੂਲ ਸੀ ਅਤੇ ਸ਼ੀਲਾ ਦੀਆਂ ਗੱਲਾਂ ਉਹਦੇ ਦਿਲ ਵਿਚ ਲੁਕੇ ਜ਼ਖ਼ਮੀ ਚੋਰ ਦੀ ਰੱਖਿਆ ਕਰ ਰਹੀਆਂ ਸਨ। ਉਹਦੀ ਆਪਣੀ ਸੋਚ ਦੋ ਵਿਚਾਰਧਾਰਾਂ ਦੀ ਰੱਸਾਕਸ਼ੀ ਵਿਚ ਕੱਸੀ ਪਈ ਸੀ।

ਸ਼ੀਲਾ ਵੀ ਕੰਨਿਆ ਦੇ ਇਸ ਪ੍ਰਸ਼ਨ ਨਾਲ ਥਿੜਕ ਗਈ ਸੀ, ਸੰਭਲ ਕੇ ਉਹਨੇ ਫਿੱਕੇ ਜਿਹੇ ਹਾਸੇ 'ਚ ਪ੍ਰਸ਼ਨ ਦਾ ਉੱਤਰ ਦਿਤਾ, ਬੋਲੀ — "ਜੇਕਰ ਮੈਂ ਆਖਾਂ ਕਿ ਦਿਲੋਂ ਕਹਿ ਰਹੀ ਆਂ, ਤਾਂ ?"

"ਤਾਂ ਮੈਂ ਤੈਨੂੰ ਕਦੇ ਵੀ ਦਿਲੋਂ ਨਹੀਂ ਅਪਨਾ ਸਕਦੀ !"

"ਏਨੀ ਨਫ਼ਰਤ ?"

"ਮੇਰੀ ਪੂੰਜੀ ਇਹੋ ਜੁ ਹੋਈ।"

"ਕਦੇ ਗੁਆਈ ਨਹੀਂ ?"

ਕੰਨਿਆ ਨੇ ਇਕ ਵਾਰ ਸੱਜਨ ਵਲ ਵੇਖਿਆ — ਫਿਰ ਕਿਹਾ — "ਇਹਦਾ ਉੱਤਰ ਇਸ ਵੇਲੇ ਨਹੀਂ ਦਿਆਂਗੀ।"

"ਚਲ ਛੱਡ। ਪਰ ਇਕ ਗੱਲ ਦਸਾਂ, ਡਾਰਲਿੰਗ, ਇਨਸਾਨ ਦੀਆਂ ਕਮਜ਼ੋਰੀਆ ਪਿਛੇ ਭਲਾ ਸੱਚਾਈ ਨਹੀਂ ਹੁੰਦੀ ? ਇਹ ਵੱਡਿਆਂ ਵਾਲਾਂ ਵਾਲਾ ਜਿਹੜਾ ਆਪਣੇ ਘਰ 'ਚ ਬੀਵੀ ਬੱਚਿਆਂ ਦੇ ਹੁੰਦਿਆਂ ਹੋਇਆਂ ਵੀ ਏਥੇ ਇਕ ਤੀਵੀਂ ਨਾਲ ਪਿਆਰ ਕਰਨ ਆਇਆ, ਕੀ ਇਹ ਨਹੀਂ ਹੋ ਸਕਦਾ ਕਿ ਇਹਦੀ ਘਰ ਵਾਲੀ ਬੜੀ ਵੱਡੀ ਸਤੀ ਹੋ ਕੇ ਵੀ ਬਘਲੋਲ ਤੇ ਲੜਾਕੀ ਹੋਏ ਤੇ ਉਹਦੇ ਕਰਕੇ ਇਹ ਪਿਆਰ ਦਾ ਭੁੱਖਾ......"

"ਤਾਂ ਵੀ ਮੈਂ ਇਹਦੇ ਨਾਲ ਹਮਦਰਦੀ ਨਹੀਂ ਕਰਾਂਗੀ। ਇਹ ਆਪਣੀ ਭੁੱਖ ਲਈ ਇਕ ਔਰਤ ਦਾ ਜੀਵਨ ਵਿਗਾੜਨ ਆਇਆ ਏ !"

"ਮੈਂ ਸਮਝ ਗਈ ਆਂ, ਤੇਰਾ ਖ਼ਾਸ ਏਤਰਾਜ਼ ਇਹ ਆ ਕਿ ਇਹੋ ਜਿਹੇ ਲੋਕ ਅੱਜ ਦੇ ਸਮਾਜਕ ਢਾਂਚੇ ਵਿਚ ਔਰਤਾਂ ਨੂੰ ਨੁਕਸਾਨ ਪਹੁੰਚਾਦੇ ਨੇ। ਸੱਚ ਏ. ਪਰ ਮੰਨ ਲਓ, ਇਹ ਸਮਾਜ ਬਦਲ ਦਿਤਾ ਜਾਏ......"

"ਤਾਂ ਵੀ ਵਿਭਚਾਰ ਲਈ ਗੁੰਜਾਇਸ਼ ਨਹੀਂ ਰਹੇਗੀ।"

ਸ਼ੀਲਾ ਸੁਣ ਕੇ ਚੁੱਪ ਹੋ ਗਈ। ਚਾਹ ਦਾ ਆਖ਼ਰੀ ਘੁੱਟ ਪੀ ਕੇ ਉਹਨੇ ਪਿਆਲਾ ਰਖ ਦਿਤਾ। ਕੰਨਿਆ ਕੋਸੀ ਚਾਹ ਦੇ ਵੱਡੇ ਵੱਡੇ ਘੁੱਟ ਭਰਨ ਲਗੀ। ਸੱਜਨ ਹੱਥ ਵਿਚ ਖ਼ਾਲੀ ਪਿਆਲਾ ਲੈ ਕੇ ਬੈਠਾ ਸੀ, ਕੰਨਿਆ ਦਾ ਧਿਆਨ ਉਧਰ ਗਿਆ, ਪੁੱਛਿਆ — "ਹੋਰ ਚਾਹੀਦੀ ਏ ?"

ਸੱਜਨ ਨੇ ਚੁੱਪਚਾਪ ਆਪਣਾ ਪਿਆਲਾ ਅਗਾਂਹ ਕਰ ਦਿਤਾ। ਸ਼ੀਲਾ ਨੇ ਕਿਹਾ — "ਕਦੇ ਕਦੇ ਇੰਜ ਵੀ ਹੋ ਜਾਂਦਾ ਏ ਕਿ......ਹੁਣ ਜਿਵੇਂ ਮੰਨ ਲਓ ਮੈਂ ਸ਼ਾਦੀ ਸ਼ੁਦਾ, ਬਾਲ-ਬੱਚਿਆਂ ਵਾਲੀ ਹਾਂ; ਮੈਨੂੰ ਆਪਣੇ ਪਤੀ ਨਾਲ ਪ੍ਰੇਮ ਹੈ; ਤੇ ਮੰਨ ਲਉ ਕਿ ਇਹ ਸੱਜਨ ਮੇਰੀ ਜ਼ਿੰਦਗੀ ਵਿਚ ਆਉਂਦਾ ਹੈ, ਇਹ ਵੀ ਸ਼ਾਦੀ ਸ਼ੁਦਾ ਏ; ਅਸੀਂ ਦੋਵੇਂ ਇਕ ਦੂਜੇ ਦੇ ਬੜੇ ਡੂੰਘੇ ਮਿੱਤਰ ਬਣ ਜਾਂਦੇ ਹਾਂ — ਇਸ ਹਾਲਤ ਵਿਚ ਜੇਕਰ ਅਸੀਂ

ਇਕ ਦੂਸਰੇ ਨਾਲ ਸਰੀਰਕ......"

"ਮੈਂ ਤੁਹਾਡੇ ਦੋਵਾਂ ਨਾਲ ਨਫ਼ਰਤ ਕਰਾਂਗੀ !"

ਸ਼ੀਲਾ ਹਾਰ ਕੇ ਕਹਿਣ ਲਗੀ — "ਤੂੰ ਜ਼ਿੱਦੀ ਏਂ ਵਨ ਕੰਨਿਆ ! ਨਫ਼ਰਤ ਬਹੁਤ ਵੱਡੀ ਚੀਜ਼ ਨਹੀਂ ! ਆਦਮੀ ਨੂੰ ਉਹਦੀਆਂ ਚੰਗਿਆਈਆਂ ਤੇ ਬੁਰਾਈਆਂ ਨਾਲ ਅਪਨਾਓ, ਪਿਆਰ ਕਰੋ । ਮਨੁੱਖਤਾ ਆਦਮੀ ਜਾਂ ਮਰਦ ਦੇ ਸਤੀਪੁਣੇ ਨਾਲੋਂ ਕਿਤੇ ਜ਼ਿਆਦਾ ਉੱਚੀ ਚੀਜ਼ ਏ ।"

"ਹਿਅਰ ਹਿਅਰ", ਤਾੜੀ ਮਾਰਦਿਆਂ ਹੋਇਆਂ ਸੱਜਨ ਨੇ ਫਿਰ ਕੰਨਿਆ ਵਲ ਖ਼ੁਸ਼ੀ ਅਤੇ ਬਨਾਉਟੀ ਡਰ ਵਾਲੀ ਨਜ਼ਰ ਨਾਲ ਵੇਖ ਕੇ ਕਿਹਾ — "ਇਹ ਨਾ ਸਮਝੀਂ ਕਿ ਮੈਂ ਤੇਰਾ ਵਿਰੋਧ ਕਰ ਰਿਹਾ । ਮੈਂ ਤਾ ਸਿਰਫ਼ ਇਸ ਗੱਲ ਦੀ ਤਾਰੀਫ਼ ਕਰ ਰਿਹਾਂ ਕਿ ਸ਼ੀਲਾ ਇਸ ਵੇਲੇ ਏਨੇ ਦਰਦ ਤੇ ਤੜਪ ਨਾਲ ਵਿਚਾਰਾਂ ਦੀਆਂ ਨਵੀਆਂ ਉਚਾਈਆਂ ਤੇ ਪਹੁੰਚ ਰਹੀ ਏ । ਪਰ ਤੇਰੇ ਦਰਦ ਤੇ ਤੜਪ ਦੀ ਹਰ ਤਰ੍ਹਾਂ ਕਦਰ ਕਰਦਿਆਂ ਹੋਇਆਂ ਵੀ ਇਕ ਗੱਲ ਪੁੱਛਾਂ ਸ਼ੀਲਾ, ਲੈਟ ਅਸ ਟੇਕ ਹਰ ਫ਼ਾਦਰਸ ਕੇਸ, ਤੇਰਾ ਇਨਸਾਨੀਅਤ ਦਾ ਸਿਧਾਂਤ ਕੀ ਉਹਨੂੰ ਵੀ ਪਿਆਰ ਨਾਲ ਅਪਨਾ ਲਏਗਾ ?"

ਸ਼ੀਲਾ ਚੌਹਾਂ ਪਾਸਿਆਂ ਤੋਂ ਘਿਰ ਗਈ ਸੀ । ਉਹਦੇ ਚਿਹਰੇ ਤੇ ਥਕਾਵਟ ਦਿਸ ਰਹੀ ਸੀ । ਬੜੀ ਤਰਸ ਭਰੀ ਨਜ਼ਰ ਨਾਲ ਉਹਨੇ ਸੱਜਨ ਵਲ ਵੇਖਿਆ ਤੇ ਬੋਲੀ — "ਗੁਨਾਹ ਨਾਲ ਬੇਸ਼ੱਕ ਨਫ਼ਰਤ ਕਰੋ, ਸੱਜਨ, ਪਰ ਗੁਨਾਹਗਾਰ ਨੂੰ ਕਲੇਜੇ ਨਾਲ ਲਾਈ ਰਖੋ — ਤੁਹਾਡਾ ਪਿਆਰ ਲੈ ਕੇ ਹੋ ਸਕਦਾ ਏ ਕਿ ਉਹ ਕਿਸੇ ਦਿਨ ਆਪਣੀਆਂ ਗ਼ਲਤੀਆਂ ਨੂੰ ਸੁਧਾਰ ਲਏ !"

"ਮੈਂ ਤੁਹਾਡੀ ਇਸ ਖੋਖਲੀ ਅਹਿੰਸਾ ਵਿਚ ਵਿਸ਼ਵਾਸ ਨਹੀਂ ਰਖਦੀ ; ਧਰਤੀ ਤੋਂ ਪਾਪ ਨੂੰ ਖ਼ਤਮ ਕਰਨ ਲਈ ਪਾਪੀਆ ਦਾ ਸਿਰ ਲਾਹੁਣਾ ਹੀ ਪਏਗਾ !'

ਕੰਨਿਆ ਦੀ ਤਪਦੀ ਗੱਲ ਨੇ ਦੋ ਪਾਪੀਆਂ ਨੂੰ ਆਪਣੇ ਆਪਣੇ ਪਾਸਿਓਂ ਹਲੂਣ ਦਿਤਾ । ਸ਼ੀਲਾ ਆਪਣੇ ਮੂੰਹ ਤੇ ਪਰਦਾ ਪਾਉਣ ਲਈ ਹੱਸਦਿਆਂ ਹੋਇਆਂ ਸੱਜਨ ਨੂੰ ਕਹਿਣ ਲਗੀ — "ਦੁਰਜਨ, ਵਿਆਹ ਤੋਂ ਪਿਛੋਂ ਇਹ ਲੜਕੀ ਤੈਨੂੰ ਤੋਤੇ ਵਾਂਗ ਪਿੰਜਰੇ 'ਚ ਰਖੇਗੀ, ਯਾਦ ਰਖੀਂ !"

ਕੰਨਿਆ ਨੇ ਹੱਸ ਕੇ ਚਿਹਾ — "ਜੇ ਇਹਨਾਂ ਨੂੰ ਪਿੰਜਰੇ ਵਿਚ ਬੰਦ ਕਰਨ ਦੀ ਹੀ ਨੌਬਤ ਆਈ ਤਾਂ ਵਿਆਹ ਈ ਕਿਉਂ ਕਰਾਵਾਂਗੀ !"

"ਪਰ ਸੱਜਨ ਸੱਚ ਮੁੱਚ ਹੀ ਓਦਾਂ ਦਾ ਸੱਜਨ ਨਹੀਂ ਜਿੱਦਾਂ ਦਾ ਤੂੰ ਸਮਝਦੀ ਏਂ । ਮੈਂ ਇਹਨੂੰ ਸੋਚ ਸਮਝ ਕੇ ਈ ਦੁਰਜਨ ਆਂਹਦੀ ਆਂ !"

ਸੱਜਨ ਨੂੰ ਸ਼ੀਲਾ ਦੀ ਗੱਲ ਨਾ ਜੱਚੀ, ਪਰ ਉਹਨੇ ਕੋਈ ਜਵਾਬ ਨਾ ਦਿਤਾ । ਕੰਨਿਆ ਬੋਲੀ — "ਤੂੰ ਇਹਨੂੰ ਕਲ੍ਹ ਤਕ ਵੇਖਿਆ ਸੀ, ਮੈਂ ਇਹਨੂੰ ਅੱਜ ਤੋਂ ਵੇਖ ਰਹੀ

ਆਂ। ਇਹਦੇ ਬੀਤੇ ਕਲ੍ਹ ਨੂੰ ਮੈਂ ਵੇਖਣਾ ਵੀ ਨਹੀਂ ਚਾਹੁੰਦੀ, ਪਰ ਆਉਣ ਵਾਲੇ ਕਲ੍ਹ 'ਚ ਜੇ ਇਹਦੀ ਵਲੋਂ ਕੋਈ ਕਸਰ ਜਾਪੀ ਤਾਂ......" ਆਪਣੇ ਵੇਗ ਨੂੰ ਰੋਕਣ ਵਾਲੀ ਕਠਨ ਮਿਹਨਤ ਦੀ ਸਰਦੀ ਵਿਚ ਵੀ ਕੰਨਿਆ ਦੇ ਚਿਹਰੇ ਤੇ ਮੁੜ੍ਹਕਾ ਸਿੰਮ ਆਇਆ।

ਸੱਜਨ ਉਹਨੂੰ ਵੇਖ ਕੇ ਕੰਬ ਗਿਆ।

ਸ਼ੀਲਾ ਨੇ ਆਪਣਾ ਸਿਰ ਨਿਵਾਂ ਲਿਆ। ਉਹਦੇ ਵਿਚ ਕੰਨਿਆ ਦਾ ਤੇਜ ਵੇਖਣ ਦੀ ਹੋਰ ਸ਼ਕਤੀ ਨਹੀਂ ਸੀ ਰਹੀ, ਭਾਵੇਂ ਇੱਛਿਆ ਜ਼ਰੂਰ ਸੀ।

ਗੱਲ ਬਾਤ ਦੀ ਲੜੀ ਏਥੇ ਮੁੱਕ ਗਈ

21

ਅਜ ਦਿਨ ਭਰ ਕੰਨਿਆ ਨਾਲ ਰਹਿ ਕੇ ਸੱਜਨ ਨੂੰ ਕਠਨ ਮੋਰਚੇ ਤੇ ਲੜਨਾ ਪਿਆ ਹੈ। ਸੱਜਨ ਉਹਦੇ ਨਾਲ ਪੂਰੀ ਤਰ੍ਹਾਂ ਦੁਖੀ ਹੋ ਗਿਆ ਹੈ; ਅਤੇ ਜਿੰਨਾ ਵੀ ਉਹ ਦੁਖੀ ਹੋਇਆ ਉਨਾਂ ਹੀ ਉਹਦੇ ਮਨ ਉੱਤੇ ਕੰਨਿਆ ਦਾ ਮੋਹ ਲੈਣ ਵਾਲਾ ਜਾਲ ਵਿਛਿਆ। ਦਿਨੇ ਸ਼ੀਲਾ ਦੇ ਤੁਰ ਜਾਣ ਪਿਛੋਂ ਸੱਜਨ ਨੇ ਉਹਨੂੰ ਪੁੱਛਿਆ ਸੀ......"ਜੇ ਮੇਰੇ 'ਚ ਬੁਰਾਈ ਵੇਖੇਗੀਂ ਤਾਂ ਕੀ ਕਰੇਗੀ ਕੰਨਿਆ ?"

"ਭਾਬੀ — ਵਾਂਗ ਅੱਗ ਲਾ ਕੇ ਮਰ ਜਾਵਾਂਗੀ !"

ਸੱਜਨ ਸਹਿਮ ਗਿਆ। ਥਿੜਕਵੀਂ ਅਵਾਜ਼ 'ਚ ਉਹਨੇ ਕਿਹਾ — 'ਤੂੰ ਪਾਗਲ ਏਂ — ਜ਼ਰੂਰ ਪਾਗਲ ਏਂ !"

ਕੰਨਿਆ ਬੋਲੀ — "ਹੋਰਨਾਂ ਦੀ ਬੁਰਾਈ ਵੇਖ ਕੇ ਉਹਨਾਂ ਨਾਲ ਸੜਨਾਂ ਜਾਂ ਦੂਰ ਹਟ ਜਾਣਾ ਸੌਖਾ ਏ, ਪਰ ਤੇਰੇ ਵਾਸਤੇ ਮੇਰੇ ਕੋਲ ਹੋਰ ਕੋਈ ਚਾਰਾ ਨਹੀ।"

"ਪਰ ਮੰਨ ਲਉ — ਮੰਨ ਲਉ ਸਾਡੀ ਸ਼ਾਦੀ ਨਾ ਹੋਏ, ਸਾਡਾ ਇਹ ਰਿਸ਼ਤਾ ਟੁੱਟ ਜਾਏਗਾ ?"

"ਸ਼ਾਦੀ ਹੋਏ ਨਾ ਹੋਏ, ਪਰ ਸੰਬੰਧ ਨਹੀਂ ਟੁੱਟ ਸਕਦਾ।" ਕੰਨਿਆ ਦੀ ਗੱਲ ਸੱਜਨ ਲਈ ਪਹੇਲੀ ਬਣ ਗਈ। ਅੱਖਾਂ 'ਚੋਂ ਰਸ ਵਰਸਾਉਂਦੀ ਹੱਸਦੀ ਹੋਈ ਬੋਲੀ — "ਰਿਸ਼ਤਾ ਮੈਂ ਬੰਨ੍ਹਿਆ ਏ, ਵਖਰੀ ਗਲ ਹੈ ਕਿ ਉਹਨੂੰ ਰੂਪ ਤੁਸਾਂ ਦਿਤਾ ਏ। ਰੂਪ ਨੂੰ ਸਵਾਰਨਾ ਤੇਰੇ ਹੱਥ 'ਚ ਏ; ਪਰ ਰਿਸ਼ਤੇ ਦਾ ਨਿਬਾਹ ਤਾ ਮੈਂ ਹੀ ਕਰਾਂਗੀ', ਤੂੰ ਨਹੀਂ।"

ਇਸ ਤੋਂ ਬਾਅਦ ਸਾਰਾ ਦਿਨ ਕੰਨਿਆ ਉਹਦੇ ਤੇ ਰਾਜ ਕਰਦੀ ਰਹੀ। ਨਿਸ਼ਚਿਤ ਸਮੇਂ ਤੇ ਉਹ ਉਹਨੂੰ ਲੈ ਕੇ ਕਰਨਲ ਵਲ ਆਈ। ਮਥਰਾ ਤੋਂ ਆਏ ਹੋਏ ਸੱਜਨ ਨੂੰ ਨਾਲ ਲਿਆ, ਵਕੀਲ ਕੋਲ ਗਈ ਅਤੇ ਮੈਜਿਸਟ੍ਰੇਟ ਦੀ ਕੋਠੀ ਜਾ ਕੇ ਆਪਣੀ ਸਵਰਗ-

ਵਾਸੀ ਭਾਬੀ ਦਾ ਖ਼ਤ ਪੇਸ਼ ਕਰ ਦਿਤਾ। ਮੈਜਿਸਟ੍ਰੇਟ ਨੇ ਉਹਦੇ ਬਾਰੇ ਪੁੱਛ ਪੜਤਾਲ ਕਰਨ ਦਾ ਵਿਸ਼ਵਾਸ ਦਿਵਾਇਆ।

ਮੈਜਿਸਟ੍ਰੇਟ ਦੀ ਕੋਠੀ 'ਚੋਂ ਨਿਕਲਣ ਪਿਛੋਂ ਜਦ ਕਰਨਲ ਨੇ ਕੰਨਿਆ ਨੂੰ ਮਹਿਮਾਨ ਵਿਅਕਤੀ ਨਾਲ ਜਾ ਕੇ ਉਹਦੀ ਚੀਜ਼ਾਂ ਵਸਤਾਂ ਖ਼੍ਰੀਦਣ 'ਚ ਮਦਦ ਕਰਨ ਦੀ ਡਿਊਟੀ ਸੌਂਪੀ, ਅਤੇ ਕੰਨਿਆ ਚਲੀ ਗਈ, ਤਾਂ ਸੱਜਨ ਨੂੰ ਇਕ ਤਰ੍ਹਾਂ ਨਾਲ ਬੜਾ ਆਰਾਮ ਮਿਲਿਆ। ਅਜ ਓਹਦੇ ਮਨ 'ਚ ਪੱਕਾ ਨਿਸ਼ਚਾ ਹੋ ਗਿਆ ਸੀ ਕਿ ਕੰਨਿਆ ਉਹਦੇ ਜੀਵਨ 'ਚੋਂ ਹੁਣ ਕਿਸੇ ਤਰ੍ਹਾਂ ਜਾ ਨਹੀਂ ਸਕਦੀ ਅਤੇ ਉਹਨੂੰ ਇਹ ਵੀ ਵਿਸ਼ਵਾਸ ਹੋ ਗਿਆ ਸੀ ਕਿ ਉਹ ਉਹਨੂੰ ਆਪਣੇ ਅਧੀਨ ਕਰਕੇ ਤੋਰੇਗੀ — ਸੱਜਨ ਨੂੰ ਇਸ ਗੱਲ ਦੀ ਪ੍ਰੇਸ਼ਾਨੀ ਸੀ, ਉਹਨੂੰ ਇਸ ਗੱਲ ਕਰਕੇ ਖਿਝ ਚੜ੍ਹ ਰਹੀ ਸੀ। ਉਹਦਾ ਮਨ ਉਸ ਜੰਗਲੀ ਵਾਂਗ ਹੋ ਰਿਹਾ ਸੀ ਜਿਹਨੂੰ ਹੁਣੇ ਹੁਣੇ ਫੜ ਕੇ ਬੀਨ੍ਹਿਆ ਗਿਆ ਹੋਏ। ਅਨੇਕਾਂ ਵਿਦ੍ਰੋਹੀ ਗੱਲਾਂ ਉਹਦੇ ਮਨ 'ਚ ਝੜੀ ਬਣ ਕੇ ਆਪਣੇ ਆਪ ਉਹਦੇ ਮਨ 'ਚ ਤੁਰੀਆਂ ਆਉਂਦੀਆਂ ਸਨ। ਉਹ ਉਹਨਾਂ ਤੋਂ, ਆਪਣੇ ਆਪ ਤੋਂ ਘਬਰਾ ਗਿਆ। ਸੋਚਣ ਲਗਾ, ਉਹ ਪਾਗਲ ਹੋ ਜਾਏਗਾ।

ਸੱਜਨ ਦੀ ਕਾਰ ਗੋਮਤੀ ਦੇ ਕੰਢੇ, ਪਾਗਲਾਂ ਵਾਲੇ ਬਾਬੇ ਦੇ ਆਸ਼ਰਮ ਤੇ ਹੀ ਜਾ ਕੇ ਰੁਕੀ। ਬਾਬੇ ਦਾ ਪਾਗਲਖਾਨਾ ਇਕ ਅਨੋਖਾ ਦ੍ਰਿਸ਼ ਸਾਹਮਣੇ ਲਿਆਉਂਦਾ ਸੀ। ਪੱਕੀ ਬਾਰਾਂਦਰੀ ਵਿਚ ਕੋਲ ਕੋਲ ਅੱਠ ਦਸ ਮੰਜੀਆਂ ਵਿਛੀਆਂ ਹੋਈਆਂ ਸਨ। ਸਾਹਮਣੇ ਫੂਸ ਦਾ ਛੱਪਰ, ਉਹਦੇ ਹੇਠਾਂ ਇਕ ਕੋਨੇ ਵਿਚ ਤਿੰਨ ਲੰਗੋਟੀਆਂ ਵਾਲੇ ਨੌਜਵਾਨ ਰਸੋਈ ਦੇ ਕੰਮ 'ਚ ਲਗੇ ਹੋਏ ਸਨ। ਇਸਤਰੀ ਰੋਗੀਆਂ ਨੂੰ ਛਡ ਕੇ ਬਾਕੀ ਸਭ ਰੋਗੀ ਸੇਵਾ ਸੰਭਾਲ ਕਰਨ ਵਾਲੇ ਬਾਬੇ ਵਾਂਗ ਹੀ ਲੰਗੋਟੀਆਂ ਵਾਲੇ ਸਨ; ਸਿਰ ਸਭਨਾਂ ਦੇ ਹੀ ਮੁੰਨੇ ਹੋਏ ਸਨ। ਦੂਸਰੇ ਕੋਨੇ ਵਿਚ ਇਕ ਚੱਕੀ ਗੱਡੀ ਹੋਈ ਸੀ। ਬਾਹਰ ਖੁਲ੍ਹੀ ਥਾਂ 'ਚ ਬਿਰਧ ਸਾਧੂ ਇਕ ਊਨੀ ਸਵੈਟਰ ਪਾਈ, ਕੰਨਾਂ ਤੇ ਪਰਨਾ ਵਲ੍ਹੇਟੀ ਦੋ-ਤਿੰਨ ਬੰਦਿਆਂ ਨਾਲ ਗੱਲਾਂ ਕਰ ਰਿਹਾ ਸੀ। ਇਕ ਮਾਰਵਾੜੀ ਨੌਜਵਾਨ ਬਾਰਾਂਦਰੀ ਵਿਚ ਬੈਠਾ ਗੀਤਾ, ਪੁਰਾਣ ਆਦਿ ਦਾ ਹਵਾਲਾ ਦੇ ਕੇ ਇਸ ਸੰਸਾਰ ਨੂੰ ਥੋਥਾ ਦਸਦਾ ਹੋਇਆ ਇਸ ਤਰ੍ਹਾਂ ਉਪਦੇਸ਼ ਕਰ ਰਿਹਾ ਸੀ ਜਿਵੇਂ ਹਜ਼ਾਰ ਦੋ ਹਜ਼ਾਰ ਦੀ ਭੀੜ ਉਹਦੇ ਸਾਹਮਣੇ ਬੈਠੀ ਸ਼ਰਧਾ ਨਾਲ ਸੁਣ ਰਹੀ ਹੋਏ। ਇਕ ਠਿਗਣਾ ਬੰਗਾਲੀ ਆਪਣੇ ਸਾਹਬ ਨਾਲ ਹੋਣ ਵਾਲੀਆਂ ਆਪਣੀਆਂ ਤਾਰੀਫ਼ ਵਾਲੀਆਂ ਗੱਲਾਂ ਦੱਸ ਕੇ ਆਪ ਹੀ ਖੁਸ਼ ਹੋ ਰਿਹਾ ਸੀ। ਇਕ ਪਹਿਲਵਾਨ ਦਾ ਪੈਰ ਬਰਾਂਦਰੀ ਦੇ ਥੰਭੇ ਨਾਲ ਜ਼ੰਜੀਰ ਪਾ ਕੇ ਬੀਨ੍ਹਿਆ ਹੋਇਆ ਸੀ। ਉਹ ਆਪਣੇ ਆਪ ਨੂੰ ਛੁਡਾਉਣ ਦੇ ਜਤਨ ਵਿਚ ਜੂਝਦਾ, ਸਾਹਮਣੇ ਬੈਠੇ ਬਾਬੇ ਨੂੰ ਇਕੋ ਸਾਹੇ ਸੈਂਕੜੇ ਗਾਲ੍ਹਾਂ ਸੁਣਾਉਂਦਾ ਉਹਨੂੰ ਕੁਸ਼ਤੀ ਲੜਨ ਲਈ ਥਾਪੀ ਮਾਰ ਕੇ ਲਲਕਾਰ ਰਿਹਾ ਰਿਹਾ ਸੀ। ਦੂਸਰੇ ਥੰਭੇ ਨਾਲ ਬੱਝਾ ਇਕ ਜੰਗਲ ਦਾ ਠੇਕੇਦਾਰ

ਗਾਲ੍ਹਾਂ ਵਿਚ ਪੂਰੀ ਤਰ੍ਹਾਂ ਸਾਥ ਦੇਂਦਾ ਹੋਇਆ ਪਹਿਲਵਾਨ ਨੂੰ ਗਮ ਖਾਣ ਲਈ ਸਮਝਾ ਰਿਹਾ ਸੀ। "ਇਹ ਬਾਬਾ ਸਾਲਾ ਪਾਕਿਸਤਾਨੀ ਏਜੰਟ ਹੈ। ਰੋਜ਼ ਰਾਤ ਨੂੰ ਇਹਦਾ ਹਵਾਈ ਜਹਾਜ਼ ਆਉਂਦਾ ਏ। ਮੇਰਾ ਢਾਈ ਲੱਖ ਰੁਪਿਆ ਲੈ ਗਿਆ। ਅਜ ਰਾਤੀਂ ਏਸ ਸਾਲੇ ਦਾ ਕਤਲ ਕਰਕੇ ਅਸੀਂ ਹਵਾਈ ਜਹਾਜ਼ ਲੈ ਕੇ ਭੱਜ ਜਾਵਾਂਗੇ। ਹਾਲੀ ਚੁੱਪ ਹਾਂ।" ਇਕ ਮਾੜਕੂ ਜਿਹਾ ਸਿੰਧੀ ਜਵਾਨ ਆਪਣੀ ਮੰਜੀ ਤੇ ਪਲੱਥਾ ਮਾਰੀ, ਮੂੰਹ 'ਚ ਪਾਣੀ ਦਾ ਘੁੱਟ ਭਰੀ, ਗੱਲ੍ਹਾਂ ਫੁਲਾਈ ਇੰਜ ਬੈਠਾ ਸੀ ਜਿਵੇਂ ਯੋਗ ਸਾਧ ਰਿਹਾ ਹੋਏ। ਦੋ ਇਸਤਰੀਆਂ ਬਾਲਟੀਆਂ ਵਿਚ ਗੋਮਤੀ 'ਚੋਂ ਪਾਣੀ ਭਰ ਕੇ ਲਿਆ ਰਹੀਆਂ ਸਨ। ਕੈਪਟਨ ਦੀ ਪਾਗਲ ਪਤਨੀ ਸੁੱਤੀ ਪਈ ਸੀ। ਇਸ ਵੇਲੇ ਉਹਦੇ ਸਿਰ ਦੇ ਵਾਲ ਵੀ ਮੁੰਨਵਾ ਦਿਤੇ ਗਏ ਸਨ।

ਸਾਰੇ ਰੌਲੇ ਗੌਲੇ ਤੋਂ ਨਿਆਰਾ ਹੋ ਕੇ ਬਾਬਾ ਆਏ ਹੋਏ ਸੱਜਣਾਂ ਨਾਲ ਗੱਲਬਾਤ ਕਰ ਰਿਹਾ ਸੀ। ਸੱਜਨ ਦੇ ਆਉਂਦਿਆਂ ਹੀ ਬਿਰਧ ਸਾਧੂ ਉੱਠ ਕੇ ਇੰਜ ਖ਼ੁਸ਼ੀ ਨਾਲ ਅਗਾਂਹ ਹੋਇਆ, ਜਿਵੇਂ ਹੁਣ ਤਕ ਉਹਦੀ ਉਡੀਕ ਵਿਚ ਹੀ ਬੈਠਾ ਹੋਏ। ਕਹਿਣ ਲਗਾ — "ਸਾਨੂੰ ਕਰੋੜਾਂ ਦਾ ਧਨ ਮਿਲ ਗਿਆ ਰਾਮ ਜੀ, ਤੁਹਾਡੇ ਆਉਣ ਨਾਲ ਏਨੀ ਪ੍ਰਸੰਨਤਾ ਹੋਈ ਹੈ।" ਫਿਰ ਬੈਠੇ ਹੋਏ ਲੋਕਾਂ ਨੂੰ ਕਿਹਾ — "ਏਹੋ ਰਾਮ ਜੀ ਸਵੇਰੇ ਸਾਡੀ ਮਦਦ ਲਈ ਆਏ ਸਨ। ਇਹਨਾਂ ਨੇ ਉਹਨੂੰ ਇੰਜ ਆਪਣੀਆਂ ਗਲਾਂ 'ਚ ਲਿਆਂਦਾ ਕਿ ਉਹ ਨਾਲ ਤੁਰੀ ਆਈ।"

ਸਾਹਮਣੇ ਬੈਠੇ ਹੋਏ ਪੰਡਤ ਜੀ ਬੋਲੇ — "ਉਪਕਾਰੀ ਜੀਵਾਂ ਦੀ ਕੋਈ ਕਮੀ ਨਹੀਂ ਮਹਾਰਾਜ ! ਇਹਨਾਂ ਲੋਕਾਂ ਕਰਕੇ ਈ ਤਾਂ ਧਰਤੀ ਟਿਕੀ ਹੋਈ ਏ। ਅਜ ਬਾਜ਼ਾਰ ਵਿਚ ਜਦੋਂ ਇਕ ਨੇ ਇਹ ਕਿਹਾ ਕਿ ਉਸ ਔਰਤ ਦਾ ਕਹਿਣਾ ਸੱਚ ਹੋ ਸਕਦਾ ਏ ਬਈ, ਬਾਬਾ ਜੀ ਉਹਦੇ ਨਾਲ ਕੋਈ ਭੈੜ ਕਰਨ — ਮੈਂ ਕਿਹਾ ਮੈਂ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਏਡੇ ਏਡੇ ਮਹਾਤਮਾ — "

"ਮੈਂ ਸੇਵਕ ਆਂ ਰਾਮ ਜੀ — ਨਾ ਸਾਧੂ ਨਾ ਬੈਰਾਗੀ। ਸਾਡੇ ਗੁਰੂ ਨੇ ਸਾਨੂੰ ਦੋ ਉਪਦੇਸ਼ ਦਿਤੇ ਤੇ ਗੁਰੂ ਦਖਸ਼ਣਾ ਵਿਚ ਦੋ ਬਚਨ ਦਿਤੇ। ਜੋ ਉਪਦੇਸ਼ ਵਿਚ ਦਿਤਾ ਓਹੋ ਬਚਨਾਂ ਵਿਚ ਲੈ ਲਿਆ। ਉਪਦੇਸ਼ ਵਿਚ ਦਿਤਾ ਕਿ ਜੱਗ ਨੂੰ ਸਾਡਾ ਰੂਪ ਸਮਝ ਕੇ ਸਾਡੀ ਸੇਵਾ ਕਰਨੀ; ਤੇ ਸਾਡੀ ਸੇਵਾ ਵਿਚ ਮਰਦੇ ਦਮ ਤਕ ਉਕਾਈ ਨਾ ਹੋਏ ਇਸ ਲਈ ਲੰਗੋਟ ਕੱਸ ਕੇ ਰਖਣਾ। ਅਸੀਂ ਤਾਂ ਬਸ ਏਨਾ ਹੀ ਪੜ੍ਹੇ ਆਂ ਰਾਮ ਜੀ।"

ਅਚਾਨਕ ਮੂੰਹ ਵਿਚ ਚੁਲੀ ਭਰੀ ਬੈਠਾ ਸਿੰਧੀ ਨੌਜਵਾਨ ਕਾਹਲੀ ਨਾਲ ਉੱਠਿਆ, ਅਤੇ ਦਲਾਨ ਤਕ ਆਉਂਦਿਆਂ ਆਉਂਦਿਆਂ ਉਹਨੂੰ ਕੈਂਅ ਆਉਣ ਲਗੀ, ਗਭਰੂ ਓਸੇ ਤਰ੍ਹਾਂ ਓਕਦਾ ਹੋਇਆ ਮੋਰੀ ਤਕ ਚਲਿਆ ਗਿਆ। ਉਹਦੇ ਕਪੜੇ ਖਰਾਬ ਹੋਏ, ਥਾਂ ਥਾਂ ਫਰਸ਼ ਖਰਾਬ ਹੋਇਆ।

"ਹੱਤ ਤੇਰੇ ਦੀ ਰਾਮ ਦਿਆ ਭਗਤਾ !" ਕਹਿੰਦਾ ਹੋਇਆ ਬਾਬਾ ਕਾਹਲੀ ਨਾਲ ਉੱਠਿਆ । ਸੱਜਨ ਉਹਦੀ ਆਪਣੇ ਕੰਮ ਲਈ ਉਹਦੀ ਡੂੰਘੀ ਰੁਚੀ ਵੇਖਦਾ ਰਿਹਾ । ਉਹਦੇ ਦਿਮਾਗ ਵਿਚ ਪਾਗਲਖਾਨਾ ਭਾਰੂ ਹੋਣ ਲਗਾ — ਕੇਹਾ ਸਮਾਂ ਹੈ ! ਕਿਸੇ ਦੇ ਘਰ ਜੇਕਰ ਕੋਈ ਪਾਗਲ ਹੋ ਜਾਂਦਾ ਹੈ ਤਾਂ ਸੰਭਾਲਣਾ ਔਖ ਹੋ ਜਾਂਦਾ ਹੈ; ਸਾਰੇ ਘਰ ਦੀਆਂ ਖੋਪਰੀਆਂ ਚੌਵੀ ਘੰਟੇ ਲਈ ਚਿੰਤਾ ਦੀ ਕਿੱਲੀ ਤੇ ਟੰਗੀਆਂ ਜਾਂਦੀਆਂ ਹਨ । ਏਥੇ ਦਸਾਂ ਪੰਦਰਾਂ ਪਾਗਲਾਂ ਦੇ ਜਮਘਟ ਨੂੰ ਬੰਨ੍ਹ ਕੇ ਉਹ ਬਿਰਧ ਸਾਧੂ ਹਰ ਤਰ੍ਹਾਂ ਚੌਕੰਨੀ ਨਜ਼ਰ ਰਖ ਕੇ, ਮਾਰਕੁੱਟ, ਰੌਲਾ-ਬਕਣਾ, 'ਪੁੱਤਰਾ-ਬਚੜਿਆ' ਕਰਨਾ ਫੁਰਤੀ ਨਾਲ ਪ੍ਰਬੰਧ ਕਰਨਾ — ਇਹ ਸਭ ਕੁਝ ਕਰਕੇ ਜਦ ਆਪਣੀ ਚੌਕੀ ਤੇ ਆ ਕੇ ਬੈਠਾ ਤਾਂ ਇੰਜ ਲਗਾ ਜਿਵੇਂ ਉੱਠ ਕੇ ਹੀ ਨਹੀਂ ਗਿਆ ਸੀ, ਉਹਨੇ ਕੁਝ ਵੀ ਨਹੀਂ ਕੀਤਾ, ਉਹਨੂੰ ਕੋਈ ਚਿੰਤਾ ਨਹੀਂ, ਮਗਨ ਹੋ ਕੇ ਮੁਸਕ੍ਰਾਉਣ ਲਈ ਉਹ ਸਦਾ ਮੁਕਤ ਰਹਿੰਦਾ ਹੈ ।

"ਤੁਹਾਡੀ ਕੀ ਸੇਵਾ ਕਰਾਂ ਰਾਮ ਜੀ, ਚਾਹ ਬਣੇ ! ਭੰਗ ਬੂਟੀ ਦਾ ਸ਼ੌਕ ਹੋਏ ਤਾਂ ਉਹ ਵੀ ਪ੍ਰਬੰਧ ਹੋ ਸਕਦਾ ਏ ।"

"ਮੈਨੂੰ ਸਿਰਫ ਤੁਹਾਡੀ ਕ੍ਰਿਪਾ ਚਾਹੀਦੀ ਏ ।"

"ਪਰ ਚਾਹ ਤਾਂ ਰਾਮ ਜੀ ਜ਼ਰੂਰ ਪੀਉ । ਤੁਸੀਂ ਆਸ਼ਰਮ ਵਿਚ ਆਓ ਤੇ ਅਸੀਂ ਤੁਹਾਡੀ ਸੇਵਾ ਨ ਕਰੀਏ —"

"ਸੇਵਾ ਸਾਨੂੰ ਕਰਨੀ ਚਾਹੀਦੀ ਏ ..."

"ਸੇਵਾ ਤਾਂ ਹਰ ਇਕ ਮਨੁੱਖ ਦੀ ਕਰਨੀ ਚਾਹੀਦੀ ਏ ਰਾਮਜੀ । ਓਏ, ਰਮਾ ਸ਼ੰਕਰ, ਚਾਹ ਤਾਂ ਚੜ੍ਹਾ ਪੁੱਤ੍ਰ, ਲੌਂਗ ਇਲਾਇਚੀ ਮਸਾਲਾ ਸਭ ਪਾ ਦਈਂ । ...... ਮੇਰਾ ਤਾਂ ਵਿਚਾਰ ਏ ਰਾਮ ਜੀ ਕਿ ਮਨੁੱਖ ਦੇ ਮਨ ਵਿਚ ਜਦ ਤਾਈਂ ਸੇਵਾ ਭਾਵ ਦੀ ਲੇਸ ਮਾਤਰ ਵੀ ਰਹੇਗੀ ਤਦ ਤਾਈਂ ਉਹ ਆਪਣੀ ਤਾਕਤ ਨਾਲ ਬੁੱਧ ਭਰਿਸ਼ਟ ਹੋਣ ਤੋਂ ਬਚਾਉਂਦਾ ਰਹੇਗਾ ।"

"ਤੁਹਾਡੀ ਇਹ ਗੱਲ ਮੇਰੀ ਸਮਝ 'ਚ ਨਹੀਂ ਆਈ ।"

"ਸੱਚਾ ਸੇਵਕ ਹਮੇਸ਼ਾਂ ਸ਼ਾਂਤਚਿਤ ਤੇ ਸਾਵਧਾਨ ਰਹਿੰਦਾ ਏ । ਆਪਣੀ ਭੁੱਲ ਹੋਣ ਤੇ ਵੀ ਉਹ ਸ਼ਾਂਤੀ ਅਤੇ ਤਰਕ ਦਾ ਪੱਲਾ ਨਹੀਂ ਛੱਡਦਾ, ਰਾਮ ਜੀ, ਇਸ ਗਲ ਦਾ ਬਸ ਏਨਾ ਹੀ ਭੇਦ ਏ ।"

"ਸੱਜਨ ਦੇ ਮਨ ਗੱਲ ਨਾ ਲੱਗੀ, ਉਹਨੇ ਕਿਹਾ — "ਤੁਸੀਂ ਸੇਵਕ ਹੋਣ ਤੇ ਕਿਉਂ ਜ਼ੋਰ ਦੇਂਦੇ ਓ । ਮਨੁੱਖ ਆਪਣਾ ਸੁਆਮੀ ਕਿਉਂ ਨ ਬਣੇ ?"

ਸਾਧੂ ਹੱਸਿਆ, ਉੱਤਰ ਦਿਤਾ – "ਇਕ ਈ ਗੱਲ ਏ ਰਾਮ ਜੀ । ਪੂਰਬ ਆਸ਼ਰਮ 'ਚ ਅਸੀਂ ਮੋਟਰ ਮਕੈਨਿਕ ਰਹੇ । ਅਖੀਰੀ ਮਾਲਕ ਦੀ ਨੌਕਰੀ ਤੋਂ ਛੁੱਟ ਕੇ ਵਿੰਧੀਆਚਲ

ਆ ਗਏ। ਤ੍ਰਿਕੁਟੀ ਵਿਚ ਧਿਆਨ ਸਾਧਿਆ, ਬਿਨਾਂ ਭੋਜਨ, ਬਿਨਾਂ ਪਾਣੀ ਵੇਲਾ ਕੱਟਿਆ — ਪਤਾ ਨਹੀਂ ਕੀ ਕੀ ਟੰਟੇ ਕੀਤੇ। ਓਥੇ ਇਕ ਮਹਾਤਮਾ ਦੇ ਦਰਸ਼ਨ ਭਏ। ਤਾਂ ਉਹਨਾਂ ਕਿਹਾ ਕਿ ਡਿਊਟੀ ਤੋਂ ਮੋਹ ਮੋੜ ਕੇ ਏਥੇ ਕੀ ਢੋਂਗ ਰਚਦਾ ਫਿਰਦਾ ਏਂ — ਜਾਹ ਸੇਵਾ ਕਰ। ਫਿਰ ਅਸੀਂ ਕੀ ਕਰਦੇ ਰਾਮ ਜੀ ? ਜਿਹਨੂੰ ਗੁਰੂ ਮੰਨਿਆ ਉਹਦੀ ਆਗਿਆ ਵੀ ਤਾਂ ਮੰਨਣੀ ਪਏਗੀ। ਤਾਂ ਕਹਿਣ ਦਾ ਸਾਰ-ਅਰਥ ਇਹ ਐ ਕਿ ਆਪਣੀ ਡਿਊਟੀ ਦਾ ਪਾਇਬੰਦ ਹੋਏ ਬਿਨਾਂ ਕੋਈ ਆਪਣਾ ਸੁਆਮੀ ਬਣ ਹੀ ਨਹੀਂ ਸਕਦਾ। ਪਰ ਸਾਨੂੰ ਤਾਂ ਆਪਣੇ ਆਪ ਨੂੰ ਤੁਹਾਡਾ ਸੇਵਕ ਮੰਨਣ ਵਿਚ ਹੀ ਸੰਤੋਸ਼ ਮਿਲਦਾ ਏ — ਤੁਸੀਂ ਰਾਮ ਜੀ ਹੈ।''

ਸੱਜਨ ਨੂੰ ਸਾਧੂ ਦੀਆਂ ਗਲਾਂ ਉਲਝੀਆਂ ਹੋਈਆਂ ਲੱਗੀਆਂ, ਫਿਰ ਵੀ ਉਹਦੀ ਸ਼ਖਸੀਅਤ ਉਹਨੂੰ ਖਿੱਚ ਰਹੀ ਸੀ। ਅਤੇ ਏਸੇ ਖਿੱਚ ਕਾਰਨ ਉਹਦੇ ਸੇਵਾ ਸਿਧਾਂਤ ਨਾਲ ਵਿਰੋਧ ਹੁੰਦਿਆਂ ਵੀ ਉਹਦਾ ਮਨ ਨਾਲ ਦੀ ਨਾਲ ਇਹ ਸਵੀਕਾਰ ਕਰ ਰਿਹਾ ਸੀ ਕਿ ਸਾਧੂ ਦੀ ਸ਼ਖਸੀਅਤ ਦੀ ਖਿੱਚ ਓਹਦਾ ਸੇਵਾ ਲਈ ਬਣਾਇਆ ਪ੍ਰਣ ਹੀ ਏ "ਮੈਂ" — ਸੱਜਨ ਵਰਮਾ – ਸਾਧੂ ਸੰਨਿਆਸੀਆਂ ਕੋਲ ਭਲਾ ਕਿਉਂ ਆਉਂਦਾ ? ਸੇਵਾ ਦੀ ਮਹਿਮਾ ਮਸੀਹ, ਵਿਵੇਕਾਨੰਦ, ਗਾਂਧੀ ਵਰਗੇ ਮਹਾਂਪੁਰਸ਼ਾਂ ਦੀ ਸ਼ਖਸੀਅਤ ਨਾਲ ਵਧੀ ਏ। ਪਰ ਸੇਵਾ ਕਰਨਾ ਬੜਾ ਕਠਨ ਪ੍ਰਣ ਏ। ਸੇਵਾ......ਸੱਜਨ ਦੇ ਮਨ ਵਿਚ ਆਪਣੇ ਚੌਂਹ ਨੌਕਰਾਂ, ਡਰਾਈਵਰ, ਪੁਜਾਰੀ, ਮਾਲੀ, ਰਸੋਈਏ, ਦੀਵਾਨ ਜੀ, ਕਲਰਕ, ਮੁਖਤਾਰਾਂ ਅਤੇ ਪਹਾੜੀ ਚੌਕੀਦਾਰਾਂ ਦੀ ਸੇਵਕ ਸੈਨਾ ਘੁੰਮ ਗਈ। ਇਕ ਆਦਮੀ ਜਿਹੜਾ ਅਨੇਕ ਵਿਅਕਤੀਆਂ ਤੋਂ ਸੇਵਾ ਕਰਾਉਣ ਦਾ ਮਾਇਆ ਕਰਕੇ, ਜਨਮ ਕਰਕੇ ਅਧਿਕਾਰੀ ਰਿਹਾ ਏ, ਜੀਹਦੇ ਅਗੇ ਸੇਵਕ ਸਦਾ 'ਹਜ਼ੂਰ, ਸਰਕਾਰ, ਮਾਈਬਾਪ, ਮਾਲਕ', ਆਦਿ ਸ਼ਬਦਾਂ ਦੀ ਬੁਛਾੜ ਕਰਦੇ ਆਉਂਦੇ ਨੇ, ਤੇ ਜਿਹੜਾ ਹਮੇਸ਼ਾਂ ਉਹਨਾਂ ਨੂੰ ਆਪਣੇ ਤੋਂ ਨੀਵਾਂ ਸਮਝ ਕੇ ਉਹਨਾਂ 'ਉਤੇ ਰੋਹਬ ਰੱਖਣ ਤੇ ਡਾਂਟਣ-ਫਿਟਕਾਰਨ ਦਾ ਆਦੀ ਰਿਹਾ ਏ – ਉਹ ਸੇਵਾ ਦੇ ਆਦਰਸ਼ ਨੂੰ ਇਤਰ ਵਾਂਗ ਸੁੰਘ ਕੇ ਅਨੰਦ ਭਾਵੇਂ ਲੈ ਲਏ, ਪਰ ਸੇਵਾ ਦੇ ਫੁੱਲ ਨੂੰ ਆਪਣੇ ਹੱਥਾਂ 'ਚ ਲੈ ਕੇ ਛੋਹ ਅਤੇ ਖੁਸ਼ਬੋ ਦਾ ਅਨੰਦ ਵੀ ਨਾਲ ਦੀ ਨਾਲ ਗ੍ਰਹਿਣ ਕਰਨਾ ਉਹਦੇ ਵਸੋਂ ਬਾਹਰੀ ਗਲ ਏ। ਸੱਜਨ ਆਪਣੀ ਬੇਵਸੀ ਨੂੰ ਪਛਾਣ ਕੇ ਸੁਖੀ ਨ ਹੋਇਆ, ਉਹਦੀ ਖਿਝ ਵਧੀ। ਉਹ ਆਪਣੀ ਕਾਮ ਭਾਵਨਾ ਤੋਂ ਹਾਰਿਆ ਏ: ਆਪਣੇ ਹੀ ਮੂੰਹੋਂ ਵਾਰ ਵਾਰ ਵਖਿਆਨੇ ਜਾਣ ਵਾਲੇ ਆਦਰਸ਼ ਉੱਤੇ ਅਮਲ ਕਰਨ ਦੀ ਨੈਤਿਕ ਸ਼ਕਤੀ ਵੀ ਉਹਦੇ ਕੋਲ ਨਹੀਂ। ਉਹ ਕਿੰਨਾ ਪਤਿਤ ਏ ! ਬੱਤੀ ਵਰ੍ਹੇ ਬੀਤ ਗਏ, ਉਹਨੇ ਆਪਣੇ ਆਪ ਨੂੰ ਵੀ ਨਹੀਂ ਸਮਝਿਆ। ਹੁਣ ਤਕ ਕਿੰਨੇ ਸਬਰ ਨਾਲ ਠਾਠ ਨਾਲ, ਜੋਸ਼ੀਲੀ ਈਮਾਨਦਾਰੀ ਨਾਲ ਉਹ ਆਪਣੀ ਸ਼ਖਸ਼ੀਅਤ ਦੇ ਸਾਰੇ ਵਿਰੋਧਾਂ ਨੂੰ ਇਕ ਗਠੜੀ 'ਚ ਬੰਨ੍ਹ ਕੇ ਆਪਸੀ

ਖਿੱਚ ਧੂਹ ਤੋਂ ਬਚਿਆ ਆਇਆ ਏ – ਜੋ ਜੀ ਚਾਹਿਆ ਕੀਤਾ, ਜੋ ਮਨ 'ਚ ਆਇਆ ਆਖ ਦਿਤਾ – ਹੁਣ ਆਪਣੀ ਹੋਸ਼ ਆਪਣੀਆਂ ਹੀ ਰੀਝਾਂ ਨੂੰ ਚਪੇੜਾਂ ਮਾਰਦੀ ਏ !... ਤਾਂ ਮੈਂ ਬਹੁਤ ਬੁਰਾ ਆਦਮੀ ਹਾਂ । ਮੈਂ ਅਜ ਤਾਈਂ ਸਭ ਕੁਝ ਗ਼ਲਤ ਈ ਗ਼ਲਤ ਕੀਤਾ ਏ ?"

"ਕੁਝ ਗ਼ਲਤ ਨਹੀਂ ਕੀਤਾ ਰਾਮ ਜੀ ! ਮੁੱਢ 'ਚ ਆਦਮੀ ਗ਼ਲਤੀ ਕਰਕੇ ਹੀ ਅਨੁਭਵ ਪ੍ਰਾਪਤ ਕਰਦਾ ਹੈ । ਅਸੀਂ ਆਪ ਬੀਤੀ ਸੁਣਾਈਏ –"

ਆਪਣੇ ਮਨ ਵਿਚਲੇ ਸਵਾਲ ਦਾ ਉੱਤਰ ਅਚਾਨਕ ਸਾਧੂ ਦੇ ਮੂੰਹੋਂ ਸੁਣ ਕੇ ਸੱਜਨ ਤ੍ਰਭਕ ਪਿਆ। ਸਾਧੂ ਆਪ ਬੀਤੀ ਸੁਣਾ ਰਿਹਾ ਸੀ– "ਪਹਿਲਾਂ ਜਦ ਅਸੀਂ ਮੋਟਰ ਕੰਪਨੀ 'ਚ ਮਿਕੈਨਿਕ ਰਹੇ ਰਾਮ ਜੀ, ਓਸ ਵੇਲੇ ਮੋਟਰਾਂ ਦਾ ਧੰਦਾ ਇਸ ਦੇਸ ਵਿਚ ਨਵਾਂ ਨਵਾਂ ਤੁਰਿਆ ਸੀ. ਮਿਸਤਰੀਆਂ ਦੀ ਕਮੀ ਹੋਣ ਕਰਕੇ ਉਹਨਾਂ ਦੀ ਬੜੀ ਪੁੱਛ ਸੀ, ਅੰਗ੍ਰੇਜ਼ ਲੋਕ ਬੜੀ ਬਖਸੀਸ਼ ਦੇਂਦੇ ਸਨ, ਤਾ ਸਭ ਲਾ ਪਾ ਕੇ ਸਾਡੀ ਆਮਦਨੀ ਦੋ ਢਾਈ ਸੌ ਰੁਪਏ ਦੀ ਸੀ । ਅਸੀਂ ਪਿੰਡ ਥਾ ਦੇ ਮੁੰਡੇ । ਏਨਾ ਕੁਝ ਪ੍ਰਾਪਤ ਕਰਕੇ ਘੁਮੰਡ ਨਾਲ ਕਠੋਰ ਬਣ ਗਏ । ਪੰਜਾਹ ਪਚਵਿੰਜਾ ਵਰ੍ਹੇ ਪਹਿਲਾ ਦੋ ਢਾਈ ਸੌ ਰੁਪਏ ਦੀ ਬੜੀ ਕਦਰ ਹੁੰਦੀ ਸੀ ਰਾਮਜੀ । ਧਨ ਦੇ ਨਸ਼ੇ 'ਚ ਅਸੀਂ ਕੋਟ ਪਤਲੂਣ ਪਾਉਣ ਲੱਗ ਪਏ; ਮਜ਼ੇ ਨਾਲ ਦੋਵੇਂ ਟੈਮ ਨੇਮ-ਕਸਰਤ, ਭੰਗ ਬੂਟੀ, ਦੁੱਧ ਘਿਉ, ਰਬੜੀ ਮਲਾਈ ਦਾ ਸੇਵਨ ਹੋਣ ਲੱਗਾ । ਜੋ ਸੌ ਸਵਾ ਸੌ ਖਾ ਪੀ ਕੇ ਬੱਚਦਾ ਉਹ ਹਰ ਮਹੀਨੇ ਪਿਤਾ ਜੀ ਨੂੰ ਘਲ ਦੇਂਦੇ ਸਾਂ । ਸੋ ਖਾ ਖਾ ਕੇ ਮੋਟੇ ਤੇ ਅੜਬੰਗ ਹੋ ਗਏ । ਦੋ ਗੱਲਾਂ ਈ ਸਾਡੇ ਕੋਲ ਸੱਚੀਆਂ ਸਨ — ਇਕ ਤਾਂ ਅਸੀਂ ਡਿਊਟੀ ਦੇ ਬੜੇ ਪਾਬੰਦ ਸਾਂ, ਦੂਸਰੇ ਲੰਗੋਟ ਦੇ ਬਹੁਤੇ ਕਮਲੇ ਨਹੀਂ ਸਾਂ । ਸਰੀਰ ਕਮਾਉਣ ਦਾ ਸ਼ੌਕ ਸੀ, ਸੋ ਸਭਨਾਂ ਕੋਲੋਂ ਆਕੜ ਕੇ ਤੁਰਦੇ ਸਾਂ । ਇਕ ਵਾਰ ਇਕ ਆਦਮੀ ਨਾਲ ਸਾਡੀ ਦੁਸ਼ਮਣੀ ਹੋ ਗਈ। ਉਹਨੇ ਸਾਡੇ 'ਤੇ ਇਕ ਵਡਾ ਐਬ ਲਾਇਆ; ਮਾਲਿਕ ਕੋਲ ਸ਼ਿਕਾਇਤ ਕੀਤੀ ਕਿ ਮੈਂ ਉਹਦਾ ਪੈਸਾ ਖਾ ਜਾਂਦਾ ਹਾਂ । ਇਸ ਝੂਠੇ ਕਲੰਕ ਨਾਲ ਸਾਨੂੰ ਬੜਾ ਦੁੱਖ ਹੋਇਆ ਰਾਮ ਜੀ, ਬੜਾ ਕ੍ਰੋਧ ਆਇਆ । ਅਸੀਂ ਇਕ ਮੋਟਰ ਟਰੱਕ ਠੀਕ ਕਰ ਰਹੇ ਸਾਂ, ਸ਼ਾਮ ਨੂੰ ਉਹਨੂੰ ਹੀ ਟੈਸਟਿੰਗ ਦੇ ਬਹਾਨੇ ਲੈ ਕੇ ਆਪਣੀ ਕੋਠੜੀ 'ਚ ਆਏ; ਨੇਮ ਆਦਿ ਕੀਤੇ । ਉਸ ਦਿਨ ਭੰਗ ਜ਼ਰਾ ਖ਼ਾਸ ਮਾਤਰਾ ਵਿਚ ਚਾੜ੍ਹੀ; ਤੇ ਸੈਰ ਕਰਦਿਆਂ ਕਰਦਿਆ ਅੱਧੀ ਰਾਤ ਵੇਲੇ ਜਾ ਕੇ ਟ੍ਰੱਕ ਉਹਦੇ ਫੁੱਟਪਾਥ ਤੇ ਚੜ੍ਹਾ ਦਿਤਾ । ਉਹ ਆਦਮੀ ਮੰਜੀ ਸਣੇ ਦਲਿਆ ਗਿਆ ਰਾਮ ਜੀ । ਅਸਾਂ ਤੇਜ਼ੀ ਨਾਲ ਕੰਧ ਤੋੜ ਦਿਆਂ ਢਾਹੁੰਦਿਆ ਗੱਡੀ ਫੁਲ ਸਪੀਡ 'ਚ ਛੱਡ ਦਿਤੀ ਤੇ ਚੱਕਰ ਕੱਟ ਕੱਟਾ ਕੇ ਅੰਤ ਵਿਚ ਆਪਣੇ ਕਾਰਖ਼ਾਨੇ 'ਚ ਪਹੁੰਚੇ । ਸਾਡਾ ਮਾਲਕ ਅੰਗ੍ਰੇਜ਼ ਸੀ।ਉਹਦਾ ਬੰਗਲਾ ਵੀ ਕਾਰਖ਼ਾਨੇ ਵਿਚ ਸੀ।ਅਸਾਂ ਸਾਹਬ ਨੂੰ ਜਾ ਕੇ ਸਾਰਾ ਹਾਲ ਉਹਨੂੰ ਸੱਚ ਸੱਚ ਦਸ ਦਿਤਾ । ਸਾਹਬ ਸਾਡੀ ਡਿਊਟੀ ਤੋਂ ਬੜਾ ਖ਼ੁਸ਼

ਰਹਿੰਦਾ ਸੀ। ਉਹ ਵਿਚਾਰੀਂ ਪੈ ਗਿਆ; ਫਿਰ ਕਿਹਾ ਕਿ ਅੱਛਾ ਜਾ ਤੂੰ ਸਾਨੂੰ ਸਚਾਈ ਦਸ ਕੇ ਵਧੀਆ ਕੰਮ ਕੀਤਾ ਏ, ਅਸੀਂ ਤੈਨੂੰ ਬਚਾ ਲਵਾਂਗੇ; ਪਰ ਹਤਿਆਰੇ ਨੂੰ ਅਸਾਂ ਨੌਕਰ ਨਹੀਂ ਰਖਣਾ।......ਤੇ ਕਹਿਣ ਦਾ ਭਾਵ ਏ ਰਾਮ ਜੀ ਕਿ ਮੂਰਖਤਾ ਵਿਚ ਮਨੁੱਖ ਪਹਿਲਾਂ ਆਪਣੀਆਂ ਗਲਤੀਆਂ ਤੋਂ ਅਨੁਭਵ ਪ੍ਰਾਪਤ ਕਰਦਾ ਏ, ਪਰ ਪਿਛੋਂ ਜੇ ਸਾਵਧਾਨ ਹੋ ਕੇ ਸੋਚੇ ਤਾਂ ਚੰਗੇ ਭਾਵਾਂ, ਚੰਗੇ ਗੁਣਾਂ ਨਾਲ ਚੰਗਾ ਅਨੁਭਵ ਗ੍ਰਹਿਣ ਕਰਨ ਦੀ ਸ਼ਕਤੀ ਲੈਂਦਾ ਹੈ।"

ਸੱਜਨ ਦੇ ਮਨ ਵਿਚ ਇਸ ਕਹਾਣੀ ਦਾ ਅਜੀਬ ਪ੍ਰਭਾਵ ਪਿਆ -- ਉਹਦੇ ਮਨ ਵਿਚ ਨਿਰਦਈ ਹਤਿਆਰੇ ਅਤੇ ਸੱਚੇ ਲੋਕ ਸੇਵਕ ਦੇ ਰੂਪ ਵਿਚ ਸਾਧੂ ਦੇ ਦੋ ਚਰਿਤ੍ਰਾਂ ਦੀ ਟੱਕਰ ਹੋਣ ਲਗੀ। ਉਹਨਾਂ ਲਈ ਆਪਣੀ ਸ਼ਰਧਾ ਨੂੰ ਨ ਤਾਂ ਉਹ ਤੋੜ ਸਕਦਾ ਸੀ ਅਤੇ ਨਾ ਉਸ ਉੱਤੇ ਪੱਕਿਆਂ ਹੋ ਕੇ ਰਿਹਾ ਜਾਂਦਾ ਸੀ। ਸਾਧੂ ਦੇ ਸਾਹਮਣੇ ਉਹਨੂੰ ਬੜੀ ਉਲਝਨ ਮਹਿਸੂਸ ਹੋ ਰਹੀ ਸੀ. ਸਾਧੂ ਫਿਰ ਬੋਲਿਆ — "ਉਲਝਨ ਵਧਾਉਣ ਨਾਲ ਵਧਦੀ ਏ ਅਤੇ ਘਟਾਉਣ ਨਾਲ ਹੌਲੀ ਹੌਲੀ ਮਨ ਦੇ ਤਾਨ ਸੁਲਝ ਜਾਂਦੇ ਨੇ।"

ਸੱਜਨ ਫਿਰ ਤ੍ਰਭਕਿਆ; ਸਾਧੂ ਹੱਸਿਆ, ਕਹਿਣ ਲੱਗਾ — "ਅਸਚਰਜ ਦੀ ਕੋਈ ਗੱਲ ਨਹੀਂ ਰਾਮ ਜੀ। ਗੁਸਾਈਂ ਜੀ ਦੇ ਬਚਨ ਸੱਚੇ ਨੇ, ਕਿ ਸਕਲ ਪਦਾਰਥ ਯਾ ਜੱਗ ਮਾਹੀ, ਕਰਮਹੀਨ ਨਰ ਪਾਵਤ ਨਾਹੀਂ।"

ਬੈਠਿਆਂ ਬੈਠਿਆਂ ਸੱਜਨ ਨੂੰ ਨੀਂਦ ਦੀਆ ਤਿੱਖੀਆਂ ਝੋਕਾਂ ਆਉਣ ਲੱਗੀਆਂ। ਉਹਦੀ ਸੋਚ ਸ਼ਕਤੀ ਖਿੱਲਰ ਪੁਲਰ ਰਹੀ ਸੀ। ਉਹਨੂੰ ਅਚਾਨਕ ਇਹ ਮਹਿਸੂਸ ਹੋਣ ਲਗ ਪਿਆ ਸੀ ਕਿ ਸਾਧੂ ਦੀਆਂ ਪਿਆਰ ਭਰੀਆਂ ਕਾਲੀਆਂ ਪੁਤਲੀਆਂ ਉਹਦੇ ਮਨ ਦੇ ਹਰ ਇਕ ਕੋਨੇ ਵਿਚ ਪ੍ਰਵੇਸ਼ ਕਰ ਰਹੀਆਂ ਸਨ — ਉਹਨਾਂ ਤੋਂ ਜਿਵੇਂ ਕੁਝ ਵੀ ਲੁਕਿਆ ਨਹੀਂ। ਸੱਜਨ ਮਹਿਸੂਸ ਕਰ ਰਿਹਾ ਸੀ ਕਿ ਉਹਦੀ ਹੋਂਦ ਅਲੋਪ ਹੁੰਦੀ ਜਾ ਰਹੀ ਹੈ।

ਸਾਧੂ ਦੀ ਤਿੱਖੀ ਸਨੇਹ ਭਰੀ ਨਜ਼ਰ ਉਹਦੇ ਪਰਦੇ ਪਰਦੇ ਤ ਪੈ ਰਹੀ ਸੀ। ਇੰਜ ਲਗਦਾ ਸੀ ਕਿ ਉਹ ਪੁਲਾੜ ਵਾਂਗ ਦੌੜ ਰਿਹਾ ਹੈ ਅਤੇ ਸਾਧੂ ਦੀ ਨਜ਼ਰ ਸੂਰਜ ਦੀ ਕਿਰਨ ਵਾਂਗ ਪੁਲਾੜ ਨੂੰ ਪਾਰ ਕਰਕੇ ਅਗਾਂਹ ਨਿਕਲ ਜਾਂਦੀ ਹੈ। ਸੱਜਨ ਦੇ ਹੰਕਾਰ ਨੇ ਹਾਰ ਕੇ ਵੀ ਹਾਰ ਮੰਨਣ ਤੋਂ ਇਨਕਾਰ ਕਰ ਦਿਤਾ। ਪਰ ਇਸ ਇਨਕਾਰ ਵਿਚ ਸ਼ਕਤੀ ਨਾ ਭਰ ਸਕਿਆ; ਉਹਦੀ ਸੋਚ ਸ਼ਕਤੀ ਖਿੰਡਰ ਰਹੀ ਸੀ; ਉਹਨੂੰ ਬੈਠਿਆਂ ਬੈਠਿਆਂ ਹੀ ਨੀਂਦ ਦੀ ਵੱਡੀ ਝੋਕ ਆਈ -- ਇਕ ਵਾਰ, ਦੋ ਵਾਰ — ਪਲਕਾਂ ਚੁਕਣੀਆਂ ਭਾਰੀ ਬਣ ਗਈਆਂ। ਸੱਜਨ ਨਿਰਬਲ ਹੋ ਚੁਕਿਆ ਸੀ; ਮਿਰਚ ਮਸਾਲੇਦਾਰ ਚਾਹ ਬੜੇ ਵੇਲੇ ਸਿਰ ਉਹਦੇ ਸਾਹਮਣੇ ਆ ਗਈ।

22

ਬਾਬਾ ਰਾਮ ਜੀ ਦੇ ਆਸ਼ਰਮ ਤੋਂ ਘਰ ਆਉਣ ਸਮੇਂ ਸੱਜਨ ਨੇ ਛੱਤਰ ਮੰਜ਼ਲ ਕੋਲ ਮਹੀਪਾਲ ਨੂੰ ਪੈਦਲ ਆਉਂਦਿਆਂ ਵੇਖਿਆ। ਉਹਨੇ ਗੱਡੀ ਰੋਕ ਕੇ ਮਹੀਪਾਲ ਨੂੰ ਆਵਾਜ਼ ਦਿਤੀ। ਮਹੀਪਾਲ ਦਾ ਚਿਹਰਾ ਉੱਤਰਿਆ ਹੋਇਆ ਉਦਾਸ ਸੀ। ਗੱਡੀ ਵਿਚ ਬਹਿੰਦਿਆਂ ਬੋਲਿਆ — "ਚੰਗਾ ਹੋਇਆ ਤੂੰ ਮਿਲ ਗਿਆ। ਮੈਨੂੰ ਸ਼ੀਲਾ ਦੇ ਘਰ ਛੱਡ ਆ।" ਰਾਹ ਵਿਚਲੀ ਗੱਲ ਬਾਤ ਵਿਚ ਜਦ ਮਹੀਪਾਲ ਨੇ ਆਪਣੇ ਅਤੇ ਸ਼ੀਲਾ ਦੇ ਮਨ ਦੇ ਭਾਵਾਂ ਦੀ ਤੁਲਨਾ ਨਾਲ ਸੱਜਨ ਅਤੇ ਕੰਨਿਆ ਦੇ ਵਧਦੇ ਹੋਏ ਸੰਬੰਧਾਂ ਦੀ ਚਰਚਾ ਛੇੜੀ ਤਾਂ ਸੱਜਨ ਨੇ ਪੈਂਦਿਆਂ ਹੀ ਉਹਦਾ ਵਿਰੋਧ ਕੀਤਾ; ਉਹਨੇ ਕਿਹਾ — "ਸੀਲਾ ਦੀ ਮੈਂ ਇੱਜ਼ਤ ਕਰਦਾ ਹਾਂ, ਪਰ ਕੰਨਿਆ ਨੂੰ ਉਹਦੇ ਮੁਕਾਬਲੇ ਵਿਚ ਲਿਆਉਣ ਲਈ ਬਿਲਕੁਲ ਤਿਆਰ ਨਹੀਂ। ਮੇਰੀ ਮਾਂ ਨੂੰ ਛੱਡ ਕੇ ਕੰਨਿਆ ਆਪਣੇ ਵਿਸ਼ਵਾਸ ਵਿਚ ਉਹਨਾਂ ਸਭ ਤੀਂਵੀਆਂ ਨਾਲੋਂ ਵੱਡੀ ਏ ਜਿਹਨਾਂ ਦੇ ਜੀਵਨ ਨੂੰ ਮੈਂ ਹੁਣ ਤਕ ਕੋਲੋਂ ਵੇਂਹਦਾ ਪਛਾਣਦਾ ਰਿਹਾ ਹਾਂ।"

"ਵਿਸ਼ਵਾਸ ਵਿਚ ਮੈਂ ਵੀ ਆਪਣੀ ਪਤਨੀ ਨੂੰ ਘਟ ਨਹੀਂ ਵੇਖਿਆ ਸੱਜਨ......"

"ਤਾਂ ਫਿਰ ? ਉਹਨੂੰ ਛੱਡ ਕੇ ਸ਼ੀਲਾ... .."

"ਸ਼ੀਲਾ ਮੇਰੇ ਲਈ ਨਸ਼ੇ ਵਾਂਗ ਜ਼ਰੂਰੀ ਏ। ਇਹ ਸਭ ਓਪਰੇ ਨਸ਼ੇ — ਤੂੰ ਜਾਣਦਾ ਏਂ ਕਿ ਮੈਂ ਇਹਨਾਂ ਦਾ ਗ਼ੁਲਾਮ ਨਹੀਂ ਸ਼ੁਕੀਨ ਹਾਂ। ਪਰ ਸ਼ੀਲਾ ਓਪਰਾ ਨਸ਼ਾ ਨਹੀਂ ਉਹਦਾ ਸੰਬੰਧ ਮੇਰੇ ਅੰਦਰ ਨਾਲ ਏ। ਸੱਜਨ, ਮੈਂ ਤੇਰੇ ਨਾਲ ਝੂਠ ਨਹੀਂ ਬੋਲਦਾ, ਜਿੰਨੀ ਉਖੜੀ ਹੋਈ, ਥੱਕੀ ਹੋਈ ਜ਼ਿੰਦਗੀ ਨਾਲ ਮੈਂ ਦਿਨੇ ਰਾਤ ਘੋਲ ਕਰਦਾ ਆਂ, ਉਹਦੀ ਹੋ ਸਕਦੈ ਤੈਂ ਸੁਪਨੇ ਵਿਚ ਵੀ ਕਲਪਨਾ ਨਾ ਕੀਤੀ ਹੋਏ। ਸ਼ੀਲਾ ਮੇਰੇ ਥੱਕੇ ਹੋਏ ਜ਼ਖ਼ਮੀ ਹੰਕਾਰ ਦੀ ਸ਼ਕਤੀ ਏ। ਉਸ ਤੋਂ ਬਿਨਾਂ ਇਕ ਕਰਨਲ ਹੀ ਇਹੋ ਜਿਹਾ ਏ ਜਿਸ ਤੋਂ ਮੈਨੂੰ ਬਲ ਮਿਲਦਾ ਏ! ਬੁਰਾ ਨਾ ਮਨਾਈਂ ਸੱਜਨ, ਉਹਦੇ ਮੁਕਾਬਲੇ ਵਿਚ ਤੂੰ ਵੀ ਮੇਰੇ ਸਾਹਮਣੇ ਭਾਰ ਬਣ ਕੇ ਹੀ ਆਉਂਦਾ ਏਂ।"

ਸੱਜਨ ਨੇ ਕਿਹਾ ਸੀ — "ਹੋ ਸਕਦਾ ਏ। ਪਰ ਤੂੰ ਨਿਰਪੱਖ ਹੋ ਕੇ ਆਪਣੀ ਵਾਈਫ਼ ਦੇ ਮੁਕਾਬਲੇ ਵਿਚ ਸ਼ੀਲਾ ਨੂੰ ਓਸੇ ਤਰ੍ਹਾਂ ਵੱਡਾ ਮੰਨ ਸਕਦਾ ਏਂ ਜਿਸ ਤਰ੍ਹਾਂ ਤੂੰ ਮੇਰੇ ਤੇ ਕਰਨਲ ਦੇ ਮੁਕਾਬਲੇ ਵਿਚ ਕਰਨਲ ਦੇ ਪ੍ਰੇਮ ਨੂੰ ਵੱਡਾ ਮੰਨਦਾ ਏਂ ?"

ਮਹੀਪਾਲ ਕੋਈ ਉੱਤਰ ਨਹੀਂ ਸੀ ਦੇ ਸਕਿਆ। ਸੱਜਨ ਨੇ ਜਜ਼ਬਾਤੀ ਹੋ ਕੇ ਫਿਰ ਕਿਹਾ ਸੀ — "ਮੈਂ ਅਜੇ ਮਨ ਨੂੰ ਜਾਣਦਾਂ। ਏਸ ਵੇਲੇ ਮੈਂ ਜਿੰਨਾ ਡੋਲ ਰਿਹਾ ਆਂ, ਅਨਿਸ਼ਚਿਤ ਆਂ ਓਨਾ ਕਦੇ ਨਹੀਂ ਹੋਇਆ। ਕਦੇ ਸੋਚਦਾਂ ਕੰਨਿਆ ਵਰਗੀ ਜਨੂੰਨੀ

ਜੋਸ਼ ਵਾਲੀ ਕੁੜੀ ਨਾਲ ਜੀਵਨ ਨਿਬਾਹ ਕਰਦਿਆਂ ਮੈਂ ਸ਼ਾਇਦ ਸੁਖੀ ਨਾ ਹੋ ਸਕਾਂ......"

"ਓਸੇ ਤਰ੍ਹਾਂ ਜਿਵੇਂ ਕਲਿਆਣੀ ਮੇਰੇ ਲਈ ਸਮੱਸਿਆ ਬਣ ਜਾਂਦੀ ਏ।"

"ਪਰ ਫਿਰ ਸੋਚਦਾਂ ਕਿ ਇਸ ਖਰੇ ਸੋਨੇ ਵਿਚ ਮੈਂ ਆਪਣੇ ਵਿਸ਼ਵਾਸ ਦੇ ਹੀਰੇ ਨੂੰ ਨਾ ਜੜ ਸਕਿਆ ਤਾਂ ਮੇਰੀ ਜ਼ਿੰਦਗੀ ਹੀ ਵਿਅਰਥ ਏ। ਕੰਨਿਆ ਮੇਰੀਆਂ ਕਮਜ਼ੋਰੀਆਂ ਲਈ ਚੁਨੌਤੀ ਬਣ ਕੇ ਆਈ ਏ।"

"ਇਹਨਾਂ ਦੋਵਾਂ ਨੂੰ ਲੈ ਕੇ ਅਜੇ ਕਿ ਮੇਰੇ ਮਨ ਵਿਚ ਟੈਰੀਬਲ ਖਿੱਚ ਧੂਹ ਚਲ ਰਹੀ ਏ; ਮੇਰੇ ਚਰਿਤ੍ਰ ਦੀਆਂ ਕਮਜ਼ੋਰੀਆਂ ਲੱਖ ਨਾ ਚਾਹੁੰਦਿਆਂ ਵੀ ਮੈਨੂੰ ਆਪਣੀ ਵਲ ਘਸੀਟਦੀਆਂ ਨੇ। ਬਟ ਆਈ ਨੋ, ਅੰਤ ਵਿਚ ਮੇਰੀਆਂ ਕਮਜ਼ੋਰੀਆਂ ਕੰਨਿਆ ਦੇ ਵਿਸ਼ਵਾਸ ਸਾਹਵੇਂ ਗੋਡਿਆਂ ਭਾਰ ਹੋ ਜਾਣਗੀਆਂ।"

ਸੱਜਨ ਦੀਆਂ ਗੱਲਾਂ ਤੋਂ ਮਹੀਪਾਲ ਨੂੰ ਜਾਪਿਆ ਕਿ ਉਹ ਏਦਾਂ ਨਹੀਂ ਕਰ ਸਕੇਗਾ। ਕਲਿਆਣੀ ਨਾਲ ਬੱਝੇ ਰਹਿਣ ਤੇ ਵੀ, ਉਹਦੇ ਲਈ ਉਹ ਸ਼ੀਲਾ ਦਾ ਤਿਆਗ ਨਹੀਂ ਕਰ ਸਕੇਗਾ।

ਸੱਜਨ ਤੋਂ ਵਿਦਾ ਲੈਣ ਦੇ ਝਟ ਕੁ ਪਿਛੋਂ ਸ਼ੀਲਾ ਦੇ ਸੀਨੇ ਵਿਚ ਮੂੰਹ ਲੁਕਾਉਂਦਿਆਂ ਮਹੀਪਾਲ ਨੇ ਉਹਨੂੰ ਕਿਹਾ — "ਐ ਮੇਰੀ ਕਮਜ਼ੋਰੀ ਤੂੰ ਮੇਰਾ ਸਾਥ ਕਦੇ ਨਾ ਛੱਡੀਂ।"

ਸ਼ੀਲਾ ਉਹਦਿਆਂ ਵਾਲਾਂ ਤੇ ਹੱਥ ਫੇਰਦੀ ਹੋਈ ਬੋਲੀ — "ਸਾਥ ਛੱਡਣ ਦਾ ਸਵਾਲ ਈ ਤੇਰੇ ਮਨ 'ਚ ਕਿਉਂ ਆਉਂਦਾ ਏ ? ਥੋੜੀ ਜਿਹੀ ਬਦਨਾਮੀ ਤੋਂ ਹੀ ਏਨਾ ਡਰ ਲਗਣ ਲਗ ਪਿਆ ?"

"ਬਦਨਾਮੀ ਤੋਂ ਨਹੀਂ ਡਰਦਾ ਸ਼ੀਲਾ। ਅਸਲ 'ਚ ਮੈਨੂੰ ਆਪਣੇ ਮਨ 'ਚ ਬੈਠੇ ਹੋਏ ਉਸ ਖ਼ੁਦਾ ਤੋਂ ਡਰ ਲਗਦਾ ਏ ਜਿਹੜਾ ਬਰਾਬਰ ਮੈਨੂੰ ਇਹ ਕਹਿੰਦਾ ਏ — ਤੂੰ ਗ਼ਲਤ ਕਰ ਰਿਹਾ ਏਂ, ਮਹੀਪਾਲ। ਤੂੰ ਕਿਸੇ ਦਾ ਅਧਿਕਾਰ ਖੋਹ ਰਿਹਾ ਏਂ।"

"ਮੈਂ ਇੰਜ ਨਹੀਂ ਮੰਨਦੀ। ਤੂੰ ਜਿਸ ਅਧਿਕਾਰ ਖੁਸਣ ਦੀ ਗੱਲ ਕਰ ਰਿਹਾ ਏਂ, ਮੈਂ ਉਹਨੂੰ ਅਹਿਮੀਅਤ ਨਹੀਂ ਦੇਂਦੀ। ਅਸੀਂ ਇਕ ਦੂਜੇ ਦੀਆਂ ਰੂਹਾਨੀ ਲੋੜਾਂ ਨੂੰ ਪੂਰਾ ਕਰਦੇ ਆਂ; ਜਿਨ੍ਹਾਂ ਨੂੰ ਪੂਰਾ ਕਰਨਾ ਹਰਇਕ ਦਾ ਪੈਦਾਇਸ਼ੀ ਹੱਕ ਹੁੰਦਾ ਏ। ਮੈਂ ਤੇਰੇ ਤੇ ਆਪਣੇ ਨਾਤੇ ਨੂੰ ਪਾਪ ਵੀ ਨਹੀਂ ਮੰਨਦੀ।"

"ਹਾਂ। ਇਕ ਥਾਂ ਆਪਣੇ ਸਾਰੇ ਮਾਰੇਲਿਸਟਕ ਸੰਸਕਾਰ ਵੱਖਰੇ ਕਰਕੇ ਮੈਂ ਵੀ ਇਹ ਸਮਝਦਾ ਆਂ ਕਿ ਅਸੀਂ ਕੋਈ ਪਾਪ ਨਹੀਂ ਕਰ ਰਹੇ। ਫਿਰ ਵੀ ਕਲਿਆਣੀ ਨੂੰ ਲੈ ਕੇ ਸੋਚ ਸ਼ੀਲਾ, ਉਹਦਾ ਜੀਵਨ ਕਿੰਨਾ ਇਕਹਿਰੇ ਵਿਸ਼ਵਾਸ ਵਾਲਾ ਏ।"

"ਠੀਕ ਏ। ਉਹਦੇ ਟੈਂਪਰਾਮੈਂਟ ਨੂੰ ਇਹ ਸੂਟ ਕਰਦਾ ਏ। ਬਹੁਤ ਸਾਰੇ ਇਹੋ ਜਿਹੇ

ਹੁੰਦੇ ਨੇ ਜੋ ਬਿਨਾਂ ਸੋਚੇ ਸਮਝੇ ਜਿਸ ਬੰਧਨ ਨੂੰ ਮੰਨ ਲੈਂਦੇ ਨੇ, ਓਸੇ ਵਿਚ ਸਦਾ ਲਈ ਬੱਝ ਜਾਂਦੇ ਨੇ। ਤੇਰੀ ਵਾਈਫ਼ ਵੀ ਇਹੋ ਜਿਹੀ ਹੀ ਏ; ਪਰ ਅਸੀਂ, ਜੋ ਆਪ ਆਪਣੇ ਜੀਵਨ ਨੂੰ ਆਪ ਆਪਣੇ ਵਿਚਾਰਾਂ ਦੀ ਕਸਵੱਟੀ ਤੇ ਪਰਖਣ ਦੇ ਆਦੀ ਹਾਂ, ਉਹ ਕਿਉਂ ਬੁਰੇ ਆਂ — ਉਹਨਾਂ ਨਾਲੋਂ ਛੋਟੇ ਕਿਉਂ ਆਂ ਜਿਨ੍ਹਾਂ ਨੂੰ ਮਾਰੇਲਸ ਦਾ ਗ਼ੁਲਾਮ ਹੋਣ ਕਰਕੇ ਸ਼ੁਰੂ ਤੋਂ ਹੀ ਇਕ ਵਿਸ਼ਵਾਸ ਵਿਚ ਬੱਝਣ ਦੀ ਆਦਤ ਹੁੰਦੀ ਏ ?"

"ਕੀ ਜਾਣਾ ਸ਼ੀਲਾ, ਦੁਨੀਆਂ ਬੁਰਾ ਕਹਿੰਦੀ ਏ, ਮੈਂ ਵੀ ਸ਼ਾਇਦ ਆਦਤ ਕਾਰਨ ਹੀ ਇੰਜ ਕਹਿੰਦਾ ਹਾਂ......ਕੁਝ ਸਮਝ ਵਿਚ ਨਹੀਂ ਆਉਂਦਾ ......ਕਦੇ ਕਦੇ ਦੁਰਯੋਧਨ ਵਾਂਗ ਹੀ ਇਹ ਕਹਿਣ ਨੂੰ ਜੀਅ ਕਰਦਾ ਏ......

ਜਾਨਾਮਿ ਧਰਮ ਨ ਚ ਮੇ ਪ੍ਰਵ੍ਰਿਤੀ :
ਜਾਨਾਮਯ ਧਰਮ ਨ ਚ ਮੇ ਨਿਵ੍ਰਿਤੀ :

"ਧਰਮ ਨੂੰ ਜਾਣਦਾ ਤਾਂ ਹਾਂ, ਪਰ ਓਸ ਵਲ ਮੇਰਾ ਰੁਝਾਨ ਨਹੀਂ; ਅਧਰਮ ਨੂੰ ਵੀ ਜਾਣਦਾ ਹਾਂ, ਪਰ ਉਸ ਤੋਂ ਮੇਰਾ ਛੁਟਕਾਰਾ ਨਹੀਂ। ਆਪਣੇ ਦਿਲ ਵਿਚ ਬੈਠਿਆ ਹੋਇਆ ਕਿਸੇ ਦੇਵਤੇ ਦੇ ਇਸ਼ਾਰੇ ਤੇ ਜਿਵੇਂ ਉਹ ਮੈਨੂੰ ਨਿਯੁਕਤ ਕਰਦਾ ਏ, (ਆਹ ਕਰਕੇ) ਉਵੇਂ ਹੀ ਕਰਦਾ ਆਂ।"

"ਸਭ ਤੋਂ ਅੱਛੀ ਫ਼ਿਲਾਸਫ਼ੀ ਏਹੋ ਏ। ਇਨਸਾਨ ਨੂੰ ਆਪਣੀਆਂ ਇਮੋਸ਼ਨਲ ਨੀਡਜ਼ ਪਛਾਨਣ ਬਿਨਾਂ ਛੁਟਕਾਰਾ ਨਹੀਂ ਮਿਲ ਸਕਦਾ। ਤੇਰੀ ਵਾਈਫ਼ ਜੇਕਰ ਉਹਨੂੰ ਪੂਰਾ ਕਰ ਲੈਂਦੀ ਤਾਂ ਮੈਂ ਅੱਛੀ ਤਰ੍ਹਾਂ ਜਾਣਦੀ ਹਾਂ, ਤੂੰ ਵੀ ਉਹਦੇ ਵਾਗ ਇਕਹਿਰੇ ਵਿਸ਼ਵਾਸ ਵਾਲਾ ਹੁੰਦਾ। ਏਨਿਆਂ ਵਰ੍ਹਿਆਂ ਵਿਚ ਤੇਰੇ ਚਰਿਤ੍ਰ ਨੂੰ ਮੈਂ ਕਿਸੇ ਵੀ ਵੱਡੇ ਤੋਂ ਵੱਡੇ ਮਾਰੇਲਿਸਟ ਤੋਂ ਘਟ ਨਹੀਂ ਵੇਖਿਆ !"

ਆਪਣੀ ਪ੍ਰਸ਼ੰਸਾ ਸੁਣ ਕੇ ਮਹੀਪਾਲ ਪਿਆਰ ਭਰੀਆਂ ਨਜ਼ਰਾਂ ਨਾਲ ਸ਼ੀਲਾ ਨੂੰ ਵੇਖਣ ਲਗਾ। ਜਜ਼ਬਾਤੀ ਹੁੰਦਿਆਂ ਉਹਨੂੰ ਆਪਣੀਆਂ ਬਾਹਾਂ 'ਚ ਕੱਸ ਲਿਆ। ਉਸ ਵੇਲੇ ਦੋਵੇਂ ਇਕ ਦੂਜੇ ਦੀ ਜੱਫੀ ਵਿਚ ਘੁੱਟੇ ਹੋਏ ਵੀ ਸੈਕਸ ਉਤੇਜਨਾ ਤੋਂ ਦੂਰ, ਇਕ ਤਰ੍ਹਾਂ ਦਾ ਡੂੰਘਾ ਮਾਨਸਕ ਸੰਤੋਖ ਪ੍ਰਾਪਤ ਕਰ ਰਹੇ ਸਨ।

ਕੁਝ ਪਲਾਂ ਵਿਚ ਆਪਣਾ ਆਪ ਸੰਭਾਲ ਕੇ ਮਹੀਪਾਲ ਨੇ ਕਿਹਾ — "ਸ਼ੀਲਾ ਜ਼ਮਾਨੇ ਨੂੰ ਵੇਖਦਿਆਂ ਅਸੀਂ ਅਧਖੜ ਹੋ ਗਏ ਆਂ। ਜੋਸ਼ੀਲੀ ਜਵਾਨੀ ਨੂੰ ਹੁਣ ਤਰਕ ਬੁੱਧੀ ਬੰਨ੍ਹ ਲੈਂਦੀ ਏ। ਸਮਝ ਨਹੀਂ ਆਉਂਦੀ ਭਵਿੱਖ ਸਾਨੂੰ ਕਿਧਰ ਲੈ ਜਾਏਗਾ। ਸਪੱਸ਼ਟ ਏ ਕਿ ਜਿਹੜੀ ਗੱਲ ਹੁਣ ਤਕ ਮੇਰੀ ਘਰ ਵਾਲੀ ਵਿਚ ਲੁਕੀ ਹੋਈ ਸੀ ਉਹ ਹੁਣ ਲੁਕੀ ਨਹੀਂ ਰਹੀ। ਕਲਿਆਣੀ ਤੋਂ ਵਿਦ੍ਰੋਹ ਕਰਕੇ ਮੈਂ ਤੇਰੇ ਨਾਲ ਬੱਝਾ ਰਹਿ ਸਕਦਾ ਸਾਂ, ਪਰ ਆਪਣੇ ਬੱਚਿਆਂ ਦੀ ਜਾਣਕਾਰੀ ਦੇ ਹੁੰਦਿਆਂ ਇਹ ਨਾਤਾ ਕਿਵੇਂ ਨਿਭਾ ਸਕਾਂਗਾ ? ਉਹ ਸਾਡੇ ਬਾਰੇ ਕੀ ਸੋਚਣਗੇ ? ਤੂੰ ਜਿਹਨੂੰ ਮੈਂ ਆਪਣੀ ਪ੍ਰੇਰਨਾ ਦੀ ਦੇਵੀ

ਮੰਨਦਾ ਹਾਂ, ਉਹ ਆਪਣੇ ਪਰਵਾਰ ਨੂੰ ਤੀਲਾ ਤੀਲਾ ਕਰਨ ਵਾਲੀ, ਕੁਟਲ ਤੇ ਨੀਚ ਸਮਝਣਗੇ — ਮੈਂ ਇਹ ਕਿਵੇਂ ਸਹਿ ਸਕਾਂਗਾ ? ਜੇਕਰ ਘਰ ਵਾਲਿਆਂ ਲਈ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹਾਂ ਤਾਂ ਤੇਰੇ ਲਈ ਮੈਂ ਵਫ਼ਾਦਾਰ ਨਹੀਂ ਰਹਿੰਦਾ। ਜੇਕਰ ਤੇਰੇ ਨਾਲ ਸੱਚਾ ਬਣਦਾ ਆਂ ਤਾਂ ਆਪਣੀ ਸਾਰੀ ਜ਼ਿੰਦਗੀ ਨੂੰ ਝੂਠਾ ਬਣਾਉਣਾ ਪਵੇਗਾ।"

"ਕਿਉਂ ?"

"ਮੰਨ ਲਓ, ਮੈਂ ਇਹ ਮੰਨ ਲਵਾਂ ਕਿ ਤੇਰੇ ਬਿਨਾਂ ਨਹੀਂ ਰਹਿ ਸਕਦਾ ਤਾਂ ਮੇਰੇ ਸਾਹਮਣੇ ਸਿਰਫ਼ ਇਹੋ ਇਕ ਉਪਾ ਰਹਿ ਜਾਂਦਾ ਏ ਕਿ ਮੈਂ ਘਰੋਂ ਵਖਰਾ ਰਹਾਂ। ਖ਼ਰਚ ਦੇਣ ਤੋਂ ਬਿਨਾ ਘਰ ਵਾਲਿਆਂ ਨਾਲ ਕੋਈ ਲੈਣ ਦੇਣ ਨਾ ਰਖਾਂ......ਪਰ ਇੰਜ ਕਰਨ 'ਚ ਵੀ ਦਿਕ ਦਿੱਕਤ ਏ। ਮੈਂ ਤੇਰੇ ਨਾਲ ਇਕ ਘਰ ਵਿਚ ਨਹੀਂ ਰਹਿ ਸਕਦਾ। ਦੁਨੀਆਂ ਸਮਝੇਗੀ ਕਿ ਮੈਂ ਤੇਰੇ ਲਈ ਨਹੀਂ ਤੇਰੇ ਪੈਸੇ ਲਈ ਆਪਣਾ ਘਰ ਬਾਰ ਵੀ ਛੱਡ ਦਿਤਾ।"

'ਪਰ ਤੈਨੂੰ ਘਰ ਛੱਡਣ ਦੀ ਕੀ ਲੋੜ ਏ ? ਮੇਰੀ ਸਮਝ 'ਚ ਨਹੀਂ ਆਉਂਦਾ ਕਿ ਤੂ ਇੰਜ ਸੋਚਦਾ ਈ ਕਿਉਂ ਏਂ ?"

"ਤੇ ਹੋਰ ਉਪਾ ਵੀ ਕੀ ਏ ?"

"ਡੋਂਟ ਬੀ ਫੰਨੀ ਡਾਰਲਿੰਗ ! ਤੂੰ ਲੋੜੋਂ ਵਧ ਭਾਵੁਕ ਹੋ ਕੇ ਇਸ ਮਸਲੇ ਨੂੰ ਵਿਚਾਰ ਰਿਹਾ ਏਂ। ਦੋਵੇਂ ਗੱਲਾਂ ਸੱਚ ਨੇ — ਕਲਿਆਣੀ ਤੇ ਬੱਚੇ ਤੇਰੇ ਲਈ, ਅਤਿਅੰਤ ਜ਼ਰੂਰੀ ਨੇ। ਉਹਨਾਂ ਨਾਲੋਂ ਵੱਖਰਾ ਹੋ ਕੇ ਤੂੰ ਇਨਸਾਨੀਅਤ ਤੋਂ ਡਿੱਗ ਪਏਂਗਾ। ਤੇ ਮੈਂ — ਤੇ ਤੂੰ — ਵੱਖਰੇ ਤਾਂ ਹੋ ਸਕਦੇ ਆਂ, ਪਰ ਵੱਖਰਿਆਂ ਹੋ ਕੇ, ਸਾਡੀਆਂ ਜ਼ਿੰਦਗੀਆਂ ਬੁਝ ਜਾਣਗੀਆਂ। ਤੂੰ ਹੁਣੇ ਸੱਚ ਕਿਹਾ ਸੀ ਅਸੀਂ ਲਗ ਭਗ ਅੱਧਖੜ ਹੋ ਚੁਕੇ ਆਂ। ਢਲਦੀ ਉਮਰ ਵਿਚ ਪਿਆਰ ਜਿਸਮਾਨੀ ਜੋਸ਼ ਨਹੀਂ ਸਗੋਂ ਰੂਹਾਨੀ ਆਸਰਾ ਹੁੰਦਾ ਏ। ਪੰਦਰਾਂ ਵੀਹ ਵਰ੍ਹੇ ਪਹਿਲਾਂ — ਅੱਠ ਦਸ ਵਰ੍ਹੇ ਪਹਿਲਾ ਵੀ ਹੋ ਸਕਦਾ ਸੀ ਕਿ ਤੂੰ ਮੇਰੀ ਜ਼ਿੰਦਗੀ ਵਿਚ ਆਉਂਦਾ ਤੇ ਸ਼ਾਇਦ ਬੇਲਾਗ ਤੁਰ ਜਾਂਦਾ। ਜਿਵੇਂ ਤੂੰ ਮੇਰੇ ਮਨ ਨੂੰ ਬੰਨ੍ਹਿਆ ਹੋਇਆ ਏ, ਜੇਕਰ ਉਦੋਂ ਵੀ ਇਹੋ ਹਾਲਤ ਹੁੰਦੀ ਤਾਂ ਸ਼ਾਇਦ ਮੈਂ ਮਹੀਨਾ, ਦੋ ਮਹੀਨੇ, ਹੱਦ ਛੇ ਮਹੀਨੇ ਤੇਰੇ ਵਿਜੋਗ ਵਿਚ ਪਾਗਲ ਰਹਿੰਦੀ ਫਿਰ ਸਭ ਕੁਝ ਭੁੱਲ ਜਾਂਦੀ। ਪਰ ਹੁਣ ਇੰਜ ਨਹੀਂ ਕਰ ਸਕਾਂਗੀ।"

"ਸ਼ੀਲਾ ਕਰ, ਇੰਜ ਈ ਕਰ। ਤੇਰੇ ਨਾਲ ਰਹਿ ਕੇ ਮੇਰਾ ਜੀਵਨ ਭਾਵੇਂ ਸੁਖੀ ਹੋ ਜਾਏ, ਪਰ ਤੂੰ ਸੁਖ ਨਹੀਂ ਪਾ ਸਕੇਂਗੀ। ਸਮਝ ਲੈ ਕਿ ਮੈਂ ਮਰ ਗਿਆ — ਜਾਂ ਬੇਵਫ਼ਾ ਨਿਕਲਿਆ। ਫਿਰ ਦਿਲ ਨੂੰ ਸਮਝਾ ਕੇ ਕਿਸੇ ਭਲੇਮਾਣਸ ਨਾਲ ਵਿਆਹ ਕਰ ਲੈ। ਇਸ ਵਾਰ ਆਪਣੀ ਜ਼ਿੰਦਗੀ ਦਾ ਪਰਮਾਨੈਂਟ ਸੈਟਲਮੈਂਟ ਕਰੀਂ। ਸ਼ਾਦੀ ਮਾਨਵ ਸਮਾਜ ਦੀ ਜ਼ਰੂਰੀ ਰਸਮ ਏ, ਉੱਚਾ ਸਿਧਾਂਤ ਏ। ਹੁਣ ਇਹਨੂੰ ਮੰਨ ਲੈ।"

"ਮੰਨ ਲਿਆ। ਪਰ ਮੇਰੀ ਸ਼ਾਦੀ ਹੋ ਗਈ। ਮੁੜ ਕੇ ਇਸ ਚਰਚਾ ਨੂੰ ਨਾ ਛੇੜੀਂ।"

"ਕਰਨਲ ਸਾਹਿਬ ਦਾ ਟੈਲੀਫ਼ੋਨ ਆਇਆ ਏ ਹਜ਼ੂਰ!" ਨੌਕਰ ਨੇ ਦਰਵਾਜ਼ੇ ਤੇ ਪਏ ਪਰਦੇ ਦੇ ਬਾਹਰ ਖੜੇ ਹੋ ਕੇ ਇਕ। ਦੋਵਾਂ ਨੇ ਤ੍ਰਭਕ ਕੇ ਇਕ ਦੂਸਰੇ ਨੂੰ ਵੇਖਿਆ।

"ਕੀਹਦੇ ਬਾਰੇ ਪੁੱਛ ਰਹੇ ਨੇ?" ਸ਼ੀਲਾ ਨੇ ਸਵਾਲ ਕੀਤਾ।

"ਤੁਹਾਡੇ ਬਾਰੇ ਵੀ ਪੁੱਛਿਆ ਹਜ਼ੂਰ ਤੇ ਸਾਹਬ ਬਾਰੇ ਵੀ।"

"ਜਾਹ, ਤੂੰ ਗੱਲ ਕਰ ਲੈ। ਮੇਰੇ ਬਾਰੇ 'ਚ ਉਹਨੂੰ ਇਹ ਤਾਂ ਪਤਾ ਲਗ ਗਿਆ ਕਿ ਇਥੇ ਈ ਏ, ਪਰ ਇਹ ਕਹਿ ਦਈਂ ਕਿ ਏਸ ਵੇਲੇ ਕਿਸੇ ਨੂੰ ਵੀ ਨਹੀਂ ਮਿਲਣਾ ਚਾਹੁੰਦਾ।"

ਸ਼ੀਲਾ ਗੱਲ ਕਰਨ ਚਲੀ ਗਈ। ਮਹੀਪਾਲ ਹਾਰੇ ਜਿਹੇ ਮਨ ਨਾਲ ਪਲੰਘ ਤੇ ਲੇਟ ਗਿਆ। ਸੋਚਣ ਲਗਾ — 'ਸ਼ਾਇਦ ਘਰੋਂ ਕੋਈ ਪੁੱਛਣ ਆਇਆ ਹੋਏਗਾ। ਕਲ੍ਹ ਸਵੇਰ ਤੋਂ ਘਰ ਨਹੀਂ ਗਿਆ। ਬੱਚੇ, ਕਲਿਆਣੀ ਸਭ ਪਰੇਸ਼ਾਨ ਹੋ ਰਹੇ ਹੋਣਗੇ। ਹੋਣ ਦੇ। ਕਲਿਆਣੀ ਕਿੰਨੀ ਵੱਡੀ ਮੂਰਖ ਏ। ਬਿਨਾਂ ਸੋਚੇ ਸਮਝੇ ਸਭਨਾ ਸਾਹਮਣੇ ਏਡਾ ਵੱਡਾ ਤੂਫ਼ਾਨ ਖੜਾ ਕਰਕੇ ਉਹਨੇ ਮੈਨੂੰ ਕਿਤਿਓਂ ਦਾ ਨਹੀਂ ਰਖਿਆ। ਮੈਂ ਹੁਣ ਉਹਦੀ ਸ਼ਕਲ ਨਹੀਂ ਵੇਖਾਂਗਾ......ਕਦੇ ਨਹੀਂ ਵੇਖਾਂਗਾ।'

ਸ਼ੀਲਾ ਕਮਰੇ ਵਿਚ ਆਈ। ਕੋਲ ਆ ਕੇ ਬੋਲੀ — "ਕਲ੍ਹ ਰਾਤੀਂ ਤੂੰ ਕਿਥੇ ਸੈਂ?"

ਮਹੀਪਾਲ ਨੇ ਕੋਈ ਜਵਾਬ ਨਾ ਦਿਤਾ। ਅੱਖਾਂ ਮੀਟੀ ਪਿਆ ਰਿਹਾ। ਸ਼ੀਲਾ ਨੇ ਫਿਰ ਕਿਹਾ — "ਕਲ੍ਹ ਤੋਂ ਤੂੰ ਘਰ ਨਹੀਂ ਗਿਆ — ਇਹ ਕਿੰਨੀ ਗ਼ਲਤ ਗੱਲ ਏ।"

ਮਹੀਪਾਲ ਕੁਝ ਨਾ ਬੋਲਿਆ। ਸ਼ੀਲਾ ਉਹਦੇ ਕੋਲ ਬੈਠੀ ਉਹਦੇ ਸਿਰ ਤੇ ਹੱਥ ਫੇਰਦੀ ਹੋਈ ਬੋਲੀ — "ਖਾਣਾ ਖਾ ਲੈ। ਫਿਰ ਚਲ ਮੈਂ ਤੈਨੂੰ ਛੱਡ ਆਵਾਂ, ਉਠ।"

"ਘਰ ਨਹੀਂ ਜਾਣਾ। ਕਲ੍ਹ ਰਾਤ ਸੌਂ ਨਹੀਂ ਸਕਿਆ, ਘਰ ਗਿਆ ਤਾਂ ਅੱਜ ਦੀ ਰਾਤ ਵੀ ਕਲ੍ਹਾ ਵਿਚ ਬੀਤ ਜਾਏਗੀ। ਮੈਂ ਹੁਣ ਏਨਾ ਥੱਕ ਚੁਕਾ ਹਾਂ ਕਿ ਆਪਣਾ ਮਾੜਾ ਜ਼ਿਹਾ ਵਿਰੋਧ ਵੀ ਸਹਿ ਨਹੀਂ ਸਕਾਂਗਾ . . । ਕਰਨਲ ਨੂੰ ਫ਼ੋਨ ਕਰ ਦੇ — ਬੱਚਿਆਂ ਨੂੰ ਕਹਿ ਦੇ, ਚਿੰਤਾ ਨਾ ਕਰਨ। ਮੈਂ ਸੱਜਨ ਵਲ ਸੌਂਆਂਗਾ।"

ਗੱਲਾਂ ਦੇ ਪ੍ਰਸੰਗ ਵਿਚ ਸ਼ੀਲਾ ਨੂੰ ਇਹ ਪਤਾ ਲਗ ਗਿਆ ਕਿ ਪਿਛਲੀ ਰਾਤ ਮਹੀਪਾਲ ਨੇ ਠੁਰਕਦਿਆਂ ਹੋਇਆਂ, ਲਾਵਾਰਸਾਂ ਵਾਂਗ ਸ਼ਿਵਾਲੇ ਵਿਚ ਬਿਤਾਈ ਸੀ। ਉਸ ਤੋਂ ਪਿਛੋਂ ਉਹਨੇ ਮਹੀਪਾਲ ਨੂੰ ਜਾਣ ਨਾ ਦਿਤਾ।

ਆਪਣੇ ਚਹੁੰ ਵਰ੍ਹਿਆਂ ਦੇ ਡੂੰਘੇ ਸੰਬੰਧ ਵਿਚ ਪਹਿਲੀ ਵਾਰ ਮਹੀਪਾਲ ਨੇ ਇਸ ਘਰ ਵਿਚ ਪੂਰੀ ਰਾਤ ਕੱਟੀ।

23

ਮਨ ਵਿਚ ਚੋਰ ਲੈ ਕੇ ਸੱਜਨ ਮੱਖਣ ਚੋਰ ਦੀ ਲੀਲਾ-ਭੂਮੀ 'ਚ ਆਇਆ। ਪਛਤਾਵੇ ਦੀ ਅੱਗ ਵਿਚ ਉਹਦਾ ਹੰਕਾਰ ਬਲ ਬਲ ਕੇ, ਵੇਦਨਾ ਨਾਲ ਤਪ-ਤਪ ਕੇ ਕਰੁਣਾ ਬਣ ਗਿਆ ਸੀ। ਵਨ ਕੰਨਿਆ ਉਹਦੇ ਨਾਲ ਇਸ ਯਾਤਰਾ ਵਿਚ ਅੱਠ ਪਹਿਰਾਂ ਦੀ ਪ੍ਰੀਖਿਆ ਵਾਂਗ ਤੁਰ ਰਹੀ ਸੀ। ਮਥੁਰਾ ਵਿਚ ਦੋ ਦਿਨ ਰਹਿਣ ਕਰਕੇ ਵਿਆਕਲਤਾ ਨਾਲ ਸੱਜਨ ਦਾ ਰੋਣਹਾਕਾ ਪੀੜਤ ਮਨ ਉਡ ਕੇ, ਆਪਣੇ ਘਰ ਦੇ ਵੈਸ਼ਨਵ ਸੰਸਕਾਰ ਅਤੇ ਮਾਂ ਦੀ ਕ੍ਰਿਸ਼ਨ ਸੇਵਾ ਦੇ ਪ੍ਰਭਾਵ ਨਾਲ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਜਾ ਲਿਪਟਿਆ। ਸੱਜਨ ਆਪਣੇ ਆਪ ਨੂੰ ਕੰਨਿਆ ਵਲੋਂ ਖਿੱਚੀ ਰਖਦਾ ਸੀ। ਕੰਨਿਆ ਦੇ ਨੇਹੁੰ ਨਾਲੋਂ ਨਾਤਾ ਤੋੜ ਸੱਜਨ ਸ੍ਰੀ ਕ੍ਰਿਸ਼ਨ ਦੀ ਭਗਤੀ ਨਾਲ ਜਾਗ ਕੇ ਆਪਣੇ ਮਨ ਨੂੰ ਬ੍ਰਹਮਚਾਰੀ ਬਣਾ ਰਿਹਾ ਸੀ। ਮਥੁਰਾ ਆ ਕੇ ਉਹਨੇ ਵਨ ਕੰਨਿਆ ਦੀ ਸੁਰਗਵਾਸੀ ਭਰਜਾਈ ਸੰਬੰਧੀ ਹੋਣ ਵਾਲੀ ਕਾਨੂੰਨੀ ਕਾਰਵਈ ਵਿਚ ਜ਼ਰਾ ਜਿੰਨਾ ਵੀ ਹਿੱਸਾ ਨਾ ਲਿਆ। ਸਗੋਂ ਜਾਂਦਿਆਂ ਹੀ ਉਹਨੇ ਕੰਨਿਆ ਨੂੰ ਘਰ ਛੱਡ ਕੇ ਇਕੱਲਿਆ ਮਥੁਰਾ ਵਿਚ ਫਿਰਨਾ ਤੁਰਨਾ ਅਰੰਭਿਆ, ਵਿਸ਼ਰਾਮ ਘਾਟ, ਦਵਾਰਕਾਧੀਸ਼, ਕਿਸ਼ੋਰੀਰਮਣ ਬਿਹਾਰੀ ਜੀ, ਰਾਧਾ ਕ੍ਰਿਸ਼ਨ ਅਤੇ ਪ੍ਰਸਿੱਧ ਮੰਦਰਾਂ ਵਿਚ ਘੁੰਮਦਾ, ਦਰਸ਼ਨ ਕਰਦਾ, ਜ਼ਬਰਦਸਤੀ ਆਪਣੇ ਅੰਗਰੇਜ਼ੀਅਤ ਸੰਸਕਾਰਾਂ ਵਾਲੀ ਸ਼ਖਸੀਅਤ ਨੂੰ ਭੁਲਾ ਕੇ, ਉਹ ਆਪਣੇ ਆਪ ਨੂੰ ਚਿਰ ਤੋਂ ਸੰਸਕਾਰੀ ਹਿੰਦੂ ਵੈਸ਼ਨਵ ਸਮਝਣ ਦਾ ਜਤਨ ਕਰਨ ਲਗਾ। ਉਹ ਆਪਣੇ ਅੰਦਰ ਉਸ ਭਗਤੀ ਪ੍ਰਤਾਪ ਦੇ ਦਰਸ਼ਨ ਕਰਨਾ ਚਾਹੁੰਦਾ ਸੀ ਜਿਹਨੇ ਇਸ ਦੇਸ਼ ਦੇ ਜਨਸਾਧਾਰਣ 'ਚੋਂ ਪਤਾ ਨਹੀਂ ਕਿੰਨਿਆ ਕੁ ਨੂੰ ਅਸਾਧਾਰਣ ਬਣਾ ਦਿਤਾ ਹੈ। ਸੂਰ, ਮੀਰਾ ਆਦਿ ਦੇ ਜੀਅ ਦੀ ਲਗਨ ਜਿਸ ਲਾਲ ਨਾਲ ਲਗੀ ਉਹ ਕੌਣ ਹੈ — ਕੀ ਹੈ?

ਸੱਜਨ ਹੱਠੀ ਬਣਿਆ ਆਪਣੀ ਏਸ ਜਜ਼ਬਾਤੀ ਜਗਿਆਸਾ ਨੂੰ ਮੰਦਰ-ਮੰਦਰ ਦੀ ਹਰ ਮੂਰਤੀ 'ਚੋਂ ਝਾਕਦਾ ਫਿਰਿਆ, ਪਰ ਬ੍ਰਜ ਦੇ ਲਾਡਲੇ ਲਾਲ ਉਹਨੂੰ ਕਿਤੇ ਵੀ ਨਾ ਦਿਸੇ। ਹਰ ਥਾਂ ਅਡੰਬਰ ਸੀ।

ਟਾਂਗੇ ਵਾਲਾ ਉਹਨੂੰ ਘੁਮਾਉਂਦਿਆਂ ਕ੍ਰਿਸ਼ਨ ਜੀ ਦੀ ਜਨਮ ਭੂਮੀ ਵਿਖਾਉਣ ਲੈ ਆਇਆ। ਕ੍ਰਿਸ਼ਨ ਦੀ ਜਨਮ ਭੂਮੀ – ਇਹਦੇ ਧਿਆਨ ਨਾਲ ਹੀ ਸੱਜਨ ਦਾ ਮਨ ਇਕ ਅਜੀਬ ਹੈਰਾਨੀ ਨਾਲ ਭਰ ਗਿਆ। ਉਹ ਕ੍ਰਿਸ਼ਨ ਜੋ ਪ੍ਰਮਾਤਮਾ ਬਣ ਕੇ ਇਸ ਵਿਸ਼ਾਲ ਮਹਾਂਦੀਪ ਵਰਗੇ ਦੇਸ਼ ਵਿਚ ਘਰ ਘਰ ਪੂਜਿਆ ਜਾ ਰਿਹਾ ਏ, ਏਸੇ ਧਰਤੀ ਤੇ ਜੰਮਿਆ ਸੀ। ਪ੍ਰਮਾਤਮਾ ਮਨੁੱਖ ਬਣ ਕੇ ਜੰਮਿਆ ਸੀ। ਧਰਤੀ ਤੇ ਜੰਮੇ ਹੋਏ ਕੰਸ

ਦੀ ਜੇਲ ਵਿਚ ਉਹਨੇ ਜਨਮ ਲਿਆ ਸੀ।

ਉਹ ਕੈਦ ਵਾਲੀ ਥਾਂ, ਸ੍ਰੀ ਕ੍ਰਿਸ਼ਨ ਦੀ ਜਨਮ ਭੂਮੀ, ਉਹਦੀਆਂ ਅੱਖਾਂ ਸਾਹਮਣੇ ਆ ਗਈ। ਭਗਵਾਨ ਦੇ ਜਨਮ ਅਸਥਾਨ ਤੇ ਖ਼ੁਦਾ ਦਾ ਘਰ ਬਣਿਆ ਵੇਖ ਕੇ ਸੱਜਨ ਹੱਕਾ-ਬੱਕਾ ਰਹਿ ਗਿਆ। ਉਹਦੇ ਹਿੰਦੂ ਮਨ ਨੂੰ ਡੂੰਘਾ ਧੱਕਾ ਲਗਾ। ਟਾਂਗੇ ਵਾਲੇ ਨੇ ਉਹਨੂੰ ਇਤਿਹਾਸ ਦਸਣਾ ਆਰੰਭ ਕੀਤਾ — "ਔਰੰਗਜੇਬ ਨੇ ਮੰਦਰ ਤੁੜਵਾ ਕੇ ਉਥੇ ਮਸੀਤ ਖੜੀ ਕਰਵਾ ਦਿਤੀ ਮਹਾਰਾਜ।"

ਸੱਜਨ ਅੰਦਰੋ ਅੰਦਰ ਉੱਬਲ ਪਿਆ। ਉਸ ਸੰਪਰਦਾਈ ਉਬਾਲ ਵਿਚ ਹੀ ਇਕ ਵਾਰ ਅਚਾਨਕ ਉਹਨੂੰ ਇੰਜ ਮਹਿਸੂਸ ਹੋਇਆ ਕਿ ਕ੍ਰਿਸ਼ਨ ਦੀ ਜਨਮ ਭੂਮੀ ਤੇ, ਖੰਡਰਾਂ ਦੇ ਥੜੇ ਤੇ ਸੰਗਮਰਮਰੀ ਪੱਥਰ ਦੀ ਕਲਾਹੀਣ ਮਸੀਤ ਦੀ ਥਾਂ ਕੰਨਿਆ ਖੜੀ ਹੈ। ਕ੍ਰਿਸ਼ਨ ਦੀ ਜਨਮ ਭੂਮੀ ਤੇ ਪਹੁੰਚ ਕੇ ਮਸੀਤ ਤੇ ਕੰਨਿਆ — ਦੋਵਾਂ ਤੋਂ ਟੁੱਟ ਕੇ ਸੱਜਨ ਕ੍ਰਿਸ਼ਨ ਦੇ ਜੋਸ਼ ਨਾਲ ਭਰ ਜਾਣਾ ਚਾਹੁੰਦਾ ਸੀ। ਔਰੰਗਜ਼ੇਬ ਦੀ ਮਸੀਤ ਅਤੇ ਵਨ ਕੰਨਿਆ ਦਾ ਧਿਆਨ — ਇਹਨਾਂ ਦੋਵਾਂ ਤੋਂ ਹੀ ਉਹਦੀ ਧਾਰਨਾ ਡੋਲ ਜਾਂਦੀ ਸੀ। ਤੇ ਉਹ ਆਪਣੇ ਮਨ ਨੂੰ ਜਮਾ ਰਿਹਾ ਸੀ। ਸ੍ਰੀ ਕ੍ਰਿਸ਼ਨ ਦੇ ਧਿਆਨ ਵਿਚ ਆਪਣੇ ਆਪ ਨੂੰ ਲੀਨ ਕਰ ਦੇਣਾ ਚਾਹੁੰਦਾ ਸੀ।

ਮਸੀਤ ਦੇ ਹੇਠਾਂ ਖੰਡਰ ਤੇ ਹੱਥ ਰਖ ਕੇ ਖਲੋਤੇ ਹੋਏ ਸੱਜਨ ਦਾ ਧਿਆਨ ਕੈਦਖਾਨੇ ਦੇ ਦ੍ਰਿਸ਼ ਵਿਚ ਲਗ ਗਿਆ।

..... ਮਸੀਤ ਤੇ ਨਜ਼ਰ ਗਈ। ਸੱਜਨ ਦਾ ਮਨ ਕ੍ਰੋਧ ਨਾਲ ਭਰ ਗਿਆ। ਮਸੀਤ ਇਕ ਅਗਿਆਨਤਾ ਭਰੀ ਸ਼ਕਤੀ ਦਾ ਪ੍ਰਤੀਕ ਬਣ ਕੇ ਉਹਦੇ ਸੰਸਕਾਰਾ ਨਾਲ ਸੱਜੀ ਹੋਈ ਕਲਪਨਾ ਨੂੰ ਉਚਾਈਆਂ ਤੇ ਚੜ੍ਹਨੋਂ ਰੋਕ ਰਹੀ ਸੀ। ਉਹਦੇ ਜੀਅ 'ਚ ਆਉਣ ਲਗਾ ਕਿ ਮਸੀਤ ਢਹਿ ਜਾਏ......ਢਾਹ ਦਿਤੀ ਜਾਏ।

ਇਸ ਸਮੇਂ ਉਹਦੇ ਮਨ ਵਿਚ ਏਲੋਰਾ, ਅਜੰਤਾ ਦੀਆਂ ਗੁਫਾਵਾਂ, ਸੋਮਨਾਥ, ਵਿਸ਼ਵ-ਨਾਥ ਦੇ ਮੰਦਰ ਅਤੇ ਸਭ ਜਾਣੇ ਅਣਜਾਏ ਮੰਦਰਾ, ਮੂਰਤੀਆਂ, ਦਾ, ਜਿਨ੍ਹਾਂ ਨੂੰ ਮੁਸਲ-ਮਾਨਾ ਤੋੜਿਆ ਸੀ, ਨਫਰਤ ਉੱਭਰ ਰਹੀ ਸੀ। ਉਹ ਸੋਚਣ ਲਗਾ ਜਿਸ ਤਰ੍ਹਾਂ ਏਥੋਂ ਕੇਸ਼ਵ ਦਾ ਮੰਦਰ ਤੋੜ ਕੇ ਮਸੀਤ ਖੜੀ ਕੀਤੀ ਗਈ ਏ, ਓਸੇ ਤਰ੍ਹਾ ਜੇ ਦਿੱਲੀ ਦੀ ਜੁੰਮਾ ਮਸਜਿਦ ਤੋੜ ਕੇ ਉਸ ਉਤੇ ਕੇਸ਼ਵਨਾਥ ਦਾ ਮੰਦਰ ਖੜਾ ਕਰ ਦਿਤਾ ਜਾਏ ਤਾ ਮੁਸਲਮਾਨਾਂ ਨੂੰ ਕਿੰਜ ਲਗੇਗਾ ?...... ਪਰ ਸੱਜਨ ਨੂੰ ਮਿੱਤਰਾਂ ਵਾਕਫਕਾਰਾਂ ਵਿਚ ਅਨੇਕਾਂ ਮੁਸਲਮਾਨ ਵੀ ਨੇ। ਉਹਨਾਂ ਮੁਸਲਮਾਨਾਂ ਵਿਚ ਅਨੇਕਾਂ ਬਹੁਤ ਭਲੇ ਲੋਕ ਵੀ ਹਨ। ਮੁਸਲਮਾਨਾਂ ਵਿਚ ਵੀ ਵਡੇ ਵਡੇ ਸੂਫੀ, ਸੰਤ ਪੈਦਾ ਹੋਏ ਹਨ। ਮਸੀਤ ਵਿਚ ਉਹਨੇ ਜਿਹੜੇ ਖੁਦਾ ਨੂੰ ਵੇਖਿਆ ਹੈ, ਕਬੀਰ ਨੇ ਜਿਸ ਨਿਰਗੁਣ ਰਾਮ ਰਹੀਮ ਨੂੰ ਪਛਾਣਿਆ ਹੈ, ਚੈਤੰਨਯ-ਰਸ ਖਾਨ, ਮੀਰਾ, ਜਿਹਦੇ ਉੱਤੇ ਆਸ਼ਕ ਹੋਏ ਹਨ, ਸੂਰ-

ਤੁਲਸੀ ਜਿਹਨਾਂ ਦੇ ਭਗਤ ਬਣ ਕੇ ਤਰ ਗਏ ਉਹ ਭਗਵਾਨ ਵੱਖਰਾ ਵੱਖਰਾ ਨਹੀਂ, ਇਕ ਏ। ਇਹਨਾਂ ਮੁਸਲਮਾਨ ਹਰੀਜਨਾਂ ਤੇ ਰਾਜਰਿਸ਼ੀ ਭਰਤੇਂਦੂ ਕੋਟਨ ਹਿੰਦੂ ਨੰਬਰ ਲੈ ਗਏ ਹਨ।

ਮਸੀਤ ਬਾਰੇ ਆਪਣੇ ਹਿੰਸਾ ਵਾਲੇ ਵਿਚਾਰ ਤੋਂ ਸੱਜਨ ਨੂੰ ਲੱਜਿਆ ਦਾ ਗਿਆਨ ਹੋਇਆ। ਇਸ ਮਸੀਤ ਨੂੰ ਢਾਹੁਣ, ਜਾਂ ਜੁੰਮਾ ਮਸਜਿਦ ਨੂੰ ਕੇਸ਼ਵਨਾਥ ਦੇ ਮੰਦਰ ਦੇ ਰੂਪ ਵਿਚ ਬਦਲਾਉਣ ਵਾਲੀ ਗੱਲ ਉਹਨੂੰ ਹੋਛੀ ਤੇ ਗੰਦੀ ਜਾਪੀ।

ਏਨਾ ਹੋਣ ਤੇ ਵੀ ਕ੍ਰਿਸ਼ਨ ਦੀ ਜਨਮ-ਭੂਮੀ ਤੇ ਖਲੋਤੀ ਹੋਈ ਇਸ ਮਸੀਤ ਨੂੰ ਸੱਜਨ ਦਾ ਮਨ ਬਖਸ਼ ਨ ਸਕਿਆ। ਉਹਦਾ ਗੁੱਸਾ ਉਂਜ ਦਾ ਉਂਜ ਈ ਰਿਹਾ। ਇਹ ਝੂਠ ਦੰਭ ਭਰੀ ਧਾਰਮਿਕਤਾ, ਕਿਸੇ ਵੀ ਰੂਪ ਵਿਚ ਮੁਆਫ਼ ਨਹੀਂ ਕੀਤੀ ਜਾ ਸਕਦੀ। ਹੋ ਗਿਆ, ਸੋ ਹੋ ਗਿਆ, ਅੱਗੇ ਤੋਂ ਹਰ ਤਰ੍ਹਾਂ, ਹਰ ਵਰਗ ਦੀਆਂ ਪਿਛਾਂਹ ਖਿੱਚੂ ਸ਼ਕਤੀਆਂ ਵਿਰੁਧ ਲੜਨਾ ਹੀ ਚਾਹੀਦਾ ਏ। ਇਹਨਾਂ ਨਾਲ ਲੜਨਾ ਮਨੁੱਖ ਦਾ ਫ਼ਰਜ਼ ਹੈ।

......ਹੋ ਗਿਆ ਸੋ ਹੋ ਗਿਆ; ਅਗੇ ਤੋਂ ਸੱਜਨ ਕੰਨਿਆ ਨਾਲ ਕਿਸੇ ਤਰ੍ਹਾਂ ਦਾ ਸੰਬੰਧ ਨਹੀਂ ਰਖੇਗਾ। ਉਹਦੇ ਨਾਲ ਘ੍ਰਿਣਾ......ਨਹੀਂ, ਉਹ ਹੁਣ ਕਿਸੇ ਨਾਲ ਘ੍ਰਿਣਾ ਨਹੀਂ ਕਰ ਸਕਦਾ। ਕੰਨਿਆ ਨਾਲ ਨਫਰਤ ਕਰਨਾ ਤਾਂ ਪਰਲੇ ਦਰਜੇ ਦਾ ਅਨਿਆਂ ਏ। ਕੰਨਿਆ ਦੇ ਚਰਿਤ੍ਰ ਦੀ ਦ੍ਰਿੜ੍ਹਤਾ ਨੇ ਹੀ ਉਹਨੂੰ ਨਵੇਂ ਜੀਵਨ ਦਾ ਰਾਹ ਵਿਖਾਇਆ ਹੈ। ਪਰ ਸੱਚ ਤਾਂ ਇਹ ਹੈ ਕਿ ਉਹਨੇ ਹੀ ਕੰਨਿਆ ਨਾਲ ਨੀਚਤਾ ਕੀਤੀ ਹੈ। ਕ੍ਰੋਧ ਅਤੇ ਵਾਸ਼ਨਾ ਭਰੀ ਬੇਹੋਸ਼ੀ ਦੇ ਇੱਕੋ ਝੋਕੇ ਨਾਲ ਉਹ ਆਪਣਾ ਭਰਮ ਗੁਆ ਬੈਠਾ। ਪਰਸੋਂ ਵਾਲੇ ਕਾਂਡ ਤੋਂ ਪਿਛੋਂ ਉਹ ਕੰਨਿਆ ਦੇ ਸਾਹਮਣੇ ਆਪਣੀ ਨਜ਼ਰ ਨ ਚੁੱਕ ਸਕਿਆ।..... ਅਤੇ ਕੰਨਿਆ ਮਹਾਨ ਹੈ। ਮੈਂ ਨੀਚ ਹਾਂ। ਵਾਸ਼ਨਾ ਦਾ ਕੀੜਾ ਹਾਂ। ਮੇਰੇ ਵਿਚ ਸਵੈ-ਅਭਿਮਾਨ ਨਹੀਂ ਹੈ। ਕੋਰਾ ਘੁਮੰਡੀ ਈ ਹਾਂ। ਘੁਮੰਡੀ ਆਦਮੀ ਦੁਨੀਆਂ ਵਿਚ ਕੁਝ ਹਾਸਲ ਨਹੀਂ ਕਰ ਸਕਦਾ। ਅਤੇ ਫਿਰ ਮੈਂ ਕਿਸ ਗੱਲ ਦਾ ਘੁਮੰਡ ਕਰਾਂ ? ਖਾਨਦਾਨੀ ਪੈਸੇ ਦਾ ? ਪੈਸੇ ਦੀ ਸ਼ਕਤੀ ਅਤੇ ਉਹਦੀ ਗਲਤ ਵਡਿਆਈ ਦੀ ਸਾਖ ਹੁਣ ਹੋਰ ਕਿੰਨੇ ਕੁ ਦਿਨ ਪੂਜੀ ਜਾ ਸਕੇਗੀ ? ਦਸ-ਪੰਦਰਾਂ ਵਰ੍ਹੇ ਜ਼ਿਆਦਾ ਤੋਂ ਜ਼ਿਆਦਾ ! ਵਡਾ ਕਲਾਕਾਰ ਹੋਣ ਦਾ ਘੁਮੰਡ ਕਰਾਂ ? ਅਰਥਾਤ ਚੈਨ ਦੀਆ ਘੜੀਆਂ ਵਿਚ ਵੀ ਆਪਣੇ ਆਪ ਨੂੰ ਧੋਖਾ ਦਿਆਂ ?

ਸੱਜਨ ਆਪਣੀ ਹੀ ਸ਼ਰਮ ਦੇ ਮਾਰਿਆਂ ਪਾਣੀ ਪਾਣੀ ਹੁੰਦਾ ਜਾ ਰਿਹਾ ਸੀ। ਅੰਗਰੇਜ਼ੀਅਤ, ਪਤਵੰਤੇ ਪੁਣੇ, ਸ਼ੁਹਰਤ ਅਤੇ ਹੈਸੀਅਤ ਦੇ ਹਿਮਾਲੇ ਦੀ ਬਰਫ ਜਦ ਪਿਘਲੀ ਤਾਂ ਉੱਚੀਆਂ ਸਿਖਰਾਂ ਤੇ ਟਿਕ ਨਾ ਸਕੀ; ਪਹਾੜੀਆਂ ਤੇ ਤੇਜ਼ ਝਰਨੇ ਵਾਂਗ ਡਿਗ ਕੇ ਛਾਤੀ ਫੁਲਾਉਂਦਾ ਮੈਦਾਨ ਦੀ ਸਤਾਹ ਤੇ ਪ੍ਰਾਰਥਨਾ ਦੀ ਗੰਗਾ ਬਣ ਕੇ ਉੱਤਰ ਆਇਆ। ਸ਼ਰਮਿੰਦਗੀ ਵਿਚ ਕ੍ਰਿਸ਼ਨ ਜਨਮ ਭੂਮੀ ਦੇ ਦਰਸ਼ਕ ਨਾਲ ਜਾਗੇ ਹੋਏ

ਸੰਸਕਾਰ ਜੋੜਕੇ ਪ੍ਰਾਰਥਨਾ ਤੋਂ ਬਿਨਾਂ ਹੋਰ ਕੋਈ ਰੂਪ ਧਾਰ ਹੀ ਨਾ ਸਕੇ।

... ...

ਕਾਲੀ ਉੱਨ ਦੇ ਰੇਸ਼ਿਆਂ ਵਾਂਗ ਸਿਮਟ ਕੇ, ਰਾਤ ਕਾਲੀ ਕਮਲੀ ਵਾਂਗ ਧਰਤੀ ਉੱਤੇ ਪੱਸਰ ਗਈ। ਚਿੰਤਾ ਦੀਆ ਤਾਰਾਂ ਆਪਸ ਵਿਚ ਜੁੜਦੀਆਂ ਹੋਈਆਂ ਕੰਨਿਆ ਦੇ ਮਨ ਦੇ ਸੰਸਾਰ ਤੇ ਕਾਲੀ ਰਾਤ ਵਾਂਗ ਛਾ ਗਏ --- "ਇਹ ਕਿਥੇ ਰਹਿ ਗਏ ? ਇਹਨਾਂ ਨੂੰ ਕੀ ਹੋ ਗਿਆ ?

ਸੱਜਨ ਦੇ ਪਰਤ ਕੇ ਘਟ ਨਾ ਆਉਣ ਕਰਕੇ ਕੰਨਿਆ ਦੇ ਮਨ ਦੀ ਉੱਥਲ ਪੱਥਲ ਦਾ ਪਾਰਾਵਾਰ ਨਹੀਂ ਸੀ। ਉਹਦੀ ਸਵਰਗੀ ਭਰਜਾਈ ਦੀ ਆਪਾਹਜ ਸਹੇਲੀ ਦਸ ਵਾਰ ਪੁੱਛ ਹਟੀ, ਉਹਦੇ ਪਤੀ ਲਾਲਾ ਮੁਰਲੀ ਮਨੋਹਰ ਵੀ ਦੁਕਾਨ ਤੋਂ ਵਾਪਸ ਆ ਕੇ ਕਈ ਵਾਰ ਚਿੰਤਾ ਪ੍ਰਗਟਾ ਚੁਕੇ ਸਨ। ਦਿਨ ਦਾ ਪੱਕਿਆ ਪਕਾਇਆ ਕ੍ਰਿਝਦਾ ਹੀ ਰਹਿ ਗਿਆ, ਭੋਜਨ ਦੀਆਂ ਵਸਤਾਂ ਵੀ ਸੱਜਨ ਦੀ ਅਣਹੋਂਦ ਕਰਕੇ ਸੱਜੀ ਧੱਜੀ ਸੁਹਾਗਣ ਵਾਂਗ ਝਉਂ ਗਈਆ। ਸੱਜਨ ਰਈਸ ਫਿਰ ਮੂੰਹ ਮਲਾਹਜ਼ੇ ਦੇ ਨਾਤੇ ਇਸ ਘਰ ਦਾ ਜਵਾਈ — ਉਹ ਕਿਥੇ ਰਹਿ ਗਿਆ ? ਕਿਉਂ ਨਹੀਂ ਆਇਆ ? ਪੁਲਸ ਵਿਚ ਰੀਪੋਰਟ ਕੀਤੀ ਜਾਏ ?

ਕੰਨਿਆ ਨੇ ਬਾਹਰੋਂ ਤਾਂ ਹੱਸ ਹੱਸ ਕੇ ਸਭ ਨੂੰ ਸਮਝਾ ਦਿਤਾ ਕਿ ਦਾਮਾਦ ਸਾਹਿਬ ਕਲਾਕਾਰ ਹਨ। ਉਹਨਾਂ ਦੇ ਇੰਜ ਗੁੰਮ ਜਾਣ ਤੇ ਕਿਸੇ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ। ਮੰਦਰਾਂ ਦੀ ਸੈਰ ਕਰਨ ਨਿਕਲੇ ਸਨ, ਧੁਨ 'ਚ ਲਗੇ ਹਜ਼ਾਰ ਹੱਥ ਪਰ੍ਹਾਂ ਵਰਿੰਦਾਵਨ ਨੂੰ ਤੁਰ ਗਏ ਹੋਣਗੇ।

ਰਾਤੀਂ, ਆਪਣੇ ਸੌਣ ਵਾਲੇ ਕਮਰੇ ਵਿਚ ਏਕਾਂਤ ਮਿਲਦਿਆਂ ਹੀ ਕੰਨਿਆ ਫੁੱਟ ਕੇ ਰੋ ਪਈ। ਸੱਜਨ ਦਾ ਨਾ ਹੋਣਾ, ਉਹਨੂੰ ਇਸ ਤਰ੍ਹਾਂ ਛੱਡ ਕੇ ਉਹਦਾ ਚਲੇ ਜਾਣਾ ਮਾਣ-ਮੱਤੀ ਕੰਨਿਆ ਤੋਂ ਸਹਿਆ ਨਹੀਂ ਸੀ ਜਾਂਦਾ। — 'ਕਿਤੇ ਇੰਜ ਨਾ ਹੋਏ ਕਿ ਲਖਨਊ ਪਰਤ ਗਏ ਹੋਣ ? ਅਜ ਤਾਂ ਉਹਨਾਂ ਨਾਲ ਕਿਸੇ ਤਰ੍ਹਾ ਦੀ ਕੌੜੀ ਮਿੱਠੀ ਟੱਕਰ ਵੀ ਨਹੀਂ ਹੋਈ। ਹਾਂ, ਪਰਸੋਂ ਸਵੇਰ ਦੀ ਘਟਨਾ ਪਿਛੋਂ ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸਕਿਆ। ਮੈਂ ਉਹਨੂੰ ਆਪਣੇ ਵਲੋਂ ਵਿਸ਼ਵਾਸ ਦਿਵਾਉਣ 'ਚ ਕੋਈ ਕਸਰ ਬਾਕੀ ਨਹੀਂ ਰਖੀ। ਉਹਦੀ ਗਲਤੀ ਦਾ ਕਾਰਨ ਮੇਰੀ ਗਲਤੀ ਹੈ; ਉਹਨੂੰ ਦਸ ਚੁਕੀ ਹਾਂ, ਆਪ ਵੀ ਹੁਣ ਮਹਿਸੂਸ ਕਰ ਰਹੀ ਹਾਂ।'

ਕੰਨਿਆ ਹੰਕਾਰਣੀ ਹੈ। ਨੈਤਿਕਤਾ ਦੀ ਸ਼ਕਤੀ ਉਹਦੇ ਹੰਕਾਰ ਦੀ ਘਾਲਣਾ ਕਰਦੀ ਹੈ। ਘਰ ਦੇ ਗੰਦੇ ਵਾਤਾਵਰਣ ਦੇ ਪ੍ਰਭਾਵ ਵਜੋਂ ਉਹਦਾ ਵਡਾ ਭਰਾ ਅਤੇ ਉਹ

ਅੰਦਰਲੀ ਲੋਅ ਨਾਲ ਜਗ ਕੇ ਬ ਲਗ ਹੋਏ । ਆਪਣੇ ਵਿਆਹ ਦੀ ਟ੍ਰੈਜਿਡੀ ਪਿਛੋਂ ਉਹਦਾ ਵੱਡਾ ਭਰਾ ਤਾ ਜ਼ਿੰਦਗੀ ਨਾਲ ਘੁਲਦਿਆਂ ਘੁਲਦਿਆਂ ਥੱਕ ਕੇ ਪਾਗਲ ਹੋ ਗਿਆ; ਕੰਨਿਆ ਨੇ ਉਹਦੇ ਦਿਮਾਗੀ ਅਸ ਵੇਂਪਨ ਤੋਂ ਵੀ ਨਸੀਹਤ ਲੈ ਕੇ ਆਪਣੀ ਨੈਤਿਕਤਾ ਨੂੰ ਹੋਰ ਜ਼ਿਆਦਾ ਕੱਸਿਆ । ਹਾਂ, ਏਨਾ ਪ੍ਰਭਾਵ ਜ਼ਰੂਰ ਹੋਇਆ ਕਿ ਉਹਦਾ ਅੰਦਰਲਾ ਵਿਦਰੋਹ ਵਧੇਰੇ ਮੂੰਹਫਟ ਹੋ ਗਿਆ । ਉਹ ਮੂੰਹ ਆਏ ਸ਼ਬਦਾਂ ਨਾਲ ਆਪਣੇ ਘਰ ਦੇ ਗਰੂਜਨਾਂ ਦੀਆਂ ਕੁਰੀਤੀਆ ਦੀ ਉਹਨਾਂ ਦ ਮੂੰਹ ਤੇ ਹੀ ਨਿੰਦਿਆ ਕਰਨ ਲਗੀ । ਆਪਣੀ ਇਕ ਅਗਾਂਹ ਵਧੂ ਜਮਾਤਣ ਦੇ ਉਤਸ਼ਾਹ ਨਾਲ ਉਹਦਾ ਲਗਾ ਇੰਡੀਅਨ ਪੀਪਲਜ਼ ਥੀਏਟਰ ਕਮਿਊਨਿਸਟ ਪਾਰਟੀ ਵਾਲਿਆਂ ਅਤੇ ਮਾਰਕਸਵਾਦ ਨਾਲ ਵੀ ਹੋਣ ਲਗਾ । ਉਹਦੀ ਵਿਦਰੋਹੀ ਬਿਰਤੀ ਨੂੰ ਇਹਦੇ ਨਾਲ ਉਤਸ਼ਾਹ ਮਿਲਿਆ । ਪਰ ਆਪਣੇ ਗੁਰੂ ਅਤੇ ਵਡੇ ਭਰਾ ਦੀ ਛਤਰਛਾਇਆ ਹੇਠ ਉਹਦੇ ਨਾਲ ਨਾਲ ਬਾਲਗ ਹੋਣ ਵਾਲੀ ਆਸਤਿਕਤਾ ਵਿਦ੍ਰੋਹ ਕਰਨ ਤੇ ਵੀ ਉਹਦੇ ਮਨ 'ਚੋਂ ਨ ਗਈ । ਇਸ ਤਰ੍ਹਾਂ ਜਿਥੋਂ ਤਕ ਮਨ ਦੇ ਵਿਦਰੋਹ ਨੂੰ ਧੀਰਜ ਦੇਣ ਦੀ ਗੱਲ ਸੀ ਉਥੋਂ ਤਕ ਤਾਂ ਉਹ ਅਗਾਂਹ-ਵਧੂ ਬਣ ਗਈ, ਉਸ ਤੋਂ ਜ਼ਿਆਦਾ ਉਹ ਅਗਾਂਹ ਨਾ ਵਧ ਸਕੀ; ਭਾਵੇਂ ਬੌਧਕ ਅਤੇ ਭਾਵਨਾਤਮਕ ਉਲਝਨਾਂ ਉਹਦੇ ਤੋਂ ਆਪਣੇ ਵਿਚਾਰਾਂ ਨੂੰ ਚੋਖਾ ਰਿੜਕਾਉਂਦੀਆਂ ਰਹੀਆਂ ।

ਉਹਦੀਆਂ ਇਹਨਾਂ ਉਲਝਨਾਂ 'ਚੋਂ ਇਕ ਨਿੱਜੀ ਅਤੇ ਗੁੱਝੀ ਉਲਝਨ ਵੀ ਟੇਢਾ ਕੰਮ ਕਰ ਰਹੀ ਸੀ, ਹੁਣ ਵੀ ਕਰਦੀ ਹੈ । ਟੇਢਾ ਇਸ ਲਈ ਕਿ ਆਪਣੀ ਇਸ ਉਲਝਨ ਨੂੰ ਲੈ ਕੇ ਉਹ ਅਜ ਤਾਈਂ ਉਹ ਕਿਸੇ ਸਾਹਮਣੇ ਆਪਣਾ ਮਨ ਨਹੀਂ ਖੋਲ੍ਹ ਸਕੀ । ਵਡ ਭਰਾ ਦੇ ਲਿਹਾਜ਼ ਦੇ ਮਾਰਿਆਂ ਕੁਝ ਕਿਹਾ ਨਹੀਂ ਜਾ ਸਕਦਾ ਸੀ, ਅਤੇ ਬਾਹਰ ਕਿਸੇ ਨੂੰ ਵੀ ਕਹਿ ਕੇ ਉਹ ਆਪਣੀ ਨੈਤਿਕਤਾ ਸੁੱਚੇ ਚਰਿੱਤਰ ਤੇ ਦਾਗ ਨਹੀਂ ਸੀ ਲਾਉਣ ਦੇਣਾ ਚਾਹੁੰਦੀ । ਅਜ, ਚਵ੍ਹੀਂ ਵਰ੍ਹਿਆ ਦੀ ਉਮਰ ਤਕ, ਸਰੀਰਕ ਪੱਖੋਂ ਬ੍ਰਹਮਚਾਰਣੀ ਹੈ । ਭਾਵੇਂ ਸੰਸਕਾਰਾਂ ਨੇ ਉਹਦੇ ਮਨ ਦੀ ਦੁਨੀਆਂ ਵਿਚ ਬ੍ਰਹਮਚਰਜ ਟੁੱਟਣ ਨਹੀਂ ਦਿਤਾ, ਫਿਰ ਵੀ ਉਹ ਕਾਮ ਭਾਵਨਾ ਨੂੰ ਸਾੜ ਕੇ ਇਸ ਤੋਂ ਬਿਲਕੁਲ ਮੁਕਤ ਨਹੀਂ ਹੋ ਸਕੀ । ਉਮਰ ਦੇ ਲਿਹਾਜ ਨਾਲ ਆਦਮੀ ਅੰਗ-ਸੰਗ ਦੀ ਸਹਿਜ ਸੁਭਾਵਕ ਇੱਛਾ ਉਹਦੇ ਮਨ ਵਿਚ ਕਿਤੇ ਭੁੱਖਣ ਭਾਣੀ ਰੀਂਗਦੀ ਸੀ । ਬਾਪ ਦੀਆਂ ਕਾਮੀ ਕਾਰਸਤਾਨੀਆਂ, ਚਾਚੀ ਦਾ ਨੀਚ ਚਾਲ ਚਲਣ, ਅਤੇ ਉਹਦੀ ਆਪਣੀ ਸੁੰਦਰ ਜਵਾਨੀ ਨੂੰ ਲਾਲਚ ਦੇ ਪਿਆਲੇ ਵਿਚ ਪੀਣ ਵਾਲੀਆਂ ਆਦਮ-ਅੱਖਾਂ, ਅਤੇ ਇਹਨਾਂ ਸਭਨਾਂ ਗੱਲਾਂ ਦੇ ਨਾਲ ਈ ਏਸ ਦੇਸ਼ ਦੇ ਅਨੇਕ ਆਦਰਸ਼ਕ ਪੁਰਖਾਂ ਦੁਆਰਾ ਕਾਮ-ਬਿਰਤੀਆਂ ਨੂੰ ਭੈੜ ਸਮਝਨ ਦੇ ਉਪਦੇਸ਼, ਲੁਕੇ ਰੂਪ ਵਿਚ ਉਹਨੂੰ ਲਗਾਤਾਰ ਦੋ ਸਿਰਾਂ 'ਚ ਵੰਡ ਕੇ ਹੈਰਾਨ ਕਰਦੇ ਰਹਿੰਦੇ ਸਨ, ਕਾਮ ਇੱਛਾ ਅਤੇ ਕਾਮਨਾਸ ਦੀ ਇੱਛਾ ਦੋਵੇਂ

ਇਕੱਠੀਆਂ ਉਹਦੇ ਨਾਲ ਉਲਝਦੀਆਂ ਸਨ । ਸਮਾਜ ਦੇ ਸਰਾਪ ਵਰਗੀ ਉਹਦੀ ਸਵਰਗੀ ਭਰਜਾਈ, ਅਤੇ ਪ੍ਰਵਿਰਤੀ ਦੇ ਸਰਾਪ ਵਰਗੀ ਉਹਦੀ ਜੀਊਂਦੀ ਭਾਬੀ ਦੇ ਉਦਾਹਰਣ ਉਹਨੂੰ ਮਰਦ ਨਾਲ ਨਫਰਤ ਕਰਾਉਂਦੇ ਰਹਿੰਦੇ ਸਨ। ਆਧੁਨਿਕ ਸਮਾਜਕ ਚੇਤਨਾ ਮੁਤਾਬਕ ਪ੍ਰਾਪਤ ਕੀਤੀ ਸਮਝ ਤੋਂ ਵੀ ਉਹ ਏਹੋ ਅਨਭਵ ਕਰਦੀ ਸੀ ਕਿ ਮਾਨਵ ਸਮਾਜ ਵਿਚ. ਮੁੱਖ ਤੌਰ ਤੇ : ਭਾਰਤੀ ਸਮਾਜ ਵਿਚ ਮਰਦਾਂ ਨੇ ਔਰਤ ਦੀ ਦੁਰਗੱਤ ਬਣਾਈ ਹੋਈ ਹੈ। ਇਹਨਾਂ ਸਭ ਗੱਲਾਂ ਦੇ ਹੁੰਦਿਆਂ ਉਹਦੇ ਅੰਦਰ ਸਵੈਮਾਨ-ਮਰਦਪੁਣੇ — ਮਰਦਾਂ ਵਿਰੁਧ ਵਿਦਰੋਹ ਕਰਦਾ ਰਹਿੰਦਾ ਸੀ; ਭਾਵੇਂ ਹੁਣ, ਵਰ੍ਹੇ ਦੋ ਵਰ੍ਹਿਆਂ ਤੋਂ, ਮਾਨਸਕ ਘੋਖ ਦੇ ਪ੍ਰਭਾਵ ਨਾਲ ਉਹਨੇ ਜਿਹੜਾ ਨਵੀਂ ਨੀਤੀ ਵਾਲਾ ਸਿਧਾਂਤ ਲਿਆ ਸੀ, ਉਹਦੇ ਨਾਲ ਉਹ ਕਾਫੀ ਹੱਦ ਤਾਈਂ ਸ਼ਾਂਤ, ਗੰਭੀਰ ਅਤੇ ਸਾਵੀ ਹੋ ਗਈ ਸੀ। ਕੰਨਿਆ ਨੇ ਇਕ ਤਰ੍ਹਾਂ ਨਾਲ ਮਨ ਦੇ ਅੰਦਰੋਂ ਅੰਦਰ ਇਹ ਪਕਾ ਲਿਆ ਸੀ ਕਿ ਜੇਕਰ ਉਹਨੂੰ ਕਦੇ ਆਪਣੇ ਬਰਾਬਰ ਦਾ ਸੰਸਕਾਰੀ, ਸਿਧਾਂਤ-ਵਾਦੀ ਵਿਅਕਤੀ ਮਿਲ ਗਿਆ ਤਾਂ ਉਹ ਵਿਆਹ ਕਰ ਲਏਗੀ।

ਭਾਬੀ ਦੀ ਆਤਮ-ਹੱਤਿਆ ਅਤੇ ਉਹਦੇ ਕਾਰਨ ਹੋਣ ਵਾਲੀ ਪੁਲਸ ਕਾਰਵਾਈ ਦੇ ਸਮੇਂ ਵਿਚਕਾਰ ਉਹਨੂੰ ਸੱਜਨ ਮਿਲ ਗਿਆ। ਚਿਤ੍ਰਕਾਰ ਸੱਜਨ ਦੀ ਮਸ਼ਹੂਰੀ ਤੋਂ ਉਹ ਜਾਣੂ ਸੀ; ਅਗਾਂਹ ਵਧੂ ਕੈਂਪ ਦੇ ਲੋਕ ਉਹਨੂੰ ਆਪਣਾ ਨਾ ਸਮਝਦੇ ਹੋਏ ਵੀ ਉਹਦੇ ਉੱਨਤ ਵਿਚਾਰਾ ਦੀ ਸਲਾਹੁਤਾ ਕਰਦੇ ਸਨ; ਕੰਨਿਆ ਨੇ ਨੁਮਾਇਸ਼ ਵਿਚ ਉਹਦੇ ਚਿਤ੍ਰ ਵੀ ਵੇਖੇ ਸਨ, ਖੁਦ ਵੀ ਉਹਨੂੰ ਦੂਰੋਂ ਵੇਖ ਚੁਕੀ ਸੀ। ਇਸ ਤਰ੍ਹਾਂ ਪ੍ਰਸਿੱਧੀ ਅਤੇ ਉੱਨਤ ਵਿਚਾਰਾ ਦੀ ਪਿਠਭੂਮੀ ਲੈ ਕੇ ਸੱਜਨ ਉਹਨੂੰ ਬੜੇ ਹੀ ਉਤੇਜਨਾ ਵਾਲੇ ਪਲਾਂ ਵਿਚ ਮਿਲਿਆ ਸੀ। ਫਿਰ ਉਹਨੇ ਉਹਦੀ ਸਵਰਗੀ ਭਾਬੀ ਉੱਤੇ ਹੋਏ ਅਨਿਆਂ ਵਿਰੁਧ ਆਵਾਜ਼ ਉਠਾਉਣ ਵਿਚ ਬੜੀ ਸਹਾਇਤਾ ਕੀਤੀ। ਸੱਜਨ ਦੀ ਸ਼ਖਸੀਅਤ ਵੀ ਖਿੱਚਵੀਂ ਸੀ। ਇਹਨਾਂ ਸਭ ਚੀਜ਼ਾਂ ਨੇ ਮਿਲ ਕੇ ਸੱਜਨ ਵਲ ਉਹਦੀ ਅਹਿਸਾਨ ਭਰੀ ਸ਼ਰਧਾ ਜਗਾ ਦਿਤੀ। ਫਿਰ ਸੱਜਨ ਉਹਦੇ ਵਲ ਖਿੱਚਿਆ ਤੁਰਿਆ ਗਿਆ, ਉਹਦੀ ਖਿੱਚ ਵਿਚ ਤੇਜ਼ੀ ਆਈ, ਅਤੇ ਬਹੁਤ ਛੇਤੀ ਹੀ ਉਹਨੇ ਉਸ ਅਗੇ ਆਪਣੀ ਜੀਵਨ ਸਾਥਣ ਬਣ ਜਾਣ ਦਾ ਸੁਝਾ ਵੀ ਰੱਖ ਦਿਤਾ।

ਕੰਨਿਆ ਨੇ ਮਹਿਸੂਸ ਕੀਤਾ ਕਿ ਉਹ ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਮਰਦ ਦੀ ਖਿੱਚ ਦੇ ਘੇਰੇ ਵਿਚ ਬੱਝ ਗਈ ਹੈ। ਅਤੇ ਇਹਦੇ ਨਾਲ ਨਾਲ ਸਵੈ-ਪ੍ਰਸੰਸਾ ਦਾ ਬੂਹਾ ਭੀੜ ਕੇ ਨੈਤਿਕਤਾ ਦੇ ਗੜ੍ਹ ਵਿਚ ਸੁਰਖਿਆ ਨਾਲ ਰਹਿਣ ਵਾਲੀ ਹੰਕਾਰਣੀ ਨਾਰੀ ਨੂੰ, ਮਰਦਾਂ ਨੂੰ ਹੋਛੀ ਅਤੇ ਸ਼ੱਕ ਵਾਲੀ ਨਜ਼ਰ ਨਾਲ ਵੇਖਣ ਵਾਲੀ ਕੰਨਿਆ ਨੂੰ — ਸੱਜਨ ਨੂੰ ਆਖਣੇ ਮਨ ਦਾ ਬੰਨ੍ਹਣ ਮੰਨਣ ਵਿਚ ਝਿਜਕ ਵੀ ਹੁੰਦੀ ਰਹੀ। ਇਸ ਲਈ ਆਪਣੇ ਆਪ ਵਿਚ ਬੇਵੱਸ ਸੀ।

ਬਾਪ ਵਲੋਂ ਘਰੋਂ ਕੱਢੇ ਜਾਣ ਤੇ ਜਦ ਉਹ ਮਹਿਰਿਆਂ ਦੇ ਹਾਤੇ ਵਿਚ ਕੋਠੜੀ ਲੈ ਕੇ ਰਹੀ, ਉਸ ਵੇਲੇ ਕਿਰਾਏ ਦੇ ਕੁੱਤਿਆਂ ਨੇ ਬੋਲੀਆਂ — ਫਬਤੀਆਂ ਕੱਸੀਆਂ, ਨੀਚ ਇਸ਼ਾਰੇ ਕੀਤੇ; ਕੰਨਿਆ ਉਹਨਾਂ ਤੋਂ ਡਰ ਗਈ । ਇਸ ਡਰ ਨੇ ਹੀ ਉਹਦੇ ਮਨ ਵਿਚ ਇਹ ਵਿਸ਼ਵਾਸ ਪੱਕਾ ਕੀਤਾ ਕਿ ਇੱਜ਼ਤ ਵਾਲਾ ਸੁਰਖ਼ਰੂ ਜੀਵਨ ਬਿਤਾਉਣ ਲਈ ਅਜ ਦੀ ਜੁੱਗ ਵਿਚ ਤੀਵੀਂ ਨੂੰ ਇਕ ਮਰਦ ਸਾਥੀ ਜ਼ਰੂਰ ਲੋੜੀਂਦਾ ਹੈ । ਸੱਜਨ ਵਲ ਉਹਦੇ ਮਨ ਦਾ ਬੰਧਨ ਹੋਰ ਪੱਕਾ ਹੋ ਗਿਆ । ਪਰ ਉਹ ਸੱਜਨ ਦੇ ਘਰ, ਏਥੋਂ ਤਕ ਕਿ ਉਹਦੇ ਕਿਰਾਏ ਦੇ ਘਰਾਂ ਵਿਚ ਰਹਿਣ ਲਈ ਨ ਜਾ ਜਾ ਸਕੀ । ਇਹ ਅਜੀਬ ਗੱਲ ਸੀ ਕਿ ਕਰਨਲ ਦੇ ਘਰ ਰਹਿੰਦਿਆਂ ਹੋਇਆਂ ਉਹ ਆਪਣੇ ਆਪ ਨੂੰ ਸੱਜਨ ਦੀ ਰਾਖੀ ਹੇਠ ਹੀ ਮੰਨਦੀ ਸੀ । ਅਤੇ ਇਹ ਵੀ ਅਜੀਬ ਗੱਲ ਸੀ ਕਿ ਮਥਰਾ 'ਚ ਇਕੱਲਿਆਂ ਆਉਣ ਵਿਚ, ਜਾਂ ਸੱਜਨ ਤੋਂ ਬਿਨਾਂ ਆਪਣੇ ਕਰਨਲ ਭਰਾ ਨੂੰ ਵੀ ਨਾਲ ਲਿਆਉਣ ਵਿਚ ਉਹਨੂੰ ਸੰਕੋਚ ਹੋਇਆ ਸੀ ।

ਪਰਸੋਂ ਸੱਜਨ ਨੇ ਉਹਦੇ ਤੇ ਅੰਵਾਈ ਹਮਲਾ ਕੀਤਾ । ਸੱਜਨ ਤੋਂ ਇਸ ਤਰ੍ਹਾਂ ਦੇ ਵਿਚਾਰ ਦੀ ਕਲਪਨਾ ਵੀ ਉਹ ਨਹੀਂ ਸੀ ਕਰ ਸਕਦੀ ।ਉਹਦੇ ਸਵੈਮਾਨ ਨੂੰ ਡਾਢਾ ਧੱਕਾ ਲੱਗਾ । ਇਹ ਹੁੰਦਿਆਂ ਵੀ ਸੱਜਨ ਵਲੋਂ ਹੋਏ ਵਰਤਾਉ ਨਾਲ ਉਹਦੇ ਮਨ ਦੀਆਂ ਹਜ਼ਾਰ ਤਹਿਆਂ ਤਕ ਵੀ ਗੁਦਗੁਦੀ ਮਹਿਸੂਸ ਹੋਈ । ਉਹਨੂੰ ਆਰਾਮ ਮਿਲਿਆ । ਸਮਝ ਨਾ ਆਉਣ ਵਾਲਾ, ਓਪਰੀ ਪੱਧਰ ਤੇ ਪ੍ਰਗਟ ਹੋਣ ਵਾਲਾ ਇਕ ਅਜੀਬ ਤਰਕ ਕਰਕੇ ਉਹਦਾ ਮਨ ਸੱਜਨ ਨਾਲ ਹੋਰ ਜ਼ਿਆਦਾ ਪਕਿਆਈ ਨਾਲ ਬੱਝ ਗਿਆ । ਇਸ ਤੋਂ ਪਿਛੋਂ ਸਮਝ ਨਾਲ ਕੰਮ ਲੈ ਕੇ ਸੱਜਨ ਦੇ ਪਛਤਾਵੇ ਨੂੰ ਦੂਰ ਕਰਦਿਆਂ ਹੋਇਆਂ, ਉਹਦੀ ਗਲਤੀ ਲਈ ਆਪਣੇ ਹੰਕਾਰ ਨੂੰ ਹੀ ਜ਼ਿਆਦਾ ਦੋਸ਼ੀ ਮੰਨ ਕੇ ਏਥੋਂ ਤਕ ਰਾਜ਼ੀ ਹੋ ਗਈ ਕਿ ਸੱਜਨ ਜਦ, ਜਿਸ ਸਮੇਂ ਚਾਹੇ, ਉਹ ਉਹਦੇ ਨਾਲ ਵਿਆਹ ਕਰਨ ਲਈ ਤਿਆਰ ਹੈ ।.........

......ਤੇ ਅਜ ਸੱਜਨ — ? ਕੀ ਉਹ ਉਹਨੂੰ ਛਡ ਗਿਆ ? ਜੇਕਰ ਉਹਨੇ ਛੱਡਣਾ ਹੀ ਸੀ ਤਾਂ ਇਸ ਓਪਰੇ ਸ਼ਹਿਰ, ਓਪਰੇ ਘਰ, ਓਪਰੀਆ ਨਜ਼ਰਾਂ ਵਿਚ ਇੰਜ ਮਜ਼ਾਕ ਦਾ ਸਾਮਾਨ ਬਣਾ ਕੇ ? ਰਮਾ ਭਾਬੀ ਕੀ ਸੋਚਦੀ ਹੋਏਗੀ ? ਹੋ ਸਕਦਾ ਹੈ ਉਹ ਅਤੇ ਉਹਦਾ ਪਤੀ ਏਸ ਵੇਲੇ ਆਪਣੇ ਕਮਰੇ ਵਿਚ ਬੈਠੇ ਸਾਡੀ ਚਰਚਾ ਹੀ ਕਰਦੇ ਹੋਣ ! ਪਤਾ ਨਹੀਂ ਕੀ ਕਹਿੰਦੇ ਸੋਚਦੇ ਹੋਣਗੇ ? ਇਹਨੇ ਮੈਨੂੰ ਅੱਖਾਂ ਚੁੱਕਣ ਜੋਗਾ ਨਹੀਂ ਛੱਡਿਆ । — ਕਿਤੋਂ ਦਾ ਨਹੀਂ ਛੱਡਿਆ !"

ਪਾਣੀ 'ਚੋਂ ਬੁੜ੍ਹਕ ਕੇ ਪਈ ਹੋਈ ਮੱਛੀ ਵਾਂਗ ਕੰਨਿਆ ਤੜਫਦੀ ਰਹੀ । ਮਾਣ ਦੇ ਤੀਰ — ਅੱਥਰੂ — ਵੀ ਤਰਕਸ਼ ਖਾਲੀ ਕਰ ਗਏ । ਜੀ ਹੌਲਾ ਹੋਇਆ; ਪਰ ਖੋਖਲਾ ਹੋ ਗਿਆ, ਜਿਹਨੂੰ ਉਹ ਠੰਡੀਆਂ ਆਹਾਂ ਨਾਲ ਭਰਦੀ ਰਹੀ ।

ਇਕ ਜੋਸ਼, ਇਕ ਰੂਪ ਵਿਚ ਲੀਨ ਹੋ ਕੇ ਵਨ-ਕੰਨਿਆ — ਇਕ ਪੜ੍ਹੀ ਲਿਖੀ, ਤੇਜ਼-ਤਰਾਰ, ਬਲੀ ਨਾਰੀ — ਕਵਿਤਾ ਵਿਚ ਗਾਈ ਗਈ ਵਿਜੋਗਣ ਇਸਤਰੀ ਵਾਂਗ ਸੁੱਧ-ਬੁੱਧ ਹੀਣੀ ਹੋ ਕੇ ਪੱਥਰ ਬਣ ਗਈ। ਮਾਰਕਸ, ਗਾਂਧੀ — ਆਦਿ ਦਾ ਦਰਸ਼ਨ, ਬਹਿਸ-ਮਬਾਹਿਸਾ, ਇਲੈਕਸ਼ਨ, ਰਾਜਨੀਤੀ, ਇਸਤਰੀ-ਸਵਤੰਤਰਾ, ਸਾਹਿਤ, ਕਲਾ ਅਤੇ ਸੰਸਕ੍ਰਿਤੀ — ਗਿਆਨ ਵਿਗਿਆਨ ਭਰੀ, ਹਲਚਲ ਭਰੀ ਓਪਰੀ ਦੁਨੀਆਂ ਤੋਂ ਉਹ ਏਸੇ ਤਰ੍ਹਾਂ ਅਹਿਸਾਸ-ਹੀਣ ਹੋ ਗਈ ਜਿੱਦਾਂ ਨੀਂਦ ਵਿਚ ਦੇਹ ਵਿਸਰ ਜਾਂਦੀ ਹੈ। ਪਰ ਇਹ ਨੀਂਦ, ਬੇਹੋਸ਼ੀ ਜਾਂ ਜੜਤਾ ਨਹੀਂ ਸੀ, ਇਕ ਐਸੀ ਹੋਸ਼ ਦੀ ਜਾਗਰਤੀ ਸੀ ਜਿਸ ਵਿਚ ਆਦਮੀ ਆਪਣਾ ਆਪਾ ਗੁਆ ਕੇ ਆਪਣੇ ਆਪ ਨੂੰ ਲੱਭ ਲੈਂਦਾ ਹੈ। ਬਿਰਹਣ ਦੇ ਨੈਣਾਂ ਨੇ ਅਜੇਹੀ ਵੇਲ ਬੀਜੀ ਕਿ 'ਸਿੰਜੇ ਨੀਰ ਨੈਣਾਂ ਦਾ ਸੱਜਣੀ ਜੜ੍ਹ ਪਤਾਲ ਗਈ।' ਇਸ ਵੇਲੇ ਕੰਨਿਆ ਕੰਨਿਆ ਨਹੀਂ ਸੀ — ਉਹਦਾ ਅੰਦਰ-ਬਾਹਰ ਇਕ-ਮਿਕ ਹੋ ਰਿਹਾ ਸੀ — ਅਤੇ ਉਹ ਇਕ-ਮਿਕਤਾ ਸੱਜਨ ਦੀ ਸੀ। ਇਸ ਵੇਲੇ ਸੁੱਧੀ ਹੀ ਉਹਦਾ ਮਾਣ ਸੀ।

... ...

ਸੱਜਨ ਉਸ ਵੇਲੇ ਥੱਲੇ ਤਨ ਅਤੇ ਮਨ ਨੂੰ ਲੈ ਕੇ ਵਰਿੰਦਾਬਨ ਦੀ ਇਕ ਧਰਮ-ਸਾਲਾ ਦੇ ਅੰਦਰ ਸੁੰਦਰ ਹਾਲ ਵਿਚ ਰਾਸ ਵੇਖ ਰਿਹਾ ਸੀ। ਗੁਜਰਾਤੀ ਸੇਠ ਸੇਠਾਣੀਆਂ ਦੀ ਇਕ ਭਗਤ ਮੰਡਲੀ ਵਲੋਂ ਇਹ ਇਕ ਪ੍ਰਾਈਵੇਟ ਪ੍ਰਬੰਧ ਸੀ; ਫਿਰ ਵੀ ਬਾਹਰ ਦੇ ਪੰਝੀ ਤੀਹ ਆਦਮੀ ਵੇਖਣ ਆ ਹੀ ਗਏ ਸਨ। ਸੱਜਨ ਉਸੇ ਧਰਮਸਾਲਾ ਦੇ ਇਕ ਕਮਰੇ ਟਿਕਿਆ ਹੋਇਆ ਸੀ। ਵਰਿੰਦਾਵਨ ਆ ਕੇ ਉਹਨੂੰ ਡੂੰਘੀ ਨਿਰਾਸ਼ਾ ਹੀ ਮਿਲੀ ਸੀ। ਜਿਹੜੀ ਵਰਿੰਦਾਵਨ ਲੋਕਗੀਤ, ਲੋਕ ਨਾਟ ਅਤੇ ਭਾਰਤੀ ਸਾਹਿਤ ਦੀਆਂ ਪਰਬਲ ਪ੍ਰੇਰਕ ਸ਼ਕਤੀਆਂ ਵਿਚ ਮੰਨਿਆ ਜਾਂਦਾ ਹੈ। ਜਿਥੋਂ ਦੀਆਂ ਅਨੇਕ ਥਾਵਾਂ ਤੇ ਸੋਲਾਂ ਕਲਾ ਵਾਲੇ ਭਗਵਾਨ ਕ੍ਰਿਸ਼ਨ ਚੰਦਰ ਦੀਆ ਬਾਲ-ਲੀਲਾਵਾਂ ਦੀ ਯਾਦ ਅਜ ਤਕ ਪੂਜੀ ਜਾਂਦੀ ਹੈ, ਉੱਥੇ ਉਹਨੂੰ ਅਜ ਭਗਵਾਨ ਨਜ਼ਰ ਹੀ ਨਾ ਆਏ। ਮਥਰਾ 'ਚੋਂ ਭਗਤੀ ਦੀ ਜਿਸ ਲੋਅ ਨੂੰ ਜਗਾ ਕੇ ਉਹ ਬੜੇ ਉਮਾਹ ਨਾਲ ਵਰਿੰਦਾਵਨ ਆਇਆ ਸੀ, ਉਹ ਲੋਅ ਏਥੋਂ ਦੀ ਅਧਾਰਮਿਕਤਾ ਅਤੇ ਮੁਗਲੀਆ ਅਡੰਬਰ ਦੇ ਤਕੜੇ ਝੋਂਕਿਆਂ ਨਾਲ ਬੁਝਣ ਬੁਝਣ ਕਰਦੀ ਸੀ। ਉਹਨੂੰ ਵਾਰ ਵਾਰ ਇੰਜ ਲਗਾ ਕਿ ਵਰਿੰਦਾਵਨ ਮਹਾਤਮ-ਵਾਲੀ ਮੁਨਾਫਾਖੋਰੀ ਲਈ ਰਚਿਆ ਗਿਆ ਇਕ ਢਕਵੰਜ ਹੈ, ਭਾਵੇਂ ਉਸ ਘੁੱਪ ਹਨੇਰੇ ਵਿਚ ਬਿਜਲੀ ਦੀ ਲਿਸ਼ਕ ਵਾਂਗ ਅਨੇਕ ਵਾਰ ਭਗਤੀ ਭਾਅ ਵਾਲੇ ਅਤੇ ਬ੍ਰਜ ਦੇ ਸੁਡੌਲ ਦੇਹਾਂ ਅਤੇ ਸਰਲ ਮਨ ਵਾਲੇ ਲੋਕਾਂ ਦੇ ਰੂਪ ਵਿਚ

ਵਰਿੰਦਾਵਨ ਚੰਨ ਦੀ ਝਲਕ ਉਹਨੂੰ ਮਿਲਦੀ ਹੀ ਰਹੀ। ਰਾਮਲੀਲਾ ਦਾ ਆਰਕੇਸਟਰਾ ਛਿੜਦਿਆਂ ਹੀ ਸੱਜਨ ਮਨ ਪਰਚਾਉਣ ਦੇ ਖਿਆਲ ਨਾਲ ਆਪਣੀ ਕੋਠੜੀ 'ਚੋਂ ਨਿਕਲ ਕੇ ਵੇਖਣ ਆ ਗਿਆ।

ਬੰਦਨਾ, ਆਰਤੀ ਦੇ ਪਿਛੋਂ ਕ੍ਰਿਸ਼ਨ-ਲੀਲਾ ਸ਼ੁਰੂ ਹੋਈ। ਕ੍ਰਿਸ਼ਨ ਭਗਵਾਨ ਆਪਣੀ ਵਡਿਆਈ ਵਿਚ ਵੱਡੀਆਂ ਵੱਡੀਆਂ ਫਿਲਾਸਫੀ ਵਾਲੀਆਂ ਗੱਲਾਂ ਕਰਨ ਲਗੇ। ਸੱਜਨ ਨੂੰ ਅਕੇਵਾਂ ਮਹਿਸੂਸ ਹੋਣ ਲਗਾ । ਸੱਜਨ ਨੂੰ ਮਹਿਸੂਸ ਹੋਣ ਲੱਗਾ ਜਿਵੇਂ ਕ੍ਰਿਸ਼ਨ ਜੀ ਰਾਮਲੀਲਾ ਮੰਡਲੀ ਦੇ ਮਾਲਕ ਅਤੇ ਸਭ ਪਾਂਡੇ ਪੁਜਾਰੀਆਂ ਦੀਆਂ ਮੁਨਾਫਾਖੋਰੀ ਦਾ ਸਾਧਨ ਬਣ ਕੇ, ਉਸ ਜਿਨਸ ਦੇ ਪ੍ਰਚਾਰ ਏਜੰਟ ਦਾ ਕੰਮ ਕਰ ਰਹੇ ਸਨ ਜਿਹੜੀ ਆਨੰਦ-ਕੰਦ, ਸੱਚਦਾਨੰਦ ਆਦਿ ਅਨੇਕ ਨਾਵਾਂ ਨਾਲ ਇਸ ਵੈਸ਼ਨਵ ਤੀਰਥ ਵਿਖ, ਮੰਦਰਾਂ ਵਿਚ ਝਾਕੀਆਂ, ਝੂਲਿਆਂ ਅਤੇ ਪ੍ਰਸ਼ਾਦ ਦੀ ਸ਼ਕਲ ਵਿਚ ਵਿਕਦੀ ਹੈ। ਉਹਦੀ ਮਾਨਸਿਕ ਥਕਾਵਟ ਚੌਗੁਣੀ ਹੋ ਗਈ। ਕੀ ਏਹੋ ਸਾਡੇ ਧਰਮ ਦਾ ਰੂਪ ਹੈ ? ਕੀ ਏਹੋ ਭਗਵਾਨ ਉਹਦੀ ਸਵਰਗੀ ਮਾਂ ਅਤੇ ਭਾਰਤ ਦੇ ਕਰੋੜਾਂ ਲੋਕਾਂ ਦੇ ਹਿਰਦਿਆਂ ਵਿਚ ਸਦੀਆਂ ਤੋਂ ਸੰਸਕਾਰ ਬਣ ਕੇ ਪੂਜਿਆ ਜਾ ਰਿਹਾ ਹੈ ?

ਲੰਮੇ ਤਾੜ ਵਰਗੇ ਇਕ ਰਾਸਧਾਰੀਏ ਦੀ ਆਦਮ-ਦੇਹ ਚੁੰਨੀ ਵਿਚ ਲੁਕ ਕੇ ਡੇਢ ਹੱਥ ਘੁਢ ਨਾਲ ਜਸ਼ੋਧਾ ਮਈਆ ਦੇ ਰੂਪ ਵਿਚ ਪ੍ਰਗਟ ਹੋਈ । ਪਾਟੇ ਵਾਂਸ ਵਰਗੀ ਅਵਾਜ਼ ਵਿਚ ਜਸੋਧਾ ਮਾਈ ਕਹਿਣ ਲਗੀ —

ਜਸੋਧਾ — ਅਜ ਮੇਰਾ ਕਨ੍ਹੱਈਆ ਧਾਰ ਕੱਢਣ ਵੇਲੇ ਦਾ ਕਿੱਥੇ ਖੇਡਣ ਤੁਰ ਗਿਆ। ਤੇ ਅਜ ਤਾਂ ਸ਼ਾਹ ਵੇਲਾ ਵੀ ਨਹੀਂ ਸੀ ਕੀਤਾ। ਪਤਾ ਨਹੀਂ ਕਿੱਥੇ ਗਿਆ ਏ।

ਆਪਣੇ ਲਾਲ ਦੀ ਉਡੀਕ ਕਰਦੀ ਨੰਦਰਾਣੀ ਟਹਿਲਣ ਲੱਗੀ । ਏਨੇ ਵਿਚ ਮੋਰ ਦੇ ਮੁਕਟ ਵਾਲਾ ਮੁਰਲੀ ਵਾਲਾ ਨੰਦ-ਨੰਦਨ ਆਇਆ। ਉਹਨੂੰ ਵੇਖ ਕੇ ਜਸੋਧਾ ਜੀ ਕਹਿਣ ਲੱਗੇ —

ਜਸੋਧਾ — ਆ ਗਿਆ ਏਂ ਤੂੰ ਵੇ ਲਾਲਾ। ਤੂੰ ਤਾ ਬੱਚਿਆ ਬਹੁਤ ਈ ਲਾਡਲਾ ਹੋ ਗਿਆ ਏਂ ਦਿਨ ਰਾਤ ਖੇਡਦਾ ਈ ਰਹਿੰਦਾ ਏਂ। ਵੇ ਲਾਲਾ, ਵੇਖ ਹੁਣ ਤੂੰ ਦੂਰ ਖੇਡਣ ਨ ਜਾਇਆ ਕਰ। ਏਥੇ ਹਾਊ ਆ ਗਏ ਨੇ।

ਦੂਰ ਖੇਲਨ ਜਿਨ ਜਾਊ ਲਾਲ ਬਨ ਹਾਊ ਆਏ ਹੈਂ

ਕ੍ਰਿਸ਼ਨ — ਤਬ ਹੰਸ ਬੋਲੇ ਕਾਨਾਹ ਰੀ ਮਈਆ ਕਿਨਨ ਪਠਾਏ ਹੈਂ।
ਚਾਰ ਬੇਦ ਲੈ ਗਇਓ ਸੰਖਾਸੁਰ ਜਲ ਮੇਂ ਰਹਿਓ ਲੁਕਾਊ,
ਮੀਨ ਰੂਪ ਧਰ ਤਾਕੂੰ ਮਾਰਿਓ ਤਹਾਂ ਨ ਦੇਖੇ ਹਾਊ।

(ਮਾਂ, ਚਹੁੰ ਵੇਦਾਂ ਨੂੰ ਲੈ ਕੇ ਸੰਖਾਸੁਰ ਦੈਂਤ ਪਾਣੀ ਵਿਚ ਡੁਬਕੀ ਲਾ ਗਿਆ। ਓਸ ਜਲ 'ਚ ਕੋਈ ਜਾ ਨਹੀਂ ਸੀ ਸਕਦਾ। ਤਾਂ ਮਾਂ, ਮੈਂ ਮੱਛੀ ਦਾ ਰੂਪ ਧਾਰਕੇ ਉੱਥੇ

ਕੁੱਦ ਪਿਆ । ਮਾਂ ਹਊਆ ਤਾਂ ਮੈਂ ਉੱਥੇ ਕਿੱਤੇ ਨਹੀਂ ਵੇਖਿਆ ।)

ਜਸੋਧਾ — ਵੇ ਲਾਲ ਸੰਖਾਸੁਰ ਦੈਂਤ ਤੂੰ ਈ ਮਾਰਿਆ ਤੇ ਮੱਛੀ ਦਾ ਰੂਪ ਵੀ ਤੂੰ ਈ ਧਾਰਿਆ ।

ਕ੍ਰਿਸ਼ਨ — ਹਾਂ ਮਾਂ ਮੈਂ ਈ ।

ਜਸੋਧਾ — (ਹੈਰਾਨੀ ਨਾਲ) ਤੂੰ ਈ ?

ਕ੍ਰਿਸ਼ਨ — (ਗੱਲ ਨੂੰ ਪਰਤਾ ਕੇ) – ਓ ਮਾਂ, ਨਹੀਂ ਮੈਨੂੰ ਤਾਂ ਬਾਪੂ ਆਂਹਦਾ ਹੁੰਦਾ :

ਜਮਨਾ ਕੇ ਤਟ ਧੇਨੁ ਚਰਾਵਤ ਜਹਾਂ ਸਘਨ ਬਨ ਝਾਊ,
ਬੈਠੋ ਪਤਾਲ ਬਿਆਲ ਗਹੇ ਨਾਥਿਓ ਤਹਾਂ ਨ ਦੇਖਿਓ ਹਊ ।

(ਮੇਰੀਏ ਮਾਏ, ਮੈਂ ਜਮਨਾ ਜੀ ਦੇ ਕੰਢੇ ਆਪਣੀਆਂ ਗਊਆਂ ਵੱਛਿਆਂ ਨੂੰ ਛੱਡਦਾ ਹਾਂ । ਤੇ ਪਤਾਲ 'ਚ ਬਹਿ ਕੇ ਕਾਲੇ ਨਾਗ ਨੂੰ ਨਥਿਆ ਏ । ਹਊਆ ਤਾਂ ਓਥੇ ਨਹੀਂ ਹੈਗਾ ।)

ਏਸੇ ਤਰ੍ਹਾਂ ਭਗਵਾਨ ਫਿਰ ਆਪਣੇ ਕਛੂ, ਸੂਰ, ਨਰਸਿੰਗ ਵਾਮਨ ਅਵਤਾਰਾਂ ਦੇ ਅਨੁਭਵ ਦੱਸਣ ਲਗੇ ।

ਬੋਲੇ – ਮਾਂ ਵੇਖ, ਰਾਜੇ ਬਲੀ ਨੂੰ ਛਲਣ ਲਈ ਬ੍ਰਾਹਮਣ ਦਾ ਰੂਪ ਧਾਰਨ ਕੀਤਾ ਹੈ । ਤੇ ਓਥੇ ਤਿੰਨ ਪੈਰ ਪ੍ਰਿਥਵੀ ਮੰਗੀ, ਸੋ ਤਿੰਨ, ਪੈਰਾਂ 'ਚ ਤਿੰਨ ਲੋਕ ਨਾਪ ਲਏ ਨੇ, ਤਾਂ ਮਾਂ ਮੇਰਾ ਇਕ ਪੈਰ ਸਵਰਗ 'ਚ ਗਿਆ, ਤੇ ਇਕ ਪਤਾਲ 'ਚ ਗਿਆ ਤੇ ਇਕ ਵਿਚ ਇਹ ਧਰਤੀ ਨਾਪੀ ਏ । ਨੀ ਮਾਂ, ਹਊਆ ਤਾਂ ਮੈਂ ਉਥੇ ਵੀ ਨਹੀਂ ਵੇਖੇ ।

ਜਸੋਧਾ — (ਹੈਰਾਨੀ ਨਾਲ) — ਵੇ ਵਾਮਨ ਰੂਪ ਤੂੰ ਈ ਧਾਰਨ ਕੀਤੇ ਨੇ, ਤੇ ਰਾਜੇ ਬਲੀ ਨੂੰ ਤੂੰ ਈ ਛਲਿਆ ਏ ?

ਕ੍ਰਿਸ਼ਨ — ਹਾਂ ਮਾਂ ਮੈਂ ਈ ਛਲਿਆ ਏ ।

ਜਸੋਧਾ — ਤੇ ਲਾਲ ਇਹ ਗੰਗਾ ਜੀ ਤੇਰੇ ਈ ਚਰਨਾਂ 'ਚੋਂ ਨਿਕਲੀ ਏ ?

ਕ੍ਰਿਸ਼ਨ -- ਨਹੀਂ ਮਾਂ, ਮੈਨੂੰ ਤਾ ਬਾਪੂ ਦੱਸਦਾ ਹੁੰਦਾ ਏ ।

ਜਸੋਧਾ — ਆਹੋ, ਤਦੇ ਤੇ ਆਂਹਦੀ ਆਂ ਤੂੰ ਬੜਾ ਚਤੁਰ ਏਂ । ਤੈਨੂੰ ਖੇਡ 'ਚੋਂ ਈ ਛੁੱਟੀ ਨਹੀਂ ਮਿਲਦੀ ।

ਸੱਜਨ ਮੁਗਧ ਹੋਣ ਲਗਾ । ਪਹਿਲੀ ਲੀਲਾ ਦਾ ਪ੍ਰਚਾਰ ਏਜੰਟ ਇਸ ਹਾਊ ਲੀਲਾ ਦੇ ਰਚਣਹਾਰ ਦੀ ਲੇਖਣੀ 'ਚੋਂ ਸੁਭਾਵਕ ਮਨੁੱਖ ਬਣ ਕੇ ਪ੍ਰਗਟ ਹੋਇਆ ਹੈ । ਇਹ ਮਨੁੱਖ ਭਗਵਾਨ ਧਰਤੀ ਉੱਤੇ ਆਦਿ ਕਾਲ ਤੋਂ ਆਪਣੀ ਸ਼ਕਤੀ ਦਾ ਇਤਿਹਾਸ ਬਣਾਉਂਦਾ ਆਇਆ ਹੈ ਅਤੇ ਫਿਰ ਵੀ ਉਹਦੀ ਮਾਤਾ – ਮਨੁੱਖ ਦੀ ਧਰਤੀ ਮਾਤਾ – ਉਹਨੂੰ ਅਜੇ ਤਕ ਬਾਲ ਰੂਪ ਵਿਚ ਹੀ ਵੇਖ ਰਹੀ ਹੈ । ਭੋਲੀ ਮੋਹ ਵਾਲੀ ਮਾਂ ਨੂੰ ਇਹ ਵਿਸ਼ਵਾਸ ਨਹੀਂ ਹੁੰਦਾ ਕਿ ਉਹਦਾ ਪੁੱਤਰ ਏਡੀਆਂ ਏਡੀਆਂ ਪਰਬਲ ਕੰਮਾਂ ਵਾਲੀਆਂ ਘਟਨਾਵਾਂ ਦਾ ਨਾਇਕ ਹੈ । ਮਾਂ ਲਈ ਪੁੱਤਰ ਪੁੱਤਰ ਹੀ ਰਹੇਗਾ ।

ਆਪਣੀ ਮਾਂ ਨੂੰ ਯਾਦ ਕਰਕੇ ਸੱਜਨ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਉਹਨੇ ਮਹਿਸੂਸ ਕੀਤਾ ਕਿ ਵਰਿੰਦਾਵਨ ਵੀ ਦਰਸ਼ਕ ਬਣ ਕੇ ਓਸੇ ਤਰ੍ਹਾਂ ਹੀ ਅਨੰਦ ਲੈ ਰਿਹਾ ਹੈ। ਇਸ ਕ੍ਰਿਸ਼ਨ ਨੂੰ – ਇਹਦੇ ਨਿੱਜੀ ਰੂਪ ਨੂੰ – ਮਨੁੱਖ ਭਲੀ-ਭਾਂਤ ਪਛਾਣਦਾ ਹੈ। ਸਰਬ ਸ਼ਕਤੀਮਾਨ ਭਗਵਾਨ ਆਪਣੇ ਭਗਤਾਂ ਨੂੰ ਡਰ ਤੋਂ ਛੁਟਕਾਰਾ ਦੁਆ ਰਿਹਾ ਹੈ। ਮਾਂ ਬੇਸ਼ਕ ਮੋਹਵਸ ਆਪਣੇ ਲਾਲ ਨੂੰ ਹਊਏ ਤੋਂ ਡਰਾਏ, ਪਰ ਉਹ ਆਪ, ਆਪਣੇ ਆਪ ਨੂੰ ਭੈਅ ਤੋਂ ਮੁਕਤ ਕਰਕੇ ਅਨੰਦ ਵਿਚ ਮਗਨ ਹੈ।

ਸੱਜਨ ਸੋਚਣ ਲਗਾ, ਅਜ ਦਾ ਸਰਬ ਸ਼ਕਤੀਮਾਨ ਭਗਵਾਨ ਜੋ ਆਪਣੇ ਹੀ ਬਣਾਏ ਐਟਮ ਹਾਈਡਰੋਜਨ ਬੰਬਾਂ ਤੋਂ ਡਰ ਰਿਹਾ ਹੈ — ਜਿਸ ਦਿਨ ਇਸ ਹਊਏ ਦੇ ਡਰ ਤੋਂ ਮੁਕਤੀ ਹਾਸਲ ਕਰੇਗਾ, ਉਸ ਦਿਨ ਫਿਰ ਏਸੇ ਤਰ੍ਹਾਂ ਬਾਲ ਰੂਪ ਧਾਰਨ ਕਰਕੇ ਨਵੀਂ ਸੰਸਕ੍ਰਿਤੀ ਦਾ ਨਿਰਮਾਣ ਕਰੇਗਾ। ਕੱਛ-ਮੱਛ, ਸੂਰ, ਨਰਸਿੰਘ ਆਦਿ ਰੂਪ ਧਾਰਨ ਕਰਕੇ ਵਿਘਨ ਰੂਪੀ ਦੈਂਤਾਂ ਨੂੰ ਮਾਰਦਾ ਹੋਇਆ ਜਦ ਉਹ ਐਟਮ ਦੈਂਤ ਦਾ ਸੰਘਾਰ ਕਰੇਗਾ, ਉਦੋਂ – ਫਿਰ ਮੋਹ ਭਰੀ ਧਰਤੀ ਜਨਣੀ ਦੇ ਸਾਹਮਣੇ ਉਹ ਸੁਭਾਵਕ ਹੀ ਡਰ ਰਹਿਤ ਹੋ ਕੇ ਆਏਗਾ ਤਾਂ ਕਿਹਨੂੰ ਚੰਗਾ ਨਾ ਲੱਗੇਗਾ ? ਏਹੋ ਜਿਹਾ ਕੌਣ ਹੋਏਗਾ ਜਿਹੜਾ ਆਪਣੇ ਇਸ ਸਹਿਜ ਭਾਵ ਵਾਲੇ ਰੂਪ ਤੇ ਮੁਗਧ ਨਹੀਂ ਹੋਏਗਾ।

ਇਸ ਭਗਵਾਨ ਤੇ ਵਿਸ਼ਵਾਸ ਕਰਨ ਨੂੰ ਜੀ ਕਰਦਾ ਹੈ। ਇਹ ਭਗਵਾਨ ਆਤਮ-ਵਿਸ਼ਵਾਸ ਦਾ ਪ੍ਰਤੀਕ ਹੈ।

ਸੱਜਨ ਆਪਣੀ ਦਿਨ ਭਰ ਦੀ ਥਕਾਵਟ ਨੂੰ ਹਊਏ ਦੇ ਡਰ ਤੋਂ ਮੁਕਤ ਕਰਕੇ ਨਵੇਂ ਜੋਸ਼, ਨਵੇਂ ਭਾਵ ਤੇ ਤਾਜ਼ਗੀ ਲੈ ਕੇ ਸੌਂ ਗਿਆ। ਉਹਨੂੰ ਇਕ ਵਾਰ ਵੀ ਕੰਨਿਆ ਦੀ ਯਾਦ ਨ ਆਈ।

ਸਵੇਰੇ ਸੱਜਨ ਇਕ ਮੰਦਰ ਦੇ ਬਾਹਰ ਪੱਥਰ ਦੇ ਚਬੂਤਰੇ ਤੇ ਬੈਠ ਕੇ 'ਗਿਆਨ ਗੁਦੜੀ' ਦਾ ਸਕੈਚ ਬਣਾ ਰਿਹਾ ਸੀ, ਅਤੇ ਕੰਨਿਆ ਉਹਨੂੰ 'ਨਿਧੀਵਨ' ਵਿਚ ਲੱਭ ਰਹੀ ਸੀ। ਕੰਨਿਆ ਹੱਠ ਕਰਕੇ ਵਰਿੰਦਾਵਨ ਆਈ ਸੀ। ਲਾਲਾ ਮੁਰਲੀ ਮਨੋਹਰ ਨੇ ਬੜਾ ਸਮਝਾਇਆ ਕਿ ਵਰਿੰਦਾਵਾਨ ਭਾਵੇਂ ਲੰਦਨ, ਨਿਊਯਾਰਕ, ਬੰਬਈ, ਕਲਕੱਤਾ, ਦਿਲੀ ਨਾ ਹੋਏ, ਫਿਰ ਵੀ ਉਹ ਛੋਟੀਆਂ ਛੋਟੀਆਂ ਗਲੀਆਂ, ਸੜਕਾਂ ਅਤੇ ਪ੍ਰਸਿੱਧ ਪੁਰਾਣੇ ਧਾਰਮਿਕ ਸਥਾਨਾਂ ਨਾਲ ਭਰਿਆ ਹੋਇਆ ਤਾਂ ਹੈ ਈ। ਅਣਜਾਣ ਲਈ ਤਾਂ ਲੱਭਣਾ ਮੁਸ਼ਕਿਲ ਹੋ ਈ ਜਾਏਗਾ। ਪਰ ਕੰਨਿਆ ਨ ਮੰਨੀ।

ਕੰਨਿਆ ਨਿਧੀਵਨ 'ਚ ਚਾਰੇ ਕੂਟਾਂ ਭਟਕ ਕੇ ਖਾਲੀ ਹੱਥ ਆਪਣੀ ਗੁਆਚੀ ਨਿਧੀ ਨੂੰ ਕਿਤੇ ਹੋਰ ਲੱਭਣ ਲਈ ਪਰਤਣ ਲਗੀ। ਸੱਜਨ ਨੂੰ ਉੱਥੇ ਨ ਵੇਖ ਉਥੋਂ ਅਸੰਤੁਸ਼ਟ ਨਹੀਂ ਸੀ ਮੁੜ ਰਹੀ। ਨਿਧੀਵਨ ਇਕ ਮਹਾਨ ਸੰਗੀਤਕਾਰ, ਤਾਨਸੈਨ ਅਤੇ ਬੈਜੂ-ਬਾਵਰਾ ਦੇ ਗੁਰੂ ਦੀ ਤਪ-ਭੂਮੀ ਸੀ। ਰਸੀਏ ਨੇ ਏਥੇ ਸੰਗੀਤ ਨੂੰ ਸਿੱਧ ਕਰਕੇ ਪਵਿੱਤਰ

ਸੰਤੋਖ ਦੀ ਨਿਧੀ ਪ੍ਰਾਪਤ ਕੀਤੀ ਸੀ। ਨਿਧੀਵਾਨ ਵਿਚ ਆ ਕੇ ਇੰਜ ਲਗਦਾ ਹੈ ਕਿ ਅਸੀਂ ਸੱਚਮੁੱਚ ਉਸ ਵਰਿੰਦਾਵਨ ਵਿਚ ਖੜੇ ਆ, ਜਿਹੜਾ ਕ੍ਰਿਸ਼ਨ ਦੇ ਸਮੇਂ ਵਿਚ ਵੀ ਲੱਗਭਗ ਏਸੇ ਰੂਪ ਵਿਚ ਆਬਾਦ ਰਿਹਾ ਹੋਏਗਾ, ਪੰਛੀਆਂ ਦਾ ਚਹਿਕਣਾ, ਬਾਂਦਰਾਂ ਦਾ ਨੱਸਣਾ-ਕੁੱਦਣਾ, ਇਕ ਹਿਰਨ ਦੇ ਬੱਚਿਆਂ ਦਾ ਕਲੋਲ, – ਸੱਜਨ ਦੇ ਧਿਆਨ ਵਿਚ ਗੁਆਚੀ ਹੋਣ ਤੇ ਵੀ ਕੰਨਿਆ ਨੂੰ ਨਿਧੀਵਨ 'ਚੋਂ ਸ਼ਾਂਤੀ ਮਿਲੀ।

ਉਦਾਸ ਪਰਤ ਰਹੀ ਸੀ; ਸਾਹਮਣੇ ਭਗਵਾਨ ਹਰਿਦਾਸ ਜੀ ਦੀ ਸਮਾਧੀ ਉਤੇ ਐਨਕ ਲਾਈ, ਸੁਆਹ ਮਲੀ, ਸਿਰ ਮੂੰਹ ਮੁੰਨੀਂ ਲੰਗੋਟੀ ਵਾਲਾ ਸਾਧੂ ਆਪਣੀ ਬੇਸੁਰੀ ਆਵਾਜ਼ ਵਿਚ ਬੜੇ ਪ੍ਰੇਮ ਨਾਲ ਹਰਿਦਾਸ ਜੀ ਦਾ ਕਨਾੜੇ ਰਾਗ 'ਚ ਬੰਨ੍ਹਿਆਂ ਗਿਆ ਭਜਨ ਗਾ ਰਿਹਾ ਸੀ –

ਮਾਇਰੀ ਸਹਜ ਜੋਗ – ਪ੍ਰਗਟ ਭਈ ਜੋ ਰੰਗ ਕੀ
ਗੌਰ ਸ਼ਿਆਮ ਘਨ ਦਾਮਨੀ ਜੈਸੇ
ਪ੍ਰਥਮ ਹੂ ਹੁਤੀ ਅਬ ਹੂ ਆਗੇ ਹੂੰ
ਰਹੈ ਹੈ ਨ ਟਰੀ ਹੈ ਤੈਸੇ
ਅੰਗ ਅੰਗ ਕੀ ਓਜਰਾਈ ਸੁਘਰਾਈ
ਚਤੁਰਾਈ ਸੁੰਦਰਤਾ ਐਸੇ।*

ਸ੍ਰੀ ਹਰਿਦਾਸ ਜੀ ਦੇ ਸੁਆਮੀ ਸ਼ਿਆਮਾ ਕੁੰਜ ਬਿਹਾਰੀ......ਕੰਨਿਆ ਨੂੰ ਲਗਾ ਕਿ ਭੱਜਨ ਅਦਿਸ ਰੂਪ ਨੇ ਉਹਨੂੰ ਆਸੀਰਵਾਦ ਦੇ ਰੂਪ ਵਿਚ ਸੁਣਾਇਆ ਹੈ। ਉਹਦੀ ਅਤੇ ਸੱਜਨ ਦੀ – ਇਸਤਰੀ ਪੁਰਖ ਦੀ — ਸੁਭਾਵਕ ਜੋੜੀ-ਦੇਸ ਕਾਲ ਤੋਂ ਪਰ੍ਹੇ ਹੈ। ਉਹ ਨਿੱਤ ਹੈ। ਉਹਦਾ ਅੰਤ ਨਹੀਂ।

---

*ਨੀ ਮਾਏ ਰੰਗਾਂ ਦੀ ਜੋੜੀ ਸਹਿਜ ਸੁਭਾਵਕ ਈ ਪ੍ਰਗਟ ਹੋਈ
ਜਿਦਾਂ ਬੱਦਲ ਤੇ ਬਿਜਲੀ ਵਾਂਗ ਗੋਰਾ ਤੇ ਸ਼ਾਮ ਰੰਗ ਹੈ
ਇਹ ਜੋੜੀ ਧੁਰੋਂ ਤੁਰੀ ਆਈ ਏ, ਹੁਣ ਵੀ ਹੈ, ਅਗਾਂਹ ਵੀ ਰਹੇਗ।
ਇਹ ਉਸੇ ਤਰ੍ਹਾਂ ਖ਼ਤਮ ਨਹੀਂ ਹੋਏਗੀ
ਜਿੱਦਾਂ ਅੰਗ ਅੰਗ 'ਚੋਂ ਝਲਕਦੀ
ਸਘੜਤਾ ਤੇ ਚਤਰਾਈ ਖਤਮ ਨਹੀਂ ਹੁੰਦੀ

(ਅਨੁਵਾਦਕ)

24

'ਪਤੀ-ਪਤਨੀ ਦੇ ਰੂਪ ਵਿਚ ਇਸਤਰੀ ਪੁਰਖ ਦੀ ਸੁਭਾਵਕ ਜੋੜੀ ਦੇਸ ਕਾਲ ਤੋਂ ਪਰ੍ਹੇ ਹੈ। ਉਹ ਸਦੀਵੀ ਹੈ; ਉਹਦਾ ਅੰਤ ਨਹੀਂ।'

— ਭਾਵੇਂ ਆਪਣੇ ਅਤੇ ਸ਼ੀਲਾ ਦੇ ਬੜੇ ਕੋਮਲ, ਬੜੇ ਡਾਢੇ ਨਾਤੇ ਨਾਲ ਇਸ ਵੇਲੇ ਮਹੀਪਾਲ ਦਾ ਮਨ ਓਸੇ ਤਰ੍ਹਾਂ ਘਿਰਿਆ ਹੋਇਆ ਸੀ ਜਿਵੇਂ ਤਸਵੀਰਾਂ ਵਿਚ ਦੇਵਤਿਆਂ ਦਾ ਮੁਖ ਮੰਡਲ ਸ੍ਰੀ ਚੱਕਰ ਨਾਲ ਘਿਰਿਆ ਰਹਿੰਦਾ ਹੈ, ਫਿਰ ਵੀ ਸਿਧਾਂਤ ਰੂਪ ਅਤੇ ਦਲੀਲ ਵਜੋਂ ਉਹ ਆਪਣੇ ਅਤੇ ਕਲਿਆਣੀ ਦੇ ਯੋਗ ਨਾਤੇ ਨੂੰ ਮਹਾਨ ਸੱਚ ਮੰਨਣ ਲਈ ਮਜਬੂਰ ਹੈ। ਅਤੇ ਏਸੇ ਮਜਬੂਰੀ ਕਰਕੇ ਮਹੀਪਾਲ, ਘਰੋਂ ਦੋ ਦਿਨ ਦੂਰ ਰਹਿਣ ਪਿਛੋਂ, ਕਰਨਲ ਦੀ ਕਾਰ ਵਿਚ, ਘਰ ਜਾਣ ਲਈ ਸ਼ੀਲਾ ਦੇ ਘਰੋਂ ਪਰਤ ਰਿਹਾ ਹੈ।

ਸਾਲੇ ਦੇ ਵਿਆਹ ਦੇ ਵੱਡੇ ਭੋਜ ਵਿਚ ਉਹਦੇ ਅਤੇ ਸ਼ੀਲਾ ਦੇ ਪ੍ਰੇਮ ਦੀ ਕਲੰਕ-ਕਹਾਣੀ ਨੇ ਪਤੀ ਪਤਨੀ ਵਿਚਕਾਰ ਜਿਹੜੀ ਚੌੜੀ ਅਤੇ ਡੂੰਘੀ ਖਾਈ ਪੁੱਟ ਦਿਤੀ ਸੀ, ਉਹਦੇ ਵਿਚ ਦੋ ਦਿਨ ਮਹੀਪਾਲ ਨੇ ਡੂੰਘੀਆਂ ਡੁਬਕੀਆਂ ਖਾਧੀਆਂ ਹਨ। ਉਹ ਅਤੇ ਸ਼ੀਲਾ — ਉਹ ਅਤੇ ਕਲਿਆਣੀ — ਮਹੀਪਾਲ ਸ਼ੁਕਲ ਹੁਣ ਦੂਹਰੇ ਬੰਧਨਾਂ ਵਿਚ ਨਹੀਂ ਰਹਿ ਸਕਦਾ। ਏਸ ਵਿਰੋਧੀ ਘੋਲ ਜੀਵਨ ਵਿਚ ਉਹਦਾ ਕੋਈ ਰੂਪ ਵੀ ਸਾਫ਼ ਸਾਫ਼ ਨਹੀਂ ਉਭਰਦਾ।

ਸਵੇਰੇ — ਹੁਣ ਤੋਂ ਘੰਟਾ ਸਵਾ ਘੰਟਾ ਪਹਿਲੋਂ — ਕਰਨਲ ਜਦ ਉਹਨੂੰ ਲੈਣ ਲਈ ਸ਼ੀਲਾ ਦੇ ਘਰ ਆਇਆ ਸੀ ਓਸ ਵੇਲੇ ਮਹੀਪਾਲ ਦਾ ਮਨ ਪਿਘਲੀ ਹੋਈ ਮੋਮ ਦਾ ਸਮੁੰਦਰ ਬਣ ਕੇ ਇਕ ਵਾਰੀ ਹੜ੍ਹ ਵਾਂਗ ਉਛਲਿਆ; ਫਿਰ ਕੁਝ ਪਲਾਂ ਦੇ ਤੇਜ਼ ਹੜ੍ਹ ਦੇ ਉਤਰਨ ਪਿਛੋਂ ਕਈ ਛਰਲਾਂਗਾਂ ਪਿਛੇ ਹਟ ਕੇ ਪੀੜ ਭਰੀ ਮਰਮਾਰ ਕਰਨ ਵਾਲੇ ਸਮੁੰਦਰ ਵਾਂਗ ਗਿੜਗੜਾਹਟ ਨਾਲ ਭਰ ਗਿਆ ਸੀ। ਉਹ ਜਾਣਦਾ ਸੀ ਸ਼ੀਲਾ ਦਾ ਘਰ ਛੱਡ ਕੇ ਆਪਣੇ ਘਰ ਜਾਣਾ ਹੀ ਪਏਗਾ। ਮਹੀਪਾਲ ਆਪਣੇ ਮਨ ਵਿਚ ਉਸੇ ਤਰ੍ਹਾਂ ਮਹਿਸੂਸ ਕਰ ਰਿਹਾ ਸੀ, ਜਿਵੇਂ ਲੜਕੀ ਪੇਕਿਓਂ ਸਹੁਰੇ ਜਾਣ ਵੇਲੇ ਕਰਦੀ ਹੈ। ਉਹ ਜਾਣਦਾ ਸੀ ਕਿ ਜਾਣ ਬਿਨਾਂ ਉਹਦੀ ਗਤੀ ਨਹੀਂ। ਪਤੀ-ਪਤਨੀ ਦੀ ਸੁਭਾਵਕ ਜੋੜੀ ਦੁਨੀਆਂ ਵਿਚ ਰਹਿਣੀ ਹੀ ਹੈ। ਉਹ ਸਦੀਵੀ ਹੈ। ਉਹਦਾ ਅੰਤ ਨਹੀਂ। ਸੰਸਕਾਰ ਬੱਝੀ, ਅਰਧ ਚੇਤਨਾ ਵਾਲਾ ਮਹੀਪਾਲ ਇਸ ਸੱਚ ਤੋਂ ਮੂੰਹ ਕਿੰਜ ਫੇਰ ਸਕਦਾ ਹੈ ?

ਦੋ ਦਿਨਾਂ ਲਈ ਘਰੋਂ ਮੂੰਹ ਫੇਰ ਕੇ, ਸੰਨਿਆਸ ਅਤੇ ਵਿਲਾਸ ਦੇ ਪੰਘੂੜੇ ਉਤੇ

ਆਪਣੇ ਅਤ੍ਰਿਪਤ ਅਣ ਬੁੱਝੇ ਵਿਦਰੋਹੀ ਮਨ ਨੂੰ ਹੁਣੇ ਦੇ ਕੇ ਕਰਨਲ ਦੇ ਨਾਲ ਉਹ ਓਸੇ ਤਰ੍ਹਾਂ ਪਰਤ ਰਿਹਾ ਸੀ ਜਿਵੇਂ ਘਰੋਂ ਨੱਠ ਜਾਣ ਵਾਲਾ ਮੂੰਹ ਫੜਿਆ ਜਾ ਕੇ ਵਾਪਸ ਆ ਰਿਹਾ ਹੋਏ ।

ਜਾਣ ਸਮੇਂ ਸ਼ੀਲਾ ਨੇ ਸੁੰਵੀਆਂ, ਪੱਥਰਾਈਆਂ ਨਜ਼ਰਾਂ ਨਾਲ ਉਹਨੂੰ ਵੇਖਿਆ ਸੀ । ਮਹੀਪਾਲ ਨੂੰ ਇੰਜ ਲਗਾ ਜਿਵੇਂ ਪਹਾੜ ਦੀ ਸੁਰੰਗ ਵਿਚ ਨਾ ਦਿਸਣ ਵਾਲੀ ਝਲਾਰ ਵਗ ਰਹੀ ਹੋਏ । ਉਹਦਾ ਮਨ ਚੁੱਪ ਦੇ ਅਸਪਾਤੀ ਸੰਦੂਕ ਵਿਚ ਆਪਣੇ ਆਪ ਨੂੰ ਬੰਦ ਕਰਕੇ ਬੁੜ੍ਹਕ ਬੁੜ੍ਹਕ ਪਿਆ । ਇਹੋ ਬੁੜ੍ਹਕਣਾ ਵਾਰੀ ਸਿਰ – ਜੰਮ ਕੇ ਉਹਦੀ ਸਿਧਾਂਤਕ ਮਾਨਤਾ ਬਣ ਗਈ । ਮਹੀਪਾਲ ਫਿਰ ਤੁਰ ਕੇ ਫਿਰ ਆਪਣੀ ਗੱਲ ਤੇ ਆ ਗਿਆ – ਪਤੀ ਪਤਨੀ ਦਾ ਨਾਤਾ ਸਦੀਵੀ ਹੈ, ਅਨੰਦ ਹੈ, ਅਭੇਦ ਹੈ ।

... ...

ਕਰਨਲ ਦੇ ਦਵਾਖ਼ਾਨੇ ਦੇ ਪਿਛਵਾੜੇ ਵਾਲੇ ਹਿੱਸੇ ਵਿਚ, ਕੰਨਿਆ ਦੇ ਕਮਰੇ ਵਿਚ ਕਲਿਆਣੀ ਆਪਣੇ ਛੋਟੇ ਲੜਕੇ ਤਪੋਧਨ ਨਾਲ ਬੈਠੀ ਹੋਈ ਸੀ । ਕਰਨਲ ਨੇ ਉਹਨੂੰ ਉਥੇ ਬੁਲਾਇਆ ਸੀ । ਇਹਨਾਂ ਦੋ ਦਿਨਾਂ ਦੇ ਤਪ ਨੇ ਕਲਿਆਣੀ ਨੂੰ ਨਿਖਾਰ ਦਿਤਾ ਹੈ । ਡੂੰਘੀ ਪੀੜ ਨਾਲ ਵਿੰਨ੍ਹਿਆਂ ਉਹਦਾ ਗੰਭੀਰ ਸ਼ਾਂਤ-ਅਸ਼ਾਂਤ ਚਿਹਰਾ ਤਾਜ਼ਾ ਨਹਾਤਾ ਹੋਇਆ ਲਗਦਾ ਸੀ । ਤਪੋਧਨ ਕੁਰਸੀ ਤੇ ਬੈਠਾ ਲੱਤਾਂ ਹਿਲਾ ਰਿਹਾ ਸੀ ।

ਤਣੇ ਹੋਏ ਚਿਹਰੇ ਨਾਲ ਮਹੀਪਾਲ ਓਸ ਕਮਰੇ ਵਿਚ ਆਇਆ; ਕਰਨਲ ਉਹਦੇ ਪਿਛੇ ਸੀ । ਕਲਿਆਣੀ ਅਤੇ ਮਹੀਪਾਲ ਦੀਆ ਨਜ਼ਰਾਂ ਇਕ ਵਾਰ ਮਿਲੇ ਬਿਨਾਂ ਰਹਿ ਨਾ ਸਕੀਆਂ । ਦੋਵਾਂ ਨੇ ਉਤਾਵਲੇਪਨ ਨਾਲ ਨਜ਼ਰਾਂ ਹਟਾ ਲਈਆਂ – ਜ਼ਰਾ ਕੁ ਸੰਕੇਤ ਨਾਲ ਹੀ ਦੋਵਾਂ ਨੇ ਨਵੇਂ ਸਿਰਿਉਂ ਆਪਣੀ ਅਭੇਦਤਾ ਨੂੰ ਪਛਾਣ ਲਿਆ, ਪਰ ਮਨ ਦੇ ਵਿਰੋਧਾਂ ਨੇ ਆਪੋ ਵਿਚ ਮੂੰਹ ਭੁਆਂ ਲਿਆ । ਕਲਿਆਣੀ ਨੇ ਸਿਰ ਨਿਵਾਂ ਲਿਆ । ਮਹੀਪਾਲ ਸਿਰ ਘੁਮਾਂ ਕੇ ਤਪੋਧਨ ਨੂੰ ਵੇਖਣ ਲਗਾ ।

ਬੱਚਾ ਸੁੰਗੜਿਆ ਹੈਰਾਨ ਹੋਇਆ ਬੈਠਾ ਸੀ । ਪਿਤਾ ਨੂੰ ਆਪਣੀ ਵਲ ਵੇਖਦਿਆਂ ਵੇਖ ਕੇ ਉਹਦੀ ਇੱਟੀ ਸਿੱਟੀ ਗੁਆਚ ਗਈ । ਜਿਵੇਂ ਸ਼ੇਰ ਦੇ ਸਾਹਮਣੇ ਆਉਣ ਉਤੇ ਡਰ ਦੀ ਮੋਹਨੀ ਨਾਲ ਆਦਮੀ ਦੀਆਂ ਨਜ਼ਰਾਂ ਬੱਝ ਜਾਂਦੀਆਂ ਹਨ, ਭੈਭੀਤ ਤਪੋਧਨ ਓਸੇ ਤਰ੍ਹਾਂ ਟਿਕਵੀਂ ਨਜ਼ਰੇ ਆਪਣੇ ਬਾਪ ਨੂੰ ਵੇਖਣ ਲਗਾ । ਪਿਤਾ ਦਾ ਸਨੇਹ ਆਪਣੇ ਬੱਚੇ ਤੋਂ ਬੇਮੁਖ ਨਾ ਹੋ ਸਕਿਆ ? ਮਨ ਝੁਕ ਗਿਆ, ਅੱਖਾਂ ਵਿਚ ਮਮਤਾ ਝਲਕ ਪਈ । ਪਿਤਾ ਮਹੀਪਾਲ ਆਪਣੇ ਬੱਚੇ ਦੀ ਹੋਂਦ ਵਿਚ ਵਿਲਾਸੀ ਮਹੀਪਾਲ ਨੂੰ ਖਿਮਾਂ ਕਰਨ ਵਿਚ ਅਸਮਰਥ ਹੋ ਕੇ ਝਿਜਕ ਨਾਲ ਭਰ ਗਿਆ — "ਇਹ — ਮੇਰੇ — ਸਭ

ਬੱਚੇ – ਇਕ ਹੋਰ ਇਸਤਰੀ ਨਾਲ ਮੇਰੇ ਸੰਬੰਧ ਨੂੰ ਆਪਣੇ ਮਨ 'ਚ ਕਿਸ ਨਜ਼ਰ ਨਾਲ ਵੇਖਦੇ ਹੋਣਗੇ ?"

ਪੁਰਾਣਾ ਸਵਾਲ ਬਹੁਤ ਨਵਾਂ, ਨੁਕੀਲਾ ਹੋ ਕੇ ਸ਼ੀਸ਼ੇ ਦੀ ਪੱਚਰ ਵਾਂਗ ਉਹਦੇ ਮਨ ਵਿਚ ਚੁਭਣ ਲਗਾ। ਮਹੀਪਾਲ ਨੂੰ ਤਪੋਧਨ ਦੀ ਹੋਂਦ ਨਾਲ ਸ਼ਰਮ ਭਰੀ ਔਖਿਆਈ ਮਹਿਸੂਸ ਹੋਈ। ਉਹਨੂੰ ਦੱਬ ਕੇ ਮੋਹ ਨਾਲ ਅਗਾਂਹ ਹੋਇਆ; ਤਪੂ ਦੇ ਰੁੱਖੇ ਵਾਲਾਂ ਤੇ ਹੱਥ ਫੇਰ ਕੇ ਬੋਲਿਆ – "ਅੱਜ ਸਕੂਲ ਨਹੀਂ ਜਾਣਾ ਕਿਉਂ ਬਈ ?"

"ਜੀ, ਹੁਣ ਜਾਵਾਂਗਾ।"

ਪੁੱਤਰ ਦੇ ਸਿਰ ਤੇ ਹੱਥ ਰਖ ਕੇ ਬੇਰੁਖ਼ੀ ਨਾਲ ਨਜ਼ਰਾਂ ਚੁਕ ਕੇ ਆਪਣੀ ਪਤਨੀ ਨਾਲ ਪਹਿਲੀ ਗੱਲ – ਪਹਿਲਾ ਸਵਾਲ ਕੀਤਾ – "ਬੱਚੇ ਅੱਜ ਭੁੱਖੇ ਈ ਸਕੂਲ ਕਾਲਜ ਜਾਣਗੇ ?"

ਕਲਿਆਣੀ ਪਹਿਲਾਂ ਚੁੱਪ ਰਹੀ। ਉਡੀਕ ਦਾ ਪਲ ਮਹੀਪਾਲ ਲਈ ਬਹੁਤ ਲੰਮਾ ਹੋ ਗਿਆ। ਬੇਵੱਸ ਹੋ ਕੇ ਉਹ ਜ਼ਿਆਦਾ ਕ੍ਰੋਧ ਪ੍ਰਗਟਾਉਣ ਈ ਵਾਲਾ ਸੀ ਕਿ ਕਲਿਆਣੀ ਆਪਣੇ ਸੱਜੇ ਪੈਰ ਦੀ ਬਿਛੂਏ ਵਾਲੀ ਉਂਗਲੀ ਅਤੇ ਅੰਗੂਠੇ ਨੂੰ ਸੁੰਗੇੜ ਕੇ ਓਸੇ ਪਾਸੇ ਨਜ਼ਰ ਟਿਕਾਈ ਬੋਲੀ – "ਰੱਜੋ ਤੇ ਸ਼ਕੰਤਲਾ ਬਣਾ ਰਹੀਆਂ ਨੇ। ਤਪੂ, ਘਰ ਚਲ। ਅਸੀਂ ਹੁਣੇ ਆਉਂਦੇ ਆਂ।"

"ਹਾਂ ਬੱਚੇ ਚਲ, ਅਸੀਂ ਆਉਂਦੇ ਆਂ।"

ਜਾਣ ਤੋਂ ਪਹਿਲਾਂ ਸੱਤਾਂ ਵਰ੍ਹਿਆਂ ਦੇ ਬਾਲ, ਤਪੋਧਨ ਨੇ ਇਕ ਵਾਰ ਮਾਂ ਨੂੰ, ਫਿਰ ਆਪਣੇ ਬਾਪ ਨੂੰ ਵੇਖਿਆ – ਏਨੀ ਛੰਡੀ ਹੋਈ ਤਰਸ ਭਰੀ ਨਜ਼ਰ ਨਾਲ ਵੇਖਿਆ ਜਿਵੇਂ ਆਖ ਰਿਹਾ ਹੋਏ – "ਮੇਰੀ ਮਾਂ ਨੂੰ ਨਾ ਸਤਾਓ।"

ਤਪੋਧਨ ਦੇ ਜਾਣ ਪਿਛੋਂ ਕਮਰੇ ਵਿਚ ਮੌਤ ਵਰਗੀ ਚੁੱਪ ਪਸਰ ਗਈ; ਕਲਿਆਣੀ ਸਿਰ ਨਿਵਾਈ ਬੈਠੀ ਰਹੀ, ਮਹੀਪਾਲ ਦਾ ਸਿਰ ਵੀ ਨੀਵਾ ਹੀ ਰਿਹਾ. ਕਰਨਲ ਦੋਵਾਂ ਨੂੰ ਗੁਆਚੀ ਹੋਈ ਨਜ਼ਰ ਨਾਲ ਵੇਂਹਦਾ ਚੁਟਕੀ ਨਾਲ ਆਪਣੇ ਹੇਠਲੇ ਹੋਠ ਨੂੰ ਹੌਲੀ ਹੌਲੀ ਖਿੱਚਦਾ ਰਿਹਾ।

ਮਹੀਪਾਲ ਨੇ ਅਚਾਨਕ ਗੱਲ ਤੋਰੀ; ਕਰਨਲ ਤੋਂ ਪੁੱਛਿਆ – "ਇਹਨਾਂ ਨੇ ਮਥੁਰਾ ਤੋਂ ਕਦੋਂ ਮੁੜਨਾ ਏਂ ?"

"ਕਲ੍ਹ ਨਹੀਂ ਤਾਂ ਪਰਸੋਂ ਸਵੇਰੇ ਆ ਜਾਣਗੇ। ਬਿੰਨੀ ਸਿਰਫ਼ ਚਹੁੰ ਦਿਨਾਂ ਦੀ ਛੁੱਟੀ ਲੈ ਕੇ ਗਈ ਏ।"

ਇਸ ਪਿਛੋਂ ਫਿਰ ਘੜੀ ਪਲ ਚੁੱਪ ਰਹੀ। ਕਰਨਲ ਨੇ ਅਚਾਨਕ ਕਲਿਆਣੀ ਵਲ ਵੇਖ ਕੇ ਕਿਹਾ – "ਭਾਬੀ, ਹੁਣ ਬੀਤੀਆਂ ਗੱਲਾਂ ਨੂੰ ਮਨ 'ਚੋਂ ਕਢ ਦਿਓ ? ਗੱਲ ਹੁਣ ਸਿਰਫ਼ ਤੁਹਾਡੇ ਦੋਵਾਂ ਦੇ ਸ਼ਿਕਵੇ ਸ਼ਿਕਾਇਤ ਜਾਂ ਲੜਾਈ ਦੀ ਨਹੀਂ; ਸਵਾਲ ਤਾਂ

ਏ ਜਵਾਨ-ਜਹਾਨ ਲੜਕੇ ਲੜਕੀਆਂ ਦਾ। ਉਹਨਾਂ ਤੇ ਕੀ ਅਸਰ ਹੋਏਗਾ ? ਹੁਣ ਤੁਹਾਨੂੰ ਇਹੋ ਸੋਚ ਕੇ ਗੰਭੀਰਤਾਈ ਨਾਲ ਕੰਮ ਕਰਨਾ ਚਾਹੀਦਾ ਏ ਭਾਬੀ।"

"ਇਹ ? ਏਸ ਜਨਮ ਵਿਚ ਤਾਂ ਕੀ, ਚੁਰਾਸੀ ਹਜ਼ਾਰ ਜਨਮਾਂ ਵਿਚ ਵੀ ਇਸ ਗੱਲ ਨੂੰ ਨਹੀਂ ਸੋਚੇਗੀ। ਇਹਦੀ ਇਹ ਗੱਲ ਆ ਜਿਸ ਗੱਲ ਤੋਂ ਮਨ੍ਹੇ ਕਰਾਂ ਇਹ ਦਸ ਲੱਖ ਵਾਰ ਦੁਹਰਾਏਗੀ, ਨਹੀਂ ਤਾਂ ਗਿਗਾਸਾਂ ਦੇ ਪਾਂਡਿਆਂ ਦੀ ਧੀ ਦਾ ਨੱਕ ਨੀਵਾਂ ਨਾ ਹੋ ਜਾਏ। ਇਹਦੇ ਤੋਂ......"

"ਮਹੀਪਾਲ ਹੁਣ ਤੂੰ ਚੁੱਪ ਕਰਦਾ ਏਂ ਜਾਂ ਨਹੀਂ ? ਮੈਂ ਕਹਿੰਦਾ ਆਂ ਏਡੇ ਵੱਡੇ ਲੇਖਕ... ."

"ਲੇਖਕ ਪਿਆ ਢੱਠੇ ਖੂਹ ਵਿਚ ਲੇਖਕ ਭੜੂਏ ਦੀ ਕੋਈ ਕਦਰ ਏ – ਘਰ ਵਿਚ ਹੀ ਨਹੀਂ। ਜਿਸ ਦਿਨ – ਜਿਸ ਦਿਨ ਇਹਦੀਆਂ ਚੂੜੀਆਂ ਟੁੱਟਣਗੀਆਂ, ਓਦਣ ਇਹਨੂੰ ਪਤਾ ਲਗੇਗਾ ਕਿ ਮੈਂ ਕਿੰਨਾ ਵੱਡਾ ਲੇਖਕ ਸਾਂ।" ਆਖ ਕੇ ਉਹ ਕਮਰੇ 'ਚ ਵੱਡੇ ਵੱਡੇ ਚੱਕਰ ਮਾਰਨ ਲਗਾ।

ਕਲਿਆਣੀ ਸਿਰ ਨਿਵਾਈਂ ਬੈਠੀ ਰਹੀ।

ਕਰਨਲ ਨੇ ਫਿਰ ਗੱਲ ਛੋਹੀ; ਕਲਿਆਣੀ ਨੂੰ ਕਿਹਾ – "ਮਹੀਪਾਲ ਨੇ ਤੁਹਾਡੇ ਨਾਲ ਬਹੁਤ ਜ਼ਿਆਦਤੀ ਕੀਤੀ ਏ ਭਾਬੀ – ਮੈਂ ਇਹਦੇ ਮੂੰਹ ਤੇ ਕਹਿੰਦਾ ਆਂ। ਪਰ ਇਹ ਤੁਹਾਡੀ ਬੇਹੱਦ ਕਦਰ ਕਰਦਾ ਏ – ਇਹ ਗੱਲ ਵੀ ਇਹਦੇ ਹੀ ਸਾਹਮਣੇ ਮੈਂ ਤੁਹਾਨੂੰ ਆਖ ਰਿਹਾਂ ....."

ਵਿਲਾਸੀ ਮਹੀਪਾਲ ਦੇ ਅਪਰਾਧੀ ਮਨ ਨੂੰ ਆਪਣੀ ਦਲੀਲ ਪੱਖੀ ਹਾਮੀ ਮਿਲੀ। ਚਮਕ ਕੇ ਬੋਲਿਆ – "ਤੂੰ ਕੀ ਏਂ, ਬ੍ਰਹਮਾ ਆ ਕੇ ਸਮਝਾਏ ਤਾਂ ਵੀ ਇਹ ਨਹੀਂ ਮੰਨੇਂਗੀ ਕਿ ਮੈਂ ਇਹਦੀ ਕਦਰ ਕਰਦਾ ਹਾਂ। ਸਮਝਾਉਣ ਦੀ ਤਾਂ ਗੱਲ ਈ ਛੱਡ। ਮੇਰੇ ਆਚਰਣ ਤੋਂ ਇਹਨੂੰ ਨਹੀਂ ਸੁਝਦਾ। ਮੇਰਾ ਚੀਕ ਦਿਹਾੜਾ ਤਾਂ ਇਹਨੂੰ ਦਿਸਦਾ ਏ, ਪਰ ਮੈਂ ਜਿਹੜਾ ਇਹਦਾ ਆਦਰ ਕਰਦਾ ਹਾਂ, ਇਹਨੂੰ ਬਲ ਦੇਂਦਾ ਹਾਂ ਉਹਨੂੰ ਇਹ ਕੌਡੀ ਮੁੱਲ ਦਾ ਨਹੀਂ ਸਮਝਦੀ। ਤੇ ਮੰਨੇ ਵੀ ਕਿਵੇਂ, ਇਹਦਾ ਖ਼ਿਆਲ ਤਾਂ ਇਹ ਆ ਕਿ — ਮੇਰੇ 'ਚ ਕੋਈ ਚੰਗਿਆਈ ਹੈ ਈ ਨਹੀਂ। ਇਹ ਸਮਝਦੀ ਏ ਕਿ ਮੈਂ ਇਹਦਾ ਵੈਰੀ ਆਂ।......(ਦੰਦ ਪੀਹ ਕੇ) ਜਾਹਲ, ਅਕਲ ਦੀ ਅੰਨ੍ਹੀ......"

"ਮਹੀਪਾਲ !"

"ਏਸ ਔਰਤ ਨੇ ਮੇਰਾ ਜੀਵਨ ਤਬਾਹ ਕਰ ਦਿਤਾ ਏ ਜੀ। ਕਦੇ ਮੇਰੀ ਗੱਲ ਨਹੀਂ ਸੁਣੇਗੀ। ਕਦੇ ਮੈਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਆਖ਼ਰ ਇਹ ਆਦਮੀ ਕੀ ਚਾਹੁੰਦਾ ਏ – ਕੀ ਕਹਿੰਦਾ ਏ......"

"ਅੱਛਾ, ਹੁਣ ਮੈਂ ਕਹਿੰਦਾ ਆਂ ਕਿ......"

"ਕਰਨਲ, ਮੈਂ ਇਸ ਵੇਲੇ ਗ਼ੁੱਸੇ ਜ਼ਰੂਰ ਆਂ, ਪਰ ਨਾਰਾਜ਼ ਨਹੀਂ। ਮੈਂ ਆਪਣੇ ਦਿਲ ਦੀਆਂ ਸਭ ਗੱਲਾਂ ਇਹਦੇ ਹੁੰਦਿਆਂ ਈ ਤੇਰੇ ਸਾਹਮਣੇ ਦਸਣੀਆਂ ਚਾਹੁੰਦਾਂ। ਹੁਣ – ਹੁਣ ਮੇਰੀ ਇਕਤਾਲੀ ਬਤਾਲੀ ਦੀ ਉਮਰ ਹੋਣ ਲਗੀ ਏ। ਅੱਲ੍ਹੜ ਜਵਾਨੀ ਨਹੀਂ ਰਹੀ ਕਿ ਲੜ ਭਿੜ ਕੇ ਸਭ ਭੁੱਲ ਜਾਵਾਂ। ਹੁਣ ਮੈਨੂੰ ਥਕੇਵਾਂ ਹੁੰਦਾ ਏ। ਮੈਨੂੰ ਵੀ ਸ਼ਕਤੀ ਚਾਹੀਦੀ ਏ। ਵਧ ਤੋਂ ਵਧ ਇਹੋ ਅੱਠ ਦਸ ਵਰ੍ਹੇ ਮੇਰੇ ਕੰਮ ਕਰਨ ਦੇ ਨੇ। ਜੀਵਨ ਵਿਚ ਕੁਝ ਨਾ ਮਿਲੇ, ਪਰ ਮੈਂ ਸ਼ਾਂਤੀ ਚਾਹੁੰਦਾ ਆਂ। ਤੇ ਇਹ ਤੀਵੀਂ ਮੈਨੂੰ ਅਸ਼ਾਂਤ ਕਰਦੀ ਏ।......"

"ਤੇ ਇਹਨਾਂ ਨੂੰ ਕਹਿ ਦਿਓ ਭਾਈ ਸਾਹਿਬ ।ਜਿਥੇ ਇਹਨਾਂ ਨੂੰ ਚੈਨ ਏ ਉਥੇ ਈ ਜਾਣ......"

"ਵੇਖ ਲਾ ਕਰਨਲ, ਵੇਖ ਲਾ ....."

"ਮੈਂ ਕਹਿੰਦਾਂ, ਤੂੰ ਚੁੱਪ ਰਹੁ ਮਹੀਪਾਲ!" ਕਰਨਲ ਨੇ ਵਾਹਵਾ ਡਾਂਟ ਕੇ ਕਿਹਾ। ਫਿਰ ਆਵਾਜ਼ ਨੀਵੀਂ ਕਰਕੇ ਬੋਲਿਆ — "ਭਾਬੀ ਨਾਲ ਮੈਨੂੰ ਗੱਲ ਕਰਨ ਦੇ। ਤੇ ਖ਼ਬਰਦਾਰ ਜੇ ਵਿਚ ਬੋਲਿਓਂ ਤਾਂ! ਹਾਂ ਭਾਬੀ, ਵੇਖੋ ਗੱਲ ਜ਼ਰਾ ਕੁ ਗੁੰਝਲ ਵਾਲੀ ਏ। ਮੈਥੋਂ ਜੇ ਕੋਈ ਭੁੱਲ ਹੋ ਜਾਏ ਤਾਂ ਬੁਰਾ ਨਾ ਮੰਨਣਾ — ਮੈਂ ਪਹਿਲਾਂ ਈ ਮਾਫ਼ੀ ਮੰਗ ਲੈਂਦਾ ਆਂ — ਵੇਖੋ ਮਹੀਪਾਲ ਨੂੰ ਸਮਝਣੇ ਵਿਚ ਤੁਸੀਂ ਗ਼ਲਤੀ ਕਰਦੇ ਓ। ਇਹ ਮੈਂ ਮੰਨਦਾ ਆਂ ਕਿ ਮਹੀਪਾਲ ਵਿਚ ਬੁਰਾਈਆਂ ਨੇ, ਪਰ ਇਹ ਵੀ ਤੁਹਾਨੂੰ ਮੰਨਣਾ ਪਏਗਾ ਇਹਦੇ ਵਰਗਾ ਸਿੱਧਾ ਸਾਦਾ, ਦਿਲ ਦਾ ਸਾਫ਼ ਆਦਮੀ ਤੁਹਾਨੂੰ ਜ਼ਮਾਨੇ ਵਿਚ ਟਾਂਵਾਂ ਟਾਂਵਾਂ ਈ ਮਿਲੇਗਾ। ਮੈਂ ਬਿਲਕੁਲ ਝੂਠ ਨਹੀਂ ਕਹਿੰਦਾ ਭਾਬੀ, ਦੁਕਾਨਦਾਰ, ਦੁਨੀਆਂਦਾਰ ਆਦਮੀ ਆਂ, ਦਸਾਂ ਤਰ੍ਹਾਂ ਦੇ ਲੋਕ ਨਿੱਤ ਮੇਰੀਆਂ ਨਜ਼ਰਾਂ ਵਿਚ ਆਉਂਦੇ ਨੇ। ਆਪਣਾ ਆਦਮੀ ਏ, ਇਸ ਲਈ ਸਿਫ਼ਤ ਨਹੀਂ ਹੁੰਦੀ, ਪਰ ਇਹਦੇ ਗੁਣਾਂ ਤੇ ਯੋਗਤਾ ਸਾਹਮਣੇ ਮੈਂ ਚੰਗਿਆਂ ਚੰਗਿਆਂ ਨੂੰ ਸਿਰ ਨਿਵਾਉਂਦਿਆਂ ਵੇਖਿਆ ਏ।"

ਉਂਗਲਾਂ ਵਿਚ ਸੜੀ ਸਿਗਰਟ ਘੁੱਟੀ, ਸਿਰ ਝੁਕਾਈ ਮਹੀਪਾਲ ਕੁਰਸੀ ਤੇ ਸਿੱਧਾ ਬਹਿ ਕੇ ਚੁੱਪ ਸਾਧੀ ਆਪਣੀ ਸਿਫ਼ਤ ਸੁਣ ਰਿਹਾ ਸੀ। ਇਸ ਵੇਲੇ ਕਰਨਲ ਦੇ ਉਪਕਾਰ ਹੇਠਾਂ ਉਹ ਦੱਬਦਾ ਜਾ ਰਿਹਾ ਸੀ। ਕਰਨਲ ਕਹਿ ਰਿਹਾ ਸੀ — "ਮਹੀਪਾਲ ਵਰਗੇ ਲੇਖਕ ਦੀ ਕਦਰ ਤਾਂ ਭਾਬੀ ਵਲਾਇਤ ਵਿਚ ਈ ਹੋ ਸਕਦੀ ਏ। ਇਹਦੇ ਵਰਗੇ ਆਰਟਿਸਟ ਇੰਟੇਲੈਂਕੁਚੁਅਲ ਨੂੰ ਬੜੀਆਂ ਬੜੀਆਂ ਮੁਸੀਬਤਾਂ ਵੇਖਣੀਆਂ ਪੈਂਦੀਆਂ ਨੇ। ਇਹੋ ਜਿਹੇ ਆਦਮੀ ਵਿਚ ਜੇਕਰ ਇਕ ਅੱਧ ਕੋਈ ਕਮਜ਼ੋਰੀ ਹੋਏ ਵੀ ਤਾਂ ਮੇਰੀ ਰਾਏ ਵਿਚ ਉਹਨੂੰ ਮਾਫ਼ ਕਰ ਦੇਣਾ ਚਾਹੀਦਾ ਏ।"

ਕਰਨਲ ਚੁੱਪ ਹੋਇਆ। ਕਮਰੇ ਵਿਚ ਚੁੱਪ ਪਸਰ ਗਈ। ਤਿੰਨਾਂ ਦੇ ਸਿਰ ਵਿਚਾਰ-ਮਗਨ ਢੰਗ ਨਾਲ ਝੁਕੇ ਰਹੇ। ਕਰਨਲ ਖੱਬੇ ਹੱਥ ਦੀ ਉਂਗਲ ਵਿਚ ਪਈ ਹੋਈ

ਨਵਰਤਨ ਦੀ ਸੁੰਦਰ ਜੜਾਊ ਅੰਗੂਠੀ ਨੂੰ ਸੱਜੇ ਹੱਥ ਨਾਲ ਏਧਰ ਓਧਰ ਘੁਮਾਉਣ ਲਗਾ। ਸੱਜੇ ਹੱਥ ਦੀ ਉਂਗਲੀ ਵਿਚ ਵੱਡਾ ਸਾਰਾ ਲਹਿਸ਼ਨੀਆਂ ਫੱਬ ਰਿਹਾ ਸੀ। ਕਰਨਲ ਨੇ ਮਾੜਾ ਜਿਹਾ ਗਲ ਸਾਫ਼ ਕਰਕੇ ਫਿਰ ਕਹਿਣਾ ਸ਼ੁਰੂ ਕੀਤਾ। ਮੈਂ ਇਹ ਨਹੀਂ ਕਹਿੰਦਾ ਕਿ ਮਹੀਪਾਲ ਨੂੰ ਤੁਸੀਂ ਕੁਝ ਨਾ ਕਹੋ, ਪਰ ਜੋ ਕੁਝ ਵੀ ਕਹਿਣਾ ਸੁਣਨਾ ਹੋਏ ਉਹ ਇਹਦਾ ਮੂਡ ਵੇਖ ਕੇ। ਹੁਣ ਤੁਸੀਂ ਹੀ ਸੋਚੋ, ਜਵਾਨ ਲੜਕੇ ਲੜਕੀਆਂ ਸਾਹਮਣੇ ਤੁਹਾਡੀ ਦੋਵਾਂ ਦੀ ਖਿੱਚੋਤਾਣ ਦਾ ਪਤਾ ਲਗ ਗਿਆ। ਜ਼ਮਾਨਾ ਕਿਹੋ ਜਿਹਾ ਖ਼ਰਾਬ ਜਾ ਰਿਹਾ ਏ ਇਹ ਤਾਂ ਤੁਸੀਂ ਜਾਣਦੇ ਓ। ਕੰਵਾਰੇ ਲੜਕੇ ਲੜਕੀਆਂ ਨੇ, ਜ਼ਰਾ ਜਿੰਨੇ ਵੀ ਹੱਥੋਂ ਬੇਹੱਥ ਹੋ ਗਏ......"

"ਏਸੇ ਲਈ ਮੈਂ ਇਹਨਾਂ ਨੂੰ ਕਹਿੰਦੀ ਆਂ, ਭਾਈ ਸਾਹਿਬ, ਹੋਰ ਕੋਈ ਗੱਲ ਨਹੀਂ।" ਏਨੇ ਚਿਰ ਪਿਛੋਂ ਕਲਿਆਣੀ ਦਾ ਮੂੰਹ ਖੁਲ੍ਹਾ। ਮਹੀਪਾਲ ਦੇ ਭਰਵੱਟਿਆਂ ਦੀਆਂ ਕਮਾਨਾਂ ਚੜ੍ਹ ਗਈਆਂ, ਪੁਤਲੀਆਂ ਨੂੰ ਤਿਰਛੀਆਂ ਘੁਮਾ ਕੇ ਪਤਨੀ ਨੂੰ ਇਸ ਤਰ੍ਹਾਂ ਘੂਰ ਕੇ ਵੇਖਣ ਲਗਾ, ਜਿਵੇਂ ਹਿਪਨਾਟਿਜ਼ਮ ਦਾ ਕੋਈ ਦਾਅ ਵਰਤ ਰਿਹਾ ਹੋਏ। ਕਲਿਆਣੀ ਤਿੱਖੇ ਪ੍ਰਸ਼ਨ ਵਾਲੀ ਆਵਾਜ਼ ਵਿਚ ਬੋਲ ਰਹੀ ਸੀ — "ਮੈਂ ਸਭ ਕੁਝ ਸਹਿ ਸਕਦੀ ਹਾਂ, ਜੇ ਇਹੋ ਜਿਹੀਆਂ ਬੁਰਾਈਆਂ ਬਦਨਾਮੀ ਵਾਲੀਆਂ ਗੱਲਾਂ ਇਨ੍ਹਾਂ ਨੇ ਕਰਨੀਆਂ ਹੋਣ ਤਾਂ ਇਹਨਾਂ ਨੂੰ ਕਹੋ ਕਿ ਮੈਨੂੰ ਪਹਿਲਾਂ ਥੋੜਾ ਜਿਹਾ ਜ਼ਹਿਰ ਦੇ ਦੇਣ। ਮੈਂ ਆਪਣੇ ਘਰ ਵਿਚ ਕਿਸੇ ਦਾ ਖੋਟ ਨਹੀਂ ਸਹਿ ਸਕਦੀ। ਚਾਹੇ ਇਹਨਾਂ ਦਾ ਹੋਏ ਚਾਹੇ ਕੁੜੀਆਂ ਮੁੰਡਿਆਂ ਦਾ ਹੋਏ।" ਕਲਿਆਣੀ ਦਾ ਚਿਹਰਾ ਲਾਲ ਹੋ ਗਿਆ ਸੀ।

ਇਹ ਤੇਜ ਮਹੀਪਾਲ ਦੇ ਮਨ ਦਾ ਆਦਰਸ਼ ਹੈ। ਇਸ ਆਦਰਸ਼ ਨੂੰ ਉਹ ਬਹੁਤ ਚਾਹ ਕੇ ਵੀ ਪ੍ਰਤੱਖ ਜੀਵਨ ਵਿਚ ਪ੍ਰਾਪਤ ਨਹੀਂ ਕਰ ਸਕਿਆ। ਕਲਿਆਣੀ ਦਾ ਹਠੀ ਤੇ ਉਜੱਡ ਸੁਭਾਅ ਹੀ ਇਹਦਾ ਇਕੋ ਇਕ ਕਾਰਨ ਹੈ। ਇਹਨੇ ਕਦੇ ਮੇਰੀ ਕਲਾਕਾਰ ਸਹਿਤਕ ਸ਼ਖ਼ਸੀਅਤ ਨੂੰ ਪ੍ਰੇਰਨਾ ਨਹੀਂ ਦਿਤੀ। ਸਦਾ ਮੇਰਾ ਵਿਰੋਧ ਕੀਤਾ। ਪਤੀਬਰਤਾ, ਤਪੱਸਵਣੀ, ਤੇਜਸਵਣੀ ਹੈ ਤਾਂ ਕੀ ਏ, ਇਹ ਮੂਲੋਂ ਈ ਪਰਲੇ ਦਰਜੇ ਦੀ ਅਨਾੜੀ ਮੂਰਖ ਏ" ਸ਼ਬਦਾਂ ਅਤੇ ਵਿਚਾਰਾਂ ਦੀਆਂ ਪਰਛਾਈਆਂ ਹੜ੍ਹਦੀਆਂ ਲਹਿਰਾਂ ਵਾਂਗ ਦੌੜਦੀਆਂ ਹੋਈਆਂ ਨਿਕਲ ਗਈਆਂ। ਪਿਛੇ ਰਹਿ ਗਈ ਕਰੋਧ ਦੀ ਦਲਦਲ ਜਿਸ ਵਿਚ ਉਹਦਾ ਦਿਮਾਗ਼ ਅਟਕ ਗਿਆ। ਗਰਜ ਕੇ ਬੋਲਿਆ — "ਮੈਂ ਤੇਰੇ ਬਾਪ ਦਾ ਦੁਬੈਲ ਨਹੀਂ, ਸਮਝੀ ਏਂ। ਤੈਨੂੰ ਦਸ ਲੱਖ ਵਾਰ ਗ਼ਰਜ਼ ਹੋਏ ਤਾਂ ਮੇਰੇ ਨਾਲ ਰਹੁ; ਨਹੀਂ ਤਾਂ ਮੈਂ ਤੈਨੂੰ ਇਕ ਪਲ ਲਈ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ — ਹੰਕਾਰਣੀ, ਸਵਾਰਥੀ, ਨੀਚ!"

ਕਰਨਲ ਝਟ ਉਠ ਕੇ ਉਹਦੇ ਮੂੰਹ ਤੇ ਹੱਥ ਰਖ ਦਿਤਾ, ਦੱਬੀ ਜ਼ਬਾਨ ਵਿਚ ਝਿੜਕਦਿਆਂ ਕਿਹਾ — "ਮਹੀਪਾਲ! ਮਹੀਪਾਲ!" ਮਹੀਪਾਲ ਉਹਦੇ ਹੱਥੋਂ ਮਾੜਾ

ਜਿਹਾ ਜ਼ੋਰ ਨਾਲ ਛੁੱਟ ਗਿਆ। ਕਰਨਲ ਦਾ ਝਿੜਕਨਾ ਜਾਰੀ ਰਿਹਾ, ਬੋਲਿਆ — "ਮੈਂ ਕਹਿੰਦਾ ਆਂ, ਢੀਠ ਹੋ ਗਿਆ ਏਂ ਸਗੋਂ ? ਬਸ, ਹੁਣ ਮੈਂ ਸਮਝ ਗਿਆਂ, ਸਾਰਾ ਕਸੂਰ ਤੇਰਾ ਏ।"

"ਕੀ ਬਕਦਾ ਏਂ ?" ਮਹੀਪਾਲ ਨੇ ਕਰਨਲ ਨੂੰ ਵੀ ਘਟੀਆ ਬਣਾਉਣਾ ਸ਼ੁਰੂ ਕੀਤਾ।

ਕਰਨਲ ਹੋਰਾਂ ਦਾ ਮੂਡ ਇਸ ਵੇਲੇ ਇੰਜ ਕੰਡੇ-ਤੋਲ ਵਾਂਗ ਅਡੋਲ ਬਣਿਆ ਪਿਆ ਕਿ ਧੋਖੇ ਨਾਲ ਵੀ ਕਿਸੇ ਤਰ੍ਹਾਂ ਦੇ ਘਟੀਆਪਨ ਦੇ ਨੇੜੇ ਫਟਕ ਵੀ ਨਹੀਂ ਸਕਦਾ। ਅਤੇ ਕਰਨਲ ਐਸੇ ਮੂਡ ਵਿਚ ਆ ਜਾਂਦਾ ਹੈ, ਉਦੋਂ ਲੜਨ ਵਾਲੀਆਂ ਪਾਰਟੀਆਂ ਵਿਚ ਸਮਝੌਤਾ ਹੋ ਕੇ ਈ ਰਹਿੰਦਾ ਹੈ ਨਹੀਂ ਤੇ ਫਿਰ ਇਕ ਪਾਰਟੀ ਨੂੰ ਕਰਨਲ ਨਾਲ ਮੋਰਚਾ ਲਾਉਣ ਲਈ ਤਿਆਰ ਹੋਣਾ ਪੈਂਦਾ ਹੈ। ਲਾਲਾ ਨਗੀਨ ਚੰਦ ਜੀ ਉਰਫ਼ ਕਰਨਲ ਸਾਹਿਬ ਨੇ ਪਤਾ ਨਹੀਂ ਕਿੰਨੇ ਰਿਸ਼ਤੇ ਨਾਤੇਦਾਰਾਂ ਅਤੇ ਮੇਲ ਜੋਲ ਵਾਲੇ ਘਰਾਂ ਵਿਚ ਚੁੱਲ੍ਹੇ ਟੁੱਟਣੋਂ ਬਚਾਏ ਨੇ। ਦਬੰਗੇ ਢੰਗ ਨਾਲ ਉਂਗਲ ਚੁਕ ਨੇ ਕਿਹਾ — "ਵੇਖ ਬਈ, ਇਹ ਝੂਠਾ ਰੋਹਬ ਇਸ ਵੇਲੇ ਨਾ ਝਾੜ, ਸਮਝਿਆ। ਮੈਂ ਪੂਰੀ ਤਰ੍ਹਾਂ ਸੀਰੀਅਸ ਮੂਡ ਵਿਚ ਆਂ – ਇਸ ਵੇਲੇ ਨਾ ਮੈਂ ਤੇਰੇ ਵਲ ਆਂ ਨਾ ਭਾਬੀ ਵਲ। ਤੂੰ ਸਾਲਿਆ, ਭਾਬੀ ਵਰਗੀ ਸਤੀ ਦੇ ਪੈਰਾਂ ਦੀ ਮੈਲ ਵੀ ਨਹੀਂ, ਇੰਟੇਲੇਕੁਚੁਅਲ ਚਾਹੇ ਜਿੰਨਾ ਵੱਡਾ ਹੋਏਂ।"

ਮਹੀਪਾਲ ਨੂੰ ਜਾਪਿਆ ਜਿਵੇਂ ਕਰਨਲ ਨੇ ਅਚਾਨਕ ਉਹ ਕੁਰਸੀ ਖਿੱਚ ਲਈ, ਜਿਸ ਉਤੇ ਕਿ ਉਹ ਬੈਠਾ ਹੈ। ਸੱਜਨ ਦੇ ਹੁੰਦਿਆਂ ਜੇਕਰ ਕਰਨਲ ਨੇ ਏਨੀਆਂ ਸਾਫ਼ ਗੱਲਾਂ ਕਹੀਆਂ ਹੁੰਦੀਆਂ ਤਾਂ ਉਹ ਉਹਨੂੰ ਹੋਰ ਨਜ਼ਰ ਨਾਲ ਵੇਖਦਾ, ਪਰ ਇਸ ਵੇਲੇ ਕਲਿਆਣੀ ਦੇ ਸਾਹਮਣੇ ਕਰਨਲ ਦੀ ਇਹ ਫਟਕਾਰ ਉਹਨੂੰ ਬੜੀ ਚੁਭੀ। ਉਹ ਆਪਣੀ ਲੜਖੜਾਹਟ ਨੂੰ ਸੰਭਾਲ ਕੇ, ਆਪਣੇ ਆਪ ਨੂੰ ਕੱਸ ਕੇ, ਕਰਨਲ ਉਤੇ ਕਰਾਰਾ ਵਾਰ ਕਰਕੇ ਆਪਣੀ ਪਤਨੀ ਸਾਹਮਣੇ ਜੇਤੂ ਹੋਣ ਦੀ ਤਿਆਰੀ ਕਰ ਹੀ ਰਿਹਾ ਸੀ ਕਿ ਉਦੋਂ ਤਕ ਕਰਨਲ ਨੇ ਇਕ ਬੜਾ ਚੁਭਵਾਂ ਸੱਚ ਕਹਿ ਕੇ ਉਹਦੀ ਜ਼ਬਾਨ ਬੰਦ ਕਰ ਦਿਤੀ। ਕਰਨਲ ਨੇ ਕਿਹਾ — "ਤੂੰ ਆਪਣੇ ਲੇਖਕਪੁਣੇ ਵਿਚ ਮਨੁੱਖਤਾ ਨੂੰ ਚਾਹੇ ਜਿੰਨਾ ਮਰਜ਼ੀ ਪਛਾਣ ਲਿਆ ਹੋਏ, ਪਰ ਆਦਮੀ ਨੂੰ ਤੂੰ ਹੁਣ ਤਕ ਨਹੀਂ ਪਛਾਣ ਸਕਿਆ। ਮੰਨਿਆ ਕਿ ਭਾਬੀ ਹੱਠੀ ਏ, ਪਰ ਤੂੰ ਤੇ ਮੂਰਖ ਏਂ, ਮੂਰਖ ! ਤੂੰ ਏਨੇ ਵਰ੍ਹੇ ਨਾਲ ਰਹਿ ਕੇ ਉਹਦੇ ਮਨ ਦਾ ਪਿਆਰ ਨਹੀਂ ਪਛਾਣ ਸਕਿਆ, ਤੇ ਮੈਂ ਸਮਝ ਗਿਆ। ਇਹ ਜਿੰਨੀ ਸ਼ੁਧ ਵਿਚਾਰਾਂ ਦੀ ਪਵਿੱਤਰ ਦੇਵੀ ਏ ਓਨੇ ਸ਼ੁੱਧ ਵਿਚਾਰਾਂ ਦਾ ਸ਼ਾਇਦ ਈ ਕੋਈ ਹੋਏ, ਉਹ ਕਿਸੇ ਤਰ੍ਹਾਂ ਦੀ ਗੰਦਗੀ ਬਰਦਾਸ਼ਤ ਨਹੀਂ ਕਰ ਸਕੇਗੀ, ਬਾਊ ਜੀ। ਹੁਣ ਤੁਸੀਂ ਈ ਓ, ਜਿਥੋਂ ਤਾਈਂ ਤੁਹਾਡੇ ਇੰਟੇਲੈਕੁਚੁਅਲ ਵਿਚਾਰ ਉੱਚੇ ਉਠੇ ਨੇ ਓਸ ਹੱਦ ਤਕ ਤੁਹਾਨੂੰ ਜੋ ਕਿਸੇ ਦੀ ਗੰਦਗੀ ਨਜ਼ਰ ਆਉਂਦੀ ਏ ਤਾਂ ਤੁਸੀਂ

ਨਹੀਂ ਤ੍ਰਭਕ ਪੈਂਦੇ ਜਨਾਬ ? ਸੌ ਵਾਰ ਤਾਂ ਮੈਂ ਤੁਹਾਨੂੰ ਵੇਖਿਆ ਏ ।"

ਰੋਗੀ ਮਨੁੱਖ ਨੂੰ ਜਿਵੇਂ ਕਦੇ ਕਦੇ ਸ਼ੁੱਧ ਹਵਾ ਨੁਕਸਾਨ ਪਹੁੰਚਾ ਦੇਂਦੀ ਏ, ਉਸੇ ਤਰ੍ਹਾਂ ਮਹੀਪਾਲ ਤੇ ਕਰਨਲ ਦੀਆਂ ਗੱਲਾਂ ਦਾ ਅਸਰ ਹੋਇਆ । ਉਹਦੇ ਅੰਦਰਲਾ ਸੱਚ ਉਭਰਿਆ, ਪਰ ਸਾਰੇ ਸ਼ਾਂਤ ਭਾਵ ਨਾਲ ਨਹੀਂ, ਸਗੋਂ ਵਿਦਰੋਹੀ ਹੋ ਕੇ । ਉਹਨੇ ਸਿਰ ਚੁਕ ਕੇ ਭੱਖ ਕੇ ਕਿਹਾ — "ਮੈਂ ਜਾਣਦਾਂ ਸਗੋਂ ਨਿਝਕ ਹਰ ਇਕ ਸਾਹਮਣੇ ਆਖ ਵੀ ਦੇਂਦਾ ਆਂ ਕਿ ਕਲਿਆਣੀ ਮੈਥੋਂ ਵਧ ਇਕ 'ਚ ਵਿਸ਼ਵਾਸ ਰਖਣ ਵਾਲੀ ਏ । ਮੈਂ ਵੀ ਸਤਾਰਾਂ ਅਠਾਰਾਂ ਵਰ੍ਹੇ ਇਕੋ ਪਤਨੀਬਰਤਾ ਬਣ ਕੇ ਸ਼ੁੱਧ ਵਿਸ਼ਵਾਸ ਨਾਲ ਬਿਤਾਏ ਨੇ, ਹੁਣ ਵੀ ਇਹਦੀ (ਕਲਿਆਣੀ ਦੀ) ਘੋਰ ਮੂਰਖਤਾ ਨਾਲ ਡੂੰਘੀ ਨਫ਼ਰਤ ਕਰਦਿਆਂ ਵੀ ਇਹਦੇ ਲਈ ਮੇਰੇ ਦਿਲ ਵਿਚ ਪ੍ਰੇਮ ਭਰੀ ਪੂਜਾ ਯੋਗ ਭਾਵਨਾ ਏ । ਪਰ ਜੋ ਵੀ ਆਖੇਂ ਕਰਨਲ — ਅੱਜ ਮੈਂ ਕਲਿਆਣੀ ਸਾਹਮਣੇ ਵੀ ਬੇਝਿਜਕ ਕਹਾਂਗਾ ਕਿ ਸ਼ੀਲਾ ਅਤੇ ਆਪਣੇ ਪ੍ਰੇਮ ਵਿਚ ਮੈਂ ਕੋਈ ਗੰਦਗੀ ਨਹੀਂ ਸਮਝਦਾ । ਤੇ ਮੈਂ ਉਹਨੂੰ ਨਫ਼ਰਤ ਕਰਾਂਗਾ ਜਿਹੜਾ ਮੇਰੀ ਸ਼ੀਲਾ ਨਾਲ ਨਫ਼ਰਤ ਕਰੇਗਾ !"

'ਮੇਰੀ' ਸ਼ਬਦ ਤੇ ਜ਼ੋਰ ਸੀ, ਓਸ ਸ਼ਬਦ ਨੇ ਆਪਣਾ ਕੰਮ ਕੀਤਾ; ਕਲਿਆਣੀ ਅੰਦਰੇ ਅੰਦਰ ਉਬਲੀ, ਪਰਾਏ ਵਸ ਹੋਣਾ ਘੁੱਟੀ ਆਹ ਬਣ ਕੇ ਪ੍ਰਗਟ ਹੋਈ, ਕਲਿਆਣੀ ਦੀਆਂ ਅੱਖਾਂ ਤਿਰਛੀਆਂ ਘੁੰਮ ਕੇ ਆਪਣੇ ਪਤੀ ਨੂੰ ਇੰਜ ਵੇਖਣ ਲਗੀਆਂ ਜਿਵੇਂ ਕਹਿ ਰਹੀਆਂ ਹੋਣ, ਤੂੰ ਮੈਨੂੰ ਡੂੰਘੇ ਪਾਣੀ ਡੋਬਿਆ । ਤੂੰ ਇਹ ਕੀ ਕਹਿ ਦਿਤਾ ?

ਮਹੀਪਾਲ ਨੇ ਜੋਸ਼ ਵਿਚ ਗੱਲ ਆਖ ਕੇ ਫਿਰ ਚੋਰ ਵਾਂਗ ਆਪਣੀ ਪਤਨੀ ਵਲ ਵੇਖਿਆ । ਤਦੇ ਕਲਿਆਣੀ ਨੇ ਵੀ ਉਹਦੇ ਵਲ ਸ਼ਿਕਾਇਤ, ਹਾਰ ਅਤੇ ਦੁਖੀ ਨਜ਼ਰ ਨਾਲ ਵੇਖਿਆ । ਨਜ਼ਰਾਂ ਦਾ ਮਿਲਣਾ ਫਿਰ ਘਾਤਕ ਸਿੱਧ ਹੋਇਆ; ਮਹੀਪਾਲ ਇਸ ਵੇਲੇ ਸੱਚ ਤੋਂ ਦੁਖੀ ਸੀ । "ਪਤੀ ਪਤਨੀ ਦਾ ਬੰਧਨ ਅਟੁੱਟ ਹੈ, ਅਨੰਤ ਹੈ । ਮੈਂ ਇਹਨੂੰ ਤੋੜਾਂਗਾ । ਔਰਤ ਮਰਦ ਦਾ ਪ੍ਰੇਮ ਮਹਾਂ ਬੰਧਨ ਹੈ; ਇਸਤਰੀ ਪੁਰਸ਼, ਪਤੀ ਪਤਨੀ ਹੋਣ ਜਾਂ ਨਾ ਹੋਣ । ਕਲਿਆਣੀ ਸਤੀ ਹੈ ਤਾਂ ਰਹੇ । ਮੈਂ ਪਤਿਤ ਹੋ ਕੇ ਵੀ ਮਹਾਨ ਹਾਂ । ਸ਼ੀਲਾ ਮੈਨੂੰ ਪ੍ਰੇਰਨਾ ਦੇਂਦੀ ਏ, ਮੈਂ ਸ਼ੀਲਾ ਦੇ ਸਾਹਾਂ ਵਿਚ ਵਸਦਾ ਹਾਂ । ਸਮਾਜਕ ਪੱਖੋਂ ਇਹ ਭਾਵੇਂ ਅਨੈਤਿਕ ਹੋਏ — ਸਮਾਜ ਸਾਡੇ ਪ੍ਰੇਮ ਅੱਗੇ ਕੀ ਚੀਜ਼ ਏ ?"

ਮਹੀਪਾਲ ਇਕਦਮ ਜੋਸ਼ ਨਾਲ ਖੜਾ ਹੋ ਗਿਆ, ਕਰਨਲ ਨੂੰ ਕਿਹਾ — "ਕਰਨਲ, ਆਈ ਐਮ ਗੋਇੰਗ । ਇਹਨੂੰ ਕਹਿ ਦੇ, ਆਪਣੀ ਕਮਾਈ 'ਚੋਂ ਹੁਣ ਤੋਂ ਪੰਝਤਰ ਰੁਪਏ ਨਿਜੀ ਖ਼ਰਚ ਲਈ ਕੱਟ ਕੇ ਬਾਕੀ ਤੇਰੇ ਰਾਹੀ ਇਹਨੂੰ ਹਰ ਮਹੀਨੇ ਘੱਲਦਾ ਰਹਾਂਗਾ ।"

ਮਹੀਪਾਲ ਦਰਵਾਜ਼ੇ ਵਲ ਵਧਿਆ; ਕਲਿਆਣੀ ਅਤੇ ਕਰਨਲ ਦੋਵੇਂ ਹੀ ਸੁੰਨ ਹੋ ਗਏ । ਕਰਨਲ ਨੇ ਪੁੱਛਿਆ — "ਕੀ ਹੁਣ ਤੋਂ ਸ਼ੀਲਾ ਵਲ ਈ ਰਹੇਂਗਾ ?"

ਸਵਾਲ ਸਿੱਧੀ ਤਰ੍ਹਾਂ ਪੁੱਛਿਆ ਗਿਆ ਸੀ, ਪਰ ਮਹੀਪਾਲ ਨੂੰ ਤਾਅਨਾ ਜਿਹਾ ਲਗਾ,

ਚਿੜ ਕੇ ਬੋਲਿਆ — "ਮੈਂ ਔਰਤਾਂ ਦੇ ਪੈਸੇ ਤੇ ਜੀਣ ਵਾਲਾ ਕੁੱਤਾ ਨਹੀਂ ।"

"ਤੁਹਾਡੇ ਦੁਸ਼ਮਣ ਵੀ ਇਹ ਕਲੰਕ ਨਹੀਂ ਲਾ ਸਕਦੇ !" ਆਪਣਾ ਸਭ ਕੁਝ ਜਾਂਦਾ ਵੇਖ ਕਲਿਆਣੀ ਦੇ ਹੱਥਾਂ ਦੇ ਤੋਤੇ ਉੱਡ ਗਏ, ਵਾਹੋਦਾਰੀ ਅਗਾਂਹ ਹੋਈ, ਫਿਰ ਕਰਨਲ ਦਾ ਖ਼ਿਆਲ ਆਇਆ, ਰੁਕ ਗਈ ਅਤੇ ਆਪਣੇ ਆਪ ਨੂੰ ਸੰਭਾਲਦਿਆਂ ਹੋਇਆਂ ਵੀ ਸੰਭਾਲ ਨਾ ਸਕੀ, ਬੋਲੀ – "ਤੁਸੀਂ ਚਲੇ ਜਾਓਗੇ ਤਾਂ ਮੈਂ ਮੁੰਡੇ ਕੁੜੀਆਂ ਨੂੰ ਕੀ ਆਖਾਂਗੀ ? ਦੁਨੀਆਂ ਨੂੰ ਕੀ ਮੂੰਹ ਵਿਖਾਵਾਂਗੀ ?"

"ਕੀ, ਤੂੰ ਸਤੀ, ਦੇਵੀ ਏਂ । ਤੇਰੀ ਤਾਂ ਸਭ ਪੂਜਾ ਕਰਦੇ ਨੇ । ਦੁਨੀਆਂ ਥੁੱਕੇਗੀ ਤਾਂ ਮੇਰੇ ਪਤਿਤ ਤੇ......"

"ਅੱਜ ਮੁਰਾਦਾਬਾਦ ਵਾਲੇ ਸ਼ਕੁੰਤਲਾ ਨੂੰ ਵੇਖਣ ਆਏ ਨੇ । ਮੈਂ ਏਸੇ ਲਈ ਇਹਨਾਂ ਭਾਈ ਸਾਹਿਬ ਨੂੰ ਤੁਹਾਡੇ ਪਾਸ ਭੇਜਿਆ ਸੀ ।"

ਮਹੀਪਾਲ ਦੀ ਉਤੇਜਨਾ, ਵਿਚਾਰਧਾਰਾ, ਮਨ ਦਾ ਪ੍ਰਣ ਅਤੇ ਯੋਜਨਾਵਾਂ ਇਹ ਸੁਣਦਿਆਂ ਹੀ ਟੁੱਟਣ-ਟੁੱਟਣ ਕਰਨ ਲਗੀਆਂ । ਪਤਨੀ, ਪ੍ਰੇਮਕਾ ਅਤੇ ਪ੍ਰੇਮ, ਇਹ ਸਭ ਜਵਾਨ ਸਮੱਸਿਆਵਾਂ ਨਵੀਂ ਪੀੜ੍ਹੀ ਦਾ ਜ਼ਿਕਰ ਆਉਂਦਿਆਂ ਹੀ ਉਸ ਚੋਰ ਵਾਂਗ ਆਪਣੇ ਆਪ ਨੂੰ ਲੁਕਾਉਣ ਦੀ ਕੋਸ਼ਿਸ਼ ਦੀ ਕੋਸ਼ਿਸ਼ ਕਰਨ ਲਗੀਆਂ ਜਿਹਦੇ ਚੋਰੀ ਕਰਨ ਵੇਲੇ ਹੀ ਉਥੇ ਘਰ ਦੇ ਮਾਲਕ ਆ ਗਏ ਹੋਣ । ਮਹੀਪਾਲ ਨੇ ਫਿਰ ਆਪਣੇ ਆਪ ਨੂੰ ਹਠੀ ਬਣ ਕੇ ਕੱਸਿਆ । ਕਿਹਾ — "ਹੁਣ ਕੋਈ ਆਏ, ਮੇਰਾ ਤੇਰੇ ਨਾਲ ਕੋਈ ਵਾਸਤਾ ਨਹੀਂ ਰਿਹਾ ।"

ਕਰਨਲ ਅਗਾਂਹ ਹੋ ਕੇ ਬੋਲਿਆ — "ਬਾਲਾਂ ਵਾਲੀਆਂ ਮਾਰ ਰਿਹਾ ਏਂ, ਮਹੀਪਾਲ ! ਇਹਨਾਂ ਨਾਲ ਤੂੰ ਲੜ ਸਕਦਾ ਏਂ, ਪਰ ਬੱਚਿਆਂ ਨਾਲ ਲੜ ਕੇ ਕਿਥੇ ਜਾਏਂਗਾ ? ਹੁਣ ਬੜੀ ਹੋ ਗਈ । ਜਾਹ, ਦੋਂਹ ਦਿਨਾਂ ਤੋਂ ਤੇਰੇ ਘਰ ਦੀ ਕੀ ਹਾਲਤ ਹੋ ਰਹੀ ਆ ਸਭ ਦੀ, ਇਹਦਾ ਅੰਦਾਜ਼ਾ ਤੂੰ ਨਹੀਂ ਲਾ ਸਕਦਾ ।"

"ਤੇ ਇਹਨਾਂ ਦੋਂਹ ਦਿਨਾਂ ਵਿਚ ਮੇਰੇ ਨਾਲ ਕੀ ਕੀ ਬੀਤੀ ਏ, ਇਹਦਾ ਅੰਦਾਜ਼ਾ ਤੈਨੂੰ ਵੀ ਨਹੀਂ । ਪਰ ਮੈਂ ਇਹ ਫ਼ੈਸਲਾ ਕਰ ਲਿਆ ਏ, ਕਰਨਲ, ਕਲਿਆਣੀ ਨਾਲ ਮੇਰਾ ਸਮਝੌਤਾ ਨਹੀਂ ਹੋ ਸਕਦਾ ।

"ਵੇਖ......"

"ਵੇਖ-ਦੇਖ ਕੁਝ ਨਹੀਂ । ਚੌਵੀ ਵਰ੍ਹੇ ਜਿਸ ਔਰਤ ਨਾਲ ਮੈਂ ਗੁਜ਼ਾਰੇ, ਤੇ ਚੌਵੀ ਵਰ੍ਹਿਆਂ ਵਿਚ ਜਿਹੜੀ ਤੀਵੀਂ ਮੈਨੂੰ ਸਮਝ ਨਹੀਂ ਸਕੀ, ਉਹਦੇ ਨਾਲ ਹੁਣ ਕੋਈ ਸੰਬੰਧ ਰਖਣ ਨੂੰ ਜੀਅ ਨਹੀਂ ਕਰਦਾ ।"

"ਆਖ਼ਰ ਕਿਤੇ ਰਹੇਂਗਾ ਨਾ । ਸ਼ੀਲਾ ਕੋਲ ਤਾਂ ਰਹੇਂਗਾ ਨਹੀਂ । ਇਹੋ ਜਿਹੇ ਵੇਲੇ ਮੇਰੇ ਜਾਂ ਸੱਜਨ ਦੇ ਘਰ ਵੀ ਤੂੰ ਰਹਿਣ ਤੋਂ ਰਿਹੋਂ......।"

ਮਹੀਪਾਲ ਦੇ ਮਨ ਵਿਚ ਗੋਮਤੀ ਕੰਢੇ ਦੀ ਉਹ ਤਸਵੀਰ ਆ ਰਹੀ ਸੀ ਜਿਥੇ ਉਹਨੇ ਪਰਸੋਂ ਦੀ ਰਾਤ ਬਿਤਾਈ ਸੀ। ਸ਼ਿਵਾਲਾ ਅਧਿਆਤਮਕ ਸੰਤੋਖ ਲਈ ਉਹ ਉਹਨੂੰ ਆਪਣੇ ਲਈ ਇਸ ਵੇਲੇ ਸਭ ਤੋਂ ਸੁੰਦਰ ਆਸਰੇ ਵਾਲੀ ਥਾਂ ਲਗ ਰਿਹਾ ਸੀ। ਸ਼ਿਵਾਲੇ ਦਾ ਧਿਆਨ ਆਉਂਦਿਆਂ ਹੀ ਕਲਿਆਣੀ ਅਤੇ ਸ਼ੀਲਾ ਦੋਵੇਂ ਹੀ ਆਪਣੀ ਸਾਰੀ ਸਮੱਸਿਆ ਨੂੰ ਲੈ ਕੇ ਉਹਦੇ ਮਨ 'ਚੋਂ ਨਿਕਲ ਗਈਆਂ। ਇਕ ਨਵੀਂ ਤਾਜ਼ਗੀ ਨਾਲ ਉਹਦਾ ਮਨ ਭਰ ਗਿਆ। ਉਹ ਬੋਲਿਆ — "ਮੇਰੇ ਵਰਗੇ ਸਾਹਿਤਕਾਰ ਲਈ ਰਹਿਣ ਵਾਸਤੇ ਮਹਿਲ ਮਾੜੀਆਂ ਨਹੀਂ ਚਾਹੀਦੀਆਂ। ਬਸ ਤਿੰਨਾਂ ਗੰਢਾਂ ਵਾਲੀ ਲੰਗੋਟੀ, ਨਾ ਭਾਜੀ ਨਾ ਲੂਣ।"

ਕਰਨਲ ਨੇ ਉਹਨੂੰ ਸਮਝਾਉਂਦਿਆਂ ਕਿਹਾ — "ਉਹ ਤੇ ਮੈਂ ਜਾਣਦਾ ਹਾਂ। ਪਰ ਹੁਣ ਮੇਰੀ ਵੀ ਮੰਨ ਲਓ। ਲੜਕੀ ਦਾ ਰਿਸ਼ਤਾ ਆਇਆ ਏ। ਇਹ ਵਿਚਾਰੇ ਕਲ੍ਹ ਤੋਂ ਬਹੁਤ ਪਰੇਸ਼ਾਨ ਸੀ। ਮੈਂ ਤਾਂ ਸੱਚ ਪੁੱਛੇਂ ਤੈਨੂੰ ਲਿਆਉਣ ਬੁਲਾਉਣ ਦੀ ਫ਼ੇਵਰ ਵਿਚ ਨਹੀਂ ਸਾਂ। ਜਾਣਦਾ ਸਾਂ, ਜਦੋਂ ਤੇਰਾ ਮੂਡ ਠੀਕ ਹੋ ਜਾਏਗਾ ਉਦੋਂ ਯੋਗ ਅਯੋਗ ਸਮਝ ਕੇ ਤੂੰ ਆਪੇ ਚਲਿਆ ਜਾਏਂਗਾ। ਪਰ ਭਾਬੀ ਵਿਚਾਰੀ ਏਨੀ ਪਰੇਸ਼ਾਨ ਸੀ ਕਿ ਚਲੋ, ਇਸ ਬਹਾਨੇ ਭਾਬੀ ਦੇ ਦਰਸ਼ਨ ਹੋ ਗਏ। ਹੁਣ ਕਦੇ ਤੇਰੇ ਘਰ ਜਾਵਾਂਗਾ ਤਾਂ ਪਰਦੇ ਦੀ ਕੈਦ ਨਹੀਂ ਰਹੇਗੀ। ਕਿਚਨ ਵਿਚ......" ਕਰਨਲ ਜਾਣ ਬੁੱਝ ਕੇ ਗੱਲਾਂ ਨੂੰ ਮਾੜੇ ਮਾੜੇ ਸੁਆਦ ਵਿਚ ਵਹਾ ਕੇ ਲੈ ਜਾਣ ਦਾ ਜਤਨ ਕਰਨ ਲਗਾ।

ਕਲਿਆਣੀ ਦੇ ਚਿਹਰੇ ਤੋਂ ਸ਼ਾਂਤੀ ਦੀ ਝਲਕ ਦਿਸਣ ਲਗੀ।

ਕਰਨਲ ਆਪਣੀ ਵਾਗ ਡੋਰ ਤੋੜ ਕੇ ਪਲ ਭਰ ਰੁਕਿਆ, ਫਿਰ ਨਵੇਂ ਸਿਰਿਓਂ ਗੱਲ ਛੋਂਹਦਾ ਬੋਲਿਆ — "ਅੱਛਾ ਭਾਬੀ, ਇਹ ਦਸ ਤੁਸੀਂ ਸਾਡੇ ਵਰਗੇ ਮਲੇਸ਼ਾਂ ਦੇ ਘਰ ਚਾਹ ਛਾਹ ਪੀ ਲੈਂਦੇ ਓ ਜਾਂ ਨਹੀਂ? ਖ਼ੈਰ, ਨਾ ਪੀਂਦੇ ਹੋਵੋ ਤਾਂ ਕੋਈ ਹਰਜ ਨਹੀਂ, ਪਰ ਮਠਿਆਈ ਖਾਧੇ ਬਿਨਾਂ ਨਹੀਂ ਜਾਣ ਦਿਆਂਗਾ। ਮੈਂ ਹੁਣੇ ਆਇਆ।" ਆਖ ਕੇ ਕਰਨਲ ਤੇਜ਼ੀ ਨਾਲ ਕਮਰਿਓਂ ਬਾਹਰ ਨਿਕਲ ਗਿਆ।

ਪਤੀ ਪਤਨੀ ਦੋਵਾਂ ਨੂੰ ਏਕਾਂਤ ਮਿਲੀ। ਕਲਿਆਣੀ ਨੇ ਰੱਜ ਕੇ ਦੁਖ ਭਰੀਆਂ ਨਜ਼ਰਾਂ ਨਾਲ ਆਪਣੇ ਪਤੀ ਵਲ ਵੇਖਿਆ। ਮਹੀਪਾਲ ਓਸ ਨਜ਼ਰ ਦਾ ਸਾਹਮਣਾ ਨਾ ਕਰ ਸਕਿਆ। ਉਹਨੂੰ ਅੱਜ ਦਾ ਸਮਝੌਤਾ ਹੁਣ ਤਕ ਵਾਰ ਵਾਰ ਰੜਕ ਰਿਹਾ ਸੀ। ਇਸ ਵੇਲੇ ਇਕੱਲ ਵਿਚ ਕਲਿਆਣੀ ਸਾਹਮਣੇ ਬੈਠਾ ਉਹ ਕੁਝ ਕੁਝ ਇੰਜ ਹੀ ਮਹਿਸੂਸ ਕਰ ਰਿਹਾ ਸੀ ਜਿਵੇਂ ਹਾਰੇ ਹੋਏ ਰਾਜੇ ਪੋਰਸ ਨੇ ਸਿਕੰਦਰ ਸਾਹਮਣੇ ਮਹਿਸੂਸ ਕੀਤਾ ਹੋਏਗਾ।

... ...

ਘਰ ਆਉਂਦੇ ਸਮੇਂ ਮਹੀਪਾਲ ਦੇ ਮਨ ਦੀ ਹਾਲਤ ਅਜੀਬ ਜਿਹੀ ਹੋ ਰਹੀ ਸੀ। ਦੋ ਦਿਨਾਂ ਤਕ ਬਾਹਰ ਰਹਿ ਕੇ ਉਹਨੂੰ ਆਪਣੇ ਬੱਚਿਆਂ ਦੇ ਸਾਹਮਣੇ ਹੋਣ ਤੇ ਬਹੁਤ ਜ਼ਿਆਦਾ ਸੰਕੋਚ ਮਹਿਸੂਸ ਹੋ ਰਿਹਾ ਸੀ। ਜਵਾਨ ਜਹਾਨ ਬੱਚੇ ਹਨ। ਜਿੰਨਾ ਵੀ ਜ਼ਿਆਦਾ ਉਹਨੂੰ ਇਸ ਗੱਲ ਦਾ ਧਿਆਨ ਆਉਂਦਾ ਓਨਾ ਹੀ ਉਹਨੂੰ ਕਲਿਆਣੀ ਤੇ ਕ੍ਰੋਧ ਚੜ੍ਹਦਾ। ਘਰ ਆ ਕੇ ਉਹ ਘਰ ਦੇ ਅੰਦਰ ਨਾ ਜਾ ਸਕਿਆ। ਬੈਠਕ ਦੇ ਦਰਵਾਜ਼ੇ ਵਿਚ ਬਣੇ ਹੋਏ ਲੈਟਰ ਬਕਸ ਦੀ ਜਾਲੀ ਵਿਚੋਂ ਉਹਨੂੰ ਡਾਕ ਝਾਕਦੀ ਨਜ਼ਰ ਆਈ। ਕਲਿਆਣੀ ਨੂੰ ਕਿਹਾ — "ਬੈਠਕ ਦੀ ਚਾਬੀ ਮੈਨੂੰ ਦੇ ਜਾ। ਆਪ ਈ ਦੇ ਜਾਈਂ।" ਉਦੋਂ ਤਕ ਮਹੀਪਾਲ ਗਲੀ ਵਿਚ ਹੀ ਟਹਿਲਦਾ ਰਿਹਾ। ਇਕ ਭਲਾਭਾਣਸ ਗੁਆਂਢੀ ਆਪਣੇ ਘਰ ਜਾਂਦਾ ਹੋਇਆ ਦਿਸਿਆ। ਨਮਸਕਾਰ-ਚਮਤਕਾਰ ਹੋਇਆ। ਗੁਆਂਢੀ ਸੱਜਨ ਬੜੀ ਲਟਕ ਨਾਲ ਪੁੱਛਣ ਲਗਾ — "ਸੁਣਾਓ ਪੰਡਤ ਜੀ, ਵੋਟ ਕਿਹਨੂੰ ਦੇ ਰਹੇ ਓ ?"

"ਢੱਠੇ ਖੂਹ 'ਚ ਪਏ ਵੋਟ! ਮੈਂ ਤਾਂ ਇਹਨਾਂ ਸਭਨਾਂ ਨਾਲ ਨਫ਼ਰਤ ਕਰਦਾਂ।" ਗੁਆਂਢੀ ਭਲੇ ਮਾਣਸ ਨੂੰ ਇਸ ਗੱਲ ਨਾਲ ਸਬਰ ਨਾ ਆਇਆ। ਮੂੰਹ ਬਣਾ ਕੇ ਬੋਲਿਆ — "ਹਾਂ, ਉਹ ਤੇ ਹੈ ਈ, ਪਰ ਅਸੀਂ ਤੇ ਸੁਣ ਰਹੇ ਸਾਂ ਕਿ ਆਪਣੇ ਕਰਨਲ, ਕਰਨਲ ਸਾਹਿਬ ਆਦਿ ਨੇ ਕਮਿਊਨਿਸਟਾਂ ਨੂੰ ਬੈਕ ਕਰਨਾ ਸ਼ੁਰੂ ਕੀਤਾ ਏ। ਉਸ ਦਿਨ ਹਵਾਈ ਜਹਾਜ਼ ਵਾਲਾ ਤੁਹਾਡਾ ਇਸ਼ਤਿਹਾਰ ਤਾਂ ਬੜਾ ਜ਼ੋਰਦਾਰ ਰਿਹਾ। ਜਿਹਨੇ ਪੜ੍ਹਿਆ ਕਿਹਾ ਕਿ ਇਹੋ ਜਿਹਾ ਗ਼ਜ਼ਬ ਦਾ ਪਿਰਪੋਗੰਡਾ ਤਾਂ ਕਿਸੇ ਪਾਰਟੀ ਵਲੋਂ ਵੀ ਨਹੀਂ ਹੋਇਆ। ਅਸੀਂ ਤਾਂ ਪੰਡਤ ਜੀ ਕਹਿ ਦਿਤਾ ਕਿ ਸਭ ਸਾਡੇ ਪੰਡਤ ਜੀ ਦੀ ਹੀ ਮਾਇਆ ਏ। ਕੋਈ ਏਨਾ ਤਕੜਾ ਲਿਖ ਹੀ ਨਹੀਂ ਸਕਦਾ। ਹੀਂ ਹੀਂ ਹੀਂ !"

ਮਹੀਪਾਲ ਨੂੰ ਬੜੀ ਚਿੜ੍ਹ ਚੜ੍ਹ ਰਹੀ ਸੀ। ਪਰ ਉਹ ਮਜਬੂਰ ਸੀ। ਕਲਿਆਣੀ ਓਸ ਵੇਲੇ ਬੂਹੇ ਪਿਛੇ ਦਿਸੀ। ਉਹਨੇ ਕਿਸੇ ਤਰ੍ਹਾਂ ਗੁਆਂਢੀ ਕੋਲੋਂ ਪੱਲਾ ਛੁਡਾਇਆ। ਕਲਿਆਣੀ ਨੇ ਜਾਣ ਤੋਂ ਪਹਿਲਾਂ ਕਿਹਾ — "ਹੁਣ ਤੁਸੀਂ ਨ੍ਹਾ ਧੋ ਲਓ।"

ਮਹੀਪਾਲ ਨੇ ਕਿਹਾ — "ਬੱਚਿਆਂ ਨੂੰ ਖੁਆ ਦੇ।"

"ਉਹ ਤਾਂ ਸਭੇ ਗਏ। ਸਿਰਫ ਤੱਪੂ ਹੈ, ਰੱਜੋ ਏ ਤੇ ਸ਼ਕੁੰਤਲਾ।"

"ਕਿਉਂ ?"

"ਹੁਣ ਸ਼ਕੁੰਤਲਾ ਨੂੰ ਤਾਂ ਜਾਣ ਤੋਂ ਰੋਕ ਲਿਆ। ਰੱਜੋ, ਮੈਂ ਸੋਚਿਆ ਕਿ ਮੇਰਾ ਹੱਥ ਵਟਾ ਲਏਗੀ —"

ਮਹੀਪਾਲ ਨੇ ਕੁਝ ਨ ਕਿਹਾ। ਬੈਠਕ ਖੋਲ੍ਹ ਕੇ ਅੰਦਰ ਚਲਿਆ ਗਿਆ। ਲੈਟਰ-ਬਕਸ ਵਿਚ ਦੋ ਚਿੱਠੀਆਂ ਅਤੇ ਇਕ ਰਸਾਲਾ ਮਿਲਿਆ।

ਕਲਿਆਣੀ ਚਲੀ ਗਈ ਸੀ। ਰੱਜੋ ਸ਼ਕੁੰਤਲਾ ਆਦਿ ਦੇ ਘਰ ਵਿਚ ਰਹਿਣ ਦੇ

ਕਾਰਨ ਮਹੀਪਾਲ ਦਾ ਅੰਦਰ ਜਾਣ ਦਾ ਹੌਸਲਾ ਨਹੀਂ ਸੀ ਹੁੰਦਾ । ਰਸਾਲਾ ਨਵਾਂ ਸੀ। ਬੜੀ ਸੱਜ ਧੱਜ ਨਾਲ ਨਿਕਲਿਆ ਸੀ। ਚਿੱਠੀਆਂ ਵਿਚ ਦੋਵੇਂ ਲਫਾਫੇ ਸਨ। ਇਕ ਆਲ ਇੰਡੀਆ ਦੀ ਮੋਹਰ ਵਾਲਾ, ਦੂਸਰਾ ਕੋਈ ਹੋਰ। ਮਹੀਪਾਲ ਰਸਾਲੇ ਵਿਚ ਮਨ ਲਾਉਣ ਲਗਾ। ਤਸਵੀਰਾਂ ਹੀ ਤਸਵੀਰਾਂ ਸਨ – ਪੜ੍ਹਨ ਲਈ ਮੈਟਰ ਬਹੁਤਾ ਹੀ ਥੋੜਾ ਸੀ। ਮਹੀਪਾਲ ਨੇ ਚੋਖਾ ਸਮਾਂ ਓਸੇ 'ਚ ਲਾ ਕੇ ਫਿਰ ਰੇਡੀਓ ਦਾ ਲਿਫਾਫਾ ਖੋਲ੍ਹਿਆ, ਇਕ ਟਾਕ ਦਾ ਕਾਂਟਰੈਕਟ ਸੀ। ਟਾਕ ਇਕ ਸੀਰੀਜ਼ ਵਿਚ ਗੱਠਤ ਕੀਤੀ ਗਈ ਸੀ। ਸੀਰੀਜ਼ ਦਾ ਨਾਂ ਸੀ "ਚੌਥਾ ਮਹਾਂਯੁੱਧ" ਅਤੇ ਉਹਦੇ ਅਧੀਨ ਮਹੀਪਾਲ ਲਈ ਨੀਅਤ ਕੀਤੀ ਗਈ ਵਾਰਤਾ ਸੀ – ਇਸਤ੍ਰੀ ਪੁਰਖ ਵਿਚ। ਮਹੀਪਾਲ ਹੱਸ ਪਿਆ। ਚੌਥਾ ਮਹਾਂਯੁੱਧ ਹੋਏਗਾ — ਮੁੱਖ ਤੌਰ ਤੇ ਔਰਤ ਮਰਦ ਵਿਚ ਹੀ ਹੋਏਗਾ ? ਕਿਉਂਕਿ ਦੁਨੀਆਂ ਵਿਚ ਆਰਥਕ ਨਾ ਬਰਾਬਰੀ ਹਟ ਜਾਣ ਤੇ ਮਨੁੱਖ ਦੇ ਸਾਹਮਣੇ ਫਿਰ ਇਸਤ੍ਰੀ ਪੁਰਖ ਦੀ ਸਮੱਸਿਆ ਹੀ ਸਭ ਤੋਂ ਮਹੱਤਵਪੂਰਣ ਸਮੱਸਿਆ ਬਣਕੇ ਰਹਿ ਜਾਏਗੀ। ਟਾਕ ਮਜ਼ੇਦਾਰ ਰਹੇਗੀ, ਮਹੀਪਾਲ ਨੇ ਸੋਚਿਆ। ਏਸੇ ਸੋਚ ਵਿਚ ਹੀ ਦੂਜੀ ਚਿੱਠੀ ਦਾ ਲਫਾਫਾ ਖੁਲ੍ਹ ਗਿਆ। ਅਖੰਡ ਸੁਭ ਗਵਤੀ ਛੋਟੀ ਨੂੰ ਭਾਈ ਦਾ ਅਸ਼ੀਰਵਾਦ —" ਕਲਿਆਣੀ ਦੀ ਚਿੱਠੀ ਸੀ, ਧੋਖੇ ਨਾਲ ਖੁਲ੍ਹ ਗਈ। ਮਹੀਪਾਲ ਆਮ ਕਰਕੇ ਆਪਣੀ ਘਰ ਵਾਲੀ ਦੀ ਚਿੱਠੀ ਖੋਲ੍ਹਕੇ ਨਹੀਂ ਪੜ੍ਹਦਾ, ਪਰ ਇਸ ਵੇਲੇ ਪਤਾ ਨਹੀਂ ਕੇਹੋ ਜਿਹਾ ਰਉਂ ਆ ਗਿਆ ਅਤੇ ਉਹ ਚਿੱਠੀ ਪੜ੍ਹ ਗਿਆ। ਉਹਦਾ ਲਹੂ ਉਬਲਣ ਲਗਾ। ਕਲਿਆਣੀ ਨੇ ਆਪਣੇ ਭਰਾ ਤੋਂ ਕੁਝ ਰੁਪਏ ਉਧਾਰ ਮੰਗਵਾਏ ਸਨ ਜੀਹਦੇ ਉੱਤਰ ਵਿਚ ਉਹਨਾਂ ਲਿਖਿਆ ਸੀ ਕਿ ਏਸ ਵੇਲੇ ਹੱਥ ਤੰਗ ਹੈ, ਇਸ ਲਈ ਮਦਦ ਕਰਨ ਵਿਚ ਲਾਚਾਰ ਹਨ। ਬਾਕੀ ਚਿੱਠੀ ਵਿਚ ਆਪਣਾ ਰੋਣਾ ਰੋਇਆ ਹੋਇਆ ਸੀ। ਮਹੀਪਾਲ ਦੇ ਵਡੇ ਸਾਲੇ ਨੇ ਆਪਣੀ ਭੈਣ ਨੂੰ ਲਿਖਿਆ ਸੀ ਕਿ ਪਿਤਾ ਜੀ ਦੇ ਕਿਸੇ ਅਪਮਾਨ ਭਰੇ ਵਤੀਰੇ ਕਾਰਨ ਉਹ ਆਪਣੇ ਛੋਟੇ ਭਰਾ ਦੀ ਬਰਾਤ ਵਿਚ ਲਖਨਊ ਨਹੀਂ ਗਿਆ। ਬਰਾਤ ਦਾ ਹਾਲਚਾਲ ਭੈਣ ਨੂੰ ਲਿਖ ਭੇਜਣ ਲਈ ਪੱਕੀ ਕੀਤੀ ਹੋਈ ਸੀ। ਅੰਤ ਵਿਚ ਇਕ ਵਾਕ ਸੀ — "ਤੇ ਸਾਡੇ ਲੇਖਕ ਸ੍ਰੀਮਾਨ ਦਾ ਕੀ ਹਾਲਚਾਲ ਹੈ ? ਅਜ ਕਲ੍ਹ ਆਰਟਿਸਟੀ ਦਾ ਧੰਦਾ ਸਗੋਂ ਮੱਠਾ ਪੈ ਗਿਆ ਹੈ ?"

ਪੜ੍ਹਿਆ ਈ ਸੀ ਕਿ ਮਹੀਪਾਲ ਕ੍ਰੋਧ ਨਾਲ ਪਾਗਲ ਹੋ ਗਿਆ ਹੈ। ਗੁੱਸੇ ਨਾਲ ਉਹਦੇ ਲੂੰਅ ਕੰਡੇ ਹੋ ਗਏ ਸਨ। ਇਹ ਅਜੇਹਾ ਜਜ਼ਬਾ ਸੀ ਜਿਸ ਵਿਚ ਲੁਕੇਵੇਂ ਤੌਰ ਤੇ ਮਨ ਵਿਚ ਬਦਲੇ ਦੀ ਭਾਵਨਾ ਪਹਿਲਾਂ ਹੀ ਮਿਥੀ ਹੋਈ ਅਤੇ ਸ਼ਾਂਤੀ ਵਾਲੇ ਭਾਵ ਹੇਠਾਂ ਕ੍ਰੋਧ ਦੀ ਲਗਾਮ ਫੜੀ, ਆਦਮੀ ਦੀ ਹੋਸ਼ ਨੂੰ ਬਿਲਕੁਲ ਈ ਦੂਸਰੀ ਸ਼ਖਸ਼ੀਅਤ ਵਿਚ ਬਦਲ ਦੇਂਦਾ ਹੈ, ਉਹਦੇ ਚਿਹਰੇ ਦੀ ਰੁਚੀ ਵੀ ਬਦਲ ਜਾਂਦੀ ਹੈ। ਮਹੀਪਾਲ ਬੈਠਕ ਖੁਲ੍ਹੀ ਛੱਡ ਕੇ, ਦਲਾਨ, ਵਿਹੜਾ, ਪਾਰ ਕਰਕੇ ਅਤੇ ਪੌੜੀਆਂ ਚੜ੍ਹ ਕੇ ਵਡੇ ਕਮਰੇ

ਵਿਚ ਆ ਗਿਆ। ਉੱਥੇ ਤੱਪੂ ਬੈਠਾ ਹੋਇਆ ਆਪਣੀ ਪਾਟੀ ਗੁੱਡੀ ਨੂੰ ਜੋੜ ਰਿਹਾ ਸੀ। ਬਾਪ ਦਾ ਰੂਪ ਵੇਖ ਕੇ ਸਹਿਮ ਗਿਆ। ਸਾਹਮਣੇ ਹੁੰਦਿਆਂ ਵੀ ਮਹੀਪਾਲ ਉਹਨੂੰ ਦਿਸ ਨਾ ਸਕਿਆ। ਛੱਜਾ ਲੰਘ ਕੇ ਚੌਂਕੇ ਵਾਲੇ ਕਮਰੇ ਵਿਚ ਜਾਣ ਤੋਂ ਪਹਿਲਾਂ ਹੀ ਫੇਰਾ ਤੋਰਾ ਸੁਣਨ ਲਗ ਪਿਆ। ਕਲਿਆਣੀ ਕਹਿ ਰਹੀ ਸੀ ਬੂਹੇ ਕੋਲ ਰਹਿਓ, ਜੀਹਨੂੰ ਮੈਂ ਪਾਨ – ਮੂੰਹ ਦੀ ਗਲ ਮੂੰਹ ਵਿਚ ਹੀ ਰਹਿ ਗਈ। ਸ਼ਕੁੰਤਲਾ ਮਾਸੀ ਸਾਹਮਣੇ ਪਿਛਾਂਹ ਪੀੜ੍ਹੀ ਤੇ ਬੈਠੀ ਆਉਣ ਵਾਲੇ ਪ੍ਰਾਹੁਣੇ ਲਈ ਅਨਾਰ ਦੇ ਦਾਣੇ ਕੱਢ ਰਹੀ ਸੀ। ਰੱਜੋ ਖੁਲ੍ਹੇ ਸਿਰ ਮਾਂ ਸਾਹਮਣੇ ਬੈਠੀ ਕਪੜੇ ਨਾਲ ਚਾਹ ਵਾਲਾ ਸੈੱਟ ਸਾਫ਼ ਕਰ ਰਹੀ ਸੀ। ਕਲਿਆਣੀ ਮਠਿਆਈ ਦਾ ਡੂਨਾ ਖੋਲ੍ਹ ਕੇ ਵੱਖ ਵਖ ਮਠਿਆਈ ਦੇ ਟੁਕੜੇ ਚਾਂਦੀ ਦੀਆਂ ਛੋਟੀਆਂ ਛੋਟੀਆਂ ਨੱਕਾਸ਼ੀ ਵਾਲੀਆਂ ਪਲੇਟਾਂ ਵਿਚ ਸਜਾ ਕੇ ਰਖਦਿਆਂ ਆਪਣੀ ਭਾਂਜੀ ਨੂੰ ਕੁਝ ਕਰਨ ਲਈ ਕਹਿ ਰਹੀ ਸੀ। ਸਾਲ ਕੁ ਦਾ ਬੱਚਾ ਕੋਲ ਈ ਬੈਠਾ ਕਟੋਰੇ ਵਿਚ ਲੋਟਾ ਰੱਖਣ ਦਾ ਪੂਰਾ ਜਤਨ ਕਰ ਰਿਹਾ ਸੀ। ਮਹੀਪਾਲ ਦੇ ਦਰਵਾਜ਼ੇ ਤੇ ਆਉਂਦਿਆਂ ਹੀ ਜਿਵੇਂ ਸਭ ਲਈ ਕਾਲ ਆ ਗਿਆ। ਮਹੀਪਾਲ ਨੂੰ ਕਲਿਆਣੀ ਤੋਂ ਬਿਨਾਂ ਏਸ ਵੇਲੇ ਹੋਰ ਕੋਈ ਨਹੀਂ ਸੀ ਦਿਸ ਰਿਹਾ। ਉਹਦੇ ਹੱਥ ਵਿਚ ਖੁਲ੍ਹੀ ਚਿੱਠੀ ਸੀ, ਚਿਹਰਾ, ਅਵਾਜ਼ ਤਣੀ ਹੋਈ ਕੁਰਖਤ। ਉਹਨੇ ਕਲਿਆਣੀ ਨੂੰ ਕਿਹਾ – "ਮੇਰੇ ਨਾਲ ਆ," ਆਖ ਕੇ ਮਹੀਪਾਲ ਵਾਪਸ ਆ ਗਿਆ – ਕਲਿਆਣੀ ਪਤੀ ਦੀ ਸ਼ਕਲ ਵੇਖਦਿਆਂ ਹੀ ਲੱਕੜ ਹੋ ਗਈ ਝੱਟ ਹੱਥ ਧੋ ਕੇ ਪਤੀ ਦੇ ਪਿਛੇ ਪਿਛੇ ਭੱਜੀ। ਉਹਦਾ ਕਲੇਜਾ ਧਕ ਧਕ ਕਰ ਰਿਹਾ ਸੀ।

ਤਿਖੰਡੇ ਉਤੇ ਵਡੀ ਸਾਰੀ ਕੋਠੜੀ ਸੀ। ਭੀੜ ਭੜੱਕੇ ਤੋਂ ਬਚਣ ਲਈ ਮਹੀਪਾਲ ਏਥੇ ਈ ਕੰਮ ਕਰਦਾ ਹੁੰਦਾ ਸੀ। ਕਲਿਆਣੀ ਦੇ ਆਉਂਦਿਆਂ ਹੀ ਮਹੀਪਾਲ ਨੇ ਕੋਠੜੀ ਬੰਦ ਕਰ ਲਈ। ਫਿਰ ਉਹਦੇ ਸਾਹਮਣੇ ਆ ਕੇ, ਉਹਦੀਆਂ ਸਹਿਮੀਆਂ ਅੱਖਾਂ ਵਿਚ ਆਪਣੀਆਂ ਖੂਨੀ ਅੱਖਾਂ ਸਿੱਧੀਆਂ ਗੱਡ ਕੇ ਪੁੱਛਿਆ – "ਤੂੰ ਆਪਣੇ ਭਰਾ ਤੋਂ ਰੁਪਏ ਮੰਗੇ ਸਨ ?"

ਕਲਿਆਣੀ ਪ੍ਰਸ਼ਨ ਸੁਣਦਿਆਂ ਹੀ ਏਨੀ ਸਹਿਮ ਗਈ ਕਿ ਹਾਂ — ਨਾਂਹ ਕੁਝ ਕਿਹਾ ਨਾ ਗਿਆ। ਮਹੀਪਾਲ ਨੇ ਫਿਰ ਪੁੱਛਿਆ — "ਦੱਸ ਰੁਪਏ ਕਿਉਂ ਮੰਗਾਏ ਸਨ ?"

"ਪਿਛਲੇ ਮਹੀਨੇ ਤੁਸੀਂ ਕਹਿੰਦੇ ਰਹੇ ਕਿ ਕਿਤਾਬਾਂ ਦੀ ਰਾਇਲਟੀ ਦੇਰ ਨਾਲ ਆਉਣੀ ਏ। ਛੋਟੇ ਦੀ ਬਰਾਤ ਸ਼ਹਿਰ 'ਚ ਆ —"

"ਛੋਟੇ ਦੀ ਬਰਾਤ ਸ਼ਹਿਰ ਵਿਚ ਆਉਂਦੀ ਜਾਂ ਜੰਗਲ ਵਿਚ ਜਾਂਦੀ, ਪਰ ਤੂੰ ਰੁਪਏ ਕਿਉਂ ਮੰਗਾਏ। ਤੂੰ ਬਾਹਰ ਦਿਆਂ ਕੋਲ ਮੇਰੀ ਬਦਨਾਮੀ ਕਰਾਉਂਦੀ ਏਂ ?"

"ਵਡੇ ਭਰਾ ਤੋਂ ਮੰਗੇ ਸਨ —"

"ਵਡਾ ਭਰਾ ਹੋਏ ਜਾਂ ਕੋਈ ਸਾਲਾ ਹੋਏ, ਤੂੰ ਮੈਥੋਂ ਪੁੱਛਿਆਂ ਬਿਨਾਂ ਕਿਸੇ ਤੋਂ ਰੁਪਏ

ਮੰਗੇ ਈ ਕਿਉਂ ? ਤੂੰ ਮੈਨੂੰ ਕਿਉਂ ਨਹੀਂ ਕਿਹਾ ? ਤੂੰ ਮੈਨੂੰ ਓਪਰਿਆਂ ਦੀ ਨਜ਼ਰ ਵਿਚ ਜ਼ਲੀਲ ਕਿਉਂ ਕੀਤਾ ? ਬੋਲ !"

"ਗਲਤੀ ਹੋ ਗਈ। ਵਡੇ ਭਰਾ —"

"ਵਡੇ ਭਰਾ ਦੀ ਸਕੀ।" ਤਾੜ ਕਰਕੇ ਭਰਵੇਂ ਹੱਥ ਦਾ ਥੱਪੜ ਕਲਿਆਣੀ ਦੀ ਗਲ੍ਹ ਤੇ ਪਿਆ। ਛਿਆਂ ਬੱਚਿਆਂ ਦੀ ਮਾਂ, ਅਠੱਤੀਆ ਵਰ੍ਹਿਆਂ ਦੀ ਦਾਨੀਂ ਗ੍ਰਹਿਸਤਣੀ ਸਰੀਰਕ ਅਤੇ ਉਹਦੇ ਨਾਲੋਂ ਵੀ ਵਧ ਮਾਨਸਕ ਸੱਟ ਖਾ ਕੇ ਹੱਕੀ ਬੱਕੀ ਹੋ ਗਈ। "ਹਰਾਮਜ਼ਾਦੀਏ, ਤੂੰ ਮੇਰੀ ਇਜ਼ਤ ਮਿੱਟੀ 'ਚ ਰੋਲ ਦਿਤੀ ਏ। ਹਰਾਮਜ਼ਾਦੀ ਨ ਹੋਏ ਤੇ, ਸਤੀ ਬਣਦੀ ਏਂ ! ਤੂੰ-ਤੂੰ-ਤੂੰ —"

ਰਾਜਸ੍ਰੀ — ਬੂਹਿਉਂ ਬਾਹਰ ਕੰਨ ਲਾ ਕੇ ਖਲੋਤੀ ਸੀ। ਪਿਤਾ ਦਾ ਲਹੂ ਉੱਤਰਿਆ ਚਿਹਰਾ ਵੇਖ ਕੇ ਉਹਨੂੰ ਅਤੇ ਸ਼ਕੁੰਤਲਾ ਦੋਵਾਂ ਨੂੰ ਹੀ ਲੜਾਈ ਦਾ ਸ਼ੱਕ ਤਾਂ ਪੈ ਹੀ ਗਿਆ ਸੀ। ਉਹ ਅਤੇ ਸਭ ਸਮਝਦਾਰ ਬੱਚੇ ਇਹਦਾ ਕਾਰਨ — ਡਾ: ਸ਼ੀਲਾ ਨਾਲ ਆਪਣੇ ਬਾਪ ਦਾ ਪਿਆਰ ਸੰਬੰਧ — ਵੀ ਜਾਣ ਚੁਕੇ ਸਨ। ਇਸ ਲਈ ਰੱਜੋ ਆਪਣੀ ਹੈਰਾਨੀ ਨੂੰ ਕਾਬੂ 'ਚ ਨਾ ਰੱਖ ਸਕਣ ਕਾਰਨ ਕੰਨ ਲਾ ਕੇ ਸੁਣਨ ਲਈ ਉੱਪਰ ਭੱਜ ਆਈ ਸੀ। ਮਾਂ ਦੀ ਚੀਕ, ਪਿਤਾ ਦਾ ਘੂਰ ਕੇ ਕਹਿਣਾ ਚੁੱਪ ! ਖ਼ਬਰਦਾਰ ਜੇ ਅਵਾਜ਼ ਬਾਹਰ ਗਈ ਤਾਂ। ਫਿਰ ਮਾਂ ਦੀ ਰੋਣ ਹਾਕੀ ਅਸਪਸ਼ਟ ਅਵਾਜ਼, ਫਿਰ ਦੱਬੀਆਂ ਚੀਕਾਂ, ਸਾਹ ਘਸੀਟ ਘਸੀਟ ਕੇ ਰੋਣਾ, ਪਿਤਾ ਦੀਆਂ ਅਸਪਸ਼ਟ ਗਾਲ੍ਹਾਂ, ਘੂਰੀਆਂ, ਧੱਕਾ-ਮੁੱਕੀ, ਥੱਲੇ ਸੁੱਟਣਾ, ਘਸੁੰਨਾਂ ਦੀ ਅਵਾਜ਼ — ਰਾਜਸ੍ਰੀ ਡਰ ਨਾਲ ਪੱਥਰ ਹੋ ਗਈ, ਫਿਰ ਤੜਫੀ, ਫਿਰ ਅੱਥਰੂਆਂ ਨਾਲ ਵਿਆਕੁਲ ਹੋ ਕੇ ਜ਼ੋਰ ਜ਼ੋਰ ਦੀ ਬੂਹਾ ਭੰਨਦੀ ਚੀਕ ਪਈ — "ਪਿਤਾ ਜੀ ! ਪਿਤਾ ਜੀ। ਖੋਹਲੋ ! ਖੋਹਲੋ ! ਮਾਤਾ ਜੀ ਨੂੰ ਨਾ ਮਾਰੋ ! ਪਿਤਾ ਜੀ — ਸ਼ਕੂ ਭੈਣ ......"

ਅੱਥਰੂਆ ਨਾਲ ਘੁੱਟੀ ਹੋਈ ਦਿਲ ਨੂੰ ਧੂਹ ਪਾਉਣ ਵਾਲੀ ਹਿਸਟਰੀਆ ਦੀ ਚੀਕ ਵਰਗੀ ਅਵਾਜ਼ ਗੂੰਜ ਪਈ।

ਦਰਵਾਜ਼ਾ ਝੱਟ ਖੁਲ੍ਹ ਗਿਆ। ਕਲਿਆਣੀ ਨੇ ਹੀ ਬੂਹਾ ਖੋਲ੍ਹਿਆ ਸੀ। ਰਾਜਸ੍ਰੀ ਮਾਂ ਨਾਲ ਐਨ ਪੀਚ ਕੇ ਲਿਪਟ ਗਈ। ਕਲਿਆਣੀ ਜੋ ਬੂਹਾ ਖੋਲ੍ਹਣ ਤੋਂ ਪਹਿਲਾਂ ਈ ਆਪਣੇ ਆਪ ਨੂੰ ਕਾਫੀ ਪਕਿਆਈ ਨਾਲ ਕਾਬੂ 'ਚ ਰੱਖਣ ਦਾ ਜਤਨ ਕਰ ਰਹੀ ਸੀ, ਧੀ ਦੇ ਇੰਜ ਲਿਪਟਣ ਨਾਲ ਆਪਣੇ ਆਪ ਨੂੰ ਸੰਭਾਲ ਸਕਣ 'ਚ ਬੇਵੱਸ ਹੋ ਗਈ। ਮਹੀਪਾਲ ਮੂੰਹ ਭੁਆਂ ਕੇ ਖਲੋਤਾ ਹੋਇਆ ਸੀ, ਉਹਦੀ ਹਿੰਸਾ ਅਤੇ ਉਹਦੀ ਸ਼ਰਮ ਆਪੋ ਵਿਚ ਗੁੰਦੀਆਂ ਗਈਆਂ ਸਨ ਅਤੇ ਧੀ ਸਾਹਮਣੇ ਸ਼ਰਮ ਤਾਕਤਵਰ ਬਣ ਗਈ ਸੀ।

ਏਨੇ ਵਿਚ ਸ਼ਕੁੰਤਲਾ ਵੀ ਅਨਾਮਿਕਾ ਨੂੰ ਗੋਦੀ ਲਈ ਆ ਗਈ।

ਅੱਥਰੂ ਪੂੰਝ ਕੇ ਗਲਾ ਸਾਫ ਕਰਦਿਆਂ ਕਲਿਆਣੀ ਨੇ ਲੜਕੀਆਂ ਨੂੰ ਕਿਹਾ —

"ਚਲੋ, ਮੈਂ ਆਉਂਦੀ ਆਂ।"

ਪਰ ਕੁੜੀਆਂ ਉਥੋਂ ਨਾ ਹਟੀਆਂ। ਮਹੀਪਾਲ ਫਿਰ ਬੂਹੇ ਵਲ ਹੋਇਆ ਰੱਜੋ ਤੇ ਕਲਿਆਣੀ ਛੱਤ ਉੱਤੇ ਆ ਗਈਆਂ। ਮਹੀਪਾਲ ਨੇ ਅਗਾਂਹ ਹੋ ਕੇ ਕਲਿਆਣੀ ਦੇ ਪੈਰੀਂ ਹੱਥ ਲਾਇਆ। — "ਮੈਨੂੰ ਮਾਫ਼ ਕਰ ਦੇ।" ਉਹਨੇ ਲੜਕੀਆਂ ਨੂੰ ਵੀ ਏਹੋ ਕਿਹਾ, ਅਤੇ ਹੇਠਾਂ ਚਲਾ ਗਿਆ। ਆਵਾ ਜਾਵੀ ਨਾਲ ਭਰੀਆਂ ਸੜਕਾਂ, ਕਚਹਿਰੀ ਕੰਮਪਾਊਂਡ, ਸ਼ਾਹੀ ਫਾਟਕ, ਸਭ ਪਿਛਾਂਹ ਰਹਿੰਦੇ ਗਏ। ਅਗਾਂਹ ਪੁਰਾਤਨ ਚੀਜ਼ਾਂ ਦਾ ਸੰਭਾਲ ਘਰ ਸੀ। ਮਹੀਪਾਲ ਮਿਊਜ਼ੀਅਮ ਦੀ ਸੁੰਨੀ ਪੋਰਟਿਕੋ ਦੀ ਇਕ ਪੌੜੀ ਤੇ ਇਸ ਤਰ੍ਹਾਂ ਜਾ ਕੇ ਬਹਿ ਗਿਆ ਜਿਵੇਂ ਬੀਤੀ ਚੜ੍ਹਤ ਵਾਲੇ ਭੰਡਾਰ ਵਿਚ ਉਹਦੀ ਟੁੱਟੀ ਹੋਈ ਸ਼ਖਸੀਅਤ ਨੂੰ ਵੀ ਸ਼ਰਣ ਮਿਲ ਗਈ ਹੋਏ।

ਇਕ ਘੁੱਟਿਆ ਲੰਮਾ ਸਾਹ ਦੋ ਟੂੱਕ ਕਲੇਜਿਉਂ ਨਿਕਲਿਆ। ਉਹਦਾ ਮਨ ਰਾਤ ਦੇ ਸੁੰਨੇ ਚੁਰਾਹੇ ਵਾਂਗ ਸਾਂ ਸਾਂ ਕਰਨ ਲਗਾ। ਪਾਪ-ਪੁੰਨ! ਧਰਮ ਅਧਰਮ! — ਉਹਦੀ — ਕਿਤੇ ਵੀ ਗਤੀ ਨਹੀਂ। ਉਹਦਾ ਮਨ ਭਰਿਆ ਪੀਤਾ ਹੈ। — ਉਹ ਦਿਆਲੂ ਹੈ, ਵਿਚਾਰ ਬਿਬੇਕੀ ਹੈ, ਸਿਧਾਂਤਵਾਦੀ ਹੈ; ਉਹ ਕ੍ਰੋਧੀ ਹੈ, ਭੈੜੇ ਵਿਚਾਰਾਂ ਵਾਲਾ ਬਿਬੇਕਹੀਣ ਹੈ, ਸਿਧਾਂਤਹੀਣ ਹੈ। ਉਹ ਝੂਠ, ਸੱਚ ਦੀਆਂ ਦੂਹਰਾਂ, ਵਿਚ ਘਿਰਿਆ ਹੋਇਆ 'ਕੁਝ ਨਹੀਂ' — ਸੁੰਨ ਹੈ। ਵਾਹ ਉਏ ਕਿਸਮਤ ਸੜਿਆ! ਤੂੰ ਕਿਥੇ ਜਾਏਂਗਾ? ਕੀ ਕਰੇਂਗਾ? ਤੂੰ ਕੌਰਵ ਰਾਜੇ ਦੁਰਯੋਧਨ ਵਾਂਗ ਧਰਮ ਨੂੰ ਜਾਣਦਾ ਏਂ, ਪਰ ਉਸ ਪਾਸੇ ਤੇਰੀ ਰੁਚੀ ਨਹੀਂ। ਤੂੰ ਅਧਰਮ ਨੂੰ ਵੀ ਜਾਣਦਾ ਏਂ, ਪਰ ਉਹਦੇ ਨਾਲ ਤੇਰੀ ਨਵਿਰਤੀ ਨਹੀਂ। "ਮੇਰੇ ਹਿਰਦੇ ਵਿਚ ਕੋਈ ਦੇਵਤੇ ਵਰਗਾ ਜਿਵੇਂ ਮੈਥੋਂ ਕਰਾਉਂਦਾ ਏ, ਮੈਂ ਉਂਜ ਕਰਦਾ ਹਾਂ। — ਪਰ ਉਹ ਦੇਵਤਾ ਵੀ ਇਸ ਵੇਲੇ ਗੂੰਗਾ ਹੋ ਗਿਆ ਹੈ, ਕੁਝ ਨਹੀਂ ਬੋਲਦਾ, ਮੈਥੋਂ ਕੁਝ ਵੀ ਨਹੀਂ ਕਰਾਉਂਦਾ।"

ਸ਼ਕੁੰਤਲਾ ਦਾ ਵਿਆਹ, ਬੱਚਿਆਂ ਦੀ ਪੜ੍ਹਾਈ, ਉਹਦਾ ਸੁੱਖ ਅਰਾਮ, ਪਤਨੀਬਰਤ ਧਰਮ, ਪ੍ਰੇਮੀ ਦਾ ਧਰਮ ਸਾਹਿਤਕਾਰ ਦੇ ਨਾਤੇ ਦੇਸ ਵਲ ਉਹਦਾ, ਲੇਖਕ ਦੇ ਰੂਪ ਵਿਚ ਉਹਦੀ ਅਮਰ ਹੋਣ ਦੀ ਮਹੱਤਵ ਪੂਰਵ ਇੱਛਾ, ਸੁਖ-ਸੁਭਾਗ ਨਾਲ ਭਰਪੂਰ ਜੀਵਨ ਬਿਤਾਉਣ ਦੀ ਲਾਲਸਾ, ਤਪੱਸਵੀਆਂ, ਵਾਂਗ ਆਸ਼ਰਮ ਦਾ ਵਾਸੀ ਹੋ ਕੇ ਸਾਹਿਤ ਸਾਧਨਾ ਕਰਨ ਦਾ ਸੁਪਨਾ — ਚਾਰੇ ਪਾਸੇ ਅਸਫਲਤਾ, ਵਿਰੋਧੀ-ਘੋਲ ਕਰਦੀ ਹੋਈ ਮਹੀਪਾਲ ਦੀ ਇਕ ਇੱਛਾ ਜੀਊਣ ਦੀ ਇੱਛਾ, ਇਸ ਵੇਲੇ ਪੂਰੀ ਤਰ੍ਹਾਂ ਬੁਝ ਰਹੀ ਸੀ। ਬਹੁਤ ਕੁਝ ਸੋਚ ਕੇ ਵੀ ਉਹਨੇ ਕੁਝ ਨਹੀਂ ਸੋਚਿਆ, ਬਹੁਤ ਤੁਰ ਕੇ ਵੀ ਉਹ ਕਿਤੇ ਨਹੀਂ ਪਹੁੰਚਿਆ। ਟੁੱਟੀਆਂ ਮੂਰਤਾਂ ਦੇ ਗੁਆਂਢ 'ਚ ਇਕ ਟੁੱਟਾ ਮਨੁੱਖ ਬੈਠਾ ਰਿਹਾ। ਹਾਏ-ਹਾਏ-ਹਾਏ ਮਹੀਪਾਲ ਆਪਣੇ ਹਰ ਇਕ ਸਾਹ ਵਿਚ ਸਿਰਫ ਏਹੋ ਗੂੰਜ ਸੁਣਦਾ ਰਿਹਾ। ਬਸ ਏਹੋ 'ਹਾਏ' ਇਸ ਵੇਲੇ ਉਹਦੀ ਅਨੰਤ ਜਿਹੀ ਲਗਣ ਵਾਲੀ ਤੋਰ ਸੀ।

25

ਗਿਰੀ ਗੋਵਰਧਨ ਦੇ ਭਰਤਪੁਰ ਭਾਗ ਦੀ ਢਾਲੂ ਸਤਾਹ ਤੇ ਇਕ ਪੁਰਾਣੇ ਅਤੇ ਵਿਸ਼ਾਲ ਝੁੰਡ ਲਾਗੇ ਤਿੰਨ ਵਡੇ ਛਾਂ ਵਾਲੇ ਰੁੱਖਾਂ ਦੇ ਝੁਰਮਟ ਵਿਚ ਸੱਜਨ ਅਤੇ ਕੰਨਿਆਂ ਲੰਚ ਖਾ ਕੇ ਅਲਸਾਏ ਮਸਤੀ ਭਰੇ ਮੂਡ ਵਿਚ ਬੈਠੇ ਹਨ। ਮੋਰਾਂ ਦੇ ਰੌਲੇ ਨਾਲ ਗੋਵਰਧਨ ਗੂੰਜ ਰਿਹਾ ਹੈ। ਇਕ ਦੇ ਬੋਲਦਿਆਂ ਹੀ ਚੌਹਾਂ ਪਾਸਿਆਂ ਤੋਂ ਮੋਰ ਰੌਲਾ ਪਾਉਣ ਲਗਦੇ ਹਨ । ਇਹਨਾਂ ਦਾ ਰੌਲਾ ਹਟਦਾ ਹੈ ਤਾਂ ਛੋਟੇ ਛੋਟੇ ਪੰਛੀਆਂ ਦਾ ਮਧੁਰ ਸੰਗੀਤ ਉਸੇ ਤਰ੍ਹਾਂ ਸੁਣਦਾ ਹੈ ਜਿਵੇਂ ਜੀਵਨ ਦੇ ਚੀਕ-ਚਿਹਾੜੇ ਵਿਚੋਂ ਉੱਭਰ ਕੇ ਮਨੁੱਖ ਨੂੰ ਆਪਣਾ ਸਾਹ ਸੁਣਾਈ ਦੇਂਦਾ ਹੈ। ਕੰਨਿਆ ਟਿਫਨ ਕੈਰੀਅਰ ਦੇ ਡੱਬੇ ਸਮੇਟ ਕੇ ਬੰਦ ਕਰ ਰਹੀ ਹੈ। ਕੁਝ ਦੂਰ ਚਾਰ ਬਾਂਦਰ ਕੁਛ ਹੋਰ ਲੈਣ ਦੀ ਆਸ ਲਾਈ ਬੈਠਿਆਂ ਇਹਨਾਂ ਨੂੰ ਵੇਖ ਰਹੇ ਸਨ। ਬਾਂਦਰਾਂ ਕਰਕੇ ਇਹਨਾਂ ਦੋਵਾਂ ਦਾ ਲੰਚ ਘੋਲ ਦੇ ਡਰ ਨਾਲ ਭਰਿਆ ਮਜ਼ੇਦਾਰ ਰਿਹਾ। ਡੱਬਿਆਂ ਉੱਤੇ ਕੰਨਿਆ ਸ਼ਾਲ ਦੇ ਕੇ, ਉਹਦੇ ਵਿਚ ਹੱਥ ਪਾ ਪਾ ਕੇ ਇਹਨਾਂ ਨੇ ਸੈਂਡਵਿਸਨ, ਖੁਰਚਣ ਅਤੇ ਦਰਖਤਾਂ ਦਾ ਅਨੰਦ ਲਿਆ ਸੀ । ਸੋਟੀ ਦੇ ਡਰ ਨਾਲ ਬਾਂਦਰ ਆਪਣੀਆਂ ਅਖਾਉਤੀ ਭਬਕੀਆਂ ਵਿਖਾ ਕੇ ਵੀ ਦੂਰ ਰਹੇ; ਸਮਝੌਤੇ ਵਜੋਂ ਇਹਨਾਂ ਨੇ ਵੀ ਕ੍ਰਿਸ਼ਨ ਕਨ੍ਹਈਏ ਦੇ ਇਹਨਾਂ ਪੂਛ ਵਾਲੇ ਮਿੱਤਰਾਂ ਨੂੰ ਫਲ ਅਤੇ ਆਪਣੀ ਭੋਜਨ ਸਮੱਗਰੀ ਦਾ ਕੁਝ ਹਿੱਸਾ ਦਿਤਾ। ਸੱਜਨ ਨੇ ਕਿਹਾ — "ਕਾਮਰੇਡ, ਕੁਝ ਪੇੜੇ ਇਹਨਾਂ ਨੂੰ ਹੋਰ ਦੇ।"

"ਹੁਣ ਨਹੀਂ ! ਹੇਠਾਂ ਸਾਡਾ ਟੈਕਸੀ ਡਰਾਈਵਰ ਵੀ ਏ"

"ਕਿਉਂ, ਉਹ ਆਪਣੇ ਖਾਣੇ ਦਾ ਪ੍ਰਬੰਧ ਕਰਕੇ ਆਇਆ ਹੋਏਗਾ।"

"ਫਿਰ ਵੀ, – ਵਿਚਾਰਾ ਰੋਜ਼ ਤਾਂ ਫਲ ਮਠਿਆਈ ਖਾਂਦਾ ਨਹੀਂ ਹੋਏਗਾ।"

"ਤੇ ਇਹ ਬਾਂਦਰ ਕਦੋਂ ਰੋਜ਼ ਰੋਜ਼ —"

"ਮੇਰੇ ਲਈ ਪਸ਼ੂਆਂ ਨਾਲੋਂ ਆਦਮੀਆਂ ਦਾ ਵਧ ਮਹੱਤਵ ਏ।"

"ਕਾਮਰੇਡ, ਗਿਰੀਰਾਜ ਤੇ ਆਕੇ ਤਾਂ ਆਪਣੇ ਇਸ ਪ੍ਰੋਗ੍ਰੈਸਿਵਇਜ਼ਮ ਨੂੰ ਭੁਲਾ ਦੇ ਨਾ।"

"ਜਾਨ ਸਭਨਾਂ ਵਿਚ ਇਕੋ ਜਹੀ ਏ।"

"ਸਭ ਬਰਾਬਰ ਨੇ।"

"ਸਭਨਾਂ ਵਿਚ ਇਕੋ ਜੇਹਾ ਸਾਹ।"

"ਮਾਣ ਅਭਿਮਾਨ ਛੱਡ ਕੇ, ਰੱਬ ਦਾ ਨਾਂ ਲਓ। ਸਿਗਰਟ ਦੀ ਤਲਬ ਜਾਪਦੀ ਏ, ਕਾਮਰੇਡ।"

"ਤਾਂ ਪੀਓ।"

"ਨਹੀਂ ਜੀ, ਗੋਪਾਲ ਦੀ ਇਸ ਪਵਿਤ੍ਰ ਧਰਤੀ ਤੇ —"

"ਸਾਰੀ ਭੋਂ ਗੋਪਾਲ ਦੀ ਹੈ, ਕੀ ਮੈਂ ਗਲਤ ਕਿਹਾ —"

"ਜਿਹਦੇ ਮਨ ਵਿਚ ਅਟਕ ਏ ਓਹੋ......... । ਕੰਨਿਆ ਬੀਬੀ ਤੇਰੇ ਅਗੇ ਮੈਂ ਹਾਰ ਗਿਆ ।"

ਟਿਫਨ-ਕੈਰੀਅਰ ਬੰਦ ਕਰਨ ਤੋਂ ਪਹਿਲਾਂ ਕੰਨਿਆ ਨੇ ਚਾਰ ਪੰਜ ਪੇੜੇ ਬਾਂਦਰਾਂ ਵਲ ਸੁੱਟ ਦਿਤੇ, ਫਿਰ ਢੱਕਣ ਬੰਦ ਕਰਕੇ ਹੱਸਦੀ ਹੋਈ ਬੋਲੀ – "ਹੱਥ ਜੋੜਦੀ ਆਂ ਮਹਾਰਾਜ, ਮੇਰੇ ਨਾਲ ਹਾਰ ਜਿੱਤ ਦਾ ਵਿਹਾਰ ਨ ਰਖੋ ।"

"ਕਿਉਂ ?"

"ਅਜ ਹਾਰੋਗੇ ਤਾਂ ਕਲ੍ਹ ਮੈਨੂੰ ਜਿੱਤਣ ਲਈ ਵੀ ਉਕਸਾਓਗੇ। ਆਪਣੇ ਇਹਨਾਂ ਆਰਟਿਸਟਕ ਮੂਡਾਂ ਤੋਂ ਮੇਰੀ ਰਖਿਆ ਕਰੋ, ਦਾਇਆ ਦੇ ਮਾਲਕੋ !"

ਜ਼ਮੀਨ ਤੇ ਰੱਖੇ ਕੋਟ ਦੀ ਜੇਬ ਵਿਚੋਂ ਸਿਗਰਟ-ਕੇਸ ਕੱਢ ਕੇ ਸੱਜਨ ਨੇ ਬੜੀ ਥਿੜਕ ਨਾਲ ਕਿਹਾ — "ਆਰਟਿਸਟ ਦੀ ਜੀਵਨ ਸਾਥਣ ਬਣੇਗੀ ਤੇ ਨਾਲ ਆਰਟਿਸਟ ਦੇ ਮੂਡ ਤੋਂ ਬੱਚ ਕੇ ਵੀ ਰਹੇਗੀ।"

"ਹਾਂ ਬਈ ! ਆਰਟਿਸਟ ਦੇ ਮੂਡਾਂ ਦੀ ਰਖਵਾਲੀ ਕੇਵਲ ਚਤਰ ਵੇਸਵਾ ਈ ਕਰ ਸਕਦੀ ਏ, ਗ੍ਰਿਹਸਤਣੀ ਨਹੀਂ -- ਉਹ ਭਾਵੇਂ ਕਿੰਨੀ ਵੀ ਚਤਰ ਤੇ ਸਿਆਣੀ ਕਿਉਂ ਨ ਹੋਏ ।" ਕੰਨਿਆ ਨੇ ਗੰਭੀਰ ਮੂੰਹ ਬਣਾ ਕੇ ਕਿਹਾ ।

ਸੱਜਨ ਦੀ ਆਫ਼ਰਦੀ ਮਸਤੀ ਫਿਰ ਸੰਜਮ ਦੇ ਘੇਰੇ ਵਿਚ ਸਿਮਟ ਗਈ, ਸਿਗਰੇਟ ਬੁੱਲ੍ਹਾਂ 'ਚ ਰੱਖੀ ਆਪਣੇ ਮਨ ਦੀ ਗੱਲ ਲੁਕਾਉਂਦਿਆਂ ਹੋਇਆਂ ਉਹਨੇ ਕਿਹਾ – "ਤੂੰ ਤੇ ਸਭ ਆਰਟਿਸਟਾਂ ਤੇ ਜ਼ਬਰਦਸਤ ਇਲਜ਼ਾਮ ਲਾ ਦਿਤਾ ਏ । ਮੇਰੇ ਖਿਆਲ ਵਿਚ ਆਰਟਿਸਟ ਅਸੈਂਨਸ਼ਿਅਲੀ ਮਨ ਦਾ ਬਹੁਤ ਹੀ ਪਵਿਤ੍ਰ ਹੁੰਦਾ ਏ। ਭਾਵੇਂ ਜ਼ਾਹਿਰਾ ਜੀਵਨ ਵਿਚ –"

"ਗੱਲ ਬਾਹਰੋਂ ਦਿੱਸਦੇ ਜੀਵਨ ਦੀ ਈ ਏ । ਗੱਲ ਸਿਰਫ ਤੇਰੀ ਈ ਨਹੀਂ; ਮੇਰੀ ਇਹ ਧਾਰਨਾ ਏ ਕਿ ਕਲਾਕਾਰ ਆਮ ਕਰਕੇ ਆਪਣੀ ਕਿਸੇ ਵਡੀ ਅਣਹੋਂਦ ਜਾਂ ਹੀਣਤਾ ਕਰਕੇ ਈ ਬਹੁਤ ਦੁੱਖ ਸਹਿ ਕੇ ਸੰਵੇਦਨ ਪ੍ਰਾਪਤ ਕਰਦਾ ਏ।......ਠਹਿਰ ਮੈਨੂੰ ਗੱਲ ਕਰ ਲੈਣ ਦੇ । ......ਇਹ ਠੀਕ ਏ ਕਿ ਹਾਸਲ ਕੀਤੀ ਹੋਈ ਏਸ ਅਨਮੋਲ ਚੀਜ਼ ਦੀਸਲਾਹੁਤਾ ਸਿਰਫ ਦਾਰਸ਼ਨਿਕ ਜਾਂ ਕਲਾਕਾਰ ਈ ਕਰ ਸਕਦੇ ਨੇ। ਪਰ ਬਹੁਤ ਸੰਵੇਦਨਸ਼ੀਲ ਹੁੰਦਿਆਂ ਹੋਇਆਂ ਵੀ ਕਲਾਕਾਰ ਆਪਣੀ ਅਣਹੋਂਦ ਦਾ ਦੁੱਖ ਸਹਿੰਦਿਆਂ ਸਹਿੰਦਿਆਂ ਵੀ ਬੇਹੱਦ ਕਠੋਰ ਹੋ ਜਾਂਦਾ ਏ । ਉਹਦਾ ਮਨ ਇਕ ਥਾਂ ਜੜਿਆ ਜਾਂਦਾ ਏ । ਉਹ ਨਹੀਂ ਜਾਣਦਾ ਹੁੰਦਾ ਕਿ ਉਹਦੇ ਕਰਕੇ ਉਹਨਾਂ ਨੂੰ ਕਿੰਨਾਂ ਦੁੱਖ ਸਹਿਣਾ ਪੈਂਦਾ ਏ ।"

"ਕਹਿ ਲਿਆ ਈ ?"

"ਹਾਂ" ਕੰਨਿਆ ਸੱਜਨ ਦੇ ਪੁੱਛਣ ਵਾਲੇ ਢੰਗ ਤੇ ਮੁਸਕ੍ਰਾਈ।

ਸਿਗਰਟ ਦਾ ਇਕ ਲੰਮਾ ਕਸ਼ ਖਿੱਚ ਕੇ, ਧੂੰਆਂ ਛੱਡ ਕੇ, ਸਾਹਮਣੇ ਇਕ ਗੌੜ ਮੱਠ ਦੀ ਖੰਡਰ ਬਣੀ ਕੰਧ ਵਲ ਨਜ਼ਰ ਗੱਡਿਆਂ ਬੜੇ ਠਰ੍ਹੰਮੇ ਵਾਲੇ ਅਤੇ ਬੱਝਵੇਂ ਤ੍ਰੀਕੇ ਨਾਲ ਉਹਨੂੰ ਕਹਿਣਾ ਸ਼ੁਰੂ ਕੀਤਾ —

"ਵੇਖ ਡਾਰਲਿੰਗ! — ਐਲਾਓ ਮੀ ਟੂ ਐਡਰੈਸ ਯੂ ਲਾਈਕ ਦੈਟ ਐਟ ਦਿੱਸ ਮੋਮੈਂਟ। – ਮੈਂ ਇਸ ਵੇਲੇ ਉਹੋ ਜਿਹੇ ਮੂਡ ਵਿਚ ਈ ਆਂ। ਵੇਖ, ਕਲਾਕਾਰ ਕਹਿ ਕੇ ਤੂੰ ਮੈਨੂੰ ਜਾ ਕਿਸੇ ਨੂੰ ਵੀ ਮਾਮੂਲੀ ਆਦਮੀ ਨਾਲ ਜਾਂ ਜਿਥੋਂ ਤਕ ਕਿ ਭਾਵਨਾ ਦਾ ਸੰਬੰਧ ਏ, ਕਿਸੇ ਵੀ ਜੀਵ ਨਾਲੋਂ ਵਖ ਕਰਕੇ ਨਾ ਵੇਖ। ਮੈਂ ਕਲਾਕਾਰ ਹੋ ਕੇ ਵੀ ਉਹੋ ਹਾਂ ਜੋ ਤੂੰ ਏਂ, ਜੋ ਤੇਰੀ ਭਰਜਾਈ ਸੀ, ਤੇਰਾ ਬਾਪ ਸੀ, ਜਾਂ ਕੋਈ ਵੀ ਏ, ਇਹ ਬਾਂਦਰ ਵੀ ਨੇ, ਇਹ ਗੁਟਕੂੰ ਗੁਟਕੂੰ ਕਰਦੇ ਪੰਛੀ ਵੀ ਨੇ ਜਿਵੇਂ ਸਾਰੇ ਨੇ, ਉਸੇ ਤਰ੍ਹਾਂ ਦਾ ਮੈਂ ਵੀ ਆਂ। ਭੁੱਖ ਤੇ ਸੈਕਸ ਮੇਰੀਆਂ ਵੀ ਉਨੀਆਂ ਈ ਮੁੱਢਲੀਆਂ ਲੋੜਾਂ ਨੇ ਜਿਹੋ ਜਿਹੀਆਂ ਕਿ ਹਰ ਇਕ ਦੀਆਂ। ਤੇ ਸੰਵੇਦਨ-ਸੀਲਤਾ ਵੀ ਮੇਰੇ 'ਚ ਬੁਨਿਆਦੀ ਤੌਰ ਤੇ ਉਨੀ ਈ ਆ ਜਿੰਨੀ ਕਿ ਹਰ ਆਮ ਖਾਸ ਵਿਚ......"

"ਸੰਖੇਪ ਨਾਲ ਦਸ।"

"ਸੰਖੇਪ ਵਿਚ ਜ਼ਿੰਦਗੀ ਇਕ ਅਨੁਭਵ ਏ। ਟਾਈਮ – ਟਾਈਮ ਲਈ ਹਿੰਦੀ ਦਾ ਸ਼ਬਦ-ਕ......"

"ਕਾਲ......"

'ਕਾਲ ਇਕ ਅਟੁੱਟ ਪ੍ਰਵਾਹ ਏ। ਕਾਲ ਸਿਰਫ ਜੀਵ ਹੀ ਭੋਗਦਾ ਏ, ਜੀਵ ਹੀ ਪਛਾਣਦਾ ਏ। ਮਨੁੱਖ ਕਿਉਂ ਜੋ ਸਭ ਜੀਵਾਂ ਨਾਲੋਂ ਵਧੀਆ ਦਿਮਾਗ ਦਾ ਮਾਲਕ ਹੈ। ਇਸ ਲਈ ਆਪਣੇ ਕਾਲ ਦੇ ਅਨੁਭਵ ਨੂੰ ਹਜ਼ਾਰ ਤ੍ਰੀਕਿਆਂ ਨਾਲ ਵਿਅਕਤ ਕਰਨਾ ਵੀ ਜਾਣਦਾ ਹੈ। ਅਨੁਭਵ ਨਾਲ ਹੀ ਉਹਦੀਆਂ ਰਚਨਾਤਮਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਜੀਵਨ ਦਾ ਅਨੁਭਵ ਹੀ ਮਨੁੱਖ ਭਾਵੇਂ ਕਲਾਕਾਰ ਹੋਏ ਜਾਂ ਕੋਈ ਹੋਰ।"

"ਪਰ ਅਨੁਭਵ ਤਾਂ ਗੂੰਗੇ ਦੀ ਗੱਲ ਬਰਾਬਰ ਏ। ਆਪ ਹੀ ਆਪਣੇ ਮਨ ਦੇ ਅਨੁਭਵ ਨੂੰ ਸੌਖੇ ਸਪੱਸ਼ਟ ਢੰਗ ਨਾਲ ਪ੍ਰਗਟ ਨਹੀਂ ਕਰ ਸਕਦਾ। ਕੀ ਤੂੰ ਕਹਿ ਸਕਦਾ ਏਂ ਕਿ ਮੇਰੇ ਸੰਬੰਧ ਵਿਚ ਤੇਰਾ ਕੀ ਅਨੁਭਵ ਏ? ਕੀ ਮੈਂ ਤੇਰੇ ਲਈ ਇਕ ਰੂਪ ਜਾਂ ਅਕਾਰ ਈ ਆਂ? ਮੇਰਾ ਰੂਪ ਰੰਗ ਈ ਕੀ ਮੇਰੀ ਖ਼ੂਬਸੂਰਤੀ ਏ?"

"ਨਹੀਂ। ਮੇਰੀ ਨਜ਼ਰ ਵਿਚ ਦੇਹ ਦੀ ਸੁੰਦਰਤਾ ਈ ਜੀਵਨ ਦਾ ਸਾਰਾ ਅਨੁਭਵ ਨਹੀਂ, ਕੰਨਿਆ! ਇਹ ਨਹੀਂ ਕਿ ਤੈਨੂੰ ਵੇਖ ਕੇ ਮੇਰੇ ਮਨ ਵਿਚ ਸਰੀਰਕ ਤੌਰ ਤੇ

ਤੈਨੂੰ ਹਾਸਲ ਕਰਨ ਦੀ ਖਾਹਸ਼ ਨਹੀਂ ਹੁੰਦੀ। ਮੇਰੇ ਉਸ ਦਿਨ ਦੀ ਧੱਕੋ ਜ਼ੋਰੀ ਵਿਚ ਵੀ, ਮੌਕੇ ਦਾ ਬਹਾਨਾ ਭਾਵੇਂ ਕੋਈ ਹੋਏ, ਮੇਰੀ ਇੱਛਾ ਤੈਨੂੰ ਜਿਸਮਾਨੀ ਤੌਰ ਤੇ ਪ੍ਰਾਪਤ ਕਰਨ ਦੀ ਹੀ ਸੀ।......"

"ਮੌਕੇ ਦਾ ਬਹਾਨਾ ਭਲਾ ਆਪਣੇ ਆਪ ਵਿਚ ਅਨੁਭਵ ਨਹੀਂ ਹੁੰਦਾ ਸੱਜਨ ?"

"ਹੁੰਦਾ ਏ। ਉਹਦੀ ਗੱਲ ਫਿਰ ਕਰਾਂਗਾ। ਮੈਂ ਇਹ ਕਹਿ ਗਿਆ ਸਾਂ ਕਿ ਉਸ ਦਿਨ ਤੈਨੂੰ ਏਨਾ ਬੁਰਾ ਅਨੁਭਵ ਦੇ ਕੇ ਵੀ......"

"ਮੰਨ ਲਉ ਕਿ ਮੈਨੂੰ ਬੁਰਾ ਅਨੁਭਵ ਨਹੀਂ ਮਿਲਿਆ, ਤਾਂ ?"

"ਖ਼ੈਰ, ਨਾ ਸਹੀ; ਆਪਣੀ ਵਲੋਂ ਮੈਂ ਤੈਨੂੰ ਬੁਰਾ ਅਨੁਭਵ ਹੀ ਦਿੱਤਾ।"

"ਬੁਰਾ ਹੁੰਦਾ ਤਾਂ ਤੂੰ ਉਸ ਅਨੁਭਵ ਨੂੰ ਜ਼ਾਹਰ ਨ ਕਰਦੋਂ।"

"ਤੂੰ ਬਿਲਕੁਲ ਉਤਲੀ ਸਤਾਹ ਤੇ ਟਹਿਲ ਰਹੀ ਏਂ, ਕੰਨਿਆ। ਮੈਂ ਅਨੁਭਵ ਦੀ ਗੱਲ ਕਰ ਰਿਹਾ ਆਂ — ਨਾ ਉਹ ਚੰਗਾ ਏ, ਨਾ ਮਾੜਾ।"

"ਤੂੰ ਆਪ ਈ ਹੁਣ ਚੰਗੇ ਮਾੜੇ ਦੀ ਗੱਲ ਛੇੜੀ ਆ।" ਆਖ ਕੇ ਕੰਨਿਆ ਮੁਸਕ੍ਰਾਈ।

ਉਹਦੀ ਮੁਸਕ੍ਰਾਹਟ ਦੀ ਇਸ ਅਦਾ ਤੇ ਸੱਜਨ ਦੀ ਕਾਮ-ਇੱਛਾ ਰੀਝ ਪਈ। ਇਸ ਰੀਝਣ ਨੂੰ ਉਹਦੀ ਛੂਹ ਨਾਲ ਡੂੰਘੇ ਦੁਖ ਅਤੇ ਪੀੜ ਦੀ ਤਿਲਮਲਾਹਟ ਮਹਿਸੂਸ ਕੀਤੀ, ਅਤੇ ਨਾਲ ਦੀ ਨਾਲ ਸਭ ਵਿਚਾਰ, ਅਕਾਰ-ਵਿਕਾਰ, ਅਸਤ-ਵਿਅਸਤ ਹੋਣ ਤੇ ਵੀ ਕੰਨਿਆ ਦੀ ਮੁਸਕ੍ਰਾਹਟ ਉਹਦੇ ਦਿਲ ਵਿਚ — ਕਿਤੇ ਹੋਰ ਡੂੰਘੀ ਥਾਵੇਂ — ਤਿੱਖੇ ਵਹਾ ਵਾਲੇ ਝਰਨੇ ਦੀ ਸੁਭਾਵਕ ਤੌਰ ਵਾਂਗ ਉਹਦੇ ਰੋਮ ਰੋਮ ਵਿਚ ਪ੍ਰਵਾਹ ਕਰ ਰਹੀ ਸੀ। ਰੂਪ, ਰਸ, ਗੰਧ, ਗੂੰਜ ਅਤੇ ਛੋਹ — ਕੰਨਿਆ ਦੀ ਮੁਸਕਾਨ ਵਿਚ ਉਹਨੂੰ ਸਭ ਕੁਝ ਪ੍ਰਾਪਤ ਹੋਇਆ। ਪੂਰਨਤਾ ਅਤੇ ਅਨੰਦ ਦੀ ਚੇਤਨਾ ਨਾਲ ਉਹਦੀ ਬਾਹਰੀ ਦੁਨੀਆਂ, ਉਹਦੀ ਕੰਮ ਕਰਨ ਦੀ ਸ਼ਕਤੀ ਅਲਸਾ ਗਈ। ਉਸ ਘੜੀ ਉਹਨੂੰ ਇੰਜ ਲੱਗਾ, ਜਿਵੇਂ ਉਹਦੀਆਂ ਅਨੁਭਵ-ਸ਼ਕਤੀਆਂ ਇਕੋ ਸਮੇਂ ਕਈਆਂ ਪੱਧਰਾਂ ਤੇ ਦੌੜ ਰਹੀਆਂ ਹਨ। ਹਰ ਪੱਧਰ ਇਕ ਦੂਜੀ ਵਿਚ ਮਿਲਦੀ ਜਾ ਰਹੀ ਹੈ। ਤਿੰਨਾਂ ਚਹੁੰ ਫੁੱਟਾਂ ਦੀ ਦੂਰੀ ਤੇ ਬੈਠੀ ਹੋਈ ਕੰਨਿਆ ਉਸ ਤੋਂ ਜ਼ਰਾ ਵੀ ਦੂਰ ਨਹੀਂ। ਉਹ ਉਹਦੇ ਅੰਦਰ ਵੱਸਦੀ ਹੈ। ਇਹ ਪ੍ਰਾਪਤੀ ਉਹਨੂੰ ਸੰਪੂਰਣਤਾ ਦਾ ਅਨੁਭਵ ਕਰ ਰਹੀ ਹੈ। ਇਸ ਵੇਲੇ ਉਹਦੀਆਂ ਸਭ ਅਣਹੋਂਦਾਂ ਭਰ ਗਈਆਂ ਹਨ, ਸਭੇ ਵਿਕਾਰ ਸ਼ਾਂਤ ਹੋ ਗਏ ਹਨ। ਗਿਰੀ ਗੋਵਰਧਨ, ਕੁੰਡ ਰੁੱਖਾਂ, ਦਾ ਝੁਰਮਟ ਪਸ਼ੂ ਪੰਛੀ, ਗੌੜ ਮੱਠ, ਧੁੱਪ ਨਾਲ ਲਿਸ਼ਕਦਾ ਅਸਮਾਨ, ਉਹ ਆਪ ਅਤੇ ਦੇਹ ਧਾਰੀ ਕੰਨਿਆ ਜਿਹਨੂੰ ਨੀਝ ਲਾ ਕੇ ਵੇਖਦਿਆਂ ਹੋਇਆਂ ਉਹ ਇਹ ਸਭ ਵੇਖ ਰਿਹਾ ਹੈ — ਇਹਨਾਂ ਸਭ ਸ਼ਕਲਾਂ ਵਿਚ ਕੋਈ ਟੱਕਰ ਨਹੀਂ। ਇਹਨਾਂ ਸਭਨਾਂ ਵਿਚ – ਕਣ ਕਣ ਵਿਚ ਉਹ ਅਤੇ ਕੰਨਿਆ ਇਕ ਮਿੱਕ ਹੋਏ ਵਿਚਰ ਰਹੇ ਹਨ।

ਅਨੋਖ਼ੀ ਘੜੀ ਸੀ; ਅਨੋਖਾ ਅਨੁਭਵ ਸੀ । ਉਸ ਅਨੁਭਵ ਦੀ ਸ਼ਕਤੀ ਏਨੀ ਡਾਢੀ ਜ਼ੋਰ ਵਾਲੀ ਤੇ ਤਿੱਖੀ ਹੁੰਦਿਆਂ ਹੋਇਆਂ ਵੀ ਐਨ ਸੁਭਾਵਕ ਸੀ । ਇਹ ਸੁਭਾਵਕਤਾ ਹੀ ਸੁੰਦਰਤਾ ਹੈ । ਸੱਜਨ ਓਸ ਹੁਸਨ ਨਾਲ ਨੱਕੋ ਨੱਕ ਭਰਿਆ ਪਿਆ ਹੈ । ਇਹ ਪੂਰਨਤਾ ਉਹਨੂੰ ਕੰਨਿਆ ਕਰਕੇ ਈ ਪ੍ਰਾਪਤ ਹੈ ।

ਸੱਜਨ ਦੀਆਂ ਗੁਆਚੀਆਂ ਅੱਖਾਂ ਅਤੇ ਅਨੰਦ ਵਿਚ ਲੀਨ ਮੁੱਖ-ਮੰਡਲ ਤੋਂ ਕੰਨਿਆ ਅਣਛੋਹੀ ਨਾ ਰਹਿ ਸਕੀ । ਇਹ ਭੋਲਾ ਸੁੰਦਰ ਮੁਖੜਾ ਉਹਦੇ ਪ੍ਰੀਤਮ ਦਾ ਹੈ, ਉਹਦਾ ਆਪਣਾ ਹੈ । ਕੰਨਿਆ ਸੱਜਨ ਨੂੰ ਲੈ ਕੇ ਭਾਵੁਕ ਨਹੀਂ ਹੋਈ ਸਗੋਂ ਭਰ ਗਈ । ਜੀ 'ਚ ਆਇਆ ਕਿ ਏਸ ਪਿਆਰੇ ਪਿਆਰੇ ਮੂੰਹ ਨੂੰ ਆਪਣੇ ਦੋਵਾ ਹੱਥਾਂ ਵਿਚ ਕੱਸ ਕੇ ਚੁੰਮ ਲਏ ! ਹਾਇ ! ਉਹ ਕੀ ਸੋਚ ਗਈ ? ਵਰ੍ਹਿਆਂ ਦੀ ਦੱਬੀ ਚਾਹ ਏਸ ਵੇਲੇ ਮੂੰਹੋਂ ਮੂੰਹ ਉਹਦੇ ਮਨ ਵਿਚ ਬੋਲ ਪਈ । ਉਹਨੂੰ ਬੜੀ ਸ਼ਰਮ ਆਈ । ਚਿਹਰਾ ਗੁਲਾਬੀ ਹੋ ਕੇ ਨਜ਼ਰਾਂ ਸਣੇ ਜ਼ਰਾ ਹੇਠਾਂ ਝੁਕ ਗਿਆ, ਫਿਰ ਆਪਣੇ ਹੀ ਮਨ ਵਿਚ ਭੌਂ ਚੁੱਕ ਕੇ ਖਿਆਲ ਆਇਆ ਕਿ ਸੱਜਨ ਕਿਤੇ ਭਾਂਪ ਨਾ ਲਏ ਇਸ ਲਈ ਮਨ ਦੀ ਝਾਕ ਨੂੰ ਓਪਰੀ ਸ਼ੋਖੀ ਨਾਲ ਕੱਜਦੀ ਹੋਈ ਬੋਲੀ – "ਕਲਾਕਾਰ ਮਹਾਰਾਜ ਸਗੋਂ ਕੋਈ ਅਨੁਭਵ ਪ੍ਰਾਪਤ ਕਰ ਰਹੇ ਓ ?"

ਸੱਜਨ ਹੋਸ਼ ਵਿਚ ਆਇਆ. ਝਕਿਆ, ਹੱਸ ਕੇ ਬੋਲਿਆ — "ਤੈਥੋਂ ਹਾਰ ਗਿਆ ਆਂ ਮੈਂ, ਭਾਵੇਂ ਇਸ ਹਾਰ ਵਿਚ ਵੀ ਮੇਰੀ ਜਿੱਤ ਏ ।"

"ਫਿਰ ਉਹੋ ਹਾਰ ਜਿੱਤ । ਤੂੰ ਕੁਝ ਵੀ ਆਖ, ਮੈਂ ਤੈਅ ਕਰ ਲਿਆ ਏ, ਤੇਰੇ ਇਹਨਾਂ ਆਰਟਿਸਟ ਮੂਡਾਂ ਨੂੰ ਹੁਣ ਕਦੇ ਨਹੀਂ ਗੌਲਣਾ ।"

"ਪੈ ਮੁਰਲੀ ਮੁਰਲੀ ਧਰ ਕੀ ਅਧਰਾਨ ਧਰੀ ਅਧਰ ਨਾ ਨ ਧਰੋਂਗੀ ।"

"ਚਲ ਉਠ ।"

"ਠਹਿਰੋ ਜੀ ! ਮੈਨੂੰ ਯਾਦ ਕਰ ਲੈਣ ਦਿਉ, ਉਹ ਰਸਖਾਨ ਦਾ ਕਵਿੱਤ..."

"ਕਵਿੱਤ ਨਹੀਂ, ਸਵੱਯਾ ਏ ।"

"ਚਲੋ ਕੁਝ ਵੀ ਹੋਇਆ । ਕੀ ਆ ਉਹ – ਉਂਹ — ਕੀ ਏ ਕੰਨਿਆ ?"

"ਹੈ ਤੇ ਕੁਝ ਜ਼ਰੂਰ, ਪਰ ਕੀ ਆ ਇਹ ਯਾਦ ਨਹੀਂ । ਮੇਰਾ ਦਿਮਾਗ ਸ਼ੁੱਧ ਪਰੋਜ਼ਵਾਦੀ ਏ, ਪੋਇਟਰੀ ਨਹੀਂ ਯਾਦ ਰਹਿੰਦੀ । ਹੁਣ ਚਲ ਬਈ ।"

"ਤੇਰੇ ਆਖੇ ਸਭ ਸਾਂਗ ਕਰਾਂਗੀ...... ਲਓ ! ਯਾਦ ਆਇਆ..."

ਮੋਰ ਪਖਾ ਸਿਰ ਊਪਰ ਰਾਖਿਹੌਂ ਗੁੰਜ ਕੀ ਮਾਲ ਗਲੇ ਪਹਿਰੋਂਗੀ ।
ਓੜ੍ਹਿ ਪਿਤੰਬਰ ਲੈ ਸਕਟੀ ਬਨ ਗੋਧਨ ਗਵਾਲਨਿ ਸੰਗ ਫਿਰੋਂਗੀ ।।

ਭਾਵਤੋਂ ਵੋਹਿ ਮੇਰੇ ਰਸਖਾਨ ਸੋ ਤੇਰੇ ਕਹੇ ਸਭ ਸਵਾਂਗ ਕਰੋਂਗੀ।
ਵਾ ਮੁਰਲੀ ਮੁਰਲੀਧਰ ਕੀ ਅਧਰਾਨ ਧਰੀ ਅਧਰਾ ਨ ਧਰੋਂਗੀ॥...*

"ਆਹਾ ! ਭਾਉਂਦੀ ਏਂ ਤੂੰ ਮੇਰੀ ਰਸਖਾਨ......ਓ ਕੰਨਿਆ, ਜਸਟ ਫ਼ਾਰ ਏ ਸੈਕੰਡ......ਖੜੀ ਹੋ ਜਾ।"

"ਸੱਜਨ ਨੇ ਆਪਣੀ ਸਕੈੱਚ ਬੁਕ ਅਤੇ ਪੈਂਸਲ ਚੁਕੀ। ਕੰਨਿਆ ਨੇ ਨਖ਼ਰੇ ਨਾਲ ਕਿਹਾ — "ਤੂੰ......"

"ਬੋਲ ਨਾ। ਖੜੀ ਹੋ ਜਾ।"

ਸਕੈੱਚ ਬਣਨ ਲਗਾ। ਕੰਨਿਆ — ਸ੍ਰੀ ਰਾਧਾ ਕ੍ਰਿਸ਼ਨ ਦੇ ਵੇਸ ਵਿਚ ਮੋਰ ਮੁਕਟ, ਗੁੰਜ ਮਾਲਾ, ਪੀਲਾ ਪੱਲਾ, ਖੱਬੇ ਹੱਥ ਵਿਚ ਨਿੱਕੀ ਜਿਹੀ ਸੋਟੀ। ਚਿੱਤਰ ਵਿਚ ਸੱਜੇ ਪਾਸੇ ਦੋ ਹੱਥ – ਸ੍ਰੀ ਕ੍ਰਿਸ਼ਨ ਦੇ ਹੱਥ – ਬੰਸਰੀ ਭੇਟ ਕਰ ਰਹੇ ਹਨ। ਸ੍ਰੀ ਰਾਧਾ – ਕੰਨਿਆ — ਦੀਆਂ ਅੱਖਾਂ ਵਿਚ ਲਾਜ, ਬੁੱਲ੍ਹਾਂ ਵਿਚ ਘੁੱਟੀ ਮੁਸਕਾਨ, ਤਿਊੜੀਆਂ ਵਿਚ ਰੋਸ, ਸਰੀਰ ਦੀ ਤਿੰਨਾਂ ਮੋੜਾਂ ਵਾਲੀ ਅੰਦਾਜ਼ ਅਤੇ ਸੱਜੇ ਹੱਥ ਦੀਆਂ ਮਨ੍ਹਾ ਕਰਦੀਆਂ ਉਂਗਲਾਂ ਵਿਚ ਜੋਬਨ ਦੀ ਚੰਚਲਤਾ ਹੈ।

ਕੰਨਿਆ ਨੂੰ ਇਹ 'ਖੇਡ' ਚੰਗੀ ਲਗ ਰਹੀ ਸੀ। ਉਹ ਕਲਾਕਾਰ ਨੂੰ ਪ੍ਰੇਰਨਾ ਦੇਣ ਵਾਲੀ ਮਹਾਂ ਸ਼ਕਤੀ ਦਾ ਕੰਮ ਕਰ ਰਹੀ ਹੈ — ਇਹ ਸਭ 'ਕਲਚਰਲ' ਨਖ਼ਰੇ ਉਹਦੇ ਸੁਭਾਅ ਨੂੰ ਪਸੰਦ ਨਹੀਂ। ਉਹ ਸੱਜਨ — ਇਕ ਮਨੁੱਖ — ਲਈ ਆਪਣੇ ਆਪ ਨੂੰ ਸਮਰਪਤ ਕਰ ਰਹੀ ਹੈ, ਬਸ ਏਨਾ ਹੀ ਉਹ ਜਾਣਦੀ ਹੈ। ਸੱਜਨ ਕਲਾਕਾਰ ਹੈ, ਰਈਸ ਹੈ ਇਸ ਸਭ ਗੱਲਾਂ ਉਹਦੇ ਮਨ ਵਿਚ ਜ਼ਰੂਰ ਆਉਂਦੀਆਂ ਹਨ। ਉਹ ਧਨੀ ਅਤੇ ਮਹੱਤਵਪੂਰਣ ਵਿਅੱਕਤੀ ਦੀ ਹੋਣ ਵਾਲੀ ਪਤਨੀ ਅਤੇ ਪ੍ਰੇਮਿਕਾ ਹੈ, ਇਹ ਗੱਲ ਉਹਦੇ ਮਨ ਵਿਚ ਦੂਸਰੇ ਮਹੱਤਵ ਦੀ ਹੈ। ਪਹਿਲੇ ਮਹੱਤਵ ਦੀ ਗੱਲ ਸਾਫ਼ ਤੌਰ ਤੇ ਇਹੋ ਹੈ ਕਿ ਸੱਜਨ — ਇਕ ਪੁਰਖ — ਨੂੰ ਉਹ ਆਪਣਾ ਕਹਿ ਸਕਦੀ ਹੈ। ਪਰਸੋਂ ਰਾਤ ਜਦ ਸੱਜਨ ਘਰ ਨਾ ਆਇਆ ਤਾਂ ਉਹਦੇ ਵਿਜੋਗ ਵਿਚ ਕੰਨਿਆ ਨੇ ਪਹਿਲੀ

*ਮੋਰ ਦਾ ਖੰਭ ਸਿਰ ਤੇ ਰੱਖਾਂਗੀ, ਗੁੰਜ ਦੀ ਮਾਲਾ ਗਲ 'ਚ ਪਾਵਾਂਗੀ
ਪੀਲਾ ਪੱਲਾ ਖਹਿਨ ਕੇ, ਸੋਟੀ ਲੈ ਕੇ, ਗਊਆਂ ਤੇ ਗਵਾਲਣਾਂ ਨਾਲ ਫਿਰਾਂਗੀ
'ਰਸਖਾਨ' ਨੂੰ ਜੋ ਕੁਝ ਪਸੰਦ ਏ ਉਹ ਸਭੋ ਕੁਝ ਤੇਰੇ ਕਹਿਣ ਤੇ ਕਰਾਂਗੀ
ਪਰ ਮੁਰਲੀ ਵਾਲੇ ਦੀ ਉਹ ਮੁਰਲੀ ਜੋ ਉਹਦੇ ਬੁੱਲ੍ਹਾਂ ਤੇ ਟਿਕੀ ਹੈ,
ਉਹ ਮੁਰਲੀ ਮੈਂ ਆਪਣੇ ਬੁੱਲ੍ਹੀਂ ਨਹੀਂ ਛੁਹਾਵਾਂਗੀ।

(ਅਨੁਵਾਦਕ)

ਵਾਰ ਸਾਫ਼ ਸਾਫ਼ ਇਹ ਗੱਲ ਆਪਣੇ ਆਪ ਵਿਚ ਅਨੁਭਵ ਕੀਤੀ ਸੀ ਕਿ ਸੱਜਨ ਦੇ ਸਾਹਮਣੇ ਉਹਦੀ ਹਸਤੀ ਗੁਆਚ ਜਾਂਦੀ ਹੈ — ਭਾਵੇਂ ਉਹ ਆਪਣੇ ਏਸ ਅਹਿਸਾਸ ਨੂੰ ਦਬਾਉਣ ਲਈ ਓਪਰੇ ਰੋਹਬ ਦਾ ਢੌਂਗ ਰਚਦੀ ਹੈ। ਉਹਨੇ ਇਹ ਸਾਫ਼ ਸਾਫ਼ ਵੇਖ ਲਿਆ ਕਿ ਜਿਸ ਦਿਨ ਤੋਂ ਸੱਜਨ ਦੀਆਂ ਅੱਖਾਂ ਵਿਚ ਪਹਿਲੀ ਵਾਰ ਪ੍ਰੇਮ ਦੀ ਚਮਕ ਆਈ ਉਸ ਦਿਨ ਤੋਂ ਹੀ ਉਹ ਆਪਣੇ ਆਪ ਨੂੰ ਸੱਜਨ ਦੀ ਪ੍ਰੇਮ ਇੱਛਾ ਵਿਚ ਲੀਨ ਹੋਣ ਤੋਂ ਰੋਕ ਨਹੀਂ ਸਕੀ। ਆਪਣੇ ਆਪ ਨੂੰ ਰੋਕਣ ਦੇ ਹਰ ਜਤਨ ਵਿਚ ਉਹ ਅਸਫਲ ਰਹੀ ਹੈ। ਸੱਜਨ ਦੇ ਹੱਠ ਅਗੇ ਉਹ ਵਿੱਛ ਜਾਂਦੀ ਹੈ। ਔਰਤਾਂ ਦੇ ਅਧਿਕਾਰ, ਆਦਮੀਆਂ ਦੇ ਅਤਿਆਚਾਰ, ਆਦਮੀਆਂ ਲਈ ਉਹਦੀ ਇਕ ਤਰ੍ਹਾਂ ਦੀ ਘ੍ਰਿਣਾ, ਆਪਣੇ ਆਪ ਨੂੰ ਪਹਿਲਾ ਵਡੱਤਣ ਦੇਣ ਦੀ ਆਦਤ, ਪੜ੍ਹਨਾ ਪੜ੍ਹਾਉਣਾ, ਚਿੰਤਨ ਦਰਸ਼ਨ, ਆਦਿ ਉਹਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਸੱਜਨ ਦੇ ਹੱਠ ਦੇ ਸਾਹਮਣੇ ਬੁਝ ਜਾਂਦੀਆਂ ਹਨ। ਸੱਜਨ ਉਹਦੀ ਆਪਣੀ ਇੱਛਾ ਦਾ ਹੀ ਪੁਰਖ ਰੂਪ ਹੈ। ਜਿਹੜੀ ਇਸਤਰੀ ਨੇ ਅੱਜ ਤਾਈਂ ਕਿਸੇ ਪੁਰਸ਼ ਆਦਮੀ ਦਾ ਰੰਗੀਨ ਨਜ਼ਰਾਂ ਨਾਲ ਆਪਣੀ ਵਲ ਵੇਖਣਾ, ਬਰਦਾਸ਼ਤ ਨਹੀਂ ਕੀਤਾ, ਜਿਹਨੇ ਇਸ ਤੋਂ ਪਹਿਲਾਂ ਆਪਣੇ ਤਿੰਨ ਪ੍ਰੇਮ ਜਾਚਕਾਂ ਨੂੰ ਦੁਤਕਾਰ ਦਿਤਾ ਸੀ, ਉਹ ਸੱਜਨ ਸਾਹਮਣੇ ਹਰ ਤਰ੍ਹਾਂ ਨਾਲ ਹਾਰੀ ਹੈ। ਆਪਣੀ ਇਹ ਹਾਰ ਪਰਸੋਂ ਰਾਤ ਅੱਥਰੂਆ ਵਿਚ ਨ੍ਹਾਉਣ ਤੋਂ ਪਿਛੋਂ ਤਾਂ ਹੁਣ ਉਹਨੂੰ ਬਿਲਕੁਲ ਅਪਮਾਨ ਵਾਲੀ ਨਹੀਂ ਜਾਪਦੀ। ਕਲ੍ਹ ਦੁਪਹਿਰ ਤਕ ਵਰਿੰਦਾਵਨ ਵਿਚ ਚੌਹੀਂ ਪਾਸੀਂ ਭਟਕਦਿਆਂ ਭਟਕਦਿਆਂ ਸਰੀਰੋਂ ਅਤੇ ਮਨੋਂ ਚੂਰ ਚੂਰ ਹੋ ਕੇ ਜਦ ਉਹ ਪੂਰੀ ਸੂਰੀ ਅੱਥਰੂ ਦੀ ਬੂੰਦ ਦੀ ਤਸਵੀਰ ਬਣ ਚੁਕੀ ਸੀ, ਅਤੇ ਉਹਨੂੰ ਆਪਣਾ ਭਵਿੱਖ ਹਨੇਰੀ, ਅਨੰਤ ਅਤੇ ਭਿਆਨਕ ਗੁਫਾ ਵਰਗਾ ਦਿਸ ਰਿਹਾ ਸੀ, ਜਦ ਉਹ ਪਰਤ ਕੇ ਮਥਰਾ, ਲਖਨਊ ਜਾਂ ਕਿਤੇ ਵੀ ਪਰਤ ਕੇ ਨਾ ਜਾਣ, ਕਿਸੇ ਵੀ ਜਾਣਕਾਰ, ਮਿੱਤਰ ਅਤੇ ਸੰਬੰਧੀ ਨੂੰ ਆਪਣਾ ਮੂੰਹ ਨਾ ਵਿਖਾਉਣ ਦਾ ਹੱਠ ਵਾਲਾ ਨਿਸਚਾ ਕਰ ਚੁਕੀ ਸੀ, ਤਾਂ ਅਚਾਨਕ ਸੇਵਾ ਕੁੰਜ ਦੇ ਕੋਲ ਹੀ ਇਕ ਗਲੀ ਵਿਚ ਸੱਜਨ ਨੇ ਉਹਨੂੰ ਨਾਂ ਲੈ ਕੇ ਬੁਲਾਇਆ ਸੀ। ਇਹ ਆਵਾਜ਼ ਸੁਣ ਕੇ ਉਹ ਕਿੰਨੀ ਪਾਗਲ ਹੋ ਗਈ ਸੀ। ਸੱਜਨ ਨੂੰ ਇਕ ਘਰ ਦੇ ਬੂਹੇ ਵਿਚ ਖਲੋਤਾ ਵੇਖ ਉਹ ਕਿੰਜ ਟੁੱਟ ਗਈ ਸੀ — ਖੁਲ੍ਹੇ ਮੂੰਹ 'ਚੋਂ ਡੂੰਘਾ ਸਾਹ ਬਾਹਰ ਨਿਕਲਿਆ, ਉਹਨੇ ਦੋਵਾ ਹੱਥਾਂ ਨਾਲ ਕਲੇਜਾ ਥੰਮ ਲਿਆ, ਦਸਾਂ ਕਦਮਾਂ ਦੀ ਦੂਰੀ ਤੇ ਖਲੋਤੇ ਸੱਜਨ ਤਕ ਪਹੁੰਚਣ ਵਿਚ ਜਿਵੇਂ ਉਹ ਬਿਲਕੁਲ ਨਿਤਾਣੀ ਹੋ ਗਈ ਸੀ, ਉਹਨੂੰ ਚੱਕਰ ਆ ਗਿਆ, ਪੈਰ ਡੋਲ ਗਏ ਸਨ। ਜੇਕਰ ਸੱਜਨ ਨੇ ਤੇਜ਼ੀ ਨਾਲ ਅਗਾਂਹ ਵਧ ਕੇ ਉਹਦੀ ਬਾਂਹ ਨਾ ਫੜ ਲਈ ਹੁੰਦੀ ਤਾਂ ਉਹ ਗਲੀ ਵਿਚ ਹੀ ਗ਼ਸ਼ ਖਾ ਕੇ ਡਿੱਗ ਪਈ ਹੁੰਦੀ। ਉਹਦੀ ਹਾਲਤ ਵੇਖ ਕੇ ਸੱਜਨ ਦਾ ਵੈਰਾਗ ਪਿਘਲ ਗਿਆ, ਉਹਦੀ ਕਠੋਰਤਾ ਆਪ ਹੀ ਉਹਦੇ ਕਲੇਜੇ ਤੇ ਟੁੱਟੇ ਪੱਥਰਾਂ ਵਾਗ ਵਾਰ ਵਾਰ

ਢਹਿਣ ਲਗੀ। ਸੱਜਨ ਉਸ ਵੇਲੇ ਇਕ ਅੱਧਖੜ ਬੰਗਾਲਣ ਵੈਸ਼ਣਵੀ ਦੇ ਘਰ 'ਚ ਸ੍ਰੀ ਰਾਧਾਮਾਧਵ ਦੀ ਤਸਵੀਰ ਉਲੀਕ, ਓਸ ਵਿਧਵਾ ਤੋਂ ਪੰਜਾਂ ਰੁਪਿਆਂ ਵਿਚ ਝੋਲੀ ਭਰ ਅਸੀਸਾਂ ਖ਼ਰੀਦ ਕੇ ਉਹਦੇ ਬੂਹੇ ਦੀ ਦਹਿਲੀਜ਼ ਲੰਘ ਰਿਹਾ ਸੀ। ਕੰਨਿਆ ਨੂੰ ਉਹ ਓਸੇ ਘਰ ਵਿਚ ਲੈ ਆਇਆ। ਚਾਤਰ ਵੈਸ਼ਣਵੀ ਨੇ ਪ੍ਰਤੱਖ ਰਾਧਾ ਮਾਧਵ ਤੋਂ ਵਰਦਾਨ ਵਜੋਂ ਹੋਰ ਰੁਪਏ ਲੈਣ ਦੀ ਆਸ ਨਾਲ ਬੜੀ ਸੇਵਾ ਕੀਤੀ। ਦਾਲਾਨ ਵਿਚ ਪਈ ਮੰਜੀ ਤੇ ਝਟ ਆਪਣੀ ਵਿਛਾਈ ਵਿਛਾ ਦਿਤੀ, ਖੂਹ ਤੋਂ ਤਾਜ਼ਾ ਪਾਣੀ ਲਿਆ ਕੇ ਪਿਆਇਆ, ਸੱਜਨ ਤੋਂ ਪੈਸੇ ਲੈ ਕੇ ਦੁੱਧ ਚਾਹ ਲਿਆ ਕੇ ਚਾਹ ਬਣਾਈ, ਫਿਰ ਲੁੱਚੀ (ਪੂਰੀ) ਪਾਇਸ਼ (ਖੀਰ), ਦਾਲ ਚੌਲ, ਸਾਗ ਸਬਜ਼ੀ ਆਦਿ ਵਧੀਆ ਜੋੜ ਬਣਾ ਕੇ ਜਸ਼ੋਧਾ ਮਾਤਾ ਵਰਗੇ ਆਪਣੇ ਰਾਧਾਮਾਧਵ ਠਾਕਰ ਜੀ ਦਾ ਭੋਗ ਲਵਾਇਆ, ਅਨੇਕਾਂ ਮਿੱਠੀਆਂ ਗੱਲਾਂ ਕੀਤੀਆਂ, ਉਠਦਿਆਂ ਬਹਿੰਦਿਆਂ ਅਸ਼ਰੀਵਾਦ ਦਿੱਤੀ, 'ਬਹੂ ਜੀ' ਨੂੰ ਮਾਂਗ ਵਿਚ ਸੰਧੂਰ ਨਾ ਲਾਉਣ ਕਾਰਨ ਮਿੱਠੀ ਝਿੜਕ ਦਿਤੀ, ਵਿਦਾ ਕਰਨ ਵੇਲੇ ਸ੍ਰੀ ਰਾਧਾ ਜੀ ਦੇ ਗਲ ਦੀ ਮਾਲਾ ਸੱਜਨ ਨੂੰ ਅਤੇ ਸ੍ਰੀ ਮਾਧਵ ਦੀ ਮਾਲਾ ਕੰਨਿਆ ਨੂੰ ਪੁਆ ਕੇ ਅਨੇਕਾਂ ਅਸ਼ੀਰਵਾਦਾਂ ਦਿਤੀਆਂ, ਬਲਾਵਾਂ ਲਈਆਂ। ਸੱਜਨ ਨੇ ਆਪਣਾ ਪਰਸ ਕੰਨਿਆ ਦੇ ਹੱਥ ਵਿਚ ਦੇ ਕੇ ਉਹਨੂੰ ਵੈਸ਼ਣਵੀ ਨੂੰ ਦਛਣਾ ਦੇਣ ਲਈ ਕਿਹਾ। ਵੈਸ਼ਣਵੀ ਦੇ ਸੁੰਨੇ ਘਰ ਵਿਚ ਉਹਨਾਂ ਨੇ ਲਗ ਭਗ ਚਾਰ ਘੰਟੇ ਬਿਤਾਏ, ਪਰ ਆਪਸ ਵਿਚ ਜ਼ਿਆਦਾ ਗੱਲਾਂ ਨਾ ਹੋਈਆਂ। "ਕਿਹੋ ਜਿਹੀ ਤਬੀਅਤ ਏ — ਠੀਕ ਆਂ। ਕਦੋਂ ਆਈ ਏਂ — ਸਵੇਰੇ। ਲੈ ਪਾਣੀ ਪੀ ਲੈ, ਚਾਹ ਹੋਰ ਪੀਏਂਗੀ ? ਕੰਨਿਆ ਮੈਨੂੰ ਮਾਫ਼ ਕਰ ਦੇ।" ਆਦਿ ਗਿਣੀਆਂ ਚੁਣੀਆਂ ਦੋ ਚਾਰ ਗੱਲਾਂ ਤੋਂ ਜ਼ਿਆਦਾ ਗੁੰਜਾਇਸ਼ ਈ ਨਹੀਂ ਸੀ, ਦੋਵੇਂ ਮੌਨ ਸੰਵੇਦਨਾ ਨਾਲ ਗੜੁੱਚ ਸਨ। ਸ਼ਾਮ ਨੂੰ ਮਥਰਾ ਪਰਤਣ ਤੇ, ਘਰ ਜਾਣ ਤੋਂ ਪਹਿਲਾਂ ਸੱਜਨ ਨੇ ਬਜ਼ਾਰੋਂ ਕੰਨਿਆ ਲਈ ਸਾਢੇ ਅੱਠ ਸੌ ਰੁਪਏ ਦੀਆਂ ਕੀਮਤੀ ਸਾੜ੍ਹੀਆਂ ਖ਼ਰੀਦੀਆਂ ਇਕ, ਕੀਮਤੀ ਸਾੜ੍ਹੀ ਆਪਣੀ ਮੇਜ਼ਬਾਨ ਲਈ ਵੀ ਖ਼ਰੀਦੀ, ਕੰਨਿਆ ਦੇ ਪੈਰੀਂ ਪੁਰਾਣੇ ਸੈਂਡਲ ਵੇਖ ਕੇ ਜ਼ੋਰ ਪਾ ਕੇ ਨਵੇਂ ਖ਼ਰੀਦੇ, ਵਧੀਆ ਵੈਨੇਟੀ ਕੇਸ ਖ਼ਰੀਦਿਆ, ਕੀਮਤੀ ਸ਼ਾਲ ਖ਼ਰੀਦਿਆ। ਕੰਨਿਆ ਨੇ ਦੱਬੀ ਜ਼ਬਾਨੋਂ ਇਕ ਦੋ ਵਾਰ ਮਨ੍ਹਾਂ ਵੀ ਕੀਤਾ, ਪਰ ਸੱਜਨ ਦੀ ਜ਼ਿੱਦ ਨੂੰ ਉਹ ਕਦੇ ਵੀ ਟਾਲ ਨਾ ਸਕੀ। ਡੇਢ ਦੋ ਘੰਟਿਆਂ ਵਿਚ ਲਗ ਭਗ ਬਾਰ੍ਹਾਂ ਸੌ ਰੁਪਏ ਦਾ ਸਮਾਨ ਖ਼ਰੀਦ ਕੇ ਸੱਜਨ ਕੰਨਿਆ ਘਰ ਪਰਤੇ। ਘਰ ਵਿਚ ਸੱਜਨ ਅਤੇ ਕੰਨਿਆ ਦੋਵਾਂ ਨੇ ਹੀ ਆਪਣੇ ਮੇਜ਼ਬਾਨਾਂ ਦੇ ਸਾਹਮਣੇ ਆਪਣੇ ਲੈਲਾ-ਮਜਨੂੰ ਵਰਗੇ ਤਕੜੇ ਵਿਖਾਵੇ ਨਾਲ ਉਹਨਾਂ ਦੇ ਦਿਲਾਂ ਵਿਚ ਸੱਕ-ਸ਼ੁਬ੍ਹੇ ਦੀਆਂ ਖਾਈਆਂ ਪੁੱਟ ਦਿਤੀਆਂ। ਕੰਨਿਆ ਦੀ ਮੂੰਹ ਬੋਲੀ ਭਰਜਾਈ ਨੂੰ 'ਕੰਨਿਆ ਵਲੋਂ ਸੰਭਲ ਨਹੀਂ ਸੀ ਸਕੀ' ਫਿਰ ਵੀ ਸੁਖੀ ਸੀ। ਰਾਤ ਵੇਲੇ ਸੱਜਨ ਦੀ ਮਰਜ਼ੀ ਅਨੁਸਾਰ ਹੀ ਨਵੇਂ ਕਪੜੇ ਲੱਤਿਆਂ ਨਾਲ ਸੱਜ ਕੇ ਉਹ ਉਹਦੇ ਨਾਲ

ਪਿਕਚਰ ਵੇਖਣ ਵੀ ਚਲੀ ਗਈ ਸੀ – ਅਤੇ ਅੱਜ ਦੋਵੇਂ ਜਣੇ ਗੋਵਰਧਨ ਆਏ ਸਨ ।

ਸੱਜਨ ਨੇ ਆਪਣੀ ਰਾਧਾ ਨੂੰ ਰਸਖ਼ਾਨ ਦੇ ਸਵੱਯੇ ਦੇ ਭਾਵ ਅਨੁਸਾਰ ਰੂਪਮਾਨ ਕਰ ਦਿਤਾ । ਰਫ ਸਕੈੱਚ ਵਿਚ ਵੀ ਮੋਰਮੁਕਟ, ਗੁੰਜਮਾਲਾ, ਪੀਲੇ ਪੱਲੇ ਨਾਲ ਬੜੀ ਮਨ ਮੋਹਕ ਲਗ ਰਹੀ ਸੀ । ਪੁਰਸ਼ ਵਾਲੇ ਵੇਸ ਵਿਚ ਮੁਰਲੀ ਤੋਂ ਮਨ੍ਹਾ ਕਰਦੀ ਹੋਈ ਕੰਨਿਆ, ਰਾਧਾ ਦਾ ਇਸਤਰੀ ਭਾਵ ਇਹੋ ਜਿਹਾ ਜ਼ਬਰਦਸਤ ਉਲੀਕਿਆ ਸੀ ਕਿ ਸੱਜਨ ਆਪ ਆਪਣੀ ਕਲਾ ਉਤੇ ਮੁਗਧ ਹੋ ਗਿਆ । ਉਹ ਇਕ ਟੱਕ ਆਪਣੇ ਸਕੈੱਚ ਵਲ ਵੇਂਹਦਾ ਰਿਹਾ; ਫਿਰ ਰੀਝੀ ਹੋਈ, ਡੂੰਘੀ ਤੇਹ ਵਾਲੀ ਨਜ਼ਰ ਨਾਲ ਕੰਨਿਆ ਵਲ ਵੇਖਿਆ ।

ਕੰਨਿਆ ਦੀ ਬ੍ਰਹਮਚਾਰਣੀ ਦੇਹ, ਏਨਾ ਸ਼ਿੰਗਾਰ ਸਹਿ ਨਾ ਸਕੀ । ਉਹਦਾ ਮਨ ਹੱਥੋਂ ਬੇਹੱਥ ਹੋਣ ਲਗਾ । ਬੜੀਆਂ ਬੇਵਸ ਨਜ਼ਰਾਂ ਨਾਲ ਉਹਨੇ ਵੇਖਿਆ । ਸੱਜਨ ਦਾ ਮਰਦਊ ਨਿਹਾਲ ਹੋ ਗਿਆ, ਅਨੰਦ ਹੋਇਆ, ਬੇਹੋਸ਼ ਹੋ ਗਿਆ । ਪੰਜ ਛੇ ਦਿਨ ਪਹਿਲਾ ਲਖਨਊ ਵਿਚ ਆਪਣੇ ਘਰ ਵਿਚ ਉਹ ਕੰਨਿਆ ਨੂੰ ਵੇਖ ਕੇ ਬੇਹੋਸ਼ ਹੋਇਆ ਸੀ; ਪਰ ਓਸ ਤੇ ਏਸ ਬੇਹੋਸ਼ੀ ਵਿਚ ਫ਼ਰਕ ਸੀ । ਕੰਨਿਆ ਦੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਦੀ ਤੇਹ ਉਲਟਦਾ ਓਹ ਉਠਿਆ, ਟਿਫ਼ਨ ਕੈਰੀਅਰ ਨਾਲ ਅੜਦਾ ਹੋਇਆ ਅਗਾਂਹ ਵਧਿਆ ਅਤੇ ਕੰਨਿਆ ਦੇ ਗਲ ਵਿਚ ਬਾਹਾਂ ਪਾ ਕੇ ਉਹਨੂੰ ਆਪਣੀ ਵਲ ਖਿੱਚ ਲਿਆ । ਦੋਂਹ ਨੇ ਆਪੋ ਵਿਚ ਮਿਲ ਕੇ ਬਿਜਲੀ ਛੋਹ ਲਈ । ਕੰਨਿਆ ਦੀਆਂ ਅੱਖਾ ਪਿਆਰੇ ਦੀਆਂ ਅੱਖਾਂ ਦੀ ਖਿੱਚ ਨਾਲ ਬੰਨ੍ਹੀਆਂ ਹੋਈਆਂ ਉਹਦੇ ਮੂੰਹ ਦੇ ਭਾਵਾਂ ਨਾਲੋਂ ਕਾਫ਼ੀ ਵੱਖਰੀਆਂ, ਅਣਬੁਝੀ ਸਵੈ-ਇੱਛਾ ਦੇ ਵਸ ਹੋ ਕੇ ਰੁਕ ਗਈਆਂ ਸਨ । ਚਿਹਰੇ ਤੇ ਲੱਜਿਆ ਦੀ ਲਾਲੀ ਅਤੇ ਘਬਰਾਹਟ ਦੀ ਚਿਟਿਆਈ ਉਹਦੇ ਸੁਭਾਵਕ ਗੂੜ੍ਹੇ ਰੰਗ ਨਾਲ ਧੁੱਪ ਛਾਂ ਦੀ ਖੇਡ ਖੇਡਦੀਆਂ ਰਹੀਆਂ ਸਨ । ਉਹਦਾ ਸੱਜਾ ਅੰਗ ਆਦਮੀ ਦੀ ਖੱਬੀ ਬਾਂਹ 'ਚ ਬੱਝਾ, ਆਦਮੀ ਦੇ ਦਿਲ ਦੀਆਂ ਧੜਕਨਾਂ ਨਾਲ ਮਿਲ ਰਿਹਾ ਸੀ । ਦੂਹਰੇ ਕਪੜਿਆਂ ਵਿਚ ਰਹਿੰਦਿਆਂ ਹੋਇਆਂ ਵੀ ਨਾਰੀ ਦੇਹ ਨੂੰ ਮਰਦ ਦੀ ਦੇਹ ਦੀ ਸੁਭਾਵਕ ਗਰਮੀ ਚੁੱਪ ਮਸਤੀ ਦੇ ਰਹੀ ਸੀ । ਗੱਲ੍ਹਾਂ ਉਤੇ ਇਕ ਦੂਸਰੇ ਦੇ ਸਾਹ ਭਿੜੇ......

"ਵੇਖੋ ਸਾਲਿਆ ਨੂੰ, ਮੱਛੀਆ ਦੇ ਡੱਬੇ ਦੇ ਡੱਬੇ ਹੜੱਪ ਕਰਕੇ ਗਿਰਰਾਜ ਤੇ ਚੁੰਮਣ ਚੱਟਣ ਦਾ ਧੰਦਾ ਫੈਲਾ ਰਹੇ ਨੇ ।"

ਮੱਠ ਦੀ ਖੰਡਰ ਹੋਈ ਕੰਧ ਉਤੇ ਇਕ ਗੋਸਾਈਂ ਜੀ ਦਾ ਹਾਸੇ ਨਾਲ ਭਰਿਆ ਪੋਪਲਾ ਮੂੰਹ ਇੰਜ ਲਗ ਰਿਹਾ ਸੀ ਜਿਵੇਂ ਕੋਲ ਕੋਲ, ਉਤੇ ਥੱਲੇ ਅਤੇ ਵਾਰੀ ਸਿਰ ਵੱਡੇ-ਛੋਟੇ ਦੋ ਕਠਫੋੜੇ ਦੇ ਫੁੱਲ ਖਿੜੇ ਹੋਏ ਹੋਣ । ਸੁਣਦਿਆਂ ਈ ਕੰਨਿਆਂ ਦਾ ਚਿਹਰਾ ਲਾਲ ਹੋ ਗਿਆ, ਲਾਜ ਨਾਲ ਉਹ ਪਾਣੀ ਪਾਣੀ ਹੋ ਗਈ ਅਤੇ ਸਿਰ ਨਿਵਾਈ ਢਲਵਾਨ

ਵਲ ਨੱਸੀ। ਸੱਜਨ ਵੀ ਸ਼ਰਮਿੰਦਾ ਹੋ ਗਿਆ; ਉਹਨੇ ਖੰਡਰ ਵਲ ਵੇਖੇ ਬਿਨਾਂ ਹੀ ਨਿੰਵ ਕੇ ਸਕੈੱਚ ਬੁਕ, ਪੈਂਸਲ, ਕੈਨਵਸ ਦੇ ਝੋਲੇ ਵਿਚ ਰਖੀ, ਕੈਮਰਾ, ਥਰਮਸ ਅਤੇ ਕੋਟ ਮੋਢੇ ਤੇ ਪਾਇਆ, ਸਟਿੱਕ ਅਤੇ ਟਿਫ਼ਨ ਕੈਰੀਅਰ ਚੁਕ ਕੇ ਤੁਰ ਪਿਆ। ਕੰਨਿਆ ਦੇ ਨੰਗੇ ਪੈਰ ਕੰਕਰਾਂ ਕੰਡਿਆਂ ਨਾਲ ਉਲਝਨ ਕਰਕੇ ਜ਼ਿਆਦਾ ਦੌੜ ਨਾ ਸਕੇ। ਰੁਖ਼ਾਂ ਦਾ ਝੁੰਡ ਲੰਘ ਕੇ ਢਲਵਾਨ ਵਲ ਆਉਂਦਿਆਂ ਹੋਇਆਂ ਸੱਜਨ ਨੇ ਆਪਣੀ ਦੋਵਾਂ ਦੀ ਸ਼ਰਮ ਤੇ ਮਜ਼ਾਕ ਦਾ ਪਰਦਾ ਪਾਉਂਦਿਆਂ ਹੋਇਆਂ ਜ਼ੋਰ ਨਾਲ ਕਿਹਾ – "ਮੈਂ ਕਿਹਾ ਉਸਤਾਦ, ਠਹਿਰੀਂ। ਮੈਂ ਵੀ ਆ ਰਿਹਾਂ।"

ਕੰਨਿਆ ਖਲੋ ਗਈ, ਪਰ ਏਧਰ ਵੇਖਿਆ ਨਹੀਂ। ਉਹਦੇ ਕੋਲ ਆ ਕੇ ਸੱਜਨ ਨੇ ਕਿਹਾ – "ਕਿਉਂ ਭਈ ਵਲਾਇਤੀ ਨਾਰੀ, ਤੂੰ ਮੱਛੀ ਦੇ ਡੱਬੇ ਚੱਬ ਕੇ ਕਿਥੇ ਦੌੜੀ ਜਾਂਦੀ ਏਂ ?"

ਕੰਨਿਆ ਨੂੰ ਝਾਕੇ ਨਾਲ ਭਰਿਆ ਬਣਾਉਟੀ ਮੂੰਹ ਬਣਾਉਂਦਿਆਂ ਵੀ ਹਾਸਾ ਆ ਗਿਆ, ਬੋਲੀ — "ਪਰ੍ਹੇ ਹੋਵੋ, ਤੁਸੀਂ ਬੜੇ ਖ਼ਰਾਬ ਆਦਮੀ ਓ ?"

"ਮੁਕੱਦਮਾ ਚਲਵਾ ਦਿਆਂਗਾ ਤੇਰੇ ਉਤੇ, ਹੱਤਕ ਇੱਜ਼ਤ ਦਾ। ਮੈਂ ਕੋਈ ਖ਼ਰਾਬ ਕੰਮ ਨਹੀਂ ਕੀਤਾ ਤੇ ਤੂੰ ਮੈਨੂੰ ਖ਼ਰਾਬ ਆਦਮੀ ਕਹਿੰਦੀ ਏਂ ? ਯੂ ਵਲਾਇਤੀ ਮੱਛੀ — ਆ ਐਮ ਸੱਾਰੀ — ਨਾਰੀ, ਡੱਬਿਆਂ ਦੇ ਡੱਬੇ ਚਬਾ ਕੇ ਮੇਰੇ ਪਵਿੱਤਰ ਕੰਮ ਨੂੰ ਖ਼ਰਾਬ ਕਹਿੰਦੀ ਏ !"

ਸੱਜਨ ਦੀ ਮਜ਼ਾਕੀਆ ਨਕਲ ਨੇ ਕੰਨਿਆ ਦੀ ਲੱਜਿਆ ਈ ਖਿੱਝ ਦੂਰ ਕਰ ਦਿਤੀ। ਉਹ ਉਹਨੂੰ ਵੇਖ ਕੇ ਹੱਸ ਪਈ। ਬੋਲੀ — "ਤੂੰ ਬੜਾ ਦੁਸ਼ਟ ਏਂ।"

"ਥੈਂਕ ਯੂ ਫ਼ਾਰ ਦ ਕੰਪਲੀਮੈਂਟ !"

"ਮਜ਼ਾਕ ਨਹੀਂ, ਮੇਰਾ ਦਿਲ ਅਜੇ ਵੀ ਧੜਕ ਰਿਹਾ ਏ।"

"ਦਿਲ ਦੀਆਂ ਧੜਕਨਾਂ ਜ਼ਿੰਦਗੀ ਦੀਆਂ ਨਿਸ਼ਾਨੀਆਂ ਨੇ। ਤੂੰ ਜ਼ਰਾ ਵੀ ਸਪੋਰਟਿੰਗ ਨਹੀਂ।"

"ਨਾ ਸਹੀ —" ਕਹਿੰਦਿਆਂ ਕਹਿੰਦਿਆਂ ਕੰਨਿਆ ਗੰਭੀਰ ਹੋ ਗਈ, ਬੋਲੀ — "ਹੁਣ ਤੋਂ ਮੇਰੇ ਮਨ ਨੂੰ ਸੰਭਾਲੀ ਰਖੀਂ। ਤੇਰੇ ਸਾਹਮਣੇ ਮੈਂ ਬੇਵੱਸ ਹੋ ਜਾਂਦੀ ਆਂ।" ਅੱਖਾਂ ਨੇ ਇੰਜ ਵੇਖਿਆ ਜਿਵੇਂ ਕਹਿ ਰਹੀਆਂ ਹੋਣ, ਤੂੰ ਇਹਨੂੰ ਕਿਉਂ ਨਹੀਂ ਸਮਝਦਾ।

"ਤੂੰ ਤੇ ਬਾਤ ਦਾ ਬਤੰਗੜ ਬਣਾ ਰਹੀ ਏਂ।" ਕੰਨਿਆ ਦੀ ਗੰਭੀਰਤਾ ਸੱਜਨ ਨੂੰ ਕੁਵੇਲੀ ਲਗੀ, ਉਹ ਖਿੱਝ ਗਿਆ — "ਲੈ, ਜੇ ਓਸ ਖੱਬੀਸ ਨੇ ਵੇਖ ਲਿਆ ਤਾਂ ਕੀ ਹੋਇਆ। ਇਕ-ਇਕ-ਇਕ ਮਜ਼ੇਦਾਰ ਚੁਹਲ ਸੀ।"

"ਜਿਹੜੀ ਚੀਜ਼ ਤੇਰੇ ਲਈ ਚੁਹਲ ਏ, ਉਹ ਮੇਰੇ ਲਈ ਜੀਵਨ ਦਾ ਅਤੀ ਪਵਿੱਤਰ ਅਨੁਭਵ ਏ।"

"ਪਾਗਲ ਏਂ ਤੂੰ ! ਔਰਤ ਮਰਦ ਦਾ ਮਿਲਾਪ ਪਵਿੱਤਰਤਾ-ਅਪਵਿੱਤਰਤਾ ਦੇ ਕੋਡ ਨਾਲ ਇੰਜ ਨਹੀਂ ਬੰਨ੍ਹਿਆ ਜਾ ਸਕਦਾ। ਤੂੰ — ਤੂੰ ਅਸਲ ਵਿਚ ਆਪਣੇ ਘਰ ਦੀ ਗੰਦਗੀ ਤੋਂ ਏਨੀ ਜ਼ਿਆਦੀ ਤ੍ਰਭਕੀ ਹੋਈ ਏਂ ਕਿ – ਨਹੀਂ ਤਾਂ ਇਹਦੇ ਵਿਚ ਅਪਵਿੱਤਰਤਾ ਦੀ ਗੱਲ ਕਿਥੋਂ ਆ ਜਾਂਦੀ ਏ ? ਮੈਨੂੰ ਆਪਣੀ ਹੋਣ ਵਾਲੀ ਪਤਨੀ ਦੀ ਪਵਿੱਤਰਤਾ ਦਾ ਅਹਿਸਾਸ ਏ। ਮੈਂ ਇਹ ਵੀ ਜਾਣਦਾਂ ਕਿ ਉਹਨੂੰ ਧੋਖਾ ਨਹੀਂ – ਕਦੇ ਵੀ ਨਹੀਂ ਦਿਆਂਗਾ।"

ਕੰਨਿਆ ਸਿਰ ਨਿਵਾਈਂ ਸੁਣਦੀ ਰਹੀ। ਜਦ ਉਹ ਕਹਿ ਚੁਕਿਆ ਤਾਂ ਨਜ਼ਰਾਂ ਨੂੰ ਤਿਰਛੀਆਂ ਘੁਮਾ ਕੇ ਉਹਨੂੰ ਵੇਖਦਿਆਂ ਫਿੱਕੀ ਮੁਸਕਾਨ ਨਾਲ ਹੌਲੀ ਜਿਹੀ ਕਿਹਾ – "ਦੁਸ਼ਿਅੰਤ ਵਾਂਗ ਭੁੱਲ ਜਾਏਂ ਤਾਂ ?"

"ਕੀ ?"

ਗਲਾ ਸਾਫ਼ ਕਰਦਿਆਂ ਕੰਨਿਆ ਨੇ ਫਿਰ ਮੁਸਕ੍ਰਾਉਂਦਿਆਂ ਹੋਇਆਂ ਹੀ ਕਿਹਾ – "ਕਿਸੇ ਦਾ ਸਰਾਪ ਲਗ ਜਾਏ ?"

"ਸਰਾਪ — ਇਸ ਜੁਗ ਵਿਚ !"

"ਨਜ਼ਰ ਦਾ ਸਰਾਪ ਇਸ ਜੁਗ ਵਿਚ ਵੀ ਲਗਦਾ ਏ।"

ਸੱਜਨ ਸੁਣ ਕੇ ਚੁੱਪ ਹੋ ਰਿਹਾ। ਮਿੰਟ ਦੋ ਮਿੰਟ ਦੋਵੇਂ ਚੁੱਪਚਾਪ ਤੁਰਦੇ ਰਹੇ। ਫਿਰ ਸੱਜਨ ਨੇ ਕੰਨਿਆ ਵਲ ਵੇਖ ਕੇ ਪੁੱਛਿਆ – "ਤੇਰੇ ਮਨ 'ਚੋਂ ਮੇਰਾ ਵਿਸ਼ਵਾਸ ਉਠ ਗਿਆ ਏ — ਹੈ ਨਾ ?"

"ਵਿਸ਼ਵਾਸ ਜੀਵਨ ਦਾ ਆਧਾਰ ਏ।" ਕੰਨਿਆ ਨੇ ਬੜੀ ਸਾਦਗੀ ਨਾਲ ਜਵਾਬ ਦਿਤਾ।

ਸੱਜਨ ਨੂੰ ਆਪਣੀ ਗੱਲ ਦਾ ਉੱਤਰ ਤਾਂ ਮਿਲਿਆ, ਪਰ ਉਹਦੇ ਨਾਲ ਉਹਦੀ ਤਸੱਲੀ ਨਾ ਹੋ ਸਕੀ। ਗੱਲ ਸਾਧਾਰਣ ਤੋਂ ਵਧੇਰੇ ਹੀ ਵਿਸ਼ੇਸ਼ ਅਤੇ ਆਦਰਸ਼ ਦੇ ਨਚੋੜ ਤਕ ਚਲੀ ਗਈ ਸੀ। ਸੱਜਨ ਨੂੰ ਖਿੱਝ ਜਿਹੀ ਚੜ੍ਹੀ; ਮਾਨਸਕ ਹਾਲਤਾਂ ਕਾਰਨ ਉਹ ਖਿੱਝ ਆਪਣੇ ਉਤੇ ਹੀ ਆਈ। ਉਹਨੇ ਕਿਹਾ – "ਇਹ ਸੱਚ ਏ ਕਿ ਮੇਰਾ ਚਰਿੱਤਰ ਬੱਝਾ ਹੋਇਆ ਨਹੀਂ ਰਿਹਾ। ਰਈਸ ਦਾ ਇਕੋ ਇਕ ਪੁੱਤਰ, ਜੀਹਦੇ ਸਿਰੋਂ ਵੱਡਿਆਂ ਬਜ਼ੁਰਗਾਂ ਦਾ ਆਸਰਾ ਛੋਟੀ ਉਮਰੇ ਹੀ ਉਠ ਗਿਆ, ਆਮ ਤੌਰ ਤੇ ਬਹਿਕ ਜਾਂਦਾ ਹਾਂ। ਆਪਣੀਆਂ ਕਮਜ਼ੋਰੀਆਂ ਕਾਰਨ ਮੈਂ ਤੇਰੇ ਵਿਸ਼ਵਾਸ ਨੂੰ ਡੂੰਘੀ ਠੇਸ ਪਹੁੰਚਾਈ। ਮੈਂ ਬੁਰਾ ਬਿਲਕੁਲ ਨਹੀਂ।"

"ਡਰ ਬੁਰਿਆਂ ਤੋਂ ਨਹੀਂ ਲਗਦਾ ਕਿਉਂਕਿ ਉਹ ਸੌਖਿਆਂ ਈ ਸਾਹਮਣੇ ਆ ਜਾਂਦੇ ਨੇ। ਉਹਨਾਂ ਨਾਲ ਲੜਨਾ ਜਾਂ ਵੱਖਰੇ ਹੋਣਾ ਸੌਖਾ ਏ। ਡਰ ਬੁਰਾਈਆਂ ਤੋਂ ਈ ਲਗਦਾ ਏ, ਜੋ ਚੰਗਿਆਂ ਚੰਗਿਆਂ ਦੇ ਦਿਲਾਂ ਵਿਚ ਵੀ ਹਜ਼ਾਰਾਂ ਤਹਿਆਂ ਦੇ ਅੰਦਰ ਲੁਕੀਆਂ

ਰਹਿੰਦੀਆਂ ਨੇ ਤੇ ਚਾਣਚਕ ਪ੍ਰਗਟ ਹੋ ਕੇ ਦੂਸਰਿਆਂ ਨੂੰ ਆਪਣੀ ਪਕੜ ਵਿਚ ਲੈ ਲੈਂਦੀਆਂ ਨੇ।''

ਸੱਜਨ ਨੂੰ ਕੰਨਿਆ ਦਾ ਇਹ ਉਪਦੇਸ਼ ਬੜਾ ਰੜਕਿਆ। ਇਸ ਵੇਲੇ ਉਹਦਾ ਮਨ ਮਸਤਾਨਾ ਹੋ ਰਿਹਾ ਸੀ। ਰਾਧਾ ਕ੍ਰਿਸ਼ਨ ਦੇ ਪ੍ਰੇਮ ਅਤੇ ਭਗਤੀ ਦੀਆਂ ਰਸ ਭਰੀਆਂ ਗੱਲਾਂ ਉਹਦੀ ਮਸਤੀ ਦਾ ਸ਼ਿੰਗਾਰ ਬਣ ਸਕਦੀਆਂ ਸਨ, ਪਰ ਇਹ ਉਪਦੇਸ਼ ਤਾਂ ਇੰਜ ਜਾਪਿਆ ਜਿਵੇਂ ਸ਼ਰਾਬ ਪੀਣ ਵੇਲੇ 'ਕਿਸੇ' ਨੇ ਉਹਦੇ ਜਾਮ ਵਿਚ ਪਾਉਣਾ ਸ਼ੁਰੂ ਕਰ ਦਿਤਾ ਹੋਏ। ਉਹਦਾ ਦਿਲ ਵਿਦ੍ਰੋਹ ਕਰਨ ਲਗਾ — "ਸ਼ਰਾਬ ਕਿਉਂ ਬੁਰੀ ਏ ਤੇ ਗੰਗਾ ਜਲ ਕਿਉਂ ਚੰਗਾ ਏ? ਮੰਨ ਲਓ, ਚੰਗਿਆਈ ਬੁਰਾਈ ਹੈ ਵੀ ਤਾਂ ਚੁੰਮਣ ਕਿਉਂ ਬੁਰਾ ਹੋਇਆ? ਇਹ ਕੰਨਿਆ ਮੈਨੂੰ ਕਿਉਂ ਬਦੋ ਬਦੀ ਇਕ ਇਹੋ ਜਿਹੀ ਬੁਰਾਈ ਦਾ ਚੇਤਾ ਕਰਵਾ ਰਹੀ ਏ ਜਿਹੜੀ ਆਪਣੇ ਆਪ ਵਿਚ ਬਿਲਕੁਲ — ਬਿਲਕੁਲ ਬੁਰੀ ਨਹੀਂ? ਸੱਜਨ ਨੇ ਆਪਣੀ ਵਿਦ੍ਰੋਹੀ ਭਾਵਨਾ ਦੀ ਤਾਕਤ ਨਾਲ ਕੰਨਿਆ ਨੂੰ ਕਿਹਾ — "ਤੂੰ ਮੇਰੀ ਸਟੇਟਮੈਂਟ ਨੂੰ ਜ਼ਬਰਦਸਤੀ ਗਲਤ ਰੰਗ ਦੇ ਰਹੀ ਏਂ ਕੰਨਿਆ। ਮੇਰੇ ਵਿਚ ਕੋਈ ਐਸੀ ਬੁਰਾਈ ਨਹੀਂ ਜੋ ਤਹਿਆਂ ਵਿਚ ਪਲਦੀ ਹੋਏ। ਤੇ ਠਹਿਰ-ਠਹਿਰ, ਪਹਿਲਾਂ ਮੇਰੀ ਗੱਲ ਸੁਣ ਲੈ — ਤੂੰ ਜਿਹੜੀ ਚੀਜ਼ ਨੂੰ ਬੁਰਾਈ ਕਹਿੰਦੀ ਏਂ ਉਹ ਬੇਵਕੂਫ ਸੁਧਾਰਕਾਂ ਦੀ ਭੈੜੀ ਸੋਚ ਏ। ਇਹ ਮੋਰੇਲ ਤੇ ਪਾਪ, ਬੁਰਾਈ ਆਦਿ ਸ਼ਬਦਾਂ ਨੇ ਮਨੁੱਖ ਦੇ ਕੁਦਰਤੀ ਵਿਕਾਸ ਵਿਚ ਜਿਸ ਹੱਦ ਤਕ ਰੋੜੇ ਅਟਕਾਏ ਨੇ ਓਨੇ ਜ਼ਿਆਦਾ ਸ਼ਾਇਦ ਕਿਸੇ ਚੀਜ਼ ਨੇ ਨਹੀਂ। ਤੇ ਜੇਕਰ ਤੇਰੇ ਢੰਗ ਨਾਲ ਸੋਚਿਆ ਜਾਏ ਤਾਂ ਔਰਤ ਨਾਲੋਂ ਵਧ ਕੇ ਬੁਰੀ ਚੀਜ਼ ਦੁਨੀਆਂ ਵਿਚ ਕੋਈ ਹੈ ਈ ਨਹੀਂ। ਦੂਸਰੇ ਸਭ ਮਾਰੇਲਿਸਟਾਂ ਦੀ ਗੱਲ ਛੱਡ, ਖ਼ੁਦ ਬੁੱਧ ਅਤੇ ਸ਼ੰਕਰਅਚਾਰੀਆ ਵਰਗੇ ਲੋਕਾਂ ਨੇ ਔਰਤ ਦਾ ਵਿਰੋਧ ਕੀਤਾ ਏ। ਨਾਰੀ ਨਰਕ ਦਾ ਦਰਵਾਜ਼ਾ ਹੈ — ਸਭ ਬੁਰਾਈਆਂ ਦੀ ਜੜ ਏ। ਹੁਣ ਬੋਲ, ਹੁਣ ਕੀ ਕਹਿੰਦੀ ਏਂ?"

ਕੰਨਿਆ ਕੁਝ ਚਿੜ ਕੇ ਬੋਲੀ — "ਬੁੱਧ ਤੇ ਸ਼ੰਕਰਚਾਰੀਆ ਜੇ ਆਪ ਔਰਤ ਹੁੰਦੇ ਤਾਂ ਲਿਖਦੇ ਕਿ ਆਦਮੀ ਪ੍ਰਤੱਖ ਨਰਕ ਏ ਤੇ ਔਰਤ ਓਸ ਨਰਕ ਦੀ ਵਲਗਣ ਬਣ ਕੇ, ਕੁਦਰਤ ਦੇ ਹੋਰ ਜੀਵਾਂ ਨੂੰ ਉਸ ਗੰਦਗੀ ਤੋਂ ਅਲਗ ਰਖਦੀ ਏ।''

ਸੱਜਨ ਨੂੰ ਕੰਨਿਆ ਦੇ ਕਹੇ ਤੇ ਵਿਅੰਗ ਭਰਿਆ ਹਾਸਾ ਆਇਆ। ਕੰਨਿਆ ਉਹਦੇ ਨਾਲ ਹੋਰ ਚਿੜ ਗਈ। ਬੋਲੀ — "ਮੁੱਢਲੇ ਵਕਤਾਂ ਦਾ ਉਹ ਮਾਂ ਸ਼ਕਤੀ ਪ੍ਰਧਾਨ ਸਮਾਂ ਚੰਗਾ ਈ ਰਿਹਾ ਹੋਏਗਾ ਜਦ ਕਿ ਆਦਮੀ ਅੱਜ ਦੀਆਂ ਔਰਤਾਂ ਵਾਂਗ ਦੱਬੇ ਰਹਿੰਦੇ ਸਨ।''

ਸੱਜਨ ਗਹੁ ਨਾਲ ਉਹਦੇ ਮੂੰਹ ਵਲ ਵੇਖ ਰਿਹਾ ਸੀ। ਸੁੰਦਰ ਭੋਲੇ ਜਿਹੇ ਮੁਖੜੇ ਤੇ ਕ੍ਰੋਧ ਦੀ ਲੋਅ ਵੇਖ ਕੇ ਸੱਜਨ ਨੂੰ ਬੜਾ ਪਿਆਰ ਆਇਆ। ਓਸ ਪਿਆਰ ਸਾਹਵੇਂ

ਉਹ ਖ਼ੁਸ਼ੀ ਨਾਲ ਹਾਰ ਗਿਆ। ਸਟਿੱਕ ਵਾਲਾ ਸੱਜਾ ਹੱਥ ਉਹਨੇ ਬੜੇ ਪਿਆਰ ਨਾਲ ਕੰਨਿਆ ਦੇ ਮੋਢੇ ਤੇ ਰਖ ਦਿਤਾ। ਕਿਹਾ — "ਮੇਰੀ ਜਾਨ, ਨਾਰਾਜ਼ ਨਾ ਹੋ ! ਇਹ ਆਜ਼ਾਦ ਦੇਸ ਦਾ ਨਾਗਰਿਕ ਅੱਜ ਵੀ ਹਜ਼ੂਰ ਦਾ ਗ਼ੁਲਾਮ ਰਹਿ ਕੇ ਓਸ ਪ੍ਰਾਚੀਨ ਸਮੇਂ ਤੋਂ ਦੂਰ ਨਹੀਂ ਰਹੇਗਾ।"

ਕੰਨਿਆ ਦੇ ਜੋਸ਼ ਨੂੰ ਇਸ ਮਜ਼ਾਕ ਨਾਲ ਧੱਕਾ ਲਗਾ ਅਤੇ ਨਾਲ ਦੀ ਨਾਲ ਏਸ ਛੋਹ ਨਾਲ ਉਹਨੂੰ ਬੜੀ ਝਿਜਕ ਵੀ ਮਹਿਸੂਸ ਹੋਈ, ਪਰ ਇਹ ਧੱਕਾ ਅਤੇ ਝਿਜਕ ਜਿਵੇਂ ਕਟਹਿਰੇ ਵਿਚ ਘਿਰੀ ਸ਼ੇਰਨੀ ਵਾਂਗ ਮਜਬੂਰੀ ਦੀ ਸੀ। ਸ਼ੇਰਨੀ ਗਾਂ ਬਣ ਕੇ ਦੀਨ ਹੋ ਗਈ। ਸੱਜਨ ਉਹਦੀ ਬਾਹ ਨੂੰ ਹੋਲੀ ਹੋਲੀ ਸਟਿੱਕ ਨਾਲ ਠੋਕਦਾ ਬੋਲਿਆ — "ਵੇਖੋ, ਪੰਡਤ ਕੰਨਿਆ ਪ੍ਰਸ਼ਾਦ, ਅਸੀਂ ਦੋਵੇਂ ਈ ਹੁਣ ਆਪਣੇ ਸਾਰੇ ਕੰਪਲੈਕਸਿਜ਼ ਵਿਚੋਂ ਲੰਘ ਕੇ ਇਕ ਪੱਧਰ ਤੇ ਆ ਚੁਕੇ ਹਾਂ। ਅਸੀਂ ਉਹਨਾ ਅਣਗਿਣਤ ਔਰਤਾ ਮਰਦਾਂ ਵਾਂਗ ਇਕ ਦੂਜੇ ਨੂੰ ਨਹੀਂ ਮਿਲੇ ਜਿਹੜੇ ਕੁਝ ਦੇਰ ਲਈ ਇਕ ਦੂਸਰੇ ਨੂੰ ਮਿਲਦੇ ਜੁਲਦੇ ਨੇ ਤੇ ਰੇਲ ਦੇ ਮੁਸਾਫ਼ਰਾ ਵਾਗ ਉਹਨਾਂ ਦੀ ਜਾਣ ਪਛਾਣ ਖ਼ਤਮ ਹੋ ਜਾਂਦੀ ਏ। ਪੰਡਤ ਦੇ ਚਾਰ ਮੰਤਰ ਪੜ੍ਹਨੇ ਜਾਂ ਕੋਰਟ ਵਿਚ ਜਾ ਕੇ ਦਸਖ਼ਤ ਕਰ ਆਉਣੇ ਤਾਂ ਨਿਰੀ ਫ਼ਾਰਮੈਲਿਟੀ ਏ ਤੇ ਉਹ ਹੁਣ ਲਖਨਊ ਜਾਦਿਆ ਈ ਪੂਰੀ ਹੋ ਜਾਏਗੀ। ਤੂੰ ਨਹੀਂ ਜਾਣਦੀ, ਕਲ੍ਹ ਤੋਂ ਬਾਅਦ ਮੇਰੇ ਵਿਚ ਕਿੰਨੀ ਤਬਦੀਲੀ ਆਈ ਏ। ਜਿਵੇਂ, ਅਸੀਂ ਅਜਿਹੀਆਂ ਚੱਕਰ ਵਾਲੀਆਂ ਪੌੜੀਆਂ 'ਚੋਂ ਲੰਘ ਰਹੇ ਸਾਂ ਜੋ ਹਨੇਰੇ ਦੀ ਘੁੱਟਣ ਨਾਲ ਭਰੀਆਂ ਹੋਈਆਂ ਸਨ। ਕਲ੍ਹ ਵਰਿੰਦਾਵਣ ਵਿਚ ਇੰਜ ਲਗਾ, ਜਿਵੇਂ, ਅਸੀਂ ਦੋਵੇਂ ਈ ਉਹਨਾਂ ਹਨੇਰੀਆਂ ਪੌੜੀਆਂ 'ਚੋਂ ਲੰਘ ਕੇ ਹੁਣ ਚਾਨਣ ਭਰੀ ਛੱਤ ਤੇ ਆ ਗਏ ਹੋਈਏ। ਭਲਾ, ਤੈਨੂੰ ਵੀ ਇੰਜ ਮਹਿਸੂਸ ਨਹੀਂ ਹੁੰਦਾ।"

ਕੰਨਿਆ ਦੇ ਚਿਹਰੇ ਤੇ ਉਹਦਾ ਮਨ ਉਭਰ ਆਇਆ। ਇਕ ਸਥਾਈ ਮੋਈ ਮੁਸਕਾਨ ਵਿਚ ਸਿਮਟ ਕੇ ਉਹਦਾ ਮਨ ਮੂਰਛਤ ਹੋ ਗਿਆ।

ਉਹਦੇ ਮੋਢੇ ਉਤੇ ਬਾਂਹ ਰਖਦਿਆਂ ਹੋਇਆਂ ਸੱਜਨ ਕੁਝ ਗੰਭੀਰ ਹੋ ਗਿਆ। ਕਹਿਣ ਲਗਾ — "ਵੇਖ, ਮੈਂ ਕਿਸੇ ਹੱਦ ਤਾਈਂ ਕਮਜ਼ੋਰੀ ਦੀ ਹੱਦ ਤਕ ਵਿਲਾਸੀ ਹਾ। ਤੈਨੂੰ ਮੇਰੀ ਕਮਜ਼ੋਰੀ ਨਾਲ ਲੜਨਾ ਪਏਗਾ, ਤੇਰੇ ਇਸ ਅਧਿਕਾਰ ਨੂੰ ਮੈਂ ਮੰਨਦਾ ਹਾਂ। ਪਰ ਇਕ ਗੱਲ ਯਾਦ ਰਖੀਂ, ਮੈਨੂੰ ਉਸਤਾਨੀਆਂ ਵਾਂਗ ਲਿਲਾਹ ਦੇ ਲਈ ਸਬਕ ਦੇਣਾ ਨਾ ਸ਼ੁਰੂ ਕਰੀਂ। ਅਸੀਂ ਆਪਸ ਵਿਚ ਜੇਕਰ ਸਾਫ਼ ਦਿਲ ਰਖੀਏ ਤਾਂ ਜ਼ਿਆਦਾ ਚੰਗਾ ਹੋਏਗਾ। ਮੈਂ ਉਹਨਾਂ ਲੋਕਾਂ ਵਿਚੋਂ ਹਾਂ ਜੋ ਇਹ ਗ਼ਲਤ ਮੰਨਦੇ ਹਨ ਕਿ ਪਤੀ ਪਤਨੀ ਨੂੰ ਆਪਸ ਵਿਚ ਇਕ ਦੂਸਰੇ ਦੀਆਂ ਗਈਆਂ ਗੁਜ਼ਰੀਆਂ ਗੱਲਾਂ ਨਹੀਂ ਪੁੱਛਣੀਆਂ ਚਾਹੀਦੀਆਂ। ਇਹ ਸਿਧਾਤ ਕੱਚੇ ਦਿਮਾਗ਼ ਵਾਲੇ ਔਸਤ ਆਦਮੀ ਤੇ ਜ਼ਰੂਰ ਲਾਗੂ ਹੁੰਦਾ ਏ ਸਾਡੇ ਲਈ ਨਹੀਂ।"

ਕੰਨਿਆ ਹੋਸ਼ ਵਿਚ ਆ ਰਹੀ ਸੀ, ਬੜੀ ਮਿੱਠੀ ਆਵਾਜ਼ ਵਿਚ ਬੋਲੀ — "ਮੈਂ ਤੇਰੀਆਂ ਬਹੁਤ ਸਾਰੀਆਂ ਕਹਾਣੀਆਂ ਸੁਣ ਕੇ ਕੀ ਕਰਾਂ। ਜਿਹੜੀ ਖ਼ਾਸ ਗੱਲ ਹੈ ਉਹ ਜਾਣ ਗਈ ਆਂ। ਪਰ, ਸੱਜਨ, ਬੀਤਿਆ ਇਤਿਹਾਸ ਹੀ ਕੇਵਲ ਸਾਥੀ ਨਹੀਂ ਹੁੰਦਾ। ਅੱਜ ਵੀ ਇਤਿਹਾਸ ਦਾ ਗੁਆਹ ਹੋਇਆ ਕਰਦਾ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਕਲ੍ਹ ਤੂੰ ਵਿਲਾਸੀ ਸੈਂ ਤੇ ਅੱਜ ਵੀ ਬਣਿਆ ਰਹੇਂ। ਜੇਕਰ ਅੱਜ ਤੋਂ ਤੇਰੀ ਜ਼ਿੰਦਗੀ ਦੀਆਂ ਨਵੀਆਂ ਹਾਲਤਾਂ ਸ਼ੁਰੂ ਹੁੰਦੀਆਂ ਹਨ ਤੇਰਾ ਇਤਿਹਾਸ ਵੀ ਨਵਾਂ ਹੋਏਗਾ।"

"ਤੂੰ ਸਮਝਦੀ ਏਂ ਕਿ ਇਨਸਾਨ ਦੀਆ ਆਦਤਾਂ ਏਨੀ ਛੇਤੀ ਬਦਲ ਜਾਂਦੀਆਂ ਨੇ।"

"ਜ਼ਰੂਰ ਬਦਲ ਜਾਂਦੀਆਂ ਨੇ। ਜਿਵੇਂ ਕਿ ਤੂੰ ਹੁਣੇ ਕਿਹਾ, ਤੂੰ ਔਸਤ ਆਦਮੀ ਨਾਲੋਂ ਜ਼ਿਆਦਾ ਚੇਤੰਨ ਤੇ ਜ਼ਿੰਵੇਵਾਰ ਏਂ ਤਾਂ ਤੈਨੂੰ ਹੁਣ ਤੋਂ ਇਸਤਰੀ ਦੀ ਅਣਹੋਂਦ ਦੇ ਕਾਰਨ ਵਿਲਾਸੀ ਬਣੇ ਰਹਿਣ ਦੀ ਜ਼ਰੂਰਤ ਨਹੀਂ ਹੋਏਗੀ। ਜਦੋਂ ਤੂੰ ਮੇਰਾ ਬਣੇਂਗਾ ਤਾਂ ਮੇਰਾ ਈ ਹੋ ਕੇ ਰਹੇਂਗਾ!"

ਸੱਜਨ ਦੀਆਂ ਬਾਹਾਂ ਕੰਨਿਆ ਦੇ ਮੋਢੇ ਨਾਲ ਜੁੜ ਚੁਕੀਆਂ ਸਨ।

ਉਹ ਚੁੱਪ ਸੀ। ਸਾਹਮਣੇ ਚਿੱਟੇ ਪੱਥਰ ਦੀ ਨੱਕਾਸ਼ੀ ਵਾਲੀ ਦੁਮੰਜ਼ਲੀ ਛੱਤਰੀ ਬਣੀ ਹੋਈ ਸੀ। ਉਹਦੇ ਅੱਗੇ ਹੀ ਕੁਝ ਦੂਰ ਜਾ ਕੇ ਚਿੱਟੇ ਰੰਗ ਦੀ ਇਕ ਇਮਾਰਤ ਦੇ ਸਾਹਮਣੇ ਉਹਨਾਂ ਦੀ ਟੈਕਸੀ ਖਲੋਤੀ ਦਿਤੀ। ਕੰਨਿਆ ਨੂੰ ਟੈਕਸੀ ਵੇਖ ਲੈਣ ਪਿਛੋਂ ਪਹਿਲੀ ਵਾਰ ਇਸ ਗੱਲ ਦਾ ਧਿਆਨ ਆਇਆ ਕਿ ਸੱਜਨ ਭਾਰ ਨਾਲ ਲੱਦਿਆ ਹੋਇਆ ਏ। ਅਜੇ ਕਿ ਭਾਰ ਕੁਝ ਵੀ ਨਹੀਂ ਸੀ, ਫਿਰ ਵੀ ਉਹਨੂੰ ਜਾਪਿਆ ਕਿ ਉਹ ਝੋਲਾ, ਕੈਮਰਾ ਅਤੇ ਕੋਟ ਤਾਂ ਲੈ ਹੀ ਸਕਦੀ ਹੈ। ਅਤੇ ਉਹਨੇ ਲੈ ਲਿਆ। ਸੱਜਨ ਨੇ ਆਪਣੀ ਚਿੰਤਾ ਜਾਗਦਿਆਂ ਕੰਨਿਆ ਵਲ ਵੇਖਿਆ। ਕਨਿਆ ਦੀਆਂ ਅੱਖਾਂ ਵਿਚ ਅਧਿਕਾਰ ਦੀ ਓਟ ਲਈ ਸਮਰਪਣ ਝਾਕ ਰਿਹਾ ਸੀ — ਪਹਿਲੀ ਵਾਰ ਕੰਨਿਆ ਦੀਆਂ ਅੱਖਾਂ ਵਿਚੋਂ ਚੁੱਪ ਸੱਦਾ ਝਾਕ ਰਿਹਾ ਸੀ।

26

ਨੰਦੋ ਦੇ ਬੁਲਾਵੇ ਤੇ ਮਹਾਂ ਕਵੀ ਬੋਰ ਸਵੇਰੇ ਪੰਜ ਵਜੇ ਭਭੂਤੀ ਸੁਨਿਆਰੇ ਦੇ ਮਕਾਨ ਸਾਹਮਣੇ ਸੁੰਨੀ ਅਨ੍ਹੇਰੀ ਗਲੀ ਵਿਚ ਸਿਗਰਟ ਪੀਂਦਾ ਹੋਇਆ ਟਹਿਲ ਰਿਹਾ ਹੈ। ਵਿਚ ਵਿਚ ਖੰਘ-ਪੰਘੂਰਾ ਵੀ ਮਾਰ ਲੈਂਦਾ ਹੈ, ਜਿਵੇਂ ਕਿਸੇ ਨੂੰ ਇਸ਼ਾਰਾ ਕਰ ਰਿਹਾ ਹੋਵੇ।

ਅਦਰ ਦਹਿਲੀਜ਼ਾਂ ਵਿਚ ਖੜਾਕ ਹੋਇਆ, ਭਭੂਤੀ ਦੇ ਘਰ ਦੀ ਕੁੰਡੀ ਖੁਲ੍ਹੀ। ਦਰਵਾਜ਼ੇ ਉਹਲੇ ਨੰਦੋ ਦੀ ਬਣਾਉਟੀ ਖੰਘ ਕੰਨੀਂ ਪਈ ਅਤੇ ਕਿਵਾੜ ਦੀ ਝੀਤ ਖੁਲ੍ਹ ਗਈ। ਮਹਾਂਕਵੀ ਬੋਰ ਦਹਿਲੀਜ਼ ਤੇ ਚੜ੍ਹ ਆਇਆ। ਦਰਵਾਜ਼ਾ ਬੰਦ ਹੋ ਗਿਆ।

ਬੈਠਕ ਦੀ ਕੁੰਡੀ ਖੋਲ੍ਹ ਲਾਈਟ ਜਗਾ ਕੇ ਨੰਦੋ ਨੇ ਬੋਰ ਨੂੰ ਉਥੇ ਬੁਲਾਇਆ। ਬੋਰ ਜਦ ਅੰਦਰ ਆ ਰਿਹਾ ਸੀ ਓਸ ਵੇਲੇ ਨੰਦੋ ਉਹਦੀ ਬਾਂਹ ਨਾਲ ਆਪਣੀ ਛਾਤੀ ਰਗੜਦੀ ਹੋਈ ਬਾਹਰ ਨਿਕਲੀ। ਘਰ ਦੀ ਅੰਦਰ ਵਾਲੀ ਕੁੰਡੀ ਮਾਰ, ਬੇਫ਼ਿਕਰੀ ਨਾਲ ਆਪਣੀ ਬੈਠਕ ਵਿਚ ਪਰਤ ਆਈ। ਬੈਠਕ ਦੀ ਵੱਡੀ ਕੋਠੜੀ ਵਿਚ ਕੰਧ ਦੇ ਚੋਥਾਈ ਹਿੱਸੇ ਤੇ ਟਾਈਲਾਂ ਜੜੀਆਂ ਹੋਈਆਂ ਸਨ। ਅੰਗਰੇਜ਼ੀ-ਡਰਾਇੰਗ ਰੂਮ ਦੇ ਢੰਗ ਤੇ ਅੰਗੀਠੀ ਰਖਣ ਵਾਲਾ ਮੈਂਟਲਪੀਪ ਵੀ ਬਣਿਆ ਹੋਇਆ ਸੀ। ਫ਼ਾਇਰ ਪਲੇਸ (ਅੰਗੀਠੀ ਦੇ ਆਲੇ) ਦੇ ਚਾਰੇ ਪਾਸੇ ਵੇਲਦਾਰ ਜਾਲੀ ਬਣੀ ਸੀ ਜੀਹਦੇ ਵਿਚ ਥਾ ਥਾਂ ਅੰਗੂਰਾਂ ਦੇ ਗੁੱਛੇ ਬਣੇ ਹੋਏ ਸਨ, ਤੋਤੇ ਅੰਗੂਰਾਂ ਤੇ ਚੁੰਝ ਮਾਰ ਰਹੇ ਸਨ। ਟਾਈਲਾਂ ਵਿਚ ਓਮ ਰਾਧਾ ਕ੍ਰਿਸ਼ਨ, ਅਤੇ ਸਮਾਧੀ ਵਾਲਾ ਗੰਗਾਧਰ ਸ਼ਿਵ ਚਮਕ ਰਹੇ ਸਨ। ਇਕ ਸੋਫ਼ਾ ਸੈੱਟ, ਦੋ ਕੁਰਸੀਆਂ ਅਤੇ ਇਕ ਸੈਂਟਰ ਟੇਬਲ ਨੇ ਬੈਠਕ ਭਰੀ ਹੋਈ ਸੀ।

ਨੰਦੋ ਆ ਕੇ ਸੈਂਟਰ ਟੇਬਲ ਕੋਲ ਖਲੋ ਗਈ। ਮਹਾਂ ਕਵੀ ਐਸ਼ ਟ੍ਰੇ ਵਿਚ ਸਿਗਰਟ ਰਖ ਕੇ ਬੈਠ ਰਿਹਾ ਸੀ ਕਿ ਉਹਨੂੰ ਵੇਖ, ਮੁੜ ਕੇ ਮੁਸਕਰਾ ਕੇ ਬੋਲਿਆ — "ਨੰਦੋ ਬੀਬੀ, ਧੱਕਾ ਮਾਰ ਕੇ ਕਲੇਜਾ ਛਿੱਲ ਦਿਤਾ ਈ, ਹੁਣ ਮਲ੍ਹਮ ਵੀ ਤੇ ਲਾ!"

"ਓ ਹਟ ਵੀ!"

"ਸੌਂਹ ਆਪਣੀ, ਤੂੰ ਵੀ ਕੁਝ ਘਟ ਨਹੀਂ ਨੰਦੋ ਬੀਬੀ।" ਆਖ ਕੇ ਵਿਰਹੇਸ਼ ਆਤੁਰ ਹੋ ਕੇ ਨੰਦੋ ਵਲ ਵਧਿਆ। ਨੰਦੋ ਪੱਲਾ ਸੰਗੋੜ, ਇਕ ਪੈਰ ਪਿਛਾਂਹ ਹਟ ਕੇ ਅੱਖਾਂ ਕੱਢਦੀ ਬੋਲੀ — "ਨਾ ਨ ਛੇਹੀਂ ਨਾ, ਮੈਂ ਹੁਣੇ ਗੋਮਤੀ ਤੇ ਜਾਣ ਲਈ ਬੈਠੀ ਆਂ।"

"ਜੇ ਤੂੰ ਗੋਮਤੀ ਜਾਣ ਲਈ ਬੈਠੀ ਏਂ ਤਾਂ ਮੇਰੀ ਜਾਨ ਨੂੰ ਏਥੇ ਘਲਾਉਂਦੀ ਜਾ। ਏਸ ਜਨਵਰੀ ਦੇ ਸਿਆਲ ਵਿਚ ਤੇਰੇ ਹੁਕਮ ਨਾਲ ਘਰੋਂ ਨਿਕਲਿਆਂ। ਕਲੇਜਾ ਗਰਮੀ ਚਾਹੁੰਦਾ ਏ ਮੇਰੀ ਜਾਨ!"

"ਇਹਨੂੰ ਵੀ ਕੋਈ ਰੰਡੀ-ਛੁੱਟਨ ਦਾ ਕੋਠਾ ਸਮਝ ਲਿਆ ਈ, ਮੇਰੀ ਜਾਨ, ਮੇਰੀ ਜਾਨ ਕਰਦਾ ਘੁਸ ਆਇਆ ਏਂ! ਮੈਂ ਕੋਈ ਦਲਾਲ-ਛਲਾਲ ਤੇ ਨਹੀਂ।"

ਨੰਦੋ ਬੀਬੀ ਦੇ ਨਖਰਿਆਂ ਨੂੰ ਮਹਾਂ ਕਵੀ ਬੋਰ ਵਰਗੇ ਹੰਢੇ ਵਰਤੇ ਆਦਮੀ ਸਮਝ ਨਾ ਸਕਣ, ਇਹ ਸੰਭਵ ਨਹੀਂ। ਉਹ ਵੀ ਬੜਾ ਮੱਖਣ ਮਾਰ ਮਾਰ ਕੇ ਬੋਲਿਆ — "ਨਹੀਂ ਨਹੀਂ -- !"

"ਮੈਨੂੰ ਤਾਂ ਇੰਜ ਲੱਗਾ ਕਿ ਤੁਹਾਡਾ ਦੋਵਾਂ ਦਾ ਪ੍ਰੇਮ ਏ। ਸਾਡੀ ਭਾਬੀ ਵਿਚਾਰੀ

ਅੱਠੇ ਪਹਿਰ ਉਦਾਸ ਰਹਿੰਦੀ ਆ, ਤਾਂ ਮੈਨੂੰ ਤਰਸ ਆ ਗਿਆ।"

"ਉਹ ਤੇ ਹੈ ਈ ਨੰਦੋ ਬੀਬੀ ਤੂੰ ਰੱਬ ਏਂ।"

"ਇਹ ਨਹੀਂ ਕਹਿੰਦਾ ਕਿ ਮੈਂ ਤੇਰਾ ਪਤਾ ਕਿੰਜ ਕੀਤਾ?"

"ਨੰਦੋ ਤੂੰ ਜਾਦੂਗਰ ਏਂ —"

"ਤੂੰ ਤੇ ਆਪਣੀਆਂ ਅੱਖਾਂ ਲੜਾ ਕੇ ਤੁਰ ਗਿਉਂ। ਏਥੇ ਭਾਬੀ ਨੇ ਮੇਰਾ ਦਿਲ ਹੀ ਨਹੀਂ ਖੋਹਿਆ, ਮੇਰਾ ਜਿਗਰ, ਮੇਰਾ ਕਲੇਜਾ, ਮੇਰੀ ਜਾਨ; ਮੇਰਾ ਚੈਨ-ਅਰਾਮ —"

"ਸੌ ਰੁਪਏ ਲਿਆਂਦੇ ਈ ?"

"ਨੰਦੋ ਬੀਬੀ ਤੇਰੇ ਲਈ ਜਾਨ ਹਾਜ਼ਰ ਏ। ਸਮਝ ਲਈਂ ਬਈ ਬਾਬੂ ਗੰਜ ਤੋਂ ਪੈਦਲ ਤੁਰਿਆ ਆ ਰਿਹਾਂ। ਅੱਜ ਕਲ੍ਹ ਦਾ ਜ਼ਮਾਨਾ ਤਾਂ ਤੂੰ ਜਾਣਦੀ ਏਂ, ਟਕੇ ਟਕੇ ਪਿਛੋਂ ਜਾਨਾਂ ਚਲੀਆਂ ਜਾਂਦੀਆਂ ਨੇ, ਸੌ ਰੁਪਏ ਰਖ ਕੇ ਏਸ ਹਨੇਰੇ ਤੇ ਸੁੰਨ ਮਸਾਣ ਵਿਚ — ਪਰ ਮੈਂ ਸ਼ਾਮ ਨੂੰ ਜਿਥੋਂ ਆਖੇਂਗੀ ਸੌ ਰੁਪਏ ਪਹੁੰਚਾ ਦਿਆਂਗਾ।"

"ਖ਼ੂਬ, ਤੂੰ ਵੀ ਬੜਾ ਹੁਸ਼ਿਆਰ ਏਂ ਨ! ਮਜ਼ਾ —"

"ਤੇਰੀ ਜਵਾਨੀ ਦੀ ਸੌਂਹ, ਤੇਰੀ ਖ਼ੂਬਸੂਰਤੀ ਦੀ ਕਸਮ, ਤੇਰੀ ਭਾਬੀ ਦੀ ਸੌਂਹ — ਤੈਨੂੰ ਧੋਖਾ ਦੇਣ ਦੀ ਮੇਰੀ-ਜ਼ਰਾ ਵੀ ਨੀਯਤ ਨਹੀਂ। ਨਾਲ ਹੁਣ ਮੇਰਾ ਤੇਰਾ ਕੋਈ ਇਕ ਦਿਨ ਤਾਂ ਨਿਪਟਾਰਾ ਤੇ ਹੈ ਨਹੀਂ! ਲੈ, ਹਾਲ ਦੀ ਘੜੀ ਏਹ ਪੰਝੀ ਰੁਪਏ ਰੱਖ ਲੈ। ਇਹ ਸੌ ਵਿਚੋਂ ਨਹੀਂ ਕੱਟੇ ਜਾਂਦੇ, ਸਗੋਂ ਉਤੋਂ ਮਿਲਣਗੇ।"

ਨੋਟ ਵੇਖ ਕੇ ਨੰਦੋ ਨੇ ਇੰਜ ਮੂੰਹ ਬਣਾਇਆ ਜਿਵੇਂ ਭੁੱਖੀ ਸ਼ੇਰਨੀ ਦੇ ਸਾਹਮਣੇ ਸ਼ਿਕਾਰ ਦੇ ਰੂਪ ਵਿਚ ਮੱਖੀ ਆਈ ਹੋਏ। ਨੱਕ ਚੜ੍ਹਾ ਕੇ, ਬੁੱਲ੍ਹ ਸੁੰਗੇੜ ਕੇ ਤੇ ਪੁਚਕਾ ਕੇ ਨੰਦੋ ਬੋਲੀ, "ਘਰ ਰੱਖ ਆਪਣੇ ਪੰਝੀ ਰੁਪਈਏ। ਮੇਰੇ ਬਾਪ ਦੇ ਘਰ ਲੱਖਾਂ ਦੀ ਮਾਇਆ ਹੈਗੀ ਏ। ਮੇਰਾ ਵੀਰ ਵੀ ਏਨਾ ਏ ਭਾਵੇਂ ਪੂਰੇ ਦਾ ਪੂਰਾ ਸਲੀਮਾ ਖ਼੍ਰੀਦ ਸਕਦਾ ਏ।"

ਸਿਨਮੇ ਵਾਲੇ ਬਾਊ ਦਾ ਪਤਾ, ਜ਼ੀਹਦੀ "ਬਹਾਰ ਆਈ ਰੇ" ਫਿਲਮ ਸ਼ਹਿਰ ਵਿਚ ਆਈ ਸੀ, ਨੰਦੋ ਨੂੰ ਆਪਣੀ ਧੰਦੇਦਾਰ ਸਹੇਲੀ ਕਲਾਸ਼ੋ ਦੀ ਬਹੂ ਰਾਹੀਂ, ਜਾਂ ਸ਼ਾਇਦ ਉਹਦੀ ਵੀ ਕਿਸੇ ਸਹੇਲੀ ਰਾਹੀਂ, ਇਕ ਧੰਦੇਦਾਰ ਸਾਥੀ ਜੋ ਕਿ ਸਿਨਮੇ ਦਾ ਗੇਟਕੀਪਰ ਸੀ ਨੇ ਦੱਸਿਆ ਸੀ, ਦੋ ਦਿਨ ਪਹਿਲਾਂ ਉਹੋ ਮਹਾਂ ਕਵੀ ਬੋਰ ਨੂੰ ਕੈਲਾਸ਼ੋ ਦੀ ਨੂੰਹ ਦੇ ਘਰ ਨੰਦੋ ਨਾਲ ਮਿਲਾਉਣ ਲਿਆਇਆ ਸੀ। ਉਥੇ ਮਹਾਂਕਵੀ ਬੋਰ ਨੇ ਆਪਣੀ ਸਿਨਮਾ ਸਟਾਰਾਂ ਨਾਲ ਯਾਰੀ ਅਤੇ ਐਸ਼ ਦੇ ਜੱਕੜ ਮਾਰੇ। ਕੈਲਾਸ਼ੋ ਦੀ ਨੂੰਹ ਤੋਂ ਲੈ ਕੇ ਨੰਦੋ ਅਤੇ ਉਹਦੀ ਭਾਬੀ ਤਕ ਨੂੰ ਫਿਲਮ ਸਟਾਰ ਬਣਾ ਦੇਣ ਦਾ ਵਾਇਦਾ ਕੀਤਾ। ਨੰਦੋ ਨੂੰ ਵਿਚੋਲਗੀ ਦੇ ਦੋ ਸੌ ਰੁਪਏ ਮੰਗੇ ਅਤੇ ਅਜ ਦੇ ਦਿਨ, ਏਸ ਵੇਲੇ ਵੱਡੀ-ਬੋਰ ਮਿਲਾਪ ਕਰ ਦੇਣ ਦਾ ਵਚਨ ਦਿਤਾ। ਮਹਾਂਕਵੀ ਨੇ ਹਾਮੀ ਭਰ ਲਈ; ਏਹੋ ਈ ਨਹੀਂ

ਸਗੋਂ ਉਸ ਦਿਨ ਨੰਦੋ ਦੇ ਸਾਹਮਣੇ ਹੀ ਕੈਲਾਸ਼ ਦੀ ਬਹੂ ਉੱਤੇ ਸ਼ਰਾਬ, ਚਾਟ, ਸਿਗਰੇਟ ਆਦਿ ਤੇ ਪੰਜਤਾਲੀ ਪੰਜਾਹ ਰੁਪਏ ਖਰਚ ਕੇ ਉਹਨਾਂ ਨੇ ਨੰਦੋ ਦਾ ਜੀਅ ਵੀ ਭਰ ਦਿਤਾ ਸੀ। ਅਜੇ ਕਿ ਗੇਟਕੀਪਰ ਨੇ ਨੰਦੋ ਨੂੰ ਹੁਸਿਆਰ ਕਰ ਦਿਤਾ ਸੀ ਬਾਊ ਦੀ ਮਾਲੀ ਹਾਲਤ, ਘਰ ਨੂੰ ਵੇਖ ਕੇ ਤਾਂ ਬਹੁਤੀ ਚੰਗੀ ਨਹੀਂ ਜਾਪਦੀ, ਫਿਰ ਵੀ ਨੰਦੋ ਨੂੰ ਯਕੀਨ ਨਾ ਆਇਆ। ਉਹਦੀ ਔਰਤਾ ਵਾਲੀ ਸਿਆਣੀ ਬੁੱਧੀ ਨੇ ਸੋਚਿਆ ਕਿ ਸ਼ਾਇਦ ਉਹ ਨਵੇਂ ਗਾਹਕ ਨੂੰ ਆਪਣੀ ਪਕੜ ਵਿਚ ਰੱਖਣਾ ਚਾਹੁੰਦਾ ਹੈ। ਅਜ ਜਦ ਨੰਦੋ ਦੇ ਸਾਹਮਣੇ ਬੋਰ ਵਲੋਂ ਸਿਰਫ ੨੫ ਰੁਪਏ ਹੀ ਆਏ ਤਾ ਉਹ ਸਿਆਣੀ ਹੋ ਗਈ; ਬੋਲੀ...

"ਅਜ ਤਾਂ ਉਹ ਹੁਣ ਨਹੀਂ ਆ ਸਕੇਗੀ! ਮੇਰੇ ਭਰਾ ਜੀ ਕਲ੍ਹ ਰਾਤ ਕਲਕੱਤੇ ਤੋਂ ਆ ਗਏ ਨੇ।"

"ਪਰ ਤੂੰ ਤੇ ਕਿਹਾ ਸੀ ਕਿ ਅਜ..."

"ਬਈ, ਇਹ ਥੋੜਾ ਖਬਰ ਸੀ ਕਿ ਮਨੀਆ ਆ ਜਾਏਗਾ, ਉਹਨਾਂ ਦੀ ਤਾਂ ਚਿੱਠੀ ਆਈ ਕਿ ਅਜੇ ਅੱਠ ਦਸ ਦਿਨ ਹੋਰ ਲੱਗਣਗੇ। ਤੇ ਏਧਰ ਮੇਰੀ ਅੰਮਾ ਤੇ ਬਾਬੂ ਸੰਗਰਾਂਦ ਨਹਾਉਣ ਲਈ ਇਲਾਹਬਾਦ ਜਾਣ ਵਾਲੇ ਸਨ, ਸੋ ਉਹ ਤੇ ਕਲ੍ਹ ਰਾਤ ਈ ਚਲੇ ਗਏ। ਹੋਰ ਮਨੀਆ ਅਚਾਨਕ ਆ ਗਿਆ ਤਾਂ ਮੈਂ ਕੀ ਕਰਾਂ।"

ਮਹਾਂ ਕਵੀ ਬੋਰ ਨੇ ਲਪਕ ਕੇ ਨੰਦੋ ਦੇ ਪੈਰ ਫੜ ਲਏ। ਕਿਹਾ — "ਕੁਝ ਵੀ ਕਰ ਨੰਦੋ ਬੀਬੀ। ਇਕ ਵਾਰ ਮੋਹਣੀ ਨੂੰ ਮੇਰੇ ਕੋਲ ਲੈ ਆ।" ਫਿਰ ਖੜੇ ਹੋ ਕੇ ਜਜਬਾਤੀ ਹੁੰਦਿਆਂ ਕਹਿਣ ਲੱਗਾ — "ਦੂਰੋਂ ਵੇਖਦਿਆਂ ਹੁਣ ਮੇਰਾ ਮਨ ਪਾਗਲ ਹੋ ਗਿਆ ਏ। ਮੋਹਣੀ ਨੂੰ ਜਿਸ ਪਲ ਮੈਂ ਆਪਣੀ ਗਲਵਕੜੀ ਵਿਚ ਬੰਨ੍ਹ ਲਵਾਂਗਾ, ਉਹਦੀ ਗਰਮ ਗਰਮ ਸਾਹਾਂ ਦੀ ਕਲਮ ਨਾਲ,ਉਹਦੇ ਪ੍ਰੇਮ-ਮੰਦਰ ਨੇਤਰਾਂ ਦੇ ਡੂੰਘੇ ਰੰਗ ਨਾਲ ਜਦ ਮੇਰੇ ਦਿਲ ਦੀ ਪੱਟੀ ਤੇ......"

"ਛੱਡ ਦੇ-ਛੱਡ ਦੇ, ਕੀ ਕਰਦਾ ਏਂ ?" ਨੰਦੋ ਨੇ ਖਿਝ ਕੇ ਕਿਹਾ। ਮਹਾਂਕਵੀ ਬੋਰ ਨੇ ਮੋਹਣੀ ਨੂੰ ਆਪਣੀ ਹਿੱਕ ਨਾਲ ਲਾਉਣ ਦੀ ਧੁੰਨ ਵਿਚ ਨੰਦੋ ਨੂੰ ਘੁੱਟਿਆ ਹੋਇਆ ਸੀ ਅਤੇ ਉਹ ਹੱਥ ਪੈਰ ਮਾਰ ਰਹੀ ਸੀ। ਮਹਾਕਵੀ ਆਪਣੇ ਜਜ਼ਬਾਤੀ ਵਹਾਅ ਵਿਚ ਵਹਿੰਦਾ ਰਿਹਾ। ਉਹਨੇ ਨੰਦੋ ਨੂੰ ਹੋਰ ਕੱਸ ਕੇ ਫੜ ਲਿਆ। ਬੋਲਿਆ — "ਮੇਰਿਆਂ ਸਾਹਾਂ ਦੀ ਮਾਲਕ ਨੂੰ ਮਿਲਾ ਦੇ — ਨੰਦੋ ਰਾਣੀ। ਮੇਰੇ ਦਿਲ ਵਿਚ ਸੁੱਤਾ ਹੋਇਆ ਦੂਸਰਾ ਅਮਰਗੀਤ ਜਾਗਣ ਲਈ ਵਿਆਕੁਲ ਹੋ ਰਿਹਾ ਏ।"

"ਢੱਠੇ ਖ਼ੂਹ 'ਚ ਪਏ ਤੂੰ ਤੇ ਤੇਰਾ ਅਮਰਗੀਤ। ਏਹੋ ਏਹੋ ਜਿਹੇ ਝਾਂਸੇਬਾਜ਼ ਅਸਾਂ ਬੜੇ ਵੇਖੇ ਹੈਗੇ ਨੇਂ, ਪਹਿਲਾਂ ਮੇਰੇ ਰੁਪਏ ਲੈ ਆ......"

"ਰੁਪਏ ਮੈਂ ਤੈਨੂੰ ਸ਼ਾਮ ਨੂੰ ਲਿਆ ਕੇ ਦਿਆਂਗਾ। ਤੂੰ ਸੌ ਮੰਗਦੀ ਏਂ, ਮੈਂ ਦੋ ਸੌ ਦਿਆਂਗਾ। ਤੇਰੇ ਉੱਤੇ ਵੀ ਮੇਰਾ ਮਨ ਨਛਾਵਰ ਹੁੰਦਾ ਏ ਨੰਦੋ ਰਾਣੀ......"

"ਮੈਨੂੰ ਏਹੋ ਜਿਹੀਆਂ ਗੱਲਾਂ ਨਹੀਂ ਪੋਂਹਦੀਆਂ। ਮੈਨੂੰ ਤਾਂ ਆਪਣੇ ਠਾਕੁਰ ਜੀ ਤੇ ਸੇਵਾ ਪੂਜਾ ਦਾ ਕੰਮ ਰਹਿੰਦਾ ਏ।"

"ਰੱਬ ਕਰੇ ਤੈਨੂੰ ਏਹੋ ਜਹੀ ਭਗਤੀ ਮਿਲੇ — ਵਾਹ। ਤੂੰ ਕਿੰਨੀ ਮਿਹਰਬਾਨ ਏਂ! ਵੇਖ ਮੈਂ ਫਿਰ ਤੇਰੇ ਪੈਰ ਛੂਹ ਰਿਹਾ ਆਂ।"

ਮਹਾਂ ਕਵੀ ਬੋਰ ਨਿੰਵਿਆ। ਉਹਦੇ ਚੈਸਟਰ ਦੀਆਂ ਬਾਹਾਂ ਉੱਚੀਆਂ ਹੋਈਆਂ। ਖੱਬੇ ਹੱਥ 'ਚ ਸੋਨੇ ਦੀ ਘੜੀ ਲਿਸ਼ਕੀ। ਨੰਦੋ ਨੇ ਘੜੀ ਤੇ ਨਜ਼ਰ ਰਖਦਿਆਂ ਵਿਰਹੇਸ਼ ਦੀਆਂ ਵੀਣੀਆਂ ਇੰਜ ਫੜ ਿਆਂ ਜਿਵੇਂ ਉਹ ਉਹਨੂੰ ਪੈਰੀਂ ਪੈਣ ਤੋਂ ਰੋਕ ਰਹੀ ਹੋਏ। ਉਹਦਾ ਇਕ ਹੱਥ ਘੜੀ ਦੇ ਉੱਤੇ ਈ ਸੀ। ਬੋਲੀ — "ਤੂੰ ਵਾਰ ਵਾਰ ਜ਼ੋਰ ਪਾ ਰਿਹਾ ਏਂ। ਬੜਾ ਜਾਨ ਹੀਲਣ ਵਾਲਾ ਕੰਮ ਏ। ਸਾਡੇ ਮਨੀਆਂ ਨਿਰੇ ਪੂਰੇ ਜੱਲਾਦ ਨੇ।" ਘੜੀ ਕਲਾਈ ਨਾਲੋਂ ਖੁਲ੍ਹ ਗਈ? ਨੰਦੋ ਨੇ ਗੱਲ ਅਗਾਂਹ ਤੋਰਦਿਆਂ ਪੂਰੀ ਕੀਤੀ, ਬੋਲੀ — "ਚੰਗਾ ਭਰਾ, ਤੇਰੀ ਖਾਤਰ ਕੋਸ਼ਿਸ਼ ਤਾਂ ਮੈਂ ਕਰਦੀ ਆਂ, ਅੱਗੇ ਰੱਬ ਜਾਣੇ।"

ਘੜੀ ਬੋਰ ਦੀ ਵੀਣੀ 'ਚੋਂ ਖਿਸਕ ਕੇ ਨੰਦੋ ਦੇ ਹੱਥ 'ਚ ਆ ਗਈ। ਮਹਾਂਕਵੀ ਦੇ ਚਿਹਰੇ ਤੋਂ ਹਵਾਈਆਂ ਉੱਡਣ ਲੱਗੀਆਂ। ਉਹ ਕੁਝ ਕਹਿਣਾ ਹੀ ਚਾਹੁੰਦਾ ਸੀ ਕਿ ਨੰਦੋ ਕਮਰੇ ਵਿਚੋਂ ਬਾਹਰ ਨਿਕਲ ਗਈ।

ਮਹਾਂਕਵੀ ਬੋਰ ਘੜੀ ਖੁਸਣ ਤੇ ਉਦਾਸ ਸੀ ਘੜੀ ਮਾਂਗਵੀਂ ਸੀ।

ਆਪਣੇ ਗੋਮਤੀ ਤੇ ਜ ਣ ਅਤੇ ਕੁੰਡੀ ਬੰਦ ਕਰਨ ਦੇ ਬਹਾਨੇ ਨੰਦੋ ਵੱਡੀ ਨੂੰ ਹੇਠਾਂ ਲੈ ਆਈ। ਮਨੀਆ ਓਸ ਵੇਲੇ ਗੂਹੜੀ ਨੀਂਦ ਵਿਚ ਸੀ। ਸੁੱਤੀ ਹੋਈ ਲੜਕੀ ਨੂੰ ਨੰਦੋ ਹੇਠਾਂ ਲੈ ਆਈ ਅਤੇ ਆਪਣੀ ਕੋਠੜੀ ਵਿਚ ਲਿਟਾ ਦਿਤਾ।

ਪਰ ਉਹਨੇ ਵੱਡੀ ਤੇ ਵਿਰਹੇਸ਼ ਨੂੰ ਇਕਲਿਆਂ ਰਹਿਣ ਦਾ ਬਹਤ ਸਮਾਂ ਨਾ ਦਿਤਾ। ਮਨੀਆ ਜਾਗ ਪਿਆ ਏ ਇਹ ਡਰ ਵੱਡੀ ਨੂੰ ਕਮਰੇ ਵਿਚੋਂ ਨਸਾਉਣ ਲਈ ਕਾਫੀ ਸੀ, ਪਰ ਵਿਰਹੇਸ਼ ਨੂੰ ਨੰਦੋ ਦੇ ਤਿਕੜਮ ਦਾ ਪਤਾ ਲਗ ਗਿਆ। ਵੱਡੀ ਦਾ ਹੱਥ ਫੜ ਕੇ ਉਹਨੇ ਕਿਹਾ — "ਇਹ ਐਵੇਂ ਈ ਝੂਠ ਮਾਰਦੀ ਪਈ ਏ। ਨੰਦੋ ਬੀਬੀ ਘਬਰਾ ਨਾ। ਤੇਰੇ ਸੌ ਰੁਪਏ ਅਜ ਈ ਦੇ ਜਾਵਾਂਗਾ।"

ਵਡੀ ਨੇ ਪੁੱਛਿਆ — "ਕਾਹਦੇ ਰੁਪਏ?"

ਵਿਰਹੇਸ਼ ਮਤਵਾਲੀਆਂ ਨਜ਼ਰਾਂ ਨਾਲ ਉਹਦੇ ਵਲ ਵਿੰਹਦਾ ਹੋਇਆ ਮੁਸਕਰਾ ਕੇ ਬੋਲਿਆ — "ਕੋਹਨੂਰ ਦਾ ਮੁੱਲ ਤਾਰਨਾ ਪੈਂਦਾ ਏ, ਮੋਹਨੀ। ਇਹਨੇ ਮੇਰੀ ਘੜੀ ਲੈ ਲਈ ਏ।"

"ਕਿਉਂ?"

"ਚੱਲ ਏਸ ਵੇਲੇ ਛੱਡ ਇਹਨਾਂ ਗੱਲਾਂ ਨੂੰ। ਹਾਲਾਂਕਿ ਘੜੀ ਮੈਨੂੰ ਦੇ ਦਏ ਤਾਂ ਚੰਗਾ ਈ ਆ। ਮੈਂ ਸ਼ਾਮ ਨੂੰ ਰੁਪਏ ਲਿਆ ਦਿਆਂਗਾ।"

"ਬੀਬੀ ਜੀ" — ਵੱਡੀ ਨੇ ਤਰਲੋ ਲੈਂਦਿਆਂ ਕਿਹਾ — "ਤੇਰੇ ਪੈਰ ਫੜਦੀ ਆਂ ਮੰਨ ਜਾ। ਇਹ ਬੜੇ ਵਡੇ ਕਵੀ ਨੇ; ਇਹ ਤੇਰੇ ਰੁਪਏ ਜ਼ਰੂਰ ਦੇ ਦੇਣਗੇ।"

ਨੰਦੋ ਮੰਨ ਗਈ। ਉਹਨੇ ਘੜੀ ਵਾਪਸ ਕਰ ਦਿਤੀ, ਅਤੇ ਵਿਰਹੇਸ਼ ਨੂੰ ਵੱਡੀ ਦੀ ਸੰਗਤ ਦੇ ਸੁਖ ਨਾਲ ਦੂਸਰਾ ਅਮਰਗੀਤ ਰਚਣ ਲਈ ਪੂਰੀ ਸਹੂਲਤ ਵੀ ਦੇ ਦਿਤੀ।

ਪਰ ਸੌ ਰੁਪਏ ਉਸ ਸ਼ਾਮ ਨਾ ਆਏ। ਹਾਂ ਵਡੀ ਜ਼ਰੂਰ ਮਗਨ ਸੀ। ਦੂਸਰੇ ਦਿਨ ਸਵੇਰੇ ਫਿਰ ਉਸੇ ਸਮੇਂ ਮਹਾਕਵੀ ਬੋਰ ਆਇਆ। ਅਜ ਵਡੀ ਪਹਿਲਾਂ ਤੋਂ ਹੀ ਉਹਦੀ ਉਡੀਕ ਵਿਚ ਨੰਦੋ ਨਾਲ ਬੈਠਕ ਵਿਚ ਬੈਠੀ ਸੀ। ਬੋਰ ਅਜ ਪੰਜਾਹ ਰੁਪਏ ਲੈ ਕੇ ਆਇਆ ਸੀ। ਉਹਨੇ ਸੌ ਹੀਲਾ ਬਹਾਨਾ ਕੀਤਾ ਅਗਲੇ ਦਿਨ ਬੜਾ ਕੁਝ ਦੇਣ ਦਾ ਵਾਇਦਾ ਕੀਤਾ। ਉਹ ਬੜੀ ਤਰਲੋ ਮੱਛੀ ਹੋਈ, ਵੱਡੀ ਵੀ ਪੈਰੀਂ ਪੈਣ ਲੱਗੀ, ਪਰ ਨੰਦੋ ਅਜ ਟੱਸ ਤੋਂ ਮੱਸ ਹੋਣ ਵਾਲੀ ਨਹੀਂ ਸੀ। ਉਹਨੇ ਬੋਰ ਨੂੰ ਕਿਹਾ —"ਜਾਂਦਾ ਏਂ ਕਿ ਰੌਲਾ ਪਾਵਾਂ," ਨੰਦੋ ਨੇ ਦੁਬਾਰਾ ਉੱਚੀ ਆਵਾਜ਼ ਨਾਲ ਵਡੀ ਨੂੰ ਕੜਕ ਕੇ ਕਿਹਾ — "ਚਲ ਏਧਰ!"

ਵਡੀ ਸਹਿਮ ਗਈ। ਬੋਰ ਦਾ ਇਕ ਵੀ ਹੀਲਾ ਬਹਾਨਾ ਨ ਚਲਿਆ। ਉਹਨੂੰ ਘਰੋਂ ਜਾਣਾ ਪਿਆ। ਕੁੰਡਾ ਬੰਦ ਹੋ ਗਿਆ।

ਵਡੀ ਮਨ ਹੀ ਮਨ ਵਿਚ ਨੰਦੋ ਦੇ ਵਿਰੁੱਧ ਲਾਲ ਹੋ ਰਹੀ ਸੀ। ਜਿੰਨਾ ਹੀ ਓਹਦਾ ਹਿਰਦਾ ਜਾਂਦੇ ਹੋਏ ਵਿਰਹੇਸ਼ ਦੀਆਂ ਅਤ੍ਰਿਪਤ ਨਜ਼ਰਾਂ ਅਤੇ ਨਿਰਾਸ਼ ਚਿਹਰੇ ਦਾ ਧਿਆਨ ਕਰਦਾ ਉਨੀ ਹੀ ਉਦੀ ਅਤ੍ਰਿਪਤੀ ਵਧਦੀ, ਓਨੀ ਹੀ ਨੰਦੋ ਲਈ ਉਹਦੀ ਹਿੰਸਾ ਤਿੱਖੀ ਹੁੰਦੀ ਸੀ। ਪਰ ਵਡੀ ਕੁਝ ਕਹਿ ਨ ਸਕੀ। ਕੁੰਡਾ ਬੰਦ ਕਰਕੇ ਨੰਦੋ ਉਹਨੂੰ ਕਹਿਣ ਲੱਗੀ... "ਇਹ ਮੋਇਆ ਵੱਡਾ ਝਾਂਸੇਬਾਜ਼ ਏ ਤਾਣੀ। ਵੇਖੀਂ ਮੈਂ ਐਸੇ ਟਿਕਾਣੇ ਤੇਰਾ ਹਿਸਾਬ ਜੋੜਾਂਗੀ ਕਿ ਮਨ ਯਾਰ ਦੀ ਯਾਰੀ ਨਾਲ ਭਰੇ ਤੇ ਤਨ ਗਹਿਣੀਆਂ ਦੇ ਨਾਲ ਮੜ੍ਹਿਆ ਜਾਏ।"

"ਮੈਨੂੰ ਗਹਿਣੀਆਂ ਦੀ ਲੋੜ ਨਹੀਂ। ਆਦਮੀ ਪ੍ਰੇਮ ਦਾ ਭੁੱਖਾ ਹੁੰਦਾ ਏ; ਗਹਿਣਿਆਂ ਨਾਲ ਨੀਚ ਪ੍ਰੇਮ ਕਰਦੇ ਨੇ।" ਕਹਿੰਦੀ ਹੋਈ ਵਡੀ ਘਰ ਦੇ ਅੰਦਰ ਚਲੀ ਗਈ। ਨੰਦੋ ਦੇ ਕਮਰੇ 'ਚੋਂ ਲੜਕੀ ਨੂੰ ਗੋਦੀ ਲਿਆ ਅਤੇ ਉੱਤੇ ਜਾ ਕੇ ਸੌਂ ਗਈ। ਪਲੰਘ ਤੇ ਖੜਾਕ ਹੋਣ ਨਾਲ ਮਨੀਆ ਦੀ ਨੀਂਦ ਉਖੜ ਗਈ ਸੀ — "ਕੀ ਏ?"

"ਕੁਝ ਨਹੀਂ, ਹੇਠਾਂ ਕੁੰਡਾ ਬੰਦ ਕਰਨ ਗਈ ਸਾਂ।"

ਮਨੀਏ ਨੇ ਨੀਂਦਰੇ ਵਿਚ ਵਡੀ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ ਅਤੇ ਸੌਂ ਗਿਆ। ਵਡੀ ਦਾ ਵਿਜੋਗ ਨਾਲ ਤਪੇ ਮਨ ਨੂੰ ਚੈਨ ਨਹੀਂ ਸੀ ਆ ਰਿਹਾ। ਨੰਦੋ ਦੇ ਰਚਾਏ ਬੰਧਨ ਵਿਚ ਬਝੀ ਰਹਿ ਕੇ ਉਹਨੂੰ ਆਪਣੇ ਪ੍ਰੇਮੀ ਨਾਲ ਖੁਲ੍ਹ ਕੇ ਗੱਲ ਕਰਨ ਦਾ ਮੌਕਾ ਕਦੇ ਨਹੀਂ ਮਿਲੇਗਾ। ਉਹ ਬੜੀ ਕਾਂਟੀ ਰੰਨ ਏ।

ਨੰਦੋ ਨੂੰ ਡਰ ਹੋ ਗਿਆ ਸੀ ਕਿ ਵਡੀ ਮਨੀਏ ਨੂੰ ਕੁਝ ਲਾ ਬੁਝਾ ਕੇ ਉਹਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਏ। ਨੰਦੋ ਤੋਂ ਮਨੀਆ ਦਾ ਮਨ ਪਹਿਲਾਂ ਹੀ ਫਿਰੰਟ ਹੈ। ਅਜ ਕਲ੍ਹ ਇਹਦੇ ਤੇ ਰੀਝਿਆ ਵੀ ਹੈ। ਬੋਰ ਤੋਂ ਠੱਗੇ ਜਾਣ ਦਾ ਸਾਰਾ ਕ੍ਰੋਧ ਵਡੀ ਦੇ ਜਾਣ ਵੇਲੇ ਦੀ ਗੱਲ ਨਾਲ ਜੁੜ ਕੇ ਉਹਦੇ ਤੇ ਹੀ ਜਾ ਪਿਆ ਨੰਦੋ ਅਜ ਵੀ ਗੋਮਤੀ ਉੱਤੇ ਨਾ ਗਈ ਗਈ। ਘਰ ਹੀ ਨਹਾ ਧੋ ਕੇ ਉਹ ਆਪਣੀ ਕੋਠੜੀ ਵਿਚ ਬੈਠੀ ਹੋਈ ਏਸੇ ਚਿੰਤਾ ਵਿਚ ਲਗੀ ਰਹੀ ਕਿ ਉਹਨੂੰ ਹੁਣ ਮਨੀਏ ਨੂੰ ਹੱਥ ਵਿਚ ਕਰ ਲੈਣਾ ਚਾਹੀਦਾ ਏ।

ਘੰਟੇ ਸਵਾ ਘੰਟੇ ਪਿਛੋਂ ਜਦ ਵਡੀ ਨਿਪਟਣ ਨਹਾਉਣ ਹੇਠਾਂ ਗਈ ਅਤੇ ਮਨੀਆ ਵੀ ਜਾਗ ਕੇ ਰਜਾਈ ਵਿਚ ਪਿਆ ਪਿਆ ਸਿਗਰਟ ਫੂਕਣ ਲੱਗਾ ਤਾਂ ਨੰਦੋ ਆਪਣੇ ਭਰਾ ਕੋਲ ਆਈ।

"ਕੀ ਏ ?" ਮਨੀਆ ਨੇ ਆਪਣੀ ਭੈਣ ਨੂੰ ਬੇਰੁਖੀ ਨਾਲ ਪੁੱਛਿਆ। ਚਿਰਾਂ ਤੋਂ ਨੰਦੋ ਲਈ ਮਨੀਆ ਦਾ ਸਾਦਾ ਵਿਉਹਾਰ ਵੀ ਪੂਰੇ ਦਾ ਪੂਰਾ ਸਰਲ ਨਹੀਂ ਹੁੰਦਾ। ਨੰਦੋ ਬੜੀ ਭੋਲੀ ਭਗਤਣੀ ਬਣ ਕੇ ਪਲੰਘ ਦੇ ਕੋਲ ਈ ਜ਼ਮੀਨ ਤੇ ਕੁੱਬੀ ਹੋ ਕੇ ਬਹਿ ਗਈ, ਬੋਲੀ – "ਮੈਂ ਤਾਂ ਹੁਣ......।"

ਮਨੀਆ ਕੁਝ ਨ ਬੋਲਿਆ। ਨੰਦੋ ਨੇ ਫਿਰ ਕਿਹਾ — "ਤੂੰ ਜਿਹੜੀ ਗੱਲ ਜਦ ਮੈਨੂੰ ਕਹੀ, ਮੈਂ ਸਦਾ ਵਾਸਤੇ ਆਪਣੇ ਪੱਲੇ ਬੰਨ੍ਹ ਲਈ। ਸਵੇਰ ਦਾ ਵੇਲਾ ਏ, ਮੈਂ ਗੋਮਾ ਜੀ ਤੋਂ ਨਹਾ ਕੇ ਆ ਰਹੀ ਆਂ, ਨਰਾਇਣ ਜੀ ਜਾਣਦੇ ਨੇ ਕਿ ਇਕ ਵਾਰ ਬਾਊ ਜੀ, ਅੰਮਾ ਦੀ ਗੱਲ ਟਾਲੀ ਹੋਏਗੀ, ਪਰ ਤੇਰੀ ਗੱਲ ਟਾਲਾਂ, ਏਨੀ ਮੇਰੀ ਹਿੰਮਤ ਕਦੇ ਨਹੀਂ ਹੋਈ।"

ਮਨੀਆ ਫਿਰ ਵੀ ਚੁੱਪ ਰਿਹਾ। "ਸੰਤੋ ਦੀ ਨੂੰਹ, ਮੈਨੂੰ ਕਿੰਨੀਂ ਵਾਰ ਬੁਲਾਇਆ। ਤੇਰੀ ਖ਼ਾਤਰ ਕਿੰਨੀ ਵਾਰ ਉਹਨੇ ਰੋ ਰੋ ਕੇ ਆਖਿਆ, ਪਰ ਜਦੋਂ ਦਾ ਤੂੰ ਮਨ੍ਹਾਂ ਕੀਤਾ, ਮੈਂ ਘਰੋਂ ਪੈਰ ਵੀ ਬਾਹਰ ਨਹੀਂ ਰਖਿਆ ਮੈਂ ਸਾਫ ਸਾਫ ਆਖ ਘੱਲਿਆ ਕਿ ਮੈਂ ਆਪਣੇ ਭਰਾ ਦਾ ਹੁਕਮ ਮੰਨਣਾ ਏਂ ਮੇਰੇ ਸਾਹਮਣੇ ਉਹਦੀ ਇੱਜ਼ਤ ਦਾ ਸਵਾਲ ਆ।"

ਮਨੀਆ ਨੇ ਮੰਜੀ ਦੇ ਪਾਵੇ ਨਾਲ ਮੁੱਠ ਨੂੰ ਹਿਲਾ ਕੇ ਸਿਗਰਟ ਦੀ ਸੁਆਹ ਝਾੜੀ। ਨੰਦੋ ਫਿਰ ਮੁਸਕ੍ਰਾ ਕੇ ਬੋਲੀ — 'ਕਲਕਤੇ ਤੋਂ ਮੇਰੇ ਲਈ ਤੂੰ ਕੁਝ ਨਹੀਂ ਲਿਆਇਆ। ਅਜ ਮੈਂ ਸ਼ਿਕਾਇਤ ਕਰਨ ਆਈ ਹੈਗੀ ਆਂ। ਮੈਂ ਕਲ੍ਹ ਤੈਨੂੰ ਕੁਝ ਨਹੀਂ ਕਿਹਾ। ਕੀ ਭਰਾਵਾ ਨੂੰ ਜਨਾਨੀ ਏਨੀ ਪਿਆਰੀ ਹੋ ਜਾਂਦੀ ਏ ਭਈ ਭੈਣ ਦੀ ਗੱਲ ਵੀ ਨਾ ਪੁੱਛੀ ਜਾਏ। ਵੇਖ, ਮਾਂ ਜਾਈ ਭੈਣ ਤਾਂ ਭੈਣ ਰਹੇਗੀ ਆਖਿਰ।"

ਮਨੀਆ ਦਾ ਮਨ ਪਿਘਲਿਆ। ਮੁਸਕਰਾ ਕੇ ਬੋਲਿਆ – "ਕੀ ਚਾਹੀਦਾ ਏ ਤੈਨੂੰ ?"

"ਮੈਨੂੰ ਤਾਂ ਸਵੇਰ ਦਾ ਵੇਲਾ ਹੈਗਾ, ਇਹ ਚਾਹੀਦਾ ਏ ਭਰਾਵਾ ਕਿ ਤੂੰ ਸੁਖੀ ਰਹੇਂ। ਜੁੱਗ ਜੁੱਗ ਜੀਏਂ।" ਗੱਲਾਂ ਕਰਦਿਆਂ ਅਚਾਨਕ ਪਲੰਘ ਦੇ ਸਿਰਹਾਣੇ ਦੇ ਪਾਵੇ ਲਾਗੇ ਨੰਦੋ ਦੀ ਨਜ਼ਰ ਗਈ। ਉਹ ਤ੍ਰਭਕ ਕੇ ਇੰਜ ਵੇਖਣ ਲਗੀ ਕਿ ਮਨੀਆ ਦੀ ਹੈਰਾਨੀ ਵੀ ਜਾਗੀ। ਝੁੱਕ ਕੇ ਵੇਂਹਦਾ ਹੋਇਆ ਬੋਲਿਆ – "ਕੀ ਏ ?"

"ਕਾਲੇ ਧਾਗੇ ਵਿਚ ਲਪੇਟਿਆ ਹੋਇਆ ਕਾਗਜ਼ ਹੈਗਾ। ਵੇਖਾਂ ਤੇ ਸਹੀ।......ਹਾਏ, ਇਹ ਤੇ ਕੋਈ ਤਵੀਤ ਤਵੂਤ ਹੈਗਾ ! ਮਨੀਆ ਇਹਨੂੰ ਨਾ ਛੋਹੀਂ। ਤੈਨੂੰ ਮੇਰੀ ਸੌਂਹ ਲੱਗੇ ਮਨੀਆ। ਹਾਏ ਰਾਮ !" ਆਖ ਕੇ ਨੰਦੋ ਨੇ ਗੰਡਾ ਆਪਣੇ ਹੱਥ ਵਿਚ ਫੜ ਲਿਆ ਤੇ ਕੁਝ ਆਖਣਾ ਵੀ ਚਾਹੁੰਦੀ ਸੀ ਕਿ ਮਨੀਆ ਨੇ ਕੌੜੀ ਨਜ਼ਰ ਨਾਲ ਆਪਣੀ ਭੈਣ ਨੂੰ ਵੇਖਿਆ। ਬੋਲਿਆ — "ਤੂੰ ਈ ਕੀਤਾ ਹੋਣਾ ਏ ਚੁੜੇਲੇ !"

"ਤੂੰ ਮੈਨੂੰ ਜੋ ਚਾਹੇ ਕਹਿ ਲੈ। ਮੈਂ ਅੰਮਾ ਬਾਊ ਜੀ ਦੀ ਸੌਂਹ ਖਾ ਕੇ ਆਖ ਸਕਦੀ ਆਂ ਮੈਂ ਨਹੀਂ ਕੀਤਾ (ਤਵੀਤ ਦਾ ਧਾਗਾ ਹਟਾ ਕੇ ਕਾਗਜ਼ ਖੋਲ੍ਹਦਿਆ) ਹਾਏ ਰਾਮ ! ਇਹ ਤਾਂ ਪੰਜਾਂ ਪੀਰਾਂ ਦਾ ਤਵੀਤ ਏ।"

ਮਨੀਆ ਨੇ ਝੁਕ ਕੇ ਤਵੀਤ ਵੇਖਿਆ। ਇਕ ਸਿੰਗਾਂ ਵਾਲੇ ਸ਼ੇਰ ਵਰਗੇ ਜਾਨਵਰ ਨੂੰ ਇਕ ਪੂਛ ਵਾਲਾ ਰਾਖਸ਼ ਮਾਰ ਰਿਹਾ ਸੀ। — ਤਵੀਤ ਦੀ ਮਨਹੂਸ ਤਸਵੀਰ ਮਨੀਏ ਨੂੰ ਵੀ ਬੁਰੀ ਤਰ੍ਹਾਂ ਝੂਣ ਗਈ। ਉਹਦਾ ਪੱਕਾ ਵਿਸ਼ਵਾਸ ਸੀ ਕਿ ਇਹ ਤਵੀਤ ਨੰਦੋ ਹੀ ਲਿਆਈ ਏ ਕਿਉਂ ਜੋ ਉਹੋ ਈ ਇਹ ਸਭ ਕੁਝ ਕਰਦੀ ਹੁੰਦੀ ਏ, ਤੇ ਇਸ ਬਹਨੇ ਉਹ ਕੋਈ ਪਖੰਡ ਕਰ ਰਹੀ ਹੈ। ਕ੍ਰੋਧ ਵਿਚ ਆ ਕੇ ਲੇਫ ਛੱਡ ਕੇ ਬੈਠਦਿਆਂ, ਦੰਦ ਪੀਹ ਕੇ ਉਹਨੇ ਕਿਹਾ — "ਨੰਦੋ ਸੱਚ ਦਸ ਦੇ ਨਹੀਂ ਤੇ ਜਾਨ ਕੱਢ ਲਾਊਂਗਾ।"

ਨੰਦੋ ਬੋਲੀ — "ਜੋ ਜੀਅ ਕਰਦਾ ਏ ਕਰ। ਜਦ ਅਸੀਂ ਕੁਝ ਕੀਤਾ ਨਹੀਂ ਸਾਨੂੰ ਕਾਹਦਾ ਡਰ ਏ। ਮੈਂ ਬਾਹਰ ਭਾਵੇਂ ਕੁਝ ਕਰਾਂ, ਪਰ ਘਰ 'ਚ ਥੋੜਾ ਕੁਝ ਕਰਾਂਗੀ। ਮੈਨੂੰ ਆਪਣੇ ਮਾਂ ਬਾਪ, ਆਪਣੇ ਭਰਾ ਸਭ ਪਿਆਰੇ ਨੇ। ਇੰਜ ਤੇ ਜਿਹੜੀ ਜਨਾਨੀ ਆਪਣੇ ਖਸਮ ਨੂੰ ਧੋਖਾ ਦੇ ਕੇ ਪਰਾਏ ਮਰਦਾਂ ਨਾਲ ਅੱਖਾਂ ਲੜਾਉਂਦੀਆਂ ਨੇ ਉਹੋ ਆਪਣੇ ਮਰਦ ਨੂੰ ਮਾਰਨ ਦੇ ਚਲਿੱਤਰ ਕਰ ਸਕਦੀਆਂ ਨੇ।"

ਮਨੀਆ ਦੀ ਗੱਲ ਜਾਣਨ ਦੀ ਇੱਛਾਂ ਤੇ ਕ੍ਰੋਧ ਦੋਵੇਂ ਹੀ ਭਖਣ ਲੱਗੇ — ਨੰਦੋ ਨੂੰ ਕਿਹਾ — "ਸੱਚ ਦਸ ਗੱਲ ਕੀ ਏ ?"

ਨੰਦੋ ਨੇ ਕਿਹਾ — ਉਂਜ ਤੇ ਮੈਂ ਨਹੀਂ ਦੱਸਦੀ, ਪਰ ਜਦ ਕੋਈ ਮੇਰੇ ਭਰਾ ਦੀ ਜਾਨ ਲੈਣ ਦਾ ਜਤਨ ਕਰੇਗਾ ਤਾਂ ਮੈਂ ਜ਼ਰੂਰ ਦੱਸਾਂਗੀ। ਇਹ ਤੇਰੇ ਦਿਲ ਦੀ ਰਾਣੀ ਦਾ ਕੰਮ ਏ, ਜੀਹਦੀ ਖਾਤਰ ਤੂੰ ਆਪਣੀ ਸਕੀ ਭੈਣ ਨੂੰ ਸਤਾਉਂਦਾ ਏਂ ਅਜ ਕਲ੍ਹ ਜੀ ਅੱਖਾਂ ਲੜਾ ਰਹੀ ਏ ਪੁਰਾਣੇ ਮਰਦਾਂ ਨਾਲ। ਤੇਰੀ ਏਸ ਬਾਰੀ 'ਚ ਬਹਿ ਕੇ ਉਧਰ ਵਾਲੀ ਗਲੀ ਦੀ ਕੋਠੜੀ ਵਿਚ ਉਹ ਜਿਹੜੇ ਕਿਰਾਏਦਾਰ ਰਹਿੰਦੇ ਨੇ ਉਹਨਾਂ

ਨਾਲ ਚਿੱਠੀ ਚੁਪੱਠੀ ਕਰਦੀ ਏ। ਉਹ ਵੀ ਮੈਂ ਇਕ ਦਿਨ ਕਿਤੇ ਭੁੱਲ ਭੁਲੇਖੇ ਵੇਖ ਲਿਆ।"

"ਸੱਚ ਕਹਿੰਦੀ ਏਂ ਨੰਦੋ ?" ਮਨੀਆ ਨੇ ਧੀਮੀ ਅਵਾਜ਼ ਵਿਚ ਪੁੱਛਿਆ। ਉਹਦੇ ਚਿਹਰੇ ਦੀ ਆਬ ਉਡ ਗਈ ਸੀ। ਉਹਦੇ ਬੁੱਲ੍ਹ ਅਤੇ ਗੱਲ੍ਹਾਂ ਜ਼ਬਤ ਦੇ ਜ਼ੋਰ ਕਾਰਨ ਫੜਕ ਰਹੀਆਂ ਸਨ।

"ਮੈਂ ਕਾਹਦੇ ਲਈ ਕਿਸੇ ਤੇ ਝੂਠ-ਮੂਠ ਲਾਉਣਾ ਏਂ ਭਲਾ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਏ ਕਿ ਇਕ ਵਡੇ ਵਡੇ ਵਾਲਾਂ ਵਾਲਾ ਆਦਮੀ ਹੈਗਾ ਅਤੇ ਭਾਬੀ ਛੱਤ ਉੱਤੇ ਥੈਲਾ ਲਟਕਾ ਕੇ ਉਹਦੇ ਵਿਚ ਚਿੱਠੀ-ਪੱਤਰ ਘਲਦੀ ਏ। ਉਹਦੀਆਂ ਚਿੱਠੀਆ ਵੀ ਆਉਂਦੀਆਂ ਹੈਣ।"

"ਉਹ ਚਿੱਠੀਆਂ ਕਿਥੇ ਨੇ ?" ਮਨੀਆ ਗੱਜਿਆ। ਨੰਦੋ ਹੌਲੀ ਜਿਹੀ ਬੋਲੀ — "ਏਥੇ ਈ ਹੋਣਗੀਆਂ। ਉਹਦੇ ਸੰਦੂਕ ਵੰਦੂਕ ਵਿਚ ਵੇਖ। ਤੇ ਮੈਂ ਬਾਬਾ ਕਿਸੇ ਵੀ ਪਰਪੰਚ ਵਿਚ ਨਹੀਂ ਹੈਗੀ। ਇਹ ਤਾਂ ਜੋ ਪੰਜਾਂ ਪੀਰਾਂ ਦਾ ਨਾ ਦਿਸਦਾ ਏਸ ਵੇਲੇ......"

ਮਨੀਆ ਭੈਣ ਦੀ ਬਕਵਾਸ ਤੋਂ ਵੱਖ ਹੋ ਕੇ ਏਸ ਵੇਲੇ ਪੂਰੇ ਕ੍ਰੋਧ ਨਾਲ ਆਪਣੇ ਰਕੀਬ ਦੀਆਂ ਚਿੱਠੀਆਂ ਦੀ ਭਾਲ ਲਈ ਸੰਦੂਕ ਤਕ ਜਾ ਪਹੁੰਚਿਆ ਸੀ। ਨੰਦੋ ਹੌਲੀ ਜਿਹੀ ਬਾਹਰ ਖਿਸਕ ਗਈ।

ਮਨੀਆ ਨੇ ਥੋੜੀ ਦੇਰ ਵਿਚ ਚੋਹਾਂ ਪੰਜਾਂ ਸੰਦੂਕਾਂ ਨੂੰ ਖੋਲ੍ਹ ਦਿਤਾ। ਇਕ ਇਕ ਕਪੜੇ ਦੀ ਤਹਿ ਫੋਲ ਕੇ ਖਿਲਾਰ ਦਿਤੀ, ਜੰਦਰਾ ਲੱਗੇ ਹੋਏ ਸੰਦੂਕ ਦਾ ਕੁੰਡਾ ਤੋੜ ਕੇ ਉਹਨੇ ਵਿਰਹੇਸ਼ ਦੀਆਂ ਚਿੱਠੀਆਂ ਇਕ ਰੇਸ਼ਮੀ ਰੁਮਾਲ ਵਿਚ ਵਲ੍ਹੇਟੀਆਂ ਲੱਭ ਲਈਆਂ। ਚਿੱਠੀਆਂ ਪੜ੍ਹ ਪੜ੍ਹ ਕੇ ਮਨੀਆ ਦੀ ਹੋਸ਼ ਗੁਆਚਦੀ ਗਈ, ਕ੍ਰੋਧ ਦੀ ਲਾਲੀ ਨੇ ਚਿੱਠੀ ਦੇ ਅੱਖਰਾ ਨੂੰ ਧੁੰਦਲਾ ਕਰ ਦਿਤਾ। ਮਨੀਆ ਗੱਜਦਾ ਹੋਇਆ ਕਮਰੇ 'ਚੋਂ ਬਾਹਰ ਨਿਕਲਿਆ — "ਕਿਥੇ ਆ, ਹਰਾਮਜਾਦੀ ?"

ਵਡੀ ਧੁਰ ਥੱਲੇ ਵਾਲੇ ਗੁਸਲਖਾਨੇ ਵਿਚ ਨਹਾ ਰਹੀ ਸੀ। ਨੰਦੋ ਨੇ ਇਸ਼ਾਰਾ ਕੀਤਾ — "ਏਥੇ ਆ।" ਗੁਸਲਖਾਨੇ ਦੇ ਬੂਹੇ ਤੇ ਧੱਕੇ ਮਾਰ ਕੇ ਮਨੀਆ ਗੱਜਿਆ — "ਖੋਲ੍ਹ, ਗਸਤੀਏ, ਹਰਾਮਜਾਦੀਏ ! ਤੇਰੇ......"

ਵਡੀ ਨੂੰ ਘਬਰਾਈ ਹੋਈ ਹਾਲਤ ਵਿਚ ਗਿੱਲੀ ਧੋਤੀ ਪਾਈ ਬੂਹਾ ਖੋਲ੍ਹਣਾ ਪਿਆ। ਮਨੀਆ ਨੇ ਬੇਤਹਾਸ਼ਾ ਈ ਉਹਦਾ ਹੱਥ ਖਿੱਚ ਕੇ ਉਹਨੂੰ ਵਿਹੜੇ ਵਿਚ ਘਸੀਟ ਲਿਆ ਅਤੇ ਜ਼ਮੀਨ ਤੇ ਧੱਕਾ ਦੇ ਕੇ ਕਹੀਆਂ ਨਾ ਕਹੀਆਂ ਜਾਣ ਵਾਲੀਆਂ ਸੈਂਕੜੇ ਗੱਲਾਂ ਸੁਣਾਉਂਦਿਆਂ ਹੋਇਆਂ; ਘਸੁੰਨ ਲੱਤਾਂ ਅਤੇ ਥਪੜਾਂ ਨਾਲ ਵਡੀ ਦੀ ਸਹਿਣ ਸ਼ਕਤੀ ਨੂੰ ਬੇਤਹਾਸ਼ਾ ਚੀਕਾਂ ਮਾਰਨ ਤੇ ਮਜਬੂਰ ਕਰ ਦਿਤਾ। ਘਰ ਵਿਚ ਘਮਸਾਨ ਮੱਚ ਗਿਆ। ਸ਼ੰਕਰ ਅਤੇ ਛੋਟੀ ਕਮਰੇ ਵਿਚੋਂ ਨਿਕਲ ਆਏ। ਗਲੀ ਵਿਚ ਆਂਢ ਗੁਆਂਢ

'ਚ ਵੱਡੀ ਦੀਆਂ ਚੀਕਾਂ ਅਤੇ ਮਨੀਆ ਦੀ ਗਰਜ ਅਤੇ ਗਾਲ੍ਹਾਂ ਪਹੁੰਚਣ ਲੱਗੀਆਂ ।

ਨੰਦੋ ਆਪਣੀ ਕੋਠੜੀ ਵਿਚ ਬੈਠੀ ਠਾਕੁਰ ਜੀ ਨੂੰ ਨਹਾਉਂਦੀ ਰਹੀ ।

ਸ਼ੰਕਰ ਨੇ ਵਡੇ ਭਰਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ : "ਹਟ ਜਾ ...।" ਮਨੀਆ ਨੂੰ ਏਸ ਵੇਲੇ ਖ਼ੂਨ ਚੜ੍ਹਿਆ ਹੋਇਆ ਸੀ । ਛਾਤੀ ਤਾਣ ਕੇ ਬੋਲਿਆ – "ਇਹ ਸਭ ਕੁਝ ਤੁਹਾਡੇ ਕਰਕੇ ਈ ਹੋਇਆ ਏ । ਤੂੰ ਈਂ ਸਾਲਿਆ, ਮੇਰੇ ਘਰ ਵਿਚ ਲੁੱਚੇ ਵਾੜੇ ਨੇ ? ਅਜ ਮੈਂ ਇਕ ਇਕ ਦਾ ਕਤਲ ਕਰ ਦੇਣਾ ਏਂ । ਏਸ......ਵਾਲੀ ਨੇ ਮੇਰੀ ਲੱਖਾਂ ਰੁਪਇਆਂ ਦੀ ਇੱਜ਼ਤ ਆਬਰੂ ਲਾਹ ਦਿਤੀ ਏ ! ਇਸ ਕੁੱਤੀ ਨੂੰ ਤੇ ਮੈਂ ਹੁਣ ਪੁੱਟ ਕੇ ਦੱਬ ਦੇਣਾ ਆ । ਲੈ ਕੁੱਤੀਏ, ਲੈ । ਇਹ ਪਿਆਰ, ਇਹ ਚੁੰਮੀ, ਇਹ ਬੋਸਾ......।"

ਇਕ ਹੱਥ ਨਾਲ ਉਹਦੀ ਬਾਂਹ ਫੜ ਕੇ ਸਾਰੇ ਵਿਹੜੇ ਵਿਚ ਮਾਰ ਮਾਰ ਕੇ, ਘਸੀਟ ਘਸੀਟ ਕੇ ਵਡੀ ਦੀ ਭੈੜੀ ਦੁਰਦਸ਼ਾ ਕਰ ਦਿੱਤੀ । ਉਹਦੀ ਗਿੱਲੀ-ਸਾੜ੍ਹੀ ਚਿੱਕੜ ਵਿਚ ਲੱਥ ਪੱਥ ਹੋ ਰਹੀ ਸੀ । ਉਹਦੇ ਅੰਗਾਂ ਦੀ ਲਾਜ ਬਚਾਇਆਂ ਬੱਚਦੀ ਨਹੀਂ ਸੀ ।

ਗਲੀ ਵਿਚ ਕੁਝ ਲੋਕ ਰੌਲਾ ਸੁਣ ਕੇ ਘਰ ਅੰਦਰ ਘੁੱਸ ਆਏ । ਚੌਹਾਂ ਪਾਸਿਆਂ ਤੋਂ, "ਓਏ, ਕੀ ਹੋਇਆ, ਓਏ ਨਾ ਮਾਰ" ਆਦਿ ਅਵਾਜ਼ਾਂ ਆਉਣ ਲੱਗੀਆਂ । ਆਈਆਂ ਹੋਈਆਂ ਦੋ ਤੀਵੀਆਂ ਨੂੰ ਇਤਿਹਾਸ ਦੱਸਣ ਲਈ ਨੰਦੋ ਨੇ ਉਹਨਾਂ ਨੂੰ ਆਪਣੀ ਕੋਠੜੀ ਵਿਚ ਬੁਲਾ ਲਿਆ ।

"ਹਾਏ ਤਰਸ ਕਰ !" ਗੁੰਨੋ ਪ੍ਰੋਹਤਾਣੀ ਸਾਰੀ ਕਥਾ ਸੁਣ ਕੇ ਬੋਲੀ । ਬੰਸੀ ਲਾਲ ਨੇ ਕੋਠੜੀ ਦੀ ਚੌਖਟ ਤੇ ਬੈਠੀ ਹੋਈ ਪ੍ਰੋਹਤਾਣੀ ਦੇ ਕੋਲ ਝੁਕ ਕੇ ਪੁੱਛਿਆ — "ਪ੍ਰੋਹਤਾਣੀ, ਕੀ ਹੋਇਆ ?"

"ਆਪਣਾ ਮੱਥਾ ਪਿੱਟ ਕੇ, ਦੁੱਖ ਭਰੀ ਆਵਾਜ ਵਿਚ ਪ੍ਰੋਹਤਾਣੀ ਜ਼ੋਰ ਨਾਲ ਬੋਲੀ— "ਕੀ ਦੱਸੀਏ ਵੀਰਾ, ਕਲਜੁੱਗ ਦੇ ਕਰਮ ਨੇ । ਏਸ ਸ਼ਜ਼ਾਦੇ ਵਰਗਾ ਮੁੰਡਾ ਜੀਹਦਾ ਮਰਦ ਹੋਏ, ਕਮਾਊ ਥਮਾਊ, ਸੁਹੱਪਣ, ਡੀਲਡੌਲ — ਲੈ, ਸਾਡਾ ਮਨੀਆ ਕਿਹੜੀ ਗੱਲੋਂ ਘਟ ਹੈਗਾ । ਭਗਵਾਨ ਨਾ ਕਰੇ, ਕਿਸੇ ਭਲੇ ਮਾਣਸ ਦੇ ਘਰ' ਐਹੋ ਜਿਹੀ ਬਹੂ ਆਏ । ਚੰਦਰੀ, ਸੂਰਨੀ ਦੀ ਜ਼ਾਤ, ਰਾਜੇ ਦੇ ਘਰ ਪਲ ਕੇ ਵੀ ਘਰ ਘਰ ਜੂਠ ਚੱਟਣ ਦੀ ਬਾਣ ਨ ਛੱਡੀ ! ਸੱਚੀ ਮੁੱਚੀ ਕਲਜੁੱਗ ਆ ਗਿਆ ਆਂ ਪੁੱਤਰਾ ! ਹਾਏ ! ਹਾਏ !"

"ਸਭ ਅੰਗਰੇਜ਼ੀ ਮਾਮਲੇ ਨੇ ਪ੍ਰੋਹਤਾਣੀ ਜੀ । ਹੁਣ ਸੁਰਾਜ ਹੋ ਗਿਆ ਏ । ਤੀਵੀਆਂ ਹੁਣ ਵੋਟ ਵੀ ਦੇਣ ਦੀਆਂ ਹੱਕਦਾਰ ਨੇ — ਇਹ ਜੋ ਚਾਹੁਣ ਕਰਨ। ਰਹੇ ਸਾਡੇ ਤੁਹਾਡੇ ਤਰਾਂ ਪੁਰਾਣੇ ਵਿਚਾਰਾਂ ਵਾਲੇ ਲੋਕ ਅਤੇ ਬਾਪ ਦਾਦਿਆਂ ਦੀ ਆਬਰੂ — ਸੋ ਭਰਾਵਾ, ਨੱਕ ਵਢਾ ਕੇ ਬੈਠੋ ਚੁੱਪ ਕਰਕੇ । ਕਲ੍ਹ ਨੂੰ ਕੋਈ ਪਾਰਟੀ ਇਹਦਾ ਵੀ ਪੱਜ ਲਾ ਕੇ ਹਵਾਈ ਜਹਾਜ਼ ਤੋਂ ਇਸ਼ਤਿਹਾਰ ਸੁੱਟੇਗੀ । ਇੰਜ ਨੱਕ ਵੱਢੀ ਤੇ ਵੱਢੀ ਉੱਤੋਂ ਸਾਰੀ ਦੁਨੀਆਂ ਥੁੱਕਣ ਆਏਗੀ ।......"

"ਓਏ, ਮੈਂ ਇਕ ਇਕ ਸਾਲੇ ਨੂੰ ਸਮਝ ਲਾਂਗਾ। ਸਭ ਨੂੰ ਕਤਲ ਕਰ ਦਿਆਂਗਾ।" ਮਨੀਆ ਵਿਹੜੇ 'ਚ ਖਲੋਤਾ ਗੱਜਿਆ।

"ਓਏ ਭਰਾਵਾ, ਰਈਸਾਂ ਦਾ ਮਾਮਲਾ ਆ......"

ਧੁੱਪ ਦੇ ਕੰਧਾਂ ਤੋਂ ਉੱਤਰ ਕੇ ਗਲੀ ਵਿਚ ਆਉਂਦਿਆਂ ਆਉਂਦਿਆਂ ਤਾਈਂ ਭਭੂਤੀ ਸੁਨਿਆਰੇ ਦੇ ਬੂਹੇ ਉਤੇ ਮਜਮਾ ਜੁੜ ਗਿਆ। ਮਿਸਟਰ ਵਰਮਾ ਦੇ ਮਕਾਨ ਦੇ ਸਾਹਮਣੇ, ਅਤੇ ਓਧਰ ਵੀ ਦੋ ਘਰ ਅਗਾਂਹ ਤਕ ਗਲੀ ਵਿਚ ਏਨੀ ਭੀੜ ਸੀ ਕਿ ਸਿੱਧਿਆਂ ਨਿਕਲਣਾ ਮੁਸ਼ਕਿਲ ਸੀ। ਹੌਲੀ ਹੌਲੀ ਘਰ ਵਿਚ ਭੀੜ ਵਧਦੀ ਗਈ; ਵਿਚ ਵਿਚ ਤੈਸ਼ ਵਿਚ ਆ ਕੇ ਮਨੀਆ, ਚਿੱਕੜ ਵਿਚ ਲੱਥ ਪੱਥ ਪਈ ਆਪਣੀ ਪਤਨੀ ਨੂੰ ਦੋ ਚਾਰ ਲੱਤਾਂ ਜੜ ਦੇਂਦਾ ਸੀ। ਵਿਚ ਵਿਚ ਜਨਤਾ ਦਾ ਸਮਝਾਉਣਾ ਬੁਝਾਉਣਾ ਵੀ ਚਲਦਾ ਰਿਹਾ, ਟੀਕਾ ਟਿਪਣੀ ਚਲਦੀ ਰਹੀ, ਗੱਲ ਆਖ਼ਰ ਵਿਚ ਤਾਰਾ-ਵਰਮਾ ਦੇ ਗੁਆਂਢ ਅਤੇ ਸੱਜਨ ਦੇ ਦੁਰਾਚਾਰ ਦੇ ਅੱਡੇ ਤੇ ਅਟਕ ਗਈ। ਨੰਦੋ ਦੀ ਕੋਠੜੀ 'ਚੋਂ ਜਿਹੜੀ ਮਹਿਲਾ ਮੰਡਲ ਦੀ ਧਾਰਨਾ ਪ੍ਰਚਾਰੀ ਜਾਂਦੀ ਸੀ ਉਹੋ ਲੋਕਮਤ ਤਿਆਰ ਕਰਨ ਵਿਚ ਸਹਾਇਕ ਸੀ। ਮਨੀਆ ਸੁਣਦਿਆਂ ਸੁਣਦਿਆਂ ਤੈਸ਼ ਵਿਚ ਆ ਗਿਆ। "ਮੈਂ ਸਾਲੀ ਰੰਡੀ ਨੂੰ ਆਪਣੇ ਘਰ ਨਹੀਂ ਰਖਾਂਗਾ। ਜਾਏ ਆਪਣੇ ਯਾਰਾਂ ਕੋਲ। ਨਿਕਲ ਸਹੁਰੀ ਦੀਏ!"

ਮਨੀਆ ਵੱਡੀ ਨੂੰ ਘਸੀਟ ਕੇ ਲੈ ਤੁਰਿਆ; ਅੰਗਣ, ਦਲਾਨ, ਚੁਗਾਠਾਂ ਦੀ ਉਚਾਣ ਨਿਵਾਣ ਨਾਲ ਠੋਕਰਾਂ ਖਾਂਦੀ ਹੋਈ ਵੱਡੀ ਦੀ ਜੀਉਂਦੀ ਲਾਸ਼ ਘਰੋਂ ਬਾਹਰ ਸੁਟ ਦਿਤੀ ਗਈ। ਵੱਡੀ ਬੜੀ ਮੁਸ਼ਕਿਲ ਨਾਲ, ਪਰ ਛੇਤੀ ਨਾਲ, ਆਪਣੇ ਕਪੜੇ ਲੱਤੇ ਸੰਭਾਲ, ਸੁੰਗੜ ਕੇ, ਗੋਡਿਆਂ ਵਿਚ ਮਿੱਟੀ ਨਾਲ ਲਿਬੜਿਆ ਸਿਰ ਲੁਕਾ ਸਹੁਰੇ ਦੀ ਦਹਿਲੀਜ਼ ਹੇਠਾਂ ਬਹਿ ਗਈ।

ਭੀੜ ਵਧਦੀ ਗਈ। ਸ਼ਹਿਰ ਨੂੰ ਇਕ ਨਵੀਂ ਚਰਚਾ ਮਿਲੀ। ਇਸ ਔਰਤ ਨਾਲ ਜੀਹਦਾ ਇਸ਼ਕ ਲੜਿਆ ਉਹ ਇਕ ਕਵੀ ਹੈ; ਅਤੇ ਇਕ ਰਈਸਜਾਦਾ ਜੋ ਸ਼ੌਕੀਆ ਪੇਂਟਰ ਹੈ, ਏਥੇ ਮਨ ਪ੍ਰਚਾਵੇ ਦਾ ਅੱਡਾ ਬਣਾਇਆ ਹੋਇਆ ਸੂ, ਉਹਦੀ ਛੱਤ ਤੋਂ ਹੀ ਇਹ ਇਸ਼ਕ ਦੀ ਕਹਾਣੀ ਸ਼ੁਰੂ ਹੋਈ। ਇਹਨਾਂ ਸਭ ਗੱਲਾਂ ਵਿਚ ਕੰਨਿਆ-ਸੱਜਨ ਦਾ ਕਿੱਸਾ, ਹਵਾਈ ਜਹਾਜ਼ ਦੀ ਇਸ਼ਤਿਹਾਰਬਾਜ਼ੀ ਦੀ ਚਰਚਾ ਵੀ ਇਕ ਵਾਰਗੀ ਜ਼ੋਰ ਫੜ ਗਈ। ਧਨਵਾਨਾਂ ਦੇ ਵਿਰੁੱਧ ਜਨਤਾ ਦੀ ਸੁਭਾਵਕ ਘ੍ਰਿਣਾ ਨੇ ਸੱਜਨ ਨੂੰ ਜਿਸ ਤਰ੍ਹਾਂ ਚਿਤਰਿਆ, ਉਹਦੇ ਨਾਲ ਉਥੇ ਉਹਦੇ ਵਿਰੁੱਧ ਬੜੀ ਗੰਦੀ ਹਵਾ ਫੈਲ ਗਈ। ਗੱਲਾਂ ਵਿਚ ਲੋਕਾਂ ਨੇ ਮਨੀਆ ਦੇ ਛੋਟੇ ਭਰਾ ਅਤੇ ਉਹਦੀ ਵਹੁਟੀ ਨੂੰ, ਤਾਰਾ-ਵਰਮਾ ਨੂੰ ਨਵਾਂ ਫ਼ੈਸ਼ਨ ਚਲਾਉਣ ਅਤੇ ਮੁਹੱਲੇ ਵਿਚ ਬੇਸ਼ਰਮੀ ਫੈਲਾਉਣ ਦੇ ਦੋਸ਼ ਵਿਚ ਵਲ ਲਿਆ।

ਚਿੱਕੜ ਨਾਲ ਭਰੀ, ਮੂੰਹ ਲੁਕਾਈ ਸੁੰਗੜੀ ਹੋਈ ਇਕ ਔਰਤ ਅਨੇਕਾਂ ਨੂੰ ਅਨੇਕਾਂ ਤਰ੍ਹਾਂ ਨਾਲ ਨਵੇਂ ਜ਼ਮਾਨੇ ਵਿਰੁੱਧ ਉਕਸਾਉਣ ਲਈ ਪ੍ਰੇਰਨਾ ਦੇ ਰਹੀ ਸੀ। ਕੁਝ ਗਭਰੂਆਂ ਨੂੰ ਅੱਧਖੜ ਬੁੱਢਿਆਂ ਦੇ ਇਹ ਰੀਮਾਰਕ ਬੇਹੱਦ ਰੜਕੇ। ਗਰਮੋ ਗਰਮ ਬਹਿਸ ਵੀ ਹੋ ਗਈ। ਨਤੀਜੇ ਵਜੋਂ ਆਖਰੀ ਲੋਕਮਤ (ਨਵਾਂ ਪੁਰਾਣਾ ਦਲ) ਇਹ ਸਾਹਮਣੇ ਅ ਇਆ ਕਿ ਨਵੇਂ ਪੁਰਾਣੇ ਸਭ ਜ਼ਮਾਨਿਆਂ ਵਿਚ ਚੰਗਿਆਈਆਂ ਵੀ ਹਨ ਅਤੇ ਬੁਰਾਈਆਂ ਵੀ। ਇਹਦੇ ਨਾਲ ਨਾਲ ਸਮਾਜ ਵਿਚ ਦੁਰਾਚਾਰ-ਵਿਭਚਾਰ ਵਾਲੀ ਰੁਚੀ ਨੂੰ ਦਬਾਉਣਾ ਚਾਹੀਦਾ ਹੈ, ਇਹ ਵੀ ਫ਼ੈਸਲਾ ਹੋ ਗਿਆ। ਇਸ ਤਰ੍ਹਾਂ ਭੀੜ ਬਹੁਤ ਸਾਰੀਆਂ ਨੈਤਿਕ-ਸਮਾਜਕ ਸਮੱਸਿਆਵਾਂ ਉਤੇ ਡੂੰਘਾ ਵਿਚਾਰ ਕਰਕੇ, ਕੁਝ ਸਿਧਾਂਤ ਨੀਯਤ ਕਰਕੇ, ਫਿਰ ਦਫ਼ਤਰ, ਦੁਕਾਨ, ਸਕੂਲ, ਕਾਲਜ ਆਦਿ ਲਈ ਜਾਣ ਵਾਸਤੇ (ਸਭ ਨੈਤਿਕ ਸਮੱਸਿਆਵਾਂ ਅਤੇ ਨਿਰਣਿਆਂ ਨੂੰ ਭੁੱਲ) ਆਪਣੇ ਆਪਣੇ ਘਰਾਂ ਨੂੰ ਤੁਰ ਪਈ। ਨਵੀਂ ਭੀੜ ਆਉਂਦੀ ਰਹੀ, ਪੁਰਾਣੀ ਜਾਂਦੀ ਰਹੀ।

ਵੱਡੀ ਉਂਜ ਹੀ ਤਮਾਸ਼ਾ ਬਣ ਕੇ ਬੈਠੀ ਰਹੀ।

27

ਵੱਡੇ ਭਰਾ ਦੇ ਅੰਨ੍ਹੇ ਗੁੱਸੇ, ਕਤਲ ਕਰਨ ਦੀ ਧਮਕੀ ਅਤੇ ਚੌਂਹ ਸਾਹਮਣੇ ਆਪਣੀ ਇੱਜ਼ਤ ਬਚਾਉਣ ਦੇ ਖ਼ਿਆਲ ਨਾਲ ਸ਼ੰਕਰ ਲਾਲ ਉੱਪਰ ਹੀ ਚਲਾ ਗਿਆ। ਦੂਜੀ ਮੰਜ਼ਲ ਤੇ ਛੋਟੀ ਵੀ ਸਹਿਮੀ ਖਲੋਤੀ ਸੀ। ਉਹਦਾ ਮੂੰਹ ਡਰ ਨਾਲ ਚਿੱਟਾ ਹੋ ਗਿਆ ਸੀ। ਸੁੰਦਰ ਦੀ ਫੂੰ ਫਾਂ ਵੀ ਗੁਆਚ ਰਹੀ ਸੀ। ਸ਼ੰਕਰ ਅਤੇ ਛੋਟੀ ਥੋੜੀ ਜਿਹੀ ਆੜ ਲੈ ਕੇ ਖਲੋਤੇ ਹੇਠਲਾ ਤਮਾਸ਼ਾ ਚੁੱਪਚਾਪ ਵੇਖ ਰਹੇ ਸਨ।

ਤਾਰਾ-ਵਰਮਾ ਆਪਣੇ ਘਰ ਵਿਚ ਇਸ ਗੜਬੜ ਦਾ ਇਤਿਹਾਸ ਜਾਣਨ ਲਈ ਬੜੇ ਕਾਹਲੇ ਪੈ ਰਹੇ ਸਨ। ਵਰਮਾ ਨੇ ਤਾਰਾ ਨੂੰ ਤਾਂ ਉਤੇ ਜਾਣ ਤੋਂ ਰੋਕ ਦਿਤਾ ਅਤੇ ਆਪ ਹੀ ਪਤਨੀ ਦੀ ਪ੍ਰੇਰਨਾ ਨਾਲ ਭਭੂਤੀ ਦੀ ਛੱਤ ਤੇ ਚੜ੍ਹ ਕੇ ਹੇਠਾਂ ਉਤਰਿਆ। ਤੀਜੀ ਮੰਜ਼ਲ ਦੇ ਚਿੱਕ 'ਚੋਂ ਝਾਕ ਕੇ ਧੁਰ ਹੇਠਾਂ ਵਿਹੜੇ ਵਿਚਲਾ ਤਮਾਸ਼ਾ ਵੇਖਣ ਲਗਾ। ਛੋਟੀ ਦੀ ਨਜ਼ਰ ਉਤਾਂਹ ਗਈ। ਵਰਮਾ ਨੂੰ ਵੇਖ ਕੇ ਉਹਨੇ ਆਪਣੇ ਪਤੀ ਨੂੰ ਇਸ਼ਾਰਾ ਕੀਤਾ। ਵਰਮਾ ਨੇ ਦੋਵਾਂ ਨੂੰ ਇਸ਼ਾਰੇ ਨਾਲ ਉੱਪਰ ਬੁਲਾਇਆ ਅਤੇ ਡੂੰਘਾ ਸਾਹ ਲੈਂਦਿਆਂ ਕਿਹਾ — "ਮਿਸਟਰ ਲਾਲ ਹੁਣ ਤਾਂ ਪੁਲਸ ਨੂੰ ਇਨਫ਼ਾਰਮ ਕਰ ਦਿਓ। ਇਹ ਮੁਹੱਲੇ ਵਾਲੇ ਵੀ ਬੜੇ ਨੀਚ ਨੇ। ਇਸ ਖ਼ੋਤੇ ਮਨੀਏ ਨੂੰ ਸ਼ਹਿ ਦੇ ਦੇ ਕੇ ਇਹ ਮੋਹਨੀ ਦੇਵੀ ਨੂੰ ਮਰਵਾ ਈ ਦੇਣਗੇ।"

ਪਤਨੀ ਨੇ ਰੋਂਦਿਆਂ ਹੋਇਆਂ ਸਿਫ਼ਾਰਸ਼ ਕੀਤੀ — "ਹਾਂ ਫੜਵਾ ਦਿਓ ਇਹਨੂੰ ਨਹੀਂ ਤੇ ਵਿਚਾਰੀ ਦੀਦੀ ਦੀ ਜਾਨ......"

"ਮੈਨੂੰ ਕੋਈ ਇਤਰਾਜ਼ ਨਹੀਂ। ਬਸ, ਇਹੋ ਸੋਚਦਾ ਹਾਂ ਕਿ ਪੁਲਸ ਦੀ ਛਾਣਬੀਣ ਵਿਚ ਵਿਚਾਰੇ ਮਿਸਟਰ ਸੱਜਨ ਵਾਧੇ ਈ ਇਨਵਾਲਵਡ ਹੋ ਜਾਣਗੇ। ਉਂਜ ਵੀ ਤੁਸਾਂ ਵੇਖ ਲਿਆ ਕਿ ਮੁਹੱਲੇ ਵਾਲੇ ਸਿਰਫ਼ ਉਹਨਾਂ ਨੂੰ ਹੀ ਨਹੀਂ ਸਗੋਂ ਸਾਨੂੰ ਵੀ ਬੁਰਾ ਭਲਾ ਕਹਿ ਰਹੇ ਨੇ।" ਸ਼ੰਕਰ ਲਾਲ ਨੇ ਜਵਾਬ ਦਿਤਾ।

"ਫਿਰ ਇਹਨਾਂ ਦਾ ਹੋਏਗਾ ਕੀ ? ਜਾਂ ਤਾਂ ਇਹਦੇ ਪੇਕੇ ਵਾਲਿਆਂ ਨੂੰ......"

"ਪੇਕੇ ਵਿਚਾਰੀ ਦੇ ਕੌਣ ਆ। ਮਤਰਇਆ ਭਰਾ ਏ; ਤੇ ਉਹ ਭਲਾ ਇਸ ਹਾਲਤ ਵਿਚ ਮੋਹਨੀ ਨੂੰ ਰਖ ਲਏਗਾ, ਕਿਉਂ ਸਰੂਪ — ਮੈਨੂੰ ਤੇ ਨਹੀਂ ਜਾਪਦਾ।" ਤਾਰਾ ਨੇ ਕਿਹਾ।

ਛੋਟੀ ਨੇ ਠੰਡਾ ਸਾਹ ਲੈ ਕੇ ਕਿਹਾ — "ਉਂ ਹੂੰ!"

"ਮਰਦਾਂ ਵਿਚ ਇਹੋ ਤਾਂ ਆਪ ਹਦਰੀ ਏ। ਆਪ ਸਭ ਕੁੜ ਕਰ ਲੈਣ, ਕੋਈ ਦੋਸ਼ ਨਹੀਂ, ਪਰ ਜੇਕਰ ਪਤਨੀ......"

ਪਤਨੀ ਦੀ ਗੱਲ ਟੋਕਦਿਆਂ ਵਰਮਾ ਨੇ ਸ਼ੰਕਰ ਨੂੰ ਕਿਹਾ — "ਤਾਂ ਤੁਸੀਂ ਮਿਸਟਰ ਸੱਜਨ ਵਰਮਾ ਨੂੰ ਹੀ ਇਨਫ਼ਾਰਮ ਕਰੋ......"

"ਵਿਰ ਵਿਰਹੇਸ਼ ਜੀ ਨੂੰ ਇਨਫ਼ਾਰਮ ਕਰੋ। ਗ਼ਲਤੀ ਕੋਈ ਵੀ ਹੋਏ, ਆਖ਼ਰ ਉਹ ਮੋਹਨੀ ਦੇਵੀ ਦੇ ਲਵਰ ਨੇ......"

"ਹਾਂ ਹਾਂ ਉਹਨੂੰ ਇਨਫ਼ਾਰਮ ਕਰੋ।" ਤਾਰਾ ਨੇ ਪਤੀ ਦੀ ਗੱਲ ਦੀ ਹਾਮੀ ਭਰੀ, ਫਿਰ ਛੋਟੀ ਨੂੰ ਕਿਹਾ — "ਸਰੂਪ ਬਿੱਟੀ ਭੁੱਖੀ ਹੋਏਗੀ। ਵਿਚਾਰੀ ਕਿਵੇਂ ਰੋ ਰਹੀ ਏ!"

"ਮੇਰੇ ਵਲ ਚਲੋ।" ਤਾਰਾ ਨੇ ਕਿਹਾ, ਫਿਰ ਸੰਕਰ ਵਲ ਵੇਖ ਕੇ ਬੋਲੀ — ' ਮਿਸਟਰ ਲਾਲ, ਤੁਸੀਂ ਕਿਸੇ ਤਰ੍ਹਾਂ ਵਿਰਹੇਸ਼ ਜੀ ਨੂੰ ਖ਼ਬਰ ਕਰੋ।"

"ਕੀ ਦਸਾਂ, ਉਹਦੇ ਘਰ ਦਾ ਹੀ ਮੈਨੂੰ ਪਤਾ ਨਹੀਂ......ਪਰ ਠਹਿਰੋ ਮੈਂ ਮਹੀਪਾਲ ਜੀ ਦੇ ਘਰ ਜਾਂਦਾ ਹਾਂ। ਉਹ ਸਾਹਿਤਕਾਰ ਨੇ ਸ਼ਾਇਦ......"

"ਡੂ ਪਲੀਜ਼। ਜਲਦੀ ਜਾਓ।" ਵਰਮਾ ਬੋਲਿਆ।

"ਚਲੋ ਤੁਹਾਡੀ ਵਲੋਂ ਈ ਚਲਾ ਜਾਵਾਂਗਾ। ਸਾਈਕਲ ਵੀ ਤੁਹਾਡੀ ਹੀ......"

"ਹਾਂ, ਹਾਂ, ਚਲੋ।"

"ਹਾਂ, ਆਪਣੇ ਘਰ ਦੇ ਦਰਵਾਜ਼ੇ ਥਾਣੀ ਜਾਣਾ ਤੇ ਠੀਕ ਨਹੀਂ।"

"ਠੀਕ ਏ, ਆਓ।"

ਸਭ ਜਣੇ ਵਰਮਾ ਦੇ ਘਰ ਜਾਣ ਲਈ ਉਪਰ ਦੀ ਛੱਤ ਤੇ ਚੜ੍ਹਨ ਲਗੇ। ਛੋਟੀ ਨੇ ਬਿੱਟੀ ਨੂੰ ਆਪਣੇ ਪਤੀ ਦੀ ਗੋਦ ਵਿਚ ਦੇਂਦਿਆਂ ਕਿਹਾ — "ਤੁਸੀਂ ਚਲੋ ਮੈਂ ਕਮਰੇ

ਨੂੰ ਤਾਲਾ ਲਾ ਕੇ ਆਉਂਦੀ ਆਂ।"

ਡੇਢ ਘੰਟੇ ਦੇ ਅੰਦਰ ਹੀ ਮਹੀਪਾਲ ਅਤੇ ਕਰਨਲ ਆ ਗਏ। ਭੀੜ ਛੰਡੀ ਗਈ ਸੀ; ਫਿਰ ਵੀ ਕੁਝ ਤੀਵੀਂਆਂ ਮਰਦ ਘਰ ਦੇ ਆਲੇ ਦੁਆਲੇ ਜਮ੍ਹਾਂ ਸਨ, ਟੀਕਾ ਟਿਪਣੀਆਂ ਚਲ ਰਹੀਆਂ ਸਨ। ਮਨੀਆ ਬੈਠਕ ਵਿਚ ਦੋਂਹ ਚਹੁੰ ਹੁਣੇ ਬਣੇ ਨਿੱਘੇ ਹਿਤੈਸ਼ੀਆਂ ਨਾਲ ਘਿਰਿਆ ਸਿਗਰਟ ਪੀਂਦਾ ਹੋਇਆ ਗੰਭੀਰ ਬੈਠਾ ਸੀ। ਨੰਦੋ ਦਾ ਦਰਬਾਰ ਹੁਣ ਕੋਠੜੀ 'ਚੋਂ ਉਠ ਕੇ ਦਲਾਨ ਵਿਚ ਆ ਗਿਆ ਸੀ। ਛੋਟੀ ਵੱਡੀ ਦੀ ਬੱਚੀ ਨੂੰ ਲੈ ਕੇ ਹੁਣ ਤਕ ਤਾਰਾ ਵਲ ਹੀ ਸੀ। ਆਪਣੇ ਪਤੀ ਦੇ ਆਉਣ ਦੀ ਉਡੀਕ ਕਰ ਰਹੀ ਸੀ। ਤਾਰਾ ਅਤੇ ਵਰਮਾ ਵੀ ਉਡੀਕ ਕਰ ਰਹੇ ਸਨ। ਵਰਮਾ ਅੱਜ ਆਪਣੇ ਕੰਮ ਤੇ ਵੀ ਨਹੀਂ ਗਿਆ।

ਵਰਮਾ ਨੇ ਆਪਣੇ ਘਰ ਦੇ ਦਰਵਾਜ਼ੇ 'ਚੋਂ ਕਰਨਲ ਅਤੇ ਮਹੀਪਾਲ ਨੂੰ ਗਲੀ ਵਿਚ ਆਉਂਦਿਆਂ ਹੋਇਆਂ ਵੇਖਿਆ। ਸ਼ੰਕਰ ਲਾਲ ਉਹਨਾ ਨਾਲ ਨਹੀਂ ਸੀ। ਇਹ ਲੋਕ ਕਾਰ ਤੇ ਆਏ ਸਨ। ਕਰਨਲ ਦਾ ਡਰਾਈਵਰ ਵੀ ਨਾਲ ਹੀ ਆਇਆ ਸੀ।

ਭੀੜ ਨੂੰ ਹਟਾਉਂਦਿਆਂ ਹੋਇਆਂ ਮਹੀਪਾਲ ਵੱਡੀ ਕੋਲ ਪਹੁੰਚ ਗਿਆ। ਕਰਨਲ ਉਹਦੇ ਨਾਲ ਹੀ ਸੀ।

ਅੰਖਡ ਸਮਾਧੀ ਵਾਲੇ ਜੋਗੀ ਵਾਂਗ ਗੋਡਿਆਂ ਵਿਚ ਸਿਰ ਨਿਵਾਈ ਵੱਡੀ ਉਂਜ ਦੀ ਉਂਜ ਈ ਬੈਠੀ ਸੀ!

ਮਹੀਪਾਲ ਨੇ ਅਗਾਂਹ ਹੋ ਕੇ ਉਹਦੇ ਸਿਰ ਤੇ ਹੱਥ ਰਖਿਆ ਅਤੇ ਕਿਹਾ – "ਉਠ ਭੈਣ ਮੇਰੇ ਨਾਲ ਆ।"

ਵੱਡੀ ਨੇ ਸਿਰ ਨਾ ਚੁਕਿਆ। ਕਰਨਲ ਨੇ ਭੀੜ ਵਲ ਵੇਖ ਕੇ ਦਬਕਾ ਮਾਰਿਆ – "ਤੁਸਾਂ ਲੋਕਾਂ ਜੀ ਕਿਹੜੀ ਗੱਲ ਦਾ ਮਜਮਾ ਲਾਇਆ ਹੋਇਆ ਏ ? ਏਥੇ ਕੋਈ ਤਮਾਸ਼ਾ 'ਏ ਜੋ ਵੇਖਣ ਲਈ ਖਲੋ ਗਏ ਓ ?"

ਨਵੀਂ ਆਵਾਜ਼ 'ਚੋਂ ਨਵੀਂ ਹਰਕਤ ਮਹਿਸੂਸ ਕਰਕੇ ਮਨੀਆ ਬੈਠਕ 'ਚੋਂ ਨਿਕਲ ਆਇਆ।

ਜਨਤਾ 'ਚੋਂ ਇਕ ਟੇਢੇ ਖਾਂ ਨੇ ਕਰਨਲ ਨੂੰ ਹੱਸ ਕੇ ਜਵਾਬ ਦਿਤਾ – "ਤਮਾਸ਼ਾ ਤੇ ਹੈ ਈ ਲਾਲਾ ਜੀ। ਲੈਲਾ ਮਜਨੂੰ ਦਾ ......"

"ਤੁਹਾਨੂੰ ਸ਼ਰਮ ਨਹੀਂ ਆਉਂਦੀ !" ਇਹ ਵਾਕ ਕਰਨਲ ਅਤੇ ਮਹੀਪਾਲ ਦੋਵਾਂ ਦੇ ਮੂੰਹ 'ਚੋਂ ਨਾਲ ਨਾਲ ਨਿਕਲਿਆ, ਮਹੀਪਾਲ ਨੂੰ ਬੋਲਦਿਆਂ ਵੇਖ ਕਰਨਲ ਚੁੱਪ ਹੋ ਗਿਆ। ਮਹੀਪਾਲ ਬੋਲਦਾ ਗਿਆ — 'ਤੁਹਾਨੂੰ ਮਜ਼ਾਕ ਸੁਝ ਰਿਹਾ ਏ। ਇਸ ਵਿਚਾਰੀ ਨਿਆਸਰੀ ਔਰਤ ਦੀ ਦੁਰਦਸ਼ਾ ਵਖ ਕੇ ਤੁਹਾਨੂੰ ਬੜਾ ਸੁਖ ਮਿਲ ਰਿਹਾ ਹੋਏਗਾ, ਹੈਂ ? ਮੈਂ ਚੁਣੌਤੀ ਦੇਂਦਾ ਆਂ ਤੁਹਾਡੇ ਵਿਚੋਂ ਜੋ ਵੀ ਮਨ, ਬਚਨ, ਅਤੇ ਕੰਮ

ਵਿਚ ਖਰਾ ਹੋਏ ਉਹ ਅਗਾਂਹ ਆ ਕੇ ਇਸ ਔਰਤ ਦੀ ਨਿੰਦਿਆ ਕਰੇ । ਸੱਚ ਆ ਕਿ ਇਸ ਔਰਤ ਨੇ ਬੜਾ ਖ਼ਰਾਬ ਕੰਮ ਕੀਤਾ, ਪਰ ਤੁਹਾਡੇ ਵਿਚ ਸੱਚੇ ਚਲਨ ਵਾਲਾ ਅਤੇ ਪਾਪਾਂ ਤੋਂ ਬਿਨਾਂ ਏ । ਜੀਹਦਾ ਦਾਅਵਾ ਹੈ, ਉਹ ਮੇਰੇ ਸਾਹਵੇਂ ਆਏ ।"

ਲੋਕ ਬਾਗ਼ ਪਲ ਭਰ ਲਈ ਸਕਤੇ ਵਿਚ ਆ ਗਏ । ਮਨੀਆਂ ਆਪਣੀ ਦਹਿਲੀਜ਼ ਵਿਚ ਖਲੋਤਾ ਹਿੱਕ ਕੱਢ ਕੇ ਬੋਲਿਆ — "ਤੁਸੀਂ ਕੌਣ ਓ ਬਾਊ ਸਾਹਿਬ ?"

ਮਹੀਪਾਲ ਨੇ ਆਪਣਾ ਅਪਮਾਨ ਸਮਝਿਆ, ਉਹਨੇ ਤਿਊੜੀਆਂ ਵਿਚ ਜ਼ੋਰ ਭਰ ਕੇ ਕਿਹਾ – "ਤੇ ਤੂੰ ਕੌਣ ਹੈਂ ?" ਮਨੀਏ ਅਗੋਂ ਕਿਹਾ – "ਮੈਂ ਏਸ ਔਰਤ ਦਾ ਪਤੀ ਆਂ ।"

"ਤਾਂ ਝਟ ਕਰਦੀ ਆਪਣੀ ਪਤਨੀ ਨੂੰ ਅੰਦਰ ਲੈ ਜਾ ।"

"ਤੁਸੀਂ —" ਮਨੀਆ ਦੇ ਬੋਲਣ ਤੋਂ ਪਹਿਲਾਂ ਹੀ ਕਰਨਲ ਤੈਸ਼ ਵਿਚ ਆ ਗਿਆ, ਹੱਥ ਵਧਾ ਕੇ ਬੋਲਿਆ — "ਤੁਸੀਂ ਤੁਸੀਂ ਕੀ ਕਰਦਾ ਏਂ । ਤੈਨੂੰ ਆਪਣੀ ਪਤਨੀ ਨੂੰ ਮਾਰਨ ਦਾ ਹੱਕ ਕੀਹਨੇ ਦਿਤਾ ? ਜੇ ਉਹ ਬਦਚਲਨ ਏ ਤਾਂ ਕੋਰਟ ਵਿਚ ਦਾਅਵਾ ਕਰਦੋਂ ਜਾ ਕੇ । ਤੂੰ ਕਾਨੂੰਨ ਨੂੰ ਕਿਉਂ ਆਪਣੇ ਹੱਥ ਵਿਚ ਲਿਆ ?"

"ਤੁਸੀਂ ਵੀ ਇਹਦੇ ਯਾਰ ਓ ?" ਮਨੀਆਂ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮਹੀਪਾਲ ਨੇ ਉਹਦਾ ਹੱਥ ਫੜ ਕੇ ਖਿੱਚ ਲਿਆ । ਮਨੀਆ ਇਸ ਅਚਾਨਕ ਹਮਲੇ ਨੂੰ ਸੰਭਾਲ ਨਾ ਸਕਿਆ, ਖਿੱਚਿਆ ਖਿੱਚਿਆ ਗਲੀ ਵਿਚ ਕੁੱਦ ਪਿਆ । ਦਰਵਾਜ਼ੇ ਹੇਠਾਂ ਬਣੀ ਛੋਟੀ ਥੜੀ ਦੀ ਠੋਕਰ ਵੀ ਲਗੀ । ਅਤੇ ਉਤੋਂ ਮਹੀਪਾਲ ਦਾ ਉਹ ਕੜਾਕੇਦਾਰ ਹੱਥ ਪਿਆ ਕਿ ਗਲ੍ਹ ਅਤੇ ਕੰਨਪਟੀ ਸੁੰਨ ਹੋ ਗਈ । ਮਨੀਆ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ । ਮਹੀਪਾਲ ਨੇ ਉਹਦਾ ਖੱਬਾ ਹੱਥ ਫੜਿਆ ਹੋਇਆ ਸੀ; ਸੱਜਾ ਹੱਥ ਜਿਉਂ ਹੀ ਮਾਰਨ ਲਈ ਚੁਕਿਆ ਕਿ ਮਹੀਪਾਲ ਨੇ ਵੀਣੀ ਫੜ ਲਈ । ਦੋਵੇਂ ਕਸਰਤੀ ਜਵਾਨ ਆਪੋ ਵਿਚ ਜੁਟ ਗਏ ।

ਕਰਨਲ ਨੇ ਭੀੜ ਵਲ ਮੂੰਹ ਕਰਕੇ ਆਵਾਜ਼ ਦਿਤੀ — "ਡਰਾਈਵਰ ! ਡਰਾਈਵਰ ! ਸ਼ਿਉਮੰਗਲ !"

ਸ਼ਿਉਮੰਗਲ ਭੀੜ ਵਿਚ ਅਗਾਂਹ ਆਉਂਦਾ ਦਿਸਿਆ । ਕਰਨਲ ਨੇ ਉੱਚੀ ਸਾਰੀ ਉਹਨੂੰ ਹੁਕਮ ਦਿਤਾ — "ਲਾਲਾ ਜਾਨਕੀ ਸਰਨ ਵਲ ਜਾ ਕੇ ਕੋਤਵਾਲੀ ਟੈਲੀਫ਼ੋਨ ਕਰੋ । ਮੇਰਾ ਨਾਮ ਲੈ ਕੇ ਸ਼ੁਕਲਾ ਜੀ ਨੂੰ ਕਹਿਣਾ ਕਿ ਜਲਦੀ ਬੁਲਾਇਆ ਏ ।"

ਭੀੜ ਵਿਚ ਕੁਝ ਵਿਚ-ਬਚਾਅ ਕਰਨ ਵਾਲੇ, ਕੁਝ ਵਿਦਰੋਹ ਮਾਰਕਾ, ਕੁਝ ਲੈ ਭੱਜ ਕਿਸਮ ਦੇ ਤਮਾਸ਼ਬੀਨ ਸਨ । ਪੁਲਸ ਦਾ ਨਾਂ ਸੁਣਦਿਆਂ ਹੀ ਲੈ-ਭੱਜ ਪਰਾਈ ਨਿੰਦਾ, ਪਰਾਏ ਦੇਸ਼ ਦਾ ਏਨਾ ਈ ਸੁਖ ਲੈ ਕੇ ਬੁੜਬੁੜ ਕਰਦੇ ਭੱਜ ਗਏ, ਵਿਚ ਬਚਾਅ ਕਰਨ ਵਾਲੇ ਮਹੀਪਾਲ ਅਤੇ ਮਨੀਆ ਦੇ ਮੱਲ ਜੁੱਧ ਵਿਚ "ਹਾਂ, ਹਾਂ" ਕਰਦੇ ਹੋਏ ਕੁੱਦ ਪਏ ਅਤੇ ਵਿਦਰੋਹੀ ਵਰਗ ਵਿਚੋਂ ਇਕ ਮੁਨਸ਼ੀ ਜੀ ਪੁਲਸ ਦਾ ਨਾਂ ਸੁਣ ਕੇ ਕਰਨਲ ਨੂੰ

ਕਹਿਣ ਲਗੇ — "ਹਾਂ-ਹਾਂ, ਪੁਲਸ ਬੁਲਾਓ, ਫ਼ੌਜ ਬੁਲਾਓ — ਸਰਮਾਏਦਾਰਾਂ ਦਾ ਤਾਂ ਰਾਜ ਆ ਅੱਜ ਕਲ੍ਹ ! ਸਾਲੇ ਮਹੱਲੇ ਵਿਚ ਆ ਕੇ ਬਦਮਾਸ਼ੀ ਕਰਨਗੇ ਤੇ ਉਤੋਂ ਪੁਲਸ ਦੀ ਧਮਕੀ ਦੇਣਗੇ !"

ਦੂਸਰਾ ਬੋਲਿਆ — "ਓਏ ! ਅਸੀਂ ਇਹਨਾਂ ਤੇ ਇਹਨਾਂ ਦੀ ਪੁਲਸ ਨੂੰ ਤੁੰਨ ਦਿਆਂਗੇ, ਸਾਲਿਆਂ ਨੂੰ ਏਥੇ ਈ......"

ਮਨੀਆ ਜੋ ਮਹੀਪਾਲ ਤੋਂ ਛੁੱਟ ਕੇ ਦੂਸਰੇ ਦੀਆਂ ਬਾਹਾਂ ਵਿਚ ਜਕੜਿਆ ਹੋਇਆ ਸੀ ਤੇ ਜੋਸ਼ ਨਾਲ ਹਫ਼ ਰਿਹਾ ਸੀ, ਬੋਲਿਆ — "ਮੇਰੀ ਔਰਤ ਏ । ਮੈਂ ਮਾਰਾਂਗਾ । ਤੇ ਜਿਹੜਾ ਬਚਾਓਣ ਆਏਗਾ ਉਹਨੂੰ ਵੀ ਮਾਰਾਂਗਾ । ....."

"ਜਾਣ ਦਿਓ, ਜਾਣ ਦਿਓ......"

"ਸੌਹਰੀ ਦੇ ਚੌਧਰੀ ਬਣਦੇ ਨੇ ! ਮੇਰੀ ਲੱਖਾਂ ਦੀ ਪੱਤ — ਇਸ ਸਾਲੀ ਨੂੰ ਇਹਦੇ ਯਾਰਾਂ ਦੇ ਸਾਹਮਣੇ ਹੀ......" ਮਨੀਆ ਨੇ ਲੋਕਾਂ ਦਿਆਂ ਹੱਥਾਂ 'ਚੋਂ ਛੁੱਟ ਕੇ ਫਿਰ ਵੱਡੀ ਨੂੰ ਲੱਤ ਮਾਰੀ । ਵੱਡੀ ਕੰਧ ਨਾਲ ਜੁੜ ਗਈ — ਪਰ ਸਿਰ ਨਾ ਚੁਕਿਆ । ਮਹੀਪਾਲ ਜੋਸ਼ ਨਾਲ ਅਗਾਂਹ ਹੋਇਆ । ਲੋਕਾਂ ਨੇ ਦੋਵਾਂ ਨੂੰ ਰੋਕਿਆ — "ਜਾਣ ਦਿਉ ਬਾਊ ਜੀ ! ਓਏ, ਮਨੀਏ ਮੰਨਦਾ ਕਿਉਂ ਨਹੀਂ । ਹੁਣ ਮਾਰ ਕੁੱਟ ਦਾ ਕੀ ਫ਼ਾਇਦਾ । ਜੇ ਨਹੀਂ ਰਖਣੀ ਤਾਂ ਕੱਢ ਗਸ਼ਤੀ ਨੂੰ । ਪੇਕੇ ਸੁੱਟ ਆ ਸਾਲੀ ਨੂੰ ।"

"ਕਿਤੇ ਜਾਏ । ਢੱਠੇ ਖੂਹ 'ਚ ਜਾਏ......ਵਾਲੀ ।" ਮਨੀਆ ਨੂੰ ਧੱਕ ਕੇ ਲੋਕ-ਬਾਗ ਘਰ ਦੇ ਅੰਦਰ ਲੈ ਗਏ । ਮਹੀਪਾਲ ਉਹਦੇ ਨਾਲੋਂ ਤਕੜਾ ਸਾਬਤ ਹੋਇਆ ਸੀ । ਉਹਨੂੰ ਸੁੱਟ ਕੇ ਉਹਨੇ ਚੰਗਾ ਰਗੜਿਆ ਸੀ । ਆਪਣੇ ਇਸ ਖੁਲ੍ਹੇ ਅਪਮਾਨ ਕਰਕੇ ਮਨੀਆ ਦਾ ਕ੍ਰੋਧ ਦੂਣਾ ਹੋ ਕੇ ਭੜਕ ਰਿਹਾ ਸੀ । ਉਹ ਆਪਣੇ ਕਾਬੂ ਵਿਚ ਸੀ ।

ਲਾਲਾ ਜਾਨਕੀ ਸਰਨ, ਪੁਲਸ ਦਾਰੋਗਾ ਸ਼ੁਕਲਾ ਅਤੇ ਦੋ ਸਿਪਾਹੀਆਂ ਨਾਲ ਆ ਗਿਆ । ਉਹਨਾਂ ਨੂੰ ਵੇਖ ਕੇ ਰੌਲਾ ਮੱਠਾ ਪਿਆ । ਥੋੜੀ ਦੇਰ ਲਈ ਉਹਨਾਂ ਦੇ ਸਮਝਾਉਣ ਬੁਝਾਉਣ ਤੇ ਮਨੀਆ ਇਸ ਗੱਲ ਤੇ ਰਾਜ਼ੀ ਹੋ ਗਿਆ ਕਿ ਉਹਦੀ ਪਤਨੀ ਹੁਣ ਉਹਦੇ ਕਿਸੇ ਕੰਮ ਦੀ ਨਹੀਂ ਰਹੀ । ਜਿਹੜਾ ਉਹਨੂੰ ਖੜਨਾ ਚਾਹੇ ਖੜ ਸਕਦਾ ਏ — ਜਹੱਨੁਮ 'ਚ ਜਾਏ ।"

ਮਨੀਆ ਨੂੰ ਘੇਰ ਘੂਰ ਕੇ ਲੋਕੀਂ ਉਹਦੀ ਬੈਠਕ ਵਿਚ ਲੈ ਗਏ । ਲਾਲਾ ਜਾਨਕੀ ਸਰਨ, ਕਰਨਲ ਅਤੇ ਦੋ ਚਾਰ ਹੋਰ ਭੀੜ ਨੂੰ ਹਟਾਉਣ ਲਗੇ । ਸ਼ੰਕਰ ਲਾਲ ਨੇ ਭਰਜਾਈ ਨੂੰ ਜ਼ੋਰ ਦੇ ਕੇ ਉਠਾਇਆ ।

ਦੋ ਢਾਈ ਘੰਟਿਆਂ ਪਿਛੋਂ ਵੱਡੀ ਦਾ ਸਿਰ ਗੋਡਿਆਂ ਤੋਂ ਉਤਾਂਹ ਉਠਿਆ ਚਿਹਰਾ ਪੱਥਰ ਵਾਂਗ ਨਿਰਜਿੰਦ ਸੀ ।

ਇਸ ਵਿਚ ਮਹੀਪਾਲ ਦਾ ਮਨ ਸਾਰੇ ਨਜ਼ਾਰੇ ਤੋਂ ਵੱਖਰਾ ਹੋ ਕੇ ਆਪਣਾ ਆਪ

ਗੁਆਚ ਚੁਕਿਆ ਸੀ।

ਵਰਮਾ ਦੇ ਘਰ ਵੱਡੀ ਦੇ ਆਉਂਦਿਆਂ ਹੀ ਤਾਰਾ ਅਤੇ ਛੋਟੀ ਦੋਵੇਂ ਉਹਨੂੰ ਲਿਪਟ ਗਈਆਂ। ਵੱਡੀ ਮੂਰਤੀ ਵਾਂਗ ਅਡੋਲ ਖੜੀ ਸੀ। ਉਹਦੇ ਸਰੀਰ ਉਤੇ ਥਾਂ ਥਾਂ ਖਰੂੰਢ, ਮਾਰ ਦੇ ਨੀਲੇ ਨਿਸ਼ਾਨ ਉਭਰ ਰਹੇ ਸਨ।

ਵਰਮਾ ਅਤੇ ਸ਼ੰਕਰ ਆਪੋ ਵਿਚ 'ਹੁਣ ਕੀ ਕਰਨਾ ਚਾਹੀਦਾ ਏ' — ਸਮੱਸਿਆ ਤੇ ਵਿਚਾਰ ਕਰਨ ਲਗੇ। ਕਰਨਲ ਲਾਲਾ ਜਾਨਕੀ ਸਰਨ ਦੀ ਕੋਠੀ ਵਲ ਜਾਂਦਾ ਹੋਇਆ ਕਹਿ ਗਿਆ — "ਉਸ ਔਰਤ ਨੂੰ ਬੜੀ ਮਾਰ ਪਈ ਏ। ਮੈਂ ਡਾ: ਸਿੰਵਗ ਨੂੰ ਫ਼ੋਨ ਕਰਕੇ ਹੁਣੇ ਬੁਲਾਉਂਦਾ ਆਂ। ਕੋਈ ਸੀਰੀਅਸ ਗੁੱਝੀ ਸੱਟ ਨਾ ਲਗ ਗਈ ਹੋਵੇ। ਹੁਣ ਮਾਰ ਦਾ ਹੀ ਐਕਸ਼ਨ ਹੋਏਗਾ। ਉਹਨੂੰ ਝਟ ਪਟ ਦੁੱਧ ਬਰਾਂਡੀ ਪਿਆ ਦਿਓ।"

ਲਾਲਾ ਜਾਨਕੀ ਸਰਨ ਦੇ ਘਰ ਇਹ ਤੈਅ ਹੋਇਆ ਕਿ ਮੁਆਮਲੇ ਦੀ ਰੀਪੋਰਟ ਕੋਤਵਾਲੀ ਦੇ ਰੋਜ਼ਨਾਮਚੇ ਵਿਚ ਦਰਜ ਨਾ ਕਰਾਈ ਜਾਏ। ਮੁਹੱਲੇ ਦਾ ਮੁਆਮਲਾ ਏ। ਦਰੋਗੇ ਨੂੰ ਚੰਗੀ ਰਕਮ ਮਿਲ ਜਾਏਗੀ, ਭਭੂਤੀ ਖ਼ਾਸੀ ਅਸਾਮੀ ਏ। ਸ਼ੰਕਰ ਲਾਲਾ ਨੂੰ ਵੀ ਉਥੇ ਬੁਲਾਲਿਆ ਗਿਆ। ਲਾਲਾ ਉਹਨੂੰ ਵੱਖਰਿਆਂ ਲੈ ਗਿਆ। ਸਮਝਾਇਆ ਬੁਝਾਇਆ; ਸ਼ੰਕਰ ਲਾਲ ਨੇ ਪੰਜ ਸੌ ਦਾ ਚੈੱਕ ਜਾਨਕੀ ਸਰਨ ਦੇ ਨਾਂ ਕੱਟ ਦਿਤਾ। ਲਾਲਾ ਨੇ ਨਕਦ ਨੋਟ ਸ਼ੁਕਲੇ ਦੀ ਜੇਬ ਵਿਚ ਮਲਕੜੇ ਜਿਹੇ ਪਾ ਦਿਤੇ। ਔਰਤ ਬਾਰੇ ਇਹ ਫ਼ੈਸਲਾ ਹੋਇਆ ਕਿ ਉਹਨੂੰ ਵਿਰਹੇਸ਼ ਦੇ ਸਪੁਰਦ ਕੀਤਾ ਜਾਏ। ਹੋਰ ਕਿਤੇ ਉਹਦੇ ਲਈ ਟਿਕਾਣਾ ਨਹੀਂ।

ਡ: ਸ਼ੀਲਾ ਇਕ ਅਪਰੇਸ਼ਨ ਵਿਚ ਰੁੱਝੀ ਸੀ। ਉਹਨੇ ਪੇਸ਼ੈਂਟ ਨੂੰ ਆਪਣੇ ਘਰ ਹੀ ਲਿਆਉਣ ਲਈ ਕਿਹਾ। ਕਰਨਲ ਨੇ ਸਵੀਕਾਰ ਕਰਦਿਆਂ ਕਿਹਾ ਕਿ ਪੇਸ਼ੈਂਟ ਨੂੰ ਲੈ ਕੇ ਮਹੀਪਾਲ ਹੁਣੇ ਉਹਦੇ ਘਰ ਪਹੁੰਚਦਾ ਏ।

ਮਹੀਪਾਲ ਬੋਲਿਆ — "ਮੈਂ ਬੋਰ ਨੂੰ ਲਭਣ ਜਾਂਦਾਂ।"

"ਬੋਰ ਨੂੰ ਮੈਂ ਤੇਰੇ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਸਮਝ ਲਵਾਂਗਾ, ਮਹੀਪਾਲ, ਉਹ ਮੇਰਾ ਕਰਜ਼ਦਾਰ।" ਕਰਨਲ ਨੇ ਕਿਹਾ — "ਹੁਣੇ ਔਂਤਰ ਮਾਲ ਨੂੰ ਏਥੇ ਥਾਣੇ ਲਿਆ ਕੇ ਪੰਝੀ ਜੁੱਤੀਆਂ ਲਵਰ੍ਹੇਂਦਾ ਆਂ।"

"ਬੋਰ ਵਲ ਮੈਂ ਜਾ ਰਿਹਾ ਆਂ। ਉਹਦਾ ਘਰ ਲੱਭਣਾ ਤੇਰੇ ਲਈ ਮੁਸ਼ਕਿਲ ਹੋਏਗਾ।" ਮਹੀਪਾਲ ਅਸਲ ਵਿਚ ਇਸ ਵੇਲੇ ਸ਼ੀਲਾ ਨੂੰ ਨਹੀਂ ਸੀ ਮਿਲਣਾ ਚਾਹੁੰਦਾ। ਸ਼ੀਲਾ ਦੇ ਸਾਹਮਣੇ ਵੱਡੀ ਬੋਰ ਪ੍ਰਸੰਗ ਆਉਣ ਤੇ ਉਹਦਾ ਮਨ ਬੜਾ ਉਲਟਾ ਪੁਲਟਾ ਹੋ ਜਾਏਗਾ। ਮਹੀਪਾਲ ਆਪ ਵੀ ਪਤਨੀ ਉਤੇ ਅਤਿਆਚਾਰ ਕਰਦਾ ਏ, ਉਹ ਵੀ ਵਿਰਹੇਸ਼ ਵਾਂਗ ਵਹੁਟੀ ਬੱਚਿਆਂ ਵਾਲਾ ਹੋ ਕੇ ਵੀ ਹੋਰ ਤੀਵੀਂ ਨਾਲ ਪ੍ਰੇਮ ਕਰਦਾ ਏ। ਪ੍ਰੇਮ ਉਹ ਸੱਚੀਂ ਮੁੱਚੀਂ ਕਰਦਾ ਏ। ਫਿਰ ਵੱਡੀ ਤੇ ਵਿਰਹੇਸ਼ ਦੇ ਪ੍ਰੇਮ ਨੂੰ ਨੀਵਾਂ ਕਿਉਂ

ਮੰਨੀਏ ? ਪਰ ਮਹੀਪਾਲ ਓਸੇ 'ਪਰ' ਤੋਂ ਬਚਣਾ ਚਾਹੁੰਦਾ ਹੈ, ਸ਼ੀਲਾ ਤੋਂ ਬਚਣਾ ਚਾਹੁੰਦਾ ਏ, ਆਪਣੇ ਆਪ ਤੋਂ ਬਚਣਾ ਚਹੁੰਦਾ ਹੈ — ਉਹ ਸਿਰਫ਼ ਪਤੀ ਹੈ ਅਤੇ ਪਿਤਾ ਹੈ; ਉਹਦੇ ਕੁਝ ਗ੍ਰਹਿਸਥ ਸੰਬੰਧੀ ਫ਼ਰਜ਼ ਹਨ, ਉਹਨਾ ਦੀ ਪਾਲਣਾ ਹੋਣੀ ਚਾਹੀਦੀ ਹੈ। ਹੋਰ ਕੋਈ ਚਿੰਤਾ ਉਹਨੂੰ ਨਹੀਂ ਕਰਨੀ ਚਾਹੀਦੀ। ਮਹੀਪਾਲ ਚਿੰਤਾਵਾਂ ਨੂੰ ਭਸਮ ਕਰ, ਦਿਲ ਨੂੰ ਭਸਮ ਕਰ। ਪਿਛਲੇ ਜੀਵਨ ਨੂੰ ਭੁੱਲ ਜਾ। ਭੁੱਲ ਜਾ!"

ਆਪਣੀ ਕੋਠੀ ਵਿਚ ਸ਼ੀਲਾ ਵੱਡੀ ਨੂੰ ਸਮਝਾ ਰਹੀ ਸੀ — "ਪਿਛਲੀ ਜ਼ਿੰਦਗੀ ਨੂੰ ਭੁੱਲ ਜਾ। ਨਵੀਂ ਜ਼ਿੰਦਗੀ ਵੇਖ।"

ਥੋੜੀ ਦੇਰ ਬਾਅਦ ਮਹੀਪਾਲ ਵਿਰਹੇਸ਼ ਨੂੰ ਸ਼ੀਲਾ ਦੇ ਘਰ ਛੱਡ ਕੇ ਬਾਹਰੋਂ ਹੀ ਪਰਤ ਆਇਆ। ਕਰਨਲ, ਸ਼ੀਲਾ, ਏਥੇ ਤਕ ਕਿ ਸ਼ੰਕਰ ਤੇ ਛੋਟੀ ਨੇ ਵੀ ਵਿਰਹੇਸ਼ ਨਾਲ ਸਾਮ-ਦਾਮ-ਦੰਡ-ਭੇਦ* ਵਾਲੀ ਨੀਤੀ ਵਰਤੀ। ਵਿਰਹੇਸ਼ ਨੇ ਉਹਦੀ ਰੱਖਿਆ ਕਰਨ ਦਾ ਵਚਨ ਦਿਤਾ।

ਜਾਂਦੇ ਸਮੇਂ ਛੋਟੀ ਵੱਡੀ ਨਾਲ ਚਿਮਟ ਕੇ ਖ਼ੂਬ ਰੋਈ ? ਸ਼ੰਕਰ ਲਾਲ ਦੀਆਂ ਅੱਖਾਂ ਵਿਚੋਂ ਵੀ ਅੱਥਰੂ ਵਗਣ ਲਗੇ, ਕਰਨਲ ਦੀਆ ਅੱਖਾਂ ਵੀ ਭਰ ਆਈਆਂ। ਵੱਡੀ ਪੱਥਰ ਵਾਂਗ ਖੜੀ ਰਹੀ।

ਵਿਰਹੇਸ਼ ਆਪਣੀ ਦਿਲ ਦੇਣ ਵਾਲੀ ਦਾ ਹੱਥ ਫੜ ਕੇ ਕਮਰੇ ਦੇ ਦਰਵਾਜ਼ੇ ਵਲ ਤੁਰ ਪਿਆ। ਵੱਡੀ ਸਿਰ ਨਿਵਾਈ ਹੌਲੀ ਹੌਲੀ ਏਦਾਂ ਜਾ ਰਹੀ ਸੀ ਜਿਵੇਂ ਨਵੀਂ ਵਿਆਹੀ ਜਾ ਰਹੀ ਹੋਏ।

ਦਹਿਲੀਜ਼ ਵਿਚ ਖਲੋ ਗਈ, ਮੁੜ ਕੇ ਖੜੀ ਹੋ ਕੇ ਅੱਠ ਦੱਸ ਸੈਕੰਡ ਪਾਟੀਆਂ ਅੱਖਾਂ ਨਾਲ ਛੋਟੀ ਅਤੇ ਸ਼ੰਕਰ ਨੂੰ ਵੇਂਹਦੀ ਰਹੀ, ਫਿਰ ਬੋਲਣ ਦੀ ਕੋਸ਼ਿਸ਼ ਕੀਤੀ ਅਤੇ ਭਰੀ ਆਵਾਜ਼ ਵਿਚ ਕਿਹਾ — "ਮੁੰਨੇ ਨੂੰ ਅੰਮਾ ਜੀ ਸੰਭਾਲ ਲੈਣਗੇ! — ਮੇਰੀ ਬਿੱਟੀ ਨੂੰ ਸੰਭਾਲਣਾ! ਮੇਰੀ ਬਿੱਟੀ—ਬੀ—ਟ—ਟੀ......"

ਕਹਿੰਦਿਆ ਕਹਿੰਦਿਆਂ ਵੱਡੀ ਨੂੰ ਦੰਦਲ ਪੈ ਗਈ; ਉਹਨੂੰ ਗਸ਼ ਪੈ ਗਈ।

... ...

*ਰਾਜਨੀਤੀ ਵਿਚ ਚਾਰ ਪ੍ਰਕਾਰ ਨਾਲ ਦੁਸ਼ਮਣ ਨੂੰ ਕਾਬੂ ਕਰਨ ਦੇ ਗੁਰ (1) ਮਿੱਠਤ ਰਾਹੀਂ (2) ਧਨ ਦੁਆਰਾ (3) ਸਜ਼ਾ ਨਾਲ (4) ਫੁੱਟ ਪਾ ਕੇ। (ਅਨੁਵਾਦਕ)

ਉਸ ਦਿਨ ਰਾਤ ਦੇ ਸਾਢੇ, ਅੱਠ ਵਜੇ, ਲਖਨਊ ਵਿਚ, ਸੱਜਨ ਦੀ ਕੋਠੜੀ ਤੇ ਮੁਹੱਲੇ ਵਾਲਿਆਂ ਦਾ ਬੜਾ ਜ਼ਬਰਦਸਤ ਹਮਲਾ ਹੋਇਆ। ਵੱਡੀ ਬੋਰ ਦੇ ਪ੍ਰੇਮ ਕਾਂਡ ਦਾ ਸਾਰਾ ਦੋਸ਼ ਲੋਕਾਂ ਨੇ ਸੱਜਨ ਦੇ ਸਿਰ ਹੀ ਮੜ੍ਹਿਆ। ਉਹ ਪੁਰਾਣੀ ਕਥਾ ਵੀ ਫਿਰ ਤੋਂ ਤਾਜ਼ੀ ਹੋ ਕੇ ਕਹੀ ਸੁਣੀ ਜਾਣ ਲੱਗੀ ਜਦੋਂ ਕਿ ਸੱਜਨ ਏਸ ਮੁਹੱਲੇ ਵਿਚ ਆਇਆ ਸੀ ਅਤੇ ਮਸਾਲਾ ਵੇਚਣ ਵਾਲੇ ਸ਼ਰਨਾਰਥੀ ਨੇ ਅਖਬਾਰਾਂ ਵਿਚ ਸੱਜਨ ਦੇ ਵਿਰੁੱਧ ਸ਼ਿਕਾਇਤਾਂ ਕਰਦਿਆਂ ਹੋਇਆਂ ਇਹ ਲਿਖਿਆ ਸੀ ਕਿ ਕੋਠੜੀ ਰਈਸਾਂ ਦੀ ਬਦਨਾਮੀ ਦਾ ਅੱਡਾ ਬਣ ਰਹੀ ਹੈ। ਮੁਹੱਲੇ ਦੇ ਕਈ ਲੋਕ ਇਹ ਆਖ ਕੇ ਆਪਣੇ ਸਿਆਣਪੁਣੇ ਦਾ ਸਬੂਤ ਦੇ ਰਹੇ ਸਨ ਕਿ ਉਹਨਾਂ ਨੇ ਪਹਿਲਾਂ ਹੀ ਕਹਿ ਦਿਤਾ ਸੀ ਕਿ ਇਹ ਕੁਝ ਜ਼ਰੂਰ ਹੋਏਗਾ। ਮਨੀਆ ਦੇ ਯਾਰ ਮਿੱਤਰ ਵੀ ਬੜੇ ਤੱਤੇ ਹੋ ਰਹੇ ਸਨ। ਨੇਤਾ ਜੀ ਸਾਲਗਰਾਮ ਅਤੇ ਲਾਲਾ ਜਾਨਕੀ ਸਰਨ ਨੇ ਵੀ ਲੋਕਾਂ ਨੂੰ ਤੁੱਖਣੀ ਦਿਤੀ। ਇਲੈਕਸ਼ਨ ਦਾ ਹੁੱਲੜ ਇਕ ਮੁੱਠ ਨਾ ਹੋਣ ਤੇ ਵੀ ਇਕੱਠਾ ਹੋ ਕੇ ਸੱਜਨ ਦੀ ਕੋਠੜੀ ਤੇ ਟੁੱਟ ਪਿਆ। ਜਜਬਾਤੀ ਭੀੜ ਨੇ ਕਮਰੇ ਦਾ ਤਾਲਾ ਤੋੜ ਦਿਤਾ। ਸੱਜਨ ਦੀਆਂ ਬਣਾਈਆਂ ਤਸਵੀਰਾਂ ਲੀਰੋ-ਲੀਰ ਕਰ ਦਿਤੀਆਂ। ਰੰਗਾਂ ਦੀਆਂ ਟਿਊਬਾਂ ਸੁੱਟੀਆਂ, ਜੁੱਤੀਆਂ ਹੇਠ ਲੈ ਕੇ ਦੱਬ ਕੇ ਫਰਸ਼ ਤੇ ਫੇਹ ਦਿਤੀਆਂ ਛੋਟੇ ਜਿਹੇ ਕਮਰੇ ਵਿਚ ਲਗਭਗ ਵੀਹ ਆਦਮੀਆਂ ਦੀ ਭੀੜ ਘੁੱਸਕੇ ਮਨਮਾਨਿਆ ਸਤਿਆਨਾਸ ਕਰ ਰਹੀ ਸੀ। ਕੰਧਾਂ ਉੱਤੇ ਟੰਗੀਆਂ ਤਿੰਨਾਂ ਤਸਵੀਰਾਂ ਉੱਤੇ ਵੀ ਆਫਤ ਆਈ। ਇਕ ਉੱਤੇ ਸਟੋਵ ਸੁੱਟਿਆ ਗਿਆ, ਦੂਸਰੀ ਚਾਹ ਦਿਆਂ ਪਿਆਲਿਆਂ ਨਾਲ ਤੋੜੀ ਗਈ, ਤੀਸਰੀ ਉੱਤੇ ਸਟੂਲ ਦੀ ਤਾਕਤ ਅਜ਼ਮਾਈ ਗਈ। ਚਾਦਰ ਦੀ ਲੀਰ ਲੀਰ ਉੱਡੀ; ਸਟੋਵ ਦਾ ਤੇਲ ਗੱਦੇ ਅਤੇ ਸਿਰਹਾਣਿਆਂ ਉੱਤੇ ਛਿੜਕਿਆ ਗਿਆ। ਉਹਦੇ ਤੇ ਡੱਬੀ ਦੀ ਤੀਲੀ ਲਾਈ ਗਈ। ਸਾਰਾ ਕਮਰਾ ਟੁੱਟੇ ਕੱਚ, ਟੁੱਟੇ, ਪਿਆਲਿਆਂ, ਪਾਟੀਆਂ ਤਸਵੀਰਾਂ ਅਤੇ ਚਾਦਰ ਦੀਆਂ ਟਾਕੀਆਂ ਨਾਲ ਭਰ ਗਿਆ।

ਆਸੇ ਪਾਸੇ ਦੇ ਘਰਾਂ ਦੀਆਂ ਛੱਤਾਂ, ਬਾਰੀਆ 'ਚੋਂ ਲੋਕ ਏਸ ਵਹਿਸ਼ੀ ਅੰਦੋਲਨ ਦਾ ਨਜ਼ਾਰਾਂ ਵੇਖਦੇ ਰਹੇ। ਨਾਸ ਗਾਲ੍ਹਾਂ, ਅਤੇ ਹਿੰਸਾ ਨਾਲ ਭਰਿਆ ਮਖੌਲ, ਲਗਾਮ ਹੀਣ ਤਮਾਸ਼ਬੀਨਾਂ ਦੇ ਚਰਚੇ ਇਕੱਠੇ ਗੂੰਜ ਪਏ। ਵਾਤਾਵਰਣ ਨੂੰ ਹੋਰ ਵੀ ਭਿਆਨਕ ਬਣਾ ਰਹੇ ਸਨ। ਤਮਾਸ਼ਾਈਆਂ ਦੀ ਭੀੜ ਤੇ ਭੀੜ ਗਊਸ਼ਾਲਾ ਦੇ ਫਾਟਕ ਵਿਚ ਘੁੱਸਦੀ ਆ ਰਹੀ ਸੀ। ਜਿਹੜਾ ਵੀ ਕਿਤੇ ਸੁਣਦਾ, ਏਥੇ ਤਮਾਸ਼ਾ ਵੇਖਣ ਆ ਜਾਂਦਾ। ਹੇਠਾ ਭੀੜ, ਆਸੇ ਪਾਸੇ ਘਰਾਂ ਵਿਚ ਭੀੜ, ਅਤੇ ਸੱਜਨ ਦੇ ਕਮਰੇ ਅਤੇ ਛੱਤ ਉੱਤੇ ਉਹਦੇ ਤੋਂ ਬਦਲਾ ਲੈਣ ਵਾਲਿਆਂ ਦੀ ਭੀੜ — ਏਸ ਭੀੜ ਅਤੇ ਰੌਲੇ ਰੱਪੇ ਵਿਚ ਅਚਾਨਕ ਤਾਈ ਦੇ ਘਰ ਦਾ ਬੂਹਾ ਖੁਲ੍ਹਾ। ਇਕ ਹੱਥ ਵਿਚ ਝੋਲੀ ਭਰ ਸੰਧੂਰ ਲੈ ਕੇ ਤਾਈ ਅੱਖਾਂ ਕੱਢਦੀ, ਕਾਲੇ ਕਾਲੇ ਟੰਡਲਾ ਵਰਗੇ ਚੰਦ ਪੀਂਹਦੀ, ਗਾਲ੍ਹਾਂ ਦੇਂਦੀ, ਮੰਤਰ

ਪੜ੍ਹਦੀ ਨਿਕਲ ਆਈ । ਤਾਈ ਨੂੰ ਵੇਖ ਕੇ ਤਮਾਸ਼ਾਈਆਂ ਦੀ ਮਨੋਰੰਜਨ ਦੀ ਰੁਚੀ ਵੀ ਉੱਭਰੀ । ਪਰ ਤਾਈ ਸੰਧੂਰ ਦੀਆਂ ਮੁੱਠਾਂ ਭਰ ਭਰ ਕੇ ਦੋਵੇਂ ਪਾਸੇ ਭੀੜ ਉੱਤੇ ਸੁੱਟਦੀ ਜਾਂਦੀ ਸੀ — "ਓਮ ਨਮੋ ਨਾਰਾਇਨਾ ਸੰਕਰ ਜਤੀ ਕਮਰੂਕ ਮੱਛਾ ਸਤੀ ਦੀ ਦਹਾਈ, ਕਾਲੀ ਮਾਈ ਦੀ ਦੁਹਾਈ, ਪੰਜਾਂ ਪੀਰਾਂ ਦੀ ਦੁਹਾਈ, ਸੰਖਨੀ ਡੰਕਨੀ ਆਵੇ, ਦੁਸ਼ਮਨ ਨੂੰ ਖਾਵੇ । ਕਾਲੀ ਚਿੜੀ ਚਿਕ ਚਿਕ ਕਰੇ। ਧੌਲੀ ਸਭ ਨੂੰ ਨਿਰਬੰਸ ਕਰੇ । ਰਾਜਾ ਇੰਦਰ ਭੈਰੋਂ ਅਰੱਈ ਦੇ ਚੰਡਾਲ ਰਾਜਾ ਆ, ਦੁਸ਼ਮਨਾਂ ਨੂੰ ਖਾ ।" ਕਠੋਰ ਅਤੇ ਮਨਹੂਸ ਮੂੰਹ ਦੀ ਸ਼ਕਲ, ਕਾਲੇ ਟੰਡਲਾਂ ਵਰਗੇ ਦੰਦਾਂ ਨਾਲ ਦੋਵੇਂ ਪਾਸੇ ਭੀੜ ਉੱਤੇ ਮੁੱਠਾਂ ਭਰ ਭਰ ਕੇ ਸੰਧੂਰ ਛੱਡਦੀ ਅਤੇ ਮੰਤਰ ਪੜ੍ਹ ਕੇ ਤੀਰ ਵਾਂਗ ਅਗਾਂਹ ਵਧਦੀ ਹੋਈ ਤਾਈ ਭੀੜ ਉੱਤੇ ਆਪਣਾ ਅਦਭੁੱਤ ਅਸਰ ਪਾ ਗਈ । ਪ੍ਰਸਿਧ ਜਾਦੂਗਰਨੀ ਤਾਈ ਦੇ ਸੰਧੂਰ ਅਤੇ ਮੰਤਰ ਨਾਲ ਭੀੜ ਦੇ ਦਿਲ ਡਰ ਗਏ । ਬਹੁਤਿਆਂ ਨੇ ਤਾਈ ਨੂੰ ਵੇਖ ਕੇ ਛੇੜਨ ਲਈ ਬੋਲਣਾ ਵੀ ਸ਼ੁਰੂ ਕੀਤਾ । ਪਰ ਤਾਈ ਦਾ ਮੰਤਰ ਅਤੇ ਸੰਧੂਰ ਹਰ ਇਕ ਨੂੰ ਹਰਾ ਰਿਹਾ ਸੀ। ਜ਼ਰਾ ਜਿੰਨੀ ਥਾਂ ਵਿਚ ਸੰਧੂਰ ਨਾਲ ਡਰੀ ਹੋਈ ਭੀੜ ਵਿਚ ਇਸ ਤਰ੍ਹਾਂ ਭਗਦੜ ਮੱਚੀ ਕਿ ਧੱਕਾ ਮੁੱਕੀ ਸ਼ੁਰੂ ਹੋ ਗਈ । ਉੱਪਰ ਪੌੜੀ ਵਲ ਜਾਂਦੀ ਹੋਈ ਤਾਈ ਭੀੜ ਦੀ ਲਪੇਟ ਵਿਚ ਆ ਗਈ । ਏਧਰ ਓਧਰ ਦੇ ਧੱਕਿਆਂ ਵਿਚ ਪੀਚੀ ਜਾਣ ਲਗੀ । ਜੋਸ਼ ਵਿਚ ਆ ਕੇ ਤਾਈ ਨੇ ਇਕ ਬੁੱਢੇ ਦਾ ਮੂੰਹ ਆਪਣੇ ਸੰਧੂਰ ਨਾਲ ਭਰੇ ਵਡੇ ਵਡੇ ਨੌਹਾਂ ਵਾਲੇ ਪੰਜੇ ਨਾਲ ਖਰੂੰਢ ਦਿਤਾ । ਨਹੁੰਆਂ ਦੇ ਖੁਭਣ, ਅਤੇ ਇਹਦੇ ਤੋਂ ਵੀ ਵਧ ਜਾਦੂਗਰਨੀ ਦੇ ਜਾਦੂ ਵਾਲੇ ਸੰਧੂਰ ਦੀ ਛੋਹ ਨਾਲ ਉਹ ਬੁੱਢਾ ਚੀਕ ਪਿਆ । ਆਸੇ ਪਾਸੇ ਰੌਲਾ ਪੈ ਗਿਆ ਕਿ ਤਾਈ ਲਹੂ ਪੀ ਰਹੀ ਹੈ ।

ਹੇਠੋਂ ਲੈ ਕੇ ਤੰਗ ਪੌੜੀ ਉਤਲੀ ਛੱਤ ਅਤੇ ਸੱਜਨ ਦੀ ਕੋਠੜੀ ਤਕ ਆਉਂਦੀ ਆਉਂਦੀ ਡਾਵਾਂ ਡੋਲ ਭੀੜ ਨੂੰ ਚੀਰਦੀ ਧੱਕੇ ਖਾਦੀ, ਗਲ ਪਾੜ ਪਾੜ ਕੇ ਚੀਕਦੀ ਅਤੇ ਕੋਸਦੀ ਹੋਈ ਤਾਈ ਵੀ ਉੱਤੇ ਪਹੁੰਚ ਗਈ। ਪੌੜੀ ਵਲ ਜਾਦਿਆਂ ਹੋਇਆਂ ਕਿਸੇ ਨੇ ਡਰ ਦੇ ਹਿਸਟੀਰੀਏ ਨਾਲ ਤਾਈ ਝੋਲੀ ਫੜ ਕੇ ਤਾਈ ਦੇ ਉੱਤੇ ਹੀ ਉਲੱਦ ਦਿਤੀ । ਸੰਧੂਰ ਨਾਲ ਸੱਜੀ ਤਾਈ ਦਾ ਰੂਪ ਹੋਰ ਅਤੇ ਉਹਦੀਆਂ ਗੱਲਾਂ ਹੋਰ ਵੀ ਡਰਾਉਣੀਆ ਹੋ ਗਈਆਂ !

ਥੋੜੇ ਚਿਰ ਵਿਚ ਤਾਈ ਡਰਪੋਕ ਭੀੜ ਉੱਤੇ ਜੇਤੂ ਸਿੱਧ ਹੋਈ । ਖਰ-ਦੂਸ਼ਣ ਦੀ ਵਿਸ਼ਾਲ ਸੈਨਾ ਦੇ ਮੁਕਾਬਲੇ ਵਿਚ ਇਕੱਠੇ ਰਾਮ ਅਤੇ ਲਛਮਨ ਨੇ ਜੇਤੂ ਸਿੱਧ ਹੋ ਕੇ ਬਹਾਦਰੀ ਦੀ ਜੋ ਜਗਦੀ ਉਦਾਹਰਣ ਪੇਸ਼ ਕੀਤੀ ਉਹ ਅਜ ਉਹਨਾਂ ਤੋਂ ਪਿਛੋਂ ਤਾਈ ਵਲੋਂ ਹੀ ਦੁਹਰਾਈ ਗਈ ।

ਪਰਤਦਿਆਂ ਹੋਇਆਂ ਵਰਮਾ ਅਤੇ ਭਭੂਤੀ ਸੁਨਿਆਰੇ ਦੀ ਗਲੀ ਵਿਚੋਂ ਲੰਘਦੀ ਹੋਈ ਭੀੜ ਦੀ ਇਕ ਟੋਲੀ ਨੇ ਵਰਮਾ ਦੇ ਘਰ ਤੇ ਵੀ ਖਲੋ ਕੇ ਬੋਲੀਆਂ ਮਾਰੀਆਂ ।

ਗੰਦੀਆਂ ਗੰਦੀਆਂ ਗਾਲ੍ਹਾਂ ਕੱਢੀਆਂ। ਬੂਹੇ ਭੰਨੇ। ਮਨੀਏ ਦਾ ਘਰ ਕੋਲ ਹੀ ਹੋਣ ਕਰਕੇ ਹਮਲਾ ਕਰਨ ਵਾਲੀ ਭੀੜ ਦੀ ਹਮਦਰਦੀ ਬਹੁਤ ਹੀ ਉੱਭਰ ਆਈ। ਇਹ ਭੀੜ ਦਾ ਉਹ ਹਿੱਸਾ ਸੀ ਜੋ ਕਿ ਸਮਾਜ ਦੇ "ਅੰਗਰੇਜ਼ੀ-ਪੁਣੇ" ਨਾਲ ਲੜ ਰਿਹਾ ਸੀ। ਤਾਰਾ-ਵਰਮਾ ਬੂਹਾ ਟੁੱਟਣ ਦੇ ਡਰੋਂ ਪੀਲੇ ਹੁੰਦੇ ਜਾ ਰਹੇ ਸਨ। ਛੋਟੀ ਅਤੇ ਸ਼ੰਕਰ ਆਪਣੇ ਕਮਰੇ ਵਿਚ ਸਹਿਮੇ ਹੋਏ ਸੁੰਨ ਜਿਹੇ ਸਨ। ਮਨੀਆ ਸ਼ਰਾਬ ਦੇ ਨਸ਼ੇ ਵਿਚ ਪਿਆ ਸੀ।

ਉਸ ਦਿਨ ਤਾਈ ਡੂੰਘੀ ਰਾਤ ਤਕ ਲਾਲਟੈਣ ਦੇ ਚਾਨਣ ਵਿਚ ਕੰਨੋਮੱਲ ਦੇ ਪੋਤਰੇ ਦੀਆਂ ਬਣਾਈਆਂ ਤਸਵੀਰਾਂ ਦੇ ਟੁਕੜੇ ਚੁਗ ਚੁਗ ਕੇ ਟਿਕਾਣੇ ਰਖਦੀ ਰਹੀ।

28

ਵਾਪਸ ਆ ਕੇ ਤਾਈ ਨ੍ਹਾਤੀ। ਦੁਨੀਆਂ ਭਰ ਨੂੰ ਕੋਸਦਿਆਂ ਹੋਇਆਂ ਠਾਕੁਰ ਜੀ ਦਾ ਦੀਵਾ ਬਾਲਿਆ, ਫਿਰ ਬੱਚਿਆਂ ਦੀਆਂ ਕਟੋਰੀਆਂ ਵਿਚ ਦੁੱਧ ਪਾ ਕੇ ਉਹਨਾਂ ਨੂੰ ਬਲਾਉਣ ਲੱਗੀ। ਤਾਈ ਦੀ ਅਵਾਜ਼ ਸੁਣਦਿਆਂ ਹੀ 'ਲਲਿਤਾ', 'ਬਿਸਾਖਾ' ਤਾਂ ਪੂਛ ਹਲਾਉਂਦੀਆਂ ਆ ਗਈਆਂ ਪਰ 'ਕਿਸ਼ਨਾ' ਨਾ ਆਇਆ। ਤਾਈ ਨੂੰ ਕਿਸ਼ਨੇ ਦਾ ਫਿਕਰ ਲਗ ਗਿਆ — ਕਿਥੇ ਗਿਆ ਚੰਦਰਾ — ਤਾਈ 'ਕਿਸਨਾ' 'ਕਿਸਨਾ' ਕਰਦੀ ਸਾਰਾ ਘਰ ਵੇਖ ਆਈ। ਜਦ ਨਾ ਮਿਲਿਆ ਤਾਂ ਉਹਨੂੰ ਹਜ਼ਾਰ ਹਜ਼ਾਰ ਗਾਲ੍ਹਾਂ ਦੇਂਦੀ ਹੋਈ ਆ ਕੇ ਆਪਣੀ ਪੰਘੂੜੇ ਵਰਗੀ ਮੰਜੀ ਤੇ ਪੈ ਗਈ। ਬਿੱਲੀ ਦੇ ਬੱਚੇ ਹੁਣ ਵਡੇ ਹੋ ਗਏ ਹਨ। ਹਰ ਵੇਲੇ ਘਰ ਨਹੀਂ ਰਹਿੰਦੇ। ਬੰਨਿਓਂ ਬੰਨੇ ਚੜ੍ਹ ਕੇ ਸਾਰੇ ਮੁਹੱਲੇ ਦਾ ਚੱਕਰ ਲਾਉਂਦੇ ਹਨ। ਤਾਈ ਲਈ ਮੁਸੀਬਤ ਬਣ ਗਈ ਹੈ। ਜਦ ਤਾਈਂ ਤਿੰਨਾਂ ਬੱਚਿਆਂ ਨੂੰ ਕੁਝ ਪਿਆ ਨਹੀਂ ਲੈਂਦੀ ਉਹ ਆਪ ਰੋਟੀ ਨਹੀਂ ਖਾਂਦੀ। ਇਸ ਵੇਲੇ ਵੀ ਕਿਸ਼ਨੇ ਦੇ ਨਾ ਹੋਣ ਕਰਕੇ ਉਹਨੇ ਰੋਟੀ ਨਹੀਂ ਖਾਧੀ। ਉਹ ਕੁੜ੍ਹਦੀ ਰਹੀ, ਬੁੜਬੜਾਉਂਦੀ, ਇਹਨਾਂ ਬੱਚਿਆਂ ਦੀ ਮਾਂ ਨੂੰ ਜੋ ਆਪਣਾ ਪਾਪ ਇਹਦੇ ਘਰ ਸੁੱਟ ਗਈ, ਅਤੇ ਆਪਣੀ ਸੌਂਕਣ ਬਣਾ ਕੇ ਗਾਲ੍ਹਾਂ ਦੇਂਦੀ ਰਹੀ।

ਤਾਈ ਏਸ ਵੇਲੇ ਬਹੁਤ ਜ਼ਿਆਦਾ ਉੱਖੜੀ ਹੋਈ ਸੀ। ਕਿਸ਼ਨੇ ਨੇ ਦੁੱਧ ਨਹੀਂ ਪੀਤਾ, ਕੰਨੋਮੱਲ ਦੇ ਪੋਤਰੇ ਦਾ ਏਨਾ ਨੁਕਸਾਨ ਹੋ ਗਿਆ, ਕਲ੍ਹ ਉਹਦੀ ਸੌਂਕਣ ਦੇ ਪੋਤਰੇ ਦਾ ਟਿੱਕਾ ਆਏਗਾ, ਦਾਅਵਤ ਹੋਏਗੀ, ਨੰਦੋ ਕੁੱਤੀ ਨੇ ਦੱਸਿਆ ਨਹੀਂ ਕਿ ਦੋਵੇਂ ਜੰਤਰ ਉਹ ਠੀਕ ਤਰ੍ਹਾਂ ਨਾਲ ਮਸਾਣ ਵਿਚ ਗੱਡ ਆਈ ਆ ਜਾਂ ਨਹੀਂ — ਇਹ ਸਭ ਚਿੰਤਾਵਾਂ ਤਾਈ ਨੂੰ ਘੇਰ ਕੇ ਉਸੇ ਤਰ੍ਹਾਂ ਪਰੇਸ਼ਾਨ ਕਰ ਰਹੀਆਂ ਹਨ ਜਿਸ ਤਰ੍ਹਾਂ ਮੁਹੱਲੇ ਦੇ ਲੋਕ ਉਹਨੂੰ ਪਰੇਸ਼ਾਨ ਕਰਦੇ ਹਨ। ਸੱਜਨ ਦੀ ਕੋਠੜੀ ਤੇ ਹਮਲਾ ਕਰਨ

ਵਾਲਿਆਂ ਦੀ ਭੀੜ ਇਸ ਵੇਲੇ ਵੀ ਤਾਈ ਦੇ ਦਿਲ ਵਿਚ ਚੀਕ ਰਹੀ ਸੀ। ਮੁੜ-ਮੁੜ ਕੇ ਉਹਦੀ ਹਿੰਸਕ ਰੁਚੀ ਉੱਭਰ ਆਉਂਦੀ ਸੀ। ਉਹ ਹੁਣ ਵੀ ਆਪਣੀ ਕਲਪਨਾ ਵਿਚ ਭੀੜ ਤੇ ਜਾਦੂ ਦਾ ਸੰਧੂਰ ਸੁੱਟ ਸੁੱਟ ਕੇ ਸਭਨਾਂ ਦਾ ਸਰਬਨਾਸ ਕਰ ਰਹੀ ਸੀ।

ਕੋਤਵਾਲੀ, ਵਿਚ ਇਕ ਵਜਣ ਦੀ ਆਵਾਜ਼ ਆਈ। ਲਲਿਤ-ਬਿਸਾਖਾ ਨੇ ਘਰ ਕਿਸੇ ਨੁੱਕਰੇ ਸ਼ਿਕਾਰ ਦਬੋਚ ਲਿਆ ਸੀ। ਚੂਹਾ ਅੰਤ ਵੇਲੇ ਦੀ ਚੂੰ-ਚੂੰ ਕਰਕੇ ਮਰ ਗਿਆ। ਤਾਈ ਦਾ ਮਨ ਗਾਲ੍ਹਾਂ ਨਾਲ ਭਰ ਗਿਆ। ਬਿੱਲੀ ਦੇ ਬੱਚੇ ਵਡੇ ਹੋ ਕੇ ਹੁਣ ਵਡੇ ਸ਼ਿਕਾਰੀ ਵੀ ਹੋ ਗਏ ਹਨ। ਤਾਈ ਦੇ ਵੈਸ਼ਨਵ ਸੰਸਕਾਰ ਲਲਿਤਾ-ਬਿਸਾਖਾ ਅਤੇ ਕਿਸਨਾ ਦੀ ਸ਼ਿਕਾਰੀ ਰੁਚੀ — ਨਾਲ ਡਾਢੀ ਘਿਰਣਾ ਕਰਦੇ ਹਨ, ਪਰ ਇਹਨਾਂ ਬੱਚਿਆਂ ਤੇ ਉਹਦਾ ਕੋਈ ਜ਼ੋਰ ਨਹੀਂ ਚਲਦਾ।

ਤਾਈ ਦੇ ਕੰਨਾਂ ਵਿਚ ਘੁਰ ਘੁਰ ਦੀ ਅਵਾਜ਼ ਪੈਣ ਲੱਗੀ। ਲਲਿਤਾ ਬਿਸਾਖਾ ਵਿਚੋਂ ਕੋਈ ਇਕ ਘੁਰ ਘੁਰ ਕਰ ਰਿਹਾ ਸੀ — ਕਿਉਂ ਜੋ ਉਹਦੇ ਪੰਜੇ ਹੇਠ ਸ਼ਿਕਾਰ ਨੱਪਿਆ ਹੋਇਆ ਸੀ — ਅਤੇ ਦੂਸਰੀ ਓਸ ਸ਼ਿਕਾਰ ਨੂੰ ਹਥਿਆਉਣ ਲਈ ਤਰਕੀਬਾਂ ਲੜਾ ਰਹੀ ਸੀ।ਥੋੜੀ ਜਿਹੀ ਦੇਰ ਵਿਚ ਲਲਿਤਾ-ਬਿਸਾਖਾ 'ਖਾਊਂ-ਖਾਊਂ-ਖਾਂ' ਕਰਦੀਆਂ ਹੋਈਆ ਇਕ ਦੂਸਰੇ ਤੇ ਟੁੱਟ ਪਈਆਂ। ਸਾਰਾ ਘਰ ਕੁਰੂਸ਼ੇਤਰ ਬਣ ਗਿਆ। ਲਲਿਤਾ ਬਿਸਾਖਾ ਸਾਰੇ ਘਰ ਵਿਚ ਦੌੜਦੀਆ ਹੋਈਆਂ ਥਾਂ ਥਾਂ ਡਟ ਕੇ ਮੋਰਚਾ ਲਾਉਂਦੀਆਂ ਹੋਈਆਂ ਆਪੋ ਵਿਚ ਜ਼ੋਰ ਜ਼ੋਰ ਨਾਲ ਘੁਰ ਘੁਰ ਕਰ ਰਹੀਆਂ ਸਨ।

"ਮਰੋ, ਢੱਠੇ ਖੂਹ 'ਚ ਪਓ, ਮਰੋ ਸਭ ਦੇ ਸਭ! ਰਾਤੀਂ ਵੀ ਦੋ ਘੜੀਆਂ ਦਾ ਚੈਨ ਨਹੀਂ ਚੰਦਰਾ? ਉਂਹ!" — ਤਾਈ ਨੇ ਕਈ ਵਾਰ ਮਨ ਬਣਾਇਆ ਕਿ ਉੱਠ ਕੇ ਲਲਿਤਾ-ਬਿਸਾਖਾ ਦੀ ਲੜਾਈ ਵਿਚ ਅੜਿਕਾ ਡਾਹੇ, ਪਰ ਏਸ ਵੇਲੇ ਉਹ ਬਿਲਕੁਲ ਚੂਰ ਚੂਰ ਹੋਈ ਪਈ ਸੀ। ਉਹਦੇ ਜੋੜ ਜੋੜ ਵਿਚ ਦਰਦ ਹੋ ਰਹੀ ਸੀ। ਭੀੜ ਵਿਚ ਜਿਵੇਂ ਤਾਈ ਅਜ ਘਿਰੀ ਉਂਜ ਕਦੀ ਨਹੀਂ ਸੀ ਘਿਰੀ। ਭੀੜ ਦੀ ਦੱਬ ਘੁੱਟ ਵਿਚ ਕਦੇ ਧੱਕੇ ਖਾ ਕੇ ਅਗੇ ਵਧ ਜਾਂਦੀ ਸੀ ਕਦੇ ਪਿਛੇ। ਉਹਦੇ ਜਾਦੂ ਵਾਲੇ ਸੰਧੂਰ ਦੇ ਡਰ ਨਾਲ ਜਨਤਾ ਵਿਚ ਐਸੀ ਉੱਥਲ ਪੁੱਥਲ ਹੋਈ ਸੀ ਕਿ ਲੋਕ ਹੱਸਦੇ ਨਾਰਾਜ਼ ਹੁੰਦੇ ਅਤੇ ਡਰਦੇ ਹੋਏ ਸੰਧੂਰ ਤੋਂ ਬਚਣ ਲਈ ਭੱਜ ਰਹੇ ਸਨ। ਤਾਈ ਲਈ ਲੋਕਾਂ ਦੀ ਨਫ਼ਰਤ ਨੇ ਤਾਈ ਨੂੰ ਅਜ ਬੜਾ ਧਕੇਲਿਆ, ਬੜਾ ਡੇਗਿਆ ਢਾਹਿਆ। ਕਈ ਵਾਰ ਤਾਂ ਲੋਕਾਂ ਦੀਆ ਜੁੱਤੀਆਂ ਚਪਲਾਂ ਉਹਦੇ ਪੈਰਾਂ ਨੂੰ ਛਿੱਲਦੀਆਂ ਨਿਕਲ ਗਈਆਂ। ਫਿਰ ਵੀ ਜਿੱਤ ਅੰਤ ਵਿਚ ਤਾਈ ਦੀ ਈ ਹੋਈ। ਪਰ ਉਹਦੀ ਦਸ਼ਾ ਦੁਰਦਸ਼ਾ ਵੀ ਬੜੀ ਹੋ ਗਈ ਸੀ।

ਤਦੇ ਕਿਤਿਉਂ ਉਹਦੇ ਕੰਨਾਂ ਵਿਚ ਕਿਸੇ ਔਰਤ ਦੇ ਜ਼ੋਰ ਜ਼ੋਰ ਨਾਲ ਕਹਾਹੁਣ ਦੀਆਂ ਆਵਾਜ਼ਾਂ ਆਉਣ ਲਗੀਆਂ, ਤਾਈ ਦੇ ਕੰਨ ਚੁਕੰਨੇ ਹੁੰਦਿਆਂ ਹੀ ਉਹਦੀ ਬਕ-ਬਕ ਬੰਦ ਹੋ

ਗਈ, ਆਪਣੇ ਮੂੰਹ ਤੋਂ ਰਜਾਈ ਹਟਾ ਲਈ। ਐਨ ਗੁਆਂਢ ਵਿਚ ਕੋਈ ਤੀਵੀਂ ਜਣਨ ਪੀੜ ਨਾਲ ਵਿਲਕ ਰਹੀ ਸੀ। ਕੌਣ ਹੈ, ਕੀਹਦੇ ਘਰ ਹੈ — ਇਸ ਹੈਰਾਨੀ ਨੇ ਤਾਈ ਨੂੰ ਚੈਨ ਨਾਲ ਸੌਣ ਨਾ ਦਿਤਾ। ਤਾਈ ਉੱਠ ਕੇ ਬਹਿ ਗਈ। ਤਾਈ ਨੂੰ ਬੈਠਿਆਂ ਵੇਖ ਕੇ ਕਿਸਨਾ ਜੋ ਆਪਣੀਆਂ ਦੋਵਾਂ ਭੈਣਾਂ ਲਲਿਤਾ ਅਤੇ ਬਿਸਾਖਾ ਤੋਂ ਕਮਜ਼ੋਰ ਸੀ, ਉਛਲ ਕੇ ਤਾਈ ਦੀ ਗੋਦ ਵਿਚ ਆ ਬੈਠਾ। ਪਰ ਤਾਈ ਦਾ ਧਿਆਨ ਏਸ ਵੇਲੇ ਕਿਤੇ ਹੋਰ ਥਾਂ ਸੀ —; ਗੁਆਂਢ 'ਚ ਕਿਸੇ ਦੇ ਪੀੜਾਂ ਉੱਠ ਰਹੀਆਂ ਸਨ। ਅਨੁਮਾਨ ਲਾਉਣ ਵਿਚ ਤਾਈ ਦੀ ਅਕਲ ਟਿਕਾਣੇ ਟਿਕਾਣੇ ਪਹੁੰਚ ਗਈ। ਉਹਦੀ ਕਿਰਾਏਦਾਰ ਤਾਰਾ ਵਿਲਕ ਰਹੀ ਸੀ।

ਤਾਈ ਦੇ ਅੰਦਰਲਾ ਰੋਹ ਉਮਡ ਉਮਡ ਕੇ ਐਨ ਉਹਦੇ ਕਲੇਜੇ ਵਿਚ ਸੁਦਰਸ਼ਨ ਚੱਕਰ ਵਾਂਗ ਘੁੰਮਣ ਲੱਗਾ — "ਰੰਡੀ ਮਰ ਜਾਏ ਤਾਂ ਚੰਗਾ ਹੋਏ! ਮੁੰਡਾ ਜਣੇਗੀ ਸਿਰ ਸੜੀ, ਪੀੜਾਂ ਆਤੁਰਤਾ 'ਚੋਂ ਉੱਡ ਰਹੀਆਂ ਨੇ।"

ਤਾਰਾ ਦੀ ਜਣੇਪੇ ਦੀ ਪੀੜ ਦੀ ਹੂੰਗ ਤਾਈ ਦਾ ਮਨ ਦੂਰ ਦੂਰ ਤਾਈ ਦੜਾਉਣ ਲੱਗੀ। ਪਹਿਲਾ ਧਿਆਨ ਆਪਣੀ ਸੌਂਕਣ ਅਤੇ ਉਹਦੇ ਪੋਤਰੇ ਦੇ ਟਿੱਕੇ ਵਲ ਗਿਆ। ਸੌਂਕਣ ਦੇ ਪੋਤਰੇ ਦਾ ਤਿਲਕ ਲੱਗੇਗਾ, ਨਾਚ ਰੰਗ ਹੋਏਗਾ, ਜਸ਼ਨ ਹੋਣਗੇ। ਕਲ੍ਹ ਤਾਈ ਦੀ ਸੌਂਕਣ ਸ਼ਹਿਰ ਭਰ ਦੀਆਂ ਤੀਵੀਆਂ ਵਿਚ ਰਾਣੀ ਵਾਂਗ ਬੈਠੀ ਹੋਏਗੀ। ਉਹਦੀ ਪੁੱਤੋਂ ਵਹੁਟੀ ਦੀ ਮਿਜਾਜ ਵੀ ਅਸਮਾਨੇ ਚੜ੍ਹੀ ਹੋਏਗੀ। ਚੋਰ ਦਿਨਾਂ ਵਿਚ ਵਿਆਹ ਹੋਏਗਾ। ਫਿਰ ਉਹਦੇ ਪੋਤਰੇ ਦੇ ਅੱਗੇ ਬੱਚੇ ਹੋਣਗੇ, ਉਹਦੀ ਸੌਂਕਣ — 'ਰੰਡੀ – ਪੜਦਾਈ — ਬਣੇਗੀ, ਸੁਰਗ ਦੀ ਪੌੜੀ ਚੜ੍ਹੇਗੀ। — ਆਪਣੇ ਪਤੀ ਰਾਜਾ ਸਾਹਿਬ ਦਾ ਖਿਆਲ ਆਇਆ। ਤਾਈ ਰੋਹ ਅਤੇ ਨਫਰਤ ਨਾਲ ਭਰ ਗਈ। ਮਾਰੂ ਜੋਸ਼ ਨੇ ਉਹਨੂੰ ਬਹਿਣ ਨਾ ਦਿਤਾ। ਕਿਸਨਾ ਗੋਦ ਵਿਚ ਸੌਂ ਗਿਆ ਸੀ। ਤਾਈ ਨੇ ਰਜਾਈ ਨੂੰ ਹਲੂਣਿਆ, ਕਿਸਨ ਜੀ ਗੋਦ 'ਚੋਂ ਲੁੜ੍ਹਕ ਕੇ ਜਾਗ ਪਏ। ਪਰ ਤਾਈ ਉੱਠੀ ਨਾ ਅਤੇ ਨਾ ਹੀ ਉਹਦਾ ਧਿਆਨ ਬੱਚੇ ਵਲ ਗਿਆ। ਤਾਰਾ ਦੀ ਛੇਤੀ ਛੇਤੀ ਉੱਠਣ ਵਾਲੀ ਜਣੇਪੀ ਪੀੜ ਦੀ ਪਿੱਠ ਭੂਮੀ ਦੇ ਸੰਗੀਤ ਨਾਲੋਂ ਵਧ ਇਸ ਵੇਲੇ ਤਾਈ ਦੇ ਧਿਆਨ ਵਿਚ ਨ ਸਮਾ ਸਕੀ। ਉਹ ਨੰਦੋ ਬਾਰੇ ਸੋਚ ਰਹੀ ਸੀ। ਨੰਦੋ ਉਹਦੀ ਸੌਂਕਣ ਦੀ ਕੋਠੀ ਅਤੇ ਮਸਾਣ ਵਿਚ ਜੰਤਰ ਤਾਂ ਗੱਡ ਈ ਆਈ ਹੋਏਗੀ। "ਸਤਨਰਾਇਣ ਸਵਾਮੀ ਕਰੇ ਕਲ੍ਹ ਸਵੇਰੇ ਜਿਸ ਘੜੀ-ਤਿਲਕ ਲੱਗ ਰਿਹਾ ਹੋਏ, ਮੋਇਆ (ਸੌਂਕਣ ਦਾ ਪੋਤਰਾ) ਵਢੇ ਰੁੱਖ ਵਾਂਗ ਜਾ ਪਏ!' ਰੰਗ ਵਿਚ ਭੰਗ ਪਏਗੀ ਹਾ ਹਾ ਕਾਰ ਮੱਚ ਜਾਏਗੀ; ਉਹਦੀ ਸੌਂਕਣ ਕਲੇਜਾ ਪਾੜ ਕੇ ਕੁਰਲਾ ਉਠੇਗੀ; ਛਾਤੀਆਂ ਪਿੱਟਣ ਲੱਗੇਗੀ; ਉਹਦਾ ਪਤੀ ਸਿਰ ਫੜ ਕੇ ਬਹਿ ਜਾਏਗਾ; ਕੇਹੀ ਹਾ–ਹਾ–ਕਾਰ ਮਚੇਗੀ! ਤਾਈ ਇਹ ਸੋਚ ਸੋਚ ਕੇ ਹਿੰਸਕ ਖੁਸ਼ੀ ਨਾਲ ਭਰ ਗਈ। ਨੀਂਦ

ਉੱਡ ਗਈ, ਪਾਨ ਲਈ ਤਲਬ ਹੋਈ। ਤਾਈ ਉੱਠੀ, ਸਿਰਹਾਣੇ ਰੱਖੀ ਲਾਲਟੈਣ ਦੀ ਬੱਤੀ ਉੱਚੀ ਕੀਤੀ। ਲਾਲਟੈਣ ਪੂਜਾ ਵਾਲੇ ਦਾਲਾਨ ਵਿਚ ਰੱਖ ਕੇ ਵਿਹੜੇ ਵਿਚ ਹੱਥ ਧੋਣ ਲਈ ਆਈ। ਤਾਰਾ ਦੀ ਪ੍ਰਸੂਤ ਪੀੜ ਉਹਨੂੰ ਲਾਗੋਂ ਹੀ ਸੁਣ ਰਹੀ ਸੀ। ਜਿਥੇ ਪਾਣੀ ਰਖਿਆ ਸੀ ਉਹਦੇ ਬਿਲਕੁਲ ਲਾਗੇ ਹੀ ਇਕ ਬੰਦ ਬੂਹਾ ਸੀ। ਇਹ ਬੂਹਾ ਤਾਰਾ ਦੇ ਘਰ ਵਲ ਜਾਂਦਾ ਸੀ। ਤਾਈ ਹੱਥ ਧੋ ਕੇ ਬੂਹੇ ਨਾਲ ਕੰਨ ਲਾ ਕੇ ਖੜੀ ਹੋ ਗਈ। ਓਸ ਬੂਹੇ ਦੇ ਬਾਅਦ ਤਾਰਾ ਦੇ ਘਰ ਵਲ ਇਕ ਤੰਗ ਗਲਿਆਰਾ ਏ ਜਿਹੜਾ ਤਾਰਾ ਦੀ ਰਸੋਈ ਵਾਲੇ ਦਲਾਨ ਵਿਚ ਨਿਕਲਦਾ ਹੈ। ਓਸ ਪਿਛੇ ਵਿਹੜਾ ਫਿਰ ਦਲਾਨ ਅਤੇ ਉਹ ਕਮਰਾ — ਅਰਥਾਤਿ ਕੰਨ ਲਾ ਕੇ ਖਲੋਤੀ ਹੋਈ, ਤਾਈ ਆਪਣੀ ਕਲਪਨਾ ਵਿਚ ਆਪਣੀ ਕਿਰਾਏਦਾਰਨ ਤਾਰਾ ਤਕ ਪਹੁੰਚ ਗਈ, ਉਹਦੇ ਪੀੜ ਵਿਧੇ ਚਿਹਰੇ ਨੂੰ ਵੇਖਣ ਲੱਗੀ, ਹਜ਼ਾਰ ਕੋਸਣੇ ਸੁਣਾਉਣ ਲੱਗੀ। ਨਿੱਤ ਉਪਜਾਊ ਕਲਪਨਾ ਨਾਲ ਤਾਰਾ ਦੀ ਮੌਤ ਦੀ ਗੱਲ ਸੋਚਦਿਆਂ ਸੋਚਦਿਆਂ ਤਾਈ ਪੂਜਾਘਰ ਦੇ ਦਲਾਨ ਵਿਚ ਆ ਗਈ — ਜਿਥੇ ਉਹਦਾ ਪਾਨਦਾਨ ਪਿਆ ਸੀ। ਕਿਸਨ, ਲਲਿਤਾ, ਬਿਸਾਖਾ ਤਿੰਨੇ ਉਹਦੇ ਪਾਨਦਾਨ ਕੋਲ ਲਾਲਟੈਣ ਨੂੰ ਘੇਰ ਕੇ ਬਹਿ ਗਏ। ਤਿੰਨੇ ਬੱਚੇ ਲੱਡੂ ਵਰਗੇ ਮੂੰਹ ਬਣਾ ਕੇ ਤਾਈ ਦੇ ਪਾਨ ਲਾਉਣ ਨੂੰ ਬਿਟ ਬਿਟ ਵੇਖ ਰਹੇ ਸਨ। ਚਿੱਟੀ ਚਮੜੀ ਤੇ ਪੀਲੇ ਕਾਲੇ ਧੱਬਿਆਂ ਵਾਲੇ ਤਿੰਨੇ ਬਿੱਲੀ ਦੇ ਬੱਚੇ ਬੜੇ ਸੁੰਦਰ ਲੱਗ ਰਹੇ ਸਨ — ਨਫਰਤ ਦੇ ਤੇਜ਼ ਤੋਰੇ ਵਗਦੇ ਨਾਲੇ ਵਿਚ ਵਹੀ ਜਾਂਦੀ ਤਾਈ ਨੂੰ ਇਹਨਾਂ ਬੱਚਿਆਂ ਦੀ ਇਕ ਝਲਕ ਬੜੀ ਪਿਆਰੀ ਲੱਗੀ। ਉਹਨੂੰ ਕਿਤੇ ਓਹੋ ਅਭਿਮਾਨ ਹੋਇਆ ਜੋ ਉਹਦੀ ਸੌਂਕਣ ਨੂੰ ਆਪਣੇ ਪੋਤੇ ਪੋਤੀਆਂ ਨੂੰ ਵੇਖ ਕੇ ਹੁੰਦਾ ਹੈ — ਕਿਵੇਂ ਭੋਲੇ ਬਣ ਕੇ ਵੇਖ ਰਹੇ ਨੇ ਟੁੱਟ ਪੈਣੇ! ਜਦ ਮਾਰਦੇ ਨੇ ਉਦੋਂ ਇਹ ਭੋਲਾਪਨ ਨੱਕ ਪਿੱਟਿਆ ਦਿੱਸਦਾ ਵੀ ਨਹੀਂ ਕਿਤੇ!"

ਤਾਈ ਪਾਨ ਧੋਣ ਲਈ ਕਟੋਰੀ ਵਿਚ ਪਾਣੀ ਲਿਆਈ ਸੀ। ਬਿਸਾਖਾ ਨੇ ਉਹਦੇ ਵਿਚ ਮੂੰਹ ਪਾ ਦਿਤਾ। ਤਾਈ ਫਿਰ ਚਿੜ੍ਹ ਦੀ ਅਟਾਰੀ ਤੇ ਚੜ੍ਹ ਗਈ। ਜਦੋਂ ਤੋਂ ਬਿੱਲੀ ਦੇ ਬੱਚੇ ਆਏ ਨੇ ਤਾਈ ਦਾ ਸਾਰਾ ਕਰਮ-ਧਰਮ ਦਿਨ ਵਿਚ ਕਈ ਵਾਰ ਭ੍ਰਿਸ਼ਟ ਹੁੰਦਾ ਰਹਿੰਦਾ ਹੈ। ਬਿੱਲੀ ਦੇ ਬੱਚੇ ਘਰ ਵਿਚ ਗੰਦ ਪਾਉਂਦੇ ਹਨ। ਤਾਈ ਗਾਲ੍ਹਾਂ ਦੇਂਦੀ ਓਸ ਗੰਦ ਨੂੰ ਸੌ ਵਾਰ ਸਾਫ ਕਰਦੀ ਹੈ। ਬਿੱਲੀ ਦੇ ਬੱਚੇ ਉਹਦੇ ਰਸੋਈ ਘਰ ਵਿਚ, ਪੂਜਾ ਘਰ ਵਿਚ ਕਿਥੇ ਨਹੀਂ ਜਾਂਦੇ? ਚੂਹੇ ਖਾ ਕੇ ਪੰਜੇ ਨਾਲ ਮੂੰਹ ਪੂੰਝਦੇ ਹੋਏ ਉਹ ਮਸਤੀ ਨਾਲ ਤਾਈ ਦੀ ਗੋਦ ਵਿਚ ਆ ਕੇ ਬੈਠਦੇ ਹਨ। ਵੈਸ਼ਨਵੀ ਤਾਈ ਓਸ ਵੇਲੇ ਇਸ ਨਾ ਖਾਣ ਵਾਲੇ ਲਲਿਤਾ ਬਿਸਾਖਾ ਅਤੇ ਕਿਸਨਾ ਲਈ ਨਫਰਤ ਨਾਲ ਭਰੀ ਹੋਈ ਵਾਰ ਵਾਰ ਉਹਨਾਂ ਨੂੰ ਆਪਣੇ ਕੋਲੋਂ ਪਰ੍ਹਾਂ ਧਕਦੀ ਹੈ। ਬੱਚੇ ਵਾਰ ਵਾਰ ਕੋਲ ਆਉਣ ਦਾ ਹੱਠ ਕਰਦੇ ਹਨ। ਹੱਠ ਕਰ ਕੇ ਲਾਡ ਲੈਣਾ ਬਿੱਲੀ-ਦਾ ਵਿਸ਼ੇਸ਼

ਗੁਣ ਹੈ। ਤਾਈ ਉਹਨਾਂ ਤੋਂ ਹਾਰ ਜਾਂਦੀ ਹੈ। ਉਹਨੂੰ ਹਾਰ ਕੇ ਬੱਚਿਆਂ ਨੂੰ ਆਪਣੀ ਗੋਦ ਵਿਚ ਬਿਠਉਣਾ ਹੀ ਪੈਂਦਾ ਹੈ। ਮਾਸਾਹਾਰੀ ਭੋਜਨ ਖਾਣ ਵਾਲ ਘਿਰਣਤ ਬਿੱਲੀ ਦੇ ਬੱਚੇ ਤਾਈ ਦੇ ਕਿਸਨ ਅਤੇ ਲਲਿਤਾ-ਬਿਸਾਖਾ ਬਣ ਕੇ ਉਹਨਾਂ ਦੇ ਹੱਥ ਤੇ ਪਈਆਂ ਝੁਰੜੀਆਂ ਨੂੰ ਚੱਟਦੇ ਹਨ, ਅਕਸਰ ਤਾਈ ਦਾ ਮੂੰਹ ਵੀ ਆਪਣੀ ਖੁਰਦਰੀ ਜੀਭ ਨਾਲ ਚੱਟਦੇ ਹਨ। ਉਹਦੇ ਕਿਸਨ ਅਤੇ ਲਲਿਤਾ ਬਿਸਾਖਾ ਖੇਡਦੇ ਮਲਣੇ ਦੌੜਦੇ ਹੋਏ ਕਦੇ ਕਦੇ ਠਾਕੁਰ ਜੀ ਦੇ ਸਿੰਘਾਸਨ ਉੱਤੇ ਵੀ ਟਪੂਸੀ ਮਾਰ ਜਾਂਦੇ ਹਨ। ਪਿੱਤਲ ਤਾਂਬੇ ਅਤੇ ਪੱਥਰ ਦਾ ਬਣਾਇਆ ਤਾਈ ਠਾਕਰ ਪ੍ਰਵਾਰ ਤਿੱਤਰ ਬਿੱਤਰ ਹੋ ਜਾਂਦਾ ਹੈ। ਤਾਈ ਇਹ ਸਭ ਸਹਿੰਦੀ ਹੈ। ਬੁੜਬੁੜ ਕਰਦੀ ਦੂਸਰੀ ਕਟੋਰੀ ਵਿਚ ਤਾਜ਼ਾ ਪਾਣੀ ਲੈਣ ਲਈ ਤਾਈ ਫਿਰ ਉੱਠੀ, ਤਾਰਾ ਦੀਆਂ ਪੀੜ ਭਰੀਆਂ ਅਵਾਜ਼ਾਂ ਤਾਈ ਦੇ ਮਨ ਵਿਚ ਪੰਜਤਾਲੀ ਸਾਲ ਪਹਿਲਾਂ ਦੀ ਆਪਣੀ ਪਹਿਲੀ ਅਤੇ ਅੰਤਮ ਜਣੇਪੀ ਪੀੜ ਦੀ ਯਾਦ ਦਿਵਾ ਗਈਆਂ, ਤਾਈ ਪਾਨ ਲਾਉਂਦੀ ਰਹੀ, ਸੁਣਦੀ ਰਹੀ। ਪਾਨ ਲਾਇਆ, ਚੁਟਕੀ ਮਾਰ ਕੇ 'ਕ੍ਰਿਸ਼ਣਾਰਪਣ' ਕਰਦਿਆਂ ਹੋਇਆਂ ਮੂੰਹ ਵਿਚ ਰਖਿਆ; ਤਮਾਕੂ ਦੀ ਚੁਟਕੀ ਲਈ, 'ਜੈਸਿਰੀ ਕਿਸ', ਕਹਿ ਕੇ ਮੂੰਹ ਵਿਚ ਰੱਖੀ; ਹੱਥ ਧੋਤੇ; ਸ਼ਾਂਤੀ ਨਾਲ ਉੱਠੀ; ਲਾਲਟੈਣ ਲਈ; ਠਾਕੁਰ ਜੀ ਵਾਲੀ ਕੋਠੜੀ ਵਿਚ ਗਈ ਅਤੇ ਭੰਡਾਰ ਘਰ ਵਿਚੋਂ ਚਾਬੀਆਂ ਦਾ ਗੁੱਛਾ ਕੱਢਿਆ।

ਵਰ੍ਹਿਆਂ ਪਿਛੋਂ ਤਾਈ ਵਲੋਂ ਅਜ ਹਵੇਲੀ ਦੇ ਓਸ ਹਿੱਸੇ ਦਾ ਬੂਹਾ ਖੁਲ੍ਹ ਰਿਹਾ ਸੀ ਜੋ ਏਸ ਵੇਲੇ ਤਾਰਾ ਦੇ ਅਧਿਕਾਰ ਵਿਚ ਸੀ।

... ...

ਦਰਦਾ ਵਧਦੀਆਂ ਗਈਆਂ, ਵਰਮਾ ਕੁਝ ਵੀ ਇੰਤਜ਼ਾਮ ਨਾ ਕਰ ਸਕਿਆ। ਉਹ ਏਸ ਵੇਲੇ ਆਪਣੀ ਹਾਲਤ ਉੱਤੇ ਖਿੱਝ ਰਿਹਾ ਸੀ। ਏਸੇ ਸ਼ਹਿਰ ਵਿਚ ਵਰਮਾ ਜੀ ਦੇ ਮਾਤਾ ਪਿਤਾ ਰਹਿੰਦੇ ਹਨ, ਪਰ ਉਹ ਕਿਸੇ ਦਾ ਵੀ ਸਹਿਯੋਗ ਨਹੀਂ ਲੈ ਸਕਦਾ। ਇਹ ਮੁਹੱਲਾ ਵੀ ਜ਼ਿਆਦਾ ਕਰਕੇ ਉਹਨਾਂ ਦੇ ਪ੍ਰੇਮ ਵਿਆਹ ਨੂੰ ਨਫਰਤ ਦੀ ਨਜ਼ਰ ਨਾਲ ਵੇਖਦਾ ਹੈ। ਇਸ ਸੰਜਮ ਅਤੇ ਆਪਣੇ ਪ੍ਰੇਮ ਸੰਬੰਧ ਵਲ ਸਮਾਜ ਦੀ ਨਫਰਤ ਨਾਲ ਉਹਦੇ ਮਨ ਵਿਚ ਜੋ ਗੁੱਸਾ ਆ ਰਿਹਾ ਸੀ, ਉਹ ਆਪਣੇ ਪਿਆਰ ਦੀ ਪ੍ਰਤੀਕ, ਆਪਣੇ ਹੋਣ ਵਾਲੇ ਬੱਚੇ ਦੀ ਮਾਂ ਤਾਰਾ ਦੇ ਕਸ਼ਟ ਨੂੰ ਵੇਖ ਕੇ ਹੋਰ ਵੀ ਜ਼ਿਆਦਾ ਵਧ ਰਹੀ ਸੀ। ਤਾਰਾ ਦੀ ਜਾਨ ਦੀ ਰਾਖੀ ਲਈ ਉਹ ਬਿਹਬਲ ਹੋ ਰਿਹਾ ਸੀ। ਤਾਰਾ ਉਹਨੂੰ ਆਪਣੇ ਕੋਲੋਂ ਹਟਣ ਨਹੀਂ ਦੇਣਾ ਚਾਹੁੰਦੀ. ਪਰ ਵਰਮਾ ਹੱਠ ਕਰਕੇ ਦਾਈ ਨੂੰ ਕਿਤੋਂ ਨਾ ਕਿਤੋਂ ਲੱਭ ਕੇ ਲਿਆਉਣ ਲਈ ਕਪੜੇ ਪਾ ਕੇ ਕਮਰੇ

ਵਿਚੋਂ ਬਾਹਰ ਨਿਕਲਿਆ। ਵਿਹੜੇ ਵਿਚ ਆਇਆ ਹੀ ਕਿ ਸਾਹਮਣੇ, ਵਿਹੜੇ ਦੇ ਓਸ ਘਰ ਪਾਰ ਰਸੋਈ ਵਾਲੇ ਬਰਾਂਡੇ ਵਿਚ ਉਹ ਗਲਿਆਰਾ ਜਿਸ ਦੇ ਅਗਲੇ ਹਿੱਸੇ ਵਿਚ ਬਾਲਣ ਦੀਆਂ ਲਕੜੀਆਂ ਪਈਆਂ ਰਹਿੰਦੀਆਂ ਹਨ, ਏਸ ਵੇਲੇ ਇਕ ਮਧੱਮ ਚਾਨਣ ਨਾਲ ਰੌਸ਼ਨ ਹੋ ਰਿਹਾ ਸੀ। ਇਕ ਪ੍ਰਛਾਵਾਂ ਏਸ ਪਾਸੇ ਵਧਦਾ ਆ ਰਿਹਾ ਸੀ। ਪ੍ਰਛਾਵਾਂ ਰਸੋਈ ਵਾਲੇ ਦਲਾਨ ਵਿਚ ਆ ਗਿਆ। ਪ੍ਰਛਾਵਾਂ ਔਰਤ ਵਰਗਾ ਹੈ — ਚਿੱਟੇ ਕਪੜੇ ਪਾਈ — ਚੁੜੇਲ ਵਰਗਾ! ਇਸ ਘਰ ਵਿਚ ਭੂਤਾਂ ਦਾ ਵਾਸਾ ਮੰਨਿਆ ਜਾਂਦਾ ਹੈ। ਦਿਨ ਭਰ ਦਾ ਡਰ, ਏਸ ਵੇਲੇ ਦਾ ਡਰ ਜੁੜ ਕੇ ਆਉਂਦੀ ਹੋਈ ਤਾਈ ਨੂੰ ਕੇਵਲ ਪ੍ਰੇਤ ਰੂਪ ਵਿਚ ਹੀ ਵੇਖ ਸਕਿਆ। ਵਰਮਾ ਦੇ ਹੱਥ ਪੈਰ ਫੁੱਲ ਗਏ। ਘਿੱਗੀ ਬੱਝਣ ਲੱਗੀ — ਅਤੇ ਉਹ ਘਿੱਗੀ ਖੁਲ੍ਹੇ ਗਲ ਦੀ ਚੀਕ ਬਣ ਗਈ। ਵਰਮਾ ਦਲਾਨ ਵਿਚ ਕੱਟੇ ਹੋਏ ਰੁੱਖ ਵਾਂਗ ਡਿਗ ਕੇ ਬੇਹੋਸ਼ ਹੋ ਗਿਆ।

ਪਤੀ ਦੀ ਚੀਕ ਨੇ ਕਮਰੇ ਅੰਦਰ ਦਰਦ ਨਾਲ ਬੇਵੱਸ ਤਾਰਾ ਨੂੰ ਡਰ ਦੇ ਖੂਹ ਵਿਚ ਸੁੱਟ ਦਿਤਾ। ਪਤੀ ਦੀ ਚੀਕ ਦਾ ਕਾਰਨ ਜਾਨਣ ਦਾ ਹੌਸਲਾ, ਉਹਦੇ ਬਿਸਤਰੇ ਵਿਚੋਂ ਨਾ ਉੱਠ ਸਕਣ ਕਾਰਨ ਇਸ ਵੇਲੇ ਨ ਜਾਗ ਸਕਿਆ; ਪਤੀ ਦੀ ਚੀਕ ਉਹਦੇ ਅੰਦਰ ਡਰ ਨੂੰ ਉਭਾਰ ਗਈ। ਉਹਦਾ ਕਲੇਜਾ ਉਛਲਿਆ, ਗਰਭ ਵਿਚਲੇ ਜੀਵ ਅੰਦਰ ਅੰਦਰ ਵੀ ਉੱਥਲ-ਪੁਥੱਲ ਹੋਈ — ਅਤੇ ਉਹਦਾ ਦਿਲ ਡੁੱਬਣ ਲੱਗਾ। ਤਾਰਾ ਬਿਨਾਂ ਕੁਝ ਕਹੇ-ਸੋਚੇ ਜਾ ਜਤਨ ਕੀਤੇ ਆਪਣੇ ਆਪਨੂੰ ਜਸਰਾਜ ਦੇ ਹੱਥਾਂ ਵਿਚ ਬੇਵੱਸ ਜਹੀ ਸਮਰਪਣ ਕਰਨ ਲੱਗੀ। ਉਹਦਾ ਦਿਲ ਡੁੱਬਾ, ਉਹ ਬੇਹੋਸ਼ ਹੋ ਗਈ।

ਤਾਈ ਛੇਤੀ ਛੇਤੀ ਵਿਹੜਾ ਲੰਘ ਕੇ ਦਲਾਨ ਵਿਚ ਆਈ, ਉਥੇ ਸੋਫੇ ਦੇ ਕੋਲ ਵਰਮਾ ਬੇਹੋਸ਼ ਪਿਆ ਸੀ। ਪਲ ਭਰ ਉਹਨੂੰ ਵੇਖਣ ਲਈ ਰੁਕੀ, ਫਿਰ ਕਮਰੇ ਅੰਦਰ ਚਲੀ ਗਈ। ਤਾਰਾ ਦੀ ਹਾਲਤ ਵੇਖ ਕੇ ਉਹਦੇ ਸਰੀਰ ਵਿਚ ਬਿਜਲੀ ਦੌੜ ਗਈ। ਉਹਦਾ ਦਿਮਾਗ ਬੜੇ ਠਰ੍ਹੰਮੇ ਨਾਲ ਹਾਲਤ ਨਾਲ ਲੋਹਾ ਲੈਣ ਲਈ ਅਗਾਂਹ ਵਧਿਆ। ਇਕੱਲੀ ਜਾਨ, ਕਮਜ਼ੋਰ ਸਰੀਰ ਹੋਣ ਤੇ ਵੀ ਤਾਈ ਆਪਣੇ ਹੌਸਲੇ ਨਾਲ ਜੱਗ ਜਿੱਤ ਗਈ।

ਵਰਮਾ ਜਦ ਹੋਸ਼ ਵਿਚ ਆਇਆ, ਉੱਠ ਕੇ ਕਮਰੇ ਵਿਚ ਆਇਆ। ਤਾਈ ਤਾਰਾ ਨੂੰ ਜਣੇਪਾ ਕਟਾ ਰਹੀ। ਉਹਨੇ ਵਰਮਾ ਨੂੰ ਬੜੇ ਜ਼ੋਰ ਦੀ ਡਾਟ ਕੇ ਨਸਾ ਦਿਤਾ; ਵਰਮਾ ਨੂੰ ਤਾਈ ਦਾ ਰੱਬੀ ਸਹਾਇਤਾ ਦੇ ਰੂਪ ਵਿਚ ਏਥੇ ਆਉਣਾ ਅਜੇ ਵੀ ਕਲਪਨਾ ਤੋਂ ਪਰੇ ਦੀ ਗੱਲ ਲਗ ਰਿਹਾ ਸੀ। ਫਿਰ ਵੀ ਉਹ ਹੁਣ ਆਪਣੇ ਅੰਦਰ ਬਲ ਵੇਖ ਰਿਹਾ ਸੀ। ਤਾਈ ਨੇ ਉਹਨੂੰ ਅੰਦਰੋਂ ਹੀ ਪਾਣੀ ਗਰਮ ਕਰਨ ਦੀ ਆਗਿਆ ਦਿਤੀ, ਚਾਕੂ ਲਿਆਉਣ ਲਈ ਕਿਹਾ, ਵਰਮਾ ਚੁੱਪ ਚਾਪ ਉਹਦੀ ਆਗਿਆ ਦਾ ਪਾਲਣ ਕਰਦਾ ਰਿਹਾ। ਰਸੋਈ ਘਰ ਵਿਚ ਵਾਲੇ ਦਲਾਨ ਵਿਚ ਸਟੋਵ ਗਰਮ ਕਰਨ ਦਾ ਕੰਮ

ਕਰਦਿਆਂ ਹੋਇਆਂ ਉਹਨੇ ਆਪਣੇ ਘਰ ਵਿਚ ਨਵੇਂ ਪਰਾਹੁਣੇ ਦੀ ਅਚਾਨਕ ਅਜੀਬ ਜਿਹੀ ਲੱਗਣ ਵਾਲੀ ਪਹਿਲੀ 'ਕੁਆਂ-ਕੁਆਂ' ਸੁਣੀ — ਉਹਦਾ ਮਨ ਕਾਂਬੇ ਨਾਲ ਭਰ ਗਿਆ। ਨਾਲ ਹੀ ਉਹਦੇ ਮਨ ਵਿਚ ਤਾਰਾ ਦੇ ਜੀਵਨ ਵਲੋਂ ਡਰ ਵੀ ਪਸਰ ਗਿਆ। ਸਟੋਵ ਗਰਮ ਕਰਨਾ ਭੁਲ ਕੇ ਵਰਮਾ ਦੌੜਦਾ ਹੋਇਆ ਕਮਰੇ ਦੇ ਬੂਹੇ ਤਕ ਆਇਆ, ਤਾਈ ਦੇ ਡਰ ਕਾਰਨ ਰੁਕ ਗਿਆ। ਪਹਿਲਾਂ ਹਿੰਮਤ ਨ ਪਈ, ਫਿਰ ਓਥੋਂ ਹੀ ਖਲੋਤਿਆਂ ਖਲੋਤਿਆਂ ਪੁੱਛਿਆ — "ਤਾਈ ਜੀ, ਕੀ ਹੋਇਆ ?"

ਤਾਈ ਬੜੇ ਜ਼ੋਰ ਦੀ ਝੁੰਜਲਾਈ — "ਪਾਣੀ ਗਰਮ ਕੀਤਾ ਈ ਕਿ ਨਹੀਂ ! ਪਿਉ ਬਣ ਗਿਆ ਏਂ, ਚੰਦਰਿਆ ।"

ਵਰਮਾ ਕੁਝ ਕਹਿਣ ਦੀ ਹਿੰਮਤ ਨਾ ਕਰ ਸਕਿਆ। ਹੜਬੜਾਉਂਦਾ ਰਸੋਈ ਵਲ ਦੌੜਿਆ।

ਅਜ ਉਹਨੇ ਤਾਈ ਦਾ ਕਲਪਨਾ ਤੋਂ ਬਾਹਰੇ ਰੂਪ ਦੇ ਦਰਸ਼ਨ ਕੀਤੇ ਸਨ ਜਿਵੇਂ ਹੁਣ ਵੀ ਵਿਸ਼ਵਾਸ ਨਾ ਹੋ ਰਿਹਾ ਹੋਏ ਕਿ ਉਹਦੇ ਉੱਤੇ ਭਾਂਤ ਭਾਂਤ ਦੇ ਟੂਣੇ ਟੋਣਕੇ ਕਰਨ ਵਾਲੀ, ਉਹਦੇ ਨਾਲ ਵੈਰ ਰਖਣ ਵਾਲੀ ਨਫ਼ਰਤ ਭਰੀ ਤਾਈ ਹੀ ਆ ਕੇ ਉਹਨੂੰ ਸੰਕਟ 'ਚੋਂ ਕੱਢਣ ਆਈ ਹੈ — ਇਹ ਨਿਸ਼ਕਾਮ ਸੇਵਾ, ਪਰਾਏ ਲਈ ਇਹ ਪ੍ਰੇਮ-ਭਾਵ ਤਾਈ ਵਿਚ ਅਚਾਨਕ ਕਿਥੋਂ ਪੈਦਾ ਹੋ ਗਿਆ, ਇਹ ਗੱਲ ਉਹਦੇ ਲਈ ਇਕ ਭੇਟ ਹੀ ਬਣੀ ਰਹੀ। ਨਫਰਤ ਭਰੀ ਤਾਈ ਉਹਦੀ ਨਜ਼ਰ ਵਿਚ ਇਸ ਵੇਲੇ ਦੇਵੀ ਸੀ — ਭੇਦ ਭਰੀ ਦੇਵੀ ਸੀ !

29

ਕੰਨਿਆ ਅਤੇ ਸੱਜਨ ਅਜ ਸਵੇਰੇ ਹੀ ਮਥੁਰਾ ਤੋਂ ਪਰਤੇ ਹਨ। ਸਟੇਸ਼ਨ ਤੇ ਸੱਜਨ ਨੇ ਕੰਨਿਆ ਤੇ ਬੜਾ ਜ਼ੋਰ ਪਾਇਆ ਕਿ ਉਹ ਉਹਦੇ ਨਾਲ ਉਹਦੀ ਕੋਠੀ 'ਚ ਚਲੇ, ਪਰ ਕੰਨਿਆ ਨਾ ਮੰਨੀ। ਕਰਨਲ ਭਾਈ ਸਾਹਿਬ ਬੁਰਾ ਮੰਨ ਜਾਣਗੇ, ਇਹ ਉਹਦੀ ਦਲੀਲ ਸੀ। ਸੱਜਨ ਨੇ ਵੀ ਆਪਣੀ ਜਿੱਦ ਨੂੰ ਹੋਰ ਜ਼ਿਆਦਾ ਵਧਾਉਣਾ ਉਚਿੱਤ ਨਾ ਸਮਝਿਆ। ਖ਼ੈਰ ਚਾਰ ਦਿਨ ਕੰਨਿਆ ਚਵ੍ਹੀ ਘੰਟੇ ਨਾਲ ਰਹਿ ਕੇ ਨਵੇਂ ਸਿਰਿਓਂ ਸੱਜਨ ਏਨਾ ਤਾਂ ਚੰਗੀ ਤਰ੍ਹਾਂ ਸਮਝ ਗਿਆ ਸੀ ਕਿ ਕੰਨਿਆ ਨੂੰ ਉਹਦੀ ਮਰਜ਼ੀ ਵਿਰੁਧ ਵੱਸ ਵਿਚ ਕਰਨਾ ਸੌਖਾ ਕੰਮ ਨਹੀਂ। ਕੰਨਿਆ ਬਾਕੀ ਨਵਿਆਂ ਨਾਲੋਂ ਨਿਆਰੀ ਹੈ। ਉਹ ਵੀ ਓਸੇ ਤਰ੍ਹਾਂ ਦੀ ਹਠੀ ਹੈ ਜਿਸ ਤਰ੍ਹਾਂ ਦੀ ਸੱਜਨ ਦੀ ਮਾਂ ਸੀ। ਸੱਜਨ ਇਹਨਾਂ ਪਿਛਲੇ ਚੌਂਹ ਦਿਨਾਂ ਵਿਚ ਕੰਨਿਆ ਨੂੰ ਪ੍ਰਾਪਤ ਕਰਨ ਲਈ ਬਹੁਤ ਕਾਹਲਾ ਪਿਆ,

ਓਹਦੇ ਕੋਲੋਂ ਦੂਰ ਨੱਸਣ ਲਈ ਵੀ ਬਹੁਤ ਤੜਫਿਆ — ਪਰ ਉਹਦਾ ਹਠ ਦੋਵਾਂ ਪਾਸਿਆਂ ਵਲੋਂ ਕੰਨਿਆ ਦੇ ਹੱਠ ਸਾਹਮਣੇ ਵਾਰ ਵਾਰ ਹਾਰਿਆ ਹੈ। ਇਹ ਹਾਰ ਉਹਨੂੰ ਜਿੱਤਣ ਲਈ ਬਹੁਤ ਸਤਾ ਰਹੀ ਹੈ — ਸੱਜਨ ਆਪਣੀ ਇਸ ਉਤੇਜਨਾ ਨੂੰ ਮਨ ਵਿਚ ਨੱਪ ਨੱਪ ਕੇ ਕੰਨਿਆ ਅੱਗੇ ਸਭਯ ਅਤੇ ਸੁਲਝਿਆ ਬਣੇ ਰਹਿਣ ਲਈ ਇਸ ਵੇਲੇ ਬਹੁਤ ਕੋਸ਼ਿਸ਼ ਕਰਦਾ ਹੈ। ਉਹ ਆਪਣੀ ਓਸ ਵਹਿਸ਼ਤ ਦਾ ਕਲੰਕ ਮਿਟਾਉਣਾ ਚਾਹੁੰਦਾ ਹੈ — ਜਿਸ ਦਾ ਪਤਾ ਕੰਨਿਆ ਨੂੰ ਲੱਗ ਚੁਕਾ ਹੈ। ਉਹ ਕੰਨਿਆ ਦਾ ਦਿਲ ਜਿੱਤਣਾ ਈ ਚਾਹੁੰਦਾ ਹੈ — ਉਹਦਾ ਸਰੀਰ ਜਿੱਤਣ ਲਈ ਉਹਦਾ ਦਿਲ-ਜਿੱਤਣਾ ਚਾਹੁੰਦਾ ਹੈ — ਅਤੇ ਕਲ੍ਹ ਦੀ ਹੀ ਗੱਲ ਹੈ ਸੁੰਦਰਤਾ ਦਾ ਨਾਸ ਪੁੱਟਣ ਵਾਲੇ ਵਹਿਸ਼ੀਆਂ ਤੇ ਜਦ ਸੱਜਨ ਨੇ ਰੀਮਾਰਕ ਕੱਸਿਆ ਸੀ ਤਾਂ ਕੰਨਿਆ ਡੂੰਘੀ ਅਰਥ ਭਰੀ ਨਿਗਾਹ ਨਾਲ ਉਹਨੂੰ ਵੇਖ ਕੇ ਬੋਲੀ ਸੀ — ਆਪਣੀ ਇਸ ਗੱਲ ਨੂੰ ਕਦੇ ਭੁੱਲੀ ਨਾ। ਸੱਜਨ ਆਪਣੇ ਕੋਲੋਂ ਹੀ ਹਾਰਿਆ ਇਸ ਗੱਲ ਨੂੰ ਭੁੱਲਣ ਲਈ ਉਦੋਂ ਤੋਂ ਹੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਹਨੇ ਉਸ ਤੋਂ ਪਿਛੋਂ ਕੰਨਿਆ ਨੂੰ ਛੇੜਨਾ ਤੇ ਕੀ ਕਿਸੇ ਤਰ੍ਹਾਂ ਦਾ ਮਜ਼ਾਕ ਵੀ ਨਹੀਂ ਕੀਤਾ। ਟ੍ਰੇਨ ਵਿਚ ਵੀ ਉਹ ਕੰਨਿਆ ਨੂੰ ਅਜੰਤਾ; ਆਬੂ, ਏਲੋਰਾ, ਖਜੁਰਾਹੋ ਜਾਂ ਚਿਤੰਬਰਮ, ਮਦੁਰਾ ਆਦਿ ਦੀ ਸੁੰਦਰ ਸ਼ਿਲਪ-ਕਲਾ ਦੀਆ ਗੱਲਾਂ ਦੱਸਦਾ ਰਿਹਾ; ਸੰਜੋਗ ਨਾਲ ਦੋ ਬਰਥਾਂ ਵਾਲਾ ਇਕੱਲਾ ਕੰਪਾਰਟਮੈਂਟ ਹੋਣ ਤੇ ਵੀ ਸੱਜਨ ਨੇ ਬੜੇ ਜ਼ਬਤ ਨਾਲ ਉਸ ਸੁੰਦਰਤਾ ਦੀ ਚਰਚਾ ਕੀਤੀ। ਉਹਨੇ ਕੰਨਿਆ ਦੇ ਸਾਹਮਣੇ ਆਪਣਾ ਏਨਾ ਵਧੀਆ ਪ੍ਰਗਟਾਵਾ ਕੀਤਾ, ਕਿ ਜਦ ਉਹ ਉੱਤਲੀ ਬਰਥ ਤੇ ਸੌਣ ਗਿਆ ਤਾਂ ਓਹਦਾ ਮਨ ਬੁਰੀ ਤਰ੍ਹਾਂ ਥੱਕ ਚੁਕਾ ਸੀ।

ਅਜ ਸਵੇਰੇ ਸਟੇਸ਼ਨ ਤੇ ਕੰਨਿਆ ਨੇ ਜਦ ਉਹਦੇ ਨਾਲ ਉਹਦੀ ਕੋਠੀ ਤੇ ਜਾਣ ਲਈ — ਨਾਂਹ ਕਰ ਦਿਤੀ ਤਾਂ ਉਹ ਅੰਦਰੋਂ ਅੰਦਰੀ ਚੁੱਪ ਹੋ ਕੇ ਵੀ ਪ੍ਰਗਟ ਤੌਰ ਤੇ 'ਐਜ਼ ਯੂ ਲਾਈਕ' (ਜਿਵੇਂ ਤੂੰ ਚਾਹੇਂ) ਵਾਲੇ ਸਭਯ ਢੰਗ ਨਾਲ ਕਲਾਕਾਰ ਦੇ ਚਿੱਤ ਵਾਲੀ ਮਸਤੀ ਦਾ ਢੋਂਗ ਕਰਦਾ ਰਿਹਾ।

ਮਥਰਾ ਤੋਂ ਤਾਰ ਦੇ ਦਿਤਾ ਗਿਆ ਸੀ, ਇਸ ਲਈ ਸਟੇਸ਼ਨ ਤੇ ਓਹਦਾ ਡਰਾਈਵਰ ਕਾਰ ਲੈ ਕੇ ਆ ਗਿਆ ਸੀ। ਕੰਨਿਆ ਨੂੰ ਪਹੁੰਚਾਉਣ ਲਈ ਸੱਜਨ ਕਰਨਲ ਦੇ ਦਵਾਖਾਨੇ ਤੇ ਗਿਆ। ਸੰਜੋਗ ਨਾਲ ਕਰਨਲ ਓਸ ਵੇਲੇ ਲਾਲਾ ਜਾਨਕੀਸ਼ਰਣ ਨਾਲ ਆਪਣੀ ਦੁਕਾਨ ਦੇ ਪਿਛਲੇ ਹਿੱਸੇ ਵਿਚ ਬੈਠਾ ਹੋਇਆ ਸੀ। ਸੱਜਨ ਦੇ ਕਮਰੇ ਉੱਤੇ ਪਿਛਲੀ ਰਾਤ ਹਮਲੇ ਦੀ ਖ਼ਬਰ ਨੇ ਕਰਨਲ ਨੂੰ ਇਸ ਵੇਲੇ ਬਹੁਤ ਤਾਅ ਚੜ੍ਹਾਇਆ ਸੀ। ਲੁੱਟ ਦੀ ਖ਼ਬਰ ਦੇ ਨਾਲ ਨ ਲ ਲਾਲਾ ਜਾਨਕੀਸਰਣ ਮੁਹੱਲੇ ਵਿਚ ਹੋਣ ਵਾਲੀ ਚਿਤਰਕਲਾ ਪ੍ਰਦਰਸ਼ਨੀ ਦੇ ਪ੍ਰਬੰਧ ਦੀ ਚਰਚਾ ਚਲਾਉਣ ਵੀ ਉਹਦੇ ਕੋਲ ਆਇਆ ਸੀ। ਕਰਨਲ ਨੇ ਪੂਰੀ ਦੁਨੀਆਦਾਰੀ ਨਾਲ ਲਾਲਾ ਜਾਨਕੀਸਰਣ ਨੂੰ ਢੁਕਵਾਂ ਜਵਾਬ

ਦੇ ਦਿਤਾ ਸੀ। ਲਾਲਾ ਜਾਨਕੀਸਰਣ ਜਾ ਹੀ ਰਿਹਾ ਸੀ — ਓਸੇ ਵੇਲੇ ਸੱਜਨ ਅਤੇ ਕੰਨਿਆ ਉੱਥੇ ਪਹੁੰਚੇ।

ਦੋਵਾਂ ਨੂੰ ਵੇਖ ਕੇ ਕਰਨਲ ਦਾ ਚਿਹਰਾ ਖਿੜ ਗਿਆ। ਲਾਲਾ ਜਾਨਕੀਸਰਣ ਦੀਆਂ ਨਜ਼ਰਾਂ ਵਿਚ ਇਸ ਜੁਗਲ ਜੋੜੀ ਨੂੰ ਅਰਥ ਭਰੀ, ਸ਼ਸ਼ੋਪੰਜ ਵਾਲੀ ਚਮਕ ਆਈ।

ਕਰਨਲ ਨੇ ਆਪਣੇ ਨੌਕਰ ਨੂੰ ਆਵਾਜ਼ ਦਿਤੀ – "ਭੋਲੇ, ਗੱਡੀ 'ਚੋਂ ਬਿੰਨੋ ਦਾ ਸਮਾਨ ਚੁੱਕ ਕੇ ਉਪਰ ਲੈ ਜਾ।" ਲਾਲਾ ਜਾਨਕੀਸਰਣ ਨੇ ਸੱਜਨ ਨੂੰ ਕਿਹਾ – "ਕਿਉਂ ਬਈ, ਕਿਥੇ ਗੁਆਚ ਗਿਆ ਸੀ ਸੈਲ-ਬਿਹਾਰੀ ? ਪਤਾ ਏ, ਨਮਾਇਸ਼ ਵਿਚ ਦੋ ਦਿਨ ਰਹਿ ਗਏ ਨੇ। ਤੇ ਅਸਾਂ ਐਹੋ ਜਈ ਇਸ਼ਤਿਹਾਰਬਾਜ਼ੀ ਕੀਤੀ ਏ ਕਿ ਚਾਰੇ ਪਾਸੇ ਤੇਰੀ ਧੁੰਮ ਮੱਚ ਗਈ ਏ।"

ਸੱਜਨ ਨੂੰ ਬਹੁਤ ਬੁਰਾ ਲੱਗਾ। ਆਪਣੇ ਆਪ ਨੂੰ ਰੋਕਦਿਆਂ ਵੀ ਉਹਦੇ ਕੋਲੋਂ ਰਿਹਾ ਨਾ ਗਿਆ, ਬੋਲਿਆ –"ਜੀ ਹਾ, ਕਲ੍ਹ ਮਥੁਰਾ ਵਿਚ, ਤੇ ਸਾਰੇ ਰਾਹ ਵਿਚ ਲੋਕ ਮੈਨੂੰ ਏਹੋ ਕਹਿੰਦੇ ਰਹੇ ਕਿ ਲਾਲਾ ਜੀ ਨੇ ਤੁਹਾਡੀ ਬੜੀ ਧੁੰਮ ਮਚਾਈ ਏ !"

ਲਾਲਾ ਜਾਨਕੀਸਰਣ ਕੱਟਿਆ ਗਿਆ। ਬੋਲਿਆ —"ਚੰਗਾ ਬਈ, ਹੁਣ ਤੂੰ ਜਾਣ ਤੇ ਤੇਰਾ ਕੰਮ ਜਾਣੇ, ਸਾਡੇ ਤੋਂ ਜਿਹੜੀ ਸੇਵਾ ਹੋ ਸਕੀ ਕਰ ਦਿਤੀ। ਕਲ੍ਹ ਰਾਤੀਂ ਸਾਲਗਰਾਮ ਵਿਚਾਰੇ ਗਲੀ ਵਿਚ ਡਿਗ ਪਏ ਸੌ ਉਹਨਾਂ ਦੇ ਪੈਰ ਦੀ ਹੱਡੀ ਟੁੱਟ ਗਈ ਏ......"

ਸੱਜਨ ਨੇ ਝੱਟ 'ਚ 'ਚ, ਕਰਕੇ ਕਿਹਾ — "ਹੈਂ ਕਿੱਦਾਂ ਡਿਗ ਪਏ ?" ਲਾਲਾ ਜਾਨਕੀਸਰਣ ਮੁਸਕ੍ਰਾਇਆ, ਬੋਲਿਆ – "ਸੁਣਿਆ ਤੇ ਇਹ ਆ ਭਈ ਤੇਰੀ ਮਕਾਨ ਮਾਲਕਣ ਨੇ ਉਹਨਾਂ ਤੇ ਕੋਈ ਜਾਦੂ ਟੂਣਾ ਕੀਤਾ ਸੀ।"

ਸੱਜਨ ਹੱਸ ਪਿਆ, ਬੋਲਿਆ — "ਕਿਉਂ ? ਉਹਨੂੰ ਸਾਲਗਰਾਮ ਨਾਲ......।"

"ਹੁਣ ਤੂੰ ਆਇਆ ਏਂ, ਜ਼ਰਾ ਸਾਹ ਸੂਹ ਲੈ ਲਾ ਤਾਂ ਕਰਨਲ ਤੈਨੂੰ ਸਭ ਗੱਲ ਦਸੇਗਾ! ਚੰਗਾ ਬਈ, ਚੱਲੀਏ ! ਰਾਜਾ ਸਾਹਿਬ ਵਲ ਜਾਣਾ ਏਂ।"

"ਕਿਉਂ, ਖ਼ੈਰ ਸੁੱਖ ਆ ?"

"ਅਜ ਟਿੱਕੇ ਦਾ ਸੱਦਾ ਏ ਬਈ —"

"ਅੱਛਾ ਅੱਛਾ ਮੈਂ ਤੇ ਭੁੱਲ ਈ ਗਿਆ ਸਾਂ।" ਸੱਜਨ ਨੇ ਕਿਹਾ।

"ਅਜ ਕਲ੍ਹ ਤੂੰ ਪਤਾ ਨਹੀਂ ਕਿਨ੍ਹਾਂ ਵਿਚਾਰਾਂ ਵਿਚ ਪਿਆ ਰਹਿੰਦਾ ਏਂ ਕਿ ਅਪਣੇ ਆਪ ਨੂੰ ਬਿਲਕੁਲ ਭੁੱਲ ਜਾਂਦਾ ਏਂ। ਚੰਗਾ ਬਈ ਕਰਨਲ, ਚੱਲਾਂ ! ਜੈਰਾਮ ਜੀ ਕੀ !" ਬਾਹਰ ਜਾਂਦਿਆਂ ਹੋਇਆਂ ਲਾਲਾ ਜਾਨਕੀਸਰਣ ਨੂੰ ਸੱਜਨ ਨੇ ਕਿਹਾ — "ਰਾਜਾ ਸਾਹਿਬ ਨੂੰ ਕਹਿ ਦੇਣਾ ਕਿ ਮੈਂ ਹੁਣੇ ਹਾਜ਼ਰ ਹੁੰਦਾ ਆਂ !"

ਲਾਲਾ ਜਾਨਕੀਸਰਣ ਦੇ ਜਾਣ ਪਿਛੋਂ ਏਧਰ ਓਧਰ ਦੀਆਂ ਗੱਲਾਂ ਹੋਣ ਲੱਗ

ਪਈਆਂ। ਕਰਨਲ ਨੇ ਕੰਨਿਆ ਨੂੰ ਕਿਹਾ – "ਤੇਰੇ ਮਥੁਰਾ ਜਾਣ ਪਿਛੋਂ ਬੜਾ ਕੰਮ ਬਣਿਆ ਬਿੰਨੋ, ਹੁਣ ਅਜ ਈ ਤੇਰੇ ਬਾਪ ਨੂੰ ਗ੍ਰਿਫ਼ਤਾਰ ਕਰਾਉਂਦਾ ਆਂ ਤੇ ਸਾਲਗਰਾਮ ਦੀ ਵੀ ਉਹ ਡੁਗਡੁਗੀ ਵਜਾਵਾਂਗਾ ਕਿ ਯਾਦ ਕਰੇਗਾ ਪੁੱਤ ਮੇਰਾ ਕਿ ਕਰਨਲ, ਨਾਲ ਵਾਹ ਪਿਆ ਸੀ।"

ਸਾਲਗਰਾਮ ਦਾ ਕਿੱਸਾ ਛਿੜਨ ਤੇ ਉਹਦੀ – ਲੱਤ ਟੁੱਟਣ ਅਤੇ ਤਾਈ ਦੇ ਸੰਬੰਧ ਵਿਚ ਵੀ ਗੱਲ ਤੁਰੀ। ਕਰਨਲ ਇਕ ਦਮ ਗੰਭੀਰ ਹੋ ਗਿਆ। ਉਹਨੂੰ ਸੱਜਨ ਨੂੰ ਬੀਤੇ ਦਿਨ ਦਾ ਸਾਰਾ ਹਾਲ ਅਤੇ ਪਿਛਲੀ ਰਾਤ ਦੀ ਲੁੱਟ ਮਾਰ ਦਾ ਸਾਰਾ ਬਿਉਰਾ ਦੇਣਾ ਹੀ ਪਿਆ। ਸੁਣ ਕੇ ਸੱਜਨ ਅਤੇ ਕੰਨਿਆ ਦੋਵਾਂ ਦੇ ਹੀ ਚਿਹਰੇ ਲਾਲ ਹੋ ਗਏ। ਸੱਜਨ ਨੇ ਨਿਸ਼ਚਾ ਕਰ ਲਿਆ ਕਿ ਘਰ ਜਾਣ ਤੋਂ ਪਹਿਲਾਂ ਉਹ ਇਕ ਵਾਰੀ ਆਪਣੀ ਕੋਠੜੀ ਦੀ ਹਾਲਤ ਵੇਖਣ ਜਾਏਗਾ।

... ...

ਆਪਣੇ 'ਪ੍ਰਯੋਗ-ਚਿੱਤਰ ਘਰ' ਦੀ ਇਹ ਵਿਗੜੀ ਹਾਲਤ ਵੇਖ ਕੇ ਸੱਜਨ ਆਪੇ ਤੋਂ ਬਾਹਰ ਹੋ ਗਿਆ। ਉਹ ਕੋਠੜੀ ਇੰਜ ਲਗਦੀ ਸੀ ਜਿਵੇਂ ਕਤਲ ਕੀਤੀ ਹੋਈ ਲਾਸ਼ ਪਈ ਹੋਏ। ਤਸਵੀਰਾਂ ਦੇ ਕੁਝ ਪਾਟੇ ਹੋਏ ਟੁਕੜੇ ਏਧਰ ਓਧਰ ਖਿਲਰੇ ਪਏ ਸਨ। ਇਕ ਨੁੱਕਰੇ ਅੱਧੀ-ਸੜੀ ਛੋਟੀ ਮੇਜ਼ ਆਪਣੀਆਂ ਦੋ ਸਬੂਤੀਆਂ ਲੱਤਾਂ ਤੇ ਕੁੰਗਰੂ ਵਾਂਗ ਖੜੀ ਸੀ। ਸੁਰਾਹੀ ਦੇ ਟੋਟੇ, ਤਸਵੀਰਾਂ ਵਿਚ ਲਗੇ ਸ਼ੀਸ਼ੇ ਦੇ ਟੁਕੜੇ ਜਿਹੜੇ ਤਾਈ ਲਾਹ ਕੇ ਇਕ ਨੁੱਕਰੇ ਰਖ ਗਈ ਸੀ, ਉਹਨੂੰ ਆਪਣੇ ਰੋਮ ਰੋਮ ਵਿਚ ਚੁਭਦੇ ਮਹਿਸੂਸ ਹੋਏ। ਗੱਦੇ ਦਾ ਰੂੰ ਆਂਦਰਾਂ ਵਾਂਗ ਬਾਹਰ ਨਿਕਲ ਆਇਆ ਸੀ – ਇਕ ਚੀਜ ਵੀ ਸਬੂਤੀ ਨਹੀਂ ਸੀ ਬਚੀ! ਸੱਜਨ, ਕੰਨਿਆ ਅਤੇ ਕਰਨਲ ਬੜਾ ਚਿਰ ਚੁੱਪ ਚੁਪੀਤੇ ਖਲੋਤੇ ਰਹੇ। ਸੱਜਨ ਦੀਆਂ ਅੱਖਾਂ ਇੰਜ ਨਿਕਲ ਰਹੀਆਂ ਸਨ ਜਿਵੇਂ ਦੋ ਪਸਤੌਲ ਹੋਣ ਜਿਹਨਾਂ ਵਿਚੋਂ ਗੋਲੀਆਂ ਨਿਕਲਣ ਹੀ ਵਾਲੀਆਂ ਸਨ।

ਕੰਨਿਆ ਨੂੰ ਸੱਜਨ ਦਾ ਚੁੱਪ ਗ਼ੁਸੈਲਾ ਰੂਪ ਡਰਾਉਣਾ ਲਗਾ। ਸੱਜਨ ਨੂੰ ਆਪਣੇ ਹੀ ਕ੍ਰੋਧ ਦੇ ਸਾੜ ਤੋਂ ਬਚਾਉਣ ਲਈ, ਕੁਝ ਕਹਿਣ ਲਈ ਉਹ ਵਾਕ ਅਤੇ ਸ਼ਬਦ ਲਭ ਰਹੀ ਸੀ, ਪਰ ਉਹਨੇ ਆਪਣੇ ਆਪ ਨੂੰ ਅਸਮਰੱਥ ਜਿਹਾ ਸਮਝਿਆ। ਇਹ ਛੋਟਾ ਜਿਹਾ ਕਮਰਾ ਉਹਦੇ ਨਵੀਂ ਦੁਨੀਆਂ ਵਿਚ ਆਉਣ ਵਾਲਾ ਕਮਰਾ ਸੀ। ਏਥੇ ਪਹਿਲੀ ਵਾਰ ਉਹ ਸੱਜਨ ਦੇ ਨੇੜੇ ਆਈ ਸੀ। ਉਹਨੂੰ ਉਹ ਦਿਨ ਯਾਦ ਆ ਰਿਹਾ ਸੀ ਜਦ ਦੈਨਿਕ 'ਨਵਜੀਵਨ' ਵਿਚ ਨੌਕਰੀ ਲੈ ਲੈਣ ਪਿਛੋਂ ਮਹਾਂਬੀਰ ਜੀ ਦਾ ਪ੍ਰਸ਼ਾਦ ਲੈ ਕੇ ਉਹ ਏਥੇ ਆਈ ਸੀ, ਉਹਨੇ ਸੱਜਨ ਨੂੰ ਮਹਾਂਵੀਰ ਜੀ ਦਾ ਟਿੱਕਾ ਲਾਇਆ ਸੀ ਪਹਿਲੀ

ਵਾਰ 'ਤੂੰ' ਕਿਹਾ ਸੀ ਅਤੇ ਝਿਜਕ ਦੀਆਂ ਝੀਤਾਂ ਵਿਚੋਂ ਝਾਤੀਆਂ ਮਾਰਨੀਆਂ ਛੱਡ ਕੇ ਆਪਣੇ ਮਨ ਦੇ ਬੂਹੇ ਖੋਲ੍ਹ ਕੇ ਸੱਜਨ ਦੇ ਬਹੁਤ ਨੇੜੇ ਆਈ ਸੀ। ਉਹਨੂੰ ਚੇਤਾ ਆਇਆ — ਓਸ ਦਿਨ ਸਾਹਮਣੇ ਈਜ਼ਲ ਉਤੇ ਸਤਨਾਰਾਇਣ ਦੀ ਕਥਾ ਦਾ ਚਿੱਤਰ ਰਖਿਆ ਹੋਇਆ ਸੀ; ਬਾਹਰ ਛੱਤ ਉਤੇ ਮਹਾਂਕਵੀ ਬੋਰ ਬੈਠਾ ਸੀ, ਡਾ: ਸ਼ੀਲਾ ਸਿੰਵਗ ਆਈ ਸੀ, ਚਾਹ ਬਣੀ......ਕਿੰਨਾ ਵਧੀਆ ਦਿਨ ਸੀ ਉਹ ? ਕਿੰਨਾ ਸੁੰਦਰ ਲਗ ਰਿਹਾ ਸੀ ਇਹ ਕਮਰਾ ? ਉਸ ਸੁੰਦਰਤਾ ਦੀ ਇਸ ਤਰ੍ਹਾਂ ਤਬਾਹੀ ਵੇਖ ਕੇ ਉਹਨੂੰ ਸੱਚ ਮੁਚ ਹੀ ਕੁਝ ਕੁਝ ਹੋ ਰਿਹਾ ਸੀ। ਬੀਤੇ ਦਿਨਾਂ ਦੀਆਂ ਗੱਲਾਂ ਯਾਦ ਆਈਆਂ। ਉਹਨੇ ਕਿਹਾ—"ਤੇਰੀ ਗੱਲ ਠੀਕ ਏ......"

ਸੱਜਨ ਨੇ ਹੌਲੀ ਜਿਹੀ ਉਹਦੇ ਵਲ ਧੌਣ ਫੇਰੀ; ਕਰਨਲ ਵੀ ਵੇਖਣ ਲਗਾ; ਕੰਨਿਆ ਬੋਲੀ — "ਦੁਨੀਆਂ ਹਮੇਸ਼ਾਂ ਇਹੋ ਜਿਹੇ ਆਦਮੀਆਂ ਨਾਲ ਭਰੀ ਰਹੀ ਏ, ਜੋ ਸੁੰਦਰਤਾ ਤੋਂ ਠੀਕ ਢੰਗ ਨਾਲ ਪ੍ਰਭਾਵਤ ਹੋ ਕੇ, ਉਹਦੇ ਲਈ ਸ਼ਰਧਾਲੂ ਹੋਣ ਦੀ ਥਾਂ ਉਹਦਾ ਨਾਸ ਕਰਨ ਵਿਚ ਵੀ ਅਨੰਦ ਲਭਦੇ ਨੇ। ਮਥਰਾ ਨਸ਼ਟ ਕਰਨ ਵਾਲੇ ਇਤਿਹਾਸਕ ਵਹਿਸੀਆਂ ਨਾਲੋਂ ਇਹ ਲੋਕ ਵੀ ਕਿਸੇ ਤਰ੍ਹਾਂ ਘਟ ਜ਼ਾਲਮ ਨਹੀਂ ਜਿਨ੍ਹਾਂ ਨੇ ਤੇਰੀਆਂ ਸੁੰਦਰ ਤਸਵੀਰਾਂ ਤਬਾਹ ਕੀਤੀਆਂ ਨੇ !"

ਕਰਨਲ ਬੋਲਿਆ — "ਓ ਜੀ, ਮੈਂ ਤਾਂ ਪਹਿਲਾਂ ਹੀ ਆਂਹਦਾ ਸੀ ਗਲੀਆਂ ਮੁਹੱਲੇ ਹੁਣ ਸਰੀਫ਼ਾਂ ਦੇ ਰਹਿਣ ਯੋਗ ਨਹੀਂ ਰਹਿ ਗਏ। ਇਹਨਾਂ ਵਿਚ ਉੱਜੜਾਂ ਦਾ ਵਾਸਾ ਹੈ। ਸੱਜਨ ਇਹਨਾਂ ਦੇ ਮਨ ਦੀ ਸੁੰਦਰਤਾ ਵੇਖਣ ਆਇਆ ਸੀ — ਵੇਖ ਲਈ ਸੁੰਦਰਤਾ ?"

ਸੱਜਨ ਤਪੀ ਹੋਈ ਆਵਾਜ਼ ਵਿਚ ਬੋਲਿਆ – "ਏਥੋਂ ਦੇ ਲੋਕ ਜੇ ਇਹ ਸਮਝਦੇ ਨੇ ਕਿ ਇਹਨਾਂ ਤੋਂ ਡਰ ਕੇ ਮੈਂ ਇਹ ਕਮਰਾ ਛੱਡ ਦਿਆਂਗਾ ਤਾਂ ਗ਼ਲਤ ਏ। ਮੈਂ ਏਥੇ ਈ ਰਹਾਂਗਾ। ਮੈਂ ਇਹਨਾਂ ਮੂਰਖਾਂ ਦੀ ਵਹਿਸ਼ਤ ਨਾਲ ਲੋਹਾ ਲਵਾਂਗਾ। ਧੂਸ਼ ਕਿਤੋਂ ਦੇ। ਇਹ-ਏ-ਏ ਅਜੰਤਾ-ਏਲੋਰਾ ਦੇ ਦੇਸ਼ ਵਿਚ ਰਹਿਣ ਵਾਲੇ ਨੇ ? ਜੀਅ ਕਰਦਾ ਏ ਇਹਨਾਂ ਘੁਵੱਡਾਂ ਦੇ ਮੂੰਹ ਤੇ ਤੇਜ਼ਾਬ ਛਿੜਕ ਕੇ ਇਹਨਾਂ ਨੂੰ ਸਾੜ ਦਿਆਂ !"

"ਬੱਚਿਆਂ ਵਰਗੀਆਂ ਗੱਲਾਂ ਕਰਦਾ ਏਂ, ਸਾੜ ਸਕੇਂਗਾ ? ਏਨਾ ਪੱਥਰ ਦਿਲ ਬਣ ਸਕੇਂਗਾ ?" ਕੰਨਿਆ ਦੀ ਗੱਲ ਸੁਣ ਕੇ ਸੱਜਨ ਨੇ ਇਕ ਠੰਡੀ ਆਹ ਭਰੀ।

ਕਰਨਲ ਨੇ ਕਿਹਾ – "ਮੇਰੀ ਰਾਏ ਹੁਣ ਤੂੰ ਆਪਣੀ ਐਕਜ਼ੀਬੀਸ਼ਨ ਕੈਂਸਲ ਕਰ ਦੇ ਸੱਜਨ ਏਥੋਂ ਵਾਲੇ ਤੇਰੇ ਨਾਲ ਖ਼ਾਰ ਖਾਈ ਬੈਠੇ ਨੇ। ਉਸ ਦਿਨ ਜੇ ਕੋਈ ਦੁਰਘਟਨਾ ਹੋ ਗਈ ਤਾਂ ਠੀਕ ਨਹੀਂ ਹੋਣਾ। 'ਹਰ ਐਕਸੇਲੈਂਸੀ' ਆ ਰਹੀ ਏ — ਵੱਡੇ ਵੱਡੇ ਲੋਕ ਆ ਰਹੇ ਨੇ, ਉਹਨਾਂ ਸਾਹਮਣੇ ਤੇਰੀ ਗੱਲ ਕਿਰਕਰੀ ਜਿਹੀ ਹੋ ਜਾਏਗੀ।"

ਕੰਨਿਆ ਨੇ ਕਿਹਾ — "ਨਹੀਂ ਭਾਈ ਸਾਹਿਬ, ਨੁਮਾਇਸ਼ ਜ਼ਰੂਰ ਹੋਏ। ਇਹ

ਆਦਮੀ ਦਾ ਕਸੂਰ ਨਹੀਂ ਉਹਦੀਆਂ ਸੀਮਾਵਾਂ ਦਾ ਪ੍ਰਮਾਣ ਏ। ਪਰਦਰਸ਼ਨੀ ਜੇਕਰ 'ਇਥੋਂ ਵਾਲਿਆਂ ਲਈ ਸਿੱਖਿਆ ਫੈਲਾਉਣ ਦਾ ਵਸੀਲਾ ਬਣੇ, ਤਦੇ ਸੱਜਨ ਦੇ ਏਥੇ ਆਉਣ ਦਾ ਉਦੇਸ਼ ਪੂਰਾ ਹੁੰਦਾ ਏ।"

ਸੱਜਨ ਗੁੱਸੇ ਨਾਲ ਬੋਲਿਆ — "ਮੈਂ ਏਥੇ ਰਹਾਂਗਾ। ਮੈਂ ਇਹਨਾਂ ਕਮਬਖ਼ਤਾਂ ਦੀ ਹਿੱਕ ਤੇ ਦਾਲ ਦਲਾਂਗਾ। ਏਸ ਰੀਐਕਸ਼ਨਰੀ ਐਕਸ਼ਨ ਤੋਂ ਡਰ ਕੇ ਭੱਜਣਾ ਸੱਜਨ ਨੇ ਨਹੀਂ ਸਿੱਖਿਆ।"

ਛੱਤ ਉਤੇ ਤਾਈ ਇਕ ਪੋਟਲੀ ਲਈ ਆਉਂਦੀ ਦਿਸੀ, ਕੰਨਿਆ ਨੇ ਉਹਨੂੰ ਵੇਖ ਕੇ ਹੱਥ ਜੋੜੇ। ਤਾਈ ਨੇ ਜਵਾਬ ਨਾ ਦਿਤਾ, ਸਿਰਫ਼ ਉਹਦੇ ਵਲ ਘੂਰ ਕੇ ਵੇਖਣ ਲਗੀ। ਉਹਨੇ ਸੱਜਨ ਨੂੰ ਪੋਟਲੀ ਦੇਂਦਿਆਂ ਹੋਇਆਂ ਕਿਹਾ —

"ਕੰਨੋਮਲ ਦਿਆ ਪੋਤਿਆ, ਇਹ ਤੇਰੀਆਂ ਤਸਵੀਰਾਂ ਹੈਗੀਆਂ ? ਅੱਜ ਲੇਵੀ ਬਣਾ ਦਊਂ ਜੋੜ ਲਈਂ ਸਾਰੀਆਂ।"

ਕ੍ਰੋਧ ਦਾ ਤਕੜਾ ਹੜ੍ਹ ਮਨ ਦੇ ਸਮੁੰਦਰੀ ਕੰਢੇ ਤੋਂ ਝਟ ਪਿਛਾਂਹ ਹਟ ਗਿਆ। ਤਾਈ ਦੀ ਇਹ ਗੱਲ ਉਹਦੇ ਮਨ ਨੂੰ ਹਸਾਉਂਦੀ ਹੋਈ ਛੋਹ ਗਈ। ਤਾਈ ਦੀ ਮਮਤਾ ਮਹਾਂ ਪਰਲੋ ਵਿਚ ਮਨੂ ਦੀ ਡੋਲਦੀ ਬੇੜੀ ਵਾਂਗ ਰਖਿਆ ਕਰਨ ਸੱਜਨ ਨੇ ਪੋਟਲੀ ਲੈ ਲਈ। ਤਾਈ ਧਾੜਵੀਆਂ ਨੂੰ ਬੁਰਾ ਭਲਾ ਕਹਿੰਦੀ ਆਖਣ ਲਗੀ — "ਜਿਨ੍ਹੇ ਜਿਨ੍ਹੇ ਤੇਰਾ ਨੁਕਸਾਨ ਕੀਤਾ ਏ ਉਹ ਅੱਠਾਂ ਦਿਨਾਂ ਵਿਚ ਸਭ ਬੇ-ਔਲਾਦ ਹੋ ਜਾਣਗੇ ਮਰਨੇ। ਤੇ ਹੁਣ ਤੂੰ ਇਸ ਕਮਰੇ ਵਿਚ ਆਪਣਾ ਸਾਮਾਨ ਨਾ ਰਖੀਂ ਮੇਰੀ ਮਰਦਾਨ ਕੋਠੀ ਵਿਚ ਬੈਠ ਕੇ।" ਕਹਿੰਦਿਆਂ ਕਹਿੰਦਿਆਂ ਅਚਾਨਕ ਉਹਨੇ ਕਰਨਲ ਅਤੇ ਕੰਨਿਆ ਨੂੰ ਘੂਰ ਘੂਰ ਕੇ ਵੇਖਿਆ ਅਤੇ ਉਹਨਾਂ ਨੂੰ ਕਿਹਾ — "ਤੁਸੀਂ ਲੋਕ ਬਾਹਰ ਜਾਓ ! ਜਾਓ ?"

ਕੰਨਿਆ ਝਟ ਬਾਹਰ ਚਲੀ ਗਈ। ਕਰਨਲ ਨੂੰ ਬੜਾ ਭੈੜਾ ਜਿਹਾ ਲਗਾ। ਉਹ ਕੁਝ ਆਖਣ ਈ ਲਗਾ ਸੀ ਕਿ ਸੱਜਨ ਨੇ ਉਹਦਾ ਹੱਥ ਨੱਪ ਦਿਤਾ — ਕਰਨਲ ਵੀ ਬਾਹਰ ਚਲਾ ਗਿਆ। ਤਾਈ ਦੇ ਸੱਜਨ ਦੇ ਬਿਲਕੁਲ ਕੋਲ ਆ ਕੇ ਹੌਲੀ ਜਿਹੀ ਬੋਲੀ — "ਵੇਖ ਕੰਨੋ ਮਲ ਦਿਆ ਪੋਤਿਆ, ਤੂੰ ਹੁਣ ਵਿਆਹ ਕਰ ਲਾ। ਤੇਰੀ ਬਹੂ ਨੂੰ ਸੌ ਤੋਲੇ ਸੋਨਾ ਚੜ੍ਹਾਵਾਂਗੀ। ਇਹ ਰੰਡੀ ਕੌਣ ਏਂ ? ਬੇਸ਼ਰਮ ਕਿਤੋਂ ਦੀ। ਬੰਦਿਆਂ ਨਾਲ ਕਿੰਨਾ ਝਾਟਾ ਖੋਲ੍ਹ ਕੇ ਪਈ ਫਿਰਦੀ ਆ !"

ਸੱਜਨ ਦਾ ਇਸ ਵੇਲੇ ਤਾਈ ਦੇ ਸਾਹਮਣੇ ਕੰਨਿਆ ਬਾਰੇ ਝੂਠ ਬੋਲਣ ਲਈ ਮਨ ਨਾ ਬਣਿਆ ਜਿਵੇਂ ਉਹਨੇ ਪਿਛਲੀ ਵਾਰ ਕੀਤਾ ਸੀ। ਓਸ ਮਖ਼ੌਲ ਨੂੰ ਅਗਾਹ ਨਾ ਤੋਰਦਿਆਂ ਸੱਜਨ ਨੇ ਸਾਫ਼ ਸਾਫ਼ ਕਿਹਾ — "ਤਾਈ ਜੀ, ਇਹ ਬਹੁਤ ਚੰਗੀ ਤੀਵੀਂ ਏ। ਜੇ ਤੁਸੀਂ ਮੈਨੂੰ ਹਵੇਲੀ ਵਿਚ ਰਖੋਗੇ ਤਾਂ ਇਹ ਵੀ ਆਏਗੀ।" ਤਾਈ ਨੇ ਫਿਰ ਕੁਝ ਨਾ ਕਿਹਾ — ਇਕ ਪਲ ਅੱਖਾਂ ਵਿਚ ਅੱਖਾਂ ਪਾ ਕੇ ਵੇਂਹਦੀ ਰਹੀ — "ਚੰਦਰਾ, ਕਲਜੁਗ

ਆ ਗਿਆ !... ..ਇਹ ਵੀ ਆਏਗੀ — ਆਏ ਖ਼ੁਸਣ, ਆਏ ਆਪਣੇ ਖਸਮ ਨਾਲ ਮੈਨੂੰ ਕੀ ! ਆਪਣੀ ਵਲ ਦੇ ਬੂਹੇ ਬੰਦ ਰਖੂੰ।" ਤਾਈ ਫਿਰ ਕਮਰੇ ਵਿਚ ਨਾ ਰੁਕੀ ਜਿੱਦਾਂ ਸੁੱਟ ਮਾਰ ਕਰਦੀ ਆਈ ਸੀ ਓਦਾਂ ਚਲੀ ਗਈ।

30

ਰਾਜਾ ਸਾਹਿਬ ਦੇ ਘਰ ਪੋਤਰੇ ਦੇ ਟਿੱਕੇ ਦੀ ਦਾਅਵਤ ਬੜੀ ਸ਼ਾਨਦਾਰ ਸੀ। ਦੋ ਪ੍ਰਾਤਾਂ ਦੇ ਗਵਰਨਰ, ਤਿੰਨ ਕੇਂਦਰੀ ਮੰਤਰੀ, ਸੂਬੇ ਦੇ ਸਾਰੇ ਵਜ਼ੀਰ, ਉਪ ਮੰਤਰੀ, ਅਨੇਕਾਂ ਤਾਅਲੁਕੇਦਾਰ, ਕਾਨਪੁਰ, ਕਲਕੱਤੇ ਦੇ ਦੋ ਚਾਰ ਕਰੋੜ ਪਤੀ ਵੀ ਮੌਜੂਦ ਸਨ। ਬੜਾ ਸ਼ਾਹੀ ਮਜਮਾ ਸੀ। ਮਹੀਪਾਲ ਨੇ ਆਪਣੇ ਵਿਅੰਗਾਂ ਨਾਲ ਕਿਸੇ ਹੱਦ ਤਕ ਬਦਮਜ਼ਗੀ ਪੈਦਾ ਕਰ ਦਿਤੀ। ਖਾਣੇ ਪਿਛੋਂ ਲਾਅਨ ਵਿਚ ਆਉਣ ਤੇ ਸੱਜਨ ਨੇ ਕਿਹਾ — "ਮਹੀਪਾਲ ਤੇਰਾ ਮਨ ਏਥੇ ਰਹਿ ਕੇ ਬੜਾ ਥੱਕ ਗਿਆ ਏ। ਕੁਝ ਦਿਨਾਂ ਲਈ ਕਿਤੇ ਬਾਹਰ ਜਾ ਕੇ ਆਰਾਮ ਕਰ ਆ। ਮਹੀਪਾਲ ਵੀ ਆਪਣੇ ਮਨ ਵਿਚ ਕਿਤੇ ਇਹ ਗੱਲ ਅਨੁਭਵ ਕਰ ਰਿਹਾ ਸੀ। ਮਿੱਤਰ ਦੀ ਹਮਦਰਦੀ ਇਸ ਵੇਲੇ ਬੜੀ ਢੁਕਵੀਂ ਜਾਪੀ; ਕਹਿਣ ਲਗਾ — "ਆਹੋ ਯਾਰ, ਮੇਰੀ ਮਾਨਸਕ ਥਕਾਵਟ ਤੋਂ ਪੈਦਾ ਹੋਇਆ ਮੇਰਾ ਚਿੜਚਿੜਾਪਨ ਕਦੇ ਕਦੇ ਮੈਨੂੰ ਆਪ ਵੀ ਭੈੜਾ ਲਗਦਾ ਏ। ਤੇਰਾ ਨੁਸਖਾ ਠੀਕ ਏ। ਏਧਰ ਸੰਜੋਗ ਨਾਲ ਮੇਰੇ ਮਾਮੇ ਦੇ ਭਰਾ ਦਾ ਖ਼ਤ ਵੀ ਆਇਆ ਏ। ਸੋਚਦਾਂ, ਇਸ ਵਾਰ ਕੁਝ ਦਿਨਾਂ ਲਈ ਸੰਸਾਰੀ ਝੰਜਟਾਂ ਤੋਂ ਬਦੋਬਦੀ ਛੁੱਟੀ ਲੈ ਕੇ ਉਹਦੇ ਪਿੰਡ ਚਲਾ ਜਾਵਾਂ !......ਹੁਣ ਚਲਿਆ ਈ ਜਾਵਾਂਗਾ।"

ਆਪਣੇ ਇਰਾਦੇ ਦੀ ਖ਼ੁਸ਼ੀ ਕਾਰਨ ਉਹਨੇ ਸੱਜਨ ਤੋਂ ਵਿਦਾ ਵੀ ਲੈ ਲਈ। ਸੱਜਨ ਇਕੱਲਤਾ ਮਹਿਸੂਸ ਕਰਦਾ ਹੋਇਆ ਆਪ ਵੀ ਘਰ ਜਾਣ ਲਈ ਨਿਕਲਿਆ ਈ ਸੀ ਕਿ ਇਕ ਪੁਰਾਣੀ ਵਾਕਫ਼, ਸੱਜਨ ਦੀ ਚਿਲਕਦੀ ਧੁੱਪ ਵਰਗੀ ਕੁਆਰੀ ਜ਼ਿੰਦਗੀ ਵਿਚ ਅਕਸਰ ਛਾਂ ਬਣ ਕੇ ਕੰਮ ਆਉਣ ਵਾਲੀ ਮਿਸਿਜ਼ ਚਿਤਰਾ ਰਾਜਦਾਨ ਮਿਲ ਗਈ। ਉਹ ਘਰ ਜਾਣ ਲਈ ਕਿਸੇ ਕਾਰ ਵਾਲੇ ਨੂੰ ਲੱਭ ਰਹੀ ਸੀ। ਚਿਤਰਾ ਕਿਸੇ ਦੀ ਵਿਆਹੁਤਾ ਨਹੀਂ, ਬਹੁਤਿਆਂ ਦੀ ਰਖੇਲ ਰਹੀ। ਉਮਰ 'ਚੋਂ ਛੇਤੀ ਢਲ ਜਾਣ ਵਾਲੀ ਉਹਦੇ ਰੂਪ ਦੀ ਸੁੰਦਰਤਾ ਹੁਣ ਵੀ ਖਿੱਚ ਵਾਲੀ ਸੀ ਏਧਰ ਕੰਨਿਆ ਦੀ ਚਹੁ ਦਿਨਾਂ ਤੋਂ ਇਨਕਾਰ ਭਰੀ ਸੰਗਤ ਨੇ ਸੱਜਨ ਦੇ ਉਚ ਘਰਾਣੇ ਵਾਲੇ ਸੁਭਾ ਅਤੇ ਕਲਾਕਾਰ ਵਾਲੀ ਹੱਠ ਬਿਰਤੀ ਅਤੇ ਭੋਗ ਦੀ ਇੱਛਾ ਨੂੰ ਮਨ ਦੇ ਅੰਦਰੋ ਅੰਦਰ ਜਗਾ ਦਿਤਾ ਸੀ; ਇਕ ਅਤੇ ਇਕ ਦੋ ਹੋ ਗਏ।

ਉਸ ਰਾਤ ਸ਼ਰਾਬ ਦੀ ਝੋਕ ਵਿਚ ਮਨ ਈ ਮਨ ਵਿਚ ਆਪਣੇ ਆਪ ਨੂੰ ਇਸ ਅਪਰਾਧ ਵਿਚ ਧਕੇਲਣ ਵਾਲੀ ਸਵੈ ਅਭਿਮਾਨਣੀ ਕੰਨਿਆ ਨੂੰ ਸਜ਼ਾ ਦੇਣ ਲਈ ਇਹ ਵੀ ਪੱਕੀ ਕਰ ਲਈ ਕਿ ਹੁਣ ਉਹ ਚਿਤਰਾ ਰਾਜਦਾਨ ਨਾਲ ਵਿਆਹ ਕਰਕੇ ਪੱਤਿਤ-ਉਧਾਰ ਵਾਲਾ ਆਦਰਸ਼ ਪੈਦਾ ਕਰੇਗਾ।

ਦੂਸਰੇ ਦਿਨ ਤੜਕਸਾਰ ਹੀ ਰਾਜਾ ਸਾਹਿਬ ਦਾ ਵੱਡਾ ਲੜਕਾ ਆਪ ਆ ਕੇ ਉਹਨੂੰ ਬੁਲਾ ਕੇ ਲੈ ਗਿਆ। ਰਾਜਾ ਸਾਹਿਬ, ਲਾਲਾ ਜਾਨਕੀ ਸਰਨ ਅਏ ਸਾਲਗ ਰਾਮ ਵੀ ਆਪਣੀ ਸੱਟ ਲਗੀ ਲੱਤ ਤੇ ਪਲਸਤਰ ਚੜ੍ਹਾਈ ਬੈਠਾ ਸੀ। ਰਾਜਾ ਸਾਹਿਬ ਦੇ ਪ੍ਰਭਾਵ ਹੇਠ ਅਤੇ ਇਹਨਾਂ ਦੋਵਾਂ ਦੇ ਘੇਰੇ ਵਿਚ ਮੂੰਹ ਮਲਾਹਿਜੇ 'ਚ ਬੱਝੇ ਸੱਜਨ ਨੇ ਇਹ ਵਾਇਦਾ ਕਰ ਲਿਆ ਕਿ ਕੰਨਿਆ ਦੇ ਬਾਪ ਵਾਲੇ ਕੇਸ ਵਿਚ ਕੋਈ ਸਹਾਇਤਾ ਨਹੀਂ ਦਏਗਾ। ਦੋ ਦਿਨ ਉਹ ਕੰਨਿਆ ਅਤੇ ਕਰਨਲ ਤੋਂ ਕੰਨੀਂ ਕਤਰਾਉਂਦਾ ਰਿਹਾ। ਚਿਤਰਾ ਘਰੇ ਰਹੀ। ਏਧਰ ਕੰਨਿਆ ਅਤੇ ਕਰਨਲ ਨੇ ਕੇਸ ਦੀ ਕਾਰਵਾਈ ਅਗਾਹ ਤੋਰੀ ਤਾਂ ਅਖ਼ਬਾਰਾਂ ਵਿਚ ਪੜ੍ਹ ਕੇ ਸੱਜਨ ਨੂੰ ਹੋਰ ਤਾਅ ਚੜ੍ਹਿਆ। ਪੂਰੇ ਤਿੰਨ ਦਿਨ ਅਵਾਰਗੀ ਕਰਕੇ ਚੌਥੇ ਦਿਨ ਦੀਵਾਨ ਜੀ ਨੂੰ ਕੁਝ ਫ਼ਰਨੀਚਰ, ਸਜਾਵਟ ਅਤੇ ਹੋਰ ਵਰਤੋਂ ਦਾ ਸਮਾਨ ਤਾਈ ਦੀ ਹਵੇਲੀ ਵਿਚ ਪਹੁੰਚਾਉਣ ਦੀ ਆਗਿਆ ਦਿਤੀ। ਦੁਪਹਿਰੇ ਉਹ ਆਪ ਤਾਈ ਕੋਲ ਜਾ ਪਹੁੰਚਾ। ਲਲਿਤਾ-ਬਿਸਾਖਾ ਅਤੇ ਕਿਸ਼ਨ ਇਕੱਠੇ ਬੱਝੇ ਹੋਏ ਦੌੜ ਰਹੇ ਸਨ। ਤਾਈ ਨੇ ਸੱਜਨ ਨੂੰ ਫੜਨ ਲਈ ਅਖਿਆ। ਸੱਜਨ ਨੇ ਤਿੰਨਾਂ ਨੂੰ ਖੰਭੇ ਨਾਲ ਬੰਨ ਦਿਤਾ।

"ਤਾਈ, ਮੇਰਾ ਸਮਾਨ ਆ ਗਿਆ ?"

"ਆਹੋ, ਮੈਂ ਸਾਰਾ ਸਮਾਨ ਠੀਕ ਠਾਕ ਲਵਾ ਦਿਤਾ ਏ। ਤੇਰੀ ਬੈਠਕ ਸਹੁਰਾ ਸਾਹਿਬ ਦੀ ਬੈਠਕ ਵਿਚ ਈ ਮੈਂ ਬਣਾਈ ਏ। ਤੇ ਕਿਉਂ ਵੇ ਕੰਨੋਮਲ ਦਿਆ ਪੋਤਿਆ, ਕਲ੍ਹ ਕਿਸ਼ੋਰੀ ਦੇ ਲੜਕੇ ਦੀ ਜ਼ਾਫ਼ਤ ਵਿਚ ਗਿਆ ਸੈਂ ?"

"ਹਾਂ, ਤਾਈ।"

"ਕਿਹੋ ਜਿਹੀ ਹੋਈ ਜ਼ਾਫ਼ਤ ? ਸੁਣਿਆ ਬੜੇ ਲੋਕੀਂ ਆਏ ?"

ਸੱਜਨ ਨੇ ਜਾਣ ਬੁੱਝ ਕੇ ਝੂਠ ਬੋਲਿਆ — "ਨਹੀਂ ਤਾਈ, ਜ਼ਿਆਦਾ ਨਹੀਂ, ਛੇ ਸੱਤ ਸੌ ਆਦਮੀ ਆਏ ਸਨ।"

"ਕਿੱਤਰਾ ਦੀਆਂ ਮਠਿਆਈਆਂ ਸਨ ?"

ਸੱਜਨ ਨੂੰ ਚੇਤਾ ਨਹੀਂ ਸੀ ਰਿਹਾ। ਇਸ ਤੋਂ ਬਿਨਾਂ ਉਹ ਇਸ ਤਰ੍ਹਾਂ ਦੇ ਫ਼ਜ਼ੂਲ ਸਵਾਲਾਂ ਤੋਂ ਬਚਣਾ ਚਾਹੁੰਦਾ ਸੀ — "ਗਿਣਤੀ ਵਿਚ ਹੀ ਟੁਕੜੀਆਂ ਜ਼ਿਆਦਾ ਸਨ ਤਾਈ, ਪਰ ਕੁਛ ਨਹੀਂ ਸੀ।"

ਕੁਝ ਦੇਰ ਚੁੱਪ ਰਹਿ ਕੇ ਤਾਈ ਬੋਲੀ — "ਕੰਨੋਮਲ ਦਿਆ ਪੋਤਿਆ ਤੂੰ ਹੁਣ

ਵਿਆਹ ਕਰ ਲੈ । ਏਡੀ ਵੱਡੀ ਜ਼ਾਫ਼ਤ ਕਰਾਂਗੀ ਕਿ ਰੰਡੀ ਦੇ ਕਲੇਜੇ ਅੱਗ ਲਗ ਜਾਊ ਬੋਲ, ਪੱਕੀ ਕਹਾਂ ? ਕੁੜੀ ਤੈਨੂੰ ਵਿਖਾ ਦਿਆਂਗੀ, ਬੜੀ ਸੁਸ਼ੀਲ ਆ ।"

ਸੱਜਨ ਇਸ ਸਮੱਸਿਆ ਤੋਂ ਬਚਣਾ ਚਾਹੁੰਦਾ ਸੀ ਕਹਿਣ ਲਗਾ — "ਤਾਈ ਜੀ, ਮੇਰੀ ਜਨਮ ਪੱਤਰੀ ਵਿਚ ਲਿਖਿਆ ਏ, ਜੇ ਦੋਂਹ ਸਾਲਾਂ ਦੇ ਅੰਦਰ ਅੰਦਰ ਵਿਆਹ ਕਰਾਇਆ ਤਾਂ ਮਰ ਜਾਵਾਂਗਾ ।"

ਸੁਣ ਕੇ ਤਾਈ ਦਾ ਸਾਹ ਉਤਾਂਹ ਦਾ ਉਤਾਂਹ ਰਹਿ ਗਿਆ । ਫਿਰ ਕਿਹਾ — "ਜਨਮ ਕੁੰਡਲੀ ਚੰਗੀ ਤਰ੍ਹਾਂ ਮਿਲਵਾਵਾਂਗੀ ਜੀਹਦੀ ਪੱਤਰੀ ਵਿਚ ਪੂਰਾ ਸੁਹਾਗ ਹੋਇਆ ਉਸੇ ਨੂੰ —" ਫਿਰ ਹੌਲੀ ਜਿਹੀ ਬੋਲੀ, ਜਿਵੇਂ ਭੇਦ ਵਾਲੀ ਗੱਲ ਕਹਿ ਰਹੀ ਹੋਏ — "ਕੰਨੋਮਲ ਦਿਆ ਪੋਤਿਆ, ਮੇਰੇ ਮਨ ਵਿਚ ਕਿਸੇ ਦਾ ਕਾਰਜ ਕਰਨ ਦੀ ਬੜੀ ਰੀਝ ਏ । ਉਹ ਰੰਡੀ ਸੋਚਦੀ ਹੋਏਗੀ ਕਿ ਉਹਦੇ ਤਾਂ ਪੁੱਤ ਪੋਤੇ ਨੇ । ਲਾਡ ਮਲ੍ਹਾਰ ਕਰਾਉਂਦੀ ਏ । ਵੇਖੀਂ ਮੈਂ ਵੀ ਇਸ ਮੁੰਡੇ ਦੀ ਛੱਠੀ ਕਰਾਂਗੀ । ਫਿਰ ਤੇਰਾ......"

ਏਸੇ ਵੇਲੇ ਤਾਈ ਆਪਣੇ ਘਰ ਦੀ ਕੁੰਡੀ ਖੜਕਦੀ ਸੁਣ ਕੇ ਉੱਪਰ ਚਲੀ ਗਈ । ਸੱਜਨ ਡਿਉੜ੍ਹੀ ਦੇ ਬਾਹਰ ਗਲੀ ਵਲ ਆ ਗਿਆ । ਲਾਲਾ ਜਾਨਕੀ ਸਰਨ ਬਰਾਂਡੇ ਵਿਚ ਬੈਠਾ ਫੱਲਾਂ ਵਾਲੇ ਨਾਲ ਸੌਦਾ ਕਰ ਰਿਹਾ ਸੀ । ਉਹਨੂੰ ਵੇਖਦਿਆ ਕਿਹਾ — "ਤਾਈ ਦੀ ਗੋਦੇ ਬਹਿ ਗਿਆ ਏ ਬਈ ?"

ਸੱਜਨ ਇਸ ਵੇਲੇ ਮਜ਼ਾਕ ਦਾ ਜਵਾਬ ਦੇਣ ਦੇ ਮੂਡ ਵਿਚ ਨਹੀਂ ਸੀ । ਲਾਲਾ ਜਾਨਕੀ ਸਰਨ ਨੂੰ ਵੇਖ ਕੇ ਸੰਕੋਚੀ ਹੋ ਗਿਆ — "ਆ, ਆ ਬੈਠ ਦੋ ਮਿੰਟ ! ਓ, ਆ ਵੀ ਜਾਹ ਨਾ ।"

ਸੱਜਨ ਨੂੰ ਉਹਦੇ ਥੜੇ ਤੇ ਜਾਣਾ ਪਿਆ । ਲਾਲਾ ਜਾਨਕੀ ਸਰਣ ਬੋਲਿਆ — "ਪੁੱਤਰ ਭਾਵੇਂ ਬਜ਼ੁਰਗਾ ਨੂੰ ਭੁੱਲ ਜਾਣ, ਪਰ ਬਜ਼ੁਰਗ ਲੋਕ ਬਜ਼ੁਰਗ ਹੀ ਰਹਿਣਗੇ । ਹਾਂ, ਰਾਜਾ ਸਾਹਿਬ ਨੂੰ ਜ਼ਰੂਰ ਅੱਜ ਦਾ ਅਖ਼ਬਾਰ ਪੜ੍ਹ ਕੇ ਤਕਲੀਫ਼ ਹੋਈ । ਦਿਨੇ ਉਹਨਾਂ ਦਾ ਟੈਲੀਫ਼ੋਨ ਵੀ ਆਇਆ ਸੀ ।"

ਸੱਜਨ ਲਾਲਾ ਜਾਨਕੀ ਸਰਣ ਦੇ ਹੋਰ ਕੁਝ ਆਖਣ ਤੋਂ ਪਹਿਲਾਂ ਹੀ ਬੋਲ ਪਿਆ — "ਇਹਦੇ ਵਿਚ ਮੇਰਾ ਕੋਈ ਹੱਥ ਨਹੀਂ, ਲਾਲਾ ਜੀ । ਮੈਂ ਇਸ ਮਾਮਲੇ ਤੋਂ ਅਲਗ ਹਾਂ ।"

"ਪਰ ਕਰਨਲ......"

"ਕਰਨਲ ਨੇ ਇਸ ਮੁਆਮਲੇ ਵਿਚ ਮੈਥੋਂ ਕੋਈ ਰਾਏ ਨਹੀਂ ਲਈ ।"

"ਹਾ-ਹਾ-ਹਾ ! ਤਾਂ ਇਹ ਮਾਮਲੇ ਨੇ ।"

ਸੱਜਨ ਨੂੰ ਲਾਲਾ ਜਾਨਕੀ ਸਰਣ ਦੀ ਇਹ ਗੱਲ ਅਤੇ ਹਾਸਾ ਬੁਰਾ ਜ਼ਰੂਰ ਲਗਾ, ਪਰ ਉਹ ਆਪ ਇਸ ਵੇਲੇ ਅਪਰਾਧੀਆਂ ਵਾਂਗ ਮਹਿਸੂਸ ਕਰ ਰਿਹਾ ਸੀ । ਕੁਝ ਨਾ

ਬੋਲਿਆ — ਲਾਲਾ ਜਾਨਕੀ ਸਰਣ ਨੇ ਗੱਲ ਅਗਾਂਹ ਤੋਰੀ, ਕਹਿਣ ਲਗਾ — "ਭਰਾਵਾ, ਪੈਂਠਵਾਂ ਸਾਲ ਜਾ ਰਿਹਾ ਮੈਨੂੰ। ਚਾਲ੍ਹੀਵੇਂ ਸੰਮਤ ਦਾ ਜਨਮ ਏ। ਤੇਰਾ ਬਾਪ ਮੈਥੋਂ ਚੋਖਾ ਛੋਟਾ ਸੀ। ਮੈਂ ਹੁਣ ਤੈਨੂੰ ਕੀ ਆਖਾਂ ? ਤੂੰ ਤੇ ਰੱਬ ਦੀ ਕਿਰਪਾ ਨਾਲ ਬੜਾ ਨਾਮੀ ਗ੍ਰਾਮੀ ਏ, ਹਰ ਤਰ੍ਹਾਂ ਨਾਲ ਸਮਝਦਾਰ ਏਂ, ਬੱਸ ਇਸ਼ਾਰੇ ਨਾਲ ਹੀ ਤੈਨੂੰ ਗੱਲ ਦਸਣ ਦਾ ਮੇਰਾ ਫ਼ਰਜ਼ ਬਣਦੈ — ਸ਼ੌਕ ਸਭੇ ਪੂਰੇ ਕਰ, ਪਰ ਆਪਣੇ ਆਪ ਨੂੰ ਸੰਭਾਲ ਕੇ ਰਖ। ਨਗੀਨ ਚੰਦ ਨੂੰ ਵੀ ਮੇਰੀ ਵਲੋਂ ਇਹੋ ਨਸੀਹਤ ਦਈਂ। ਜਿਹੜੀ ਲੜਕੀ ਆਪਣੇ ਸਕੇ ਪਿਉ ਦੀ ਨਹੀਂ, ਉਹ ਹੋਰ ਕਿਸੇ ਦੀ ਕਿੰਜ ਹੋ ਸਕਦੀ ਏ।"

ਸੱਜਨ ਚੁੱਪ ਰਿਹਾ। ਕੰਨਿਆ ਲਈ ਜਿਹੜੀਆਂ ਧਾਰਨਾਵਾਂ ਲਾਲਾ ਜੀ ਬਣਾ ਰਹੇ ਸਨ, ਉਹ ਉਹਦੀ ਨਜ਼ਰ ਵਿਚ ਝੂਠੀਆਂ ਹੁੰਦੀਆਂ ਹੋਈਆਂ ਵੀ ਇਸ ਵੇਲੇ ਉਹਨੂੰ ਵਿਦਰੋਹ ਕਰਨ ਲਈ ਪ੍ਰੇਰਨਾ ਦੇ ਰਹੀਆਂ ਸਨ। ਨੁਮਾਇਸ਼ ਬਾਰੇ ਗੱਲਾਂ ਹੋਈਆਂ। ਲਾਲਾ ਜਾਨਕੀ ਸਰਣ ਨੇ ਆਪਣੇ ਦੋਵੇਂ ਵੱਡੇ ਕਮਰੇ ਉਹਨੂੰ ਵਖਾਏ, ਕਮਰੇ ਤਸਵੀਰਾਂ ਦੀ ਨੁਮਾਇਸ਼ ਦੇ ਯੋਗ ਨਹੀਂ ਸਨ; ਉਹਨਾਂ ਵਿਚ ਲੋੜੀਂਦਾ ਚਾਨਣ ਨਹੀਂ ਸੀ। ਸੱਜਨ ਨੇ ਆਪਣੇ ਲਾਲਾ ਜੀ ਨੂੰ ਬਿਜਲੀ ਵਾਲੇ ਨੂੰ ਬੁਲਾਉਣ ਲਈ ਕਿਹਾ। ਦੂਸਰੇ ਦਿਨ ਸਵੇਰੇ ਅੱਠ ਵਜੇ ਉਥੇ ਆਉਣ ਦਾ ਇਕਰਾਰ ਕਰਕੇ ਸੱਜਨ ਫਿਰ ਹਵੇਲੀ ਵਿਚ ਪਰਤ ਆਇਆ। ਕਮਰੇ ਵਿਚ ਕੰਨਿਆ ਬੈਠੀ ਹੋਈ ਸੀ। ਉਹਨੂੰ ਵੇਖਦਿਆਂ ਹੀ ਸੱਜਨ ਤਣਿਆ ਗਿਆ। ਉਹਨੂੰ ਕੁਝ ਨਾ ਆਖ ਕੇ ਉਹ ਇਕ ਆਰਾਮ ਕੁਰਸੀ ਤੇ ਲੇਟ ਗਿਆ। ਮੂੰਹ ਦੂਜੇ ਪਾਸੇ ਕਰ ਲਿਆ।

ਕੰਨਿਆ ਨੇ ਪੁੱਛਿਆ — "ਨਾਰਾਜ਼ ਏਂ ?"

"..........."

"ਨਾਰਾਜ਼ ਹੋਣ ਵਾਲੀ ਗੱਲ ਤਾਂ ਨਹੀਂ......"

"ਮੇਰੀ ਕੀ ਮਜ਼ਾਲ ਤੇਰੇ ਨਾਲ ਨਾਰਾਜ਼ ਹੋਵਾਂ ?"

"ਮੈਨੂੰ ਸੁਪਨੇ ਵਿਚ ਵੀ ਉਮੀਦ ਨਹੀਂ ਸੀ ਕਿ ਤੂੰ ਬੇਇਨਸਾਫ਼ੀ ਦਾ ਪੱਖ ਲਵੇਂਗਾ।"

ਸੱਜਨ ਚਿੜ ਗਿਆ; ਕਹਿਣ ਲਗਾ — "ਮੈਂ ਨਿਆਂ ਦਾ ਪੱਖ ਪੂਰਨ ਕਰਕੇ ਹੀ ਬਦਨਾਮ ਆਂ।"

"ਹੁਣ ਫਿਰ......"

"ਮੈਂ ਹੁਣ ਇਸ ਵਿਚ ਤੇਰੀ ਬੇਇਨਸਾਫ਼ੀ ਵੇਖ ਰਿਹਾਂ !"

"ਕੀ ?"

ਕੀ ਦਾ ਉੱਤਰ ਸੱਜਨ ਨੂੰ ਬਹੁਤ ਲਭਣ ਤੇ ਵੀ ਨਾ ਮਿਲਿਆ। ਕੰਨਿਆ ਨੇ ਕਿਹਾ — "ਮੈਂ ਆਪਣੇ ਬਾਪ ਨਾਲ ਅਨਿਆਂ ਕਰ ਰਹੀ ਆਂ ? ਕੀ ਤੂੰ ਹੁਣ ਇਹ ਠੀਕ ਸਮਝਦਾ ਏ ਕਿ ਔਰਤ ਨੂੰ ਹਮੇਸ਼ਾ ਲਿਤੜੀ ਰਹਿਣਾ ਚਾਹੀਦਾ ਏ ?"

ਸੱਜਨ ਆਪੇ ਤੋਂ ਬਾਹਰ ਹੋਣ ਲਗਾ। ਚਿੜ ਕੇ ਬੋਲਿਆ — "ਜਾਂ ਨਹੀਂ, ਔਰਤ ਨੂੰ ਹੁਣ ਕੌਣ ਲਿਤਾੜ ਸਕਦਾ ਏ, ਆਦਮੀ ਲਿਤਾੜੇ ਜਾਣਗੇ......"

"ਸੱਜਨ, ਦਲੀਲ ਨਾਲ ਗੱਲ ਕਰ, ਗ਼ੁੱਸਾ ਤੈਨੂੰ ਕਿਹੜੀ ਗੱਲੋਂ ਆ ਰਿਹਾ ਏ ? ਕੀ ਮੈਂ ਤੈਨੂੰ ਕਿਸੇ ਤਰ੍ਹਾਂ ਦਾ ਧੋਖਾ ਦਿਤਾ ਏ ? ਕੀ ਇਹ ਗੱਲ ਉਦਣ ਹੀ ਸਾਫ਼ ਨਹੀਂ ਸੀ ਹੋ ਗਈ ਜਿੱਦਣ ਮੈਂ ਪਹਿਲੀ ਵਾਰ ਤੇਰੇ ਘਰ ਆਈ ਸਾਂ।"

"ਮੈਨੂੰ ਇਹਦੀ ਸ਼ਿਕਾਇਤ ਨਹੀਂ। ਮੇਰੀ ਸ਼ਿਕਾਇਤ ਤਾਂ ਇਹ ਆ ਕਿ ਜਦ ਮੈਂ ਤੈਨੂੰ ਮਨ੍ਹਾਂ ਕਰ ਦਿਤਾ ਤਾਂ ਚਾਰ ਦਿਨ ਭਲਾ ਠਹਿਰ ਨਹੀਂ ਸੈਂ ਸਕਦੀ ?"

"ਸੱਜਨ ਤੇਰੇ ਕੋਲ ਬੜੇ ਵੱਡੇ ਵੱਡੇ ਆਦਮੀਆਂ ਦੀਆਂ ਸਿਫ਼ਾਰਸ਼ਾਂ ਆਈਆਂ; ਮੇਰੇ ਬਾਪ ਨੂੰ ਬਚਾਉਣ ਲਈ ਨਹੀਂ ਸਗੋਂ ਸਾਲਗ ਰਾਮ ਦੀ ਇੱਜ਼ਤ-ਆਬਰੂ ਲਈ ! ਮੈਂ ਕਿਉਂ ਮੰਨਾਂ ? ਸਾਲਗ ਰਾਮ ਦੀ ਤੋਏ ਤੋਏ ਹੋਈ ਜਾਂ ਕਾਂਗਰਸ ਵਾਲੇ ਬਦਨਾਮ ਹੋਏ, ਇਹਦਾ ਇਲਜ਼ਾਮ ਮੇਰੇ ਤੇ ਕਿਉਂ ਆਏ ?"

"ਮਿਸ ਵੰਨ ਕੰਨਿਆ, ਹੁਣ ਤਾਈਂ ਮੈਂ ਤੇਰੀ ਪੋਲੀਟੀਕਲ ਚਾਲ ਨੂੰ ਖ਼ੂਬ ਸਮਝ ਚੁਕਿਆ ਹਾਂ, ਹੁਣ ਤਕ।"

"ਸੱਜਨ ਤੂੰ ਇਹ ਚੰਗੀ ਤਰ੍ਹਾਂ ਜਾਣਦਾ ਏਂ ਕਿ ਸੱਚ ਕੀ ਏ। ਖ਼ੈਰ ਮੈਂ ਬਹਿਸ ਨਹੀਂ ਕਰਨੀ।"

"ਤੇ ਮੈਂ ਵੀ ਬਹਿਸ ਨਹੀਂ ਕਰਨਾ ਚਾਹੁੰਦਾ।" ਆਖ ਕੇ ਸੱਜਨ ਦੇ ਮੂੰਹ ਦੂਜੇ ਪਾਸੇ ਫੇਰ ਲਿਆ। ਕੰਨਿਆ ਤਖ਼ਤ ਤੋਂ ਉਠ ਕੇ ਸੱਜਨ ਕੋਲ ਆਈ; ਆਰਾਮ ਕੁਰਸੀ ਕੋਲ ਆ ਕੇ ਖਲੋਂਦਿਆਂ ਹੀ ਸੱਜਨ ਦੇ ਸਿਰ ਤੇ ਹੱਥ ਰਖ ਕੇ ਉਹਨੇ ਕਿਹਾ — "ਹੁਣ ਨਹੀਂ ਬੋਲੇਂਗਾ ?"

"ਨਹੀਂ।"

"ਕਦੋਂ ਤਕ ?"

"ਸਦਾ ਲਈ।"

"ਨਾ ਬੋਲੀਂ, ਮੈਂ ਤਾਂ ਬੋਲਾਂਗੀ।"

ਸੱਜਨ ਨੂੰ ਵਨ ਕੰਨਿਆ ਦੇ ਹੱਥ ਦੀ ਛੋਹ ਉਤੇਜਤ ਕਰ ਰਹੀ ਸੀ। ਇਹ ਉਤੇਜਨਾ ਹੀ ਇਸ ਵੇਲੇ ਸੱਜਨ ਲਈ ਹੋਰ ਵੀ ਚਿੜਾਉਣ ਵਾਲੀ ਬਣ ਗਈ। ਵਨ ਕੰਨਿਆ ਦੀ ਛੋਹ ਸੁਖਾਵੀਂ ਅਤੇ ਸ਼ੀਤਲ ਸੀ — ਘਟੋ ਘਟ ਉਹਨੂੰ ਇੰਜ ਮਹਿਸੂਸ ਹੋ ਰਿਹਾ ਸੀ। ਉਹ ਛੋਹ ਕੰਨਿਆ ਦੇ ਦਿਲ ਦੀ ਸਾਰੀ 'ਪਵਿੱਤਰਤਾ' ਜਿਵੇਂ ਉਹਨੂੰ ਸੌਂਪ ਰਹੀ ਸੀ। ਸੱਜਨ ਦੇ ਅੰਦਰ ਦੀ 'ਅਪਵਿੱਤਰਤਾ' ਚਿੜ ਪਈ। ਪਵਿੱਤਰ ਅਪਵਿੱਤਰ ਦੀ ਭਾਵਨਾ ਸੱਜਨ ਦੇ ਮਨ ਵਿਚ ਸਾਫ਼ ਸਾਫ਼ ਉਭਰੀ ਹੋਈ ਸੀ। ਇਹਦੇ ਨਾਲ ਨਾਲ ਉਹ ਆਪਣੀ ਅਪਵਿੱਤਰਤਾ ਨੂੰ ਹੀ ਪਵਿੱਤਰ ਮੰਨ ਕੇ ਵਨ ਕੰਨਿਆ ਦੀ ਪਵਿੱਤਰ ਨੂੰ ਅਪਵਿੱਤਰ

ਮਿੱਥਣ ਲਈ ਜ਼ਿੱਦ ਕਰ ਰਿਹਾ ਸੀ। ਸੱਜਨ ਇਕਦਮ ਉਠ ਬੈਠਾ, ਬੋਲਿਆ — "ਇਹ ਤੂੰ ਮੇਰੇ ਨਾਲ ਨਹੀਂ ਬੋਲ ਰਹੀ, ਮੇਰੇ ਪੈਸੇ ਨਾਲ, ਮੇਰੀ ਇੱਜ਼ਤ ਤੇ ਸ਼ੁਹਰਤ ਨਾਲ......"

"ਦੂਜੀ ਵਾਰ ਸੁਣ ਰਹੀ ਆਂ !"

"ਤੂੰ ਸਦਾ ਈ ਇਹ ਗੱਲ ਬੇਸ਼ਰਮ ਹੋ ਕੇ ਸੁਣਦੀ ਰਹੇਂਗੀ।"

ਵਨ ਕੰਨਿਆ ਦੇ ਚਿਹਰੇ ਉਤੇ ਇਕ ਵਾਰਗੀ ਰੋਹ ਆਇਆ, ਫ਼ਿਰ ਸੰਭਲੀ ਆਵਾਜ਼ ਨਾਲ ਕਿਹਾ — "ਜਿਸ ਦਿਨ ਇਹ ਵਿਸ਼ਵਾਸ ਹੋ ਜਾਏਗਾ ਕਿ ਤੂੰ ਸੱਚ ਮੁਚ ਇਹੋ ਸਮਝਦਾ ਏਂ ਉਸ ਦਿਨ ਤੋਂ ਆਪਣਾ ਮੂੰਹ ਨਹੀਂ ਵਿਖਾਵਾਂਗੀ !" ਆਖ ਕੇ ਕੰਨਿਆ ਹਟ ਗਈ।

"ਕੰਨੋਮਲ ਦੇ ਪੋਤੇ !"

"ਹਾਂ, ਤਾਈ ਜੀ !"

"ਸੁਣ, ਇਹ ਜਿਹੜੀ ਤੇਰੀ ਹੈਗੀ ਆ ਨਾ, ਇਹਨੂੰ ਕਹਿ ਦੇ ਤਾਰਾ ਦੇ ਮੁੰਡੇ ਦੀ ਭੂਆ ਬਣ ਕੇ ਛੇਵਾ ਪੂਜ ਦਏਗੀ। ਜਿੱਦਾਂ ਦੇ ਉਹ ਮੋਏ ਅਧਰਮੀ ਓਦਾਂ ਦੀ ਇਹ। ਤੇ ਉਹਦੇ ਲਈ ਹੁਣ ਭੂਆ ਮੈਂ ਕਿਥੋਂ ਲਿਆਵਾਂਗੀ ?"

ਸੱਜਨ ਨੇ ਝਟ ਪਟ ਹੀ ਹੱਕ ਸਮਝਿਆ ਕੰਨਿਆ ਵਲ ਵੇਂਹਦਿਆਂ ਹੋਇਆਂ ਆਖਿਆ – "ਹਾਂ ਹਾਂ, ਤਾਈ ਜੀ !"

ਕੰਨਿਆ ਵੀ ਝਟ ਬੋਲੀ — "ਜ਼ਰੂਰ ਬਣ ਜਾਵਾਂਗੀ ਤਾਈ ਜੀ, ਪਰ ਮੈਂ ਅਧਰਮੀ ਨਹੀਂ ਤਾਈ ਜੀ !" ਕੰਨਿਆ ਨੇ ਮਜ਼ਾਕ ਕਰਨ ਦਾ ਜਤਨ ਕੀਤਾ।

ਗਲੀ ਦਾ ਇਕ ਕੁੱਤਾ ਅੰਦਰ ਘੁਸ ਆਇਆ। ਕਮਰੇ ਦੇ ਦਰਵਾਜ਼ੇ ਤੇ ਖਲੋਤੀ ਹੋਈ ਤਾਈ ਦੀ ਨਜ਼ਰ ਪਈ, "ਹਟ !" ਕਰਦੀ ਉਹ ਪਿਛਾਂਹ ਦੌੜੀ। ਕੁੱਤਾ ਘਬਰਾ ਕੇ ਫਾਟਕ ਵਲ ਜਾਣ ਦੀ ਥਾਂ ਦਲਾਨ ਵਲ ਦੌੜਿਆ। ਤਾਈ ਨੌਲਣ ਲਗੀ — "ਵੇ, ਤੇਰਾ ਸਤਿਆਨਾਸ ਹੋ ਜਾਏ ਨੱਕ ਪਿੱਟਿਆ ! ਵੇ ਫੜੋ – ਮੇਰੇ ਘਰ ਨਾ ਘੁੱਸ ਜਾਏ — ਮੇਰੇ ਲਲਿਤਾ ਬਿਸਾਖਾ......"

ਸੱਜਨ ਇਸ ਤੋਂ ਪਹਿਲਾਂ ਹੀ ਦਲਾਨ ਵਿਚ ਦੌੜ ਆਇਆ ਅਤੇ ਕੁੱਤੇ ਨੂੰ ਉਧਰੋਂ ਵੇਖ ਕੇ ਨਸਾਇਆ। ਕੁੱਤਾ ਵਿਹੜੇ 'ਚੋਂ ਹੁੰਦਾ ਹੋਇਆ ਸਿੱਧਾ ਬੂਹੇ ਵਲ ਦੌੜਿਆ। ਸੱਜਨ ਫਾਟਕ ਬੰਦ ਕਰਨ ਚਲਾ ਗਿਆ। ਮੋਟੇ ਨੱਕਾਸ਼ੀ ਵਾਲੇ ਦਰਵਾਜ਼ੇ ਬੰਦ ਕਰਦਿਆਂ ਅਚਾਨਕ ਉਹਦੀ ਨਜ਼ਰ ਗਲੀ ਵਿਚੋਂ ਲੰਘਦੇ ਹੋਏ ਬਾਬਾ ਰਾਮ ਜੀ ਤੇ ਪਈ।

"ਕਹੁ ਰਾਮ ਦਿਆ ਭਗਤਾ" — "ਬਾਬਾ ਜੀ ਆਪਣੇ ਦੰਦ ਨਿਕਲੇ ਪੋਪਲੇ ਮੂੰਹ 'ਚੋਂ ਮੁਸਕਰਾਏ। ਉਹਨਾਂ ਦੀਆਂ ਛੋਟੀਆਂ ਛੋਟੀਆਂ ਅੱਖਾਂ ਸਨੇਹ ਨਾਲ ਦੀ ਚਮਕ ਨਾਲ ਭਰ ਗਈਆਂ। ਸੱਜਨ ਉਹਨੂੰ ਵੇਖ ਕੇ ਇੰਜ ਘਬਰਾ ਗਿਆ ਜਿਵੇਂ ਚੋਰੀ ਕਰਦਾ ਫੜਿਆ ਗਿਆ ਹੋਏ। ਬਾਬਾ ਜੀ ਫਾਟਕ ਵਲ ਆਏ, ਉਹਨਾਂ ਦੇ ਪਿਛੇ ਉਹਨਾਂ ਦੀ ਮੋਟਾ ਲੱਠੀ

ਅਤੇ ਤੂੰਮੜੀ ਲਈ ਇਕ ਸਫ਼ਾਚੱਟ ਲੰਗੋਟੀ ਵਾਲਾ ਚੇਲਾ ਵੀ ਸੀ। ਸੱਜਨ ਨੇ ਉਹਨਾਂ ਦੇ ਆਉਣ ਪਿਛੋਂ ਦਰਵਾਜ਼ਾ ਲਾਇਆ ਅਤੇ ਉਹਨਾਂ ਦੇ ਪਿਛੇ ਪਿਛੇ ਤੁਰ ਪਿਆ। ਵਿਹੜੇ ਵਿਚ ਖਲੋਤੀ ਤਾਈ ਨੇ ਇਕ ਸਾਧੂ ਵੇਸਧਾਰੀ ਨੂੰ ਵੇਖ ਕੇ ਝਟ ਪਟ ਉਹਦੇ ਪੈਰਾਂ ਤੇ ਆਪਣਾ ਸਿਰ ਨਿਵਾਂ ਦਿਤਾ।

"ਸੁਖੀ ਰਹੁ, ਸੁਮੱਤੀ ਰਹੁ, ਸ਼ਾਂਤ ਰਹੁ !"

"ਮਹਾਰਾਜ ਕਿਥੋਂ ਪਧਾਰੇ ?"

"ਰਾਮ ਜੀ ਘਰ 'ਚ ਆਇਆਂ, ਰਾਮ ਭਗਤਣੀਏਂ, ਜਿਥੋਂ ਤੂੰ ਆਈ ਏਂ !"

"ਲੈ, ਉਹ ਤੇ ਸਾਰੇ ਜਾਣਦੇ ਨੇ ਮਹਾਰਾਜ, ਮੈਂ ਪੁੱਛਦੀ ਸਾਂ ਪਈ....."

"ਤੁਸੀਂ ਤੇ ਸ਼ਾਇਦ ਪਾਗਲਾਂ ਦਾ ਇਲਾਜ ਕਰਦੇ ਓ ?"

"ਹਾਂ ਬੇਟੀ ਮੈਂ ਪਾਗਲਾਂ ਦਾ ਇਲਾਜ ਕਰਦਾ ਹਾਂ ਜਿਥੇ ਪਾਗਲ ਹੁੰਦੇ ਨੇ ਉਥੇ ਮੈਂ ਉਹਨਾਂ ਦੀ ਸੇਵਾ ਕਰਨ ਪਹੁੰਚ ਜਾਂਦਾ ਹਾਂ। ਕਿਉਂ, ਨਹੀਂ ਰਾਮ ਜੀ !"

ਸੱਜਨ ਨੂੰ ਲਗਾ ਕਿ ਇਹ ਗੱਲ ਉਹਦੇ ਉਤੇ ਢੁਕਾਈ ਗਈ ਹੈ। ਉਹ ਸਿਰ ਨਿੰਵਾਈ ਚੁੱਪ ਰਿਹਾ।

"ਅੱਛਾ ਅੱਛਾ, ਤੁਸੀਂ ਓ, ਮੈਂ ਗੋਕੁਲਦੁਆਰਿਓਂ ਸੁਣ ਚੁਕੀ ਆਂ ! ਹਾਂ ਇੰਜ ਆਖ ਕਿ ਕੰਨੋਮਲ ਦਾ ਪੋਤਾ ਤੈਨੂੰ ਪਹਿਲਾਂ ਹੀ ਜਾਣਦਾ ਏ।"

"ਬਈ, ਇਹ ਰਾਮ ਜੀ ਨੇ, ਇਹ ਕਿਹਨੂੰ ਨਹੀਂ ਜਾਣਦੇ, ਕੀ ਨਹੀਂ ਜਾਣਦੇ ? ਇਹਨਾਂ ਤੋਂ ਵਧ ਸੱਚ ਨੂੰ ਜਾਨਣ ਵਾਲਾ ਹੈ ਕੌਣ ?"

ਸੱਜਨ ਉਸੇ ਤਰ੍ਹਾਂ ਸਿਰ ਨਿੰਵਾਈ ਬੈਠਾ ਰਿਹਾ, ਬਾਬਾ ਜੀ ਨੇ ਇਕ ਵਾਰ ਕੰਨਿਆ ਵਲ ਵੇਖਿਆ, ਫਿਰ ਤਾਈ ਨੂੰ ਪੁੱਛਿਆ — "ਤੇਰੀ ਲੜਕੀ ਆ ਰਾਮ ਭਗਤਣੀਏਂ ?"

"ਮੇਰੀ ਕਿਉਂ ਹੋਵੇਗੀ ਰੰਡੀ ?"

"ਤੇਰੀ ਹੀ ਤਾਂ ਏ ਰਾਮ ਭਗਤਣੀਏਂ। ਤੂੰ ਇਹਦਾ ਸੌ ਤੋਲੇ ਸੋਨਾ ਲਈ ਬੈਠੀ ਏਂ। ਇਸ ਲਈ ਗਾਲ੍ਹਾਂ ਦੇਂਦੀ ਏਂ।"

"ਮੈਂ ਕਿਸੇ ਦੀ ਧੇਲਾ ਭਰ ਚੀਜ਼ ਵੀ ਨਹੀਂ ਲੈਂਦੀ ! ਮੈਂ ਸੌ ਤੋਲੇ ਸੋਨਾ ਮੈਂ ਇਹਨੂੰ (ਸੱਜਨ ਵਲ ਵੇਖ ਕੇ) — ਇਹਦੀ ਬਹੂ ਨੂੰ ਦਿਆਂਗੀ ਜੇ ਇਹ ਮੇਰੇ ਕਹੇ ਮੁਤਾਬਕ ਸ਼ਾਦੀ ਕਰ ਲਏ।"

"ਬਿਨਾਂ ਵਿਆਹ ਕੀਤਿਆਂ ਹੀ ਦੇ ਦੇ ਰਾਮ ਭਗਤਣੀਏਂ।"

"ਨਹੀਂ ਬਾਬਾ ਜੀ !"

"ਪਰਉਪਕਾਰ ਹੋਏਗਾ। ਤੇ ਜੇ ਕੋਈ ਚਲਾ ਜਾਂਦਾ ਫਿਰ ਕੀ ਕਰਦੀ ਓਂ ?"

"ਮੇਰੇ ਘਰ ਚੋਰੀ ਹੋਣ ਦੀ ਖ਼ਬਰ ਤੁਹਾਨੂੰ ਵੀ ਮਿਲ ਗਈ ਸੀ ਬਾਬਾ ਜੀ ?"

"ਤੇਰੇ ਘਰ ਸੱਚ ਮੁਚ ਈ ਚੋਰੀ ਹੋ ਗਈ ਰਾਮ ਭਗਤਣੀਏਂ ? ਲੈ, ਮੈਂ ਤਾਂ ਉਂਜ

ਹੀ ਕਹਿ ਰਿਹਾ ਸਾਂ ।" ਆਖ ਕੇ ਬਾਬਾ ਜੀ ਖੁਲ੍ਹ ਕੇ ਹੱਸ ਪਏ । ਫਿਰ ਕਿਹਾ – "ਅੱਛਾ ! ਤਾਂ ਚੋਰੀ ਹੋਈ ਤਾਹਿਓਂ ਰਾਮ ਭਗਤਣੀਏਂ ਮਨ 'ਚ ਵਿਚਾਰ ਆਇਆ ਕਿ ਸੌ ਤੋਲਾ ਸੋਨਾ ਕਿਸੇ ਨੂੰ ਦੇ ਦਈਏ ।"

"ਹਾਂ ਬਾਬਾ ਜੀ, ਗੱਲ ਤੇ ਇਹੋ ਆ ।" ਆਖ ਕੇ ਤਾਈ ਦਾ ਕੁਲਹਿਣਾ ਚਿਹਰਾ ਚਮਕਦੀਆਂ ਅੱਖਾਂ, ਕਾਲੇ ਕਾਲੇ ਟੁੰਡਲਾਂ ਵਰਗੇ ਦੰਦ ਖਿੜ ਪਏ । ਫਿਰ ਬੋਲੀ — "ਮੇਰਾ ਕੌਣ ਬੈਠਾ ਏ ? ਤੇ ਨਾ ਮਰਨ ਪਿਛੋਂ ਨਾਗਨ ਤੇ ਨਾਗ ਦਾ ਜੋੜਾ ਬਣ ਕੇ ਬੈਠਣਾ ਏ । ਨਾਗ ਤੇ ਨਾਗਣ ਤਾਂ ਉਹੋ ਬਣਨਗੇ ਰੰਡੀ ਦੇ । (ਖੱਬੇ ਹੱਥ ਦੀ ਹਥੇਲੀ ਤੇ ਸੱਜੇ ਹੱਥ ਦਾ ਪਟਾਕਾ ਮਾਰ ਪੰਜਾ ਹਵਾ ਵਿਚ ਵਧਾ ਦਿਤਾ) ਮੈਂ ਤੇ ਜਦ ਮਰਾਂਗੀ ਮਹਾਰਾਜ ਤਾਂ ਬੈਕੁੰਠ ਵਿਚੋਂ ਬਬਾਨ ਆਏਗਾ ਤੇ ਮੈਨੂੰ ਲੈ ਜਾਏਗਾ, ਵੇਖ ਲਿਓ ।"

"ਹਾਂ, ਰਾਮ ਭਗਤਣੀਏਂ ਤੂੰ ਜ਼ਰੂਰ ਜਾਏਂਗੀ ! ਤੇਰੇ ਲਈ ਤਾਂ ਸ੍ਰੀ ਕ੍ਰਿਸ਼ਨ ਭਗਵਾਨ ਬੈਕੁੰਠ ਵਿਚੋਂ ਇਸਪਿਸਲ ਬਮਾਨ ਭੇਜਣਗੇ ! ਉਹ ਤੇਰੇ ਨਾਲ ਪਰਮ ਪ੍ਰਸਿੰਨ ਨੇ ! ਸੋਚਦੇ ਨੇ ਰਾਮ ਭਗਤਣੀ ਕਦ ਬੈਕੁੰਠ ਵਿਚ ਆਏ ਤੇ ਕਦ ਉਹਦੀ ਲਾਠੀ ਲੈ ਕੇ ਉਹ ਭੱਜਣ ।" ਬਾਬਾ ਜੀ ਫਿਰ ਖਿੜ ਖਿੜਾ ਕੇ ਹੱਸ ਪਏ । ਇਸ ਗੱਲ ਤੇ ਸਭਨਾ ਨੂੰ ਹਾਸਾ ਆ ਗਿਆ । ਤਾਈ ਨੇ ਵੀ ਬੁਰਾ ਨਾ ਮਨਾਇਆ; ਉਹ ਚੁੱਪ ਹੋ ਗਈ ।

ਬਾਬਾ ਜੀ ਮੂੰਹ ਭੁਆਂ ਕੇ ਸੱਜਨ ਵਲ ਵੇਖਣ ਲਗੇ । ਸੱਜਨ ਬੁਝਿਆ ਜਿਹਾ ਬੈਠਾ ਰਿਹਾ । ਬਾਬਾ ਜੀ ਦੇ ਸਾਹਮਣੇ ਉਹਦੀ ਨਜ਼ਰ ਨਹੀਂ ਸੀ ਠਹਿਰਦੀ । ਬਾਬਾ ਜੀ ਬੋਲੇ — "ਆਪਣੀ ਜਿੱਤ ਵਾਲੇ ਦਿਨ ਬੜੀ ਚੁੱਪ ਧਾਰੀ ਰਾਮ ਜੀ ?"

"ਬਾਬਾ ਜੀ ਸੁਣੋ," ਤਾਈ ਬਾਬਾ ਜੀ ਨੂੰ ਇਸ਼ਾਰੇ ਨਾਲ ਬੁਲਾ ਕੇ ਵੱਖਰਿਆਂ ਕਰਕੇ ਹੌਲੀ ਜਿਹੀ ਪੁੱਛਣ ਲਗੀ — "ਜੰਤਰ ਮੰਤਰ ਵਿਚ ਵੀ ਸਿੱਧ ਓ, ਬਾਬਾ ਜੀ ?"

"ਹਾਂ ਰਾਮ ਭਗਤਣੀਏਂ, ਅੰਖਣੀ, ਸੰਖਣੀ, ਡੰਕਣੀ ਜਿਹਨੂੰ ਆਖੇਂ ਉਹਨੂੰ ਤਾਰਾਂ !"

"ਬਾਬਾ ਜੀ, ਮੇਰੀ ਸੌਂਕਣ ਦੇ ਪੋਤਰੇ ਨੂੰ ਐਨ ਉਹਦੇ ਲਗਨ ਵੇਲੇ ਮਾਰ ਦਿਉ !"

"ਉਹਦੇ ਨਾਲ ਕੀ ਹੋਏਗਾ ਰਾਮ ਭਗਤਣੀਏਂ ?"

ਮੇਰੇ ਕਲੇਜੇ ਵਿਚ ਇਕੋ ਅੱਗ ਬਲਦੀ, ਭਈ ਸੌਂਕਣ ਰੰਡੀ ਦਾ ਬੰਸ ਵਧੇਗਾ । ਮੇਰੀ ਬੇਟੀ ਵੀ ਨਾ ਰਹੀ, ਨਹੀਂ ਤੇ ਉਹਦਾ ਈ ਬੰਸ ਚਲਦਾ । (ਹੌਲੀ ਜਿਹੀ) ਭਗਵਾਨ ਦਾ ਦਿਤਾ ਮੇਰੇ ਕੋਲ ਬੜਾ ਕੁਝ ਏ ਬਾਬਾ ਜੀ, ਜੇ ਇੰਜ ਕਰ ਦਿਓ, ਠਾਕੁਰ ਜੀ ਦੇ ਚਰਨਾਂ ਦੀ ਸਹੁੰ, ਮੈਂ ਆਪਣਾ ਸਭ ਕੁਝ ਤੈਨੂੰ ਦੇ ਦਿਆਂਗੀ । ਬਸ, ਸੌ ਤੋਲੇ ਸੋਨਾ, ਮੈਂ ਕੰਨੋਮਲ ਦੇ ਪੋਤੇ......"

"ਮੈਂ ਦਸਾਂ ਰਾਮ ਭਗਤਣੀਏਂ ਤੂੰ ਕੋਈ ਵੱਡਾ ਸਾਰਾ ਜਗ ਕਰ ਦੇ ! ਬਸ, ਇਸੇ ਰਾਮ ਜੀ ਨੂੰ, ਤੇ ਅਹਿ ਖੜੀ ਆ ਸੀਤਾ ਜੀ......"

"ਏਦਾਂ ਦੀ ਝੂਠੀ ਲਾਲੋ ਪੋਪੋ ਮਹਾਰਾਜ ਮੈਂ ਨਹੀਂ ਕਰਨੀ ! ਤੈਨੂੰ ਸੱਚੀ ਦਸਾਂ,

ਮੈਨੂੰ ਫੁੱਟੀ ਅੱਖੀ ਇਹਨਾਂ ਦੋਵਾਂ ਦਾ ਸਾਥ ਨਹੀਂ ਪੋਂਹਦਾ, ਨਾ ਜ਼ਾਤ ਨਾ ਧਰਮ ! ਅਗੇ ਮੇਰੇ ਘਰ 'ਚ ਇਕ ਇਹੋ ਜਿਹੀ ਰੰਡੀ ਘੁੱਸ ਆਈ। ਗ਼ੈਰ ਜ਼ਾਤ ਵਿਚ ਅੰਗਰੇਜ਼ੀ ਵਿਆਹ ਕਰਕੇ ਬੱਚਾ ਜੰਮਣ ਆਈ ਮੇਰੀ ਹਵੇਲੀ ਵਿਚ ਫੱਫੇ ਕੁੱਟਣ। ਬਸ, ਅੰਗਰੇਜ਼ੀ ਪੜ੍ਹ ਲਈ, ਨਾ ਚੱਜ ਨਾ 'ਚਾਰ; ਭੋਗਣਾ ਮੈਨੂੰ ਪੈਂਦਾ ਏ। ਮੈਂ ਨਾ ਹੁੰਦੀ ਤਾਂ ਬੱਚੇ ਦੀ ਕੋਈ ਛੱਟੀ ਵੀ ਨਾ ਪੂਜਦਾ।"

ਤਾਈ ਜ਼ੋਰ ਜ਼ੋਰ ਨਾਲ ਆਪਣਾ ਭਾਸ਼ਣ ਕਰ ਰਹੀ ਸੀ। ਸੱਜਨ ਅਤੇ ਕੰਨਿਆ ਕਮਰੇ ਵਿਚ ਖੜੇ ਸਨ। ਬਾਬਾ ਜੀ ਦਾ ਚੇਲਾ ਤੁੰਮੜੀ ਅਤੇ ਡੰਡਾ ਲਈ ਬੁੱਤ ਬਣਿਆ ਉਕੜੂੰ ਹੋ ਕੇ ਬੈਠਾ ਲਾਲਾਂ ਸੁਟ ਰਿਹਾ ਸੀ। ਤਾਈ ਜੋਸ਼ ਵਿਚ ਸੀ, ਇਹ ਕਹਿੰਦੀ ਚਲੀ ਗਈ — "ਮੈਨੂੰ ਕਿਸੇ ਦਾ ਡਰ ਨਹੀਂ। ਇਸ ਕੰਨੋਮਲ ਦੇ ਪੋਤੇ ਨੇ ਮੇਰੇ ਨਾਲ ਇਕ ਉਪਕਾਰ ਕੀਤਾ ਤਾਂ ਮੈਂ ਵੀ ਉਹਨੂੰ ਮੰਨਦੀ ਆਂ। ਇਹਦੇ ਬਾਬੇ ਨੂੰ, ਦਾਦੀ ਨੂੰ, ਮਾਂ ਨੂੰ ਮੈਂ ਵੇਖਿਆ ਏ। ਸਹੁਰੇ ਦੇ ਵੇਲੇ ਤੋਂ ਈਂ ਸਾਡੀ ਇਹਨਾਂ ਦੀ ਘਰ ਸਾਂਝ ਏ। ਇਹਨੂੰ ਕਹਿੰਦੀ ਆਂ ਕਿ ਤੂੰ ਇਹ ਦੰਦ ਫੰਦ ਛੱਡ, ਮੇਰੀ ਮਰਜ਼ੀ ਦਾ ਵਿਆਹ ਕਰ ਲੈ, ਸਾਰਾ ਖ਼ਰਚਾ ਮੈਂ ਚੁਕੂੰਗੀ। ਮੇਰੇ ਮਨ ਬੜੀ ਰੀਝ ਆ, ਮੇਰੇ ਵੀ ਦੋਹਤੇ ਹੁੰਦੇ, ਕਿਸੇ ਦਾ ਮੁੰਡਨ ਕਰਦੀ, ਕਿਸੇ ਦਾ ਜਨੇਊ ਕਰਦੀ, ਮੇਰੇ ਘਰ ਟਿੱਕਾ ਆਉਂਦਾ......"

ਵਰ੍ਹਿਆਂ ਪਿਛੋਂ — ਪਤਾ ਨਹੀਂ ਕਿੰਨੇ ਵਰ੍ਹਿਆਂ ਪਿਛੋਂ ਤਾਈ ਦੀਆਂ ਅੱਖਾਂ ਵਿਚ ਪਾਣੀ ਆਇਆ। ਬਾਬਾ ਰਾਮ ਜੀ ਦੀ ਕਸਰਤੀ ਦੇਹ ਤਣ ਕੇ ਖੜੀ ਹੋ ਗਈ; ਉਹਨਾਂ ਦਾ ਬਿਰਧ ਮੂੰਹ ਘੜੀ ਪਲ ਲਈ ਗੰਭੀਰ ਹੋਇਆ, ਛੋਟੀਆਂ ਛੋਟੀਆ ਅੱਖਾਂ ਟਿਕੀਆਂ ਅਤੇ ਉਹਨੇ ਕਿਹਾ — "ਰਾਮ ਭਗਤਣੀਏਂ, ਤੂੰ ਸੀਤਾ ਰਾਮ ਜੀ ਦਾ ਵਿਆਹ ਕਰ ਦੇ ! ਮੇਰੇ ਰਾਮ ਜੀ, ਤੁਹਾਡੀ ਸੀਤਾ ਜੀ ! ਖ਼ੂਬ ਵਾਜੇ ਗਾਜੇ, ਧੂੰਮ ਧੜਾਕੇ ਨਾਲ ਬਰਾਤ ਕਢਣਗੇ। ਦਿਲ ਦੇ ਅਰਮਾਨ ਕਢ ਲੈ ਰਾਮ ਭਗਤਣੀਏਂ, ਸੀਤਾ ਜੀ ਤੋਂ ਵਧ ਕੇ ਕੰਨਿਆ ਹੋਰ ਕੌਣ ਮਿਲੇਗੀ ?"

ਤਾਈ ਗੰਭੀਰ ਹੋ ਕੇ ਸੁਣ ਰਹੀ ! ਉਹਦੇ ਚਿਹਰੇ ਤੋਂ ਜਾਪਦਾ ਸੀ ਕਿ ਗੱਲ ਦਾ ਪ੍ਰਭਾਵ ਪਿਆ ਹੈ; ਪਰ ਫਿਰ ਤ੍ਰਭਕ ਕੇ ਬੋਲੀ — "ਜੇ ਤੁਸੀਂ ਇਸ ਲੜਕੀ ਨੂੰ ਸੀਤਾ ਕਹਿ ਕੇ ਮੇਰੀ ਧੀ ਬਣਾਉਣਾ ਚਾਹੋਗੇ ਤਾਂ......"

"ਵਾਹ, ਨਹੀਂ ਰਾਮ ਭਗਤਣੀਏਂ, ਵਧੀਆ ਮੂਰਤੀਆਂ ਲਿਵਾਂਗੇ, ਅਤੇ ਪ੍ਰਤਿਸ਼ਠਤ ਕਰਾਂਗੇ। ਫਿਰ ਅਸੀਂ ਆਪਣੇ ਲੜਕੇ ਨੂੰ ਲੈ ਜਾਵਾਂਗੇ, ਤੂੰ ਆਪਣੀ ਲੜਕੀ ਦੀ ਮੰਗਣੀ ਸਾਡੇ ਲੜਕੇ ਲਈ ਮੰਗੀਂ !"

"ਮੈਂ ਸੀਤਾ ਰਾਮ ਦਾ ਵਿਆਹ ਨਹੀਂ ਕਰਾਂਗੀ।"

"ਕਿਉਂ ਭਈ ਰਾਮ ਭਗਤਣੀਏਂ ?"

"ਨਹੀਂ ਮਹਾਰਾਜ, ਇਹਦੇ ਵਿਚ ਇਸ਼ਟ ਦੀ ਗੱਲ ਹੈ ਸੀ। ਮੈਂ ਰਾਧਾ ਕ੍ਰਿਸ਼ਨ ਦਾ

ਵਿਆਹ ਕਰਾਂਗੀ।"

"ਪਰ ਰਾਧਾ ਤੇ ਚਿਰ ਕੁਮਾਰੀ ਸੁਹਾਗਣ ਏ ਰਾਮ ਭਗਤਣੀਏਂ!"

"ਤਾਂ ਮੈਂ ਇਹਦਾ ਵਿਆਹ ਇਸ ਵਾਰ ਕਰ ਦਿਆਂਗੀ। ਲੈ, ਇਹ ਵੀ ਬੜਾ ਚੰਗਾ ਹੋਇਆ ਕਿ ਤੁਸੀਂ ਆ ਗਏ।"

"ਹਾਂ, ਪਰ ਇਹ ਨ ਸਮਝੀਂ ਕਿ ਅਸੀਂ ਐਵੇਂ ਕੇਵੇਂ ਆ ਗਏ ਰਾਮ ਭਗਤਣੀਏਂ? ਸਾਡੇ ਰਾਮਜੀ ਦਾਸ ਵਿਚ ਤੇਰੇ ਕੋਲੋਂ ਬਹੁਤ ਕੁਝ ਮੰਗਣਗੇ! ਇਕ ਤੇ ਤੈਨੂੰ ਕੰਨਿਆ ਪਾਠਸ਼ਾਲਾ ਖੋਲ੍ਹਣੀ ਪਏਗੀ, ਤੇ ਦੂਸਰਾ ਸਾਡੇ ਪਾਗਲਖਾਨੇ ਵਿਚ ਪਾਗਲਾਂ ਲਈ ਕਮਰਾ ਬਣਾਉਣਾ ਪਏਗਾ!"

"ਚੰਗੀ ਗੱਲ ਏ, ਮੰਜੂਰ ਆ। ਦੇ ਦਿਆਂਗੀ।" ਆਖ ਕੇ ਤਾਈ ਨੇ ਬਾਬਾ ਜੀ ਦੇ ਚਰਨ ਛੋਹੇ — ਚੰਗਾ ਚੱਲਾਂ, ਮੇਰੇ ਗੋਕੁਲ ਦੁਆਰੇ ਜਾਣ ਦਾ ਵੇਲਾ ਹੋ ਗਿਆ ਏ — "ਫਿਰ ਕੰਨਿਆ ਵਲ ਮੁੜ ਕੇ; ਚੰਗਾ ਤੇ ਸੁਣ ਨੀ, ਲੜਕੇ ਦੇ ਛੇਵੇਂ ਨੂੰ ਆ ਜਾਈਂ। ਭੂਆ ਦਾ ਸਾਰਾ ਨੇਗਾ ਦੇਉਂ। ਤੁਸੀਂ ਵੀ ਆਇਓ ਮਹਾਰਾਜ, ਓਦਣ ਬ੍ਰਹਮਭੋਜ ਕਰਾਂਗੀ। ਕਿਸੇ ਦਾ ਹੋਏ ਮੋਇਆ, ਮੇਰੇ ਸਹੁਰਿਆਂ ਦੀ ਹਵੇਲੀ ਵਿਚ ਪਤਾ ਨਹੀਂ ਕਿੰਨੇ ਵਰ੍ਹਿਆਂ ਪਿਛੋਂ ਕਿਸੇ ਬੱਚੇ ਦੀ ਨਾਲ ਗੱਡੀ ਗਈ ਏ।"

ਤਾਈ ਤਿੱਖੀ ਤੇਰੇ ਦਲਾਲ 'ਚੋਂ ਲੰਘਦੀ ਆਪਣੇ ਨਿਵਾਸ ਵਲ ਚਲੀ ਗਈ। ਤਾਈ ਦੇ ਜਾਣ ਪਿਛੋਂ ਬਾਬਾ ਰਾਮ ਜੀ ਨੇ ਸੱਜਨ, ਕੰਨਿਆ ਅਤੇ ਆਪਣੇ ਰੋਗੀ ਪਾਗਲ ਵਲ ਵੇਖਿਆ। ਉਹ ਪੱਥਰ ਬਣਿਆ ਹੋਇਆ ਹੱਥ ਵਿਚ ਤੂੰਮੜੀ ਅਤੇ ਦੂਸਰੇ ਹੱਥ ਵਿਚ ਮੋਟਾ ਸੋਟਾ ਲਈ ਬੈਠਾ ਲਾਲਾ ਸੁੱਟ ਰਿਹਾ ਸੀ। ਬਾਬਾ ਜੀ ਝੱਟ ਰੋਗੀ ਵਲ ਵਧੇ — "ਕਿਉਂ ਰਾਮ ਭਗਤ?" ਪਾਗਲ ਨੇ ਆਪਣੀ ਫਿੱਕੀ ਸਰਲ ਮੁਸਕ੍ਰਾਹਟ ਨਾਲ ਲਾਲਾਂ ਕੇਰਦਿਆਂ ਹੋਇਆ ਹੌਲੀ-ਜਿਹੀ ਕਿਹਾ — "ਹਾਂ, ਬਾਬਾ ਜੀ!"

ਕੰਨਿਆ ਵਲ ਵੇਖ ਕੇ ਬਾਬਾ ਨੇ ਕਿਹਾ — "ਬੇਟੀ, ਥੋੜਾ ਜਿਹਾ ਜਲ ਲੈ ਆਓ!" ਕੰਨਿਆ ਕਮਰੇ ਵਿਚ ਨਜ਼ਰ ਮਾਰਨ ਲੱਗੀ। ਸੱਜਨ ਵੀ ਹਿੱਲਿਆ ਪਰ ਹਿੱਲ ਕੇ ਰਹਿ ਗਿਆ। ਕਮਰੇ ਦੇ ਦੂਜੇ ਸਿਰੇ ਤੇ ਕੰਨਿਆ ਨੂੰ ਘੜਵੰਜੀ ਤੇ ਰੱਖਿਆ ਹੋਇਆ ਘੜਾ ਦਿਸਿਆ। ਉਹ ਓਧਰ ਗਈ। ਬਾਬਾ ਜੀ ਨੇ ਸੱਜਨ ਨੂੰ ਕਿਹਾ — "ਰਾਮ ਜੀ, ਅਸਾਂ ਤੇ ਸਮਝਿਆ ਸੀ ਤੁਸੀਂ ਰਾਮ ਜੀ ਓ! ਹਾ-ਹ-ਤੁਸੀਂ ਸੱਜਨ ਓ।"

ਸੱਜਨ ਉੱਤੇ ਘੜਿਆਂ ਦੇ ਘੜੇ ਠੰਡਾ ਪਾਣੀ ਪੈ ਗਿਆ ਸੀ।

31

ਰਾਤ ਸਾਢੇ ਅੱਠ ਵਜੇ ਦੁਕਾਨ ਤੋਂ ਘਰ ਜਾਣ ਤੋਂ ਪਹਿਲਾਂ ਕਰਨਲ ਕੰਨਿਆ ਨੂੰ ਮਿਲਣ ਗਿਆ। ਕਮਰੇ ਦੇ ਦਰਵਾਜ਼ੇ ਬੰਦ ਸਨ, ਚਾਨਣ ਬੂਹੇ ਦੀਆਂ ਝੀਤਾਂ ਵਿਚੋਂ ਦੀ ਬਾਹਰ ਆ ਰਿਹਾ ਸੀ। ਕਰਨਲ ਦੇ ਦਰਵਾਜ਼ੇ ਤੇ ਦਸਤਕ ਦਿਤੀ।

"ਕੌਣ ?" ਕੰਨਿਆ ਦੀ ਆਵਾਜ਼ ਨਾਲੋਂ ਉਹਦੇ ਅੱਥਰੂ ਹੀ ਉੱਭਰ ਕੇ ਸਾਹਮਣੇ ਆਏ। ਕਰਨਲ ਦੇ ਸਾਹਮਣੇ ਸਾਰੀ ਹਾਲਤ ਆ ਗਈ। ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਗੰਭੀਰ ਹੋ ਗਿਆ। ਜਵਾਬ ਵਿਚ ਉਹਨੇ ਕਿਹਾ — "ਬਿੰਨੋ !"

ਅੰਦਰ ਕੁਰਸੀ ਖਿਸਕੀ, ਇਕ ਪਲ ਚੁੱਪ ਹੋਈ, ਪੈਰਾਂ ਦਾ ਖੜਾਕ ਕੋਲ ਆਇਆ, ਕੁੰਡੀ ਖੁਲ੍ਹੀ। ਕੰਨਿਆ ਦਾ ਚਿਹਰਾ, ਚਾਨਣ ਪਿਛਾਂਹ ਹੋਣ ਕਾਰਨ ਧੁੰਦਲਾ ਜਿਹਾ ਦਿਸਿਆ। ਕੰਨਿਆ ਦਾ ਧੁੰਦਲਾ, ਅੰਦਰਲਾ ਹੀ ਏਸ ਵੇਲੇ ਉਹਦੇ ਚਿਹਰੇ ਦੀ ਆਭਾ ਬਣ ਕੇ ਪ੍ਰਗਟ ਹੋ ਰਿਹਾ ਸੀ। ਕੁੰਡੀ ਖੋਲ੍ਹ ਕੇ ਕੰਨਿਆ ਪਰਤ ਕੇ ਕੁਰਸੀ ਦੇ ਕੋਲ ਖੜੀ ਹੋ ਗਈ। ਸਾਹਮਣੀ ਕੁਰਸੀ ਤੇ ਕਰਨਲ ਬੈਠ ਗਿਆ। ਕਰਨਾਲ ਦੀਆਂ ਨਜ਼ਰਾਂ ਨੀਵੀਆਂ ਸਨ, ਚਿਹਰਾ ਵਿਚਾਰਾਂ ਵਿਚ ਮਗਨ, ਕੰਨਿਆ ਸਾਹਮਣੀ ਕੁਰਸੀ ਕੋਲ ਚੁੱਪ ਚਾਪ ਖਲੋਤੀ ਸੀ।

ਕਰਨਲ ਨੇ ਚੁੱਪ ਤੋੜੀ – "ਬੈਠ ਬਿੰਨੋ !"

ਕੰਨਿਆ ਬੈਠ ਗਈ।

ਕਰਨਲ ਨੇ ਪੁੱਛਿਆ — "ਸੱਜਨ ਨਾਲ ਮੇਲ ਹੋਇਆ ਸੀ ?"

"ਹਾਂ !"

"ਤਾਈ ਦੀ ਹਵੇਲੀ ਵਿਚ ਉਹਦਾ ਸਾਮਾਨ ਆ ਗਿਆ ਸੀ —"

"ਆ ਗਿਆ।"

ਫਿਰ ਚੁੱਪ।

ਕਰਨਲ ਨੇ ਗੱਲਬਾਤ ਦੀ ਭੂਮਿਕਾ ਪਿਛੋਂ ਅਸਲੀ ਗੱਲ ਪੁੱਛੀ–"ਬਹੁਤ ਨਰਾਜ਼ ਹੋਏਗਾ ?"

ਕੰਨਿਆ ਚੁੱਪ ਰਹੀ, ਅੱਥਰੂਆਂ ਤੇ ਕਾਬੂ ਪਾਈ ਸਿਰ ਝੁਕਾਈ ਬੈਠੀ ਰਹੀ।

ਕਰਨਲ ਨੇ ਆਪਣੇ ਮਿੱਤਰ ਵਲੋਂ ਜਿਵੇਂ ਸਫ਼ਾਈ ਦੇਂਦਿਆਂ ਹੋਇਆਂ ਕਿਹਾ — "ਅਸਲ ਵਿਚ ਰਾਜਾ ਸਾਹਿਬ ਨੇ ਕਿਹਾ ਸੀ, ਇਸ ਲਈ ਉਹਨੂੰ ਬੁਰਾ ਲੱਗਾ — ਪਰ ਹਰ ਥਾਂ ਮੁਰੱਵਤ ਨਹੀਂ ਚਲਦੀ, ਇਨਸਾਨ ਵਾਸਤੇ ਗੱਲ ਦੀ ਵੀ ਕੋਈ ਕੀਮਤ ਹੁੰਦੀ ਹੈ — ਖ਼ੈਰ ਜੀ, ਤੂੰ ਫਿਕਰ ਨਾ ਕਰ ਬਿੰਨੋ। ਦੋ ਦਿਨਾਂ ਪਿਛੋਂ ਮੂਡ ਠੰਡਾ ਹੋ ਜਾਣ

ਪਿਛੋਂ ਆਪੇ ਹੀ ਕਹੇਗਾ ਕਿ ਕਰਨਲ ਇਹ ਤੂੰ ਚੰਗਾ ਕੰਮ ਕੀਤਾ। ਮੈਂ ਉਹਨੂੰ ਜਾਣਦਾ ਹਾਂ ਨਾ!" ਕਰਨਲ ਨੇ ਹੱਸ ਕੇ ਗੱਲ ਦੀ ਗੰਭੀਰਤਾ ਨੂੰ ਘੱਟ ਤੋਂ ਘਟ ਕਰਨ ਦਾ ਜਤਨ ਕੀਤਾ, ਫਿਰ ਵੀ ਵਾਤਾਵਰਣ ਭਾਰਾ ਹੀ ਰਿਹਾ।

ਇਹਦੇ ਪਿਛੋਂ ਫਿਰ ਕਮਰੇ ਵਿਚ ਚੁੱਪ ਪੱਸਰੀ, ਪਹਿਲਾਂ ਨਾਲੋਂ ਲੰਮੀ ਚੁੱਪ ਕਰਨਲ ਨੇ ਕਮਰੇ ਵਿਚ ਇਕ ਨਜ਼ਰ ਸੁੱਟ ਕੇ ਫਿਰ ਕਿਹਾ — "ਅਜ ਤੂੰ ਖਾਣਾ ਨਹੀਂ ਬਣਾਇਆ, ਬਿੰਨੋ ?"

ਕੰਨਿਆ ਚੁੱਪ ਰਹੀ।

"ਤੇਰੀ ਤਬੀਅਤ ਠੀਕ ਨਾ ਹੋਏ ਤਾਂ ਹੁਣੇ ਬਣਵਾ ਕੇ ਭੇਜ ਦੇਂਦਾ ਹਾਂ।"

"ਨਹੀਂ, ਭਾਈ ਸਾਹਿਬ !"

"ਚਿੰਤਾ ਨਾ ਕਰ ਬਿੰਨੋ, ਮੈਂ ਤੈਨੂੰ ਯਕੀਨ ਦਿਵਾਉਂਦਾ ਹਾਂ ਸਭ ਠੀਕ ਠਾਕ ਏ — ਤੇ ਇਹ ਖੱਟੇ ਮਿੱਠੇ ਤਜਰਬੇ ਤਾਂ ਭੈਣ ਮੇਰੀਏ, ਹੁੰਦੇ ਈ ਰਹਿੰਦੇ ਨੇ।" ਗੱਲ ਫਿਰ ਚੁੱਪ ਤੇ ਆ ਕੇ ਰੁਕੀ। ਕਰਨਲ ਨੇ ਫਿਰ ਗੱਲ ਤੋਰਦਿਆਂ ਕਿਹਾ —

"ਇਕ ਗੱਲ ਪੁੱਛਾਂ ?"

"ਜੀ।"

"ਤੁਹਾਡਾ ਆਪਸ ਵਿਚ ਕੁਝ ਪੱਕ ਪੱਕਾ ਹੋ ਗਿਆ ਏ ?"

"............"

"ਵੇਖ ਬਿੰਨੋ, ਦੁਨੀਆ ਬੜੀ ਕਠਨ ਹੈ ਅਤੇ ਸਾਫ ਸਾਫ ਕਹਿੰਦਾ ਹਾਂ, ਔਰਤ ਦਾ ਮੁਆਮਲਾ ਬਹੁਤ ਹੀ ਨਾਜ਼ਕ ਹੋ ਜਾਂਦਾ ਹੈ। ਤੂੰ ਭਾਵੇਂ ਕਿੰਨੀ ਵੀ ਆਜ਼ਾਦ ਹੋਵੇ, ਪਰ ......ਤੂੰ ਸੱਜਨ ਨਾਲ ਸ਼ਾਦੀ ਕਰਨੀ ਚਾਹੁੰਦੀ ਏਂ ? ਮੈਨੂੰ ਸਾਫ ਸਾਫ ਕਹਿ ਦੇ।"

ਕੰਨਿਆ ਸਿਰ ਨਿਵਾਈ ਸੱਜੇ ਪੈਰ ਦੇ ਅੰਗੂਠੇ ਨੂੰ ਫਰਸ਼ ਤੇ ਫੇਰਦੀ ਰਹੀ। ਕਰਨਲ ਨੇ ਫਿਰ ਪੁੱਛਿਆ —"ਤੁਹਾਡੀ ਕੋਈ ਆਪਸ ਵਿਚ ਗੱਲਬਾਤ ਹੋਈ ਏ ? ਬੋਲ ?"

"ਹਾਂ।"

"ਸ਼ਾਦੀ ਦੀ ਗੱਲ ਹੋਈ ਏ ?"

"ਹਾਂ।"

"ਕਦ, ਅਜੇ ਹੁਣੇ ਈ ?"

ਕੰਨਿਆ ਨੇ ਧੌਣ ਹਿਲਾ ਕੇ ਹਾਮੀ ਭਰੀ।

"ਤੈਨੂੰ ਕੀ ਕਿਹਾ ਸੀ ਉਹਨੇ ? ਏਸ ਵੇਲੇ ਮੈਥੋਂ ਬਿਲਕੁਲ ਨਾ ਝਿਜਕੀਂ। ਦੱਸਿਆ ਸੀ ਸ਼ਾਦੀ ਕਦ ਹੋਏਗੀ ?"

"ਮਥੁਰਾ ਵਿਚ ਇਹ ਪੱਕੀ ਹੋਈ ਸੀ ਕਿ ਏਥੇ ਆਉਣ ਤੇ ਛੇਤੀ ਹੀ ਪ੍ਰਬੰਧਕੀਤਾਜਾਏਗਾ"

"ਤਾਂ ਫਿਰ ਕਰਾਂ ਪ੍ਰਬੰਧ ? ਗੱਲ ਇਹ ਆ ਬਿੰਨੋ ਹੁਣ ਮੈਂ ਇਸ ਗੱਲ ਨੂੰ ਹੋਰ ਦੂਰ

ਨਹੀਂ ਖੜਨਾ ਚਾਹੁੰਦਾ। ਸੱਜਨ ਇਕ ਵਾਰ ਅਕੜ ਵਿਚ ਆ ਜਾਏਗਾ ਤਾਂ ਫਿਰ ਸਭ ਕੁਝ ਠੀਕ ਹੋ ਜਾਏਗਾ।''

''ਮੈਂ ਕਿਸੇ ਤੇ ਭਾਰ ਨਹੀਂ ਬਣਨਾ ਚਾਹੁੰਦੀ ਭਾਈ ਸਾਹਿਬ!''

''ਇਹਦੇ ਵਿਚ ਭਾਰ ਬਣਨ ਦਾ ਸਵਾਲ ਹੀ ਨਹੀਂ!ਇਨਾ ਤਾਂ ਸ਼ਾਇਦ ਤੈਨੂੰ ਵੀ ਅਦਾਜ਼ਾ ਹੋ ਗਿਆ ਹੋਏਗਾ ਕਿ ਸੱਜਨ ਦੁੱਧ 'ਚ ਨਹਾਤਾ ਨਾ ਹੋਣ ਤੇ ਵੀ ਮਾੜਾ ਆਦਮੀ ਨਹੀਂ।''

ਕਰਨਲ ਚਲਾ ਗਿਆ। ਉਹਦੇ ਜਾਣ ਪਿਛੋਂ ਕੰਨਿਆ ਨੇ ਬੂਹੇ ਦੀ ਕੁੰਡੀ ਲਾਈ ਅਤੇ ਨਿਢਾਲ ਹੋ ਕੇ ਪਲੰਘ ਤੇ ਪੈ ਗਈ। ਇਸ ਵੇਲੇ ਠੱਗੀ ਜਿਹੀ ਅਨੁਭਵ ਕਰ ਰਹੀ ਸੀ, ਥਕਾਵਟ ਅਨੁਭਵ ਕਰ ਰਹੀ ਸੀ, ਹਾਰ ਅਨੁਭਵ ਕਰ ਰਹੀ ਸੀ। ਦੂਸਰੇ ਦਿਨ ਤੜਕੇ ਹੀ ਕਰਨਲ ਸੱਜਨ ਦੇ ਘਰ ਪਹੁੰਚ ਗਿਆ। ਕਮਰੇ ਵਿਚ ਚਿਤਰਾ ਨੂੰ ਵੇਖ ਕੇ ਉਹਦੇ ਮਨ ਨੂੰ ਧੱਕਾ ਲੱਗਾ, ਪਰ ਗੰਭੀਰ ਰਿਹਾ। ਸੱਜਨ ਵੀ ਰੰਗੇ ਹੱਥੀਂ ਫੜੇ ਜਾਣ ਵਾਲੇ ਚੋਰ ਵਾਂਗ ਸੀ। ਉਹ ਡਰਾਇੰਗ ਰੂਮ ਵਿਚ ਚਲੇ ਗਏ। ਦੋਵੇਂ ਚੁੱਪ ਬੈਠੇ ਰਹੇ। ਥੋੜੀ ਦੇਰ ਵਿਚ ਚਾਹ ਆਈ। ਕਰਨਲ ਹੁਣ ਬੋਲਿਆ—''ਸੁਣ, ਬੇਵਕੂਫੀਆਂ ਕਰਨ ਦੀ ਵੀ ਇਕ ਉਮਰ ਹੁੰਦੀ ਏ! ਮੈਂ ਤੇਰਾ ਇਹ ਆਰਟਿਸਟ ਪੁਣਾ ਹੁਣ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ।''

ਸੱਜਨ ਨੂੰ ਤਾਅ ਚੜ੍ਹਨ ਲੱਗਾ। ਉਹਨੂੰ ਡਾਂਟ ਪਾਣੀ ਬਿਲਕੁਲ ਚੰਗੀ ਨਹੀਂ ਲਗ ਰਹੀ ਸੀ, ਬੋਲਿਆ—''ਮੈਂ ਬੱਚਾ ਨਹੀਂ ਰਿਹਾ—''

''ਤੂੰ ਬੱਚੇ ਤੋਂ ਵੀ ਗਿਆ ਗੁਜ਼ਰਿਆ ਏਂ—ਤੂੰ ਜਾਨਵਰ ਏਂ ਜਾਨਵਰ! ਵਡਾ ਆਰਟਿਸਟ ਬਣਦਾ ਏਂ—ਇੰਟੇਲੈਕਚੁਅਲ ਬਣਦਾ ਏਂ?''

''ਕਰਨਲ ਮੈਂ ਏਸ ਵੇਲੇ ਬੜੇ ਸੀਰੀਅਸ ਮੂਡ ਵਿਚ ਹਾਂ।''

''ਮੈਂ ਵੀ ਸੱਜਨ ਬੜੇ ਸੀਰੀਅਸ ਮੂਡ ਵਿਚ ਆਂ। ਤੂੰ ਇਕ ਪਾਸੇ ਤਾਂ ਅਖਬਾਰਾਂ ਵਿਚ ਮਹਾਨ ਬਣਦਾ ਏਂ ਤੇ ਦੂਜੇ ਪਾਸੇ ਤੈਨੂੰ ਆਪਣੇ ਉੱਤੇ ਜ਼ਰਾ ਵੀ ਕਾਬੂ ਨਹੀਂ?''

ਸੱਜਨ ਚੁੱਪ ਰਿਹਾ। ਉਹਦੀਆਂ ਤਿਊੜੀਆਂ ਵਿਚ ਵਲ ਪਏ ਰਹੇ। ਸੁਕਰੂ ਇਕ ਪਲੇਟ ਵਿਚ ਦੋਧੀ ਲਿਆ ਕੇ ਮੇਜ਼ ਉੱਤੇ ਰਖਣ ਲੱਗਾ। ਕਰਨਲ ਝਿੜਕ ਕੇ ਬੋਲਿਆ—''ਲੈ ਜਾ, ਮੈਨੂੰ ਇਸ ਵੇਲੇ ਕੁਝ ਨਹੀਂ ਚਾਹੀਦਾ!'' ਸੁਕਰ ਝੱਟ ਪਲੇਟ ਚੁੱਕ ਕੇ ਚਲਾ ਗਿਆ। ਕਰਨਲ ਬੋਲਿਆ—''ਇਕ ਪਾਸੇ ਕਿਸੇ ਸ਼ਰੀਫ ਲੜਕੀ ਨਾਲ ਪ੍ਰੇਮ ਦਾ ਢੋਂਗ ਕਰਦਾ ਏਂ, ਵਿਆਹ ਕਰਨ ਦਾ ਵਾਇਦਾ ਕਰਦਾ ਏਂ, ਇਸਤਰੀ ਅਧਿਕਾਰਾਂ ਲਈ ਮੇਰੇ ਕੋਲ ਸਿਫਾਰਸ਼ ਕਰਨ ਲਈ ਆਉਂਦਾ ਏਂ ਤੇ ਦੂਜੇ ਪਾਸੇ ਘਰ ਵਿਚ ਸਾਲੀ—ਸਾਲੀ ਰੰਡੀ ਨੂੰ ਲੁਕਾ ਰੱਖਿਆ ਈ!''

ਸੱਜਨ ਨੇ ਇਕ ਵਾਰ ਨਜ਼ਰ ਉਠਾ ਕੇ ਕਰਨਲ ਨੂੰ ਵੇਖਿਆ, ਦੋਵਾਂ ਦੀਆਂ ਨਜ਼ਰਾਂ ਮਿਲੀਆਂ। ਸੱਜਨ ਦੀਆਂ ਨਜ਼ਰਾਂ ਨਿਵਣ ਨਿਵਣ ਕਰਦੀਆਂ ਸਨ, ਪਰ ਉਸ ਹੱਠ

ਨਾਲ ਉਹਨਾਂ ਨੂੰ ਟਿਕਾਈ ਰੱਖਿਆ। ਕਰਨਲ ਬੋਲਿਆ — "ਅਜੇ ਕਿਤੇ ਬਿੰਨੋ ਦੀ ਨਜ਼ਰ ਉਹਦੇ ਤੇ ਪੈ ਜਾਂਦੀ ਤਾਂ ਓਸ ਵਿਚਾਰੀ ਦਾ ਕੀ ਹਾਲ ਹੁੰਦਾ ?"

"ਮੈਂ ਦੁਨੀਆਂ ਤੋਂ ਲੁਕਾ ਕੇ ਕੋਈ ਕੰਮ ਨਹੀਂ ਕਰਦਾ।"

"ਬੜਾ ਸੱਚਾ-ਸੁੱਚਾ ਬਣਦਾ ਏਂ ! ਸੱਚਾ ਸੁੱਚਾ ਹੋਣ ਦਾ ਜਾਣਦਾ ਏਂ ਕੀ ਮਤਲਬ ਹੁੰਦਾ ਏ ? ਜਾਣੇਂ ਕਿਵੇਂ ? ਦੁਨੀਆ ਸਾਹਮਣੇ ਮਹਾਨਤਾ ਦਾ ਨਾਟਕ ਕਰੇਂਗਾ ਤੇ ਘਰ ਵਿਚ –"

"ਕਰਨਲ, ਮੈਂ ਚਿਤਰਾ ਨਾਲ ਸ਼ਾਦੀ ਕਰਾਂਗਾ !"

ਕਰਨਲ ਜਿਵੇਂ ਪਹਾੜ ਦੀ ਟੀਸੀ ਤੋਂ ਡਿਗ ਪਿਆ। ਇਕ ਸੈਕੰਡ ਤਕ ਉਹਨੂੰ ਵੇਖਦੇ ਰਹਿਣ ਪਿਛੋਂ ਉਹਨੇ ਕਿਹਾ — 'ਤੂੰ ਬਿੰਨੋ ਨਾਲ ਵਾਇਦਾ ਕੀਤਾ ਏ !"

"ਮੈਂ ਆਪਣਾ ਵਿਚਾਰ ਬਦਲ ਲਿਆ ਏ।"

"ਕਿਉਂ ?"

"ਕਿਉਂ ਦਾ ਸਵਾਲ ਨਹੀਂ।"

"ਸਵਾਲ ਕਿੰਜ ਨਹੀਂ ? ਤੂੰ ਇਕ ਭਲੀ ਲੜਕੀ ਨੂੰ ਵਚਨ ਦੇ ਚੁਕਾ ਏਂ !"

"ਵਚਨ ਜ਼ਰੂਰ ਦਿਤਾ ਸੀ, ਪਰ ਮੈਂ ਉਹਦੇ ਨਾਲ ਕੋਈ ਬੁਰਾਈ ਨਹੀਂ ਕੀਤੀ !"

"ਬੁ — ਰਾਈ ਨਹੀਂ ਕੀਤੀ। ਜਿਵੇਂ ਇਹ ਤੇਰੇ ਵੱਸ ਦੀ ਗੱਲ ਈ ਰਹੀ ਹੋਏ ! ਸਹੁਰੀਆਂ ਰੰਡੀਆਂ ਜਿਨ੍ਹਾਂ ਦੀ ਦੇਹ ਹੀ ਗੰਦਗੀ ਦਾ ਟੋਕਰਾ ਹੁੰਦੀਆਂ ਹੁੰਦੀਆਂ ਨੇ, ਹੁਣ ਤਕ ਤੇਰੀ ਜ਼ਿੰਦਗੀ ਵਿਚ ਆਉਂਦੀਆਂ ਰਹੀਆਂ ! ਇਕ ਚੰਗੀ ਲੜਕੀ ਨਾਲ ਉਹਦੀ ਮਰਜ਼ੀ ਦੇ ਖਿਲਾਫ਼ ਤੂੰ ਬੁਰਾਈ ਕਰ ਵੀ ਕਿੰਜ ਸਕਦਾ ਸੈਂ ? ਕੰਨ ਖੋਲ੍ਹ ਕੇ ਸੁਣ ਸੱਜਨ, ਬਿੰਨੋ ਦੇ ਨਾਲ ਤੇਰਾ ਇਕ ਰਿਸ਼ਤਾ ਨਹੀਂ ਟੁੱਟੇਗਾ, ਦੋ ਟੁੱਟਣਗੇ ! ਤੂੰ ਦਿਤਾ ਹੋਇਆ ਵਚਨ ਵਾਪਸ ਲੈ ਸਕਦਾ ਏਂ, ਪਰ ਮੈਂ ਸਰੀਫ਼ ਹਾਂ, ਜੀਹਦੇ ਨਾਲ ਇਕ ਵਾਰ ਰਿਸ਼ਤਾ ਬੰਨ੍ਹ ਲਿਆ ਫਿਰ ਕਦੇ ਬੇਮੁੱਖ ਨਹੀਂ ਹੋ ਸਕਦਾ ! ਮੈਂ ਤੇਰਾ ਮੂੰਹ ਨਹੀਂ ਵੇਖਾਂਗਾ ਫਿਰ !" ਆਖ ਕੇ ਕਰਨਲ ਕੁਰਸੀ ਤੋਂ ਉੱਠ ਪਿਆ — "ਸੁਕਰੂ ! — ਕੀ ਨਾਂ ਏ, ਸੱਜਨ ਜ਼ਰਾ ਘੰਟੀ ਵਜਾ !"

ਘੰਟੀ ਦੇ ਨਾਲ ਹੀ ਬੂਹੇ 'ਚੋਂ ਦੋ ਨੌਕਰ ਦੌੜਦੇ ਹੋਏ ਆਏ। ਕਰਨਲ ਬੋਲਿਆ — "ਸੁਕਰੂ, ਟੈਲੀਫ਼ੋਨ ਏਥੇ ਲੈ ਆ ਤੇ ਉਹ ਸੋਹਣ-ਹਲਵਾ ਵੀ ਲੈ ਆ ਤੇ ਚਾਰ ਟੋਸਟ ਵੀ ਸੇਕ ਕੇ।"

ਹੁਕਮ ਦੇ ਕੇ ਕਰਨਲ ਬੈਠ ਗਿਆ। ਨੌਕਰ ਚਲੇ ਗਏ ਤਕ ਕਰਨਲ ਬੋਲਿਆ — "ਮੈਂ ਅਜ ਉਹਨੂੰ ਘਰ 'ਚੋਂ ਬਾਹਰ ਕੱਢ ਕੇ ਈ ਜਾਵਾਂਗਾ !"

"ਕਰਨਲ ਇਹ ਮੇਰਾ ਨਿੱਜੀ ਮੁਆਮਲਾ ਏ।"

"ਸੱਜਨ, ਇਹ ਮੇਰਾ ਵੀ ਨਿੱਜੀ ਮੁਆਮਲਾ ਏ !"

"ਤੂੰ ਮੈਨੂੰ ਸੋਚਣ ਦੀ ਮੁਹਲਤ ਦੇ।"

"ਮੇਰੇ ਕੋਲ ਹੁਣ ਟਾਈਮ ਨਹੀਂ।"

"ਓਸ ਦਿਨ ਤੂੰ ਰਾਜਾਸਾਹਿਬ ਦੇ ਘਰ ਜਾਨਕੀਸ਼ਰਣ ਤੇ ਸਾਲਗਰਾਮ ਦੇ ਸਾਹਮਣੇ–"

"ਮੈਂ ਇਹ ਵਚਨ ਤਾਂ ਨਹੀਂ ਦਿਤਾ ਸੀ ਕਿ ਬਿੰਨੋ ਨੂੰ ਜ਼ਬਰਦਸਤੀ ਰਾਜ਼ੀ ਕਰ ਲਵਾਂਗਾ। ਉਸ ਵੇਲੇ ਰਾਜਾ ਸਾਹਿਬ ਦਾ ਲਿਹਾਜ਼ ਸੀ।"

"ਤਾਂ ਰਾਜਾ ਸਾਹਿਬ ਦਾ ਲਿਹਾਜ਼ ਭਲਾ ਹੁਣ ਨਹੀਂ? ਮੇਰੇ ਲਈ ਰਾਜਾ ਸਾਹਿਬ ਕੰਨਿਆ ਨਾਲੋਂ ਕਿਤੇ ਜ਼ਿਆਦਾ ਇਮਪਾਰਟੈਂਟ ਨੇ। ਲੈ ਚਾਹ ਪੀ। ਠੰਡੀ ਹੋ ਗਈ ਏ ਠਹਿਰ ਹੋਰ ਮੰਗਾਉਂਦਾ ਆਂ।" ਮੇਜ਼ ਦੇ ਹੇਠਾਂ ਲੱਗੀ ਹੋਈ ਘੰਟੀ ਦਾ ਸਵਿੱਚ ਨੱਪਿਆ।

ਕਰਨਲ ਬੋਲਿਆ — "ਰਾਜਾ ਸਾਹਿਬ ਨੂੰ ਪਤਾ ਏ ਕਿ ਉਹ ਲੜਕੀ ਕੇਹੋ ਜਹੀ ਏ? ਫਿਰ ਕੀ ਉਹ ਨਿਆਂ ਵਾਲੇ ਪੱਖ ਤੇ ਨੇ? ਸਾਲਗਰਾਮ ਰਾਜਾ ਸਾਹਿਬ ਦੀ ਆੜ ਲੈ ਕੇ ਮੇਰੇ ਉੱਤੇ ਵਾਰ ਕਰ ਜਾਏ ਮੈਂ ਬਰਦਾਸ਼ਤ ਨਹੀਂ ਕਰਾਂਗਾ। ਬਿੰਨੋ ਨਾਲ ਤੇਰਾ ਵਿਆਹ ਹੋਏਗਾ ਤੇ ਜਲਦੀ ਹੀ, ਸਮਝਿਆ ਏਂ?"

ਨੌਕਰ ਆਇਆ, ਚਾਹ ਲਿਆਉਣ ਦਾ ਹੁਕਮ ਹੋਇਆ। ਨੌਕਰ ਕੇਤਲੀ ਚੁੱਕ ਕੇ ਲੈ ਗਿਆ। ਦੂਸਰਾ ਨੌਕਰ ਆਇਆ, ਪਲੇਟ ਵਿਚ ਦੋਧੀ ਸੋਹਣ-ਹਲਵਾ ਰਖਿਆ ਗਿਆ। ਸੱਜਨ ਨੂੰ ਜਵਾਬ ਸੋਚਣ ਲਈ ਏਨਾ ਸਮਾਂ ਮਿਲਿਆ, ਬੋਲਿਆ, ਸ਼ਾਦੀ ਜ਼ਿੰਦਗੀ ਭਰ ਦਾ ਸਵਾਲ ਏ!"

"ਤਾਂ ਤੈਨੂੰ ਪਹਿਲਾਂ ਹੀ ਸੋਚ ਸਮਝ ਕੇ ਰਿਸ਼ਤਾ ਵਧਾਉਣਾ ਚਾਹੀਦਾ ਸੀ। ਤੇ ਸੱਜਨ ਮੈਂ ਵੀ ਦੁਨੀਆਂ ਵੇਖੀ ਏ, ਚੰਗੀਆਂ ਮਾੜੀਆਂ ਨਜ਼ਰਾਂ ਪਛਾਣਦਾਂ। ਤੇਰੇ ਨਾਲ ਦਸ ਬਾਰਾਂ ਵਰ੍ਹਿਆਂ 'ਚ ਮੈਂ ਜਿੰਨੀਆਂ ਤਿਤਲੀਆਂ ਵੇਖੀਆਂ ਨੇ ਉਹਨਾਂ ਵਿਚੋਂ ਕੋਈ ਵੀ ਨਗੀਨ ਚੰਦ ਕਰਨਲ ਦੇ ਮਨ ਵਿਚ ਇਹ ਭਾਵ ਨਹੀਂ ਉਪਜਿਆ ਜਨਾਬ ਕਿ ਉਹ ਕਿਸੇ ਨੂੰ ਆਪਣੀ ਭੈਣ ਕਹਿੰਦਾ। ਇਸ ਲੜਕੀ ਨੂੰ ਮੈਂ ਪਹਿਲੀ ਨਜ਼ਰੇ ਪਛਾਣ ਗਿਆ ਸਾਂ ਤੇ ਹੁਣ ਤਾਂ ਖ਼ੈਰ ਉਹ ਹਰ ਵੇਲੇ ਮੇਰੀ ਨਜ਼ਰ ਸਾਹਮਣੇ ਰਹਿੰਦੀ ਏ।"

ਟੋਸਟ ਸਿਕ ਕੇ ਆ ਗਏ। ਚਾਹ ਦੀ ਕੇਤਲੀ ਆ ਗਈ।

ਸੱਜਨ ਨੇ ਇਕ ਟੋਸਟ ਚੁਕ ਲਿਆ ਅਤੇ ਸੁੱਕਰੂ ਨੂੰ ਚਾਹ ਬਣਾਉਣ ਲਈ ਕਿਹਾ। ਉਹ ਕਰਨਲ ਦੀਆਂ ਗੱਲਾਂ ਸੁਣਨ ਲਈ ਆੜ ਚਾਹੁੰਦਾ ਸੀ। ਸੱਚ ਤਾਂ ਇਹ ਹੈ ਕਿ ਉਹ ਆਪ ਆਪਣੇ ਕੋਲੋਂ ਬਚਣ ਲਈ ਹੀ ਇਕ ਆੜ ਚਾਹੁੰਦਾ ਸੀ। ਉਹ ਵਿਚਾਰਾ ਤੋਂ ਬਚਣਾ ਚਾਹੁੰਦਾ ਸੀ, ਉਹਨੂੰ ਆਪਣੇ ਆਪ ਦੀ ਸਮਝ ਨਹੀਂ ਸੀ ਆ ਰਹੀ। ਬਾਬਾ ਰਾਮ ਜੀ, ਕਰਨਲ ਅਤੇ ਉਹ ਆਪ ਅਤੇ ਕੰਨਿਆ ਦੀ ਨਿਰਮਲ ਸ਼ਖ਼ਸੀਅਤ ਵੀ ਉਹਦੇ ਇਸ ਬਿਨਾਂ ਕਾਰਨ ਦੀ ਜ਼ਿੱਦ ਦੇ ਵਿਰੁੱਧ ਸੀ। ਰਾਜਾ ਸਾਹਿਬ ਦੀ ਮਹਿਫ਼ਲ ਵਿਚ ਚਿਤਰਾ ਦਾ ਮਿਲਣਾ, ਅਚਾਨਕ ਉਹਦੀ ਓਸ ਸੁੱਤੀ ਵਾਸ਼ਨਾ ਨੂੰ ਜਗਾ ਗਿਆ

ਜੋ ਮਥਰਾ-ਬ੍ਰਜ ਵਿਚ ਚਾਰ ਦਿਨਾਂ ਤਕ ਲਗਾਤਾਰ ਕੰਨਿਆ ਨਾਲ ਰਹਿੰਦਿਆਂ ਹੋਇਆਂ ਉਹਨੂੰ ਵਾਰ ਵਾਰ ਤੜਫਾਉਂਦੀ ਰਹੀ ਸੀ। ਕੰਨਿਆ ਦੇ ਖ਼ਿਲਾਫ਼ ਉਹਦੇ ਮਨ ਵਿਚ ਜੇਕਰ ਕੋਈ ਗੱਲ ਸੀ ਤਾਂ ਉਹ ਇਹੋ ਕਿ ਉਹ ਉਹਦੀ ਮਰਜ਼ੀ ਦੇ ਸਾਹਮਣੇ ਝੁਕੀ ਨਹੀਂ।

ਚਾਹ ਦੀਆਂ ਦੋਵੇਂ ਪਿਆਲੀਆਂ ਦੋਵਾਂ ਸਾਹਬਾਂ ਦੇ ਅਗੇ ਰਖ ਕੇ ਸੁੱਕਰੂ ਹੱਥ ਬੰਨ੍ਹੀ ਵੱਖਰਾ ਖਲੋ ਗਿਆ, ਕਰਨਲ ਨੇ ਉਹਨੂੰ ਚਲੇ ਜਾਣ ਦਾ ਹੁਕਮ ਦਿਤਾ। ਸੁੱਕਰੂ ਦੇ ਚਲੇ ਜਾਣ ਪਿਛੋਂ ਕਰਨਲ ਨੇ ਕਿਹਾ — "ਬੋਲ, ਤੂੰ ਉਹਦੇ ਵਿਚ ਐਸਾ ਕਿਹੜਾ ਖੋਟ ਵੇਖਿਆ ਕਿ ਤੇਰਾ ਮਨ ਖੱਟਾ ਹੋ ਗਿਆ।"

'ਉਹ ਹਠੀ ਏ!"

"ਤੇ ਤੂੰ ਰੰਗੀਲਾ ਏਂ!"

ਸੱਜਨ ਚੁੱਪ ਰਿਹਾ। ਕਰਨਲ ਨੇ ਕਿਹਾ — "ਦੂਸਰੇ ਤੇ ਉਂਗਲ ਚੁਕਣ ਤੋਂ ਪਹਿਲਾਂ ਆਪਣੇ ਉਤੇ ਵੀ ਇਕ ਨਜ਼ਰ ਸੁਟ ਲਿਆ ਕਰ!"

ਚੁੱਪ ਪਸਰ ਗਈ। ਦੋਵੇਂ ਚਾਹ ਪੀਂਦੇ ਰਹੇ। ਨਾਸ਼ਤਾ ਮੁਕਾ, ਚਾਹ ਪੀਤੀ ਗਈ। ਨੌਕਰ ਆਇਆ, ਬਰਤਨ ਚੁਕ ਕੇ ਲੈ ਲਿਆ। ਘੜੀ ਤੇ ਸਾਢੇ ਸੱਤ ਵਜ ਗਏ। ਕਰਨਲ ਨੇ ਕਿਹਾ — "ਹੁਣ ਉਠ ਤੁਰ, ਕਪੜੇ ਬਦਲ ਲੈ, ਜਾਂ ਇੰਜ ਹੀ ਚਲੇਂਗਾ?"

"ਇੰਜ ਹੀ ਚਲਾਂਗਾ।" ਸੱਜਨ ਉਠ ਕੇ ਖਲੋ ਗਿਆ।

ਕਰਨਲ ਬੈਠਿਆਂ ਬੈਠਿਆਂ ਈ ਬੋਲਿਆ – "ਵੇਖ, ਹੁਣ ਇਹ ਗੱਲ ਤਾਂ ਸ਼ੋਅਰ ਆ ਕਿ ਇਹ ਲੋਕ ਸਾਨੂੰ ਬਦਨਾਮ ਕਰਨ ਲਈ ਕੋਈ ਨਾ ਕੋਈ ਤਿਕੜਮ ਤਾਂ ਕਰਨਗੇ ਈ। ਤੂੰ ਥਿੜਕੀ ਨਾ ਸੱਜਨ, ਕਹਿ ਦੇਂਦਾ ਆਂ। ਮੈਂ ਜਾਣ ਬੁਝ ਕੇ ਬਿੰਨੋ ਨੂੰ ਵੀ ਇੰਤਜ਼ਾਮ ਵਿਚ ਰਖਾਂਗਾ। ਮਰਦ ਵਾਂਗ ਕੰਮ ਲਈ, ਉਹਦੇ ਤੇ ਕੋਈ ਆਂਚ ਨਾ ਆਏ।"

"ਕਰਨਲ ਮੈਨੂੰ ਮੁਹਲਤ ਦੇ!"

"ਕਾਹਦੀ ਮੁਹਲਤ ਚਾਹੁੰਦਾ ਏਂ ਵੀਰ? ਇਹ ਤਾਂ ਉਖਲੀ ਵਿਚ ਸਿਰ ਨਾ ਦੇਂਦੋਂ ਤੇ ਹੁਣ ਜੇ ਮੁਹਲਿਆਂ ਦੀ ਸੱਟ ਤੋਂ ਡਰੇਂਗਾਂ ਤਾਂ — ਮੈਂ ਕਹਿੰਦਾ ਆਂ ਕਿ — ਕੀ ਕਹਾਂ! ਸੱਜਨ, ਮੂੰਹ ਵੇਖੀ ਨਹੀਂ ਕਹਿ ਰਿਹਾ, ਇਕ ਥਾਂ ਮਹੀਪਾਲ ਨਾਲੋਂ ਵੱਧ ਮੈਨੂੰ ਤੇਰੀ ਈਮਾਨਦਾਰੀ ਤੇ ਵਿਸ਼ਵਾਸ ਰਿਹਾ ਏ।"

ਸੱਜਨ ਸਿਰ ਨਿਵਾਈ ਚੁੱਪ ਚਾਪ ਖਲੋਤਾ ਰਿਹਾ।

ਕਰਨਲ ਨੇ ਉਠ ਕੇ ਘੰਟੀ ਦਾ ਸਵਿੱਚ ਦੱਬਿਆ; ਸੁੱਕਰੂ ਆਇਆ — ਸੁੱਕਰੂ, ਉਹ ਮੇਮ ਸਾਹਿਬ ਜਦ ਉਠਣ ਤਾਂ ਉਹਨਾਂ ਨੂੰ ਚਾਹ ਪਿਆ ਕੇ ਕਹਿ ਦਈਂ ਕਿ ਅੱਜ ਸਾਹਬ ਨਾਲ ਮੁਲਾਕਾਤ ਨਹੀਂ ਹੋ ਸਕਣੀ। ਖਾਣਾ ਸਾਹਿਬ ਮੇਰੇ ਨਾਲ ਹੀ ਖਾਣਗੇ। ਤੇ ਵੇਖੀਂ; ਉਹ ਔਰਤ ਘਰ ਦੀ ਕੋਈ ਚੀਜ਼ ਨਾ ਏਧਰ ਓਧਰ ਕਰੇ।"

"ਜ਼ੋਜ਼ਫ ਨੂੰ ਗੱਡੀ ਕੱਢਣ ਲਈ ਆਖ ਸੁੱਕਰੂ।" ਕਰਨਲ ਦਾ ਫ਼ਰਮਾਨ ਖ਼ਤਮ ਹੋ ਜਾਣ ਪਿਛੋਂ ਸੱਜਨ ਨੇ ਹੌਲੀ ਜਿਹੀ ਆਵਾਜ਼ ਵਿਚ ਹੁਕਮ ਦਿਤਾ। ਉਹਦਾ ਹੱਠ ਇਸ ਵੇਲੇ ਟੁੱਟ ਰਿਹਾ ਸੀ। ਸੱਜਨ ਆਪਣੇ ਆਪ ਤੋਂ ਹਾਰ ਗਿਆ ਸੀ। ਇਸ ਵੇਲੇ ਕਰਨਲ ਦੇ ਪਿਛੇ ਉਹ ਇਸ ਤਰ੍ਹਾਂ ਸਿਰ ਝੁਕਾਈ ਕਮਰੇ 'ਚੋਂ ਬਾਹਰ ਨਿਕਲਿਆ ਜਿਵੇਂ ਕੋਈ ਤਕੜਾ ਵਿਦਰੋਹੀ ਹਥਿਆਰ ਖੋਹੇ ਜਾਣ ਪਿਛੋਂ ਪੁਲਸ ਦੀਆਂ ਹੱਥ-ਕੜੀਆਂ ਦੇ ਕਾਬੂ ਵਿਚ ਆ ਗਿਆ ਹੋਏ।

32

ਅੱਜ ਸੱਜਨ ਦਾ ਬੜਾ ਖ਼ਰਾਬ ਦਿਨ ਸੀ, ਸਾਲਗ ਰਾਮ ਚਾਲ ਚਲ ਗਿਆ। ਅਖ਼ਬਾਰਾਂ ਵਿਚ ਇਹ ਛਪਿਆ ਸੀ ਕਿ ਪਰਦਰਸ਼ਨੀ ਵਾਰਡ ਕਮੇਟੀ ਵਲੋਂ ਹੋ ਰਹੀ ਏ, 'ਹਰ ਐਕਸੇਲੈਂਸੀ' ਉਹਦਾ ਉਦਘਾਟਨ ਕਰੇਗੀ ਅਤੇ ਇਸ ਪਰਦਰਸ਼ਨੀ ਨੂੰ ਰਾਜਧਾਨੀ ਦੇ ਸਾਰੇ ਪ੍ਰਮੁਖ ਕਲਾਕਾਰਾਂ ਅਤੇ ਸ਼ਿਲਪੀਆਂ ਦਾ ਪੂਰਾ ਸਹਿਯੋਗ ਪ੍ਰਾਪਤ ਹੈ। ਸ਼ਹਿਰ ਦੇ ਰਈਸ, ਲਾਲਾ ਜਾਨਕੀ ਸਰਣ ਦੀ ਕੋਠੀ ਵਿਚ ਇਹ ਪਰਦਰਸ਼ਨੀ ਹੋਏਗੀ। ਮੁਹੱਲਿਆਂ ਵਿਚ ਪਰਦਰਸ਼ਨੀ ਕਰਨ ਦਾ ਇਸ ਤਰ੍ਹਾਂ ਦੀ ਲੀਹ ਪਾਉਣ ਦਾ ਪਹਿਲਾ ਮੌਕਾ ਸ਼ਹਿਰ ਦੇ ਅਤੀ ਪ੍ਰਸਿੱਧ ਨੇਤਾ ਸ੍ਰੀ ਸਾਲਗ ਰਾਮ ਜਾਇਸਵਾਲ ਦੀ ਪਹਿਲਾਂ ਮਿੱਥੀ ਸੂਝ ਬੂਝ ਦਾ ਹੀ ਨਤੀਜਾ ਹੈ। ਸੱਜਨ ਮਨ ਵਿਚ ਅੰਦਰੋਂ ਅੰਦਰ ਸੜ-ਭੱਜ ਰਿਹਾ ਸੀ। ਸਵੇਰੇ ਕਰਨਲ ਨੇ ਉਹਨੂੰ ਬੁਝਾ ਦਿਤਾ ਅਤੇ ਹੁਣ ਇਸ ਤਰ੍ਹਾਂ ਮਨ ਫਿੱਕਾ ਪਿਆ।

ਬਾਰਾਂ ਵਜੇ ਤਕ ਉਹ ਸਭਨਾਂ ਦੇ ਚਿੱਤਰ ਲੈ ਕੇ ਲਾਲਾ ਜਾਨਕੀ ਸਰਣ ਦੀ ਹਵੇਲੀ ਵਿਚ ਪਹੁੰਚ ਗਿਆ। ਕਰਨਲ ਅਤੇ ਕੰਨਿਆ ਉਥੇ ਨਹੀਂ ਸਨ। ਲਾਲਾ ਜਾਨਕੀ ਸਰਣ ਬੜੀ ਆਤੁਰਤਾ ਨਾਲ ਮਿਲਿਆ, ਬੋਲਿਆ — "ਅਸੀਂ ਤੇਰੀ ਬੜੇ ਚਿਰ ਤੋਂ ਵਾਟ ਵੇਖ ਰਹੇ ਸਾਂ।"

ਸੱਜਨ ਕੁਝ ਨਾ ਬੋਲਿਆ। ਮਜ਼ਦੂਰਾਂ ਦੇ ਸਿਰਾਂ ਤੋਂ ਲੱਥੇ ਹੋਏ ਚਿੱਤਰਾਂ ਨੂੰ ਉਤਾਰਨ ਲਈ ਲਾਲਾ ਜਾਨਕੀ ਸਰਨ ਨੂੰ ਬੜੀ ਕਾਹਲ ਸੀ। ਉਹਨੇ ਝਟ ਆਪਣੇ ਨੌਕਰ ਨੂੰ ਹੁਕਮ ਦਿਤਾ। ਤਸਵੀਰਾਂ ਉਤਾਰਦੇ ਸਮੇਂ ਅਣਭਿੱਜ ਦਾਸ ਕੁਝ ਲਾਪਰਵਾਹੀ ਕਰ ਗਿਆ। ਸੱਜਨ ਨੇ ਝਟ ਹੀ ਭਾਰ ਨੂੰ ਸੰਭਾਲਿਆ ਅਤੇ ਦੂਸਰੇ ਮਜ਼ਦੂਰਾਂ ਦੇ ਭਾਰ ਨੂੰ ਉਹ ਆਪ ਹੀ ਉਤਾਰਨ ਲਗਾ। ਚੀਜ਼ਾਂ ਸਾਵਧਾਨੀ ਨਾਲ ਰਖੀਆਂ ਜਾਣ ਪਿਛੋਂ, ਜਦ ਮਜ਼ਦੂਰ ਚਲੇ ਗਏ ਤਾਂ ਲਾਲਾ ਜਾਨਕੀ ਸਰਣ ਆਪਣੇ ਨਕਲੀ ਦੰਦਾਂ ਦੀ ਬੱਤੀਸੀ

ਵਿਖਾ ਕੇ ਬੋਲਿਆ – "ਬਹੁਤ ਥੱਕ ਗਿਆ ਹੋਏਂਗਾ, ਬੜੀ ਮੇਹਨਤ ਕਰਨੀ ਪਈ ਹੋਏਗੀ। ਇਸ ਸਾਲਗ ਰਾਮ ਸਹੁਰੇ ਨੇ ਐਸਾ ਕਮੀਨਾਪਨ ਕੀਤਾ ਏ ਕਿ ਮੈਂ ਤੈਨੂੰ ਕੀ ਦਸਾਂ ?"

ਲਾਲਾ ਜਾਨਕੀ ਸਰਣ ਮੂੰਹ ਸੁਟ ਕੇ ਬੈਠ ਗਿਆ। ਸੱਜਨ ਨੂੰ ਲਾਲਾ ਜੀ ਦੀ ਸਾਲਗਰਾਮ ਦੇ ਖ਼ਿਲਾਫ਼ ਸ਼ਿਕਾਇਤ ਕਰਨੀ ਕੁਝ ਅਜੀਬ ਜਿਹੀ ਲਗੀ। ਉਹ ਕੁਝ ਕਹਿਣ ਹੀ ਲਗਾ ਸੀ ਕਿ ਲਾਲਾ ਜੀ ਫਿਰ ਬੋਲ ਪਏ — "ਮੈਂ ਭਰਾਵਾ ਰਾਜਾ ਸਾਹਿਬ ਨੂੰ ਵੀ ਫ਼ੋਨ ਕਰਕੇ ਇਸ ਮੁਆਮਲੇ ਵਿਚ ਸਲਾਹ ਲੈ ਲਈ। ਉਂਜ ਤਾਂ ਉਹ – ਇਸ ਵੇਲੇ ਜ਼ਰਾ ਤੇਰੇ ਨਾਲ — ਹਾ, ਉਂਜੇ ਈ ਤੇ ਮਤਲਬ ਏ ਕਿ ਕਿਵੇਂ ਅੱਜ ਕੱਲ੍ਹ ਹੁੰਦੇ ਤੇ ਉਹ ਤੇਰੇ ਨਾਲ ਨਾਰਾਜ਼ ਹੁੰਦੇ। ਰਾਜਾ ਸਾਹਿਬ ਟੈਲੀਫ਼ੋਨ ਤੇ ਬਹੁਤ ਵਿਗੜ ਰਹੇ ਸਨ ਸਾਲਗ ਰਾਮ ਨਾਲ। ਸਾਨੂੰ ਕਿਹਾ ਕਿ ਉਹਨੇ ਬੜੀ ਨਾਲਾਇਕੀ ਵਾਲਾ ਕੰਮ ਕੀਤਾ ਏ। ਪਰ ਸੱਜਨ ਨੂੰ ਆਖਣਾ ਕਿ ਇਸ ਵੇਲੇ ਜ਼ਰਾ ਸਬਰ ਨਾਲ ਕੰਮ ਲਏ, ਨੁਮਾਇਸ਼ ਕਰ ਹੀ ਲਏ। 'ਹਰ ਐਕਸੇਲੈਂਸੀ' ਦਾ ਮੁਆਮਲਾ ਏ, ਪਰ ਅਗੇ ਤੋਂ ਮੈਂ ਇਹਦੇ ਨਾਲ ਸਮਝ ਲਵਾਂਗਾ। ..."

ਸੱਜਨ ਜੋਸ਼ ਵਿਚ ਆਉਂਦਾ ਬੋਲਿਆ — "ਮੈਂ ਹੁਣੇ ਹੀ ਸਾਰੀਆਂ ਤਸਵੀਰਾਂ ਚੁਕ ਕੇ ਲੈ ਜਾਵਾਂ ਤਾਂ ਬਾਊ ਸਾਲਗ ਰਾਮ ਨੂੰ ਆਟੇ ਦਾਲ ਦਾ ਭਾਅ ਪਤਾ ਲਗ ਜਾਏ। ਕਿਹੜਾ ਚਿੱਤਰਕਾਰ ਇਹਨੂੰ ਆਪਣੀਆਂ ਤਸਵੀਰਾਂ ਦੇਂਦਾ......"

"ਹਾਂ ਹਾਂ ਵੀਰਾ ਉਹ ਤੇ ਠੀਕ ਆ ....."

"ਖ਼ੈਰ, ਮੈਨੂੰ ਪਬਲਿਸਿਟੀ ਦੀ ਚਾਹ ਨਹੀਂ। ਭਗਵਾਨ ਦੀ ਕ੍ਰਿਪਾ ਨਾਲ ਮੇਰਾ ਨਾਂ ਬਹੁਤ ਸਾਰਾ ਏ। ਸਾਲਗਰਾਮ ਨੂੰ ਸਿਰਫ਼ ਇਕ ਹੀ ਸ਼ਹਿਰ ਦੇ ਲੋਕ ਜਾਣਦੇ ਨੇ, ਸੱਜਨ ਵਰਮਾ ਦੀ ਤਾਰੀਫ਼ ਹਿੰਦੁਸਤਾਨ ਵਿਚ ਹੀ ਨਹੀਂ ਵਿਲਾਇਤਾਂ ਤਕ ਦਿਆਂ ਅਖ਼ਬਾਰਾਂ ਵਿਚ ਹੁੰਦੀ ਏ।"

"ਓਏ ਪੁੱਤਰ, ਮੈਂ ਸਭ ਜਾਣਦਾਂ, ਤੂੰ ਤੇ ਸਾਡੇ ਬਾਬੂਆਂ ਦੇ ਬਰਾਬਰ ਏਂ, ਕਿਤੇ ਕੋਈ ਤਾਰੀਫ਼ ਕਰ ਦੇਂਦਾ ਏ ਤਾਂ ਮੇਰੀ ਛਾਤੀ ਗਜ਼ ਭਰ ਹੋ ਜਾਂਦੀ ਏ। ਕੀ ਦਸਾਂ, ਤੁਹਾਡੇ ਘਰ ਵਿਚ ਤਾਂ ਕੋਈ ਅੱਖਾਂ ਦਾ ਸੁਖ ਲੈਣ ਵਾਲਾ ਵੀ ਨਾ ਰਿਹਾ ਪੁੱਤਰ! (ਧੋਤੀ ਦੇ ਸਿਰ ਨਾਲ ਲਾਲਾ ਜਾਨਕੀ ਸਰਣ ਨੇ ਅੱਖਾਂ ਪੂੰਝੀਆਂ, ਫਿਰ ਠੰਡਾ ਸਾਹ ਲੈ ਕੇ) ਹਰੀ ਇੱਛਾ! ਚਿਰੰਜੀਵ ਰਹੁ ਵੀਰਾ, ਭਗਵਾਨ ਤੈਨੂੰ ਹੋਰ ਪਦਵੀ ਬਖ਼ਸ਼ੇ, ਤੇਰੇ ਕਾਰਨ ਅੱਜ ਮੇਰੇ ਬੂਹੇ ਵੀ 'ਹਰ ਐਕਸੇਲੈਂਸੀ' ਅਤੇ ਵੱਡੇ ਵੱਡੇ ਲੋਕਾਂ ਦੇ ਚਰਨ ਪੈ ਜਾਣਗੇ! ਜਦੋਂ ਤਕ ਜੀਆਂਗਾ, ਤੇਰਾ ਜੱਸ ਗਾਵਾਂਗਾ!"

ਇਹਦੇ ਪਿਛੋਂ ਘੜੀ ਕੁ ਲਈ ਚੁੱਪ ਰਹਿ ਕੇ ਲਾਲਾ ਜਾਨਕੀ ਸਰਣ ਨੇ ਬਹੁਤ ਵਿਆਕੁਲਤਾ ਨਾਲ ਪੁੱਛਿਆ — "ਰੋਟੀ ਤਾਂ ਤੂੰ ਅਜੇ ਤਾਈਂ ਨਹੀਂ ਖਾਧੀ ਹੋਣੀ ? ਚਲ

ਤੁਰ, ਸਾਡੇ ਤਿਆਰ ਆ ।"

"ਜੀ ਨਹੀਂ, ਮੇਰਾ ਅੱਜ ਕਰਨਲ ਦੇ ਘਰ ਖਾਣਾ ਏ, ਅਜੇ ਤਕ ਆਇਆ ਨਹੀਂ ?"

"ਨਹੀਂ, ਆਇਆ ਤਾਂ ਸੀ ਚਲਾ ਗਿਆ । ਕਰਨਲ ਪੁੱਤਰ ਸਾਡੇ ਨਾਲ ਬੜਾ ਵਿਗੜਿਆ ਹੋਇਆ ਏ । ਉਹਦੇ ਨਾਲ ਉਹ ਲੜਕੀ ਵੀ ਆਈ ਸੀ ਜੀਹਦੇ ਕਰਕੇ ਕੀ ਨਾਂ ਏ, ਰਾਜਾ ਸਾਹਿਬ ਨੂੰ ਤੇਰੀ ਵਲੋਂ ਰੰਜਿਸ਼ ਹੋਈ । ਨਗੀਨ ਚੰਦ ਬਦਤਮੀਜ਼ੀ ਦੀ ਹੱਦ ਤਕ ਆ ਗਿਆ । ਬੁਰਾ ਨਾ ਮੰਨੀ ਪੁੱਤਰ, ਤੇਰਾ ਦੋਸਤ ਏ ਤਾਂ ਮੇਰਾ ਵੀ ਮੁਲਾਕਾਤੀ ਏ । ਬਈ, ਉਹਦੇ ਬਾਪ ਲਾਲਾ ਮੋਤੀ ਚੰਦ ਨਾਲ ਮੇਰਾ ਵਿਹਾਰ ਸੀ; ਪਰ ਮੈਂ ਤੇਰੇ ਸਾਹਮਣੇ ਗੰਗਾ ਜਲੀ ਚੁਕ ਕੇ ਕਹਿ ਸਕਦਾ ਆਂ ਕਿ ਜਿਹੜਾ ਸ਼ੀਲ ਤੇ ਖ਼ਾਨਦਾਨੀ ਸੁਭਾ, ਮਹੱਤਵ-ਮੁਲਾਹਿਜਾ ਤੇਰੇ ਵਿਚ ਆ ਉਹ ਨਾ ਨਗੀਨ ਚੰਦ ਵਿਚ ਏ ਨਾ ਤੇਰੇ ਕੀ ਨਾਂ ਨੇ, ਮਹੀਪਾਲ ਜੀ ਵਿਚ ਏ । ਉਹਨੂੰ ਵੀ ਮੈਂ ਉਦੋਂ ਤੋਂ ਜਾਣਦਾ ਹਾਂ ਜਦੋਂ ਉਹਨੇ ਮੇਰੇ ਭਣਵੱਈਏ ਰੂਪ ਰਤਨ ਨਾਲ ਅਖ਼ਬਾਰ ਕੱਢਿਆ ਸੀ । ਅਸਲ ਗੱਲ ਇਹ ਆ, ਕਿ ਖ਼ਾਨਦਾਨੀ ਰਈਸ ਕੁਝ ਹੋਰ ਈ ਹੁੰਦਾ ਏ । ਬਈ, ਨਗੀਨ ਚੰਦ ਦੇ ਬਾਪ ਨੇ ਹੀ ਸਭ ਕੁਝ ਬਣਾਇਆ । ਕੋਈ ਰਾਜਾ ਸਾਹਿਬ ਜਾਂ ਸਾਡੇ ਤੁਹਾਡੇ ਵਾਂਗ ਪੁਸ਼ਤ ਦਰ ਪੁਸ਼ਤ ਤੋਂ ਲੱਛਮੀ ਦੀ ਇਹ ਮਹਿਮਾ ਉਹਨਾਂ ਕੋਲ ਕਿਥੇ । ਖ਼ੈਰ, ਤੂੰ ਰੋਟੀ ਖਾ ਲੈ ।"

"ਜੀ ਨਹੀਂ ਮੈਂ ਇਕ ਵਾਰ ਕਰਨਲ ਨੂੰ ਮਿਲਾਂਗਾ । ਕਿਥੇ ਗਿਆ ਏ, ਤੁਹਾਨੂੰ ਕੁਝ ਕਹਿ ਗਿਆ ?"

ਲਾਲਾ ਜਨਕੀ ਸਰਣ ਗੰਭੀਰ ਮੂੰਹ ਲਟਕਾ ਕੇ ਇਕ ਪਲ ਚੁੱਪ ਰਿਹਾ ਫਿਰ ਕਿਹਾ – "ਨਗੀਨ ਚੰਦ ਮੈਨੂੰ ਕਹਿ ਗਿਆ ਏ ਕਿ ਨੁਮਾਇਸ਼ ਮੇਰੇ ਘਰ ਨਹੀਂ ਲਗੇਗੀ । ਉਹ ਕੀ ਨਾਂ ਏ, ਤਾਈ ਦੀ ਹਵੇਲੀ ਵਿਚ ਇੰਤਜ਼ਾਮ ਕਰ ਰਿਹਾ ਏ ।"

ਸੱਜਨ ਸੁਣ ਕੇ ਹੈਰਾਨ ਹੋ ਗਿਆ । ਕਰਨਲ ਨੇ ਜਿਹੜਾ ਪੱਕਾ ਕਦਮ ਚੁਕਿਆ ਸੀ ਉਹਦੇ ਨਾਲ ਮਨ ਵਿਚ ਕਿਤੇ ਠੰਡਕ ਮਹਿਸੂਸ ਕਰਦਿਆਂ ਵੀ ਉਹ ਹੈਰਾਨ ਰਹਿ ਗਿਆ, ਫਿਰ ਝਟ ਝਟਕੇ ਨਾਲ ਉਠ ਖਲੋਤਾ, ਆਖਿਆ – "ਮੈਂ ਹੁਣੇ ਹਾਜ਼ਰ ਹੁੰਦਾ ਆਂ ।"

"ਗੱਲ ਤਾਂ ਸੁਣ ਬੇਟਾ !"

"ਜੀ, ਮੈਂ ਹੁਣੇ ਹਾਜ਼ਰ ਹੋਇਆ ।" ਸੱਜਨ ਅਟਕਿਆ ਨਹੀਂ ਝਟ ਤਾਈ ਦੀ ਹਵੇਲੀ ਵਿਚ ਚਲਾ ਗਿਆ ।

ਕੰਨਿਆ, ਕਰਨਲ ਦੇ ਤਿੰਨ ਨੌਕਰ, ਬਾਬਾ ਰਾਮ ਜੀ ਅਤੇ ਉਹਨਾਂ ਦੇ ਚਾਰ ਠੀਕ ਹੋ ਜਾਣ ਵਾਲੇ ਪਾਗਲ ਵਿਹੜੇ ਵਿਚ ਬੈਠੇ ਝੰਡੀਆਂ ਜੋੜ ਰਹੇ ਸਨ । ਤਾਈ ਅਤੇ ਨੰਦੋ ਕੋਲ ਹੀ ਖੜੀਆਂ ਵੇਖ ਰਹੀਆਂ ਸਨ । ਤਾਈ ਅਤੇ ਬਾਬਾ ਰਾਮ ਜੀ ਗੱਲਾਂ ਕਰ ਰਹੇ ਸਨ । ਜਿਸ ਵੇਲੇ ਸੱਜਨ ਪਹੁੰਚਾ, ਉਸ ਵੇਲੇ ਕੋਈ ਹਾਸੇ ਦੀ ਗੱਲ ਹੋਈ ਸੀ ਜਿਸ ਦੇ ਕਾਰਨ ਸਭਨਾਂ ਦੇ ਚਿਹਰੇ ਖਿੜੇ ਹੋਏ ਸਨ ।

"ਆਓ ਰਾਮ ਜੀ, ਵੇਖੋ ਏਥੇ ਕਿਹੋ ਜਿਹਾ ਮੰਗਲ ਹੋ ਰਿਹਾ ਏ !"

ਸੱਜਨ ਦੇ ਆਉਂਦਿਆਂ ਹੀ ਕੰਨਿਆ ਦਾ ਚਿਹਰਾ ਗੰਭੀਰ ਹੋ ਗਿਆ। ਉਹ ਸਿਰ ਨਿਵਾਂ ਕੇ ਝੰਡੀਆਂ ਕੱਟਣ ਲਗੀ। ਤਾਈ ਬੋਲੀ — "ਕੰਨੋਮਲ ਦੇ ਪੋਤਿਆ, ਉਦਾਸ ਨਾ ਹੋਈਂ। ਜਾਨਕੀ ਸ਼ਰਣ ਕੁੱਤੇ ਦਾ ਤਾਂ ਮੈਂ ਬੰਸ ਨਾਸ ਕਰ ਦਿਆਂਗੀ !"

"ਓ ਜਾ ਤਾਈ, ਗੱਲਾਂ ਹੀ ਬਣਾਉਂਦੀ ਏਂ, ਤੇਰੇ ਕੀਤਿਆਂ ਹੁੰਦਾ ਜਾਂਦਾ ਕੁਝ ਵੀ ਨਹੀਂ।"

"ਰੰਡੀ ! ਤੂੰ ਕੀ ਸਮਝਦੀ ਏਂ ? ਤੇਰੇ ਹੱਥੋਂ ਤਾਂ ਜੋ ਵੀ ਕੰਮ ਕਰਾਇਆ ਉਹੋ ਈ ਪੁੱਠਾ ਪਿਆ, ਪਾਪ ਦੀਏ ਪੁੜੀਏ ਫਾਫਾਂ !"

"ਤੇ ਤਾਈ ਤੂੰ —" ਨੰਦੋ ਤਾਈ ਦੀਆਂ ਗਾਲ੍ਹਾਂ ਨਾਲ ਬੇਸਮਝ ਸਾਬਤ ਹੋ ਗਈ। ਚਹੁੰ ਦੇ ਸਾਹਮਣੇ ਆਪਣਾ ਗ਼ੁੱਸਾ ਵਿਖਾ ਕੇ ਨੰਦੋ ਮੈਦਾਨ ਵਿਚ ਜੰਮਣਾ ਚਾਹੁੰਦੀ ਸੀ ਇਸ ਲਈ ਤਾਈ ਦਾ ਦਿਮਾਗ਼ ਗਰਮੀ ਖਾ ਗਿਆ। ਉਹ ਬੋਲੀ — "ਨੀ, ਕੀ ਆਂਹਦੀ ਏ ਮੈਨੂੰ ! ਹਮੇਸ਼ਾਂ ਇਕੋ ਅੱਗ ਦੀ ਤਪੀ, ਮੇਰੇ ਉੱਤੇ ਕੋਈ ਉਂਗਲੀ ਵੀ ਨਹੀਂ ਉਠਾ ਸਕਦਾ। ਤੂੰ ਫਾਥੋ, ਆਪ ਗੰਦੀ, ਸਾਰੇ ਜ਼ਮਾਨੇ ਨੂੰ ਗੰਦ......"

"ਰਾਮ ਭਗਤਣੀਏਂ, ਜਾਣ ਦੇ ਸ਼ੁਭ ਕਾਰਜ ਵਿਚ ਇਸ ਵੇਲੇ ਮਾਰ ਨੂੰ ਰਹਿਣ ਈ ਦੇ ! (ਸੱਜਨ ਨੂੰ) ਕਿਉਂ ਰਾਮ ਜੀ, ਜਿਸ ਕਾਰਜ ਲਈ ਗਏ ਸੋ ਸਫਲ ਹੋ ਗਿਆ ?"

"ਜੀ ਹਾਂ ! ਤਸਵੀਰਾਂ ਲੈ ਆਇਆਂ।"

"ਸੁਣਿਆ ਇਹ ਲੋਕ ਤੁਹਾਡੇ ਨਾਲ ਨੀਚਤਾ ਕਰ ਗਏ ? ਕੋਈ ਚਿੰਤਾ ਦੀ ਗੱਲ ਨਹੀਂ, ਰਾਮ ਜੀ; ਇਹੋ ਤੇ ਸੰਸਾਰ ਏ —" ਤਾਈ ਅਤੇ ਨੰਦੋ ਦੀ ਫਿਰ ਖਚ ਖਚ ਚਲ ਪਈ। ਨੰਦੋ ਹੌਲੀ ਹੌਲੀ ਕੁਝ ਬੁੜਬੁੜ ਕਰ ਰਹੀ ਸੀ ਜਿਸ ਤੇ ਤਾਈ ਅਚਾਨਕ ਗਰਮ ਹੋ ਗਈ। "ਖੁਥਣੇਂ, ਬਹੁਤਾ ਵਧ ਵਧ ਕੇ ਨਾ ਬੋਲ, ਕਹਿ ਦੇਂਦੀ ਆਂ, ਮੇਰੇ ਨਾਲ ਅੜੇਂਗੀ ਤਾਂ ਚਹੁੰ ਦਿਨਾਂ ਵਿਚ ਈ ਐਸੀ ਗਤ ਕਰ ਦੇਊਂਗੀ ਪਈ ਗਲੀ ਗੱਲੀ ਘੱਟਾ ਫੱਕਦੀ ਫਿਰੇਂਗੀ। ਇਹ ਬਾਬਾ ਜੀ ਵੀ ਤੈਨੂੰ ਠੀਕ ਨਾ ਕਰ ਸਕਣਗੇ !"

"ਧੱਤ ਤੇਰੇ ਦੀ ਰਾਮ ਭਗਤਣੀਏਂ !" ਬਾਬਾ ਰਾਮ ਜੀ ਨੰਦੋ ਵਲ ਅੱਖਾਂ ਕੱਢ ਕੇ ਗਰਜੇ — "ਜਗਤ ਤਾਈ ਨਾਲ ਅੱਡੀ ਫਾਹਾ ਲੈਂਦੀ ਏਂ।"

ਸੱਜਨ ਇਸ ਕਲਾਹ ਦਾ ਅਨੰਦ ਲੈਣ ਦੇ ਮੂਡ ਵਿਚ ਨਹੀਂ ਸੀ। ਉਹ ਜਾਣਨਾ ਚਾਹੁੰਦਾ ਸੀ ਕਿ ਕਰਨਲ ਕਿਥੇ ਏ। ਪਰ ਕਿਹਨੂੰ ਪੁੱਛੇ ? ਉਂਜ ਤਾਂ ਓਥੇ ਕਰਨਲ ਦੇ ਨੌਕਰ ਵੀ ਬੈਠੇ ਸਨ, ਪਰ ਉਹ ਉਹਨੂੰ ਇਸ ਵੇਲੇ ਦਿਸ ਨਹੀਂ ਸਨ ਰਹੇ। ਉਹ ਕੰਨਿਆ ਨੂੰ ਪੁੱਛਣਾ ਚਾਹੁੰਦਾ ਸੀ — ਬਾਬਾ ਰਾਮ ਜੀ ਦੇ ਸਾਹਮਣੇ ਆਪਣੇ ਆਪ ਨੂੰ ਸੱਚਾ ਸੁੱਚਾ ਸਾਬਤ ਕਰਨ ਦੀ ਨੀਯਤ ਨਾਲ ਉਹ ਕੰਨਿਆ ਵਾਸਤੇ ਆਪਣੇ ਪ੍ਰੇਮ ਦੀ ਝਲਕ ਵਿਖਾਉਣਾ ਚਾਹੁੰਦਾ ਸੀ; ਪਰ ਉਸ ਪ੍ਰੇਮ ਦੀ ਝਲਕ ਕਿੰਜ ਵਿਖਾਏ ? ਕਿੰਜ ਪੁੱਛੇ।

ਇਸ ਲਈ ਉਹਦੀ ਸੁਰਤੀ ਵਿਚ ਇਹ ਸਵਾਲ ਆ ਰਿਹਾ ਸੀ ਕਿ ਉਹ ਕਿਹਨੂੰ ਪੁੱਛੇ। ਫਿਰ ਅੰਦਰ ਦੀ ਇੱਛਾ ਨੇ ਜ਼ੋਰ ਫੜਿਆ, ਉਹਨੇ ਆਪਣੀ ਝਿਜਕ ਨੂੰ ਤੋੜ ਕੇ ਨਿਝੱਕ ਪੁੱਛ ਹੀ ਲਿਆ — "ਕੰਨਿਆ, ਕਰਨਲ ਕਿਥੇ ਆ ?"

"ਖਾਣੇ ਦਾ ਪ੍ਰਬੰਧ ਕਰ ਰਹੇ ਨੇ ?"

"ਕੀਹਦੇ ਖਾਣੇ ਦਾ ਇੰਤਜ਼ਾਮ ਕਰਨ ਗਿਆ ਏ ?"

"ਇਹਦੇ, ਮੇਰੇ ਸਭਨਾ ਲਈ।" ਕੰਨਿਆ ਨੇ ਕਿਹਾ।

"ਤੂੰ ਖਾਧਾ ਨਹੀਂ ਕੰਨੋਮਲ ਦੇ ਪੋਤਿਆ ? ਤੂੰ ਮੈਨੂੰ ਕਿਹਾ ਕਿਉਂ ਨਹੀਂ ! ਚਾਰ ਪੂੜੀਆਂ ਲਾਹ ਦੇਂਦੀ, ਕਿੰਨੀ ਕੁ ਦੇਰ ਲਗਦੀ ਏ ?"

"ਨਹੀਂ ਤਾਈ ਜੀ, ਖਾਣਾ ਹੁਣੇ ਆਉਂਦਾ ਈ ਹੋਏਗਾ।"

ਕਰਨਲ ਦੇ ਆਉਣ ਤੇ ਸੱਜਨ ਅਤੇ ਕਰਨਲ ਦੋਵਾਂ ਨੇ ਹੀ ਆਪਣੇ ਆਪਣੇ ਅਨੁਭਵ ਇਕ ਦੂਸਰੇ ਨੂੰ ਦੱਸੇ। ਕਰਨਲ ਨਾਲ ਜਾਨਕੀ ਸਰਣ ਦੀ ਕਰਾਰੀ ਝੜਪ ਹੋ ਗਈ ਸੀ। ਉਹਨੇ ਕਿਹਾ – "ਮੈਂ ਸਾਫ਼ ਕਹਿ ਆਇਆ ਹਾਂ, ਰਾਜਾ ਸਾਹਿਬ ਹੋਏ ਜਾਂ ਲਾਟ ਸ ਹਿਬ ਹੋਏ, ਹੁਣ ਕਿਸੇ ਦੀ ਸਿਫ਼ਾਰਸ਼ ਨਾਲ ਵੀ ਨੁਮਾਇਸ਼ ਉਹਦੇ ਘਰ ਵਿਚ ਕਦੇ ਨਹੀਂ ਹੋਏਗੀ। ਜੇ ਉਹ ਚਾਲ ਚਲ ਗਏ ਨੇ ਤਾਂ ਅਸੀਂ ਵੀ ਉਹਦਾ ਜਵਾਬ ਦਿਆਂਗੇ। ਮੈਂ ਕੁਝ ਗ਼ਲਤ ਤੇ ਨਹੀਂ ਕਿਹਾ ?"

"ਨਹੀਂ, ਠੀਕ ਏ !"

"ਤੂੰ ਏਸ ਵੇਲੇ ਜਾਹ ਤੇ ਸਾਰੀਆਂ ਤਸਵੀਰਾਂ ਚੁਕ ਲਿਆ। ਇਹ ਥਾਂ ਉਹਦੇ ਨਾਲੋਂ ਵੀ ਫਸਟਕਲਾਸ ਏ।"

ਸੱਜਨ ਜਦ ਲਾਲਾ ਜੀ ਦੇ ਘਰੋਂ ਤਸਵੀਰਾਂ ਲੈਣ ਗਿਆ ਤਾਂ ਉਹਨਾਂ ਨੇ ਆਪਣੀ ਪਹਿਲਾਂ ਵਾਲੀ ਮਿਠਾਸ ਅਤੇ ਮੁਰੱਵਤ ਛੱਡ ਕੇ ਅੱਖਾਂ ਵਿਚ ਠੀਕਰੀ ਰੱਖ ਲਈ। ਚਿਤ੍ਰਾਂ ਦੇ ਜਵਾਬ ਵਿਚ ਪੋਲਾ ਲੈ ਕੇ ਸੱਜਨ ਨੂੰ ਬੜਾ ਰੋਹ ਚੜ੍ਹਿਆ। ਲਾਲਾ ਜੀ ਨੇ ਸਾਫ਼ ਕਹਿ ਦਿਤਾ ਕਿ 'ਹਰ ਐਕਸਲੈਂਸੀ' ਵਲੋਂ ਉਦਘਾਟਨ ਹੋ ਜਾਣ ਪਿਛੋਂ ਹੀ ਕੁਝ ਸੋਚਿਆ ਜਾਏਗਾ।'

ਖ਼ਾਨਦਾਨੀ ਸ਼ੀਲ ਅਤੇ ਸੰਸਕਾਰਾਂ ਵਾਲੇ ਲਾਲਾ ਜਾਨਕੀਸਰਣ ਨੂੰ ਖ਼ਾਨਦਾਨੀ ਅਤੇ ਸੰਸਕਾਰ ਵਾਲੇ ਸੱਜਨ ਵਰਮਾ ਤੋਂ ਦੋ ਚਾਰ ਏਹੋ ਜਿਹੀਆ ਗੱਲਾਂ ਸੁਣਨੀਆ ਪਈਆਂ ਜਿਸ ਦਾ ਲਾਲਾ ਜਾਨਕੀਸਰਣ ਨੇ ਬੁਰਾ ਮਨਾਇਆ। ਸੱਜਨ ਸੱਚ ਮੁੱਚ ਹੀ ਜ਼ਿਆਦਾ ਔਖਾ ਤੇ ਜਜ਼ਬਾਤੀ ਹੋ ਗਿਆ ਸੀ। ਕਰਨਲ ਨੇ ਉਹਨੂੰ ਧੀਰਜ ਦਵਾਈ; ਆਖਿਆ — "ਹੁਣ ਨਾ ਸਹੀ, ਸ਼ਾਮ ਦੇ ਸਾਢੇ ਚਾਰ ਵੱਜਣ ਵਿਚ ਕਿੰਨੀ ਕੁ ਦੇਰ ਏ। ਇਹਦੇ ਉਦਘਾਟਨ ਵੇਲੇ ਹੀ, ਹਰ ਐਕਸੇਲੈਂਸੀ ਦੇ ਸਾਹਮਣੇ ਮੈਂ ਜਾਨਕੀਸਰਣ ਅਤੇ ਸਾਲਗਰਾਮ ਵਗ਼ੈਰਾ ਦਾ ਹੁਲੀਆ ਨਾ ਵਿਗਾੜ ਦਿਤਾ ਤਾਂ ਮੇਰਾ ਵੀ ਨਾਂ ਨਹੀਂ। ਤੂੰ

ਚੁੱਪਚਾਪ ਬੈਠਾ ਰਹੁ ।"

ਕਰਨਲ ਨੇ ਤਾਈ ਦੀ ਹਵੇਲੀ ਦੇ ਅੱਗੇ ਝੰਡੀਆਂ ਲਾਈਆਂ, ਸਜਾਵਟ ਕੀਤੀ ।

ਲਾਲਾ ਜਾਨਕੀਸਰਣ ਨੇ ਆਪਣੀ ਕੋਠੀ ਦੇ ਹਰ ਥੰਭੇ ਨੂੰ ਗੇਂਦੇ ਦੀਆਂ ਲੜੀਆਂ ਨਾਲ ਸਜਾਇਆ ਸੀ । ਚੌਂਕ ਵਿਚ ਨਲਕੇ ਕੋਲ ਇਕ ਦਰਵਾਜ਼ਾ; ਕੋਠੀ ਦੇ ਸਾਹਮਣੇ ਇਕ ਦਰਵਾਜ਼ਾ ਅਤੇ ਬਿਜਲੀ ਦੇ ਰੰਗਦਾਰ ਬਲਬਾਂ ਦੀ ਲੜੀਆਂ । ਉਹਦੇ ਘਰੋਂ ਲੈ ਕੇ ਚੌਂਕ ਦੀ ਵਡੀ ਸੜਕ ਤਕ ਦੋ ਫ਼ਰਲਾਂਗ ਦੇ ਰਾਹ ਵਿਚ ਝੰਡੀਆਂ ਲਵਾਈਆਂ ਗਈਆਂ ਸਨ ।

ਸੱਜਨ ਕ੍ਰੋਧ ਨਾਲ ਮਸਤ ਹੁੰਦਾ ਜਾ ਰਿਹਾ ਸੀ । ਕਰਨਲ ਅਰਾਮ ਕੁਰਸੀ ਤੇ ਊਂਘ ਰਿਹਾ ਸੀ । ਬਾਬਾ ਰਾਮ ਜੀ ਆਪਣੇ ਪਾਗਲਾਂ ਨੂੰ ਨਾਲ ਲੈ ਕੇ ਚਲੇ ਗਏ ਸਨ । ਕਰਨਲ ਦੇ ਨੌਕਰ-ਵਿਹੜੇ ਵਿਚ ਬੈਠੇ ਸਨ । ਕੰਨਿਆ ਤਾਈ ਨਾਲ ਤਾਰਾ ਦੇ ਘਰ ਚਲੀ ਗਈ ਸੀ ।

ਸਾਢੇ ਤਿੰਨ ਪੌਣੇ ਚਾਰ ਦੇ ਨੇੜੇ ਤੇੜੇ ਲਾਲਾ ਜਾਨਕੀਸਰਣ ਦਾ ਨੌਕਰ ਆਇਆ; ਕਿਹਾ — ਰਾਜਾ ਸਾਹਿਬ ਤਸ਼ਰੀਫ਼ ਲਿਆਏ ਨੇ, ਬੁਲਾ ਰਹੇ ਨੇ ।"

"ਨਹੀਂ ਕੋਈ ਜ਼ਰੂਰਤ ਨਹੀਂ ਜਾਣ ਦੀ ।" ਬਿਨਾਂ ਅੱਖਾਂ ਖੋਲ੍ਹਿਆਂ ਹੀ ਕਰਨਲ ਨੇ ਆਪਣੇ ਜਾਗਣ ਦਾ ਪ੍ਰਮਾਣ ਦੇ ਦਿਤਾ । ਸੱਜਨ ਕੁਝ ਵੀ ਨਾ ਆਖ ਸਕਿਆ । ਨੌਕਰ ਇਕ ਪਲ ਰੁਕਿਆ ਫਿਰ ਸੱਜਨ ਵਲ ਵੇਖ ਕੇ ਬੋਲਿਆ — "ਤਾਂ ਹਜ਼ੂਰ"

"ਹਾਂ-ਹਾਂ ਜੀ, ਕਹਿ ਤਾਂ ਦਿਤਾ ਮੈਂ ਤੈਨੂੰ ! ਜਾਹ ਏਥੋਂ !"

ਨੌਕਰ ਜਾਣ ਲੱਗਾ, ਤਾਂ ਸੱਜਨ ਨੇ ਕਰਨਲ ਨੂੰ ਕਿਹਾ — "ਹੋ ਆਵਾਂ ਕਰਨਲ, ਰਾਜਾ ਸਾਹਿਬ —"

"ਰਾਜਾ ਸਾਹਿਬ ਹੋਏ ਜਾਂ ਕੋਈ ਸਾਹਿਬ ਹੋਏ । ਮੈਂ ਤੇਰੇ ਜਾਣ ਦੀ ਕੋਈ ਜ਼ਰੂਰਤ ਨਹੀਂ ਸਮਝਦਾ । ਵਡੇ ਹੋਣਗੇ ਤਾਂ ਆਪਣੇ ਢੰਗ ਨਾਲ ਪੇਸ਼ ਆਉਣ ।"

"ਮੈਂ ਇਕ ਮਿੰਟ ਹੋ ਹੀ ਆਉਂਦਾ ਆਂ ਕਰਨਲ ।" ਸੱਜਨ ਕੁਰਸੀ ਤੋਂ ਉਠਿਆ ।

"ਮੈਂ ਕਹਿੰਦਾ ਹਾਂ ਤੂੰ ਨਹੀਂ ਜਾਏਂਗਾ ਸੱਜਨ ।"

ਸੱਜਨ ਬੈਠ ਗਿਆ ।

ਪੰਜ ਮਿੰਟ ਬਾਅਦ ਹੀ ਰਾਜਾ ਸਾਹਿਬ ਦਾ ਵਿਚਕਾਰਲਾ ਸਾਹਬਜ਼ਾਦਾ ਆਇਆ — "ਬਾਊ ਜੀ, ਬੁਲਾ ਰਹੇ ਨੇ ।"

ਸੱਜਨ ਧਰਮ ਸੰਕਟ ਵਿਚ ਪੈ ਗਿਆ । ਕੰਨ ਅੱਖੀਆਂ 'ਚੋਂ ਕਰਨਲ ਨੂੰ ਵੇਖਣ ਲੱਗਾ । ਕਰਨਲ ਅਜੀਬ ਸ਼ਸ਼ੋਪੰਜ ਵਿਚ ਪਿਆ, ਉਹਦੇ ਸਾਹਮਣੇ ਹੀ ਤ੍ਰਿਭਵਨ ਦਾਸ ਖਲੋਤਾ ਸੀ, ਇਸ਼ਾਰਾ ਵੀ ਨਹੀਂ ਕਰ ਸਕਦਾ ਸੀ । ਪਰ ਆਖੇ ਬਿਨਾਂ ਵੀ ਨਾ ਰਹਿ ਸਕਿਆ — "ਵੇਖੋ ਤ੍ਰਿਭਵਨ ਜੀ, ਵਨ ਸਾਈਡਡ ਪੱਖ ਲੈਣਾ ਗੈਰਵਾਜਬ ਗੱਲ ਹੋ

ਜਾਏਗੀ। ਸਾਲਗਰਾਮ ਸਾਲਾ ਤਾਂ ਮੇਰੀਆਂ 'ਚ ਕੁਝ ਰਿਹਾ ਹੀ ਨਹੀਂ, ਪਰ ਸਾਡੇ ਸਭਨਾਂ ਦੇ ਆਪੋ ਵਿਚ ਮੇਲ ਜੋਲ ਵਿਚ ਲਾਲਾ ਜਾਨਕੀਸਰਣ —"

"ਕਰਨਲ ਇਸ ਵੇਲੇ ਉਹਦੀ ਇਜ਼ਤ ਦਾ ਮਾਮਲਾ ਏ —"

"ਤੇ ਸਾਡੀ ਵੀ ਇੱਜ਼ਤ, ਦਾ ਹੀ ਮਾਮਲਾ ਏ।"

"ਸੱਜਨ ਤੁਸੀਂ ਆਓ !" ਤ੍ਰਿਭਵਨ ਸੱਜਨ ਦੀ ਬਾਂਹ ਫੜ ਕੇ ਉਠਾਉਣ ਲੱਗਾ। ਸੱਜਨ ਤੋਂ ਕੁਝ ਕਿਹਾ ਨਾ ਗਿਆ, ਕਰਨਲ ਰੋਕ ਨਾ ਸਕਿਆ, ਸੱਜਨ ਚਲਾ ਗਿਆ।

ਜਿਸ ਵੇਲੇ ਹਰ ਐਕਸੇਲੈਂਸੀ ਦੀ ਗੱਡੀ ਸੜਕ ਤੇ ਰੁਕੀ ਉਸ ਵੇਲੇ ਰਾਜਾ ਸਾਹਿਬ ਦੀ ਅਗਵਾਈ ਹੇਠ ਅਨੇਕ ਆਪੇ ਬਣੇ ਮਾਣਵਾਲੇ ਧਨੀ, ਆਪਣੇ ਆਪ ਨੂੰ ਵੱਡੇ ਆਦਮੀ ਸਮਝਣ ਵਾਲੇ ਦਸ ਬਾਰਾਂ ਚੁਗਦ ਦੰਦ ਕੱਢਦੇ ਖਲੋਤੇ ਹੋਏ ਸਨ। ਸੱਜਨ ਇਹਨਾਂ ਬੇਵਕੂਫ਼ਾਂ ਦੀ ਮਜਲਿਸ ਵਿਚ ਸ਼ਹੀਦ ਬਣਿਆ ਖਲੋਤਾ ਸੀ। ਗਲੀ ਵਿਚ ਜਾਨਕੀਸਰਣ ਦੀ ਕੋਠੀ ਤਕ ਦੋ ਫਰਲਾਂਗ ਦੇ ਰਾਹ ਵਿਚ ਲਾਟਣੀ ਲਈ ਲਾਲ ਟੂਲ ਦੀ ਪੱਟੀ ਵਿਛਾਈ ਗਈ ਸੀ। ਹਰ ਘਰ ਵਿਚ ਪਾਂਹਲਾਂ ਹੀ ਫੁੱਲਾਂ ਦੀਆਂ ਟੋਕਕਰੀਆਂ ਰਖਵਾ ਦਿਤੀਆਂ ਗਈਆਂ ਸਨ। ਹਰ ਐਕਸੇਲੈਂਸੀ ਉੱਤੇ ਸਾਰੇ ਰਾਹ 'ਚ ਫੁੱਲਾਂ ਦੀ ਵਰਖਾ ਹੁੰਦੀ ਰਹੀ। ਚੌਂਕ ਦੇ ਦਰਵਾਜ਼ੇ ਪਿਛੋਂ ਗਲੀ ਵਿਚ ਘੁਸਦਿਆਂ ਹੋਇਆਂ ਹੀ ਅੱਗੇ ਪਿਛੇ ਰੱਸੀ ਬੰਨ੍ਹ ਕੇ ਆਪੋ ਵਿਚ ਜੁੜੀਆਂ ਦੋ ਟੋਕਰੀਆਂ ਲਟਕ ਈਆਂ ਗਈਆਂ ਸਨ, ਹਰ ਐਕਸੇਲੈਂਸੀ ਦੇ ਦਾਖ਼ਲ ਹੁੰਦਿਆਂ ਹੀ ਦੋਵਾਂ ਪਾਸਿਆ ਤੋਂ ਡੋਰੀ ਖਿੱਚ ਲਈ ਗਈ। ਟੋਕਰੀਆਂ 'ਚੋਂ ਫੁੱਲਾਂ ਦਾ ਵੱਡਾ ਗਜਰਾ ਲਾਟਣੀ ਦੇ ਗਲੇ ਵਿਚ ਆ ਪਿਆ। ਜਾਨਕੀਸ਼ਰਣ ਦੀ ਕੋਠੀ ਅਗੇ ਮਜਮਾ ਲੱਗਾ ਹੋਇਆ ਸੀ, ਵੱਡੇ ਵੱਡੇ ਲੋਕ ਨਜ਼ਰ ਆ ਰਹੇ ਸਨ — ਡਾਕਟਰ ਵਕੀਲ, ਪੈਸੇ ਵਾਲੇ, ਸਰਕਾਰੀ ਅਫਸਰ, ਮੁਹੱਲੇ ਦੇ ਲੋਕ ਅਤੇ ਸ਼ਹਿਰ ਦੇ ਪ੍ਰਮੁਖ ਕਲਾਕਾਰ ਉਸ ਗਲੀ ਦੀ ਸੋਭਾ ਵਧਾ ਰਹੇ ਸਨ। ਪੁਰਾਣੀ ਅਤੇ ਨਵੀਂ ਪੀੜ੍ਹੀ ਦੇ ਮੰਨੇ ਦੰਨੇ ਚਿਤਰਕਾਰ ਅਤੇ ਸਿਲਪੀ ਲਾਟਣੀ ਅਤੇ ਰਈਸਾਂ ਦੀ ਭੀੜ 'ਚੋਂ ਵੱਖਰੇ, ਟਟਹਿਣਿਆਂ ਵਿਚ ਨਛੱਤਰਾਂ ਵਾਂਗ ਚਮਕ ਵਾਂਗ ਚਮਕ ਰਹੇ ਸਨ। ਧਰਤੀ ਉਹਨਾਂ ਨਾਲ ਧੰਨ ਸੀ, ਉਹ ਉਹਨਾਂ ਦੇ ਪੈਰਾ ਸਦਕਾ ਪਵਿਤਰ ਹੋਈ ਸੀ। ਪੁਲਸ ਦਾ ਬਹੁਤ ਪ੍ਰਬੰਧ ਕੀਤਾ ਗਿਆ ਸੀ। ਬਾਬੂ ਸਾਲਗਰਾਮ ਅਤੇ ਲਾਲਾ ਜਾਨਕੀਸਰਣ ਦੋਵਾਂ ਨੂੰ ਹੀ ਇਸ ਗੱਲ ਦਾ ਡਰ ਸੀ ਕਿ ਕਰਨਲ ਅਤੇ ਕੰਨਿਆ ਮਿਲ ਕੇ ਕਿਸੇ ਤਰ੍ਹਾਂ ਦਾ ਵਿਘਨ ਪਾ ਸਕਦੇ ਹਨ।

ਉਦਘਾਟਨ ਹੋਇਆ। ਰਾਜਾ ਸਾਹਿਬ ਨੇ ਹਰ ਐਕਸੇਲੈਂਸੀ ਦੀ ਪ੍ਰਸੰਸਾ ਦੇ ਤਾਤੇ ਲਾ ਦਿਤੇ, ਅਤੇ ਇਸ ਗੱਲ ਦਾ ਭਰੋਸਾ ਦਿਵਾਇਆ ਕਿ ਏਥੋਂ ਦੇ ਮੰਨੇ ਦੰਨੇ ਵਿਅਕਤੀ ਸੱਜਨ ਸਦਾ ਤੋਂ ਹੀ ਬੜੇ ਦੇਸ਼ ਭਗਤ ਅਤੇ ਰਾਜ ਭਗਤ ਰਹੇ ਹਨ। ਉਹਨਾਂ ਨੇ ਸਾਲਗਰਾਮ ਦੀ ਨੇਤਾ ਗੀਰੀ ਦੀ ਵੀ ਬੜੀ ਪ੍ਰਸੰਸਾ ਕੀਤੀ ਅਤੇ ਸੱਜਨ ਲਈ ਵੀ ਦੋ ਮਿੱਠੇ

ਸਾਬਦ ਆਖ ਦਿਤੇ ।

ਲਾਲਾ ਸਾਲਗਰਾਮ ਪੈਰ ਤੇ ਪਲੱਸਤਰ ਚੜ੍ਹਿਆ ਹੋਣ ਕਾਰਨ ਖਲੋ ਨਹੀਂ ਸੀ ਸਕਦਾ। ਕਿੱਦਾਂ ਨਾ ਕਿੱਦਾ ਉਹਨਾਂ ਨੇ ਵੀ ਮਾਈਕਰੋਫੋਨ ਨੀਵਾਂ ਕਰਵਾ ਕੇ ਆਪਣੀ ਲੀਡਰੀ ਝਾੜੀ। ਉਹਨੇ ਆਪਣੇ ਭਾਸ਼ਣ ਵਿਚ ਸੱਜਨ ਦਾ ਜ਼ਿਕਰ ਨਾ ਕੀਤਾ ਸਗੋਂ ਸਭ ਕਲਾਕਾਰਾਂ ਦਾ ਦੇਸ਼ ਦੀ ਕੌਮੀ ਸੰਸਥਾ ਨਾਲ ਮਿਲਵਰਤਣ ਕਰਨ ਲਈ 'ਧੰਨਵਾਦ' ਕੀਤਾ। ਹਰ ਐਕਸੇਲੈਂਸੀ ਨੇ ਕਲਾ ਦੀ ਮਹਿਮਾ ਕਰਦਿਆਂ ਹੋਇਆਂ ਆਪਣੇ ਕੋਲ ਖਲੋਤੇ ਅੰਤਰਰਾਸ਼ਟੀਆ ਪ੍ਰਸਿੱਧੀ ਵਾਲੇ ਲਖਨਊ ਨਿਵਾਸੀ ਦੇਸ਼ ਪੂਜ ਬਿਰਧ ਕਲਾਕਾਰਾਂ ਦਾ ਬੜੇ ਆਦਰ ਨਾਲ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ। ਰਾਜਾ ਸਾਹਿਬ ਨੂੰ ਇਸ ਕਾਰਜ ਲਈ ਵਧਾਈ ਦਿਤੀ ਅਤੇ ਲਾਲਾ ਜਾਨਕੀਸਰਣ ਦੀ ਕੋਠੀ ਦੇ ਵੱਡੇ ਹਾਲ ਦੇ ਬੂਹੇ ਉੱਤੇ ਲੱਗੀ ਫੁੱਲਾਂ ਦੀ ਲੜੀ ਨੂੰ ਕੈਂਚੀ ਨਾਲ ਕੱਟ ਦਿਤਾ। ਤਾੜੀਆਂ ਵੱਜੀਆਂ, ਭੀੜ ਅੰਦਰ ਦਾਖ਼ਲ ਹੋਈ। ਸੱਜਨ ਤੇ ਕਮਰੇ ਵਿਚ ਆਉਂਦਿਆਂ ਹੀ ਬਿਜਲੀ ਡਿੱਗ ਪਈ। ਸ਼ਹਿਰ ਦੇ ਅਨੇਕ ਪ੍ਰਮੁੱਖ ਵਿਅਕਤੀ, ਆਪਣੇ ਗੁਰੂਆਂ ਅਤੇ ਸਾਥੀ ਕਲਾਕਾਰਾਂ ਸਾਹਮਣੇ ਉਹ ਸਿਰ ਚੁੱਕਣ ਲਾਇਕ ਨਹੀਂ ਸੀ ਰਿਹਾ। ਪੰਜਾਹ ਤਸਵੀਰਾਂ ਇਕੋ ਹੀ ਕੰਧ ਦੇ ਪੱਖੇ ਉੱਤੇ, ਉੱਤੇ ਹੇਠਾਂ ਟੰਗ ਦਿਤੀਆਂ ਗਈਆਂ ਸਨ। ਮੂਰਤੀਆਂ ਦਾ ਮਹੱਤਵ ਲਾਲਾ ਲੋਕਾਂ ਦੀ ਸਮਝ ਵਿਚ ਜ਼ਿਆਦਾ ਨਹੀਂ ਸੀ ਆਇਆ, ਫਿਰ ਵੀ ਇਕ ਮੇਜ਼ ਉੱਤੇ ਉਹ ਵੀ ਰੱਖ ਦਿੱਤੀਆਂ ਗਈਆਂ। ਕਮਰੇ ਵਿਚ ਸਭ ਤੋਂ ਜ਼ਿਆਦਾ ਖਿੱਚ ਪਾਉਣ ਵਾਲੀ ਕੇਵਲ ਇਕ ਹੀ ਚੀਜ਼ ਸੀ। — ਰਾਜਾ ਸਾਹਿਬ ਦੀ ਮਹਿਫਲ ਵਿਚ ਫਾਟਕ ਉੱਤੇ ਬਿਜਲੀ ਦੇ ਬਲਬਾਂ ਦੀ ਭਾਰਤ ਮਾਤਾ ਜੀਹਦੇ ਹੱਥ ਵਿਚ ਤਿਰੰਗੇ ਝੰਡੇ ਵਿਚ ਘੁੰਮਦਾ ਹੋਇਆ ਚੱਕਰ ਚਲ ਰਿਹਾ ਸੀ। ਕਲਾਕਾਰ ਆਪਣੀਆਂ ਕਲਾ ਕਿਰਤਾਂ ਦੀ ਇਹ ਹਾਲਤ ਵੇਖ ਕੇ ਭੰਬਲ ਭੂਸੇ ਵਿਚ ਪੈ ਗਏ। ਸੱਜਨ ਉਥੋਂ ਮੂੰਹ ਲੁਕਾ ਕੇ ਭੱਜ ਗਿਆ। ਰਾਜਾ ਸਾਹਿਬ, ਜਾਨਕੀਸਰਣ ਆਦਿ ਕਿਸੇ ਨੂੰ ਵੀ ਇਸ ਵੇਲੇ ਹਰ ਐਕਸੇਲੈਂਸੀ ਅਤੇ ਦੋ ਚਾਰ ਵੱਡੇ ਅਫ਼ਸਰਾਂ ਨੂੰ ਛੱਡ ਕੇ ਕਿਸੇ ਦਾ ਵੀ ਫ਼ਿਕਰ ਨਹੀਂ ਸੀ। ਕਰਨਲ ਅਤੇ ਕੰਨਿਆ ਕਮਰੇ ਵਿਚ ਇਕ ਨੁੱਕਰੇ ਖਲੋਤੇ ਹੋਏ ਸਨ। ਹਰ ਐਕਸੇਲੈਂਸੀ ਨੇ ਜਿੰਨੀਆਂ ਤਸਵੀਰਾਂ ਉੱਤੇ ਨਜ਼ਰ ਜਾ ਸਕਦੀ ਸੀ ਵੇਖ ਲਈਆਂ।

ਹਰ ਐਕਸੇਲੈਂਸੀ, ਰਾਜਾ ਸਾਹਿਬ, ਦੋ ਚਾਰ ਗੋਗੜ ਗੱਪੇ ਰਈਸ ਅਤੇ ਅਫ਼ਸਰ ਲੋਕ ਇਕ ਨਜ਼ਰੇ ਵੇਖ ਕੇ ਕਮਰੇ 'ਚੋਂ ਜਾਣ ਲੱਗੇ ਬਜ਼ੁਰਗ ਕਲਾਕਾਰਾਂ ਨੇ ਆਪਣੀਆਂ ਕਲਾ ਕਿਰਤਾਂ ਦੀ ਇਸ ਤਰ੍ਹਾਂ ਦੁਰਵਰਤੋਂ ਹੋਣ ਤੇ ਵੀ ਪ੍ਰਗਟ ਤੌਰ ਤੇ ਕੁਝ ਨਾ ਕਿਹਾ। ਹਾਂ ਉਹ ਲੋਕ ਉੱਥੋਂ ਚਲੇ ਗਏ।

ਸੱਜਨ ਦੇ ਸਾਥੀ ਮੰਨੇ ਦੰਨੇ ਨੌਜਵਾਨ ਕਲਾਕਾਰ ਆਪੋ ਵਿਚ ਇਸ ਨੁਮਾਇਸ਼ ਦੀ

ਚਰਚਾ ਕਰ ਰਹੇ ਸਨੇ। ਇੰਜ ਜਾਪਦਾ ਸੀ ਜਿਵੇਂ ਬਿਜਲੀ ਦਾ ਤਿਰੰਗਾ ਝੰਡਾ ਵਿਖਾਉਣ ਲਈ ਹੀ ਏਨੀਆਂ ਕਲਾ ਕਿਰਤਾਂ ਨੂੰ ਗੁਲਾਮ ਬਣਾ ਕੇ ਉਸ ਕਮਰੇ ਵਿਚ ਕੈਦ ਕਰ ਦਿਤਾ ਗਿਆ ਸੀ। ਤਿਰੰਗੇ ਝੰਡੇ ਦੀ ਗੁਲਾਮੀ ਕਰਨ ਨਾਲ ਕਿਸੇ ਕਲਾਕਾਰ ਨੂੰ ਰੱਤੀ ਵੀ ਉਜ਼ਰ ਨਹੀਂ ਸੀ ਹੋ ਸਕਦਾ; ਗੱਲ ਤਾਂ ਇਹ ਸੀ ਕਿ ਭਾਰਤ ਮਾਤਾ ਅਤੇ ਤਿਰੰਗੇ ਦੀ ਵਰਤੋਂ ਇਸ ਵੇਲੇ ਸ਼ਿਖੰਡੀ ਦੇ ਰੂਪ ਵਿਚ ਹੋ ਰਿਹਾ ਸੀ । ਇਹਦੀ ਆੜ ਵਿਚ ਚਾਰ ਰੱਜੇ-ਪੁੱਜੇ ਕਲਾ ਨੂੰ ਆਪਣਾ ਗੁਲਾਮ-ਗੁਲਾਮ ਦਰ ਗੁਲਾਮ ਬਣਾ ਰਹੇ ਸਨ। ਉਹਦੇ ਲਈ ਸੱਜਨ ਇਹਨਾਂ ਰਈਸਾਂ ਦਾ, ਜੋ ਲਾਟ ਸਾਹਿਬ ਦੀ ਲਿਸਟ ਵਿਚ ਮਾਨਯੋਗ ਸ਼ਹਿਰੀ — ਅਖਵਾਉਂਦੇ ਸਨ, ਏਜੰਟ ਬਣ ਕੇ ਆਪਣੇ ਕਲਾਕਾਰ ਭਰਾਵਾਂ ਦਾ ਗਲ ਕਟਵਾ ਰਿਹਾ, ਏਸ ਤਰ੍ਹਾਂ ਦਾ ਰੀਮਾਰਕ ਵੀ ਕੱਸਿਆ ਗਿਆ।

ਕੰਨਿਆ ਕੋਲ ਖਲੋਤੀ ਸੀ, ਇਹ ਸੁਣ ਕੇ ਸੁੰਨ ਹੋ ਗਈ । ਕਰਨਲ ਇਸ ਵੇਲੇ ਓਥੇ ਨਹੀਂ ਸੀ। ਮੁਹੱਲੇ ਦੀ ਜਨਤਾ ਤਸਵੀਰਾਂ ਵਾਲੇ ਪੱਖੇ ਸਾਹਮਣੇ ਖਲੋਤੀ ਤਸਵੀਰਾਂ ਨੂੰ ਆਪਣੀਆਂ ਨਜ਼ਰਾਂ ਨਾਲ ਸੁੰਘਣ ਦੀ ਕੋਸ਼ਿਸ਼ ਕਰ ਰਹੀ ਸੀ। ਇਹ ਸਾਰੇ ਚਿਤ੍ਰ ਦਰਸ਼ਕਾਂ ਲਈ ਬੇਮਤਲਬ ਹੋ ਗਏ ਸਨ। ਕਲਾ ਆਰਥਹੀਨ ਹੋ ਗਈ ਸੀ।

ਇਕ ਗਭਰੂ ਚਿਤਰਕਾਰ ਭਾਸ਼ਣ ਕਰਨ ਦੇ ਮੂਡ ਵਿਚ ਆ ਗਿਆ। ਹਾਲ ਵਿਚ ਘੁੰਮਦੀ ਹੋਈ ਜਨਤਾ ਨੂੰ ਸੁਣਾ ਕੇ ਉਹਨੇ ਇਸ ਪ੍ਰਦਰਸ਼ਨੀ ਤੇ ਆਪਣੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਦੂਸਰਾ ਬੋਲਿਆ — "ਕਿਉਂ ਆਪਣੇ ਆਪ ਨੂੰ ਵਾਧੂ ਥੱਕਾ ਰਿਹਾ ਏਂ, ਯਾਰ। ਤੂੰ ਮਾਨਯੋਗ ਸ਼ਹਿਰੀ ਵੀ ਨਹੀਂ ਜੋ ਤੈਨੂੰ ਤਾਜ਼ਾ ਦਮ ਹੋਣ ਲਈ ਇਹਦੇ ਪਿਛੋਂ ਚਾਹ ਤੇ ਨਾਸ਼ਤਾ ਮਿਲੇ।"

ਤੀਸਰੇ ਨੇ ਗਰਮ ਹੁੰਦਿਆਂ ਕਿਹਾ — "ਅਸੀਂ — ਅਸੀਂ ਜੇ ਮਾਨਯੋਗ ਨਹੀਂ ਤਾਂ ਇਹ ਸਾਲੇ ਲਾਲੇ ਲੂਲੇ ਕਿਥੋਂ ਮਾਨਯੋਗ ਹੋ ਗਏ ?"

ਦੂਸਰੇ ਨੇ ਕਿਹਾ — "ਇਹਨਾਂ ਨੂੰ ਸਰਕਾਰ ਨੇ ਮੁਅਜਿਜ਼ ਬਣਾਇਆ ਏ। ਸਰਕਾਰੀ ਅਤੇ ਗਵਰਨਰੀ ਲਿਸਟ ਵਿਚ ਤੁਹਾਨੂੰ ਇਹਨਾਂ ਚੰਮ-ਚਿੱਚੜਾਂ ਦੇ ਨਾਂ ਮਿਲਣਗੇ। ਸਾਡੀ ਤੁਹਾਡੀ ਉਥੇ ਕੋਈ ਪੁੱਛ ਪ੍ਰਤੀਤ ਨਹੀਂ।"

"ਜੇ ਉਹਨਾਂ ਨੂੰ ਸਾਡੀ ਕਦਰ ਨਹੀਂ ਤਾਂ ਅਸੀਂ ਇਹਨਾਂ ਸਭ ਸਾਲਿਆਂ ਨੂੰ ਪਾਟੀ ਚੱਪਲ ਦੀ ਨੋਕ ਤੇ ਮਾਰਦੇ ਆਂ। ਕਿਥੇ ਆ ਸੱਜਨ ?"

ਕੰਨਿਆ ਇਸ ਜੋਸ਼ ਦਾ ਜਵਾਬ ਦੇਣ ਲਈ ਬੇਵਸ ਹੋ ਕੇ ਅਗਾਂਹ ਵਧੀ। ਉਹਨੇ ਕਿਹਾ — "ਇਹਨਾਂ ਲੋਕਾਂ ਨੇ ਸੱਜਨ ਜੀ ਨੂੰ ਠੱਗਿਆ ਹੈ। ਤਸਵੀਰਾਂ ਮੰਗਵਾਉਣ ਪਿਛੋਂ ਇਹਨਾਂ ਨੇ ਉਹਨੂੰ ਇਸ ਗੱਲ ਵਿਚ ਝਾਤੀ ਤਕ ਨਹੀਂ ਮਾਰਨ ਦਿਤੀ। ਇਹਨਾਂ ਲਈ ਇਹ ਕਲਾ ਕਿਰਤਾਂ ਨਿਰਾ ਬਹਾਨਾ ਸਨ। ਇਸ ਬਹਾਨੇ ਵੱਡੇ ਵੱਡੇ ਲੋਕਾਂ ਨੂੰ ਆਪਣੇ

ਘਰ ਬੁਲਾਉਣਾ, ਆਪਣੀ ਪਬਲਿਸਿਟੀ ਕਰਾਉਣਾ ਹੀ ਇਹਨਾਂ ਦਾ ਨਿਸ਼ਾਨਾ ਸੀ।"

ਇਕ ਜਣਾ ਸਨਕੀ ਹਾਸਾ ਹੱਸਦਾ ਬੋਲਿਆ – "ਲਉ ਜੀ, ਪਬਲਿਸਿਟੀ ਤਾਂ ਇਹਨਾਂ ਲੋਕਾਂ ਦੀ ਮਾਨਾਪਲੀ ਹੋ ਗਈ ਏ। ਵੱਡੇ ਵੱਡੇ ਸਾਹਿਤਕਾਰਾਂ, ਕਲਾਕਾਰਾਂ, ਅਤੇ ਵਿਗਿਆਨਕਾਂ ਦੀਆਂ ਕਾਨਫ੍ਰੰਸਾਂ ਬੁਲਾਉਂਦੇ ਨੇ, ਕਾਨਫ੍ਰੰਸਾਂ ਵਿਚ ਆਏ ਆਗੂਆਂ ਦੇ ਨਾਂ ਅਤੇ ਭਾਸ਼ਣਾਂ ਦਾ ਵੇਰਵਾ ਤਾਂ ਅਖ਼ਬਾਰਾਂ ਵਿਚ ਪੂਰੀ ਡੀਟੇਲਜ਼ ਨਾਲ ਦਿਤਾ ਜਾਂਦਾ ਹੈ, ਪਰ ਸਾਹਿਤਕਾਰਾਂ-ਕਲਾਕਾਰਾਂ ਦੇ ਨਾਵਾਂ ਦਾ ਜ਼ਿਕਰ ਤਕ ਨਹੀਂ ਹੁੰਦਾ।"

"ਤੁਸੀਂ ਇਹਨਾਂ ਨਾਲ ਸਹਿਯੋਗ ਕਰਦੇ ਈ ਕਿਉਂ ਜੇ ? ਠੁੱਠ ਵਿਖਾਓ ਜੁੱਤੀ ਚੁਕਾਂ ਨੂੰ ! ਇਹ ਲੋਕ ਜਿਹੜੇ ਆਪਣੇ ਆਪ ਨੂੰ ਵੱਡੇ ਆਦਮੀ ਸਮਝਦੇ ਨੇ, ਇਹਨਾਂ ਨੂੰ ਭਾਵੇਂ ਉਹ ਨੇਤਾ ਹੋਣ, ਪਨੇਤਾ ਹੋਣ, ਕੋਈ ਹੋਣ — ਇਹਨਾਂ ਸਾਲਿਆਂ ਨੂੰ ਅੱਜ ਕਲ੍ਹ ਦੇ ਜ਼ਮਾਨੇ ਦੇ ਅਛੂਤ ਕਰਾਰ ਦਿਤਾ ਜਾਏ। ਜਿਹੜਾ ਆਦਮੀ ਆਦਮੀ ਵਾਂਗ ਨਾ ਰਹਿ ਸਕੇ, ਉਹ ਕੋਈ ਵੀ ਹੋਏ, ਉਹਦੇ ਨਾਲੋਂ ਵਰਤੋਂ ਤੋੜੀ ਜਾਏ।"

ਸੱਜਨ ਨੇ ਤਾਂ ਸਾਨੂੰ ਦੱਸਿਆ ਸੀ ਕਿ ਮੁਹੱਲੇ ਦੇ ਲੋਕਾਂ ਨੂੰ ਕਲਾ ਦੀਆਂ ਵਿਸ਼ੇਸ਼ਤਾਈਆਂ ਤੋਂ ਜਾਣੂ ਕਰਾਉਣ ਲਈ ਇਹ ਪ੍ਰਦਰਸ਼ਨੀ ਕੀਤੀ ਜਾ ਰਹੀ ਏ। ਇਕ ਇਕ ਤਸਵੀਰ ਦੇ ਨਾਲ ਚਿੱਤਰ ਦਾ ਭਾਵ ਦਸਦੇ ਕਾਰਡਜ਼ ਟੰਗੇ ਜਾਣਗੇ।... .."

"ਜੀ ਹਾਂ ਵਿਚਾਰ ਇਹੋ ਸੀ। ਪਰ ਸਾਨੂੰ ਕੁਝ ਕਰਨ ਦਾ ਮੌਕਾ ਹੀ ਨਹੀਂ ਦਿਤਾ ਗਿਆ। ਜਦ ਤਕ ਤਸਵੀਰਾਂ ਨਹੀਂ ਆਈਆਂ ਉਦੋਂ ਤਕ ਤਾਂ ਖ਼ੁਸ਼ਾਮਦ ਕਰਦੇ ਰਹੇ, ਉਹਦੇ ਪਿਛੋਂ ਇਸ ਤਰ੍ਹਾਂ ....."

ਇਕ ਭਲਾਮਾਣਸ ਸਮਝਾਉਣ ਆਇਆ – "ਸਾਹਬ, ਤੁਸੀਂ ਲੋਕ ਏਥੇ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ। ਨਾਲ ਦੇ ਕਮਰੇ ਵਿਚ ਹੀ ਵੱਡੇ ਵੱਡੇ ਲੋਕ......"

"ਐਸੀ ਤੈਸੀ ਤੇਰੇ ਵੱਡੇ ਵੱਡੇ ਲੋਕਾਂ ਦੀ ! ਸੱਜਨ ਕਿਥੇ ਆ ? ਸੱਦੋ ਉਹਨੂੰ ਇਹਨਾਂ ਸਾਲੇ ਵੱਡੇ ਆਦਮੀਆਂ ਲਈ ਸਾਡਾ ਅਪਮਾਨ ਕੀਤਾ ਗਿਆ ਏ।"

ਕੰਨਿਆ ਨੇ ਕਿਹਾ — "ਅਸਾਂ ਪ੍ਰਦਰਸ਼ਨੀ ਲਈ ਦੂਜੀ ਥਾਂ ਚੁਣੀ ਹੋਈ ਏ। ਐਨ ਇਸ ਮਕਾਨ ਦੇ ਕੋਲ ਈ। ਉਥੇ ਸਾਡਾ ਸਾਰਾ ਪ੍ਰਬੰਧ ਏ। ਇਹਨਾਂ ਲੋਕਾਂ ਜੇਕਰ ਇੰਜ ਤਸਵੀਰਾਂ ਦਬਾਅ ਨਾ ਲਈਆਂ ਹੁੰਦੀਆਂ ਤਾਂ ਇਸ ਨੁਮਾਇਸ਼ ਦਾ ਉਦਘਾਟਨ ਇਥੋਂ ਦੀ ਬਜਾਏ ਉਥੇ ਹੁੰਦਾ। ਹਰ ਐਕਸੇਲੈਂਸੀ ਦੇ ਹੱਥੋਂ ਨਹੀਂ ਸਗੋਂ ਕਿਸੇ ਚਿਕਨ ਬਣਾਉਣ ਵਾਲੇ ਸੁਚੱਜੇ ਕਲਾਕਾਰ ਦੇ ਹੱਥੋਂ ਹੁੰਦਾ। ਜੇਕਰ ਤੁਸੀਂ ਸਾਰੇ ਕਲਾਕਾਰ ਰਾਜ਼ੀ ਹੋਵੋ ਤਾਂ ਹੁਣੇ ਇਹਨਾਂ ਤਸਵੀਰਾਂ ਨੂੰ ਲਾਹ ਕੇ......"

ਚਹੁੰਆਂ ਪਾਸਿਆਂ ਤੋਂ ਇਕੋ ਆਵਾਜ਼ ਉਭਰੀ – "ਤਸਵੀਰਾਂ ਲਾਹੋ !" ਕਲਾਕਾਰ ਆਪ ਏਨੇ ਜੋਸ਼ ਵਿਚ ਸਨ ਕਿ ਤਸਵੀਰਾਂ ਉਤਾਰਨ ਲਗੇ। ਜਨਤਾ ਦੇ ਕੁਝ ਲੋਕਾਂ ਨੇ ਵੀ ਉਹਨਾਂ ਨਾਲ ਹੱਥ ਵਟਾਉਣਾ ਸ਼ੁਰੂ ਕੀਤਾ।

ਇਸੇ ਵੇਲੇ ਲਾਲਾ ਜਾਨਕੀ ਸਰਣ ਦਾ ਸਾਹਬਜ਼ਾਦਾ ਦੋ ਪੁਲਸ ਵਾਲਿਆਂ ਨਾਲ ਹਾਲ ਵਿਚ ਆਇਆ ਤੇ ਆਉਂਦਿਆਂ ਹੀ ਕਿਹਾ — "ਖ਼ਬਰਦਾਰ, ਕੋਈ ਤਸਵੀਰਾਂ ਨੂੰ ਹੱਥ ਨਾ ਲਾਏ।"

ਜਾਨਕੀ ਸਰਣ ਦੇ ਲੜਕੇ ਨੇ ਇਕ ਨਹੀਂ ਅਨੇਕ ਸ਼ੇਰਾਂ ਦੇ ਜੰਗਲ ਵਿਚ ਇਹ ਗਿੱਦੜ-ਭਬਕੀ ਮਾਰੀ ਸੀ। ਉਹਦਾ ਨਤੀਜਾ ਵੀ ਓਸੇ ਤਰ੍ਹਾਂ ਦਾ ਨਿਕਲਿਆ ; ਕਲਾਕਾਰ ਬੇਹੱਦ ਗਰਮ ਹੋ ਗਏ। ਉਹਨਾਂ ਨਾਲ ਅਨੇਕ ਨੌਜਵਾਨ ਵੀ ਜੋਸ਼ ਵਿਚ ਆ ਗਏ। ਹਾਲ ਵਿਚ ਸਮੂਹਕ ਕ੍ਰੋਧ ਦੀ ਹਵਾੜ੍ਹ ਉਠੀ।

ਨਾਲ ਵਾਲੇ ਕਮਰੇ ਵਿਚ ਚਾਹ ਕਾਂਡ ਸਮਾਪਤ ਹੀ ਹੋ ਰਿਹਾ ਸੀ ਕਿ ਅਚਾਨਕ ਇਹ ਰੌਲਾ ਪਿਆ। ਰਾਜਾ ਸਾਹਿਬ ਦੀਆਂ ਤਿਊੜੀਆਂ ਚੜ੍ਹ ਗਈਆਂ। ਸਾਲਗ ਰਾਮ, ਜਾਨਕੀ ਸਰਣ, ਸਭ ਦੇ ਚਿਹਰੇ ਵਿਗੜ ਗਏ। ਸਦੇ ਪ੍ਰਾਹੁਣਿਆਂ ਵਿਚ ਘੁਰ ਮੁਰ ਹੋਣ ਲਗੀ।

ਕੰਨਿਆ ਪ੍ਰਦਰਸ਼ਨੀ ਵਾਲੇ ਕਮਰੇ ਵਿਚ ਜਨਤਾ ਦੀ ਆਵਾਜ਼ ਬਣ ਕੇ ਬੋਲ ਰਹੀ ਸੀ। ਉਥੋਂ ਦਾ ਵਾਤਾਵਰਣ ਸੂਲੀ ਤੇ ਚੜ੍ਹਿਆ ਜਾਪਦਾ ਸੀ। ਸਭ ਕਲਾਕਾਰ ਵਨ ਕੰਨਿਆ ਦੀਆਂ ਗੱਲਾਂ ਦੀ ਪ੍ਰੋੜ੍ਹਤਾ ਕਰ ਰਹੇ ਸਨ। ਇਹ ਐਲਾਨ ਕੀਤਾ ਜਾ ਰਿਹਾ ਸੀ ਕਿ ਜੇ ਉਹਨਾਂ ਨੂੰ ਆਪ ਆਪਣੀਆਂ ਕਲਾਕਿਰਤਾਂ ਨੂੰ ਉਥੋਂ ਉਤਾਰਨ ਨਾ ਦਿਤਾ ਗਿਆ ਤਾਂ ਕਲ੍ਹ ਸਵੇਰੇ ਸਾਰੇ ਕਲਾਕਾਰ ਇਕੱਠੇ ਹੋ ਕੇ ਇਹਨਾਂ ਵੱਡੇ ਆਦਮੀਆਂ ਦੀ ਬੇਇਨਸਾਫ਼ੀ ਵਿਰੁੱਧ ਆਪਣੀ ਆਵਾਜ਼ ਉਠਾਣਉਗੇ ; ਅਖ਼ਬਾਰਾਂ ਰਾਹੀਂ, ਇਸ਼ਤਹਾਰਬਾਜ਼ੀ ਕਰਕੇ, ਹਰ ਤਰ੍ਹਾਂ ਇਹਨਾਂ ਦੇ ਦੰਭ ਅਤੇ ਢੌਂਗ ਦੇ ਮੂੰਹ ਉਤੇ ਥੁੱਕਿਆ ਜਾਏਗਾ।

"ਸੱਦੋ, ਪੁਲਸ ਨੂੰ ਸੱਦੋ, ਕਿਸੇ ਨੂੰ ਬੁਲਾਓ! ਇਹ ਤਸਵੀਰਾਂ ਇਥੋਂ ਹਟ ਕੇ ਰਹਿਣਗੀਆਂ। ਅਸੀਂ ਇਥੋਂ ਤਸਵੀਰਾਂ ਲੈ ਕੇ ਹੀ ਜਾਵਾਂਗੇ ਨਹੀਂ ਤੇ ਸਾਡੀਆਂ ਲਾਸ਼ਾਂ ਹੀ ਜਾਣਗੀਆਂ।"

ਕੰਨਿਆ ਦੇ ਇਸ ਜੁਸ਼ੀਲੇ ਉੱਤਰ ਦੇ ਨਾਲ ਹੀ ਲਾਲਾ ਕਰਨਲ ਦੋ ਨੌਕਰਾਂ ਦੇ ਮੋਢਿਆਂ ਉਤੇ ਇਕ ਵੱਡੀ ਸਾਰੀ ਪੌੜੀ ਲਦਵਾਈ ਮੁਸਕ੍ਰਾਉਂਦਾ ਹੋਇਆ ਅੰਦਰ ਆਇਆ। ਹਰ ਐਕਸੇਲੈਂਸੀ ਉਸ ਵੇਲੇ ਵਿਦਾ ਹੋਣ ਲਈ ਬਾਹਰ ਨਿਕਲੀ ਸੀ। ਉਹਨਾਂ ਦੇ ਨਾਲ 'ਮਾਨਯੋਗਾਂ' ਦਾ ਮਜਮਾ ਤੁਰਿਆ ਆ ਰਿਹਾ ਸੀ। ਲਾਲਾ ਕਰਨਲ ਉਹਨਾਂ ਨੂੰ ਵੇਖ ਕੇ ਹਾਲ ਵਿਚ ਘੁਸਣ ਤੋਂ ਪਹਿਲਾਂ ਹਰ ਐਕਸੇਲੈਂਸੀ ਨਾਲ ਜਾਂਦੇ ਹੋਏ ਲਾਲਾ ਜਾਨਕੀ ਸਰਣ ਨੂੰ ਉੱਚੀ ਸਾਰੀ ਆਵਾਜ਼ ਦੇ ਕੇ ਬੋਲਿਆ — "ਲਾਲਾ ਜੀ, ਤਸਵੀਰਾਂ ਲੈ ਜਾਣ ਦਿਓ, ਇਹਨਾਂ ਪੁਲਸ ਵਾਲਿਆਂ ਨੂੰ ਬਾਹਰ ਕਢਵਾ ਦਓ, ਨਹੀਂ ਤੇ ਹਾਸੇ ਦਾ ਮੜਾਸਾ ਹੋ ਜਾਏਗਾ! ਇਲੈਕਸ਼ਨ ਧਰੀ ਧਰਾਈ ਰਹਿ ਜਾਏਗੀ।"

ਰਾਜਾ ਸਰ ਦਵਾਰਕਾ ਦਾਸ, ਲਾਲਾ ਜਾਨਕੀ ਸਰਣ ਜ਼ਹਿਰ ਭਿੱਜੀਆਂ ਅੱਖਾਂ ਨਾਲ ਵੇਖਦੇ ਨਿਕਲ ਗਏ। ਕਰਨਲ ਉਹਨਾਂ ਦੇ ਘਰ ਦਾ ਵਿਭੀਸ਼ਣ ਸੀ ਜੋ ਰਾਮ ਦੀ ਸੈਨਾ ਵਿਚ ਮਿਲ ਗਿਆ ਸੀ। ਕੰਨਿਆ ਸਾਰੇ ਹੁੱਲੜ ਨੂੰ, ਸਾਰੀ ਉੱਥਲ ਪੁਥੱਲ ਨੂੰ ਠੀਕ ਠਾਕ ਕਰਕੇ ਉਹਨੂੰ ਇਕ ਰਚਨਾਤਮਕ ਰੂਪ ਦੇਣ ਲਈ ਅਦਭੁੱਤ ਪ੍ਰਬੰਧ ਕਰ ਰਹੀ ਸੀ। ਉਤਰਨ ਵਾਲੀ ਇਕ ਵੀ ਤਸਵੀਰ ਇਸ ਭੀੜ ਨਾਲ ਭਰੇ ਹਾਲ ਵਿਚ ਗੁਆਚ ਨਾ ਜਾਏ, ਖ਼ਰਾਬ ਨਾ ਹੋਏ, ਇਹਦੇ ਵਲ ਉਹਦਾ ਧਿਆਨ ਸੀ।

ਸਾਰੀਆਂ ਤਸਵੀਰਾਂ ਉੱਤਰ ਗਈਆਂ। ਪੁਲਸ ਜਾਂ ਜਾਨਕੀ ਸਰਣ ਦੇ ਆਦਮੀਆਂ ਨੇ ਮੁੜ ਕੇ ਕੋਈ ਦਖ਼ਲ ਨਹੀਂ ਦਿਤਾ; ਕਲਾਕਾਰ ਆਪ ਹੀ ਇਸ ਵੇਲੇ ਮਜ਼ਦੂਰ ਬਣ ਕੇ ਤਸਵੀਰਾਂ ਨੂੰ ਬਾਹਰ ਢੋਣ ਲਗੇ। ਜਾਨਕੀ ਸਰਣ ਦੇ ਹਾਲ 'ਚੋਂ ਨਿਕਲਦਿਆਂ ਹੋਇਆ ਕਰਨਲ ਨੇ ਇਹ ਐਲਾਨ ਕੀਤਾ — "ਭਰਾਵੋ, ਕਲ੍ਹ ਸ਼ਾਮ ਤਾਈ ਦੀ ਹਵੇਲੀ ਵਿਚ ਉਦਘਾਟਨ ਹੋਏਗਾ!"

ਪ੍ਰਦਰਸ਼ਨੀ ਦੀ ਅਸਫਲਤਾ ਦੀ ਸ਼ਰਮ ਦੇ ਭਾਰ ਨਾਲ ਦੱਬੀ-ਦਲੀ ਹਉਂ ਨੂੰ ਲੈ ਕੇ ਸੱਜਨ ਉਥੋਂ ਭੱਜ ਗਿਆ।

33

ਕਰਨਲ ਦੇ ਘਰ ਤਿੰਨ ਵਜੇ ਰਾਤ ਤਕ ਪ੍ਰਦਰਸ਼ਨੀ ਨੂੰ ਕਾਮਯਾਬ ਕਰਨ ਲਈ ਪ੍ਰਬੰਧ ਹੁੰਦਾ ਰਿਹਾ। ਕੰਨਿਆ ਵੀ ਉਥੇ ਸੀ। ਪ੍ਰਦਰਸ਼ਨੀ ਦਾ ਮੁੱਢੋਂ ਉਦਘਾਟਨ ਕਰਾਇਆ ਜਾਏ ਇਹ ਫ਼ੈਸਲਾ ਹੋਇਆ। ਕਿਸੇ ਚਿਕਨ ਦੇ ਕੰਮ ਦੀ ਕਢ ਈ ਕਰਨ ਵਾਲੀ ਗ਼ਰੀਬ ਵਿਧਵਾ ਹੱਥੋਂ ਇਸ ਕਲਾ-ਪ੍ਰਦਰਸ਼ਨੀ ਦਾ ਉਦਘਾਟਨ ਹੋਏ ਇਹ ਨਿਸ਼ਚਾ ਤਾ ਸ਼ਾਮ ਨੂੰ ਚਿਤਰ-ਕਾਰਾ ਵਿਚ ਹੋ ਚੁਕਿਆ ਸੀ। ਚਿੱਤਰਕਾਰ ਮਦਨ ਨੇ ਹੀ ਇਹ ਸੁਝਾ ਦਿਤਾ। ਉਹਨੇ ਆਖਿਆ ਸੀ ਕਿ ਮੈਂ ਆਪਣੇ ਚਿੱਤਰਾ ਦੀ ਪ੍ਰਦਰਸ਼ਨੀ ਉਦਘਾਟਨ ਪਿਛਲੇ ਸਾਲ ਕਿਸੇ ਲਾਟ, ਗਵਰਨਰ ਅਤੇ ਮਨਿਸਟਰ ਤੋਂ ਨਾ ਕਰਾਕੇ ਲਖਨਊ ਦੇ ਇਕ ਖਿਡਾਉਣੇ ਬਣਾਉਣ ਵਾਲੇ ਸ੍ਰੀ ਰੇਵਤੀ ਰਾਮ ਤੋਂ ਕਰਵਾਇਆ ਸੀ। ਡਾਕਟਰ ਰਾਧਾ ਕਮਲ ਮੁਕਰਜੀ ਨੇ ਉਦਘਾਟਨੀ ਭਾਸ਼ਣ ਦਿਤਾ ਸੀ। ਇਸ ਪ੍ਰਦਰਸ਼ਨੀ ਲਈ ਵੀ ਇਹੋ ਜਿਹਾ ਉਦਘਾਟਨ ਦਾ ਪ੍ਰਬੰਧ ਕਿਉਂ ਨਾ ਕੀਤਾ ਜਾਏ? ਸਭਨਾ ਨੂੰ, ਖ਼ਾਸ ਕਰਕੇ ਕਰਨਲ ਅਤੇ ਕੰਨਿਆ ਨੂੰ ਇਹ ਸਲਾਹ ਬਹੁਤ ਜੱਚੀ। ਇਸ ਅਨੁਸਾਰ ਉਦਘਾਟਨ ਸਮਾਰੋਹ ਦਾ ਪਲਾਨ ਬਣਿਆ। ਯੂਨੀਵਰਸਿਟੀ ਦੇ ਪ੍ਰੋਫ਼ੈਸਰ, ਸਾਹਿਤਕਾਰ, ਪੱਤਰਕਾਰ ਆਦਿ ਲੋਕਾਂ ਨੂੰ ਬੇਨਤੀ ਕਰਕੇ ਲਿਆਉਣ ਦੀ ਪੱਕੀ ਪਕਾਈ ਗਈ ਕਿਉਂਕਿ ਕਰਨਲ ਜਾਣਦਾ ਸੀ ਕਿ

ਜਾਨਕੀ ਸਰਣ, ਸਾਲਗ ਰਾਮ ਆਦਿ ਅੱਜ ਦਾ ਬਦਲਾ ਕਲ੍ਹ ਜ਼ਰੂਰ ਲੈਣਗੇ।

ਰਾਤ ਭਰ ਕਰਨਲ ਅਤੇ ਕੰਨਿਆ ਬੈਠੇ ਇਸੇ ਬਾਰੇ ਗੱਲਾਂ ਕਰਦੇ ਰਹੇ ਸਨ। ਕੰਨਿਆ ਦੁਚਿੱਤੀ ਹੋ ਰਹੀ ਸੀ। ਸੱਜਨ ਵਲ ਵਾਰ ਵਾਰ ਉਹਦਾ ਧਿਆਨ ਜਾਂਦਾ ਸੀ। ਕਰਨਲ ਨੇ ਇਕ ਦੋ ਵਾਰ ਇਸ ਗੱਲ ਉਤੇ ਵਿਚਾਰ ਕੀਤਾ ਸੀ, ਪਰ ਇਸ ਵੇਲੇ ਸਾਲਗ ਰਾਮ ਆਦਿ ਨਾਲ ਆਪਣੀ ਲੜਾਈ ਦਾ ਨਕਸ਼ਾ ਤਿਆਰ ਕਰਨ ਵਿਚ ਉਹ ਏਨਾ ਰੁੱਝਿਆ ਹੋਇਆ ਸੀ ਕਿ ਉਹਨੂੰ ਕੰਨਿਆ ਦੀ ਇਸ ਅਣਮਨੀ ਹਾਲਤ ਉਤੇ ਧਿਆਨ ਦੇਣ ਦੀ ਵਿਹਲ ਹੀ ਨਾ ਮਿਲੀ। ਇਕ ਪਿਛੋਂ ਇਕ ਸਕੀਮਾਂ ਬਣ ਰਹੀਆਂ ਸਨ — ਲਾਊਡ ਸਪੀਕਰ ਲਵਾਏ ਜਾਣਗੇ, ਇਕ ਹਵੇਲੀ ਦੇ ਅੰਦਰ, ਦੂਜਾ ਦਰਵਾਜ਼ੇ ਉਤੇ। ਉਸ ਤੇ ਵੱਡੇ ਵੱਡੇ ਆਦਮੀਆਂ, ਪ੍ਰੋਫ਼ੈਸਰਾਂ, ਸਾਹਿਤਕਾਰਾਂ, ਵੱਡੇ ਵੱਡੇ ਵਕੀਲਾਂ, ਬੈਰਿਸਟਰਾਂ, ਜੱਜਾਂ ਅਤੇ ਡਾਕਟਰਾਂ ਦੇ ਭਾਸ਼ਣ ਕਰਵਾਏ ਜਾਣਗੇ। ਉਹ ਸਭ ਲੋਕ ਇਸ ਨੁਮਾਇਸ਼ ਬਾਰੇ ਆਪਣੀ ਰਾਏ ਦੇਣਗੇ ਜਿਸ ਨਾਲ ਜਨਤਾ ਉਤੇ ਚੰਗਾ ਪ੍ਰਭਾਵ ਪਏਗਾ। ਵਿਚ ਵਿਚ ਭਜਨਾਂ ਦੇ ਰੀਕਾਰਡ ਵੀ ਵਜਦੇ ਜਾਣਗੇ — ਅਚਾਨਕ ਕਰਨਲ ਨੂੰ ਇਕ ਨਵੀਂ ਗੱਲ ਸੁਝੀ, ਬੋਲਿਆ — "ਬਿੰਨੋ, ਲੱਖ ਰੁਪਏ ਦਾ ਆਈਡੀਆ ਸੁਝਿਆ ਏ। ਕਲ੍ਹ, ਪਰਸੋਂ ਅਤੇ ਚੌਥ ਤਿੰਨ ਦਿਨ ਨੁਮਾਇਸ਼ ਰਹੇਗੀ। ਮੈਂ ਤਿੰਨ ਦਿਨ ਬੱਚਿਆਂ ਨੂੰ ਮਠਿਆਈ ਵੰਡਾਂਗਾ। ਬੜੀ ਗੱਲ ਹਜ਼ਾਰ ਡੂਨੇ ਰੋਜ਼ ਵੰਡੇ ਜਾਣਗੇ, ਪੰਜ ਛੇ ਸੌ ਦਾ ਖ਼ਰਚ ਹੁੰਦਾ ਏ ਤਾਂ ਹੋਣ ਦਿਉਂ। ਜੇ ਚਹੁੰ ਵੱਡਿਆਂ ਆਦਮੀਆਂ ਨੂੰ ਮਠਿਆਈ ਖਵਾਈ ਤਾਂ ਕਿੰਨ੍ਹੇ ਵੇਖੀ ? ਮੁੰਡੇ-ਖੁੰਡੇ ਮਠਿਆਈ ਖਾਣਗੇ ਤਾਂ ਗਲੀਓ ਗਲੀ ਜੱਸ ਗਾਉਂਦੇ ਫਿਰਨਗੇ। ਆਪਣੇ ਰਾਮ ਕੋਲ ਤਾਂ ਇਹੋ ਜਿਹੀਆਂ ਹੀ ਸਕੀਮਾਂ ਨੇ।......ਤੂੰ ਕੀ ਸੋਚ ਰਹੀ ਏਂ ਬਿੰਨੋ ?"

"ਜੀ ਕੁਝ ਨਹੀਂ। ਮੈਂ ਤਾਂ ਤੁਹਾਡੀਆਂ ਗੱਲਾਂ ਸੁਣ ਰਹੀ ਸਾਂ। ਹਾਂ ਠੀਕ ਕੇ, ਪੰਜ ਛੇ ਹਜ਼ਾਰ ਲੜਕਿਆਂ ਨੂੰ ਮਠਿਆਈ ਵੰਡੀ ਜਾਏਗੀ, ਏਨਾ ਖ਼ਰਚ......"

"ਸੁਣ ਬਿੰਨੋ, ਸੱਜਨ ਵਲੋਂ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਹੁੰਦੀ ਤਾਂ ਮੈਂ ਏਦਾ ਚੁੱਪ ਕਰਕੇ ਬੈਠਾ ਰਹਿੰਦਾ ? ਮੈਂ ਤੈਨੂੰ ਉਹਦੀ ਪੂਰੀ ਸੀਨਰੀ ਦਸ ਸਕਦਾ ਆਂ — ਨੁਮਾਇਸ਼ ਤੋਂ ਮੂੰਹ ਲੁਕਾ ਕੇ ਭੱਜੇ ਰਈਸਜ਼ਾਦੇ ਅੰਦਰੇ ਅੰਦਰ ਬੜੇ ਕੁੜ੍ਹਦੇ ਹੋਣਗੇ। ਥੋੜੀ ਦੇਰ ਬਖ਼ਸ਼ੀ ਦੇ ਤਲਾਅ ਉਤੇ ਰੈਸ਼ ਡਰਾਈਵਿੰਗ ਕੀਤੀ ਹੋਏ, ਇਹ ਘਰ ਜਾ ਕੇ ਇਕ ਸਿਰਿਓਂ ਘਰ ਦੇ ਨੌਕਰਾਂ ਨੂੰ ਕਿਸੇ ਨਾ ਕਿਸੇ ਬਹਾਨੇ ਡਾਂਟਿਆ ਹੋਏਗਾ, ਖ਼ੂਬ ਪੀਤੀ ਹੋਏਗੀ......ਹਾਂ, ਪੀਂਦਾ ਤਾਂ ਹੈ, ਪਰ ਕਦੀ ਕਦੀ, ਇਹ ਉਹਦੇ ਵਿਚ ਭੈੜੀ ਗੱਲ ਏ। ਗੱਲ ਅਸਲ ਵਿਚ ਬਿੰਨੋ ਇਹ ਆ ਕਿ ਮੈਂ ਵੱਡੀ ਉਮਰ ਤਕ ਕੁਆਰੇ ਰਹਿਣ ਦੇ ਬੜਾ ਵਿਰੁੱਧ ਆਂ। ਇਹਦੇ ਨਾਲ ਬੜੀਆਂ ਬੜੀਆਂ ਖ਼ਰਾਬੀਆਂ ਪੈਦਾ. ਹੋ ਜਾਂਦੀਆਂ ਨੇ; ਸੱਜਨ ਵਿਚ ਵੀ ਕੁਝ ਐਬ ਜ਼ਰੂਰ ਆ ਗਏ। ਐਬ ਕੀਹਦੇ ਵਿਚ ਨਹੀਂ ਹੁੰਦੇ ਬਿੰਨੋਂ।

ਇਹਦੇ ਕਾਰਨ ਤੈਨੂੰ ਕੋਈ ਰੰਜਿਸ਼ ਨਹੀਂ ਹੋਣੀ ਚਾਹੀਦੀ।"

"ਜੀ ਨਹੀਂ, ਮੈਨੂੰ ਕੋਈ ਸ਼ਿਕਾਇਤ ਨਹੀਂ। ਹਾਂ, ਤੇ ਤੁਸੀਂ ਪੰਜ ਛੇ ਹਜ਼ਾਰ ਬੱਚਿਆਂ ਨੂੰ ਮਠਿਆਈ ਵੰਡਣ ਦੀ......"

ਕਰਨਲ ਹੱਸ ਪਿਆ, ਕਹਿਣ ਲਗਾ — "ਪੰਜ ਛੇ ਹਜ਼ਾਰ ਬੱਚਿਆਂ ਨੂੰ ਮਠਿਆਈ ਵੰਡਾਂਗਾ, ਪਰ ਹੁਣੇ ਨਹੀਂ, ਤੇਰੇ ਵਿਆਹ ਵਾਲੇ ਦਿਨ। ਅਜੇ ਤਾਂ ਸਿਰਫ਼ ਹਜ਼ਾਰ ਡੂਨੇ ਹੀ ਵੰਡਣ ਦੀ ਸਕੀਮ ਏ।"

ਗੱਲਾਂ ਚਲ ਰਹੀਆਂ ਸਨ ਕਿ ਅਚਾਨਕ ਟੈਲੀਫ਼ੋਨ ਦੀ ਘੰਟੀ ਵਜਣ ਲਗੀ। ਜਗਤ ਚੰਦ, ਹਰਖ ਚੰਦ ਜੌਹਰੀ ਵਲੋਂ ਫ਼ੋਨ ਆਇਆ ਸੀ। ਉਸ ਕੋਲੋਂ ਪਤਾ ਲਗਾ — ਰਾਜਾ ਸਾਹਿਬ, ਕਰਨਲ ਅਤੇ ਸੱਜਨ ਨਾਲ ਬੇਹੱਦ ਨਾਰਾਜ਼ ਹਨ। ਅਜੇ ਥੋੜੀ ਦੇਰ ਪਹਿਲਾਂ ਉਹਨਾਂ ਦੇ ਘਰ ਕੁਝ ਗਿਣੇ ਚੁਣੇ ਲੁਕਾ ਦੀ ਬੈਠਕ ਹੋਈ। ਸਾਲਗਰਾਮ ਅਤੇ ਜਾਨਕੀ ਸਰਣ ਵੀ ਉਥੇ ਸਨ। ਤੁਹਾਡੇ ਖ਼ਿਲਾਫ਼ ਇਹ ਦੋਸ਼ ਲਾਇਆ ਗਿਆ ਕਿ ਚਾਲ ਚਲਨ ਠੀਕ ਨਹੀਂ ਅਤੇ ਕਿਸੇ ਕਮਿਊਨਿਸਟ ਕੁੜੀ ਨੂੰ ਤੁਸਾਂ ਲੋਕਾਂ ਨੇ ਰਖਿਆ ਹੋਇਆ ਹੈ। ਤੁਸੀਂ ਲੋਕ ਕਮਿਊਨਿਸਟ ਪਾਰਟੀ ਨਾਲ ਮਿਲ ਗਏ ਹੋ। ਇਸ ਲਈ ਕਲ੍ਹ ਜਿਸ ਵੇਲੇ ਤੁਹਾਡੀ ਨੁਮਾਇਸ਼ ਹੋਏਗੀ ਓਸੇ ਵੇਲੇ ਨਾਲਾ ਜਾਨਕੀ ਸਰਣ ਦੇ ਥੜ੍ਹੇ ਤੇ ਲਾਊਡ ਸਪੀਕਰ ਲਾ ਕੇ ਬਾਕਾਇਦਾ ਚਾਰ ਜਾਣੇ-ਮਾਣੇ ਲੋਕਾਂ ਦੀ ਬੈਠਕ ਕਰਕੇ ਤੁਹਾਡੇ ਤੇ ਬਦਚਲਨੀ ਦਾ ਪਬਲਿਕ ਵਿਚ ਐਲਾਨ ਕੀਤਾ ਜਾਏਗਾ। ਕਰਨਲ ਨੂੰ ਇਹ ਵੀ ਦਸਿਆ ਗਿਆ ਕਿ ਕੁਝ ਦਿਨ ਪਹਿਲਾਂ ਹੀ ਸੱਜਨ ਦੀ ਕੋਠੜੀ ਵਿਚ ਮੁਹੱਲੇ ਵਿਚ ਹੋਣ ਵਾਲੀ ਪ੍ਰੇਮ ਘਟਨਾ ਸੰਬੰਧੀ ਸਫ਼ਾਈ ਮੰਗੀ ਜਾਏਗੀ। ਰਾਜਾ ਸਾਹਿਬ ਕਿਉਂਕਿ ਐਲਾਨੀਆਂ ਤੌਰ ਤੇ ਇਸ ਮੰਗ ਦੇ ਨਾਲ ਹਨ, ਇਸ ਲਈ ਲੋਕਾਂ ਉਤੇ ਉਹਦਾ ਬੜਾ ਅਸਰ ਪੈ ਰਿਹਾ ਹੈ। ਰਾਜਾ ਸਾਹਿਬ ਆਪ ਤਾਂ ਕਲ੍ਹ ਦੀ ਮੀਟਿੰਗ ਵਿਚ ਨਹੀਂ ਆਉਣਗੇ, ਪਰ ਉਹਨਾਂ ਨੇ ਆਪ ਕਈ ਵਸੀਲਿਆਂ ਨੂੰ ਅਤੇ ਵੱਡੇ ਲੋਕਾਂ ਨੂੰ ਫ਼ੋਨ ਕੀਤਾ ਏ।

ਕਰਨਲ ਬੜੀ ਗੰਭੀਰਤਾ ਨਾਲ ਸ਼ਾਂਤੀ ਪੂਰਵਕ ਸਾਰੀ ਗੱਲ ਸੁਣਦਾ ਰਿਹਾ। ਅੰਤ ਵਿਚ ਉਹਨੇ ਕਿਹਾ — "ਵੇਖੋ ਜਗਤ ਚੰਦ ਜੀ ਸਾਡੇ ਮਨ ਵਿਚ ਕੀ ਆ ਇਹ ਤਾਂ ਭਗਵਾਨ ਹੀ ਜਾਣਦਾ ਏ। ਮੇਰੇ ਮਨ ਵਿਚ ਉਸ ਲੜਕੀ ਬਾਰੇ ਜੇਕਰ ਕੋਈ ਪਾਪ ਹੋਏਗਾ ਤਾਂ ਮੈਨੂੰ ਦਾਦਾ ਗੁਰੂ ਜੀ ਦੇ ਚਰਨਾਂ ਦੀ ਭੇਟਾ ਨਸੀਬ ਨਹੀਂ ਹੋਏਗੀ। ਮੈਂ ਬਦੀ ਤੋਂ ਡਰਦਾ ਹਾਂ ਬਦਨਾਮੀ ਤੋਂ ਨਹੀਂ ਡਰਦਾ।"

ਹਾਲਤ ਗੰਭੀਰ ਹੋ ਗਈ। ਕੰਨਿਆ ਨੂੰ ਕਰਨਲ ਨੇ ਭਾਵੇਂ ਸਾਰੀਆਂ ਗੱਲਾਂ ਨਾ ਦਸੀਆਂ ਫਿਰ ਵੀ ਉਹਦੇ ਸਾਹਮਣੇ ਹਾਲਤ ਸਪੱਸ਼ਟ ਸੀ। ਕੰਨਿਆ ਦਾ ਚਿਹਰਾ ਕ੍ਰੋਧ ਅਤੇ ਲਾਜ ਨਾਲ ਲਾਲ ਹੋ ਰਿਹਾ ਸੀ। ਕਰਨਲ ਹੱਸ ਕੇ ਬੋਲਿਆ — "ਭਗਵਾਨ ਜੋ ਕੁਝ ਕਰਦੈ ਚੰਗੇ ਲਈ ਕਰਦਾ ਏ। ਹੁਣ ਵੀ ਇੰਜ ਜਾਪਦਾ ਏ, ਰਾਜਾ ਸਾਹਿਬ ਦੀ

ਜਨਮ ਪੱਤਰੀ ਵਿਚ ਵੀ ਆਪਣਾ ਨੱਕ ਕਟਵਾਉਣ ਦਾ ਜੋਗ ਲਿਖਿਆ ਹੋਇਆ ਏ। ਹੁਣ ਤਕ ਸਾਲਗ ਰਾਮ ਦੀ ਨੇਤਾ ਗੀਰੀ ਨਾਲ ਹੀ ਮੋਰਚਾ ਲਾਉਣ ਦੀ ਧਾਰੀ ਸੀ, ਹੁਣ ਰਾਜਾ ਸਾਹਿਬ ਦੀ ਕਰੋੜੀ ਹੈਸੀਅਤ ਤੇ ਵੀ ਚੂਨਾ ਲਾਵਾਂਗਾ। ਆਪਣੇ ਸਿੱਧੇ ਆਦਮੀ, ਸਿੱਧੀਆਂ ਚਾਲਾਂ ਚਲਦੇ ਨੇ ਬਿੰਨੋ, ਇਹੋ ਸਾਡੀ ਜਿੱਤ ਏ। ਇਹ ਲੋਕ ਜਿਥੇ ਸੂਈ ਨਹੀਂ ਚਲਦੀ ਉਥੇ ਭਰੋੜਾ ਚਲਾਉਣ ਦੀ ਕੋਸ਼ਿਸ਼ ਕਰਦੇ ਨੇ। ਮੈਂ ਅੱਜ ਤਾਈਂ ਕਦੇ ਇਸ ਬੇਵਕੂਫ਼ੀ ਵਿਚ ਪਿਆ ਹੀ ਨਹੀਂ। ਆਦਮੀ ਨੂੰ ਜਾਂਚ ਕੇ ਉਹਦੇ ਹਿਸਾਬ ਨਾਲ ਚਾਲ ਸੋਚਦਾ ਆਂ, ਜਿਵੇਂ ਡਾਕਟਰ ਮਰਜ਼ ਨੂੰ ਪਛਾਣ ਕੇ ਪ੍ਰਿਸਕ੍ਰਿਪਸ਼ਨ ਲਿਖਦਾ ਏ। ਜਾਣਦੀ ਏਂ ਇਹਦੇ ਜਵਾਬ ਵਿਚ ਮੈਂ ਕੀ ਕਰ ਰਿਹਾ ਆਂ ? ਕਲ੍ਹ ਸਵੇਰੇ ਤੈਨੂੰ ਅਤੇ ਤੇਰੀ ਭਾਬੀ ਨੂੰ ਸਭਨਾਂ ਵੱਡਿਆਂ ਵੱਡਿਆਂ ਵਲ ਨੁਮਾਇਸ਼ ਦਾ ਸੱਦਾ ਦੇਣ ਭੇਜਾਂਗਾ।.. ...ਕੀ ਦਸਾਂ ਇਹ ਸੱਜਨ ਸਹੁਰਾ ਇਸ ਵੇਲੇ ਏਨਾ ਲੰਡੀ ਨਿਕਲਿਆ ਕਿ — ਮੈਂ ਮਹੀਪਾਲ ਨੂੰ ਸਵੇਰੇ ਈ ਤਾਰ ਦੇ ਕੇ ਬੁਲਾਉਂਦਾ। ਬਿੰਨੋ, ਮੇਰੇ ਨਾਂ ਨਾਲ ਇਕ ਲੇਖ ਲਿਖ ਕੇ ਛਪਵਾ ਦੇ, ਮੈਂ ਤੈਨੂੰ ਆਪਣੇ ਮਨ ਦੀਆਂ ਸਾਰੀਆਂ ਗੱਲਾਂ ਦਸ ਦਿਆਂਗਾ।......"

ਕੰਨਿਆ ਆਪਣੇ ਧਿਆਨ ਵਿਚ ਡੁੱਬੀ ਹੋਈ ਸੀ। ਉਹਦਾ ਜੀਵਨ ਫਿਰ ਚੱਟਾਨਾਂ ਨਾਲ ਟਕਰਾਉਣ ਤੇ ਮਜਬੂਰ ਹੋ ਗਿਆ ਸੀ। ਉਹਦਾ ਮਨ ਕਹਿ ਰਿਹਾ ਹੈ, ਉਹ ਸੱਜਨ ਨੂੰ ਇਸ ਵੇਲੇ ਗੁਆ ਚੁਕੀ ਹੈ; ਸੱਜਨ ਦਾ ਆਉਣਾ ਉਹਦੇ ਜੀਵਨ ਦਾ ਸਰਾਪ ਸਿੱਧ ਹੋਇਆ। ਅਧਾਰ ਹੀਣ ਅਧਾਰ ਉਤੇ ਉਹ ਮਾਣ ਕਰਦੀ ਰਹੀ ਹੈ — ਉਹਨੇ ਕਿੰਨਾ ਵੱਡਾ ਧੋਖਾ ਖਾਧਾ ਹੈ।

... ...

ਨੁਮਾਇਸ਼ ਨਾਲ ਔਰਤਾਂ ਦੇ ਮੇਲੇ ਦੀ ਕਾਮਯਾਬੀ ਨੇ ਰਾਜਾ ਸਾਹਿਬ, ਬਾਊ ਸਾਲਗਰਾਮ ਅਤੇ ਲਾਲਾ ਜਾਨਕੀ ਸਰਣ ਦੀ ਬੜੀ ਤੋਏ ਤੋਏ ਕਰਾਈ। ਜਨਸੰਘ, ਪ੍ਰਜਾ ਸੋਸਲਿਸਟ, ਕਮਿਊਨਿਸਟ ਆਦਿ ਸਭ ਵਿਰੋਧੀ ਦਲਾਂ ਦੇ ਲਾਊਡ-ਸਪੀਕਰਾਂ ਨੂੰ ਕਾਂਗਰਸ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਲਈ ਇਕ ਨਵਾਂ ਅਤੇ ਸਾਹ-ਸੱਤ ਵਾਲਾ ਬਹਾਨਾ ਮਿਲ ਗਿਆ। ਵਨ ਕੰਨਿਆ ਦੇ ਪਿਤਾ ਦੀ ਗ੍ਰਿਫ਼ਤਾਰੀ, ਵਨ ਕੰਨਿਆ ਅਤੇ ਸੱਜਨ ਦੇ ਮਥੁਰਾ ਜਾ ਕੇ ਸਬੂਤ ਇਕੱਠੇ ਕਰਨ ਦੀ ਅਦਭੁੱਤ, ਰੋਚਕ ਅਤੇ ਰੋਮਾਂਚਕ ਕਥਾ — ਜੋ ਸੱਜਨ ਅਤੇ ਕੰਨਿਆ ਨੂੰ ਆਪ ਵੀ ਪਤਾ ਨਹੀਂ ਸੀ — ਵਿਰੋਧੀਆਂ ਵਲੋਂ ਸੁਣਵਾਈ ਜਾਣ ਲਗੀ। ਅਫ਼ਵਾਹਾਂ ਦੀ ਦੁਨੀਆਂ ਵਿਚ, ਚੋਣਾਂ ਦੇ ਜਲਵਾਯੂ ਵਿਚ ਸੱਜਨ ਅਤੇ ਵਨ ਕੰਨਿਆ, ਸੰਨ ਬਵਿੰਜਾ ਦੇ ਲੈਲਾ-ਮਜਨੂੰ ਬਣ ਗਏ। ਕਰਨਲ ਦਾ ਲਾਊਡ ਸਪੀਕਰ

ਵੀ ਸੜਕਾਂ ਤੇ ਰਾਜਨੀਤੀ ਨਾਲ ਆਪਣੀ ਜਿੱਤ ਐਲਾਨਦਾ ਫਿਰ ਰਿਹਾ ਸੀ — "ਅਸੀਂ ਕੇਵਲ ਨਾਰੀ ਜਾਤੀ ਤੇ ਹੋਣ ਵਾਲੇ ਅਤਿਆਚਾਰਾਂ ਦੇ ਵਿਰੁੱਧ ਆਵਾਜ਼ ਉਠਾ ਰਹੇ ਹਾਂ। ਅਸੀਂ ਇਸ ਚੋਣ ਦੇ ਰੌਲੇ ਰੱਪੇ ਵਿਚ ਹੋਸ਼ ਕਾਇਮ ਰਖਣਾ ਚਾਹੁੰਦੇ ਹਾਂ। ਇਸ ਚੋਣ ਦਾ ਜੋ ਉਦੇਸ਼ ਹੈ ਉਹ ਅਸੀਂ ਅਮਲ ਵਿਚ ਲਿਆਉਣ ਲਈ ਜਨਤਾ ਤੋਂ ਭਿੱਖ ਮੰਗਦੇ ਹਾਂ।"

ਤੀਜੇ ਦਿਨ ਸਾਲਗਰਾਮੀ-ਪ੍ਰਚਾਰ ਦਾ ਰੁਖ ਹੀ ਬਦਲ ਗਿਆ। ਵਾਰਡ ਵਿਚ ਪ੍ਰਚਾਰ ਦੇ ਕੰਮ ਲਈ ਆਏ ਹੋਏ ਦੋ ਮਨਿਸਟਰਾਂ ਦੀਆਂ ਕਾਰਾਂ ਨੂੰ ਘੇਰ ਕੇ ਲੋਕ ਉਹਨਾਂ ਨੂੰ ਗਾਲ੍ਹਾਂ ਦੇਣ ਲਗ ਪਏ। ਵਾਤਾਵਰਣ ਜੋਸ਼ੀਲਾ ਹੋਣ ਲਗਾ।

ਸੇਠ ਰੂਪਰਤਨ ਅਤੇ ਇਕ ਮਨਿਸਟਰ ਸੱਜਣ ਨੇ ਕਰਨਲ, ਸੱਜਨ, ਬਾਊ ਸਾਲਗ ਰਾਮ ਅਤੇ ਲਾਲਾ ਜਾਨਕੀ ਸਰਣ ਨੂੰ ਸਮਝੌਤਾ ਕਰਨ ਲਈ ਚਾਹ ਤੇ ਸੱਦਾ ਦਿਤਾ। ਸੱਜਨ ਬੜਾ ਉਖੜਿਆ ਹੋਇਆ ਸੀ। ਚਿੱਤਰ ਪ੍ਰਦਰਸ਼ਨੀ ਜਦੋਂ ਤੋਂ ਔਰਤਾਂ ਦਾ ਮੇਲਾ ਬਣੀ ਏ ਉਹਨੂੰ ਉਥੇ ਵੀ ਨਹੀਂ ਜਾਣਾ ਪੈਂਦਾ। ਉਹ ਮੁਕਤ ਹੈ। ਚਿੱਤਰਾਂ ਰੂਪੀ ਹਥਿਆਰ ਨਾਲ ਉਹਨੇ ਆਪਣੇ ਸੱਚ ਤੇ ਏਨੇ ਵਾਰ ਕੀਤੇ ਨੇ ਕਿ ਹੁਣ ਇਸ ਵੇਲੇ ਉਹਦੀ ਚੇਤਨਾ ਨੂੰ ਲਕਵਾ ਮਾਰ ਚੁਕਾ ਹੈ। ਅੰਦਰਲੀ ਗਲਾਨੀ ਨਾਲ ਭਰ ਕੇ ਪੱਥਰ ਹੋ ਗਿਆ ਹੈ। ਇਹਨੀਂ ਦਿਨੀਂ ਚਿੱਤਰਾਂ ਨੇ ਕਠੋਰ ਵਿਅੰਗ ਦੇ ਤੀਰਾਂ ਨਾਲ ਉਹਦੇ ਦਿਲ ਉਤੇ ਜਿਹੜੇ ਕਰਾਰੇ ਵਾਰ ਕੀਤੇ ਸਨ ਉਹਨਾਂ ਨਾਲ ਉਹ ਪੱਥਰ ਹੋ ਗਿਆ ਸੀ। ਦੋ ਦਿਨਾ ਤੋਂ ਪੁਰਾਣੇ ਅਤੇ ਮੂੰਹ ਲਗਣ ਵਾਲੇ ਨੌਕਰ ਵੀ ਉਹਦੇ ਕਮਰੇ ਵਿਚ ਜਾਣੋਂ ਡਰਦੇ ਸਨ; ਕਿਉਂਕਿ ਇਸ ਵਾਰ ਉਹਨਾਂ ਦਾ ਮਾਲਕ ਕਿਸੇ ਉਤੇ ਵੀ ਨਾਰਾਜ਼ ਨਹੀਂ ਸੀ ਹੋ ਰਿਹਾ। ਕਿਸੇ ਚੀਜ਼ ਦੀ ਫ਼ਰਮਾਇਸ਼ ਨਹੀਂ ਸੀ ਕਰ ਰਿਹਾ; ਸ਼ਰਾਬ ਦੀ ਵੀ ਨਹੀਂ; ਸਿਗਰਟ ਦੀ ਵੀ ਨਹੀਂ; ਚਾਹ ਕਾਫ਼ੀ ਦੀ ਵੀ ਬਹੁਤ ਘਟ। ਮਾਲਕ ਦਾ ਵਧੇਰੇ ਸਮਾਂ ਪੱਥਰ ਵਾਂਗ ਬੈਠਿਆਂ ਹੀ ਬੀਤ ਜਾਂਦਾ ਸੀ। ਕਦੇ ਕਦੇ ਬੁੱਲ੍ਹ ਖੁਲ੍ਹਦੇ ਸਨ। ਵੱਡੇ ਦੀਵਾਨ ਜੀ ਨੇ ਕਰਨਲ ਦੀ ਦੁਕਾਨ ਤੇ ਜਾ ਕੇ ਸਾਰਾ ਬਿਉਰਾ ਦਸਿਆ। ਕਰਨਲ ਏਧਰ ਮੇਲੇ ਵਿਚ ਰੁੱਝੇ ਹੋਣ ਕਾਰਨ ਸੱਜਨ ਨੂੰ ਮਿਲ ਨਹੀਂ ਸੀ ਸਕਿਆ। ਕਰਨਲ ਨੇ ਉਹਨੂੰ ਯਕੀਨ ਦਿਵਾਇਆ ਅਤੇ ਕਿਹਾ ਕਿ ਮੈਂ ਫ਼ਰਸਤ ਨਾਲ ਆਵਾਂਗਾ, ਘਬਰਾਉਣ ਦੀ ਕੋਈ ਗੱਲ ਨਹੀਂ।

ਦੀਵਾਨ ਜੀ ਬੋਲੇ — "ਹੋਰ ਤੇ ਕੋਈ ਡਰ ਨਹੀਂ, ਪਰ ਉਹਨਾਂ ਦੀ ਮੇਜ਼ ਵਿਚ......"

"ਤੁਸੀਂ ਲਗਾਤਾਰ ਕਮਰੇ ਦੀ ਨਿਗਰਾਨੀ ਰਖੋ......"

"ਉਹ ਤੇ ਹੈ, ਫਿਰ ਵੀ......"

"ਤੁਸੀਂ ਜਾਓ, ਬੇਫ਼ਿਕਰ ਹੋ ਕੇ ਜਾਓ। ਉਂਜ ਹੋਣੀ ਬਾਰੇ ਕੋਈ ਨਹੀਂ ਜਾਣਦਾ, ਪਰ

ਸੱਜਨ ਆਪਣੇ ਆਪ ਨੂੰ ਕਦੇ ਵੀ ਮਾਰ ਨਹੀਂ ਸਕਦਾ ।"

ਕਰਨਲ ਦੀ ਗੱਡੀ ਨੇ ਕੰਨਿਆ ਨੂੰ ਦਿਨੇ ਦਸ ਵਜੇ ਸੱਜਨ ਦੀ ਕੋਠੀ ਤੇ ਪਹੁੰਚਾ ਦਿਤਾ ।

ਕੰਨਿਆ ਕਮਰੇ ਵਿਚ ਪਹੁੰਚੀ । ਸੱਜਨ ਸਾਹਮਣੇ ਸੋਫ਼ੇ ਤੇ ਬੈਠਾ ਸਿਗਰਟ ਪੀ ਰਿਹਾ ਸੀ। ਦਰਵਾਜ਼ਾ ਖੁਲ੍ਹਦਿਆਂ ਹੀ ਉਹਨੇ ਕੰਨਿਆ ਨੂੰ ਵੇਖਿਆ ਅਤੇ ਤ੍ਰਭਕ ਪਿਆ । ਅਚਾਨਕ ਸਰਚਲਾਈਟ ਪੈਣ ਤੇ ਚੋਰ ਜਿਵੇਂ ਰੰਗੇ ਹੱਥੀਂ ਪਕੜ ਵਿਚ ਆ ਜਾਂਦਾ ਹੈ — ਸੱਜਨ ਦੀ ਤ੍ਰਭਕ ਓਸੇ ਤਰ੍ਹਾਂ ਦੀ ਸੀ । ਘਬਰਾਹਟ ਵਿਚ ਉਹ ਆਪਣੀ ਸਿਗਰਟ ਮੁੱਠ ਵਿਚ ਲੁਕਾਉਣ ਲਗਾ, ਜਿਵੇਂ ਇਹ ਗੁਨਾਹ ਹੋਏ । ਉਹਦੀ ਹਥੇਲੀ ਸੜ ਗਈ । ਉਹਨੂੰ ਹੋਸ਼ ਆਈ । ਕੰਨਿਆ ਬੜੇ ਸੁਭਾਵਕ ਤਰੀਕੇ ਨਾਲ ਟਹਿਲਦੀ ਹੋਈ ਆ ਰਹੀ ਸੀ । ਕੋਲ ਆ ਕੇ ਆਪਣਾ ਕੋਟ ਉਹਦੇ ਉਤੇ ਸੁਟਦਿਆਂ ਕਿਹਾ — "ਇਹ ਅੱਜ ਕਲ੍ਹ ਕਿਸ ਆਰਟਿਸਟਕ ਮੂਡ ਦਾ ਹੜ੍ਹ ਆ ਰਿਹਾ ਏ —" ਉਹਨੇ ਆਪਣੀਆਂ ਪੰਜਾਂ ਉਂਗਲਾਂ ਨਾਲ ਸੱਜਨ ਦੇ ਰੁਖੇ ਵਾਲ ਫੜ ਲਏ ਅਤੇ ਅੱਖਾਂ ਵਿਚ ਅੱਖਾਂ ਪਾ ਕੇ ਤਿਊੜੀ ਚੜ੍ਹਾ ਕੇ ਬੋਲੀ — "ਵੇਖੋ ਜੀ, ਤੁਹਾਡੇ ਇਹਨਾਂ ਆਰਟਿਸਟ ਸਟੰਟਾਂ ਨੂੰ ਹੁਣ ਮੈਂ ਬਿਲਕੁਲ ਨਹੀਂ ਚਲਣ ਦਿਆਂਗੀ । ਹੁਣ ਕੁਝ ਤੁਸੀਂ ਮੇਰੇ ਲਈ ਛੱਡੋ ਕੁਝ ਮੈਂ ਤੁਹਾਡੇ ਲਈ ਛਡਾਂਗੀ । ਤਦੇ ਤੇ ਨਿਭੇਗੀ । ਬੋਲੋ, ਕਰਦੇ ਓ ਕਾਂਟ੍ਰੈਕਟ ?"

ਸੱਜਨ ਦੀਆਂ ਅੱਖਾਂ ਜਦ ਪਹਿਲਾਂ ਮਿਲਣ ਲਈ ਮਜਬੂਰ ਹੋਈਆਂ ਤਾਂ ਬਹੁਤ ਤਪੀਆਂ ਹੋਈਆਂ ਸਨ । ਦੋਵਾਂ ਅੱਖਾਂ ਦੇ ਥਰਮਾ-ਮੀਟਰ ਆਪਣੀ ਗਰਮੀ ਨਾਪ ਰਹੇ ਸਨ । ਸੱਜਨ ਦਾ ਡਾਂਵਾ ਡੋਲ ਦਿਲ ਕੰਨਿਆ ਦੀਆਂ ਅੱਖਾਂ ਵਿਚ ਆਪਣੀ ਸਥਿਰਤਾ ਨੂੰ ਜਾਂਚ ਰਿਹਾ ਸੀ । ਕੰਨਿਆ ਦੀਆਂ ਅੱਖਾਂ ਵੀ ਸੱਜਨ ਦੀਆਂ ਭੈਭੀਤ, ਸਰਲ ਅਤੇ ਜ਼ਿੱਦੀ ਪੁਤਲੀਆਂ ਵਿਚ ਆਪਣਾ ਜਮਾਅ ਵੇਖ ਰਹੀਆਂ ਸਨ । ਕੰਨਿਆ ਉਹਦੇ ਨਾਲੋਂ ਹਟ ਕੇ ਬੋਲੀ — "ਇਹਨਾਂ ਤਿੰਨਾਂ ਚਹੁੰ ਦਿਨਾਂ ਵਿਚ ਸੱਚ ਕਹਿੰਦੀ ਆਂ, ਤੈਨੂੰ ਇਕ ਸੈਕੰਡ ਵਾਸਤੇ ਵੀ ਨਾ ਭੁੱਲਾ ਕੇ ਆਲ ਦ ਵਾਈਲ ਕੰਮ ਦੇ ਕਾਰਨ ਤੈਨੂੰ ! ਭੁੱਲੀ ਰਹੀ ਹਾਂ । ਤੇਰੇ ਮੂਡ ਨੇ ਪਹਿਲਾਂ ਤਾਂ ਮੈਨੂੰ ਧੱਕਾ ਪਹੁੰਚਾਇਆ ਸੀ, ਪਰ ਇਸ ਮੇਲੇ ਨੇ ਅਤੇ ਸਮਾਜਕ ਪ੍ਰਤੀਬਧਤਾ ਨੇ ਮੇਰੇ ਅੰਦਰ ਨਵੀਂ ਜਾਨ ਪਾਈ ਏ । ਅਸਾਂ ਇਕ ਉਦੇਸ਼ ਲਈ ਡਾਢੇ ਸੰਘਰਸ਼ ਦਾ ਸਾਹਮਣਾ ਕੀਤਾ ਹੈ ।"

ਵਨ ਕੰਨਿਆ ਨੇ ਸੱਜਨ ਦੇ ਆਪਣੇ ਰੁਸੇਵੇਂ ਨਾਲ ਭਰੇ ਪਲਾਂ ਵਿਚ ਅਚਾਨਕ ਹਲਚਲ ਕਰ ਦਿਤੀ । ਕੰਨਿਆ ਤਾਜ਼ਗੀ ਨਾਲ ਭਰੀ ਹੋਈ ਹੈ । ਉਹਦੀ ਇਕ ਇਕ ਗੱਲ ਓਹਦੇ ਦੋ ਦਿਨਾਂ ਦੇ ਘੁਟਣ ਅਤੇ ਹੁੱਸੜ ਨਾਲ ਭਰੇ ਦਿਲ ਵਿਚ ਤਾਜ਼ਾ ਗੁਲਾਬਾਂ ਦੀ ਮਹਿਕ ਨਾਲ ਭਰੀ ਠੰਡੀ ਹਵਾ ਦੇ ਝੋਂਕਿਆਂ ਵਾਂਗ ਜਾਪ ਰਹੀ ਹੈ । ਉਹ ਜਿਸ ਪ੍ਰਸੰਗ ਦਾ ਵਰਣਨ ਕਰ ਰਹੀ ਹੈ ਉਹਦੇ ਨਾਇਕਾਂ ਵਿਚ ਉਹਨਾਂ ਵੀ ਹਿੱਸਾ ਹੈ । ਇਹ

ਸੱਜਨ ਦੇ ਨਿਕੰਮੇ ਮਨ ਵਿਚ ਸ਼ਾਂਤੀ ਭਰਨ ਲਗਾ। ਕੰਨਿਆ ਦੂਰ ਦੇ ਨਾਤੇ ਦਾ ਇਕ ਹੋਰ ਪਰਦਾ ਚੁਕ ਕੇ ਕੋਲ ਆ ਗਈ।

ਕੰਨਿਆ ਬੋਲੀ — "ਸੱਜਨ, ਅੱਜ ਮੈਂ ਦੋ ਘੰਟੇ ਦੀ ਛੁੱਟੀ ਬਿਤਾਉਣ ਦੇ ਮੂਡ ਵਿਚ ਆਈ ਆਂ। ਪਹਿਲਾਂ ਤਾਂ ਕੋਈ ਚੀਜ਼ ਨਾਸ਼ਤੇ ਲਈ ਤਿਆਰ ਕਰਵਾ ਲਈਏ, ਫਿਰ ਘੰਟੇ ਡੇਢ ਘੰਟੇ ਪਿਛੋਂ ਖਾਣਾ ਖਾ ਕੇ ਮੈਂ ਚਲੀ ਜਾਵਾਂਗੀ।"

"ਤਾਂ ਮੰਗਵਾ ਲੈ।"

"ਨਾ-ਅ, ਮੈਂ ਉਦਣ ਤੋਂ ਤੇਰੇ ਨੌਕਰਾਂ ਨੂੰ ਹੁਕਮ ਦੇਣ ਦੀ ਸੌਂਹ ਖਾਧੀ ਏ।"

ਸੱਜਨ ਕਾਹਲੀ ਨਾਲ ਉੱਠਿਆ, ਮੇਜ਼ ਹੇਠਾਂ ਪਲ੍ਹਮਦੀ ਘੰਟੀ ਵਜਾਈ, ਸਵਿੱਚ ਨੱਪਿਆ ਅਤੇ ਕੰਨਿਆ ਵਲ ਵੇਖਦਾ ਬੋਲਿਆ – "ਮੈਂ ਓਹਦੇ ਲਈ —"

ਦਰਵਾਜ਼ਾ ਖੁਲ੍ਹਾ, ਸੰਚਤ ਸਿੰਘ ਤੌਲੀਆ ਮੋਢੇ ਤੇ ਪਾਈ ਸੰਭਲਦਾ ਹੋਇਆ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਗਿਆ।

"ਠਾਕੁਰ, ਅਜ ਤੋਂ ਇਹ ਘਰ ਇਹਨਾਂ ਦਾ ਹੈ; ਮੇਰਾ ਨਹੀਂ — ਹੋਰ ਕਿਸੇ ਦਾ ਵੀ ਨਹੀਂ। ਸਮਝੇ ?" ਸੱਜਨ ਦੇ ਚਿਹਰੇ ਤੇ ਮਸਲਜ਼, ਉਹਦਾ ਸਾਰਾ ਨਾੜੀ-ਮੰਡਲ, ਇਹ ਕਹਿੰਦਿਆਂ ਹੋਇਆਂ ਕਾਂਬੇ ਨਾਲ ਭਰ ਗਿਆ। ਰੱਜੇ ਸ਼ਰਾਬੀ ਵਾਂਗ ਉਹਦਾ ਸਾਰਾ ਸਰੀਰ ਹਿੱਲ ਰਿਹਾ ਸੀ। ਸੱਜਨ ਨੇ ਬੜੀ ਦ੍ਰਿੜ੍ਹਤਾ ਨਾਲ ਆਪਣੇ ਆਪ ਨੂੰ ਕਾਬੂ 'ਚ ਰਖਿਆ, ਭਾਵੇਂ ਭੁੱਲ ਕੇ ਘੰਟੀ ਦਾ ਸਵਿੱਚ ਉਹਦੇ ਹੱਥ ਵਿਚ ਹੀ ਰਹਿ ਗਿਆ ਸੀ ਇਸ ਲਈ ਬਾਹਰ ਦੇਰ ਤਾਈਂ ਵੱਜਦਾ ਰਿਹਾ। ਠਾਕੁਰ ਇਹ ਅਨੁਭਵ ਕਰਕੇ ਵੀ ਕੁਝ ਨਹੀਂ ਕਰ ਸਕਦਾ ਸੀ। ਪਰ ਉਹਦੇ ਚਿਹਰੇ ਦੇ ਭਾਵਾਂ ਕਾਰਨ ਕੰਨਿਆ ਦਾ ਧਿਆਨ ਘੰਟੀ ਦੀ ਆਵਾਜ਼ ਵਲ ਗਿਆ ਅਤੇ ਉਹਨੇ ਸੱਜਨ ਨੂੰ ਹੱਸਦਿਆਂ ਹੋਇਆਂ ਕਿਹਾ — "ਘੰਟੀ ਤੇ ਹੁਣ ਰਹਿਮ ਕਰੋ ਜਨਾਬ।"

ਏਨੀ ਦੇਰ ਵਿਚ ਸਾਹਿਬ ਦੀ ਲੰਬੀ ਘੰਟੀ ਸੁਣ ਕੇ ਛੇ ਨੌਕਰ ਹੋਰ ਆ ਗਏ। ਸੱਜਨ ਨੂੰ ਆਪਣੇ ਗੁਆਚਣ ਤੇ ਹਾਸਾ ਆ ਗਿਆ। ਨੌਕਰਾਂ ਦੀ ਹਾਲਤ ਅਜੀਬ ਹੋ ਗਈ! ਖ਼ੈਰ, ਏਨੀ ਤਸੱਲੀ ਤਾਂ ਸਾਰਿਆਂ ਨੂੰ ਹੈਗੀ ਈ ਸੀ ਕਿ ਉਹਨਾਂ ਦੇ ਸਾਹਬ ਮੁੜ ਕੇ ਆਦਮੀ ਹੋ ਗਏ ਹਨ ਅਤੇ ਏਸ ਘਰ ਵਿਚ ਇਕ ਅਸਲੀ ਘਰ ਵਾਲੀ ਵੀ ਆ ਗਈ ਹੈ। ਸੱਜਨ ਨੇ ਨੌਕਰਾਂ ਨੂੰ ਹੱਸਦਿਆਂ ਹੋਇਆਂ ਕਿਹਾ — "ਖ਼ੈਰ, ਹੁਣ ਆ ਈ ਗਏ ਓ ਤਾਂ ਤੁਹਾਨੂੰ ਬਖਸ਼ੀਸ਼ ਮਿਲੇਗੀ। ਇਸੇ ਮਹੀਨੇ ਸਭ ਨੂੰ ਦੁਗਣੀ ਤਨਖਾਹ ਮਿਲੇਗੀ ਇਨਾਮ ਦੇ ਤੌਰ ਤੇ। ਹੁਣ ਤੋਂ ਇਹਨਾਂ ਦਾ ਹੁਕਮ ਮੰਨਣਾ।"

ਕੰਨਿਆ ਦੇ ਕਾਮਰੇਡੀ ਮਨ ਨੂੰ ਵੀ ਇਹ ਤਮਾਸ਼ਾ ਚੰਗਾ ਨਾ ਲੱਗਾ। ਸੱਜਨ ਏਨੇ ਵਿਚ ਕੰਨਿਆ ਵਲ ਵੇਖਦਾ ਹੋਇਆ ਮੁਸਕਰਾ ਕੇ ਕਹਿਣ ਲੱਗਾ — "ਹੁਣ ਹੁਕਮ ਦਿਉ।"

ਵਨ ਕੰਨਿਆ ਨੂੰ ਜੀਵਨ ਦੇ ਨਵੇਂ ਵਾਤਾਵਰਣ ਵਿਚ ਨਵਾਂ ਕੰਮ ਕਰਦਿਆਂ

ਹੋਇਆਂ ਬੜੀ ਸ਼ਰਮ ਆਈ। ਉਹਦੀਆਂ ਗੱਲ੍ਹਾਂ ਲਾਲ ਹੋ ਗਈਆਂ। ਉਹਨੇ ਸੱਜਨ ਨੂੰ ਕਿਹਾ — "ਕੀ ਤਮਾਸ਼ਾ ਕਰਦੇ ਓ, ਕਹਿ ਦਿਉ।"

ਸੱਜਨ ਸਭਨਾਂ ਸਾਹਮਣੇ ਸਿਰ ਮਾਰ ਕੇ ਜ਼ਿੱਦ ਨਾਲ ਬੋਲਿਆ — "ਕੀ ਨਾਸ਼ਤਾ ਕਰਨਾ ਏਂ ਦੱਸ।"

ਬੜੀ ਮੁਸ਼ਕਿਲ ਨਾਲ ਕੰਨਿਆ ਨੇ ਨੌਕਰਾਂ ਵਲ ਵੇਖਦਿਆਂ ਨਾ ਵੇਖਦਿਆ ਕਿਹਾ — "ਕੁਝ, ਬਸ ਕੁਝ ਵੀ ਨਾਸ਼ਤੇ ਲਈ ਲੈ ਆਓ...ਤੇ..."

"ਮੀਨੂੰ ਹਜ਼ੂਰ।"

ਕੰਨਿਆ ਸੰਕਟ ਵਿਚ ਫਸ ਗਈ — "ਅਜ ਤੁਸੀਂ ਲੋਕ ਆਪਣੀ ਮਰਜ਼ੀ ਦਾ ਖਾਣਾ ਤਿਆਰ ਕਰੋ। ਮੈਂ ਡੇਢ ਵਜੇ ਏਥੋਂ ਜਾਵਾਂਗੀ, ਬਸ, ਇਸ ਗੱਲ ਦਾ ਧਿਆਨ ਰਖਿਓ।"

ਕਮਰਾ ਨੌਕਰਾ ਤੋਂ ਖਾਲੀ ਹੋ ਗਿਆ; ਦੋਵਾ ਨੇ ਦੋਵਾਂ ਨੂੰ ਨਵੀਂ ਨਜ਼ਰ ਨਾਲ ਵੇਖਿਆ। ਸੱਜਨ ਹੁਣ ਵੀ ਆਪਣੇ ਆਪ ਨੂੰ ਪੂਰੀ ਤਰ੍ਹਾ ਸੰਭਾਲ ਨਹੀਂ ਸੀ ਸਕਿਆ, ਫਿਰ ਉਹਨੂੰ ਇਹ ਮਹਿਸੂਸ ਹੋਣ ਲੱਗਾ ਸੀ ਕਿ ਕੰਨਿਆ ਨਾਲ ਆਪਣਾ ਸੰਬੰਧ ਦਸਦਿਆਂ ਹੋਇਆਂ, ਨਵੇਂ ਜੀਵਨ ਵਿਚ ਦਾਖ਼ਲ ਹੁੰਦਿਆਂ ਹੋਇਆ ਉਹਨੂੰ ਕਿਤੇ ਦੁਬਾਰਾ ਟਿਕਾ ਮਿਲ ਰਿਹਾ ਸੀ। ਚਿਤਰਾਂ ਨਾਲ ਆਪਣੇ ਉਲਟ ਹਠ ਦੇ ਪ੍ਰਤੀਕਰਮ ਨਾਲ ਉਹਦੇ ਅੰਦਰਲੀ ਚੇਤਨਾ ਤੇ ਜਿਹੜਾ ਮੋਟਾ ਪੱਥਰੀਲਾ ਪਰਦਾ ਪੈ ਗਿਆ ਸੀ, ਉਹ ਹੁਣ ਹਟ ਰਿਹਾ ਸੀ। ਸੱਜਨ ਮਨ ਵਿਚ ਸੰਤੁਸ਼ਟ ਸੀ। ਸਾਵਧਾਨ ਹੋ ਰਿਹਾ ਸੀ, ਹੌਲੀ ਹੌਲੀ ਰਾਜ਼ੀ ਹੋ ਰਿਹਾ ਸੀ।

ਓਸੇ ਦਿਨ ਰਾਤ ਸੇਠ ਰੂਪ ਰਤਨ ਨੇ ਸਾਲਗਰਾਮ ਅਤੇ ਜਾਨਕੀਸਰਣ ਨਾਲ ਸਮਝੌਤਾ ਕਰਨ ਲਈ ਸੱਜਨ ਅਤੇ ਕਰਨਲ ਨੂੰ ਬੁਲਾਇਆ ਸੀ। ਇਕ ਮਨਿਸਟਰ ਸੱਜਣ ਦੀ ਵੀ ਓਥੇ ਹਾਜ਼ਰ ਹੋਣ ਦੀ ਸੰਭਾਵਨਾ ਸੀ। ਕਰਨਲ ਨੇ ਕਿਹਾ ਕਿ ਇਸ ਮੀਟਿੰਗ ਵਿਚ ਵਨ ਕੰਨਿਆ ਦੀ ਹਾਜ਼ਰੀ ਅਤੇ ਉਹਦੀ ਰਾਏ ਸਭ ਤੋਂ ਵਧ ਜ਼ਰੂਰੀ ਹੈ। ਸੇਠ ਰੂਪ ਰਤਨ ਨੂੰ ਕਰਨਲ ਦੀ ਇਹ ਸ਼ਰਤ ਮੰਨਣੀ ਹੀ ਪਈ।

ਸੱਜਨ ਦਾ ਦਿਨ ਬਹੁਤ ਚੰਗਾ ਬੀਤਿਆ ਸੀ। ਕੰਨਿਆ ਨੇ ਆਪਣੇ ਪਿਛਲੇ ਚੌਹ ਪੰਜਾਂ ਦਿਨਾਂ ਦੇ ਅਨੁਭਵ ਸੁਣਾਏ — ਕਿਵੇਂ ਕਿਵੇਂ ਉਹ ਨੁਮਾਇਸ਼ ਲਈ ਘਰਾਂ ਵਿਚ ਸੱਦਾ ਦੇਣ ਗਈ, ਉਹਨੇ ਏਨਿਆਂ ਘਰਾਂ ਦੀ ਝਲਕ ਵਿਚੋਂ ਕੀ ਕੀ ਲੱਭਿਆ। ਮੇਲੇ ਵਿਚ ਆਉਣ ਵਾਲੀਆਂ ਔਰਤਾਂ ਦੀਆਂ ਗੱਲਾਂ ਅਤੇ ਉਹਨਾਂ ਦੇ ਵਤੀਰੇ ਨਾਲ ਕੰਨਿਆ ਨੂੰ ਕਿੱਦਾਂ ਕਿੱਦਾਂ ਦੇ ਅਨੁਭਵ ਪ੍ਰਾਪਤ ਹੋ ਰਹੇ ਹਨ; ਇਹ ਸਭ ਸੁਣਦਿਆਂ ਸੁਣਦਿਆਂ ਏਹੋ ਜਿਹੀ ਭਰਪੂਰਤਾ ਪੱਸਰੀ ਕਿ ਸੱਜਨ ਨੂੰ ਆਪਣੇ 'ਪਾਪ' ਉੱਤੇ ਪਸ਼ਚਾਤਾਪ ਕਰਨ ਦਾ ਮੌਕਾ ਹੀ ਨਾ ਮਿਲਿਆ। ਕੰਨਿਆ ਕਿੰਨੀ ਉਤਸ਼ਾਹ ਨਾਲ

ਭਰੀ ਹੋਈ ਸੀ, ਸੁਣਾਉਂਦਿਆਂ ਹੋਇਆਂ ਕਿੰਨਾ ਗੁਆਚ ਜਾਂਦੀ ਸੀ। ਉਹ ਜਿੱਦਾਂ ਇਕ ਸੁਪਨੇ ਨੂੰ ਸਾਕਾਰ ਕਰ ਰਹੀ ਸੀ – ਸੱਜਨ ਉੱਤੇ ਉਹਦੀ ਡੂੰਘੀ ਛਾਪ ਲੱਗੀ। ਜਾਣ ਵੇਲੇ ਕੰਨਿਆ ਦੇ ਖੱਬੇ ਹੱਥ ਦੀ ਤੀਜੀ ਉਂਗਲ ਵਿਚ ਇਕ ਹੀਰੇ ਦੀ ਮੁੰਦਰੀ ਫਬ ਰਹੀ ਸੀ। ਦਿਨੇ ਕੰਨਿਆ ਦੇ ਤੁਰ ਜਾਣ ਤੇ ਸੱਜਨ ਬੜੇ ਚਿਰ ਤਕ ਗੁਆਚਿਆ ਬੈਠਾ ਰਿਹਾ। ਉਹਨੂੰ ਬਾਬਾ ਰਾਮ ਜੀ ਦੀ ਯਾਦ ਆਈ, ਜੀ ਝਿਜਕਿਆ, ਫਿਰ ਹਠ ਕਰ ਕੇ ਉਹਨੇ ਜਾਣ ਦਾ ਹੀ ਮਨ ਬਣਾਇਆ।

ਤੀਸਰੇ ਪਹਿਰ ਦੀ ਧੁੱਪ ਗੋਮਤੀ ਦੇ ਕੰਢੇ ਤੇ ਪੱਸਰ ਰਹੀ ਸੀ। ਬਾਬਾ ਜੀ ਦੇ ਪਾਗਲ ਲੰਗੋਟੇ ਬੰਨ੍ਹੀ ਰੇਸ ਲਾ ਰਹੇ ਸਨ। ਬਾਬਾ ਜੀ ਘਾਟ ਦੇ ਦੋ ਛੱਪਰਾਂ ਵਿਚਕਾਰ ਦੇ ਖੁਲ੍ਹੇ ਅਸਮਾਨ ਅਤੇ ਖੁਲ੍ਹੀ ਧਰਤੀ 'ਚ ਖੜੇ ਰੇਸ ਵੇਖ ਰਹੇ ਸਨ।

ਘਾਟ ਤੇ ਪਹੁੰਚ ਕੇ, ਬਾਬਾ ਜੀ ਦੇ ਸਾਹਮਣੇ ਆਉਣ ਵਿਚ ਸੱਜਨ ਨੂੰ ਬੜੀ ਕਠਨਾਈ ਹੋਈ; ਫਿਰ ਉਹ ਅੱਗੇ ਵਧ ਕੇ ਚਲਿਆ ਗਿਆ। ਬਾਬਾ ਰਾਮ ਜੀ ਨੇ ਉਹਨੂੰ ਵੇਖਿਆ। ਪੋਪਲੇ ਮੂੰਹ ਨਾਲ ਖਿੜਦਿਆਂ ਹੋਇਆਂ ਦੋਵੇਂ ਬਾਹਾਂ ਪਸਾਰ ਦਿੱਤੀਆਂ। ਉਹਦੇ ਪੈਰ ਛੁਹਣ ਤੋਂ ਪਹਿਲਾ ਹੀ ਉਠਾ ਕੇ ਉਹਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। "ਸਾਨੂੰ ਏਸ ਵੇਲੇ ਕਰੋੜਾਂ ਰੁਪਿਆ ਮਿਲ ਗਿਆ ਏ ਰਾਮ ਜੀ। ਤੁਸਾਂ ਸਾਥੋਂ ਬੜੀ ਪਰਤੀਛਾ ਕਰਵਾਈ।"

ਪਾਗਲਾਂ ਦੀ ਕਸਰਤ, ਪ੍ਰਾਰਥਨਾ ਅਤੇ ਉਹਨਾ ਨੂੰ ਸਰਪਗੰਧਾ ਬੂਟੀ ਪਿਆਉਣ ਦਾ ਕੰਮ ਪੂਰਾ ਕਰਨ ਪਿਛੋਂ ਬਾਬਾ ਜੀ ਨੇ ਨਿਸ਼ਚਿੰਤ ਹੋ ਕੇ ਸੱਜਨ ਨਾਲ ਗੱਲਾਂ ਕੀਤੀਆਂ। ਬੜੇ ਚਿਰ ਤਕ ਗੱਲਾਂ ਹੋਈਆਂ। ਕਿਹਾ — "ਰਾਮ ਜੀ ਪਛਤਾਏ ਨਾਲੋਂ ਵੱਡਾ ਨਿਕੰਮਾ ਨਸ਼ਾ ਕੋਈ ਨਹੀਂ। ਇਹ ਕਿਉਂ ਨਹੀਂ ਸੋਚਦੇ ਕਿ ਤੁਹਾਨੂੰ ਇਕ ਤਰ੍ਹਾਂ ਦਾ ਅਨੁਭਵ ਹੱਥ ਲੱਗਾ। ਹੁਣ ਉਸ ਅਨੁਭਵ ਤੋਂ ਲਾਭ ਉਠਾਓ। ਦੁਖ ਕਿਸ ਗੱਲ ਦਾ ਕਰਦੇ ਓ। ਬੀਤੀ ਤਾਹਿ ਬਿਸਾਰਿ ਦੇ ਆਗੇ ਕੀ ਸੁਧਿ ਲੇਇ।"

ਤੁਰਦਿਆਂ ਹੋਇਆਂ ਬਾਬਾ ਜੀ ਨੇ ਉਹਨੂੰ ਕਿਹਾ ਸੀ – "ਰਾਮ ਜੀ, ਕੋਈ ਕੁਝ ਕਹੇ, ਪਰ ਮੈਂ ਇਸ ਜਗਤ ਨੂੰ ਆਇਆ-ਮਿਥਿਆ ਕੁੜ ਵੀ ਨਹੀਂ ਮੰਨਦਾ। ਪਰ ਭਗਵਾਨ ਸੱਤਯ ਹੈ ਤਾਂ ਭਗਵਾਨ ਦੀ ਬਣਾਈ ਸ੍ਰਿਸ਼ਟੀ ਵੀ ਸੱਤਯ ਹੈ। ਔਰ ਜਦ ਸੱਤਯ ਹੈ ਤਾਂ ਉਸ ਨੂੰ ਖੁਲ੍ਹ ਕੇ ਭੋਗੋ। ਜਿਥੇ ਅਸੱਤਯ ਮਿਲੇ ਓਸ ਨਾਲ ਜੰਮ ਕੇ ਜੁੱਧ ਕਰੋ।"

"ਇੰਜ ਹੀ ਹੋਏਗਾ।" ਸੱਜਨ ਨੇ ਬਾਬਾ ਜੀ ਦੇ ਚਰਨ ਛੋਹ ਕੇ ਨਿਸ਼ਚਾ ਕੀਤਾ। ਉਹਦਾ ਮਨ ਬਿਲਕੁਲ ਹੋਲਾ ਹੋ ਚੁਕਾ ਸੀ. ਉਹ ਆਪਣੇ ਮਨ ਦਾ ਸਾਰਾ ਵਿਕਾਰ ਆਖ ਕੇ ਧੋ ਚੁਕਾ ਸੀ। ਉਹਨੂੰ ਰਾਹ ਮਿਲ ਗਿਆ ਸੀ। ਚਿਤਰਾਂ ਦੇ ਬਾਰੇ ਬਾਬਾ ਜੀ ਨੇ ਸਲਾਹ ਦਿੱਤੀ ਸੀ — "ਉਹਦਾ ਜਾਂ ਤਾਂ ਕਿਤੇ ਚੰਗੀ ਜਗ੍ਹਾ ਵਿਆਹ ਕਰਾ ਦਿਉ ਜਾਂ ਜੇਕਰ ਕੋਈ ਕੰਮ ਕਰੇ ਤਾਂ ਓਸ ਕੋਲੋਂ ਕੋਈ ਕੰਮ ਕਰਾਓ ਔਰ ਭਰਨ-ਪੋਸਣ ਦਾ

ਖ਼ਰਚਾ ਦਿਓ। ਕੰਮ ਨਾ ਕਰੇ ਤਾਂ ਕੁਝ ਵੀ ਨਾ ਦਿਓ। ਨਿਕੰਮੇ ਦੇ ਪ੍ਰਤੀ ਦਇਆ ਕਰਨਾ ਅਮਾਨੁਸਿਕਤਾ ਹੈ ਰਾਮ ਜੀ!"

ਸੱਜਨ ਸ਼ਾਮ ਵੇਲੇ ਤਾਈ ਦੀ ਹਵੇਲੀ ਤੇ ਗਿਆ। ਹਵੇਲੀ ਦੇ ਅੰਦਰ ਔਰਤਾਂ ਦਾ ਪ੍ਰਬੰਧ ਹੋਣ ਕਾਰਨ ਕਰਨਲ ਵਰਮਾ ਦੇ ਘਰ ਦੀ ਦਹਿਲੀਜ਼ ਵਿਚ ਕੁਰਸੀ ਡਾਹ ਕੇ ਬੈਠਾ ਰਹਿੰਦਾ ਸੀ। ਸੱਜਨ ਵੀ ਉਥੇ ਬੈਠਾ ਰਿਹਾ। ਗਲੀ 'ਚੋਂ ਔਰਤਾਂ ਅਤੇ ਲੜਕੇ-ਲੜਕੀਆਂ ਦੇ ਝੁੰਡ ਰੌਲਾ ਪਾਉਂਦੇ ਆ ਜਾ ਰਹੇ ਸਨ। ਕਰਨਲ ਨੇ ਸੱਜਨ ਨੂੰ ਦੱਸਿਆ ਕਿ ਮੇਲਾ ਬੜੀ ਸ਼ਾਨ ਨਾਲ ਚਲ ਰਿਹਾ ਸੀ। ਕੰਨਿਆ ਬੜੀ ਖ਼ੂਬੀ ਨਾਲ ਸਾਰੇ ਕਾਰ-ਵਿਹਾਰ ਨੂੰ ਚਲਾ ਰਹੀ ਸੀ। ਨੁਮਾਇਸ਼ ਵਿਚ ਬਹੁਤ ਸਾਰੀਆਂ ਕੱਢੀਆਂ ਹੋਈਆਂ ਚਾਦਰਾਂ ਅਤੇ ਸਿਰਹਾਣੇ, ਗਲਾਫ਼ ਅਤੇ ਰੁਮਾਲ ਆਦਿ ਵਿਕੇ ਵੀ ਹਨ। ਔਰਤਾਂ ਨੇ ਚਾਹ, ਪਾਨ, ਚਾਟ ਅਤੇ ਮੂੰਗਫਲੀ ਦੀਆ ਦੁਕਾਨਾਂ ਵੀ ਲਾਈਆਂ ਹੋਈਆਂ ਸਨ। ਕੰਨਿਆ ਕਈਆਂ ਮੁਟਿਆਰਾਂ ਦੀ ਹੀਰੋਇਨ ਬਣ ਗਈ ਹੈ। ਦਸ ਲੜਕੀਆਂ ਲਗਾਤਾਰ ਜੂਠੇ ਪੱਤੇ ਆਦਿ ਸੁੱਟਣ ਦਾ ਕੰਮ ਸੰਭਾਲਦੀਆਂ ਹਨ। ਇਕ ਬੰਦ ਜਗ੍ਹਾ ਵਿਚ ਏਨੀ ਭੀੜ — ਅਸੰਜਮੀ ਭੀੜ ਦੇ ਰਹਿੰਦਿਆਂ ਹੋਇਆਂ ਵੀ ਗੰਦਗੀ ਦਾ ਨਾਮ ਤਕ ਨਹੀਂ ਰਹਿੰਦਾ। ਲੜਕੀਆ ਦੇ ਨਾਚ-ਗੀਤ ਅਤੇ ਛੋਟੇ-ਛੋਟੇ ਨਾਟਕਾਂ ਦੇ ਪ੍ਰਬੰਧ ਖ਼ੂਬ ਜੰਮ ਰਹੇ ਸਨ। ਨੁਮਾਇਸ਼ ਦੀ ਵਿਕਰੀ ਨਾਲ ਵੀ ਬਹੁਤਿਆਂ ਨੂੰ ਉਤਸ਼ਾਹ ਮਿਲਿਆ ਸੀ। ਕਰਨਲ ਨੇ ਉਤਸ਼ਾਹ ਨਾਲ ਦੱਸਿਆ ਕਿ ਬਹੁਤ ਛੇਤੀ ਹੀ ਇਕ ਐਸਾ ਹੀ ਪ੍ਰਬੰਧ ਉਹ ਅਮੀਨਾਬਾਦ ਵਿਚ ਵੀ ਕਰੇਗਾ। ਜਿਹੜੀਆਂ ਔਰਤਾਂ ਵਿਚਾਰੀਆਂ ਘੁਟਿਆ-ਘੁਟਿਆ ਜੀਵਨ ਬਿਤਾਉਣ ਲਈ ਮਜਬੂਰ ਹਨ ਉਹਨਾਂ ਨੂੰ ਏਸ ਤਰ੍ਹਾਂ ਦੇ ਕੰਮਾਂ ਨਾਲ ਬੜੀ ਸ਼ਾਂਤੀ ਮਿਲਦੀ ਹੈ। ਉਹਨਾਂ ਵਿਚ ਇਕ ਨਵੀਂ ਉਮੰਗ ਜਾਗਦੀ ਹੈ। ਸੱਜਨ ਬੜੀ ਤਸੱਲੀ ਨਾਲ ਇਹ ਸਭ ਕੁਝ ਸੁਣ ਰਿਹਾ ਸੀ।

ਉਹਨੇ ਕੰਨਿਆ ਨਾਲ ਵਿਆਹ ਸੰਬੰਧੀ ਵੀ ਗੱਲਾਂ ਕੀਤੀਆਂ। ਕਰਨਲ ਨੇ ਪੰਡਤ ਸ਼ਿਵਨਾਥ ਸ਼ਾਸਤਰੀ ਤੋਂ ਮਹੂਰਤ ਪੁੱਛ ਕੇ ਏਸੇ ਸਾਹੇ ਵਿਚ ਵਿਆਹ ਕਰਾ ਦੇਣ ਦੀ ਗੱਲ ਕਹੀ।

ਅੱਠ ਵਜੇ ਜਦ ਕਰਨਲ ਅਤੇ ਸੱਜਨ ਹਵੇਲੀ ਵਿਚ ਗਏ; ਉਹਨਾਂ ਨੂੰ ਕੰਨਿਆ ਮਿਲੀ — ਸਭਨਾਂ ਦਾ ਜੀਵਨ ਬਦਲ ਚੁਕਿਆ ਸੀ। ਰਾਤ ਨੂੰ ਸੇਠ ਰੂਪ ਰਤਨ ਦੇ ਘਰ ਕਰਨਲ, ਸੱਜਨ, ਬਾਊ ਸਾਲਗ ਰਾਮ ਅਤੇ ਇਕ ਮਨਿਸਟਰ ਹਾਜ਼ਰ ਸਨ। ਸੇਠ ਰੂਪ ਰਤਨ ਇਸ ਵਾਰ ਚੋਣਾਂ ਲਈ ਖੜਾ ਨਹੀਂ ਹੋਇਆ। ਉਹ ਆਪਣਾ ਬਿਜ਼ਨਸ ਵਧਾਉਣ ਲਈ ਇਸ ਸਾਲ ਅਮਰੀਕਾ ਜਾ ਕੇ ਕੁਝ ਨਵੀਆਂ ਮਸ਼ੀਨਾਂ ਦੀ ਏਜੰਸੀ ਲਿਆਉਣਾ ਚਾਹੁੰਦਾ ਹੈ।

ਇਸ ਲਈ ਉਹ ਵੀ ਇਸ ਵੇਲੇ ਆਪਣੇ ਆਪ ਨੂੰ ਨਿਰਲੇਪ ਪਾਰਟੀ ਹੋਣ ਦਾ

ਐਲਾਨ ਕਰ ਰਿਹਾ ਹੈ ।

ਮਨਿਸਟਰ ਸਾਹਿਬ ਬੋਲੇ – "ਕਰਨਲ ਸਾਹਿਬ ਤੁਸਾਂ ਲੋਕਾਂ ਤੋਂ ਇਹ ਉਮੀਦ ਨਹੀਂ ਸੀ ।"

ਰੂਪ ਰਤਨ ਬੋਲਿਆ — "ਬਈ, ਚੋਣਾਂ ਤਾਂ ਚੌਂਹ ਦਿਨਾਂ ਦੀ ਗੱਲ ਏ, ਆਪਸਦਾਰੀ ਤਾਂ ਕੁਝ ਲਿਹਾਜ਼ ਰੱਖ ਦਿਓ ਘਟੋ ਘਟ —"

"ਛੇੜ ਤੇ ਤੁਸਾਂ ਈ ਸ਼ੁਰੂ ਕੀਤੀ । ਹਵਾਈ ਜਹਾਜ਼ ਉਡਾ ਦਿਤਾ —" ਬਾਊ ਸਾਲਗਰਾਮ ਨੇ ਕਿਹਾ ।

"ਅਸਾਂ ਇਕ ਅਨਿਆਂ ਵਿਰੁੱਧ ਅਵਾਜ਼ ਉਠਾਈ ਸੀ ।"

ਰੂਪ ਰਤਨ ਬੋਲਿਆ — "ਤੇ ਬਈ ਅਸੀਂ ਲੋਕ ਤਾਂ ਸਾਂ, ਤੂੰ, ਸੱਜਨ ਜਾਂ ਮਹੀਪਾਲ ਕੋਈ ਵੀ ਆ ਕੇ ਮੈਨੂੰ ਕਹਿੰਦਾ ਤਾਂ ਮੈਂ ਸਭ ਠੀਕ ਕਰਾ ਦੇਂਦਾ ।"

"ਓ ਜੀ ਸਭ ਕਹਿਣ ਦੀਆਂ ਗੱਲਾਂ ਨੇ । ਮੈਂ ਤਾਂ ਐਲਾਨੀਆ ਕਹਿੰਦਾਂ ਕਿ ਸਾਲਗਰਾਮ ਨੇ ਆਪਣੀ ਇਲੈਕਸ਼ਨੀ ਚਾਲ ਲਈ ਇਕ ਔਰਤ ਦੀ ਜਾਨ ਲੈ ਲਈ ।"

"ਖ਼ੂਬ ਹੁਣ ਇਹ ਵੀ ਕਹੋਗੇ ਕਰਨਲ ਸਾਹਿਬ !" ਬਾਊ ਸਾਲਗਰਾਮ ਆਪਣੀ ਪਲੱਸਤਰ ਚੜ੍ਹੀ ਲੱਤ ਤੇ ਹੱਥ ਫੇਰਦਿਆਂ ਬੋਲਿਆ — "ਮੇਰੇ ਨਾਲ ਤਾਂ ਕੋਈ ਓਸ ਗੱਲ ਦਾ ਕੋਈ ਮਤਲਬ ਈ ਨਹੀਂ ਸੀ । ਪੁਲਸ ਨੇ —"

"ਖ਼ੈਰ, ਇਹ ਉਲਟੀ ਰਾਮਾਇਣ ਮੈਨੂੰ ਤਾਂ ਨਾ ਪੜ੍ਹਾਓ ਨੇਤਾ ਜੀ, ਤੁਹਾਡੀ ਲੋਕਾਂ ਦੀ ਸੁਹਬਤ ਵਿਚ ਮੈਂ ਵੀ ਇਹ ਕੁਝ ਸਿੱਖਿਆ ਏ ।"

"ਅੱਛਾ ਖ਼ੈਰ, ਛੱਡੋ ਇਹਨਾਂ ਸਭ ਗੱਲਾਂ ਨੂੰ । ਗੱਲ ਆਈ ਗਈ ਕਰੋ !" ਮਨਿਸਟਰ ਸਾਹਿਬ ਕਾਜੂ ਠੂੰਗਦੇ ਹੋਏ ਬੋਲੇ । "ਇਸ ਗੱਲ ਦਾ ਖਿਆਲ ਤੁਹਾਨੂੰ ਜ਼ਰੂਰ ਰਖਣਾ ਚਾਹੀਦਾ ਏ, ਭਾਵੇਂ ਚੰਗੀ ਏ ਜਾਂ ਬੁਰੀ, ਦੇਸ਼ ਨੂੰ ਸੰਭਾਲਣ ਵਾਲੀ ਇਕੋ ਇਕ ਕੌਮੀ ਜਮਾਤ ਏ । ਇਸ ਵੇਲੇ ਕਾਂਗਰਸ ਨੂੰ ਨੁਕਸਾਨ ਪਹੁੰਚਾਣਾ ਦੇਸ਼ ਨਾਲ ਗਦਾਰੀ ਕਰਨਾ ਏਂ ।"

"ਜੀ, ਏਸੇ ਤਰ੍ਹਾਂ ਮੈਂ ਵੀ ਸਮਝਦਾਂ, ਔਰਤਾਂ ਨਾਲ ਅਨਿਆਂ ਕਰਨਾ ਮਾਨਵਤਾ ਨਾਲ ਘੋਰ ਗੱਦਾਰੀ ਏ ।"

"ਤਾਂ ਤੁਸੀਂ ਸ਼ਾਇਦ ਕਮਿਊਨਿਸਟ ਪਾਰਟੀ —"

"ਤੁਸੀਂ ਪਾਰਟੀਆਂ ਦੀ ਨਜ਼ਰ ਨਾਲ ਕਿਉਂ ਵੇਖਦੇ ਓ, ਮੇਰੀ ਭਾਬੀ ਕਿਸੇ ਪਾਰਟੀ ਦੀ ਨਹੀਂ ਸੀ ਤੇ ਮੇਰੇ ਪਿਤਾ ਜੀ ਕਦੇ ਕਾਂਗਰਸ ਦੇ ਸਮਰਥਕ ਨਹੀਂ ਰਹੇ । ਉਹਨਾਂ ਨੂੰ ਅਪਰਾਧ ਵਿਚ ਫਸਣ ਤੋਂ ਬਚਾਉਣ ਲਈ ਤੁਸੀਂ ਕਦੇ ਦਿਲਚਸਪੀ ਨਾ ਲੈਂਦੇ, ਜੇਕਰ ਘਰ ਇਪਟਾਂ ਦੀਆਂ ਰੀਹਰਸਲਾਂ ਨਾ ਚਲ ਰਹੀਆਂ ਹੁੰਦੀਆਂ — ।"

"ਅੱਛਾ — ਆ ! ਖ਼ੈਰ, ਹੁਣ ਬੀਤੀਆਂ ਗੱਲਾਂ ਨਾਲ ਕੋਈ ਵਾਸਤਾ ਨਹੀਂ ।"

"ਵਾਸਤਾ ਕਿਉਂ ਨਹੀਂ ? ਸਾਰੀ ਗੱਲ ਈ ਓਥੋਂ ਸ਼ੁਰੂ ਹੋਈ ਏ।..."

"ਤੂੰ ਵੀ ਹੁਣ ਪੱਕਾ ਕਮਿਊਨਿਸਟ ਹੋ ਗਿਆ ਏਂ, ਕਰਨਲ !"

"ਯ ਰ, ਤੂੰ ਤਾਂ ਇਸ ਤਰ੍ਹਾਂ ਕਹਿ ਰਿਹਾ ਏਂ ਜਿਵੇਂ ਇਹ ਸ਼ਬਦ ਕੋਈ ਗਾਲ੍ਹ ਹੋਏ।" ਸੱਜਨ ਨੇ ਸੇਠ ਰੂਪ ਰਤਨ ਦੀ ਗੱਲ ਟੋਕੀ।

"ਖ਼ੈਰ, ਬੋਲਿਆ ਤਾਂ ਹੈ —" ਮਨਿਸਟਰ ਸਾਹਿਬ ਨੇ ਹੱਸਦਿਆਂ ਹੋਇਆਂ ਕਿਹਾ — 'ਮੈਂ ਤਾਂ ਸਮਝਿਆ ਕਿ ਸਾਡੇ ਸੱਜਨ ਸਾਹਿਬ ਤਸਵੀਰਾਂ ਬਣਾਉਂਦੇ ਬਣਾਉਂਦੇ ਆਪ ਵੀ ਕਿਸੇ ਦੀ ਬਣਾਈ ਹੋਈ ਤਸਵੀਰ ਹੋ ਗਏ ਨੇ।" ਮਨਿਸਟਰ ਸਾਹਿਬ ਦੇ ਏਸ ਮਜ਼ਾਕ ਤੇ ਰੂਪ ਰਤਨ, ਸਾਲਗਰਾਮ ਆਦਿ ਹੱਸ ਪਏ। ਮਨਿਸਟਰ ਸਾਹਿਬ ਨੇ ਏਸ ਹਾਸੇ ਵਿਚ ਹੀ ਅਗਾਂਹ ਆਪਣੀ ਗੱਲ ਜੋੜਦਿਆਂ ਹੋਇਆਂ ਕਿਹਾ — "ਵਨ ਕੰਨਿਆ ਜੀ, ਮੈਂ ਤੁਹਾਨੂੰ ਤੇ ਤੁਹਾਡੀ ਪਾਰਟੀ ਨੂੰ ਵਧਾਈ ਦੇਂਦਾ ਆਂ ਜਿਹੜੀ ਸਾਡੇ ਇਹਨਾਂ ਪੁਰਾਣੇ ਦੋਸਤਾਂ ਨੂੰ ਸਾਥੋਂ ਏਨੀ ਛੇਤੀ ਖੋਹ ਕੇ ਲੈ ਗਈ।"

ਕੰਨਿਆ ਝੱਟ ਬੋਲੀ — "ਵਧਾਈ ਤੁਹਾਨੂੰ ਹੋਏ ਜੋ ਲੋਕਾਂ ਨੂੰ ਇੰਜ ਖੋਹੇ ਜਾਣ ਦਾ ਮੌਕਾ ਦੇ ਰਹੇ ਓ। ਉਂਜ ਜਾਣਕਾਰੀ ਵਜੋਂ ਦਸ ਦਿਆਂ ਕਿ ਕਮਿਊਨਿਸਟ ਪਾਰਟੀ ਦੀ ਨਾ ਤੇ ਮੈਂਬਰ ਆਂ ਤੇ ਨਾ ਮੈਨੂੰ ਉਹਨਾਂ ਲੋਕਾਂ ਨੇ ਜਾਸੂਸ ਬਣਾ ਕੇ ਇਹਨਾਂ ਲੋਕਾਂ ਨੂੰ ਖੋਹਣ ਲਈ ਹੀ ਲਾਇਆ ਏ।" ਕਹਿੰਦਿਆਂ ਕਹਿੰਦਿਆਂ ਕੰਨਿਆ ਦੇ ਚਿਹਰੇ ਤੇ ਗੁੱਸਾ ਆ ਗਿਆ।

ਮਨਿਸਟਰ ਸਾਹਿਬ ਜ਼ਰਾ ਗੰਭੀਰ ਹੋ ਗਏ, ਦੂਸਰੇ ਲੋਕ ਸਹਿਮ ਕੇ ਉਹਨਾਂ ਦਾ ਮੂੰਹ ਵੇਖਣ ਲੱਗੇ। ਕਰਨਲ ਨੇ ਹੱਸ ਕੇ ਕਿਹਾ — "ਹੋਰ ਕੁਝ ਸੁਣਨਾ ਹੈ ?"

"ਨਹੀਂ, ਮੈਂ ਕਿਸੇ ਨੂੰ ਸੁਣਾਉਣ ਲਈ ਜਾਂ ਨੀਵਾਂ ਵਿਖਾਉਣ ਲਈ ਇਹ ਗੱਲ ਨਹੀਂ ਕਹੀ।" ਕੰਨਿਆ ਬੋਲੀ — "ਹਾਂ ਮੈਨੂੰ ਭੈੜਾ ਜ਼ਰੂਰ ਲੱਗਾ ਸੀ।"

ਸੱਜਨ ਨੇ ਕੰਨਿਆ ਦੀ ਗੱਲ ਵਿਚ ਗੱਲ ਜੋੜਦਿਆਂ ਹੋਇਆਂ ਕੰਨਿਆ ਵਲ ਵੇਖ ਕੇ ਕਿਹਾ — "ਇਹਨੂੰ ਰੱਜ ਰੱਜ ਸੁਣਾ। ਮਨਿਸਟਰ ਹੋ ਗਿਆ ਏ ਤਾਂ ਕੀ ਹੋਇਆ, ਪੁਰਾਣਾ ਦੋਸਤ ਹੈ।"

"ਹਾ-ਹਾ-ਹਾ !" ਮਨਿਸਟਰ ਸਾਹਿਬ ਖਿੜਖਿੜਾ ਕੇ ਸੱਜਨ ਦੀ ਗੱਲ ਦੀ ਹਾਮੀ — ਭਰਨ ਲਈ ਉਤਸ਼ਾਹਤ ਹੋਏ।

ਸੇਠ ਰੂਪ ਰਤਨ ਨੂੰ ਵੀ ਇਹ ਮੌਕਾ ਹੱਥੋਂ ਨਾ ਜਾਣ ਦੇਣ ਲਈ ਉਤਸ਼ਾਹ ਜਾਗਿਆ, ਹਿਣ-ਹਿਨਾਉਣ ਦੇ ਦੌਰੇ ਨਾਲ ਉਹਦੇ ਨਾਲ ਉਹਦੇ ਮੰਹ 'ਚੋਂ ਪ੍ਰੇਮ ਦੇ ਬੁਲਬੁਲੇ ਫੁੱਟਣ ਲੱਗੇ, ਬੋਲੇ — "ਲਓ ਜੀ, ਮੁੱਦਤਾਂ ਹੋ ਗਈਆਂ ਨੇ ਸਾਡੀ ਇਹਨਾਂ ਦੀ ਜਾਣ-ਪਹਿਚਾਣ ਨੂੰ ! ਯਰਾਨਾ ਉਦੋਂ ਤੋਂ ਹੋਇਆ ਜਦੋਂ ਸਾਡਾ ਤੇ ਮਹੀਪਾਲ ਦਾ ਮੇਲ ਹੋਇਆ।"

ਮਨਿਸਟਰ ਸਾਹਿਬ ਦੇ ਯਾਰ ਨੂੰ ਆਪਣਾ ਪੁੱਤਰ ਬਣਾਉਣ ਤੋਂ ਲਾਲਾ ਜਾਨਕੀ-ਸ਼ਰਣ ਵੀ ਨਾ ਉੱਕਿਆ, ਬਾਊ ਸਾਲਗਰਾਮ ਨੇ ਵੀ ਪਾਰਟੀ ਦੀ ਪੂਰੀ ਜਾਣਕਾਰੀ ਦੇ ਕੇ ਖੁਸ਼ਾਮਦ ਦੀ ਕਲਾ ਨੂੰ ਚਾਰੇ ਚੰਨ ਲਾ ਦਿਤੇ। ਮਨਿਸਟਰ ਸਾਹਿਬ ਹੱਸਦੇ ਹੋਏ ਉੱਠ ਪਏ। ਸਭਨਾਂ ਨੇ ਆਪਣੀਆਂ ਆਪਣੀਆਂ ਕੁਰਸੀਆਂ ਛੱਡ ਦਿਤੀਆਂ। ਬਾਊ ਸਾਲਗਰਾਮ ਨੇ ਵੀ ਕੁਰਸੀ ਦੀਆਂ ਬਾਹੀਆਂ ਤੇ ਹੱਥ ਰਖ ਕੇ ਉੱਠਣ ਦਾ ਇਸ਼ਾਰਾ ਜਿਹਾ ਕੀਤਾ। ਮਨਿਸਟਰ ਸਾਹਿਬ ਉਹਦੇ ਵਲ ਵੇਂਹਦੇ ਹੋਏ ਬੋਲੇ — "ਸਾਲਗਰਾਮ ਹੁਣ ਸਭ ਕੁਝ ਠੀਕ ਹੋ ਗਿਆ ਏ ! ਕਰਨਲ, ਤੇਰੇ ਮੀਨਾ ਬਾਜ਼ਾਰ ਵਿਚ ਕਾਂਗਰਸ ਦੀ ਕੁਝ ਪਬਲਿਸਿਟੀ ਹੋਣੀ ਚਾਹੀਦੀ ਹੈ, ਅਜ ਸ਼ਾਮ ਨੂੰ ਈ ਕੁਝ ਪੋਸਟਰ ਆਦਿ ਭਿਜਵਾ ਦਿਤੇ ਜਾਣਗੇ।"

"ਵੇਖੋ, ਮੈਂ ਇਕ ਸਿਧਾਂਤ ਦੀ ਗੱਲ ਕਹਿੰਦੀ ਆਂ, ਉਹਨੂੰ ਪਾਰਟੀਜ਼ਨ ਸਪਿਰਟ ਵਿਚ ਨਾ ਲਓ।"

"ਹਾਂ, ਮੈਂ ਤੇਰੀ ਇਸ ਗੱਲ ਨਾਲ ਸਹਿਮਤ ਆਂ ਕੰਨਿਆ। ਇਸ ਸੰਸਕਿਰਤਕ ਮੇਲੇ ਨੂੰ ਪਾਲਿਟਿਕਸ ਲਈ ਨਹੀਂ ਵਰਤਿਆ ਜਾਣਾ ਚਾਹੀਦਾ।"

ਮਨਿਸਟਰ ਸਾਹਿਬ ਸੱਜਨ ਅਤੇ ਕੰਨਿਆ ਵਲ ਵੇਖ ਕੇ ਸੱਜਨ ਨੂੰ ਕਹਿਣ ਲੱਗੇ — "ਜਾਪਦੈ ਤੁਸੀਂ ਇਕ ਦੂਜੇ ਦੇ ਪੂਰਕ ਹੋ ਗਏ ਹੋ ! ਸ਼ਾਦੀ ਕਦ ਕਰ ਰਹੇ ਓ ?"

ਲਾਲਾ ਜਾਨਕੀਸ਼ਰਣ ਅਤੇ ਪਿਛੋਂ ਰੂਪ ਰਤਨ ਵੀ ਵਾਰੀ ਵਾਰੀ ਹੱਸ ਪਏ ਜਿਵੇਂ ਮਨਿਸਟਰ ਸਾਹਿਬ ਨੇ ਇਹ ਮਜ਼ਾਕ ਕੀਤਾ ਹੋਏ। ਏਸ ਹਾਸੇ ਨਾਲ ਮਨਿਸਟਰ ਸਾਹਿਬ ਨੇ ਵੀ ਆਪਣੀ ਗੱਲ ਦੇ ਮਜ਼ਾਕ ਦਾ ਮੁੱਲ ਸਮਝਿਆ ਅਤੇ ਮੁਸਕ੍ਰਾ ਪਏ। ਕਰਨਲ ਨੇ ਕਿਹਾ — "ਬਸ, ਹੁਣ ਉਹਦੇ ਵਿਚ ਵੀ ਦੇਰ ਨਹੀਂ ਏਂ, ਕਿਸੇ ਦਿਨ ਜਲਦੀ ਈ ਤੁਸਾਂ ਲੋਕਾਂ ਦੀ ਸੇਵਾ ਵਿਚ ਨਗੀਨ ਚੰਦ ਵੱਲੋਂ ਇਨਵੀਟੇਸ਼ਨ ਕਾਰਡ ਮਿਲੇਗਾ।"

"ਅੱਛਾ ਬੜੀ ਖੁਸ਼ੀ ਦੀ ਗੱਲ ਏ, ਮੈਂ ਤੁਹਾਨੂੰ ਦੋਵਾਂ ਨੂੰ ਬਹੁਤ ਬਹੁਤ ਵਧਾਈ ਦੇਂਦਾ ਆਂ !" ਮਨਿਸਟਰ ਸਾਹਿਬ ਨੇ ਹੱਸ ਕੇ ਸੱਜਨ ਨਾਲ ਹੱਥ ਮਿਲਾਉਂਦਿਆਂ ਹੋਇਆਂ ਕਿਹਾ, ਫਿਰ ਚਲੇ ਗਏ। ਕਈਆਂ ਦਿਨਾਂ ਦਾ ਤਣਾਅ ਵਾਲਾ ਵਾਤਾਵਰਣ ਇੰਜ ਹੌਲਾ ਹੋਇਆ।

34

ਵਰਮਾ ਦੇ ਘਰ ਦੀ ਦਹਿਲੀਜ਼ ਵਿਚ ਇਕ ਲੰਮੀ ਬੈਂਚ ਅਤੇ ਦੋ ਕੁਰਸੀਆਂ ਤੇ, ਵਰਮਾ, ਸ਼ੰਕਰ ਲਾਲ, ਸੱਜਨ, ਕਰਨਲ ਅਤੇ ਮਹੀਪਾਲ ਬੈਠੇ ਹੋਏ ਸਨ। ਮਹੀਪਾਲ

ਅਜ ਸਵੇਰ ਤੋਂ ਈ ਆਪਣੇ ਨਾਨਕਿਆਂ ਤੋਂ ਪਰਤਿਆ ਸੀ। ਵਰਮੇ ਦੇ ਲੜਕੇ ਦੀ ਛੁੱਟੀ ਕਾਰਨ ਤਾਈ ਵਲੋਂ ਹੋਣ ਵਾਲੀ ਦਾਅਵਤ ਵਿਚ ਸੱਜਨ ਦੇ ਮਿੱਤਰ ਹੋਣ ਦੇ ਨਾਤੇ ਕਰਨਲ ਦਾ ਸੱਦਾ ਮਿਲਣ ਤੇ ਏਥੇ ਆਇਆ ਸੀ । ਰੋਟੀ ਪਿਛੋਂ ਸਭ ਜਣੇ ਬੈਠੇ ਸਨ। ਬ੍ਰਹਮਭੋਜ ਹੋ ਚੁਕਾ ਸੀ, ਜ਼ਨਾਨੀਆਂ ਦਾ ਖਾਣ ਪੀਣ ਚਲ ਰਿਹਾ ਸੀ । ਅੰਦਰੋਂ ਢੋਲਕੀ ਦੇ ਗੀਤ ਸੁਣ ਰਹੇ ਸਨ —

ਜੀਆ ਜਲ ਭੁਨ ਜਾਏ,
ਰਾਜਾ ਚਲੇ ਚਾਕਰੀਆ ।
ਸਾਸ ਕੋ ਲਾਏ ਲੋਟਾ, ਨਨਦੀ ਕੋ ਲਾਏ ਲੁਟੀਆ,
ਹਾਏ ਜੀਆ ਜਲ ਭੁਨ ਜਾਏ,
ਹਮਕੋ ਲਾਏ ਮਟੁਕੀਆ

ਸਿਰਹਾਣੇ ਦੇ ਸਹਾਰੇ ਅੱਧ ਲੇਟਿਆ ਹੋਇਆ ਮਹੀਪਾਲ ਗੋਡਿਆਂ ਉੱਤੇ ਰੱਖੇ ਅਜੰਤਾ ਰੇਡੀਓ ਇੰਜੀਨੀਅਰਿੰਗ ਵਰਕਸ ਦੇ ਲੈਟਰਪੈਡ ਤੇ ਚਿਰ ਤੋਂ ਇਹਨਾਂ ਗੀਤਾ ਨੂੰ ਲਿਖ ਰਿਹਾ ਸੀ। ਕਰਨਲ ਹੱਸ ਕੇ ਬੋਲਿਆ — "ਹੁਣ ਪੁੱਤਰ, ਤੂੰ ਸਾਹਿਤ ਲਿਖਣਾ ਛੱਡ ਕੇ ਢੋਲਕ ਦੇ ਗੀਤ ਲਿਖਿਆ ਕਰ।" ਮਹੀਪਾਲ ਨੇ ਕੋਈ ਜਵਾਬ ਨਾ ਦਿਤਾ। ਸੱਜਨ ਮਜ਼ਾ ਲੈਂਦਾ ਹੋਇਆ ਬੋਲਿਆ — "ਵੇਖਿਆ ਕਰਨਲ, ਤੇਰੀ ਗੱਲ ਦਾ ਜਵਾਬ ਤਕ ਨਹੀਂ ਦੇ ਰਿਹਾ।"

"ਓ ਬਈ ਜਵਾਬ ਕੀ ਦਏਗਾ ? ਸਾਲੇ ਦੀ ਆਦਤ ਏ। ਓਸ ਦਿਨ ਅਸਾਂ ਡੇਢ ਰੁਪਿਆ ਇਹਨੂੰ ਤਾਰ ਭੇਜਣ ਤੋਂ ਖ਼ਰਚ ਕੀਤਾ। ਅਸੀਂ ਏਸ ਆਪੋਜ਼ੀਸ਼ਨ ਦੇ ਕਾਰਨ ਘਬਰਾ ਗਏ ਸਾਂ। ਅਸਾਂ ਸੋਚਿਆ ਕਿ ਸ਼ਾਇਦ ਇਸ਼ਿਤਿਹਾਰਬਾਜ਼ੀ ਕਰਨੀ ਪਏ ਤਾਂ ਮਹੀਪਾਲ ਦੇ ਆ ਜਾਣ ਨਾਲ ਸਹੂਲਤ ਰਹੇਗੀ; ਪਰ ਸ੍ਰੀਮਾਨ ਜੀ ਨੇ ਜਵਾਬ ਤਕ ਨਹੀਂ ਦਿਤਾ!"

"ਮਹਾਰਾਜ ਜੀ, ਨਾਨਕਿਆਂ ਦੇ ਪਕਵਾਨਾਂ ਨੂੰ ਛੱਡ ਕੇ ਮੈਂ ਭਲਾ ਤੁਹਾਡੀ ਇਸ਼ਤਿਹਾਰਬਾਜ਼ੀ ਕਰਨ ਕਿਉਂ ਆਉਂਦਾ ?"

"ਫਿਰ ਅਜ ਕਿਉਂ ਆਇਆ ਏਂ ?"

"ਤਾਈ ਵਲ ਦਾਅਵਤ ਖਾਣ!"

"ਤਾਈ ਨੇ ਤੈਨੂੰ ਨਿਓਤਾ ਤਾਂ ਦਿਤਾ ਨਹੀਂ ਸੀ। ਮੈਂ ਝੂਠੀ ਜਿਹੀ ਸੁਲਾਹ ਮਾਰੀ ਤਾਂ ਖਾਣ ਲਈ ਝੱਟ ਪੱਟ ਦੌੜਿਆ ਆ ਗਿਆ!"

"ਓਏ, ਬ੍ਰਾਹਮਣ ਕਿਤੇ ਨਿਉਤੇ ਦੀ ਪ੍ਰਵਾਹ ਕਰਦੇ ਨੇ......ਵਾਹ, ਕਿਆ ਗੀਤ ਆ! ਮਜ਼ਾ ਆ ਗਿਆ!"

ਸਭ ਲੋਕਾਂ ਦਾ ਧਿਆਨ ਅੰਦਰੋਂ ਆਉਣ ਵਾਲੇ ਗੀਤ ਵਲ ਚਲਾ ਗਿਆ।......

ਮਹੀਪਾਲ ਨੇ ਲਿਖਦਿਆਂ ਹੋਇਆਂ ਇਸ ਪਾਲ ਦੀ ਇੰਜ ਦਾਦ ਦਿਤੀ ਕਿ ਲੋਕ ਹੱਸ ਪਏ। ਕਰਨਲ ਹੱਸਦਾ ਹੋਇਆ, ਨਾਲ ਈ ਬਣਾਉਟੀ ਤੌਰ ਤੇ ਨਾਰਾਜ਼ ਹੋ ਕੇ ਬੋਲਿਆ — "ਅੱਛਾ ਅੱਛਾ, ਹੁਣ ਆਪਣੀ ਇਹ ਲਫਤੇਬਾਜ਼ੀ ਤਾਂ ਛੱਡ! ਵਾਧੂ ਦਾ ਧੰਦਾ ਲੈ ਕੇ ਬਹਿ ਗਿਆ ਏਂ।" ਕਰਨਲ ਮਹੀਪਾਲ ਦੇ ਹੱਥੋਂ ਕਾਗਜ਼ ਖੋਲ੍ਹਣ ਲੱਗਾ। ਮਹੀਪਾਲ ਘਬਰਾ ਕੇ ਬੋਲਿਆ — "ਏ-ਏ! ਕੀ ਕਰਦਾ ਏਂ! ਮੇਰੇ ਕੰਮ ਦਾ ਕਾਗਜ਼ ਏ।"

ਤਦੇ ਸੱਜਨ ਨੇ ਕਿਹਾ — "ਕੁਝ ਵੀ ਕਹਿ ਲਉ ਭਰਾ, ਪਰ ਤਾਈ ਸਾਡੀ ਬੜਾ ਬੇਢੱਬਾ ਕਰੈਕਟਰ ਆ।"

"ਪੁੱਛੋ ਨਾ ਭਰਾਵਾ! ਜਦੋਂ ਦਾ ਇਹ ਬੱਚਾ ਹੋਇਆ ਏ ਸਾਡੇ ਲਈ ਆਫਤ ਲਿਆਂਦੀ ਹੋਈ ਸੂ। ਤਾਈ ਦਾ ਅਹਿਸਾਨ ਨਾ ਤਾਂ ਸਾਥੋਂ ਨਿਗਲਿਆ ਜਾਂਦਾ ਏ ਨਾ ਉਗਲਿਆ!"

"ਕਿਉਂ ਕਿਉਂ, ਕੀ ਹੋਇਆ?" ਕਰਨਲ ਨੇ ਮਜ਼ਾ ਲੈਂਦਿਆਂ ਹੋਇਆਂ ਪੁੱਛਿਆ। ਵਰਮਾ ਨੇ ਵੀ ਹੱਸਦਿਆਂ ਹੋਇਆਂ ਹੀ ਦੱਸਿਆ — "ਓ ਜੀ, ਰੋਜ਼ ਦਿਹਾੜੀ ਮੈਨੂੰ ਤੇ ਮੇਰੀ ਵਾਈਫ਼ ਨੂੰ ਬੇਧਰਮੇ ਤੇ ਮਲੇਛ ਪਤਾ ਨਹੀਂ ਕੀ ਕੀ ਕਹਿੰਦੀ ਰਹਿੰਦੀ ਏ। ਉਹਦੀ ਸਾਰੀ ਵੇਖ ਭਾਲ, ਬੱਚੇ ਦੀ ਮਾਂ ਦੀ ਪੂਰੀ ਜ਼ਿੰਮੇਂਵਾਰੀ ਤਾਈ ਨੇ ਆਪਣੇ ਉੱਤੇ ਲਈ ਹੋਈ ਏ। ਤਰ੍ਹਾਂ ਤਰ੍ਹਾਂ ਦੀਆਂ ਪੰਜੀਰੀਆਂ, ਬਦਾਮ, ਘਿਉ ਦੀ ਉਹਨੇ ਭਰਮਾਰ ਕੀਤੀ ਹੋਈ ਏ। ਮੇਰੀ ਵਾਈਫ਼ ਨੂੰ ਸੁਣਾ-ਸੁਣਾ ਕੇ ਕਹਿੰਦੀ ਏ ਕਿ ਇਹ ਸਭ ਕੁਝ ਤੈਨੂੰ ਏਸ ਲਈ ਖੁਆ ਰਹੀ ਆਂ ਕਿ ਮੇਰੇ ਬੱਚੇ ਨੂੰ ਵਾਹਵਾ ਦੁੱਧ ਮਿਲੇ।"

ਸਭ ਜਣੇ ਹੱਸਣ ਲੱਗ ਪਏ। ਅੰਦਰ ਢੋਲਕੀ ਤੇ ਗਾਇਆ ਜਾ ਰਿਹਾ ਸੀ – 'ਮੁੰਡੇ ਦੀ ਮਾਂ ਝੀਂਗਰ ਤੋਂ ਡਰ ਗਈ ਸੀ।'

ਤਾਈ ਦੀ ਸਾਰੀ ਹਵੇਲੀ ਵਿਚ ਚਾਰੇ ਪਾਸੇ ਭੀੜ ਭੜੱਕਾ ਸੀ। ਤਾਰਾ ਦੇ ਰਸੋਈ ਘਰ ਵਾਲੇ ਦਲਾਨ ਵਿਚ ਭੱਠੀ ਪੁੱਟੀ ਗਈ, ਹਲਵਾਈ ਕੰਮ ਕਰ ਰਹੇ ਸਨ। ਦੂਸਰੇ ਦਲਾਨ ਵਿਚ ਢੋਲਕੀ ਖੜਕ ਰਹੀ ਸੀ। ਤਾਈ ਦੇ ਘਰ ਵਿਚ ਜਨਾਨੀਆਂ ਦਾ ਭੀੜ ਭੜੱਕਾ ਸੀ। ਗੋਕੁਲ ਦਵਾਰੇ ਦੇ ਮੁਖੀਆ ਜੀ, ਹਜ਼ੂਰੀਆ ਜੀ, ਆਦਿ ਵੀ ਉਥੇ ਬੈਠੇ ਗੱਪਾਂ ਵੱਢ ਰਹੇ ਸਨ। ਜਨਾਨੀਆਂ ਥਾਲਾਂ ਵਿਚ ਖਾਣ ਦਾ ਸਮਾਨ ਲੈ ਕੇ ਮਰਦਾਵੀਂ ਹਵੇਲੀ ਉਤਲੇ ਕਮਰੇ ਵਿਚ ਆਉਣ ਜਾਣ 'ਚ ਰੁੱਝੀਆਂ ਸਨ। ਬ੍ਰਹਮਭੋਜ ਅਤੇ ਸੱਜਨ ਮੰਡਲੀ ਦੀ ਦਾਅਵਤ ਇਸ ਵਕਤ ਤਕ ਨਿਪਟ ਚੁਕੀ ਸੀ। ਤਾਈ ਨੇ ਇਕ ਸੌ ਇਕ ਬ੍ਰਾਹਮਣਾਂ ਦਾ ਭੋਜ ਕੀਤਾ ਸੀ। ਆਪਣੇ ਨਾਤੇ ਗੋਤਿਆਂ, ਆਂਢ-ਗੁਆਂਢ ਵਿਚ, ਸਭਨਾਂ ਦੇ ਘਰ ਨਿਉਤਾ ਭੇਜਿਆ ਸੀ। ਆਪਣੀ ਸੌਂਕਣ ਦੇ ਘਰ ਵੀ ਨਿਉਤਾ ਭੇਜਿਆ ਸੀ। ਇਸ ਵੇਲੇ ਜ਼ਨਾਨੀਆਂ ਦੀ ਪੰਗਤ ਰੋਟੀ ਖਾ ਰਹੀ। ਚਾਰੇ ਪਾਸੇ ਤਾਈ ਦੇ ਏਸ ਛੱਠੀ ਭੋਜ ਨੂੰ

ਲੈ ਕੇ ਚਰਚਾ ਚਲ ਰਹੀ ਸੀ। ਚਾਰੇ ਪਾਸੇ ਇਸ ਗੱਲ ਤੇ ਅਚਰਜ ਪ੍ਰਗਟ ਕੀਤਾ ਜਾ ਰਿਹਾ ਸੀ।

ਛੋਟੀ ਅਤੇ ਕੰਨਿਆ ਤਾਰਾ ਦੇ ਕਮਰੇ ਵਿਚ ਸੀ। ਕੰਨਿਆ ਨੂੰ ਅਜ ਪਹਿਲੀ ਵਾਰ ਤਾਰਾ ਨਾਲ ਏਨੀ ਦੇਰ ਤਕ ਬੈਠ ਕੇ ਗੱਲਾਂ ਕਰਨ ਦਾ ਮੌਕਾ ਮਿਲਿਆ ਸੀ। ਛੋਟੀ ਨਾਲ ਤਾਂ ਅਜ ਪਹਿਲੀ ਵਾਰ ਹੀ ਉਹਦੀ ਮੁਲਾਕਾਤ ਹੋਈ ਸੀ। ਉਸ ਵੇਲੇ ਵੱਡੀ ਦਾ ਪ੍ਰਸੰਗ ਛਿੜਿਆ ਹੋਇਆ ਸੀ। ਛੋਟੀ ਅਤੇ ਤਾਰਾ ਵੱਡੀ ਨੂੰ ਯਾਦ ਕਰ ਕੇ ਬਹੁਤ ਰੋਈ ਸੀ। ਜੇਕਰ ਅਜ ਉਹ ਏਥੇ ਹੁੰਦੀ ਤਾਂ ਕਿੰਨਾਂ ਮਜ਼ਾ ਆਉਂਦਾ! ਕੰਨਿਆ ਨੂੰ ਵੱਡੀ ਦੀ ਕਹਾਣੀ ਦਾ ਅਜ ਪਤਾ ਲੱਗਾ। ਛੋਟੀ ਨੇ ਦਸਿਆ ਕਿ ਸ਼ੰਕਰ ਲਾਲ ਵਿਰਹੇਸ਼ ਦੇ ਘਰ ਵੱਡੀ ਮਿਲਣ ਗਿਆ ਸੀ। ਉਹਨੂੰ ਬਹੁਤ ਉਦਾਸ ਲੱਗੀ। ਵਿਰਹੇਸ਼ ਨੇ ਉਹਨੂੰ ਦੋ ਮਿੰਟ ਗੱਲ ਕਰਨ ਦਾ ਮੌਕਾ ਵੀ ਨਾ ਦਿਤਾ। ਕਿੱਥੇ ਤੇ ਪਹਿਲਾਂ ਦੋਸਤੀ ਦਾ ਦਮ ਭਰਦਾ ਸੀ, ਤੇ ਕਿੱਥੇ ਏਨੀ ਬੇਰੁਖੀ ਵਰਤੀ ਕਿ ਸਿੱਧੇ ਮੂੰਹ ਗੱਲ ਵੀ ਨਾ ਕੀਤੀ ਅਤੇ ਅੱਗੇ ਤੋਂ ਵੱਡੀ ਨਾਲ ਉਹਦੇ ਮਿਲਣ ਤੇ ਵੀ ਰੋਕ ਲਾ ਦਿਤੀ। ਸ਼ੰਕਰ ਲਾਲ ਦੱਸਦਾ ਸੀ ਕਿ ਵਿਰਹੇਸ਼ ਦੇ ਘਰ ਦਾ ਵਾਤਾਵਰਣ ਬੇਹੱਦ ਖਰਾਬ ਹੈ। ਉਹਦੇ ਕੋਲ ਇੱਕੋ ਹੀ ਤਾਂ ਕਮਰਾ ਏ। ਵੱਡਾ ਜ਼ਰੂਰ ਏ, ਪਰ ਖੰਡਰ ਹੋ ਰਿਹਾ ਹੈ। ਓਸ ਕਮਰੇ ਦੇ ਅੱਧ ਵਿਚ ਡੋਰੀ ਵਿਚ ਇਕ ਪਰਦਾ ਲਾ ਦਿਤਾ ਹੈ। ਅਤੇ ਪਰਦਾ ਵੀ ਪੂਰਾ ਨਹੀਂ ਜਦ ਸ਼ੰਕਰ ਲਾਲ ਗਿਆ ਤਾਂ ਵਿਰਹੇਸ਼ ਇਕ ਦੋ ਲਫੰਗੇ ਟੱਟਪੂੰਜੀਆਂ ਨਾਲ ਬੈਠਾ ਸ਼ਰਾਬ ਪੀਂਦਾ ਹੋਇਆ ਖੁਲ੍ਹੇ ਮਜ਼ਾਕ ਕਰ ਰਿਹਾ ਸੀ। ਕੰਨਿਆ ਇਹ ਕਹਾਣੀ ਸੁਣ ਕੇ ਬੜੀ ਦੁਖੀ ਹੋਈ ਸੀ। ਔਰਤ ਹੋਣਾ ਅਜ ਦੀ ਸਮਾਜਕ ਹਾਲਤ ਵਿਚ ਅਜੇ ਵੀ ਸ੍ਰਾਪ ਹੈ। ਉਹਨੂੰ ਵੱਡੀ ਦਾ ਅੰਤ ਸਾਫ਼ ਨਜ਼ਰ ਆ ਰਿਹਾ ਸੀ — ਇਕ ਦਿਨ ਘੁਲਦੀ ਘੁਲਦੀ ਮਰ ਜਾਏਗੀ। ਉਹ ਆਪਣੀ ਸਵਰਗੀ ਭਾਬੀ ਨੂੰ ਯਾਦ ਕਰਕੇ ਵੱਡੀ ਦੇ ਦੁੱਖ ਵਿਚ ਸਮਾ ਗਈ। ਇਸਤਰੀ ਪੁਰਖ ਆਮ ਤੌਰ ਤੇ ਇਕ ਦੂਜੇ ਦੀ ਇੱਜ਼ਤ ਨਹੀਂ ਕਰਦੇ। ਇਸਤਰੀ ਆਮ ਤੌਰ ਤੇ ਆਰਥਕ ਪੱਖੋਂ ਆਦਮੀ ਦੇ ਆਸਰੇ ਹੈ, ਉਹਦੀ ਹਸਤੀ ਆਜ਼ਾਦ ਨਹੀਂ। ਇਸ ਦੇਸ਼ ਦੀਆਂ ਔਰਤਾਂ ਸਦਾ ਤੋਂ ਦੁੱਖ ਦਾ ਭਾਰ ਚੁੱਕਦੀਆਂ ਆਈਆਂ ਹਨ। ਸੀਤਾ ਨੂੰ ਵੀ ਸਹਿਣਾ ਪਿਆ ਸੀ, ਦਰੋਪਤੀ ਨੂੰ ਵੀ।

ਤਿੰਨ-ਚਾਰ ਔਰਤਾਂ ਮਗਨ ਹੋਈਆਂ ਢੋਲਕੀ ਤੇ ਗਾ ਰਹੀਆਂ ਸਨ। ਸਭਨਾਂ ਦੇ ਗਲ ਲਹੌਰੇ ਦੇ ਪਸ਼ੌਰੇ ਜਾ ਰਹੀਆਂ ਸਨ। ਸਾਹਮਣੇ ਵਾਲੇ ਉਤਲੇ-ਹੇਠਲੇ, ਦੰਦਾਂ ਪਿਛੇ ਕਾਲੇ ਕਲੋਟੇ ਘਸੇ ਦੰਦਾਂ ਅਤੇ ਦਾਹੜੀ ਦੀ ਕਤਾਰ ਵਿਚਕਾਹੇ ਤੂਤੀ ਵਰਗੀ ਧੂਤੂ ਧੂਤੂ ਅਵਾਜ਼ ਕੱਢਣ ਵਾਲੀ ਪੰਜਾਹਾਂ ਵਰ੍ਹਿਆਂ ਦੀ ਸੁਰਮੀਲੀ, ਰੰਗੀਲੀ, ਕਾਲੀ-ਕਲੋਟੀ 'ਸੁੰਦਰ' ਗਲੇ 'ਚੋਂ ਤਰਜ਼ਾਂ ਤੇ ਤਰਜ਼ਾਂ ਬਦਲ ਬਦਲ ਕੇ ਕੱਢ ਰਹੀ ਸੀ। ਆਪਣੀ

ਮਸਤੀ ਵਿਚ ਉਹ ਆਪਣੀ ਜਵਾਨ ਜੋੜੀਦਾਰ ਸ਼ਰਬਤੀ ਤੋਂ ਵੀ ਚਾਰ ਚਾਸ਼ਨੀ ਜ਼ਿਆਦਾ ਬੋਲ ਰਹੀ ਸੀ । ਉਂਜ ਇਸ ਵੇਲੇ ਦੁਨੀਆਂ ਸ਼ਰਬਤੀ ਦੀ ਹੀ ਹੈ । ਸ਼ਰਬਤੀ ਇਕ ਪੈਸੇ ਵਾਲੇ ਕਾਲੇ ਕਾਣੇ ਭੜਭੂੰਜੇ ਦੀ ਸਤਵੀਂ ਚਾਦਰ ਪਾ ਕੇ ਲਿਆਂਦੀ ਪਤਨੀ ਹੈ । ਪਤੀ ਨੂੰ ਕਦੇ ਠੁੱਠ ਤੇ ਨਹੀਂ ਗਿਣਦੀ । ਘਰ ਵਿਚ ਚਿੱਟੇ ਚਾਨਣ ਯਾਰ ਆਉਂਦੇ ਹਨ । ਸਰੀਰ ਗਹਿਣਿਆਂ ਨਾਲ ਲੱਦਿਆ ਹੋਇਆ ਹੈ । ਗਾਉਣ ਵਜਾਉਣ ਦਾ ਬੜਾ ਸ਼ੌਕ ਹੈ । ਇਸ ਲਈ ਵੱਡੇ ਵੱਡੇ ਘਰਾਂ ਵਿਚ ਆਉਂਦੀ ਜਾਂਦੀ ਹੈ । ਪੁਰਾਣੇ ਵੇਲਿਆਂ ਦੀ ਉਹਦੀ ਸਰਨਾਵੀਂ ਸੁੰਦਰ ਉਸ ਤੇ ਸੜਦੀ ਹੈ । ਘੁੰਗਰੂ ਵਜਾਉਣ ਵਾਲੇ ਕਿਸਨ ਸਿੰਘ ਦੀ ਵਹੁਟੀ ਦੀਆਂ ਗੂਲਰ ਫਲ ਵਰਗੀਆਂ ਗਲ੍ਹਾਂ ਪਾਨਾਂ ਨਾਲ ਹੋਰ ਵੀ ਲਟਕ ਰਹੀਆਂ ਸਨ । ਉਹ ਚਬੂਤਰੇ ਵਾਂਗ ਬੈਠੀ ਸੁੰਦਰ ਅਤੇ ਸ਼ਰਬਤੀ ਦੀ ਹੋੜ ਤੇ ਮਿੰਨ੍ਹਾ ਮਿੰਨ੍ਹਾ ਮੁਸਕ੍ਰਾ ਰਹੀ ਸੀ । ਕਿਸਨ ਸਿੰਘ ਦੀ ਵਹੁਟੀ ਜਾਣ-ਪਛਾਣ ਲਈ ਨਾਰਦਮੁਨੀ ਦੇ ਨਾਂ ਨਾਲ ਮਸ਼ਹੂਰ ਹੈ । ਉਹ ਲੜਵਾਉਂਦੀ ਹੈ, ਪਰ ਕਿਸੇ ਦਾ ਮਨ ਨਹੀਂ ਮਰਨ ਦੇਂਦੀ । ਕਿਸਨ ਸਿੰਘ ਦੀ ਵਹੁਟੀ ਤੀਹ ਚਾਲ੍ਹੀ ਸਾਲ ਤੋਂ ਏਥੇ ਰਹਿ ਰਹੀ ਹੈ ਅਤੇ ਵਰ੍ਹਾ ਦੋ ਵਰ੍ਹੇ ਕੰਮ ਕਰ ਕੇ ਲਗ ਭਗ ਏਨੇ ਸਮੇਂ ਤੋਂ ਹੀ ਵਿਧਵਾ ਵੀ ਹੈ । ਦੱਬੀ ਦੱਬੀ ਅਫ਼ਵਾਹ ਹੈ ਕਿ ਉਹਦਾ ਇਕ ਬੜੇ ਮੰਨੇ ਦੰਨੇ ਪੰਡਤ ਜੀ ਨਾਲ ਪੁਰਾਣਾ ਸੰਬੰਧ ਹੈ । ਪਛਾਹਵੀਂ ਖ਼ਤਰੀਆਂ ਅਤੇ ਅਗਰਵਾਲਾ ਦੇ ਰੀਤਾਂ ਰਿਵਾਜ਼ ਤਾਂ ਉਹਨੂੰ ਰਟੇ ਪਏ ਹਨ । ਝਾੜ-ਫੂਕ, ਦਵਾਈਆਂ, ਟੋਟਕੇ ਉਹਨੂੰ ਬਹੁਤ ਆਉਂਦੇ ਹਨ । ਸਭਨੀਂ ਥਾਈਂ ਆਦਰ ਲੈਂਦੀ ਹੈ । ਸਲਾਹ ਦੇਣ ਵਿਚ ਬੜੀ ਸੱਚੀ ਬੜੀ ਮਿੱਠ ਬੋਲੀ ਅਤੇ ਚੰਗਿਆਂ ਚੰਗਿਆਂ ਨਾਲ ਮਜ਼ਾਕ ਕਰਨ ਵਿਚ ਬੜੀ ਤੇਜ਼ । ਗੋਕੁਲ ਦੁਆਰੇ ਦੇ ਹਜ਼ੂਰੀਆਂ ਜੀ ਵੀ ਆਪਣੀ ਦਾਹੜੀ ਅਤੇ ਗੁਮਟੀਦਾਰ ਗੋਗੜ ਸੰਭਾਲੀ ਬੈਠੇ ਸਨ, ਹੱਥ ਵਧਾ ਵਧਾ ਕੇ ਦੋਵਾਂ ਗਾਉਣ ਵਾਲਿਆਂ ਨੂੰ ਸੁਣਾ ਰਿਹਾ ਸੀ — "ਸਰ ਰੰਡੀ ਦੀਏ, ਤੈਨੂੰ ਤੇ ਗਾਉਣਾ ਵੀ ਨਹੀਂ ਆਉਂਦਾ । ਮੈਂ ਆਪਣੇ ਬਚਪਨ ਤੋਂ ਗਾਉਂਦੀ ਹੁਦੀ ਸਾਂ, ਰਾਸ ਮੰਡਲ਼ੀ ਵਿਚ ਸ੍ਰੀ ਜੀ ਦਾ ਰੂਪ ਭਰਦੀ ਹੁੰਦੀ ਸਾਂ ।"

"ਰੰਡੀ — ਤੂੰ ਏਂ, ਹੁਣ ਇਹ ਸ਼ਕਲ ਕਿਉਂ ਬਣਾ ਲਈ ਉ ? ਖ਼ੁੱਥੋ, ਦਸ ਹੱਥ ਦਾਹੜੀ ਲੈ ਕੇ ਮੇਰੇ ਗਾਉਣ 'ਚ ਨੁਕਸ ਕੱਢਦੀ ਹੈਂ ।" ਸ਼ਰਬਤੀ ਨੇ ਟੁਣਕ ਕੇ ਆਪਣੀ ਪਤਲੀ, ਪਰ ਤੇਜ਼ ਆਵਾਜ਼ ਵਿਚ ਕਿਹਾ ।

ਹਜ਼ੂਰੀਆ ਜੀ ਸੁੰਦਰ ਵਾਂਗ ਸ਼ਰਬਤੀ ਦੀ ਸੋਨੇ ਚਾਂਦੀ ਨਾਲ ਮੜ੍ਹੀ ਜਵਾਨੀ ਅੱਗੇ ਝੁਕਣ ਵਾਲੇ ਨਹੀਂ ਸਨ, ਹੱਥ ਅਗਾਂਹ ਕਰ ਕੇ ਬੋਲੀ — "ਨੁਕਸ ਨਾ ਕੱਢਾ ਰੰਡੀ ਦੀ ਏ ! ਤੇਰੀ ਅਵਾਜ਼ ਏ ਕਿ ਰੇਲ ਦੀ ਸੀਟੀ ।"

ਲਾਗਲੀਆਂ ਜ਼ਨਾਨੀਆਂ ਹੱਸ ਪਈਆਂ । ਸ਼ਰਬਤੀ ਦਾ ਪਾਰਾ ਚੜ੍ਹ ਗਿਆ । ਕਿਸਨ ਸਿੰਘ ਦੀ ਵਹੁਟੀ ਬੋਲੀ — "ਇਹ ਜ਼ੁਲਮ ਨਾ ਕਰੋ ਹਜ਼ੂਰੀਆ ਜੀ ! ਇਹਦੇ ਆਸ਼ਕਾਂ

'ਚ ਰੌਲਾ ਪੈ ਜਾਊ !"—

"ਨੀ, ਨ ਮੈਂ ਇਹਥੋਂ ਡਰਾਂ, ਨਾ ਇਹਦੇ ਆਸ਼ਕਾਂ ਤੋਂ ਡਰਾਂ। ਨਾ ਇਹਨੂੰ ਚੰਗੇ ਚੰਗੇ ਗੀਤ ਆਉਂਦੇ ਨੇ ਨਾ ਗਾਉਣਾ ਦਾ ਢੰਗ ਆਉਂਦੈ।"

"ਲਉ, ਦੁਨੀਆਂ ਭਰ ਵਿਚ ਸ਼ਰਬਤੀ ਗਾਉਣ ਵਿਚ ਮੰਨੀ ਹੋਈ ਏ ਤੇ ਹਜ਼ੂਰੀਆ ਜੀ ਕਹਿੰਦੇ ਨੇ ਗਾਉਣਾ ਨਹੀਂ ਆਉਂਦਾ !" ਕਿਸਨ ਸਿੰਘ ਦੀ ਵਹੁਟੀ ਬੋਲੀ।

ਸ਼ਰਬਤੀ ਦੀ ਨਿੰਦਿਆ ਨਾਲ ਸੁੰਦਰ ਨੂੰ ਇਸ ਵੇਲੇ ਪਰਲੋਕੀ ਤਸੱਲੀ ਹੋ ਰਹੀ ਸੀ। ਹਜ਼ੂਰੀਆ ਜੀ ਨੂੰ ਹੱਲਾ ਸ਼ੇਰੀ ਦੇਂਦਿਆਂ ਕਹਿਣ ਲੱਗੀ — "ਨੀ, ਇਹ ਹਜ਼ੂਰੀਆ ਭਾਬੀ ਬੜੀ ਪੱਕੀ ਏ ! ਅਸੀਂ ਤਾਂ ਗੋਕੁਲ ਦੁਆਰੇ 'ਚ ਇਹਦਾ ਗਾਣਾ ਸੁਣਿਆ ਏ !"

"ਉਥੇ ਤੇ ਕੋਰੇ ਭਜਨ ਹੀ ਗਾਉਂਦੀ ਆਂ, ਲਿਆ ਫੜਾ, ਢੋਲਕੀ ਮੈਨੂੰ ਦੇ —" ਆਖ ਕੇ ਆਪਣੀ ਢੋਲਕੀ ਨੁਮਾ ਗੋਗੜ ਲਈ ਹਜ਼ੂਰੀਆ ਜੀ ਉੱਠੇ। ਸ਼ਰਬਤੀ ਹੱਥੋਂ ਢੋਲਕੀ ਲੈ ਕੇ ਅੱਖਾਂ ਮਟਕਾਉਂਦਿਆਂ ਹੋਇਆਂ ਬੋਲੇ — "ਨੀ ਜਾ, ਵੇਖ ਏਦਾਂ ਵੱਜਦੀ ਉ ਢੋਲਕੀ ਤੇ ਏਦਾਂ ਗੌਂਇਆ ਜਾਂਦਾ ਈ ਗੀਤ। ਚਲ ਸੁੰਦਰ, ਸ਼ੁਰੂ ਕਰ ਉਹ — ਦੁਨੀਆ ਮੇਂ ਪੈਦਾ ਹੂਏ ਹੈਂ —।"

ਹਜ਼ੂਰੀਆ ਜੀ ਦਾ ਹੱਥ ਸੱਚਮੁੱਚ ਬੜਾ ਮਿੱਠਾ ਸੀ। ਢੋਲਕੀ ਵੱਜੀ। ਸੁੰਦਰ ਦੇ ਪਾਟੇ-ਬੇਸੁਰੇ ਗਲ ਨੇ ਪਹਿਲ ਕੀਤੀ, ਹਜ਼ੂਰੀਆ ਜੀ ਨੂੰ ਕਿਸੇ ਹੱਦ ਤਕ ਗਾਉਣ ਦੀ ਜਾਚ ਸੀ। ਕੁਝ ਖਾਹਮਖਾਹ ਦੇ ਤਾਨ ਪਲਟੇ ਵੀ ਬੈਠਿਆਂ ਹੋਇਆਂ ਨੂੰ ਨਖਰਿਆਂ ਨਾਲ ਰੀਝਾਉਣ ਲਈ ਕਰਨ ਲੱਗੇ —

"(ਅਰੇ) ਦੁਨੀਆ ਮੇਂ ਪੈਦਾ ਹੂਏ ਦੁਖਸੁਖ ਉਠਾਨੇ ਕੇ ਲੀਏ।
ਮੇਰੇ ਦਿਲ ਮੇਂ ਆਵੇ ਸੈਲ ਬਾਗੋਂ ਕੀ ਕਰੂੰ,
ਲੇ ਚਲੋ ਜ਼ਾਲਮ ਮੁਝੇ ਸੈਲੇਂ ਕਰਾਨੇ ਕੇ ਲੀਏ !
ਮੇਰੇ ਦਿਲ ਮੇਂ ਆਵੇ ਐਸੀ ਸੈਲ ਤਾਲੋਂ ਕੀ ਕਰੂੰ,
ਲੇ ਚਲੋ ਜ਼ਾਲਮ ਮੁਝੇ ਕਪੜੇ ਧੁਲਾਨੇ ਕੇ ਲੀਏ।"

ਬਾਹਰ ਬੈਠਾ ਮਹੀਪਾਲ ਆਮੁਹਾਰਾ ਠਹਾਕਾ ਮਾਰ ਕੇ ਹੱਸ ਪਿਆ। ਵਿਚ ਬੈਠੇ ਸਭ ਲੋਕ ਤ੍ਰਭਕ ਪਏ। ਓਸ ਵੇਲੇ ਸ਼ੰਕਰ ਲਾਲ ਅਤੇ ਵਰਮਾ ਦੇ ਜ਼ੋਰ ਦੇਣ ਤੇ ਸੱਜਨ ਆਪਣੀ ਬ੍ਰਜ ਯਾਤਰਾ ਦਾ ਹਾਲ ਸੁਣਾ ਰਿਹਾ ਸੀ। ਇਸ ਤਹਿਜ਼ੀਬੀ ਗੱਲਬਾਤ ਵਿਚ ਮਹੀਪਾਲ ਦਾ ਹਾਸਾ ਬੜਾ ਅਚਾਨਕ, ਵਿਅਰਥ ਸਮਝਿਆ ਗਿਆ।

"ਹੁਣ ਕੀ ਇੰਟੇਲੇਕਚੁਅਲਤਾ ਆਈ ?" ਕਰਨਲ ਨੇ ਰੁੱਖੀ ਅਵਾਜ਼ ਵਿਚ ਸਵਾਲ ਕੀਤਾ। ਉਹਨੂੰ ਵੀ ਸੱਜਨ ਦੀਆਂ ਗੱਲਾਂ ਵਿਚ ਬੜਾ ਮਜ਼ਾ ਆ ਰਿਹਾ ਸੀ। ਮਹੀਪਾਲ ਤਲੀ ਤੇ ਹੱਥ ਫੇਰਦਾ ਬੋਲਿਆ — "ਇਹ ਗੀਤ ਜ਼ਰੂਰ ਕਿਸੇ ਘਰੇਲੂ ਤੀਵੀਂ ਨੇ ਜੋੜਿਆ ਹੋਏਗਾ। ਵਿਚਾਰੀ ਹਨੇਰੇ ਘਰਾਂ ਵਿਚ ਘੁਟਣ ਵਾਲੀ ਕੰਮ ਕਾਜ ਦੇ ਭਾਰ

ਹੇਠਾਂ ਲਿਤੜੀ ਉਦਾਸ ਮੁਟਿਆਰ ਨਾਇਕਾ ਕਲਪਨਾ 'ਚ ਸਨਮ ਨਾਲ ਤਲਾਅ ਦੀ ਸੈਰ ਲਈ ਗਈ। ਹਨੀਮੂਨ ਵਿਚ ਵੀ ਹੋਰ ਕੁਝ ਨਾ ਸਮਝਿਆ ਤਾਂ ਕਪੜੇ ਧੋਣ ਦਾ ਕੰਮ ਕਾਰ ਬਟੋਰ ਕੇ ਲੈ ਗਈ । ਹਾ-ਹਾ-ਹਾ ! ਏਥੇ ਰਹਿੰਦਾ ਏ ਸਾਡੇ ਸਮਾਜ ਦਾ ਨਾਰੀ ਮਨ ।"

"ਗੱਲ ਸੁਣੋ ।" ਵਨ ਕੰਨਿਆ ਦਰਵਾਜ਼ੇ ਕੋਲ ਖੜੀ ਸੀ । ਆਵਾਜ਼ ਦੇ ਨਾਲ ਸਭਨਾਂ ਦਾ ਧਿਆਨ ਓਧਰ ਗਿਆ । ਸੱਜਨ ਦੇ ਚਿਹਰੇ ਤੇ ਨਵੀਂ ਭਾਹ ਆਈ। ਉਹ ਝੱਟ ਉੱਠਿਆ ।

"ਦਸ ਬਿੰਨੋ, ਕੀ ਨੇਂਗਾ ਮਿਲਿਆ ਤਾਈ ਤੋਂ ?" ਕਰਨਲ ਨੇ ਪੁੱਛਿਆ ।

"ਅਜੇ ਕਿੱਥੇ ਭਾਈ ਸਾਹਿਬ ਸ਼ਾਮ ਨੂੰ ਛੱਟੀ ਪੂਜੇਗੀ ।" ਫਿਰ ਸੱਜਨ ਨੂੰ ਬਹੁਤ ਹੌਲੀ ਜਿਹੀ ਕਿਹਾ — "ਏਹਨਾਂ ਦੇ ਬੱਚੇ ਨੂੰ ਕੁਝ ਪ੍ਰੈਜ਼ੰਟ ਕਰਨਾ ਪੈਣਾ ਏਂ। ਭੂਆ ਬਣੀਆ।"

"ਅਜ ਹੀ ਪ੍ਰੈਜ਼ੰਟ ਕਰਨਾ ਏ ?"

"ਚਾਹੀਦਾ ਤਾਂ ਅਜ ਈ ਏ। ਤਾਰਾ ਨੇ ਚੌਂਕੇ ਚੜ੍ਹਾਈ ਦੇ ਨੇਂਗੇ ਵਜੋਂ ਆਪਣੇ ਵਲੋਂ ਦੇਣ ਲਈ ਇਕ ਕੀਮਤੀ ਬਨਾਰਸੀ ਸਾੜ੍ਹੀ ਖ਼ਰੀਦੀ ਏ ।"

"ਕਿਉਂ ਕਰਨਲ, ਸ਼ਾਦੀ ਤੋਂ ਪਹਿਲਾਂ ਮੀਆਂ-ਬੀਵੀ ਨੂੰ ਇਸ ਤਰ੍ਹਾਂ ਘੁਸਰ-ਮੁਸਰ ਗੱਲਾਂ ਕਰਨੀਆਂ ਚਾਹੀਦੀਆਂ ਨੇ ਜਾਂ ਨਹੀਂ ?" ਮਹੀਪਾਲ ਦੇ ਇਸ ਸਵਾਲ ਤੇ ਸਾਰੇ ਹੱਸ ਪਏ । ਕੰਨਿਆ ਦੇ ਮੂੰਹ ਤੇ ਸੰਙ ਦੀ ਲਾਲਗੀ ਆ ਗਈ, ਸੱਜਨ ਨੇ ਹੱਸ ਕੇ ਜਵਾਬ ਦਿਤਾ — "ਯਾਰ, ਜਦ ਮੀਆਂ ਬੀਵੀ ਰਾਜ਼ੀ ਤਾ ਕੀ ਕਰੇਗਾ ਕਾਜ਼ੀ।"

ਦੁਬਾਰਾ ਹਾਸਾ ਮਚਿਆ; ਖ਼ੁਸ਼ੀ ਦੀ ਬੇਹੋਸ਼ੀ ਵਿਚ ਕੰਨਿਆ ਨੇ ਆਪਣੇ ਹੋਣ ਵਾਲੇ ਪਤੀ ਨੂੰ ਭਰਪੂਰ ਨਸ਼ਿਆਈ ਅਤੇ ਮਾਣ ਮੱਤੀ ਨਜ਼ਰ ਨਾਲ ਵੇਖਿਆ । ਸੱਜਨ ਦਾ ਧਿਆਨ ਓਧਰ ਨਹੀਂ ਸੀ, ਪਰ ਹੋਰ ਸਭਨਾਂ ਨੇ ਵੇਖਿਆ। ਕਰਨਲ ਨੇ ਮੁਸਕ੍ਰਾਉਂਦਿਆਂ ਨਜ਼ਰਾਂ ਹਟਾ ਲਈਆਂ, ਮਹੀਪਾਲ ਦੇ ਕਲੇਜੇ ਵਿਚ ਈਰਖਾ ਭਰੀ, ਲਾਲਸਾ ਭਰੀ ਰੜਕ ਪਈ ।

ਸੱਜਨ ਨੇ ਫਿਰ ਹੌਲੀ ਜਿਹੀ ਕੰਨਿਆ ਨੂੰ ਪੁੱਛਿਆ — "ਜੋ ਆਖੇਂ ਲਿਆ ਦੇਨਾਂ ।" ਏਸ ਵੇਲੇ ਉਹਦਾ ਮਨ ਮਾਣ ਅਤੇ ਖ਼ੁਸ਼ੀ ਨਾਲ ਉੱਚਾ ਹੋਇਆ ਹੋਇਆ ਸੀ । ਪਤੀ ਦਾ ਪਾਰਟ ਅਦਾ ਕਰਦਾ ਹੋਇਆ ਉਹ ਆਪਣੀ ਪਤਨੀ ਨਾਲ ਦੁਨੀਆਂਦਾਰੀ ਵਿਹਾਰ ਦੀ ਗੱਲ ਕਰ ਰਿਹਾ ਸੀ । ਇਹ ਨਵਾਂ ਅਨੁਭਵ ਇਸ ਘੜੀ ਉਹਨੂੰ ਤਾਜ਼ਗੀ ਨਾਲ ਭਰ ਰਹੀ ਸੀ । ਭੋਲੇਪਨ ਵਿਚ ਏਹੋ ਤਾਂ ਸੁਹੱਪਣ ਹੁੰਦਾ ਹੈ।

ਪਤੀ ਕੋਲ ਫ਼ਰਮਾਇਸ਼ ਕਰਨ ਲਈ ਆਉਣ ਤੇ ਵੀ ਕੰਨਿਆ ਦਾ ਸੰਕੋਚ ਪੂਰੀ ਤਰ੍ਹਾਂ ਨਾਲ ਦੂਰ ਨਹੀਂ ਹੋਇਆ ਸੀ । ਸ਼ੰਕਰ ਲਾਲ ਦੀ ਪਤਨੀ ਸਰੂਪ ਬੱਚੇ ਲਈ

ਇਕ ਤੋਲੇ ਸੋਨੇ ਦਾ ਛਣਕਣਾ ਅਤੇ ਜ਼ੰਜੀਰੀ ਲਿਆਈ ਸੀ। ਸਰੂਪ ਅਤੇ ਤਾਰਾ ਦੀਆਂ ਗੱਲਾਂ 'ਚੋਂ "ਸਾਡੇ ਓ...... ਸਾਡੇ ਉਹਨਾਂ ਨੇ......" ਦੇ ਵਾਤਾਵਰਣ ਤੋਂ ਪ੍ਰੇਰੀ ਹੋਈ ਕੰਨਿਆ ਆਪਣੇ ਸੱਜਨ ਕੋਲ ਫਰਮਾਇਸ਼ ਲੈ ਕੇ ਆ ਤਾਂ ਗਈ ਸੀ, ਪਰ ਇਹ ਕਹਿਣ ਵਿਚ ਉਹਨੂੰ ਸੰਕੋਚ ਹੋ ਰਿਹਾ ਸੀ ਕਿ ਇਹਨਾਂ ਦੀਆਂ ਚੀਜ਼ਾਂ ਤੋਂ ਵਧ ਕੇ ਕੋਈ ਚੀਜ਼ ਲਿਆਂਦੀ ਜਾਏ। ਕੰਨਿਆ ਹੁਣ ਇਕ ਲੱਖਪਤੀ ਦੀ ਵਚਨ ਬੱਧ ਪਤਨੀ ਹੈ। ਸੱਜਨ ਹੁਣ ਇਸ ਗੱਲ ਨੂੰ ਪੂਰੀ ਤਰ੍ਹਾਂ ਦੁਨੀਆਂ ਨੂੰ ਦੱਸ ਚੁਕਾ ਸੀ। ਕੰਨਿਆ ਵੀ ਹੁਣ ਇਸ ਗੱਲ ਦਾ ਪੱਕਾ ਨਿਸ਼ਚਾ ਕਰ ਚੁਕੀ ਸੀ ਕਿ ਸੱਜਨ ਨੂੰ ਹੁਣ ਉਹ ਬੰਨ੍ਹ ਕੇ ਰਖੇਗੀ। ਸਾਧਾਰਣ ਮੱਧ ਵਰਗ ਦੀਆਂ ਥੋੜ੍ਹਾਂ ਟੋਟਾਂ ਵਿਚ ਪਲੀ ਹੋਈ ਅਗਾਂਹ ਵਧੂ ਵਿਚਾਰਾਂ ਵਾਲੀ ਵਨ ਕੰਨਿਆ ਨਵੇਂ ਖੇੜੇ ਵਿਚ ਹੈਸੀਅਤ ਦੇ ਮੁਕਾਬਲੇ ਲਈ ਜੋਸ਼ ਵਿਚ ਆ ਗਈ ਸੀ। ਮਨ ਦੀ ਗੱਲ ਮਨ ਵਿਚ ਨਹੀਂ ਸੀ ਸਮਾਉਂਦੀ ਅਤੇ ਆਖੀ ਵੀ ਨਹੀਂ ਸੀ ਜਾਂਦੀ। ਸੱਜਨ ਦੇ ਪੁੱਛਣ ਤੇ ਬਿੜਕਦੀ ਨੇ ਆਖਿਆ — "ਕੀ ਦੱਸਾਂ। ਉਹਨਾਂ ਨੇ ਕੀਮਤੀ ਸਾੜ੍ਹੀ ਮੇਰੇ ਲਈ ਲਿਆਂਦੀ ਏ। ਸਰੂਪ ਬੱਚੇ ਲਈ ਸੋਨੇ ਦਾ ਛਣਕਣਾ ਲਿਆਈ ਏ — ਵੇਖ ਲਉ ! ਨਾ ਹੋਏ ਤਾਂ ਭਾਈ ਸਾਹਿਬ ਨਾਲ ਸਲਾਹ ਕਰ ਲਓ।"

ਕਹਿ ਕੇ ਕੰਨਿਆ ਝੱਟ ਪਲ ਚਲੀ ਗਈ। ਘਰ ਦੇ ਅੰਦਰ ਢੋਲਕੀ ਵੱਜ ਰਹੀ ਸੀ। ਕੰਨਿਆ ਦਾ ਸੱਜਨ ਇਸ ਵੇਲੇ ਦੁਨੀਆਂਦਾਰੀ ਦਾ ਸੁਆਦ ਲੈ ਰਿਹਾ ਸੀ। ਜਦੋਂ ਗੱਲਾਂ ਕਰ ਰਹੇ ਸਨ, ਮਹੀਪਾਲ ਤੋਂ ਵਰਮਾ ਨੇ ਇਹ ਸਵਾਲ ਪੁੱਛ ਲਿਆ ਕਿ ਛੱਟੀ ਕਿਉਂ ਹੁੰਦੀ ਏ। ਉਹਦੀ ਗੱਲ ਦਾ ਜਵਾਬ ਦੇਂਦਿਆਂ ਹੋਇਆਂ ਮਹੀਪਾਲ ਦਸ ਰਿਹਾ ਸੀ — "ਮੈ ਏਸ ਪਾਸੇ ਕਦੇ ਬਹੁਤਾ ਧਿਆਨ ਤਾਂ ਨਹੀਂ ਦਿਤਾ। ਬੱਚੇ ਦਾ ਛੇਵਾਂ ਅਤੇ ਬਾਹਰਵਾਂ ਦਿਨ ਖ਼ਾਸ ਹੁੰਦਾ ਏ। ਮੇਰਾ ਖ਼ਿਆਲ ਏ ਕਿ ਤੰਤ੍ਰਾਂ ਦੇ ਪ੍ਰਭਾਵ ਹੇਠ ਇਹ ਰਸਮਾਂ ਫੈਲੀਆਂ ਹਨ। ਹਿੰਦੂਆਂ ਦੀ ਮਾਨਤਾ ਅਨੁਸਾਰ ਇਹਨੂੰ ਛੱਠੀ ਦੇਵੀ ਦੀ ਪੂਜਾ ਦਾ ਦਿਨ ਮੰਨਿਆ ਜਾਂਦਾ ਹੈ। ਸਾਡੇ ਵਲ ਸੋਲਾਂ ਮਾਤਾਵਾਂ ਮੰਨੀਆਂ ਗਈਆਂ ਹਨ, ਛੇਵਾਂ ਉਹਨਾਂ ਵਿਚੋਂ ਇਕ ਆ ਯਾਨੀ ਛੇਵੀਂ।"

ਸੱਜਨ ਸੋਚ ਰਿਹਾ ਸੀ ਕੀ ਲਿਆਵਾਂ ? ਹਾਲਾਤ ਨੇ ਉਹਨੂੰ ਵਰਮੇਂ ਵਰਗੇ ਸਾਧਾਰਣ ਵਿਚਲੀ ਸ਼੍ਰੇਣੀ ਦੇ ਆਦਮੀ ਨਾਲ ਰੀਤੀ ਵਿਹਾਰ ਕਰਨ ਤੇ ਮਜਬੂਰ ਕਰ ਦਿਤਾ ਹੈ। ਉਹਨੂੰ ਦਿਲੋਂ ਇਹ ਚੰਗਾ ਨਹੀਂ ਲਗ ਰਿਹਾ। ਮਿੱਠੇ ਮੂੰਹ ਦੀ ਸਾਹਿਬ-ਸਲਾਮ ਅਤੇ ਗੱਲ ਬਾਤ ਹੈ, ਪਰ ਇਸ ਤਰ੍ਹਾਂ ਰਿਸ਼ਤਾ ਬਣਾਉਣਾ ਚੰਗਾ ਨਹੀਂ ਹੁੰਦਾ। ਉਹਨਾਂ ਕੰਨਿਆ ਨੂੰ ਵੱਡੇ ਆਦਮੀ ਦੀ ਪਤਨੀ ਸਮਝ ਕੇ ਕੀਮਤੀ ਸਾੜ੍ਹੀ ਦਿਤੀ ਹੈ। ਕੰਨਿਆ ਵਲੋਂ ਪ੍ਰੈਜ਼ੰਟ ਮੇਰੀ ਹੈਸੀਅਤ ਅਨੁਸਾਰ ਹੋਏ। ਬਹੁਤ ਜ਼ਿਆਦਾ ਵੀ ਨਾ ਹੋਏ ਨਹੀਂ ਤਾਂ ਇਹ (ਛੋਟੇ) ਬੰਦੇ ਫੇਰ ਵੀ ਮੂੰਹ ਵਧਾਉਣਗੇ।

ਮਹੀਪਾਲ ਦਸ ਰਿਹਾ ਸੀ —"ਛੱਟੀ ਵਾਲੇ ਦਿਨ ਤੋਂ ਸਾਡੇ ਵਲ ਚੰਗੇ ਭਾਗਾਂ ਦਾ

ਜਨਮ ਵੀ ਜੁੜਿਆ ਹੈ । ਅਜ ਦੇ ਈ ਦਿਨ ਵਿਧਾਤਾ ਕਿਸੇ ਨੂੰ ਰਾਜਾ ਕਿਸੇ ਨੂੰ ਰੰਕ ਬਣਾ ਦੇਂਦੀ ਹੈ। ਕੋਈ ਬੇਈਮਾਨ ਬਣਦਾ ਹੈ, ਕੋਈ ਪਤੀ ਸੱਚਾ। ਕੋਈ ਸੱਚੇ ਸੰਸਕਾਰਾਂ ਵਾਲਾ ਹੁੰਦਾ ਹੋਇਆ ਵੀ ਭਾਗਾਂ ਦੇ ਚੱਕਰ ਹੇਠ ਦੱਬਿਆ ਬੁਰਾ, ਬਹੁਤ ਬੁਰਾ–ਬਹੁਤ-ਬੁਰਾ ਆਦਮੀ ਬਣ ਜਾਂਦਾ ਹੈ ।"

"ਹੋਰ ?"

"ਸੱਚ ਹੈ, ਭਾਗਾਂ 'ਚ ਲਿਖੇ ਨੂੰ ਕੋਈ ਮੇਟ ਨਹੀਂ ਸਕਦਾ।" ਕਰਨਲ ਨੇ ਕਿਹਾ ।

"ਤੂੰ ਭਾਗਾਂ ਨੂੰ ਮੰਨਦਾ ਏਂ ਮਹੀਪਾਲ ?"

"ਨਾ ਮੰਨਦਾ ਵੀ ਮੰਨਦਾ ਆਂ ।"

"ਜੇ ਭਾਗਾਂ ਨੂੰ ਮੰਨਦਾ ਏਂ ਅਮੀਰੀ-ਗਰੀਬੀ, ਪੜ੍ਹਤਾ–ਅਨਪੜ੍ਹਤਾ ਆਦਿ ਦਾ ਭੇਦ-"

"ਇਹਨਾਂ ਗੱਲਾਂ ਦਾ ਜ਼ਿਮੇਵਾਰ ਜਾਗੀਰ ਦਾਰੀ ਪੂੰਜੀ-ਪਤੀ ਵਰਗ ਨੂੰ ਕਿਉਂ ਮੰਨਨਾਂ, ਏਹੋ ਨਾ ?"

"ਹੂੰ ।"

"ਸੱਜਨ, ਨਵੀਂ ਚੇਤਣਾ ਅਨੁਭਵ ਨਾਲ ਆਉਂਦੀ ਏ । ਅਨੁਭਵ ਸਿੱਧ ਕਰਨ ਲਈ ਆਦਮੀ ਜਾਂ ਪੂਰੇ ਸਮਾਜ ਨੂੰ ਜੋ ਕਰਨਾ ਤੇ ਸਹਿਣਾ ਪੈਂਦਾ ਏ, ਉਹ ਉਹਦਾ ਭਾਗ ਏ – ਉਹਦੇ ਭਾਗ ਦੀ ਸਮਾਜਕ ਜ਼ਿਮੇਂਵਾਰੀ ਏ ।" — ਕਹਿੰਦਿਆਂ ਕਹਿੰਦਿਆਂ ਮਹੀਪਾਲ ਦਾ ਬੋਲ ਗੰਭੀਰ ਹੋ ਗਿਆ — "ਉਸ ਜਨਮ ਵਿਚ ਜੋ ਕੀਤਾ ਕੀ ਉਹਦਾ ਫਲ ਇਸ ਜਨਮ ਵਿਚ ਭੋਗ ਰਿਹਾ ਹਾਂ। ਏਸ ਜਨਮ ਵਿਚ ਜੋ ਕਰ ਰਿਹਾ ਹਾਂ, ਜੋ ਕੁਝ ਕੀਤਾ ਹੈ, ਕਦੇ ਨਹੀਂ ਬਚ ਸਕਦਾ ।" ਭਾਰੀ ਆਵਾਜ਼ ਵਿਚ ਮਹੀਪਾਲ ਰੁਕ-ਰੁਕ ਕੇ ਇਸ ਤਰ੍ਹਾਂ ਬੇਲਾਗ ਹੋਇਆ ਬੋਲ ਰਿਹਾ ਸੀ ਜਿਵੇਂ ਓਥੇ ਹੋਰ ਕੋਈ ਨਹੀਂ, ਉਹ ਇਕੱਲਾ ਹੋਏ — ਦਿਮਾਗ ਦੇਹ ਦੇ ਮੇਲ ਨੂੰ ਵਿਸਾਰ ਕੇ ਆਪਣੇ ਆਪ ਬੋਲ ਰਿਹਾ ਸੀ —

ਪਿਛਲੇ ਦੋ-ਦਿਨਾਂ ਦੀ ਆਪਣੀ ਡੂੰਘੀ ਭਟਕਣ ਦੇ ਤਾਜ਼ੇ ਅਨੁਭਵ ਦੇ ਆਸਰੇ ਸੱਜਨ ਨੂੰ ਲੱਗਾ ਕਿ ਮਹੀਪਾਲ ਨੂੰ ਕਿਸੇ ਕੰਮ ਦਾ ਬੇਹੱਦ ਪਛਤਾਵਾ ਹੈ। ਕਾਰਨ ਜਾਨਣ ਦੀ ਇੱਛਾ ਹੋਈ; ਫਿਰ ਦੋ ਬਾਹਰਲਿਆਂ — ਸ਼ੰਕਰ ਲਾਲ ਅਤੇ ਵਰਮਾ – ਦਾ ਖ਼ਿਆਲ ਆਇਆ । ਇਸ ਹੋਂਦ ਦੇ ਬਾਵਜੂਦ ਸੱਜਨ ਦੇ ਮਨ ਵਿਚ ਇਹ ਇੱਛਾ ਹੋਈ ਕਿ ਸਭਨਾਂ ਸਾਹਮਣੇ ਮਹੀਪ ਲ ਨੂੰ ਟੋਕ ਕੇ ਉਹਦੇ ਪਛਤਾਵੇ ਦਾ ਕਾਰਨ ਪੁੱਛੇ । ਮਹੀਪਾਲ ਦੇ ਚਿਹਰੇ ਤੇ ਵੱਡੀ ਭੁੱਲ ਦੀ ਇਕ ਝਲਕ ਨੇ ਏਸ ਪਲ ਜਿਵੇਂ ਉਹਦੀ ਬਚੀ ਖੁਚੀ ਪਿਛਲੀ ਟੀਸ ਵੀ ਲੁਕਾ ਦਿਤੀ ਸੀ, ਇਸ ਦੇ ਨਾਲ ਉਹਨੂੰ ਖੁਸ਼ੀ ਹੋਈ ਪ੍ਰਤੀ-ਦਵੰਦੀ ਕਲਾਕਾਰ ਮਿੱਤਰ ਲਈ ਉਹਦੇ ਮਨ ਦੀ ਗੁਪਤ ਹਿੰਸਾ ਵੀ ਇਸ ਖੁਸ਼ੀ ਵਿਚ ਘੁਲੀ ਮਿਲੀ ਸੀ । ਸੱਜਨ ਨੇ ਉਸ ਨੂੰ ਟੋਕ ਕੇ ਹੱਸਦਿਆਂ ਹੋਇਆਂ ਪੁਛਿਆਂ —

"ਕਿਹੜੇ ਡੂੰਘੇ ਪਾਪ ਦੀ ਯਾਦ ਸਤਾ ਗਈ ਏਸ ਵੇਲੇ ?"

ਮਹੀਪਾਲ ਤ੍ਰਭਕਿਆ, ਜਿਵੇਂ ਅਚਾਨਕ ਗ਼ਰਿਫਤਾਰ ਕਰ ਲਿਆ ਗਿਆ ਹੋਏ, ਫਿਰ ਝੱਟ ਸੰਭਲ ਕੇ, ਖਿੱਝਿਆ ਹੋਇਆ ਹਾਸਾ ਹੱਸ ਕੇ, ਆਪਣੀ ਨਾਰਮਲ ਆਵਾਜ਼ ਵਿਚ ਬੋਲਣ ਦਾ ਕਾਫ਼ੀ ਹੱਦ ਤਕ ਸਫਲ ਜਤਨ ਨਾਲ, ਅਧਿਆਤਮਕ ਹਵਾ ਵਿਚ ਉਡਦਿਆਂ ਹੋਇਆਂ ਕਿਹਾ – "ਮੋ ਸਮ ਕੌਨ ਕੁਟਿਲ ਖਲ ਕਾਮੀ........ਕਿਹੜਾ ਪਾਪ ਦੱਸਾਂ ?"*

ਗੱਲ ਸੱਜਨ ਦੇ ਠੀਕ ਟਿਕਾਣੇ ਲੱਗੀ । ਉਹ ਪੁੱਛ ਕੇ ਫਿਰ ਪਛਤਾਇਆ । ਕੀ ਉਹ ਘਟ ਪਾਪੀ ਹੈ ? ਜੇਕਰ ਓਹਦੇ ਤੋਂ ਈ ਕੋਈ ਇੰਜ ਮਜ਼ਾਕ ਨਾਲ ਇਹ ਪੁੱਛ ਲੈਂਦਾ ? — ਈਮਾਨ ਦੇ ਜੋਸ਼ ਵਿਚ ਆ ਕੇ ਸੱਜਨ ਨੇ ਕਿਹਾ — "ਮੈਂ ਵੀ ਬਹੁਤ ਪਾਪੀ ਆਂ ਦੋਸਤ ! ਤੇਰੇ ਸਿਧਾਂਤ ਨਾਲ ਅਗਲੇ ਜਨਮ ਵਿਚ ਮੈਨੂੰ ਪਤਾ ਨਹੀਂ ਕੀ ਕੀ ਭੋਗਣਾ ਪਏਗਾ ?"

"ਬਈ, ਸਭ ਪਾਪੀ ਨੇ । ਸਭ ਆਪਣੇ-ਆਪਣੇ ਕਰਮਾਂ ਨੂੰ ਭੋਗਦੇ ਹਨ ।" ਕਰਨਲ ਨੇ ਗੱਲ ਦਾ ਸਾਧਾਰਣੀ-ਕਰਣ ਵਾਲੇ ਵਾਤਾਵਰਣ 'ਚੋਂ ਘੁਟਨ ਦਾ ਭਾਰ ਹੌਲਾ ਕੀਤਾ ।

"ਹਲੋ !" ਚਹਿਕਦੀ ਹੋਈ ਡਾ: ਸ਼ੀਲਾ ਸਿੰਵਗ ਨੇ ਕੰਨਿਆ ਨਾਲ ਦਹਿਲੀਜ਼ ਵਿਚ ਪੈਰ ਧਰਿਆ । ਮਹੀਪਾਲ ਨੂੰ ਵੇਖ ਕੇ ਉਹਦਾ ਖੇੜਾ ਰੁਕਿਆ, ਮਹੀਪਾਲ ਦਾ ਮੂੰਹ ਘਬਰਾ ਕੇ ਫਿਰ ਪੱਥਰ ਹੋ ਗਿਆ । ਉਹਨੂੰ ਛੱਡ ਕੇ ਬਾਕੀ ਸਭ ਜਣੇ ਖਲੋ ਗਏ, ਪਿਛੋਂ ਉਹ ਵੀ ਖੜਾ ਹੋ ਗਿਆ ।

ਕੰਨਿਆ ਸੱਜਨ ਵਲ ਵੇਖ ਕੇ ਅੱਖਾਂ ਕੱਢਦਿਆਂ ਹੋਇਆਂ ਬੋਲੀ — "ਅਜੇ ਤਕ ਤੂੰ ਗਿਆ ਨਹੀਂ ?"

"ਬਸ, ਜਾ ਈ ਰਿਹਾਂ ।" ਸੱਜਨ ਨੇ ਉੱਭੜਵਾਇਆਂ ਕਿਹਾ ।

ਟੇਢੀ ਕੰਨ ਅੱਖੇ ਮਹੀਪਾਲ ਦੇ ਚਿਹਰੇ ਨੂੰ ਵੇਖ ਕੇ ਫਿਰ ਖਿੜਦਿਆਂ ਹੋਇਆਂ ਸ਼ੀਲਾ ਨੇ ਕੰਨਿਆ ਨੂੰ ਕਿਹਾ — "ਬਿਲਕੁਲ ਠੀਕ, ਇਸ ਦੁਰਜਨ ਨਾਲ ਸਦਾ ਇਸੇ ਤਰ੍ਹਾਂ ਪੇਸ਼ ਆਈਂ ! ਇਹ ਇਸੇ ਕਾਬਿਲ ਏ !"

"ਮਹਾਰਾਜ ਜੀ, ਜੁੱਤੀਆਂ ਮਰਵਾਓ ! ਜ਼ਮਾਨਾ ਈ ਤੁਹਾਡਾ ਏ !" ਸੱਜਨ ਨੇ ਹੱਸ ਕੇ ਕਿਹਾ ।

"ਸਾਨੂੰ ਹੋਰ ਤੇ ਕੋਈ ਇਤਰਾਜ਼ ਨਹੀਂ, ਡਰ ਇਹੋ ਆ ਕਿ ਸਾਡੀਆਂ ਜੁੱਤੀਆਂ ਵੀ ਸ਼ਰਮ ਵਾਲੀਆਂ ਨੇ, ਟੁੱਟ ਜਾਣਗੀਆਂ । ਸਾਡਾ ਨੁਕਸਾਨ ਹੋਏਗਾ, ਤੇ ਮਰਦਾਂ ਦੀ ਬੇਸ਼ਰਮ

---

*ਮੇਰੇ ਵਰਗਾ ਕਮੀਨਾ, ਦੁਸ਼ਟ ਅਤੇ ਕਾਮੀ ਕੌਣ ਹੈ ।

ਅਨੁਵਾਦਕ

ਖੋਪਰੀ ਫਿਰ ਵੀ ਨਹੀਂ ਟੁੱਟਣੀ!"

ਇਸ ਗੱਲ ਤੇ ਫ਼ਰਮਾਇਸ਼ੀ ਠਹਾਕਾ ਵਜਾ।

ਮਿ. ਵਰਮਾ ਨੇ ਆਪਣੀ ਕੁਰਸੀ ਤੋਂ ਪਰ੍ਹਾਂ ਹਟ ਕੇ ਖਲੋਂਦਿਆਂ ਡਾ: ਸ਼ੀਲਾ ਨੂੰ ਕਿਹਾ – "ਆਓ, ਡਾਕ ਸਾਹਿਬ, ਬੈਠੋ।"

ਦਹਿਲੀਜ਼ਾਂ ਵਿਚ ਦੋ ਕੁਰਸੀਆਂ ਅਤੇ ਇਕ ਲੰਮੀ ਬੈਂਚ ਤੇ ਚਾਰੇ ਜਣੇ ਬੈਠੇ ਸਨ; ਦੋ ਤੀਂਵੀਆਂ ਦੇ ਆਉਣ ਕਰਕੇ ਥਾਂ ਘਟ ਗਈ। ਉਹਦੀ ਸਫ਼ਾਈ ਜਿਹੀ ਦੇਂਦਿਆਂ ਮਿ. ਵਰਮਾ ਨੇ ਕਿਹਾ — "ਕੀ ਦਸਾਂ, ਘਰ 'ਚ ਤਾਂ ਇਸ ਵੇਲੇ ਜ਼ਨਾਨੀਆਂ ਦਾ ਈ ਰਾਜ ਏ......"

"ਮੈਂ ਜਾ ਰਿਹਾਂ।" ਮਹੀਪਾਲ ਅੱਖਾਂ ਨੀਵੀਂਆਂ ਪਾਈ ਉਠਿਆ।

"ਕਿਉਂ ? ਬੈਠੋ ਨਾ।" ਡਾ. ਸ਼ੀਲਾ ਦੀ ਆਵਾਜ਼ ਵਿਚ ਜ਼ਿੱਦ ਸੀ, ਅੱਖਾਂ ਭਿਖਿਆ ਜਿਹੀ ਮੰਗ ਰਹੀਆਂ ਸਨ। ਜਿਸ ਦਿਨ ਕਰਨਲ ਮਹੀਪਾਲ ਨੂੰ ਸ਼ੀਲਾ ਦੇ ਘਰੋਂ ਲਿਆਇਆ ਸੀ, ਓਦਣ ਤੋਂ ਪਿਛੋਂ ਦੋਵਾਂ ਦਾ ਅੱਜ ਮੇਲ ਹੋ ਰਿਹਾ ਸੀ।

ਮਹੀਪਾਲ ਨੇ ਨਜ਼ਰਾਂ ਉਤਾਂਹ ਚੁਕੀਆਂ। ਬੜੀ ਦੀਨ ਅਤੇ ਨਿਰਾਸਰੀ ਨਜ਼ਰ ਨਾਲ ਉਹਨੇ ਸ਼ੀਲਾ ਨੂੰ ਵੇਖਿਆ, ਫਿਰ ਗੱਲ ਬਣਾਉਂਦਿਆਂ ਬੋਲਿਆ — "ਨਹੀਂ, ਮੈਂ ਤਾਂ ਹੁਣ ਜਾਣਾ ਈ ਸੀ......"

"ਠਹਿਰ, ਮੈਂ ਵੀ ਚਲਦਾ ਆਂ। ਕਰਨਲ, ਇਕ ਗੱਲ ਸੁਣੀਂ।" ਸੱਜਨ ਨੇ ਕਿਹਾ।

"ਮੇਰੇ ਆਉਂਦਿਆਂ ਈ ਸਭ ਤੁਰ ਪਏ ਓ ?" ਸੱਜਨ ਨੇ ਅੱਖਾਂ ਵਿਚ ਪਿਆਰ ਭਰ ਕੇ ਕੰਨਿਆ ਨੂੰ ਵੇਖਿਆ।

"ਮਰਦਾਂ ਨੂੰ ਜਾਂ ਤੇ ਔਰਤਾਂ ਦਾ ਮਾਲਕ ਬਣਨ ਦੀ ਹਵਸ ਹੁੰਦੀ ਏ, ਜਾਂ ਗ਼ੁਲਾਮ ਬਣਨ ਦੀ! ਆਪੋ ਵਿਚਲੀ ਬਰਾਬਰੀ ਦਾ ਵਡੱਪਣ ਤਾਂ ਇਹ ਲੋਕੀਂ ਸਮਝਦੇ ਈ ਨਹੀਂ!" ਕਹਿੰਦਿਆਂ ਹੋਇਆਂ ਕੰਨਿਆ ਦੀਆਂ ਅੱਖਾਂ ਵਿਚ ਮਿੱਠੀ ਸ਼ਿਕਾਇਤ ਸੀ; ਸ਼ਿਕਾਇਤ ਘਟ, ਮਿਠਾਸ ਬਹੁਤੀ ਸੀ।

ਸੱਜਨ ਨੂੰ ਇਸ ਵੇਲੇ ਅਚਾਨਕ ਇਹ ਪੁਰਾਣਾ ਅਨੁਭਵ ਤਾਜ਼ਾ ਹੋਇਆ ਲਗਾ ਕਿ ਕੰਨਿਆ ਦਾ ਪ੍ਰੇਮ ਬਹੁਤ ਹੀ ਸਾਫ਼ ਅਤੇ ਨਿਰਛਲ ਹੈ। ਉਹ ਚਾਹੁੰਦਾ ਹੋਇਆ ਵੀ ਉਸ ਤਰ੍ਹਾਂ ਦੀ ਸ਼ੁੱਧਤਾ ਆਪਣੇ ਆਪ ਵਿਚ ਕਿਉਂ ਨਹੀਂ ਮਹਿਸੂਸ ਕਰ ਸਕਦਾ ? ਉਹ ਸਭਨਾਂ ਤੋਂ ਆਪਣੇ ਆਪ ਨੂੰ ਵੱਖਰਾ ਕਰਕੇ ਕਿਓਂ ਰਖਦਾ ਹੈ, ਕਿਉਂ ਵੇਖਦਾ ਹੈ ? ਕੰਨਿਆ ਦੀ ਪ੍ਰੇਮ-ਗੰਗਾ ਵਿਚ ਉਹਦੇ ਕੁਲੱਛਣੇ ਪਿਆਰ ਦਾ ਸੰਗਮ ਹੁੰਦਾ ਹੈ। ਕੀ ਉਹ ਕਦੇ ਪਵਿੱਤਰ ਨਹੀਂ ਹੋ ਸਕੇਗਾ ?

... ...

ਇਕੱਠਿਆਂ ਗਲੀਆਂ 'ਚੋਂ ਲੰਘਦਿਆਂ ਵੀ ਸੱਜਨ ਅਤੇ ਮਹੀਪਾਲ ਚੁੱਪ ਸਨ। ਦੋਵਾਂ ਦੇ ਹੀ ਮਨ ਬੁਰੀ ਤਰ੍ਹਾਂ ਰਿੜਕੇ ਜਾ ਰਹੇ ਸਨ।

"ਮੈਂ ਬੇਹੱਦ ਨੀਚ ਆਂ......ਕੰਨਿਆ ਵਰਗੀ ਸੁੱਚੇ ਚਰਿੱਤਰ ਲੜਕੀ ਦੇ ਯੋਗ ਨਹੀਂ।......ਪਰ ਮੈਂ ਆਪਣੇ ਆਪ ਨਾਲ ਲੜਾਂਗਾ। ਮੈਂ ਵਧੀਆ ਬਣਾਂਗਾ।" ਸੱਜਨ ਕੰਨਿਆ ਦੀ ਪਵਿੱਤਰਤਾ ਦਾ ਧਿਆਨ ਕਰਕੇ ਆਪ ਵੀ ਪਵਿੱਤਰਤਾ ਦੇ ਭਾਵ ਨਾਲ ਭਰ ਗਿਆ।

"ਮੈਂ ਬੜਾ ਤੁੱਛ ਆਂ। ਮੇਰੇ ਜੀਵਨ ਤੇ ਲਾਹਨਤ ਹੈ। ਲਾਹਨਤ ਹੈ।...... ਹੇ ਭੋਲੇ!"

ਸ਼ਿਵ ਭੋਲੇ ਨੂੰ ਯਾਦ ਕਰਕੇ ਮਹੀਪਾਲ ਹੋਰ ਵੀ ਵਧੇਰੇ ਤੁੱਛਤਾ ਅਤੇ ਅੰਦਰਲੇ ਧਿੱਤਕਾਰ ਨਾਲ ਭਰ ਗਿਆ।

ਗਲੀਆਂ ਚੋਣਾਂ ਦੀ ਚਰਚਾ ਦੀ ਗੂੰਜ ਨਾਲ ਭਰੀਆਂ ਹੋਈਆਂ ਸਨ। ਕੋਈ ਕਹਿੰਦਾ ਕਾਂਗਰਸ ਕੋਹਾਂ ਅਗੇ ਜਾ ਰਹੀ ਹੈ, ਕੋਈ ਕਹਿੰਦਾ ਜਨਸੰਘ ਜ਼ੋਰਾਂ ਤੇ ਹੈ। ਦੁਪਹਿਰੋਂ ਪਿਛੋਂ ਦੀਆਂ ਅਫ਼ਵਾਹਾਂ ਵਿਚ ਕਿਸਾਨ-ਮਜ਼ਦੂਰ ਪਰਜਾ ਪਾਰਟੀ ਦੇ ਕੈਂਡੀਡੇਟ ਦਾ ਰੰਗ ਤਾਂ ਬਿਲਕੁਲ ਪੀਲਾ ਪੈ ਗਿਆ। ਘੋੜਸਵਾਰ, ਚੜ੍ਹਦਾ ਸੂਰਜ, ਬੇੜੀ, ਫੁਲ, ਇੰਜਣ ਦਾਤਰੀ ਆਦਿ ਨਿਸ਼ਾਨਾਂ ਦਾ ਚਰਚਾ ਵੀ ਨਹੀਂ ਸੀ ਹੋ ਰਿਹਾ।

35

ਗਲੀਆਂ 'ਚੋਂ ਨਿਕਲ ਕੇ ਦੋਵੇਂ ਚੌਂਕ ਦੇ ਚੌਰਾਹੇ ਤੇ ਆ ਗਏ। ਗੋਲ ਦਰਵਾਜ਼ੇ ਵਾਲਾ ਚੌਰਾਹਾ ਆਉਂਦੀ ਜਾਂਦੀ ਅਤੇ ਠਹਿਰੀ ਹੋਈ ਭੀੜ ਨਾਲ ਘਿਰਿਆ ਹੋਇਆ ਸੀ। ਲਾਊਡ ਸਪੀਕਰਾਂ ਦੀਆਂ ਖਹਿੰਦੀਆਂ ਹੋਈਆਂ ਆਵਾਜ਼ਾਂ ਹਵਾ ਵਾਂਗ ਜਿਵੇਂ ਕੁਦਰਤ ਦਾ ਅੰਗ ਹੋ ਗਈਆਂ ਸਨ। ਵਿਕਟੋਰੀਆ ਪਾਰਕ ਦੇ ਦੋਹੀਂ ਪਾਸੀਂ ਚਾਹ ਪੀਣ ਦੀਆਂ ਦੁਕਾਨਾਂ ਤੇ ਸਾਰੀਆਂ ਕੁਰਸੀਆਂ ਆਦਮੀਆਂ ਨਾਲ ਭਰੀਆਂ ਹੋਈਆਂ ਸਨ। ਵਿਕਟੋਰੀਆ ਪਾਰਕ ਵਿਚ ਪੋਲਿੰਗ ਹੋ ਰਿਹਾ ਸੀ। ਪੁਲਸ, ਫ਼ਾਈਲਾਂ ਲਈ ਸਰਕਾਰੀ ਅਫ਼ਸਰ, ਕਾਰਾਂ, ਡੋਲੀਆਂ, ਪਾਲਕੀਆਂ — ਲੋਕਾਂ ਦੀ ਭੀੜ ਵਿਚ ਖ਼ਾਸ ਚੀਜ਼ ਬਣ ਕੇ ਸਾਹਮਣੇ ਆ ਰਹੀਆਂ ਸਨ।

ਸੱਜਨ ਅੱਜ ਡਰਾਈਵਰ ਨੂੰ ਨਾਲ ਲੈ ਕੇ ਆਇਆ ਸੀ, ਇਸ ਲਈ ਜੁ ਭੀੜ-ਭੜੱਕੇ ਅਤੇ ਜੋਸ਼ ਵਾਲਾ ਦਿਨ ਹੋਣ ਕਰਕੇ ਕੋਈ ਵਾਰਦਾਤ ਨਾ ਹੋ ਜਾਏ। ਅਤੇ ਸੜਕ ਤੇ ਖੜੀ ਉਹਦੀ ਮੋਟਰ ਬਿਨਾਂ ਰਾਖੀ ਤੋਂ ਕਿਤੇ ਬੇਗੁਨਾਹ ਹੀ ਤੋੜ-ਭੰਨ ਦੀ ਸ਼ਿਕਾਰ ਨਾ ਹੋ ਜਾਏ।

ਪਰ ਚੋਣਾਂ ਦਾ ਵਾਤਾਵਰਣ ਸਿਰਫ਼ ਜਨਤਾ ਦੀਆਂ ਗੱਲਾਂ ਦੀ ਗੂੰਜ ਨਾਲ ਹੀ ਭਰਿਆ ਹੋਇਆ ਸੀ, ਉਂਜ ਪੂਰੀ ਸ਼ਾਂਤੀ ਸੀ। ਪ੍ਰਬੰਧ ਵੀ ਚੰਗਾ ਹੀ ਦਿਸ ਰਿਹਾ ਸੀ। ਸੱਜਨ ਅਤੇ ਮਹੀਪਾਲ ਜਦ ਕਾਰ ਕੋਲ ਆਏ ਤਾਂ ਡਰਾਈਵਰ ਉਥੇ ਨਹੀਂ ਸੀ। ਸੱਜਨ ਨੂੰ ਗੁੱਸਾ ਆ ਗਿਆ। ਮਹੀਪਾਲ ਬੋਲਿਆ — "ਜਾਣ ਦੇ। ਮੇਲੇ ਦਾ ਦਿਨ ਏ, ਕਦੋਂ ਤਕ ਕਾਰ ਵਿਚ ਬੈਠਾ ਰਹਿੰਦਾ ? ਇਥੇ ਕਿਤੇ ਹੋਏਗਾ। ਆ, ਓਨਾ ਚਿਰ ਪਾਨ ਖਾਂਦੇ ਆਂ, ਬੜੇ ਚਿਰ ਤੋਂ ਚੰਗੇ ਪਾਨ ਖਾਣ ਲਈ ਨਹੀਂ ਮਿਲੇ।"

ਸੱਜਨ ਦਾ ਧਿਆਨ ਇਸ ਵੇਲੇ ਡਰਾਈਵਰ ਵਿਚ ਸੀ। ਕੰਨਿਆ ਉਹਨੂੰ ਉਡੀਕੇਗੀ, ਚਾਰ ਵਜੇ ਤਾਈ ਦੀ ਹਵੇਲੀ ਵਿਚ ਔਰਤਾਂ ਦਾ ਮੇਲਾ ਸ਼ੁਰੂ ਹੋ ਜਾਏਗਾ। ਫਿਰ ਉਹਨੂੰ ਬੁਲਾਉਣਾ ਵੀ ਮੁਸ਼ਕਿਲ ਹੋ ਜਾਏਗਾ। ਕਲ੍ਹ ਤੋਂ ਉਹਦੇ ਮਨ ਵਿਚ ਕੰਨਿਆ ਲਈ ਬੇਹੱਦ ਲਾਡ ਅਤੇ ਪਿਆਰ ਉਮਡ ਰਿਹਾ ਹੈ। ਰਾਤੀਂ ਰੂਪ ਰਤਨ ਦੇ ਘਰ ਚਿੱਤਰਾ ਨੂੰ ਵੇਖ ਕੇ ਉਹਦੇ ਮਨ ਵਿਚ ਹੌਲ ਪਿਆ ਸੀ। ਭਾਵੇਂ ਉਹ ਚਿੱਤਰਾ ਨਾਲ ਬੇਹੱਦ ਪ੍ਰਸੰਨ ਅਤੇ ਪ੍ਰਭਾਵਤ ਸੀ, ਉਹਨੇ ਕਲ੍ਹ ਸੱਜਨ ਦੀ ਬੜੀ ਇੱਜ਼ਤ ਰਖੀ, ਫਿਰ ਵੀ ਚਿੱਤਰਾ ਕੰਨਿਆ ਨਹੀਂ ਹੋ ਸਕਦੀ। ਚਿੱਤਰਾ ਉਹਦੀ ਰਖੇਲ ਹੋ ਸਕਦੀ ਸੀ, ਪਤਨੀ ਨਹੀਂ। ਉਹਨੂੰ ਪਤਨੀ ਚਾਹੀਦੀ ਏ। ਉਹ ਹੁਣ ਪੱਕੀ ਤਰ੍ਹਾਂ ਆਪਣੇ ਬੇ-ਨਿਯਮੇਂ ਜੀਵਨ ਤੋਂ ਅੱਕ ਗਿਆ ਹੈ। ਹੁਣ ਤਕ ਪਤਨੀ ਦੀ ਜ਼ਿੰਮੇਵਾਰੀ ਤੋਂ ਖ਼ਾਲੀ ਜੀਵਨ ਬਿਤਾ ਕੇ ਉਹ ਉਸ ਤੋਂ ਬਚਣ ਲਈ ਭੱਜ ਰਿਹਾ ਸੀ — ਜਾਲ ਵਿਚ ਫਸ ਜਾਣ ਵਾਲੇ ਜੰਗਲੀ ਹਾਥੀ ਵਾਂਗ ਵਿਦਰੋਹ ਕਰ ਰਿਹਾ ਸੀ। ਬ੍ਰਜ ਭੂਮੀ ਵਿਚ ਕੰਨਿਆ ਨਾਲ ਫਿਰਦਿਆਂ ਹੋਇਆਂ, ਆਪਣੇ ਪ੍ਰੇਮ ਜਾਲ ਵਿਚ ਜਕੜੀ ਹੋਈ ਕੰਨਿਆ ਦੀ ਮਜਬੂਰੀ ਦਾ ਲਾਭ ਉਠਾ ਕੇ, ਉਹਦਾ ਉਪਯੋਗ ਕਰਕੇ ਆਪਣੇ ਮਨ ਵਿਚ ਉਹਦਾ ਦਰਜਾ ਘਟਾਉਣ ਲਈ ਸੱਜਨ ਦਾ ਅਰਧ ਚੇਤਨ ਮਨ ਜਿਹੜੇ ਢਕੌਂਜ ਰਚ ਰਿਹਾ ਸੀ, ਉਹਨਾਂ ਵਿਚ ਉਹਨੂੰ ਹਾਰ ਹੋਈ। ਉਸ ਹਾਰ ਦੀ ਖਿਝ, ਬ੍ਰਜ ਭੂਮੀ ਵਿਚ ਉਭਰੀ, ਪਰ ਦਬਾਈ ਹੋਈ ਉਹਦੀ ਕਾਮ ਤੇਹ ਹੀ ਰਾਜਾ ਸਾਹਿਬ ਦੀ ਮਹਿਫ਼ਲ ਵਿਚ ਚਿੱਤਰਾ ਨੂੰ ਵੇਖ ਕੇ ਉਭਰ ਆਈ ਸੀ। ਚਿੱਤਰਾ ਦੇ ਕਾਰਨ ਅਜਿਹਾ ਹੋਏ ਇਹ ਗੱਲ ਨਹੀਂ, ਏਦਾਂ ਦੀ ਕੋਈ ਹੋਰ ਵੀ ਜਾਣ ਪਛਾਣ ਵਾਲੀ ਮਿਲ ਜਾਂਦੀ ਤਾਂ ਵੀ ਉਹ ਉਹਦੇ ਨਾਲ ਤਿਲਕ ਪੈਂਦਾ, ਪਰ ਇਸ ਵਾਰ ਅਜਿਹੀ ਔਰਤ ਦੀ ਸੰਗਤ — ਚਿੱਤਰਾ ਦੀ ਸੰਗਤ — ਉਹਦੇ ਲਈ ਨੈਤਿਕ ਪੱਖ ਤੋਂ ਅਸਹਿ ਗਿਆ। ਉਹਨੂੰ ਆਪਣੇ ਮਨ ਦਾ ਡੂੰਘਾ ਪਤਾਲ ਨਜ਼ਰ ਆਇਆ। ਉਹਨੂੰ ਆਪਣੇ ਆਪ ਤੋਂ ਬੇ ਹੱਦ ਘ੍ਰਿਣਾ ਹੋਈ। ਕੰਨਿਆ ਐਸੇ ਵੇਲੇ ਹੀ ਉਹਦੇ ਸਾਰੇ ਸੰਸਕਾਰਾਂ ਦਾ ਪ੍ਰਤੀਕ ਬਣ ਕੇ ਕਲ੍ਹ ਆਈ ਸੀ ਓਹਨੂੰ ਆਪਣਾ ਹੰਕਾਰ ਰਹਿਤ ਪਿਆਰ ਦੇ ਕੇ ਉਭਾਰ ਲਿਆ ਸੀ — ਦਿਨੇ ਵੀ, ਰਾਤੀਂ ਰੂਪ ਰਤਨ ਦੇ ਘਰੋਂ ਪਰਤਦਿਆਂ ਹੋਇਆਂ ਵੀ। ਕਲ੍ਹ ਤੋਂ ਪੂਰੇ (ਵਿਕਾਰ ਰਹਿਤ) ਮਨੋਂ ਕੰਨਿਆ ਉਹਦੀ ਸਵਾਮਣੀ,

ਉਹਦੇ ਘਰ ਦੀ ਮਾਲਕਣ ਹੈ। ਉਹਦੀ ਯਾਦ, ਉਹਦਾ ਦਰਸ਼ਨ, ਉਹਦੀ ਛੋਹ ਸੱਜਨ ਦੇ ਰਹੇ ਸਹੇ ਵਿਚਾਰਾਂ ਨੂੰ ਵੀ ਦੂਰ ਭਜਾ ਦੇਂਦਾ ਹੈ। ਉਹਨੂੰ ਉੱਚਿਆਂ ਉਠਣ ਦੀ ਪ੍ਰੇਰਨਾ ਦੇਂਦਾ ਹੈ। ਡਰਾਈਵਰ ਦਾ ਨਾ ਹੋਣਾ ਉਹਨੂੰ ਬੜਾ ਚੁਭਿਆ। ਕਾਰ ਦੀ ਚਾਬੀ ਵੀ ਉਹਦੇ ਕੋਲ ਨਹੀਂ ਸੀ ਨਹੀਂ ਤਾਂ ਉਹ ਏਨਾ ਪਰੇਸ਼ਾਨ ਨਾ ਹੁਦਾ। ਪਰ ਇਸ ਵੇਲੇ ਉਹਨੂੰ ਡਰਾਈਵਰ ਤੇ ਪੂਰੀ ਤਰ੍ਹਾਂ ਕ੍ਰੋਧ ਵੀ ਨਹੀਂ ਆ ਰਿਹਾ। ਮਹੀਪਾਲ ਠੀਕ ਕਹਿੰਦਾ ਹੈ, ਮੇਲੇ ਦਾ ਦਿਨ ਹੈ, ਕਦ ਤਕ ਵਿਚਾਰਾ ਕਾਰ ਵਿਚ ਬੈਠਾ ਰਹਿੰਦਾ। ਉਹ ਵੀ ਮਨੁੱਖ ਹੈ।

ਇਨਸਾਨੀਅਤ ਅਤੇ ਕੰਨਿਆ ਦੇ ਹੁਕਮ ਪਾਲਣ ਦੀ ਖਿੱਚੋਤਾਣ ਵਿਚ ਸੱਜਨ ਟਿਕ ਗਿਆ ਸੀ। ਮਹੀਪਾਲ ਉਹਦੀ ਬਾਂਹ ਫੜ ਕੇ ਖਿਚਦਾ ਹੋਇਆ ਬੋਲਿਆ — "ਆ ਵੀ ! ਹੁਣ ਤੋਂ ਈ ਜੋਰੂ ਦਾ ਗ਼ੁਲਾਮ ਨਾ ਬਣ......ਹਾਲਾਂਕਿ ਚੰਗੀ ਔਰਤ ਦਾ ਗ਼ੁਲਾਮ ਬਣਨ ਵਿਚ ਹੀ ਸਾਡੇ ਵਰਗਿਆਂ ਦਾ ਕਲਿਆਣ ਹੈ !"

ਜਮਨਾ ਤਮੋਲੀ ਦੀ ਦੁਕਾਨ ਤੋਂ ਪਾਨ ਦੀ ਉਡੀਕ ਵਿਚ ਖੜੇ ਹੋ ਕੇ ਉਹ ਕੋਲ ਈ ਲਗੀ ਹੋਈ ਲਾਲ ਮਹਾਰਾਜ ਦੀ ਚਾਹ-ਸ਼ਰਦਾਈ ਦੀ ਦੁਕਾਨ ਤੇ ਬੈਠਿਆਂ ਹੋਇਆਂ ਲੋਕਾਂ ਦੀਆਂ ਗੱਲਾਂ ਸੁਣਨ ਲਗੇ। ਇਲੈਕਸ਼ਨ ਦੀਆਂ ਗੱਲਾਂ ਸੁਣਨ ਲਈ ਮਿਲ ਰਹੀਆਂ ਸਨ। ਸੱਜਨ ਅਤੇ ਮਹੀਪਾਲ ਨੂੰ ਵੀ ਇਹ ਸੁਣ ਕੇ ਮਜ਼ਾ ਆ ਗਿਆ। ਪਾਨ ਲੈ ਕੇ, ਸੱਜਨ ਨੇ ਕਿਹਾ — "ਆ, ਚਲੀਏ।"

ਮਹੀਪਾਲ ਇਕ ਸੈਕੰਡ ਉਲਝਿਆ ਖਲੋਤਾ ਰਿਹਾ, ਸੱਜਨ ਨੇ ਦੋਬਾਰਾ ਕਹਿਣ ਤੇ ਬੋਲਿਆ — "ਹੁਣ ਤੂੰ ਈ ਹੋ ਆ, ਮੈਂ ਜ਼ਰਾ ਏਥੇ ਫਿਰਾਂ ਤੁਰਾਂਗਾ। ਚੰਗਾ ਲਗ ਰਿਹਾ ਏ।"

"ਤੂੰ ਤਾਂ ਕਿਸੇ ਕੰਮ ਲਈ ਉਥੋਂ ਉਠਿਆ ਸੈਂ।"

"ਨ-ਹੀਂ। ਉਂਜ ਹੀ — ਅੱਛਾ, ਤਾਂ ਫਿਰ ਤੂੰ ਜਾਹ। ਪਰ ਜਾਏਂਗਾ ਕਿਵੇਂ ? ਤੇਰਾ ਡਰਾਈਵਰ......"

ਸੱਜਨ ਉਹਦੇ ਚਿਹਰੇ ਨੂੰ ਧਿਆਨ ਨਾਲ ਵੇਖਦਾ ਹੋਇਆ, ਜਿਵੇਂ ਉਹਦੇ ਉਤੇ ਕੁਝ ਪੜ੍ਹ ਰਿਹਾ ਹੋਏ, ਬੋਲਿਆ — "ਨਾ ਆਇਆ ਹੋਏਗਾ ਤਾਂ ਬਸ ਤੇ ਚਲਿਆ ਜਾਵਾਂਗਾ।"

ਸੱਜਨ ਚਲਾ ਗਿਆ। ਮਹੀਪਾਲ ਪਾਰਕ ਵਲ ਵਧਿਆ। ਭੀੜ ਰੰਗ ਬਿਰੰਗੀ ਅਤੇ ਜ਼ੋਰਦਾਰ ਸੀ। ਚੋਣ-ਚਰਚਾ ਤੋਂ ਬਿਨਾਂ ਹੋਰ ਕੋਈ ਗੱਲ ਈ ਕੰਨਾਂ ਵਿਚ ਨਹੀਂ ਸੀ ਪੈ ਰਹੀ। ਬੁੱਢੇ, ਬੀਮਾਰ, ਅਪਾਹਜ ਤਕ ਵੋਟ ਪਾਉਣ ਆ ਰਹੇ ਸਨ। ਔਰਤਾਂ ਵਿਚ ਤਾਂ ਅਥਾਹ ਜੋਸ਼ ਸੀ। ਲੋਕ ਰਾਜੀ ਪ੍ਰੰਪਰਾ ਨੂੰ ਬੜੇ ਪੁਰਾਣੇ ਜ਼ਮਾਨੇ ਤੋਂ ਮੰਨਣ ਵਾਲੇ ਭਾਰਤ ਦੇਸ਼ ਦੀਆਂ ਔਰਤਾਂ ਨੂੰ ਇਤਿਹਾਸ ਵਿਚ ਪਹਿਲੀ ਵਾਰ ਵੋਟ ਪਾਉਣ ਦਾ ਹੱਕ ਮਿਲ ਰਿਹਾ ਸੀ। ਬਹੁਤੀਆਂ ਤੀਂਵੀਆਂ ਆਪਣੇ ਆਦਮੀਆਂ ਦੀ ਮਰਜ਼ੀ ਅਨੁਸਾਰ

ਵੋਟ ਪਾ ਰਹੀਆਂ ਸਨ । ਕੁਝ ਨੇ ਆਪਣੇ ਅਧਿਕਾਰ ਦੀ ਆਜ਼ਾਦ ਵਰਤੋਂ ਵੀ ਕੀਤੀ । ਇਕ ਸੱਜਨ ਵਾਰ ਵਾਰ ਆਪਣੀ ਪਤਨੀ ਨੂੰ ਜਨਸੰਘੀ ਦੀਪਕ ਦੀ ਜੋਤ ਜਗਾਉਣ ਦਾ ਹੁਕਮ ਦੇ ਰਹੇ ਸਨ, ਅਤੇ ਉਹਨਾਂ ਦੀ ਪਤਨੀ ਕਾਂਗਰਸ ਦੇ ਬਲਦਾਂ ਅਗੇ ਚਾਰਾ ਪਾਉਣਾ ਚਾਹੁੰਦੀ ਸੀ । ਦੋਵਾਂ ਵਿਚ ਤੂੰ ਤੂੰ ਮੈਂ ਮੈਂ ਹੋ ਗਈ । ਜੋਸ਼ ਵਿਚ ਪਤਨੀ ਦੇਵੀ ਪਾਰਕ ਨੂੰ ਹੀ ਆਪਣਾ ਘਰ ਸਮਝ ਕੇ ਪਤੀ ਦੇਵ ਤੇ ਗਰਮ ਹੋ ਗਈ । ਬੋਲੀ — "ਵੇਖੋ ਅੱਜ ਅਸੀਂ ਜ਼ਿੰਦਗੀ ਵਿਚ ਪਹਿਲੀ ਵਾਰ ਵੋਟ ਪਾਉਣ ਆਏ ਹੈਗੇ ਆਂ । ਜੀਹਨੂੰ ਸਾਡਾ ਮਨ ਆਏ ਉਹਨੂੰ ਦਿਆਂਗੇ । ਤੇ ਤੁਹਾਨੂੰ ਹੁਣ ਸਹੁੰ ਜੇ, ਆਪਾਂ ਦਾ ਮੋਇਆਂ ਦਾ ਮੂੰਹ ਵੇਖੋ ਜੇ ਹੁਣ ਟੋਕਾ ਟੋਕੀ ਕਰੋ ।"

ਪਤੀ ਪਤਨੀ ਦਾ ਇਹ ਬੋਲਦ-ਦੀਵਾ ਗੱਲ-ਬਾਤ ਚਲ ਈ ਰਹੀ ਸੀ ਕਿ ਕੋਲੋਂ ਲੰਘਦੇ ਇਕ ਪੁਲਸ ਮੈਨ ਨੇ ਪਤੀ ਦੇਵ ਦੀ ਬਾਂਹ ਫੜ ਲਈ । ਪੋਲਿੰਗ ਵਾਲੇ ਇਲਾਕੇ ਵਿਚ ਕੈਨਵੈਸਿੰਗ ਕਰਨਾ ਜੁਰਮ ਸੀ ।

ਚੌਕ ਦੀਆਂ ਕੁਝ ਵੇਸਵਾਵਾਂ ਨੇ ਆਜ਼ਾਦੀ ਦਾ ਭਜਨ ਗਾਉਣ ਵਾਲੀ ਸਭਯ ਦੁਨੀਆਂ ਨੂੰ ਅੱਜ ਬੜਾ ਸਿੱਧਾ, ਸੱਚਾ ਅਤੇ ਕਰਾਰਾ ਜਵਾਬ ਦਿਤਾ । ਉਹਨਾਂ ਤੋਂ ਪੁੱਛਿਆ ਗਿਆ — "ਬਾਪ ਦਾ ਨਾਂ ?" ਜਵਾਬ ਮਿਲਿਆ — "ਰੁਪਿਆ !"

ਫਿਰ ਪੁੱਛਿਆ ਗਿਆ — "ਪਤੀ ਦਾ ਨਾਂ ?"

ਜਵਾਬ ਮਿਲਿਆ — "ਰੁਪਿਆ !" ਉਹਨਾਂ ਵਿਚ ਬਾਈਆਂ ਤੇਈਆਂ ਵਰ੍ਹਿਆਂ ਦੀ ਇਕ ਨੱਥ ਵਾਲੀ ਸ਼ੋਖ਼ ਮਿਜ਼ਾਜ ਨੇ ਕਿਹਾ — "ਨਹੀਂ, ਪਤੀ ਇਹ ਸ੍ਰੀ ਮਾਨ ਜੀ ਨੇ, ਜਿਹੜੇ ਸਾਨੂੰ ਘੇਰ ਕੇ ਏਥੇ ਵੋਟ ਪਵਾਉਣ ਲਈ ਲਿਆਏ ਨੇ ।"

ਚੋਣਾਂ ਦੀਆਂ ਤਸਵੀਰਾਂ ਵਿਚ ਮਹੀਪਾਲ ਦਾ ਜੀਅ ਖੁਭ ਗਿਆ । ਇਹ ਚੋਣਾਂ ਉਹਨੂੰ ਆਪਣੇ ਆਪ ਇਕ ਬਹੁਤ ਵੱਡੀ ਟਿਚਕਰ ਲਗ ਰਹੀ ਸੀ । ਇਕ ਪਾਸੇ ਤਾਂ ਭਾਰਤ ਦੀਆਂ ਇਹਨਾਂ ਪਹਿਲੀਆਂ ਲੋਕ-ਰਾਜੀ ਚੋਣਾਂ ਨੇ ਬਾਲਗਾਂ ਦੇ ਵੋਟ ਦੇ ਹੱਕ ਨੂੰ ਮੰਨ ਕੇ ਪੂਰੇ ਸਮਾਜ ਨੂੰ ਆਪਣੀ ਮਨ ਚਾਹੀ ਸਰਕਾਰ ਬਣਾਉਣ ਦੀ ਆਜ਼ਾਦੀ ਦੇ ਦਿਤੀ। ਪ੍ਰਾਚੀਨ ਭਾਰਤ ਦੇ ਜਾਗੀਰਦਾਰੀ ਲੋਕ-ਰਾਜ ਵਿਚ ਕਿਸੇ ਇਸਤਰੀ, ਕਾਰੀਗਰ, ਵਿਉਪਾਰੀ ਅਤੇ ਗ਼ੁਲਾਮ ਨੂੰ ਆਪਣੀ ਸਰਕਾਰ ਬਣਾਉਣ ਦਾ ਅਧਿਕਾਰ ਨਹੀਂ ਸੀ । ਜਨਤਾ ਤੇ ਰਾਜ ਕਰਨ ਦਾ ਅਧਿਕਾਰ ਕਸ਼ੱਤਰੀ ਜਾਗੀਰਦਾਰਾਂ ਨੂੰ ਹੀ ਸੀ । ਇਸ ਤਰ੍ਹਾਂ ਇਕ ਪਾਸੇ ਬੜੀ ਉੱਨਤੀ ਕਰਦਿਆਂ ਹੋਇਆਂ ਵੀ ਅੱਜ ਦੀਆਂ ਲੋਕ ਰਾਜ ਦੀਆਂ ਚੋਣਾਂ ਵਿਅਰਥ ਹਨ — ਬਿਲਕੁਲ ਅਰਥ ਹੀਨ । ਹੁੱਲੜਬਾਜ਼ੀ ਨਾਲ ਮਤਲਬ ਕਢਿਆ ਜਾਂਦਾ ਹੈ ।......ਅਚਾਨਕ ਮਹੀਪਾਲ ਦਾ ਧਿਆਨ ਕਲਕੱਤੇ ਦੀ ਸ਼ੇਅਰ ਮਾਰਕੀਟ ਦੇ ਅੰਦਰ ਮੱਚਣ ਵਾਲੇ ਅੰਨ੍ਹੇ ਰੌਲੇ ਵਲ ਗਿਆ । ਸੱਟਾ ਬਜ਼ਾਰ ਦਾ ਰੌਲਾ ਅਤੇ ਲੋਕਰਾਜੀ ਆਜ਼ਾਦ ਚੋਣਾਂ ਲੜਨ ਦੀ ਹੁੱਲੜਬਾਜ਼ੀ ਵਾਲੀ ਟੈਕਨੀਕ ਬਿਲਕੁਲ

ਇਕੋ ਜਿਹੀ ਲਗੀ । ਪੈਸੇ ਅਤੇ ਤਾਕਤ ਨੂੰ ਸਾਬਤ ਕਰਨ ਲਈ ਇਹ ਖ਼ਾਲਸ ਪਾਗਲਪਨ ਨਾਲ ਭਰਿਆ ਵਿਧਾਨ ਵੇਖ ਕੇ ਮਹੀਪਾਲ ਨੂੰ ਅਜੀਬ ਹੈਰਾਨੀ ਹੋਈ। ਈਸਾਈ ਸਭਿਅਤਾ ਦੀਆਂ ਸਾਢੀਆਂ ਉੱਨੀ ਸਦੀਆਂ ਅਤੇ ਭਾਰਤੀ ਸਭਿਅਤਾ ਦੀਆਂ ਉਹਦੇ ਨਾਲੋਂ ਵੀ ਤਿੰਨ ਚਾਰ ਹਜ਼ਾਰ ਵਰ੍ਹੇ ਪੁਰਾਣੀ ਸਭਿਅਤਾ ਦਾ ਗੁਮਾਨ ਕਰਨ ਵਾਲੇ ਅੱਜ ਦੇ ਸਭ੍ਯ ਲੋਕ, ਵਿਚਾਰਵਾਨ, ਸਮਾਜ ਸੇਵਕ ਕਿਵੇਂ ਨਿਆਂ ਦੇ ਨਾਂ ਉਤੇ ਹੋਣ ਵਾਲੀ ਇਸ ਬੇ-ਹੂਦਗੀ ਨੂੰ ਸਹਿੰਦੇ ਨੇ ? ਹੁੱਲੜਬਾਜ਼ੀ ਵਾਲਾ ਟ੍ਰਿਕ ਵਿਗਸੀ ਬੁੱਧੀ ਦੀ ਪੈਦਾਵਾਰ ਤਾਂ ਹੋ ਈ ਨਹੀਂ ਸਕਦਾ । ਇਹ ਤੰਗਦਿਲੀ ਵਾਲਾ ਸਵਾਰਥ, ਘੋਰ ਅਨੈਤਿਕਤਾ ਵਾਲੀ ਮਾਰੂ ਚਤਰਾਈ ਜੋ ਮਨੁੱਖੀ ਅਕਲ ਨੂੰ ਭਰਮ ਵਿਚ ਪਾਉਣ ਦਾ ਢਕਵੰਜ ਰਚਦੀ ਹੈ .....

ਮਹੀਪਾਲ ਦੇ ਮਨ ਨੂੰ ਖੱਟ ਕਰਕੇ ਉਂਜ ਹੀ ਲਗਾ ਜਿੱਦਾਂ ਕਦੇ ਬੋਲਦਿਆਂ ਬੋਲਦਿਆਂ ਗ਼ਲਤੀ ਨਾਲ ਜ਼ਬਾਨ ਟੁੱਕੀ ਜਾਂਦੀ ਹੈ । ਮਨ ਵੰਡਿਆ ਗਿਆ; ਇਕ ਮਨ ਦੇ ਅਗੇ ਦੂਸਰੇ ਮਨ ਦਾ ਸਿਰ ਸ਼ਰਮ ਨਾਲ ਨਿਵ ਗਿਆ । ਸਭਿਅਤਾ, ਸੰਸਕ੍ਰਿਤੀ, ਆਦਰਸ਼, ਨਿਆਂ, ਸੁੰਦਰਤਾ, ਸੱਚ, ਮਨੁੱਖਤਾ ਆਦਿ ਵੱਡੇ ਵੱਡੇ ਸ਼ਬਦਾਂ ਨੂੰ ਵਾਰ ਵਾਰ ਵਿਚਾਰ ਕੇ ਨਿੱਤ ਨਵੇਂ ਅਰਥਾਂ ਨਾਲ ਨਿਖਰਨ ਵਾਲਾ ਕਲਾਕਾਰ-ਸਾਹਿੱਤਕਾਰ ਆਪ ਆਪਣੇ ਹੀ ਜ਼ੁਰਮ ਨਾਲ ਨਿਰਜਿੰਦ ਹੈ । ਇਸ ਨਿਰਜੀਵਤਾ ਨੇ ਮਹੀਪਾਲ ਦੀ ਵਿਚਾਰਾਂ ਦੀ ਚਤਰਾਈ ਨੂੰ ਹਰ ਲਿਆ । ਅਨੇਕਾਂ ਹੀ ਕਾਰਨਾਂ ਕਰਕੇ ਆਉਣ ਵਾਲੇ ਅਜਿਹੇ ਮਾਨਸਕ ਮੌਕਿਆਂ ਤੇ ਉਹ ਇਕਦਮ ਖੋਖਲਾ ਹੋ ਜਾਂਦਾ ਹੈ ।

ਮਹੀਪਾਲ ਇਸ ਵੇਲੇ ਆਪਣਾ ਇਹ ਮਾਨਸਕ ਖੋਖਲਾ ਪਨ ਸਹਿਣ ਨਾ ਕਰ ਸਕਿਆ । ਉਹਨੇ ਪੂਰੇ ਹਠ ਨਾਲ ਆਪਣੀ ਈਮਾਨਦਾਰੀ ਨੂੰ ਦਬਾਇਆ — "ਨਹੀਂ । ਮੈਨੂੰ ਆਪਣੀ ਹਾਲਤ ਸੁਧਾਰਨੀ ਹੀ ਪੈਣੀ ਏ । ਸ਼ਕੁੰਤਲਾ ਦਾ ਵਿਆਹ ਕਰਨਾ ਏ । ਦਹੇਜ ਅਤੇ ਦੁਨੀਆਦਾਰੀ ਦੀਆਂ ਬਹੁਤ ਸਾਰੀਆਂ ਫ਼ਜ਼ੂਲ ਖ਼ਰਚੀ ਵਾਲੀਆਂ ਰਸਮਾਂ ਨੂੰ ਅਨੈਤਿਕ ਅਤੇ ਸਮਾਜ ਵਿਰੋਧੀ ਕੰਮ ਮੰਨਦਿਆਂ ਹੋਇਆਂ ਵੀ ਮੈਨੂੰ ਇਹ ਸਭ ਕੁਝ ਕਰਨਾ ਹੀ ਪਏਗਾ । ਇਕੱਲਾ ਜਣਾ ਮਿੱਟੀ ਦੀ ਕੜਾਹੀ ਨਹੀਂ ਤੋੜ ਸਕਦਾ; ਦੁਨੀਆਂ ਜਦ ਤਕ ਇਸ ਤਰ੍ਹਾਂ ਦੀਆਂ ਭੱਦੀਆਂ ਮਾਨਤਾਵਾਂ ਨੂੰ ਮੰਨ ਕੇ ਤੁਰੀ ਜਾਏਗੀ ਉਦੋਂ ਤਕ ਇਕ ਮਹੀਪਾਲ ਸ਼ੁਕਲ ਹੀ ਵਿਚਾਰਾ ਕੀ ਕਰ ਸਕਦਾ ਏ । ਕਲਿਆਣੀ ਵਿਚਾਰੀ ਦੇ ਮਨ ਨੂੰ ਉਹ ਕਿੰਨਾ ਦਬਾਏ ? ਸ਼ਕੁੰਤਲਾ ਦਾ ਵਿਆਹ ਉਹ ਸ਼ਾਨਦਾਰ ਢੰਗ ਨਾਲ ਕਰਨਾ ਚਾਹੁੰਦੀ ਏ । ਇਹ ਉਹਦੇ ਦਿਲ ਦੇ ਵਡੱਪਣ ਦੀ ਪਛਾਣ ਏ । ਅੱਜ ਕਲ੍ਹ ਕਿਹੜੀ ਜ਼ਨਾਨੀ ਆਪਣੀ ਨਣਾਨ ਦੀ ਲੜਕੀ ਲਈ ਏਨੀ ਚਿੰਤਾ ਕਰਦੀ ਏ ? ਬਸ ਹੁਣ, ਮਹੀਨੇ ਕੁ ਦੇ ਵਿਚ ਵਿਚ ਸ਼ਕੂ ਲਈ ਢੁਕਵੀਂ ਵਧੀਆ ਕੁੱਲ ਦਾ ਵਰ ਲੱਭ ਹੀ ਲਵਾਂਗਾ । ਝਟ ਮੰਗਣੀ ਪਟ ਵਿਆਹ ਕਰਕੇ — ਤੇ ਫਿਰ ਅਗਾਂਹ ਮੇਰਾ ਵੀ ਟੱਬਰ ਏ ।

ਆਪਣੇ ਬੱਚੇ ਕਿਹਨੂੰ ਪਿਆਰੇ ਨਹੀਂ ਹੁੰਦੇ। ਭੈਣਾਂ-ਭਰਾਵਾਂ ਲਈ ਜਦ ਮੈਂ ਏਨੀ ਜਾਨ ਤੋੜੀ ਏ ਤਾਂ ਭਲਾ ਆਪਣੇ ਬੱਚਿਆਂ ਦੀ ਤਰੱਕੀ ਲਈ ਕਾਮਨਾ ਨਾ ਕਰਾਂ ?......ਹਾਂ, ਪਰ... . ਚੋਰ, ਸਵਾਰਥੀ, ਕੁੱਲ ਕਲੰਕੀ......"

ਮਹੀਪਾਲ ਦਾ ਦੂਸਰਾ ਮਨ ਉਹਦੀਆਂ ਸਭ ਗੱਲਾਂ ਦੀ ਛੱਤ ਤੋੜ ਕੇ ਉਹਦੇ ਸਵਾਰਥੀ ਪਿਤਾ ਦੀ ਆਵਾਜ਼ ਵਿਚ ਲਾਹਨਤ ਪਾਉਣ ਲਈ ਹੋਸ਼ ਦੀ ਉਤਲੀ ਪੱਧਰ ਤੇ ਆ ਗਿਆ। ਬਿਨਾਂ ਜ਼ੋਰ ਨਾਲ ਸੋਚਿਆਂ ਵੀ ਉਹ ਆਪਣੀਆਂ ਕਮਜ਼ੋਰੀਆਂ ਬਾਰੇ ਸੋਚ ਰਿਹਾ ਸੀ। ਵਿਅਕਤੀ ਅਤੇ ਸਮਾਜ ਦੋਵੇਂ ਹੀ ਦੋਸ਼ਾਂ ਨਾਲ ਭਰੇ ਹਨ। ਜਦ ਤਕ ਸਮਾਜ ਨਹੀਂ ਬਦਲਦਾ ਉਦੋਂ ਤਾਈਂ ਬੰਦਾ ਵਿਚਾਰਾ ਕੀ ਕਰੇਗਾ ? ਚਰਿੱਤਰ ਦਾ ਚਰਿੱਤਰ ਤੇ ਅਸਰ ਹੁੰਦਾ ਹੈ। ਜਦ ਤਕ ਸਮਾਜ ਦੀ ਉਸਾਰੀ ਹੁੰਦੀ ਹੈ, ਅਤੇ ਸਮਾਜ ਰਾਹੀਂ ਆਦਮੀ ਦੀ ਲੁੱਟ-ਘਸੁੱਟ। ਵਿਅਕਤੀ ਅਤੇ ਸਮਾਜ ਦੇ ਜੋੜ ਦਾ ਇਹੋ ਅਸਲੀ ਅਧਾਰ ਹੈ। ਇਸੇ ਨਾਲ ਕੁਟੰਬ ਦੀ ਰਚਨਾ ਹੁੰਦੀ ਹੈ। ਅੱਜ ਦਾ ਮਨੁੱਖ ਅਤੇ ਸਮਾਜ ਦੋਵੇਂ ਹੀ ਆਪੋ ਧਾਪੀ ਦੀ ਹੁੱਲੜਬਾਜ਼ੀ ਵਿਚ ਪਲ ਰਹੇ ਹਨ।......ਅੱਜ ਦਾ ਵਿਅਕਤੀ ਏਨਾ ਮਜਬੂਰ ਹੈ ਕਿ ਨੀਤੀ ਦੀਆਂ ਉੱਚੀਆਂ ਉੱਚੀਆਂ ਮਨਤਾਵਾਂ ਨੂੰ ਜੇਕਰ ਭੁੱਲ ਕੇ ਚੂਰ ਚੂਰ ਵੀ ਕਰ ਦਏ, ਤਾਂ ਵੀ ਉਹਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ।

ਦੂਸਰਾ ਮਨ — ਇਸ ਵਾਰ ਪਿਤਾ ਦੀ ਆਵਾਜ਼ ਵਿਚ ਨਹੀਂ – ਫਿਰ ਲਾਹਨਤ ਪਾਉਣ ਲਈ ਆਇਆ। ਮਹੀਪਾਲ ਉਭੜਵਾਹੇ ਕਰਾਹ ਉਠਿਆ। ਵਿਗਸੀ ਚੇਤਨਾ ਦਾ ਚਾਨਣ ਮਹੀਪਾਲ ਨੂੰ ਆਪਣੀ ਅੰਤਰ ਦ੍ਰਿਸ਼ਟੀ ਤੋੜਨ ਤੋਂ ਰੋਕਦਾ ਸੀ। ਆਪਣਾ ਹੋਸ਼ ਹੀ ਉਹਨੂੰ ਇਸ ਵੇਲੇ ਬੜੀ ਮਹਿੰਗੀ ਪੈ ਰਹੀ ਸੀ। ਘਿਰਿਆ-ਘਾਬਰਿਆ ਹੋਇਆ ਮਹੀਪਾਲ ਅੱਖਾਂ ਪਾੜ ਪਾੜ ਆਪਣੇ ਆਲੇ ਦੁਆਲੇ ਨੂੰ ਵੇਖਣ ਲਗਾ। ਵਿਚਕਾਹੇ ਸੜਕ ਦੀ ਹੋਂਦ ਆ ਖਲੋਤੀ। ਕਾਰ ਕੋਲ ਆਉਣ ਤੇ ਹੱਥ ਦੇ ਕੇ ਰੋਕਿਆ। ਕਾਰ ਰੁਕੀ......

"ਓਏ ਗੁਰੂ, ਤੂੰ ਏਥੇ ?" ਰੂਪ ਰਤਨ ਨੇ ਪੁੱਛਿਆ — "ਆਏਂਗਾ ? ਮੈਨੂੰ ਤੇਰੇ ਨਾਲ ਕੰਮ ਏ।"

"ਚਲੋ ਤੁਰੋ। ਇਲੈਕਸ਼ਨ ਵਿਚ ਮੇਰਾ ਕੋਈ ਖ਼ਾਸ ਇੰਟਰੈਸਟ ਨਹੀਂ। ਅਹਿ, ਤੇ ਐਵੇਂ ਹੀ ਧੂਮ ਧਾਮ ਵੇਖਣ ਆ ਗਿਆਂ।"

ਰਾਹ ਵਿਚ ਮਹੀਪਾਲ ਨੇ ਪੁੱਛਿਆ — "ਇਸ ਵਾਰ ਤੂੰ ਕਿਉਂ ਨਹੀਂ ਖੜਾ ਹੋਇਆ ਰੂਪ ਰਤਨ।"

"ਸੱਚ ਦਸਾਂ ਗੁਰੂ, ਬਾਣੀਏ ਦਾ ਪੁੱਤ ਪਹਿਲਾਂ ਆਪਣਾ ਧੰਦਾ ਵੇਖਦਾ ਏ, ਫਿਰ ਕੁਝ ਹੋਰ।"

ਮਹੀਪਾਲ ਮਨ ਹੀ ਮਨ ਵਿਚ ਸੋਚਣ ਲਗਾ ਕਿ ਇਹ ਉਹੋ ਰੂਪ ਰਤਨ ਏ ਜੋ ਕਦੇ

ਸਮਾਜਵਾਦੀ ਜੱਕੜ ਮਾਰਦਾ ਹੁੰਦਾ ਸੀ। ਜਿਹਨੇ ਜ਼ਹਿਨੀਅਤ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਕੇ ਉਹਨੂੰ ਠਗਿਆ ਸੀ। ਝਟ ਹੀ ਰੂਪ ਰਤਨ ਨੇ ਉਹਦੇ ਮੋਢੇ ਤੇ ਹੱਥ ਰਖ ਕੇ ਕਿਹਾ — "ਮਹੀਪਾਲ ਮੇਰੇ ਲਈ ਮਨਿਸਟਰੀ ਦਾ ਤਾਂ ਚਾਂਸ ਹੈ ਨਹੀਂ। ਮੇਰੇ ਨਾਲੋਂ ਵੀ ਵੱਡੇ-ਵੱਡੇ ਧੱਕੜ ਬੰਦੇ ਉਮੀਦਵਾਰ ਨੇ। ਇਸ ਵਾਰ ਡਿਪਟੀ ਮਿਨਿਸਟਰਸ਼ਿਪ ਵੀ ਵੰਡੀ ਜਾ ਰਹੀ ਏ, ਪਰ ਇਹ ਸਭ ਕੁਝ ਪਸੰਦ ਨਹੀਂ। ਦੂਸਰੀ ਗੱਲ ਕਿ ਹੁਣ ਆਪਣਾ ਜ਼ਿਆਦਾ ਵਕਤ ਮੈਂ ਜੇ ਬਿਜ਼ਨੈੱਸ ਵਿਚ ਨਹੀਂ ਲਾਉਂਦਾ ਤਾਂ......ਤੂੰ ਜਾਣਦਾ ਈ ਏਂ ਜ਼ਮਾਨਾ ਕਿੱਡਾ ਬੇਢੱਬਾ ਜਾ ਰਿਹਾ ਏ!"

"ਤੇਰੇ ਵਰਗਾ ਮਹਾਂ ਲੱਖ ਪਤੀ ਵੀ ਜ਼ਮਾਨੇ ਨੂੰ ਰੋਂਦਾ ਏ। ਹਾ-ਹਾ-ਹਾ!"

"ਹਾ-ਹਾ-ਹਾ! ਜਿਹਨਾ ਤੋਂ ਜ਼ਮਾਨਾ ਚਲਦਾ ਏ ਉਹ ਲੋਕ ਵੀ ਓਸ ਚੱਕਰ ਹੇਠ ਆ ਜਾਂਦੇ ਨੇ। ਹਰ ਵੇਲੇ ਸਾਵਧਾਨ ਰਹਿਣਾ ਪੈਂਦਾ ਏ।" ਰੂਪ ਰਤਨ ਨੇ ਗੰਭੀਰ ਹੋ ਕੇ ਕਿਹਾ।

"ਤੂੰ ਪਾਲਿਟਕਸ ਦਾ ਚੱਕਰ ਛੱਡ ਦਿਤਾ, ਚੰਗਾ ਈ ਕੀਤਾ।"

"ਨਹੀਂ, ਏਨਾ ਛੱਡਿਆ ਤੇ ਨਹੀਂ — ਖ਼ੈਰ ਛੱਡ! ਇਕ ਪ੍ਰੋਪੋਜ਼ਲ ਦੇਂਦਾ। ਆਪਣੀਆਂ ਸਾਰੀਆਂ ਨਵੀਂਆਂ ਕਿਤਾਬਾਂ ਮੈਨੂੰ ਦੇ ਦੇ; ਮੈਂ ਤੇਰੀਆਂ ਸਾਰੀਆਂ ਪੁਰਾਣੀਆਂ ਕਿਤਾਬਾਂ ਦਾ ਕਾਪੀਰਾਈਟ ਤੈਨੂੰ ਮੋੜ ਦੇਵਾਂਗਾ ਤੇ ਰਾਇਲਟੀ ਬੇਸਿਸ ਤੇ ਲੈ ਲਵਾਂਗਾ। ਵੀਹ ਪਰਸੈਂਟ ਰਾਇਲਟੀ। ਬੋਲ ਮੰਜ਼ੂਰ?"

ਮਹੀਪਾਲ ਸੋਚਣ ਲਗਾ, ਹੁਣ ਇਹਨੇ ਫਿਰ ਆਪਣੀ ਨਵੀਂ ਪੋਜ਼ੀਸ਼ਨ ਬਣਾਉਣੀ ਏਂ, ਇਸ ਲਈ ਮੈਨੂੰ ਫਿਰ ਲੁਭਾ ਰਿਹਾ ਏ।......ਪਰ ਇਹਦੇ ਨਾਲ ਕੰਮ ਨਿਕਲਦਾ ਏ। ਸਾਫ਼ ਤੌਰ ਤੇ ਕਿਹਾ — "ਮੇਰਾ ਸਭ ਤਰ੍ਹਾਂ ਨਾਲ ਲਾਭ ਏ। ਅਗੇ ਸਾਵਧਾਨ......"

ਰੂਪ ਰਤਨ ਨੇ ਕਿਹਾ — "ਪੁਰਾਣੀਆਂ ਗੱਲਾਂ ਭੁਲਾ ਦੇ ਗੁਰੂ! ਅਸਲ ਵਿਚ ਤੂੰ ਸਿਧਾਂਤਾਂ ਦੇ ਸੁਪਨੇ ਸਾਕਾਰ ਕਰਨ ਦੇ ਉਤਸ਼ਾਹ ਵਿਚ ਸੈਂ — ਨਹੀਂ ਤਾ — ਦਿਲ ਦੀ ਗੱਲ ਆ ਤੇਰੇ ਬਾਰੇ ਮੇਰੇ ਮਨ ਵਿਚ ਕਦੇ ਮੈਲ ਨਹੀਂ ਆਈ। ਉਹੋ ਪ੍ਰੇਮ ਭਾਵ — ਉਹੋ ਇੱਜ਼ਤ......"

"ਕਹਿਣ ਦੀ ਲੋੜ ਨਹੀਂ। ਮੈਂ ਵਿਹਾਰ ਤੋਂ ਪਛਾਣਦਾ ਹਾਂ। ਅੱਛਾ ਖ਼ੈਰ, ਮੇਰੀਆਂ ਕਿਤਾਬਾਂ ਲਈ ਐਡਵਾਂਸ ਕੀ ਦਿਉਗੇ?"

"ਮੇਰੀਆਂ ਤਿੰਨਾਂ ਕਿਤਾਬਾਂ ਦੇ ਨਵੇਂ ਐਡੀਸ਼ਨ ਨਹੀਂ ਨਿਕਲੇ। ਪ੍ਰਕਾਸ਼ਕ ਟੱਟਪੂੰਜੀਏ ਸਨ। ਖ਼ੈਰ! ਇਕ ਨਵੀਂ ਕਥਾ ਛੋਹੀ ਏ ਅੱਜ ਕਲ੍ਹ......"

"ਖ਼ੈਰ, ਤਿੰਨ ਚਾਰ ਹਜ਼ਾਰ ਜੋ ਮੰਗੇਂਗਾ, ਦੇ ਦਿਆਂਗਾ......"

"ਤੇ ਮੇਰੀਆਂ ਪੁਰਾਣੀਆਂ ਕਿਤਾਬਾਂ ਦੇ?"

"ਜਾਪਦਾ ਏ ਗੁਰੂ ਪਹਿਲਾਂ ਤੋਂ ਸਿਆਣਾ ਹੋ ਗਿਆ ਏਂ।"

"ਤਜਰਬਿਆਂ ਨੇ ਸਿਖਾਇਐ।"

"ਠੀਕ ਈ ਏ। ਹੁਣ ਤੇਰੀ ਮੇਰੀ ਹੋਰ ਚੰਗੀ ਨਿਭੂ। ਖ਼ੈਰ ਜੋ ਮਰਜ਼ੀ ਲੈ ਲਈਂ।"

"ਦੁਬਾਰਾ ਕੋਈ ਸਪਤਾਹਕ ਕੱਢਣ ਦਾ ਇਰਾਦਾ ਏ ?"

"ਹਾਂ! ਕੱਢ ਵੀ ਸਕਦਾਂ। ਉਂਜ, ਤੈਨੂੰ ਵੇਖ ਕੇ ਈ ਇਹਨਾਂ ਗੱਲਾਂ ਲਈ ਇੰਸਪੀਰੇਸ਼ਨ ਮਿਲ ਰਿਹਾ ਏ। ਸੋਚਦਾਂ, ਪ੍ਰਕਾਸ਼ਨ ਦੇ ਕੰਮ ਤੇ ਈ ਇਸ ਵਾਰ ਪਹਿਲੀ ਅਟੈਨਸ਼ਨ ਪੇ ਲਾਂਗਾ। ਮੈਂ ਕੁਛ ਨਵੇਂ ਢੰਗ ਨਾਲ ਇਸ ਵਾਰ ਐਕਸਪੈਰੀਮੈਂਟ ਕਰਨਾ ਚਾਹੁੰਦਾ ਆਂ। ਪੇਂਗਇਨ ਸੀਰੀਜ਼ ਵਾਂਗ ਭਾਰਤੀ ਭਾਸ਼ਾਵਾਂ ਦੇ ਵਧੀਆ ਨਾਵਲਾਂ ਦੀ ਇਕ ਸੀਰੀਜ਼ ਚਲਾਵਾਂਗਾ। ਪਬਲਿਸਿਟੀ ਅਮਰੀਕਨ ਸਟਾਈਲ ਤੇ। ਹਿੰਦੁਸਤਾਨ ਦੇ ਹਰ ਵੱਡੇ ਸ਼ਹਿਰ ਵਿਚ ਮਹੀਪਾਲ ਸ਼ੁਕਲ ਤੇ — ਆਈ ਮੀਨ ਉਹ ਸਭ ਆਥਰਜ਼ ਜਿਹਨਾਂ ਦੀਆਂ ਕਿਤਾਬਾਂ ਮੈਂ ਪਬਲਿਸ਼ ਕਰਾਂਗਾ, ਉਹਨਾਂ ਤੇ ਉਹਨਾਂ ਤੇ ਸਾਹਿਤਕ ਗੋਸ਼ਟੀਆਂ ਵਿਚ ਪੇਪਰਜ਼ ਪੜ੍ਹੇ ਜਾਣਗੇ; ਹਰ ਸਕੂਲ, ਕਾਲਜ, ਯੂਨੀਵਰਸਿਟੀਜ਼, ਵੱਡੇ ਰੈਸਤੋਰਾਂ, ਸਟੇਸ਼ਨ ਪਲੇਟ ਫ਼ਾਰਮ, ਅਖ਼ਬਾਰ — ਹਰ ਥਾਂ ਤੇਰੀ ਪਬਲਿਸਿਟੀ। ਮੇਰਾ ਪੱਕਾ ਵਿਸ਼ਵਾਸ ਏ ਕਿ ਹੁਣ ਤਕ ਕਿਸੇ ਪ੍ਰਕਾਸ਼ਕ ਨੇ ਹਿੰਦੁਸਤਾਨ 'ਚ ਹਿੰਦੀ ਕਿਤਾਬਾਂ ਦਾ ਬਾਜ਼ਾਰ ਬਣਾਉਣ ਲਈ ਸੋਚਿਆ ਈ ਨਹੀਂ।"

ਕਾਰ ਸੇਠ ਜੀ ਦੀ ਕੋਠੀ ਤੇ ਪਹੁੰਚ ਗਈ। ਮਹੀਪਾਲ ਦਾ ਮਨ ਫੁਲਣ ਲਗਾ : ਥੋੜੀ ਦੇਰ ਪਹਿਲਾਂ ਵਾਲਾ ਦੁਖ ਮਿਟ ਗਿਆ। ਉਹ ਸੋਚਣ ਲਗਾ ਕਿ ਫਿਰ ਉਹਦੇ ਚੰਗੇ ਦਿਨ ਆ ਗਏ ਨੇ।

ਰੂਪ ਰਤਨ ਦੇ ਘਰ, ਉਹਦੀ ਲਾਇਬਰੇਰੀ ਵਿਚ ਦੋ ਘੰਟੇ ਸਕੀਮ ਬਣਾਉਂਦਿਆਂ ਹੋਇਆਂ ਬੀਤ ਗਏ। ਮਹੀਪਾਲ ਨੇ ਕਿਹਾ — "ਮੇਰਾ ਇਕ ਕੰਮ ਕਰ ਦਏਂਗਾ ?"

"ਬੋਲ।"

"ਮੈਂ ਇਕ ਹਾਰ ਵੇਚਣਾ ਏ।"

"ਸੋਨੇ ਦਾ ?"

"ਨਹੀਂ ਨਵ ਰਤਨ ਦਾ।"

"ਕਿਥੋਂ ਲੈ ਲਿਆ ?"

"ਮਾਂ ਦਾ ਹਾਰ ਏ — ਭਾਰਾ ਏ।"

"ਕਿਉਂ ਵੇਚ ਰਿਹਾ ਏਂ ?"

"ਭਣੇਵੀਂ ਦਾ ਵਿਆਹ ਕਰਨਾ ਏਂ।

"ਕਿੰਨਾ ਕੁ ਲਗੇਗਾ ?"

"ਪੰਦਰਾਂ ਹਜ਼ਾਰ।"

"ਬਹੁਤ ਜ਼ਿਆਦਾ ਏ ਮਹੀਪਾਲ। ਫਿਰ ਤੇਰੇ ਅਗੇ ਵੀ ਬੜੀ ਜ਼ਿੰਮੇਵਾਰੀ ਏ।......

ਭਲਾ ਨਾਨਕਿਆਂ ਤੋਂ ਹੁਣ ਵੀ ਮਦਦ......"

"ਜਦੋਂ ਦਾ ਮੈਂ ਗੱਟੂ ਤੇ ਵਾਈਫ਼ ਨੂੰ ਲੈ ਕੇ ਉਥੋਂ ਆਇਆ ਆਂ, ਉਦੋਂ ਤੋਂ ਇਕ ਪੈਸਾ ਵੀ ਨਹੀਂ ਲਿਆ।......ਤੇ ਹੁਣ ਤਾਂ ਵਿਚਾਰੇ ਆਪ ਈ ਪਰੇਸ਼ਾਨੀ 'ਚ ਫਸ ਗਏ। ਤਾਅਲੁੱਕੇਦਾਰੀ ਖ਼ਤਮ ਹੋ ਈ ਗਈ। ਪਰਸੋਂ ਵਿਚਾਰਿਆਂ ਦੇ ਘਰ ਬੜਾ ਜ਼ਬਰਦਸਤ ਡਾਕਾ ਪਿਆ......"

"ਹਾਂ। ਮੈਂ ਉਥੇ ਸਾਂ। ਮੇਰੇ ਹੱਥੋਂ ਇਕ ਡਾਕੂ ਦੀ ਮੌਤ ਹੋ ਗਈ।"

"ਅੱਛਾ!"

"ਕੁਝ ਨਾ ਪੁੱਛ। ਡਾਕੇ ਸੁਣੇ ਸਨ, ਓਦਣ ਪ੍ਰਤੱਖ ਪਤਾ ਲਗਾ।"

"ਤੇਰੇ ਨਾਨਕਿਆਂ 'ਚੋਂ ਤੇ ਕਿਸੇ ਨੂੰ......"

"ਹਾਂ। ਇਕ ਨੌਕਰ ਤਾਂ ਉਸੇ ਵੇਲੇ ਮਰ ਗਿਆ। ਇਕ ਦੀ ਹਾਲਤ ਬੜੀ ਨਾਜ਼ਕ ਸੀ, ਸ਼ਾਇਦ ਹੁਣ ਤਕ ਖ਼ਤਮ ਵੀ ਹੋ ਗਿਆ ਹੋਏਗਾ। ਦੋਂਹ ਨੂੰ ਮਮੂਲੀ ਜ਼ਖ਼ਮ ਆਏ।"

"ਮਾਲ ਕੀ ਗਿਆ?"

"ਡੇਢ ਲੱਖ ਰੁਪਏ ਦੀ ਜੀਊਲਰੀ ਗਈ। ਬੜਾ ਨੁਕਸਾਨ ਹੋਇਆ।"

"ਹਾਂ......ਉਹ ਤੇ ਹੋਇਆ ਈ।"

"ਇਸੇ ਲਈ ਮੈਂ ਹੋਰ ਪਰੇਸ਼ਾਨ ਆਂ।"

"ਕਿਸ ਗੱਲੋਂ?"

"ਉਹੋ ਹਾਰ!"

"ਅੱਛਾ-ਅੱਛਾ। ਲੈਂਦਾ ਆਈਂ। ਵੇਖ ਲਵਾਂਗਾ।......ਇਹ ਡਾਕੂਆਂ ਦਾ ਇੰਸਟੀ-ਟਿਊਸ਼ਨ ਵੀ ਪੁਰਾਣੇ ਜ਼ਮਾਨੇ ਦਾ ਕਮਿਊਨਿਜ਼ਮ ਏ। ਅਮੀਰਾਂ ਨੂੰ ਲੁੱਟਣਾ, ਗ਼ਰੀਬਾਂ ਨੂੰ ਧਨ ਵੰਡਣਾ......"

"ਮੈਂ ਤਾਂ ਇਹਨੂੰ ਜਾਗੀਰਦਾਰੀ ਦੀ ਨੀਂਹ ਮੰਨਦਾ ਹਾਂ। ਡਾਕੂ ਈ ਜ਼ਿਆਦਾ ਤਕੜੇ ਹੋ ਕੇ ਰਾਜੇ ਬਣ ਜਾਂਦੇ ਸਨ। ਸ਼ਾਹੂਕਾਰਾਂ ਦੀ ਗ਼ੁਲਾਮੀ ਤੋਂ ਲੋਕਾਂ ਦੀ ਜਾਨ ਛੁਡਾ ਕੇ... "

"ਕੀ? ਮੈਂ ਸਮਝਿਆ ਨਹੀਂ।"

"ਮੋਹਨਜੋਦੜੋ ਤੇ ਹੜੱਪਾ ਵਰਗੇ ਸ਼ਹਿਰੀ ਰਾਜਾਂ ਨੂੰ ਗ਼ਰਕ ਕਰਕੇ ਜਾਗੀਰਦਾਰ ਲੋਕ ਨਾਹਰਾ ਲਾਉਂਦੇ ਸਨ ਕਿ ਧਰਤੀ ਤੇ ਫੈਲ ਜਾਓ; ਧਰਤੀ ਉਹਦੀ ਹੈ ਜਿਹੜਾ ਉਹਨੂੰ ਵਾਹੁੰਦਾ-ਬੀਜਦਾ ਹੈ। ਜਾਗੀਰਦਾਰ ਰਾਖੇ ਅਤੇ ਪ੍ਰਬੰਧਕ ਹੋਣ ਦੇ ਨਾਤੇ ਕਿਸਾਨ ਤੋਂ ਉਪਜ ਦਾ ਛੇਵਾਂ ਹਿੱਸਾ ਟੈਕਸ ਦੀ ਸ਼ਕਲ ਵਿਚ ਲੈਂਦਾ ਹੈ — ਬਾਕੀ ਲਾਭ ਕਿਸਾਨ ਦਾ। ਇਸ ਲਈ ਪਹਿਲਾਂ ਜਿਹੜਾ ਕਿਸਾਨ ਸ਼ਾਹੂਕਾਰ ਦਾ ਮਜ਼ਦੂਰ ਜਿਹਾ ਸੀ, ਹੁਣ ਆਜ਼ਾਦ ਹੋ ਕੇ ਧਨੀ ਬਣਦਾ ਏ। ਇਹ ਉਸ ਜ਼ਮਾਨੇ ਦੀ ਇਕ ਮਹੱਤਵ ਪੂਰਣ

ਉੱਨਤੀ ਸੀ ।"

"ਮੇਰੇ ਖ਼ਿਆਲ 'ਚ ਤੂੰ ਹਿਸਟਰੀ ਨੂੰ ਆਪਣੇ ਢੰਗ ਨਾਲ ਤੋੜ ਮਰੋੜ ਰਿਹਾ ਏਂ !"

"ਨਹੀਂ । ਇਹੋ ਜਿਹੀ ਗੱਲ ਨਹੀਂ; ਸਗੋਂ ਸੱਚ ਇਹ ਆ ਕਿ ਭਾਰਤੀ ਇਤਿਹਾਸ ਦੀ ਇਕ ਸਹੀ ਰੂਪ ਰੇਖਾ ਬਣ ਰਹੀ ਏ । ਮੋਹਨਜੋਦੜੇ ਤੇ ਹੜੱਪਾ ਦੀ ਖੋੜ ਸਿਰਫ਼ ਅਸਚਰਜ ਵਾਲੀ ਹੀ ਚੀਜ਼ ਨਹੀਂ । ਉਹ ਸਾਡੀਆਂ ਅਨੇਕਾਂ ਵੈਦਕ ਤੇ ਪੁਰਾਣਾਂ ਦੀਆਂ ਕਹਾਣੀਆਂ ਨੂੰ ਨਿਰਾਰਥਕ ਤੋਂ ਅਰਥ ਵਾਲੀਆਂ ਬਣਾਉਂਦੀ ਹੈ ਤੇ ਸਾਨੂੰ ਆਪਣੀ ਵਿਕਾਸ ਲੜੀ ਸਮਝਣ 'ਚ ਮਦਦ ਦੇਂਦੀ ਹੈ । ਉਦਾਹਰਣ ਲਈ 'ਪੁਰੰਦਰ' ਸ਼ਬਦ ਹੀ ਲੈ ਲਓ । ਸ਼ਹਿਰ ਲੂਹਣ ਵਾਲਾ ਇੰਦਰ ਯਕੀਨੀ ਤੌਰ ਤੇ ਜਾਗੀਰਦਾਰੀ ਦਾ ਪ੍ਰਤੀਕ ਸੀ । ਸ਼ਹਿਰੀ ਰਾਜ ਦੇ ਹਾਕਮ ਜਾਗੀਰਦਾਰਾਂ ਦੇ ਦੁਸ਼ਮਣ ਸਨ, ਕਿਉਂ ਕਿ ਉਹ ਬਪਾਰੀ ਸਨ । ਖੇਤੀ ਇਹਨਾਂ ਦਾ ਵੱਡਾ ਧੰਦਾ ਨਹੀਂ ਸੀ । ਖੇਤੀ ਇਹ ਓਨੀ ਹੀ ਕਰਵਾਉਂਦੇ ਸਨ ਜਿੰਨੀ ਕਿ ਖਾਣ ਦੀ ਸੀ । ਆਰੀਏ ਜਾਗੀਰਦਾਰਾਂ ਨੇ ਲੋਕਾਂ ਦੇ ਪੈਦਾਵਾਰੀ ਪ੍ਰਬੰਧ ਨੂੰ ਬਦਲ ਦਿਤਾ । ਲੋਕਾਂ ਦਾ ਖੇਤੀ ਵਲ ਲਗਾਉ ਵਧਿਆ । ਜਿਹੜੇ ਕੰਮ ਧੰਦੇ ਵਾਲੇ ਕਾਰੀਗਰ ਆਦਿ ਆਪਣਾ ਢਿੱਡ ਭਰਨ ਲਈ ਵੱਡੇ ਵਪਾਰੀਆਂ ਸ਼ਾਹੂਕਾਰਾਂ ਦੇ ਆਸਰੇ ਸਨ ਉਹ ਖੇਤੀ ਕਰਕੇ ਆਜ਼ਾਦ ਹੋ ਗਏ । 'ਉੱਤਮ ਖੇਤੀ ਮਧਮ ਬਪਾਰ' ਦਾ ਨਾਅਰਾ ਫੈਲ ਗਿਆ । ਇਹਦੇ ਪ੍ਰਭਾਵ ਨਾਲ ਸਮਾਜ ਵਿਚ ਮੁੱਢਲੀ ਤਬਦੀਲੀ ਆਈ ।"

"ਇਟ'ਜ਼ ਰੀਅਲੀ ਇੰਟ੍ਰਸਟਿੰਗ ! ਤੂੰ-ਤੂੰ ਕੁਝ ਪੀਏਂਗਾ ?" ਰੂਪ ਰਤਨ ਨੇ ਪੁੱਛਿਆ ।

"ਨਹੀਂ ਘਰ ਜਾਣਾ ਏਂ ।"

"ਪਤਨੀ ਸਾਹਮਣੇ ਪੀ ਕੇ ਜਾਣੋਂ ਡਰ ਲਗਦਾ ਏ । ਹਾ-ਹਾ । ਫਿਰ ਏਥੇ ਈ ਰਹਿ ਪਈਂ । ਪੁਰਾਣੀ ਆਦਤ ਏ, ਤੇਰੇ ਸ੍ਰੀਮਤੀ ਜੀ ਜਾਣਦੇ ਵੀ ਨੇ । ਮੈਂ ਸੁਨੇਹਾ ਘਲ ਦੇਂਦਾ ਆਂ ।"

"ਇਕ ਵਾਰ ਘਰ ਜ਼ਰੂਰ ਜਾਵਾਂਗਾ । ਉਹ ਹਾਰ ਵੀ ਲੈਂਦਾ ਆਵਾਂ । ਕੀਮਤੀ ਚੀਜ਼ ਬਿਨਾਂ ਰਾਖੀ......"

"ਬਿਨਾ ਰਾਖੀ ਕਿਉਂ ! ਤੇਰੀ ਵਾਈਫ਼ ਕੋਲ ਈ ਹੋਏਗਾ ਹਾਰ !"

"ਹਾਂ-ਆਂ ! ਉਹਦੇ ਕੋਲ ਈ ਏ — ਉਹਦੇ ਕੋਲ ਈ । ਫਿਰ ਵੀ ਜਦੋਂ ਦਾ ਡਾਕਾ ਪਿਆ ਏ......"

"ਤੂੰ ਵੀ ਯਾਰ ਯਰਕਊ ਬਾਹਮਣ ਈ ਰਿਉਂ ! ਡਾਕੂ ਕਿਤੇ ਤੇਰੇ ਕੋਲ ਤੇ ਨਹੀਂ ਆਉਣਗੇ ।"

ਮਹੀਪਾਲ ਝਿਜਕ ਵਾਲਾ ਹਾਸਾ ਹੱਸਿਆ — ਬੋਲਿਆ — "ਨ-ਹੀਂ । ਇਕ ਵਾਰ ਜਾਵਾਂਗਾ । ਚੰਗਾ, ਅੱਜ ਤੇਰੇ ਕੋਲ ਈ ਠਹਿਰ ਜਾਵਾਂਗਾ, ਘਰ ਵੀ ਕਹਿੰਦਾ ਆਵਾਂਗਾ ।"

ਰੂਪ ਰਤਨ ਦਾ ਹੱਥ ਘੰਟੀ ਦੇ ਬਟਨ ਤੇ ਪਿਆ। ਅਰਦਲੀ ਆ ਗਿਆ।
"ਗੱਡੀ ਕੱਢਣ ਲਈ ਆਖੋ। ਪੰਡਤ ਜੀ ਨਾਲ ਜਾਏਗੀ।"

36

ਹੋਲੀ ਤੋਂ ਇਕ ਦਿਨ ਪਹਿਲਾਂ ਦੀ ਸ਼ਾਮ ਦੀ ਗੱਲ ਹੈ। ਸੱਜਨ ਇਕ ਤਸਵੀਰ ਉਤੇ ਸਾਰਾ ਦਿਨ ਕੰਮ ਕਰਨ ਪਿਛੋਂ ਪਿਛਲੇ ਬਰਾਂਡੇ ਵਿਚ ਚਾਹ ਪੀ ਰਿਹਾ ਸੀ ਕਿ ਅਚਾਨਕ ਪੁਰਾਣੇ ਦਰਬਾਰ ਨੇ ਜਾ ਕੇ ਕਿਹਾ — "ਹਜ਼ੂਰ ਦੇ ਸੱਸ ਜੀ ਆਏ ਨੇ, ਨਾਲ ਹੀ ਹਜ਼ੂਰ ਦੇ ਸਾਲਾ ਸਾਹਿਬ ਅਤੇ ਇਕ ਔਰਤ ਵੀ ਹੈ।" ਨਵੇਂ ਰਿਸ਼ਤਿਆਂ ਦੇ ਨਾਂ ਸੁਣ ਕੇ ਸੱਜਨ ਤ੍ਰਭਕ ਪਿਆ। ਇਹ ਨਹੀਂ ਕਿ ਇਹਨਾਂ ਰਿਸ਼ਤਿਆਂ ਦਾ ਉਹਨੂੰ ਪਤਾ ਨਹੀਂ ਸੀ; ਜਦ ਸ਼ਾਦੀ ਕੀਤੀ ਹੈ ਤਾਂ ਸਹੁਰਿਆਂ ਦੇ ਰਿਸ਼ਤੇ ਵੀ ਹੋਣਗੇ। ਪਰ ਇੰਜ ਅਚਾਨਕ ?......

ਸੁਰਗੀ ਰਾਏ ਬਹਾਦਰ ਲਾਲਾ ਕੰਨੋਮਲ ਦੇ ਆਰਟਿਸਟ ਪੋਤਰੇ ਅਤੇ ਆਪਣੇ ਜਵਾਈ ਦੇ ਡਰਾਰਿੰਗ-ਰੂਮ ਵਿਚ ਚੌਹੀਂ ਪਾਸੀਂ ਅੱਖਾਂ ਪਾੜ ਪਾੜ ਵੇਂਹਦੀ ਹੋਈ ਮਾਸਟਰ ਜਗਦੰਭਾ-ਸਹਾਇ ਦੀ ਪਤਨੀ ਆਪਣੀ ਧੀ ਦੇ ਸੁਭਾਗ ਤੇ ਈਰਖਾ ਕਰ ਰਹੀ ਸੀ, ਦੂਸਰੇ ਸੋਫ਼ੇ ਤੇ ਸੱਜਨ ਦੇ ਸਾਲਾ ਸਾਹਿਬ ਪਥੱਲਾ ਮਾਰੀ, ਮੱਥੇ ਅਤੇ ਕੰਨਪੱਟੀਆਂ ਉਤੇ ਸੰਧੂਰ ਦੀਆਂ ਵੱਡੀਆਂ ਵੱਡੀਆਂ ਬਿੰਦੀਆਂ ਲਾਈ ਅੱਖਾਂ ਬੰਦ ਕਰੀ ਧਿਆਨ ਮੁਗਧ ਢੰਗ ਨਾਲ ਬੈਠੇ ਸਨ।

ਸੱਜਨ ਜ਼ਰਾ ਕੁ ਨਖ਼ਰੇ ਨਾਲ ਹਾਲ ਵਿਚ ਆਇਆ। ਸੱਸ ਨੂੰ ਵੇਖਿਆ; ਲੰਮੀ, ਦੋਹਰੇ ਸਰੀਰ ਦੀ ਸੀ। ਜਵਾਨੀ ਵਿਚ ਸੁੰਦਰ ਰਹੀ ਹੋਏਗੀ, ਪਾਨਾਂ ਦੀ ਜਿਆਦਤੀ ਕਾਰਨ ਬੁੱਲ੍ਹ ਕਾਲੇ ਹੋਏ ਹੋਏ ਸਨ, ਅੱਖਾਂ ਵਿਚ ਚਿੱਕੜ ਭਰਿਆ ਸੀ, ਵੇਖਣ ਤੋਂ ਅਨੁਮਾਨ ਲਗਦਾ ਸੀ ਕਿ ਕਈਆਂ ਦਿਨਾਂ ਤੋਂ ਨਹਾਤੀ ਨਹੀਂ। ਦੂਸਰੀ ਮੁਟਿਆਰ ਭਾਵੇਂ ਪਰਦੇ ਵਾਲੀ ਨਹੀਂ ਸੀ, ਪਰ ਘੁੱਟੀ ਵੱਟੀ ਸੀ। ਉਹਦੇ ਸਾਂਵਲੇ ਸਲੋਨੇ ਚਿਹਰੇ ਤੇ ਪਿਲੱਤਣ ਅਤੇ ਉਦਾਸੀ ਝਲਕ ਰਹੀ ਸੀ। ਸਾਲਾ ਸਾਹਬ ਪਹਿਲੀ ਨਜ਼ਰੇ ਹੀ ਬੜੇ ਅਜੀਬ ਲਗੇ। ਮਨ ਈ ਮਨ ਅੰਦਰ ਬੜਾ ਹਾਸਾ ਆਇਆ। ਸੱਜਨ ਨੂੰ ਵੇਖ ਕੇ ਸੱਜਨ ਦੀ ਸੱਸ ਅਤੇ ਸਾਲੇਹਾਰ ਖੜੀ ਹੋ ਗਈ। ਸਾਲੇ ਮਹਾਰਾਜ ਹੋਰਾਂ ਵੀ ਨੇਤਰ ਖੋਲ੍ਹ, ਧੌਣ ਘੁੰਮਾ ਕੇ ਭਣਵੱਈਏ ਨੂੰ ਇੰਜ ਵੇਖਿਆ ਜਿਵੇਂ ਸ਼ਿਵ ਜੀ ਕਾਮਦੇਵ ਨੂੰ ਭਸਮ ਕਰ ਰਹੇ ਹੋਣ ? 'ਬਜਰੰਗ-ਬਜਰੰਗ' ਦੀ ਆਵਾਜ਼ ਕੱਢੀ ਅਤੇ ਫਿਰ ਧੌਣ ਨੀਵੀਂ ਕਰਕੇ ਗੋਡੇ ਹਿਲਾਉਂਦੇ ਹੋਏ ਬੈਠੇ ਰਹੇ। ਸੱਜਨ ਨੇ ਹੱਥ ਜੋੜੇ, ਸੱਸ ਨੇ ਬੜੀਆਂ ਅਸੀਸਾਂ ਦਿਤੀਆਂ।

"ਸਾਡੀ ਛੋਟੀ ਨੇ ਪਿਛਲੇ ਜਨਮ ਵਿਚ ਬੜੇ ਪੁੰਨ ਕੀਤੇ ਜੋ ਇਹੋ ਜਿਹਾ ਘਰ-ਜਵਾਈ ਮਿਲਿਆ। ਅਸੀਂ ਤੇ ਪੁੱਤਾ ਸੱਚ ਜਾਣੀਂ, ਤੇਰੇ ਨੌਕਰਾਂ ਨਾਲ ਵੀ ਰਿਸ਼ਤਾ ਸਹੇੜਨ ਲਾਇਕ ਨਹੀਂ। ਤੇਰੇ ਵਰਗਾ ਜਵਾਈ ਬਣਾ ਕੇ ਅਸੀਂ ਆਪਣੀ ਕਿਸਮਤ ਨੂੰ ਸਲਾਹੁੰਦੇ ਆਂ।" ਆਖ ਕੇ ਸੱਸ ਹੋਰਾਂ ਨੇ ਆਪਣੇ ਲੱਕ ਨਾਲ ਰੁਮਾਲ ਖੋਲ੍ਹਣਾ ਸ਼ੁਰੂ ਕੀਤਾ, ਅੰਗੂਠੀ ਕੱਢੀ ਅਤੇ ਸੱਜਨ ਵਲ ਵਧਾਉਂਦੀ ਹੋਈ ਬੋਲੀ —

"ਇਹ......"

"ਇਹ ਕੀ ?"

"ਇਹ ਤਾਂ ਲੈਣੀ ਈ ਪੈਂਦੀ ਏ। ਤਰੀਕੇ ਨਾਲ ਸ਼ਾਦੀ ਹੁੰਦੀ ਤਾਂ ਸਭ ਕੁਝ ਹੁੰਦਾ, ਆਪਸੀ ਇਕਰਾਰ ਹੁੰਦੇ, ਨਜ਼ਰ-ਨਿਆਜ਼ ਵਿਚ ਫਲਦਾਨ, ਤਿਲਕ, ਦਰਵਾਜ਼ਾ ਚਾਰ, ਵਿਦਾਈ 'ਚ ਪਤਾ ਨਹੀਂ ਕਿੰਨਾ ਕੁ ਦੇਣਾ ਲੈਣਾ ਪੈਂਦਾ। ਤੂੰ ਤੇ ਸਾਡੀ ਇਕ ਪਾਈ ਵੀ ਖ਼ਰਚ ਨਹੀਂ ਕਰਾਈ।" ਸੱਜਨ ਦੀ ਸੱਸ ਨੇ ਆਪਣੀਆਂ ਗਿੱਡਲ ਅੱਖਾਂ ਵਿਚ ਮਮਤਾ ਰਸ ਨੂੰ ਸ਼ਰਾਬ ਬਣਾ ਕੇ ਆਪਣੇ ਜਵਾਈ ਤੇ ਡੋਲ੍ਹਦਿਆਂ ਹੋਇਆਂ ਬੜੇ ਅੰਦਾਜ਼ ਨਾਲ ਉਹਦਾ ਸੱਜਾ ਹੱਥ ਚੁਕ ਕੇ ਪੰਨੇ ਦੀ ਵੱਡੀ ਚੌਂਕੀ ਵਲ ਮੰਦਰੀ ਦੇ ਕੋਲ ਈ ਸੋਨੇ ਦੀ ਵਿੱਲੀ ਜਿਹੀ ਮੁੰਦਰੀ ਪੁਆ ਦਿਤੀ, ਫਿਰ ਬਲਾਵਾਂ ਲੈਂਦੀ, ਦੁਆਵਾਂ ਦੇਣ ਲਗੀ। ਸੱਜਨ ਨੂੰ ਆਪਣੀ ਸੱਸ ਦੇ ਵਤੀਰੇ ਵਿਚ ਪਿਆਰ ਹੁੰਦਿਆਂ ਹੋਇਆਂ ਵੀ ਬਨਾਵਟ ਅਤੇ ਸਸਤਾਪਨ ਜ਼ਿਆਦਾ ਲਗਾ।

"ਹਰੀ ਓਮ ! ਬਜਰੰਗ !" ਸਾਲੇ ਸਾਹਿਬ ਹੋਰੀਂ ਆਪਣੀ ਸਮਾਧੀ ਵਿਚੋਂ ਫੇਰ ਤ੍ਰਭਕੇ, ਇਕ ਡੂੰਘਾ ਸਾਹ ਲਿਆ ਅਤੇ ਪਾਟੀਆਂ ਅੱਖਾ ਨਾਲ ਟਿਕਟਿਕੀ ਬੰਨ੍ਹ ਕੇ ਆਪਣੇ ਭਣਵੱਈਏ ਨੂੰ ਵੇਖਣ ਲਗਾ। ਸੱਜਨ ਨੂੰ ਉਹਦੇ ਕੋਲੋਂ ਚੁੱਪ ਜਿਹਾ ਡਰ ਲਗਾ। ਮਾੜੇ, ਪੀਲੇ ਸਰੀਰ ਵਾਲੀ ਦੁਖਿਆਰੀ ਜਿਹੀ ਸਾਲੇਹਾਰ ਸੁੰਗੜੀ ਸਿਮਟੀ ਬੈਠੀ ਸੀ।

"ਛੋਟੇ ਆਪਣੇ ਭਣਵੱਈਏ ਦਾ ਮੂੰਹ ਮਿੱਠਾ ਕਰ ਪੁੱਤਰ, ਇੰਜ ਕੀ ਵੇਂਹਦਾ ਏਂ (ਸੱਜਨ ਨੂੰ) ਇਹਨੂੰ ਆਪਣੀ ਭੈਣ ਬੜੀ ਪਿਆਰੀ ਏ — ਸ਼ੁਰੂ ਤੋਂ ਈਂ। ਛੋਟੀ ਨੂੰ ਵੀ ਆਪਣੇ ਭਰਾ ਨਾਲ ਬੜਾ ਮੋਹ ਏ......ਕੀ ਆਖਾਂ, ਲੇਖਾਂ ਦੀ ਮਾਰੀ ਆਂ ਪੁੱਤਾ......"

ਬਾਹਰ ਪੋਰਟਿਕੋ ਵਿਚ ਕਾਰ ਰੁਕੀ, ਕਾਰ ਦਾ ਦਰਵਾਜ਼ਾ ਖੁਲ੍ਹਣ ਬੰਦ ਹੋਣ ਦੀ ਆਵਾਜ਼ ਆਈ। ਸੱਜਨ ਦੇ ਦਿਲ ਨੂੰ ਠੰਡੀ ਹਵਾ ਦਾ ਬੁਲਾ ਜਿਹਾ ਲਗਾ; ਚਿਹਰਾ ਖਿੜ ਗਿਆ, ਅੱਖਾਂ ਬੂਹੇ ਵਲ ਗਈਆਂ। ਸੱਜਨ ਇਹਨਾਂ ਰਿਸ਼ਤੇਦਾਰਾਂ ਨਾਲ ਕੁਝ ਅਜੀਬ ਅਜੀਬ ਜਿਹਾ ਮਹਿਸੂਸ ਕਰ ਰਿਹਾ ਸੀ। ਸੱਜਨ ਨੇ ਹਾਲ ਵਿਚ ਆਉਂਦਿਆਂ ਹੀ ਵੇਖਿਆ, ਕੰਨਿਆ ਚਿਕਨ ਦੀ ਸਾੜ੍ਹੀ, ਹਲਕੇ ਪਿਸਤਈ ਰੰਗ ਦਾ ਸਾਦਾ ਊਨੀ ਬਲਾਊਜ਼, ਅਤੇ ਹਲਕੇ ਚਾਕਲੇਟ ਰੰਗ ਦਾ ਸ਼ਾਲ ਅਤੇ ਬਾਰੀਕ ਵੱਧਰਾਂ ਵਾਲੀ ਚਿੱਟੀ ਚੱਪਲ ਪਾਈ ਵੀ ਸੀ — ਬੜੀ ਚੰਗੀ ਲਗ ਰਹੀ ਸੀ।

ਮਾਸਟਰ ਜਗਦੰਬਾ ਸਹਾਏ ਦੀ ਧਰਮ ਪਤਨੀ ਨੇ ਕਈ ਮਹੀਨਿਆਂ ਪਿਛੋਂ ਆਪਣੀ ਧੀ ਨੂੰ ਵੇਖਿਆ ਸੀ। ਛੋਟੀ ਔਰਤ ਬਣ ਗਈ ਸੀ। ਚਿਹਰੇ ਤੇ ਭਰਵਾਂਪਨ ਆ ਗਿਆ ਸੀ। ਚਾਲ-ਢਾਲ, ਢੰਗ-ਤਰੀਕੇ ਵਿਚ ਵੀ ਪਹਿਲਾਂ ਨਾਲੋਂ ਫ਼ਰਕ ਸੀ; ਪਰ ਮਾਂ, ਭਰਾ ਆਦਿ ਨੂੰ ਵੇਖ ਕੇ ਕੰਨਿਆ ਜਿਸ ਖ਼ੁਸ਼ੀ ਨਾਲ ਖਿੜ ਪਈ ਉਹਦੇ 'ਚ ਮਾਂ ਨੂੰ ਪੁਰਾਣੀ ਝਲਕ ਦਿਸੀ। ਛੋਟੀ ਮਾਂ ਦੀਆਂ ਲੱਖ ਮੰਦ ਭਾਵਨਾਵਾਂ ਦੇ ਬਾਵਜੂਦ ਵੀ ਉਹੋ ਛੋਟੀ ਸੀ। ਮਾਂ, ਮਾਂ ਤੋਂ ਵੀ ਵਧ ਕੰਨਿਆ ਦੀ ਭਰਜਾਈ ਦਾ ਪੀਲਾ ਮੂੰਹ ਅਤੇ ਥੱਕੀਆਂ ਮਾਂਦੀਆਂ ਅੱਖਾਂ ਕੰਨਿਆ ਨੂੰ ਵੇਖ ਕੇ ਜਿਵੇਂ ਖਿੜ ਪਈਆਂ ਉਹ ਨਜ਼ਾਰਾ ਸੱਜਨ ਦੇ ਮਨ ਦੇ ਪਰਦੇ ਤੇ ਬੜੀ ਸ਼ਿੱਦਤ ਨਾਲ ਉਕਰਿਆ ਹੋਇਆ ਸੀ। ਰਿਸ਼ਤੇ ਦੀ ਗੰਢ ਕਿੰਨੀ ਪੀਡੀ, ਅਤੇ ਕਿੰਨੀ ਸੁਭਾਵਕ ਹੈ — ਜਿੰਨੀ ਵੀ ਖਿੱਚ ਪੈਂਦੀ ਹੈ, ਓਨੀ ਹੀ ਮਿੱਠੀ ਅਤੇ ਪੱਕੀ ਹੁੰਦੀ ਹੈ। ਕੰਨਿਆ ਦੇ ਵੱਡੇ ਭਾਈ ਸਾਹਿਬ ਸੋਫ਼ੇ ਤੇ ਉਸੇ ਤਰ੍ਹਾਂ ਪਥੱਲਾ ਮਾਰੀ ਬੈਠੇ ਰਹੇ। ਇਕ ਵਾਰ ਨੇਤਰ ਖੋਲ੍ਹ ਕੇ ਛੋਟੀ-ਅੰਮਾਂ ਮਿਲਾਪ ਦੇ ਦ੍ਰਿਸ਼ ਨੂੰ ਵੇਖਿਆ, ਫਿਰ ਉਹਨੂੰ ਮਾਇਆ ਸਮਝ ਕੇ ਆਪਣੀ ਸਮਾਧੀ ਵਿਚ ਲੀਨ ਹੋ ਗਏ।

ਕੰਨਿਆ ਆਪਣੀ ਭਣੇਵੀਂ ਨਾਲ ਲਿਪਟ ਗਈ। ਮਾਂ ਨਾਲ ਵੱਖਰੀਆਂ ਹੱਸ ਕੇ ਗੱਲਾਂ ਕੀਤੀਆਂ। ਭਰਾ ਦੇ ਪੈਰ ਛੋਹੇ, ਪਰ ਉਹਦੀ ਸਮਾਧੀ ਭੰਗ ਨਾ ਕੀਤੀ। ਸਮਾਧੀ-ਰੂਪ ਵਿਚ ਉਹਦਾ ਮੂੰਹ ਤਿਊੜੀ ਚੜ੍ਹੇ ਸ਼ੂੰਨ ਵਰਗਾ ਅਰਥਾਤ ਸਿਫ਼ਰ ਦੀ ਐਸੀ ਤਸਵੀਰ ਵਰਗਾ ਲਗਦਾ ਸੀ ਜੋ ਕਿਸੇ ਕਾਰਟੂਨਿਸਟ ਦੀ ਕਰਾਮਾਤ ਹੋਏ — "ਇਹ ਸਾਲਾ ਤਾਂ ਸੱਚ ਮੁਚ ਈ ਗਾਲ੍ਹ ਬਰਾਂਡ ਸਾਲਾ ਏ।" ਸੱਜਨ ਨੇ ਕੁਝ ਮਜ਼ਾਕ ਅਤੇ ਕੁਝ ਖਿੱਝ ਜਿਹੀ ਦੇ ਮੂਡ ਵਿਚ ਕਿਹਾ।

ਸੱਜਨ ਦੀ ਸੱਸ ਆਪਣੀ ਧੀ ਦੇ ਗਲ ਵਿਚ ਮਟਰਮਾਲਾ ਪਾ ਰਹੀ ਸੀ — ਦ੍ਰਿਸ਼ ਵਿਚ ਕੋਈ ਹਾਰਦਿਕਤਾ ਪਵਿੱਤਰਤਾ ਨਹੀਂ ਸੀ।

"ਹਰੀ ਓਮ ! ਬਜਰੰਗ ! ਬਜਰੰਗ !" ਸਾਲੇ ਸਾਹਿਬ ਨੇ ਸਮਾਧੀ ਤੋੜੀ। ਸਭ ਨੂੰ ਚੁੰਧਿਆਈਆਂ ਅੱਖਾਂ ਨਾਲ ਵੇਖਿਆ। ਮਾਂ ਬੋਲੀ — "ਛੋਟੇ, ਕਿੱਦਾਂ ਏਂ ਤੂੰ, ਭੈਣ ਦੇ ਘਰ ਮਿਲਣ ਆਇਆ ਏਂ ਤੇ......"

"ਕਿਉਂ ਜੀ ਮਿਸਟਰ ਸੱਜਨ ਵਰਮਾ, ਮੈਂ ਤੁਹਾਡੇ ਮਹੱਲ ਵਿਚ ਬੈਠ ਕੇ ਆਪਣੀ ਬੀੜੀ ਪੀ ਸਕਦਾਂ ?"

"ਵੀਰੇ, ਕੇਹੋ ਜਿਹੀਆਂ ਗੱਲਾਂ ਕਰਦਾ ਏਂ। ਪੀਣੀ ਏਂ ਤਾਂ ਪੀਂਦੇ ਕਿਉਂ ਨਹੀਂ ?" ਕੰਨਿਆ ਨੇ ਭਰਾ ਨੂੰ ਝਿੜਕ ਕੇ ਸੁਚੇਤ ਕਰਨਾ ਚਾਹਿਆ।

ਸੱਜਨ ਨੇ ਆਪਣੇ ਗਾਊਨ 'ਚੋਂ ਸਿਗਰਟ-ਕੇਸ ਅਤੇ ਲਾਈਟਰ ਕੱਢ ਕੇ ਸਾਲੇ ਵਲ ਵਧਾਇਆ। ਸਾਲਾਰ ਜੰਗ ਬੋਲੇ — "ਮੈਂ ਤੁਹਾਡੇ ਘਰ ਦੀ ਕੋਈ ਚੀਜ਼ ਕਬੂਲ ਨਹੀਂ ਕਰ ਸਕਦਾ।"

ਸੱਜਨ ਨੇ ਆਪਣਾ ਸਿਗਰਟ ਕੇਸ ਵਾਪਸ ਜੇਬ ਵਿਚ ਰੱਖ ਲਿਆ । ਕੰਨਿਆ ਨੂੰ ਕਿਹਾ — "ਮੈਂ ਜਾਂਦਾ ਆਂ ਡਾਰਲਿੰਗ । ਮੈਨੂੰ ਜ਼ਰਾ ਕੰਮ ਏ । ਤੂੰ ਮਾਤਾ ਜੀ ਆਦਿ ਦੀ......।"

"ਵੀਰ, ਤੇਰੇ ਨਾਲ ਇਕ ਕੰਮ ਏ ।" ਸੱਸ ਨੇ ਆਪਣੇ ਜਵਾਈ ਨੂੰ ਕਿਹਾ । ਸੱਜਨ ਰੁਕ ਗਿਆ । ਵਨ ਕੰਨਿਆ ਆਪਣੇ ਪਤੀ ਦਾ ਚਿਹਰਾ ਪੜ੍ਹਨ ਲੱਗੀ ਮੂਡ ਮਾੜਾ ਨਹੀਂ ਸੀ । ਗੰਭੀਰਤਾ ਦੇ ਮੋਟੇ ਪਰਦੇ ਹੇਠਾਂ ਬੁੱਲ੍ਹਾਂ ਤੇ ਦੱਬਿਆ ਦੱਬਿਆ ਹਾਸਾ ਸੀ । ਸੱਸ ਨੇ ਆਪਣੇ ਜਵਾਈ ਨੂੰ ਕੋਲ ਬੈਠਣ ਲਈ ਬੜਾ ਜ਼ੋਰ ਲਾਇਆ, ਪਰ ਸੱਜਨ — "ਮੇਰੀ ਏਸੇ ਤਰ੍ਹਾਂ ਦੀ ਆਦਤ ਏ" ਆਖ ਕੇ ਖਲੋਤਾ ਰਿਹਾ । ਮਾਸਟਰ ਜਗਦੰਬਾ ਸਹਾਇ ਦੀ ਪਤਨੀ ਕੁਝ ਕਹਿਣ ਹੀ ਲੱਗੀ ਸੀ ਕਿ ਛੋਟਾ ਬੋਲ ਪਿਆ —

"ਛੋਟੀ ?"

"ਹਾਂ ਜੀ ?"

"ਤੈਨੂੰ ਪਤਾ ਏ ਅਜ ਮੈਂ ਏਥੇ ਕਿਉਂ ਆਇਆਂ । ਕਲ੍ਹ ਰਾਤੀਂ ਮੇਰੀ ਸ਼ੰਕਰ ਹੋਰਾਂ ਨਾਲ ਇਸ ਗੱਲ ਤੇ ਬੜੀ ਬਹਿਸ ਹੋਈ । ਉਹਨਾਂ ਕਿਹਾ ਕਿ ਪੁੱਤਰ ਤੈਨੂੰ ਛੋਟੀ ਦੇ ਘਰ ਜਾਣਾ ਚਾਹੀਦਾ ਏ । ਮੈਂ ਕਿਹਾ ਮੈਂ ਬਿਲਕੁਲ ਨਹੀਂ ਜਾਵਾਂਗਾ । ਇਸ ਗੱਲ ਤੇ ਸ਼ੰਕਰ ਜੀ ਵੀ ਅੜ ਗਏ ਤੇ ਮੈਂ ਵੀ ਅੜ ਗਿਆ । ਫਿਰ ਮੇਰੇ ਅਲੀਗੰਜ ਵਾਲੇ* ਨੇ ਵਿਚ ਵਿਚਾਅ ਕਰਾਇਆ ।"

ਸਭ ਜਣੇ ਛੋਟੇ ਬਾਊ ਵਲ ਵੇਂਹਦੇ ਹੋਏ ਚੁੱਪ ਸਨ । ਕੰਨਿਆ ਦੀ ਮਾਂ ਸੱਜਨ ਨੂੰ ਆਪਣੀ ਗੱਲ ਕਹਿਣ ਲਈ ਆਤੁਰ ਸੀ, ਪਰ ਛੋਟੇ ਦੀਆਂ ਗੱਲਾਂ ਦਾ ਤਾਂਤਾ ਲੱਗਾ ਹੋਇਆ ਸੀ । ਬੋਲਿਆ — "ਛੋਟੀ, ਹੁਣ ਮੇਰੀ ਸਿੱਧੀ ਪਹਿਲਾਂ ਨਾਲੋਂ ਬੜੀ ਵਧ ਗਈ ਏ, ਪਤਾ ਲੱਗਾ । ਚਾਹਵਾਂ ਤਾਂ ਤੇਰੇ ਘਰ ਦਾ ਸਾਰਾ ਸਾਜ਼ ਸਾਮਾਨ ਇਕ ਸੈਕੰਡ 'ਚ ਆਪਣੇ ਘਰ ਪਹੁੰਚਾ ਦਿਆਂ । ਪਰ ਨਹੀਂ । ਮੈਂ ਮਾਇਆ-ਮੋਹ ਵਿਚ ਨਹੀਂ ਪੈਂਦਾ । ਜਦ ਮੇਰੇ ਕੋਲ ਸਿੱਧੀ ਆਈ ਤਾਂ ਮੈਨੂੰ ਕਿਹਾ ਕਿ ਜੇ ਤੂੰ ਚਾਹੇਂ ਤਾਂ ਆਪਣੇ ਸਿਰਹਾਣੇ ਹੇਠੋਂ ਰੋਜ਼ ਇਕ ਲੱਖ ਰੁਪਏ ਦੇ ਨੋਟ ਲੈ ਸਕਦਾ ਏਂ । ਮੇਰੀ ਥਾਂ ਮਾਂ ਹੁੰਦੀ ਤਾਂ ਮਾਇਆ ਮੋਹ ਦੇ ਚੱਕਰ ਵਿਚ ਫਸ ਜਾਂਦੀ । ਪਰ ਮੈਨੂੰ ਤਾਂ ਮੇਰੇ ਗੁਰੂ ਬਜਰੰਗਬਲੀ ਹੌਲੀ ਜਿਹੀ ਆ ਕੇ ਕੰਨ ਵਿਚ ਕਹਿ ਗਏ ਸਨ ਕਿ ਬਿਸ਼ਨੂ ਸਹਾਏ, ਮਾਇਆ ਠਗਣੀ ਦੇ ਚੱਕਰ 'ਚ ਨਾ ਆਵੀਂ । ਮੈਂ ਤੈਨੂੰ ਭਗਵਾਨ ਦੇ ਦਰਸ਼ਨ ਕਰਾ ਦਿਆਂਗਾ —"

*ਅਲੀਗੰਜ ਵਿਚ ਲਖਨਊ ਦਾ ਪ੍ਰਾਚੀਨ ਮੰਦਰ ਹੈ ।

"ਛੋਟੇ, ਇਹ ਕੀ ਊਲ-ਜਲੂਲ ਗੱਲਾਂ ਬਕ ਰਿਹਾ ਏਂ। ਕੁਝ ਤੇ ਲਿਹਾਜ਼ ਕਰ," ਕੰਨਿਆ ਦੀ ਮਾਂ ਬੋਲੀ।

"ਤੂੰ ਇਹਨੂੰ ਬੇਹੂਦਾ ਗੱਲਾਂ ਕਹਿੰਦੀ ਏਂ ? ਤੈਨੂੰ ਮੇਰੀ ਸਿੱਧੀ ਤੇ ਭਰੋਸਾ ਨਹੀਂ ?" ਸੱਜਨ ਦਾ ਸਾਲਾ ਆਪਣੀ ਮਾਂ ਤੇ ਵਰ੍ਹਿਆਂ। ਛੋਟੇ ਦੀ ਵਹੁਟੀ ਦਾ ਚਿਹਰਾ ਡਰ ਨਾਲ ਪੀਲਾ ਪੈ ਗਿਆ। ਉਹ ਹੌਲੀ ਜਿਹੀ ਆਪਣੀ ਸੱਸ ਨੂੰ ਕਹਿਣ ਲੱਗੀ — "ਮਾਂ ਜੀ, ਕਹਿ ਦਿਉ ਵਿਸ਼ਵਾਸ ਏ।"

ਸ੍ਰੀਮਾਨ ਛੋਟੇ ਬੜੇ ਜ਼ੋਰ ਨਾਲ ਦੰਦ ਪੀਹ ਕੇ ਲਾਲ ਅੱਖਾਂ ਨਾਲ ਘੂਰਦੇ ਹੋਏ ਆਪਣੀ ਮਾਂ ਵਲ ਆ ਰਹੇ ਸਨ। ਸੱਜਨ ਨੇ ਸਾਲੇ ਦੀ ਬਾਂਹ ਫੜ ਕੇ ਜ਼ੋਰ ਦੀ ਹਲੂਣ ਦਿਤਾ, ਕਿਹਾ "ਚੁੱਪ ਕਰ ਕੇ ਓਥੇ ਬਹਿ।"

ਸਾਲੇ ਹੋਰੀਂ ਘਬਰਾ ਗਏ, ਬੁੜਬੁੜਾਉਣ ਲੱਗੇ — "ਮੈਨੂੰ ਬੀੜੀ ਨਹੀਂ ਪੀਣ ਦੇਂਦੇ। ਮੈਂ ਸ਼ੰਕਰ ਜੀ ਨੂੰ ਕਹਾਂਗਾ। ਮਾਈ ਗੁਰੂ ਵਿਲ ਸੀ ਯੂ।" ਗੁੱਸੇ ਨਾਲ ਭਰੀਆਂ ਅੱਖਾਂ ਕੱਢ ਕੇ ਦੰਦ ਪੀਂਹਦਿਆਂ ਹੋਇਆਂ ਸਾਲਾ ਸਾਹਿਬ ਨੇ ਕਿਹਾ ਅਤੇ ਫਿਰ ਰੁਕ ਕੇ ਇਕ ਗਰਮ ਸਾਹ ਲਿਆ।

ਮਾਸਟਰ ਜਗਦੰਬਾ ਸਹਾਏ ਦੀ ਧਰਮ ਪਤਨੀ ਨੇ ਆਪਣੀ ਧੀ ਨੂੰ ਕਿਹਾ – "ਓਸ ਦਿਨ ਤੋਂ ਪਿਛੋਂ ਇਹ ਹਾਲਤ ਹੋ ਗਈ ਏ ਇਹਦੀ। ਅਸੀਂ ਪਲ ਪਲ ਦੀ ਖ਼ੈਰ ਮਨਾ ਕੇ ਦਿਨ ਕੱਟ ਰਹੇ ਹਾਂ। ਘਰ ਵਿਚ ਕੀ ਹਾਲ ਏ, ਕੀ ਦਸਾਂ ?...... (ਸੱਜਨ ਨੂੰ) ਵੀਰਾ, ਘਰ ਘਰ ਫੋਲ ਕੇ ਵੇਖੀਏ, ਕੀਹਦੀ ਆਬਰੂ ਵਿਚ ਦੋ ਚਾਰ ਪੈਬੰਦ ਨਹੀਂ ਟੰਗੇ ਹੋਏ। ਫਿਰ ਸਾਡੇ ਘਰ ਨੇ ਏਹੋ ਜਿਹਾ ਕਿਹੜਾ ਵੱਡਾ ਕਸੂਰ ਕੀਤਾ ਏਂ ? ਤੂੰ ਈ ਇਨਸਾਫ਼ ਕਰਕੇ ਵੇਖ।"

"ਉਹਨਾਂ ਸਭਨਾਂ ਗੱਲਾਂ ਨੂੰ ਇਸ ਵੇਲੇ ਛੱਡ ਮਾਂ।" ਕੰਨਿਆ ਨੇ ਮਾਂ ਵਲ ਨਾ ਵੇਖਦਿਆਂ ਕਿਹਾ, ਮਨ ਦੀ ਵਧਦੀ ਹੋਈ ਪ੍ਰੇਸ਼ਾਨੀ ਨੂੰ ਚਿਹਰੇ ਤੇ ਸੂਤਦਿਆਂ ਹੋਇਆਂ ਕਿਹਾ।

"ਛੋਟਾ ਬਾਊ ਉਰਫ ਵਿਸ਼ਨੂ ਸਹਾਏ ਜੀ ਅਚਾਨਕ ਉੱਠ ਕੇ ਗੋਲ ਟੇਬਲ ਤੇ ਰੱਖੀ ਹੋਈ ਮਠਿਆਈ ਵਾਲੀ ਹਾਂਡੀ ਵਿਚ ਹੱਥ ਮਾਰਨ ਲੱਗੇ, ਉਹਦੀ ਮਾਂ ਆਪਣੀ ਧੀ ਦੀ ਗੱਲ ਦਾ ਉੱਤਰ ਦੇਂਦਿਆਂ ਰੁਕ ਕੇ ਉਹਨੂੰ ਡਾਂਟ ਕੇ ਕਹਿਣ ਲੱਗੀ — "ਛੋਟੇ ਸਗੋਂ ਤੇਰੀ ਮੱਤ ਮਾਰੀ ਗਈ ਏ। ਛੋਟੀ ਭੈਣ ਦੇ ਘਰ ਦਾ......"

"ਸਭ ਮਾਇਆ ਏ, ਮਿਥਿਆ ਏ। ਬੋਲ ਨਾ।" ਆਖ ਕੇ ਛੋਟੇ ਬਾਊ ਨੇ ਮਠਿਆਈ ਦੇ ਕਈ ਟੁਕੜੇ ਇਕੋ ਵਾਰ ਕੱਢ ਕੇ ਆਪਣੇ ਮੂੰਹ ਵਿਚ ਭਰ ਲਏ।

ਮਾਸਟਰ ਸਾਹਿਬ ਦੀ ਧਰਮ ਪਤਨੀ ਨੇ ਆਪਣੇ ਧੀ ਜਵਾਈ ਵਲ ਤਰਸ ਭਰੀ ਨਜ਼ਰ ਨਾਲ ਤੱਕਦਿਆਂ ਹੋਇਆਂ ਹੌਲੀ ਹੌਲੀ ਕਿਹਾ — "ਇਹ ਹਾਲ ਆ। ਇਹਦੇ

ਕਰਕੇ ਹੁਣ ਘਰ ਵਿਚ ਕੋਈ ਸੌਂ ਨਹੀਂ ਸਕਦਾ। ਕੋਈ ਕੰਮ ਕਾਜ ਨਹੀਂ ਕਰ ਸਕਦਾ। ਰਸੋਈ ਵਿਚ ਘੁਸ ਕੇ ਸਬ ਪੱਕਿਆ ਪਕਾਇਆ ਖਾਣਾ ਕਦੇ ਸੁੱਟ ਦੇਂਦਾ ਏ, ਕਦੇ ਬਾਹਰ ਜਾਨਵਰਾਂ ਨੂੰ ਖੁਆ ਦੇਂਦਾ ਏ।......ਕੀ ਆਖਾਂ, ਇਹਦੇ ਹੱਥੋਂ ਮਾਰ ਖਾਂਦਿਆਂ ਖਾਂਦਿਆਂ ਸਾਡੀ ਹੁਣ ਜਾਨ ਈ ਨਿਕਲਣੀ ਬਾਕੀ ਰਹਿ ਗਈ ਏ। ਤੂੰ ਆਪਣੇ ਪਿਉ ਨੂੰ ਕੈਦ ਕਰਾ ਈ ਦਿਤਾ, ਹੁਣ ਛੋਟੀਏ, ਇਹਨੂੰ ਵੀ ਪਾਗਲਖਾਨੇ ਭਿਜਵਾ ਦੇ, ਤੇ ਸਾਡੇ ਲਈ ਇਕ ਜ਼ਹਿਰ ਦੀ ਪੁੜੀ... ।" ਉਹਦੀਆਂ ਅੱਖਾਂ ਅਤੇ ਗਲ ਭਰ ਆਇਆ। ਅੱਖਾਂ ਪੂੰਝਣ ਦੇ ਬਹਾਨੇ ਇਕ ਚੰਗਿਆਈ ਇਹ ਹੋਈ ਕਿ ਉਹਦੀਆਂ ਅੱਖਾਂ ਦੀ ਗਿੱਡ ਸਾਫ ਹੋ ਗਈ।

ਅਚਾਨਕ ਸੱਜਨ ਨੇ ਕੰਨਿਆ ਦੇ ਮੋਢੇ ਤੇ ਹੌਲੀ ਜਿਹੀ ਹੱਥ ਰੱਖ ਕੇ ਕਿਹਾ — "ਇਹਨੂੰ ਬਾਬਾ ਜੀ ਦੇ ਕੋਲ ਘਲ ਦੇਈਏ ?"

ਕੰਨਿਆ ਨੇ ਆਪਣੇ ਮਨ ਦੀ ਪੀੜ ਅਤੇ ਦੁਚਿਤੀ ਨੂੰ ਪਤੀ ਦੀਆਂ ਅੱਖਾਂ ਵਿਚ ਪਾ ਦਿਤਾ, ਬੋਲੀ —"ਮਾਂ ਕੋਲੋਂ ਪੁੱਛ ਲਉ।"

ਮਾਂ ਨੇ ਸੁਣ ਲਿਆ, ਬੋਲੀ — "ਸਨਕ ਗਿਆ ਏ। ਘਰ 'ਚ ਕੋਈ ਮਰਦ ਨਹੀਂ ਏਸ ਲਈ ਸ਼ੇਰ ਹੋ ਗਿਆ ਏ।" ਫਿਰ ਝੱਟ ਪੱਟ ਜਵਾਈ ਦੇ ਪੈਰੀਂ ਪੈ ਗਈ। ਸੱਜਨ ਨੂੰ ਬੜੀ ਉਲਝਣ ਮਹਿਸੂਸ ਹੋਈ, ਸੱਸ ਨੂੰ ਦੋਵਾ ਬਾਹਾਂ ਤੋਂ ਫੜ ਕੇ ਉਠਾਉਂਦਿਆਂ ਹੋਇਆਂ ਬੋਲਿਆ — "ਇਹ ਕੀ ਇਹ ਕੀ ? ਉੱਠੋ।"

"ਪੁੱਤਰ, ਮੇਰਾ ਸੁਹਾਗ ਮੈਨੂੰ ਮੁੜਵਾ ਦੇ। ਈਸ਼ਰ ਤੈਨੂੰ ਸਭੋ ਕੁਝ ਦਏ। ਉਹ ਜਿਹੋ ਜੇਹਾ ਏ, ਮੇਰੀ ਜਾਨ ਦਾ ਸਹਾਰਾ ਏ। ਉਹਦੀ ਖਾਤਰ ਕੀ ਪਤਾ ਕੀ ਕੀ ਸਹਾਰਿਆ ਏ ......"

"ਬਾਉ ਜੀ ਕਾਨੂੰਨ ਦੇ ਹੱਥ ਵਿਚ ਨੇ। ਅਸੀਂ ਲੋਕ ਕੁਝ ਨਹੀਂ ਕਰ ਸਕਦੇ।"

"ਛੋਟੀ, ਮੈਂ ਤੈਨੂੰ ਕੁਝ ਨਹੀਂ ਕਹਿੰਦੀ। ਜੀਹਦੇ ਜ਼ੋਰ ਨਾਲ ਤੂੰ ਆਪਣੇ ਬਾਪ ਨੂੰ ਕੈਦਖਾਨੇ 'ਚ ਸੁਟਵਾਇਆ ਉਹ ਓਦੋਂ ਮੇਰਾ ਕੁਝ ਨਹੀਂ ਸੀ ਹੁਣ ਮੇਰਾ ਪੁੱਤਰ ਏ। ਮੇਰਾ ਵੀ ਹੱਕ ਏ।"

ਕੰਨਿਆ ਦਾ ਚਿਹਰਾ ਗੁੱਸੇ ਨਾਲ ਤਪ ਉੱਠਿਆ। ਆਪਣੀ ਸੱਸ ਦੇ ਹੱਕ ਦੀ ਥਾਂ ਵੇਖ ਕੇ ਸੱਜਨ ਆਪ ਵੀ ਮਨ ਈ ਮਨ ਘਬਰਾ ਗਿਆ ਸੀ, ਪਰ ਕੰਨਿਆ ਦੇ ਕ੍ਰੋਧ ਨੂੰ ਵੇਖ ਕੇ ਉਹਨੇ ਆਪਣੇ ਆਪ ਨੂੰ ਸਾਧ ਲਿਆ, ਮਿੱਠੀ ਜ਼ਬਾਨ ਨਾਲ ਕੰਮ ਲੈਂਦਿਆਂ ਸੱਸ ਨੂੰ ਕਿਹਾ — "ਹੱਕ ਤੁਹਾਡਾ ਪੂਰੀ ਤਰ੍ਹਾਂ ਏ। ਮੈਨੂੰ ਇਹਦੇ ਤੋਂ ਇਨਕਾਰ ਨਹੀਂ। ਪਰ ਇਸ ਸੰਬੰਧੀ ਤੁਸੀਂ ਮੈਨੂੰ ਕੁਝ ਨਾ ਕਹੋ ਤਾਂ ਚੰਗਾ ਹੋਏਗਾ। ਮੇਰੇ ਹੱਥਾਂ 'ਚ ਵਾਕਈ ਕੁਝ ਨਹੀਂ। ਸਰਕਾਰ ਵਲੋਂ ਉਹਨਾਂ ਤੇ ਮੁਕੱਦਮਾ ਚਲ ਰਿਹਾ ਏ।"

"ਸਭ ਲੋਕ ਆਂਹਦੇ ਨੇ ਕਿ ਜੇ ਤੂੰ ਜ਼ਮਾਨਤ ਕਰ ਲਏਂ ਤਾਂ ਉਹ ਆ ਸਕਦੇ ਨੇ।

ਤੇਰੀ ਹਰ ਥਾਂ ਪਹੁੰਚ ਏ। —"

ਪਤੀ ਦੇ ਚਿਹਰੇ ਤੇ ਇਕ ਚਲਾਵੀਂ ਨਜ਼ਰ ਸੁੱਟ ਕੇ ਵਨ ਕੰਨਿਆ ਨੇ ਮਾਂ ਨੂੰ ਕਿਹਾ — "ਮਾਂ, ਤੇਰੇ ਅੱਗੇ ਹੱਥ ਜੋੜਦੀ ਆਂ, ਹੋਰ ਜੋ ਆਖੇਂ ਤੇਰੀ ਸੇਵਾ ਕਰੀਏ, ਪਰ ਇਹਨਾਂ ਕੋਲੋਂ ਕੋਈ ਗਲਤ ਕੰਮ ਕਰਨ ਲਈ —"

"ਗਲਤੀ ਕੀਹਤੋਂ ਨਹੀਂ ਹੋ ਜਾਂਦੀ —"

"ਬਾਊ ਨੇ ਗਲਤੀ ਨਹੀਂ ਅਪਰਾਧ ਕੀਤਾ ਏ। —"

"ਅਪਰਾਧ ਨਹੀਂ ਤਾਂ ਉਹ ਕੀ ਏ।" ਮਾਸਟਰ ਸਾਹਿਬ ਦੀ ਧਰਮ ਪਤਨੀ ਦਾ ਬੋਲ ਤਿੱਖਾ ਤੇ ਤੇਜ਼ ਹੋ ਗਿਆ, ਜੋਸ਼ ਵਿਚ ਆ ਕੇ ਇਕ ਸਾਹੇ ਬੋਲਦੀ ਅਤੇ ਆਵਾਜ਼ ਚੜ੍ਹਾਉਂਦੀ ਗਈ — "ਇਹ ਸਾਰੇ ਕੰਡੇ ਤੇਰੀ ਚਾਚੀ ਨੇ ਬੀਜੇ ਨੇ, ਉਹਨੂੰ ਕਿਉਂ ਨਹੀਂ ਫੜਵਾਉਂਦੀ। ਓਸ ਰੰਡੀ ਨੇ ਜਿੱਦਾਂ ਜਿੱਦਾਂ ਮੇਰਾ ਕਲੇਜਾ ਸਾੜਿਆ ਏ — (ਗਲ ਪਾੜ ਕੇ ਰੋਣ, ਲੱਗੀ) ਮੇਰੇ ਲੇਖੀਂ ਅੱਗ ਲਾਈ ਸੂ, ਓਦਾਂ ਈ ਉਹਦੇ ਅੱਗੇ ਆਇਆ, ਹੋਰ ਅਗਾਂਹ ਆਏਗਾ। ਰੋਮ ਰੋਮ 'ਚ ਨਾਸੂਰ ਫੁੱਟੂ —"

"ਪਾਣੀ !" ਮਠਿਆਈ ਗੱਲ ਵਿਚ ਫਸ ਗਈ। ਸੱਜਨ ਨੇ ਵੇਖਿਆ, ਸਾਲਾਰਜੰਗ ਇਕ ਹੱਥ ਵਿਚ ਹਾਂਡੀ ਨਾਲ ਅਤੇ ਦੂਸਰੇ ਨਾਲ ਆਪਣ ਗਲ ਠੀਕ ਕਰਦਾ ਦੁਖੀ ਢੰਗ ਨਾਲ ਬੈਠਾ ਸੀ। ਸੱਜਨ ਨੇ ਅਗਾਂਹ ਹੋ ਕੇ ਘੰਟੀ ਦਾ ਸਵਿੱਚ ਦਬਾਇਆ। ਝੱਟ ਇਕ ਨੌਕਰ ਆਇਆ। "ਪਾਣੀ ਲਿਆ" ਕਹਿੰਦਿਆਂ ਹੋਇਆਂ ਸੱਜਨ ਦਾ ਧਿਆਨ ਅਚਾਨਕ ਇਸ ਗੱਲ ਵਲ ਗਿਆ ਕਿ ਨੌਕਰ ਲੋਕ ਪਰਦੇ ਦੇ ਬਾਹਰ ਆਸੇ ਪਾਸੇ ਖਲੋਤੇ ਇਹ ਸਾਰਾ ਤਮਾਸ਼ਾ ਵੇਖ ਰਹੇ ਹੋਣਗੇ। ਫਿਰ ਆਪੋ ਵਿਚ ਗੱਲਾਂ ਕਰਨਗੇ, ਮਜ਼ਾਕ ਉਡਾਉਣਗੇ। ਸੱਜਨ ਦੇ ਸਾਹਮਣੇ ਨਵੇਂ ਸਿਰਿਉਂ ਆਪਣਾ ਇਹ ਅਜੀਬ ਸਾਲਾ ਅਤੇ ਇਹ ਤਮਾਸ਼ਾ ਵਖਾਉਣ ਵਾਲੀ ਗੰਦੀ ਮੈਲੀ ਸੱਸ ਫਿਰ ਗਈ। ਇਹ ਉਹਦੇ ਰਿਸ਼ਤੇਦਾਰ ਹਨ, ਉਹਦੀ ਪਤਨੀ ਦੀ ਸਕੀ ਮਾਂ ਭਰਾ ਹਨ। ਉਹਨਾਂ ਨੂੰ ਆਪਣਾ ਰਿਸ਼ਤੇਦਾਰ ਕਹਿਣਾ ਪਏਗਾ। ਕੇਹੋ ਜਿਹੀ ਬੇਇਜ਼ਤੀ ਏ। ਕੰਨਿਆ ਨੇ ਏਸ ਘਰ ਵਿਚ ਆ ਕੇ ਇਜ਼ਤ ਕਮਾਈ। ਉਹਦੇ ਕਿਸੇ ਵਿਹਾਰ ਨਾਲ ਕਦੀ ਬੇਹੂਦਗੀ ਅਤੇ ਉਜਡਪਣਾ ਜ਼ਾਹਿਰ ਨਹੀਂ ਹੋਇਆ, ਨਹੀਂ ਤਾਂ ਰਈਸਾਂ ਦੇ ਨੌਕਰ ਤਾਂ ਰਈਸਾਂ ਨਾਲੋਂ ਵੀ ਵਧ ਨੁਕਸ ਕੱਢਣ 'ਚ ਮਾਹਰ ਹੁੰਦੇ ਨੇ। ਇਹ ਸਭ ਕੁਝ ਮੇਰੇ ਸਾਲੇ ਅਤੇ ਸੱਸ ਮਿਲ ਕੇ ਅਜ ਕੰਨਿਆ ਦੀ ਖ਼ਾਨਦਾਨੀ ਬਾਰੇ ਬੜਾ ਭੈੜਾ ਇੰਪਰੈਸ਼ਨ ਪਾ ਜਾਣਗੇ।

ਪਾਣੀ ਆ ਗਿਆ। ਛੋਟੇ ਬਾਊ ਦਾ ਹੱਥ ਅਜੇ ਵੀ ਹਾਂਡੀ ਵਿਚ ਸੀ; ਦੂਸਰੇ ਹੱਥ ਨਾਲ ਗਲਾਸ ਲੈ ਕੇ ਉਹ ਗਟ ਗਟ ਪੀ ਗਿਆ। ਛੱਕ ਕੇ ਉਹਨੇ "ਹਰੀ ਓਮ" 'ਬਜਰੰਗ-ਬਜਰੰਗ' ਦੀ ਹਾਕਰ ਮਾਰੀ, ਫਿਰ ਕੋਲ ਹੀ ਖਲੋਤੇ ਆਪਣੇ ਭਣਵੱਈਏ ਨੂੰ ਵੇਖ ਕੇ ਕਿਹਾ — "ਕਿਉਂ ਜੀ, ਮਿ: ਸੱਜਨ ਵਰਮਾ, ਕੁਝ ਸਾਧਨਾ ਕਰਦੇ ਓ

ਕਿ ਨਹੀ ?"

ਸੱਜਨ ਇਸ ਸਵਾਲ ਨਾਲ ਖਿੱਝ ਗਿਆ । ਨੌਕਰ ਖੜਾ ਸੀ, ਇਸ ਲਈ ਕੁਝ ਆਖ ਨਾ ਸਕਿਆ । ਉਹ ਕੰਨਿਆ ਦੇ ਕੋਲ ਆਇਆ, ਉਹਨੂੰ ਵੱਖਰਿਆਂ ਲਿਜਾ ਕੇ ਕਿਹਾ — "ਕੰਨਿਆ ਰੱਬ ਦੇ ਵਾਸਤੇ ਇਹਨਾਂ ਤੋਂ ਪਿੱਛਾ ਛੁਡਾ । ਸੌ ਪੰਜਾਹ ਦੀ ਮਦਦ ਮੰਗਣ ਤਾਂ ਦੇ ਦਈਂ —"

ਬਾਹਰ ਪੋਰਟਿਕੋ ਵਿਚ ਕਿਸੇ ਕਾਰ ਦੇ ਆ ਕੇ ਖੜੇ ਹੋਣ ਦੀ ਆਵਾਜ਼ ਆਈ । ਸੱਜਨ ਕੰਬ ਗਿਆ । ਕੋਈ ਬਾਹਰਵਾਲਾ ਹੋਏਗਾ ਤਾਂ ਏਸ ਸਾਲੇ ਨੂੰ ਵੇਖ ਕੇ ਮਨ ਵਿਚ ਕੀ ਸੋਚੇਗਾ । ਦੂਸਰਾ ਨੌਕਰ ਕਮਰੇ ਵਿਚ ਆਇਆ, ਕਿਹਾ — "ਡਾਕਟਰ ਸਾਹਿਬ, ਆਏ ਨੇ, ਹਜ਼ੂਰ ।" ਸੱਜਨ ਨੇ ਕੰਨਿਆ ਵਲ ਵੇਖਿਆ, ਬੋਲਿਆ — "ਸ਼ੀਲਾ ਆਈ ਏ । ਤੂੰ ਉਹਨੂੰ —

"ਤੁਸੀਂ ਉਹਨੂੰ ਰੀਸੀਵ ਕਰ ਲਓ, ਮੈਂ ਹੁਣੇ ਇਹਨਾਂ ਨੂੰ ਵਿਦਾ ਕਰ ਆਉਂਦੀ ਆਂ ।"

ਸੱਜਨ ਬਰਾਂਡੇ ਵਿਚ ਆ ਗਿਆ । "ਹਲੋ," ਡਾ: ਸ਼ੀਲਾ ਦੀ ਆਵਾਜ਼ ਅਤੇ ਮੁਸਕਾਣ ਵਿਚ ਅਜ ਸੱਜਨ ਨੂੰ ਥਕਾਵਟ ਨਜ਼ਰ ਆਈ । "ਹਲੋ, ਸ਼ੀਲਾ ! ਇਸ ਵੇਲੇ ਮਰੀਜ਼ਾਂ ਨੂੰ ਛੱਡ ਕੇ ਕਿੰਜ ਆ ਗਈ ਏਂ ?"

"ਜਾਪਲਿੰਗ ਰੋਡ ਤੇ ਇਕ ਮਰੀਜ਼ ਨੂੰ ਵੇਖਣ ਜਾ ਰਹੀ ਸਾਂ । ਏਧਰ ਇਕ ਮਿੰਟ ਲਈ ਤੈਨੂੰ ਮਿਲਣ ਆ ਗਈ ।"

"ਆ ਉਪਰ ਆ ਜਾ, ਤੈਨੂੰ ਇਕ ਗੱਲ ਕਹਿਣੀ ਏਂ ।"

ਪੋਰਟਿਕੋ ਦੇ ਬਾਹਰ ਕਿਆਰੀਆਂ ਦੇ ਕੰਢੇ ਕੰਢੇ ਦੋਵੇਂ ਤੁਰਦੇ ਰਹੇ, ਦੋਵੇਂ ਚੁੱਪ ਸਨ ।

ਲਾਅਨ ਵਿਚ ਆਉਣ ਲਈ ਵੇਲ ਨਾਲ ਢੱਕੇ ਵਾਂਸ ਦੇ ਫਾਟਕ ਤਕ ਆ ਕੇ ਡਾ. ਸ਼ੀਲਾ ਸਵਿੰਗ ਖੜੀ ਹੋ ਗਈ । ਬੋਲੀ —"ਦੁਰਜਨ —" ਕਹਿੰਦਿਆਂ ਕਹਿੰਦਿਆਂ ਸ਼ੀਲਾ ਰੁਕ ਗਈ, ਬੜੀ ਪੀੜਤ ਨਜ਼ਰ ਨਾਲ ਸੱਜਨ ਨੂੰ ਵੇਂਹਦਿਆਂ ਹੋਇਆਂ ਦਰਦ-ਭਰੀ ਆਵਾਜ਼ ਵਿਚ ਪੁੱਛਿਆ — " ਤੇਰਾ ਦੋਸਤ ਹੁਣ ਮੈਨੂੰ ਕਦੇ ਨਹੀਂ ਮਿਲੇਗਾ ?"

ਸੱਜਨ ਦੇ ਦਿਲ 'ਚ ਗੱਲ ਨੇ ਚੀਸ ਪੈਦਾ ਕੀਤੀ । ਬੋਲਿਆ — "ਮੈਨੂੰ ਪਤਾ ਨਹੀਂ ਸੀ ਕਿ ਅਜ ਕਲ੍ਹ ਉਹ ਤੈਨੂੰ ਮਿਲ ਨਹੀਂ ਰਿਹਾ ।"

"ਕਈ ਮਹੀਨੇ ਹੋ ਗਏ । ਬਸ, ਓਹੋ ਦਾਅਵਤ ਵਾਲੇ ਦਿਨ ਚੌਕ ਵਿਚ ਮਿਲਿਆ ਸੀ । ਇਟ ਵਾਜ਼ ਇਨ ਜਨਵਰੀ — ਸ਼ਾਇਦ 25 ਤਾਰੀਖ਼ ਸੀ ।"

"ਕੋਈ ਖ਼ਾਸ ਗੱਲ ਹੋਈ ਸੀ ?"

"ਕੀ ਦੱਸਾਂ ਆਈ ਹੈਵ ਗ੍ਰੱਜ ਅਗੇਂਸਟ ਹਿਜ਼ ਵਾਈਫ਼, ਪਰ ਇਹ ਸੱਚ ਏ ਕਿ ਉਹ ਮਹੀਪਾਲ ਵਰਗੇ ਜੀਨੀਅਸ ਨੂੰ ਸਮਝ ਨਹੀਂ ਸਕਦੀ । ਫਿਰ ਕਿੰਨਾਂ ਪਤਲਾ ਹੋ ਗਿਆ ਏ । ਮੈਂ ਕਲ੍ਹ ਉਹਨੂੰ ਅਮੀਨਾਬਾਦ 'ਚ ਸੜਕ ਪਾਰ ਕਰਦਿਆਂ ਹੋਇਆਂ ਵੇਖਿਆ

ਸੀ — "ਆਈ ਕਾਂਟ ਬੀਅਰ ਦਿਸ ਐਨੀ ਮੋਰ ।," ਕਹਿੰਦਿਆਂ ਕਹਿੰਦਿਆਂ ਡਾ: ਸ਼ੀਲਾ ਦਾ ਗਲ ਭਰ ਗਿਆ । ਉਹਨੇ ਆਪਣਾ ਵੈਨਿਟੀ ਬੈਗ ਖੋਲ੍ਹ ਕੇ ਰੁਮਾਲ ਕੱਢਿਆ ।

ਸ਼ੀਲਾ ਦੇ ਮੋਢੇ ਤੇ ਹੱਥ ਰਖ ਕੇ ਉਹਨੂੰ ਧੀਰਜ ਦੇਂਦਿਆਂ ਸੱਜਨ ਨੇ ਕਿਹਾ — "ਡੋਂਟ ਬੀ ਫੂਲਸ਼, ਸ਼ੀਲਾ, ਮੈਂ ਜਾਣਦਾ ਹਾਂ, ਮਹੀਪਾਲ ਤੇਰੇ ਲਈ ਕਿਹੜੇ ਭਾਵ ਰਖਦਾ ਹੈ । ਉਹ ਤੇਰੇ ਨਾਲੋਂ ਵੱਖ ਨਹੀਂ ਰਹਿ ਸਕੇਗਾ ।"

ਮੈਂ ਮਿਸੇਜ਼ ਸ਼ੁਕਲਾ ਤੋਂ ਉਹਦੇ ਪਤੀ ਨੂੰ ਖੋਹਾਂਗੀ ਨਹੀਂ । ਪਰ ਮੈਂ ਫੀਲ ਕਰਦੀ ਹਾਂ ਕਿ ਮਹੀਪਾਲ ਤੇ ਮੇਰਾ ਵੀ ਹੱਕ ਏ ।"

ਸੱਜਨ ਡੂੰਘੇ ਵਿਚਾਰੀਂ ਪੈ ਗਿਆ । ਇਕ ਪਰਣਾਈ ਹੋਈ ਤੇ ਦੂਜੀ ਪ੍ਰੇਮਿਕਾ । ਕੀਹਦਾ ਹੱਕ ਮੰਨੇ, ਕੀਹਦਾ ਨਾ ਮੰਨੇ । ਪ੍ਰੇਮ ਭਲਾ ਕਿਸੇ ਸ਼ਾਸ਼ਤਰ ਵਿਚ ਬੱਝ ਕੇ ਚਲ ਸਕਦਾ ਏ । ਕਿਸੇ ਤੇ ਕ੍ਰਿਸੇ ਦਾ ਦਿਲ ਆ ਜਾਏ ਤਾਂ ਉਹਨੂੰ ਕੌਣ ਰੋਕ ਲਏਗਾ ? ਤਰੰਤ ਹੀ ਥੋੜਾ ਚਿਰ ਪਹਿਲਾਂ ਪ੍ਰਸੰਗ ਉਹਦੇ ਧਿਆਨ ਵਿਚ ਆਇਆ, ਜਦ ਉਹਦੀ ਸੱਸ ਆਪਣੇ ਪਤੀ ਜਠਾਣੀ ਦੇ ਪ੍ਰੇਮਕਾਂਡ ਨੂੰ ਕੋਸ ਰਹੀ ਸੀ — ਪਰ ਇਹ ਗੱਲ ਕੁਝ ਹੋਰ ਏ ।"

ਸ਼ੀਲਾ ਨੇ ਕਿਹਾ — "ਤੂੰ ਉਹਨੂੰ ਕਹਿ ਜ਼ਰੂਰ ਦੇਈਂ ।"

"ਮੈਂ ਉਹਨੂੰ ਤੇਰੇ ਕੋਲ ਜ਼ਰੂਰ ਭੇਜ ਦਿਆਂਗਾ । ਮੈਂ ਕਲ੍ਹ ਸਵੇਰੇ ਹੀ ਉਹਦੇ ਕੋਲ ਜਾਵਾਂਗਾ ।"

"ਤੂੰ ਇਸ ਗੱਲ ਦਾ ਕਿਸੇ ਨਾਲ ਜ਼ਿਕਰ ਨਾ ਕਰੀਂ । ਨਾਟ ਈਵਨ ਟੂ ਯੋਰ ਵਾਈਫ਼"

"ਨਹੀਂ ਨਹੀਂ । ਸੇਵਾ ਲਈ ਤਿਆਰ ਰਹੁ । ਤੇ ਤੂੰ ਕਿਸੇ ਤਰ੍ਹਾਂ ਪ੍ਰੇਸ਼ਾਨ ਨਾ ਹੋ ।"

"ਅੱਛਾ, ਤਾਂ ਠੀਕ ਏ । ਐਂਡ ਹਓ ਇਜ਼ ਯੋਰ ਵਾਈਫ ?"

ਸੱਜਨ ਧਰਮ ਸੰਕਟ ਵਿਚ ਪੈ ਗਿਆ । ਕੰਨਿਆ ਅੰਦਰ ਹੈ, ਕਹਿਣ ਤੇ ਸ਼ਾਇਦ ਸ਼ੀਲਾ ਉਹਨੂੰ ਮਿਲਣ ਲਈ ਓਥੇ ਪਹੁੰਚ ਜਾਏ । ਓਥੇ ਉਹਦੇ ਅਜੀਬੋ ਗਰੀਬ ਸਾਲੈ ਸਾਹਿਬ ਹਨ, ਸੱਸ ਹੈ ।

ਸੱਜਨ ਇਸ ਤਰ੍ਹਾਂ ਹਾਂ ਨਾ ਕੁਝ ਨਾ ਕਹਿ ਕੇ ਗੱਲ ਨੂੰ ਟਾਲਦਾ ਹੋਇਆ ਬੋਲਿਆ — "ਤੈਨੂੰ ਪ੍ਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ, ਸ਼ੀਲਾ । ਤੂੰ ਜਾਣਦੀ ਏਂ ਕਿ ਮਹੀਪਾਲ ਬਹੁਤ ਵੱਡਾ ਤੇ ਆਰਟਿਸਟ ਸਕਾਲਰ ਹੁੰਦਿਆਂ ਹੋਇਆਂ ਵੀ ਬੇਹੱਦ ਡਾਵਾਂ ਡੋਲ ਬੁੱਧੀ ਦਾ ਮਾਲਕ ਏ । ਐਨੀ ਵੇ, ਆਈ ਪ੍ਰਾਮਿਸ — ਮੈਂ ਉਹਨੂੰ ਤੇਰੇ ਕੋਲ ਲੈ ਆਵਾਂਗਾ ।"

"ਓਹਦੇ ਸਾਲੇ ਦੀ ਸ਼ਾਦੀ ਵਿਚ ਸ਼ਾਇਦ ਕਿਸੇ ਨੇ ਸਾਡੇ ਖਿਲਾਫ਼ ਕੁਝ ਕਿਹਾ ਸੀ — ਉਸ ਵੇਲੇ ਉਹਦੀ ਵਾਈਫ਼ ਨੇ ਵੀ ਸ਼ਾਇਦ ਇਸ ਗੱਲ ਨੂੰ ਫੜ ਕੇ ਕਾਫੀ ਕਲ੍ਹਾ ਕੀਤੀ ਸੀ । ਮਹੀਪਾਲ ਦੋ ਦਿਨ ਮੇਰੇ ਘਰ ਰਿਹਾ ਸੀ ।"

"ਅੱਛਾ, ਮੈਨੂੰ ਇਸ ਸਭ ਕੁਝ ਦਾ ਪਤਾ ਨਹੀਂ ।"

"ਤੂੰ ਮਥਰਾ ਗਿਆ ਹੋਇਆ ਸੈਂ । ਇਹ ਸਭ ਗੱਲਾਂ ਤੈਨੂੰ ਇਸ਼ਾਰੇ ਲਈ ਇਸ ਲਈ ਕਹਿ ਦਿਤੀਆਂ ਨੇ ਜਿਸ ਨਾਲ ਕਿ ਤੂੰ ਉਹਨੂੰ ਸੂਝ ਬੂਝ ਨਾਲ ਹੈਂਡਲ ਕਰ ਸਕੇਂ...... ਚੰਗਾ ਜਾਂਦੀ — ਆਂ ।" ਸ਼ੀਲਾ ਦੋ ਪੈਰ ਤੁਰੀ, ਫਿਰ ਰੁਕੀ, ਨਜ਼ਰ ਨਿਵਾਇਆਂ ਹੋਇਆਂ ਕਿਹਾ — "ਭੋਲਾਪਨ ਮਹੀਪਾਲ ਦੇ ਕਰੈਕਟਰ ਦੀ ਸਭ ਤੋਂ ਵੱਡੀ ਖੂਬੀ ਰਿਹਾ ਏ । ਇਸ ਵਾਰ ਉਹ ਆਪਣੇ ਓਸੇ ਭੋਲੇਪਨ ਨੂੰ ਮਾਰ ਕੇ ਇਕ ਨਵੀਂ ਜ਼ਹਿਨੀਅਤ ਆਪਣੇ ਉੱਤੇ ਜ਼ਬਰਦਸਤੀ — ਲੱਦ ਰਿਹਾ ਹੈ । ਮੈਂ ਉਹਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਆਂ । ਉਹ ਬਹੁਤ ਦਿਨਾਂ ਤਕ ਆਪਣੇ ਉੱਤੇ ਇਹ ਟਾਰਚਰ ਬਰਦਾਸ਼ਤ ਨਹੀਂ ਕਰ ਸਕੇਗਾ — ਡਰਦੀ ਆਂ ਕਿ ਉਹਨੂੰ ਕੁਝ ਹੋ ਨਾ ਜਾਏ ।"

ਸੱਜਨ ਪੋਰਟਿਕੋ ਵਲ ਜਾਂਦਾ ਹੋਇਆ ਦਿਲਾਸਾ ਦੇਂਦਾ ਬੋਲਿਆ — "ਸ਼ੀਲਾ, ਸੇਵਾ ਪਾਣੀ ਲਈ ਤਿਆਰ ਰਹੀਂ, ਮਹੀਪਾਲ ਹੁਣ ਵੀ ਓਨਾ ਹੀ ਭੋਲਾ ਏ । ਕਲ੍ਹ ਹਾਂ, ਕਲ੍ਹ ਹੀ ਤਾਂ — ਉਹ ਏਥੇ ਸਵੇਰੇ ਹੀ ਆ ਗਿਆ ਸੀ — ਐਂਡ ਵਿਲ ਯੂ ਬੀਲੀਵ, ਅਸੀਂ ਰਾਤ ਦੇ 10-30 ਵਜੇ ਤਕ ਗੱਲਾਂ ਕਰਦੇ ਰਹੇ – ਔਰਤ ਮਰਦ ਦੇ ਰਿਸ਼ਤਿਆਂ ਦੀਆਂ, ਜਾਤਾਂ ਦੀਆਂ, ਆਰੀਆ — ਅਣਆਰੀਆਂ ਕਲਚਰ ਦੀਆਂ, ਮੈਂ ਤੈਨੂੰ ਸੱਚ ਕਹਿੰਦਾਂ ਜੇਕਰ ਉਹਦਾ ਭੋਲਾਪਨ ਗੁਆਚ ਗਿਆ ਹੁੰਦਾ ਤਾਂ ਉਸ 'ਚ ਇਹ ਸਾਰੀ ਜਾਣਕਾਰੀ ਲੈਣ ਲਈ ਉਤਸ਼ਾਹ ਨਾ ਹੁੰਦਾ । ਤੂੰ ਯਕੀਨ ਮੰਨੀਂ, ਜ਼ਿਆਦਾ ਕਰਕੇ ਬੋਲਣ ਦਾ ਕੰਮ ਓਹੋ ਈ ਕਰਦਾ ਰਿਹਾ, ਨਾ ਥੱਕਿਆ, ਨਾ ਅੱਕਿਆ ।"

"ਲਿਖ ਰਿਹਾ ਏ ?"

ਸੱਜਨ ਰੁਕ ਗਿਆ । "ਨਹੀਂ । ਮੇਰੇ ਖ਼ਿਆਲ 'ਚ ਉਹਨੂੰ ਸ਼ਾਇਦ ਟਾਈਮ ਨਹੀਂ ਮਿਲਿਆ । ਮੈਂ ਤੇਰਾ ਮਤਲਬ ਚੰਗੀ ਤਰ੍ਹਾਂ ਸਮਝ ਰਿਹਾਂ, ਸ਼ੀਲਾ । ਪਰ ਮੇਰਾ ਵਿਚਾਰ ਏ ਕਿ ਉਹਦੇ 'ਚ ਲਿਖਣ ਦੀ ਤਾਕਤ ਅਜੇ ਬਹੁਤ ਏ । ਉਂਜ ਤੇ ਅਕਸਰ ਮੈਂ ਵੀ ਕਈ ਕਈ ਮਹੀਨੇ ਇਕ ਵੀ ਤਸਵੀਰ ਨਹੀਂ ਬਣਾ ਸਕਦਾ ।"

"ਹਾਂ, ਆਂ......ਚੰਗਾ ਚਲਦੀ ਆਂ ।"

ਸੱਜਨ ਨੇ ਰੁਕਣ ਲਈ ਜ਼ੋਰ ਨਾ ਦਿਤਾ । ਡਰਾਇੰਗ ਰੂਮ ਵਿਚ ਜਦ ਆਇਆ ਤਾਂ ਵੇਖਿਆ ਕਿ ਮਠਿਆਈ ਵਾਲੀ ਹਾਂਡੀ ਫਰਸ਼ ਤੇ ਟੁੱਟੀ ਪਈ ਸੀ, ਕੰਨਿਆ ਦੀ ਪੁੜਪੁੜੀ 'ਚੋਂ ਲਹੂ ਵਗ ਰਿਹਾ ਸੀ । ਸ਼ਾਇਦ ਕੁਝ ਹੀ ਪਹਿਲਾਂ ਇਹ ਵਾਰਦਾਤ ਹੋਈ ਸੀ । ਸੱਜਨ ਦੀ ਸਾਲੇਹਾਰ ਕੰਨਿਆ ਦੀ ਗੱਲ੍ਹ ਆਪਣੇ ਪੱਲੇ ਨਾਲ ਪੂੰਝ ਰਹੀ ਸੀ, ਮਾਂ ਖਲੋਤੀ ਵੇਖ ਰਹੀ ਸੀ ਅਤੇ ਸਾਲਾ ਸਾਹਿਬ ਫਿਰ ਸਮਾਧੀ ਲਾਈ ਬੈਠਾ ਹੋਇਆ ਸੀ ।

ਕੰਨਿਆ ਨੂੰ ਸੱਟ ਲੱਗੀ ਵੇਖ ਕੇ ਸੱਜਨ ਨੂੰ ਗਰਮੀ ਆ ਗਈ । ਉਹਨੂੰ ਵੇਖ ਕੇ ਵਨ ਕੰਨਿਆਂ ਦੀ ਮਾਂ ਆਪਣਾ ਚੁੱਪ ਵਤੀਰਾ ਛੱਡ ਕੇ ਧੀ ਦੇ ਜਖ਼ਮ ਕਾਰਨ ਤੜਫ਼ ਪਈ । ਸੱਜਨ ਨੂੰ ਕਿਹਾ — "ਵੇਖ ਲਾ ਵੀਰਾ, ਮੇਰੀ ਤਕਦੀਰ ਕੇਹੋ ਜਿਹੀ ਏ । ਤੂੰ

ਇਹ ਵੀ ਪਾਗਲਖ਼ਾਨੇ ਹੀ ਘਲਵਾ ਦੇ। ਜਿਥੇ ਇਕ ਅਹਿਸਾਨ ਕੀਤਾ ਏ, ਓਥੇ ਦੂਸਰਾ ਵੀ ਕਰ ਦੇ।"

ਸੱਜਨ ਦਾ ਜੀ ਕਰਦਾ ਸੀ ਕਿ ਆਪਣੇ ਸਾਲੇ ਨੂੰ ਚੰਗੀ ਤਰ੍ਹਾਂ ਫੈਂਟਾ ਲਾਏ। ਈਰਾਨੀ ਕਾਲੀਨ ਤੇ ਮਿੱਟੀ ਦੀ ਹਾਂਡੀ ਦੇ ਟਕੜੇ ਬੜੇ ਬਦਸ਼ਗਨੇ ਜਾਪ ਰਹੇ ਸਨ। ਪਤਾ ਨਹੀਂ ਮਿੱਟੀ ਦੇ ਟੁੱਟੇ ਭਾਂਡੇ ਨਾਲ ਮੌਤ ਦਾ ਸੰਬੰਧ ਉਹਦੇ ਮਨ ਵਿਚ ਇਸ ਵੇਲੇ ਕਿੱਥੋਂ ਸਮਾ ਗਿਆ ਸੀ ਅਤੇ ਇਹ ਚੀਜ਼ ਉਹਨੂੰ ਬੇਹੱਦ ਗੁੱਸਾ ਚੜ੍ਹਾ ਰਹੀ ਸੀ। ਸੱਸ ਸਾਹਿਬਾ ਨਾਲ ਜ਼ਬਾਨ ਸਾਂਝੀ ਨਾ ਕਰਦਿਆਂ ਉਹਨੇ ਆਪਣੀ ਪਤਨੀ ਨੂੰ ਕਿਹਾ — "ਕੰਨਿਆ, ਮਾਂ ਨੂੰ ਮਿਲ ਲਿਆ ਏ, ਅੰਦਰ ਜਾ।"

"ਤਾਂ ਪੁੱਤਰ ਤੇਰੇ ਦਰਬਾਰ ਵਿਚ ਸਾਡੀ ਸੁਣਵਾਈ ਨਹੀਂ ਹੋਈ," ਸੱਸ ਨੇ ਕਿਹਾ।

"ਜੀ ਨਹੀਂ। ਮੈਂ ਗ਼ਲਤ ਕੰਮ ਵਿਚ ਕਦੇ ਕਿਸੇ ਦੀ ਮਦਦ ਨਹੀਂ ਕਰਦਾ ਹੁੰਦਾ। ਕੰਨਿਆ ਜਾ।"

"ਭਾਬੀ ਨੂੰ ਆਪਣੇ ਕੋਲ ਰੱਖ ਲੈਂਦੀ ਆਂ ਮਾਂ, ਫਿਰ ਪਹੁੰਚਾ ਦਿਆਂਗੀ।"

"ਨਹੀਂ! ਸਾਡੇ ਪਾਪੀਆਂ ਦੇ ਘਰ ਦਾ ਕੋਈ ਆਦਮੀ ਤੁਹਾਡੇ ਘਰ ਰਹੇਗਾ ਤਾਂ ਛੂਹ ਨਹੀਂ ਹੋ ਜਾਏਗੀ–। ਛੋਟੇ ਉਠ! ਚਲੀਏ ਹੁਣ। ਜਦ ਆਪਣੇ ਈ, ਪਰਾਏ ਹੋ ਗਏ ਤਾਂ ਪਰਾਇਆਂ ਦਾ ਕੀ ਕਰੀਏ। ਵੇ ਜੀਹਨੇ ਆਪਣੇ ਪਿਉ ਨੂੰ ਸਾਰੇ ਜਹਾਨ ਵਿਚ ਢੰਡੋਰਾ ਪਿੱਟ ਕੇ ਫੜਵਾਇਆ ਓਸ ਕੁੜੀ ਤੋਂ ਕੋਈ ਆਸ ਰਖਣੀ ਈ ਮੇਰੀ ਭੁੱਲ ਸੀ। ਪਰ ਏਨਾ ਆਂਹਦੀ ਜਾਂਦੀ ਆਂ ਕਿ ਆਦਮੀ ਨੂੰ ਆਪਣਾ ਚੰਗਾ ਵੇਲਾ ਵੇਖ ਕੇ ਘੁਮੰਡ ਨਾਲ ਫੁੱਲ ਨਹੀਂ ਜਾਣਾ ਚਾਹੀਦਾ। ਜੇ ਕਲ੍ਹ ਤੇਰਾ ਏਹੋ ਘਰ ਵਾਲਾ ਕੋਈ ਐਹੋ ਜਿਹੀ ਗਲਤੀ ਕਰ ਬਹੇ —"

ਹੁਣ ਤਕ ਸੰਭਲੀ ਹੋਈ ਕੰਨਿਆ ਹੁਣ ਆਪਣੇ ਆਪ ਨੂੰ ਸੰਭਾਲ ਨਾ ਸਕੀ। ਉਹਦਾ ਚਿਹਰਾ ਤੇ ਆਵਾਜ਼ ਦੋਵੇਂ ਈ ਮੱਚ ਪਏ। ਬੋਲੀ – "ਏਹੋ ਜਿਹੇ ਆਦਮੀਆਂ ਤੋਂ ਗਲਤੀ ਵੀ ਹੁੰਦੀ ਏ ਤਾਂ ਉਹਦੇ ਨਾਲ ਵੀ ਕਿਸੇ ਆਦਮੀ ਦੀ ਭਲਾਈ ਹੀ ਹੋ ਜਾਂਦੀ ਏ। ਇਹਨਾਂ ਕੋਲੋਂ ਬੁਰਾਈ ਨਹੀਂ ਹੋ ਸਕਦੀ। ਇਹਨਾਂ ਵਰਗੇ ਆਦਮੀ ਹੋਣਗੇ ਈ ਕਿੰਨੇ ਕੁ –"

"ਬਸ — ਬਸ ਬਹੁਤ ਹੋ ਗਈ। ਹੁਣ ਤੂੰ ਜਾਂਦੀ ਕਿਉਂ ਨਹੀਂ ਕੰਨਿਆ।" ਸੱਜਨ ਨੇ ਆਪਣੀ ਪਤਨੀ ਨੂੰ ਝਿੜਕਿਆ ਅਤੇ ਘੰਟੀ ਦਾ ਸਵਿਚ ਨੱਪਿਆ। ਨੌਕਰ ਆਇਆ – "ਰਾਮਗ਼ੁਲਾਮ, ਮਾਤਾ ਜੀ ਵਾਸਤੇ ਇਕ ਟਾਂਗਾ ਲੈ ਆ। ਤੇ ਇਹ ਕੂੜਾ ਸਾਫ਼ ਕਰਵਾਓ।"

ਸੱਜਨ ਦੇ ਮਿਜ਼ਾਜ ਦਾ ਪਾਰਾ ਚੜ੍ਹ ਚੁਕਿਆ ਸੀ। ਏਸ ਵੇਲੇ ਆਮ ਲੋਕਾਂ ਲਈ ਆਪਣੀ ਪੀੜ ਭੁੱਲਾ, ਉਹ ਸ਼ੁਧ ਏਰਿਸਟੋਕ੍ਰੇਟਿਕ ਮੂਡ ਵਿਚ ਆ ਗਿਆ ਸੀ। ਕੰਨਿਆ ਦਾ ਹੱਥ ਖਿੱਚ ਕੇ ਬੋਲਿਆ — "ਚਲ!" ਤੇ ਉਹਨੇ ਉਹਨੂੰ ਰੁਕਣ ਨਾ ਦਿਤਾ। ਰਾਮ-

ਗ਼ੁਲਾਮ ਨੂੰ ਜਾਂਦਿਆਂ ਜਾਂਦਿਆਂ ਹੁਕਮ ਦਿਤਾ ਕਿ ਉਹ ਅਜੇ ਓਥੇ ਈ ਰਹੇ।

ਬਾਹਰ ਗੈਲਰੀ 'ਚੋਂ ਇਕ ਨੌਕਰ ਨੂੰ ਡ੍ਰਾਇੰਗ ਹਾਲ ਵਿਚ ਇਹ ਹਦਾਇਤ ਦੇ ਕੇ ਭੇਜ ਦਿਤਾ ਕਿ ਉਸ ਪਾਗਲ ਤੇ ਪੂਰੀ ਨਜ਼ਰ ਰੱਖੀ ਜਾਏ ਤਾਂ ਕਿ ਉਹ ਕਿਸੇ ਚੀਜ਼ ਨੂੰ ਖ਼ਰਾਬ ਨਾ ਕਰ ਸਕੇ।

ਇਸ ਘਟਨਾ ਤੋਂ ਪਿਛੋਂ ਕੰਨਿਆ ਬੇਹੱਦ ਥੱਕ ਗਈ ਸੀ। ਸੱਜਨ ਨੇ ਉਹਨੂੰ ਪਰਚਾਉਣ ਲਈ ਰਿਆਸਤੀ ਚੁਹਲ ਕਰਨੇ ਚਾਹੇ, ਪਰ ਕੰਨਿਆ ਨੇ ਉਹਨੂੰ ਵਰਜ ਦਿਤਾ। ਸੁਹਾਗ ਸੁਖ ਤੋਂ ਸੰਤੁਸ਼ਟ ਵਨ ਕੰਨਿਆ ਨੇ ਆਪਣੇ ਪਤੀ ਦਾ ਧਿਆਨ ਦੂਸਰੇ ਪਾਸੇ ਕਰਨ ਦਾ ਜਿੰਨਾਂ ਹੋ ਸਕਿਆ ਜਤਨ ਕੀਤਾ, ਪਰ ਸਫਲ ਨਾ ਹੋ ਸਕੀ। ਆਪਣੇ ਸਕੂਲ ਦੀਆਂ ਗੱਲਾਂ ਕੀਤੀਆਂ, ਕਈਆਂ ਘਰਾਂ ਦੀਆਂ ਸਿਲਾਈ ਕਢਾਈ ਦੇ ਕੰਮ ਸੰਬੰਧੀ ਉਹਨੂੰ ਮਿਲਣ ਆਈਆਂ ਸਨ। ਉਹਦੇ ਬਾਰੇ ਕੁਝ ਵਿਕੋਲਿਤਰੀ ਜਿਹੀ ਚਰਚਾ ਕੀਤੀ, ਪਰ ਹਰ ਗੱਲ ਜੋ ਸ਼ੁਰੂ ਹੁੰਦੀ ਉਹਦਾ ਲਗਾਅ ਕਿਤੇ ਨਾ ਕਿਤੇ ਅਜ ਸ਼ਾਮ ਦੀ ਘਟਨਾ 'ਚੋਂ ਨਿਕਲ ਹੀ ਆਉਂਦਾ ਸੀ; ਅਤੇ ਸ਼ਾਮ ਦੀ ਘਟਨਾ ਤੇ, ਕੰਨਿਆ ਦੇ ਪੇਕਿਆਂ ਸੰਬੰਧੀ ਦੋਵੇਂ ਜਣੇ ਇਕ ਵੀ ਸ਼ਬਦ ਮੂੰਹੋਂ ਨਹੀਂ ਸਨ ਕੱਢ ਰਹੇ।

ਸਾਫ਼ ਸੀ ਹੋਰ ਹੋਰ ਗੱਲਾਂ ਕਰਦਿਆ ਹੋਇਆਂ ਵੀ ਕੰਨਿਆ ਦਾ ਮਨ ਆਪਣੀ ਗੱਲ ਵਿਚ ਫਸਿਆ ਹੋਇਆ ਸੀ। ਉਹਨੇ ਆਪਣੇ ਪਿਤਾ ਨੂੰ ਸਜ਼ਾ ਦੁਆ ਕੇ ਨਿਆਂ ਕੀਤਾ ਜਾਂ ਅਨਿਆਂ, ਪਾਪ ਜਾਂ ਪੁੰਨ — ਇਹ ਸਵਾਲ ਉਹਨੂੰ ਅਕਸਰ ਸਤਾਉਂਦਾ ਰਹਿੰਦਾ ਹੈ। ਅਨੇਕਾਂ ਤੀਵੀਆਂ ਜੋ ਉਹਦੇ ਸਮਾਜਕ ਕਾਰਜ ਵਿਚ ਸਹਿਯੋਗੀ ਜਾਂ ਵਿਰੋਧੀ ਬਣ ਕੇ ਆਉਂਦੀਆਂ ਹਨ, ਉਹ ਸਭ ਦੱਬਵਾਂ ਘੁੱਟਵੇਂ ਜਾਂ ਖੁਲ੍ਹੇ ਤੌਰ ਤੇ ਏਹੋ ਕਹਿੰਦੀਆਂ ਨੇ ਕਿ ਕੰਨਿਆ ਨੇ ਆਪਣੇ ਬਾਪ ਵਿਰੁੱਧ ਉੱਠ ਕੇ ਬਹੁਤ ਵੱਡਾ ਅਨਿਆਂ ਕੀਤਾ ਹੈ। ਬੜਾ ਗੈਰ-ਭਾਰਤੀ, ਗੈਰ-ਸੰਸਕ੍ਰਿਤਕ ਕੰਮ ਕੀਤਾ ਹੈ। ਅੱਜ ਉਹਦੀ ਮਾਂ ਵੀ ਉਹਦੇ ਮੂੰਹ ਤੇ ਕਹਿ ਗਈ। ਸੱਜਨ ਜਦ ਸ਼ੀਲਾ ਨੂੰ ਮਿਲਣ ਲਈ ਬਾਹਰ ਗਿਆ ਸੀ,ਤਿਦੋਂ ਕੰਨਿਆ ਦੀ ਮਾਂ ਨੇ ਉਹਨੂੰ ਇਹ ਡਰ ਦੇਣ ਦਾ ਜਤਨ ਕੀਤਾ ਸੀ ਕਿ ਵੱਡੇ ਆਦਮੀਆਂ ਦਾ ਕੀ ਟਿਕਾਣਾ, ਅਜ ਵਿਆਹ ਕੀਤਾ, ਜਦੋਂ ਮਨ ਭਰ ਜਾਏਗਾ ਤਾਂ ਕੱਢ ਕੇ ਬਾਹਰ ਮਾਰਨਗੇ। ਜਦ ਜ਼ਾਤ-ਬਿਰਾਦਰੀ ਵਿਚ ਢੰਗ ਨਾਲ ਹੋਣ ਵਾਲੀਆਂ ਸ਼ਾਦੀਆਂ ਤਕ ਟੁੱਟ ਜਾਦੀਆ ਹਨ ਤਾਂ ਇਸ ਤਰ੍ਹਾਂ ਦੀ ਨਕਲੀ ਸ਼ਾਦੀ ਦਾ ਕੋਈ ਭਰੋਸਾ ਈ ਨਹੀਂ। ਕੰਨਿਆਂ ਉਦੋਂ ਬੁਰਾ ਲੱਗਣ ਤੇ ਵੀ ਇਹ ਗੱਲ ਟਾਲ ਗਈ ਪਰ ਬਾਅਦ ਵਿਚ ਜਦ ਮਾਂ ਨੇ ਫਿਰ ਉਹਦੇ ਪਤੀ ਦੀ ਆੜ ਲੈ ਕੇ ਅਜੇਹੀ ਗੱਲ ਪੀਤੀ ਤਾਂ ਉਹਦੇ ਚੋਹੀਂ ਕਪੜੀਂ ਅੱਗ ਲੱਗ ਗਈ। "ਮਾਂ ਨੂੰ ਮੇਰੇ ਪਤੀ ਨਾਲ ਈਰਖਾ ਏ।' — ਇਹ ਵਿਚਾਰ ਉਹਦੇ ਮਨ ਵਿਚ ਜੰਮ ਕੇ ਬਹਿ ਗਿਆ, ਅਤੇ ਉਹਨੂੰ ਆਪਣੀ ਮਾਂ ਤੇ ਬੇਹੱਦ ਕ੍ਰੋਧ ਆ ਗਿਆ। ਇਸ ਤੋਂ ਪਹਿਲਾਂ ਛੋਟੇ ਬਾਊ ਨੇ ਮਠਿਆਈ ਦੀ ਖ਼ਾਲੀ ਹਾਂਡੀ ਉਸ ਸਮੇਂ

ਆਪਣੀ ਭੈਣ ਨੂੰ ਵਗ੍ਹਾਤੀ ਮਾਰੀ ਸੀ, ਜਦ ਉਹਨੇ ਬਾਊ ਨੂੰ ਛੁਡਾਉਣ ਵਿਚ ਮਦਦ ਕਰਨ ਤੋਂ ਮਾਂ ਨੂੰ ਸਾਫ਼ 'ਨਾਂਹ' ਕੀਤੀ। ਮੌਕੇ ਦੀ ਗੱਲ ਸੀ ਕਿ ਹਾਂਡੀ ਦਾ ਪੂਰਾ ਜ਼ੋਰ ਕੰਨਿਆ ਦੇ ਮੂੰਹ ਤੇ ਨਾ ਪਿਆ, ਖੱਬੀ ਪੁੜਪੁੜੀ ਦੇ ਕੋਲ ਗਲ੍ਹ ਦੀ ਹੱਡੀ ਤੇ ਟੱਕਰ ਮਾਰਦੀ ਹੋਈ ਹਾਂਡੀ ਕੰਨਿਆਂ ਦੇ ਮੌਢੇ ਦੇ ਪਿਛਲੇ ਪਾਸੇ ਡਿਗ ਕੇ ਟੁੱਟ ਗਈ। ਗੱਲ੍ਹ ਤੇ ਤੇਜ਼ ਝਰੀਟ ਆਈ, ਲਹੂ ਸਿੰਮਟ ਲੱਗਾ, ਵਗਣ ਲੱਗਾ। ਕੰਨਿਆ ਨੇ ਭਰਾ ਦੇ ਹੱਥੋਂ ਮਾਰ ਆਪਣੀ ਹੋਸ਼ ਵਿਚ ਪਹਿਲੀ ਵਾਰ ਖਾਧੀ ਸੀ; ਮਾਂ ਬਾਪ ਅਤੇ ਚਾਚੀ ਦੇ ਹੱਥ ਦੀ ਮਾਰ ਤਾਂ ਕਈ ਵਾਰ ਖਾਧੀ। ਵਿਧਵਾ ਚਾਚੀ ਤਾਂ ਆਪਣੇ ਯਾਰ ਦੇ ਸੁਹਾਗ ਘੁਮੰਡ ਵਿਚ ਪਿਛਲੇ ਸਾਲ ਤਕ ਉਹਦੇ ਉੱਤੇ ਹੱਥ ਉਠਾ ਚੁਕੀ ਹੈ, ਜਿਸ ਕਾਰਨ ਘਰ ਵਿਚ ਭਿਅੰਕਰ ਮਹਾਂ ਭਾਰਤ ਮੱਚਿਆ ਸੀ ਅਤੇ ਪਿਤਾ ਨੇ ਉਹਦਾ ਪੱਖ ਲੈ ਕੇ ਬੋਲਣ ਵਾਲੀ ਮਾਂ ਤਕ ਨੂੰ ਲੱਕੜਾਂ ਨਾਲ ਕੁੱਟਿਆ ਸੀ। ਜ਼ਨਾਨੀਆਂ ਨੂੰ ਮਾਰਨਾ ਉਹਦੇ ਘਰ ਦਾ ਆਮ ਰਿਵਾਜ ਰਿਹਾ ਹੈ — ਜਦ ਮਾਂ ਦੇ ਘਰ ਦੇ ਨਛੱਤਰ ਪ੍ਰਬੱਲ ਰਹਿੰਦੇ ਤਾਂ ਚਾਚੀ ਦੀ ਸੋਟੀ-ਪੂਜਾ ਹੁੰਦੀ, ਤੇ ਜਦ ਚਾਚੀ ਦੇ ਗ੍ਰਹਿ ਤਕੜੇ ਹੁੰਦੇ ਤਾਂ ਮਾਂ ਦਾ ਏਹੋ ਹਾਲ ਹੁੰਦਾ। ਛੋਟੇ ਦੀ ਅਭਾਗੀ ਵਹੁਟੀ ਨੇ ਸਿਰਫ ਆਪਣੇ ਹੀ ਪਤੀ ਦੇ ਹੱਥੋਂ ਹੀ ਮਾਰ ਖਾਧੀ, ਅਤੇ ਕੰਨਿਆ ਦੀ ਸਵਰਗੀ ਚਚੇਰੀ ਭਰਜਾਈ ਨੇ ਮਰਨ ਤੋਂ ਇਕ ਸਾਲ ਪਹਿਲਾਂ ਤੋਂ — ਜਦੋਂ ਉਹ ਕੰਨਿਆ ਦੀ ਮਾਂ ਦੇ ਢਕਵੰਜ ਰਾਹੀਂ ਆਪਣੇ ਬੇਕਿਰਕ, ਘਿਣਾਉਣੇ ਚਾਚਿਉਂ ਸਹੁਰੇ ਦੀ ਪਸ਼ੂਬਿਰਤੀ ਦਾ ਸ਼ਿਕਾਰ ਬਣੀ, ਓਦੋਂ ਤੋਂ — ਸੱਸ ਅਤੇ ਕੰਨਿਆ ਦੇ ਰਾਖਸ਼ ਬਾਪ ਦੇ ਹੱਥੋਂ ਆਏ ਦਿਨ ਬਹਾਨੇ ਬਹਾਨੇ ਮਾਰ ਖਾਧੀ। ਵਿਆਹੁਤਾ ਸ੍ਰੀਮਤੀ ਵਨਕੰਨਿਆ ਵਰਮਾ ਨੂੰ ਭਰਾ ਹੱਥੋਂ ਮਾਰ ਤਾਂ ਨਾ ਲੱਗੀ (ਕਿਉਂਕਿ ਭਰਾ ਲਈ ਉਹਦੀ ਮਮਤਾ ਅਟੁੱਟ ਸੀ) ਪਰੰਤੂ ਆਪਣੇ ਪੇਕਿਆ ਦੇ ਜੀਵਨ ਦੀ ਸਾਰੀ ਕਲ੍ਹਾ ਅਤੇ ਮਾਰ ਕੁਟਾਈ ਉਹਦੀ ਹੋਸ਼ ਵਿਚ ਆ ਗਈ।

ਇਸ ਵੇਲੇ ਚੀਨੀ ਨੱਕਾਸ਼ੀ ਵਾਲੇ ਵਡ-ਮੁੱਲੇ ਪਲੰਘ ਉੱਤੇ ਰਬੜ ਦੇ ਮੁਲਾਇਮ ਗੱਦੇ ਤੇ ਬਾਂਹ ਦੇ ਸਹਾਰੇ ਸਿਰ ਚੁੱਕੀ ਲੇਟੀ ਹੋਈ, ਵੱਡੇ ਘਰ, ਅਨੇਕਾਂ ਨੌਕਰਾਂ-ਚਾਕਰਾਂ ਦੀ ਮਾਲਕਣ, ਪ੍ਰੀਤਮ ਦੀ ਪਿਆਰੀ ਸੁਹਾਗਣ ਆਪਣੇ ਪਿਛਲੇ ਜੀਵਨ ਦਾ ਧਿਆਨ ਕਰਕੇ ਮਨ ਈ ਮਨ ਵਿਚ ਛਟਪਟਾ ਰਹੀ ਸੀ। ਕਿੰਜ ਓਹ ਸਾਰੀ ਕਾਲਖ਼ ਉਹਦੇ ਜੀਵਨ 'ਚੋਂ ਧੁੱਪ ਜਾਵੇ; ਇਕ ਗੱਲ ਜੋ ਉਹਦੇ ਪਤੀ ਦੇ ਮਨ ਵਿਚ ਚਲ ਰਹੀ ਸੀ ਉਹੋ ਉਹਦੇ ਮਨ ਨੂੰ ਵੀ ਆਪਣੇ ਢੰਗ ਨਾਲ ਰਿੜਕ ਰਹੀ ਸੀ — ਆਪਣੇ ਪੇਕਿਆਂ ਨੂੰ ਆਪਣਾ ਮੰਨਣ ਵਿਚ ਉਹਨੂੰ ਬੜੀ ਸ਼ਰਮ ਆ ਰਹੀ ਸੀ। ਇਹ ਸ਼ਰਮ ਉਹਨੂੰ ਸ਼ਰਮਨਾਕ ਲਗਦੀ ਸੀ, ਆਪਣੇ ਆਪਣੇ ਹੀ ਰਹਿਣਗੇ, ਰਿਸ਼ਤੇ ਦਾ ਬੰਧਨ ਅਟੁੱਟ ਹੈ।

ਸ਼ਾਮ ਵਾਲੀ ਘਟਨਾ ਤੇ ਗੱਲ ਕਰਨ ਦੀ ਇੱਛਾ ਬੜੇ ਚਿਰ ਤੋਂ ਘੁੱਟਦਿਆਂ ਘੁੱਟਦਿਆਂ ਫੁੱਟ ਪਈ। ਕੰਨਿਆ ਬੋਲੀ — "ਰਿਸ਼ਤਾ ਵੀ ਕਿਹੀ ਅਜੀਬ ਚੀਜ਼ ਏ, ਕੇਵਲ ਜੁੜਨਾ

ਜਾਣਦਾ ਹੈ, ਟੁੱਟਨਾ ਨਹੀਂ।"

"ਸਿਰਫ ਭਾਵੁਕ ਅਤੇ ਈਮਾਨਦਾਰਾਂ ਲਈ" — ਕਹਿੰਦਿਆਂ ਹੋਇਆਂ ਪਲੰਘ ਦੇ ਕੋਲ ਹੀ ਚੀਨੀ ਨੱਕਾਸ਼ੀ ਵਾਲੀ ਕੁਰਸੀ ਤੇ ਸੱਜਨ ਥੋੜਾ ਜਿਹਾ ਹੋਰ ਪੱਸਰ ਗਿਆ ਅਤੇ ਪੈਰ ਪਲੰਘ ਦੇ ਸਹਾਰੇ ਰੱਖ ਲਏ।

"ਹਾਂ .....ਆਂ-ਂ, ਪਰ ਨਾਤਾ ਤਾਂ ਕੋਈ ਵੀ, ਕਿਸੇ ਹਾਲਤ ਵਿਚ ਵੀ ਨਹੀਂ ਤੋੜ ਸਕਦਾ। ਮੰਨ ਲਓ ਕਿ ਕਲ੍ਹ ਨੂੰ ਤੇਰਾ ਮਨ ਮੈਥੋਂ ਭਰ ਜਾਏ ਤੇ ਤੂੰ ਓਸੇ ਤਰ੍ਹਾਂ ਕਿਸੇ ਹੋਰ ਤੇ ਰੀਝ ਜਾਏਂ ਜਿਵੇਂ ਮੇਰੇ ਤੇ ਰੀਝਿਆ ਸੈਂ..."

"ਕਹਿੰਦੀ ਚੱਲ – ਕਹਿੰਦੀ ਚੱਲ! ਤੇਰੇ ਇਸ ਮਜ਼ਾਕ ਦੀ ਨਸ਼ਤਰ ਨੂੰ ਮੈਂ ਬੜੀ ਧੀਰਜ ਨਾਲ ਬਰਦਾਸ਼ਤ ਕਰ ਰਿਹਾ ਆਂ।"

ਕੰਨਿਆ ਹੱਸ ਪਈ, ਬੋਲੀ — "ਮੈਂ ਤਾਂ ਸਿਰਫ਼ ਇਕ ਮਿਸਾਲ ਦੇ ਰਹੀ ਹਾਂ। ਇੰਜ ਭਲਾ ਹੁੰਦਾ ਨਹੀਂ ? ਅੱਜ ਮਿਲੇ, ਕੱਲ੍ਹ ਸ਼ਾਦੀ ਹੋਈ, ਪਰਸੋਂ ਡਾਈਵੋਰਸ ਚੌਥ ਨੂੰ ਫਿਰ ਨਵਾਂ ਮਿਲਾਪ, ਨਵੀਂ ਸ਼ਾਦੀ, ਨਵਾਂ ਡਾਈਵੋਰਸ। ਪਰ ਮੈਂ ਪੁੱਛਦੀ ਆਂ, ਤਲਾਕ ਦੇ ਦੇਣ ਪਿਛੋਂ ਵੀ ਕਦੇ ਮਿਲਣ ਤੇ ਉਹ ਪਹਿਲੇ ਪਤੀ ਪਤਨੀ ਆਪਣਾ ਪੁਰਾਣਾ ਰਿਸ਼ਤਾ ਭੁੱਲ ਸਕਦੇ ਨੇ ?"

"ਮੇਰੇ ਖਿਆਲ 'ਚ ਨਹੀਂ। ਮਹਾਂ ਕਵੀ ਬਾਇਰਨ ਤੇ ਉਹਦੀ ਪਤਨੀ ਦਾ ਪ੍ਰੇਮ ਤਲਾਕ ਪਿੱਛੋਂ ਡੂੰਘਾ ਹੋਇਆ। ਪਰ ਇਹਦੇ 'ਚ ਮੇਰੀ ਮਿਸਾਲ ਕਿੱਥੋਂ ਆ ਗਈ ?"

"ਲੈ, ਤੂੰ ਤੇ ਮਜ਼ਾਕ ਨਾਲ ਲਾਪਰਵਾਹੀ ਵਿਚ ਕਹੀ ਗੱਲ ਨੂੰ ਵੀ ਗੰਭੀਰ ਬਣਾ ਰਿਹਾ ਏਂ। ਇਹਦਾ ਮਤਲਬ ਏ ਤੇਰੇ ਮਨ 'ਚ ਕਿਤੇ ਕੋਈ ਸੱਟ, ਕਸਕ ਏ।"

"ਹਾਤਿਮਤਾਈ ਨੇ ਕਿਹਾ ਕਿ ਐ ਨੇਕਵਾਨੇ ਏਹੋ ਸਵਾਲ ਮੈਂ ਤੇਰੇ ਲਈ ਵੀ ਦੁਹਰਾ ਸਕਦਾ ਆਂ।" ਸੱਜਨ ਨੇ ਨਕਲ ਦੇ ਅੰਦਾਜ਼ ਵਿਚ ਕਿਹਾ।

ਕੰਨਿਆ ਮੁਸਕ੍ਰਾਈ ਕਿਹਾ — "ਮੇਰੇ ਇਸ ਲਾਪ੍ਰਵਾਹ ਮਜ਼ਾਕ ਅਤੇ ਮੇਰੇ ਸਬ-ਕਾਨਸ਼ੱਸ ਵਿਚ ਕੋਈ ਚੋਰ ਬੋਲ ਰਿਹਾ ਏ – ਏਹੋ ਨਾ ?"

"ਯਸ ਮੰਦੇਮਜ਼ੇਲ, ਇਫ ਯੂ ਦੌਂਤ ਮਾਈਂਦ।"

"ਜਾ ਪਰਾਂ, ਮੇਰੇ ਮਨ ਵਿਚ ਤੇਰੇ ਵਾਂਗ ਚਿੜੀਆਘਰ ਨਹੀਂ ਬਣਿਆ ਹੋਇਆ। ਇਸ ਮਜ਼ਾਕ ਦੀ ਐਸੋਸੀਏਸ਼ਨ ਦੱਸਾਂ ਤੈਨੂੰ ?"

"ਫਰਮਾਓ"

"ਜਦ ਤੂੰ ਡਾਕਟਰ ਸ਼ੀਲਾ ਸਿੰਵਗ ਦੇ ਨਾਲ ਸੈਂ, ਉਸ ਵੇਲੇ ਮਾਂ ਨੇ ਮੈਨੂੰ ਇਹ ਡਰ ਪਾਇਆ ਸੀ। ਮੇਰਾ ਹਾਸਾ ਰੋਕਿਆਂ ਵੀ ਉਸ ਵੇਲੇ ਵੀ ਰੁਕ ਨਾ ਸਕਿਆ।" ਆਖ ਕੇ ਕੰਨਿਆ ਦੇ ਗਲ ਵਿਚ ਜ਼ਬਰਦਸਤੀ ਵਾਲੀ ਖਿੜਖਿੜਾਹਟ ਗੂੰਜ ਪਈ।

ਸੱਜਨ ਇਕੋ ਨਜ਼ਰੇ ਤਾੜ ਗਿਆ। ਹਾਸੇ ਅਤੇ ਬੇਧਿਕਤਾ ਦੇ ਏਸ ਅਡੰਬਰ ਦੀ ਆੜ

ਵਿਚ ਅਗਰਬੱਤੀ ਦੇ ਧੂੰਏ ਦੀ ਬਰੀਕ ਲਕੀਰ ਜਿਵੇਂ ਲਹਿਰਾਉਂਦੀ ਹੋਈ ਕੰਨਿਆ ਦੇ ਡਰ ਤੇ ਸੱਜਨ ਦੀ ਹਮਦਰਦੀ ਉਮਡ ਪਈ। ਆਪਣੀ ਸਰਲ, ਸੁੰਦਰ ਅਤੇ ਸੁਚੱਜੀ ਪਤਨੀ ਦੇ ਭੋਲੇ ਚਿਹਰੇ ਤੇ ਪਿਆਰ ਪਲ੍ਹਮਿਆ; ਸੱਜਨ ਨੇ ਗੰਭੀਰ ਅਤੇ ਸ਼ਾਂਤ ਮਧੁਰ ਆਵਾਜ਼ ਵਿਚ ਕਿਹਾ — "ਕੰਨਿਆ, ਇਕ ਗੱਲ ਜੀਵਨ ਭਰ ਵਾਰ ਵਾਰ, ਹੋਰ ਕਿਸੇ ਵੇਲੇ ਵੀ ਅਜ਼ਮਾਈਂ, ਤੇਰੇ ਇਸ ਜੀਵਨ ਸਾਥੀ ਵਿਚ ਲੱਖ ਬੁਰਾਈਆਂ ਕਿਉਂ ਨਾ ਹੋਣ — ਤੇ ਹੈਣ ਵੀ — ਪਰ ਉਹਦੇ ਵਿਚ ਇਕ ਚੰਗਿਆਈ ਵੀ ਏ। ਮੈਂ ਜਦੋਂ ਤੱਕ ਪੱਕੀ ਨਹੀਂ ਧਾਰਦਾ ਉਦੋਂ ਤੱਕ ਹੋਰ ਗੱਲ ਏ, ਪਰ ਮੇਰਾ ਮਨ ਜਦ ਕਿਸੇ ਗੱਲ ਤੇ ਟਿਕ ਜਾਂਦਾ ਏ ਤਾਂ ਉਹ ਗੱਲ ਪੱਥਰ ਨਹੀਂ — ਸਗੋਂ ਪਹਾੜ ਬਣ ਜਾਂਦੀ ਏ। ਤੂੰ ਕਦੇ ਵੀ ਅਜ਼ਮਾ ਕੇ ਵੇਖੀਂ।"

ਵਿਸ਼ਵਾਸ਼ ਵਿਚ ਪੱਕੇ ਅਤੇ ਪ੍ਰੇਮਿਕਾ ਦੀਆਂ ਪ੍ਰਸੰਸਾ ਨਾਲ ਚਮਕਦੀਆਂ ਪੁਤਲੀਆਂ ਸੱਜਨ ਦੇ ਬੋਲਦੇ ਚਿਹਰੇ ਵਿਚ ਸਮਾ ਗਈਆਂ ਸਨ।

37

ਹੋਲੀ ਦੇ ਦੂਸਰੇ ਦਿਨ ਸੱਜਨ ਦੇ ਘਰ ਬਾਬਾ ਰਾਮ ਜੀ ਅਤੇ ਉਹਨਾਂ ਦੇ ਸਭ ਪਾਗਲ ਰੋਗੀਆਂ ਨੂੰ ਸੱਦਾ ਸੀ ਜਿਹੜੇ ਕਿਸੇ ਹੱਦ ਤਾਈਂ ਮਾਨਸਿਕ ਸਿਹਤ ਦਾ ਲਾਭ ਪ੍ਰਾਪਤ ਕਰ ਚੁਕੇ ਸਨ। ਸੱਜਨ ਨੇ ਇਕ ਬੱਸ ਚੌਂਹ ਘੰਟਿਆਂ ਲਈ ਕਿਰਾਏ ਤੇ ਕਰ ਲਈ ਸੀ, ਓਸੇ ਤੇ ਬਾਬਾ ਜੀ ਆਪਣੀ ਮੰਡਲੀ ਨਾਲ ਆਏ ਸਨ। ਸੱਜਨ ਦੀ ਆਲੀਸ਼ਾਨ ਕੋਠੀ ਵਿਚ ਆਪਣੇ ਸੇਵਕਾਂ ਨਾਲ ਪ੍ਰਵੇਸ਼ ਕਰਦੇ ਹੋਏ ਬਾਬਾ ਰਾਮ ਜੀ ਸੱਜਨ ਨੂੰ ਪ੍ਰਤੱਖ ਸ਼ਿਵ ਜੀ ਬਰਾਬਰ ਜਾਪੇ। ਸਭ ਨੂੰ ਮਾਂ ਦੇ ਠਾਕੁਰ ਦੁਆਰੇ ਵਿਚ ਹੀ ਬੈਠਾਇਆ। ਕੰਨਿਆ ਰਸੋਈ ਘਰ ਵਿਚ ਸੀ। ਸੱਜਨ ਅੱਜ ਵਿਸ਼ੇਸ਼ ਉਤਸ਼ਾਹ ਵਿਚ ਸੀ। ਮਾਂ ਦੀ ਮੌਤ ਪਿੱਛੋਂ ਅੱਜ ਪਹਿਲੀ ਵਾਰ ਉਹਦੇ ਘਰ ਵਿਚ ਸੁਚੱਜੇ ਢੰਗ ਨਾਲ ਤਿਉਹਾਰ ਮਨਾਇਆ ਜਾ ਰਿਹਾ ਹੈ — ਇਸ ਸਮੇਂ ਬਾਬਾ ਰਾਮ ਜੀ ਦੀ ਮੰਡਲੀ ਦਾ ਸੱਦਾ ਹੈ, ਸ਼ਾਮ ਨੂੰ ਕਰਨਲ ਅਤੇ ਮਹੀਪਾਲ ਪਰਿਵਾਰ ਸਮੇਤ ਆਉਣਗੇ। ਸਭਨਾਂ ਨੌਕਰਾਂ ਨੂੰ ਹੋਲੀ ਦੇ ਪਕਵਾਨ ਅਤੇ ਇਕ ਇਕ ਰੁਪਿਆ 'ਮੇਲਾ' ਦਿਤਾ ਜਾਏਗਾ, ਨਾਲ ਇਕ ਇਕ ਕੁਰਤਾ, ਧੋਤੀ ਅਤੇ ਬਸੰਤੀ ਸਾਫਾ ਵੀ।

ਅੱਜ ਸਵੇਰ ਤੋਂ ਹੀ ਕੰਨਿਆ ਬੇਹੱਦ ਰੁੱਝੀ ਹੈ, ਨੌਕਰਾਂ ਨੂੰ ਵੀ ਸਾਹ ਲੈਣ ਦੀ ਵਿਹਲ ਨਹੀਂ। ਕੰਨਿਆ ਨੇ ਸਭਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਸਾਰਾ ਦਿਨ ਪੂਰੀ ਪੂਰੀ ਛੁੱਟੀ ਮਿਲੇਗੀ।

ਸੱਜਨ ਨੇ ਮੰਦਰ ਨੂੰ ਫੁੱਲਾਂ ਨਾਲ ਖ਼ੂਬ ਸਜਾਇਆ ਹੈ, ਠਾਕੁਰ ਜੀ ਨੂੰ ਰੰਗ ਪਏ ਹੋਏ ਕਪੜੇ ਪੁਆਏ ਹਨ। ਚਾਂਦੀ ਦੇ ਵੱਡੇ ਵੱਡੇ ਕਟੋਰਿਆਂ ਵਿਚ ਰੰਗ ਭਰ ਕੇ ਸੋਨੇ ਦੀਆਂ ਦੋ ਛੋਟੀਆਂ ਛੋਟੀਆਂ ਪਿਚਕਾਰੀਆਂ ਠਾਕਰੁ ਜੀ ਦੇ ਸਾਹਮਣੇ ਰੱਖੀਆਂ ਹਨ। ਮਾਂ ਦੀ ਤਸਵੀਰ ਉੱਤੇ ਵੱਡੇ ਵੱਡੇ ਗ਼ੁਲਾਬਾਂ ਦਾ ਹਾਰ ਪੁਆਇਆ ਹੈ। ਬਾਬਾ ਜੀ ਸੱਜਨ ਦਾ ਖ਼ੁਸ਼ੀ ਵਾਲਾ ਰੁਖ ਵੇਖ ਕੇ ਬੋਲੇ — "ਕਿਉਂ ਰਾਮ ਜੀ, ਏਹੋ ਜਿਹਾ ਸੁਖ ਪਹਿਲਾਂ ਵੀ ਕਦੇ ਵੇਖਿਆ ਸੀ ?"

"ਨਹੀਂ ਬਾਬਾ ਜੀ।"

"ਗ੍ਰਹਿਸਤ ਆਸਰਮ ਨਾਲੋਂ ਚੰਗਾ ਹੋਰ ਕੋਈ ਆਸ਼ਰਮ ਨਹੀਂ।"

"ਇਹ ਕਿੱਦਾਂ ਬਾਬਾ ਜੀ ? ਮੈਂ ਤਾਂ ਸਮਝਦਾ ਹਾਂ ਕਿ ਸੰਨਿਆਸੀਆਂ ਨਾਲੋਂ ਵੱਧ ਹੋਰ ਕੋਈ ਸੁਖੀ ਨਹੀਂ ਹੈ।"

ਜੋਗੀ ਸੰਨਿਆਸੀ ਦਾ ਸੁਖ ਅਦਭੁਤ ਏ ਇਸ 'ਚ ਕੋਈ ਸ਼ੱਕ ਨਹੀਂ। ਪਰ ਦੇਸ ਕਾਲ ਦੇ ਹੁੰਦਿਆਂ ਸਾਡਾ ਸਿਧਾਂਤ ਤਾਂ ਇਹ ਆ ਕਿ ਪਰਮ ਗਿਆਨ ਦਾ ਮਜ਼ਾ ਜੇ ਇਕੱਲ 'ਚ ਹੀ ਲਿਆ ਤਾਂ ਕੀ ਲਿਆ ਰਾਮ ਜੀ ? — ਸੱਚਾ ਆਨੰਦ ਤਾਂ ਕਰਮਜੋਗ ਵਿਚ ਹੈ ਤੇ ਕਰਮਜੋਗ ਦੀ ਕਸਵੱਟੀ ਹੈ ਗ੍ਰਹਿਸਤ ਆਸ਼ਰਮ।"

"ਪਰ ਸਾਰਾ ਦੁੱਖ ਤਾਂ ਗ੍ਰਹਿਸਤ ਆਸ਼ਰਮ ਦੇ ਕਾਰਨ ਈ ਹੈ। ਗ੍ਰਹਿਸਤੀ ਲਈ ਹੀ ਆਦਮੀ ਇਕ ਦੂਸਰੇ ਤੇ ਅਤਿਆਚਾਰ ਕਰਦਾ ਹੈ, ਤਰ੍ਹਾਂ ਤਰ੍ਹਾਂ ਦੇ ਪਾਪ ਕਰਦਾ ਹੈ।"

"ਤੇ ਗ੍ਰਹਿਸਤ ਵਿਚ ਰਹਿ ਕੇ ਮਨੁਖ ਪੁੰਨ ਵੀ ਬਹੁਤ ਕਰਦਾ ਹੈ, ਕਰ ਸਕਦਾ ਹੈ। ਗ੍ਰਹਿਸਤੀ ਨਾ ਹੋਏ ਤਾਂ ਦੁਨੀਆ ਦਾ ਰੂਪ ਕੇਹੋ ਜਿਹਾ ਹੋਏ ਰਾਮ ਜੀ ? ਸਾਡੇ ਵਾਂਗ ਸਾਰੇ ਲੰਗੋਟੀਧਾਰੀ ਹੀ ਹੁੰਦੇ ਜਾਣ ਤਾਂ ਇਹ ਸ੍ਰਿਸ਼ਟੀ ਕਿੰਜ ਚਲੇਗੀ ?"

"ਨਾ ਵੀ ਚਲੇ ਤਾ ਕੋਈ ਹਰਜ ਨਹੀਂ ਬਾਬਾ ਜੀ। ਚਲ ਕੇ ਵੀ ਕੀ ਕਰ ਰਹੀ ਏ ! ਹੁਣੇ ਐਟਮ ਬੰਬ ਬਣਿਆ ਏ; ਸੁਣਿਆ ਏ ਕਿ ਹਾਈਡਰੋਜਨ ਬੰਬ ਵੀ ਬਣ ਕੇ ਤਿਆਰ ਹੋ ਗਿਆ ਏ। ਹੋਰ ਵੀ ਪਤਾ ਨਹੀਂ ਕਿਹੜੀਆਂ ਕਿਹੜੀਆਂ ਸੰਘਾਰਕ ਸ਼ਕਤੀਆਂ ਬਣਨਗੀਆਂ — ਫਿਰ ਇਹੋ ਜਿਹੀ ਸ੍ਰਿਸ਼ਟੀ ਤੋਂ ਕੀ ਲਾਭ ?"

ਬਾਬਾ ਰਾਮ ਜੀ ਹੱਸੇ, ਕਿਹਾ — "ਰੱਬ ਨੂੰ ਮੰਨਦੇ ਓ ?"

ਸੱਜਨ ਇਸ ਸਵਾਲ ਨਾਲ ਤ੍ਰਭਕ ਗਿਆ, ਫਿਰ ਸੰਭਲ ਕੇ ਕਿਹਾ — "ਮਹਾਰਾਜ ਸਮਝ ਨਹੀਂ ਆਉਂਦਾ ਮੰਨਦਾ ਹਾਂ ਜਾਂ ਨਹੀਂ। ਹੁਣੇ ਜਦੋਂ ਮਥਰਾ ਗਿਆ ਸਾਂ ਤਾਂ ਕ੍ਰਿਸ਼ਨ ਭਗਵਾਨ ਦੀ ਜਨਮ ਭੂਮੀ ਵੇਖ ਕੇ ਇਹ ਸੋਚਿਆ ਕਿ ਭਗਵਾਨ ਸ਼ਾਇਦ ਮਨੁੱਖ ਹੀ ਹੈ। ਸਾਡੇ ਸਾਰੇ ਅਵਤਾਰ ਰਾਮ ਕ੍ਰਿਸ਼ਨ ਆਦਿ ਆਖ਼ਰ ਜੰਮੇ ਤਾਂ ਆਦਮੀ ਦੇ ਰੂਪ ਵਿਚ ਹੀ ਨੇ।"

"ਠੀਕ ਏ ਰਾਮ ਜੀ, ਮੈਂ ਵੀ ਇਹੋ ਮੰਨਦਾ ਆਂ। ਭਗਵਾਨ ਕੇਵਲ ਮਨੁੱਖ ਰੂਪ ਵਿਚ ਹੀ ਨਹੀਂ ਸਗੋਂ ਜੀਵਾਂ ਜੰਤਾਂ ਵਿਚ ਵੀ ਹੈ। ਹਾਂ, ਇਹ ਭਾਵੇਂ ਕਹਿ ਲਵੋ ਕਿ ਇਹਦੀ ਚੇਤਨਾ ਮਨੁੱਖ ਵਿਚ ਹੀ ਸਭ ਤੋਂ ਜ਼ਿਆਦਾ ਹੁੰਦੀ ਹੈ, ਇਸ ਲਈ ਭਗਵਾਨ ਵਿਆਸ ਦੇਵ ਕਹਿਣ ਗਏ ਨੇ ਕਿ ਮਨੁੱਖ ਤੋਂ ਵੱਡਾ ਹੋਰ ਕੋਈ ਨਹੀਂ। ਤਾਂ ਫਿਰ ਕੀ ਏਨੀ ਵੱਡੀ ਜਾਤੀ ਆਤਮਘਾਤ ਕਰਕੇ ਮਰੇਗੀ ? ਇਹ ਗੱਲ ਸੋਚਣੀ ਵੀ ਅਜੀਬ ਜਿਹੀ ਲਗਦੀ ਏ। ਰਾਮ ਘਟ ਘਟ ਵਿਆਪੀ ਹੈ। ਉਹਦੇ ਤੇ ਭਰੋਸਾ ਰਖੋ।"

ਸੱਜਨ ਦੇ ਮਨ ਵਿਚ ਇਕ ਅਸਚਰਜਤਾ ਜਾਗੀ; ਪਰ ਸਵਾਲ ਕਰਨ ਵਿਚ ਝਿਜਕ ਲਗੀ; ਗੱਲ ਮੂੰਹ ਤਕ ਆਉਂਦਿਆਂ ਆਉਂਦਿਆਂ ਰੁਕ ਗਈ। ਬਾਬਾ ਰਾਮ ਜੀ ਆਪਣੀਆਂ ਛੋਟੀਆਂ ਛੋਟੀਆਂ ਚਮਕਦੀਆਂ ਅੱਖਾਂ 'ਚੋਂ ਉਹਨੂੰ ਵੇਖ ਕੇ ਮੁਸਕਰਾਏ, ਫਿਰ ਬੋਲੇ — "ਉਂਜ ਤਾਂ ਆਦਤ ਕਰਕੇ ਸਭਨਾਂ ਵਿਚ ਹੀ ਭਗਵਾਨ ਵੇਖਦਾ ਹਾਂ; ਪਰ ਪਰਮ ਰੂਪ ਦਾ ਦਰਸ਼ਨ ਤਾਂ ਅਜੇ ਸਾਨੂੰ ਵੀ ਨਹੀਂ ਮਿਲਿਆ ਰਾਮ ਜੀ। ਜਿਨ੍ਹਾਂ ਵੇਖਿਆ ਹੈ, ਉਹ ਕਹਿੰਦੇ ਨੇ ਕਿ ਅਨੁਭਵ ਨਾਲ ਰਾਮ ਜੀ ਵੀ ਧਰਮ ਸਿੱਧ ਦੇ ਰੂਪ ਵਿਚ ਜੀਵ ਨੂੰ ਮਿਲਦੇ ਨੇ। ਸਾਨੂੰ ਉਹਨਾਂ ਦੀ ਗੱਲ ਤੇ ਸ਼ਰਧਾ ਹੈ। ਬਾਕੀ ਸੱਚ ਤਾਂ ਅਨੁਭਵ ਹੀ ਕੀਤਾ ਜਾ ਸਕਦਾ ਏ। ਇਸ ਲਈ ਜਤਨ ਕਰਦੇ ਨੇ। ਹੋਏਗਾ ਤਾਂ ਮਿਲੇਗਾ; ਨਹੀਂ ਮਿਲੇਗਾ ਤਾਂ ਖੱਡੇ 'ਚ ਪਏ। ਸਾਨੂੰ ਆਪਣੀ ਨਿਸ਼ਕਾਮ ਸੇਵਾ ਵਿਚ ਹੀ ਸੁਖ ਮਿਲ ਰਿਹਾ ਹੈ। ਅਸੀਂ ਤਾਂ ਏਸੇ ਧਰਤੀ ਤੇ ਭਗਵਾਨ ਨੂੰ ਵਿਚਰਦਿਆਂ ਹੋਇਆਂ ਪੂਰੇ ਸੰਤੁਸ਼ਟ ਆਂ।"

"ਤੇ ਬਾਬਾ ਜੀ, ਇਹ ਜਿਹੜੀ ਬੈਠਿਆਂ ਬੈਠਿਆਂ ਈ ਤੁਸੀਂ ਦੂਸਰਿਆਂ ਦੇ ਮਨ ਦੀ ਗੱਲ ਜਾਣ ਲੈਂਦੇ ਓ, ਆਉਂਦੇ ਸਮੇਂ ਬਾਰੇ ਦਸਦੇ ਓ......"

"ਬਾਬਾ ਜੀ ਖਿੜ ਖਿੜਾ ਕੇ ਹੱਸ ਪਏ, ਬੋਲੇ — "ਇਸ ਵਿਚ ਭੇਦ ਕੋਈ ਨਹੀਂ ਏ ਰਾਮ ਜੀ। ਅਨੁਭਵ ਨਾਲ ਸਭ ਕੁਝ ਸਿੱਧ ਹੁੰਦਾ ਹੈ। ਤੇ ਅਨਭਵ ਸਾਧਨਾ ਨਾਲ ਸਿੱਧ ਹੁੰਦਾ ਹੈ ! 'ਸਕਲ ਪਦਾਰਥ ਯਾ ਜਗ ਮਾਹੀ', ਕਰਮਹੀਨ ਨਰ ਪਾਵਤ ਨਾਹੀਂ।"

ਸੱਜਨ ਸੋਚੀਂ ਪੈ ਗਿਆ। ਇਕ ਦੁਨੀਆਂ ਜੋ ਉਹਨੂੰ ਹੁਣ ਤਕ ਰਹੱਸ ਲੋਕ ਵਾਲੀ ਨਜ਼ਰ ਆ ਰਹੀ ਸੀ — ਜਿਸ ਕਰਕੇ ਭਾਰਤਵਰਸ਼ ਸੰਸਾਰ ਵਿਚ 'ਰਹੱਸਮਈ ਭਾਰਤ' ਦੇ ਨਾਮ ਨਾਲ ਪ੍ਰਸਿੱਧ ਹੈ — ਉਹ ਬਾਬਾ ਜੀ ਦੇ ਕਹਿਣ ਅਨੁਸਾਰ ਬਹੁਤ ਸਰਲ, ਸਾਧਨਾ ਰਾਹੀਂ ਮਿਲ ਸਕਦੀ ਹੈ। ਉਹ ਸਾਧਨਾ ਕਿਹੋ ਜਿਹੀ ਏ ? ਕੀ ਉਹ ਨਹੀਂ ਕਰ ਸਕਦਾ ?

"ਕਿਉਂ ਨਹੀਂ ਕਰ ਸਕਦੇ ਰਾਮ ਜੀ ? ਮਨੁੱਖ ਵਾਸਤੇ ਕੁਝ ਵੀ ਅਸੰਭਵ ਨਹੀਂ, ਬਸ ਉਹਦੇ ਇੱਛਾ ਕਰਨ ਦੀ ਦੇਰ ਹੈ।"

"ਕੇਵਲ ਇੱਛਾ ਕਰਨ ਦੀ ਦੇਰ ਹੈ ! ਕੇਵਲ ਇੱਛਾ ਕਰਨ ਦੀ ਦੇਰ ਹੈ।" ਸੱਜਨ ਨੂੰ

ਲਗਾ ਜਿਵੇਂ ਪਲ ਵਿਚ ਉੱਡ ਕੇ ਉਹਨੇ ਸਭ ਕੁਝ ਸਿੱਧ ਕਰ ਲਿਆ ਹੋਏ। ਇਸ ਭਾਵ ਪ੍ਰਵਾਹ ਨਾਲ ਉਹਦੇ ਵਿਚ ਤਾਜ਼ਗੀ, ਅਨੰਦਮਈ ਭਰਪੂਰਤਾ ਆਈ।

"ਹਾਂ, ਸਿੱਧ ਕਰ ਲੈਣ ਤੇ ਸਭ ਕੁਝ ਪਲ ਭਰ ਵਿਚ ਹੀ ਪ੍ਰਾਪਤ ਹੁੰਦਾ ਹੈ। ਪਰ ਸਿੱਧ ਕਰਦੇ ਸਮੇਂ ਜਾਪਦਾ ਹੈ, ਸ਼ਕਤੀ ਲਗਦੀ ਹੈ। ਜਿਸ ਆਦਮੀ ਵਿਚ ਸੰਜਮ ਤੇ ਧੀਰਜ ਨਹੀਂ ਉਹ ਸਾਧਕ ਨਹੀਂ ਹੋ ਸਕਦਾ।"

"ਪਰ ਮੇਰਾ ਵਿਸ਼ਵਾਸ ਹੈ, ਮੈਂ ਕਰ ਸਕਦਾ ਹਾਂ।"

"ਤਾਂ ਠੀਕ ਏ। ਆਪਣੇ ਬਿਸਵਾਸ ਨੂੰ ਕਰਮ ਦੀ ਕਸਵੱਟੀ ਤੇ ਪਰਖੋ।"

"ਮੈਨੂੰ ਕੀ ਕਰਨਾ ਪਏਗਾ ?"

"ਸੇਵਾ।"

"ਕਿਹਦੀ ?"

"ਰਾਮ ਦੀ। ਰਾਮ ਜਿਹੜਾ ਘਟ ਘਟ ਵਿਚ ਰਮ ਰਿਹਾ ਹੈ। ਤੈਨੂੰ ਆਪਣੇ ਸਵਾਮੀ ਦੀ......"

"ਬਾਬਾ ਜੀ, ਮਾਫ਼ ਕਰਨਾ ਗੱਲ ਟੋਕਦਾ ਹਾਂ, ਮੈਂ ਭਗਵਾਨ ਦਾ ਦਾਸ ਕਿਉਂ ਬਣਾਂ ?"

"ਨਾ ਬਣੋ! ਮਮਤਾ ਵਾਲੇ ਭਾਵ ਨਾਲ ਪੂਜੋ, ਸਾਥੀ ਵਾਲੀ ਭਾਵਨਾ ਨਾਲ ਧਿਆਓ, ਆਤਮ ਭਾਵ ਨਾਲ ਧਿਆਓ। ਕਿਸੇ ਭਾਵ ਨਾਲ ਭਜੋ, ਸੇਵਕ ਤਾਂ ਤੁਹਾਨੂੰ ਬਣਨਾ ਹੀ ਪਏਗਾ। ਮਮਤਾ ਆਪਣੇ ਬੱਚੇ ਦੀ ਸੇਵਾ ਕਰਦੀ ਹੈ, ਮਿੱਤਰ, ਮਿੱਤਰ ਦੀ ਸੇਵਾ ਕਰਦਾ ਹੈ, ਮਨੁੱਖ ਖ਼ੁਦ ਸੇਵਾ ਵੀ ਕਰਦਾ ਹੈ। ਸੇਵਾ ਕਿਤੇ ਛੋਟੀ ਚੀਜ਼ ਏ ਰਾਮ ਜੀ ? ਪਤਾ ਏ, ਇਕ ਵਾਰ ਪਹਿਲੋਂ ਵੀ ਤੁਸੀਂ ਇਹ ਪ੍ਰਿਸਨ ਕਰ ਚੁਕੇ ਓ ?"

ਸੱਜਨ ਸ਼ਰਮਿੰਦਾ ਹੋ ਗਿਆ, ਬੋਲਿਆ — "ਹਾਂ ਜੀ, ਬਾਬਾ ਜੀ ਇਹ ਵਡੱਪਣ ਦੀ ਭਾਵਨਾ ਮੇਰੀ ਤਰਕ ਬੁੱਧੀ ਨੂੰ ਵਰਗਲਾ ਲੈਂਦੀ ਏ।"

"ਵਡੱਪਣ ਦੀ ਭਾਵਨਾ ਬੁਰੀ ਨਹੀਂ, ਕਿਉਂਕਿ ਇਹ ਵਡੱਪਣ ਤਾਂ ਰਾਮ ਦਾ ਹੈ। ਰਾਮ ਘਟ ਘਟ ਵਿਆਪੀ ਹੈ, ਇਸ ਲਈ ਉਸ ਵਡੱਪਣ ਵਲ ਰਚੀ ਕਰੋ। ਅਸੀਂ ਤਾਂ ਰਾਮ ਜੀ, ਨਾ ਪੜ੍ਹੇ, ਨਾ ਲਿਖੇ — ਹਾਂ ਅਨੁਭਵ 'ਚੋਂ ਜੋ ਵਿਚਾਰ ਪੈਦਾ ਹੁੰਦੇ ਨੇ, ਉਹਨਾਂ ਨੂੰ ਵਿਚਾਰਦੇ, ਘੋਖਦੇ, ਪਰਖਦੇ ਰਹਿੰਦੇ ਹਾਂ। ਤੁਸੀਂ ਤਾਂ ਬਹੁਤ ਫਿਰੇ ਤੁਰੇ ਓ, ਪੜ੍ਹਿਆ ਹੈ, ਸੁਣਿਆ ਹੈ, ਵਿਦਵਾਨਾਂ ਦੀ ਸੁੱਚੀ ਸੰਗਤ ਕੀਤੀ ਹੈ ਕੇਹੇ ਕੇਹੇ ਵਿਸ਼ਾਲ ਮੰਦਰ, ਭਵਨ, ਮੂਰਤੀਆਂ, ਬਿਗਿਆਨ ਦੇ ਕਰਿਸਮੇਂ ਰਾਮ ਜੀ ਦੀ ਸ਼ਕਤੀ ਨੇ ਇਸ ਪ੍ਰਿਥਵੀ ਮੰਡਲ ਤੇ ਦਰਸਾਏ ਨੇ। ਉਸੇ ਸ਼ਕਤੀ ਨੂੰ ਭਜੋ — ਉਸੇ ਵਿਚ ਲੀਨ ਹੋ ਜਾਓ।"

"ਬੜਾ ਕਠਨ ਏ।......"

"ਹਾਂ ਕਠਨ ਸਾਨੂੰ ਵੀ ਲਗਦਾ ਏ – ਤੇ ਤੁਸੀਂ ਤਾਂ ਰਾਮ ਜੀ, ਕੇਹੇ ਕੇਹੇ ਵੱਡੇ ਚਿੱਤਰ

ਬਣਾ ਲੈਂਦੇ ਓ । ਅਸੀਂ ਨਹੀਂ ਬਣਾ ਸਕਦੇ । ਸਾਨੂੰ ਬੜਾ ਕਠਨ ਲਗਦਾ ਏ । ਤੁਸੀਂ ਇੰਨਾ ਕਠਨ ਕੰਮ ਕਿੰਜ ਕਰ ਲੈਂਦੇ ਓ ਰਾਮ ਜੀ ?"

ਸੱਜਨ ਸ਼ਰਧਾ ਦੇ ਵਹਾ 'ਚ ਬੈਠਾ ਬਾਬਾ ਜੀ ਦੇ ਚਰਨਾਂ 'ਚ ਝੁਕ ਗਿਆ । ਬਾਬਾ ਜੀ ਨੇ ਬੜੇ ਪਿਆਰ ਨਾਲ ਉਹਨੂੰ ਉਠਾਇਆ ਅਤੇ ਅਤੇ ਕਿਹਾ — "ਗੀਤਾ ਵਿਚ ਭਗਵਾਨ ਨੇ ਕਿਹਾ ਹੈ ਕਿ ਅਭਿਆਸ ਨਾਲ ਹੀ ਜੋਗ ਹੁੰਦਾ ਹੈ । ਤੇ ਅਭਿਆਸ ਕਿਸ ਗੱਲ ਦਾ ਹੋਏ ਕਿ 'ਜੋਗ' : 'ਕਰਮਸੁ ਕੌਸਲੰਗ' — ਅਰਥਾਤ ਕਰਮ ਦੀ ਕੁਸ਼ਲਤਾ ਹੀ ਜੋਗ ਹੈ । ਜਿੰਨਾ ਮਨ-ਬਚਨ-ਕਰਮ ਨਾਲ ਕੰਮ ਵਿਚ ਲੀਨ ਰਹੋਗੇ ਓਹੀ ਹੀ ਕੁਸ਼ਲਤਾ ਮਿਲੇਗੀ ।"

"ਬੜਾ ਮੁਸ਼ਕਿਲ ਹੁੰਦਾ ਹੈ ਮਹਾਰਾਜ । ਮਾਇਆ-ਮੋਹ ਵਿਕਾਰ ਬੰਨ੍ਹ ਲੈਂਦੇ ਨੇ — ਸੰਸਾਰ ਵਿਚ ਰਹਿ ਕੇ ਗ੍ਰਹਿਸਤ ਦੇ ਬੰਧਨ ਵਿਚ ਰਹਿ ਕੇ... .."

"ਰਾਮ ਜੀ ਇਹ ਅਗਿਆਨੀ ਦਾ ਮਤ ਹੈ, ਬਿਗਿਆਨੀ ਦਾ ਨਹੀਂ । ਸਾਨੂੰ ਦਸੋ ਕਿ ਇਹ ਆਟਮ ਬੰਬ ਬਨਾਉਣ ਵਾਲੇ ਲੋਕ ਕਿਹੜੇ ਜੰਗਲਾਂ, ਗੁਫਾਂ ਵਿਚ ਰਹਿੰਦੇ ਨੇ ? ਸਾਧਨਾ ਨਾਲ ਹੀ ਤਾਂ ਸਿੱਧ ਕੀਤਾ ਹੈ ਨਾ ਇਹਨਾਂ ।"

"ਪਰ ਉਹਨਾਂ ਤਬਾਹੀ ਨੂੰ ਸਿੱਧ ਕੀਤਾ ਹੈ ਉਹਨਾਂ ।"

"ਠੀਕ ਹੈ, ਤੁਸੀਂ ਨਿਰਮਾਣ ਨੂੰ ਸਿੱਧ ਕਰੋ । ਜੀਹਦੀ ਚੇਤਨਾ ਵਿਰਾਟ ਹੋਏਗੀ ਉਹਦੀ ਵਿਜੈ ਹੋਏਗੀ । ਆਪਸੀ ਵਿਰੋਧ ਨਾ ਹੋਏ ਤਾਂ ਚੇਤਨਾ ਦਾ ਰਹੱਸ ਕਿੰਜ ਸਮਝ ਆਏ — ਬਿਕਾਸ ਕਿੰਜ ਹੋਏ ? ਅਸੀਂ ਤਾਂ ਕਹਿੰਦੇ ਹਾਂ ਰਾਮ ਜੀ, ਜੋਗ ਦਾ ਮਾਰਗ ਗ੍ਰਹਿਸਤ ਆਸ਼ਰਮ ਵਾਲਿਆਂ ਲਈ ਹੀ ਏ ।"

ਕੰਨਿਆ ਆਈ । ਬਾਬਾ ਜੀ ਬੋਲੇ — "ਕਿਉਂ ਰਾਮ ਭਗਤਣੀਏਂ, ਲੱਛਮੀ ਦਾ ਅਨੰਦ ਮਹਿਸੂਸ ਕੀਤਾ ?"

ਕੰਨਿਆ ਝਿਜਕ ਗਈ, ਨਜ਼ਰਾਂ ਨਿਵਾ ਕੇ ਮੁਸਕਰਾ ਕੇ ਆਖਿਆ — "ਜੀ ਹਾਂ, ਬਾਬਾ ਜੀ, ਪਰ ਓਨਾ ਹੀ ਜਿੰਨਾ ਕਿ ਮੈਥੋਂ ਪਾਇਆ ਗਿਆ ।"

"ਕਿਉਂ ? ਇਹ ਵੇਖ, ਕੇਹਾ ਆਲੀਸ਼ਾਨ ਤੇਰਾ ਮਹੱਲ ਏ । ਏਨੇ ਨੌਕਰ-ਚਾਕਰ ਨੇ । ਕੀ ਨਹੀਂ ਤੇਰੇ ਕੋਲ ? ਮਜ਼ੇ ਨਾਲ ਪਲੰਘ ਤੇ ਪੈ ਕੇ ਹੁਕਮ ਚਲਾਇਆ ਕਰ ?"

ਬਾਬਾ ਜੀ ਦੇ ਕਹਿਣ ਦੇ ਢੰਗ ਅਤੇ ਅੱਖਾਂ ਦੀ ਖ਼ੁਸ਼ੀ ਭਰੀ ਚਮਕ ਨੇ ਪਤੀ ਪਤਨੀ ਨੂੰ ਰੁਲਾ ਦਿਤਾ । ਸੱਜਨ ਬਾਬਾ ਵਲ ਹੱਥ ਕਰਕੇ ਬੋਲਿਆ — "ਸੱਚੀ ਲੱਛਮੀ ਤਾਂ ਇਸ ਦੇਹਰੂਪੀ ਮਹੱਲ ਵਿਚ ਰਹਿੰਦੀ ਹੈ, ਮਹਾਰਾਜ ! ਅਸੀਂ ਉਹਦਾ ਸੁਖ ਕੀ ਜਾਣੀਏਂ ?"

"ਸੁਖ-ਦੁਖ ਤਾਂ ਭਾਵ ਵਿਚ ਹੈ, ਰਾਮ ਜੀ ! ਜਿਸ ਵਿਚ ਸੁਖ ਮੰਨੋ ਉਹੋ ਲੱਛਮੀ ਏ । ਸ੍ਰੀ ਹੋਰ ਕੁਝ ਨਹੀਂ ਰਾਮ ਜੀ — ਜਿਵੇਂ ਸਵੇਰੇ ਸੂਰਜ ਨਾਰਾਇਣ ਜਦ ਪੁਲਾੜ ਦੇ

ਗਰਭ ਵਿਚ ਰਹਿੰਦਾ ਹੈ ਤੇ ਆਕਾਸ਼ ਤੇ ਉਹਦਾ ਹੀ ਚਮਤਕਾਰ ਪਸਰਦਾ ਹੈ — ਉਂਜ ਈ ਇਹ ਚਾਨਣ ਵੀ ਅੰਦਰ ਦੇ ਭਾਵਾਂ ਦਾ ਪਿਰਕਾਸ ਹੈ।"

ਸੱਜਨ ਲੱਛਮੀ ਦੀ ਇਹ ਨਵੀਂ ਪ੍ਰੀਭਾਸ਼ਾ ਸੁਣ ਕੇ ਚਮਕ ਪਿਆ।

ਬਾਬਾ ਜੀ ਕਹਿੰਦੇ ਰਹੇ — "ਬੰਗਾਲ ਵਿਚ, ਰਾਮ ਜੀ, ਰਾਮ ਕ੍ਰਿਸ਼ਨ ਪਰਮਹੰਸ ਮਹਾਰਾਜ ਰਹੇ, ਉਹ ਆਪਣੇ ਇਕ ਹੱਥ ਵਿਚ ਸੋਨਾ ਤੇ ਦੂਸਰੇ ਹੱਥ ਵਿਚ ਕੰਕਰ ਲੈ ਕੇ ਦੋਵਾਂ ਨੂੰ ਆਪਣੇ ਮਨ ਵਿਚ ਇਕੋ ਜਿਹਾ ਕਰ ਦੇਂਦੇ ਸਨ। ਕਿਸ ਕਰਕੇ ? ਇਸ ਲਈ ਕਿ ਉਹ ਅਨੰਤ ਇਸਤਰੀ ਨਾਲ ਸੱਜੇ ਹੋਏ ਸਨ। ਰਾਜਾ ਜਨਕ ਹੋਏ, ਉਹਨਾਂ ਦੇ ਨੌਕਰ-ਚਾਕਰ, ਫ਼ੌਜਾਂ, ਮਹੱਲ-ਦਮਹੱਲ ਕਿਹੜੀ ਚੀਜ਼ ਦੀ ਕਮੀ ਸੀ ? ਭਗਵਾਨ ਦੇ ਸਹੁਰੇ, ਜਗਦੰਬਾ ਦੇ ਪਿਤਾ, ਗ੍ਰਿਹਸਤ ਆਸ਼ਰਮੀ, ਰਾਜਾ। ਫਿਰ ਵੀ ਉਹਨਾਂ ਨੂੰ ਆਪਣੇ ਇਸ ਸੁਖ ਨਾਲ ਕੋਈ ਮੋਹ ਨਹੀਂ, ਕਿਉਂ ? ਇਸ ਲਈ ਉਹਨਾਂ ਦੀ ਫੱਬਤ ਅਨੰਤ ਇਸਤਰੀ ਸੀ।"

"ਸੁਣਨ ਵਿਚ ਤਾਂ ਗੱਲ ਚੰਗੀ ਲਗਦੀ ਹੈ, ਬਾਬਾ ਜੀ, ਪਰ ਸਮਝ 'ਚ ਨਹੀਂ ਆਉਂਦੀ।" ਕੰਨਿਆ ਨੇ ਕਿਹਾ। "ਅਸੀਂ ਜਿਸ ਵਾਤਾਵਰਣ ਵਿਚ ਰਹਿੰਦੇ ਆਂ ਕੀ ਉਹਦਾ ਪ੍ਰਭਾਵ ਨਹੀਂ ਪੈਂਦਾ। ਮੈਂ ਆਪਣੇ ਮਨ ਨੂੰ ਜਾਣਦੀ ਹਾਂ। ਏਨੇ ਵਰ੍ਹੇ ਪੈਸੇ ਵ ਲਿਆਂ ਦੇ ਸੁਖਾਂ-ਚੁਹਲਾਂ ਵਲ ਨਫ਼ਰਤ ਦਾ ਭਾਵ ਰਖਦਿਆਂ ਹੋਇਆਂ ਵੀ ਅੱਜ ਜਦ ਉਸੇ ਵਾਤਾਵਰਣ ਵਿਚ ਆਈ ਹਾਂ ਤਾਂ ਅਚਾਨਕ ਇਸ ਗੱਲੋਂ ਵੀ ਇਨਕਾਰ ਨਹੀਂ ਕਰ ਸਕਦੀ ਕਿ ਇਸ ਸ਼ਾਨ-ਵਿਲਾਸ ਦਾ ਆਪਣਾ ਅਨੰਦ ਏ ਜੋ ਧੀਰਜ ਤੋਂ ਧੀਰਜ ਵਾਲੇ ਤੇ ਸੰਜਮੀ ਤੋਂ ਸੰਜਮੀ ਮਨੁੱਖ ਨੂੰ ਵੀ ਮਗਨ ਕਰ ਦੇਂਦਾ ਹੈ। ਮੇਰੇ ਨੈਤਿਕ ਸਮਾਜਕ ਵਿਚਾਰਾ ਭਾਵੇਂ ਮੈਨੂੰ ਸੰਭਾਲੀ ਰਖਣ......"

"ਹਾਂ ਪੁੱਤਰੀ, ਇਹੋ ਨੇਮ-ਸੰਜਮ, ਅਚਾਰ-ਵਿਹਾਰ ਹੀ ਤੇ ਅਸਲ ਵਿਚ ਸ਼੍ਰੀ ਹੈ। ਅਜੇ ਤੇਰੇ ਕੋਲ ਥੋੜੀ ਦੌਲਤ ਏ, ਇਸ ਲਈ ਬਾਹਰ ਦੀ ਜ਼ਿਆਦਾ ਦੌਲਤ ਤੋਂ ਤੂੰ ਪ੍ਰਭਾਵਤ ਹੋਈ ਜਾਂਦੀ ਏਂ — ਜਿੱਦਾਂ ਦਰਿੱਦਰੀ ਲੱਖ ਪਤੀ ਤੋਂ ਪਿਰਭਾਵਤ ਹੁੰਦਾ ਏ, ਲੱਖ ਪਤੀ ਕਰੋੜਪਤੀ ਤੋਂ ਪਿਰਭਾਵਤ ਹੁਦਾ ਏ। ਤੈਨੂੰ ਇਕ ਦ੍ਰਿਸ਼ਟਾਂਤ ਦੇਂਦੇ ਆਂ। ਰਾਜਾ ਜਨਕ ਬਿਨ-ਦੇਹੀ ਅਖਵਾਉਂਦਾ ਰਿਹਾ। ਉਹਨੂੰ ਵੇਖ ਕੇ ਸਭ ਰਿਸ਼ੀਆਂ-ਮੁਨੀਆਂ ਨੇ ਸੋਚਿਆ ਕਿ ਅਸੀਂ ਤਾਂ ਸਹੁਰੇ ਕੰਦਮੂਲ ਖਾ ਕੇ ਤਪੱਸਿਆ ਕਰਦੇ ਆਂ ਤੇ ਇਹ ਰਾਜਾ ਹੋ ਕੇ ਵੀ ਸਾਡੀ ਪਦਵੀ ਪਾਈ ਜਾਂਦਾ ਏ। ਇਕ ਮਹਾਤਮਾ ਹੋਏ ਨੇ। ਉਹ ਬੜੇ ਲਾਲ ਪੀਲੇ ਹੋ ਕੇ ਜਨਕ ਜੀ ਦੇ ਦਰਬਾਰ ਵਿਚ ਆਏ ਤੇ ਕਹਿਣ ਲਗੇ ਕਿ ਸਾਡੀ ਸਮਝ ਵਿਚ ਨਹੀਂ ਆਉਂਦਾ ਕਿ ਤੂੰ ਏਨਾ ਰਾਜ ਸੁਖ ਭੋਗ ਕੇ ਵੀ ਕਿਵੇਂ ਬੇ-ਦੇਹੀ ਹੋ ਸਕਦਾ ਏਂ। ਭਗਵਾਨ ਦੇ ਚਰਨਾਂ ਵਿਚ ਤੇਰਾ ਮਨ ਕਿਵੇਂ ਟਿਕ ਸਕਦਾ ਏ। ਮਹਾਤਮਾ ਨੇ ਕਿਹਾ, ਦਸ ਤੇ ਹੁਣੇ ਦਸ, ਨਹੀਂ ਤਾਂ ਅਸੀਂ ਅੱਜ ਤੇਰੇ ਸਾਰੇ ਢਕੋਂਸਲੇ ਦਾ ਭਾਂਡਾ ਭੰਨ ਦੇਣਾ ਏ।

ਰਾਜਾ ਜਨਕ ਨੇ ਕਿਹਾ — ਮਹਾਰਾਜ ਆਰਾਮ ਤਾਂ ਕਰ ਲਓ, ਭੋਜਨ ਆਦਿ ਕਰ ਲਓ, ਫਿਰ ਬਹਿ ਕੇ ਵਿਚਾਰ ਕਰਾਂਗੇ। ਸੋ ਮਹਾਤਮਾ ਦੀ ਰਾਜੇ ਦੇ ਘਰ ਬੜੀ ਸੇਵਾ ਹੋਈ। ਜਦ ਉਹ ਅਸ਼ਨਾਨ ਧਿਆਨ, ਪੂਜਾ ਪਾਠ ਤੋਂ ਵਿਹਲੇ ਹੋ ਗਏ ਤਾਂ ਰਾਜਾ ਉਹਨਾਂ ਨੂੰ ਰਸੋਈ 'ਚ ਲੈ ਗਏ। ਸੋਨੇ ਦੀ ਚੌਕੀ, ਸੋਨੇ ਦਾ ਥਾਲ ਤੇ ਛਪਿੰਜਾ, ਪਕਵਾਨ ਰਾਮ ਜੀ — ਬਹੁਤ ਵੱਡਾ ਇੰਤਜ਼ਾਮ ਸੀ। ਬਾਕੀ ਰਾਜਾ ਜਨਕ ਨੇ ਇਕ ਟਰਿਕ ਇਹ ਕੀਤੀ ਕਿ ਜਿਹੜੇ ਆਸਣ ਤੇ ਉਸ ਮਹਾਤਮਾ ਬਹਿ ਕੇ ਭੋਜਨ ਕਰਨਾ ਸੀ ਉਹਦੇ ਉਤੇ ਇਕ ਨੰਗੀ ਤਲਵਾਰ ਕੱਚੇ ਧਾਗੇ ਨਾਲ ਬੰਨ੍ਹਵਾ ਦਿਤੀ। ਮਹਾਤਮਾ ਬੜੇ ਤੱਤੇ ਹੋਏ। ਭੋਜਨ ਕਰਨ ਤਾਂ ਬਹਿ ਗਏ, ਪਰ ਉਹਨਾਂ ਦਾ ਸਾਰਾ ਮਨ ਆਪਣੀ ਖੋਪਰੀ ਤੇ ਲਟਕਦੀ ਹੋਈ ਤਲਵਾਰ ਵਿਚ ਹੀ ਟਿਕਿਆ ਰਿਹਾ। ਰਾਜੇ ਪੁੱਛਿਆ, ਮਹਾਰਾਜ ਕੜ੍ਹੀ ਕਿਹੋ ਜਿਹੀ ਬਣੀ ਏ ਤੇ ਮਹਾਰਾਜ ਲੱਡੂ ਕਿਹੋ ਜਿਹਾ ਏ ਤਾਂ ਮਹਾਤਮਾ ਹੂੰ-ਹਾਂ ਕਰਕੇ ਟਾਲ ਦੇਣ। ਜਦ ਮਹਾਤਮਾ ਜੀ ਭੋਜਨ ਕਰ ਚੁਕੇ ਤਾਂ ਫਿਰ ਜਨਕ ਜੀ ਤੋਂ ਉਹਨਾਂ ਆਪਣਾ ਸਵਾਲ ਪੁੱਛਿਆ। ਮਹਾਤਮਾ ਬੋਲੇ — "ਸੱਚੀ ਗੱਲ ਤਾਂ ਇਹ ਆ ਮਹਾਰਾਜ ਕਿ ਸਾਡਾ ਸਾਰਾ ਧਿਆਨ ਆਪਣੀ ਖੋਪਰੀ ਤੇ ਲਟਕਦੀ ਤਲਵਾਰ ਵਿਚ ਰਿਹਾ। ਰਾਜਾ ਬੋਲੇ, ਬਸ ਇਹੋ ਤਾਂ ਭੇਦ ਏ। ਧਿਆਨ ਜਿਥੇ ਰਖੀਏ ਉਥੇ ਰਹਿੰਦਾ ਏ।"

ਸੱਜਨ ਦੋ ਚੁੰਬਕਾਂ ਦੀ ਖਿੱਚ ਵਿਚ ਇਕੋ ਜਿਹਾ ਬੱਝਾ ਹੋਇਆ ਚੁੱਪ ਸੀ; ਪਰ ਇਹ ਚੁੱਪ ਉਹਨੂੰ ਜੜ ਨਹੀਂ ਬਣਾ ਰਹੀ ਸੀ। ਕੰਨਿਆ ਬਾਬਾ ਜੀ ਨੂੰ ਭੋਜਨ ਕਰਾਉਣ ਲੈ ਗਈ। ਸੱਜਨ ਨੇ ਸਿਰਫ਼ ਚੁੱਪ ਚਾਪ ਪਿੱਛਾ ਕੀਤਾ।

ਬਾਬਾ ਜੀ ਦੇ ਕਹਿਣ ਅਨੁਸਾਰ ਉਹਨਾਂ ਦਾ ਭੋਜਨ ਵੀ ਉਹੋ ਬਣਿਆ ਸੀ ਜੋ ਉਹਨਾਂ ਦੇ ਪਾਗਲਾਂ ਵਾਸਤੇ ਸੀ। ਹੋਲੀ ਦਾ ਤਿਉਹਾਰ ਹੋਣ ਕਰਕੇ ਉਹਨਾਂ ਨੇ ਮਿਰਚ ਮਸਾਲੇ ਬਿਨਾਂ ਸਾਗ-ਸਬਜ਼ੀ ਨਾਲ ਅੱਜ ਸਭਨਾਂ ਨੂੰ ਖੀਰ ਖਾਣ ਦੀ ਵੀ ਆਗਿਆ ਦੇ ਦਿਤੀ ਸੀ। ਹਾਂ, ਕੰਨਿਆ ਨੇ ਫਲਾਂ ਦੀ ਭਰਮਾਰ ਜਿਹੀ ਕਰ ਦਿਤੀ ਸੀ। ਆਸਣ ਤੇ ਬੈਠਦੇ ਹੋਏ, ਬਾਬਾ ਜੀ ਨੇ ਪਤੀ ਪਤਨੀ ਵਲ ਵੇਖ ਕੇ ਕਿਹਾ —

"ਬਾਹਮਣ-ਸਾਧੂ ਨੂੰ ਭੋਜਨ ਖੁਆਉਂਦੇ ਨੇ ਤਾਂ ਦੱਛਣਾ ਦਾ ਕਰਾਰ ਪਹਿਲਾਂ ਹੀ ਹੋ ਜਾਂਦਾ ਹੈ। ਬੋਲ ਪੁੱਤਰੀ, ਰਾਮ ਜੀ, ਸਾਨੂੰ ਤੁਸੀਂ ਕੀ ਦੱਛਣਾ ਦਿਉਗੇ ?"

ਭਾਵ-ਉਤਸ਼ਾਹ ਦੀ ਇਕ ਲਹਿਰ ਸੱਜਨ ਦੇ ਮਨ ਵਿਚ ਉੱਠੀ, ਪਰ ਉਸ ਉੱਤੇ ਕਾਬੂ ਪਾਉਂਦਿਆਂ ਹੋਇਆਂ ਸੰਜਮੀ ਸ਼ਬਦਾਂ ਵਿਚ ਉਹਨੇ ਕਿਹਾ — "ਹੁਕਮ ਕਰੋ।"

"ਇਹ ਆਪਣੀ ਸਾਰੀ ਸ਼ਾਨ ਸਾਨੂੰ ਦੱਛਣਾਂ ਵਿਚੋਂ ਦਿਉਗੇ, ਰਾਮ ਜੀ ?"

ਕੰਨਿਆ ਸੱਜਨ ਦਾ ਮੂੰਹ ਵੇਖਣ ਲੱਗੀ। ਸੱਜਨ ਸਿਰ ਨਿਵਾਈ ਗੰਭੀਰ ਢੰਗ ਨਾਲ, ਝਿਜਕਿਆ ਖਲੋਤਾ ਸੋਚ ਰਿਹਾ ਸੀ। ਬਾਬਾ ਜੀ ਬੋਲੇ — "ਇਸ ਤੋਂ ਘੱਟ ਨਾਲ ਸਾਨੂੰ ਤਸੱਲੀ ਨਹੀਂ ਹੋਏਗੀ ਰਾਮ ਜੀ।"

ਸੱਜਨ ਬੋਲਿਆ — "ਮਨ 'ਚ ਤਾਂ ਹੈ, ਪਰ ਕਹਿ ਨਹੀਂ ਸਕਦਾ ਕਿ ਇਸ ਤੇ ਸਦਾ ਪੱਕਾ ਰਹਿ ਸਕਾਂਗਾ। ਕੁਝ ਦਿਨ ਵਿਚਾਰ ਕਰਨ ਦਾ ਵਕਤ ਦਿਓ।"

"ਤਾ ਓਦੋਂ ਤੱਕ ਅਸੀਂ ਇੰਜ ਈ ਥਾਲੀ ਅੱਗੇ ਬੈਠੇ ਰਹਾਂਗੇ, ਰਾਮ ਜੀ ?"

ਕੰਨਿਆ ਆਪਣੇ ਪਤੀ ਵੱਲ ਵੇਖਦੀ ਰਹੀ। ਸੱਜਨ ਦੇ ਚਿਹਰੇ ਉੱਤੇ ਉਹਦੇ ਅੰਦਰਲਾ ਸਖ਼ਤ ਆਪਾ ਵਿਰੋਧ ਦਿੱਸ ਰਿਹਾ ਸੀ।

ਬਾਬਾ ਜੀ ਨੇ ਫਿਰ ਕਿਹਾ — "ਰਾਮ ਜੀ, ਜਾਂ ਤਾਂ ਜੋ ਕੁਝ ਤੁਸੀਂ ਮੰਨਦੇ ਓ ਉਸ ਉੱਤੇ ਡਟੋ। ਨਹੀਂ ਤਾਂ ਉਹਨੂੰ ਭੁੱਲ ਕੇ ਉਸੇ ਚੱਕਰ ਵਿਚ ਘੁੰਮੋਂ ਜੀਹਦੇ ਵਿਚ ਦੁਨੀਆਂ ਘੁੰਮਦੀ ਹੈ। ਸੋਚ ਵਿਚਾਰ ਆਖ਼ਰ ਕਦੋਂ ਤੱਕ ਕਰਦੇ ਰਹੋਗੇ ? ਕੋਈ ਸੋਚ ਵਿਚਾਰ ਤਾਂ ਤਿਰਸ਼ੰਕੂ ਵਾਲੀ ਹਾਲਤ ਹੈ।"

"ਤੁਸੀਂ ਹੁਣ ਤੋਂ ਏਹੋ ਦਛੱਣਾ ਮੰਗਦੇ ਓ, ਬਾਬਾ ਜੀ ?" ਸੱਜਨ ਨੇ ਪੁੱਛਿਆ।

"ਇਹ ਪੁੱਛ ਕੇ ਈ ਤੁਹਾਨੂੰ ਕੀ ਲਾਭ ਹੋਏਗਾ ? ਸਮਝ ਲਓ ਕਿ ਅੱਜ ਪਹਿਲੀ ਵਾਰ ਇਹ ਤੁਹਾਡੀ ਮਾਇਆ ਵੇਖ ਕੇ ਸਾਨੂੰ ਵੀ ਲੱਛਮੀ ਦਾ ਲਾਲਚ ਹੋ ਗਿਆ ਹੋਏ।"

ਸੱਜਨ ਨੇ ਕੰਨਿਆ ਵੱਲ ਵੇਖਿਆ। ਕੰਨਿਆ ਉਹਦਾ ਮਤਲਬ ਸਮਝ ਕੇ ਬੋਲੀ — "ਮੈਂ ਸਦਾ ਤੋਂ ਅਣਹੋਂਦਾਂ ਵਿਚ ਪਲੀ ਹਾਂ। ਮੈਨੂੰ ਧਨ ਦੀ ਅਣਹੋਂਦ ਨਹੀਂ ਰੜਕੇਗੀ।"

"ਤਾਂ ਮੈਨੂੰ ਵੀ ਨਹੀਂ ਚੁਭੇਗਾ। ਬਾਬਾ ਜੀ, ਤੁਹਾਡੀ ਆਗਿਆ ਮਨਜ਼ੂਰ ਹੈ। ਬਹੁਤ ਭੋਗ ਲਿਆ ਇਸ ਦਾ ਸੁਖ। ਹੁਣ ਅੰਦਰ ਦੀ ਸ੍ਰੀ ਚਾਹੁੰਦਾ ਹਾਂ।"

'ਤੁਸੀਂ ਭੋਜਨ ਕਰੋ। ਤੁਸੀਂ ਕੇਵਲ ਸਾਡੇ ਖ਼ਜ਼ਾਨਚੀ ਹੋ। ਤੁਸੀਂ ਕੇਵਲ ਤਨਖ਼ਾਹ ਲਵੋਗੇ।"

' ਠੀਕ ਹੈ, ਐਸਾ ਹੀ ਹੋਏਗਾ, ਇਸ ਧਨ ਤੋਂ ਅੱਜ ਤੋਂ ਮੇਰੀ ਮਾਲਕੀ ਗਈ।"

'ਹਾਂ ਰਾਮ ਜੀ, ਇਸ ਲੰਗਰ ਦੇ ਸਹਾਰੇ ਤੁਹਾਨੂੰ ਰਹਿਣਾ ਪਏਗਾ। ਇਕ ਇਕ ਪਲ ਦੇ ਚਿੰਤਨ ਦੀ ਸਾਧਨਾ ਤੁਹਾਨੂੰ ਆਪਣਾ ਸਵਾਮੀ ਬਣਾਏਗੀ। ਤੁਸੀਂ ਸਵਾਮੀ ਬੰਣਨਾ ਚਾਹੁੰਦੇ ਓ ਨਾ ? ਬਣੋ !"

ਰੰਗ ਭਰੀ, ਸੁਖ-ਮਸਤੀ ਭਰੀ, ਤਾਜ਼ੇ ਸ਼ਿੰਗਾਰ ਨਾਲ ਭਰੀ ਹੋਈ ਵਿਚਾਰਮਗਨ ਹੋ ਗਈ। ਸੱਜਨ ਉਮਡਦੇ ਵਿਚਾਰਾ ਦੇ ਸਾਗਰ ਵਿਚ ਵਹਿੰਦਾ ਗਿਆ। ਉਸ ਵੇਲੇ ਹਰ ਇਕ ਵਿਚਾਰ ਦਾ ਸਮਝ ਵਿਚ ਆਉਣਾ ਅਸੰਭਵ ਸੀ ਤੇ ਜ਼ਰੂਰੀ ਵੀ ਨਹੀਂ ਸੀ; ਉਹ ਜਜ਼ਬਿਆਂ ਦੇ ਸਮੁੰਦਰੀ ਤਲ ਤੇ ਬੈਠ ਗਿਆ ਸੀ, ਉਹਦੇ ਆਲੇ ਦੁਆਲੇ ਤੇ ਉੱਤੇ ਉਸੇ ਪਾਣੀ ਦੇ ਜੀਵ-ਜੰਤੂ, ਸੁੰਦਰ-ਅਸੁੰਦਰ, ਤੇਜ਼ ਤੋਰ ਵਾਲਾ ਅਤੇ ਸੁਸਰੀ ਤੋਰ ਵਾਲੇ ਵਿਚਾਰਾਂ ਉਹਨੂੰ ਘੇਰਿਆ ਹੋਇਆ ਸੀ।

38

ਬਾਬਾ ਜੀ ਨੂੰ ਖਾਣਾ ਖਾ ਕੇ ਗਿਆਂ ਲੱਗ ਭੱਗ ਦੋ ਘੰਟੇ ਹੋ ਚੁਕੇ ਸਨ। ਪੋਰਟਿਕੋ ਦੇ ਬਾਹਰ ਖਲੋਤੀ ਹੋਈ ਬੱਸ ਤੱਕ ਬਾਬਾ ਜੀ ਨੂੰ ਪਹੁੰਚਾ ਕੇ ਪਤੀ ਪਤਨੀ ਜਦ ਪਰਤੇ ਤਾਂ ਹੇਠਲੀ ਗੈਲਰੀ ਤੱਕ ਇਕੱਠੇ ਰਹੇ। ਸੱਜਨ ਉਪਰ ਚਲਾ ਗਿਆ, ਕੰਨਿਆ ਨੌਕਰਾਂ ਨੂੰ ਖਵਾਉਣ ਪਿਆਉਣ ਅਤੇ ਭੰਡਾਰ ਘਰ ਬੰਦ ਕਰਨ ਲਈ ਹੇਠਾਂ ਹੀ ਰਹੀ।

ਕੰਨਿਆ ਉਦੋਂ ਤੋਂ ਕਿਸੇ ਨਾ ਕਿਸੇ ਕੰਮ ਵਿਚ ਲੱਗੀ ਰਹੀ। ਨੌਕਰਾਂ ਨੂੰ ਖੁਆ-ਪਿਆ ਕੇ ਅਤੇ ਬਖ਼ਸ਼ੀਸ਼ ਆਦਿ ਦੇ ਕੇ ਦੋ ਘੰਟੇ ਦੀ ਛੁੱਟੀ ਦਿਤੀ। ਠਾਕੁਰਦੁਆਰੇ ਵਿਚ ਪੂਜਾ ਵਾਲੇ ਬਰਤਨ ਮਾਂਜੇ; ਕੁਝ ਦੇਰ ਤੱਕ ਆਪਣੀ ਸੱਸ ਦੀ ਤਸਵੀਰ ਦੇ ਅੱਗੇ ਟਿਕਟਿਕੀ ਬੰਨ੍ਹੀ ਵੇਖਦੀ ਰਹੀ; ਠਾਕੁਰ ਜੀ ਦੇ ਸਾਹਮਣੇ ਰੱਖੇ ਦੀਵੇ ਵਿਚ ਘਿਉ ਪਾਇਆ, ਬੱਤੀ ਠੀਕ ਕੀਤੀ, ਕੁਝ ਦੇਰ ਝਾੜ-ਫਨੂਸਾਂ ਨੂੰ ਵੇਖਦੀ ਰਹੀ। ਕਮਰੇ ਦੀ ਛੱਤ ਅਤੇ ਕੰਧਾਂ ਉੱਤੇ ਪੁਰਾਣੀ ਚਿਤ੍ਰਕਾਰੀ ਹੋ ਰਹੀ ਸੀ, ਉਹਨੂੰ ਗੁਆਚੀਆਂ ਨਜ਼ਰਾਂ ਨਾਲ ਨਿਹਾਰਦੀ ਰਹੀ। ਫਿਰ ਠਾਕੁਰਦੁਆਰੇ ਦੇ ਦਰਵਾਜ਼ੇ ਬੰਦ ਕੀਤੇ।

ਬਾਹਰ ਥੜੇ ਤੇ ਆਈ। ਲਾਅਨ ਪਾਰ ਕਰ ਕੇ ਦੂਸਰੇ ਪਾਸੇ ਰਸੋਈ ਵਾਲੇ ਬਰਾਂਡੇ 'ਚੋਂ ਸੁਸਤ ਚਾਲ, ਗੁਆਚੀ ਜਿਹੀ ਲੰਘਦੀ ਹੋਈ ਏਸ ਪਾਸੇ ਦੀਆਂ ਪੌੜੀਆਂ ਚੜ੍ਹ ਗਈ।

ਇਸ ਕੋਠੀ ਦੇ ਵੱਡੇ ਵੱਡੇ ਕਮਰੇ ਕੀਮਤੀ ਸਾਮਾਨ ਨਾਲ ਸੱਜੇ ਹੋਏ ਸਨ। ਸਟੂਡੀਓ ਵਾਲੇ ਕਮਰੇ ਨੂੰ ਛੱਡ ਕੇ, ਜਿੱਥੇ ਸੱਜਨ ਬੈਠਾ ਹੋਇਆ ਸੀ, ਕੰਨਿਆ ਬੜੀ ਦੇਰ ਤੱਕ ਏਧਰ ਉਧਰ ਘੁੰਮਦੀ ਰਹੀ। ਕਦੇ ਏਥੇ ਖੜੀ ਹੁੰਦੀ, ਕਦੇ ਪਲ ਭਰ ਲਈ ਉਥੇ ਬੈਠਦੀ, ਕਦੇ ਕਿਸੇ ਪੁਰਾਣੀ ਮੂਰਤੀ ਜਾਂ ਫ਼ਰਨੀਚਰ ਉੱਤੇ ਜੰਮੀ ਹੋਈ ਧੂੜ ਸਾਫ਼ ਕਰਦੀ – ਇੰਜ ਹੀ ਬਹਾਨੇ ਨਾਲ ਆਪਣਾ ਮਨ ਟੋਹ ਰਹੀ ਸੀ। ਇਹ ਘਰ, ਇਸ ਘਰ ਦੀ ਹਰ ਚੀਜ਼ ਉਸ ਦੀ ਹੈ। ਉਹ ਘਰ ਦੀ ਮਾਲਕਣ ਹੈ। ਪੰਜ ਛੇ ਮਹੀਨੇ ਪਹਿਲਾਂ ਕੰਨਿਆ ਸੁਪਨੇ ਵਿਚ ਵੀ ਇਸ ਗੱਲ ਦੀ ਕਲਪਨਾ ਨਹੀਂ ਕਰ ਸਕਦੀ ਸੀ। ਆਪਣੇ ਪੇਕੇ ਘਰ ਦੇ ਵਾਤਾਵਰਣ ਨਾਲ ਅਸੰਤੁਸ਼ਟ ਪੈਸੇ ਦੀ ਅਣਹੋਂਦ ਵਿਚ ਪਲੀ, ਬਾਹਰੋਂ ਸੰਭਲੀ, ਪਰ ਅੰਦਰੋਂ ਖਿਝ ਨਾਲ ਭਰੀ, ਆਪਣੀਆਂ ਨਾ ਸਮਝੀਆਂ ਹੋਈਆਂ ਵੱਡੀਆਂ ਇੱਛਾਵਾਂ ਲੈ ਕੇ ਕਦੇ ਸਾਹਿਤ ਅਰਾਧਨਾ, ਕਦੇ ਅਭਿਨੈ ਕਲਾ ਅਤੇ ਕਦੇ ਰਾਜਨੀਤੀ ਦੇ ਪਿੜ ਵੱਲ ਵੱਧਣ ਵਾਲੀ ਇਸ ਮੁਟਿਆਰ ਨੇ ਰਿਆਸਤੀ ਸ਼ਾਨ ਦੇ ਸੰਬੰਧ ਵਿਚ ਪੜ੍ਹਿਆ ਸੁਣਿਆ ਤਾਂ ਜ਼ਰੂਰ ਸੀ, ਪਰ ਜੀ ਭਰ ਕੇ ਵੇਖਣ ਦਾ ਮੌਕਾ ਵੀ ਪਹਿਲਾਂ ਕਦੇ ਨਹੀਂ ਸੀ ਮਿਲਿਆ। ਉਹ ਰਿਆਸਤ ਤੋਂ ਘਿਰਣਾ ਕਰਦੀ ਸੀ, ਰਈਸਾਂ ਉੱਤੇ ਵਿਅੰਗ ਬਾਣ ਵਰ੍ਹਾਉਂਦੀ ਸੀ। ਪਰ ਜਦ ਸੱਜਨ ਉਹਦੇ ਪ੍ਰਣ ਦਾ ਜਾਚਕ ਬਣਿਆ ਅਤੇ ਉਹ ਮਨੋਂ ਉਹਦੇ ਵੱਲ ਝੁਕ ਗਈ ਉਦੋਂ ਤੋਂ ਸੱਜਨ ਦੇ ਨਾਲ ਨਾਲ ਉਹਦੀ ਇਸ ਸ਼ਾਨ ਨਾਲ ਉਹਦਾ ਲੋਭ ਵੀ

ਅਣਜਾਣੇ ਹੀ ਵੱਧ ਗਿਆ ਸੀ। ਵਿਆਹ ਤੋਂ ਪਿੱਛੋਂ ਸੱਜਨ ਨੇ ਆਪਣਾ ਸਾਰਾ ਰਾਜ ਭਾਗ ਉਹਨੂੰ ਸੌਂਪ ਦਿਤਾ। ਇਕ ਦਿਨ ਜਦ ਆਪਣੇ ਸ਼ੌਕ ਲਈ ਉਹਨੇ ਆਪਣੀ ਮਾਂ ਦਾਦੀ ਅਤੇ ਪੜਦਾਦੀ ਦੇ ਪੁਰਾਣੇ ਜੜਾਊ ਗਹਿਣੇ ਪਹਿਨਾ ਕੇ "ਬਹੂਰਾਣੀ" ਦੇ ਰੂਪ ਵਿਚ ਉਹਦਾ ਪੋਰਟ੍ਰੇਟ ਬਣਾਇਆ ਸੀ ਤਾਂ ਲੱਖ ਅੱਸੀ ਹਜ਼ਾਰ ਦੀ ਸੰਪਤੀ ਆਪਣੇ ਸ਼ਰੀਰ ਤੇ ਲੱਦ ਕੇ ਉਹਨੂੰ ਬੜਾ "ਓਪਰਾ-ਓਪਰਾ" ਜਿਹਾ ਲੱਗਾ ਸੀ। ਹੁਣ ਤਾਂ ਉਹ ਹੌਲੀ ਹੌਲੀ ਆਪਣੀ ਸ਼ਾਨ ਦੀ ਆਦੀ ਹੋ ਚਲੀ ਸੀ। ਹੁਣ ਉਹਨੂੰ "ਓਪਰਾ ਓਪਰਾ" ਜਿਹਾ ਨਹੀਂ ਸੀ ਲਗਦਾ। ਇਸ ਸੁਭਾਵਿਕਤਾ ਵਿਚ ਅੱਜ ਤਿਆਗ ਦੀ ਛੁਰੀ ਨੇ ਚੀਰ ਪਾ ਦਿਤਾ ਸੀ। ਬੌਧਕ ਤੌਰ ਤੇ ਕੰਨਿਆ ਇਸ ਤਿਆਗ ਦਾ ਵਿਰੋਧ ਨਹੀਂ ਕਰ ਸਕਦੀ, ਫਿਰ ਵੀ ਤਿਆਗ ਕਰਦਿਆਂ ਹੋਇਆਂ ਉਹਦਾ ਮਨ ਉਦਾਸ ਹੈ, ਰਹਿ ਰਹਿ ਕੇ ਕੁਰੇਦ ਰਿਹਾ ਹੈ। ਜੇਕਰ ਇਹ ਸਾਰੀ ਜਾਇਦਾਦ ਬਾਬਾ ਰਾਮ ਜੀ ਆਪਣੇ ਨਾਲ ਚੁੱਕ ਕੇ ਨਹੀਂ ਲੈ ਗਏ, ਫਿਰ ਵੀ ਉਹਨੂੰ ਲਗਦਾ ਹੈ ਕਿ ਇਹ ਹੁਣ ਉਹਦੀ ਨਹੀਂ ਰਹੀ।

ਇਹ ਉਦਾਸੀ ਉਹਦੇ ਨਵੇਂ ਜੀਵਨ ਦੇ ਖੇੜੇ ਵਾਲੇ ਵਰਤਮਾਨ ਪਲਾਂ ਵਿਚ ਚੁਭੀ; ਅਧਿਆਤਮਕ ਸਚਾਈ ਦੀ ਨਜ਼ਰ ਤੋਂ ਇਹ ਤਿਆਗ ਵਾਲੀ ਬਿਰਤੀ ਠੀਕ ਹੈ, ਇਹਦੀ ਪਾਲਣਾ ਕਰਨ ਵਾਲਾ ਗ੍ਰਿਹਸਤ ਸੁਖੀ ਰਹਿੰਦਾ ਹੈ। ਪਰ ਇਹਦੇ ਇਹ ਅਰਥ ਤਾਂ ਨਾ ਹੋਏ ਕਿ ਅਸੀਂ ਗ੍ਰਿਹਸਤੀ ਨਹੀਂ ਰਹੇ। ਇਹ ਮੇਰਾ ਗ੍ਰਿਹਸਤ ਹੈ। ਮੈਂ ਸੁਖੀ ਹਾਂ। ਸੁਭਾਗਵਤੀ ਹਾਂ। ਆਪਣੇ ਗ੍ਰਿਹਸਤ ਅਤੇ ਸੁਖ ਸੁਭਾਗ ਨੂੰ ਚੈਨ ਨਾਲ ਭੋਗਾਂਗੀ ਵੀ।

ਮਨ ਦਾ ਦੁੱਖ ਕਿਸੇ ਹੱਦ ਤਾਈਂ ਹੌਲਾ ਹੋਇਆ, ਪਿਆਰੇ ਦੀ ਯਾਦ ਆਈ। ਕੰਨਿਆ ਉੱਠੀ; ਆਪਣੇ ਸੌਣ ਕਮਰੇ ਵਿਚ ਗਈ। ਸੱਜਨ ਓਥੇ ਨਹੀਂ ਸੀ। ਕੰਨਿਆ ਨੇ ਸ਼ੀਸ਼ੇ ਵਿਚ ਆਪਣਾ ਚਿਹਰਾ ਵੇਖਿਆ — ਲੱਥਾ ਲੱਥਾ ਲੱਗਾ। ਕੰਨਿਆ ਆਪਣੇ ਪਿਆਰ ਸਾਹਮਣੇ ਫਿੱਕਾ ਉਦਾਸ ਚਿਹਰਾ ਲੈ ਕੇ ਨਹੀਂ ਸੀ ਜਾਣਾ ਚਾਹੁੰਦੀ; ਉਹਨੂੰ ਕਿਤੇ ਇਸ ਗੱਲ ਦਾ ਪਤਾ ਨਹੀਂ ਲਗਣਾ ਚਾਹੀਦਾ। ਸਾਬਣ ਨਾਲ ਮੂੰਹ ਧੋਤਾ, ਕਰੀਮ ਲਈ, ਬਿੰਦੀ ਲਾਈ, ਵਾਲਾਂ ਨੂੰ ਮਾੜਾ ਜਿਹਾ ਸਵਾਰ ਲਿਆ, ਫਿਰ ਅਚਾਨਕ ਕੁਝ ਜੀਅ ਵਿਚ ਆਇਆ; ਲਾਗਲੇ ਕਮਰੇ ਵਿਚ ਜਾ ਕੇ ਵਾਰਡਰੋਬ ਖੋਹਲੀ, ਨੀਲੇ ਰੰਗ ਦੀ ਰੇਸ਼ਮੀ ਬੰਗਲੌਰੀ ਸਾੜ੍ਹੀ ਕੱਢੀ, ਫਿਰ ਹੀਰਿਆਂ ਦਾ ਸੈੱਟ ਕੱਢ ਕੇ ਪਹਿਨਿਆਂ। ਕੰਨਾਂ ਵਿਚ ਵਾਲੀਆਂ, ਨੱਕ ਵਿਚ ਕਿੱਲ, ਗਲ 'ਚ ਹਾਰ, ਸੱਜੇ ਹੱਥ ਵਿਚ ਚਾਰ ਚੂੜੀਆਂ, ਖੱਬੇ ਵਿਚ ਹੀਰੇ ਜੜੀ ਘੜੀ। ਵਨਕੰਨਿਆ ਨੇ ਸੱਜਨ ਦਾ ਖ਼੍ਰੀਦਿਆ ਹੋਇਆ ਇਹ ਹੀਰਿਆ ਦਾ ਨਵਾਂ ਸੈੱਟ ਪਹਿਲੀ ਵਾਰ ਹੀ ਪਾਇਆ ਸੀ। ਸਰੀਰ ਤੇ ਚੜ੍ਹੇ ਹੀਰਿਆਂ ਦੀ ਲੋਅ ਕੰਨਿਆ ਦੇ ਮਨ ਨੂੰ ਚੜ੍ਹ ਗਈ। ਉਹਨੂੰ ਸ਼ੀਸ਼ੇ ਵਿਚ ਆਪਣਾ ਰੂਪ-ਸ਼ਿੰਗਾਰ ਨਸ਼ਿਆਇਆ ਲੱਗਾ।

ਸੱਜਨ ਆਪਣੇ ਸਟੂਡੀਓ ਵਿਚ ਤਸਵੀਰ ਬਣਾ ਰਿਹਾ ਸੀ। ਕੰਨਿਆ ਨੂੰ ਦੇਖਦਿਆਂ ਹੀ ਉਹਦਾ ਚਿਹਰਾ ਅਤੇ ਅੱਖਾਂ ਅਚਰਜ ਅਤੇ ਖੁਸ਼ੀ ਨਾਲ ਚਮਕ ਉੱਠੀਆਂ। "ਹਲੋ!"

ਉਹਨੇ ਸਿਰ ਤੋਂ ਪੈਰਾਂ ਤਕ ਕੰਨਿਆ ਵਲ ਵੇਖਿਆ ।

"ਨਜ਼ਰ ਲਾਉਣੀ ਏਂ ਸਗੋਂ ?"

"ਨਜ਼ਰ ਜਦ ਲਗਣੀ ਸੀ ਲਗ ਗਈ । ਹੁਣ ਤੇ ਤੈਨੂੰ ਵੇਖ ਕੇ ਆਪਣੀਆਂ ਨਜ਼ਰਾਂ ਭਰਦਾ ਹਾਂ ।"

"ਮੈਂ ਸੋਚਿਆ ਸ਼ਿਕਾਇਤ ਕਰੇਂਗਾਂ । ਏਨੀਆਂ ਕੀਮਤੀ ਚੀਜ਼ਾਂ ਤੂੰ ਇੰਨੇ ਸ਼ੌਕ ਨਾਲ ਖ਼੍ਰੀਦੀਆਂ ।" — ਕੰਨਿਆ ਨੇ ਕਿਹਾ, ਫਿਰ ਰੁਕੀ ਅਤੇ ਗੰਭੀਰ ਹੋ ਗਈ — ਬੋਲੀ — "ਤਿਆਗ ਤੋਂ ਪਹਿਲਾਂ ਇਕ ਵਾਰ ਹਾਸਲ ਕਰਨ ਨੂੰ ਜੀ ਚਾਹੁੰਦਾ ਸੀ ।"

ਸੱਜਨ ਨੇ ਪਿਆਰ ਨਾਲ ਉਹਦੀ ਗੱਲ੍ਹ ਨੂੰ ਥਪਕਿਆ, ਬੋਲਿਆ — "ਮੈਂ ਏਨੀ ਦੇਰ ਤੋਂ ਡੂੰਘੀ ਵਿਚਾਰ ਕਰ ਰਿਹਾ ਸੀ ਤੇ ਨਿਸ਼ਚੇ ਤਕ ਵੀ ਪਹੁੰਚ ਚੁਕਾ ਸਾਂ ।"

ਕੰਨਿਆ ਅੱਖਾਂ ਵਿਚ ਪ੍ਰਸ਼ਨ ਚਿੰਨ੍ਹ ਲੈ ਕੇ ਉਹਨੂੰ ਵੇਖਣ ਲੱਗੀ ।

ਸੱਜਨ ਬੋਲਿਆ – "ਵੇਖ ਕੰਨਿਆ, ਅਣਹੋਂਦ ਜਾਂ ਬਲ ਦੇਂਦਾ ਏ ਜਾਂ ਮਾਰ ਦੇਂਦਾ ਏ । ਸਾਡੇ ਦੋਹਾਂ 'ਚੋਂ ਮੈਂ ਸਮਝਦਾਂ ਕਿ ਅਣਹੋਂਦ 'ਚੋਂ ਬਲ ਲੈਣ ਦੀ ਆਸ ਹੀ ਜ਼ਿਆਦਾ ਕੀਤੀ ਜਾ ਸਕਦੀ ਏ, ਪਰ ਇਹਦੇ ਨਾਲ ਨਾਲ ਇਕ ਹੋਰ ਗੱਲ ਵੀ ਏ । ਮੇਰੇ ਮਨ ਵਿਚ ਕੁਝ ਅਤ੍ਰਿਪਤੀਆਂ ਵੀ ਹਨ । ਜਿਵੇਂ, ਹੋਰ ਕੁਝ ਨਹੀਂ; ਮੇਰਾ ਵਿਆਹੁਤਾ ਜੀਵਨ ਹੁਣੇ ਈ ਸ਼ੁਰੂ ਹੋਇਆ ਏ, ਤੈਨੂੰ ਨਾਲ ਲੈ ਕੇ ਘੁੰਮਾਂ, ਖ਼ੂਬ ਦੂਰ ਦੂਰ ਤਕ ਅਸੀਂ ਲੋਕ ਇਕੱਠੇ ਦੁਨੀਆਂ ਵੇਖੀਏ, ਇਹ ਮੇਰੀ ਬੜੀ ਇੱਛਾ ਏ । ਮੈਂ ਵੇਖਿਆ ਕਿ ਆਪਣੀ ਇਸ ਇੱਛਾ ਨੂੰ ਮੈਂ ਦਬਾਉਣਾ ਚਾਹਾਂ ਤਾਂ ਦਬਾ ਜ਼ਰੂਰ ਲਵਾਂਗਾ, ਪਰ ਉਹਦੇ ਨਾਲ ਮੈਨੂੰ ਚੈਨ ਨਹੀਂ ਮਿਲੇਗਾ ।"

ਕਹਿੰਦਿਆਂ ਕਹਿੰਦਿਆਂ ਸੱਜਨ ਰੁਕਿਆ, ਸੋਚਣ ਲੱਗਾ । ਕੰਨਿਆ ਉਹਦੇ ਕੋਲ ਈ ਕੁਰਸੀ ਖਿੱਚ ਕੇ ਬੈਠ ਗਈ ਸੀ, ਉਹ ਉਹਨੂੰ ਉਸ ਨਜ਼ਰ ਨਾਲ ਲਗਾਤਾਰ ਵੇਖ ਰਹੀ ਸੀ ਜੋ ਕੇਵਲ ਸੁਹਾਗਣਾਂ, ਇਕ ਨਿਸ਼ਠਾ ਵਾਲੇ ਪ੍ਰੇਮ ਵਾਲੀਆਂ ਇਸਤਰੀਆਂ ਨੂੰ ਹੀ ਪ੍ਰਾਪਤ ਹੁੰਦੀ ਹੈ । ਇਸ ਨਜ਼ਰ ਵਿਚ ਰਸ ਸੀ, ਵਾਸ਼ਨਾ ਵੀ ਸੀ, ਪਰ ਉਹ ਲੂਅ ਵਾਂਗ ਤਪਾਉਂਦੀ ਨਹੀਂ ਸੀ, ਸਗੋਂ ਸਵੇਰ ਦੀ ਹਵਾ ਵਾਂਗ ਵੇਖਣ ਨੂੰ ਸੁਭਾਵਕ ਹੀ ਤ੍ਰਿਪਤੀ ਨਾਲ ਭਰ ਦੇਂਦੀ ਸੀ ।

ਕੰਨਿਆ ਬੋਲੀ — "ਘੁੰਮਣ ਦੀ ਇੱਛਾ ਤਾਂ ਮੇਰੀ ਵੀ ਹੁੰਦੀ ਏ ।"

"ਹਾਂ ਕੰਨਿਆ ! ਮੈਂ ਹੁਣ ਤੋਂ ਇਹ ਜ਼ਰੂਰ ਕਰਾਂਗਾ ਕਿ ਆਪਣੇ ਲਈ ਜ਼ਿਆਦਾ ਸੁਖ-ਸਾਧਨਾਂ ਨੂੰ ਨਾ ਬਟੋਰਾਂ, ਘਟ ਤੋਂ ਘਟ ਵਿਚ ਕੰਮ ਨਿਭਾਵਾਂਗਾ ।" ਪਰ ਕੁਝ ਚੀਜ਼ਾਂ ਐਸੀਆਂ ਵੀ ਨੇ ਜਿਨ੍ਹਾਂ ਨੂੰ ਮੈਂ ਇਕ ਦਮ ਤਿਆਗਣਾ ਨਹੀਂ ਚਾਹੁੰਦਾ । ਇਹ ਗੱਲ ਨਹੀਂ ਕਿ ਆਪਣੇ ਆਪ ਨੂੰ ਧੋਖਾ ਦੇ ਰਿਹਾ ਹਾਂ । ਪਰ ਮੈਂ ਆਪਣੀਆਂ ਸੀਮਾਵਾਂ ਨੂੰ ਹੌਲੀ ਹੌਲੀ ਵਧਾਉਣਾ ਚਾਹੁੰਦਾ ਹਾਂ । ਹਾਂ, ਜੋ ਚੀਜ਼ ਮਾਅਰਕੇ ਦੀ ਏ, ਤੇ ਜਿਹੜੀ ਮੈਨੂੰ

ਉਚਿੱਤ ਲਗਦੀ ਏ, ਉਹ ਇਹ ਕਿ ਭਵਿੱਖ ਵਿਚ ਹੋਣ ਵਾਲੇ ਆਪਣੇ ਬੱਚਿਆਂ ਦੇ ਮੋਹ ਦਾ ਬਹਾਨਾ ਕਰਕੇ ਮੈਂ ਆਪਣੀ ਇਹ ਪੁਰਖਿਆਂ ਦੀ ਜਾਇਦਾਦ ਹੜਪ ਨਹੀਂ ਕਰਾਂਗਾ। ਮੇਰੇ ਕੋਲ ਇਸ ਵੇਲੇ ਮੋਟੇ ਅੰਦਾਜ਼ ਮੁਤਾਬਕ ਲਗਭਗ ਅੱਠ ਲੱਖ ਦੀ ਪੂੰਜੀ ਹੈ। ਡੈਡੀ ਨੇ ਬਹੁਤ ਰਕਮ, ਤਕਰੀਬਨ ਏਨੀ ਹੀ ਰਕਮ ਅਯਾਸ਼ੀ ਵਿਚ ਫੂਕੀ; ਲਗਭਗ ਚਾਰ ਪੰਜ ਲੱਖ ਕੋਰਟ ਆਫ ਵਾਰਡਜ਼ ਦੇ ਸਮੇਂ ਵਿਚ ਲੁੱਟੇ ਗਏ — ਖ਼ੈਰ ਜੋ ਕੁਝ ਵੀ ਹੋਏ, ਮੈਂ ਆਪਣੀ ਅੱਧੀ ਰਕਮ ਦਾ ਛੇਤੀ ਹੀ ਟਰਸਟ ਕਰ ਦਿਆਂਗਾ। — ਅਸੀਂ ਇਹਦੇ ਨਾਲ ਸਮਾਜ ਭਲਾਈ ਦੇ ਕੰਮ ਕਰਾਂਗੇ।"

ਕੰਨਿਆ ਦੇ ਮਨ 'ਚ ਬੜਾ ਉਤਸ਼ਾਹ ਜਾਗਿਆ। ਬੋਲੀ – "ਤੂੰ ਠੀਕ ਹੀ ਮੇਰੇ ਮਨ ਦੀ ਗੱਲ ਕਹੀ ਏ। ਵੇਖ ਸੱਜਨ, ਤੇਰੇ ਸਾਹਮਣੇ ਆਪਣੇ ਮਨ ਦੀ ਗੱਲ ਮੈਂ ਖੋਲ੍ਹ ਕੇ ਕਹਿ ਦਿਆਂ, ਸੱਚ ਮੰਨੀਂ ਜਦ ਸਾਡਾ ਮਨ ਮਿਲਿਆ ਓਦੋਂ ਮੇਰੇ ਮਨ ਵਿਚ ਇਹ ਗੱਲ ਨਹੀਂ ਸੀ ਕਿ ਤੂੰ ਬੜੇ ਪੈਸੇ ਵਾਲਾ ਏਂ। ਵਿਸ਼ਵਾਸ ਕਰੀਂ। ਹਾਂ, ਜਦੋਂ ਮੈਂ ਕਲਪਨਾ ਕਰਦੀ ਸਾਂ ਕਿ ਤੇਰੇ ਨਾਲ ਮੇਰੀ ਸ਼ਾਦੀ ਹੋਏਗੀ — ਤਾਂ ਉਹਦੇ ਨਾਲ ਨਾਲ — ਇਸ ਘਰ ਦੀ ਮਾਲਕਣ ਬਣਨ ਦੀ ਗੱਲ ਮਨ ਵਿਚ ਪੈਦਾ ਹੀ ਨਾ ਹੁੰਦੀ ਹੋਏ, ਇਹ ਦਾਅਵਾ ਕਰਨਾ ਤਾਂ ਗਲਤ ਹੋਏਗਾ — ਇਸ ਘਰ ਵਿਚ ਆ ਕੇ ਜ਼ਰੂਰ ਮੈਨੂੰ ਸਾਰੀ ਸ਼ਾਨ ਨਾਲ ਮੋਹ ਪਿਆ। ਤੇਰੇ ਵਤੀਰੇ ਨੇ ਹੀ ਮੇਰੇ ਅੰਦਰ ਇਹ ਮੋਹ ਜਗਾਇਆ......ਮੈਂ ਆਪਣੀ ਗੱਲ ਤੈਨੂੰ ਠੀਕ ਠੀਕ ਦੱਸਦੀ ਆਂ, ਪਰ ਤੂੰ ਉਹਨੂੰ ਠੀਕ ਠੀਕ ਈ ਸਮਝੀਂ।"

ਸੱਜਨ ਬੋਲਿਆ — "ਮੈਂ ਉਹਨੂੰ ਬਿਲਕੁਲ ਠੀਕ ਸਮਝ ਰਿਹਾ ਹਾਂ।"

"ਅਜ ਬਾਬਾ ਜੀ ਨੇ ਜਦ ਆਖਿਆ ਤਾਂ ਓਸ ਵੇਲੇ ਮੈਂ ਜ਼ਿਆਦਾ ਉਦਾਸ ਨਹੀਂ ਹੋਈ; ਲਗਾ ਕਿ ਮੇਰੇ ਲਈ ਤਾਂ ਇਹ ਤਿਆਗ ਸੁਭਾਵਕ ਹੀ ਏ। ਪਰ ਇਕੱਲ ਵਿਚ ਏਨੀ ਦੇਰ ਤੋਂ –" ਕਹਿੰਦਿਆਂ ਕਹਿੰਦਿਆਂ ਕੰਨਿਆ ਰੁਕ ਗਈ, ਚੁੱਪ ਹੋ ਗਈ, ਸਿਰ ਝੁਕਾ ਲਿਆ।

ਸੱਜਨ, ਖਿੜਖਿੜਾ ਕੇ ਹੱਸ ਪਿਆ। ਕੰਨਿਆ ਤ੍ਰਭਕ ਕੇ ਉਹਨੂੰ ਵੇਖਣ ਲੱਗੀ, ਉਹ ਅਪਰਾਧਣ ਵਾਂਗ ਮਹਿਸੂਸ ਕਰਦੀ ਹੋਈ ਖਿੱਝ ਗਈ। ਸੱਜਨ ਨੇ ਦੋਵੇਂ ਬਾਹਾਂ ਉਹਦੇ ਗਲ ਵਿਚ ਪਾ ਕੇ ਉਹਦੇ ਬੁੱਲ੍ਹ ਆਪਣੇ ਕੋਲ ਕਰ ਲਏ, ਰਸ ਭਰ ਦਿਤਾ ਬੋਲਿਆ — "ਬੜੀ – ਭੋਲੀ ਬੜੀ ਪਿਆਰੀ ਏਂ ਤੂੰ।"

ਸੱਜਨ ਖੜਾ ਹੋ ਗਿਆ, ਇਕ ਆਕੜ ਲਈ, ਇਕ ਅਧੂਰੇ ਚਿੱਤਰ ਵਲ ਡੂੰਘੀ ਨਜ਼ਰ ਸੁੱਟ ਕੇ ਬੋਲਿਆ — "ਸਿੱਧੇ-ਸਾਦੇ ਬੰਦੇ ਲਈ ਏਹੋ ਜਿਹੀਆਂ ਗੱਲਾਂ ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣ ਜਾਂਦੀਆਂ ਨੇ। ਕਿਸੇ ਦੁਨੀਆਂਦਾਰ ਸਾਹਮਣੇ ਇਹ ਗੱਲਾਂ ਜਿਹੜੀਆਂ ਅਸੀਂ ਕਰ ਰਹੇ ਆਂ; ਜੇ ਕਹੀਆਂ ਜਾਣ ਤਾਂ ਉਹ ਸਾਨੂੰ ਪਾਗਲ

ਸਮਝ ਕੇ ਹੱਸ ਪਏਗਾ । ਹਾ ! ਹਾ ! ਹਾ ! ਆਖੇਗਾ, ਸਤਜੁੱਗ ਵਿਚ ਹੁੰਦੇ ਹੋਣਗੇ ਅਜੇਹੇ ਦਾਨ, ਕਲਜੁੱਗ ਵਿਚ ਇਹਦੀ ਕਲਪਨਾ ਕਰਨੀ ਵੀ ਪਾਗਲਪਨ ਏ । –ਚਲੋ ਚੱਲੀਏ ।"

ਕੰਨਿਆ ਉੱਠਦਿਆਂ ਹੋਇਆਂ ਬੋਲੀ — "ਅਜ ਪੈਸੇ ਦੇ ਮੋਹ ਨੂੰ ਵੀ ਮੰਨ ਲਿਆ ।"

"ਤੂੰ ਤਾਂ ਕੁਝ ਵੀ ਨਹੀਂ ਜਾਣਿਆ । ਇਹਦੇ ਜਾਨਣ ਵਾਲੇ ਮੈਂ ਏਹੋ ਏਹੋ ਜਿਹੇ ਵੇਖੇ ਨੇ ਕਿ ਕੀ ਦੱਸਾਂ । ਜੋੜ ਜੋੜ ਕੇ ਲੱਖਾਂ ਧਰ ਜਾਂਦੇ ਨੇ; ਜ਼ਿੰਦਗੀ ਭਰ ਖਾਣ ਪੀਣ ਨੂੰ ਤਰਸਦੇ ਨੇ । ਬੀਮਾਰ ਪੈਣ ਤੇ ਆਪਣੇ ਇਲਾਜ ਨਹੀਂ ਕਰਾ ਸਕਦੇ । ਉਹਨਾਂ ਦਾ ਧਨ ਨਾ ਆਪਣੇ ਕੰਮ ਆਉਂਦਾ ਏ ਨਾ ਹੋਰਨਾਂ ਦੇ ।..."

"ਏਹੋ ਜਿਹੇ ਲੋਕ ਈ ਸੁਣਿਆਂ ਮਰ ਕੇ ਸੱਪ ਬਣਦੇ ਨੇ ।" ਕੰਨਿਆ ਨੇ ਹੱਸ ਕੇ ਕਿਹਾ । ਦੋਵੇਂ ਆਪਣੇ ਕਮਰੇ ਵਿਚ ਪਹੁੰਚ ਗਏ ਸੱਜਨ ਪਲੰਘ ਤੇ ਸਿਰਹਾਣੇ ਦੀ ਢੋਹ ਲਾ ਕੇ ਬਹਿ ਗਿਆ. ਬੋਲਿਆ — "ਭਈ ਸੱਪ ਦੀ ਗੱਲ ਤਾਂ ਅਜੀਬ ਢੰਗ ਨਾਲ ਮੈਨੂੰ ਵੀ ਸੱਚ ਜਾਪਦੀ ਏ, ਅਜੇ ਕਿ ਹੁਣ ਵੀ ਇਹਦੇ ਉੱਤੇ ਵਿਸ਼ਵਾਸ ਨਹੀਂ ਹੁੰਦਾ ।"

ਕੰਨਿਆ ਉਹਦੇ ਸਾਹਮਣੇ ਹੀ ਬੈਠੀ ਸੀ, ਉਹਦਾ ਮੂੰਹ ਵੇਖਣ ਲੱਗੀ ।

ਸੱਜਨ ਨੇ ਕਿਹਾ — "ਸਾਡੇ ਆਪਣੇ ਘਰ ਈ ਸੱਪਾਂ ਦਾ ਜੋੜਾ ਸੀ ।"

"ਕਿੱਥੇ ?"

"ਠਾਕੁਰ ਦੁਆਰੇ ਵਿਚ ।"

"ਠ — ਠਾਕੁ......"

"ਹਾਂ । ਉਹਦੇ ਹੇਠਾਂ ਇਕ ਭੋਰਾ ਏ — ਕਦੇ ਗੱਲ ਨਹੀਂ ਚਲੀ ਨਹੀਂ ਤਾਂ ਹੁਣ ਤਕ ਤੈਨੂੰ ਉਸ ਥਾਂ ਦਾ ਨਿਸ਼ਾਨ ਵਿਖਾ ਚੁਕਾ ਹੁੰਦਾ; ਡੈਡੀ ਦੇ ਮਰਨ ਪਿਛੋਂ ਉਹ ਥਾਂ ਉੱਤੋਂ ਚਿਣਵਾ ਦਿਤੀ ਗਈ । ਮੈਂ ਆਪ ਵੀ ਉਹਦੇ ਅੰਦਰ ਨਹੀਂ ਕਦੇ ਗਿਆ । ਹਾਂ, ਬਚਪਨ ਵਿਚ ਇਕ ਵਾਰ ਉਹਨੂੰ ਖੁਲ੍ਹੱਦਿਆਂ ਜ਼ਰੂਰ ਵੇਖਿਆ ਸੀ ।"

"ਤਾਂ ਉਹਦੇ ਵਿਚ ਸੱਪ ਸਨ ?"

"ਹਾਂ । ਡੈਡੀ ਨੇ ਉਹਨਾਂ ਨੂੰ ਮਰਵਾ ਦਿਤਾ । ਉਹਦੇ ਪਿਛੋਂ ਹੀ ਕੁਝ ਮਹੀਨਿਆਂ ਦੇ ਅੰਦਰ ਉਹ ਵੀ ਮਰ ਗਏ । ਸਾਡੇ ਘਰ ਸਾਰੇ ਲੋਕ ਏਹੋ ਸਮਝਦੇ ਸਨ ਕਿ ਉਹਨਾਂ ਦੀ ਮੌਤ ਓਸੇ ਕਾਰਨ ਹੋਈ ਸੀ । ਮਾਂ ਸੁਣਾਉਂਦੀ ਹੁੰਦੀ ਸੀ ਕਿ ਮੇਰੇ ਪੜਦਾਦਾ ਨੇ ਜਦ ਇਹ ਕੋਠੜੀ ਬਣਵਾਈ ਉਦੋਂ ਸਾਡੇ ਪੁਰਾਣੇ ਘਰੋਂ ਉਸ ਜੋੜੇ ਨੂੰ ਸੋਨੇ ਦੀ ਵਲਟੋਹੀ ਵਿਚ ਏਥੇ ਲਿਆਂਦਾ ਗਿਆ ਸੀ । ਮੇਰੇ ਪੜਦਾਦਾ ਉਂਝ ਤਾਂ ਬੜੇ ਵਿਦ੍ਰੋਹੀ ਕਿਸਮ ਦੇ ਸਨ । ਉਸ ਜ਼ਮਾਨੇ ਵਿਚ ਇੰਗਲੈਂਡ ਗਏ, ਵਾਪਸ ਆਉਣ ਤੇ ਪਸ਼ਚਾਤਾਪ ਵੀ ਨਾ ਕੀਤਾ; ਪਰ ਕਹਿੰਦੇ ਨੇ ਉਹਨਾਂ ਨੂੰ ਵੀ ਇਸ ਜੋੜੇ ਤੇ ਵਿਸ਼ਵਾਸ ਸੀ । ਕਹਿੰਦੇ ਨੇ ਇਹ ਜੋੜਾ ਸਾਡੇ ਪੁਰਖੇ ਰੱਘੂਮੱਲਜੀ ਅਤੇ ਉਹਨਾਂ ਦੀ ਪਤਨੀ ਦਾ ਸੀ । ਉਹ ਨਵਾਬ ਸਆਦਤ ਅਲੀ ਖਾਂ ਨਾਲ ਦਿੱਲੀ ਤੋਂ ਲਖਨਊ ਆਏ ਸਨ ।"

"ਫਿਰ ਕੀ ਹੋਇਆ ?"

"ਉਹ ਬਹੁਤ ਹੀ ਚਤੁਰ ਤੇ ਪ੍ਰਭਾਵਸ਼ਾਲੀ ਸਨ, ਨਵਾਬ ਨੂੰ ਆਪਣੀ ਮੁੱਠ ਵਿਚ ਕੀਤਾ ਹੋਇਆ ਸੀ। ਏਥੇ ਆ ਕੇ ਉਹਨਾਂ ਲੱਖਾਂ ਰੁਪਏ ਕਮਾਏ ਤੇ ਕਹਿੰਦੇ ਨੇ ਮਰਨ ਪਿਛੋਂ ਉਹਨਾਂ ਨੇ ਆਪਣੀ ਪਤਨੀ ਨੂੰ ਸੁਪਨਾ ਦਸਿਆ ਤੇ ਕਿਹਾ ਕਿ ਅਸ਼ਰਫ਼ੀਆਂ ਦੇ ਜਿਸ ਭਾਂਡੇ ਤੇ ਮੈਂ ਬੈਠਾ ਹਾਂ ਉਹਦੇ ਆਲੇ-ਦੁਆਲੇ ਦੋ ਚਾਰ ਹਾਂਡੀਆਂ 'ਚੋਂ ਕੋਈ ਕੁਝ ਨਾ ਕੱਢੇ। ਜਦ ਪਰਿਵਾਰ ਤੇ ਕੋਈ ਸੰਕਟ ਆਏ ਤਾਂ ਲੋੜ ਵੇਲੇ ਇਕ ਕਟੋਰਾ ਅਸ਼ਰਫੀਆਂ ਦਾ ਮੈਂ ਲੈਣ ਦਿਆ ਕਰਾਂਗਾ, ਤੇ ਇਕ ਪਿਆਲਾ ਦੁੱਧ ਮੇਰੇ ਲਈ ਰੱਖ ਦਿਤਾ ਜਾਇਆ ਕਰੇ।"

"ਫਿਰ ?"

"ਫਿਰ ਕੀ, ਉਹਨਾਂ ਦੀ ਮਰਜ਼ੀ ਮੁਤਾਬਕ ਸਭ ਕੁਝ ਕੀਤਾ ਗਿਆ।"

"ਤਾਂ ਕੀ ਸੁਪਨੇ ਦੇ ਪਿਛੋਂ ਠੀਕ ਈ ਸੱਪ —"

"ਹਾਂ, ਕੁਝ ਸਮੇਂ ਪਿਛੋਂ ਉਹਨਾਂ ਦੀ ਪਤਨੀ ਵੀ ਮਰ ਗਈ। ਉਦੋਂ ਲੋਕਾਂ ਨੇ ਉਹ ਜੋੜਾ ਵੇਖਿਆ।"

"ਤੇ ਉਸ ਪੈਸੇ ਨੂੰ ਕਿਸੇ ਨੇ ਨਹੀਂ ਲਿਆ ?"

"ਨਹੀਂ ਸ਼ਾਇਦ ਲੋੜ ਵੀ ਨਹੀਂ ਸੀ। ਰੱਘੂਮੱਲਜੀ ਤੋਂ ਪਿਛੋਂ ਪੰਜਾਂ ਪੀੜ੍ਹੀਆਂ ਤਕ ਸਾਡੀ ਦੌਲਤ ਵਧਦੀ ਹੀ ਗਈ। ਸਾਡੇ ਪੁਰਖੇ ਬੜੇ ਚਤੁਰ ਤੇ ਦੁਨੀਆਂਦਾਰ ਸਨ। ਦਰਬਾਰ ਵਿਚ ਉਹਨਾਂ ਦੀ ਬੜੀ ਇੱਜ਼ਤ ਸੀ। ਜਿੱਧਰ ਹਵਾ ਦਾ ਰੁਖ ਹੁੰਦਾ ਉਦਣ ਈ ਝੁਲਦੇ। ਵਿਉਪਾਰੀਆਂ ਤੋਂ ਸ਼ਾਹੂਕਾਰ ਬਣੇ, ਸ਼ਾਹੂਕਾਰ ਤੋਂ ਤਾਅਲੁਕੇਦਾਰ। ਖ਼ੈਰ ਤਾਂ ਸਾਡੇ ਪੜਬਾਬਾ, ਜਿਨ੍ਹਾ ਨੇ ਇਹ ਕੋਠੀ ਬਣਵਾਈ, ਉਹਨਾਂ ਨੇ ਪਰਖ ਲਈ ਇਕ ਹਾਂਡੀ 'ਚੋਂ ਕੁਝ ਅਸ਼ਰਫੀਆਂ ਕੱਢ ਕੇ ਉਸ ਵੇਲੇ ਵੱਖਰੀਆਂ ਰੱਖ ਲਈਆਂ, ਜਦੋਂ ਸਾਡਾ ਖ਼ਜ਼ਾਨਾ ਏਥੇ ਲਿਆਂਦਾ ਜਾ ਰਿਹਾ ਸੀ। ਉਹਨਾਂ ਨੂੰ ਰਾਤ ਵੇਲੇ ਸੁਪਨਾ ਆਇਆ ਕਿ ਉਹ ਅਸ਼ਰਫੀਆਂ ਵਾਪਸ ਰੱਖ ਦੇਵੇ ਨਹੀਂ ਉਹਨਾਂ ਦੇ ਨੂੰਹ-ਪੁੱਤ ਜਾਂਦੇ ਰਹਿਣਗੇ। ਉਹਨਾਂ ਦੂਜੇ ਦਿਨ ਈ ਉਹ ਅਸ਼ਰਫੀਆਂ ਹਾਂਡੀ ਵਿਚ ਪਾ ਦਿੱਤੀਆਂ। ਮੇਰੇ ਬਾਬਾ ਜੀ ਨੇ ਉਹਨਾਂ ਨੂੰ ਕਦੇ ਨਾ ਛੁਹਿਆ। ਉਹ ਵਿਚਾਰੇ ਤਾਂ ਭਰੀ ਜਵਾਨੀ ਵਿਚ ਹੀ ਚਲ ਵਸੇ। ਇਲਾਕਾ ਕੋਰਟ ਆਫ਼ ਵਾਰਡਜ ਵਿਚ ਚਲਾ ਗਿਆ। ਕਾਫ਼ੀ ਰੁਪਿਆ ਉਸ ਜ਼ਮਾਨੇ ਵਿਚ ਲੁੱਟਿਆ-ਪੁੱਟਿਆ ਗਿਆ ਮੇਰੇ ਡੈਡੀ ਬਾਲਗ ਹੋਏ। ਵਲਾਇਤ ਗਏ। ਵਾਪਸ ਆਏ ਤਾਂ ਇਕ ਦਮ ਬਦਲ ਚੁਕੇ ਸਨ। ਉਹਨਾਂ ਬੜਾ ਪੈਸਾ ਰੋੜ੍ਹਿਆ। ਸੱਪਾਂ ਦਾ ਜੋੜਾ ਵੀ ਨੱਸ਼ੇ ਦੀ ਝੱਖ ਵਿਚ ਆ ਕੇ ਉਹਨਾਂ ਹੀ ਮਰਵਾ ਦਿਤਾ। ਕੁਝ ਚਿਰ ਪਿਛੋਂ ਹੀ ਆਪ ਵੀ ਮਰ ਗਏ! ਮਾਂ ਕਹਿੰਦੀ ਹੁੰਦੀ ਸੀ ਕਿ ਉਹਨਾਂ ਸੱਪ ਪੁਰਖਿਆਂ ਦੇ ਸਰਾਪ ਨਾਲ ਹੀ ਇਹ ਟ੍ਰੈਜੈਡੀ ਹੋਈ।"

"ਤੇ ਉਹ ਅਸ਼ਰਫ਼ੀਆਂ ?"

"ਡੈਡੀ ਨੇ ਢਲਵਾ ਦਿਤੀਆਂ ਸਨ।"

"ਉਸ ਭੋਰੇ ਵਿਚ ਹੁਣ ਕੀ ਏ ?"

"ਪਤਾ ਨਹੀਂ ।"

ਇਕ ਡੂੰਘਾ ਸਾਹ ਲੈ ਕੇ ਕੰਨਿਆ ਨੇ ਕਿਹਾ — "ਸੱਪਾਂ ਹਥੋਂ ਧਨ ਦੀ ਰਾਖੀ ਦੇ ਕਿੱਸੇ ਮੈਂ ਵੀ ਬੜੇ ਸੁਣੇ ਨੇ, ਪਰ ਕਦੇ ਵਿਸ਼ਵਾਸ ਨਹੀਂ ਕਰ ਸਕੀ।"

"ਵਿਸ਼ਵਾਸ ਮੈਂ ਵੀ ਨਾ ਕਰਦਾ। ਪਰ ਮਾਂ ਨੇ ਉਹਨਾਂ ਨੂੰ ਵੇਖਿਆ ਸੀ। ਓਸ ਜੋੜੇ ਨਾਲ ਸਾਡੇ ਘਰ ਦਾ ਇਤਿਹਾਸ ਜੁੜਿਆ ਹੈ।......ਅਜ਼ੀਬ ਉਲਝਨ ਜਾਪਦੀ ਏ, ਇਹਨਾਂ ਗੱਲਾਂ ਦਾ ਵਿਸ਼ਵਾਸ ਕਰੀਏ ਜਾਂ ਨਾ ਕਰੀਏ।"

"ਸੱਚੀ ਗੱਲ ਤਾਂ ਇਹ ਆ ਕਿ ਇਹ ਦੇਸ਼ ਅਜੀਬ ਅਜੀਬ ਗੱਲਾਂ ਨਾਲ ਭਰਿਆ ਪਿਆ ਏ। ਬੜਾ ਜ਼ਬਰਦਸਤ ਆਪਸੀ ਵਿਰੋਧ ਏ ਏਥੇ, ਇਕ ਪਾਸੇ ਤਰਕ, ਗਿਆਨ ਦਰਸ਼ਨ, ਲੋਕ ਰਾਜ ਆਦਿ ਦੀਆਂ ਏਨੀਆਂ ਵੱਡੀਆਂ ਪ੍ਰੰਪਰਾਵਾਂ ਤੇ ਦੂਸਰੇ ਪਾਸੇ ਇਹ ਸੱਪ, ਚਮਤਕਾਰੀ ਜੋਗੀ ਤਾਈ ਦੇ ਜਾਦੂ ਟੂਣੇ ਆਦਿ। ਜੇ ਇਹਨਾਂ ਤੇ ਵਿਸ਼ਵਾਸ ਕਰੀਏ ਤਾਂ ਅੰਧ ਵਿਸ਼ਵਾਸ ਤੋਂ ਸਿਵਾ —"

"ਪਰ ਕੰਨਿਆ, ਵਿਸ਼ਵਾਸ ਕਿਵੇਂ ਨਾ ਕਰੀਏ ? ਆਪਣੇ ਬਾਬਾ ਜੀ ਨੂੰ ਈ ਵੇਖੋ, ਇਹਨਾਂ ਦੀ ਆਤਮਕ ਸ਼ਕਤੀ ਤੇ ਭਲਾ ਤੂੰ ਕਿਵੇਂ ਵਿਸ਼ਵਾਸ ਨਹੀਂ ਕਰ ਸਕਦੀ ? ਦਸ।"

ਕੰਨਿਆ ਕੂਹਣੀ ਦੇ ਸਹਾਰੇ ਸਿਰ ਟੇਕ ਕੇ ਲੰਮੀ ਪੈ ਗਈ। ਸੱਜਨ ਦੇ ਚਿਹਰੇ ਵਲ ਵਿਚਾਰ ਪੂਰਵਕ ਵੇਖਦੀ ਰਹੀ।

ਸੱਜਨ ਬੋਲਿਆ — "ਮੋਹ ਤੇ ਤਿਆਗ —"

ਸੱਪ ਤੇ ਜੋਗੀ — ਦੋਵੇਂ —"

"ਧੁਰ ਸੀਮਾ ਤੇ। ਤੇ ਦੋਵਾ ਦੀਆਂ ਪ੍ਰੰਪਰਾਵਾਂ ਅਤੀ ਪ੍ਰਾਚੀਨ ਵੀ ਨੇ। ਹਿੰਦੁਸਤਾਨੀ ਮੋਹਨਜੋਦੜੋ ਤੇ ਹੜੱਪਾ ਦੇ ਜ਼ਮਾਨੇ ਤੋਂ ਖ਼ੂਬ ਧਨ ਕਮਾਉਣਾ, ਉਹਦੀ ਚੰਗੀ ਵਰਤੋਂ ਕਰਨੀ ਵੀ ਜਾਣਦਾ ਹੈ; ਤੇ ਉਹਦੇ ਨਤੀਜੇ ਵਜੋਂ ਸਭ ਭੋਗ ਤਿਆਗ ਕੇ ਜੋਗ ਸਾਧਨਾ ਵੀ ਓਸੇ ਵੇਲੇ ਤੋਂ ਪ੍ਰਚਲਤ ਏ।"

"ਮੇਮ ਸਾਹਿਬ !" ਬਾਹਰੋਂ ਨੌਕਰ ਦੀ ਅਵਾਜ਼ ਆਈ।

"ਆ ਜਾ ਸੀਤਲ !" ਕੰਨਿਆ ਉੱਠ ਕੇ ਬਹਿ ਗਈ।

"ਚਾਹ ਲੈ ਆਵਾਂ, ਹਜ਼ੂਰ ?"

"ਲੈ ਆ।" ਸੱਜਨ ਨੇ ਕਿਹਾ। ਨੌਕਰ ਚਲਾ ਗਿਆ।

ਕਮਰੇ ਵਿਚ ਡੂੰਘੀ ਚੁੱਪ ਪਸਰ ਗਈ। ਥੋੜੀ ਦੇਰ ਪਿਛੋਂ ਚਾਹ-ਨਾਸ਼ਤਾ ਆਇਆ।

ਸੱਜਨ ਅਤੇ ਵਨ ਕੰਨਿਆ ਜਿਵੇਂ ਆਪ ਹੀ ਆਪਣੇ ਅੰਦਰ ਦੇ ਸੱਚ ਅਤੇ ਝੂਠ ਦੋਵਾਂ ਤੋਂ ਹੀ ਡਰ ਕੇ ਚੁੱਪ ਹੋ ਗਏ ਸਨ। ਸੱਜਨ ਚੁੱਪ ਚਾਪ ਚਾਹ ਪੀਣ ਲਗਾ, ਕੰਨਿਆ ਦੇ ਹੱਥ ਵਿਚ ਪਿਆਲਾ ਠੰਡਾ ਹੁੰਦਾ ਰਿਹਾ। ਆਖ਼ਰ ਉਹ ਬੋਲੀ — "ਸੱਜਨ ਜੇ ਅਸੀਂ ਅੱਜ ਡਿੱਗ ਪਏ ਤਾਂ ਇਸ ਨਾਲੋਂ ਵਧ ਕੇ ਸ਼ਰਮ ਦੀ ਗੱਲ ਸਾਡੇ ਲਈ ਹੋਰ ਕੋਈ ਵੀ ਨਹੀਂ। ਖਾਓ, ਪੀਓ ਤੇ ਮੌਜ ਕਰੋ ਦਾ ਸਿਧਾਂਤ ਪੂੰਜੀ ਦੇ ਕਾਲੇ ਨਾਗ ਦਾ ਜ਼ਹਿਰ ਏ। ਜੇ ਅਸੀਂ ਇਹਨੂੰ ਲਾਹ ਨਾ ਸਕੇ......"

"ਸੋਚ ਲੈ ਕੰਨਿਆ। ਬਾਬਾ ਰਾਮ ਜੀ ਸਾਨੂੰ ਇਕ ਐਸੀ ਪਰੇਸ਼ਾਨੀ ਵਿਚ ਪਾ ਗਏ ਹਨ ਜਿਸ 'ਚੋਂ ਨਿਕਲਣ ਲਈ ਸਾਨੂੰ ਕਿਸੇ ਨਾ ਕਿਸੇ ਪਾਸੇ ਵਲ ਪੱਕਾ ਪੈਰ ਪੁੱਟਣਾ ਪਏਗਾ। ਅਸੀਂ ਇਕੋ ਸਮੇਂ ਜੋਗੀ ਨਹੀਂ ਹੋ ਸਕਦੇ। ਸਾਨੂੰ ਆਪਣੇ ਲਈ ਇਕ ਰਾਹ ਚੁਨਣਾ ਈ ਪਏਗਾ।"

"ਚੁਣ ਲਿਆ, ਅਸੀਂ ਗ੍ਰਹਿਸਤੀ ਆਂ। ਸਾਡਾ ਭੋਗ ਤੇ ਤਿਆਗ ਦੋਵੇਂ ਹੀ ਸਾਵੇਂ ਢਗ ਨਾਲ ਹੋਣੇ ਚਾਹੀਦੇ ਨੇ।"

39

"ਹੋ-ਹੋ-ਹੋਲੀ!"

ਕਾਲੇ, ਲਾਲ, ਜੰਗਾਲੀ, ਨੀਲੇ, ਪੀਲੇ ਕੇਸੂਏ ਹੱਥਾਂ ਮੂੰਹਾਂ ਵਾਲੇ, ਰੰਗ ਅਤੇ ਠੱਪਿਆਂ ਨਾਲ ਲੀਕੇ-ਚਿੱਤਰੇ-ਪਾਟੇ ਕਪੜੇ ਪਾਈ, ਇਕ ਜੋਕਰ ਨੂੰ ਖੋਤੇ ਤੇ ਲਾੜਾ ਬਣਾਈ, ਪੀਪਾ ਵਜਾਉਂਦੇ, ਸੜੇ ਟਮਾਟਰ ਸੁਟਦੇ, ਲੋਕਾਂ ਦੇ ਮੂੰਹਾਂ ਤੇ ਕਾਲਖ਼ ਮਲਦੇ, ਚਿੱਕੜ ਨਾਲ ਗ਼ਲਤਾਨ ਤੱਪੜ ਵਾਲੇ ਬਰਾਤੀਆਂ ਦਾ ਜਲੂਸ ਮਹੀਪਾਲ ਦੇ ਘਰ ਦੇ ਸਾਹਮਣਿਓਂ ਲੰਘ ਰਿਹਾ ਸੀ। ਹੋਲੀ ਦੇ ਘੜਮੱਸ ਨਾਲ ਉਸ ਤੰਗ ਸੜਕ ਦਾ ਆਲਾ ਦੁਆਲਾ ਗੂੰਜ ਪਿਆ। ਸਾਹਮਣੇ ਸ਼ਿਵਾਲੇ ਵਾਲੇ ਥੜੇ ਦਾ ਗੇੜ ਕੱਢਦਿਆਂ ਹੋਇਆਂ ਸੱਜਨ ਦਾ ਇਕ ਨੌਕਰ ਆ ਰਿਹਾ ਸੀ। ਜਲੂਸ ਨੂੰ ਆਪਣੀ ਵਲ ਆਉਂਦਾ ਵੇਖ ਉਹ ਸਾਈਕਲ ਤੋਂ ਉੱਤਰ ਪਿਆ ਅਤੇ ਥੜੇ ਨਾਲ ਲਗ ਕੇ ਖਲੋ ਗਿਆ। ਸ਼ੇਰਾਂ ਸਾਹਮਣੇ ਬਲਦ ਦਾ ਸ਼ਿਕਾਰ ਸੀ। ਉਹ ਹੋਲੀ ਦੇ ਰਊਂ ਸੱਜਨ ਦੇ ਨੌਕਰ ਉਤੇ ਝਪਟੇ। ਛਿੱਦੂ ਹੁਸ਼ਿਆਰ ਸੀ ਅਤੇ ਤਕੜਾ ਸੀ, ਸਾਈਕਲ ਨੂੰ ਦੋਵਾਂ ਹੱਥਾਂ ਨਾਲ ਚੁਕ ਢਾਲ ਜਿਹੀ ਬਣਾਉਂਦਾ ਗੱਜਿਆ — ਖ਼ਬਰਦਾਰ। ਸੈਕਲ ਸਣੇ ਪੈ ਜਾਂਗਾ, ਦਸ ਦੇਨਾ ਆਂ। ਦੋ ਤਿੰਨਾਂ ਨੂੰ ਤਾਂ ਢਾਹ ਈ ਲਊਂ, ਫਿਰ ਭਾਵੇਂ ਤੁਸੀਂ ਸਾਰੇ ਰਲ ਕੇ ਮੈਨੂੰ ਮਾਰ ਈ ਕਿਉਂ ਨਾ ਸੁਟੋ।"

ਹੋਲੀ ਖੇਡਦੇ ਮੁੰਡਿਆਂ ਨੇ ਆਪਣੀ ਪਸੂਬਿਰਤੀ ਨਾਲ ਸੁੰਘ ਲਿਆ ਕਿ ਸ਼ਿਕਾਰ

ਬਲਦ ਨਹੀਂ ਸਗੋਂ ਦੂਸਰਾ ਸ਼ੇਰ ਹੈ। ਛਿੱਦੂ, ਅੱਖਾਂ ਕਢੀ ਥੜੇ ਦੀ ਕੰਧ ਨਾਲ ਮਾੜਾ ਜਿਹਾ ਟੇਢਾ ਹੋ ਕੇ ਸਾਈਕਲ ਚੁਕੀ ਮੋਰਚਾ ਲਾਈ ਖਲੋਤਾ ਸੀ। ਮੁੰਡਿਆਂ ਨੇ ਠੱਠਾ ਕੀਤਾ, ਲਾਅ-ਲਾਅ ਕੀਤਾ, ਮੂੰਹ ਝੂਠਾਏ, ਸਭ ਤਰ੍ਹਾਂ ਦੀਆਂ ਗੰਦੀਆਂ ਗਾਲ੍ਹਾਂ ਦਿਤੀਆਂ, ਪਿਚਕਾਰੀਆਂ ਅਤੇ ਫਵਾਰਿਆਂ ਨਾਲ ਰੰਗ ਦਿਤਾ, ਤੱਪੜ ਚੁਕਣ ਲਈ ਪੈਂਤੜੇ ਵਖਾਏ। ਛਿੱਦੂ ਨੇ ਵੀ ਅਗਾਂਹ ਹੁੰਦਿਆਂ ਹੋਇਆਂ ਉਹਨਾਂ ਦੇ ਸਿਰਾਂ ਤੇ ਸਾਈਕਲ ਮਾਰਨ ਦਾ ਪੈਂਤੜਾ ਵਖਾਇਆ, ਰੰਗ ਦੀਆਂ ਵਾਛੜਾਂ ਤੋਂ ਆਪਣੀਆਂ ਅੱਖਾਂ ਬਚਾਉਂਦੇ ਹੋਇਆਂ ਆਪਣਾ ਆਪ ਬਚਾਉਣ ਲਈ ਛਿੱਦੂ ਨੂੰ ਨਾਨੀ ਚੇਤੇ ਆ ਗਈ। ਜਲੂਸ ਅਗਾਂਹ ਨਿਕਲ ਗਿਆ। ਛਿੱਦੂ ਦੇ ਹੱਥ ਭਾਰ ਨਾਲ ਪੱਥਰ ਵਾਂਗ ਟੁੱਟ ਕੇ ਹੇਠਾਂ ਹੋਏ; ਕੁਝ ਅਚਾਨਕ ਹੈਰਾਨ ਹੋ ਜਾਣ ਵਾਲੀ ਉਤੇਜਨਾ ਕਰਕੇ ਅਤੇ ਕੁਝ ਸਾਈਕਲ ਬਚਾਉਣ ਕਰਕੇ ਉਹਦੇ ਹੱਥ ਉਥੇ ਦੇ ਉਥੇ ਜੜ ਹੋ ਗਏ ਸਨ; ਉਹ ਇਕ ਪਲ ਲਈ ਗਲੀ ਵਿਚ ਬਹਿ ਗਿਆ।

ਮਹੀਪਾਲ ਆਪਣੇ ਛੱਜੇ ਤੋਂ ਇਹ ਦ੍ਰਿਸ਼ ਵੇਖ ਰਿਹਾ ਸੀ। ਚਹੁੰ ਪੰਜਾਂ ਦਿਨਾਂ ਤੋਂ, ਖ਼ਾਸ ਕਰਕੇ ਅੱਜ ਸਵੇਰ ਤੋਂ ਉਹ ਇਸ ਤਰ੍ਹਾਂ ਦੇ ਅਨੇਕਾਂ ਨਜ਼ਾਰੇ ਵੇਖ ਚੁਕਾ ਹੈ ਅਤੇ ਵੇਖ ਰਿਹਾ ਹੈ। ਥੜੇ ਉਤੋਂ ਗੋਲ ਕਤਾਰਾਂ ਬੰਨ੍ਹ ਕੇ ਘੜਮੱਸ ਮਚਾਉਣ ਵਾਲੇ ਮੁੰਡਿਆਂ ਨੂੰ ਤਾਂ ਅੱਤ ਕਰਨ ਤੋਂ ਵਰਜ ਦਿੰਦਾ ਸੀ, ਪਰ ਬਾਹਰ ਵਾਲਿਆਂ ਤੇ ਉਹਦਾ ਵਸ ਨਹੀਂ ਚਲਦਾ। ਦੂਸਰੇ, ਇਸ ਘੜਮੱਸ ਚੌਦੇਂ ਵਿਚ ਉਹਦਾ ਹੰਢਿਆ ਸਰੀਰ ਬੇਸ਼ਕ ਕੰਮ ਨਾ ਕਰੇ, ਪਰ ਨੌਜਵਾਨ ਮਨ ਬੜਾ ਮਜ਼ਾ ਲੈਂਦਾ ਏ। ਹੋਲੀ ਵਿਚ ਇਹ ਰੰਗ-ਯੁੱਧ, ਇਹ ਅਲਮਸਤੀ, ਬਦਮਸਤੀ, ਗਾਲ੍ਹ-ਗਲੋਚ ਸਭ ਕੁਝ ਉਹਨੂੰ ਇਕ ਤਰ੍ਹਾਂ ਨਾਲ ਬੜਾ ਕੁਦਰਤੀ ਅਤੇ ਚੰਗਾ ਲਗਦਾ ਹੈ। ਹੋਲੀ ਦੇ ਇਹੋ ਪੰਜ ਦਿਨ ਤਾਂ ਸਮਾਜ ਦਾ ਬੰਧਨ ਤੋੜਦੇ ਨੇ — ਛੋਟੇ ਵੱਡੇ ਸਭ ਇਕੋ ਰੰਗ ਵਿਚ ਰੰਗੇ ਜਾਂਦੇ ਹਨ। ਵੱਡੇ ਵੱਡੇ ਰਈਸਾਂ ਅਤੇ ਮੰਨਿਆਂ ਦੰਨਿਆਂ ਦੇ ਗਭਰੂ ਵੀ ਮੰਦੇ ਹਾਲ ਰੰਗ-ਬਰੰਗ ਮੂੰਹ ਬਣਾਈ ਸੜਕਾਂ ਤੇ ਦਿਸਦੇ ਨੇ। ਅਨੇਕ ਰੰਗਾਂ ਵਿਚ ਖੇਡਦਾ ਹੋਇਆ ਵੀ ਸਮਾਜ ਇਕ ਰੰਗ ਵਿਚ ਰੰਗਿਆ ਜਾਂਦਾ ਹੈ। ਗਲੀਆਂ, ਕੰਧਾਂ, ਬੂਹੇ, ਕੁੱਤੇ, ਗਾਵਾਂ, ਬਲਦ, ਖੋਤੇ, ਬੱਕਰੀਆਂ ਸਭ ਰੰਗਦਾਰ ਦਿਸਦੇ ਹਨ। ਗਲੀਆਂ ਦੇ ਫ਼ਰਸ਼, ਕੰਧਾਂ ਅਤੇ ਲੋਕਾਂ ਦੀਆਂ ਜ਼ਬਾਨਾਂ ਤੇ ਮਦਨ-ਰਤੀ ਦਾ ਜੋੜਾ ਗਾਲ੍ਹੀ ਬਣ ਕੇ ਆਪਣੇ ਬ੍ਰਹਮ ਅਨੰਦ ਦੇ ਭਰਾ ਦੇ ਰੂਪ ਨੂੰ ਸਸਤਾ ਬਣਾ ਦੇਂਦਾ ਹੈ — ਹੋਲੀ ਦੇ ਘੜਮੱਸ ਵਿਚ ਬਸ ਇਹੋ ਚੀਜ਼ ਮਹੀਪਾਲ ਨੂੰ ਚੁਭਦੀ ਹੈ। ਧਰਤੀ ਦਾ ਸਭ ਤੋਂ ਚੰਗਾ ਸੁਖ ਇਸ ਤਰ੍ਹਾਂ ਗਾਲ੍ਹ ਕਿਉਂ ਬਣ ਜਾਏ ? ਆਦਮੀ ਕਿਉਂ ਆਪਣੇ ਆਪ ਨੂੰ ਅਤੇ ਇਸਤਰੀ ਨੂੰ ਇਸ ਤਰ੍ਹਾਂ ਬੇ ਇੱਜ਼ਤ ਕਰਦਾ ਹੈ ? ਇਹਦੇ ਵਿਚੋਂ ਉਹਨੂੰ ਕਿਹੜਾ ਮਜ਼ਾ ਮਿਲਦਾ ਏ ? ਹੋਲੀ ਸੁਆਦ ਅਤੇ ਸ਼ਿੰਗਾਰ ਦਾ ਤਿਉਹਾਰ ਹੈ। ਇਹ ਗਾਲ੍ਹ ਕਿਉਂ ਬਣਿਆ ?

ਸੱਜਨ ਦਾ ਨੌਕਰ ਆਪਣੇ ਮਾਲਕ ਵਲੋਂ ਇਹ ਸੁਝਾ ਲੈ ਕੇ ਆਇਆ ਸੀ ਕਿ ਉਹ ਲੋਕ ਨੀਯਤ ਸਮੇਂ — ਸ਼ਾਮ ਦੇ ਛੇ ਵਜੇ ਦੀ ਥਾਂ ਚਾਰ ਵਜੇ ਹੀ ਆ ਜਾਣ ਜਿਸ ਨਾਲ ਕਿ ਸਭ ਜਣੇ ਬੇੜੀ ਦੀ ਸੈਰ ਲਈ ਜਾ ਸਕਣ।

ਮਹੀਪਾਲ ਨੇ ਹੱਸ ਕੇ ਕਿਹਾ — "ਆਪਣੇ ਸਾਹਬ ਨੂੰ ਕਹੀਂ ਕਿ ਅਸੀਂ ਲੋਕ ਸ਼ਾਹ ਜਨਫ਼ ਰੋਡ ਤੇ ਨਹੀਂ ਸਗੋਂ ਗਲੀ-ਮੁਹੱਲਿਆਂ ਵਿਚ ਰਹਿੰਦੇ ਆਂ। ਆਪਣੇ ਸਾਹਬ ਨੂੰ ਆਪਣੀ ਸ਼ਕਲ ਵਿਖਾ ਦਈਂ ਤੇ ਆਖੀਂ ਕਿ ਉਹ ਸਾਡਾ ਵੀ ਇਹੋ ਹਾਲ ਕਰਾਉਣਾ ਚਾਹੁੰਦੇ ਨੇ।"

ਨੌਕਰ ਝਿਜਕ ਕੇ ਹੱਸਣ ਲਗਾ। ਮਹੀਪਾਲ ਨੇ ਉਹਨੂੰ ਕਰਨਲ ਵਲ ਜਾਣ ਤੋਂ ਰੋਕ ਦਿਤਾ। ਸ਼ਕੁੰਤਲਾ ਨੂੰ ਬੁਲਾ ਕੇ ਕਿਹਾ ਕਿ ਛਿੱਦੂ ਦਾ ਪਕਵਾਨਾਂ ਨਾਲ ਸਤਿਕਾਰ ਕੀਤਾ ਜਾਏ; ਉਹਦੇ ਕਪੜੇ ਬਿਲਕੁਲ ਗਿੱਲੇ ਹੋ ਗਏ ਹਨ ਇਸ ਲਈ ਉਹਨੂੰ ਮਹੀਪ ਲ ਦੀ ਇਕ ਪੁਰਾਣੀ ਕਮੀਜ਼ ਅਤੇ ਧੋਤੀ ਵੀ ਦਿਤੀ ਜ ਏ। ਏਨਾ ਹੀ ਨਹੀਂ ਸਗੋਂ ਮਹੀਪਾਲ ਨੇ ਛਿੱਦੂ ਦੀ ਬਹਾਦਰੀ ਤੇ ਖ਼ੁਸ਼ ਹੋ ਕੇ ਉਹਨੂੰ ਦੋ ਰੁਪਏ ਸਿਨਮਾ ਵੇਖਣ ਲਈ ਇਨਾਮ ਵਿਚ ਦਿਤੇ। ਛਿੱਦੂ ਦੇ ਮੂੰਹ ਤੇ ਰੌਣਕ ਆ ਗਈ। ਮਹੀਪਾਲ ਫਿਰ ਉੱਪਰ ਚਲਾ ਗਿਆ।

ਮਹੀਪਾਲ ਦੇ ਘਰ ਵਿਚ ਇਸ ਵੇਲੇ ਅਨੇਕਾਂ ਤਬਦੀਲੀਆ ਹੋ ਚੁਕੀਆਂ ਸਨ। ਇਧਰ ਓਧਰ ਸ਼ਾਨ ਵਾਲਾ ਚਮਤਕਾਰ ਪਸਾਰ ਰਿਹਾ ਹੈ। ਮਹੀਪਾਲ ਦੀ ਛੋਟੀ ਜਿਹੀ ਬੈਠਕ 'ਚੋਂ ਲਿਖਣ ਪੜ੍ਹਨ ਦਾ ਸਮਾਨ, ਮੇਜ਼, ਕੁਰਸੀ, ਸਟੂਲ, ਫ਼ਾਈਲਾਂ ਆਦਿ ਗੁੰਮ ਹੋ ਚੁਕੀਆਂ ਸਨ। ਆਰਟ ਸਕੂਲ 'ਚੋਂ ਆਏ ਸਾਂਚੀ ਸ਼ਿਲਪ ਦੇ ਡੀਜ਼ਾਈਨ ਵਾਲੇ ਸੋਫ਼ਾਸੈੱਟ, ਤਖ਼ਤ ਤੇ ਉਥੋਂ ਦੀ ਹੀ ਛਪੀ ਹੋਈ ਚਾਦਰ, ਉਥੋਂ ਦੇ ਪਰਦੇ, ਐਸ਼ ਟ੍ਰੇ, ਟੇਬਲ ਲੈਂਪ, ਪਲੇਟ, ਬੁੱਧ ਆਦਿ ਨੇ ਮਿਲ ਕੇ ਮਹੀਪਾਲ ਦੀ ਸਾਹਿਤਕ ਬੈਠਕ ਨੂੰ ਪਤਾ ਨਹੀਂ ਕਿਥੇ ਲੁਕਾ ਦਿਤਾ ਸੀ। ਲਿਖਣ ਪੜ੍ਹਨ ਦਾ ਹਿਸਾਬ ਕਿਤਾਬ ਹੁਣ ਦਹਿਲੀਜ਼ ਦੇ ਪਿਛੇ ਵਾਲੇ ਛੋਟੇ ਜਿਹੇ ਦਲਾਨ ਵਿਚ ਲਕੜੀ ਦੀ ਪਾਰਟੀਸ਼ਨ ਕਰਕੇ ਬਣਾਏ ਜਾਣ ਵਾਲੇ ਇਕ ਛੋਟੇ ਜਿਹੇ ਕਮਰੇ ਵਿਚ ਕੀਤਾ ਜਾ ਰਿਹਾ ਹੈ। ਕਮਰਾ ਅਜੇ ਪੂਰੀ ਤਰ੍ਹਾਂ ਬਣਿਆ ਨਹੀਂ ਸੀ, ਇਸ ਲਈ ਤਰਖਾਣ ਦੇ ਸੰਦਾਂ ਵਾਲਾ ਥੈਲਾ ਅਤੇ ਲਕੜੀ ਦੇ ਫੱਟੇ ਇਕ ਪਾਸੇ ਰਖੇ ਹੋਏ ਸਨ। ਉੱਪਰ ਘਰ ਵਿਚ ਕੁਝ ਖ਼ਾਸ ਤਬਦੀਲੀ ਤਾਂ ਨਹੀਂ ਹੋਈ ਹੋਈ ਫਿਰ ਵੀ ਚਮਤਕਾਰ ਹਰ ਪਾਸੇ ਫੈਲਿਆ ਹੈ। ਹੋਲੀ ਦੇ ਮੌਕੇ ਵਾਸਤੇ ਲਏ ਗਏ ਸਾਰੇ ਪਰਵਾਰ ਦੇ ਕੀਮਤੀ ਸੂ, ਲੋਅਫ਼ਰ ਸੂ ਅਤੇ ਵਧੀਆ ਡੀਜ਼ਾਇਨਾਂ ਦੀਆਂ ਜ਼ਨਾਨਾਂ ਸੈਂਡਲਾਂ, ਚਪਲਾਂ ਤੋਂ ਲੈ ਕੇ ਸਾਰੇ ਘਰ ਦੇ ਚਿਹਰਿਆਂ ਦੀ ਚਮਕ ਸਾਫ਼ ਦਸ ਰਹੀ ਸੀ ਕਿ ਘਰ ਦੀ ਜਨਮ ਕੁੰਡਲੀ ਬਦਲ ਗਈ ਹੈ। ਮਹੀਪਾਲ ਬੈਠਕ ਵਿਚ ਛਿੱਦੂ ਨੂੰ ਬੱਚਿਆਂ ਦੇ ਹਵਾਲੇ ਕਰਕੇ ਥੋੜੀ ਦੇਰ ਉੱਪਰ ਵਾਲੇ ਛੱਜੇ ਵਿਚ ਖਲੋ ਕੇ ਸੁੰਨੀ ਸੁੰਨੀ, ਪਰ ਹੋਲੀ ਨਾਲ ਭਰੀ ਗਲੀ ਨੂੰ ਵੇਖਦਾ ਰਿਹਾ ਅਤੇ ਰਸੋਈ ਘਰ ਵਿਚ ਚਲਾ ਗਿਆ।

ਕਲਿਆਣੀ ਅੱਜ ਬਹੁਤ ਰੁਝੀ ਹੋਈ ਸੀ। ਉਹਨੂੰ ਪਕਵਾਨਾਂ 'ਚੋਂ ਵਿਹਲ ਨਹੀਂ। ਕਲ੍ਹ ਕੁੜਮਾਂ ਦੇ ਘਰ ਪਕਵਾਨ ਜਾਣਗੇ। ਕਲਿਆਣੀ ਅਤੇ ਮਹੀਪਾਲ ਨੇ ਪਹਿਲਾ ਸੰਬੰਧ ਕੀਤਾ ਹੈ, ਉਹ ਵੀ ਭਣੇਵੀਂ ਦਾ ਕਲਿਆਣੀ ਸਾਰੀ ਦੁਨੀਆਂ ਅਰਥਾਤ ਸਾਰੀ ਬਰਾਦਰੀ, ਘਟੋ ਘਟ ਮੇਲ ਭਾਈਚਾਰੇ ਅਤੇ ਰਿਸ਼ਤੇਦਾਰਾਂ ਨੂੰ ਇਹ ਦਿਖਾ ਦੇਣਾ ਚਾਹੁੰਦੀ ਹੈ ਕਿ ਉਹ ਵੀ ਵੱਡੇ ਆਦਮੀ ਹਨ। ਉਹਦਾ ਪਤੀ ਏਨਾ ਵੱਡਾ ਲੇਖਕ ਹੈ ਕਿ ਉਹਦੀ ਵੀਹ ਹਜ਼ਾਰ ਰੁਪਿਆਂ ਦੀ ਆਮਦਨੀ ਇਕਵਾਰਗੀ — ਬੈਂਕ ਦੀ ਇਕ ਚੈੱਕ ਨਾਲ ਹੁੰਦੀ ਹੈ। ਕਲਿਆਣੀ ਦੇ ਚਿਹਰੇ ਤੇ ਸੁਹਾਗ ਦਾ ਨੂਰ ਵਰ੍ਹ ਰਿਹਾ ਹੈ। ਨੱਕ ਵਿਚ ਹੀਰੇ ਦਾ ਕੋਕਾ, ਕੰਨਾਂ ਵਿਚ ਮੋਤੀਆਂ ਦੀਆਂ ਵਾਲੀਆਂ, ਗਲ ਵਿਚ ਸੋਨੇ ਦਾ ਕਾਲਰ, ਕਮਰ ਵਿਚ ਸੋਨੇ ਦੀ ਸੰਗਲੀ, ਹੱਥਾਂ ਵਿਚ ਬਲੌਰੀ ਚੂੜੀਆਂ ਦੇ ਨਾਲ ਹੀ ਸੋਨੇ ਦੀਆਂ ਡਾਇਮੰਡ ਕਟ ਬਾਂਕੜੀਆਂ, ਪੈਰਾਂ ਵਿਚ ਬਿਛੂਏ ਵੀ ਨਵੇਂ ਅਤੇ ਇਸ ਵਾਰ ਸੁਹਾਗ ਦੇਵਤੇ ਦੇ ਜ਼ੋਰ ਤੇ, ਘੁੰਗਰੂਆਂ ਵਾਲੇ। ਕਲਿਆਣੀ ਨੇ ਲਖਨਊ ਦੇ ਵਾਜਪੇਈਆਂ ਨਾਲ ਸੰਬੰਧ ਜੋੜਿਆ ਹੈ। ਜਵਾਈ ਸੈਕ੍ਰੇਟ੍ਰੀਅਟ ਵਿਚ ਦੋ ਸੌ ਚਾਲ੍ਹੀਆਂ ਰੁਪਿਆਂ ਤੇ ਨੌਕਰ ਹੈ। ਵੱਡਾ ਭਰਾ ਜੰਗਲ ਦਾ ਠੇਕਾ ਕਰਦਾ ਹੈ। ਜਵਾਈ ਤੋਂ ਛੋਟਾ ਐਮ. ਏ. ਵਿਚ ਪੜ੍ਹ ਰਿਹਾ ਹੈ, ਸੱਸ ਨਣਾਨ ਕੋਈ ਨਹੀਂ, ਇਸ ਲਈ ਬੜਾ ਸੁਖ ਹੈ। ਜਵਾਈ ਦੇਵਤਾ ਸਾਂਝੇ ਘਰ ਵਿਚ ਰਹਿੰਦਿਆਂ ਹੋਇਆਂ ਵੀ ਆਜ਼ਾਦ ਹਨ। ਇਕ ਘਰ ਵਿਚ ਰਹਿੰਦੇ ਜ਼ਰੂਰ ਹਨ, ਇਕ ਹੀ ਚੌਂਕੇ ਵਿਚ ਖਾਂਦੇ ਵੀ ਹਨ, ਪਰ ਭਰਜਾਈ ਨੂੰ ਮਾਹਵਾਰੀ ਪੈਸੇ ਦੇ ਕੇ। ਘਰ ਦਾ ਹਿਸਾਬ ਕਿਤਾਬ ਭਰਾਵਾਂ ਵਿਚ ਸਾਫ਼ ਹੈ ਅਤੇ ਆਪੇ ਵਿਚ ਬਣੀ ਬਣਾਈ ਵੀ ਚੋਖੀ ਏ। ਭਗਵਾਨ ਦੀ ਦਇਆ ਨਾਲ ਸ਼ਕੁੰਤਲਾ ਬੜੇ ਸੁਖ ਵਿਚ ਚਲੀ ਗਈ। ਦੁਨੀਆਂ ਕਹੇਗੀ ਕਿ ਵੇਖੋ ਵੱਡੇ ਮਾਮੇ ਮਾਮੀ ਨੇ ਏਨਾ ਭਾਰਾ ਵਿਆਹ ਕੀਤਾ। ਜਵਾਈ ਬੜਾ ਲਾਇਕ ਹੈ। ਸਿਰਫ਼ ਦਸ ਹਜ਼ਾਰ ਵਿਚ ਹੀ ਮੰਨ ਗਿਆ। ਫਿਰ ਵੀ ਦਸ ਹਜ਼ਾਰ ਦਾਜ ਦੇਣ ਵਾਲੇ ਦੀ ਹੈਸੀਅਤ ਕੁਝ ਹੁੰਦੀ ਹੈ। ਮਹੀਪਾਲ ਪੀੜ੍ਹੇ ਤੇ ਬੈਠ ਗਿਆ ਅਤੇ ਪਕਵਾਨਾਂ ਵਾਲੇ ਨਵੇਂ ਬਰਤਨਾਂ ਨਾਲ ਭਰੀ ਭਰੀ ਰਸੋਈ ਵਿਚ ਆਪਣੀ ਹੀਰੇ ਮੋਤੀ ਜੜੀ ਘਰ ਵਾਲੀ ਨੂੰ ਬੜੀ ਤਸੱਲੀ ਨਾਲ ਵੇਖਿਆ। ਮਹੀਪਾਲ ਦੀ ਨਜ਼ਰ ਵਿਚ ਕਰਤਾ-ਪਿੱਤਰ, ਅਭਿਮਾਨ ਦਮਕ ਰਿਹਾ ਸੀ। ਰਾਜਸ਼੍ਰੀ ਮਾਂ ਦਾ ਹੱਥ ਵਟਾ ਰਹੀ ਸੀ। ਕਲਿਆਣੀ ਨੇ ਸੇਕ ਨਾਲ ਤਪੇ, ਭੱਖਦੇ ਚਿਹਰੇ ਨੂੰ ਕੜਾਹੀ ਵਿਚ ਤਲੇ ਜਾ ਰਹੇ ਗੋਂਦਵੇ ਲੱਡੂਆਂ ਵਲੋਂ ਭੁਆਂ ਕੇ ਪਤੀ ਵਲ ਵੇਖਿਆ —
"ਕੌਣ ਆਇਆ ਏ ?"

"ਸ਼ਾਹ ਜਨਫ਼ ਰੋਡ ਵਾਲੇ ਰਈਸੇ ਆਜ਼ਮ, ਮਹਾਨ ਚਿੱਤਰਕਾਰ ਜਨਾਬ ਸੱਜਨ ਸਾਹਬ ਬਹਾਦਰ ਦੀ ਕੋਠੀ ਤੋਂ ਚਪਰਾਸੀ ਆਇਆ।" ਮਹੀਪਾਲ ਨੇ ਇਸ ਢੰਗ ਨਾਲ ਕਿਹਾ ਕਿ ਉਹਦੇ ਨਾਲ ਮਾਂ ਧੀ ਦੀ ਹਉਂਮੈਂ ਵੀ ਤ੍ਰਿਪਤ ਹੋ ਗਈ। ਉਹ ਖਿੜਖਿੜਾ ਕੇ ਹੱਸ ਪਿਆ।

ਕਲਿਆਣੀ ਨੇ ਪੁੱਛਿਆ — "ਕੀ ਹੁਕਮ ਆਇਆ ਏ ? ਨਿਉਤਾ ਕੈਂਸਲ ਹੋ ਗਿਆ ?"

ਮਹੀਪਾਲ ਹੱਸਿਆ, ਬੋਲਿਆ — "ਨਹੀਂ, ਡਬਲ ਹੋਏਗਾ। ਚਾਰ ਵਜੇ ਅਸੀਂ ਬੇੜੀ ਦੀ ਸੈਰ ਕਰਾਂਗੇ। ਚਾਟ-ਨਾਸ਼ਤੇ ਦਾ ਪ੍ਰੋਗਰਾਮ ਹੋਏਗਾ। ਤੇ ਰਾਤ ਵੇਲੇ ਖਾਣਾ, ਖਾਣੇ ਪਿੱਛੋਂ ਐਲਫਿੰਟਨ ਵਿਚ 'ਸੰਸਾਰ' ਦਾ ਦਰਸ਼ਨ ਪੂਰਬ ਧਾਰਨਾ ਅਨੁਸਾਰ ਕਰੋ।"

" 'ਸੰਸਾਰ' ਵੀ ਕੋਈ ਪਿਕਚਰਾਂ 'ਚੋਂ ਪਿਕਚਰ ਏ!" ਰਾਜ ਸ੍ਰੀ ਮੂੰਹ ਪੁਚਕਾ ਕੇ ਬੋਲੀ — "ਬੋਰ ਹੋ ਜਾਵਾਂਗੇ ਪਿਤਾ ਜੀ ਅਸੀਂ। ਪਾਪੂਲਰ ਅਪੀਲ ਏ ਬੱਸ। ਏਨੇ ਵੱਡੇ ਆਰਟਿਸਟ ਦੀ ਪਤਨੀ, ਏਨੀਂ ਅਗਾਂਹਵਧੂ ਹੋ ਕੇ ਵੀ ਚਾਚੀ ਜੀ...।"

"ਚਾਚੀ ਜੀ ਇਹਦੇ ਲਈ ਬਿਲਕੁਲ ਜ਼ਿਮੇਂਵਾਰ ਨਹੀਂ, ਤੇਰੇ ਮਾਤਾ ਜੀ ਤੇਰੀ ਕਰਨਲ ਚਾਚੀ ਜੀ ਦੋਵਾਂ ਦੀ ਹੀ ਰਾਏ ਸੀ।"

"ਇਹਦੇ ਨਾਲੋਂ ਤਾਂ ਚੰਗਾ ਸੀ ਅਸੀਂ "ਬਹਾਰ" ਵੇਖਦੇ।"

"ਜਿੱਦਾਂ ਦਾ ਨਾਗਨਾਥ ਉਦਾਂ ਦਾ ਸੱਪਨਾਥ; 'ਬਹਾਰ' ਵਿਚ ਕਿਹੜਾ ਪ੍ਰਾਗ੍ਰੈਸਵ-ਇਜ਼ਮ ਏ ?" ਮਹੀਪਾਲ ਨੇ ਬੜੀ ਮਾੜੀ ਜਿਹੀ ਮਿੱਠੀ ਫਿਟਕਾਰ ਨਾਲ ਕਿਹਾ — "ਅਨਨੇਚੁਰਲ, ਬੇਹੂਦਾ ਪਿਕਚਰਾਂ ਆ ਰਹੀਆਂ ਨੇ। ਏਹੋ ਜਿਹੀਆਂ ਬਹਾਰਾਂ ਨਾਲੋਂ ਸੰਸਾਰ ਕਿਤੇ ਚੰਗਾ ਹੋਏਗਾ।"

ਰਾਜ ਸ੍ਰੀ ਚੁੱਪ ਰਹੀ। ਥਾਲ ਵਿਚਲੇ ਲੱਡੂ ਪੀਪੇ ਵਿਚ ਪਾਉਂਦਿਆਂ ਹੋਇਆਂ ਉਹਦੀ ਜ਼ਰਾ ਕੁ ਜਿੰਨੀ ਅਣਗਿਹਲੀ ਕਰ ਕੇ ਹੱਥ ਚਿਪਕ ਜਾਣ ਨਾਲ ਦੋ ਤਿੰਨ ਭੋਇੰ ਤੇ ਡਿੱਗ ਪਏ। ਤਲੇ ਹੋਏ ਲੱਡੂ, ਝਰਕੇ ਨਾਲ ਚੁੱਕ ਕੇ ਦੂਜੇ ਚੁੱਲ੍ਹੇ ਤੇ ਚੜ੍ਹੀ ਹੋਈ ਚਾਸ਼ਨੀ ਵਾਲੀ ਕੜਾਹੀ ਵਿਚ ਪਾਉਂਦਿਆਂ ਕਲਿਆਣੀ ਦੀ ਕੰਮ 'ਚ ਲੱਗੀ ਨਜ਼ਰ ਆਪਣੀ ਧੀ ਦੀ ਲਾਪ੍ਰਵਾਹੀ ਵੱਲ ਗਈ। ਉਹ ਚਿੜ੍ਹ ਗਈ, ਬੋਲੀ — "ਮੈਂ ਕਹਿੰਦੀ ਆਂ ਸਲੇਮਾਂ ਦੀਆਂ ਗੱਲਾਂ ਪਿੱਛੋਂ ਨਹੀਂ ਹੋਈ ਦਾ ਰੱਜੋ, ਕੰਮ ਵਿਚ ਧਿਆਨ ਨਹੀਂ ਲਗਦਾ।"

"ਡਿੱਗ ਪਿਆ ਮਾਤਾ ਜੀ।" ਰੱਜੋ ਨੇ ਕੁਝ ਖਿੱਝ ਕੇ ਕਿਹਾ ਤੇ ਜ਼ਮੀਨ ਵਾਲੇ ਲੱਡੂ ਚੁੱਕ ਕੇ ਪੀਪੇ ਵਿਚ ਰੱਖਣ ਲੱਗੀ।

"ਆਹ ਵੇਖ, ਆਹ ਵੇਖ, ਮੈਂ ਆਂਹਦੀ ਆਂ ਤੇਰੀ ਮੱਤ ਕਿੱਥੇ ਚਲੀ ਗਈ ਏ, ਇਹ ਜ਼ਮੀਨ ਤੇ ਪਏ ਹੋਏ ਸਨ।"

"ਤੇ ਉਹਦੇ ਵਿਚ ਕੀ ਹੋ ਗਿਆ ਮਾਤਾ ਜੀ ? ਜ਼ਮੀਨ ਧੋਤੀ ਹੋਈ ਏ।"

"ਏਥੋਂ ਚਲੀ ਜਾ ਰੱਜੋ। ਮੈਨੂੰ ਨਹੀਂ ਚੰਗਾ ਲਗਦਾ ਤੇਰਾ ਕੰਮ।"

ਕਲਿਆਣੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਰਾਜ ਸ੍ਰੀ ਝੰਮ ਕਰ ਕੇ ਥਾਲ ਜ਼ਮੀਨ ਤੇ ਸੁੱਟ ਕਮਰੇ 'ਚੋਂ ਇਕ ਦਮ ਛੂਈ ਮੂਈ ਹੋ ਗਈ। ਮਹੀਪਾਲ ਮਾਂ ਧੀ ਦੀ ਲੜਾਈ ਵਿਚ ਕੁਝ ਨਾ ਬੋਲਿਆ। ਜਦ ਰੱਜੋ ਚਲੀ ਗਈ ਤਾਂ ਪਤਨੀ ਨੂੰ ਕਿਹਾ —

"ਤੇਰਾ ਬਹੁਤਾ ਈ ਸਤਜੁੱਗੀ ਧਰਮ ਏ ਕਲਿਆਣੀ, ਇਸ ਜ਼ਮਾਨੇ ਵਿਚ ਨਹੀਂ ਚਲਣਾ।"

"ਚਲੇ ਚਾਹੇ ਨਾ ਚੱਲੇ, ਮੈਂ ਨਹੀਂ ਆਪਣੀ ਮਰਯਾਦਾ ਛੱਡਣੀ।"

"ਨਾ ਛੱਡ ਮੇਰੇ ਯਾਰ !" ਆਪਣੇ ਡੂੰਘੇ ਸਾਹ ਨੂੰ ਮਜ਼ਾਕ ਦੀ ਪੁਸ਼ਾਕ ਪੁਆਉਂਦਿਆਂ ਹੋਇਆਂ ਮਹੀਪਾਲ ਬੋਲਿਆ — "ਤੇਰੇ ਏਸ ਧਰਮ ਨੇ ਮੇਰਾ ਧਰਮ ਲੈ ਲਿਆ ਏ ਉਸਤਾਦ — ਕੀ ਆਖਾਂ !" ਕਹਿੰਦਿਆਂ ਕਹਿੰਦਿਆਂ ਮਹੀਪਾਲ ਦਾ ਮਜ਼ਾਕ ਅਚਾਨਕ ਗੰਭੀਰਤਾ ਦੇ ਹਿਮਾਲੇ ਵਿਚ ਗੁਆਚ ਗਿਆ। ਕਿਸੇ ਡੂੰਘੀ ਪੀੜ ਦੀ ਚੀਸ ਉਹਦੇ ਚਿਹਰੇ ਤੇ ਉੱਭਰ ਆਈ। ਘੜੀ ਭਰ ਲਈ ਆਲੇ ਦੁਆਲੇ ਨਾਲੋਂ ਟੁੱਟ ਕੇ ਉਹ ਆਪਣੇ ਆਪ ਵਿਚ ਖੁਭ ਗਿਆ।

"ਵੱਡਾ ਤੁਹਾਡਾ ਧਰਮ ! ਤੁਹਾਡੀਆਂ ਆਦਤਾਂ ਮੁੰਡਿਆਂ ਕੁੜੀਆਂ ਵਿਚ ਵੀ ਆ ਗਈਆਂ ਨੇ। ਮੈਂ ਕਹਿੰਦੀ ਆਂ ਕਿ ਸਾਡੀ ਸ਼ਕੁੰਤਲਾ ਬੜੀ ਸਮਝਦਾਰ ਏ। ਜਿੰਦਾਂ ਦਾ ਆਚਾਰ-ਵਿਚਾਰ ਸਿਖਾਓ।"

"ਹਾਂ ! ਹਾਂ ! ਹਾਂ, ਤੇਰੇ ਸਾਹਮਣੇ ਸ਼ਕੁੰਤਲਾ ਪੱਕੀ ਬਾਹਮਣੀ ਬਣ ਜਾਂਦੀ ਏ। ਉਹਦੇ ਸਹੁਰਿਆਂ ਵਿਚ ਵੀ ਮੇਰੇ ਧਰਮ ਦਾ ਜ਼ੋਰ ਏ। ਹੈਗੇ ਤਾਂ ਵਾਜਪੇਈ, ਪਰ ਬਾਹਮਣ ਨਹੀਂ। ਹਾ-ਹਾ-ਹਾ।"

"ਨਾ ਸਹੀ, ਆਪਾਂ ਦਾ ਕੀ ਲੈ ਲੈਣਗੇ। ਸ਼ਾਸਤਰਾਂ ਵਿਚ ਲਿਖਿਆ ਏ ਕਿ ਕਲਜੁੱਗ ਵਿਚ ਇਹ ਸਭ ਭਰਿਸ਼ਟਾਚਾਰ ਹੋਣਗੇ, ਕਿਤੇ ਝੂਠ ਏ। ਉਮਾ ਸ਼ੰਕਰ ਵੀ ਤੁਹਾਡੇ ਵਾਂਗ ਸਭ ਕੁਝ ਖਾਂਦਾ ਪੀਂਦਾ ਏ, ਹੈਂ ?"

ਮਹੀਪਾਲ ਗੰਭੀਰ ਹੋ ਗਿਆ, ਬੋਲਿਆ — "ਨਹੀਂ ਉਮਾ ਸ਼ੰਕਰ ਬੜੇ ਚੰਗੇ ਚਾਲ ਚਲਨ ਵਾਲਾ ਲੜਕਾ ਏ। ਮੈਂ ਸਭਨਾਂ ਕੋਲੋਂ ਉਹਦੀ ਤਾਅਰੀਫ਼ ਸੁਣੀ ਏ। ਉਂਜ ਉਹਦੇ ਭਰਾ ਦਾ ਜਿੱਥੋਂ ਤੱਕ ਸੰਬੰਧ ਏ ਹੋਟਲ-ਬੈਰਾ ਸਭ ਚਲਦਾ ਏ—"

"ਤੇ ਸ਼ਿਵ ਸ਼ੰਕਰ ਦੀ ਘਰ ਵਾਲੀ ?"

"ਹਾਂ, ਤੇਰੇ ਵਾਂਗ ਤਾਂ ਨਹੀਂ, ਬਾਕੀ ਬ੍ਰਾਹਮਣੀ ਜ਼ਰੂਰ ਏ। ਹਾ-ਹਾ; ਮੈਂ ਸ਼ਿਵ ਸ਼ੰਕਰ ਨੂੰ ਸਭ ਕੁਝ ਪੁੱਛਿਆ, ਜਿਵੇਂ ਕਿ ਇਕ ਸਮਝਦਾਰ ਲੜਕੀ ਵਾਲੇ ਨੂੰ ਵੇਖਣਾ ਸਮਝਣਾ ਚਾਹੀਦਾ ਏ। ਮੈਂ ਆਪਣੇ ਕਿਸੇ ਬੱਚੇ ਦਾ ਰਿਸ਼ਤਾ ਐਸੇ ਪਰਿਵਾਰਾਂ ਵਿਚ ਕਦੇ ਨਹੀਂ ਕਰਾਂਗਾ ਜਿੱਥੇ ਤੇਰੇ ਵਰਗੇ ਕੱਟੜਾਂ ਦਾ ਰਾਜ ਹੋਏ।"

"ਨਾ ਕਰਿਓ ! ਬੱਸ, ਸਾਨੂੰ ਤਾਂ ਦੂਜੀ ਚੀਜ਼ ਚਾਹੀਦੀ ਏ, ਸੰਬੰਧ ਖਟਕੁਲ 'ਚ ਹੋਏ, ਬੰਦੇ ਨੇਕ ਹੋਣ। ਅੜਿਆ ਕੀ ਦੱਸਾਂ, ਬੱਸ ਮੈਨੂੰ ਏਹੋ ਲੱਗੀ ਏ, ਮੇਰੇ ਵੱਡੇ ਤੇ ਰੱਜੋ ਦਾ ਸੰਬੰਧ ਝਟ ਕਰਦਿਆਂ ਹੋ ਜਾਏ; ਮੈਨੂੰ ਦਿੱਸਦਾ ਕਿ ਇਕੱਲੇ ਗੱਟੂ ਈ ਵੱਡੇ ਆਦਮੀ ਨਹੀਂ। ਤੈਨੂੰ ਸੱਚ ਆਂਹਦੀ ਆਂ ਐਸ ਵਾਂਗ ਵੀਹ ਹਜ਼ਾਰ ਰੁਪਿਆ ਭੇਜ ਕੇ ਭਗਵਾਨ ਨੇ ਐਸੀ ਲਾਜ ਰੱਖੀ ਐ ਕਿ ਕੀ ਦੱਸਾਂ। ਦੱਸ ਹਜ਼ਾਰ ਦਾ ਦਾਜ ਕੋਈ ਛੋਟੀ

ਮੋਟੀ ਗੱਲ ਨਹੀਂ । ਚੌਥ ਜੈ ਕਿਸ਼ੋਰ ਦੇ ਘਰੇ ਮੁੱਲਰ ਦੀ ਮਾਂ ਮਿਲੀ ਸੀ ।"

ਮਹੀਪਾਲ ਬੜੇ ਸੁਆਦ ਨਾਲ ਪਤਨੀ ਦੀਆਂ ਗੱਲ ਸੁਣ ਰਿਹਾ ਸੀ । ਕਲਿਆਣੀ ਕਿੰਨੀ ਮਾਣ ਵਾਲੀ ਆਵਾਜ਼ 'ਚ ਬੋਲ ਰਹੀ ਹੈ ! ਮੁੱਲਰ ਦੀ ਮਾਂ ਨੇ ਇਕ ਵਾਰ ਤਾਅਨਾ ਮਾਰਿਆ ਸੀ ਕਿ ਮਹੀਪਾਲ ਵੱਡਾ ਆਦਮੀ ਜ਼ਰੂਰ ਏ, ਪਰ ਪੈਸੇ ਵਲੋਂ ਵੱਡਾ ਨਹੀਂ । ਓਹਨੂੰ ਕਿਹੜਾ ਭਲੇ ਘਰ ਵਾਲਾ ਰਿਸ਼ਤਾ ਦਏਗਾ । ਕਲਿਆਣੀ, ਫਿਰ ਉਹਦੇ ਤੋਂ ਸੁਣ ਕੇ ਮਹੀਪਾਲ ਨੂੰ ਬੜਾ ਦੁੱਖ ਹੋਇਆ ਸੀ । ਉਹ ਮੁੱਲਰ ਦੀ ਮਾਂ ਫਿਰ ਚਰਚਾ ਦਾ ਵਿਸ਼ਾ ਬਣੀ । ਮਹੀਪਾਲ ਦੀ ਉਤਸੁਕਤਾ ਬਹੁਤ ਵੱਧ ਗਈ । ਕਲਿਆਣੀ ਨੂੰ ਕਿਹਾ —
"ਕੀ ਕਿਹਾ ਮੁੱਲਰ ਦੀ ਮਾਂ ਨੂੰ ?"

"ਉਹਨੂੰ ਕੀ ਆਖਣਾ ਸੀ, ਉਹਦੇ ਨਾਲ ਮਾਣ ਇਜ਼ਤ ਨਾਲ ਕੀਤੀ ਤੇ ਕਿਹਾ ਹੋਰਨਾਂ ਦਾ ਵਡੱਪਣ ਤਾਂ ਬਾਈਮਾਨੀ ਤੇ ਲੁੱਟ ਵਿਦਿਆ ਤੇ ਟਿਕਦਾ ਏ — ਮੈਂ ਕਿਹਾ ਸਾਡੇ ਘਰ ਦਾ ਵਡੱਪਣ ਧਰਮ ਤੇ ਤਪਸਿਆ ਤੇ ਟਿਕਿਆ ਏ । ਸਾਡੇ ਬੈਂਕ ਵਿਚ ਭਾਵੇਂ ਲੱਖ ਦੋ ਲੱਖ ਨਾ ਪਏ ਹੋਣ, ਪਰ ਜਿੰਨਾ ਕਰੀਏ ਓਨਾ ਧਨ ਸਾਡੇ ਘਰ ਆ ਜਾਂਦਾ ਏ । ਦੱਸ ਹਜ਼ਾਰ ਸ਼ਕੁੰਤਲਾ ਨੂੰ ਦੇਣਾ" — ਕਹਿੰਦਿਆਂ ਕਹਿੰਦਿਆਂ ਕਲਿਆਣੀ ਦਾ ਸਾਹ ਖ਼ੁਸ਼ੀ ਨਾਲ ਫੁਲ ਗਿਆ । ਪਲ ਭਰ ਰੁਕੀ; ਸਾਰੇ ਗੋਂਦਵੇਂ ਲੱਡੂ ਤਲੇ ਜਾ ਚੁਕੇ ਸਨ, ਕੋਲ ਹੀ ਰੱਖੇ ਹੋਏ ਪਰਨੇ ਨਾਲ ਫੜ ਕੇ ਕੜਾਹੀ ਜ਼ਮੀਨ ਤੇ ਲਾਹ ਕੇ ਰੱਖੀ ਤੇ ਅੱਧਾ ਕੁ ਮਿੰਟ ਪੀੜ੍ਹੇ ਤੇ ਬੈਠ ਕੇ ਮੂੰਹ ਸਾਫ਼ ਕਰ ਕੇ ਸਾਹ ਲੈਣ ਲੱਗੀ । ਮਹੀਪਾਲ ਦੀ ਉਤਸੁਕਤਾ ਵੱਧੀ ਹੋਈ ਸੀ । ਉਹਦਾ ਚਿਹਰਾ ਚਾਨਣ ਅਤੇ ਛਾਂ ਦੀ ਤੇਜ਼ ਦੌੜ ਨਾਲ ਥੱਕਿਆ ਹੋਇਆਂ ਦਿੱਸ ਰਿਹਾ ਸੀ । ਆਪਣੀ ਸਿਫ਼ਤ ਨਾਲ ਸੰਬੰਧਤ ਉਤਸੁਕਤਾ ਨਾਲ ਆਪਣੇ ਆਪ ਨੂੰ ਸਾਵਾਂ ਰੱਖਦਿਆਂ ਹੋਇਆਂ ਪੁੱਛਿਆ — "ਤਾਂ ਫਿਰ ਕੀ ਕਿਹਾ ਮੁੱਲਰ ਦੀ ਮਾਂ ? ਤੇ ਹੋਰ ਉਥੇ ਕੌਣ ਕੌਣ ਸੀ ?"

"ਸਾਰੇ ਸੀ ।" ਤਲੇ ਹੋਏ ਗੋਂਦਵੇਂ ਲੱਡੂਆਂ ਦਾ ਥਾਲ ਆਪਣੀ ਵੱਲ ਸਰਕਾ ਕੇ ਉਹਨਾਂ ਨੂੰ ਚਾਸ਼ਨੀ ਵਿਚ ਪਾਉਣ ਦੀ ਤਿਆਰੀ ਕਰਦੀ ਹੋਈ ਕਲਿਆਣੀ ਬੋਲੀ — ਜੈ ਕਿਸ਼ੋਰ ਦੀ ਅੰਮਾਂ ਸੀ, ਉਹਦੀ ਭਰਜਾਈ, ਜੈ ਕਿਸ਼ੋਰ ਦੀ ਘਰ ਵਾਲੀ — ਪਰ ਸਾਨੂੰ ਕੀਹਦਾ ਰੋਹਬਾ ਏ । ਮੈਂ ਕਹਿੰਦੀ ਆਂ ਜਿੰਦਾਂ ਦੀ ਮਰਿਆਦਾ ਸਾਨੂੰ ਮਿਲੀ ਏ ਉਹੋ ਜਿਹੀ ਇਹਨਾਂ ਲੋਕਾਂ ਦੇ ਭਾਗੀਂ ਨਹੀਂ । ਮੈਂ ਹੋਰ ਵੀ ਕਿਹਾ, ਮੈਂ ਤਾਂ ਤੈਨੂੰ ਪਤਾ ਏਨੇਂ ਚਿਰ ਦੀ ਭਰੀ ਪੀਤੀ ਬੈਠੀ ਸਾਂ, ਵੇਲਾ ਵੇਖ ਕੇ ਆਪਣੇ ਜੀਅ ਦੀਆਂ ਸੱਭੇ ਕਹਿ ਸੁਣਾਈਆਂ । ਮੈਂ ਕਿਹਾ ਹੋਰਨਾਂ ਦੇ ਮਹਿਲਮਾੜੀਆਂ, ਠਾਠ ਬਾਠ, ਵੱਡੇ ਨਾਮ ਤਾਂ ਕੁਝ ਵਰ੍ਹਿਆਂ 'ਚ ਈ ਮਿਟ ਜਾਣੇ ਨੇ, ਪਰ ਸਾਡੇ ਘਰ ਦੀ ਮਰਯਾਦਾ ਆ ਜਿੰਨਾ ਜਿੰਨਾ ਸਮਾਂ ਅਗਾਂਹ ਹੁੰਦਾ, ਓਨਾ ਓਨਾ ਈ ਅਗਾਂਹ ਹੋਵੇ । ਮੈਂ ਕਿਹਾ ਕਿ ਸ਼ਹਿਰ ਵਿਚ, ਬਿਰਾਦਰੀ ਵਿਚ, ਵੱਡੇ ਵੱਡੇ ਧਨੀਮਾਨੀ, ਡਾਕਟਰ-ਵਕੀਲ ਨੇ । ਉਹਨਾਂ ਨੂੰ ਬਾਹਰ ਕੌਣ

ਜਾਣਦਾ ਏ ? ਮੈਂ ਕਿਹਾ ਸਾਡੇ ਘਰ ਦਿਆਂ ਦਾ ਨਾਂ ਦੇਸ ਪ੍ਰਦੇਸ ਤਕ ਹੈਗਾ ਏ। ਉੱਚੇ ਉੱਚੇ ਅਫ਼ਸਰ ਤੇ ਆਦਮੀ ਸਾਡੇ ਘਰਦਿਆਂ ਨੂੰ ਜਾਣਦੇ ਆ — ਉਹਨਾਂ ਦੀਆਂ ਕਿਤਾਬਾਂ ਪੜ੍ਹਦੇ ਨੇ। ਸਾਡੇ ਘਰਦਿਆਂ ਦੀ ਦੂਜਿਆਂ ਨਾਲ ਕੀ ਬਰਾਬਰੀ ਏ।" ਝਰਨਾ ਭਰ ਕੇ ਲੱਡੂ ਚਾਸ਼ਨੀ 'ਚ ਪਾਏ।

ਮਹੀਪਾਲ ਬੜਾ ਖ਼ੁਸ਼ ਹੋ ਰਿਹਾ ਸੀ, ਕਹਿਣਾ ਚਾਹੀਦਾ ਏ ਕਿ ਕਲਿਆਣੀ ਦੀਆਂ ਗੱਲਾਂ 'ਚੋਂ ਖ਼ੁਸ਼ੀ ਦੀ ਸ਼ਰਾਬ ਪੀ ਰਿਹਾ ਸੀ। ਉਹਨੇ ਕਿਹਾ — "ਤੈਨੂੰ ਏਹੋ ਜਿਹੀਆਂ ਗੱਲਾਂ ਆਪ ਈ ਆਪਣੇ ਮੂੰਹੋਂ ਨਹੀਂ ਕਰਨੀਆਂ ਚਾਹੀਦੀਆਂ ਸੁਦੈਣੇਂ !"

"ਕਿਉਂ ਨਾ ਕਹਾਂ ?" ਕਲਿਆਣੀ ਦੇ ਹਿੱਲਣ ਨਾਲ ਉਹਦੇ ਗਹਿਣੇ ਝਿਲਮਿਲ ਝਿਲਮਿਲ ਕਰਨ ਲੱਗੇ — "ਰੱਬ ਸਾਡੀ ਸੁਣ ਲਏ ਤੁਹਾਡੀ ਐਸੀ ਆਮਦਨੀ ਹੋਏ ਤੇ ਸਾਡੇ ਬੱਚਿਆਂ ਦਾ ਦਾਜ ਲੈ ਕੇ, ਤੈਨੂੰ ਦੋਹਾਂ ਵਰ੍ਹਿਆਂ 'ਚ ਈ ਮੋਟਰ ਬੰਗਲਾ ਸਭ ਕੁਝ ਬਣਾ ਕੇ ਵਿਖਾ ਸਕਦੀ ਆਂ।"

ਮਹੀਪਾਲ ਸੁਆਦੋ ਸੁਆਦ ਹੋ ਗਿਆ। ਪਤੀ ਨੂੰ ਛੁਹਣ ਤੋਂ ਵਰਜਦੀ ਹੋਈ ਹੌਲੀ ਜਿਹੀ ਸੁਆਲ-ਰੋਸ ਨਾਲ ਭਰੀ ਆਵਾਜ਼ ਵਿਚ ਬੋਲੀ — "ਮੈਨੂੰ ਹੱਥ ਨਾ ਲਾਓ — ਵੇਖੋ ਵੇਖੋ ਕੋਈ ਆ ਜਾਊ।"

ਸੱਚਮੁੱਚ ਹੀ ਸ਼ਕੁੰਤਲਾ ਆ ਗਈ। ਮਹੀਪਾਲ ਖੜਾ ਹੋ ਚੁੱਕਿਆ ਸੀ, ਭਣੇਵੀਂ ਨੂੰ ਵੇਖ ਕੇ ਆਕੜ ਲੈਣ ਦਾ ਬਹਾਨਾ ਕਰਨ ਲੱਗਾ, ਫਿਰ ਸ਼ਕੁੰਤਲਾ ਦੇ ਸਿਰ ਨੂੰ ਦੋਵਾਂ ਹੱਥਾਂ ਨਾਲ ਘੁੱਟ ਕੇ ਪਿਆਰ ਨਾਲ ਕਿਹਾ — "ਕਿਉਂ ਨੀ, ਤੂੰ ਨਹੀਂ ਸਹੁਰਿਆਂ ਲਈ ਪਕਵਾਨ ਬਣਾਉਂਦੀ ?" ਸ਼ਕੁੰਤਲਾ ਸ਼ਰਮਾ ਗਈ। ਮਹੀਪਾਲ ਨੇ ਦਰਵਾਜ਼ੇ ਵੱਲ ਜਾਂਦਿਆਂ ਹੋਇਆਂ ਉਹਨੂੰ ਪੁੱਛਿਆ — "ਸੱਜਨ ਦਾ ਨੌਕਰ ਚਲਾ ਗਿਆ ?"

"ਹਾਂ ਜੀ ਬੜਾ ਚਿਰ ਹੋ ਗਿਆ।"

ਦਰਵਾਜ਼ੇ ਤੇ ਪਹੁੰਚ ਕੇ ਉਹਨੇ ਫਿਰ ਕਲਿਆਣੀ ਨੂੰ ਕਿਹਾ — "ਛੇਤੀ ਈ ਕੰਮ ਤੋਂ ਵਿਹਲੀ ਹੋ ਜਾਈਂ; ਹੋਲੀ ਦਾ ਦਿਨ ਏ।" ਮਹੀਪਾਲ ਛੱਜੇ 'ਚ ਆ ਗਿਆ। ਸ਼ਿਵਾਲੇ ਦੇ ਥੜ੍ਹੇ ਤੇ ਖੂਹ ਦੇ ਛੱਪਰ ਹੇਠਾਂ ਰੰਗਾਂ ਨਾਲ ਗੜੁੱਚ ਹੋਏ ਪੰਜ ਸੱਤ ਮੁੰਡੇ ਬੈਠੇ ਹਾਸਾ-ਮਖ਼ੌਲ ਕਰ ਰਹੇ ਸਨ। ਦਰਵਾਜ਼ੇ ਕੋਲ ਮੁੜਦਾ ਮਹੀਪਾਲ ਰੁਕ ਗਿਆ। ਇਕ ਲੜਕਾ ਜ਼ੋਰ ਜ਼ੋਰ ਨਾਲ ਹੱਸ-ਹੱਸ ਕੇ ਸੁਣਾ ਰਿਹਾ ਸੀ ਕਿ ਕਿੰਜ ਉਹਨੇ ਆਪਣੇ ਦੋ ਤਿੰਨ ਸਾਥੀਆਂ ਨਾਲ ਗਲੀ ਵਿਚ ਇਕ ਮਾਲਣ ਨੂੰ ਘੇਰ ਲਿਆ; ਕਿੰਜ ਉਹ ਡਰੀ ਤ੍ਰਭਕੀ, ਕਿੰਨਾ ਮਜ਼ਾ ਆਇਆ; ਫਿਰ ਕਿੰਜ ਉਹਨਾਂ ਲੋਕਾਂ ਨੇ ਮਾਲਣ ਨੂੰ ਵੀ ਖ਼ੁਸ਼ ਕੀਤਾ ਆਦਿ ਗੱਲਾਂ ਉਹ ਤੇ ਵਿਚ ਵਿਚ ਉਹਦਾ ਇਕ ਨਾਲ ਦਾ ਵੀ ਸਭਨਾਂ ਨੂੰ ਸੁਣਾ ਰਿਹਾ ਸੀ।

ਸਭਨਾਂ ਨੂੰ ਮਜ਼ਾ ਆ ਰਿਹਾ ਸੀ। ਮਜ਼ਾ ਮਹੀਪਾਲ ਨੂੰ ਵੀ ਆ ਰਿਹਾ ਸੀ, ਪਰ ਗੱਲ ਭੱਦੀ ਲੱਗ ਰਹੀ ਸੀ। ਅਸਲ ਵਿਚ ਹੋਲੀ ਹੈ ਈ ਵਾਸ਼ਨਾ ਦਾ ਤਿਉਹਾਰ। ਫੱਗਣ ਦੀ

ਵਡਿਆਈ ਹੀ ਕਾਮ ਦੀ ਵਡਿਆਈ ਹੈ। ਆਪਣੇ ਧੁਰ ਉਤਲੇ ਕਮਰੇ ਵਿਚ, ਜਿੱਥੇ ਅੱਜ ਕੱਲ੍ਹ ਉਹਦਾ ਕੰਮ ਚਲਾਊ ਲਿਖਣ ਵਾਲਾ ਕਮਰਾ ਹੈ, ਸਿਰਹਾਣੇ ਦੇ ਸਹਾਰੇ ਪਿਆ ਹੋਇਆ ਮਹੀਪਾਲ ਵਿਚਾਰਾਂ ਦੀ ਧੁੰਨ ਵਿਚ ਮਗਨ ਸੀ।

ਅਚਾਨਕ ਸ਼ੀਲਾ ਮਨ ਦੀ ਬਾਰੀ ਵਿਚੋਂ ਝਾਕਣ ਲੱਗੀ। ਮਹੀਪਾਲ ਨੂੰ ਲੱਗਾ ਜਿਵੇਂ ਕਿਤੋਂ ਇਤਰ ਦੀ ਖ਼ੁਸ਼ਬੋ ਉਹਦੇ ਆਲੇ ਦੁਆਲੇ ਖਿਲਰ ਗਈ ਹੈ। ਮਹੀਪਾਲ ਦੇ ਟਿਕਵੇਂ, ਰੁਝੇਵੇਂ ਵਾਲੇ ਮਨ ਵਿਚ ਅਚਾਨਕ ਭੁਚਾਲ ਆ ਗਿਆ। ਹੋਲੀ ਦਾ ਦਿਨ ਹੈ ਅਤੇ ਸ਼ੀਲਾ ਉਹਦੇ ਕੋਲ ਨਹੀਂ। ਸ਼ੀਲਾ ਉਹਦੇ ਕੋਲੋਂ ਖੁਸ ਗਈ। ਮਹੀਪਾਲ ਨੂੰ ਸ਼ੀਲਾ ਦੀ ਬੜੀ ਯਾਦ ਆਈ। ਲੋਕਾਚਾਰੀ ਅਤੇ ਨੈਤਿਕਤਾ ਦੀ ਉੱਚੀ ਵਲਗਣ ਦੇ ਅੰਦਰ ਸ਼ੀਲਾ ਬਦੋਬਦੀ ਦਾਖ਼ਲ ਹੋ ਰਹੀ ਸੀ; ਮਨ ਵਿਚ 'ਹਾਂ-ਨਾਂਹ' ਦੀ ਟੱਕਰ ਚੱਲ ਰਹੀ ਸੀ। ਨਾ-ਨਾ ਕਰਦਿਆਂ ਵੀ ਸ਼ੀਲਾ ਮਨ ਵਿਚ ਸਮਾਈ ਹੋਈ ਹੈ। ਸ਼ੀਲਾ ਕਿੰਨੀ ਉਦਾਸ ਹੋਏਗੀ।...ਪਿਛਲੇ ਵਰ੍ਹੇ ਅੱਜ ਹੋਲੀ ਵਾਲੇ ਦਿਨ ਉਹ ਦੋਵੇਂ ਇਕੱਠੇ ਸਨ। ਸ਼ੀਲਾ ਨਾਲ ਬੀਤੇ ਹੋਏ ਵਰ੍ਹੇ, ਦਿਨ, ਘੰਟੇ ਚਾਣਚੱਕ ਘੜੀਆਂ ਪਲਾਂ ਵਿਚ ਪਸਰ ਕੇ ਉਹਨੂੰ ਉਹੋ ਸ਼ਾਂਤੀ ਦੇਣ ਲੱਗੇ ਜਿਹੜੀ ਅਸੰਖਾਂ ਤਾਰਿਆਂ ਨਾਲ ਭਰੇ ਅਸਮਾਨ ਨੂੰ ਵੇਖ ਕੇ ਮਿਲਦੀ ਹੈ। ਸ਼ੀਲਾ ਡਾਕਟਰ ਸ਼ੀਲਾ ਸਿੰਵਗ ਹੈ — ਸ਼ਹਿਰ ਦੀ ਪ੍ਰਸਿੱਧ ਮੰਨੀ ਦੰਨੀ ਔਰਤ। ਦੇਸ ਦੇ ਇਕ ਮੰਨੇ ਦੰਨੇ ਪ੍ਰਸਿੱਧ ਸਾਹਿਤਕਾਰ ਸ਼ੁਕਲ ਨੂੰ ਆਪਣੇ ਪ੍ਰਾਂਤ ਦੇ ਸਰਕਾਰੀ ਸਮਾਗਲਾਂ ਦਾ ਸੱਦਾ ਨਹੀਂ ਮਿਲਦਾ, ਪਰ ਡਾ: ਸ਼ੀਲਾ ਸਿੰਵਗ ਸ਼ਹਿਰ ਦੇ ਵੱਡੇ ਤੋਂ ਵੱਡੇ ਸਮਾਜ ਵਿਚ ਆਦਰ ਲੈਂਦੀ ਹੈ। ਸ਼ੀਲਾ ਕੋਲ ਲੱਖ ਦੋ ਲੱਖ ਰੁਪਿਆ ਹੈ। ਚਮਤਕਾਰੀ, ਆਜ਼ਾਦ ਸ਼ਖ਼ਸ਼ੀਅਤ ਵਾਲੀ ਹੁੰਦਿਆਂ ਹੋਇਆਂ ਵੀ ਉਹਦੇ ਲਈ ਮਨ ਵਿਚ ਕਿੰਨੀ ਨੇੜਤਾ ਰੱਖਦੀ ਹੈ। ਸ਼ੀਲਾ ਉਹਦਾ ਆਦਰ ਕਰਦੀ ਹੈ। ਸ਼ੀਲਾ ਉਹਨੂੰ ਆਪਣੀਆਂ ਗੱਲਾਂ ਅਤੇ ਵਿਚਾਰ ਨਾਲ ਤਾਜ਼ਗੀ ਨਾਲ ਭਰਦੀ ਹੈ, ਸਾਇੰਸ ਦੇ ਆਦਮੀ ਬਹੁਤਾ ਕਰ ਕੇ ਸਾਹਿਤ ਅਤੇ ਕਲਾਵਾਂ ਵੱਲ ਰੁਚੀ ਨਹੀਂ ਰੱਖਦੇ, ਪਰ ਸ਼ੀਲਾ ਇਸ 'ਚੋਂ ਸੁਆਦ ਲੈਂਦੀ ਹੈ। ਵਿਰੋਧ ਵਾਲੀਆਂ ਘੜੀਆਂ ਵੀ ਆਈਆਂ ਨੇ, ਪਰ ਸ਼ੀਲਾ ਨੇ ਕਦੇ ਵਿਰੋਧ ਨੂੰ ਵੱਧਣ ਨਹੀਂ ਦਿਤਾ। ਓਸੇ ਸ਼ੀਲਾ ਦਾ ਅੱਜ ਉਹ ਵਿਰੋਧ ਕਰ ਰਿਹਾ ਹੈ।

ਮਹੀਪਾਲ ਦਾ ਚੰਗਾ ਭਲਾ ਘਰ ਬਾਰ ਵਾਲਾ, ਸੁਖੀ ਵਸਦਾ ਰਸਦਾ ਮਨ ਸ਼ੀਲਾ ਦਾ ਧਿਆਨ ਕਰ ਕੇ ਵਿਲਕ ਪਿਆ। ਉਹ ਜਾਏਗਾ, ਸਮਾਜ ਦਾ ਡਰ ਆਖ਼ਰ ਕਿਨ੍ਹਾਂ ਕਿਨ੍ਹਾਂ ਗੱਲਾਂ ਵਿਚ ਮੰਨਿਆ ਜਾਏ ? ਸਮਾਜ ਦੀਆਂ ਨਜ਼ਰਾਂ ਤੋਂ ਬਚ ਕੇ ਵੀ ਇਹ ਸੰਬੰਧ ਕਾਇਮ ਰਖਿਆ ਜਾ ਸਕਦਾ ਹੈ। ਹੁਣ ਤਾਈਂ ਉਹ ਅਵੇਸਲੇਪਨ ਵਿਚ ਰਿਹਾ, ਏਸੇ ਲਈ ਦੁਨੀਆਂ ਵਿਚ ਉਹਦੀ ਬਦਨਾਮੀ ਹੋਈ, ਨਹੀਂ ਤਾਂ ਚੋਰੀ ਤੇ ਚਾਹੀਦੇ ਤਾਂ ਜੀਵਨ ਭਰ ਲੁਕਾ ਕੇ ਰੱਖੀ ਜਾ ਸਕਦੀ ਹੈ। ਮਹੀਪਾਲ ਸ਼ੀਲਾ ਨੂੰ ਮਿਲਣ ਦੀ ਤੜਪ ਲੈ ਕੇ ਘਾਟਾ ਵਾਧਾ ਸੋਚ ਕੇ ਕਮਰੇ 'ਚੋਂ ਬਾਹਰ ਨਿਕਲਿਆ। ਛੱਤ ਹੇਠਾਂ ਦੂਸਰੀ ਮੰਜ਼ਲ ਤੇ

ਬੱਚੇ ਖੇਡਦੇ ਦਿੱਸ ਰਹੇ ਸਨ। ਕਲਿਆਣੀ ਵੀ ਪੱਲੇ ਨਾਲ ਹੱਥ ਸਾਫ਼ ਕਰਦੀ ਰਸੋਈ ਦੇ ਬਰਾਂਡੇ 'ਚੋਂ ਬਾਹਰ ਆ ਕੇ ਆਪਣੇ ਕਮਰੇ ਵਿਚ ਜਾਂਦੀ ਹੋਈ ਦਿਸੀ। ਉਹਨੂੰ ਵੇਖ ਕੇ ਮਹੀਪਾਲ ਦੀ ਸਾਰੀ ਸਕੀਮ ਡਾਵਾਂਡੋਲ ਹੋ ਗਈ। "ਨਹੀਂ, ਹੁਣ ਸ਼ਕੁੰਤਲਾ ਦੀ ਸ਼ਾਦੀ ਕਰਨੀ ਹੈ, ਨੂੰਹਾਂ ਵੀ ਆਉਣਗੀਆਂ। ਮੈਂ ਹੁਣ ਇਕੱਲਾ ਨਹੀਂ — ਆਜ਼ਾਦ ਨਹੀਂ। ਮੈਨੂੰ ਆਪਣੀਆਂ ਚੰਗਿਆਈਆਂ, ਆਪਣੀਆਂ ਪ੍ਰੇਰਨਾਵਾਂ ਦਾ ਤਿਆਗ ਕਰਨਾ ਪੈਣਾ ਏਂ।"

ਆਪਣੀ ਹੀ ਲਾਈ ਮਨਾਹੀ ਵਿਰੁੱਧ ਉਹਦਾ ਮਨ ਸ਼ੀਲਾ ਲਈ ਤੜਫ਼-ਤੜਫ਼ ਕੇ ਖੋਖਲਾ ਹੋ ਰਿਹਾ ਸੀ...ਅਤੇ ਉਹਨੂੰ (ਚੋਰੀ ਨਾਲ) ਇਹ ਵੀ ਮਹਿਸੂਸ ਹੋ ਰਿਹਾ ਸੀ ਕਿ ਉਹਦਾ ਇਹ ਖੋਖਲਾਪਨ ਸੱਚਮੁੱਚ ਹੀ ਖੋਖਲਾ ਹੈ, ਉਹਦਾ ਕੋਈ ਠੋਸ ਆਧਾਰ ਨਹੀਂ — ਨਾ ਆਪਣਾ, ਨਾ ਸ਼ੀਲਾ, ਨਾ ਕਲਿਆਣੀ ਅਤੇ ਨਾ ਬੱਚਿਆਂ ਦਾ। ਉਹਦੇ ਹੰਢਾਏ ਅਨੁਭਵ ਦਾ ਸੋਮਾ ਜਿਵੇਂ ਕਿਸੇ ਵੱਡੇ ਪੱਥਰ ਨਾਲ ਢਕਿਆ ਪਿਆ ਹੈ। ਇਹ ਸਾਰੇ ਵਿਚਾਰ ਸਿਰਫ਼ ਕਲਪਨਾ ਰਾਹੀਂ ਅਨੁਭਵ ਕੀਤੇ ਜਾ ਰਹੇ ਹਨ, ਉਹ ਖੋਖਲਾ ਹੈ, ਖੋਖਲਾ ਹੈ, ਖੋਖਲਾ ਹੈ!

40

ਡਾ: ਸ਼ੀਲਾ ਸਿੰਵਗ ਬਾਲਜ਼ਕ ਦੀ ਜੀਵਨੀ ਪੜ੍ਹ ਰਹੀ ਸੀ, ਕਾਰਡ ਦੀ ਨਿਸ਼ਾਨੀ ਰੱਖ ਕੇ ਕਿਤਾਬ ਬੰਦ ਕਰ ਦਿਤੀ। ਅਬਦੁੱਲ ਪਲੰਘ ਨਾਲ ਲਾ ਕੇ ਚਾਹ ਦੀ ਟੇਬਲ ਰੱਖ ਚੁਕਾ ਸੀ ਅਤੇ ਖਲੋਤਾ ਹੋਇਆ ਸੀ। ਸ਼ੀਲਾ ਦਾ ਚਿਹਰਾ ਫਿੱਕਾ ਅਤੇ ਉਦਾਸ ਸੀ, ਉੱਠ ਕੇ ਚਾਹ ਪੀਣੀ ਵੀ ਉਹਨੂੰ ਬੋਝਲ ਜਾਪ ਰਹੀ ਸੀ, ਫਿਰ ਵੀ ਉਹ ਉੱਠੀ; ਬੈਠਿਆਂ ਬੈਠਿਆਂ ਮਾੜੀ ਜਿਹੀ ਉਬਾਸੀ ਅਤੇ ਆਕੜ ਲਈ। ਜੋਜ਼ੇਫ਼ ਨੇ ਚਾਹ ਦੀ ਕੇਤਲੀ ਤੋਂ ਟੀ ਕੋਜੀ ਲਾਹ ਕੇ ਰੱਖ ਦਿਤੀ। ਪਿਆਲੀ ਸਿੱਧੀ ਕੀਤੀ ਚਾਹ ਬਨਾਉਣ ਲੱਗਾ।

"ਜਾਹ, ਮੈਂ ਬਣਾ ਲਵਾਂਗੀ।"

ਅਬਦੁੱਲ ਹੱਥ ਪਰ੍ਹਾਂ ਕਰ ਕੇ ਖਲੋ ਗਿਆ — "ਸ਼ਾਮ ਨੂੰ ਕੀ ਖਾਣਾ ਬਣੇ ਮੇਮ ਸਾਂਬ? ਕੋਈ ਆਉਣ ਵਾਲਾ ਏ?"

"ਨਹੀਂ" — ਸ਼ੀਲਾ ਨੇ ਦੁਬਾਰਾ ਉਬਾਸੀ ਲਈ ਅਤੇ ਖੁਲ੍ਹੇ ਮੂੰਹ ਅੱਗੇ ਹੱਥ ਰੱਖਦਿਆਂ ਹੋਇਆਂ ਕਿਹਾ — "ਜੋ ਮਰਜ਼ੀ ਬਣਾ ਲਈਂ।"

ਅਬਦੁੱਲ ਚੱਲਾ ਗਿਆ, ਸ਼ੀਲਾ ਦੇ ਮੁਰਦਿਆਂ ਵਰਗੇ ਹੱਥ ਕਿਵੇਂ ਨਾ ਕਿਵੇਂ ਚਾਹ

ਬਨਾਉਂਦੇ ਰਹੇ । ਹੋਲੀ ਵਾਲੇ ਦਿਨ ਉਹਨੂੰ ਵੀ ਮਹੀਪਾਲ ਦੀ ਯਾਦ ਆ ਰਹੀ ਹੈ। ਮਹੀਪਾਲ ਦੀ ਅਣਹੋਂਦ ਖੁਣੋਂ ਅਠੱਤੀਆਂ ਵਰ੍ਹਿਆਂ ਦੀ ਸ਼ੀਲਾ ਅਚਾਨਕ ਆਪਣੇ ਆਪ ਨੂੰ ਬੁੱਢੀ ਮਹਿਸੂਸ ਕਰਨ ਲੱਗੀ । ਉਹਦਾ ਜੀਵਨ ਦੇ ਸੁਆਦ ਦਾ ਸੋਮਾ ਸੁਕ ਗਿਆ ਹੈ। ਏਨੇ ਧਨ, ਜਾਇਦਾਦ, ਮਾਣ, ਇਜ਼ਤ ਲੈਣ ਵਾਲੀ ਆਜ਼ਾਦ ਔਰਤ ਨਿਰਾਸਰੀ ਜਿਹੀ ਮਹਿਸੂਸ ਕਰ ਰਹੀ ਸੀ । ਸ਼ੀਲਾ ਜੀਵਨ ਭਰ ਆਪਣੀਆਂ ਘਾਟਾਂ, ਬੇਆਸਰੀ ਹਾਲਤ ਨਾਲ ਘੁਲ ਕੇ ਹੀ ਹੁਣ ਇਸ ਹੈਸੀਅਤ ਉਤੇ ਅਪੜੀ ਸੀ । ਉਹ ਸ਼ਕਤੀ ਹੁਣ ਮਹੀਪਾਲ ਦੀ ਅਣਹੋਂਦ ਨਾਲ ਟੁੱਟ ਰਹੀ ਹੈ । ਸ਼ੀਲਾ ਦਾ ਸਾਰਾ ਹਾਸਾ-ਖੇੜਾ ਮਹੀਪਾਲ ਦੇ ਵਿਯੋਗ ਪਿੱਛੋਂ ਜਿਵੇਂ ਖ਼ਤਮ ਹੋ ਰਿਹਾ ਹੈ । ਬਹੁਤ ਅਕੇਵੇਂ ਪਿੱਛੋਂ ਦੋ ਵਾਰ ਪਿਕਚਰ ਵੇਖਣ ਜ਼ਰੂਰ ਗਈ ਸੀ, ਨਹੀਂ ਤਾਂ ਬੜੇ ਚਿਰ ਤੋਂ ਮਰੀਜ਼ਾਂ ਨੂੰ ਵੇਖਣ ਤੋਂ ਬਿਨਾਂ ਉਹ ਨਾ ਤਾਂ ਕਿਤੇ ਆਉਂਦੀ ਜਾਂਦੀ ਹੈ ਅਤੇ ਨਾ ਕਿਸੇ ਨਾਲ ਮਿਲਦੀ ਹੀ ਹੈ। ਸੱਜਨ, ਵੰਨ ਕੰਨਿਆ ਕਦੇ ਫੇਰਾ ਮਾਰ ਜਾਂਦੇ ਹਨ, ਬਹੁਤਾ ਕਰ ਕੇ ਤਾਂ ਉਹ ਹੈ, ਕਿਤਾਬਾਂ ਜਾਂ ਰੇਡੀਓ ਹੈ ਅਤੇ ਇਕੱਲ ਦਾ ਵਾਸਾ ।

ਸ਼ੀਲਾ ਦਾ ਬਚਪਨ ਥੋੜਾਂ ਤਰੁਟੀਆਂ 'ਚੋਂ ਲੰਘਿਆ । ਉੱਤਰ ਪ੍ਰਦੇਸ ਦੇ ਈਸਾਈ ਲੱਗ ਭੱਗ ਸੌਂ 'ਚੋਂ ਨੜਿੰਨਵੇਂ ਗਰੀਬ ਹਨ । ਉਹਦੇ ਬਚਪਨ ਵੇਲੇ ਈਸਾਈਆਂ ਦੀਆਂ ਨੌਕਰੀਆਂ ਕਰੀਬ ਕਰੀਬ ਮਿਸ਼ਨਰੀਆਂ ਦੇ ਅਧੀਨ ਸਨ । ਸ਼ੀਲਾ ਦੇ ਪਿਤਾ ਜੀ ਪੱਛਮੀ ਯੂ. ਪੀ. ਦੇ ਇਕ ਛੋਟੇ ਜਿਹੇ ਕਸਬੇ ਵਿਚ ਮਿਸ਼ਨ ਸਕੂਲ ਦੇ ਹੈੱਡ ਮਾਸਟਰ ਸਨ । ਮਾਂ ਵੀ ਪੜ੍ਹਾਉਂਦੀ ਸੀ । ਬੜੀ ਗ਼ਰੀਬੀ ਵਿਚ ਦਿਨ ਲੰਘਦੇ ਸਨ । ਸ਼ੀਲਾ ਗ਼ਰੀਬੀ ਵਿਰੁੱਧ ਬਗ਼ਾਵਤ ਕਰਦੀ। ਉਹ ਹੱਠ ਨਾਲ ਫ਼ਜ਼ੂਲ ਖ਼ਰਚੀ ਕਰਦੀ ਸੀ। ਸ਼ੁਰੂ ਤੋਂ ਹੀ ਵਿਦਰੋਹੀ ਸੀ। ਪੜ੍ਹਨ ਅਤੇ ਡੀਬੇਟ ਵਿਚ ਤੇਜ਼ ਹੋਣ ਕਰ ਕੇ ਉਹਦੀ ਬੱਚਿਆਂ ਵਿਚ ਖ਼ਾਸ ਥਾਂ ਸੀ, ਇਸ ਲਈ ਸ਼ੁਰੂ ਤੋਂ ਹੀ ਅਭਿਮਾਨਣੀ ਵੀ ਸੀ । ਸਕੂਲਾਂ ਦੀ ਪ੍ਰਾਂਤਕ ਡੀਬੇਟ ਵਿਚ ਉਹ ਇਲਾਹਬਾਦ 'ਚੋਂ ਦੋ ਵਾਰ ਪਹਿਲਾ ਇਨਾਮ ਵੀ ਜਿੱਤ ਚੁੱਕੀ ਸੀ । ਘਰ ਵਿਚ ਮਾਣ ਨਾ ਮਿਲਣ ਅਤੇ ਕਲ੍ਹਾ ਕਾਰਨ ਅਤੇ ਬਾਹਰ ਸਨਮਾਨ ਪ੍ਰਾਪਤ ਕਰਨ ਕਰ ਕੇ ਡਾਕਟਰ ਸ਼ੀਲਾ ਦੇ ਜੀਵਨ ਵਿਚ ਘੋਲ ਸ਼ੁਰੂ ਹੋਇਆ । ਉਹਦੇ ਬਚਪਨ ਵਿਚ ਹੋਣ ਵਾਲੇ ਕੌਮੀ ਅੰਦੋਲਨਾਂ ਦਾ ਪ੍ਰਭਾਵ ਵੀ ਉਹਦੇ ਜੀਵਨ ਤੇ ਚੋਖਾ ਪਿਆ । ਈਸਾਈ ਸਮਾਜ, ਘੋਰ ਕਾਲਾ ਭਾਰਤੀ ਈਸਾਈ ਸਮਾਜ ਉਸ ਜ਼ਮਾਨੇ ਵਿਚ ਆਪਣੇ ਆਪ ਨੂੰ ਅੰਗ੍ਰੇਜ਼ ਜਾਤੀ ਦਾ ਮਾਸੀਉਂ ਭਰਾ ਸਮਝਦਾ ਸੀ। ਇਹ ਸਮਝ, ਇਹ ਆਕੜ ਓਸ ਹਾਲਤ ਵਿਚ ਸੀ ਜਦ ਕਿ ਅੰਗ੍ਰੇਜ਼, ਅੰਗ੍ਰੇਜ਼ ਹੀ ਕੀ ਮਮੂਲੀ ਕਾਰਿੰਦੇ ਵੀ ਉਹਨਾਂ ਨੂੰ ਮੂੰਹ ਨਹੀਂ ਸਨ ਲਾਉਂਦੇ । ਕੌਮੀ ਲਹਿਰਾਂ ਨੇ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਇਸ ਭਾਰਤੀ-ਵਾਸੀ ਈਸਾਈ ਸਮਾਜ ਦੇ ਅੰਦਰ ਵੀ ਕੌਮੀ ਭਾਵਾਂ ਵਾਲੀ ਲਹਿਰ ਪੈਦਾ ਕਰ ਦਿਤੀ ਸੀ।

ਢਿੱਡ ਲਈ ਵਲਾਇਤੀ ਸੰਸਥਾਵਾਂ ਅਧੀਨ ਅਤੇ ਦੇਸ਼ ਦੇ ਸਮਾਜ ਤੋਂ ਪੂਰੀ ਤਰ੍ਹਾਂ ਟੁੱਟਣ ਕਰਕੇ ਕੌਮੀ ਜਾਗਰਤੀ ਦੇ ਪੌਣਪਾਣੀ — ਵਿਚ ਈਸਾਈ ਅਜੀਬ ਘੁਟਣ ਵਾਲੀ ਜ਼ਿੰਦਗੀ ਬਿਤਾਉਣ ਲੱਗੇ। ਉਹਨਾਂ ਦੇ ਆਪਣੇ ਸਮਾਜਿਕ ਪਾੜੇ ਵੀ ਬੜੇ ਵਧ ਗਏ ਸਨ। ਈਸਾਈਆਂ ਵਿਚ ਹਿੰਦੂ ਧਰਮ ਦੀਆਂ ਛੋਟੀਆਂ ਤੋਂ ਛੋਟੀਆਂ ਅਤੇ ਵੱਡੀਆਂ ਤੋਂ ਵੱਡੀਆਂ ਜ਼ਾਤੀਆਂ ਦੇ ਲੋਕ ਆਪਣਾ ਧਰਮ ਬਦਲ ਕੇ ਆਏ ਸਨ। ਮੁਸਲਮਾਨਾਂ 'ਚੋਂ ਵੀ ਹਰ ਵਰਗ ਦੇ ਲੋਕ ਈਸਾਈ ਬਣੇ ਸਨ। ਇਹਨਾਂ ਨੇ ਧਰਮ ਤਾਂ ਬਦਲਿਆ, ਪਰ ਪੁਰਾਣੇ ਧਰਮ — ਸੰਸਕਾਰ ਨਾ ਬਦਲ ਸਕੇ। ਹਿੰਦੂ ਈਸਾਈ ਬਹੁਤਾ ਕਰਕੇ ਹਿੰਦੂ ਈਸਾਈਆਂ ਵਿਚ ਹੀ ਵਿਆਹ-ਸ਼ਾਦੀ ਕਰਨਾ ਪਸੰਦ ਕਰਦੇ ਸਨ। ਊਚ-ਨੀਚ ਦਾ ਭੇਦ ਵੀ ਕਿਸੇ ਹੱਦ ਤਕ ਬਣਿਆ ਹੀ ਰਹਿੰਦਾ ਸੀ। ਮੁਸਲਮਾਨ ਈਸਾਈ ਵੀ ਏਸੇ ਤਰ੍ਹਾਂ ਆਪਣੇ ਬਦਲੇ ਹੋਏ ਘੇਰੇ ਵਿਚ ਬੱਝੇ ਸਨ। ਅੰਧ ਵਿਸ਼ਵਾਸ ਅਤੇ ਇਜ਼ਤ ਮਾਣ ਦੇ ਢੰਗ ਵੀ ਨਖਾਲਸ ਭਾਰਤੀ ਢੱਬ-ਤਰੀਕੇ ਵਾਲੇ ਸਨ। ਫਲਾਣੇ ਦਿਨ ਫਲਾਣੇ ਪਾਸੇ ਸਫਰ ਨਹੀਂ ਕਰਨਾ ਚਾਹੀਦਾ — ਲੜਕੀ ਦੇ ਘਰ ਦਾ ਪਾਣੀ ਵੀ ਨਹੀਂ ਪੀਣਾ ਚਾਹੀਦਾ ਆਦਿ ਗੱਲਾਂ ਈਸਾਈ ਸਮਾਜ ਵਿਚ ਪ੍ਰਚਲਤ ਸਨ। ਰਸੋਈ ਵਿਚ ਬਾਹਰਲੇ ਆਦਮੀ ਦੇ ਆਉਣ ਦੀ ਮਨਾਹੀ, ਓਪਰੇ ਆਦਮੀ ਸਾਹਮਣੇ ਰੋਟੀ ਨਾ ਖਾਣੀ ਆਦਿ ਕੱਟੜ ਹਿੰਦੁਸਤਾਨੀ ਗੱਲਾਂ ਉਹਨਾਂ ਦੇ ਸਮਾਜ ਵਿਚ ਸਮਾਈਆਂ ਹੋਈਆਂ ਸਨ। ਨਾਵਾਂ ਵਿਚ ਵੀ ਹਿੰਦੁਸਤਾਨੀਪੁਣੇ ਦੀ ਝਲਕ ਰਹਿੰਦੀ ਸੀ — ਸਿੰਘ ਮਿਸਟਰ ਸਵਿੰਗ ਹੋ ਗਏ, ਰਾਮਬਲੀ ਮਿਸਟਰ ਰੈਮਬਲਜ ਹੋ ਗਏ, ਬਨਰਜੀ ਹੋਰਾਂ ਨੂੰ ਮਿਸਟਰ ਬਨਾਰਜੀ ਅਖਵਾਉਣਾ ਚੰਗਾ ਲੱਗਾ। ਅਨੇਕ ਪਰਿਵਾਰਾਂ ਵਿਚ ਨਾਵਾਂ ਕਰਕੇ ਇਨਕਲਾਬ ਵੀ ਹੋਏ। ਖਾਸ ਸ਼ੀਲਾ ਦੇ ਘਰ ਵਿਚ ਹੀ ਦੋ ਭਰਾਵਾਂ ਦੇ ਨਾਂ ਵਿਸੇਂਟ ਰਾਮ ਅਤੇ ਸੈਮੂਅਲਰਾਮ, ਪਿਤਾ ਮੱਸੀ — ਸਵਿੰਗ, ਅਤੇ ਤੀਸਰਾ ਭਰਾ ਪੂਰਾ ਪ੍ਰਦੇਸ਼ੀ ਨਾਂ ਰਖ ਕੇ ਸਮਿਥ ਬ੍ਰਾਈਟ ਅਖਵਾਉਂਦਾ ਹੈ।

ਸ਼ੀਲਾ ਸਵਿੰਗ ਦੇ ਬਾਲਪੁਣੇ ਵਿਚ, ਪਹਿਲੀ ਲੜਾਈ ਦੇ ਪਿਛੋਂ ਕੌਮੀ ਜਾਗਰਤੀ — ਲਹਿਰ ਵਿਚ ਸਾਰਾ ਦੇਸ਼ ਵਹਿ ਤੁਰਿਆ ਸੀ; ਏਥੋਂ ਦਾ ਈਸਾਈ ਸਮਾਜ ਵੀ ਆਪਣੇ ਭਾਰਤੀਪੁਣੇ ਵਲ ਪਹਿਲੀਵਾਰ ਸੁਚੇਤ ਹੋਇਆ ਸੀ। ਵਿਲਾਇਤੀ ਭਜਨਾਂ ਦੀ ਥਾਂ ਹਲਾ ਕੇ ਸ਼ਾਸਤਰੀ ਢੰਗ ਦੇ ਭਜਨ ਅਤੇ ਧਾਰਮਿਕ ਗਜ਼ਲਾਂ ਗਾਈਆਂ ਜਾਣ ਲੱਗੀਆਂ। ਸਲੀਬ ਦੇ ਸਾਹਮਣੇ ਭਜਨਾਂ ਵੇਲੇ ਆਰਤੀ ਉਤਾਰਨਾ, ਆਮੀਨ ਆਮੀਨ ਜਾਂ ਪੀਸ ਪੀਸ ਦੀ ਥਾਂ ਸ਼ਾਂਤੀ ਸ਼ਾਂਤੀ ਕਹਿਣ ਦੀ ਰੀਤ ਤੁਰੀ। ਇਸ ਭਾਰਤੀਕਰਨ ਦਾ ਵਿਰੋਧ ਵੀ ਹੋਇਆ। ਈਸਾਈ ਵਿਦਿਆਰਥੀ ਜਥੇਬੰਦੀ ਵਿਚ ਦੋ ਪਾਰਟੀਆਂ ਹੋ ਗਈਆ।

ਸ਼ੀਲਾ ਇਸ ਤਰ੍ਹਾਂ ਦੇ ਸਮਾਜਕ ਅੰਦੋਲਨਾਂ ਵਿਚ ਹਮੇਸ਼ਾਂ ਅਗਾਂਹ ਹੋ ਕੇ ਹਿੱਸਾ ਲੈਂਦੀ ਸੀ। ਉਹ ਮੁੱਢੋਂ ਹੀ ਨਿਡਰ ਅਤੇ ਬਾਗੀ ਸੀ। ਇਸ ਬਾਗੀ ਸੁਭਾ ਕਰਕੇ ਸ਼ੁਰੂ ਤੋਂ ਹੀ

ਵਲਾਇਤੀ ਮਿਸ਼ਨ ਦੀ ਨੌਕਰੀ ਨਾ ਕਰਨ ਦਾ ਮਨ ਬਣਾਇਆ, ਵਿਦ੍ਰੋਹ ਵਾਲੀ ਹੋਣ ਕਰਕੇ ਹੀ ਉਹਦੇ ਵਜ਼ੀਫ਼ੇ ਬੰਦ ਹੋਏ। ਘਰ ਦਾ ਆਲਾ-ਦੁਆਲਾ ਉਹਦੇ ਲਈ ਬਹੁਤਾ ਹੀ ਖਰ੍ਹਵਾ ਸੀ – ਇਹ ਕੁਝ ਹੁੰਦਿਆਂ ਵੀ ਆਪਣੀ ਪਰਬਲ ਇੱਛਾ ਸ਼ਕਤੀ ਕਰਕੇ ਉਹ ਪੜ੍ਹ ਲਿਖ ਕੇ ਡਾਕਟਰ ਬਣੀ। ਘਰੋਂ ਛੇਤੀ ਹੀ ਆਜ਼ਾਦ ਹੋਣ ਲਈ ਉਹ ਸਰਕਾਰੀ ਮੈਡੀਕਲ ਸਰਵਿਸ ਵਿਚ ਆ ਗਈ। ਅੜਚਨਾਂ ਹੋਣ ਤੇ ਵੀ ਉਹਨੂੰ ਨੌਕਰੀ ਮਿਲ ਗਈ ਕਿਸਮਤ ਸਾਥ ਦੇ ਰਹੀ ਸੀ। ਸ਼ੀਲਾ ਵਿਚ ਮਿਹਨਤ ਅਤੇ ਲਗਨ ਦੀ ਬਹੁਲਤਾ ਸੀ। ਹੌਲੀ ਹੌਲੀ ਉੱਨਤੀ ਕਰਦੀ ਗਈ। ਸੰਨ ਉਨੀ ਸੌ ਸੈਂਤੀ ਵਿਚ ਉਹਨੂੰ ਕਿੰਗ ਜਾਰਜ ਹਸਪਤਾਲ ਵਿਚ ਥਾਂ ਮਿਲ ਗਈ। ਏਥੇ ਆਉਂਦਿਆਂ ਹੀ ਉਹਦੀ ਕਿਸਮਤ ਦਾ ਚੱਕਰ ਬਿਜਲੀ ਦੀ ਤੋਰ ਦੌੜਨ ਲੱਗਾ।

ਪਿਛਲੇ ਚੌਦਾਂ ਪੰਦਰਾਂ ਵਰ੍ਹਿਆਂ ਵਿਚ ਡਾ: ਸ਼ੀਲਾ ਸਵਿੰਗ ਪੂਰੀ ਤਰ੍ਹਾਂ ਆਜ਼ਾਦ ਅਤੇ ਮਾਹਰ ਹੋ ਕੇ ਆਪਣੀ ਪ੍ਰੈਕਟਿਸ ਜਮਾਉਣ ਵਿਚ ਸਫਲ ਹੋਈ। ਮੁਟਿਆਰ ਹੋਈ ਤਾਂ ਸਮਾਜ ਦੇ ਇਕ ਗਭਰੂ ਨਾਲ ਉਹਦਾ ਪ੍ਰੇਮ ਹੋ ਗਿਆ। ਪਾਲ ਵੀ ਭਾਰਤੀ ਸੰਸਕ੍ਰਿਤੀ ਦਾ ਬੜਾ ਹਾਮੀ ਸੀ। ਪਾਲ ਅਤੇ ਸ਼ੀਲਾ ਇੱਕਠੇ ਭਾਰਤੀ ਦਰਸ਼ਨ, ਸਾਹਿਤ ਅਤੇ ਇਤਿਹਾਸ ਆਦਿ ਪੜ੍ਹਦੇ ਹੁੰਦੇ ਸਨ। ਭਾਰਤੀ ਭਾਵਨਾ ਦੇ ਜੋਸ਼ ਵਿਚ ਇਹ ਦੋਵੇਂ ਆਪਣੀ ਸੂਝ ਅਤੇ ਉਮਰ ਤੋਂ ਵੀ ਅਗਾਂਹ ਦੀਆਂ ਕਿਤਾਬਾਂ ਏਕਾਗਰ ਹੋ ਕੇ ਪੜ੍ਹਦੇ ਅਤੇ ਉਹਨਾਂ ਉੱਤੇ ਆਪੋ ਵਿਚ ਗੰਭੀਰ ਬਹਿਸ ਕਰਦੇ। ਪਾਲ ਹੈਜ਼ੇ ਦਾ ਸ਼ਿਕਾਰ ਹੋ ਕੇ ਚੌਂਹ ਦਿਨਾਂ ਵਿਚ ਮੁੱਕ ਗਿਆ। ਸ਼ੀਲਾ ਦੇ ਜੀਵਨ ਵਿਚ ਡੂੰਘਾ ਪਾੜ ਪੈ ਗਿਆ। ਇਸ ਤੋਂ ਪਿਛੋਂ ਵੀ ਉਹਦੇ ਜੀਵਨ ਵਿਚ ਦੋ ਨੌਜਵਾਨ ਆਏ ਪਰ ਉਹ ਸਿਰਫ ਮਿੱਤਰ ਹੀ ਬਣ ਸਕੇ। ਮਹੀਪਾਲ ਉਹਦੇ ਸੁੰਞੇ ਜੀਵਨ ਦਾ ਸਾਥੀ-ਬਣ ਕੇ ਆਇਆ ਸੀ। ਸੁੰਦਰ, ਬਲਵਾਨ, ਸੁਹਿਰਦ ਕਲਾਕਾਰ, ਵਿਦਵਾਨ, ਸਵੈ-ਅਭਿਮਾਨੀ ਅਤੇ ਵਿਦ੍ਰੋਹੀ ਸ਼ਖਸੀਅਤ ਵਾਲਾ ਮਹੀਪਾਲ ਸ਼ੀਲਾ ਦੇ ਸੁਭਾਗ ਦੀ ਮੁਕਟ ਮਣੀ ਬਣ ਗਿਆ ਹੁਣ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਘਾਟ ਨਹੀਂ ਸੀ ਸਤਾਉਂਦੀ। ਮਹੀਪਾਲ ਲਈ ਉਹ ਆਪਣਾ ਤਨ ਮਨ ਖਾਸ ਭਾਰਤੀ ਭਾਰਤੀ ਭਾਵਨਾ ਨਾਲ ਸਮਰਪਨ ਕਰਦੀ ਸੀ। ਉਹਦੀ — ਇਹ ਸੀਮਾ ਹੀ ਮਹੀਪਾਲ ਦੀ ਸ਼ਖਸ਼ੀਅਤ ਦੀ ਜਿੱਤ ਹੈ, ਉਹਦਾ ਮਰਦਊਪੁਣਾ ਹੈ, ਜੀਹਦੇ ਅੱਗੇ ਉਹ ਨਿੰਵਦੀ ਹੈ। ਇਕੱਲਿਆ ਚਾਹ ਪੀਂਦਿਆਂ ਹੋਇਆਂ ਉਹਦਾ ਮਨ ਮਹੀਪਾਲ ਦੇ ਘਰ ਵਲ ਦੌੜ ਰਿਹਾ ਸੀ। ਕਲਿਆਣੀ ਅਤੇ ਉਹਦੇ ਬੱਚੇ ਖ਼ਿਆਲ ਵਿਚ ਆ ਰਹੇ ਸਨ। ਮਹੀਪਾਲ ਦੇ ਬੱਚਿਆਂ ਨਾਲ ਦਾ ਕੋਈ ਮਾਨਸਿਕ ਲਗਾਅ ਨਹੀਂ। ਭੁੱਲ ਭਲੇਵੇ ਜਾਂ ਕਿਸੇ ਬੱਚੇ ਦੇ ਸਾਹਮਣੇ ਹੋਣ ਤੇ ਜੇ ਕਿਸੇ ਤਰ੍ਹਾਂ ਦਾ ਲਗਾਅ ਹੁੰਦਾ ਵੀ ਹੈ ਤਾਂ ਸ਼ੁਭਕਾਮਨਾ ਭਰਿਆ, ਕਿਉਂ ਜੋ ਉਹ ਉਹਦੇ ਮਹੀਪਾਲ ਦੇ ਬੱਚੇ ਹਨ। ਕਲਿਆਣੀ ਵਲੋਂ ਉਹ ਹਮੇਸ਼ਾਂ ਅਭਿੱਜ ਰਹੀ ਹੈ। ਕਲਿਆਣੀ ਵਰਗੀ, ਰੁੱਖੀ,

ਸਿੱਧੀ ਸਾਦੀ, ਮੂਰਖ ਤੀਵੀਂ ਕਦੇ ਉਹਦੀ ਆੜ 'ਚ ਨਹੀਂ ਆ ਸਕਦੀ ਇਸ ਦਾ ਉਹਨੂੰ ਵਿਸ਼ਵਾਸ਼ ਮਹੀਪਾਲ ਅਕਸਰ ਕਲਿਆਣੀ ਦੀ ਹੱਠ ਧਰਮੀ – ਅਤੇ ਘਸੇ ਪਿੱਟੇ ਉਜੱਡ ਸੰਸਕਾਰਾਂ ਤੋਂ ਚਿੜਿਆ ਰਹਿੰਦਾ ਸੀ। ਸ਼ੀਲਾ ਹਮੇਸ਼ਾਂ ਉਹਨੂੰ ਸ਼ਾਂਤੀ ਦੇਂਦੀ ਸੀ, ਉਹਨੂੰ ਇਹਦੇ ਵਿਚ ਹੀ ਆਪਣਾ ਸਵਾਰਥ ਜਾਪਦਾ ਸੀ — ਕਿ ਮਹੀਪਾਲ, ਸ਼ੀਲਾ ਅਤੇ ਆਪਣੇ ਕੁਟੰਬ ਨਾਲ ਬੱਝਾ ਹੋਇਆ ਸੀ । ਉਹਨੂੰ ਕਲਿਆਣੀ — ਤੋਂ ਕਦੇ ਅਧਿਕਾਰ ਖੋਹਣ ਦੀ ਭਾਵਨਾ ਨਾ ਹੁੰਦੀ; ਪਰ ਜਦੋਂ ਤੋਂ ਕਲਿਆਣੀ ਦੇ ਭਰਾ ਦੇ ਵਿਆਹ ਵਿਚ ਉਹਦੇ ਅਤੇ ਮਹੀਪਾਲ ਦੇ ਸੰਬੰਧ ਨੂੰ ਲੈ ਕੇ ਰੱਸਾ ਕਸ਼ੀ ਹੋਈ ਅਤੇ ਕਲਿਆਣੀ — ਨੇ ਮਹੀਪ ਲ ਦੇ ਜੀਵਨ ਵਿਚ ਸ਼ੀਲਾ ਦੀ ਹੋਂਦ ਦਾ ਜ਼ਬਰਦਸਤ ਵਿਰੋਧ ਕੀਤਾ, ਓਦੋਂ ਤੋਂ ਉਹਦਾ ਮਹੀਪਾਲ ਓਹਦੇ ਤੋਂ ਖੁੱਸ ਗਿਆ ਉਦੋਂ ਤੋਂ ਉਹ ਕਲਿਆਣੀ ਅਤੇ ਉਹਦੇ ਬੱਚਿਆਂ ਜਾਂ ਕਹਿਣਾ ਚਾਹੀਦਾ ਏ ਕਿ ਪਰਿਵਾਰ ਦੀ ਭਾਵਨਾ ਵਲੋਂ ਹੀ ਬੜੀ ਚਿੜ ਗਈ ਹੈ। ਇਸ ਵੇਲੇ ਅਤੀ ਪ੍ਰਸਿੱਧ ਨਾਵਲਕਾਰ ਬਾਲਜ਼ਕ ਦੀ ਜੀਵਨੀ ਪੜ੍ਹਦਿਆਂ ਹੋਇਆਂ ਉਹਨੂੰ ਮਹੀਪਾਲ ਲਈ ਵੀ ਮਾਣ ਦੀ ਅਣਹੋਂਦ ਸਤਾ ਰਹੀ ਹੈ। ਮੈਡਮ ਡੀ ਬਰਨੀ ਅਤੇ ਬਾਲਜ਼ਕ ਦੇ ਪ੍ਰੇਮ ਦਾ ਵਰਣਨ ਕਰਦਿਆਂ ਹੋਇਆਂ ਸਤੀਫਨ ਜਵਿੰਗ ਨੇ ਕਿੰਨੀ ਤੜਪ ਨਾਲ ਲਿਖਿਆ ਹੈ ਕਿ ਸ਼ਿਕਵੇ ਸ਼ਿਕਾਇਤ, ਘਰ ਦੀ ਕਲ੍ਹਾ, ਪਿੰਡ ਵਿਚ ਹੋਣ ਵਾਲੇ ਗੁੱਝੇ ਇਸ਼ਾਰੇ ਅਤੇ ਚਰਚੇ — ਕੋਈ ਵੀ ਪ੍ਰੇਮਿਕਾ ਲਈ ਉਹਦੇ ਅਜ਼ਾਦ ਅਤੇ ਡੂੰਘੇ ਸਮਰਪਣ ਦੇ ਭਾਵ ਨੂੰ ਨਾ ਮਿਟਾ ਸਕੇ।' ਇਹ ਵਾਕ ਰਹਿ ਰਹਿ ਕੇ ਸ਼ੀਲਾ ਦੇ ਮਨ ਵਿਚ ਤਿੱਖੇ ਤੀਰ ਚੁਭੋ ਰਿਹਾ ਸੀ। ਅੱਜ ਹੋਲੀ ਦਾ ਦਿਨ ਹੈ, ਸ਼ੀਲਾ ਇਕਲੀ ਹੈ — ਸ਼ੀਲਾ ਹੁਣ ਸਦਾ ਲਈ ਇਕੱਲੀ ਹੀ ਰਹੇਗੀ। ਸ਼ੀਲਾ ਔਰਤ ਨਹੀਂ ਡਾਕਟਰ ਹੈ; ਉਹਦੀ ਮਾਣ-ਇੱਜ਼ਤ ਹੈ — ਉਹਦੇ ਕੋਲ ਮੋਟਰ, ਬੰਗਲਾ, ਬੈਂਕ ਅਕਾਊਂਟ ਹੈ।.........ਪਰ ਕੀ ਏਹੋ ਸਭ ਕੁਝ ਹੈ ? ਨਰ-ਨਾਰੀ ਦੇ ਜੀਵਨ ਵਿਚ ਭਲਾ ਏਸੇ ਨਾਲ ਹੀ ਸੰਤੋਖ ਹੋ ਜਾਂਦਾ ਹੈ ? ਸ਼ੀਲਾ ਅੰਦਰੋਂ ਅੰਦਰ ਉੱਬਲ ਰਹੀ ਸੀ। ਉਹਦਾ ਹਠ ਜਾਗ ਰਿਹਾ ਸੀ — ਉਹ ਹਠੋ ਜੋ ਵਰ੍ਹਿਆਂ ਤੋਂ ਰੱਜ-ਪੁੱਜ ਦੀ ਮੇਜ਼ ਤੇ ਸੌਂਦਿਆਂ ਸੌਂਦਿਆਂ ਜਾਗਣਾ ਹੀ ਭੁੱਲ ਗਿਆ ਸੀ। ਉਹ ਜਾਣਦੀ ਸੀ ਕਿ ਉਹਦੇ ਥੋੜਾ ਜਿਹਾ ਦ੍ਰਿੜ੍ਹ ਹੋਣ ਤੇ ਮਹੀਪਾਲ ਆਪਣੇ ਸਾਰੇ ਬੰਧਨ ਤੋੜ ਕੇ ਉਹਦਾ ਹੋ ਜਾਏਗਾ। ਸ਼ੀਲਾ ਦਾ ਮਨ ਵਾਰ ਵਾਰ ਇੰਜ ਕਰਨ ਲਈ ਜ਼ਿੱਦ ਕਰ ਰਿਹਾ ਸੀ।......ਉਹਦੀਆਂ ਡੂੰਘੀ ਨੀਝ ਵਾਲੀਆਂ ਸੁਚੇਤ ਅੱਖਾਂ ਵਿਚ ਮਹੀਪਾਲ ਦੀ ਮੂਰਤੀ ਪ੍ਰਤੱਖ ਸੀ — ਪਿੱਠ ਪਿਛੇ ਦੋਵੇਂ ਹੱਥ ਬੰਨ੍ਹੀ, ਚੌੜੀ ਅਤੇ ਮਜ਼ਬੂਤ ਛਾਤੀ ਵਾਲਾ, ਲਾਪਰਵਾਹੀ, ਭੋਲੇਪਨ ਅਤੇ ਦ੍ਰਿੜ੍ਹਤਾ ਵਾਲਾ ਮਹੀਪਾਲ ਦਾ ਖਿੜ ਖਿੜ ਕਰਦਾ ਚਿਹਰਾ ਪਤਾ ਨਹੀਂ ਕਿਹੜੀ ਰੀਝ ਵਾਲੇ 'ਇਕ' ਪਲ ਦੀ ਯਾਦ ਵਰਗਾ ਇਸ ਵੇਲੇ ਉਹਦੇ ਸਾਹਮਣੇ ਆ ਖਲੋਤਾ ਸੀ। ਸੁੱਧ ਆਪਣੀ ਪੂਰੀ ਤਾਕਤ ਲਾ ਕੇ ਸਰੀਰਕ ਹੋ ਗਈ ਸੀ।

"ਕਿਉਂ ਕੱਲਿਆਂ ਕੱਲਿਆਂ ਦਾ ਚਾਹ ਪੀਤੀ ਜਾ ਰਹੀ ਏ !" ਵਨ ਕੰਨਿਆ ਦੀ ਆਵਾਜ਼ ਨੇ ਸ਼ੀਲਾ ਨੂੰ ਹਲੂਣ ਦਿਤਾ । ਵਨ ਕੰਨਿਆ ਅਤੇ ਸੱਜਨ ਵਰਮਾ ਕਮਰੇ ਦੇ ਦਰਵਾਜ਼ੇ 'ਚ ਖੜੇ ਸਨ । ਕਮਰੇ ਦਾ ਹਟਾਇਆ ਹੋਇਆ ਪਰਦਾ ਅਜੇ ਤਕ ਸੱਜਨ ਦੇ ਹੱਥ ਵਿਚ ਹੀ ਸੀ । ਵਨ ਕੰਨਿਆ ਨੇ ਅਜ ਵੱਡ-ਮੁੱਲੇ ਗਹਿਣੇ ਅਤੇ ਸਾੜ੍ਹੀ ਪਾਈ ਹੋਈ ਸੀ। ਪਤਾ ਨਹੀਂ ਕਿੰਨਾਂ ਅਰਥਾਂ ਵਿਚ ਡਾ: ਸ਼ੀਲਾ ਸਵਿੰਗ ਨੂੰ ਵਨ ਕੰਨਿਆ ਭਾਰਤੀ ਸੁਹਾਗ ਦੀ ਮੂਰਤੀ — ਬਣੀ ਕਲਪਨਾ ਵਰਗੀ ਲੱਗੀ । ਮਹੀਪਾਲ – ਆਦਮੀ ਦੇ ਧਿਆਨ 'ਚ ਟਿਕੀ ਨੀਝ ਖਿਲਰਦਿਆਂ ਖਿਲਰਦਿਆਂ ਸੁਹਾਗਣ ਦੀ ਸੁੰਦਰਤਾ ਨਾਲ ਬੱਝ ਗਈ । ਪਲ ਕੁ ਲਈ ਸ਼ੀਲਾ ਦੇ ਮਨ 'ਚ ਆਇਆ ਕਿ ਉਹ ਵੀ ਕੰਨਿਆ ਵਾਂਗ ਸੁਹਾਗਣ ਹੁੰਦੀ । ਤਦੇ ਸੱਜਨ ਨੇ ਕੰਨਿਆ ਦੀ ਗਲ 'ਚ ਗੱਲ ਜੋੜਦਿਆਂ ਕਿਹਾ — "ਇਹਨੂੰ ਹੁਣ ਇਕਲਾਪੇ ਨਾਲ ਪ੍ਰੇਮ ਹੋ ਗਿਆ ਹੈ ਜਿਵੇਂ ਕਿ ਆਮ ਕਰਕੇ ਵੱਡੇ ਆਦਮੀਆਂ ਨੂੰ ਹੋ ਜਾਂਦਾ ਹੈ ।"

'ਸੋਸ਼ਲ' ਹੋਣ ਲਈ ਝੱਟਪੱਟ ਬੁਰਾ ਮਨਾਉਣ ਦੀ ਨਕਲ ਕਰਦਿਆਂ ਹੋਇਆਂ ਡਾ: ਸ਼ੀਲਾ ਨੇ ਸੱਜਨ ਵੱਲ ਵਰਜਣ ਵਾਲਾ ਹੱਥ ਚੁੱਕਦਿਆਂ ਕਿਹਾ — 'ਦੁਰਜਨ ! ਹਓ ਬਰੂਟ ਯੂ ਆਰ ! ਕੰਨਿਆ ਤੂੰ ਆਪਣੇ ਘਰ ਵਾਲੇ ਦੀਆਂ ਗੱਲਾਂ ਤੇ ਵਿਸ਼ਵਾਸ ਨਾ ਕਰੀਂ । ਅੱਜ ਕੱਲ੍ਹ ਏਨੇ ਕੇਸੇਜ ਆਉਂਦੇ ਨੇ ਕਿ ਕਦੇ ਕਦੇ ਤਾਂ..."

"ਇਹ ਕਿਉਂ ਨਹੀਂ ਕਹਿੰਦੀ ਕਿ ਡਾਕਟਰ ਵੀ ਪੇਸ਼ੇਂਟ ਬਣ ਗਈ ਹੈ ।" ਸੱਜਨ ਨੇ ਸ਼ੀਲਾ ਦੀ ਗੱਲ ਟੋਕਦਿਆਂ ਕਿਹਾ । ਸ਼ੀਲਾ ਨੇ ਕੋਈ ਜਵਾਬ ਨਾ ਦਿਤਾ, ਅਸਲੀਅਤ ਏਦਾਂ ਬਦਹਵਾਸ ਹੋ ਕੇ ਬਾਹਰ ਨਿਕਲੀ ਜਿਵੇਂ ਘਰ 'ਚੋਂ ਅੱਗ ਲੱਗਣ ਤੇ ਕੋਈ ਨਿਕਲਦਾ ਹੈ ।

ਚਾਹ ਆ ਗਈ। ਗੱਲਾਂ ਹੁੰਦੀਆਂ ਰਹੀਆਂ। ਵੱਡੀ ਦੀ ਗੱਲ ਤੁਰੀ। ਸ਼ੀਲਾ ਨੇ ਉਹਦਾ ਹਾਲ ਚਾਲ ਪੁੱਛਿਆ । ਕੰਨਿਆ ਬੋਲੀ — "ਉਹਦੀ ਅੱਜ ਕੱਲ੍ਹ ਕੋਈ ਖ਼ਬਰ ਨਹੀਂ ਮਿਲਦੀ ।"

"ਮੈਂ ਕੁਝ ਦਿਨ ਹੋਏ ਉਹਨੂੰ ਹਜ਼ਰਤ ਗੰਜ ਵਿਚ ਬੋਰ ਨਾਲ ਵੇਖਿਆ ਸੀ । ਕੋਈ ਹੋਰ ਵੀ ਲਾਲਾ ਜਿਹੀ ਕਿਸਮ ਦਾ ਜਵਾਨ ਓਹਨਾਂ ਨਾਲ ਸੀ, ਆਪਣੇ ਓਵਰ ਮੇਕਪ ਵਿਚ ਵੀ ਉਹ ਔਰਤ ਬੜੀ ਟ੍ਰੈਜਿਕ ਜਾਪਦੀ ਸੀ ।" ਸੱਜਨ ਨੇ ਦੱਸਿਆ ।

ਇਸ ਤੋਂ ਪਿੱਛੋਂ ਕੁਝ ਚਿਰ ਲਈ ਚੁੱਪ ਪੱਸਰੀ ਰਹੀ, ਸ਼ੀਲਾ ਨੇ ਕਿਹਾ — "ਕਿੰਨਾ ਚੰਗਾ ਹੁੰਦਾ ਜੇਕਰ ਆਦਮੀਆਂ ਦਾ ਸਮਾਜ ਇਨਸਾਨਾਂ ਦਾ ਸਮਾਜ ਨਾ ਬਣਿਆ ਹੁੰਦਾ। ਕਦੇ ਕਦੇ ਸੋਚਦੀ ਆਂ ਕਿ ਆਖ਼ਰ ਇਹ ਸਭਿਅਤਾ, ਸੰਸਕ੍ਰਿਤੀ, ਇਹ ਸਾਰਾ ਸਾਇੰਸ ਅਤੇ ਐਜੂਕੇਸ਼ਨ ਤੇ ਵੱਡੀਆਂ ਵੱਡੀਆਂ ਗੱਲਾਂ ਜੋ ਅੱਜ ਆਦਮੀ ਕਰ ਰਿਹਾ ਏ — ਇਹ ਸਾਰਾ ਭਾਰ ਲੱਦਣ ਦੀ ਆਦਮੀ ਨੂੰ ਲੋੜ ਵੀ ਕੀ ਏ ? ਇਹਦੇ ਬਿਨਾਂ ਵੀ ਆਦਮੀ

ਸੁਖੀ ਰਹਿ ਸਕਦਾ ਸੀ, ਸਗੋਂ ਮੇਰੇ ਖ਼ਿਆਲ 'ਚ ਤਾਂ ਜ਼ਿਆਦਾ ਸੁਖੀ ਰਹਿ ਸਕਦਾ ਸੀ। ਗਹਿਣਿਆਂ ਦੇ ਲਾਲਚ ਦੇ ਭਾਰ ਨਾਲ ਆਦਮੀ ਦੀ ਕੁਦਰਤੀ ਖ਼ੂਬਸੂਰਤੀ ਵੀ ਢੱਕੀ ਜਾਂਦੀ ਹੈ। ਤੇ ਭਾਰ ਨਾਲ ਉਹ ਥੱਕਦਾ ਜਾ ਰਿਹਾ ਹੈ, ਉਹ ਵੱਖਰਾ।"

ਸੱਜਨ ਚੁੱਪ ਚਾਪ ਬੈਠਾ ਸ਼ੀਲਾ ਨੂੰ ਵੇਖਦਾ ਰਿਹਾ। ਕੰਨਿਆ ਵੀ ਚੁੱਪ ਚਾਪ ਬੈਠੀ ਸੀ। ਸ਼ੀਲਾ ਦੇ ਮਨ ਵਿਚਲੇ ਘੋਲ ਨਾਲ ਸੱਜਨ ਨੂੰ ਪੂਰੀ ਹਮਦਰਦੀ ਹੈ। ਉਹ ਜਾਣਦਾ ਹੈ ਕਿ ਸ਼ੀਲਾ ਦੀਆਂ ਇਹ ਉੱਖੜੀਆਂ ਪੁੱਖੜੀਆਂ ਗੱਲਾਂ ਡੂੰਘੀ ਪੀੜ ਨਾਲ ਬੱਝੀਆਂ ਹਨ। ਤਿਆਗ ਸੱਚਮੁੱਚ ਈ ਬੜਾ ਕਠਨ ਹੁੰਦਾ ਹੈ, ਸੱਜਨ ਸੋਚਣ ਲੱਗਾ, ਕੀ ਉਹ ਬਾਬਾ ਰਾਮ ਜੀ ਦੀ ਇੱਛਾ ਅਨੁਸਾਰ ਤਿਆਗ ਕਰ ਸਕੇਗਾ? ਨਹੀਂ, ਇਹ ਅਸੰਭਵ ਹੈ। ਉਹ ਆਪਣੇ ਸੁਖ ਆਰਾਮ ਦਾ ਕੁਝ ਹਿੱਸਾ ਹੋਰਨਾਂ ਨੂੰ ਦੇਂਦਾ ਰਹੇ, ਇਹ ਤਾਂ ਹੋ ਸਕਦਾ ਹੈ, ਪਰ ਪੂਰੇ ਦਾ ਪੂਰਾ ਆਪਣੇ ਆਪ ਨੂੰ ਲੁਟਾਉਣਾ — ਇਹ ਉਹਦੇ ਕੋਲੋਂ ਨਹੀਂ ਹੋ ਸਕਦਾ। ਸੱਜਨ ਨੂੰ ਜਾਪਿਆ ਕਿ ਉਹਨੂੰ ਸ਼ੀਲਾ ਅਤੇ ਮਹੀਪਾਲ ਦੇ ਕਸ਼ਟ ਨੂੰ ਮਿਟਾਉਣਾ ਹੀ ਪੈਣਾ ਏਂ। ਅਚਾਨਕ ਉੱਠਦਿਆਂ ਹੋਇਆਂ ਉਹਨੇ ਕਿਹਾ — "ਡਾਕਟਰ, ਜ਼ਰਾ ਇਕ ਗੱਲ ਸੁਣ, ਕੰਨਿਆ ਮੈਂ ਹੁਣੇ ਆਇਆ।" ਵੱਖਰਿਆਂ ਹੋ ਕੇ ਉਹਨੇ ਸ਼ੀਲਾ ਨੂੰ ਕਿਹਾ — "ਅੱਜ ਸ਼ਾਮੀਂ ਮੇਰੇ ਘਰ ਇਕ ਛੋਟੀ ਜਿਹੀ ਪਾਰਟੀ ਏ, ਤੈਨੂੰ ਆਉਣ ਲਈ ਕਹਿੰਦਾ ਜ਼ਰੂਰ ਪਰ ..ਕਰਨਲ ਅਤੇ ਮਹੀਪਾਲ ਦੀਆਂ ਤੀਵੀਂਆਂ ਵੀ ਆ ਰਹੀਆਂ ਨੇ...ਉਹਨਾਂ ਨੂੰ ਬੁਲਾਉਣਾ ਈ ਸੀ, ਕੰਨੀ ਦੀ ਪਹਿਲੀ ਹੋਲੀ ਇਸ ਘਰ 'ਚ ਪਈ ਏ...ਗੱਲ ਸੁਣ ਮਹੀਪਾਲ ਨੂੰ ਮਿਲਣਾ ਪਸੰਦ ਕਰੇਂਗੀ?"

ਸ਼ੀਲਾ ਚੁੱਪਚਾਪ ਖਲੋਤੀ ਰਹੀ। ਸੱਜਨ ਨੇ ਫਿਰ ਪੁੱਛਿਆ — "ਬੋਲ!"

"ਉਹ ਕੀ ਚਾਹੁੰਦੇ ਨੇ?" ਸਵਾਲ ਕਰਦਿਆਂ ਵੀ ਸ਼ੀਲਾ ਦੀਆਂ ਪੁਤਲੀਆਂ ਸੁੰਞੀਆਂ ਹੀ ਰਹੀਆਂ।

"ਮੈਂ ਉਹਨੂੰ ਕੁਝ ਪੁੱਛਿਆ ਤਾਂ ਨਹੀਂ ਪਰ ਪੁੱਛਣ ਵਾਲੀ ਕੋਈ ਗੱਲ ਨਹੀਂ। ਭਲਾ ਮਹੀਪਾਲ ਤੈਨੂੰ ਮਿਲਣ ਲਈ ਉਤਸਕ ਨਹੀਂ ਹੋਏਗਾ? ਸ਼ੀਲਾ ਕੀ ਤੂੰ ਏਦਾਂ ਵੀ ਸੋਚ ਸਕਦੀ ਏਂ?"

ਸ਼ੀਲਾ ਚੁੱਪਚੁਪੀਤੀ ਖਲੋਤੀ ਰਹੀ, ਉਹਦੀਆਂ ਅੱਖਾਂ 'ਚੋਂ ਅੱਥਰੂ ਕਿਰਨ ਲੱਗੇ ਸਨ।

ਸ਼ੀਲਾ ਦੇ ਮੋਢੇ ਤੇ ਹੱਥ ਰੱਖ ਕੇ ਸੱਜਨ ਬੋਲਿਆ — "ਤੂੰ ਸਾਢੇ ਸੱਤ ਵਜੇ ਮੇਰੇ ਘਰ ਆ ਜਾਏਂਗੀ ਸ਼ੀਲਾ? ਤੇਰੇ ਆਉਣ ਦਾ ਪਤਾ ਕਿਸੇ ਨੂੰ ਨਹੀਂ ਲੱਗੇਗਾ। ਮਹੀਪਾਲ ਤੈਨੂੰ ਮੇਰੀ ਵਲੋਂ ਹੋਲੀ ਦੀ ਸੁਗਾਤ ਵਾਂਗ ਮਿਲੇਗਾ। ਲੈ, ਹੁਣ ਤੇ ਖ਼ੁਸ਼ ਹੋ ਜਾ। ਤੈਨੂੰ ਇੰਜ ਵੇਖ ਕੇ ਮੈਨੂੰ ਦੁੱਖ ਹੁੰਦਾ ਏ।"

ਸ਼ੀਲਾ ਸੁਣ ਕੇ ਉਸ ਬੱਚੇ ਵਾਂਗ ਚੁੱਪ ਸੀ ਜਿਹਨੂੰ ਬਹੁਤ ਰੋਣ ਪਿੱਛੋਂ ਮਨ ਚਾਹੀ ਮਠਿਆਈ ਮਿਲ ਗਈ ਹੋਏ। ਕਿੰਨੇ ਦਿਨਾਂ ਪਿੱਛੋਂ ਉਹ ਅੱਜ ਆਪਣੇ ਮਹੀਪਾਲ ਨੂੰ ਵੇਖੇਗੀ।

41

ਕੰਨਿਆ, ਕਲਿਆਣੀ ਅਤੇ ਕਰਨਲ ਦੀ ਪਤਨੀ ਬੈਠੀਆਂ ਗੱਲਾਂ ਕਰ ਰਹੀਆਂ ਸਨ। ਕਲਿਆਣੀ ਇਹਨਾਂ ਦੇ ਘਰ ਰੋਟੀ ਨਹੀਂ ਖਾਏਗੀ, ਉਹ ਬੱਸ ਮਠਿਆਈ ਹੀ ਖਾ ਸਕਦੀ ਹੈ। ਕੰਨਿਆ ਬੋਲੀ — "ਇੰਨੀ ਛੂਤ-ਛਾਤ ਹੁਣ ਕਿੰਜ ਨਿਭੇਗੀ ਦੀਦੀ! ਹੁਣ ਤੇ ਤੁਹਾਨੂੰ ਇਹ ਸਾਰਾ ਢਕੋਂਸਲਾ ਛੱਡ ਦੇਣਾ ਚਾਹੀਦਾ ਹੈ।"

"ਬਥੇਰੀ ਨਿਭ ਗਈ ਆ ਹੁਣ ਸਾਡੀ। ਧਰਮ ਕਰਮ ਭਲਾ ਕਿੱਥੇ ਛੁੱਟਣਾ ਏ?" ਕਲਿਆਨੀ ਨੇ ਦਾਨਿਆਂ ਬਣਦਿਆਂ ਆਖਿਆ।

"ਪਰ ਖਾਣਾ ਬ੍ਰਾਹਮਣ ਨੇ ਬਣਾਇਆ ਏ। ਮੈਂ ਤਾਂ ਤੁਹਾਡਾ ਹੀ ਖ਼ਿਆਲ ਕਰ ਕੇ ਅੱਜ ਰਸੋਈ ਘਰ ਵਿਚ ਪੈਰ ਨਹੀਂ ਪਾਇਆ। ਭਾਬੀ ਨੂੰ ਵੇਖੋ, ਇਹ ਵੀ ਤਾਂ ਬੜਾ ਧਰਮ ਵਿਚਾਰ ਕਰਦੇ ਨੇ! ਪਰ ਅੱਜ..."

"ਮੇਰਾ ਧਰਮ ਕਰਮ ਤਾਂ ਸਾਰਾ ਲੜਕਿਆਂ ਨੇ ਛੱਡਵਾ ਦਿਤਾ। ਪਹਿਲਾਂ ਮੈਂ ਸੂਰਜ ਡੁੱਬਣ ਤੋਂ ਪਹਿਲਾਂ ਹੀ ਖਾ ਲੈਂਦੀ ਸੀ। ਸਾਡੇ ਜੈਨੀਆਂ ਦੇ ਘਰੀਂ ਏਹੋ ਹੀ ਧਰਮ ਏ। ਪਰ ਕੀ ਕਰਾਂ, ਇਹਨਾਂ ਅਤੇ ਲੜਕਿਆਂ ਦੇ ਮਾਰਿਆਂ ਕੁਝ ਨਿਭ ਹੀ ਨਹੀਂ ਸਕਦਾ। ਜਦੋਂ ਤਾਈਂ ਇਹ ਨਾ ਖਾ ਲੈਣ ਮੈਂ ਕਿੰਜ ਖਾਵਾਂ?" ਕਰਨਲ ਦੀ ਪਤਨੀ ਬੋਲੀ।

"ਔਰਤ ਆਪਣੇ ਧਰਮ ਤੇ ਡਟੀ ਰਹੇ ਤਾਂ ਮਰਦ ਨੂੰ ਮੰਨਣਾ ਈ ਪੈਂਦਾ ਏ, ਸਾਡੇ ਘਰ ਕੀ ਘਟ ਆ? ਪਰ ਅਸਾਂ ਘਰ ਵਿਚ ਕਦੇ ਕੋਈ ਮਲੇਛਾਂ ਵਾਲੀ ਗੱਲ ਨਹੀਂ ਹੋਣ ਦਿਤੀ। ਅਸੀਂ ਸਭਨਾਂ ਨਾਲੋਂ ਉੱਚੇ ਬ੍ਰਾਹਮਣ ਹਾਂ।" ਕਲਿਆਣੀ ਦੀ ਉੱਚਤਾ ਨੇ ਕਰਨਲ ਦੀ ਪਤਨੀ ਨੂੰ ਗਰਮੀ ਦੁਆਈ। ਉਹਨੇ ਕਿਹਾ — "ਆਪਣੀ ਆਪਣੀ ਜਾਤ ਬ੍ਰਾਦਰੀ ਵਿਚ ਸਭ ਉੱਚੇ ਨੇ, ਸਾਡਾ ਜੈਨ ਧਰਮ ਤਾਂ ਬਹੁਤ ਉੱਚਾ ਏ। ਸਾਡੀ ਕਥਾ 'ਚ ਆਉਂਦਾ ਏ ਕਿ ਪਤਾ ਨਹੀਂ ਕਿੰਨੇ ਬ੍ਰਾਹਮਣ-ਪੰਡਤਾਂ ਨੇ ਆਪਣਾ ਧਰਮ ਛੱਡ ਕੇ ਮਹਾਂਬੀਰ ਭਗਵਾਨ ਦੀ ਸ਼ਰਨ ਲਈ। ਕਿਉਂ ਜੋ ਉਹਨਾਂ ਦਾ ਧਰਮ ਬ੍ਰਾਹਮਣਾਂ ਨਾਲੋਂ ਵੀ ਉੱਚਾ ਸੀ।''''

ਕੰਨਿਆ ਨੇ ਵੇਖਿਆ ਕਿ ਜੈਨ ਅਤੇ ਬ੍ਰਾਹਮਣ ਧਰਮਾਂ ਦੀ ਉੱਚਤਾ ਅੱਜ ਦੀ ਸੁਖਾਵੀਂ ਸ਼ਾਮ ਨੂੰ ਜ਼ਰਾ ਕੁੜਤਣ ਜ਼ਰੂਰ ਲੈ ਬਹੇਗੀ। ਉਹ ਬੋਲੀ — "ਭਾਬੀ, ਤੂੰ ਵੀ ਕਿੱਥੋਂ ਦੀਆਂ ਗੱਲਾਂ ਛੋਹ ਬੈਠੀ ਏਂ। ਇਹ ਉਚ ਨੀਚ, ਜਾਤ-ਪਾਤ, ਸਭ ਢਕਵੰਜ ਏ। ਕਿਉਂ ਰਾਜਸ੍ਰੀ, ਤੇਰਾ ਕੀ ਖ਼ਿਆਲ ਏ ਸ਼ਕੁੰਤਲਾ?"

ਸ਼ਕੁੰਤਲਾ ਅਤੇ ਰਾਜ ਸ੍ਰੀ, ਦੋਵੇਂ ਹੀ ਚੁੱਪ ਚਾਪ ਬੈਠੀਆਂ ਸਨ, ਸੁਣ ਕੇ ਸ਼ਕੁੰਤਲਾ ਚੁੱਪ ਰਹੀ ਸਿਰਫ਼ ਜ਼ਰਾ ਕੁ ਮੁਸਕ੍ਰਾਈ। ਪਰ ਰਾਜ ਸ੍ਰੀ ਬੋਲੀ — "ਸਾਡੇ ਬਾਊ ਜੀ

ਨਹੀਂ ਮੰਨਦੇ, ਅਸੀਂ ਵੀ ਨਹੀਂ ਮੰਨਦੇ ਚਾਚੀ ਜੀ। ਇਹ ਤਾਂ ਸਾਰੀਆਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਨੇ।"

ਕੰਨਿਆ ਬੜੇ ਜ਼ੋਰ ਨਾਲ ਹੱਸੀ। ਕੰਨਿਆ ਕਲਿਆਣੀ ਵੱਲ ਵੇਖ ਕੇ ਬੋਲੀ — "ਸੁਣ ਲਿਆ ਦੀਦੀ ?"

ਕਲਿਆਣੀ ਨੱਕ ਚੜ੍ਹਾ ਕੇ ਬੋਲੀ — "ਰੋਜ਼ ਇਹਨਾਂ ਲੋਕਾਂ ਦੀਆਂ ਗੱਲਾਂ ਸੁਣਦੇ ਆਂ। ਕੁਝ ਰੱਖਿਆ ਏ ਭਲਾ ਇਹਨਾਂ ਗੱਲਾਂ ਵਿਚ। ਭਗਵਾਨ ਦੀ ਬਣਾਈ ਜਾਤ-ਧਰਮ, ਭਗਵਾਨ ਦੀ ਬਣੀ ਊਚ ਨੀਚ, ਇਹਨਾਂ ਬਿਨਾਂ ਕਿਤੇ ਗੁਜ਼ਾਰਾ ਏ ?"

ਰਾਜ ਸ੍ਰੀ ਆਪਣੀ ਅਗਾਂਹਵਧੂ ਚਾਚੀ ਸਾਹਮਣੇ ਆਪਣੀ ਮਾਂ ਨੂੰ ਹਰਾ ਕੇ ਜੱਸ ਖਟਣ ਲਈ ਜੋਸ਼ ਵਿਚ ਆ ਗਈ। ਹੱਸ ਕੇ ਬੋਲੀ — "ਭਗਵਾਨ ਨੇ ਸਿਰਫ਼ ਹਿੰਦੁਸਤਾਨ ਹੀ ਬਣਾਇਆ ਹੋਏਗਾ, ਮੰਮੀ! ਹੋਰ ਵੀ ਤੇ ਦੇਸ ਨੇ..."

"ਚੰਗਾ, ਚੁੱਪ ਰਹੁ ਰੱਜੋ, ਬਹੁਤਾ ਚਬੜ-ਚਬੜ ਬੋਲਣਾ ਮੈਨੂੰ ਨਹੀਂ ਚੰਗਾ ਲਗਦਾ।" ਕਲਿਆਣੀ ਫ਼ਿਰ ਕਰਨਲ ਦੀ ਪਤਨੀ ਵੱਲ ਵੇਖ ਕੇ ਬੋਲੀ — "ਕੁਝ ਵੀ ਕਹਿ ਲਓ ਭੈਣ ਜੀ, ਆਪਣਾ ਧਰਮ ਕਰਮ ਛੱਡਣਾ ਚੰਗਾ ਨਹੀਂ ਹੁੰਦਾ।"

"ਹਾਂ, ਭੈਣ ਜੀ, ਚੰਗਾ ਤੇ ਨਹੀਂ ਹੁੰਦਾ, ਪਰ ਜਿੱਦਾਂ ਆਦਮੀਆਂ ਦੀ ਮਰਜੀ ਹੋਏ, ਉਸੇ ਤਰ੍ਹਾਂ ਤੁਰਨਾ ਮੈਂ ਤੀਵੀਂ ਦਾ ਸਭ ਤੋਂ ਵੱਡਾ ਧਰਮ ਸਮਝਦੀ ਆਂ। ਹੁਣ ਘਰ ਘਰ ਤਾਂ ਨਵਾਂ ਜ਼ਮਾਨਾ ਆ ਗਿਆ ਏ, ਭਲਾ ਦੱਸੋ ਕੋਈ ਕਦੋਂ ਤੱਕ ਇਹਨਾਂ ਗੱਲਾਂ ਤੋਂ ਅਣਭਿੱਜ ਰਹਿ ਸਕਦਾ ਹੈ ? ਤੇ ਆਪਣੇ ਆਦਮੀ ਨੂੰ ਦੁੱਖ ਦੇ ਕੇ ਧਰਮ ਨਿਭਾਉਣ ਨੂੰ ਮੈਂ ਧਰਮ ਨਹੀਂ ਮੰਨਦੀ, ਸੱਚੀ ਕਹਿੰਦੀ ਆਂ।"

ਨੌਕਰ ਨੇ ਆ ਕੇ ਕੰਨਿਆ ਦੇ ਹੱਥ ਵਿਚ ਇਕ ਪਰਚੀ ਦਿਤੀ। ਪੜ੍ਹ ਕੇ ਉੱਠਦਿਆਂ ਹੋਇਆਂ ਕੰਨਿਆਂ ਨੇ ਕਿਹਾ — "ਹੁਣੇ ਆਈ।"

ਰੱਜੋ ਬੋਲੀ — "ਚਾਚੀ ਜੀ, ਸਾਡੀ ਸਕੀ ਚਾਚੀ ਏ ਨਾ, ਉਹਨੂੰ ਕਿਤੇ ਵੇਖੋ ਤਾਂ..."

"ਮੈਂ ਵੇਖਿਆ ਏ, ਚੰਗੀ ਤਰ੍ਹਾਂ ਜਾਣਦੀ ਆਂ।"

"ਉਹ ਨਹੀਂ ਇੰਜ ਕਰਦੀ। ਉਹਨਾਂ ਦੇ ਘਰ ਏਹੋ ਜਿਹਾ ਕੋਈ ਪਰਹੇਜ਼ ਨਹੀਂ ਜਿੱਦਾਂ ਸਾਡੇ ਘਰ ਹੁੰਦਾ ਏ। ਮੈਂ ਚਾਚੀ ਜੀ, ਅੰਮੀ ਨੂੰ ਕਹਿੰਦੀ ਆਂ ਜਦੋਂ ਅਸੀਂ ਕੋਠੀ ਲੈ ਲਵਾਂਗੇ ਤਾਂ ਵੀ ਇੰਜ ਹੀ ਰਹੋਗੇ ?"

ਕਰਨਲ ਦੀ ਪਤਨੀ ਇਹ ਸੁਣ ਕੇ ਕਲਿਆਣੀ ਨੂੰ ਮੁਸਕ੍ਰਾਉਂਦਿਆਂ ਪੁੱਛਣ ਲੱਗੀ — "ਕੋਠੀ ਲੈ ਰਹੇ ਓ ਭੈਣ ਜੀ ?"

ਕਲਿਆਣੀ, ਜਿਹੜੀ ਕੁੜੀ ਦੀਆਂ ਗੱਲਾਂ ਤੋਂ ਮਨ ਈ ਮਨ ਵਿਚ ਰਿੱਝ ਰਹੀ ਸੀ, ਅਚਾਨਕ ਕੋਠੀ ਦੀ ਚਰਚਾ ਤੋਂ ਸੰਤੁਸ਼ਟ ਹੋ ਕੇ ਬੋਲੀ — "ਕਿੱਥੇ ਭੈਣ ਜੀ, ਕੋਠੀ ਛੋਠੀ ਤੇ ਨਹੀਂ, ਹਾਂ, ਸ਼ਕੁੰਤਲਾ ਦਾ ਵਿਆਹ ਕਰ ਦੇਈਏ ਤਾਂ ਏਦਾਂ ਜ਼ਰੂਰ ਸੋਚਦੀ ਆਂ ਭਈ

ਇਕ ਬਹਿਣ ਲੈਕ ਛੋਟੀ ਜਿਹੀ ਕੁਟੀਆ ਪਾ ਲਈਏ ?"

"ਸੁਣਿਆ ਸ਼ਕੁੰਤਲਾ ਦਾ ਵਿਆਹ ਵੀ ਚੋਖਾ ਵੱਜ ਗੱਜ ਕੇ ਕਰ ਰਹੀ ਏਂ ?"

"ਵੱਜ ਗੱਜ ਤੇ ਨਹੀਂ ਭੈਣ ਜੀ, ਹਾਂ, ਹੈਸੀਅਤ ਮੁਜਬ ਤੇ ਕਰਨਾ ਈ ਪੈਣਾ ਏਂ। ਜਾਤ-ਬਰਾਦਰੀ 'ਚ ਬਾਹਰ ਜਿੱਦਾਂ ਸਾਡੇ ਘਰ ਦਾ ਵੱਡਾ ਨਾਂ ਏਂ ਓਦਾਂ ਕੁਝ ਤੇ ਕਰਨਾ ਈ ਪਏਗਾ। ਪੰਦਰਾਂ-ਵੀਹ ਹਜ਼ਾਰ ਤੇ ਲੱਗਣਗੇ ਈ। ਸਾਡੇ 'ਚ ਭੈਣ ਜੀ ਦਾਜ਼ ਬਹੁਤ ਲੱਗਦਾ ਏ।"

"ਪਰ, ਭੈਣ ਜੀ, ਏਨਾ ਖ਼ਰਚ ਕਿੱਥੋਂ ਹੋਏਗਾ ? ਸ਼ੁਕਲਾ ਜੀ ਵਿਚਾਰੇ..."

ਕਲਿਆਣੀ ਨੂੰ ਗੱਲ ਚੰਗੀ ਨਾ ਲੱਗੀ, ਹੱਥੀਂ ਪਿਆ ਮੋਤੀਆਂ ਦਾ ਕੰਗਣ ਘੁਮਾਉਂਦੀ ਹੋਈ ਬੋਲੀ — "ਭਗਵਾਨ ਸਭਨਾਂ ਨੂੰ ਦੇਂਦਾ ਏਂ, ਸਾਡੇ ਘਰ ਬੰਕ ਨਹੀਂ ਤੇ ਕੀ ਹੋਇਆ ? ਕਲਮ ਦੀ ਏਡੀ ਤਾਕਤ ਆ ਕਿ ਘੜੀ ਵਿਚ ਇਕ ਚਿਕ ਨਾਲ ਹਜ਼ਾਰਾਂ ਆਉਂਦੇ ਨੇ।" ਦੋਵਾਂ ਭੈਣਜੀਆਂ ਵਿਚ ਹੈਸੀਅਤ ਦੀ, ਚੜ੍ਹਤ-ਵੜ੍ਹਤ ਦੀ ਚਰਚਾ ਹੁੰਦੀ ਰਹੀ। ਰੱਜੋ ਇਹਨਾਂ ਗੱਲਾਂ ਤੋਂ ਉਕਤਾ ਗਈ। ਸ਼ਕੁੰਤਲਾ ਨੂੰ ਸੈਣਤ ਨਾਲ ਬੁਲਾ ਕੇ ਬਾਹਰ ਜ ਣ ਲੱਗੀ। ਕਲਿਆਣੀ ਬੋਲੀ — "ਕਿੱਥੇ ਚੱਲੀ ਏਂ ਰੱਜੋ ?"

"ਕਿਤੇ ਨਹੀਂ, ਏਥੇ ਈ ਬਾਹਰ ਬਗੀਚੇ 'ਚ ਚਲੀ ਆਂ।"

"ਬਾਹਰ ਚੱਲੀ ਏਂ ਤਾਂ ਆਪਣੇ ਪਿਤਾ ਜੀ ਨੂੰ ਕਹਿ ਦੇਈਂ ਭਈ ਛੇਤੀ ਜਾਣਾਂ, ਨਾ ਹੋਏ ਤਾਂ ਸਾਨੂੰ ਘਰ ਘਲਾ ਦਏ।"

"ਲਉ, ਏਡੀ ਛੇਤੀ ਵੀ ਜਾਣ ਦੀ ਕਾਹਦੀ ਆ ? ਅਜ ਤਾਂ ਸਿਨਮੇਂ ਚੱਲਾਂਗੇ।"

"ਨਾ, ਆਪਾਂ ਤੇ ਮਿਨਮੇਂ-ਉਨਮੇਂ ਨਹੀਂ ਜਾਣਾ। ਕਲ੍ਹ ਸਵੇਰੇ ਸੰਬੰਧੀਆਂ ਵਲ ਤਿਹਾਰ ਦੀ ਰੋਟੀ-ਭਾਜੀ ਘਲਾਉਣ ਦਾ ਸਾਰਾ ਪ੍ਰਬੰਧ ਕਰਨਾ ਏਂ — ਆਪਾਂ ਤੇ ਹੁਣ ਜ਼ਰਾ ਕੁ ਚੱਲਾਂਗੇ।"

ਕਲਿਆਣੀ ਅਤੇ ਕਰਨਲ ਦੀ ਵਹੁਟੀ ਨੂੰ ਗੱਲਾਂ ਕਰਦੀਆਂ ਛੱਡ ਕੇ ਰਾਜਸ੍ਰੀ ਅਤੇ ਸ਼ਕੁੰਤਲਾ ਸੱਜਨ ਦਾ ਮਹੱਲ ਵਰਗਾ ਘਰ ਵੇਖਣ ਲੱਗੀਆਂ। ਰਾਜਸ੍ਰੀ ਦੀਆਂ ਨਜ਼ਰਾਂ ਵਿਚ ਉਥੋਂ ਦੀ ਹਰ ਚੀਜ਼ ਸਵਰਗੀ ਸੀ। ਰਾਜਸ੍ਰੀ ਵੱਡੇ ਪਿਉ ਦੀ ਧੀ ਤਾਂ ਹੈਗੀ ਈ ਸੀ, ਅਚਾਨਕ ਘਰ ਵਿਚ ਪੈਸਾ ਆ ਜਾਣ ਤੇ ਵੱਡਪਣ ਦਾ ਗੁਬਾਰਾ, ਜੋ ਧਨ-ਰੂਪੀ ਹਵਾ ਤੋਂ ਬਿਨਾਂ ਕੁਮਲਾਇਆ ਰਹਿੰਦਾ ਏ, ਹੁਣ ਫੁੱਲ ਗਿਆ ਸੀ ਉਮਰ ਨਵੇਂ ਸੁਪਨੇ ਲੈਣ ਲੱਗੀ ਸੀ। ਸ਼ਕੁੰਤਲਾ ਦੀ ਮੰਗਣੀ ਨੇ ਅਚਾਨਕ ਉਹਦੇ ਮਨ 'ਚ ਵਿਚ ਇਕ ਡੂੰਘੀ ਖਾਈ ਬਣਾ ਦਿਤੀ ਸੀ। ਉਹਦੇ ਮਨ ਵਿਚ ਜਗਦੀ ਜੋਤ ਵਾਂਗ ਬੈਠੀ ਹੀਰੋਇਨ ਆਪਣੇ ਲਈ ਇਕ ਹੀਰੋ ਚਾਹੁਣ ਲੱਗੀ ਸੀ। ਕੰਨਿਆ ਚਾਚੀ ਅਤੇ ਸੱਜਨ ਚਾਚੇ ਦੇ ਇਸ ਸ਼ਾਨਦਾਰ ਅਹੁਦੇ ਲਈ ਬੇਅੰਤ ਆਲੀਸ਼ਾਨ-ਸਾਮਰਾਜ ਵਿਚ ਵਿਚਰਦਿਆ ਹੋਇਆਂ ਉਹ ਆਪਣੇ ਆਪ ਨੂੰ ਸੁਨਹਿਰੀ ਸੁਪਨਿਆਂ ਵਿਚ ਜਕੜੀ ਹੋਈ ਮਹਿਸੂਸ ਕਰ ਰਹੀ

ਸੀ। ਉਹਨਾਂ ਦੋਵਾਂ ਦੀ ਸ਼ਖਸ਼ੀਅਤ 'ਚੋਂ ਉਹਦੀਆਂ ਆਪਣੀਆਂ ਕਲਪਨਾਵਾਂ ਦੀ ਤ੍ਰਿਪਤੀ ਹੋ ਰਹੀ ਸੀ। ਉਹ ਮੁਗਧ ਹੋਈ ਬੋਲੀ — "ਚਾਚੀ ਜੀ ਦੀ ਤਕਦੀਰ ਬੜੀ ਜ਼ਬਰਦਸਤ ਏ। ਇਹ ਘਰ ਕੀ ਏ, ਰਾਜੇ ਦਾ ਮਹੱਲ ਏ।"

"ਤੂੰ ਵੀ ਆਪਣੇ ਲਈ ਕੋਈ ਏਹੋ ਜਿਹਾ ਘਰ ਵਾਲਾ ਲੱਭ ਲਾ।" ਸਕੁੰਤਲਾ ਨੇ ਕਿਹਾ।

"ਵੱਸ ਚੱਲਿਆ ਤਾਂ ਜ਼ਰੂਰ ਲੱਭਾਂਗੀ। ਤੂੰ ਮੈਨੂੰ ਕੀ ਸਮਝਦੀ ਏਂ ?" ਰੱਜੋ ਨੇ ਭਰਵੱਟੇ ਚੜ੍ਹਾ ਕੇ ਗੁਮਾਨ ਨਾਲ ਅੱਖਾਂ ਮਟਕਾਉਂਦਿਆਂ ਕਿਹਾ — "ਮੈਂ ਤੇਰੇ ਵਾਂਗ ਮਾਤਾ ਜੀ ਨੂੰ ਖੁਸ਼ ਕਰਨ ਲਈ ਗੁੰਗੀ ਬਣ ਕੇ ਆਪਣਾ ਜੀਵਨ ਤਬਾਹ ਨਹੀਂ ਕਰਾਗੀ।" ਰਾਜਸ੍ਰੀ ਨੇ ਪੌੜੀਆਂ ਕੋਲ ਲੱਗੇ ਆਦਮ ਕੱਦ ਸ਼ੀਸ਼ੇ 'ਚੋਂ ਆਪਣੇ ਗੁਮਾਨ ਨੂੰ ਬੜੇ ਸ਼ੌਕ ਨਾਲ ਵੇਖਿਆ। ਸ਼ੀਸ਼ੇ ਵਿਚ ਸ਼ਕੁੰਤਲਾ ਨਾਲ ਅੱਖਾਂ ਚਾਰ ਹੋਈਆਂ।

ਸ਼ਕੁੰਤਲਾ ਉਹਦੀ ਵਲ ਵੇਖ ਕੇ ਇੰਜ ਮੁਸਕ੍ਰਾਈ ਜਿਵੇਂ ਬੱਚਿਆ ਦੀਆਂ ਗਲਾਂ ਤੇ ਮੁਸਕ੍ਰਾਇਆ ਜਾਂਦਾ ਹੈ। ਰਾਜਸ੍ਰੀ — ਸ਼ਕੁੰਤਲਾ ਦੇ ਏਸ ਢੰਗ ਤੋਂ ਸੜ-ਭੁੱਜ ਗਈ। ਸ਼ਕੁੰਤਲਾ ਭਾਵੇਂ ਉਹਦੇ ਨਾਲੋਂ ਤਿੰਨ ਵਰ੍ਹੇ ਵੱਡੀ ਹੈ ਫਿਰ ਵਰਤਾਵੇਂ ਵਿਚ ਕਰੀਬ-ਕਰੀਬ ਬਰਾਬਰੀ ਦਾ ਰਿਸ਼ਤਾ ਹੈ। ਗਲੀਚੇ ਵਿੱਛੀਆਂ ਪੌੜੀਆਂ ਤੋਂ ਉੱਤਰਦਿਆਂ ਹੋਇਆਂ ਸ਼ਕੁੰਤਲਾ ਨੂੰ ਮਾੜਾ ਜਿਹਾ ਧੱਕਾ ਦੇ ਕੇ ਅੱਖਾਂ ਭੁਆਉਂਦੀ ਬੋਲੀ – "ਹੱਸਦੀ ਕਿਉਂ ਏਂ ?"

ਸ਼ਕੁੰਤਲਾ ਨੇ ਕਿਹਾ — "ਅਖਬਾਰਾਂ ਦੇ "ਵਾਂਟਡ" ਕਾਲਮ ਵਿਚ ਛਪਵਾ ਦੇ ਕਿ ਇਕ ਲੱਖਪਤੀ ਪਤੀ ਦੀ ਲੋੜ ਹੈ।"

"ਮੈਨੂੰ ਤਾਂ ਬਿਨਾਂ ਛਪਵਾਇਆਂ ਹੀ ਮਿਲੇਗਾ, ਤੈਨੂੰ ਲੋੜ ਏ ਤਾਂ ਛਪਵਾ।"

"ਮੈਨੂੰ ਵੀਰੀਏ ਲੱਖਪਤੀ ਦੀ ਲੋੜ ਈ ਨਹੀਂ —" ਸ਼ਕੁੰਤਲਾ ਬੋਲੀ।

ਪੌੜੀਆਂ ਦੇ ਹੇਠੋਂ ਖੱਬੇ ਹੱਥ ਬਣੀ ਛੋਟੀ-ਕੋਠੜੀ 'ਚੋਂ ਵਨ ਕੰਨਿਆ ਬਾਹਰ ਨਿਕਲ ਰਹੀ ਸੀ। ਇਹਨਾਂ ਦੋਵਾਂ ਨੂੰ ਚੋਰ ਵਾਲੀ ਨਜ਼ਰ ਨਾਲ ਵੇਂਹਦਿਆਂ ਕਿਹਾ — "ਕਿਥੇ ਚਲੀਓ ?"

"ਜੀ, ਐਵੇਂ ਈ, ਉਂਜ ਈ ਬਗੀਚੇ ਵਿਚ —" ਰਾਜਸ੍ਰੀ ਨੇ ਬੜੀ ਸੁਖਾਵੀਂ ਆਵਾਜ਼ ਵਿਚ ਕਿਹਾ। ਵਨ ਕੰਨਿਆ ਉਹਨਾਂ ਦੇ ਨਾਲ ਨਾਲ ਈ ਅਗਾਂਹ ਹੋਈ।

ਹੇਠਾਂ ਡਰਾਇੰਗ ਰੂਮ ਵਿਚ ਸੱਜਨ, ਕਰਨਲ ਅਤੇ ਮਹੀਪਾਲ ਬੈਠੇ ਹੋਏ ਸਨ। ਮਹੀਪਾਲ ਅਜ ਪੂਰੇ ਰਿਆਸਤੀ ਰੁਖ ਵਿਚ ਸੀ। ਵਧੀਆ ਚੱਪਲ, ਵਧੀਆ ਚੋਣਦਾਰ ਧੋਤੀ, ਰੇਸ਼ਮੀ ਕੁੜਤਾ, ਰੇਸ਼ਮੀ ਜਵਾਹਰ ਜੈਕਟ, ਫੇਵਰ-ਲਯੂਬਾ ਦੀ ਘੜੀ, ਸ਼ੈਫਰਜ ਦਾ ਸੁਨਹਿਰੀ ਪੈੱਨ, ਹੱਥ 'ਚ ਪੁੱਖਰਾਜ ਦੀ ਅੰਗੂਠੀ। ਉਹ ਕਰਨਲ ਅਤੇ ਸੱਜਨ ਨੂੰ ਬੜੇ ਮਾਣ ਨਾਲ ਆਪਣੀ ਆਮਦਨੀ ਬਾਰੇ ਦੱਸ ਰਿਹਾ ਸੀ।

ਕਰਨਲ ਬੋਲਿਆ — "ਐਸ ਵਾਰੀ ਤਾਂ ਬੱਚੂ ਤੇਰੀ ਤਕਦੀਰ ਜਾਗ ਪਈ। ਪਰ ਐਸ ਵਾਰੀ ਅਚਾਨਕ ਏਨੀ ਰਾਇਲਟੀ ਕਿੰਜ ਆ ਗਈ ? ਕਿਤੇ ਤਾਂ ਸਾਲ ਵਿਚ ਸਾਢੇ ਤਿੰਨ ਹਜ਼ਾਰ ਰੁਪਿਆ ਵੀ ਕਦੀ ਕਦੀ ਪੂਰਾ ਨਹੀਂ ਸੀ ਹੁੰਦਾ।"

"ਮੇਰੀ ਇਕ ਕਿਤਾਬ ਪੰਜਾਬ ਯੂਨੀਵਰਸਿਟੀ ਵਿਚ ਲੱਗ ਗਈ ਹੈ।" ਮਹੀਪਾਲ ਨੇ ਵਡਪਨ ਨਾਲ ਅੱਖਾਂ ਝਮਕਦਿਆ ਲਾਪ੍ਰਵਾਹੀ ਨਾਲ ਸਿਗਰਟ ਦਾ ਕਸ਼ ਲਿਆ।

ਸੱਜਨ ਬੋਲਿਆ — "ਫੇਰ ਤੇ ਏਸ ਖੁਸ਼ੀ ਵਿਚ ਇਕ ਪਾਰਟੀ ਡਿਊ ਹੋ ਗਈ।"

"ਜਦੋਂ ਕਹੋ ! ਠੀਕ ਏ ਕਲ੍ਹ ਸ਼ਾਮੀਂ ਕਪੂਰ ਵਿਚ......"

ਮਹੀਪਾਲ ਦੀ ਗੱਲ ਟੋਕਦਿਆਂ ਕਰਨਲ ਨੇ ਕਿਹਾ — "ਕਪੂਰ 'ਚ ਕਿਉਂ ? ਘਰ ਕਿਉਂ ਨਹੀਂ ?"

"ਘਰ ਸ਼ੀਲਾ ਨੂੰ ਕਿੱਦਾ ਬੁਲਾਉ।" ਸੱਜਨ ਨੇ ਕਿਹਾ।

"ਸ਼ੀਲਾ ਨੂੰ ਮੈਂ ਉਂਜ ਵੀ ਨਹੀਂ ਬੁਲਾ ਰਿਹਾ। ਮੈਂ ਤਾਂ ਓਥੇ ਵਿਸਕੀ ਲਈ ਜਾ ਰਿਹਾਂ।" ਮਹੀਪਾਲ ਨੇ ਇਕ ਗੱਲ ਬੇਹੱਦ ਗੰਭੀਰ ਹੋ ਕੇ ਅਤੇ ਦੂਸਰੀ ਗੱਲ ਓਸ ਗੰਭੀਰਤਾ ਨੂੰ ਲਾਪ੍ਰਵਾਹੀ ਨਾਲ ਵਗਾਹ ਮਾਰਨ ਵਰਗੀ ਸ਼ਕਲ ਬਣਾਉਂਦਿਆਂ ਕਹੀ।

ਸੱਜਨ ਉਹਦੇ ਰੁਖ ਨੂੰ ਭਾਪ ਰਿਹਾ ਸੀ। ਉਹਨੂੰ ਮਹਿਸੂਸ ਹੋਇਆ ਕਿ ਸ਼ੀਲਾ ਵਲ ਮਹੀਪਾਲ ਦੀ ਇਹ ਕਠੋਰਤਾ ਬਿਲਕੁਲ ਅਨਿਆਈਂ ਅਤੇ ਗਲਤ ਹੈ। ਉਹ ਸ਼ੀਲਾ ਨੂੰ ਤਿਆਗਣਾ ਚਾਹੁੰਦਾ ਏ ਖੁਸ਼ੀ ਨਾਲ, ਪਰ ਉਹਦੇ ਲਈ ਇੰਨਾ ਕਠੋਰ ਕਿਉਂ ਬਣੇ ? ਇਸ ਤੋਂ ਪ੍ਰਤੱਖ ਦਿਸਦਾ ਏ ਕਿ ਇਹ ਕਠੋਰਤਾ ਸ਼ੀਲਾ ਦੇ ਪ੍ਰਭਾਵ ਨੂੰ ਆਪਣੇ ਮਨੋਂ ਨਾ ਕੱਢ ਸਕਣ ਕਰਕੇ ਹੈ। ਇਹ ਹੱਠ ਦੀ ਕਠੋਰਤਾ ਬੜੀ, ਘਾਤਕ ਚੀਜ਼ ਹੁੰਦੀ ਹੈ। ਮਨੁੱਖ ਇਹਦੇ ਕਾਰਨ ਕਦੀ ਹਾਲਾਤ ਅਧੀਨ ਹੋ ਕੇ ਅਤਿਅੰਤ ਪੱਥਰ ਚਿੱਤ ਹੋ ਸਕਦਾ ਹੈ। ਸੱਜਨ ਇਹ ਗੱਲ ਆਪਣੇ ਤਜਰਬੇ ਤੋਂ ਜਾਣਦਾ ਹੈ। ਪਰ ਮਹੀਪਾਲ ਸ਼ੀਲਾ ਦੇ ਸੰਬੰਧ ਵਿਚ ਏਨਾ ਕਠੋਰ ਅਤੇ ਪੱਥਰ ਚਿੱਤ ਕਿਉਂ ਹੈ ? ਮੰਨਿਆ ਉਹਦਾ ਸੰਬੰਧ ਅਨੈਤਿਕ ਹੈ, ਪਰ ਸ਼ੀਲਾ ਬੁਰੀ ਨਹੀਂ ਨਹੀਂ। ਸ਼ੀਲਾ ਬੜੀ ਚੰਗੀ ਔਰਤ ਹੈ। ਉਹ ਵਿਚ ਰੀ ਕਿੰਨੀ ਦੁਖੀ ਹੈ। ਸੱਜਨ ਨੂੰ ਸ਼ੀਲਾ ਤੇ ਤਰਸ ਆ ਰਿਹਾ ਸੀ। ਉਹਨੇ ਕਿਹਾ — "ਕਿਉਂ ਸ਼ੀਲਾ ਨੂੰ ਕਿਉਂ ਨਹੀ ਬੁਲਾਉਣਾ ਚਾਹੁੰਦਾ ?"

ਮਹੀਪਾਲ ਚੁਪ ਰਿਹਾ।

ਕਰਨਲ ਗੰਭੀਰ ਹੋ ਕੇ ਬੋਲਿਆ — "ਵੇਖ ਸੱਜਨ ਉਹਦੇ 'ਚ ਇਕ ਉਲਝਨ ਪੈ ਗਈ ਏ। ਤੂੰ ਨਹੀਂ ਜਾਣਦਾ। ਤੂੰ ਮਥਰਾ ਗਿਆ ਹੋਇਆ ਸੈਂ।"

"ਮੈਨੂੰ ਸਭ ਕੁਝ ਪਤਾ ਏ।" ਸੱਜਨ ਨੇ ਕਿਹਾ।

ਕਰਨਲ ਅਤੇ ਮਹੀਪਾਲ ਦੋਵੇਂ ਉਹਦੇ ਵਲ ਤ੍ਰਭਕ ਕੇ ਵੇਖਣ ਲੱਗੇ। ਦੋਵੇਂ ਭਾਂਪ ਗਏ ਕਿ ਸ਼ੀਲਾ ਦੀ ਸੱਜਨ ਨਾਲ ਮੁਲਾਕਾਤ ਹੋਈ ਹੈ।

" — ਹੁਣ ਇਕ ਨਾ ਇਕ ਨੂੰ ਤੇ ਦੁੱਖ ਜਰਨਾ ਹੀ ਪੈਂਦਾ ਏ।" ਕਰਨਲ ਨੇ ਆਪਣੇ ਢੰਗ ਨਾਲ ਸਫਾਈ ਦਿਤੀ।

"ਉਹ ਦੂਜੀ ਗੱਲ ਹੈ, ਪਰ ਸ਼ੀਲਾ ਨਾਲ ਦੋਸਤੀ ਦਾ, ਇਨਸਾਨੀਅਤ ਦਾ ਰਿਸ਼ਤਾ ਤਾਂ ਇਹ ਰੱਖ ਸਕਦਾ ਹੈ।"

"ਮੈਂ ਆਪਣੀ ਸਤੀ ਪਤਨੀ ਨੂੰ ਕਿਸੇ ਤਰ੍ਹਾਂ ਦਾ ਕਲੇਸ਼ ਨਹੀਂ ਪਹੁੰਚਾਣਾ ਚਾਹੁੰਦਾ।"

ਸੱਜਨ ਨੂੰ ਇਹ ਗੱਲ ਬੜੀ ਭੈੜੀ ਲੱਗੀ। ਬੋਲਿਆ — "ਤੂੰ ਇਹਨਾਂ ਸੁਚੇ ਲਫ਼ਜ਼ਾਂ ਦੀ ਆੜ 'ਚ ਸ਼ੀਲਾ ਦਾ ਅਪਮਾਨ ਕਰਨ ਦੀ ਬਦਤਮੀਜ਼ੀ ਕਿਉਂ ਕਰਦਾ ਏਂ ?"

ਗੱਲ ਸੁਣ ਕੇ ਮਹੀਪਾਲ ਦੇ ਭਰਵੱਟੇ ਵੀ ਚੜ੍ਹ ਗਏ। ਸੱਜਨ ਉਹਦੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾ ਕੇ ਓਸੇ ਤਰ੍ਹਾਂ ਬੋਲਿਆ — "ਮੈਂ ਇਕ ਪਤਨੀ-ਵਰਤ ਦਾ ਹਾਮੀ ਆਂ। ਮੈਂ ਆਉਂਦੇ ਜੀਵਨ ਨੂੰ ਪੂਰੀ ਤਰ੍ਹਾਂ ਬਚਾ ਕੇ ਰਖਾਂਗਾ। ਪਰ ਮੇਰੀ ਪਿਛਲੀ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਤਾਂ ਲਗਾਤਾਰ ਕਾਇਮ ਰਹਿਣਗੀਆਂ ਈ। ਉਹਨਾਂ ਤੋਂ ਮੈਂ ਕਿੰਜ ਬਚ ਸਕਦਾ ਆਂ ?"

ਮਹੀਪਾਲ ਬੋਲਿਆ — "ਤਾਂ ਤੂੰ ਜ਼ਿੰਮੇਵਾਰੀ ਦੇ ਨਾਂ ਤੇ ਆਪਣੀਆਂ ਸਾਰੀਆਂ ਮਸੂਕਾਂ ਨਾਲ ਇਸ਼ਕ ਵੀ ਲੜਾਵੇਂਗਾ, ਤੇ ਇਕ ਪਤਨੀ ਵਰਤ ਦਾ ਝੰਡਾ ਵੀ ਗੱਡੇਂਗਾ ? ਹੂੰਅ......ਕੋਈ ਪ੍ਰੋਫ਼ੈਸਰ ਘੋਸ਼-ਬੋਸ-ਬਨਰਜੀ, ਚਟਰਜੀ ਤੇਰੇ ਕੋਲੋਂ ਪਾਰਟੀ ਖਾ ਕੇ ਇਕ ਲੇਖ ਵੀ ਲਿਖ ਦਏਗਾ ਕਿ ਤੂੰ ਸ਼ਾਦੀ ਦੇ ਪਿਛੋਂ ਸੱਚੇ ਗ੍ਰਿਹਸਥ ਆਦਰਸ਼ ਦਾ ਨਮੂਨਾ ਬਣ ਗਿਆ ਏਂ! ਜਸਟ ਲਾਈਕ ਯੂ!"

ਕੰਨਿਆ ਦਰਵਾਜ਼ੇ 'ਚ ਖਲੋਤੀ ਇਹ ਗੱਲਾਂ ਸੁਣ ਰਹੀ ਸੀ। ਉਹਦ ਮਨ ਹਵਾਵਾਂ ਨਾਲ ਘਿਰਿਆ ਹੋਇਆ ਸੀ। ਸ਼ੀਲਾ ਅਤੇ ਮਹੀਪਾਲ ਦੇ ਸੰਬੰਧ ਨੂੰ ਉਹ ਮਨੋਂ ਪਸੰਦ ਨਹੀਂ ਸੀ ਕਰਦੀ; ਉਹਦੇ ਅੰਦਰ ਬੈਠੀ ਹੋਈ ਪਤਨੀ ਇਸ ਰਿਸ਼ਤੇ ਨੂੰ ਸਹਿ ਨਹੀਂ ਸੀ ਸਕਦੀ। ਇਹਦੇ ਨਾਲ ਨਾਲ ਸ਼ੀਲਾ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਣ ਕਰਕੇ ਕਲਿਆਣੀ-ਮਹੀਪਾਲ ਦੀ ਬੇ-ਮਿਸਾਲ ਜੋੜੀ ਨੂੰ ਵੇਖਦਿਆਂ ਹੋਇਆਂ, ਨਾਲ ਹੀ ਸੱਜਨ ਦੀ ਜ਼ਿੱਦ ਨੂੰ ਵੇਖਦਿਆਂ ਹੋਇਆਂ ਉਹ ਇਸ ਅਨੈਤਿਕ ਨਾਤੇ ਨੂੰ ਚੁੱਪ ਚੁਪੀਤਾ ਸਵੀਕਾਰ ਵੀ ਦੇਂਦੀ ਸੀ। ਦਿਨ ਵਾਲੇ ਸੱਦੇ ਕਾਰਨ ਸ਼ੀਲਾ ਆ ਗਈ ਸੀ, ਉਹਦੀ ਚਿੱਟ ਮਿਲਣ ਤੇ ਹੀ ਉਹ ਜ਼ਨਾਨਾਖ਼ਾਨੇ 'ਚੋਂ ਉਠੀ ਸੀ। ਸ਼ੀਲਾ ਨੂੰ ਦਾਦਾ ਜੀ ਵਾਲੇ ਸੀਕ੍ਰੇਟ ਰੂਮ ਵਿਚ ਵਿਚ ਬੈਠਾ ਕੇ ਉਹ ਸੱਜਨ ਨੂੰ ਸੂਚਨਾ ਦੇਣ ਆਈ ਸੀ।

ਰਾਜਸ਼੍ਰੀ ਅਤੇ ਸ਼ਕੁੰਤਲਾ ਬਾਹਰ ਚਲੀਆਂ ਗਈਆਂ, ਕੰਨਿਆ ਬੂਹੇ 'ਚ ਖਲੋਤੀ ਸੁਣਦਾ ਰਹੀ। ਮਹੀਪਾਲ ਦੀਆਂ ਗੱਲਾਂ ਦਾ ਉਹਦੇ ਪਤਨੀ ਪਨ ਤੇ ਪ੍ਰਭਾਵ ਪੈ ਰਿਹਾ ਸੀ। ਆਪਣੇ ਅਤੇ ਸੱਜਨ ਵਿਚਕਾਰ ਉਹ ਹੋਰ ਕਿਸੇ ਤੀਵੀਂ ਨੂੰ ਨਹੀਂ ਸਹਿ ਸਕਦੀ। ਇਸ ਕਸੈਲ ਨੂੰ ਉਹ ਆਪਣੇ ਆਪ ਤੋਂ ਹੀ ਲੁਕਾਉਂਦਿਆਂ ਹੋਇਆਂ ਉਹ ਸੋਚ

ਰਹੀ ਸੀ ਕਿ ਮਹੀਪਾਲ ਦੀ ਜਿਹੜੀਆਂ ਇਸ ਤਰ੍ਹਾਂ ਦੀਆਂ ਵਿਰੋਧੀ ਗੱਲਾਂ ਕਰ ਰਹੇ ਹਨ, ਕੀ ਸ਼ੀਲਾ ਨੂੰ ਮਿਲਣਾ ਚਾਹੁਣਗੇ ? ਸ਼ੀਲਾ ਵਲੋਂ ਉਹਦੇ ਦਿਲ 'ਚ ਧੜਕਨ ਹੋਣ ਲਗੀ। ਸਵਾਮੀ ਦਿਆਲ ਇਕ ਨੌਕਰ ਬਾਹਰਲੇ ਦਰਵਾਜ਼ੇ 'ਚੋਂ ਅੰਦਰ ਆਇਆ। ਕੰਨਿਆ ਉਹਨੂੰ ਵੇਖ ਕੇ ਆਪਣੇ ਚੁੱਪ ਚੁਪੀਤੇ ਖੜੇ ਹੋਣ ਦੀ ਚੋਰੀ ਨੂੰ ਲੁਕਾਉਂਦਿਆਂ ਹੋਇਆਂ ਕਾਹਲੀ ਨਾਲ ਕਮਰੇ ਅੰਦਰ ਚਲੀ ਗਈ। ਕੰਨਿਆ ਨੂੰ ਵੇਖ ਕੇ ਮਰਦਾਨੀ ਬੈਠਕ ਦੀਆਂ ਗੱਲਾਂ ਰੁਕ ਗਈਆਂ। ਕਰਨਲ ਬੋਲਿਆ — "ਬਿੰਨੋ ਤੂੰ ਚੰਗੀ ਆਈ ਏਂ!......"

"ਕਿਉਂ ਭਾਈ ਸਾਹਿਬ ?"

"ਬਈ ਮਠਿਆਈ-ਵਠਾਈ ਭਿਜਵਾ। ਥਿੰਦਿਆਈ ਬਿਨਾਂ ਸ਼ੁਕਲਾ ਜੀ ਮਹਾਰਾਜ ਦੀ ਭੰਗ ਗਰਮੀ ਖਾਂਦੀ ਜਾ ਰਹੀ ਏ।"

ਕੰਨਿਆ ਮੁਸਕਰਾਈ, ਫਿਰ ਸਭਿਅਤਾ ਦੇ ਨਾਤੇ ਮਹੀਪਾਲ ਦਾ ਪੱਖ ਲੈਂਦੀ ਬੋਲੀ — "ਅੱਜ ਤਾਂ ਤੁਸੀਂ ਸਾਰੇ ਹੋਲੀ ਮਨਾ ਰਹੇ ਓ, ਇਕੱਲੇ ਸ਼ੁਕਲਾ ਜੀ ਵਿਚਾਰਿਆ ਨੂੰ ਕਿਉਂ ਬਦਨਾਮ ਕਰਦੇ ਓ ?"

ਸੱਜਨ ਆਪਣੀਆਂ ਗੁਲਾਬੀ ਡੋਰੇ ਵਾਲੀਆਂ ਅੱਖਾਂ ਕੰਨਿਆਂ ਵਲ ਘੁਮਾ ਕੇ ਬੋਲਿਆ – "ਮੈਂ ਤਾਂ ਤੇਰੇ ਡਰ ਕਰਕੇ ਨਹੀਂ ਸਾਂ ਪੀ ਰਿਹਾ, ਇਹ ਮਹੀਪਾਲ ਨੇ ਜ਼ਬਰਦਸਤੀ ਪਿਆਈ ਏ।"

"ਅੱਛਾ ਗੱਲ ਸੁਣੋਂ, ਬਾਹਰ ਆਓ, ਇਕ ਕੰਮ ਏ।"

ਸ਼ੀਲਾ ਦਾ ਆਉਣਾ ਸੁਣ ਕੇ ਸੱਜਨ ਗੰਭੀਰ ਹੋ ਗਿਆ। ਕੰਨਿਆ ਬੋਲੀ — "ਅੱਜ ਦੇ ਦਿਨ ਤੁਹਾਨੂੰ ਡਾਕਟਰ ਨੂੰ ਨਹੀਂ ਸੀ ਬੁਲਾਉਣਾ ਚਾਹੀਦਾ। ਕਈ ਵਾਰ ਤੁਸੀਂ ਬਿਨਾਂ ਸੋਚਿਆਂ ਸਮਝਿਆਂ......"

"ਮੈਂ ਹੁਣੇ ਮਹੀਪਾਲ ਨੂੰ ਲਿਆਉਂਦਾ ਹਾਂ। ਮੈਂ ਉਹਨੂੰ ਜਾਣਦਾਂ, ਸ਼ੀਲਾ ਦੇ ਸਾਹਮਣੇ ਹੁੰਦਿਆਂ ਈ ਉਹ ਸਾਰਾ ਵਿਰੋਧ ਭੁੱਲ ਜਾਏਗਾ।" ਆਖਦਾ ਹੋਇਆ ਸੱਜਨ ਫਿਰ ਕਮਰੇ ਦੇ ਅੰਦਰ ਚਲਾ ਗਿਆ। ਕੰਨਿਆ ਪਰਤ ਗਈ। ਮਹੀਪਾਲ ਦੇ ਸਾਹਮਣੇ ਸੱਜਨ ਦੇ ਨਾਲ ਨਾਲ ਸ਼ੀਲਾ ਦਾ ਦੂਤ ਬਣ ਕੇ ਤੁਰਨਾ ਉਹਨੂੰ ਮਨਜ਼ੂਰ ਨਹੀਂ ਸੀ।

ਸੱਜਨ ਮਹੀਪਾਲ ਨੂੰ ਲੈ ਕੇ ਪੌੜੀਆਂ ਵਾਲੇ ਕਮਰੇ ਵਿਚ ਆਇਆ। ਕਮਰੇ ਦੇ ਅੰਦਰ ਇਕ ਵੱਡੇ ਅਲਮਾਰੀ-ਨੁਮਾ ਦਰਵਾਜ਼ੇ ਰਾਹੀਂ ਉਹ ਉਹਨੂੰ 'ਦਾਦਾ ਜੀ ਵਾਲੇ ਸੀਕ੍ਰੇਟ ਰੂਮ' ਵਿਚ ਲੈ ਗਿਆ। ਸ਼ੀਲਾ ਕੁਰਸੀ ਤੇ ਚੁੱਪ ਚੁਪੀਤੀ ਬੈਠੀ ਸੀ। ਮਹੀਪਾਲ ਨੂੰ ਦਰਵਾਜ਼ੇ ਤਕ ਛੱਡ ਕੇ ਸੱਜਨ ਬਾਹਰ ਚਲਿਆ ਗਿਆ।

ਮਹੀਪਾਲ ਨੂੰ ਸਾਹਮਣੇ ਵੇਖ ਕੇ ਸ਼ੀਲਾ ਚਿਹਰੇ ਉਤੇ ਫਿੱਕੀ ਮੁਸਕਰਾਹਟ ਲੈ ਕੇ ਖਲੋ ਗਈ। ਮਹੀਪਾਲ ਦਾ ਚਿਹਰਾ ਚਿੱਟਾ ਹੋ ਗਿਆ।

"ਹੋਲੀ ਮੁਬਾਰਕ !" ਸ਼ੀਲਾ ਨੇ ਕਿਹਾ ।

ਮਹੀਪਾਲ ਦੀ ਕਠੋਰਤਾ ਹਾਰ ਰਹੀ ਸੀ। ਗੱਲ ਕਹਿਣ ਲਈ ਉਹਨੂੰ ਕੁਝ ਨਾ ਸੁਝਿਆ, ਸਨਕੀ ਹਾਸਾ ਹੱਸ ਕੇ ਬੋਲਿਆ — "ਅੱਜ-ਅੱਜ ਅਸੀਂ ਇਥੇ ਮਿਲ ਰਹੇ ਆਂ !"

ਸ਼ੀਲਾ ਨੇ ਮੁਸਕਰਾ ਕੇ ਨਜ਼ਰਾਂ ਨੀਵੀਂਆਂ ਕਰ ਲਈਆਂ। ਮਹੀਪਾਲ ਅਚਾਨਕ ਧੱਕਾ ਖਾ ਕੇ ਬੋਲਿਆ — "ਇਸ ਭੋਰੇ ਦੇ ਹੇਠਾਂ ਵੀ ਕੋਈ ਭੋਰਾ ਨਹੀਂ ਹੋ ਸਕਦਾ ਭਲਾ ?

ਗੱਲ ਸ਼ੀਲਾ ਦੀ ਸਮਝ ਵਿਚ ਨਾ ਆਈ। ਉਹ ਹੱਕੀ-ਬੱਕੀ ਹੋ ਗਈ। ਮਹੀਪਾਲ ਨੇ ਫਿਰ ਕਿਹਾ — "ਚੋਰੀ ਕਰਨ ਲਈ ਸਾਨੂੰ ਹੋਰ ਹੇਠਾਂ ਪਤਾਲ ਵਿਚ ਜਾਣਾ ਚਾਹੀਦਾ ਏ, ਏਥੇ ਵੀ ਕੋਈ ਵੇਖ ਸਕਦਾ ਏ।"

"ਤੈਥੋਂ ਏਨੇ ਦਿਨ ਪਰੇ ਰਹਿਣਾ......"

ਅਚਾਨਕ ਮਹੀਪਾਲ ਦੀ ਆਵਾਜ਼ ਸਖ਼ਤ ਹੋ ਗਈ। ਬੋਲਿਆ — "ਮੈਂ ਚੋਰੀ ਪਸੰਦ ਨਹੀਂ ਕਰਦਾ ਸ਼ੀਲਾ ! ਮਿਲ ਸਕਾਂਗਾ ਤਾਂ ਕਦੇ ਤੇਰੇ ਘਰ ਹੀ ਮਿਲਾਂਗਾ, ਜਿਵੇਂ ਮਿਲਦਾ ਸਾਂ।"

"ਮੈਂ ਤਾਂ ਕਦੇ ਮਨ੍ਹਾਂ ਨਹੀਂ ਕੀਤਾ !"

"ਠੀਕ ਏ, ਪਰ ਮੇਰੀ ਦੁਨੀਆਂ ਬਦਲ ਗਈ ਏ। ਚੰਗਾ, ਮੈਂ ਜਾਂਦਾ ਆਂ।"

"ਗੱਲ ਸੁਣ, ਤੂੰ ਸਮਾਜ ਤੋਂ ਡਰ ਕੇ ਮੈਨੂੰ ਛੱਡਿਆ ਏ ਜਾਂ ਆਪ ਵੀ ਛੱਡ ਰਿਹਾ ਏਂ ?"

ਮਹੀਪਾਲ ਥਿੜਕ ਗਿਆ। ਉਹਦਾ ਸਿਰ ਨਿਵਿਆ ਹੋਇਆ ਸੀ। ਇਕ ਸੈਕੰਡ ਰੁਕ ਕੇ ਰੁੱਖੀ ਆਵਾਜ਼ ਵਿਚ ਬੋਲਿਆ — "ਹੁਣ ਮੈਂ ਇਹ ਸਭ ਗੱਲਾਂ ਨਹੀਂ ਸੋਚਦਾ।"

"ਮੈਨੂੰ ਵੀ ਉਹ ਤਰਕੀਬ ਦਸ ਜੀਹਦੇ ਨਾਲ ਮੈਂ ਤੈਨੂੰ ਭੁੱਲ ਸਕਾਂ ?"

ਮਹੀਪਾਲ ਜਾਣ ਲਗਾ। ਸ਼ੀਲਾ ਉਹਦੇ ਮੋਢੇ ਤੇ ਹੱਥ ਰਖ ਕੇ ਬੋਲੀ — "ਤੂੰ ਜਿਨ੍ਹਾਂ ਘਰੋਗੀ ਜ਼ਿੰਮੇਵਾਰੀਆਂ ਕਰਕੇ ਏਨਾ ਵੱਡਾ ਤਿਆਗ ਕਰ ਰਿਹਾ ਏਂ, ਮੈਂ ਉਹਨਾਂ ਦੀ ਕਦਰ ਕਰਦੀ ਆਂ। ਤੂੰ ਚੰਗੀ ਤਰ੍ਹਾਂ ਜਾਣਦਾ ਏਂ ਕਿ ਮੈਂ ਕਲਿਆਣੀ ਦੀ ਵੀ ਕਦਰ ਕਰਦੀ ਆਂ। ਤੇਰਾ ਗ੍ਰਹਿਸਥ ਦਾ ਸੁਖ ਉਜਾੜਨ ਵਿਚ ਜਾਂ ਤੈਨੂੰ ਬਦਨਾਮ ਕਰਾਉਣ 'ਚ ਮੈਨੂੰ ਸੁਖ ਨਹੀਂ ਮਿਲੇਗਾ।......"

ਮਹੀਪਾਲ ਕੁਝ ਨਰਮ ਹੋਇਆ, ਫਿਰ ਵੀ ਉਹਦੀ ਵਲ ਨਾ ਵੇਖਦਾ ਹੋਇਆ ਬੋਲਿਆ — "ਸਭ ਕੁਝ ਸਮਝਦਿਆਂ ਵੀ ਅੱਜ ਕਿਉਂ ਆਈ ਏਂ ?"

"ਤੈਨੂੰ ਵੇਖਣ ਦਾ ਤੇਹ ਸੀ। ਇਕ ਸੈਕੰਡ ਬੈਠ, ਬੈਠ ਵੀ।"

ਮਹੀਪਾਲ ਉਹਦੀ ਬਾਂਹ ਦੇ ਸਹਾਰੇ ਖਿੱਚੀਦਾ ਆਇਆ। ਦੋਵੇਂ ਆਹਮਣੇ ਸਾਹਮਣੇ ਕੁਰਸੀਆਂ ਉਤੇ ਬਹਿ ਗਏ। ਗੋਲ ਮਹਿਰਾਬਾਂ ਅਤੇ ਖੰਭਿਆਂ ਵਾਲਾ ਚਕੋਰ ਕਮਰਾ

ਹਨੇਰੇ ਅਤੇ ਇਕਲਾਪੇ ਦਾ ਵਾਤਾਵਰਣ ਪੇਸ਼ ਕਰ ਰਿਹਾ ਸੀ। ਕੰਧ ਉਤੇ ਬਣੇ ਦੋ ਰੋਸ਼ਸਨਦਾਨਾਂ ਤੋਂ ਸਿਵਾ ਇਹ ਕਮਰਾ ਬਾਹਰਲੀ ਦੁਨੀਆਂ ਤੋਂ ਟੁੱਟਾ ਹੋਇਆ ਸੀ। ਇਸ ਕਮਰੇ ਵਿਚ ਕਿਸੇ ਹੱਦ ਤਾਈਂ ਸਲ੍ਹਾਬ ਵੀ ਹੈ। ਖੰਭਿਆਂ ਅਤੇ ਕੰਧਾਂ ਤੇ ਚੜ੍ਹੇ ਹੋਏ ਸਿੱਪੀ ਰੰਗੇ ਰੋਗਨ ਤੇ ਧੱਬੇ ਪੈ ਰਹੇ ਸਨ। ਜਿਥੇ ਇਹ ਦੋਵੇਂ ਬੈਠੇ ਸਨ ਉਹਦੀ ਖੱਬੀ ਬਾਹੀ ਵਲ ਮੋਟੀਆਂ ਸੀਖਾਂ ਦਾ ਕਟਹਿਰਾ ਬਣਿਆ ਹੋਇਆ ਸੀ, ਜੀਹਦੇ ਵਿਚ ਲੋਹੇ ਦੇ ਦੋ ਪੁਰਾਣੇ ਸੰਦੂਕ ਅਤੇ ਦੋ ਗੋਦਰੇਜ ਦੀਆਂ ਅਲਮਾਰੀਆਂ ਰਖੀਆਂ ਹੋਈਆ ਸਨ। ਕਟਹਿਰੇ ਦੇ ਦਰਵਾਜ਼ੇ ਤੇ ਪੁਰਾਣਾ ਵਲਾਇਤੀ ਤਾਲਾ ਬੰਦ ਸੀ। ਮਹੀਪਾਲ ਸ਼ੀਲਾ ਤੋਂ ਨਜ਼ਰਾਂ ਬਚਾ ਕੇ ਏਧਰ ਓਧਰ ਵੇਖ ਰਿਹਾ ਸੀ। ਜਿਹੜੀ ਸੁਖਾਂ-ਲੱਧੀ ਹਾਲਤ ਵਿਚ ਰਹਿੰਦਿਆਂ ਹੋਇਆਂ ਉਹਨੇ ਵਰ੍ਹੇ ਬਿਤਾਏ ਸਨ ਉਹ ਹਾਲਤ ਹੁਣ ਉਹਦੇ ਮਨ ਅੰਦਰ ਉਲਝਨ ਉਪਜਾ ਰਹੀ ਸੀ। ਸ਼ੀਲਾ ਉਹਦੇ ਜੀਵਨ ਦੀ ਇਕ ਚੋਰੀ ਸੀ, ਜਿਸ ਤੋਂ ਉਹ ਹੁਣ ਮੁਕਰਨਾ ਚਾਹੁੰਦਾ ਸੀ।

ਸ਼ੀਲਾ ਨੇ ਕਿਹਾ – "ਹੁਣ ਸਾਡੀ ਉਮਰ ਪੱਕਣ ਵਾਲੀ ਹੈ ਮਹੀਪਾਲ, ਮੈਂ ਅਠੱਤੀ ਵਰ੍ਹਿਆਂ ਦੀ ਹੋ ਗਈ ਆਂ। ਜੂਨ ਵਿਚ ਉਨਤਾਲੀਵਾਂ ਲੱਗੇਗਾ।"

ਮਹੀਪਾਲ ਨੇ ਨਾ ਉਹਦੇ ਵਲ ਵੇਖਿਆ, ਨਾ ਗੱਲ ਦਾ ਜਵਾਬ ਦਿਤਾ। ਸ਼ੀਲਾ ਨੇ ਫਿਰ ਕਿਹਾ – "ਜ਼ਿੰਦਗੀ ਹੁਣ ਓਸ ਇਮਾਰਤ ਵਰਗੀ ਏ, ਜੋ ਕਿ ਬਣ ਚੁਕੀ ਏ; ਆਬਾਦ ਵੀ ਹੋ ਚੁਕੀ ਏ। ਇਹਨੂੰ ਤਾਂ ਮਹਿਸੂਸ ਕਰ ਇੱਟ ਨਾਲ ਇੱਟ ਪੱਥਰ ਨਾਲ ਪੱਥਰ ਜੁੜ ਚੁਕਿਆ ਏ। ਹੁਣ ਨਹੀਂ ਡਾਰਲਿੰਗ। ਜਿਹੜੀ ਚੀਜ਼ ਵੱਸ ਚੁਕੀ ਏ, ਉਹਨੂੰ ਉਜਾੜ ਨਾ।"

ਮਹੀਪਾਲ ਦਾ ਸਿਰ ਝੁਕ ਗਿਆ। ਸ਼ੀਲਾ ਫਿਰ ਬੋਲੀ — "ਪਾਪ ਤਾਂ ਹੈ, ਪਰ ਹੁਣ ਏਨੇ ਵਰ੍ਹਿਆਂ ਨਾਲ ਕੀ ਇਹ ਪਾਪ ਸਾਡੇ ਜੀਵਨ ਦਾ ਪੁੰਨ ਨਹੀਂ ਬਣ ਗਿਆ। ਬੋਲ, ਤੂੰ ਤੇ ਬੋਲਦਾ ਈ ਨਹੀਂ।"

ਮਹੀਪਾਲ ਓਸੇ ਤਰ੍ਹਾਂ ਬੈਠਾ ਰਿਹਾ। ਉਹਦੇ ਚਿਹਰੇ ਤੇ ਕੋਈ ਭਾਵ ਨਹੀਂ ਸੀ, ਕੇਵਲ ਸੁੰਨ ਸੀ। ਇਕ ਪਲ ਰੁਕ ਕੇ ਸ਼ੀਲਾ ਉਹਨੂੰ ਵੇਖਦੀ ਰਹੀ। ਉਹ ਮਹੀਪਾਲ ਨਾਲ ਗੱਲਾਂ ਦੀ ਲੜੀ ਵਿਚ ਜੁੜੀ ਰਹਿਣਾ ਚਾਹੁੰਦੀ ਸੀ ਪਰ ਏਸ ਮਾਨਸਿਕ ਹਾਲਤ ਵਿਚ ਉਹਦੇ ਕੋਲ ਵੀ ਗੱਲਾਂ ਦੀ ਥੋੜ ਸੀ, ਜਜ਼ਬਾਤ ਗੂੰਗੇ ਹੋ ਰਹੇ ਸਨ। ਉਹਦੇ ਗੂੰਗੇ ਜਜ਼ਬਾਤ ਆਪਣੇ ਪਿਆਰੇ ਦੀ ਵਾਕ ਸ਼ਕਤੀ ਚਾਹੁੰਦੇ ਸਨ ਜਿਹੜੀ ਉਹਨੂੰ ਮਿਲ ਨਹੀਂ ਸੀ ਰਹੀ। ਸ਼ੀਲਾ ਦੀਆਂ ਅੱਖਾਂ ਦਰਿੱਦਰੀ ਦੇ ਘਰ ਦੇ ਦੀਵੇ ਵਾਂਗ ਟਿਮਟਿਮ ਕਰ ਰਹੀਆਂ ਸਨ। ਮਹੀਪਾਲ ਓਸੇ ਤਰ੍ਹਾਂ ਬੈਠਾ ਰਿਹਾ।

ਇਕ ਘੁੱਟੀ ਹੋਈ ਆਹ ਨਾਲ ਸ਼ੀਲਾ ਨੇ ਮੁੜ ਕੇ ਕਹਿਣਾ ਸ਼ੁਰੂ ਕੀਤਾ "ਏਹੋ ਜਿਹੀਆਂ ਚੋਰੀਆਂ ਦੁਨੀਆਂ ਦੇ ਹਰ ਵਡੇ ਲੇਖਕ ਨਾਲ ਅਮਰ ਹੋਈਆਂ ਨੇ। ਨਿਰਾ ਪੂਰਾ ਤੂੰ ਈ

ਨਹੀਂ ਕਿ ਇਤਿਹਾਸ ਵਿਚ ਬਦਨਾਮ ਹੋਏਂਗਾ ।"

ਮਹੀਪਾਲ ਉੱਠਿਆ ਤੇ ਆ ਗਿਆ । ਸ਼ੀਲਾ ਦੋਬਾਰਾ ਉਹਨੂੰ ਨਾ ਸੱਦ ਸਕੀ ।

ਮਹੀਪਾਲ ਜਦ ਬਾਹਰ ਆਇਆ ਤਾਂ ਉਹਨੇ ਵੇਖਿਆ ਕਿ ਕਲਿਆਣੀ ਕੰਨਿਆ ਅਤੇ ਕਰਨਲ ਦੀ ਪਤਨੀ ਕੋਠੀ ਦੇ ਅੰਦਰ ਬਣੇ ਹੋਏ ਠਾਕੁਰਦੁਆਰੇ ਵਲ ਜਾ ਰਹੀਆਂ ਸਨ । ਮਹੀਪਾਲ ਝੱਟ ਮੁੜਕੇ ਸ਼ੀਲਾ ਕੋਲ ਆਇਆ—"ਤੂੰ ਅਜੇ ਬਾਹਰ ਨਾ ਨਿਕਲੀਂ ।"

ਸ਼ੀਲਾ ਗੁਆਚੀ ਬੈਠੀ ਸੀ । ਉਹ ਅਚਾਨਕ ਮਹੀਪਾਲ ਦੀ ਗੱਲ ਸਮਝ ਨਾ ਸਕੀ । ਮਹੀਪਾਲ ਚੁਗਾਠ ਤੇ ਖੜਾ ਸੀ, ਇਕ ਪੈਰ ਬਾਹਰ ਇਕ ਅੰਦਰ । ਸ਼ੀਲਾ ਉਹਦੀ ਆਵਾਜ਼ ਸੁਣਦਿਆਂ ਹੀ ਉੱਠ ਖਲੋਤੀ, ਉਹਨੂੰ ਵੇਖ ਕੇ ਉਹ ਅਗਾਂਹ ਹੋਈ । ਆਪਣੇ ਸ਼ੰਕੇ ਭਰੇ ਦਿਲ ਕਾਰਨ ਦਰਵਾਜ਼ੇ ਵਲ ਆਉਂਦੀ ਹੋਈ — ਸ਼ੀਲਾ ਨੂੰ ਵੇਖ ਕੇ ਮਹੀਪਾਲ ਇਸ ਵੇਲੇ ਸ਼ੀਲਾ ਦੀਆਂ ਅੱਖਾਂ ਨਾਲ ਅੱਖਾਂ ਮਿਲਾਉਣ ਲਈ ਮਜਬੂਰ ਸੀ । ਨਜ਼ਰਾਂ ਮਿਲ ਰਹੀਆਂ ਸਨ, ਸ਼ੀਲਾ ਦੀਆਂ ਪੁਤਲੀਆਂ ਦੀ ਖਿੱਚ ਨਾ-ਨਾ ਕਰਦੀਆਂ ਹੋਈਆਂ ਮਹੀਪਾਲ ਦੀਆਂ ਨਜ਼ਰਾਂ ਨੂੰ ਆਪਣੇ ਵਿਚ ਲੀਨ ਕਰ ਰਹੀ ਸੀ ।

ਸ਼ੀਲਾ ਕੋਲ ਆਉਂਦੀ ਗਈ, ਉਹ ਉਹਦੇ ਐਨ ਨੇੜੇ ਆ ਗਈ । ਸ਼ੀਲਾ ਟਿਕਟਿਕੀ ਬੰਨ੍ਹ ਕੇ ਉਹਨੂੰ ਵੇਖ ਰਹੀ ਸੀ । ਇਉਂ ਜਾਪਦਾ ਸੀ ਕਿ ਅੱਖਾਂ ਇਕ ਜਜ਼ਬਾਤੀ ਸ਼ਕਤੀ ਨਾਲ ਚਾਲੂ ਹੋ ਕੇ ਓਸੇ ਨਾਲ ਆਪਣੇ ਸਾਰੇ ਵਾਤਾਵਰਣ ਨੂੰ ਚੱਲਾ ਰਹੀ ਸੀ । ਅੱਖਾਂ ਦੇ ਰਾਮ ਝਰੋਖੇ ਵਿਚ ਬਹਿ ਕੇ ਸ਼ੀਲਾ ਦੇ ਮਨ ਦਾ ਸੱਚਾ ਜਜ਼ਬਾ ਸਮਰਾਟ ਵਾਂਗ ਇਕ ਛੱਤਰ, ਸਤਿਆਧਾਰੀ ਹੋ ਚੁਕਾ ਸੀ ਜਿਹਦੇ ਸਾਹਮਣੇ ਮਹੀਪਾਲ ਗੂੰਗਾ ਸੀ, ਬੇਵੱਸ ਸੀ । ਜਿਹਨਾਂ ਤਿਹਾਈਆਂ, ਪਿਆਰ ਭਰੀਆਂ ਨਜ਼ਰਾਂ ਨਾਲ ਸ਼ੀਲਾ ਤਨੋਂ ਮਨੋਂ ਉਹਦੀਆਂ ਨਜ਼ਰਾਂ ਨੂੰ ਵੇਖ ਰਹੀ ਸੀ, ਉਹ ਤੇਹ ਅਮਰ ਸੀ — ਉਹ ਪਿਆਰ ਮਹੀਪਾਲ ਨੂੰ ਆਤਮ-ਵਿਸ਼ਵਾਸ ਵਰਗਾ ਲੱਗਾ ਜਿਹਨੂੰ ਉਹ ਆਪਣੇ ਕੋਲੋਂ ਦੂਰ ਕਰਨ ਦਾ ਹਠ ਕਰ ਰਿਹਾ ਸੀ । ਸ਼ੀਲਾ ਕੋਲ ਆ ਗਈ; ਮਹੀਪਾਲ ਦਾ ਹਠ ਆਪਣੀ ਬੇਵਸੀ ਦੇ ਅੰਤ ਤਕ ਪਹੁੰਚ ਗਿਆ ਸੀ।ਸ਼ੀਲਾ ਆਪੇ ਤੋਂ ਬਾਹਰ ਸੀ,ਮਹੀਪਾਲ ਬੇਵੱਸ ਹੁੰਦਾ ਜਾ ਰਿਹਾ ਸੀ ।

ਮਹੀਪਾਲ ਦੇ ਸੁੰਦਰਤਾ ਨੂੰ ਪਿਆਰ ਕਰਨ ਵਾਲੇ ਲੇਖਕ ਨੇ ਅਜ ਇਸ ਪਲ ਤੋਂ ਪਹਿਲਾਂ ਭਰਪੂਰਤਾ ਦੇ ਇਸ ਪਰਮ ਸੁੰਦਰ ਰੂਪ ਦੇ ਦਰਸ਼ਨ ਨਹੀਂ ਸਨ ਕੀਤੇ । ਸ਼ੀਲਾ ਦੀਆਂ ਅੱਖਾਂ ਵਿਚ ਜੋਗ ਆਸਣ ਲਾ ਕੇ ਬੈਠਾ ਹੋਇਆ ਉਹਦਾ ਪਿਆਰ ਉਹਨੂੰ ਵਾਰ ਵਾਰ ਚੁਣੌਤੀ ਦੇ ਰਿਹਾ ਸੀ — ਇਸ ਬੇਵਸੀ ਦੇ ਮਹਾਂ-ਸਾਗਰ ਨੂੰ ਪਾਰ ਕਰ ਸਕਦਾ ਏ ? ਤੂੰ ਇਸ ਵਿਚ ਡੁੱਬਣ ਲਈ ਮਜਬੂਰ ਏਂ !

ਸ਼ੀਲਾ ਮਹੀਪਾਲ ਦੇ ਸਾਹਮਣੇ, ਓਹਦੇ ਨਾਲੋਂ ਪਰ੍ਹਾਂ ਹੋ ਕੇ ਖਲੋਤੀ ਹੋਈ ਸੀ । ਡੂੰਘੀ ਚੁੱਪ ਸਾਹਾਂ ਦੀ ਹੱਦ ਵਿਚ ਸਿਮਟ ਗਈ । ਮਹੀਪਾਲ ਨੂੰ ਇਹਨਾਂ ਗਰਮ ਸਾਹਾਂ ਦੀ ਦੀ ਲੜਾਈ ਦੇ ਵਾਜੇ ਵੱਜਦੇ ਜਾਪੇ । ਸ਼ੀਲਾ ਦੀਆਂ ਬਾਹਾਂ ਵਰ ਮਾਲਾ ਵਾਂਗ ਉਹਦੇ

ਗਲ ਵਿਚ ਪੈ ਰਹੀਆਂ ਸਨ। ਚੁਗਾਠ ਦੇ ਬਾਹਰ ਰਖਿਆ ਹੋਇਆ ਪੈਰ ਅੰਦਰ ਆ ਗਿਆ, ਸਪ੍ਰਿੰਗ ਵਾਲਾ ਦਰਵਾਜ਼ਾ ਖੜਾਕ ਕਰਕੇ ਬੰਦ ਹੋ ਗਿਆ।

ਮਹੀਪਾਲ ਦਾ ਸੁਪਨਾ ਟੁੱਟ ਗਿਆ। ਉਹਦੀ ਹੋਸ਼ ਪਰਤੀ, ਦਰਵਾਜ਼ੇ ਦੇ ਖੜਾਕ ਨਾਲ ਕਰਨਲ ਦੀ ਪਤਨੀ – ਅਤੇ ਕੰਨਿਆ ਨਾਲ ਠਾਕੁਰਦਵਾਰੇ ਵਲ ਜਾਂਦੀ ਹੋਈ ਕਲਿਆਣੀ ਦਾ ਉਹਨੂੰ ਚੇਤਾ ਆ ਗਿਆ। ਸਮਾਜ, ਸ਼ਕੁੰਤਲਾ ਦਾ ਵਿਆਹ, ਸਕੇ ਸੰਬੰਧੀ, ਸਥਾਨ – ਮਰਯਾਦਾ, ਏਥੋਂ ਤਾਈਂ ਕਿ ਆਪਣੀ ਚੋਰੀ – ਇਹ ਚੋਰੀ ਪ੍ਰੇਮ — ਸਭ ਕੁਝ ਧਿਆਨ ਵਿਚ ਆ ਗਿਆ। ਮਹੀਪਾਲ ਚੌਕੰਨਾ ਹੋਇਆ, ਸਿਆਣਾ ਹੋਇਆ। ਮੂੰਹ ਭੁਆ ਕੇ ਸ਼ੀਲਾ ਦੀਆਂ ਬਾਹਾਂ ਨੂੰ ਹਟਾਉਂਦਾ ਹੋਇਆ ਬੋਲਿਆ – "ਬੀਤੇ ਕਲ੍ਹ ਨੂੰ ਭੁੱਲ ਜਾ ਸ਼ੀਲਾ, ਪੱਕਿਆਂ ਹੋ ਕੇ ਭੁੱਲ ਜਾ। ਅਸੀਂ ਏਨੇ ਨੇੜੇ ਨਾ ਹੁੰਦੇ ਤਾਂ ਦੋਸਤ ਰਹਿ ਸਕਦੇ ਸਾਂ; ਪਰ ਹੁਣ ਦੋਸਤ ਵੀ ਨਹੀਂ ਰਹਿ ਸਕਦੇ।"

ਸ਼ੀਲਾ ਥੱਕੀ ਥੱਕੀ ਮਹਿਸੂਸ ਕਰ ਰਹੀ ਸੀ, ਮਹੀਪਾਲ ਦੀਆਂ ਗੱਲਾਂ ਤੋਂ ਕੁਝ ਪਰ੍ਹਾਂ ਜਿਹੇ ਵੀ ਸੀ, ਮਹੀਪਾਲ ਦੇ ਬਾਹਾਂ ਨੂੰ ਹਟਾਉਣ ਦੇ ਬਾਵਜੂਦ ਉਹਨੇ ਛੋਹ ਨਹੀਂ ਸੀ ਛੱਡੀ। ਉਹਦੇ ਵਲ ਚੋਰੀ ਵੇਖਣ ਲਈ ਮਹੀਪਾਲ ਮੁੜਿਆ — ਸ਼ੀਲਾ ਦਾ ਸਿਰ ਉਹਦੀ ਛਾਤੀ ਨਾਲ ਲੱਗਾ ਹੋਇਆ ਸੀ, ਮਾਂਗ ਦੇ ਕੋਲ ਦੇ ਦੋ ਤਿੰਨ ਚਿੱਟੇ ਵਾਲ ਚਮਕ ਰਹੇ ਸਨ। ਅਤੇ ਉਹਨਾ ਦੇ ਉਪਰ ਹੀ ਰੇਸਮੀ ਵਾਸਕਟ ਦੀ ਉਤਲੀ ਜੇਬ ਵਿਚ ਉਹਦੀ ਸ਼ੇਫਰਜ਼ ਦੀ ਕਲਮ ਦੀ ਸੁਨਹਿਰੀ ਟੋਪੀ ਚਮਕ ਰਹੀ ਸੀ। ਸ਼ੀਲਾ ਦੀ ਮਾਂਗ ਦੇ ਉਪਰ ਸ਼ੇਫਰਜ਼ ਦੀ ਚਮਕ ਨੇ ਮਹੀਪਾਲ ਦੇ ਮਨ ਨੂੰ ਅਜੀਬ ਢੰਗ ਨਾਲ ਗੁਦਗੁਦਾਇਆ। ਇਹ ਦੋਵੇਂ ਚਮਕਾਂ ਉਹਦੀਆ ਆਪਣੀਆਂ ਸਨ, ਇਹ ਪਲ ਕਿਸੇ ਵੀ ਵਿਅਕਤੀ ਦੀ ਹੋਂਦ ਲਈ ਕਿੰਨਾ ਸੁਖਦਾਈ ਸੀ। ਹਜ਼ਾਰਾਂ ਏਹੋ ਜਿਹੇ ਵੀ ਨੇ ਜਿਹੜੇ ਕਿਸੇ ਔਰਤ ਦੇ ਪਿਆਰ ਲਈ ਅੱਠੇ ਪਹਿਰ ਸੁਪਨੇ ਲੈਣ ਲਈ ਉਤਾਵਲੇ ਰਹਿੰਦੇ ਹਨ ਅਤੇ ਇਕ ਉਹ ਹੈ ਜੀਹਦੇ ਅਗੇ ਇਕ ਮੰਨੀ ਪਰਮੰਨੀ ਔਰਤ ਆਪਣੇ ਏਨੇ ਸੱਚੇ ਪ੍ਰੇਮ ਨਾਲ ਸਮਰਪਿਤ ਹੋ ਰਹੀ ਹੈ। ਮਹੀਪਾਲ ਕਿੰਨੀ ਵੱਡੀ ਸ਼ਾਨ ਦਾ ਮਾਲਕ ਹੈ! ਉਹਦੇ ਕੋਲ ਇਸ ਵੇਲੇ ਬੈਂਕ ਅਕਾਊਂਟ ਵੀ ਹੈ, ਰੇਸ਼ਮੀ ਜੈਕਟ ਅਤੇ ਸ਼ੇਫਰਜ਼ ਫਾਊਨਟੇਨ ਪੈੱਨ ਵੀ ਹੈ। ...ਇਹ ਸ਼ਾਨ ਚੋਰੀ ਦੀ ਹੈ। ਜੇ ਚੋਰੀ ਖੁਲ੍ਹ ਗਈ ਤਾਂ ਮੰਨਿਆ ਪਰਮੰਨਿਆ ਸਾਹਿਤਕਾਰ ਮਹੀਪਾਲ ਕਿਤੇ ਮੂੰਹ ਵਿਖਾਉਣ ਜੋਗਾ ਵੀ ਨਹੀਂ ਰਹਿ ਜਾਏਗਾ। ਸ਼ੀਲਾ ਨਾਲ ਉਹਦਾ ਚੋਰੀ ਵਾਲਾ ਸੰਬੰਧ ਲੋਕਾਂ ਨੂੰ ਪਤਾ ਲੱਗ ਚੁਕਾ ਹੈ। ਸ਼ੀਲਾ ਅਮੀਰ ਹੈ, ਕਿਤੇ ਉਹਦੇ ਪੈਸੇ ਦੀ ਸ਼ਾਨ ਸ਼ੀਲਾ ਦਾ ਦਾਨ ਨਾ ਮੰਨ ਲਿਆ ਜਾਏ? ਕਿਤੇ ਉਹ ਬਦਨਾਮ ਨਾ ਹੋ ਜਾਏ? ਅਚਾਨਕ ਇਹ ਚਿੰਤਾ ਸਿਮਟ ਕੇ ਉਹਦੇ ਦਿਲ ਵਿਚ ਬੈਠੀ ਹੋਈ ਗੁਦਗੁਦੀ ਨੂੰ ਆਪਣੇ ਭਾਰ ਹੇਠਾਂ ਦੱਬਣ ਲੱਗੀ। ਮਹੀਪਾਲ, ਨਿਕਰਮੇ, ਨਿਪੁੰਸਕ ਵਾਂਗ ਆਪਣੀ ਗੁੱਝੀ ਪੀੜ ਨਾਲ ਵਿਆਕਲ

ਹੋਣ ਵਾਲੀ ਮਜਬੂਰੀ ਅਨੁਭਵ ਕਰਨ ਲਗਾ। ਖਲੋਤ ਦੀ ਪੀੜ ਨੇ ਉਹਨੂੰ ਤੋੜ ਦਿਤੀ, ਉਹ ਕਠੋਰ ਹੋ ਗਿਆ। ਬੋਲਿਆ — "ਅਗਾਹ ਤੋਂ ਮੈਨੂੰ ਮਿਲਣ ਦੀ ਕੋਸ਼ਿਸ਼ ਨਾ ਕਰੀਂ।" ਮਹੀਪਾਲ ਉਸ ਤੋਂ ਵੱਖਰਾ ਹੋਇਆ, ਤੁਰਦਿਆਂ ਹੋਇਆ ਕਿਹਾ — "ਬਾਹਰ — ਬਾਹਰ ਕਲਿਆਣੀ ਆਦਿ ਨੇ, ਵੇਖ ਕੇ ਆਈਂ।" ਮਹੀਪਾਲ ਨੇ ਹੁਕਮ ਵਾਲੀ ਅਵਾਜ਼ ਵਿਚ ਕਿਹਾ ਤੇ ਚਲਾ ਗਿਆ।

ਆਯਾ ਜਾਨਕੀ ਨੇ ਕੰਨਿਆ ਨੂੰ ਸ਼ੀਲਾ ਦਾ ਸੁਨੇਹਾ ਦਿਤਾ, ਠਾਕੁਰ ਦੁਆਰਾ, ਪੁਰਾਣਾ ਜ਼ਨਾਨਖ਼ਾਨਾ ਵੇਖ ਕੇ ਤਿੰਨਾਂ ਦੋਸਤਾਂ ਦੀਆਂ ਪਤਨੀਆਂ ਪਰਤ ਰਹੀਆਂ ਸਨ। ਕਲਿਆਣੀ ਏਥੋਂ ਹੀ ਘਰ ਜਾਣ ਵਾਲੀ ਸੀ, ਕੰਨਿਆ ਦੀ ਗੋਦ ਵਿਚ ਕਲਿਆਣੀ ਦੀ ਛੋਟੀ ਬੱਚੀ ਸੁੱਤੀ ਪਈ ਸੀ, ਉਹਨੇ ਜਾਨਕੀ ਨਾਲ ਵੱਖਰਿਆਂ ਹੋ ਕੇ ਕਿਹਾ ਕਿ ਜਦੋਂ ਅਸੀਂ ਲੋਕ ਬਾਹਰ ਚਲੇ ਜਾਈਏ ਤਾਂ ਡਾਕਟਰ ਨੂੰ ਉੱਪਰ ਮੇਰੇ ਕਮਰੇ ਵਿਚ ਬਿਠਾ ਦਈਂ। ਮੈਂ ਮਿਸੇਜ ਸ਼ੁਕਲਾ ਨੂੰ ਗੱਡੀ ਵਿਚ ਬੈਠਾ ਕੇ ਆਉਂਦੀ ਆਂ।"

ਕਲਿਆਣੀ, ਕਰਨਲ ਦੀ ਪਤਨੀ ਨਾਲ ਕੰਨਿਆ ਵਾਲੇ ਛੇਤੀ ਨਾਲ ਰੱਖੇ ਸੁਝਾ ਤੇ ਵਿਚਾਰ ਕਰ ਰਹੀ ਸੀ। ਕੰਨਿਆ ਨੇ ਸੁਝਾ ਦਿਤਾ ਸੀ ਕਿ ਸ਼ਕੁੰਤਲਾ ਦਾ ਵਿਆਹ ਏਸੇ ਘਰ 'ਚ ਹੋਏ। ਘਰ ਦੀ ਥਾਂ ਹੁੰਦਿਆਂ ਬਾਹਰ ਦੀ ਥਾਂ ਕਿਉਂ ਲੱਭੀ ਜਾਏ ? ਕਲਿਆਣੀ ਨੂੰ ਇਹ ਸੁਝਾ ਚੰਗਾ ਲੱਗਾ ਸੀ। ਉਹਦਾ ਘਰ ਛੋਟਾ ਸੀ, ਉਹਨੇ ਕਿਤੇ ਬਾਹਰ ਵਿਆਹ ਕਰਨਾ ਹੀ ਸੀ। ਉਹਦੀ ਅਤੇ ਮਹੀਪਾਲ ਦੀ ਸਲਾਹ ਅਨੁਸਾਰ ਕਰਨਲ ਦੇ ਘਰ 'ਚੋਂ ਵਿਆਹ ਇਕ ਤਰ੍ਹਾਂ ਨਾਲ ਪੱਕਾ ਹੋ ਚੁਕਾ ਸੀ; ਪਰ ਬੰਗਲੇ ਵਿਚ ਕਰਨ ਦਾ ਸੁਝਾ ਕਲਿਆਣੀ ਦੇ ਬਹੁਤਾ ਹੀ ਮਨ ਲੱਗਾ। ਬੰਗਲੇ ਵਾਲੀ ਦਰਾਣੀ ਤੇ ਵੀ ਖ਼ੂਬ ਰੁਹਬ ਪਾਏਗਾ, ਬਿਰਾਦਰੀ ਵਾਲੀਆਂ ਏਥੇ ਆਉਣਗੀਆਂ, ਇਹ ਸਭੇ ਗੱਲਾਂ ਕਲਿਆਣੀ ਦੇ ਦਿਲ ਨੂੰ ਘੁਮਾ ਰਹੀਆਂ ਸਨ। ਉਹ ਕਰਨਲ ਦੀ ਪਤਨੀ ਨੂੰ ਕਹਿ ਰਹੀ ਸੀ; "ਇਕ ਨਾ ਇਕ ਆਦਮੀ ਤਾਂ ਘਰ 'ਚ ਸੌਂਦਾ ਈ ਏ। ਏਥੇ ਵਿਆਹ ਕਰਨ ਨਾਲ ਜ਼ਰਾ ਇਹ ਰਹੇਗਾ ਕਿ ਉਸ ਘਰ ਦਾ ਸਹਾਰਾ ਬਿਲਕੁਲ ਈ ਨਹੀਂ ਜਾਏਗਾ। ਅੱਛਾ, ਉਹਨਾਂ ਨਾਲ ਸਲਾਹ ਕਰ ਲਵਾਂ ਤਾਂ ਦੱਸਾਂਗੀ।"

ਕੰਨਿਆ ਨੇ ਕਿਹਾ — "ਹਾਂ-ਹਾਂ, ਗੱਲ ਕਰ ਲਓ, ਹੋਰ ਮੈਂ ਵੀ ਉਹਨਾਂ ਨੂੰ ਕਹਾਂਗੀ। ਸ਼ਕੁੰਤਲਾ ਤੇ ਸਿਰਫ਼ ਤੁਹਾਡਾ ਹੀ ਨਹੀਂ, ਸਾਡਾ ਸਾਰਿਆਂ ਦਾ ਹੱਕ ਏ ਭੈਣ ਜੀ!"

ਕਲਿਆਣੀ ਬਹੁਤ ਖ਼ੁਸ਼ ਹੋਈ, ਗਦ ਗਦ ਹੋ ਕੇ ਬੋਲੀ — "ਠੀਕ ਆ ਭੈਣ ਜੀ, ਪਹਿਲਾਂ ਤੁਹਾਡੀ, ਫਿਰ ਸਾਡੀ। ਦੋਸਤਾਂ ਵਿਚ ਕੋਈ ਫ਼ਰਕ ਹੁੰਦਾ ਏ ? ਸਾਡੇ ਉਹ ਤਾਂ ਕਈ ਵਾਰ ਕਹਿੰਦੇ ਨੇ ਕਿ ਸਕਾ ਭਰਾ ਆਪਣਾ ਨਹੀਂ ਰਿਹਾ; ਪਰ ਕਰਨਲ ਤੇ ਸੱਜਨ ਸਕੇ ਭਰਾਵਾਂ ਨਾਲੋਂ ਵੀ ਵਧ ਕੇ ਨੇ।"

ਸ਼ਾਨਦਾਰ ਪੋਰਟੀਕੋ ਵਿਚ ਸ੍ਰੀਮਤੀਕਲਿਆਣੀ ਮਹੀਪਾਲਲਈ ਗੱਡੀ ਉਡੀਕ ਕਰਰਹੀਸੀ।

42

ਡਾਕਟਰ ਸ਼ੀਲਾ ਉਪਰ ਨਾ ਗਈ। ਉਹ ਕਲਿਆਣੀ ਦੇ ਜਾਣ ਦੀ ਉਡੀਕ ਵਿਚ ਲਾਬੀ ਵਿਚ ਹੀ ਰੁਕੀ ਰਹੀ। ਕਰਨਲ ਦੀ ਵਹੁਟੀ ਨਾਲ ਕੰਨਿਆ ਅੰਦਰ ਆਈ, ਉਹਨੇ ਸਾਹਮਣੀ ਨੁੱਕਰ ਵਿਚ ਰੱਖੀ ਮੂਰਤੀ ਵੱਲ ਮੂੰਹ ਕਰ ਕੇ ਖਲੋਤੀ ਹੋਈ ਸ਼ੀਲਾ ਨੂੰ ਵੇਖਿਆ। ਕਲਿਆਣੀ ਅਤੇ ਸ਼ੀਲਾ ਦੇ ਵਿਚਕਾਰ ਮਹੀਪਾਲ ਦੇ ਸੰਬੰਧ ਦੀ ਜਾਣਕਾਰੀ ਨਾਲ ਕੰਨਿਆ ਇਸ ਵੇਲੇ ਮਨ ਹੀ ਮਨ ਵਿਚ ਬੇਹੱਦ ਉਲਝੀ ਹੋਈ ਸੀ। ਉਹ ਆਪਣੇ ਆਪ ਵਿਚ ਇਕ ਡੂੰਘਾ ਝੂਠ ਮਹਿਸੂਸ ਕਰ ਰਹੀ ਸੀ। ਕਲਿਆਣੀ ਸਾਹਮਣੇ ਸ਼ੀਲਾ ਨੂੰ ਚੋਰੀ ਛੁਪੇ ਧਨ ਵਾਂਗ ਲੁਕਾਈ ਰੱਖਣ ਨਾਲ ਉਹਦਾ ਮਨ ਪਾਟ ਰਿਹਾ ਸੀ। ਉਹਨੂੰ ਇਸ ਕੰਮ ਵਿਚ ਬੜੀ ਅਨੈਤਿਕਤਾ ਦਿਸ ਰਹੀ ਸੀ; ਤੇ ਇਹ ਉਲਟ ਨੀਤੀ ਵਰਤਣ ਲਈ ਉਹ ਸ਼ੀਲਾ ਲਈ ਆਪਣੇ ਪਿਆਰ ਤੋਂ ਮਜਬੂਰ ਵੀ ਸੀ। ਕੰਨਿਆ ਨੇ ਆਪਣੇ ਪੇਕੇ ਅਨੈਤਿਕ ਸੰਬੰਧ ਵੇਖੇ ਸਨ। ਕਿਉਂ ? — ਏਹੋ ਉਹਦੇ ਮਨ ਵਿਚ ਅਜੇ ਸਪਸ਼ਟ ਨਹੀਂ ਸੀ ਅਤੇ ਓਸੇ ਨੂੰ ਲੈ ਕੇ ਆਪਣੀਆ ਹੋਰ ਪ੍ਰੇਸ਼ਾਨੀਆਂ ਸਮੇਤ ਉਹ ਮਨ ਈ ਮਨ ਵਿਚ ਉਲਝ ਰਹੀ ਸੀ।

"ਹਲੋ ! ਡਾਕਟਰ !"

ਸ਼ੀਲਾ ਨੇ ਮੂੰਹ ਫੇਰ ਕੇ ਵੇਖਿਆ। ਕਰਨਲ ਦੀ ਪਤਨੀ ਉਹਨੂੰ ਵੇਖਦਿਆਂ ਹੀ ਉੱਭੜ ਵਾਹੇ ਬੋਲੀ — "ਡਾਕਟਰ ਸਾਹਬ, ਤੁਸੀਂ ਕਦ ਆਏ ?"

"ਹੁਣੇ ਥੋੜੀ ਦੇਰ ਪਹਿਲਾਂ।" ਸ਼ੀਲਾ ਦੇ ਬੁਝੇ ਹੋਏ ਚਿੰਤਾ ਦੇ ਸਾਗਰ ਵਿਚ ਡੁੱਬੇ ਹੋਏ ਚਿਹਰੇ ਉੱਤੇ ਮਜਬੂਰੀ ਦੀ ਮੁਸਕਾਨ ਝਲਕੀ।

"ਤੁਹਾਨੂੰ ਵੇਖ ਕੇ ਮੇਰੀ ਤਬੀਅਤ ਖ਼ੁਸ਼ ਹੋ ਜਾਂਦੀ ਏ !" ਫਿਰ ਕੰਨਿਆ ਵੱਲ ਵੇਖਦਿਆਂ ਹੋਇਆ ਕਰਨਲ ਦੀ ਪਤਨੀ ਨੇ ਕਿਹਾ — "ਇਹਨਾਂ ਦਾ ਏਨਾ ਚੰਗਾ ਸੁਭਾ ਮੈਂ ਬਹੁਤ ਘਟ ਲੋਕਾਂ ਦਾ ਵੇਖਿਆ ਏ, ਬੀਬੀ ਜੀ ! ਤੁਸੀਂ ਬੜੇ ਦਿਨਾਂ ਤੋਂ ਸਾਡੇ ਵੱਲ ਆਏ ਵੀ ਨਹੀਂ ਡਾਕਟਰ ਸਾਹਿਬ !"

ਡਾਕਟਰ ਸ਼ੀਲਾ ਦਾ ਮੂੰਹ ਵੇਖ ਕੇ ਕੰਨਿਆ ਮਹਿਸੂਸ ਕਰ ਰਹੀ ਸੀ ਕਿ ਗੱਲ ਕੁਝ ਵਿਗੜ ਗਈ ਹੈ। ਭੇਦ ਜਾਨਣ ਦੀ ਉਤਸੁਕਤਾ ਨਾਲ ਆਪਣੀ ਭਾਬੀ ਦੀ ਗੱਲ ਦਾ 'ਝੂਠਾ' ਉੱਤਰ ਦੇਂਦਿਆਂ ਹੋਇਆਂ ਕਿਹਾ — "ਤਾਂ ਇਕ ਦਿਨ ਪਾਰਟੀ ਕਰ ਦਿਉ ਭਾਬੀ, ਡਾਕਟਰ ਸਾਹਬ ਦੇ ਬਹਾਨੇ ਮੈਂ ਵੀ ਪਾਰਟੀ ਖਾ ਲਵਾਂਗੀ।"

ਕਰਨਲ ਦੀ ਪਤਨੀ ਨੇ ਹਾਸੇ ਨਾਲ ਅੱਖਾਂ ਨਚਾਉਂਦਿਆਂ ਕਿਹਾ — "ਵੇਖਿਆ ਡਾਕਟਰ ਸਾਹਬ, ਇਹ ਨਣਾਨਾਂ ਏਹੋ ਜਿਹੀਆ ਹੁੰਦੀਆਂ ਨੇ ਕਿ ਹਰ ਚੀਜ਼ ਵਿਚ ਆਪਣਾ

ਹਿੱਸਾ ਜ਼ਰੂਰ ਪੱਕਾ ਕਰ ਲੈਂਦੀਆਂ ਨੇ।"

ਸਾਥ ਦੇਣ ਲਈ ਡਾ: ਸ਼ੀਲਾ ਮਸ਼ੀਨ ਵਾਂਗ ਹੱਸੀ। ਉਹਨੂੰ ਵੇਖ ਕੇ ਕੰਨਿਆ ਨੂੰ ਤਹਿਜ਼ੀਬ ਦਾ ਨਾਟਕ ਖ਼ਤਮ ਕਰ ਦੇਣ ਦੀ ਇੱਛਾ ਹੋਈ। ਉਹਨੇ ਕਰਨਲ ਦੀ ਪਤਨੀ ਨੂੰ ਕਿਹਾ — "ਆਓ ਭਾਬੀ ਜੀ, ਉੱਪਰ ਚਲੀਏ।"

ਕਰਨਲ ਦੀ ਪਤਨੀ ਦੀ ਯਾਦ ਅਤੇ ਸੁਭਾਵਕ ਬੁੱਧੀ ਸੁਚੇਤ ਹੋ ਗਈ। ਉਹਨਾਂ ਨੇ ਅਰਥਭਰੀ ਨਜ਼ਰ ਨਾਲ ਜ਼ਰਾ ਕੁ ਸ਼ੀਲਾ ਨੂੰ ਵੇਖਿਆ ਅਤੇ ਝੱਟ ਬੋਲੀ — "ਬੀਬੀ ਮੈਂ ਰਸੋਈ 'ਚ ਜਾਂਦੀ ਆਂ। ਪੌਣੇ ਅੱਠ ਵੱਜ ਰਹੇ ਨੇ, ਛੇਤੀ ਨਾਲ ਥਾਲੀਆਂ ਲਵਾਉਣ ਦਾ ਪ੍ਰਬੰਧ ਕਰਾਂ।"

"ਹਾਂ ਭਾਬੀ, ਇਹ ਠੀਕ ਏ।" ਕੰਨਿਆ ਨੇ ਆਪਣੇ ਮਨ ਵਿਚ ਭਾਰ ਹੌਲਾ ਮਹਿਸੂਸ ਕੀਤਾ, ਭਾਬੀ ਦੀ ਸਮਝਦਾਰੀ ਲਈ ਸ਼ਰਧਾ ਦੀ ਭਾਵਨਾ ਵੀ ਜਾਗੀ। ਉਹਦੇ ਜਾਣ ਪਿੱਛੋਂ ਕੰਨਿਆ ਨੇ ਪੁੱਛਿਆ — "ਡਰਾਇੰਗ ਰੂਮ ਵਿਚ ਚਲੇਂਗੀ ਡਾਕਟਰ ? ਕੋਈ ਏਤਰਾਜ਼ ਤਾਂ ਨਹੀਂ ?"

"ਹੁਣ ਚੱਲਾਂਗੀ।"

"ਠਹਿਰ, ਮੈਂ ਸੱਜਨ ਨੂੰ ਬੁਲਾ ਲਿਆਵਾਂ। ਤੂੰ ਏਥੇ ਆਫ਼ਿਸ ਦੇ ਕਮਰੇ 'ਚ ਬੈਠ।"

ਸ਼ੀਲਾ ਨੂੰ ਮਿਲਣ ਪਿੱਛੋਂ ਮਹੀਪਾਲ ਉੱਖੜ ਪੁੱਖੜ ਗਿਆ ਸੀ। ਉਹਦੀ ਸੁਭਾਵਕਤਾ ਤਬਾਹ ਹੋ ਗਈ ਸੀ। ਜਿਸ ਵੇਲੇ ਮਹੀਪਾਲ ਸ਼ੀਲਾ ਨੂੰ ਮਿਲਣ ਗਿਆ ਸੀ ਉਸ ਵੇਲੇ ਕਰਨਲ ਅਤੇ ਸੱਜਨ ਵਿਚ ਇਹਨਾਂ ਦੋਵਾਂ ਪ੍ਰਸੰਗਾਂ ਨੂੰ ਲੈ ਕੇ, ਇਕ ਮਾੜੀ ਜਿਹੀ ਝੜਪ ਵੀ ਹੋ ਚੁਕੀ ਸੀ। ਸੱਜਨ ਅਨੈਤਿਕਤਾ ਦਾ ਸਵਾਲ ਉਠਾਏ ਜਾਣ ਦੇ ਬਾਵਜੂਦ ਇਸ ਗੱਲ ਉੱਤੇ ਪੱਕਾ ਸੀ ਕਿ ਸ਼ੀਲਾ ਲਈ ਮਹੀਪਾਲ ਨੂੰ ਉਦਾਰ ਹੋਣਾ ਚਾਹੀਦਾ ਹੈ। ਕਰਨਲ ਨੇ ਬਹਿਸ ਵਿਚ ਸੱਜਨ ਨਾਲ ਜ਼ਿਆਦਾ ਜ਼ਿੱਦ ਨਾ ਕੀਤੀ, ਇਸ ਲਈ ਗੱਲ ਤਦ ਤਕ ਰੁਕ ਗਈ ਸੀ, ਪਰ ਮਹੀਪਾਲ ਦੇ ਕਮਰੇ ਵਿਚ ਪਰਤ ਆਉਣ ਤੋਂ ਪਿੱਛੋਂ ਸੱਜਨ ਨੇ ਉਹਦੇ ਕੋਲੋਂ ਜ਼ੋਰੀਂ ਸ਼ੀਲਾ ਬਾਰੇ ਸਵਾਲ ਪੁੱਛਿਆ ਅਤੇ ਮਹੀਪਾਲ ਗਰਮ ਹੋ ਗਿਆ — "ਮੈਂ ਦੋ ਬੇੜੀਆਂ ਵਿਚ ਪੈਰ ਰੱਖ ਕੇ ਤੁਰਨ ਦਾ ਆਦੀ ਨਹੀਂ, ਬਹੁਤ ਚਿਰ ਬੇਸਮਝੀ ਕਾਰਨ ਉਲਝਨ ਵਾਲਾ ਜੀਵਨ ਬਿਤਾ ਚੁਕਿਆ ਹਾਂ।"

ਬਹਿਸ ਵਿਚ ਵੀ ਮਹੀਪਾਲ ਇਹ ਇਨਕਾਰ ਨਾ ਕਰ ਸਕਿਆ ਕਿ ਸ਼ੀਲਾ ਨਾਲ ਉਹਨੂੰ ਪਿਆਰ ਹੈ। ਪਰ ਉਸ ਪ੍ਰੇਮ ਦਾ ਉਹ ਤਿਆਗ ਕਰ ਰਿਹਾ ਹੈ — ਇਕ ਵੱਡੇ ਸਿਧਾਂਤ ਲਈ। ਪਰਵਾਰ ਇਕ ਜਣੇ ਦੇ ਪ੍ਰੇਮ ਨਾਲੋਂ ਵੱਡੀ ਚੀਜ਼ ਹੈ। ਵਿਆਹੁਤਾ ਪਰਵਾਰ ਸਮਾਜ ਲਈ ਚੰਗੇ ਸੰਬੰਧ ਬਣਾਈ ਰੱਖਣ ਲਈ ਇਕ ਬਲਵਾਨ ਪ੍ਰੰਪਰਾ ਹੈ, ਵਿਅਕਤੀਗਤ ਪਿਆਰ ਨਾਲ ਸਮਾਜ ਦੇ ਬੰਨ੍ਹਣ ਢਿੱਲੇ ਹੋ ਜਾਣਗੇ। ਪਰਵਾਰ ਦੀ ਭਾਵਨਾ ਤਬਾਹ ਹੋ ਜਾਏਗੀ — ਇਹ ਮਹੀਪਾਲ ਦੀ ਜ਼ੋਰਦਾਰ ਦਲੀਲ ਸੀ ਜਿਹਦੇ

ਸਹਾਰੇ ਉਹ ਸੱਜਨ ਨੂੰ ਨਿਰੁੱਤਰ ਕਰ ਚੁਕਾ ਸੀ।

ਸੱਜਨ ਮਹੀਪਾਲ ਦੀਆਂ ਦਲੀਲਾਂ ਦਾ ਸਾਗਰ ਪਾਰ ਨਾ ਕਰਨ ਕਰ ਕੇ ਚੁੱਪ ਜ਼ਰੂਰ ਹੋ ਗਿਆ ਸੀ, ਪਰ ਮਹੀਪਾਲ ਲਈ ਉਹਦਾ ਕ੍ਰੋਧ ਅਤੇ ਬੇਚੈਨੀ ਵੱਧ ਗਈ ਸੀ। ਉਹ ਮਨ ਦੇ ਅੰਦਰੋਂ-ਅੰਦਰ ਮਹੀਪਾਲ ਦੇ ਖਿਲਾਫ਼ ਸ਼ਿਕਾਇਤਾਂ ਇਕੱਠੀਆਂ ਕਰ ਰਿਹਾ ਸੀ।

ਮਹੀਪਾਲ ਉਹਦੇ ਹੰਕਾਰ ਲਈ ਸਦਾ ਹੀ ਚੁਣੌਤੀ ਰਿਹਾ ਹੈ। ਉਹ ਆਪਣੇ ਗਿਆਨ ਅਤੇ ਦਲੀਲਾਂ ਨਾਲ ਸੱਜਨ ਨੂੰ ਵਾਰ ਵਾਰ ਨੀਵਾਂ ਕਰਨ ਦਾ ਜਤਨ ਕਰਦਾ ਰਿਹਾ। ਸੱਜਨ ਉਹਦੀਆਂ ਗੱਲਾਂ ਅੱਗੇ ਆਮ ਕਰ ਕੇ ਸਿਰ ਨਿਵਾਉਂਦਾ ਰਿਹਾ, ਪਰ ਉਹਦੇ ਮਨ ਵਿਚ ਸਦਾ ਇਹ ਵਿਚਾਰ ਵੀ ਆਉਂਦਾ ਰਿਹਾ ਕਿ ਮਹੀਪਾਲ ਦੇ ਮੂੰਹੋਂ ਨਿਕਲੀਆਂ ਹੋਈਆਂ ਵੱਡੀਆਂ ਵੱਡੀਆਂ ਗੱਲਾਂ ਸਿਰਫ਼ ਬਹਿਸ ਵਾਸਤੇ ਹੁੰਦੀਆਂ ਹਨ, ਮਹੀਪਾਲ ਉਹਨਾਂ ਗੱਲਾਂ ਦੇ ਸਹਾਰੇ ਸਿਰਫ਼ ਆਪਣੀਆਂ ਥੋੜਾਂ ਨੂੰ ਢੱਕਦਾ ਹੈ, ਉਹ ਕਦੇ ਉਹਨਾਂ ਉੱਤੇ ਅਮਲ ਨਹੀਂ ਕਰਦਾ।

ਮਹੀਪਾਲ ਨੂੰ ਵੀ ਸੱਜਨ ਤੇ ਏਹੋ ਸ਼ਿਕਾਇਤ ਹੈ। ਗੱਲਾਂ ਦੀ ਗਰਮੀ ਦੇ ਪਿਛਲੀ ਚੁੱਪ ਭਿਆਨਕ ਬਣ ਗਈ ਸੀ। ਹੋਲੀ ਦੀ ਸ਼ਾਮ ਤਿੰਨਾਂ ਮਿੱਤਰਾਂ ਦੇ ਪਰਿਵਾਰਾਂ ਦਾ ਖ਼ੁਸ਼ੀ ਭਰਿਆ ਮਿਲਾਪ ਕਰਾਉਣ ਦੇ ਜਿਸ ਉਦੇਸ਼ ਨਾਲ ਸੱਜਨ ਦੇ ਘਰ ਰੱਖੀ ਗਈ ਸੀ ਉਹ ਉਦੇਸ਼ ਸ਼ੀਲਾ ਦਾ ਪ੍ਰਸੰਗ ਆਉਣ ਕਰ ਕੇ ਪੂਰੀ ਨਾ ਹੋ ਸਕੀ। ਕਰਨਲ ਗੱਲ ਬਦਲਣ ਲਈ ਕੋਈ ਹੋਰ ਗੱਲ ਕਰਨ ਦੀ ਸੋਚ ਹੀ ਰਿਹਾ ਸੀ ਕਿ ਕੰਨਿਆ ਆ ਗਈ। ਕਰਨਲ ਨੇ ਕਿਹਾ — "ਦੱਸ ਬਿੰਨੋ, ਬਈ ਖਾਣਾ ਵਾਣਾ ਕਦ ਖਵਾਏਂਗੀ ?"

"ਬੱਸ, ਤਿਆਰ ਏ ਭਾਈ ਸਾਹਿਬ ! ਭਾਬੀ ਥਾਲੀਆਂ ਲਗਵਾ ਰਹੀ ਹੈ।" ਫਿਰ ਉਹਨੇ ਸੱਜਨ ਵੱਲ ਵੇਖ ਕੇ ਕਿਹਾ — "ਇਕ ਸੈਕੰਡ ਲਈ ਏਧਰ ਆਉਣਾ।"

ਸੱਜਨ ਅਤੇ ਕੰਨਿਆ ਸ਼ੀਲਾ ਨੂੰ ਕਾਰ ਤਕ ਪਹੁੰਚਾਉਣ ਲਈ ਬਾਹਰ ਆਏ। ਸੱਜਨ ਨੇ ਕਿਹਾ — "ਤੈਨੂੰ ਅੱਜ ਬੁਲਾ ਕੇ ਮੈਂ ਬੜੀ ਗ਼ਲਤੀ ਕੀਤੀ ! ਮੈਨੂੰ ਮਹੀਪਾਲ ਤੋਂ ਅਜੇਹੀ ਆਸ ਨਹੀਂ ਸੀ।"

ਸ਼ੀਲਾ ਗੁੰਮ ਸੀ। ਉਹਦਾ ਵਿਕਾਰ-ਰਹਿਤ ਚਿਹਰਾ ਪੱਥਰ ਵਰਗਾ ਜਾਪ ਰਿਹਾ ਸੀ। ਕੰਨਿਆ ਨੇ ਸੱਜਨ ਨੂੰ ਕਿਹਾ — "ਮੈਂ ਗੁਲਾਮ ਮੁਹੰਮਦ ਨੂੰ ਬੁਲਾਉਂਦਾ ਹਾਂ, ਉਹ ਇਹਨੂੰ ਛੱਡ ਆਏਗਾ।"

"ਮੈਂ ਚਲੀ ਜਾਵਾਂਗੀ, ਮੇਰੇ ਲਈ ਫ਼ਿਕਰ ਨਾ ਕਰੋ।" ਸ਼ੀਲਾ ਦੀ ਇਸ ਗੱਲ ਤੇ ਸੱਜਨ ਨੇ ਜ਼ੋਰ ਦੇ ਕੇ ਕਿਹਾ — "ਨਹੀਂ, ਕੰਨਿਆ, ਤੂੰ ਗੁਲਾਮ ਮੁਹੰਮਦ ਨੂੰ ਅਵਾਜ਼ ਦੇ। ਡਾਕਟਰ ਨੂੰ ਛੱਡ ਕੇ ਉਹ ਘਰ ਚਲਿਆ ਜਾਏਗਾ।"

ਕੰਨਿਆ ਬਰਾਂਡੇ ਵੱਲ ਗਈ। ਕਾਰ ਕੋਲ ਸ਼ੀਲਾ ਅਤੇ ਸੱਜਨ ਖੜੇ ਸਨ। ਪੁੰਨਿਆਂ

ਦੀ ਚਾਨਣੀ ਵਿਚ ਬਗੀਚੇ ਦੇ ਰੁੱਖ, ਵੇਲਾਂ, ਹਰੇ-ਹਰੇ ਲਾਅਨ ਕਾਲਖ ਦਾ ਵੇਸ ਪਾਈ ਚੁੱਪ ਦਾ ਰੂਪ ਬਣੇ, ਖਿੱਚ ਪਾਉਣ ਵਾਲੇ ਜਾਪਦੇ ਸਨ। ਚਾਨਣੀ ਦੇ ਡਰ ਨਾਲ ਜਿਵੇਂ ਰਾਤ ਸਿਮਟ ਕੇ ਏਸ ਹਰਿਆਵਲ ਵਿਚ ਅਰਾਮ ਕਰਨ ਲਈ ਉੱਤਰ ਆਈ ਸੀ। ਸੱਜੇ ਹੱਥ ਲਾਅਨ ਦੀ ਇਕ ਨੁੱਕਰ ਤੇ ਚੰਬੇਲੀ ਦੀ ਵੇਲ ਚਾਨਣੀ ਦਾ ਸ਼ਿੰਗਾਰ ਕਰ ਰਹੀ ਸੀ। ਸੱਜਨ ਦੀ ਚੁੱਪ ਚੁਪੀਤੀ ਨਜ਼ਰ ਗੱਲ ਦੀ ਅਣਹੋਂਦ ਕਰ ਕੇ ਚਾਰੇ ਪਾਸੇ ਘੁੰਮ ਕੇ ਫਿਰ ਸ਼ੀਲਾ ਦੇ ਦਰਦ ਅਤੇ ਵਿਚਾਰਾਂ ਦੀ ਬੇਹੋਸ਼ੀ ਵਿਚ ਗੁਆਚੇ ਹੋਏ ਚਿਹਰੇ ਤੇ ਆ ਰੁਕੀ। ਵੇਖ ਕੇ ਉਹਦੇ ਮਨ ਵਿਚ ਡਾਢੀ ਚੀਸ ਉੱਠੀ। ਸ਼ੀਲਾ ਦੇ ਸਿਰ ਤੇ ਪਿਆਰ ਨਾਲ ਹੱਥ ਫੇਰਦਿਆਂ ਹੋਇਆਂ ਉਹਨੇ ਕਿਹਾ — "ਬੀ ਬਰੇਵ ਚਾਈਲਡ।" ਹੱਥ ਰੁਕ ਗਿਆ, ਸੱਜਨ ਦੀ ਆਵਾਜ਼ ਡੂੰਘੇ ਵਿਚਾਰਾਂ ਵਿਚ ਬੱਝ ਗਈ, ਉਹਨੇ ਕਿਹਾ — "ਸੱਚ ਕਦੇ ਕਦੇ ਦੋ ਧਾਰੀ ਤਲਵਾਰ ਵਾਂਗ ਵਾਰ ਕਰਦਾ ਹੈ। ਮਹੀਪਾਲ ਆਰਟਿਸਟ ਹੋ ਕੇ ਵੀ ਦਰਦ ਨੂੰ ਨਹੀਂ ਪਛਾਣਦਾ, ਸਿਰਫ਼ ਨਿਆਂ ਦੀ ਦੁਹਾਈ ਦੇ ਰਿਹਾ ਹੈ। ਕੀ ਆਖਾਂ; ਕੁਝ ਸਮਝ ਵਿਚ ਨਹੀਂ ਆਉਂਦਾ।"

"ਆਦਮੀ ਔਰਤ ਦੇ ਦਿਲ ਨੂੰ ਪੱਥਰ ਸਮਝਦਾ ਹੈ। ਫਿਰ ਉਸ ਵਿਚ ਪਿਆਰ ਦੀਆਂ ਗੱਲਾਂ ਨਾਲ ਅਜੰਤਾ ਅਤੇ ਏਲੋਰਾ ਵਰਗੀ ਖ਼ੂਬਸੂਰਤੀ ਕੱਟਦਾ, ਤਰਾਸ਼ਦਾ ਹੈ।... ਤੇ ਫਿਰ ਉਹਨੂੰ ਸ਼ੇਰਾਂ ਭੇੜੀਆਂ ਦੀ ਬਸਤੀ ਲਈ ਛੱਡ ਕੇ ਚਲਾ ਜਾਂਦਾ ਹੈ।...ਔਰਤ ਪੱਥਰ ਹੀ ਸਹੀ, ਪਰ ਉਸ 'ਚੋਂ ਬਣਾਈ ਹੋਈ ਆਪਣੀ ਈ ਖ਼ੂਬਸੂਰਤੀ ਨੂੰ ਆਦਮੀ ਕਿਉਂ ਭੁਲਾ ਦੇਂਦਾ ਹੈ? ਮੈਂ ਏਹੋ ਕਦੇ ਨਾ ਸਮਝ ਸਕੀ — ਕਦੇ ਨਾ ਸਮਝ ਸਕਾਂਗੀ।" ਸ਼ੀਲਾ ਦੇ ਚਿਹਰੇ ਦੀ ਬੇਵੱਸ ਪੀੜ ਵਿਚਾਰਾਂ ਦਾ ਆਸਰਾ ਲੈ ਕੇ ਚਿਹਰੇ ਦੀ ਸ਼ੋਭਾ ਬਣ ਗਈ। ਸਾਹਮਣੇ ਪਾਸੇ ਵੇਂਹਦੀ ਹੋਈ ਵਿਚਾਰਾਂ 'ਚ ਪਰੁਚੀਆਂ ਪੁਤਲੀਆਂ ਵਧਦੇ ਹਨੇਰੇ ਵਿਚ ਵੀ ਦੀਵੇ ਚਮਕਾ ਰਹੀਆਂ ਸਨ।

ਸ਼ੀਲਾ ਨੂੰ ਵਿਦਾ ਕਰ ਕੇ ਆਉਣ ਵੇਲੇ ਸੱਜਨ ਦਾ ਮਨ ਤਪਿਆ ਹੋਇਆ ਸੀ। ਡਾਕਟਰ ਸ਼ੀਲਾ ਸਿੰਵਗ ਨਾਲ ਉਹਦੀ ਨੇੜਤਾ ਮਹੀਪਾਲ ਕਰ ਕੇ ਹੀ ਵਧੀ ਸੀ। ਸ਼ੀਲਾ ਵਿਚ ਪੱਛਮੀ ਅਤੇ ਭਾਰਤੀ ਨਾਰੀ ਦਾ ਅਡਿੱਠ ਮੇਲ ਸੀ; ਉਹ ਝਰਨੇ ਵਾਂਗ ਹੀ ਆਜ਼ਾਦ, ਪ੍ਰਵਾਹ ਵਾਲੀ ਅਤੇ ਝਰਨੇ ਵਾਂਗ ਹੀ ਆਪਣੇ ਸੋਮੇ ਨਾਲ ਬੱਝੀ ਹੋਈ ਤੀਵੀਂ ਸੀ। ਸ਼ੀਲਾ ਦੀ ਸ਼ਖ਼ਸ਼ੀਅਤ ਦੂਸਰਿਆਂ ਦੇ ਮਨ ਵਿਚ ਆਪਣੇ ਲਈ ਹਮੇਸ਼ਾਂ ਆਦਰ ਪੈਦਾ ਕਰਦੀ ਸੀ।

ਕਾਰ ਦੇ ਫਾਟਕੋਂ ਬਾਹਰ ਚਲੇ ਜਾਣ ਪਿੱਛੋਂ ਸੱਜਨ ਪਰਤਣ ਲੱਗਾ। ਕੰਨਿਆ ਉਹਦੇ ਨਾਲ ਨਾਲ ਆ ਰਹੀ ਸੀ। ਪੋਰਟਿਕੋ ਤਕ ਆਉਂਦਿਆਂ ਹੋਇਆਂ ਅਚਾਨਕ ਬੜੀ ਬੇਸਬਰੀ ਅਤੇ ਗਰਮਜੋਸ਼ੀ ਨਾਲ ਸੱਜਨ ਨੇ ਉਹਦਾ ਹੱਥ ਆਪਣੇ ਹੱਥ ਵਿਚ ਲੈ ਲਿਆ। ਉਂਗਲੀਆਂ ਵਿਚ ਉਂਗਲੀਆਂ ਜਕੜ ਕੇ ਉਹ ਅਗਾਂਹ ਹੋਇਆ।

ਡਰਾਇੰਗ ਰੂਮ ਦੇ ਦਰਵਾਜ਼ੇ ਤਕ ਦੋਵੇਂ ਏਦਾਂ ਹੀ ਤੁਰੇ ਆਏ। ਕੰਨਿਆ ਦੇ ਹੱਥ ਨੂੰ ਆਪਣੇ ਦਿਲ ਤੇ ਰੱਖ ਕੇ ਦੂਸਰੇ ਹੱਥ ਨਾਲ ਉਹਨੂੰ ਬੜੀ ਮੁਲੈਮੀ ਨਾਲ ਦਬਾ ਕੇ ਉੱਖੜੀ ਹੋਈ ਆਵਾਜ਼ ਵਿਚ ਸੱਜਨ ਨੇ ਕਿਹਾ — "ਦੂਸਰਿਆਂ ਦੀ ਚਿੰਤਾ ਵਿਚ ਅਸਾਂ ਆਪਣੀ ਸ਼ਾਮ ਐਵੇਂ ਹੀ ਖ਼ਰਾਬ ਕੀਤੀ। ਸਾਰਿਆਂ ਨੂੰ ਨਾ ਬੁਲਾਉਂਦੇ ਤਾਂ ਚੰਗਾ ਸੀ।"

ਕੰਨਿਆ ਦੇ ਚਿਹਰੇ ਤੇ ਸੁਹਾਗ ਦੀ ਤਸੱਲੀ ਵਾਲੀ ਲਾਲੀ ਫੈਲ ਗਈ; ਉਹ ਕੁਝ ਨਾ ਬੋਲੀ।

ਉਂਗਲਾਂ ਢਿੱਲੀਆਂ ਹੋਣ ਲੱਗੀਆਂ, ਪਰ ਉਹ ਵੱਖਰੀਆਂ ਨਹੀਂ ਹੋਣਾ ਚਾਹੁੰਦੀਆਂ ਸਨ।

"ਜਾਂਦੀ ਹਾਂ।" ਕੰਨਿਆ ਨੇ ਅੱਖਾਂ ਨੀਂਵੀਆਂ ਕੀਤੀਆਂ ਅਤੇ ਜਾਣ ਲਈ ਕਾਹਲੀ ਪਈ। ਉਹਦੀਆਂ ਉਂਗਲਾਂ ਨੂੰ ਆਪਣੇ ਪੰਜੇ ਵਿਚ ਦੱਬ ਕੇ ਭਰੀ ਆਵਾਜ਼ ਵਿਚ ਸੱਜਨ ਬੋਲਿਆ — "ਤੈਨੂੰ ਮੇਰੇ ਬਾਰੇ ਕੋਈ ਸ਼ੱਕ ਨਹੀਂ ਨਾ ?"

ਕੰਨਿਆ ਇਸ ਸਵਾਲ ਨਾਲ ਕੰਬ ਜਿਹੀ ਗਈ, ਸ਼ੀਲਾ, ਕਲਿਆਣੀ ਦੀ ਅਤੇ ਮਹੀਪਾਲ ਦੀ ਚਿੰਤਾ ਦੀ ਆੜ ਵਿਚ ਲੁਕਿਆ ਹੋਇਆ ਉਹਦਾ ਡਰ ਦਿਲ ਦੀਆਂ ਧੜਕਨਾਂ ਵਿਚ ਆ ਕੇ ਉਜਾਗਰ ਹੋ ਗਿਆ।

ਸੱਜਨ ਨੇ ਓਸੇ ਤਰ੍ਹਾਂ ਉਹਦਾ ਹੱਥ ਨੱਪੀ ਰਖਿਆ, ਬੋਲਿਆ — "ਕਾਫ਼ੀ ਹੱਦ ਤਾਈਂ ਜ਼ਿੰਮੇਵਾਰ ਆਦਮੀ ਹੁੰਦਿਆਂ ਹੋਇਆਂ ਵੀ ਮੈਂ ਇਕ ਥਾਂ ਵਿਗੜੇ ਬੱਚੇ ਵਾਂਗ ਬੇ ਕਾਬੂ ਹਾਂ। ਮੈਨੂੰ ਇਕ ਥਾਂ ਆਪਣੇ ਉਤੇ ਵਿਸ਼ਵਾਸ ਨਹੀਂ। ਮੈਂ ਤੇਰੀ ਸ਼ਕਤੀ ਤੇ ਵਿਸ਼ਵਾਸ ਕਰਨਾ ਚਾਹੁੰਦਾ ਹਾਂ, ਕੰਨਿਆ। ਮੈਨੂੰ ਆਪਣਾ ਵਿਸ਼ਵਾਸ ਦੇ। ਮੈਂ ਕਦੇ ਮਹੀਪਾਲ ਨਾ ਬਣਾਂ — ਕਦੇ ਨਾ ਬਣਾਂ।" ਸੱਜਨ ਦੀ ਸੱਚਾਈ ਕੰਨਿਆ ਦੇ ਮਨ ਨੂੰ ਛੋਹ ਗਈ, ਉਹਨੂੰ ਤਸੱਲੀ ਵੀ ਮਿਲੀ। ਮਿੱਠੀ ਆਵਾਜ਼ ਵਿਚ ਮੁਸਕਰਾ ਕੇ ਬੋਲੀ — "ਤੇਰੇ ਵਿਗੜੇ ਬੱਚੇ ਵਾਲੇ ਰੂਪ ਨੂੰ ਵੀ ਏਥੇ ਤੇ ਗੋਵਰਧਨ ਵਿਚ ਵੇਖ ਚੁਕੀ ਆਂ। ਘਬਰਾ ਨਾ, ਕਦੇ ਅਵੇਸਲੀ ਨਹੀਂ ਹੋਵਾਂਗੀ।"

ਨਜ਼ਰਾਂ ਫਿਰ ਮਿਲੀਆਂ। ਕੰਨਿਆ ਮੁਸਕਰਾ ਰਹੀ ਸੀ; ਸੱਜਨ ਦੇ ਚਿਹਰੇ ਤੇ ਇਸ ਵੇਲੇ ਬਹੁਤ ਜ਼ਿਆਦਾ ਭੋਲਾਪਨ ਨਜ਼ਰ ਆ ਰਿਹਾ ਸੀ। ਆਪਣੇ ਮਨ ਦੀ ਤਸੱਲੀ ਨਾਲ ਕੰਨਿਆ ਉਹਦੇ ਉਤੇ ਰੀਝੀ ਜਾ ਰਹੀ ਸੀ। ਉਹਦੀਆਂ ਅੱਖਾਂ ਵਿਚ ਫੁੱਲ ਚਮਕ ਰਹੇ ਸਨ। ਸੱਜਨ ਦਾ ਮਨ ਨਹਾਤਾ ਗਿਆ, ਸਾਫ਼ ਹੋ ਗਿਆ; ਉਹਨੇ ਆਪਣੇ ਆਪ ਵਿਚ ਇਕ ਨਵਾਂ ਵਿਸ਼ਵਾਸ ਵੇਖਿਆ।

ਜਾਂਦਿਆਂ ਜਾਂਦਿਆਂ ਕੰਨਿਆ ਨੇ ਕਿਹਾ — "ਮੈਂ ਥਾਲੀਆਂ ਲਵਾਉਂਦੀ ਆਂ, ਤੁਸੀਂ ਸਾਰੇ ਉਤੇ ਈ ਆ ਜਾਓ।"

43

ਸੱਜਨ ਰਾਤ ਦੇਰ ਤਾਈਂ ਜਾਗਣ ਕਰਕੇ ਫਿਰਨ ਤੁਰਨ ਵੀ ਨਾ ਜਾ ਸਕਿਆ ਅਤੇ ਸਵੇਰ ਦੀ ਚਾਹ ਨੂੰ ਵੀ ਇਕ ਘੰਟੇ ਦੀ ਦੇਰ ਹੋ ਗਈ। ਸੱਜਨ ਨੇ ਹੋਲੀ ਦੇ ਮਿਲਾਪ ਲਈ ਕਈ ਥਾਈਂ ਜਾਣਾ ਸੀ। ਪਤੀ ਪਤਨੀ ਵਲੋਂ ਨੀਯਤ ਕੀਤੇ ਹੋਏ ਪ੍ਰੋਗਰਾਮ ਅਨੁਸਾਰ ਉਹ ਬਾਰ੍ਹਾਂ ਵਜੇ ਤਕ 'ਪੱਕਾ' ਵਾਪਸ ਆ ਜਾਏਗਾ। ਸੱਜਨ ਰੋਜ਼ਾਊਡ ਦੀ ਸੁੰਦਰ ਡਾਇਨਿੰਗ ਟੇਬਲ ਤੇ ਉਂਗਲੀਆਂ ਨਾਲ ਤਬਲਾ ਜਿਹਾ ਵਜਾਉਂਦਾ ਹੋਇਆ ਕੰਨਿਆ ਦੇ ਆਉਣ ਦੀ ਉਡੀਕ ਕਰ ਰਿਹਾ ਸੀ। ਕੰਨਿਆ ਰਸੋਈ ਵਿਚ ਨਾਸ਼ਤੇ ਦੀਆਂ ਚੀਜ਼ਾਂ ਤਿਆਰ ਕਰਵਾ ਰਹੀ ਸੀ। ਸ਼ੀਲਾ, ਮਹੀਪਾਲ ਦੇ ਪ੍ਰਸੰਗ ਨੂੰ ਲੈ ਕੇ ਪਤੀ ਪਤਨੀ ਕਲ੍ਹ ਰਾਤ ਨਵੇਂ ਸਿਰਿਓਂ ਆਪਣੇ ਸੰਬੰਧ ਦੀ ਅਟੁੱਟਤਾ ਨੂੰ ਨਿੱਘ ਨਾਲ ਮਹਿਸੂਸ ਕਰ ਰਹੇ ਸਨ।

ਉਡੀਕ ਦੇ ਇਕ ਮਿੰਟ ਦੋ ਮਿੰਟ ਲੰਘੇ, ਸੱਜਨ ਤਬਲਾ ਵਜਾਉਣਾ ਛੱਡ ਕੇ ਦੁਬਾਰਾ ਅਖ਼ਬਾਰ ਖਿੱਚ ਕੇ ਖ਼ਬਰਾਂ ਵੇਖਣ ਲਗਾ। ਤਦੇ ਨੌਕਰ ਨੇ ਬਾਬਾ ਰਾਮ ਜੀ ਦੇ ਆਉਣ ਦੀ ਸੂਚਨਾ ਦਿਤੀ। ਸੱਜਨ ਦੇ ਰੋਮਾਂਟਿਕ ਮੂਡ ਨੂੰ ਇਸ ਵੇਲੇ ਬਾਬਾ ਜੀ ਦੇ ਆਉਣ ਦੀ ਸੂਚਨਾ ਨਾਲ ਖ਼ੁਸ਼ੀ ਨਾ ਹੋਈ। ਫਿਰ ਵੀ ਉਹਨੇ ਝਟਪਟ ਉਹਨਾਂ ਨੂੰ ਉੱਪਰ ਲਿਆਉਣ ਦੀ ਆਗਿਆ ਦਿਤੀ। ਬਾਬਾ ਜੀ ਦੀ ਅਲੌਕਿਕ ਸ਼ਕਤੀ ਨਾਲ ਸੱਜਨ ਅਤਿਅੰਤ ਪ੍ਰਭਾਵਤ ਹੋਇਆ। ਮਨ ਨਾਲ ਮਨ ਦੀ ਗੱਲ ਜਾਣ ਲੈਣੀ ਕਿੰਨਾ ਸੰਭਵ ਹੈ। ਸੱਜਨ ਵਾਰ ਵਾਰ ਇਸ ਸਮੱਸਿਆ ਤੇ ਵਿਚਾਰ ਕਰਕੇ ਹਾਰ ਚੁਕਿਆ ਹੈ। ਤੇ ਜਿੰਨੀ ਹੀ ਉਹਦੇ ਮਨ ਵਿਚ ਹਾਰ ਦੀ ਭਾਵਨਾ ਆਉਂਦੀ ਹੈ ਓਨੀ ਹੀ ਉਹਦੀ ਸ਼ਰਧਾ ਵੀ ਵਧਦੀ ਜਾਂਦੀ ਹੈ। ਕਲ੍ਹ ਦੁਪਹਿਰ ਤੋਂ, ਜਦੋਂ ਤੋਂ ਬਾਬਾ ਜੀ ਨੇ ਸੱਜਨ ਅਤੇ ਕੰਨਿਆ ਬਹੁਤਿਆਂ ਦੇ ਹਿੱਤ ਲਈ, ਬਹੁਤਿਆਂ ਦੇ ਸੁਖ ਲਈ ਆਪਣਾ ਸਾਰਾ ਕੁਝ ਨਿਛਾਵਰ ਕਰਨ ਲਈ ਕਿਹਾ ਹੈ, ਉਦੋਂ ਤੋਂ, ਸੱਜਨ ਦੇ ਮਨ ਵਿਚ ਸੰਕੋਚ ਵੀ ਆ ਗਿਆ ਹੈ। ਲੋਕ ਹਿੱਤ ਲਈ ਆਪਣੇ ਆਪ ਨੂੰ ਅਰਪਿਤ ਕਰਨ ਦੀ ਗੱਲ ਭਾਵੇਂ ਉਹਨੂੰ ਵੀ ਬਹੁਤ ਪੋਂਹਦੀ ਹੈ, ਪਰ ਏਨਾ ਵੱਡਾ ਤਿਆਗ ਕਰਨ ਲਈ ਉਹਦੇ ਮਨ ਵਿਚ ਪਲਦੀਆਂ ਹੋਈਆਂ ਅਨੇਕ ਇੱਛਾਵਾਂ ਸੰਕੋਚ ਪੈਦਾ ਕਰਦੀਆਂ ਹਨ। ਬਾਬਾ ਜੀ ਦੇ ਆਉਣ ਦਾ ਸਮਾਚਾਰ ਸੁਣ ਕੇ ਸੱਜਨ ਇਸੇ ਲਈ ਕੁਝ ਸਹਿਮ ਜਿਹਾ ਗਿਆ।

ਉਤਲੇ ਪ੍ਰਾਹੁਣਾ ਘਰ ਵਿਚ ਬਾਬਾ ਜੀ ਨੂੰ ਬੈਠਾਇਆ ਗਿਆ। ਸੱਜਨ ਨੇ ਨਿਮਰਤਾ ਪੂਰਵਕ ਗੱਲ ਛੋਹੀ — "ਅਸੀਂ ਸਾਰੇ ਚਾਹ ਪੀਣ ਲਗੇ ਸਾਂ। ਤੁਹਾਡੇ ਲਈ ਦੁੱਧ ਮੰਗਾਵਾਂ ?"

"ਨਹੀਂ ਰਾਮ ਜੀ। ਤੁਸੀਂ ਚਾਹ ਪੀ ਆਓ ਸਗੋਂ ਆਖੋ ਤਾਂ ਅਸੀਂ ਵੀ ਉਥੇ ਜਾ ਕੇ ਬਹੀਏ। ਸਮਾਂ ਕਿਉਂ ਗੁਆਇਆ ਜਾਏ ?"

"ਆਓ, ਬਸ ਇਹ ਈ ਆ ਕਿ......"

"ਕੀ ਰਾਮ ਜੀ ?"

"ਅਸੀਂ ਆਂਡਾ ਆਮਲੇਟ......"

ਬਾਬਾ ਜੀ ਹੱਸੇ, ਬੋਲੇ — "ਖਾਓ, ਤੁਹਾਡਾ ਆਂਡਾ ਆਮਲੇਟ ਕੋਈ ਮੇਰੇ ਮੰਹ ਵਿਚ ਤਾਂ ਨਹੀਂ ਚਲਿਆ ਜਾਂਦਾ।"

ਕੰਨਿਆ ਦੇ ਆਉਣ ਤੇ ਬਾਬਾ ਜੀ ਨੇ ਗੱਲ ਸ਼ੁਰੂ ਕੀਤੀ। ਉਹਨਾਂ ਕਿਹਾ — "ਰਾਮ ਜੀ ਇਕ ਇਸਤਰੀ ਲਈ ਨਿਆਂ ਮੰਗਣ ਲਈ ਤਾਂ ਤੁਸਾਂ ਲੋਕਾਂ ਬੜਾ ਵੱਡਾ ਅੰਦੋਲਨ ਖੜਾ ਕੀਤਾ ਸੀ, ਹਵਾਈ ਜਹਾਜ਼ ਵੀ ਉਡਾਏ ਸਨ; ਹੁਣ ਅਨੇਕ ਇਸਤਰੀਆਂ ਦੇ ਉਦਾਰ ਲਈ ਹੀ ਤੁਸੀਂ ਸਾਡੀ ਸਹਾਇਤਾ ਕਰ ਸਕੋਗੇ ?"

ਕੰਨਿਆ ਬੋਲੀ — "ਆਗਿਆ ਦਿਓ, ਕੀ ਗੱਲ ਏ ?"

"ਕਲ੍ਹ ਦੁਪਹਿਰ ਸਾਡੇ ਆਸ਼ਰਮ ਵਿਚ ਇਕ ਅਜੀਬ ਪਗਲੀ ਦਾਖ਼ਲ ਹੋਈ ਰਾਮ ਜੀ। ਉਹਨੇ ਲੋਕਾਂ ਸਾਹਮਣੇ ਬੜਾ ਭਿਆਨਕ ਰੂਪ ਵਖਾਇਆ, ਪਰ ਏਕਾਂਤ ਵਿਚ ਜਦ ਮੈਂ ਉਹਦੇ ਨਾਲ ਗੱਲਾਂ ਕੀਤੀਆਂ ਤਾਂ ਪਤਾ ਲਗਾ ਕਿ ਉਹ ਬਿਲਕੁਲ ਪਾਗਲ ਨਹੀਂ।"

"ਫਿਰ ?" ਸੱਜਨ ਅਤੇ ਕੰਨਿਆ ਦੀ ਹੈਰਾਨੀ ਵਧੀ।

"ਉਹ ਅਤਿਆਚਾਰ ਦੀ ਸਤਾਈ ਹੋਈ ਏ ਰਾਮ ਜੀ। ਮੰਡਲ ਵਿਚ ਅਨੇਕ ਅਤਿਆਚਾਰ ਸਹਿਣ ਕਰਕੇ ਉਹਦਾ ਮਨ ਕੁਝ ਹਿੱਲ ਤਾਂ ਜ਼ਰੂਰ ਗਿਆ ਹੈ, ਪਰ ਏਨਾ ਨਹੀਂ ਜਿੰਨਾ ਕਿ ਉਹ ਵਖਾਉਂਦੀ ਹੈ। ਮੰਡਲ ਵਾਲੇ ਉਹਨੂੰ ਮੇਰੇ ਕੋਲ ਛੱਡ ਗਏ। ਉਹ ਕੀ ਛੱਡ ਗਏ, ਉਹਨਾਂ ਦਾ ਪਾਪ ਛੱਡ ਗਿਆ। ਉਥੇ ਅਨੇਕਾਂ ਔਰਤਾਂ ਅਤਿਆਚਾਰ ਸਹਿ ਰਹੀਆਂ ਨੇ।"

ਕੰਨਿਆਂ ਦਾ ਗੋਰਾ ਮੂੰਹ ਜੋਸ਼ ਲਾਲ ਲਹੂ ਰੰਗਾ ਹੋ ਗਿਆ। ਸੱਜਨ ਦੇ ਚਿਹਰੇ ਉਤੇ ਜੋਸ਼ ਨਾਲੋਂ ਜ਼ਿਆਦਾ ਉਤਸਕਤਾ ਸੀ।

ਬਾਬਾ ਜੀ ਨੇ ਸਾਰੀ ਕਥਾ ਸੁਣਾਈ। ਉਹ ਅਖੌਤੀ ਪਾਗਲ ਔਰਤ ਇਕ ਰਸੋਈ-ਦਾਰਨ ਦੀ ਲੜਕੀ ਹੈ। ਇਕ ਅਮੀਰ ਆਦਮੀ ਦੇ ਘਰ ਕੰਮ ਕਰਦੀ ਸੀ। ਲੜਕੀ ਪੜ੍ਹਨ ਲਿਖਣ ਵਿਚ ਤੇਜ਼ ਸੀ, ਇਸ ਲਈ ਉਸ ਅਮੀਰ ਨੇ ਚੰਗੇ ਇਰਾਦੇ ਨਾਲ ਦਿਆਲੂ ਹੋ ਕੇ ਉਹਦੀ ਸਹਾਇਤਾ ਕੀਤੀ ਉਹਦੇ ਲੜਕੇ ਨਾਲ ਹੀ ਫਿਰ ਇਸ ਲੜਕੀ ਦਾ ਪ੍ਰੇਮ ਹੋ ਗਿਆ। ਇਸੇ ਦੌਰਾਨ ਰਸੋਈਦਾਰਨ ਦੀ ਮੌਤ ਹੋ ਗਈ। ਅਮੀਰ ਆਦਮੀ ਦੇ ਕੁਲਦੀਪ ਨੇ ਆਪਣੀ ਮਾਂ ਵਿਹੂਣੀ ਗ਼ਰੀਬ ਨਾਇਕਾ ਦੇ ਹਨੇਰੇ ਭਵਿੱਖ ਨੂੰ ਸੁਹਾਗ ਦਾ ਚਾਨਣ ਦਿਤਾ, ਪਰ ਪਿਆਰ ਘਟ ਸੀ, ਇਸ ਲਈ ਦੀਵਾ ਟਿਮਟਿਮਾ ਕੇ ਬੁੱਝ ਗਿਆ।

ਲੜਕੇ ਦੇ ਮਾਤਾ ਪਿਤਾ ਨੇ ਉਹਨੂੰ ਮਜਬੂਰ ਕਰਕੇ ਇਹ ਨਾਤਾ ਤੁੜਵਾ ਦਿਤਾ ਅਤੇ ਲੜਕੀ ਦੀ ਪਾਲਣਾ ਪੋਸਣਾ ਦਾ ਪ੍ਰਬੰਧ ਇਸਤਰੀ ਸੇਵਾ ਮੰਡਲ ਵਿਚ ਕਰ ਦਿਤੀ। ਇਹ ਸੇਵਾ ਮੰਡਲ ਪ੍ਰੇਮ ਚੰਦ ਅਤੇ ਭਾਰਤ ਦੀਆਂ ਹੋਰ ਭਾਸ਼ਾਵਾਂ ਦੇ ਸਾਹਿਤਕਾਰਾਂ ਰਾਹੀਂ ਅਨੇਕ ਵਾਰ ਦਸੇ ਗਏ ਇਸਤਰੀ ਆਸ਼ਰਮਾਂ ਵਾਂਗ ਹੀ ਵਿਭਚਾਰ ਅਤੇ ਔਰਤ ਵੇਚਣ ਦਾ ਅੱਡਾ ਹੈ। ਇਹ ਸ੍ਰੀ ਮਾਨ ਜੀ ਪਿਛਲੇ ਵੀਹ ਬਾਈ ਵਰ੍ਹਿਆਂ ਤੋਂ ਉਥੇ ਬਿਨ ਤਨਖ਼ਾਹੋਂ ਸਕੱਤਰ ਅਤੇ ਕਰਤਾ ਧਰਤਾ ਹਨ। ਕੰਮ ਚਲਾਊ ਸੰਮਤੀ ਵਿਚ ਸ਼ਹਿਰ ਦੇ ਕੁਝ ਅਮੀਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਹਨ, ਜਿਸ ਕਰਕੇ ਇਹ ਸੰਸਥਾ ਸਰਕਾਰ ਵਲੋਂ ਪ੍ਰਵਾਨ ਹੋਈ ਹੋਈ ਹੈ। ਹਰ ਵਰ੍ਹੇ ਇਸਤਰੀ ਸੇਵਾ ਮੰਡਲ ਦੀ ਰੀਪੋਰਟ ਛਪਦੀ ਹੈ ਜਿਸ ਵਿਚ ਘਟੋ ਘਟ ਦਸ ਵਿਧਵਾ ਜਾਂ ਛੱਡੀਆਂ ਦੁਖੀ ਇਸਤਰੀਆਂ ਦੇ ਪੁਨਰ ਵਿਆਹ ਬਾਰੇ ਵਿਥਿਆ ਬੜੇ ਅਡੰਬਰ ਨਾਲ ਦਸੀ ਹੁੰਦੀ ਹੈ। ਪਤਨੀ ਪ੍ਰਾਪਤ ਕਰਨ ਦੀ ਇੱਛਾ ਰਖਣ ਵਾਲਾ ਆਦਮੀ ਮੰਡਲ ਦੀ 'ਸਹਾਇਤਾ ਲਈ' ਪੰਜ ਸੱਤ ਸੌ ਰੁਪਏ ਦੇਂਦਾ ਹੈ, ਜੀਹਦੀ ਉਹਨੂੰ ਬਾਕਾਇਦਾ ਰਸੀਦ ਦਿਤੀ ਜਾਂਦੀ ਹੈ, ਵਿਆਹ ਦੇ ਚਾਹਵਾਨ ਔਰਤ ਮਰਦ ਮੈਜਿਸਟ੍ਰੇਟ ਦੇ ਸਾਹਮਣੇ ਵਿਆਹ ਦੇ ਫ਼ਾਰਮ ਤੇ ਦਸਖ਼ਤ ਕਰਦੇ ਹਨ। ਏਨੀ ਬਾਕਾਇਦਾ ਕਾਰਵਾਈ ਪਿਛੋਂ ਕਿਸੇ ਨੂੰ ਇਸਤਰੀ ਸੇਵਾ ਮੰਡਲ ਉਤੇ ਕਿਸੇ ਤਰ੍ਹਾਂ ਦਾ ਸ਼ੱਕ ਨਹੀਂ ਰਹਿੰਦਾ। ਇਸ ਤਰ੍ਹਾਂ ਮਾਨਤਾ ਦੀ ਵਲਗਣ ਬਣਾ ਕੇ ਇਸਤਰੀ ਸੇਵਾ ਮੰਡਲ ਦੀ ਇਮਾਰਤ ਵਿਚ ਸਕੱਤਰ, ਕਾਰਜ ਕਾਰਣੀ ਕਮੇਟੀ ਦੇ ਮੈਂਬਰ, ਉਹਨਾਂ ਦੇ ਮਿੱਤਰਾਂ ਅਤੇ ਪੁਲਸ ਵਾਲਿਆਂ ਦੇ ਮਨ ਪ੍ਰਚਾਵੇ ਲਈ ਵਿਭਕਾਰ ਦਾ ਅੱਡਾ ਚਲਦਾ ਹੈ। ਮੰਡਲ ਦੇ ਏਜੰਟ ਰੇਲਵੇ ਸਟੇਸ਼ਨਾਂ ਅਤੇ ਮੇਲਿਆਂ ਵਿਚ ਭਟਕੀਆਂ ਹੋਈਆਂ ਤੀਵੀਂਆਂ ਨੂੰ ਵਰਗਲਾ ਕੇ ਮੰਡਲ ਵਿਚ ਲੈ ਆਉਂਦੇ ਹਨ। ਫਿਰਕੂ ਹਲਚਲ ਦੇ ਦਿਨਾਂ ਵਿਚ ਮੁਸਲਮਾਨ ਔਰਤ ਨੂੰ ਉਡਾ ਕੇ, ਉਹਨਾਂ ਨੂੰ ਸ਼ੁੱਧ ਕਰਨ ਦਾ ਅਤੀ ਪਵਿੱਤਰ ਕੰਮ ਵੀ ਏਥੇ ਚੋਖਾ ਚਲਦਾ ਰਿਹਾ ਹੈ। ਮੰਡਲ ਵਿਚ ਪਹਿਲੋਂ ਤਾਂ ਜ਼ਿਆਦਾ ਕਰਕੇ ਪੇਂਡੂ ਅਤੇ ਹੇਠਲੇ ਸਮਾਜਕ ਵਰਗ ਦੀਆਂ ਔਰਤਾਂ ਹੀ ਆਉਂਦੀਆਂ ਸਨ, ਪਰ ਦੇਸ਼ ਦੀ ਵੰਡ ਪਿਛੋਂ ਜਦੋਂ ਤੋਂ ਕੁਝ ਅਗਵਾ ਹੋਈਆਂ ਔਰਤਾਂ ਦੀ ਰਾਖੀ ਦਾ ਭਾਰ ਵੀ ਮੰਡਲ ਉਤੇ ਆ ਪਿਆ ਹੈ ਉਦੋਂ ਤੋਂ ਮੱਧ ਵਰਗ ਦੀਆਂ ਦੁਖੀ ਵਿਧਵਾਵਾਂ ਵੀ ਲਭ ਕੇ ਭਰਤੀ ਕੀਤੀਆਂ ਜਾਂਦੀਆਂ ਹਨ। ਮੰਡਲ ਵਲੋਂ ਇਕ ਵੱਖਰੀ ਇਮਾਰਤ ਵਿਚ ਸਿਲਾਈ, ਕਢਾਈ, ਦਸਤਕਾਰੀ ਦੇ ਕੰਮ ਸਿਖਾਉਣ ਲਈ ਵੀ ਕਲਾਸ ਸ਼ੁਰੂ ਹੋਈ ਹੈ ਜਿਸ ਦੇ ਸਹਾਰੇ ਬਾਹਰ ਦੀਆਂ ਤੀਵੀਂਆਂ ਦਾ ਆਉਣ ਜਾਣ ਵੀ ਉਥੇ ਹੋ ਗਿਆ ਹੈ। ਉਹਨਾਂ ਨੂੰ ਮਜ਼ਦੂਰੀ ਵੀ ਦਿਤੀ ਜਾਂਦੀ ਹੈ। ਸਕੂਲ ਦੀ ਆੜ ਵਿਚ ਸਰੇਆਮ ਪਾਪ ਹੁੰਦਾ ਹੈ।

ਇਹ ਲੜਕੀ ਜਿਹੜੀ ਇਸ ਵੇਲੇ ਪਾਗਲ ਲਣ ਕੇ ਬਾਬਾ ਜੀ ਦੇ ਆਸ਼ਰਮ ਵਿਚ ਆਈ ਹੈ, ਪਹਿਲਾਂ ਕਲਾਸ ਵਿਚ ਰਖੀ ਗਈ, ਉਥੇ ਮਹੱਲੇ ਦੀਆਂ ਅਤੇ ਮੰਡਲ ਦੀਆਂ

ਕੁਝ ਔਰਤਾਂ ਦੀਆਂ ਲੋਭੀ ਗੱਲਾਂ ਦੇ ਸਹਾਰੇ ਅਤੇ ਮੰਡਲ ਦੇ ਸਕੱਤਰ ਹੋਰਾਂ ਦੇ ਮਿੱਠੇ ਵਿਹਾਰ ਦੇ ਵਰਗਲਾਵੇ ਵਿਚ ਆ ਕੇ ਉਹਨੂੰ ਬਹੁਤ ਤਸੱਲੀ ਹੋਈ। ਕੁਝ ਦਿਨਾਂ ਪਿਛੋਂ ਹੀ ਭੇਦ ਖੁਲ੍ਹਣ ਲਗਾ। ਲਗ ਭਗ ਦੋ ਵਰ੍ਹਿਆਂ ਦੇ ਕਠਨ ਘੋਲ ਪਿਛੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਾਗਲ ਸਾਬਤ ਕਰਕੇ ਉਹ ਲੜਕੀ ਬਾਹਰ ਆ ਸਕੀ ਹੈ। ਉਹ ਮਨੁੱਖ ਮਾਤਰ ਤੋਂ ਦੁਖੀ ਹੈ, ਮਨੁੱਖ ਮਾਤਰ ਨੂੰ ਨਫ਼ਰਤ ਕਰਦੀ ਹੈ। ਉਹਨੇ ਪਿਛਲੇ ਦੋ ਵਰ੍ਹਿਆਂ ਵਿਚ ਮਰਦਾਂ ਹੱਥੋਂ ਜਿੰਨੇ ਮਾਨਸਕ ਜ਼ਖ਼ਮ ਸਹੇ ਉਹ ਉਹਨੂੰ ਨਫ਼ਰਤ ਨਾਲ ਭਰਨ ਲਈ ਮਜਬੂਰ ਕਰਦੇ ਹਨ। ਉਹਦਾ ਪਵਿੱਤਰ, ਨਿਸ਼ਕਪਟ ਆਪਾ ਆਦਮੀ ਦੇ ਕਪਟ-ਜਾਲ ਵਿਚ ਫਸ ਕੇ ਤਰ੍ਹਾਂ ਤਰ੍ਹਾਂ ਦੇ ਅਪਮਾਨ ਅਤੇ ਜ਼ਬਰਦਸਤੀਆਂ ਸਹਿ ਕੇ ਖੇਰੂੰ ਖੇਰੂੰ ਹੋ ਚਲਿਆ ਹੈ।

ਸਾਰੀ ਗੱਲ ਸੁਣ ਕੇ ਕੰਨਿਆ ਬਹੁਤ ਜ਼ਿਆਦਾ ਖ਼ਫ਼ਾ ਹੋਈ। ਸੱਜਨ ਉਤੇ ਹੀ ਇਹਦਾ ਡੂੰਘਾ ਅਸਰ ਹੋਇਆ।

ਕੰਨਿਆ ਤਪ ਕੇ ਬੋਲੀ – "ਇਸ ਦੁਰਾਚਾਰ ਦਾ ਅੰਤ ਕਰਨਾ ਹੀ ਪਏਗਾ। ਏਸੇ ਵੇਲੇ ਪੁਲਸ ਵਿਚ ਰਿਪੋਰਟ ਕਰਕੇ ਇਸ ਅੱਡੇ ਨੂੰ ਫੜਨਾ ਚਾਹੀਦਾ ਏ।" ਉਹਨੇ ਸੱਜਨ ਨੂੰ ਕਿਹਾ – "ਹੁਣੇ ਜਾਓ ਕੁਝ ਵੀ ਕਰੋ – ਇਸ ਪਾਪ ਦਾ ਅੰਤ ਕਰੋ।"

"ਬਾਬਾ ਜੀ ਬੋਲੇ – "ਪਹਿਲਾਂ ਇਸ ਲਈ ਸਬੂਤ ਇਕੱਠੇ ਕਰਨੇ ਜ਼ਰੂਰੀ ਨੇ। ਉਹ ਲੜਕੀ ਇਸ ਵੇਲੇ ਮਾਨਸਕ ਪੱਖੋਂ ਸਾਵੀਂ ਨਹੀਂ। ਹੋ ਸਕਦਾ ਹੈ ਇਹਦੇ ਵਿਚ ਬਹੁਤ ਕੁਝ ਝੂਠ ਵੀ ਹੋਏ।"

ਸੱਜਨ ਨੇ ਕਿਹਾ — "ਸ਼ਹਿਰ ਵਿਚ ਕੁਝ ਇਹੋ ਜਿਹੇ ਅੱਡੇ ਚਲਦੇ ਤਾਂ ਨੇ। ਇਸ ਬਾਰੇ ਮੈਂ ਸੁਣ ਚੁਕਿਆ ਹਾਂ।"

"ਚਲਦੇ ਤਾਂ ਨੇ ਰਾਮ ਜੀ, ਪਰ ਸੱਚ ਨੂੰ ਲੋਕਾਂ ਨੂੰ ਵਿਖਾਉਣ ਲਈ ਪਿਰਮਾਣ ਵੀ ਚਾਹੀਦੇ ਨੇ ਤੇ ਇਹ ਲੜਕੀ ਆਪਣੀ ਦਿਮਾਗ ਖ਼ਰਾਬੀ ਕਾਰਨ ਸੱਚ ਦਾ ਉਦਘਾਟਨ ਕਰਨ ਲਈ ਪਿਰਮਾਣ ਨਹੀਂ ਬਣ ਸਕਦੀ।"

ਅਚਾਨਕ ਸੱਜਨ ਨੇ ਪੁੱਛਿਆ — "ਤੁਸੀਂ ਤਾਂ ਏਨੇ ਬਲਵਾਨ ਓ ਕਿ ਦੂਸਰਿਆਂ ਦੇ ਮਨਾਂ ਦੀਆਂ ਗੱਲਾਂ ਬੁਝ ਲੈਂਦੇ ਓ। ਤੁਹਾਡਾ ਕੀ ਖ਼ਿਆਲ ਹੈ ?"

"ਰਾਮ ਜੀ ਸਾਡੇ ਵਿਚਾਰ 'ਚ ਆਪਣੀ ਅਟਕਲ ਨਾ ਲਾਓ। ਆਪ ਸੱਚ ਨੂੰ ਪਛਾਣੋ। ਸੱਚਾਈ ਨੂੰ ਮਹਿਸੂਸ ਕਰੋ।"

"ਪਰ ਇਸ ਹਾਲਤ ਵਿਚ ਸੱਚਾਈ ਨੂੰ ਪਛਾਨਣ ਦਾ ਸਾਡੇ ਕੋਲ ਕੀ ਉਪਾਅ ਹੈ ? ਇਸ ਕੇਸ ਵਿਚ ਸੱਚਾਈ ਦਾ ਪਤਾ ਕਿੰਜ ਲਾਇਆ ਜਾ ਸਕਦਾ ਹੈ ?"

"ਉੱਦਮ ਨਾਲ, ਵਿਚਾਰ ਨਾਲ।"

"ਇਹੋ ਜਿਹੇ ਅੱਡੇ ਹੁੰਦੇ ਨੇ, ਮੈਂ ਬਹੁਤ ਸੁਣਿਆ ਹੋਇਐ, ਪੜ੍ਹਿਆ ਵੀ ਹੈ। ਮੈਂ

ਪੁਲਸ ਦੇ ਵੱਡੇ ਅਫ਼ਸਰਾਂ ਨੂੰ ਮਿਲ ਕੇ ਇਹਦੀ ਜਾਂਚ ਕਰਵਾਵਾਂਗਾ। ਮੈਂ ਹੁਣੇ ਕਰਨਲ ਨੂੰ ਫ਼ੋਨ ਕਰਦਾ ਹਾਂ।"

ਕੰਨਿਆ ਬੋਲੀ — "ਮੈਂ ਭਾਈ ਸਾਹਿਬ ਨੂੰ ਫ਼ੋਨ ਕਰਕੇ ਬੁਲਾਉਂਦੀ ਆਂ।"

ਉਹ ਉਠੀ ਅਤੇ ਜਾਣ ਲਗੀ। ਬਾਬਾ ਜੀ ਨੇ ਕਿਹਾ'– "ਠਹਿਰ ਪੁੱਤਰੀ, ਪਹਿਲਾਂ ਸੋਚ ਲਵੋ। ਰਾਮ ਜੀ ਨੇ ਹੁਣੇ ਇਕ ਗੱਲ ਕੀਤੀ ਕਿ ਪੁਲਸ ਦੇ ਵੱਡੇ ਅਧਿਕਾਰੀਆਂ ਤੋਂ ਪੜਤਾਲ ਕਰਾਉਣਗੇ। ਠੀਕ ਹੈ, ਪਰ ਛੋਟੇ ਲੋਕ ਜਿਹੜੇ ਇਹਨਾਂ ਤੋਂ ਪੈਸਾ ਖਾਂਦੇ-ਪੀਂਦੇ ਨੇ, ਉਹ ਭੋਗ ਵਿਲਾਸ ਕਰਨ ਜਾਂਦੇ ਨੇ, ਜੇਕਰ ਵੱਡੇ ਅਫ਼ਸਰਾਂ ਦੇ ਜਾਣ ਤੋਂ ਪਹਿਲਾਂ ਹੀ ਉਥੋਂ ਉਹ ਪਾਪ-ਦ੍ਰਿਸ਼ ਨੂੰ ਏਧਰ ਓਧਰ ਕਰਾ ਦੇਣ ਤਾਂ ਅਸੀਂ ਤੁਸੀਂ ਕੀ ਕਰ ਲਵਾਂਗੇ, ਰਾਮ ਜੀ ?"

ਸੱਜਨ ਚੁੱਪ ਹੋ ਗਿਆ। ਵਨ ਕੰਨਿਆ ਪਿੰਜਰੇ ਵਿਚ ਬੰਦ ਕੀਤੇ ਹੋਏ ਪੰਛੀ ਵਾਂਗ ਤੜਫ ਪਈ, ਬੋਲੀ — "ਔਰਤਾਂ ਤੇ ਇਹ ਅਤਿਆਚਾਰ ਹੁੰਦੇ ਨੇ, ਔਰਤ ਇਸ ਪੱਖੋਂ ਬੇ-ਵਸ ਏ, ਜੱਗ ਜਾਣਦਾ ਹੈ ਫਿਰ......ਕੁਝ ਵੀ ਹੋਏ ਮੈਂ ਇਹਦੇ ਲਈ ਸਬੂਤ ਇਕੱਠੇ ਕਰਾਂਗੀ। ਮੈਂ ਕੁਝ ਵੀ ਕਰਾਂਗੀ, ਇਸ ਅਨਿਆਂ ਦਾ ਬਦਲਾ ਲਵਾਂਗੀ।"

ਬਾਬਾ ਜੀ ਹੱਸੇ, ਬੋਲੇ — "ਕਿੰਜ ਕਰੇਂਗੀ ਪੁੱਤਰੀ, ਇਹੋ ਤੇ ਪ੍ਰਿਸ਼ਨ ਹੈ ?"

"ਮੈਂ ਉਥੇ ਜਾਵਾਂਗੀ। ਉਥੋਂ ਦੀਆਂ ਔਰਤਾਂ ਨਾਲ ਗੱਲ ਕਰਾਂਗੀ।"

"ਮੰਡਲ ਦੇ ਪ੍ਰਬੰਧਕ ਤੈਨੂੰ ਗੱਲਾਂ ਨਾ ਕਰਨ ਦੇਣਗੇ ਫਿਰ ?"

ਬਾਬਾ ਜੀ ਫਿਰ ਹੱਸੇ, ਕਿਹਾ — "ਚੋਰ ਚਾਨਣੇ ਚੋਰੀ ਨਹੀਂ ਕਰਦਾ ਬੇਟੀ। ਉਹਦਾ ਭੇਦ ਕਿੱਦਾਂ ਲਭੇਂਗੀ ?"

ਕੰਨਿਆ ਥਿੜਕੀ ਫਿਰ ਝਟ ਸੰਭਲ ਕੇ ਬੋਲੀ — "ਅੱਛਾ, ਮੰਨ ਲਓ, ਮੈਂ ਸਮਾਜ ਸੇਵਕ ਦੇ ਰੂਪ ਵਿਚ ਉਥੇ ਜਾਂਦੀ ਆਂ, ਕੁਝ ਦਿਨਾਂ ਲਈ ਬਾਕਾਇਦਾ ਉਥੋਂ ਦੇ ਵਾਤਾਵਰਣ ਵਿਚ ਘੁਲਦੀ ਮਿਲਦੀ ਹਾਂ ਤੇ ਉਸ ਪਿਛੋਂ ਉਹਨਾਂ ਔਰਤਾਂ ਤੋਂ ਮੈਨੂੰ ਸਭ ਕੁਝ ਪਤਾ ਲਗ ਜਾਏਗਾ।"

ਬਾਬਾ ਜੀ ਨੇ ਕਿਹਾ — "ਉਪਾਅ ਤਾਂ ਚੰਗਾ ਹੈ, ਪਰ ਬੇਟੀ, ਇਕ ਗੱਲ ਹੋਰ ਵਿਚਾਰਨ ਵਾਲੀ ਏ। ਇਕ ਵਾਰ ਹਵਾਈ ਜਹਾਜ਼ ਰਾਹੀਂ ਅੰਦੋਲਨ ਸ਼ੁਰੂ ਕਰਕੇ ਤੂੰ ਇਸ ਸ਼ਹਿਰ ਵਿਚ ਅਣਜਾਣੀ ਨਹੀਂ ਰਹੀ। ਮੰਡਲ ਚਲਾਉਣ ਵਾਲੇ ਲੋਕ ਮੰਨ ਲੈ ਤੈਨੂੰ ਘੁਲਣ ਮਿਲਣ ਦਾ ਮੌਕਾ ਵੀ ਦੇਣ ਤੇ ਉਹਦੇ ਨਾਲ ਨਾਲ ਆਪਣੀਆਂ ਹੀ ਔਰਤਾਂ ਨੂੰ ਵੀ ਸੁਚੇਤ ਕਰ ਦੇਣ। ਇਸ ਹਾਲਤ ਵਿਚ ਮਹੀਨਿਆਂ ਤਕ ਉਥੇ ਜਾ ਕੇ ਵੀ ਤੂੰ ਕੁਝ ਭੇਦ ਨਹੀਂ ਪਾ ਸਕਣਾ।"

ਸੱਜਨ ਬੋਲਿਆ — "ਇਕ ਗੱਲ ਹੋਰ ਵੀ ਏ, ਸੱਚ ਨੂੰ ਜਾਣਨ ਲਈ ਝੂਠਾ ਢੌਂਗ ਕਰਨਾ ਕੀ ਠੀਕ ਹੋਏਗਾ ?"

"ਠੀਕ ਕਿਉਂ ਨਹੀਂ ਹੋਏਗਾ ਰਾਮ ਜੀ ?"

"ਠੀਕ ਤਾਂ ਨਹੀਂ ਹੋਏਗਾ। ਝੂਠ ਦੇ ਰਾਹ ਪੈ ਕੇ ਸਾਨੂੰ ਸੱਚ ਕਿਵੇਂ ਮਿਲ ਸਕਦਾ ਹੈ ?"

ਬਾਬਾ ਜੀ ਬੋਲੇ — "ਠੀਕ ਹੈ, ਪਰ ਇਹ ਵੀ ਤੇ ਵਿਚਾਰੋ ਕਿ ਇਹ ਝੂਠ ਕਿਥੋਂ ਤਾਈਂ ਝੂਠ ਹੈ ? ਤੁਸੀਂ ਇਕ ਗੱਲ ਦਾ ਭੇਦ ਲੈਣ ਲਈ ਕਿਤੇ ਗਏ, ਉਸ ਭੇਦ ਨਾਲ ਬਹੁਤ ਲੋਕਾਂ ਦਾ ਲਾਭ ਹੋਏਗਾ। ਆਪਣੇ ਭੇਦ ਦੀ ਗੱਲ ਤੁਸੀਂ ਕੁਝ ਦਿਨਾਂ ਲਈ ਲੁਕਾਈ ਰਖਦੇ ਓ, ਤਾਂ ਇਹਦੇ ਵਿਚ ਝੂਠ ਕੀ ਹੋਇਆ ?"

"ਝੂਠ ਤਾਂ ਹੋਇਆ ਈ ਬਾਬਾ ਜੀ......"

"ਅੱਛਾ ਸਾਡੇ ਇਕ ਸ਼ੰਕਾ ਦਾ ਹੱਲ ਲਭੋ ਰਾਮ ਜੀ। ਮੰਨ ਲਓ ਇਕ ਚੋਰ ਚੋਰੀ ਕਰਕੇ ਨੱਸਿਆ ਜਾਂਦਾ ਹੈ, ਤੁਸਾਂ ਉਹਨੂੰ ਵੇਖਿਆ, ਪਿਛੇ ਪੁਲਸ ਵਾਲਾ ਵੀ ਆਉਂਦਾ ਵੇਖਿਆ। ਪੁਲਸ ਵਾਲੇ ਨੇ ਪੁੱਛਿਆ ਕਿ ਤੂੰ ਚੋਰ ਵੇਖਿਆ ਏ ? ਤਾਂ ਤੂੰ ਕੀ ਕਹੇਂਗਾ ?"

"ਮੈਂ ਕਹਾਂਗਾ ਕਿ ਹਾਂ ਵੇਖਿਆ ਹੈ।"

"ਠੀਕ ਹੈ, ਹੁਣ ਮੰਨ ਲਓ ਕਿ ਉਸ ਚੋਰ ਦੇ ਘਰ ਬੱਚਾ ਬੀਮਾਰ ਹੈ, ਦਵਾ ਦਾਰੂ ਲਈ ਪੈਸੇ ਨਹੀਂ ਮਿਲਦੇ, ਬੱਚੇ ਨੂੰ ਬਚਾਉਣ ਲਈ ਉਹਦੇ ਮਨ ਵਿਚ ਪਿਰਬਲ ਮੋਹ ਹੈ। ਤੁਸੀਂ ਉਸ ਚੋਰ ਦੀ ਇਸ ਹਾਲਤ ਨੂੰ ਜਾਣਦੇ ਓ। ਤੁਸਾਂ ਉਹਨੂੰ ਚੋਰੀ ਦੇ ਧਨ ਸਮੇਤ ਆਪਣੇ ਘਰ ਵਿਚ ਵੜਦਿਆਂ ਵੇਖਿਆ ਹੈ ਤੇ ਫਿਰ ਪੁਲਸ ਵਾਲੇ ਨੇ ਤੁਹਾਨੂੰ ਪੁੱਛਿਆ ਕਿ ਚੋਰ ਵੇਖਿਆ ? ਤਾਂ ਤੁਸੀਂ ਕੀ ਉੱਤਰ ਦਿਉਗੇ ਰਾਮ ਜੀ ?"

ਸੱਜਨ ਦੋ ਪਲ ਚੁੱਪ ਰਿਹਾ ਫਿਰ ਡੂੰਘੀ ਸੋਚ ਪਿਛੋਂ ਬੋਲਿਆ — "ਚੋਰ ਤਾਂ ਮੈਂ ਵੇਖਿਆ ਈ ਏ, ਇਹਦੇ ਤੋਂ ਕਿੰਜ ਇਨਕਾਰ ਕਰ ਸਕਦਾ ਹਾਂ। ਪਰ ਉਸ ਆਦਮੀ ਦੀ ਹਾਲਤ ਵੀ ਵਿਚਾਰਨ ਯੋਗ ਹੈ।......ਮੈਂ ਇਹ ਕਰ ਸਕਦਾ ਹਾਂ ਕਿ ਚੋਰ ਨੂੰ ਸਜ਼ਾ ਦਵਾਵਾਂ ਤੇ ਬੱਚੇ ਨੂੰ ਬਚਾਉਣ ਲਈ ਆਰਥਕ ਪੱਖੋਂ ਉਹਦੀ ਸਹਾਇਤਾ ਕਰਾਂ।"

"ਤੇ ਮੰਨ ਲਓ, ਤੁਹਾਡੇ ਕੋਲ ਸਹਾਇਤਾ ਕਰਨ ਲਈ ਕੋਈ ਸਾਧਨ ਨਹੀਂ, ਤੁਸੀਂ ਆਪ ਬੜੇ ਗ਼ਰੀਬ ਹੋ। ਕਿਸੇ ਨੂੰ ਸਹਾਇਤਾ ਦਿਵਾ ਸਕਣ ਦੀ ਵੀ ਤੁਹਾਡੀ ਹੈਸੀਅਤ ਨਹੀਂ, ਫਿਰ ?"

"ਮੈਂ ਝੂਠ ਬੋਲਾਂਗੀ। ਇਹੋ ਜਿਹੇ ਚੋਰ ਨੂੰ ਪੁਲਸ ਦੀ ਨਜ਼ਰ ਤੋਂ ਬਚਾਉਣਾ ਪੁੰਨ ਹੈ, ਪਾਪ ਨਹੀਂ।"

"ਮੈਂ – ਮੈਂ ਇਹਨਾਂ ਵਿਰੋਧੀ ਗੱਲਾਂ ਨੂੰ ਏਨੀ ਆਸਾਨੀ ਨਾਲ ਰਲਗੱਡ ਨਹੀਂ ਕਰ ਜਾ ਸਕਦਾ। ਚੋਰੀ ਬੁਰੀ ਚੀਜ਼ ਹੈ ਸੱਚ ਹੈ; ਆਪਣੇ ਪਰਿਵਾਰ ਵਿਚ ਜਾਂ ਕਿਸੇ ਦੀ ਵੀ ਜਾਨ ਬਚਾਉਣ ਲਈ ਉਪਾਅ ਕਰਨਾ ਵੀ ਠੀਕ ਹੈ, ਸੱਚ ਹੈ। ਇਹ ਦੋਵੇਂ ਸੱਚ ਆਪੋ ਵਿਚ ਏਨੇ ਵਿਰੋਧੀ ਨੇ ਕਿ......"

ਸੱਜਨ ਡੂੰਘੀ ਸੋਚ ਵਿਚ ਉਲਝਿਆ ਹੋਇਆ ਸੀ,ਉਹਦੇ ਕੋਲ ਕੋਈ ਨਿਰਣਾ ਨਹੀਂ ਸੀ।

ਕੰਨਿਆ ਕੁਝ ਜੋਸ਼ ਨਾਲ ਬੋਲੀ — "ਤੁਸੀਂ ਕੀ ਫ਼ਜ਼ੂਲ ਜਿਹੀ ਬਹਿਸ ਕਰ ਰਹੇ ਹੋ ? ਇਹ ਸਮਾਂ ਕੰਮ ਕਰਨ ਦਾ ਹੈ ।"

"ਮੇਰੀ ਬਹਿਸ ਫ਼ਜ਼ੂਲ ਨਹੀਂ ਕੰਨਿਆ। ਬਾਬਾ ਜੀ ਮਨ ਦਾ ਹਾਲ ਜਾਣਦੇ ਨੇ, ਉਹ ਗੁਆਹੀ ਦੇ ਸਕਦੇ ਨੇ ।" ਸੱਜਨ ਨੇ ਸੰਭਲ ਕੇ ਜਵਾਬ ਦਿਤਾ।

ਬਾਬਾ ਜੀ ਬੋਲੇ — "ਤੁਹਾਡੇ ਵਿਚਾਰਾਂ ਦੇ ਪਿਛੇ ਖਰਾ ਦਿਲੀ ਮੰਥਨ ਹੈ ਰਾਮ ਜੀ, ਇਹ ਗੱਲ ਤਾਂ ਇਸਪਸ਼ਟ ਹੈ। ਪਰ ਇਕ ਹੋਰ ਗੱਲ ਵੀ ਤੋਲ ਕੇ ਆਪਣੇ ਮਨ ਵਿਚ ਵੇਖ ਲਓ — ਕਿਸ ਹਾਲਤ ਕਰਕੇ ਤੁਹਾਡੇ ਮਨ ਵਿਚ ਇਹ ਸੱਚ ਦਾ ਰਿੜਕਣਾ ਸ਼ੁਰੂ ਹੋਇਆ ?"

"ਮੈਂ ਸਮਝਿਆ ਨਹੀਂ ।"

"ਤੁਹਾਡੀ ਪਤਨੀ ਇਹੋ ਜਿਹੇ ਪਾਪ ਘਰ ਵਿਚ ਪਿਰਵੇਸ਼ ਕਰੇ, ਇਹ ਗੱਲ ਤੁਹਾਨੂੰ ਚੰਗੀ ਨਹੀਂ ਲਗਦੀ। ਮੇਰੀ ਗੱਲ ਗ਼ਲਤ ਕਰਦੇ ਓ ਜਾਂ ਠੀਕ, ਬੋਲੋ !"

"ਜੀ ਤੁਹਾਡੀ ਗੱਲ ਠੀਕ ਹੈ ।"

"ਮੰਨ ਲਓ, ਤੁਹਾਡੀ ਪਤਨੀ ਨਹੀਂ ਕੋਈ ਹੋਰ ਔਰਤ ਇਸ ਤਰ੍ਹਾਂ ਦਾ ਜੇਰੇ ਵਾਲਾ ਕੰਮ ਕਰੇ ਤਾਂ ਤੁਸੀਂ ਉਹਦੀ ਸਲਾਹੁਤਾ ਕਰੋਗੇ ਜਾਂ ਨਹੀਂ ?"

"ਪ੍ਰਸ਼ੰਸਾ ਮੈਂ ਇਹਨਾਂ ਦੀ ਵੀ ਕਰਾਂਗਾ; ਪਰ ਡਰ ਲਗਦਾ ਹੈ ਕਿ ਗੁੰਡਿਆਂ ਵਿਚ ਇਹ ਇਸ ਤਰ੍ਹਾਂ ? ...."

"ਤੇ ਜਿਹੜੀਆਂ ਏਨੀਆਂ ਬੇਆਸਰੀਆਂ ਗੁੰਡਿਆਂ ਵਿਚ ਘਿਰੀਆਂ ਹੋਈਆਂ ਤੜਫ਼ ਰਹੀਆਂ ਹਨ ਉਹ ? ਉਹਨਾਂ ਵਿਚ ਕੀ ਮੇਰੇ ਵਾਂਗ ਜਾਨ ਨਹੀਂ ? ਮੈਂ ਜ਼ਰੂਰ ਇਸ ਗੱਲ ਦਾ ਪਤਾ ਕਰਾਂਗੀ, ਮੈਂ ਆਪਣੇ ਘਰ ਵਿਚ ਜਿਸ ਅਤਿਆਚਾਰ ਨੂੰ ਵੇਖਿਆ ਹੈ, ਉਹ ਤਜਰਬਾ, ਉਹਦੀ ਪੀੜ ਮੈਨੂੰ ਇਸ ਅਨਿਆਂ ਦਾ ਅੰਤ ਕਰਨ ਲਈ ਚੁਣੌਤੀ ਦੇਂਦੀ ਏ । ਇਹੋ ਜਿਹੇ ਵੇਲੇ ਤੇਰਾ ਇਹਨਾਂ ਦਾਰਸ਼ਨਿਕ ਗੱਲਾਂ ਦਾ ਵਿਚਾਰਨਾ ਬੜਾ ਰੜਕ ਰਿਹਾ ਏ ਸੱਜਨ। ਤੇਰੀ ਉਹ ਸਿਪਿਰਟ ਕਿਥੇ ਗਈ ਜਿਹੜੀ ਮੇਰੀ ਸਹਾਇਤਾ ਕਰਨ ਵੇਲੇ ਜਾਗੀ ਸੀ ਜਦ ਮੈਂ ਤੇਰੀ ਪਤਨੀ ਨਹੀਂ ਸਾਂ ?"

ਕੰਨਿਆ ਬੇ-ਹੱਦ ਜੋਸ਼ ਵਿਚ ਆ ਰਹੀ ਸੀ। ਨਾਸ਼ਤੇ-ਚਾਹ ਵਲੋਂ ਸਭਨਾਂ ਦਾ ਧਿਆਨ ਉੱਕ ਗਿਆ ਸੀ। ਬਾਬਾ ਜ਼ੀ ਸ਼ਾਂਤ ਆਵਾਜ਼ ਵਿਚ ਬੋਲੇ — "ਕੋਰਾ ਜੋਸ਼ ਕੋਈ ਅਰਥ ਨਹੀਂ ਰਖਦਾ ਬੇਟੀ। ਕੰਮ ਵੇਲੇ ਵੀ ਵਿਚਾਰ ਦਰਸ਼ਨ ਲਈ ਦਿਮਾਗ ਵਿਚ ਹਰ ਪਲ ਵਿਹਲ ਰਹਿਣੀ ਚਾਹੀਦੀ ਹੈ । ਇਸ ਤੋਂ ਬਿਨਾਂ ਕਾਰਜ ਸਿੱਧ ਨਹੀਂ ਹੋ ਸਕਦੀ। ਤੇਰੇ ਪਤੀ ਦਾ ਸ਼ੰਕਾ ਵੀ ਸਹੀ ਹੈ । ਮੈਂ ਉਹਨਾਂ ਨੂੰ ਹਾਲਤ ਬਾਰੇ ਇਸ ਲਈ ਸੁਚੇਤ ਕਰ ਦਿਤਾ ਤਾਕਿ ਉਹ ਗਲਤ ਤਰੀਕੇ ਨਾਲ ਉਲਝ ਨਾ ਜਾਏ ।......ਹਾਂ ਰਾਮ ਜੀ, ਹੁਣ

ਮੈਂ ਤੁਹਾਡੀ ਗੱਲ ਦਾ ਜਵਾਬ ਦਿਆਂ, ਝੂਠ ਹੁਣ ਨਿਸ਼ਾਨਾ ਨਹੀਂ, ਨੀਤੀ ਲਈ ਹੈ, ਜਦ ਉਹਦਾ ਸੰਬੰਧ ਇਕ ਵਿਆਪਕ ਸੱਚ ਨਾਲ ਹੋਏ ਉਦੋਂ ਅਸੀਂ ਉਹਨੂੰ ਅਪਨਾਵਾਂਗੇ। ਜਿਥੇ ਜ਼ਰਾ ਕੁ ਝੂਠ ਬੋਲ ਕੇ ਪਰਉਪਕਾਰ ਕਰਨਾ ਸੰਭਵ ਹੋਏ ਉਥੇ ਉਹ ਸੱਚ ਬਰਾਬਰ ਹੈ, ਪੁੰਨ ਹੈ। ਵਿਆਸ ਮਹਾਰਾਜ ਦਾ ਇਹ ਉਪਦੇਸ਼ ਕਿ ਪਰਉਪਕਾਰ ਪੁੰਨ ਤੇ ਦੂਜਿਆਂ ਨੂੰ ਸਤਾਉਣਾ ਪਾਪ ਹੈ ਸਾਨੂੰ ਉਚਿਤ ਜਾਪਦਾ ਹੈ।"

"ਤਾਂ ਤੇ ਹਿੰਸਾ ਵੀ ਕਿਤੇ ਵੱਡਾ ਪੁੰਨ ਹੈ।" ਸੱਜਨ ਨੇ ਕਿਹਾ।

"ਗੀਤਾ ਦੇ ਇਸ ਹੁਕਮ ਨੂੰ ਵੀ ਮੈਂ ਉਚਿਤ ਮੰਨਦਾ ਹਾਂ। ਉਦੇਸ਼ ਮਹਾਨ ਹੋਏ ਤਾਂ ਤਿਆਗ ਦੀ ਕਸੌਟੀ ਤੇ ਕਿਤੇ ਹਿੰਸਾ ਵੀ ਪੁੰਨ ਹੈ।"

"ਗਾਂਧੀ ਜੀ ਇਹਦਾ ਵਿਰੋਧ ਕਰਦੇ ਨੇ।"

"ਬਿਲਕੁਲ ਨਹੀਂ। ਬੁਜ਼ਦਿਲ ਦੀ ਅਹਿੰਸਾ ਨਾਲੋਂ ਉਹਨਾਂ ਨੇ ਵੀ ਹਿੰਸਾ ਵਧੇਰੇ ਚੰਗੀ ਮੰਨੀ ਹੈ। ਜੀਵ ਦੀ ਰੱਖਿਆ ਕਰਨਾ ਮਹਾਨ ਉਦੇਸ਼ ਹੈ। ਜਦ ਤੁਹਾਨੂੰ ਮਾਰਨ ਲਈ ਕੋਈ ਜ਼ਿੱਦ ਹੀ ਫੜ ਲਏ ਤਾਂ ਉਹਦੇ ਨਾਲ ਲੜਨਾ ਹੀ ਚਾਹੀਦਾ ਹੈ। ਇਹਨਾਂ ਔਰਤਾਂ ਦੇ ਵਿਆਪਾਰੀਆਂ ਨਾਲ ਡਟ ਕੇ ਲੜੋ ਰਾਮ ਜੀ।"

"ਇਹ ਸੇਵਾ ਮੰਡਲ ਹੈ ਕਿਸ ਥਾਵੇਂ ? ਮੈਂ ਅੱਜ ਈ ਜਾਵਾਂਗੀ।"

"ਹਾਂ, ਅੱਜ ਤਾਂ ਤੁਸੀਂ ਦੋਵੇਂ ਜਣੇ ਜਾਓ। ਸਾਡਾ ਹਵਾਲਾ ਦੇ ਦਿਓ। ਤੁਹਾਡਾ ਦੋਵਾਂ ਦਾ ਉਥੇ ਜਾਣ ਦਾ ਕਾਰਨ ਇਸਪਸ਼ਟ ਹੋ ਜਾਏਗਾ। ਸੌ ਦੋ ਸੌ ਸਹਾਇਤਾ ਦੇ ਨਾਂ ਤੇ ਸੁਟ ਦਿਓ। ਫਿਰ ਅਗੇ ਦੀ ਹਾਲਤ ਸਮਝੀ ਜਾਏਗੀ।"

ਕੰਨਿਆ ਦੇ ਸਾਹਮਣੇ ਆਪਣੀ ਭਾਤੀ ਦੀ ਤਸਵੀਰ ਸੀ — ਅੱਗ ਵਿਚ ਸੜੇ ਹੋਏ, ਭੁੱਜੇ ਹੋਏ ਲੋਥੜੇ, ਲਟਕਦੀ ਹੋਈ ਦੇਹ, ਅੱਗ ਨਾਲ ਬੇ-ਸੁਰਤ ਹੋਏ ਨੱਕ-ਅੱਖਾਂ ਦੇ ਕੋਲੇ, ਸਿਰ ਦੇ ਵਾਲ......।

ਕੰਨਿਆ ਉਸ ਯਾਦ ਨਾਲ ਪੱਥਰ ਹੋ ਗਈ ਸੀ। ਉਹਦੇ ਸਾਹਮਣੇ ਔਰਤਾਂ ਦੀ ਦੁਨੀਆਂ ਸੜੀ ਹੋਈ ਪਈ ਸੀ। ਅੱਥਰੂ ਅੱਖਾਂ ਵਿਚ ਹੋਸ਼ ਬਣ ਕੇ ਆਏ। ਕੰਨਿਆ ਕੰਬੀ; ਫਿਰ ਦ੍ਰਿੜ੍ਹ ਹੋ ਗਈ।

ਅੱਜ ਨਵੇਂ ਸਿਰਿਓਂ ਉਹ ਆਪਣੇ ਉਦੇਸ਼ ਨਾਲ ਬੱਝੀ।

44

"ਸ਼੍ਰੀ ਮਾਨ ਜੀਓ,

ਸ਼੍ਰੀ ਮਾਨ ਬਾਬਾ ਰਾਮ ਜੀ ਦੇ ਆਸ਼ਰਮ ਵਿਚ ਪਾਗਲਾਂ ਦਾ ਨਿਰੀਖਣ ਅਤੇ ਸੇਵਾ-ਸਹਾਇਤਾ ਲਈ ਮੈਂ ਅਤੇ ਮੇਰੇ ਪਤੀ ਅਕਸਰ ਜਾਂਦੇ ਰਹਿੰਦੇ ਹਾਂ। ਤੁਹਾਡੇ ਮਹਿਲਾ ਸੇਵਾ ਮੰਡਲ ਦੇ ਸੰਬੰਧ ਵਿਚ ਸਾਨੂੰ ਉਥੋਂ ਹੀ ਜਾਣਕਾਰੀ ਪ੍ਰਾਪਤ ਹੋਈ। ਮੈਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ ਕਿ ਤੁਸੀਂ ਨਾਰੀ ਜਾਤੀ ਦੀ ਸੇਵਾ ਕਰ ਰਹੇ ਹੋ। ਇਹੋ ਜਿਹੇ ਕਾਰਜਾਂ ਵਿਚ ਮੇਰੀ ਬੜੀ ਦਿਲਚਸਪੀ ਹੈ। ਮੰਡਲ ਦੀ ਸਹਾਇਤਾ ਲਈ ਤਿਲ ਫੁਲ ਭੇਟਾ ਦੇ ਰੂਪ ਵਿਚ ਇਹ ਸੌ ਰੁਪਏ ਦਾ ਚੈੱਕ ਭੇਜ ਰਹੀ ਹਾਂ। ਜੇਕਰ ਤੁਸੀਂ ਇਹਨੂੰ ਸਵੀਕਾਰ ਕਰੋਗੇ ਤਾਂ ਮੈਨੂੰ ਅਤੇ ਮੇਰੇ ਪਤੀ ਨੂੰ ਬੜੀ ਪ੍ਰਸੰਨਤਾ ਹੋਏਗੀ।

ਹਿਤੂ,

ਵਨ ਕੰਨਿਆ ਵਰਮਾ"

ਚਿੱਠੀ ਅਤੇ ਚੈੱਕ ਮਿਲਣ ਤੇ ਮਹਿਲਾ ਸੇਵਾ ਮੰਡਲ ਦੇ ਬਿਨ ਤਨਖ਼ਾਹੀਏ ਸਕੱਤਰ ਹੋਰੀਂ ਬੜੇ ਹੀ ਪ੍ਰਸੰਨ ਹੋਏ। ਧੰਨਵਾਦ ਦੇਣ ਲਈ ਆਪ ਆਏ। ਸ਼੍ਰੀ ਮਤੀ ਅਤੇ ਸ਼੍ਰੀ ਮਾਨ ਸੱਜਨ ਨੇ ਨਾਰੀ ਜਾਤੀ ਦੀ ਜੋ ਪਹਿਲਾਂ ਹੀ ਸੇਵਾ ਕੀਤੀ ਉਹਦਾ ਉਹਨਾਂ ਨੇ ਅਣਗਿਣਤ ਸ਼ਬਦਾਂ ਵਿਚ ਵਰਣਨ ਕੀਤਾ। ਵਨ ਕੰਨਿਆ ਨੇ ਆਸ਼ਰਮ ਵੇਖਣ ਦੀ ਇੱਛਾ ਦਸੀ ਜਿਸ ਨੂੰ ਸਕੱਤਰ ਸਾਹਿਬ ਨੇ ਮੰਡਲ ਦਾ ਵੱਡਾ ਸੁਭਾਗ ਮੰਨਿਆ! ਦੂਸਰੇ ਦਿਨ ਦੋ ਵਜੇ ਸਕੱਤਰ ਹੋਰੀਂ ਆਪ ਆ ਕੇ ਦੋਵਾਂ ਨੂੰ ਲੈ ਜਾਣਗੇ, ਇਹ ਫ਼ੈਸਲਾ ਹੋਇਆ।

ਅਨਾਜ ਨਾਲ ਤੂੜਿਆ, ਲੋਕਾਂ ਦੇ ਰੌਲੇ ਨਾਲ ਗੂੰਜਦਾ ਹੋਇਆ ਤੰਗ ਬਾਜ਼ਾਰ, ਪਿੱਠ ਤੇ ਭਾਰੇ ਬੋਰੇ ਲੱਦੀ ਦੋਵੇਂ ਪਾਸੇ ਆਉਂਦੇ ਜਾਂਦੇ ਮਜ਼ਦੂਰ, ਮਣਾਂ ਮੂੰਹੀ ਭਾਰ ਖਿੱਚਦੇ ਠੇਲਿਆਂ ਨਾਲ ਬੱਝੇ ਮਰੀਅਲ ਸੰਢੇ ਅਤੇ ਬੋਰਿਆਂ ਨਾਲ ਲੱਦੇ ਊਂਠ, ਸਾਰੀ ਭੀੜ ਵਿਚ ਆਪਣੀ ਵੱਖਰੀ ਹੀ ਹੋਂਦ ਰਖਦੇ ਸਨ। ਕੁੜਤਾ, ਜਾਕਟ, ਦੁਪੱਲਾ, ਜਾਂ ਗਾਂਧੀ ਟੋਪੀ ਪਾਈ, ਮੋਢੇ ਉਤੇ ਪਰਨਾ ਸੁਟੀ, ਛਤੂਹੀ, ਮੁੜਾਸਾ ਅਤੇ ਗੋਡਿਆਂ ਤਕ ਉੱਚੀ ਧੋਤੀ, ਚੜ੍ਹਾਵੀਂ ਜੁੱਤੀ ਪਾਉਣ ਵਾਲੇ ਲੋਕ ਹੀ ਇਸ ਬਾਜ਼ਾਰ ਵਿਚ ਜ਼ਿਆਦਾ ਦਿਸਦੇ ਰਹੇ ਸਨ। ਆਨਾਜ ਦੀ ਬਾਸ਼ਨਾ ਨਾਲ ਬਾਜ਼ਾਰ ਮਹਿਕ ਰਿਹਾ ਸੀ। ਠੇਲਿਆਂ, ਟਰੱਕਾਂ, ਸਾਈਕਲਾਂ, ਯੱਕਿਆਂ, ਰਿਕਸ਼ਿਆ ਗਾਵਾਂ, ਸੰਢਿਆਂ ਅਤੇ ਵਿਉਪਾਰ 'ਚ ਰੁੱਝੇ ਆਦਮੀਆਂ ਦੇ ਹਜੂਮ ਨਾਲ, ਸੜਕ ਦੇ ਗੱਡੇ, ਰੇੜ੍ਹਿਆਂ 'ਚੋਂ ਬੜੀ ਮੁਸ਼ਕਲ ਲੰਘਦਿਆਂ ਹੋਇਆ ਸੱਜਨ ਦੀ ਕਾਰ ਅਗਾਂਹ ਵਧ ਰਹੀ ਸੀ। ਸਕੱਤਰ ਸਾਹਿਬ ਨੇ ਉਂਗਲ ਨਾਲ ਖੱਬੇ ਪਾਸੇ ਦੂਰ ਇਕ ਛੱਤ ਵਲ ਇਸ਼ਾਰਾ ਕੀਤਾ ਜਿਥੇ ਮੰਡਲ ਦਾ ਬਹੁਤ ਵੱਡਾ ਸਾਈਨ

ਬੋਰਡ ਲਗਾ ਹੋਇਆ ਸੀ। ਸਕੱਤਰ ਜੀ ਬੋਲੇ — "ਮੈਂ ਬੰਨਿਆਂ ਉਤੇ ਤਿੰਨੇ ਪਾਸੇ ਏਨੇ ਵੱਡੇ ਵੱਡੇ ਸਾਈਨ ਬੋਰਡ ਇਸ ਲਈ ਲਵਾਏ ਹਨ ਕਿ ਇਕ ਤਾਂ ਜਨਤਾ ਦਾ ਧਿਆਨ ਖਿੱਚਿਆ ਜਾਏ ਅਤੇ ਦੂਸਰੇ, ਛੱਤ ਉਤੇ ਸਭਨੀਂ ਪਾਸੀਂ ਪਰਦਾ ਹੋ ਜਾਏ। ਮੈਂ ਪਰਦੇ ਆਦਿ ਦਾ ਬੜਾ ਧਿਆਨ ਰਖਦਾ ਹਾਂ, ਦੇਵੀ ਜੀ। ਸਾਡੇ ਮੰਡਲ ਵਿਚ ਚਰਿੱਤਰ ਵਲ ਬੜਾ ਧਿਆਨ ਰਖਿਆ ਜਾਂਦਾ ਹੈ। ਬਾਈ ਵਰ੍ਹੇ ਹੋ ਗਏ ਮੈਨੂੰ ਇਹ ਸੇਵਾ ਦਾ ਕੰਮ ਕਰਦਿਆਂ ਹੋਇਆਂ ਮੈਂ ਤੁਹਾਨੂੰ ਦਸਦਾ, ਚੰਦਰਮਾ ਵਿਚ ਕਲੰਕ ਹੈਗਾ ਏ, ਪਰ ਸਾਡੀਆਂ ਚੰਨ ਮੁਖੀਆ ਨਿਹਕਲੰਕ ਨੇ।"

ਅਨਾਜ ਮੰਡੀ 'ਚੋਂ ਲੰਘ ਕੇ ਕਾਰ ਖੱਬੇ ਹੱਥ ਵਾਲੀ ਸੜਕ ਤੇ ਆਈ; ਸਾਹਮਣੇ ਇਕ ਸੈਕੰਡ-ਸਿਨਮਾ ਹਾਲ, ਜਨਰਲ ਮਰਚੈਂਟਾਂ ਦਾ ਛੋਟਾ ਬਾਜ਼ਾਰ ਆਇਆ, ਦੁਕਾਨਾਂ ਵਾਲੇ ਬਰਾਂਡੇ ਦੇ ਕੋਲ ਦੀ ਕਾਰ ਫਿਰ ਖੱਬੀ ਬਾਹੀ ਗਲੀ ਵਿਚ ਮੁੜੀ ਇਕ ਮਕਾਨ ਉਤੇ "ਸ਼੍ਰੀ ਮਤੀ ਸੁੰਦਰ ਬੀਬੀ ਖ਼ਰਾਇਤੀ ਦਵਾਖ਼ਾਨਾ" ਦਾ ਸਾਈਨ ਬੋਰਡ; ਉਹਦੇ ਲਾਗਲੇ ਮਕਾਨ ਉਤੇ "ਫ਼ਰੈਂਡਸ ਟ੍ਰੇਡਿੰਗ ਕਾਰਪੋਰੇਸ਼ਨ" ਦਾ ਸਾਈਨ ਬੋਰਡ; ਫਿਰ ਇਕ ਦਰਜ਼ੀ ਦੀ ਦੁਕਾਨ, ਅਤੇ ਫਿਰ 'ਮਹਿਲਾ ਸੇਵਾ ਮੰਡਲ' ਦੀ ਪੀਲੀ ਪੋਚੀ ਹੋਈ ਇਮਾਰਤ, ਜਿਹੜੀ ਸਾਈਨ ਬੋਰਡਾ ਨਾਲ ਭਰੀ ਹੋਈ ਸੀ। ਫਾਟਕ ਉਤੇ ਮੰਡਲ ਦਾ ਨਾਂ, ਸੱਜੇ ਪਾਸੇ ਲੰਮੇ ਸਾਈਨ ਬੋਰਡ ਉਤੇ ਸ਼੍ਰੀ ਮਾਨ ਸਕੱਤਰ ਜੀ ਅਤੇ ਨਿਗਰਾਨ ਰਈਸਾਂ ਦੀ ਨਾਮਾਵਾਲੀ, ਖੱਬੇ ਹੱਥ ਵਲ ਸਾਈਨ ਬੋਰਡ ਉਤੇ ਮੰਡਲ ਦੀ ਮਹਾਨ ਉਦੇਸ਼ਆਵਲੀ ਟੰਗੀ ਹੋਈ ਸੀ, ਕੰਧ ਉਤੇ ਮੋਟੇ ਮੋਟੇ ਅੱਖਰਾਂ ਵਿਚ "ਯਤ੍ਰ ਨਾਰਯਸਤੁ ਪੂਜਯੰਤੇ ਰਮੰਤੇ ਤਤ੍ਰ ਦੇਵਤਾ:"* ਲਿਖਿਆ ਸੀ।

ਅੰਦਰ ਦਫ਼ਤਰ ਸੀ। ਇਕ ਔਰਤ ਉਥੇ ਦਫ਼ਤਰ ਦੇ ਬੁੱਢੇ ਮੁਨਸ਼ੀ ਕੋਲ ਹੀ ਬੈਠੀ ਸੀ। ਕਣਕਵੰਨਾ ਰੰਗ, ਭੂਰੇ ਤਿਲਾਂ ਨਾਲ ਭਰੇ ਹੱਥ ਅਤੇ ਚਿਹਰਾ, ਨੀਲੀਆਂ ਛੋਟੀਆਂ ਕੱਜਲ ਵਾਲੀਆਂ ਸੁਨਹਿਰੀ ਐਨਕ ਚੜ੍ਹੀਆਂ ਅੱਖਾਂ ਜਿਨ੍ਹਾਂ ਦੀਆਂ ਪਲਕਾ ਦੇ ਭਰਵੱਟੇ ਅਤੇ ਹੇਠਲੀ ਚਮੜੀ ਡੂੰਘੀ ਸਾਂਵਲੀ ਸੀ, ਭੂਰੇ ਵਾਲ, ਕੱਥੇ ਰੰਗੇ ਛੋਟੇ ਛੋਟੇ ਦੰਦਾਂ ਵਾਲੀ ਇਹ ਸਾਫ਼ ਖੱਦਰਧਾਰੀ ਔਰਤ ਉਠ ਖਲੋਤੀ, ਦੰਦ ਵਿਖਾ ਕੇ ਹੱਥ ਜੋੜੇ। ਸੱਜਨ ਨੂੰ ਉਹਦੀ ਮੁਸਕਾਨ ਬੜੀ ਘੁੱਟੀ-ਵੱਟੀ ਹੋਈ ਜਾਪੀ। ਮੱਥੇ ਦੀ ਬਿੰਦੀ ਅਤੇ ਮਾਂਗ ਦਾ ਸੰਧੂਰ ਦੇਵੀ ਜੀ ਦੇ ਸੁਹਾਗ ਦਾ ਪਤਾ ਦਸ ਰਹੇ ਸਨ। ਬਾਕੀ ਜਾਣਕਾਰੀ ਦੇਂਦਿਆਂ ਸਕੱਤਰ ਹੋਰਾਂ ਨੇ ਦਸਿਆ : "ਇਹ ਸ਼੍ਰੀ ਮਤੀ ਧੰਨਵਤੀ ਦੇਵੀ ਸ਼ਾਸਤਰਣੀ, ਪ੍ਰਭਾਕਰ, ਰਾਜਵੈਦ ਹਨ। ਸਾਡੇ ਲਾਗੇ ਹੀ ਸੁੰਦਰ ਬੀਬੀ ਖ਼ਰਾਇਤੀ ਦਵਾ ਘਰ ਹੈ, ਉਹਦੇ ਇਹ ਪ੍ਰਧਾਨ ਨੇ। ਸਾਡੇ ਮੰਡਲ ਦੀ ਤਾਂ ਇਹ ਜਾਨ ਹਨ। ਇਹਨਾਂ ਦੀ ਸਲਾਹ

*ਜਿਥੇ ਨਾਰੀ ਦੀ ਪੂਜਾ ਹੁੰਦੀ ਹੈ, ਉਥੇ ਦੇਵਤਿਆਂ ਦਾ ਨਿਵਾਸ ਹੈ। —ਅਨੁਵਾਦਕ

ਅਤੇ ਸਹਿਯੋਗ ਨਾਲ ਹੀ ਅਸਾਂ ਔਰਤਾਂ ਨੂੰ ਆਯੁਰਵੇਦ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ।"

ਮੰਡਲ ਵਿਚ ਪੱਕੇ ਤੌਰ ਤੇ ਰਹਿਣ ਵਾਲੀਆਂ ਅੱਠ ਇਸਤਰੀਆਂ ਮਾਨਯੋਗ ਪ੍ਰਾਹੁਣਿਆਂ ਸਾਹਮਣੇ ਚਿੱਟੀਆਂ ਸਾਫ਼ ਪੋਸ਼ਾਕਾਂ ਵਿਚ ਪੇਸ਼ ਕੀਤੀਆਂ ਗਈਆਂ। ਉਹਨਾਂ ਦੀ ਉਮਰ ਅਠਾਰਾਂ ਤੋਂ ਪੈਂਤੀ ਦੇ ਅੰਦਰ ਸੀ। ਰੰਗ ਆਮ ਕਰਕੇ ਸਾਂਵਲਾ, ਕਿਸੇ ਦਾ ਗੂਹੜਾ, ਕਿਸੇ ਦਾ ਨਿਖਰਵਾਂ। ਨੈਣ-ਨਕਸ਼ ਲਗਭਗ ਸਭਨਾਂ ਦੇ ਹੀ ਠੀਕ ਠਾਕ ਸਨ। ਉਹਨਾਂ ਵਿਚ ਇਕ ਵੀ ਅਜੇਹੀ ਨਹੀਂ ਸੀ ਜਿਹਨੂੰ ਸੱਚ ਮੁੱਚ ਸੁੰਦਰੀ ਕਿਹਾ ਜਾ ਸਕੇ। ਔਰਤਾਂ ਨੇ ਸਕੱਤਰ ਜੀ ਦੀ ਆਗਿਆ ਨਾਲ ਕੁਝ ਸ਼ਲੋਕ ਅਤੇ ਭਜਨ ਸੁਣਾਏ ਇਸ ਪਿਛੋਂ ਉਹਨਾਂ ਨੂੰ ਸਿਲਾਈ ਕਲਾਸ, ਕਸੀਦੇ ਦੇ ਕੰਮ ਅਤੇ ਕਢਾਈ ਦੀ ਕਲਾਸ, ਸੰਗੀਤ ਕਲਾਸ, ਨਾਚ ਕਲਾਸ, ਆਯੁਰਵੇਦ ਕਲਾਸ ਅਤੇ ਧਰਮ ਕਲਾਸ ਵਿਖਾਈ ਗਈ। ਇਹਨਾਂ ਵਿਚ ਲਗਭਗ ਪੰਜਾਹ ਪਚਵਿੰਜਾ ਕੁੜੀਆਂ, ਮੁਟਿਆਰਾਂ ਅਤੇ ਕੁਝ ਪਰੌੜ੍ਹਾਂ ਵੀ ਸਨ। ਇਹ ਸਭ ਘਰ ਬਾਰ ਵਾਲੀਆਂ ਔਰਤਾਂ ਸਨ ਜੋ ਦਿਨ ਵੇਲੇ ਇਥੇ ਕੰਮ ਸਿਖਣ ਆਉਂਦੀਆਂ ਸਨ, ਉਹਨਾਂ ਦੇ ਕੰਮ ਦੀ ਮਜ਼ਦੂਰੀ ਵੀ ਦਿਤੀ ਜਾਂਦੀ ਸੀ। ਸਿਰਫ ਸੰਗੀਤ ਅਤੇ ਨਾਚ ਸਿੱਖਣ ਵਾਲੀਆਂ ਨੂੰ ਮਜ਼ਦੂਰੀ ਨਹੀਂ ਮਿਲ ਸਕਦੀ। ਏਹੋ ਹਾਲ ਧਰਮ ਕਲਾਸ ਦਾ ਵੀ ਸੀ। ਅਯੁਰਵੇਦ ਅਤੇ ਧਾਰਮਕ ਕਲਾਸਾਂ ਥਾਂ ਦੀ ਥੁੜ ਕਰਕੇ ਸੁੰਦਰ ਬੀਬੀ ਦੇ ਦਵਾਖਾਨੇ ਵਾਲੇ ਮਕਾਨ ਵਿਚ ਲਗਦੀਆ ਸਨ ਜਿਹਦੇ ਲਈ ਸ੍ਰੀਮਤੀ ਧੰਨਵਤੀ ਦੇਵੀ ਸ਼ਾਸਤਰਣੀ, ਪ੍ਰਭਾਕਰ, ਰੈਜਵੈਦ ਦੀ ਖੁਲ੍ਹ ਦਿਲੀ ਵਾਲੀ ਰਾਮਾਇਣ ਦਾ ਸਕੱਤਰ ਹੋਰਾਂ ਵਲੋਂ ਨਵੇਂ ਸਿਰਿਉਂ ਪਾਠ ਹੋਇਆ।

ਮੰਡਲ ਦਾ ਕੰਮ ਕਾਰ ਦਾ ਢੰਗ ਵੇਖ ਕੇ ਸੱਜਨ ਅਤੇ ਕੰਨਿਆ ਦੋਵਾਂ ਉੱਤੇ ਹੀ ਬੜਾ ਚੰਗਾ ਪ੍ਰਭਾਵ ਪਿਆ। ਇਸ ਚੰਗੇ ਪ੍ਰਬੰਧ ਵਾਲੇ ਸੁਥਰੇ ਵਾਤਾਵਰਣ ਵਿਚ ਕਿਤੇ ਵੀ ਉਸ ਗੰਦਗੀ ਦੀ ਜਾਣਕਾਰੀ ਨਹੀਂ ਸੀ ਮਿਲਦੀ ਜਿਹਦੀ ਖੋਜ ਵਿਚ ਉਹ ਆਏ ਸਨ। ਕੰਨਿਆ ਅਨੇਕਾਂ ਤਰ੍ਹਾਂ ਨਾਲ ਮੰਡਲ ਦੀ ਸਹਾਇਤਾ ਕਰਨ ਦਾ ਵਚਨ ਦੇ ਆਈ। ਪਰਤਦੇ ਸਮੇਂ ਉਹਨੇ ਸੁਤੇ ਸਿਧ ਕਿਹਾ ਸੀ — "ਜਾਂ ਤੇ ਉਹ ਪਗਲੀ ਝੂਠੀ ਏ ਜਾਂ ਇਹ ਏਹੋ ਜਿਹਾ ਢਾਂਚਾ ਏ ਜੀਹਦੀ ਹਾਥ ਸੌਖਿਆਂ ਨਹੀਂ ਪਾਈ ਜਾਣੀ।...ਕਿੰਨੀ ਅੜੌਣੀ ਵਾਲੀ ਦੁਨੀਆ ਹੈ। ਇਹਦੇ ਨਾਲ ਜੂਝਣ ਲਈ ਕੋਈ ਵੱਡਾ ਹਿੰਮਤੀ ਚਾਹੀਦਾ ਹੈ।"

ਇਹਦੇ ਪਿਛੋਂ ਉਹਨੇ ਸੱਜਨ ਨਾਲ ਮੰਡਲ ਬਾਰੇ ਕਦੇ ਗੰਭੀਰ ਚਰਚਾ ਨਾ ਕੀਤੀ। ਸਕੱਤਰ ਜੀ ਵਨ ਕੰਨਿਆ ਕੋਲ ਅਕਸਰ ਆਉਂਦੇ ਸਨ, ਫਿਰ ਸੱਜਨ ਕੋਲ ਆਉਣ ਲੱਗੇ। ਧੰਨਵਤੀ ਦੇਵੀ ਸ਼ਾਸਤਰਣੀ, ਪ੍ਰਭਾਕਰ, ਵੈਦ ਨਾਲ ਵੀ ਉਹ ਸੱਜਨ ਕੋਲ ਆਏ ਗਏ।

ਸੱਜਨ ਨੇ ਬਾਬਾ ਜੀ ਨਾਲ ਮੰਡਲ ਸੰਬੰਧੀ ਸਭ ਕੁਝ ਦਸਿਆ ਕਿਹਾ – "ਤੁਹਾਡੀ

ਪਾਗਲ ਨੇ ਜਿਨ੍ਹਾਂ ਗੱਲਾਂ ਦਾ ਇਸ਼ਾਰਾ ਕੀਤਾ ਓਹਦੀ ਤਾਂ ਉੱਥੇ ਕਿਤੇ ਝਲਕ ਵੀ ਨਹੀਂ ਮਿਲਦੀ –।"

ਬਾਬਾ ਜੀ ਬੋਲੇ — "ਰਾਮ ਜੀ ਸਾਡਾ ਮਨ ਕਹਿੰਦਾ ਹੈ ਕਿ ਉੱਥੇ ਪੱਕੀ ਗੱਲ ਏ ਬੜਾ ਵੱਡਾ ਜਾਲ ਵਿਛਿਆ ਹੋਇਆ ਹੈ। ਓਸ ਪਗਲੀ ਦੀਆਂ ਅਨੇਕਾਂ ਗੱਲਾਂ ਏਹੋ ਜਿਹੀਆਂ ਨੇ ਜਿਨ੍ਹਾਂ ਵਿਚ ਭੋਰਾ ਕੁ ਵੀ ਝੂਠ ਕਲਪਨਾ ਦਾ ਰਲਾ ਨਹੀਂ ਮਿਲਦਾ।"

ਬਾਬਾ ਜੀ ਨੇ ਅਨਾਜ ਦੇ ਇਕ ਵੱਡੇ ਦਿਉਪਾਰੀ ਦਾ ਨਾਂ ਦਸਿਆ ਜਿਨ੍ਹੇ ਜ਼ਬਰ-ਦਸਤੀ ਆਪਣੀ ਭਤੀਜੀ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ। ਮੰਡਲ ਵਿਚ ਉਹਨੂੰ ਸਿਲਾਈ ਦਾ ਕੰਮ ਸਿੱਖਣ ਲਈ ਆਉਣਾ ਪੈਂਦਾ ਹੈ ਅਤੇ ਮਰਜ਼ੀ ਤੋਂ ਉਲਟ ਸਾਰੇ ਮਾਨਸਿਕ ਕਸ਼ਟ ਸਹਿਣੇ ਪੈਂਦੇ ਹਨ। ਉਸ ਅਖੌਤੀ ਪਾਗਲ ਔਰਤ ਦੇ ਸੰਬੰਧ ਵਿਚ ਵੀ ਸੱਜਨ ਨੂੰ ਹੋਰ ਕੁਝ ਪਤਾ ਲੱਗਾ। ਪਗਲੀ ਦਸਦੀ ਸੀ ਕਿ ਪਹਿਲਾਂ ਉਹਨੂੰ ਮੰਡਲ ਦੇ ਧਾਰਮਕ ਵਾਤਾਵਰਣ ਨਾਲ ਪੂਰੀ ਤਰ੍ਹਾਂ ਪ੍ਰਭਾਵਤ ਕਰ ਕੇ ਹੌਲੀ-ਹੌਲੀ ਇਹ ਸਮਝਾਇਆ ਜਾਂਦਾ ਸੀ ਕਿ ਗ੍ਰਿਹਸਤੀ ਬਣਨਾ ਹੀ ਇਸਤਰੀ ਦਾ ਸਭ ਤੋਂ ਵੱਡਾ ਧਰਮ ਹੈ; ਨਾਲ ਨਾਲ ਇਸਤਰੀ ਨੂੰ ਆਦਮੀ ਵਾਂਗ ਵਾਰ ਵਾਰ ਵਿਆਹ ਅਤੇ ਤਿਆਗ ਦਾ ਅਧਿਕਾਰ ਵੀ ਹੈ। ਅਤੇ ਇਹ ਦਸਿਆ ਜਾਂਦਾ ਕਿ ਮੰਡਲ ਸ਼ੁੱਧ ਆਰੀਆ ਪ੍ਰੰਪਰਾ ਅਨੁਸਾਰ ਇਸਤਰੀ ਪੁਰਖ ਦੇ ਪਿਆਰ ਸੰਬੰਧ ਬਣਾ ਕੇ ਸਵੰਬਰ ਰਚਾਉਣ ਦਾ ਪੂਰਾ ਪੂਰਾ ਮੌਕਾ ਦੇਂਦਾ ਹੈ। ਇਹ ਗੱਲਾਂ ਹੌਲੀ ਹੌਲੀ ਉਹਦੇ ਮਨ ਵਿਚ ਬੈਠਾਈਆਂ ਜਾਂਦੀਆਂ ਰਹੀਆਂ, ਪਗਲੀ ਸਭ ਪਾਸਿਆਂ ਤੋਂ ਨਿਰਾਸਰੀ ਹੋਣ ਕਰਕੇ ਮੰਡਲ ਦੇ ਪ੍ਰਭਾਵ ਹੇਠ ਆਉਂਦੀ ਗਈ। ਇਕ ਦਿਨ ਉਹਨੂੰ ਮੰਡਲ ਦੇ ਲਾਜ਼ਾਲੇ ਕਮਰੇ ਵਿਚ ਲਿਆਂਦਾ ਗਿਆ ਜਿਥੇ ਇਕ ਗਭਰੂ ਨਾਲ ਓਹਦੀ ਜਾਣਕਾਰੀ ਕਰਾਈ ਗਈ। ਉਸ ਕਮਰੇ ਵਿਚ ਅਸਾਧਾਰਣ ਸੁਚੱਜੇ ਢੰਗ ਦੀ ਸਜਾਵਟ ਤੋਂ ਬਿਨਾਂ ਰਾਧਾਕ੍ਰਿਸ਼ਨ ਦੀ ਇਕ ਤਸਵੀਰ ਵੀ ਟੰਗੀ ਹੋਈ ਸੀ। ਓਸ ਤਸਵੀਰ ਦੇ ਸਾਹਮਣੇ ਪਗਲੀ ਅਤੇ ਉਸ ਵਿਅਕਤੀ ਤੋਂ ਪ੍ਰਣ ਲਿਆ ਗਿਆ ਕਿ ਉਹ ਦੋਵਾਂ ਦਾ ਭੇਦ ਕਿਸੇ ਤੀਸਰੇ ਨੂੰ ਨਹੀਂ ਦਸਣਗੇ। ਪਾਗਲ ਔਰਤ ਨੇ ਸੱਚੇ ਮਨੋਂ ਆਪਣੇ ਆਪ ਨੂੰ ਉਸ ਆਦਮੀ ਦੇ ਸਪੁਰਦ ਕੀਤਾ। ਆਪਣੇ ਪਿਛਲੇ ਤਲਖ਼ ਤਜਰਬੇ ਦੀ ਕਥਾ ਵੀ ਨਵੇਂ ਪ੍ਰੇਮੀ ਨੂੰ ਸੁਣਾਈ। ਪਗਲੀ ਦਾ ਪ੍ਰੇਮੀ ਲਗਾਤਾਰ ਅੱਠ ਦਸ ਦਿਨ ਆਉਂਦਾ ਰਿਹਾ। ਫਿਰ ਅਚਾਨਕ ਉਹਦਾ ਆਉਣਾ ਵੀ ਰੁਕ ਗਿਆ। ਫ਼ਿਰ ਜਦ ਉਹ ਉਸ ਕਮਰੇ ਵਿਚ ਜਾਣ ਲਈ ਗਈ ਤਾਂ ਉਹਨੇ ਵੇਖਿਆ ਕਿ ਇਕ ਨਵਾਂ ਆਦਮੀ ਉੱਥੇ ਬੈਠਾ ਸੀ। ਉਸ ਆਦਮੀ ਸਾਹਮਣੇ ਫਿਰ ਪੁਰਾਣੀਆਂ ਗੱਲਾਂ ਦਾ ਨਾਟਕ ਦੁਹਰਾਇਆ ਗਿਆ, ਰਾਧਾਕ੍ਰਿਸ਼ਨ ਦੀ ਤਸਵੀਰ ਸਾਹਮਣੇ ਪੁਰਾਣੀ ਪ੍ਰਤਿਗਿਆ ਨਵੇਂ ਸਿਰਿਉਂ ਦੁਹਰਾਉਣ ਦਾ ਤਮਾਸ਼ਾ ਸ਼ੁਰੂ ਹੋਇਆ। ਪਗਲੀ — ਨੇ ਉਹਦਾ ਵਿਰੋਧ ਕੀਤਾ। ਉਹਨੇ ਆਪਣੇ ਆਪ ਨੂੰ ਵੇਸਵਾ ਬਣਨ ਤੋਂ ਇਨਕਾਰ

ਕੀਤਾ ਜਿਸ ਦਾ ਨਤੀਜਾ ਇਹ ਹੋਇਆ ਕਿ ਮਜਬੂਰ ਕਰਨ ਤੇ ਉਹ ਚੀਕ ਪਈ। ਮਹਿਲਾ ਸੇਵਾ ਮੰਡਲ ਦੀ ਇਹ ਚੀਕ ਬਾਹਰ ਤਕ ਪਹੁੰਚੀ ਸੀ ਅਤੇ ਕੁਝ ਦਿਨਾਂ ਦੀ ਵਿਅਰਥ ਚਰਚਾ ਦਾ ਵਿਸ਼ਾ ਵੀ ਰਹੀ ਸੀ। ਪਗਲੀ ਓਸੇ ਦਿਨ ਤੋਂ ਮੰਡਲ ਦੇ ਹੇਠਲੇ ਕਮਰੇ ਵਿਚ ਕੈਦ ਹੋ ਗਈ ਜਿਥੇ ਉਹਨੂੰ ਅਨੇਕਾਂ ਜ਼ਬਰਦਸਤੀਆਂ ਸਹਿਣੀਆਂ ਪਈਆਂ। ਮੂੰਹ ਕਾਲਾ ਕਰਨ ਵਾਲਿਆਂ 'ਚੋਂ ਅਕਸਰ ਪੁਲਸ ਦੇ ਬੰਦੇ ਵੀ ਆਉਂਦੇ ਸਨ। ਉਹਨੂੰ ਓਥੇ ਹੀ ਗੁਪਤ ਬੀਮਾਰੀ ਵੀ ਹੋਈ। ਪਾਗਲ ਨੇ ਇਹ ਵੀ ਦਸਿਆ ਕਿ ਮੰਡਲ ਦੇ ਹੇਠਲੇ ਹਿੱਸੇ ਵਿਚ ਦੋ ਇਹੋ ਜਿਹੀਆਂ ਵੱਡੀਆਂ ਵੱਡੀਆਂ ਕੋਠੜੀਆਂ ਵੀ ਹਨ ਜਿਥੇ ਇਨਕਾਰੀ ਔਰਤਾਂ ਨੂੰ ਕੈਦ ਕੀਤਾ ਜਾਂਦਾ ਹੈ, ਵਾਰ ਵਾਰ ਮਾਰਕੁਟ ਅਤੇ ਬਲਾਤਕਾਰ ਸਹਿਣ ਲਈ ਮਜਬੂਰ ਕਰਕੇ ਏਥੇ ਉਹਨਾਂ ਦੀ ਆਤਮਾ ਕੋਹੀ ਜਾਂਦੀ ਹੈ। ਜਿਹੜੀਆਂ ਔਰਤਾਂ ਮੰਡਲ ਦੀਆਂ ਸੁਹਾਗਣਾਂ ਬਣ ਜਾਂਦੀਆਂ ਹਨ ਉਹ ਨਾਂਹ ਕਰਨ ਵਾਲੀਆਂ ਉੱਤੇ ਰਾਜ ਕਰਦੀਆਂ ਹਨ। ਔਰਤਾਂ ਆਪੋ ਵਿਚਲੇ ਸਾੜੇ, ਲਾਲਚ ਅਤੇ ਅਤਿਆਚਾਰਾਂ ਤੋਂ ਬੇਵੱਸ ਹੋ ਕੇ ਮੰਡਲ ਵਾਲੀਆਂ ਦੀ ਮਰਜ਼ੀ ਅਨੁਸਾਰ ਕੰਮ ਕਰਨ ਲੱਗ ਪੈਂਦੀਆਂ ਹਨ, ਇਹੋ ਜਿਹੀਆਂ ਪੱਕੀਆਂ ਔਰਤਾਂ ਹੀ ਮੈਜਿਸਟ੍ਰੇਟ ਸਾਹਮਣੇ ਸ਼ਾਦੀ ਦੇ ਢਕਵੰਜ ਦੇ ਨਾਲ ਕਾਨੂੰਨ ਦੀ ਨਜ਼ਰ ਵਿਚ ਘੱਟਾ ਪਾ ਕੇ ਬਚੀਆਂ ਹੋਈਆਂ ਹਨ। ਧੰਨਵਤੀ ਦੇਵੀ ਵੈਦ ਅਤੇ ਇਕ ਹੋਰ ਔਰਤ, ਜੀਹਦਾ ਨਾ ਪਗਲੀ ਨੇ ਧੰਦਿਆਂ ਦੀ ਭੂਆ ਦਸਿਆ, ਮੰਡਲ ਦੀਆਂ ਇਸਤਰੀਆਂ ਦੇ ਦੰਡ-ਪੁਰਸਕਾਰ ਆਦਿ ਦਾ ਵਿਧਾਨ ਤਿਆਰ ਕਰਦੀਆਂ ਹਨ। ਧੰਨਵਤੀ ਵੈਦ ਦੇ ਸੰਬੰਧ ਵਿਚ ਸੱਜਨ ਨੇ ਸੁਣਿਆ ਕਿ ਉਹ ਸੈਕਟਰੀ ਨਾਲੋਂ ਵੀ ਜ਼ਿਆਦਾ ਵਹਿਸ਼ਣ, ਅਤਿਆਚਾਰਣ ਹੈ। ਸਕੱਤਰ ਅਤੇ ਵੈਦ ਹੀ ਏਸ ਸ਼ੈਤਾਨੀ ਸਾਮਰਾਜ ਦੇ ਰਾਜਾ ਅਤੇ ਰਾਣੀ ਹਨ। ਵੈਦਣੀ ਦਾ ਬੁੱਢਾ ਪਤੀ ਰੋਟੀ-ਟੁਕੜਾ ਖਾ ਕੇ ਨੌਕਰਾਂ ਵਾਂਗ ਪਿਆ ਰਹਿੰਦਾ ਹੈ।

ਸੱਜਨ ਇਹ ਸਭ ਕੁਝ ਸੁਣ ਕੇ ਬੜਾ ਦੁਖੀ ਹੋਇਆ। ਕਿਸੇ ਨਾ ਕਿਸੇ ਤਰ੍ਹਾਂ ਏਸ ਭੇਦ ਦਾ ਉਦਘਾਟਨ ਕਰਨ ਦੀ ਉਹਦੀ ਮਰਜ਼ੀ ਹੋਣ ਲੱਗੀ। ਇਸ ਸੰਬੰਧ ਵਿਚ ਉਹਨੇ ਕਰਨਲ ਨਾਲ ਵੀ ਚਰਚਾ ਕੀਤੀ। ਉਹਨੇ ਅਕਸਰ ਮੰਡਲ ਬਾਰੇ ਅਫਵਾਹਾਂ ਸੁਣੀਆਂ ਸਨ। ਸਕੱਤਰ ਨੂੰ ਤਾਂ ਕਰਨਲ ਨੇ ਪੂਰਾ ਚਾਰ ਸੌ ਵੀਹ ਦਸਿਆ, ਪਰ ਇਹਦੇ ਨਾਲ ਨਾਲ ਸੱਜਨ ਨੂੰ ਇਸ ਗੱਲ ਦਾ ਕਰੜਾ ਹੁਕਮ ਦਿਤਾ ਕਿ ਉਹ ਭਵਿੱਖ ਵਿਚ ਏਸ ਗੰਦਗੀ ਵਿਚ ਹੱਥ ਪਾਉਣ ਦੀ ਕੋਸ਼ਿਸ਼ ਨਾ ਕਰੇ।

ਪਰ ਸੱਜਨ ਦੇ ਮਨ ਵਿਚ ਇਕ ਅੱਗ ਬਲ ਚੁਕੀ ਸੀ। ਉਹ ਏਸ ਭੇਦ ਦਾ ਉਦਘਾਟਨ ਕਰਨ ਉੱਤੇ ਤੁਲਿਆ ਹੋਇਆ ਸੀ। ਉਹਨੇ ਆਪਣੀ ਇੱਛਾ ਦੂਜਿਆਂ ਤੋਂ ਗੁਪਤ ਰੱਖੀ। ਸੱਜਨ ਨੇ ਵਨ ਕੰਨਿਆ ਦੇ ਨਾਂ ਨਾਲ ਦੋ ਵਾਰ ਫੇਰ ਵੀ ਪੰਝੀ-ਪੰਜਾਹ ਰੁਪਏ ਭਿਜਵਾਏ। ਮੰਤਰੀ ਹੋਰਾਂ ਨੂੰ ਏਸ ਨਵੇਂ ਦਾਨੀ ਪਰਵਾਰ ਵਲ ਸਹਿਜ ਸੁਭਾਵਕ

ਹੀ ਖਿੱਚ ਵਧੀ। ਉਹ ਅਕਸਰ ਆਉਣ ਲੱਗੇ। ਇਕ ਵਾਰ ਵਨ ਕੰਨਿਆ ਨੂੰ ਵਿਖਿਆਨ ਕਰਨ ਲਈ ਵੀ ਲੈ ਗਏ। ਇਕ ਦਿਨ ਪਹਿਲਾਂ ਤੋਂ ਸਮਾਂ ਮਿੱਥ ਕੇ — ਕੰਨਿਆ ਜਦ ਤਾਈ ਦੇ ਘਰ ਆਪਣੇ ਸਕੂਲ ਚਲੀ ਜਾਂਦੀ ਸੀ – ਉਸ ਵੇਲੇ — ਸੱਜਨ ਨੇ ਉਹਦੇ ਨਾਂ ਨਾਲ ਸਕੱਤਰ ਨੂੰ ਘਰ ਬੁਲਵਾਇਆ, ਪੁੱਛਿਆ — "ਦਸੋ ਕਿੰਜ ਆਏ ?"

ਸਕੱਤਰ ਬੋਲਿਆ — "ਕਲ੍ਹ ਦੁਪਹਿਰੇ ਮੈਨੂੰ ਦੇਵੀ ਜੀ ਦਾ ਸੰਦੇਸ਼ ਮਿਲਿਆ ਸੀ, ਉਹਨਾਂ ਨੇ ਹੀ ਮੈਨੂੰ ਅਜ ਏਸ ਵੇਲੇ ਬੁਲਾਇਆ ਸੀ।"

"ਉਹ ਤਾਂ ਹੈਗੀ ਨਹੀਂ, ਸ਼ਾਇਦ ਕਿਸੇ ਜ਼ਰੂਰੀ ਕੰਮ ਚਲੀ ਗਈ ਹੈ, ਬੈਠੋ ਆਉਂਦੀ ਹੋਏਗੀ। ਲਉ ਸ਼ੌਕ ਫ਼ਰਮਾਉ।"

"ਹੇਂ-ਹੇਂ-ਹੇਂ-ਹੇਂ ! ਮੈਂ ਤਾਂ ਪਾਨ ਤਮਾਕੂ ਬਿਨਾਂ ਹੋਰ ਕੋਈ ਨਸ਼ਾ ਨਹੀਂ ਕਰਦਾ।"

"ਓ ਛੱਡੋ ਜੀ !......ਬਹਿਸ਼ਤ ਵਿਚ ਰਹਿੰਦੇ ਓ ਤੇ ਇਸ ਤੋਂ ਪਰਹੇਜ਼ ਕਰਦੇ ਓ।" ਥੋੜੀ ਦੇਰ ਵਿਚ ਹੀ ਸੱਜਨ ਨੇ ਸਕੱਤਰ ਹੋਰਾਂ ਨੂੰ ਆਪਣੀਆਂ ਗੱਲਾਂ ਵਿਚ ਵਲ ਲਿਆ। ਇਹਦੇ ਵਿਚ ਬੋਲਾਂ ਦੀ ਚਤੁਰਾਈ ਨਾਲੋਂ ਜ਼ਿਆਦਾ ਉਹਦੇ ਸ਼ਾਨਦਾਰ ਆਲੇ ਦੁਆਲੇ ਦਾ ਹਿੱਸਾ ਸੀ। ਉਹਨੂੰ ਇਹ ਭਰੋਸਾ ਦਿਵਾ ਦਿਤਾ ਕਿ ਵਨ ਕੰਨਿਆ ਅਤੇ ਸੱਜਨ ਦਾ ਪੰਥ ਵੱਖਰਾ ਵੱਖਰਾ ਹੈ। ਇਹ ਸਾਰਾ ਸਮਾਜਕ ਕੰਮਾਂ ਦਾ ਨਾਟਕ ਤਾਂ ਉਹ ਵਨ ਕੰਨਿਆ ਕਰਕੇ ਹੀ ਕਰਦਾ ਹੈ। ਸੱਜਨ ਨੇ ਆਪਣੇ ਬਾਰੇ ਅਨੇਕਾਂ ਸੱਚੀਆਂ ਝੂਠੀਆਂ ਰੋਮਾਂਟਿਕ ਕਹਾਣੀਆਂ ਘੜ ਕੇ ਸੁਣਾਈਆਂ, ਇਹ ਦਸਿਆ ਕਿ ਮੁਹੱਲੇ ਵਿਚ ਸਟੂਡੀਓ ਖੋਲ੍ਹਣ ਪਿਛੇ ਉਹਦਾ ਮਤਲਬ ਏਹੋ ਸੀ ਅਤੇ ਉੱਥੇ ਉਹਨੇ ਬੜੇ ਅਨੰਦ ਵੀ ਮਾਣੇ। ਸੱਜਨ ਨੇ ਇਹ ਵੀ ਇਸ਼ਾਰਾ ਕੀਤਾ ਕਿ ਉਹ ਗੁਪਤ ਅਨੰਦ ਮਾਨਣ ਲਈ ਸੈਂਕੜੇ ਰੁਪਏ ਵੀ ਖ਼ਰਚ ਕਰ ਦੇਂਦਾ ਹੈ।

ਸਕੱਤਰ ਸਾਹਿਬ ਤਿਲਕ ਪਏ। ਧੰਨਵਤੀ ਵੀ ਉਹਦਾ ਘਰ ਵੇਖ ਈ ਗਈ ਸੀ; ਵਨ ਕੰਨਿਆ ਨਾਲੋਂ ਜ਼ਿਆਦਾ ਉਹ ਸੱਜਨ ਨਾਲ ਆਪਣਾ ਸੰਬੰਧ ਜੋੜਨ ਲਗੀ।

ਇਕ ਦਿਨ ਧੰਨਵਤੀ ਜੀ ਨੇ ਸੱਜਨ ਨੂੰ ਆਪਣੇ ਘਰ ਦਿਨ ਦੇ ਭੋਜਨ ਤੇ ਬੁਲਾਇਆ। ਸੱਜਨ ਥਿੜਕਿਆ; ਉਹਨੇ ਸੋਚਿਆ, ਫਿਰ ਚਲਾ ਗਿਆ। ਉਸ ਦਿਨ ਸਾਰਾ ਜਾਦੂ-ਚੱਕਰ ਸਮਝ ਵਿਚ ਆ ਗਿਆ। ਸ੍ਰੀਮਤੀ ਸੁੰਦਰ ਬੀਬੀ ਖ਼ੈਰਾਇਤੀ ਦਵਾਘਰ ਅਤੇ ਮਹਿਲਾ ਸੇਵਾ ਮੰਡਲ ਵਿਚਲੀ ਫ਼ਰੈਂਡਜ਼ ਟ੍ਰੇਡਿੰਗ ਕਾਰਪੋਰੇਸ਼ਨ ਵਾਲੀ ਇਮਾਰਤ ਅਸਲ ਵਿਚ ਆਦਮੀਆਂ ਦੇ ਆਉਣ ਜਾਣ ਵਾਸਤੇ ਸੌਖ ਵਾਲਾ ਰਾਹ ਹੈ। ਫ਼ਰੈਂਡਜ਼ ਟ੍ਰੇਡਿੰਗ ਕਾਰਪੋਰੇਸ਼ਨ ਸ਼ੇਅਰ ਮਾਰਕੀਟ ਨਾਲ ਸੰਬੰਧ ਰਖਣ ਵਾਲੀ ਸੰਸਥਾ ਹੈ। ਮੰਡਲ ਦੇ ਇਕ ਧਨੀ ਨਿਗਰਾਨ ਦੇ ਕੁਝ ਕਰਮਚਾਰੀ ਉਥੇ ਕੰਮ ਕਰਦੇ ਹਨ; ਸ਼ੇਅਰਾਂ ਦਾ ਕੰਮ ਤਾਂ ਉਥੇ ਨਾਮ ਮਾਤਰ ਹੀ ਹੁੰਦਾ ਹੈ; ਉਸ ਬਹਾਨੇ ਸਾਰਾ ਦਿਨ ਲੋਕਾਂ ਦੀ ਆਵਾਜਾਈ ਲਈ ਉਹ ਦਫ਼ਤਰ ਸੌਖਾ ਰਾਹ ਬਣਾਉਂਦਾ ਹੈ। ਸੱਜਨ ਏਸੇ ਰਾਹ

ਬਾਣੀਂ ਹੀ ਅੰਦਰ ਗਿਆ। ਹੇਠਲਾ ਵਿਹੜਾ ਤਕਰੀਬਨ ਖ਼ਾਲੀ ਸੀ, ਉੱਤੇ ਜੰਗਲੇ ਅੱਗੇ ਖੁਲ੍ਹੀ ਛੱਤ ਸੀ। ਸਾਹਮਣੇ ਤਿੰਨਾਂ ਬੂਹਿਆਂ ਵਾਲਾ ਇਕ ਕਮਰਾ ਸੀ, ਜਿਹੜਾ ਅੰਦਰੋਂ ਤਿੰਨਾਂ ਕੋਠੜੀਆਂ ਦੀ ਸ਼ਕਲ 'ਚ ਇਕ ਇੱਟੀ ਕੰਧ ਨਾਲ ਵੰਡਿਆ ਹੋਇਆ ਸੀ। ਸੁੰਦਰ ਬੀਬੀ ਖ਼ਰਾਇਤੀ ਦਵਾ ਘਰ, ਫ਼ਰੈਂਡਜ਼ ਟ੍ਰੇਡਿੰਗ ਕਾਰਪੋਰੇਸ਼ਨ ਅਤੇ ਮਹਿਲਾ ਸੇਵਾ ਮੰਡਲ ਉੱਤੇ ਦੋਵਾਂ ਪਾਸਿਆਂ ਤੋਂ ਬੂਹੇ ਕੱਢ ਕੇ ਇਕੋ ਇਮਾਰਤ ਦੇ ਰੂਪ ਵਿਚ ਬੰਨ੍ਹ ਦਿਤੇ ਗਏ ਹਨ ਸ੍ਰੀਮਤੀ ਧੰਨਵਤੀ ਦੇਵੀ ਵੈਦ, ਸ਼ਾਸਤਰਣੀ, ਸੱਜਨ ਨੂੰ ਮੰਡਲ ਦੀ ਇਮਾਰਤ ਵਿਚ ਇਕ ਐਸੀ ਕੋਠੜੀ ਵਿਚ ਲੈ ਗਈ ਜਿਥੋਂ ਉਹ ਬੇਫ਼ਿਕਰ ਹੋ ਕੇ ਸਿਲਾਈ, ਕਢਾਈ ਆਦਿ ਦੀਆਂ ਕਲਾਸਾਂ ਵਿਚ ਕੰਮ ਕਰਨ ਵਾਲੀਆਂ ਤੀਵੀਆਂ ਨੂੰ ਵੇਖ ਸਕਦਾ ਸੀ। ਥੋੜੀ ਦੇਰ ਪਿਛੋਂ ਧੰਨਵਤੀ ਦੇਵੀ ਸ਼ਾਸਤਰਣੀ ਫਿਰ ਆਈ। ਉਹਨੂੰ ਇਕ ਝਰੋਖੇ 'ਚੋਂ ਹਟਾ ਕੇ ਦੂਜੀ ਕੰਧ ਵਿਚ ਬਣੇ ਹੋਏ ਝਰੋਖੇ ਕੋਲ ਲੈ ਗਈ। ਦੂਸਰੀ ਬਾਹੀ ਵਾਲੇ ਕਮਰੇ ਵਿਚ ਅੱਠ ਦਸ ਔਰਤਾਂ ਇਕੱਠੀਆਂ ਹੋ ਗਈਆਂ ਸਨ। ਇਹ ਵੇਲਾ ਕੂੜ-ਪੰਥੀ ਔਰਤਾਂ ਦੀ ਚਾਹ ਦਾ ਸੀ। ਗਾਹਕਾਂ ਨੂੰ ਇਸ ਵੇਲੇ ਝਰੋਖੇ 'ਚੋਂ ਚੁੱਪਚਾਪ ਮਾਲ ਵਿਖਾਇਆ ਜਾਂਦਾ ਸੀ। ਗਾਹਕ ਜਿਹਨੂੰ ਪਸੰਦ ਕਰ ਲਵੇ ਉਹਨੂੰ ਉਸਦੀ ਸੇਵਾ 'ਚ ਘੱਲਿਆ ਜਾਂਦਾ ਸੀ। ਸੱਜਨ ਖਲੋਤਾ ਉਹਦੀਆਂ ਗੱਲਾਂ ਸੁਣਦਾ ਰਿਹਾ। ਗੱਲਾਂ, ਘਰਬਾਰ, ਪਤੀਆਂ, ਰਿਸ਼ਤੇਦਾਰਾਂ ਦੇ ਸੰਬੰਧ ਵਿਚ ਸਨ, ਉਹਨਾਂ ਵਲੋਂ ਘਰ ਵਿਚ ਬਣਾਏ ਜਾਣ ਵਾਲੇ ਬਹਾਨਿਆਂ ਬਾਰੇ ਸਨ; ਗੁਪਤ ਮਖ਼ੌਲ ਸਨ। ਧੰਨਵਤੀ ਦੇਵੀ ਵੈਦ ਸੱਜਨ ਨਾਲ ਵਧ ਤੋਂ ਵਧ ਖਹਿ ਕੇ ਖਲੋਣ ਦਾ ਯਤਨ ਕਰਦੀ, ਬੜਾ ਮਜ਼ਾ ਲੈ ਕੇ ਉਹਨਾਂ ਔਰਤਾਂ ਬਾਰੇ ਦੱਸ ਰਹੀ ਸੀ। ਦੋਂਹ ਤਿੰਨਾਂ ਸੰਬੰਧੀ — ਤਾਂ ਉਹਨੇ ਇਹ ਦਸਿਆ ਕਿ ਉਹਨਾਂ ਦੇ ਪਤੀ ਬੁੱਢੇ ਹਨ, ਇਕ ਦੀ ਗ਼ਰੀਬੀ ਦੀ ਤਸਵੀਰਾਂ ਖਿੱਚਦਿਆਂ ਹੋਇਆਂ ਕਹਿਣ ਲੱਗੀ — "ਕਈ ਵਿਚਾਰੀਆਂ ਦੀ ਤਾਂ ਰੋਟੀ ਏਥੋਂ ਚਲਦੀ ਹੈ। ਅਸੀਂ ਲੋਕ ਇੱਜ਼ਤ ਨਾਲ ਤਨ-ਮਨ ਧਨ ਦੀ ਭੁੱਖ ਮਿਟਾਉਂਦੇ ਆਂ, ਮੈਂ ਤਾਂ ਕਹਿੰਦੀ ਹਾਂ ਇਹ ਬੜਾ ਪੁੰਨ ਵਾਲਾ ਕੰਮ ਏ।"

ਸੱਜਨ ਧੰਨਵਤੀ ਦੇਵੀ ਤੋਂ ਘਬਰਾਹਟ ਮਹਿਸੂਸ ਕਰ ਰਿਹਾ ਸੀ। ਉਹਨੇ ਉਸ ਦਿਨ ਕਿਸੇ ਅਪੱਸਰਾ ਨੂੰ ਆਪਣੀ ਸੇਵਾ ਵਿਚ ਨਹੀਂ ਬੁਲਾਇਆ।

ਸੱਜਨ ਲਗਾਤਾਰ ਤਿੰਨ ਚਾਰ ਦਿਨ ਓਥੇ ਜਾਂਦਾ ਰਿਹਾ। ਉਹਨੇ ਧੰਨਵਤੀ ਦੇਵੀ ਦੇ ਆਪਣੇ ਵਲ ਖਿਚਾਅ ਦੀ ਮੁਸੀਬਤ ਵੀ ਸਹੀ। ਉਹਨੂੰ ਰਿਝਾਉਣ ਲਈ ਢਾਈ ਸੌ ਰੁਪਏ ਦੀ ਇਕ ਘੜੀ ਵੀ ਪ੍ਰੈਜ਼ੰਟ ਕੀਤੀ।

ਸੱਜਨ ਨੂੰ ਇਹਨਾਂ ਤਿੰਨ ਚਾਰ ਦਿਨਾਂ ਵਿਚ ਅਦਭੁਤ ਰੂਪ ਵਿਚ ਨਿੱਜੀ ਅਤੇ ਸਮਾਜਕ ਤਜਰਬੇ ਪ੍ਰਾਪਤ ਹੋਏ। ਆਪਣੇ ਬਾਰੇ ਜਿਹੜਾ ਨਵਾਂ ਅਨੁਭਵ ਹੋਇਆ ਉਹਦੇ ਨਾਲ ਉਹਨੂੰ ਆਪ ਹੀ ਅਸਚਰਜ ਹੁੰਦਾ ਸੀ। ਕੁਝ ਮਹੀਨੇ ਪਹਿਲਾਂ ਤੀਕ ਸੱਜਨ ਓਪਰੀ

ਸੋਚ ਨਾਲ ਬਾਹਰੋਂ ਇਹੋ ਜਿਹੇ ਘ੍ਰਿਣਤ ਕੰਮਾਂ ਦੀ ਨਿਖੇਧੀ ਕਰਦਾ ਹੋਇਆ ਵੀ ਮਨ ਵਿਚ ਉਹਨਾਂ ਦੀ ਖਿੱਚ ਨਾਲ ਵੀ ਬੱਝਦਾ ਸੀ। ਕੁਝ ਮਹੀਨੇ ਪਹਿਲਾਂ ਸੱਜਨ ਇਸ ਅੱਡੇ ਵਿਚ ਆ ਕੇ ਆਪਣੇ ਆਪ ਨੂੰ ਗੁਆ ਚੁਕਾ ਹੁੰਦਾ। ਪਰ ਅਜ ਉਹਨੂੰ ਇਹੋ ਦ੍ਰਿਸ਼ ਅੱਠੇ ਪਹਿਰ ਸਤਾਉਂਦੇ ਰਹਿੰਦੇ ਸਨ। ਕੰਨਿਆ ਨਾਲ ਵਿਆਹ ਤੋਂ ਪਹਿਲੋਂ ਜਿਹੜੀ ਮਨ-ਪੜਚੋਲ ਅਤੇ ਵਿਆਹ ਤੋਂ ਪਿਛੋਂ ਜਿਹੜਾ ਮਨ ਦਾ ਵਿਸ਼ਵਾਸ ਮਿਲਿਆ, ਜਿਹੜੇ ਵਿਚਾਰ ਪੱਕੇ, ਉਹਦੇ ਆਪੇ ਨੂੰ ਨਵੇਂ ਸਿਰਿਓਂ ਢਾਲ ਚੁਕੇ ਹਨ — ਇਹ ਉਹਨੇ ਮੰਡਲ ਵਿਚ ਲਗਾਤਾਰ ਆਉਣ ਉੱਤੇ ਹੀ ਮਹਿਸੂਸ ਕੀਤਾ। ਔਰਤ ਦੇ ਸ੍ਵੈ-ਅਭਿਮਾਨ, ਸੁੱਚੇ ਚਰਿੱਤਰ ਅਤੇ ਸਮਰਪਣ ਦਾ ਜਿਹੜਾ ਨਵਾਂ ਪੈਮਾਨਾ ਵਨਕੰਨਿਆ ਦੇ ਰੂਪ ਵਿਚ ਬਣਿਆ, ਉਹਨੇ ਉਹਨੂੰ ਉਤਾਂਹ ਚੁਕਿਆ। ਆਪਣੀ ਮਾਂ ਨੂੰ ਛੱਡ ਕੇ ਸੱਜਨ ਹੋਰ ਕਿਸੇ ਔਰਤ ਨੂੰ ਜਿਹੜਾ ਆਦਰ ਨਹੀਂ ਸੀ ਦੇ ਸਕਿਆ ਉਹ ਉਹਦੀ ਆਪਣੀ ਪਤਨੀ ਲਈ ਆਪਣੇ ਆਚਰਣ ਰਾਹੀਂ ਉਹਦੇ ਅੰਦਰ ਸਹਿਜ ਸੁਭਾਵਕ ਆ ਗਿਆ। ਅਤੇ ਵਨ ਕੰਨਿਆ ਦਾ ਆਦਰ ਕਰਨਾ ਹੀ ਉਹਦੇ ਜੀਵਨ ਦਾ ਬਹੁਤ ਵੱਡਾ ਇਨਕਲਾਬ ਸੀ। ਜਵਾਨ ਸੁੰਦਰ ਔਰਤ ਬਾਰੇ ਉਹਦਾ ਵਿਚਾਰ ਹੀ ਬਦਲ ਗਿਆ ਸੀ। ਮੰਡਲ ਵਿਚ ਇਹਨਾਂ ਚੌਂਹ ਦਿਨਾਂ ਦੇ ਫੇਰੇ ਤੋਰੇ ਨਾਲ ਸੱਜਨ ਨੇ ਜਿਹੜਾ ਸਭ ਤੋਂ ਵੱਡਾ ਗਿਆਨ ਪ੍ਰਾਪਤ ਕੀਤਾ ਉਹ ਏਹੋ ਸੀ। ਉਹਨੇ ਆਪਣੇ ਪਹਿਲੇ ਤਜਰਬਿਆਂ ਨਾਲ ਮੰਡਲ ਦੇ ਇਹ ਦ੍ਰਿਸ਼ ਜੋੜਦਿਆਂ ਹੋਇਆਂ ਉਹਨਾਂ ਕਾਰਜਾਂ ਨੂੰ ਵੀ ਮਹਿਸੂਸ ਕੀਤਾ ਜਿਹਨਾਂ ਕਰ ਕੇ ਔਰਤਾਂ ਇਸ ਰਾਹ ਤੇ ਆਉਂਦੀਆਂ ਹਨ। ਪੈਸੇ ਵਾਲੀਆਂ ਸ਼ੌਕਣਾਂ-ਸ਼ੌਕ ਨਾਲ ਆਉਂਦੀਆਂ ਹਨ, ਉਹਨਾਂ ਦੇ ਪਤੀ ਉਹਨਾਂ ਨੂੰ ਧੋਖਾ ਦੇਂਦੇ ਹਨ ਅਤੇ ਉਹ ਆਪਣੇ ਪਤੀਆਂ ਨੂੰ। ਮਜਬੂਰੀ ਦਾ ਜੀਵਨ ਬਿਤਾਉਣ ਵਾਲੀਆਂ ਵਿਧਵਾ ਔਰਤਾਂ ਕਰੀਬ ਕਰੀਬ ਲਾਲਚ ਵਿਚ ਫਸ ਕੇ ਏਥੇ ਆਉਂਦੀਆਂ ਹਨ। ਸਾਡੇ ਸਮਾਜਕ ਸੰਗਠਨ ਵਿਚ ਵਿਧਵਾਂ ਦੀ ਹਾਲਤ ਲਗ ਭਗ ਏਦਾਂ ਦੀ ਹੁੰਦੀ ਹੈ ਕਿ ਪੈਸੇ ਅਤੇ ਮਰਦ ਦੋਵਾਂ ਤੋਂ ਹੀ ਵਾਂਵੀ ਕਰ ਦਿਤੀ ਜਾਂਦੀ ਹੈ। ਵਿਧਵਾਵਾਂ ਧਰਮ ਚਰਚਾ ਦੇ ਬਹਾਨੇ, ਸਿਲਾਈ ਸਿੱਖਣ ਅਤੇ ਮਜ਼ਦੂਰੀ ਕਰਨ ਦੇ ਬਹਾਨੇ ਏਥੇ ਆਉਂਦੀਆਂ ਹਨ। ਘਟ ਆਮਦਨੀ ਵਾਲੀ ਵਿਚਲੀ ਸ਼੍ਰੇਣੀ ਦੀਆਂ ਉਹ ਮੁਟਿਆਰਾਂ ਆਉਂਦੀਆਂ ਹਨ ਜਿਹਨਾਂ ਦੀਆਂ ਖ਼ਾਹਸ਼ਾਂ ਦੇ ਸੁਪਨੇ ਜ਼ਮਾਨੇ ਦੇ ਪ੍ਰਭਾਵ ਹੇਠ ਰਿਆਸਤੀ ਰੁਚੀਆਂ ਵਾਲੇ ਹੁੰਦੇ ਹਨ। ਪੇਕੇ ਘਰ ਸੋਚਦੀਆਂ ਹਨ ਕਿ ਪਤੀ ਦੇ ਪੈਸੇ ਨਾਲ ਐਸ਼ ਕਰਾਂਗੀਆਂ, ਪਰ ਆਮ ਤੌਰ ਤੇ ਇਹ ਭਾਗ ਸਭਨਾਂ ਨੂੰ ਨਹੀਂ ਮਿਲਦੇ। ਜ਼ਿਆਦਾ ਮੁਟਿਆਰਾਂ ਆਪਣੇ ਪਤੀਆਂ ਦੀਆਂ ਆਰਥਕ ਸੀਮਾਵਾਂ ਵਿਚ ਬੱਝ ਕੇ ਦੁਖੀ ਰਹਿੰਦੀਆਂ ਹਨ। ਦਿਨੇ ਰਾਤ ਘਰ ਵਿਚ ਕਲਾਹ ਕਰਦੀਆਂ ਹੋਈਆਂ ਅਤ੍ਰਿਪਤੀਆਂ ਨਾਲ ਭਰੀਆਂ ਰਹਿੰਦੀਆਂ ਹਨ। ਸਿਨਮੇ ਦੇ ਆਧੁਨਿਕ ਦੌਰ 'ਚੋਂ ਲੰਘਦਿਆਂ ਹੋਇਆਂ ਅੱਜ ਦੇ ਕਮਜ਼ੋਰ ਦਿਮਾਗ ਵਾਂਗ ਉਹਨਾਂ ਦੇ

ਮਨ ਵਿਚ ਨਵੇਂ ਹੀਰੋ ਦੀ ਭਾਲ ਰਹਿੰਦੀ ਹੈ — ਏਹੋ ਜਿਹਾ ਹੀਰੋ ਜੋ ਉਹਨਾਂ ਦੇ ਘਰਵਾਲਿਆਂ ਤੋਂ ਉਲਟ ਉਹਨਾਂ ਦੀ ਸੁੰਦਰਤਾ ਅਤੇ ਗੁਣਾਂ ਉੱਤੇ ਰੀਝ ਕੇ ਉਹਨਾਂ ਨੂੰ ਸੁਖ-ਆਰਾਮ ਦੇ ਪੰਘੂੜੇ ਝੂਟਾਏ। ਸੱਜਨ ਨੇ ਵੇਖਿਆ ਕਿ ਸੰਗੀਤ ਨਾਚ ਸਿੱਖਣ ਦੇ ਬਹਾਨੇ ਇਸ ਮੰਡਲ ਵਿਚ ਏਹੋ ਜਿਹੀਆਂ ਕੱਚੀ ਉਮਰ ਦੀਆਂ ਲੜਕੀਆਂ ਵੀ ਫਸਾ ਕੇ ਲਿਆਂਦੀਆਂ ਜਾਂਦੀਆਂ ਹਨ ਜਿਹਨਾਂ ਦੇ ਮਨ ਵਿਚ ਅਣਹੰਢਾਏ ਹੋਏ ਸੈਕਸ ਦੀ ਤਿੱਖੀ ਭੁੱਖ ਹੁੰਦੀ ਹੈ। ਉਹ ਵੱਡੀ ਉਮਰ ਦੀਆਂ ਮੁਟਿਆਰਾਂ ਵੀ ਆਉਂਦੀਆਂ ਹਨ ਜਿਹਨਾਂ ਦਾ ਪੈਸੇ ਦੀ ਥੁੜ ਕਾਰਨ ਵਿਆਹ ਨਹੀਂ ਹੋ ਸਕਦਾ। ਇਕ ਵਾਰ ਭੈੜੇ ਜੀਵਨ ਵਿਚ ਫਸ ਕੇ ਨਾਰੀ ਦਾ ਆਚਰਣ ਕ੍ਰਾਂਤੀਕਾਰੀ ਰੂਪ ਨਾਲੋਂ ਟੁੱਟ ਜਾਂਦਾ ਹੈ। ਪਖੰਡ ਅਤੇ ਭੇਦ ਦੇ ਵਾਤਾਵਰਣ ਦੇ ਕਾਰਨ ਬਹੁਤ ਸਾਰੀਆਂ ਔਰਤਾਂ ਵਿਚ ਇਕ ਲੜੀ ਵਿਚ ਬੱਝਣ ਵਾਲਾ ਡਿਸਿਪਲਨ ਆਪਣੇ ਆਪ ਫੁਟ ਪੈਂਦਾ ਹੈ। ਆਪਣੀ ਜਮਾਤ ਵਿਚ ਵੱਧ ਤੋਂ ਵੱਧ ਔਰਤਾਂ ਸ਼ਾਮਲ ਹੋਣ, ਇਹਦੇ ਲਈ ਵੀ ਉਹ ਲੱਗਭੱਗ ਆਪ ਹੀ ਯਤਨ ਕਰਦੀਆਂ ਰਹਿੰਦੀਆਂ ਹਨ। ਅਨੇਕਾਂ ਅਜੇਹੀਆਂ ਵੀ ਹੁੰਦੀਆਂ ਹਨ ਜੋ ਸੁਭਾ ਦੀਆਂ ਸਾਦੀਆਂ, ਪਰ ਕਮਜ਼ੋਰ ਮਨ ਵਾਲੀਆਂ ਹੋਣ ਕਰ ਕੇ ਇਕ ਵਾਰ ਫਸ ਕੇ ਫਿਰ ਜੀਵਨ ਭਰ ਏਸ ਨਰਕ 'ਚੋਂ ਉਭਰਨ ਦਾ ਰਾਹ ਨਹੀਂ ਲਭ ਸਕਦੀਆਂ, ਦਿਨ ਰਾਤ ਗੁਪਤ ਮਾਨਸਿਕ ਜਵਾਲਾ ਵਿਚ ਸੜਦੀਆਂ ਰਹਿੰਦੀਆਂ ਹਨ।

ਇਹਨਾਂ ਚੌਂਹ ਦਿਨਾਂ ਵਿਚ ਸੱਜਨ ਆਪਣੇ ਮਨ ਦੇ ਕੋਨੇ ਕੋਨੇ ਵਿਚ ਅੜਕ ਅੜਕ ਕੇ ਫਿਰਿਆ ਹੈ। ਸਮਾਜਿਕਤਾ, ਇੱਜ਼ਤਦਾਰੀ, ਸੁੱਚਾ ਚਰਿੱਤਰ, ਚੰਗੀ ਕੁੱਲ, ਇਹ ਸਭ ਸੋਨੇ ਇਹੋ ਜਿਹੀਆਂ ਠੋਸ ਚਮਕਦੀਆਂ ਹੋਈਆਂ ਮਾਨਤਾਵਾਂ ਉਹਨੂੰ ਗੰਦੀਆਂ ਚਿੱਕੜ ਭਰੀਆਂ ਨਾਲੀਆਂ ਵਾਂਗ ਦਿਸਣ ਲੱਗੀਆਂ। ਇਹਨਾਂ ਮਾਨਤਾਵਾਂ ਦਾ ਸਮਾਜ ਵਿਚ ਉਹੋ ਮੁੱਲ ਹੈ ਜੋ ਮਹਿਲਾ ਸੇਵਾ ਮੰਡਲ ਦੀ ਛੱਤ ਅਤੇ ਫਾਟਕ ਤੇ ਸਾਈਨਬੋਰਡਾਂ ਦਾ ਹੈ। ਚਿਤਰਾ ਰਾਜ਼ਦਾਨ ਤੋਂ ਲੈ ਕੇ ਧੰਨਵਤੀ ਦੇਵੀ ਵੇਦ ਸ਼ਾਸ਼ਤਰਾਣੀ ਤਕ, ਮੰਡਲ ਵਿਚ ਆਉਣ ਵਾਲੀਆਂ ਅਨੇਕਾਂ ਇੱਜ਼ਤਦਾਰ ਘਰਾਂ ਦੀਆਂ ਔਰਤਾਂ ਤਕ — ਸੱਭੇ ਹੀ ਉਹਨੂੰ ਔਰਤ ਦੇ ਰੂਪ ਵਿਚ ਵੇਸਵਾ ਰੂਪ ਦਿਸੇ। ਛੱਜਿਆਂ ਨਾਲ ਸੱਜੇ ਹੋਏ ਬਜ਼ਾਰਾਂ ਵਿਚ ਜਿਹੜੀ ਵੇਸਵਾ ਦਿੱਸਦੀ ਹੈ, ਜੋ ਜੁੱਗਾਂ ਤੱਕ ਭਰੀ ਸਭਾ ਵਿਚ ਦ੍ਰੋਪਦੀ ਬਣਾ ਕੇ ਰੱਖੀ ਗਈ ਹੈ, ਉਸ ਵਿਚਾਰੀ ਨੇ ਹੀ ਫਿਰ ਇਹੋ ਜਿਹਾ ਕਿਹੜਾ ਗੁਨਾਹ ਕੀਤਾ ਹੈ ਜਿਸ ਕਰ ਕੇ ਉਹਨੂੰ ਹੀ ਅਛੂਤ ਸਮਝਿਆ ਜਾਏ। ਉਤੋਂ ਧਰਮ, ਪਵਿੱਤ੍ਰਤਾ, ਸਦਾਚਾਰ ਦਾ ਏਡਾ ਵੱਡਾ ਅਡੰਬਰ ਸਜਾ ਕੇ ਲੁਕ ਛਿਪ ਕੇ ਚਲਣ ਵਾਲੀ ਇਸ ਇੱਜ਼ਤਦਾਰ ਵੇਸਵਾ ਨੂੰ ਕਿਉਂ ਨਾ ਲੋਕਾਂ ਸਾਹਮਣੇ ਨੰਗਾ ਕੀਤਾ ਜਾਏ ? ਇਜ਼ਤਦਾਰ ਸਮਾਜ ਆਪ ਹੀ ਆਪਣੀ ਇੱਜ਼ਤ ਲੁੱਟਣ ਲਈ ਇਹ ਅੱਡੇ ਬਣਾਉਂਦਾ ਹੈ। ਇਹੋ ਜਿਹੀ ਝੂਠੀ ਇੱਜ਼ਤ ਦਾ ਭਾਂਡਾ ਕਿਉਂ ਨਾ ਭੰਨਿਆ ਜਾਏ ? — ਉਹਦੇ ਮਨ ਵਿਚ ਲਗਾਤਾਰ ਘੁਟਣ ਸੁਲਗਦੀ ਰਹੀ।

ਸਮਾਜ ਦੀ ਗੰਦਗੀ ਨੂੰ ਸਾਹਮਣੇ ਲਿਆਉਣਾ ਕੀ ਸਮਾਜ ਲਈ ਕਲਿਆਣਕਾਰੀ ਹੋਏਗਾ ? ਅਜੇਹਾ ਕਰਨ ਨਾਲ ਬੇਸ਼ਰਮੀ ਤਾਂ ਨਹੀਂ ਫੈਲੇਗੀ ? ਉੱਚੀਆਂ ਮਾਨਤਾਵਾਂ ਦੇ ਡਰ ਨਾਲ ਜਿਹੜੀ ਦੁਨੀਆਂ ਹੁਣ ਤੱਕ ਨੱਪੀ-ਘੁੱਟੀ ਇਹ ਕੰਮ ਕਰ ਰਹੀ ਹੈ, ਫਿਰ ਬੇਸ਼ਰਮ ਬਣ ਕੇ ਖੁੱਲ੍ਹ ਕੇ ਨੱਚੇਗੀ। ਉਹ ਦੁਨੀਆਂ ਬੜੀ ਭਿਅੰਕਰ ਹੋਏਗੀ।

ਕਰਨਲ ਨੇ ਸੱਜਨ ਨੂੰ ਏਸ ਗੰਦਗੀ ਵਿਚ ਹੱਥ ਨਾ ਪਾਉਣ ਲਈ ਕਿਹਾ ਸੀ, ਪਰ ਜਦ ਸੱਜਨ ਮੰਡਲ ਦੇ ਤਜਰਬੇ ਲੈ ਕੇ ਬਾਬਾ ਜੀ ਦੀ ਪ੍ਰੇਰਨਾ ਅਤੇ ਪੁਲਸ ਦੀ ਸਹਾਇਤਾ ਨਾਲ ਇਸ ਵਿਭਚਾਰ ਅਤੇ ਔਰਤਾਂ ਵੇਚਣ ਵਾਲੇ ਅੱਡੇ ਨੂੰ ਮਿਟਾਉਣ ਦਾ ਇਰਾਦਾ ਕਰ ਚੁਕਿਆ ਤਾਂ ਉਹਨੇ ਉਹਨੂੰ ਸਾਰਾ ਹਾਲ ਸੁਣਾਇਆ। ਪਰਾਈ ਮੁਸੀਬਤ ਸੁਣ ਕੇ ਕਰਨਲ ਝੱਟ ਹੀ ਪਿਘਲ ਜਾਣ ਵਾਲਾ ਆਦਮੀ ਹੈ, ਝੱਟ ਪੱਟ ਹੀ ਨੱਸ ਭੱਜ ਲਈ ਤਿਆਰ ਹੋ ਗਿਆ। ਸੱਜਨ ਅਧਿਕਾਰੀ ਵਰਗ 'ਚੋਂ ਅਨੇਕਾ ਲੋਕਾਂ ਨੂੰ ਜਾਣਦਾ ਹੈ, ਪਰ ਉਹਦੀ ਜਾਣਕਾਰੀ ਕਰਨਲ ਵਾਂਗ ਇਹਨਾਂ ਲੋਕਾਂ ਨਾਲ ਗੂਹੜੀ ਨਹੀਂ। ਕਰਨਲ ਸਭਨਾਂ ਨੂੰ ਡਾਲੀਆਂ ਘਲਦਾ ਰਹਿੰਦਾ ਹੈ, ਮਿਲਦਾ ਜੁਲਦਾ ਰਹਿੰਦਾ ਹੈ। ਸੱਜਨ ਨੇ ਕਰਨਲ ਨੂੰ ਕਿਹਾ — "ਸੁਪ੍ਰਿਟੈਂਡੈਂਟ ਪੁਲਸ ਨੂੰ ਇਸ ਬਾਰੇ ਮਿਲ, ਮੈਂ ਵੀ ਤੇਰੇ ਨਾਲ ਜਾਵਾਂਗਾ।"

ਕਰਨਲ ਨੇ ਕਿਹਾ — "ਮੈਂ ਸਮਝਦਾਂ ਕਿ ਤੂੰ ਡਾਇਰੈਕਟ ਮਨਿਸਟਰ ਨੂੰ ਮਿਲ। ਨਹੀਂ ਪਤਾ ਨਹੀਂ ਕਈਆਂ ਕਈਆਂ ਕੇਸਾਂ ਵਿਚ ਸੁਪ੍ਰਿਟੈਂਡੈਂਟ ਪੁਲਸ ਤਕ ਅਜੇਹੀਆਂ ਕਾਨਸਪੇਰੇਸੀਆਂ ਵਿਚ ਸ਼ਾਮਲ ਹੁੰਦੇ ਨੇ। ਮੈਂ ਤੈਨੂੰ ਇਕ ਘਟਨਾ ਦੱਸਾਂ। ਅਲੀਗੜ੍ਹ ਵਿਚ ਏਸੇ ਤਰ੍ਹਾਂ ਔਰਤਾਂ ਵੇਚਣ ਦਾ ਸੈਂਟਰ ਸੀ। ਉਸ ਸਾਜ਼ਿਸ਼ ਵਿਚ ਪੰਜ ਡਿਪਟੀ ਸੁਪ੍ਰਿਟੈਂਡੈਂਟ ਪੁਲਸ ਤੇ ਇਕ ਐਸ. ਪੀ. ਵੀ ਸੀ। ਯੂ. ਪੀ. ਦੀ ਸੀ. ਆਈ. ਡੀ. ਨੇ ਇਹ ਕੇਸ ਫੜਿਆ ਸੀ।"

ਸੱਜਨ ਸੁਣ ਕੇ ਸੁੰਨ ਹੋ ਗਿਆ। ਬੋਲਿਆ — "ਸਰਕਾਰ ਨੇ ਇਸ ਤੇ ਕੀ ਕੀਤਾ ?"

ਸਭ ਦੇ ਸਭ ਨੌਕਰੀ ਤੋਂ ਬਰਖ਼ਾਸਤ ਹੋਏ, ਹੋਰ ਕੀ ? ਸਿਰਫ਼ ਸੁਪ੍ਰਿਟੈਂਡੈਂਟ ਪੁਲਸ ਨੂੰ ਉਹਨਾਂ ਬਰਖ਼ਾਸਤ ਨਹੀਂ ਕੀਤਾ, ਉਹਦਾ ਅਸਤੀਫ਼ਾ ਲੈ ਲਿਆ। ਏਸੇ ਲਈ ਕਹਿੰਦਾ ਆਂ ਕਿ..."

ਸੱਜਨ ਗੱਲ ਟੋਕ ਕੇ ਬੋਲਿਆ — "ਵੇਖ ਯਾਰ, ਮੇਰੀ ਆਪਣੀ ਰਾਏ ਏ ਕਿ ਜੇ ਅਸੀਂ ਬਜਾਏ ਮਨਿਸਟਰ ਦੇ ਇਹਨਾ ਲੋਕਾਂ ਤੋਂ ਕੰਮ ਕੱਢੀਏ ਤਾਂ ਜ਼ਿਆਦਾ ਚੰਗਾ ਹੋਏਗਾ। ਇਹਨਾਂ ਵਿਚ ਸਾਰੇ ਏਦਾਂ ਦੇ ਹੀ ਹੋਣ ਮੈਂ ਮੰਨਣ ਲਈ ਤਿਆਰ ਨਹੀਂ। ਇਹ ਸੱਚ ਏ ਕਿ ਪੁਲਸ ਵਿਚ ਗ਼ੈਰ ਜ਼ਿਮੇਂਦਾਰ ਤਬਕਾ ਬਹੁਤ ਈ ਜ਼ਿਆਦਾ ਏ, ਪਰ ਸਾਰੇ ਇਹੋ ਜਿਹੇ ਈ ਨਹੀਂ ਹੋ ਸਕਦੇ। ਆਖ਼ਰ ਕਿਤੇ ਉਹਨਾਂ ਨੂੰ ਵੀ ਆਪਣੀ ਪ੍ਰੈਸਟਿਜ ਦਾ ਵੀ ਤਾਂ ਖ਼ਿਆਲ ਰਹਿੰਦਾ ਹੈ।"

"ਆਹੋ, ਖ਼ੈਰ ਇਹ ਤਾਂ ਹੈ ਈ। ਬੜੇ ਚੰਗੇ ਚੰਗੇ ਲੋਕ ਵੀ ਹੁੰਦੇ ਨੇ, ਪਰ ਬਹੁਤ ਘਟ। ਪੁਲਸ ਦਾ ਮਹਿਕਮਾ ਈ ਐਸਾ ਹੁੰਦਾ ਏ ਜਿਹੜਾ ਅੱਜ ਵਰਗੀ ਹਾਲਤ ਵਿਚ ਆਪਣੇ ਉਦੇਸ਼ ਤੋਂ ਬਿਲਕੁਲ ਉਲਟ ਜਾ ਕੇ ਇਨਸਾਨ ਨੂੰ ਹੈਵਾਨ ਬਣਾ ਦੇਂਦਾ ਏ।"

"ਫਿਰ ਵੀ ਮੈਂ ਸਮਝਦਾਂ ਕਿ ਸਿੱਧੇ ਐਸ. ਪੀ. ਦੇ ਕੋਲ ਈ ਚੱਲੋ। ਹਰ ਕੰਮ ਵਿਚ ਉੱਤੇ ਸਹਾਰਾ ਲੈ ਕੇ ਤੁਰਨ ਵਾਲੀ ਨੀਤੀ ਠੀਕ ਨਹੀਂ — ਖ਼ਾਸ ਕਰ ਕੇ ਇਹੋ ਜਿਹੇ ਕੰਮਾਂ ਵਿਚ। ਸਾਨੂੰ ਆਦਮੀ ਦੀ ਸੱਦਭਾਵਨਾ ਦਾ ਸਹਾਰਾ ਲੈਣਾ ਹੀ ਚਾਹੀਦਾ ਏ!"

ਕੰਨਿਆ ਨੂੰ ਇਸ ਪ੍ਰਸੰਗ ਵਿਚ ਅਜੇ ਕੋਈ ਜਾਣਕਾਰੀ ਨਹੀਂ ਸੀ।

ਅੱਜ ਧੰਨਵਤੀ ਦੇਵੀ ਵੈਦ ਸ਼ਾਸਤਰਾਣੀ, ਪ੍ਰਭਾਕਰ ਮਹਾਨ ਕਲਾਕਾਰ ਵਾਸਤੇ ਇਕ ਅਜੇਹੀ "ਪ੍ਰੇਰਨਾ ਸਮਗਰੀ" ਹਾਜ਼ਰ ਕਰਨ ਦਾ ਵਚਨ ਦੇ ਚੁਕੀ ਸੀ, ਜਿਹੜੀ ਆਮ ਕਰ ਕੇ ਹਰ ਇਕ ਨੂੰ ਨਹੀਂ ਮਿਲਦੀ। ਨਾਲ ਹੀ ਧੰਨਵਤੀ ਨੇ ਇਹ ਵੀ ਵਾਇਦਾ ਕੀਤਾ ਸੀ ਕਿ ਉਹ ਉਹਨੂੰ ਅੱਜ ਮੰਡਲ ਵਿਚ ਹੋਰ ਔਰਤਾਂ ਮਰਦਾਂ ਦੀਆਂ ਜੋੜੀਆਂ ਵੀ ਵਿਖਾਏਗੀ। ਧੰਨਵਤੀ ਦੇਵੀ ਵੈਦ ਸੱਜਨ ਤੋਂ ਬਹੁਤ ਹੀ ਜ਼ਿਆਦਾ ਪ੍ਰਭਾਵਤ ਸੀ। ਇਸ ਸੰਸਥਾ ਵਿਚ ਰਈਸ ਅਨੇਕ ਆਉਂਦੇ ਹਨ; ਪੜ੍ਹੇ ਲਿਖੇ, ਕੁਝ ਵਕੀਲ, ਬਿਜ਼ਨੈੱਸ-ਮੈਨ ਵੀ ਆਉਂਦੇ ਹਨ, ਪਰ ਸੱਜਨ ਵਰਗਾ ਨਾਮੀ ਗਰਾਮੀ, ਰਈਸ, ਪੜ੍ਹਿਆ ਲਿਖਿਆ, ਸੁੰਦਰ, ਚਿਤਰਕਾਰ ਇਸ ਮੰਡਲ ਵਿਚ, ਧੰਨਵਤੀ ਦੇ ਸੰਪਰਕ ਵਿਚ ਕਦੇ ਨਹੀਂ ਆਇਆ ਸੀ। ਗੱਲਾਂ ਵਿਚ ਤੇਜ਼, ਔਰਤ ਨੂੰ ਆਪਣੇ ਤੋਂ ਡੇਢ ਹੱਥ ਦੂਰ ਰੱਖ ਕੇ ਵੀ ਰਿਝਾਉਣ-ਖਿਡਾਉਣ ਦਾ ਆਦੀ, ਪੁਰਾਣਾ ਪਾਪੀ ਸੱਜਨ ਧੰਨਵਤੀ ਦੇ ਮਨ ਅੰਦਰ ਸੁਪਨੇ ਜਗਾ-ਜਗਾ ਕੇ ਲਲਚਾ ਰਿਹਾ ਸੀ। ਧੰਨਵਤੀ ਵੈਦ ਇਕ ਦਿਨ ਸੈਕਟਰੀ ਹੋਰਾਂ ਨਾਲ ਸੱਜਨ ਦੀ ਮਹੱਲ ਵਰਗੀ ਕੋਠੀ ਵੇਖ ਵੀ ਗਈ ਸੀ। ਲਾਲਾ ਸ਼ਾਹੀ ਢੰਗ ਵਾਲੇ ਰਈਸਾਂ ਦੀਆਂ ਹਵੇਲੀਆਂ ਤਾਂ ਧੰਨਵਤੀ ਨੇ ਅਨੇਕ ਵਾਰ ਵੇਖੀਆਂ ਸਨ, ਪਰ ਇਹ ਠਾਠ ਬਾਠ, ਸੁੰਦਰ ਮੂਰਤੀਆਂ, ਕੀਮਤੀ ਕਾਲੀਨ, ਵਧੀਆ ਨੱਕਾਸ਼ੀ ਦਾ ਸਾਮਾਨ, ਆਲੀਸ਼ਾਨ ਚਿੱਤਰ, ਦੇਸ਼ ਵਿਦੇਸ਼ ਦੀਆਂ ਪੁਰਾਣੀਆਂ ਕੀਮਤੀ ਕਊਰੀਓ ਦੀਆਂ ਚੀਜ਼ਾਂ ਉਹਨੂੰ ਕਿਸੇ ਹੋਰ ਰਈਸ ਦੇ ਘਰ ਵੇਖਣ ਨੂੰ ਨਹੀਂ ਮਿਲਦੀਆਂ ਸਨ। ਧੰਨਵਤੀ ਇਹਨਾਂ ਸਭ ਚੀਜ਼ਾਂ ਤੋਂ ਪ੍ਰਭਾਵਿਤ ਹੋ ਕੇ ਅਣਜਾਣੇ ਹੀ ਸੱਜਨ ਦੇ ਛਡਯੰਤਰ ਦੀ ਸਭ ਤੋਂ ਵੱਡੀ ਸਹਾਇਕ ਬਣ ਗਈ ਸੀ।

ਸੱਜਨ ਰੋਜ਼ ਵਾਲੇ ਸਮੇਂ ਤੋਂ ਕੁਝ ਪਹਿਲਾਂ ਹੀ ਪਹੁੰਚ ਗਿਆ ਸੀ। ਧੰਨਵਤੀ ਨੇ ਉਹਦੇ ਬੈਠਣ ਦਾ ਪ੍ਰਬੰਧ ਅੱਜ ਆਪਣੇ ਨਿੱਜੀ ਕਮਰੇ ਵਿਚ ਹੀ ਕੀਤਾ ਸੀ। ਉਹ ਉਹਨੂੰ ਬੈਠਾ ਕੇ ਚਲੀ ਗਈ।

ਸੱਜਨ ਇਕੱਲੇ ਕਮਰੇ ਵਿਚ ਬੈਠਾ ਹੋਇਆ ਅਨੇਕਾਂ ਚੰਗੀਆਂ ਮਾੜੀਆਂ ਚਿੰਤਾਵਾਂ ਵਿਚ ਉਲਝ ਰਿਹਾ ਸੀ। ਅੱਜ ਦੀ ਹਾਲਤ ਕੁਝ ਹੋਰ ਸੀ। ਇੰਚ ਇੰਚ ਤੇ ਗੁਪਤ ਪੁਲਸ ਦਾ

ਜਾਲ ਵਿਛਿਆ ਹੋਇਆ ਸੀ। ਮਿਥੇ ਗਏ ਸਮੇਂ ਤੇ ਸੱਜਨ ਦੇ ਇਸ਼ਾਰੇ ਤੇ ਪੁਲਸ ਅੱਜ ਇਸ ਨਰਕ ਦੇ ਮੂੰਹ ਤੋਂ ਪਰਦਾ ਲਾਹ ਸੁੱਟੇਗੀ। ਸਕੱਤਰ ਅਤੇ ਧੰਨਵਾਤੀ ਵੈਦ ਜਿਹੜੇ ਸੱਜਨ ਨੂੰ ਆਪਣਾ ਮਿੱਤਰ ਸਮਝ ਕੇ ਉਹਦੇ ਸਾਹਮਣੇ ਆਪਣਾ ਅਸਲੀ ਰੂਪ ਨੰਗਾ ਕਰ ਚੁਕੇ ਸਨ, ਉਹ ਅੱਜ ਸੱਜਨ ਦਾ ਅਸਲੀ ਰੂਪ ਵੇਖਣਗੇ। ਉਹ ਸਿੱਧੀ ਤਰ੍ਹਾਂ ਧੰਨਵਤੀ ਨਾਲ ਅੱਜ ਨਜ਼ਰਾਂ ਵੀ ਨਹੀਂ ਸੀ ਮਿਲਾ ਰਿਹਾ।

ਸਾਹਮਣੇ ਵਾਲੇ ਕਮਰੇ ਵਿਚ ਚਲਦੀ ਹੋਈ ਧਾਰਮਕ ਕਲਾਸ ਦਾ ਉਪਦੇਸ਼ ਸੱਜਨ ਦੇ ਕੰਨੀਂ ਪੈ ਰਿਹਾ ਸੀ। ਸਕੱਤਰ ਹੋਰੀਂ ਆਪ ਭਾਗਵਤ ਦਾ ਪਾਠ ਸੁਣਾਉਂਦੇ ਹੋਏ ਕਹਿ ਰਹੇ ਸਨ — "ਭਾਗਵਤ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਦੀ ਚੀਰ ਹਰਣ ਲੀਲਾ ਦਾ ਬੜਾ ਸੁੰਦਰ ਦ੍ਰਿਸ਼ਟਾਂਤ ਲਿਖਿਆ ਹੋਇਆ ਹੈ। ਭਗਵਾਨ ਮੁਰਲੀ ਵਜਾਉਂਦੇ ਹੋਏ ਸਭਨਾਂ ਗੋਪੀਆਂ ਦੇ ਕਪੜੇ ਚੁੱਕ ਕੇ ਕਦੰਭ ਦੇ ਰੁੱਖ ਤੇ ਚੜ੍ਹ ਗਏ। ਗੋਪੀਆਂ ਪਾਣੀ ਵਿਚ ਨੰਗੀਆਂ ਖਲੋਤੀਆਂ ਨਹਾ ਰਹੀਆਂ ਸਨ..."

ਧੰਨਵਤੀ ਵੈਦ ਸੱਜਨ ਦਾ ਮਨ ਲਾਈ ਰੱਖਣ ਲਈ ਦੋ ਤਿੰਨ ਛੋਟੀਆਂ ਛੋਟੀਆਂ ਕਿਤਾਬਾਂ ਦੇ ਗਈ, ਨਾਲ ਹੀ ਇਹ ਵਚਨ ਵੀ ਕਿ ਥੋੜੀ ਦੇਰ ਪਿੱਛੋਂ ਹੀ ਸੱਜਨ ਨੂੰ "ਸਵਰਗ ਦਾ ਦ੍ਰਿਸ਼" ਵਿਖਾਏਗੀ। ਪੁਸਤਕਾਂ ਬੰਬ ਫਟਣ ਵਾਲੀਆਂ ਸਨ। ਕਾਮ-ਖੇਡ ਦੇ ਇਹੋ ਜਿਹੇ ਖੁਲ੍ਹੇ ਬਿਆਨ ਵਾਲੀਆਂ ਪੁਸਤਕਾਂ ਸੱਜਨ ਪਹਿਲਾਂ ਹੀ ਵੇਖ ਚੁਕਿਆ ਸੀ। ਆਪਣੇ ਸਫ਼ਰਾਂ ਨਾਲ ਭਰੇ ਜੀਵਨ ਵਿਚ ਕਈਆਂ ਹੋਟਲਾਂ ਵਿਚ ਉਹਨੂੰ ਅਜੇਹਾ ਸਾਹਿਤ ਪੜ੍ਹਨ ਲਈ ਮਿਲਿਆ ਸੀ। ਪਰ ਉਹਨੇ ਅੱਜ ਤਕ ਅੰਗ੍ਰੇਜ਼ੀ ਵਿਚ ਹੀ ਐਸੀਆਂ ਪੁਸਤਕਾਂ ਵੇਖੀਆਂ ਸਨ। ਅੱਜ ਹਿੰਦੀ ਵਿਚ ਇਹੋ ਜਿਹੀਆ ਕਿਤਾਬਾਂ ਵੇਖ ਕੇ ਉਹਨੂੰ ਅਚਾਨਕ ਧੱਕਾ ਜਿਹਾ ਲੱਗਾ। ਹਿੰਦੀ ਵਿਚ ਐਸੀਆਂ ਕਿਤਾਬਾਂ ਵੇਖ ਕੇ ਉਹਨੂੰ ਸੱਟ ਕਿਉਂ ਵੱਜੀ, ਇਹ ਗੱਲ ਉਹਦੀ ਸਮਝ ਵਿਚ ਨਾ ਆਈ; ਫਿਰ ਵੀ ਉਹਨੂੰ ਬੇਹੱਦ ਰੜਕੀ। ਇਕ ਕਿਤਾਬ ਦੇ ਦੋ ਸਫ਼ੇ ਪੜ੍ਹਦਿਆ ਹੀ ਉਹਨੂੰ ਅੱਗ ਲੱਗ ਗਈ। ਉਹਨੇ ਕਿਤਾਬ ਬੰਦ ਕਰ ਦਿਤੀ। ਧਰਮ ਕਲਾਸ ਵਿਚ ਸਕੱਤਰ ਹੋਰਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਉਹ ਬੜੇ ਪ੍ਰੇਮ ਨਾਲ ਭਗਵਾਨ ਕ੍ਰਿਸ਼ਨ ਦਾ ਚੀਰ ਹਰਣ ਵਾਲਾ ਕਿੱਸਾ ਸੁਣਾ ਰਹੇ ਸਨ। ਸੱਜਨ ਦਾ ਕਰੋਧ ਉਬਲ ਪਿਆ। ਕੀ ਭਾਗਵਤ ਵਿਚ ਵਿਆਸ ਜੀ ਨੇ ਇਹ ਚੀਰ ਹਰਣ ਲੀਲਾ ਇਸ ਮਤਲਬ ਨਾਲ ਲਿਖੀ ਹੋਏਗੀ, ਜਿਸ ਉਦੇਸ਼ ਨਾਲ ਸੈਕਟਰੀ ਜੀ ਇੱਥੇ ਸੁਣਾ ਰਹੇ ਹਨ ? ਕ੍ਰਿਸ਼ਨ ਵਰਗੇ ਵਿਲਾਸੀ ਆਮ ਤੌਰ ਤੇ ਚਿਤਰੇ ਜਾਂਦੇ ਹਨ, ਜੇਕਰ ਉਹ ਇਹੋ ਜਿਹੇ ਹੀ ਹੁੰਦੇ ਤਾਂ ਭਲਾ ਸੈਂਕੜੇ ਸਦੀਆਂ ਪਿੱਛੋਂ ਅੱਜ ਵੀ ਪੂਜੇ ਜਾਂਦੇ ? ਕ੍ਰਿਸ਼ਨ, ਰਾਧਾ, ਗੋਪੀਆਂ ਅਤੇ ਸਮੁੱਚੇ ਬ੍ਰਜ ਨਾਲ ਸੱਜਨ ਦਾ ਇਕ ਨਿੱਜੀ ਲਗਾਅ ਵੀ ਹੈ। ਜਦੋਂ ਉਹ ਮਥੁਰਾ-ਵ੍ਰਿਦਾਵਨ-ਗੋਵਰਧਨ ਆਦਿ ਹੋ ਆਇਆ ਹੈ ਉਦੋਂ ਤੋਂ ਉਹ ਇਹਨਾਂ ਪੌਰਾਣਕ ਪਾਤਰਾਂ 'ਚੋਂ ਅਪਣੱਤ ਜਿਹੀ ਮਹਿਸੂਸ ਕਰਨ ਲੱਗ ਪਿਆ ਹੈ। ਕ੍ਰਿਸ਼ਨ ਉਹਦੀ

ਨਜ਼ਰ ਵਿਚ ਬਹੁਤ ਉੱਚੇ ਹੋ ਗਏ। ਉਹ ਸੋਚਣ ਲੱਗਾ ਕਿ ਵਿਆਸ, ਜੈਦੇਵ ਅਤੇ ਹੋਰਨਾਂ ਕਵੀਆਂ ਨੇ ਆਖ਼ਰ ਕਿਸ ਨੀਯਤ ਨਾਲ ਆਤਮਾ ਅਤੇ ਪ੍ਰਮਾਤਮਾ ਦਾ ਇਸ ਤਰ੍ਹਾਂ ਗੁਪਤ ਕਾਮ ਸੰਬੰਧ ਚਿਤਰਿਆ ਹੈ ? ਜਗਨ ਨਾਥ ਪੁਰੀ ਅਤੇ ਖਜੋਰਾਹੋ ਕੰਡਰੀਆਂ ਮਹਾਦੇਵ ਦੇ ਮੰਦਰ ਵਿਚ ਆਮ ਪੂਜਾ ਦੇ ਸਥਾਨ ਤੇ ਕਾਮ ਸ਼ਾਸਤਰ ਦੇ ਆਸਣਾਂ ਦੇ ਆਧਾਰ ਤੇ ਬਣਾਈਆਂ ਗਈਆਂ ਔਰਤਾਂ ਮਰਦਾਂ ਦੀਆਂ ਮੂਰਤਾਂ ਆਖ਼ਰ ਕਿਉਂ ਰੱਖੀਆਂ ਗਈਆਂ ? ਇਹ ਗੁਪਤ ਅਸ਼ਲੀਲ ਕਿਤਾਬਾਂ ਕਿਸ ਕਾਰਨ ਗ਼ੈਰ-ਕਾਨੂੰਨੀ ਮੰਨੀਆਂ ਜਾਂਦੀਆਂ ਹਨ ? ਓਸੇ ਕਾਰਨ ਕਰ ਕੇ ਪੁਰੀ, ਖਜੋਰਾਹੋ ਆਦਿ ਦੀਆਂ ਮੂਰਤੀਆਂ ਗ਼ੈਰ ਕਾਨੂੰਨੀ ਮੰਨ ਕੇ ਕਿਉਂ ਨਸ਼ਟ ਨਹੀਂ ਕੀਤੀਆਂ ਗਈਆਂ ? ਹਜ਼ਾਰ ਬਾਰਾਂ ਸੌ ਸਾਲਾਂ ਵਿਚ ਵੀ ਕਿਸੇ ਨੂੰ ਵੀ ਉਹ ਦ੍ਰਿਸ਼ ਏਨੇ ਮਾੜੇ ਕਿਉਂ ਨਹੀਂ ਜਾਪੇ ? ਕਿ ਉਹ ਇਹਨਾਂ ਮੰਦਰਾਂ ਨੂੰ ਢਾਹ ਦੇਂਦਾ, ਮੂਰਤੀਆਂ ਨੂੰ ਤਬਾਹ ਕਰ ਦੇਂਦਾ ? ਸੱਜਨ ਨੇ ਜਦ ਪੁਰੀ ਅਤੇ ਖਜੋਰਾਹੋ ਦੀਆਂ ਇਹ ਮੂਰਤੀਆਂ ਵੇਖੀਆਂ ਸਨ ਤਾਂ ਉਹਨਾਂ ਵਿਚ ਉੱਕਰੇ ਵਿਸ਼ਿਆਂ ਨਾਲ ਇਕ ਗੁਦਗੁਦੀ ਮਹਿਸੂਸ ਕਰਦਾ ਹੋਇਆ ਵੀ ਉਹ ਉਹਨਾਂ ਦੇ ਕਲਾ ਪੱਖ ਤੋਂ ਹੀ ਜ਼ਿਆਦਾ ਪ੍ਰਭਾਵਤ ਹੋਇਆ ਸੀ। ਮੂਰਤੀਆਂ ਏਨੀਆਂ ਸੁੰਦਰ ਅਤੇ ਜਾਨਦਾਰ ਬਣੀਆਂ ਹੋਈਆਂ ਸਨ ਕਿ ਵੇਖਣ ਹੀ ਵਾਲੀਆਂ ਹਨ। ਸੱਜਨ ਨੇ ਸੋਚਿਆ — "ਖ਼ੈਰ ਮੇਰਾ ਤਾਂ ਇੰਟ੍ਰੈਸਟ ਦੂਸਰਾ ਸੀ, ਪਰ ਔਸਤ ਆਦਮੀ ਤੇ ਇਹ ਸਜੀਵਤਾ ਕਿੱਦਾਂ ਦਾ ਪ੍ਰਭਾਵ ਪਾਉਂਦੀ ਹੋਏਗੀ ? ਮਾਂ ਪਿਓ, ਪੁੱਤਰ ਧੀਆਂ, ਬਹੁਤ ਹੀ ਪਵਿੱਤਰ ਅਤੇ ਸਦਾਚਾਰੀ ਲੋਕ ਇਕੱਠੇ ਉਥੇ ਜਾਂਦੇ ਨੇ ! ਇਹ ਚੀਰ-ਹਰਣ, ਰਾਧਾ ਕ੍ਰਿਸ਼ਨ, ਗੋਪੀ ਕ੍ਰਿਸ਼ਨ ਦੇ ਵਿਲਾਸ ਵਾਲੇ ਚਿੱਤਰ ਸਭਨਾਂ ਸਾਹਮਣੇ ਬੜੇ ਗਾ ਵਜਾ ਕੇ ਪੇਸ਼ ਕੀਤੇ ਜਾਂਦੇ ਹਨ। — ਆਖ਼ਰ ਇਹਦਾ ਕੀ ਕਾਰਨ ਹੈ ? ਮਹੀਪਾਲ ਨੇ ਉਹਨੂੰ ਅਕਸਰ ਦੱਸਿਆ ਹੈ, ਤੇ ਉਹਨੇ ਵੀ ਕਿਤੇ ਕਿਤੇ ਪੜ੍ਹਿਆ ਹੈ ਕਿ ਪ੍ਰਾਚੀਨ ਸੰਸਕ੍ਰਿਤ-ਸਾਹਿਤ ਵਿਚ, ਬਾਲਮੀਕ ਰਾਮਾਇਣ ਆਦਿ ਵਿਚ ਵੀ ਕਾਮ ਬਾਰੇ ਬੜੇ ਖੁੱਲ੍ਹੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ। ਆਖ਼ਰ ਇਹਦਾ ਕੀ ਕਾਰਨ ਹੈ ? ਇਕ ਪਾਸੇ ਤਾਂ ਸਾਡੀ ਨੈਤਿਕ ਸ਼ੁੱਧੀ ਨੂੰ ਕਾਮ ਬਾਰੇ ਚਰਚਾ ਤੋਂ ਏਨਾ ਸਖ਼ਤ ਪਰਹੇਜ਼ ਹੈ ਤੇ ਦੂਸਰੇ ਪਾਸੇ ਇੰਨਾ ਜ਼ਿਆਦਾ ਲਗਾਅ ਵੀ ਹੈ। ਸੱਚ ਕੀ ਹੈ ? ਇਸਤਰੀ ਪੁਰਖ ਦਾ ਸਰੀਰਕ ਸੰਬੰਧ ਸੱਚ ਹੈ, ਪਰ ਸਮਾਜ ਦੇ ਇਸ ਅਤੀ ਸੁੱਚੇ ਸੰਬੰਧ ਨੂੰ ਲੈ ਕੇ ਹਰ ਵਿਅਕਤੀ ਦੀ ਅਕਲ ਵਿਚ ਇਕ ਜ਼ਬਰਦਸਤ ਹਲੂਣਾ ਕਿਉਂ ਆਉਂਦਾ ਹੈ ? ਇੱਕੋ ਜ਼ਬਾਨੇ ਅਸੀਂ ਇਹਨੂੰ ਚੰਗਾ ਮੰਦਾ ਕਿਉਂ ਕਹਿੰਦੇ ਹਾਂ ? ਕੇਵਲ ਭਾਰਤ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਇਹ ਮਜ਼ਾਕ ਹਰ ਆਦਮੀ ਦੀ ਜ਼ਹਿਨੀਅਤ ਨਾਲ ਸਦੀਆਂ ਤੋਂ ਕਿਉਂ ਹੁੰਦਾ ਆ ਰਿਹਾ ਹੈ — ਆਖ਼ਰ ਇਹਦੇ ਅਰਥ ਕੀ ਨੇ — ਕੀ ਇਹ ਸਮੱਸਿਆ ਕੀ ਅਨੇਕਾਂ ਰਾਜਨੀਤਕ, ਆਰਥਕ ਸਮੱਸਿਆਵਾਂ ਦੀ ਪਿੱਠ ਭੂਮੀ ਬਣ ਕੇ ਸਾਹਮਣੇ ਨਹੀਂ ਆਉਂਦੀ ?

ਬੰਗਾਲ ਦੇ ਕਾਲ ਦੇ ਦਿਨੀਂ ਸੱਜਨ ਕਲਕੱਤੇ ਗਿਆ ਸੀ। ਉੱਥੇ ਆਪਣੇ ਸ਼ੌਕ ਦੇ ਅੱਡਿਆਂ ਦੇ ਬਾਰੇ ਵਿਚ ਜਾਣਕਾਰੀ ਲੈਂਦਿਆਂ ਹੋਇਆਂ ਉਹਨੂੰ ਇਹ ਵੀ ਪਤਾ ਲੱਗਾ ਕਿ ਕਾਲ ਵਾਲੇ ਇਲਾਕੇ 'ਚੋਂ ਖ਼ਰੀਦਿਆ ਜਾ ਕੇ ਅਨੇਕਾਂ ਔਰਤਾਂ ਬਾਊਆਂ ਦਾ ਮਨ ਪ੍ਰਚਾਵਾ ਕਰਨ ਲਈ ਕਲਕੱਤੇ ਲਿਆਂਦੀਆਂ ਜਾਂਦੀਆਂ ਸਨ। ਅਨੇਕ ਰਿਕਸ਼ਿਆਂ ਵਾਲੇ ਅੰਗੂਠੇ 'ਚ ਪਿਆ ਆਪਣਾ ਘੁੰਗਰੂ ਵਜਾ ਕੇ 'ਠਣ-ਠਣ, ਬਾਊ, ਠਣਠਣ ਬਾਊ', ਦੀਆਂ ਹਾਕਰਾਂ ਮਾਰਦੇ ਸਨ। ਦੁਨੀਆਂ ਦੀਆਂ ਜਾਣੀਆਂ ਜਾਂਦੀਆਂ ਵੇਸਵਾਵਾਂ ਨੂੰ ਛੱਡ ਕੇ ਇਹ ਇਜ਼ਤਦਾਰ ਪੇਸ਼ਾਵਰਾਂ ਦੇ ਅੱਡੇ ਭਲਾ ਦੁਨੀਆ ਵਿਚ ਘਟ ਨੇ ? — ਅਤੇ ਕੀ ਇਹਨਾਂ ਪਿੱਛੇ ਆਰਥਕ ਸਮੱਸਿਆ ਨਹੀਂ ਹੈ ? ਇਤਿਹਾਸ ਵਿਚ ਇਕ ਨਹੀਂ ਅਨੇਕ ਘਟਨਾਵਾਂ ਐਸੀਆਂ ਨੇ ਜਿੱਥੇ ਔਰਤ ਮਰਦ ਦਾ ਕਾਮ ਸੰਬੰਧ ਕੌਮੀ ਉਲਟਾ ਪਲਟਾ ਲਈ ਬਹਾਨਾ ਬਣਿਆ ਹੈ। ਭਾਰਤ ਵਿਚ ਰਾਜਨੀਤਕ ਵਿਰੋਧੀਆਂ ਨੂੰ ਫਾਹੁਣ ਲਈ ਖ਼ੂਬਸੂਰਤ ਲੜਕੀਆਂ ਨੂੰ ਐਨ ਬਚਪਨ ਵਿਚ ਹੀ ਹੌਲੀ ਹੌਲੀ ਜ਼ਹਿਰ ਚਟਾ ਚਟਾ ਕੇ ਵਿੱਸ਼ ਕੰਨਿਆ ਬਣਿਆ ਜਾਂਦਾ ਸੀ। ਇਹਨਾਂ ਵਿਸ਼ ਕੰਨਿਆਵਾਂ ਦਾ ਮੂੰਹ ਚੁੰਮਣੇ ਵਾਲਾ, ਭੋਗ ਕਰਨ ਵਾਲਾ ਆਦਮੀ ਇਹਨਾਂ ਦੀ ਦੇਹ ਦੀ ਛੋਹ ਨਾਲ ਹੀ ਮਰ ਜਾਂਦਾ ਸੀ। ਚਾਣਕ ਆਪਣੇ ਅਰਥ ਸ਼ਾਸਤਰ ਵਿਚ ਅਜੇਹੀਆਂ ਵਿਸ਼ ਕੰਨਿਆਵਾਂ ਨੂੰ ਤਿਆਰ ਕਰਨ ਦੀ ਸਲਾਹ ਦੇਂਦਾ ਹੈ। ਇਸਤਰੀ-ਪੁਰਖ ਦਾ ਕਾਮ ਸੰਬੰਧ ਕੀ ਰਾਜਨੀਤੀ ਵਿਚ ਐਕਸਪਲਾਇਟ ਨਹੀਂ ਕੀਤਾ ਗਿਆ ? ਸਾਰੀ ਰਾਜਨੀਤੀ, ਸਾਰੀ ਅਰਥ ਨੀਤੀ ਕੀ ਭੁੱਖ ਅਤੇ ਕਾਮ ਸੰਬੰਧਾਂ ਨਾਲ ਬੱਝੀ ਹੋਈ ਨਹੀਂ ? ਫਿਰ ਇਸ ਸਮੱਸਿਆ ਸੰਬੰਧੀ ਕੋਈ ਵੱਡਾ ਅੰਦੋਲਨ ਕਿਉਂ ਨਹੀਂ ਚਲਾਇਆ ਜਾਂਦਾ ? ਜਿਸ ਤਰ੍ਹਾਂ ਸੰਨ ਤਰਤਾਲੀ ਵਿਚ ਭੁੱਖ ਮਰੀ ਫੈਲਣ ਤੋਂ, ਬੰਗਾਲੀ ਲੋਕ ਖੁੱਲ੍ਹੇ ਰੂਪ ਵਿਚ ਸੜਕਾਂ, ਮੈਦਾਨਾਂ, ਵਿਚ ਇੱਜ਼ਤਦਾਰੀ ਦੇ ਪਰਦੇ ਹੇਠ ਲੁਕ ਕੇ ਰੋਜ਼ ਦਿਹਾੜੀ ਭੁੱਖੇ ਮਰਨ ਵਾਲੇ ਕਰੋੜਾਂ-ਅਰਬਾਂ ਲੋਕਾਂ ਦੇ ਪ੍ਰਤੀਕ ਬਣ ਕੇ ਦੁਨੀਆਂ ਸਾਹਮਣੇ ਆਏ — ਭੁੱਖ ਨਾਲ ਸੁੱਕ ਸੁੱਕ ਕੇ, ਪੈਰ ਰਗੜ ਰਗੜ ਕੇ ਮਰਨ ਵਾਲੇ ਉਹ ਸ਼ਹੀਦ ਓਸ ਸਾਰੀ ਰਾਜਨੀਤੀ ਅਤੇ ਅਰਥ-ਨੀਤੀ ਦਾ ਭਾਂਡਾ ਭੰਨ ਰਹੇ ਸਨ, ਜਿਹੜੀ ਉੱਚਿਆਂ ਉੱਚਿਆਂ ਆਦਰਸ਼ਾਂ ਦਾ ਢੰਡੋਰਾ ਪਿੱਟ ਕੇ ਪੱਛਮੀ ਦੁਨੀਆਂ ਦੇ ਮੈਦਾਨਾਂ ਵਿਚ ਬੰਬਾਂ ਅਤੇ ਟੈਂਕਾਂ ਨਾਲ ਲੜ ਰਹੀ ਸੀ।

ਉਸੇ ਤਰ੍ਹਾਂ ਕੀ ਦੁਨੀਆਂ ਦੀ ਆਧੁਨਿਕ ਅਰਥਨੀਤੀ —— ਔਰਤਾਂ ਦੀ ਅਸਮਤ ਦਾ ਖੁੱਲ੍ਹਾ ਤਮਾਸ਼ਾ ਵਿਖਾਉਣ ਲਈ ਸਭਿਅਤਾ ਅਤੇ ਸੰਸਕ੍ਰਿਤੀ ਦਾ ਪਰਲੋ ਵਾਲਾ ਮੰਦਾ ਪਾਸਾ ਸਾਹਮਣੇ ਲਿਆਏਗੀ ? ਦੁਨੀਆਂ ਵਿਚ ਜਿਸ ਦਿਨ ਅਜੇਹਾ ਦ੍ਰਿਸ਼ ਕਿਤੇ ਵੀ ਦਿਸਿਆ, ਓਸੇ ਦਿਨ ਸਾਰੀ ਦੁਨੀਆਂ ਹੀ ਮਿਟ ਜਾਏਗੀ।

ਵਿਚਾਰਾਂ 'ਚ ਗੁਆਚੇ ਸੱਜਨ ਦਾ ਮਨ ਪੱਕੇ ਫੋੜੇ ਵਾਂਗ ਚੁਭਵੀਂ ਚੀਸ ਮਾਰਨਾ ਲੱਗਾ। ਧੰਨਵਤੀ ਵੈਦ ਦਾ ਹਾਸਾ ਉਹਨੂੰ ਹੋਸ਼ ਵਿਚ ਲਿਆਇਆ। ਆਪਣੀਆਂ ਛੋਟੀਆਂ

ਛੋਟੀਆਂ ਅੱਖਾਂ ਵਿਚ ਡੂੰਘੀ ਕਾਮ ਵਾਸ਼ਨਾ ਵਾਲੀ ਛੋਹ ਨਾਲ ਧਨਵਤੀ ਨੇ ਕਿਹਾ — "ਕੀਹਦੇ ਧਿਆਨ ਵਿਚ ਡੁੱਬੇ ਸਉ ਵਿਸ਼ਵਾ ਮਿੱਤਰ ਜੀ ? ਤੁਹਾਡੀ ਮੇਨਕਾ ਆ ਗਈ।"

ਸੱਜਨ ਕਾਹਲੇ ਪ੍ਰੇਮੀ ਵਾਲੀ ਨਕਲ ਕੀਤੀ, ਪਰ ਅਚਾਨਕ ਆਪਣੀ ਵਿਚਾਰਾਂ ਲੱਧੀ ਗੰਭੀਰਤਾ ਦੇ ਪ੍ਰਭਾਵ ਤੋਂ ਛੁਟ ਨਾ ਸਕਿਆ।

ਸਾਹਮਣੇ ਕਮਰੇ ਵਿਚ ਸੈਕਟਰੀ ਹੋਰਾਂ ਦਾ ਗੋਪੀ ਕ੍ਰਿਸ਼ਨ ਬਾਰੇ ਉਪਦੇਸ਼ ਚਲ ਰਿਹਾ ਸੀ। ਧੰਨਵਤੀ ਨੇ ਕਮਰੇ ਦਾ ਬਾਹਰਲਾ ਦਰਵਾਜ਼ਾ ਬੰਦ ਕੀਤਾ ਅਤੇ ਸਾਹਮਣੇ ਪਾਸੇ ਵਾਲੇ ਇਕ ਬੂਹੇ ਨੂੰ ਹੌਲੀ ਜਿਹੀ ਖੜਕਾਇਆ। ਸੱਜਨ ਨੂੰ ਅਚਾਨਕ "ਚੰਦ੍ਰਕਾਂਤਾ ਸੰਤਤਿ" ਦੀ ਜਾਦੂ ਭਰੀ ਫ਼ਿਜ਼ਾ ਯਾਦ ਆ ਗਈ। ਹਾਸਾ ਆਇਆ, ਪਰ ਨਾਲ ਹੀ ਇਮਾਰਤ ਨੂੰ ਘੇਰੀ ਖੜੀ ਪੁਲਸ ਦਾ ਵੀ ਧਿਆਨ ਆਇਆ। ਧੰਨਵਤੀ ਦੇ ਸਾਹਮਣੇ ਹੋਣ ਤੇ ਪੁਲਸ ਦੇ ਧਿਆਨ ਨਾਲ ਉਹਦਾ ਮਨ ਸੰਕੋਚ ਨਾਲ ਭਰ ਗਿਆ। ਉਹ ਆਪਣੇ ਆਪ ਨੂੰ ਅਪਰਾਧੀ ਮਹਿਸੂਸ ਕਰਨ ਲੱਗਾ।

ਦਰਵਾਜ਼ਾ ਅੰਦਰੋਂ ਖੁੱਲ੍ਹ ਗਿਆ ਸੀ। ਧੰਨਵਤੀ ਨੇ ਉਹਨੂੰ ਫਿਰ ਓਸੇ ਹੀ ਡੂੰਘੀ ਕਾਮੀ ਨਜ਼ਰ ਅਤੇ ਮੁਸਕ੍ਰਾਹਟ ਨਾਲ ਸੱਦਿਆ। ਸੱਜਨ ਆਪਣੇ ਉਦੇਸ਼ ਦੀ ਗੰਭੀਰਤਾ ਨੂੰ ਇਸ ਵੇਲੇ ਆਪਣੇ ਹੀ ਅੰਦਰ ਉਭਰਦੀ ਹੋਈ ਦੋਸ਼ੀ ਸੋਚ ਨਾਲ ਸੁੰਗੜੇ ਘੇਰੇ ਵਿਚ ਕੱਸਿਆ ਕੱਸਿਆ ਜਿਹਾ ਮਹਿਸੂਸ ਕਰ ਕੇ ਦੁਖੀ ਹੋ ਰਿਹਾ ਸੀ! ਅਤੇ ਇਹ ਸਤਾ ਕਿਉਂ ਜੋ ਬੇਵਕਤਾ ਸੀ ਇਸ ਲਈ ਉਹਨੂੰ ਸਨਕੀ ਹੋ ਕੇ ਟਾਲ ਰਿਹਾ ਸੀ। ਧੰਨਵਤੀ ਦੀ ਕਾਮੀ ਵਾਸ਼ਨਾ ਭਰੀ ਨਜ਼ਰ ਅਤੇ ਮੁਸਕਾਨ ਵਿਚ ਉਹਨੂੰ ਸਨਕੀ ਹਾਸੇ ਤੇ ਗੁਦਗੁਦੀ ਦੇ ਨਾਲ ਸੜੀ ਤਾੜੀ ਦੀ ਮਹਿਕ ਆ ਰਹੀ ਸੀ, ਸਕਾਚ ਜਾਂ ਸ਼ੈਮਪੇਨ ਦੀ ਨਹੀਂ।

ਅੰਦਰ ਵਾਲੀ ਤੰਗ ਕੋਠੜੀ ਵਿਚ ਹਨੇਰਾ ਸੀ। ਜਿਸ ਦਰਵਾਜ਼ੇ ਥਾਣੀ ਸੱਜਨ ਅੰਦਰ ਆਇਆ ਸੀ। ਉਹਦੇ ਐਨ ਸਾਹਮਣੇ ਹੀ ਇਕ ਹੋਰ ਬੰਦ ਦਰਵਾਜ਼ਾ ਸੀ। ਸੜਕ ਵਾਲੇ ਪਾਸੇ ਦੀ ਕੰਧ ਤੇ ਇਕ ਉੱਚਾ ਬਣੇ ਰੋਸ਼ਨਦਾਨ 'ਚੋਂ ਕੋਠੜੀ ਵਿਚ ਮਾੜਾ ਜਿਹਾ ਚਾਨਣ ਹੋ ਰਿਹਾ ਸੀ। ਸੰਦੂਕਾ, ਪੀਪਿਆਂ ਅਤੇ ਮਰਤਬਾਨਾਂ ਨਾਲ ਲੱਦੀਆਂ ਪਾਲਾਂ, ਦੀ ਪਿੱਠ ਭੂਮੀ ਵਿਚ ਇਕ ਦੁਧੀਆ ਬਿਸਤਰੇ ਨਾਲ ਸਜੀ ਮੰਜੀ ਵਿਛੀ ਸੀ; ਅਤੇ ਮੰਜੀ ਦੇ ਨਾਲ ਇਕ ਛਮਕ ਵਰਗੇ ਸ਼ਰੀਰ ਵਾਲੀ ਸੁੰਦਰੀ ਖਲੋਤੀ ਸੀ। ਸੱਜਨ ਦੀ ਝਿਜਕ ਵਾਲੀ, ਸਹਿਮੀ, ਸਨਕੀ ਨਜ਼ਰ ਜਾਣ ਬੁੱਝ ਕੇ – ਜ਼ਿੱਦ ਨਾਲ — ਪਲ ਦੋ ਪਲ ਰੁਕ ਕੇ ਹੀ ਉਹਦੇ ਉੱਤੇ ਪਈ।

ਧੰਨਵਤੀ ਨੇ ਬਿਜਲੀ ਦਾ ਸਵਿੱਚ ਦਬਾਇਆ। ਸੱਜਨ ਦੇ ਠਠੰਬਰੇ ਮਨ ਵਿਚ ਕਾਮ ਸੁੰਦਰਤਾ ਦੀ ਜਵਾਲਾ ਫੈਲ ਗਈ। ਦੋ ਅਣਜਾਣੀਆਂ, ਬੜੀਆਂ ਹੀ ਮਨ-ਮੋਹਣੀਆਂ ਜ਼ਿਹਾਈਆਂ, ਸ਼ਰਮਾਈਆਂ ਅੱਖਾਂ ਅੱਧੀਆਂ ਪਲਕਾਂ ਚੁੱਕੀ ਉਹਨੂੰ ਵੇਖ ਰਹੀਆਂ ਸਨ।

ਚਿਕਨ ਦੀ ਸਾੜ੍ਹੀ ਬਲਾਊਜ਼ ਪਾਈ, ਪਤਲੇ ਸੁਡੌਲ ਸਰੀਰ, ਲੰਮੀ ਪਤਲੀ ਨੱਕ, ਕੱਥੇ ਦੀ ਲੀਕ ਵਾਲੇ ਪਤਲੇ ਬੁੱਲ੍ਹ, ਨੁਕੀਲੀ ਠੋਡੀ ਅਤੇ ਦਰਮਿਆਨੇ ਮੱਥੇ ਵਾਲੀ ਗੋਰੀ ਦੀ ਉਮਰ ਤੀਹਾਂ ਬੱਤੀਆਂ ਦੇ ਲੱਗਭਗ ਹੋਏਗੀ। ਉਹਦੀ ਨੱਕ, ਖੱਬੇ ਪਾਸੇ ਦੇ ਪੱਲੇ 'ਚੋਂ ਨਿਕਲੇ ਕੰਨ ਅਤੇ ਗੱਲ੍ਹ ਦੇ ਜ਼ਰਾ ਕੁ ਖੁਲ੍ਹੇ ਹਿੱਸੇ 'ਚੋਂ ਮੋਤੀ ਝਲਕ ਰਹੇ ਸਨ। ਦੋਵੇਂ ਹੱਥ ਪੱਲੇ 'ਚ ਲੈ ਕੇ ਆਪਣੇ ਆਪ ਨੂੰ ਕਿਸੇ ਹੱਦ ਤਕ ਸਮੇਟੀ, ਖੱਬੇ ਪੈਰ ਦਾ ਅੰਗੂਠਾ ਨੱਪੀ ਉਹ ਇਸ ਅਦਾ ਨਾਲ ਖਲੋਤੀ ਸੀ ਕਿ ਸੱਜਨ ਦਾ ਕਲਾਕਾਰ ਮਨ ਰੀਝ ਪਿਆ। ਕਿਹੀ ਅਦਾ, ਕਿਹੀ ਲੋਚ, ਕਿਹੀ ਨਜ਼ਾਕਤ ਹੈ। ਮੁਟਿਆਰ ਸੱਚ ਮੁੱਚ ਹੀ ਖ਼ੂਬਸੂਰਤ ਸੀ; ਨਾਲ ਹੀ ਇਕ ਨਜ਼ਰੇ ਇਹ ਵੀ ਦਿਸ ਰਿਹਾ ਸੀ ਕਿ ਉਹ ਕਿਸੇ ਉੱਚੇ ਪਰਵਾਰ ਦੀ ਸੀ ਅਤੇ ਉਹਦੀ ਪਾਲਣਾ ਪੋਸਣਾ ਜ਼ਿਆਦਾ ਕਰਕੇ ਪਰਦੇ ਵਿਚ ਹੋਈ ਸੀ। ਉਹਦੇ ਮੂੰਹ ਤੇ ਅਰਿਸਟੋਕ੍ਰੈਟਿਕ ਅਦਾ ਸੀ, ਉਹ 'ਸੁਆਣੀ' ਜਾਪਦੀ ਸੀ।

ਮੁਟਿਆਰ ਤੇ ਚਿਹਰੇ ਤੇ ਟਿਕਟਿਕੀ ਬੰਨ੍ਹੀ ਸੱਜਨ ਦੇ ਹੱਥ ਆਪਣੇ ਆਪ ਹੀ ਨਮਸਕਾਰ ਲਈ ਜੁੜ ਗਏ। ਉਧਰੋਂ ਵੀ ਨਾਜ਼ਕ, ਪਤਲੀ, ਲੰਮੀ, ਰੰਗੇ ਨੌਹੁਆਂ ਵਾਲੀਆਂ ਉਂਗਲਾਂ ਪੱਲੇ 'ਚੋਂ ਬਾਹਰ ਨਿਕਲ ਕੇ ਜੁੜ ਗਈਆਂ; ਬੁੱਲ੍ਹਾਂ ਉੱਤੇ ਮੁਸਕ੍ਰਾਹਟ ਦੀ ਲੀਕ ਖਿੱਚੀ ਗਈ ਜਿਹੜੀ ਬੜੀ ਜਾਨ ਵਾਲੀ, ਬੜੀ ਖਿੱਚ ਵਾਲੀ ਸੀ।

ਧੰਨਵਤੀ (ਸੱਜਨ ਦੀ ਜ਼ਹਿਨੀਅਤ ਵਿਚ ਇਸ ਵੇਲੇ 'ਤਾੜੀ ਦੀ ਮਹਿਕ) ਨੇ ਦੋਵਾਂ ਉੱਤੇ ਨਸ਼ੀਲੀਆਂ ਨਜ਼ਰ ਸੁੱਟ ਮੁਸਕ੍ਰਾ ਕੇ ਸ਼ੇਅਰ ਦਾ ਇਕ ਮਿਸਰਾ ਕਿਹਾ — ਉਲਫ਼ਤ ਕਾ ਮਜ਼ਾ ਜਬ ਮਜ਼ਾ ਹੈ ਕਿ ਦੋਨੋਂ ਹੋਂ ਬੇਕਰਾਰ। ਹਾਹਾ; ਆਓ ਕਲਾਕਾਰ ਜੀ, ਜ਼ਰਾ ਇਹਨਾਂ ਦੀ ਕਲਾ ਦੇ ਜੌਹਰ ਵੀ ਵੇਖੋ।"

ਧੰਨਵਤੀ ਨੇ ਸੱਜਨ ਦਾ ਹੱਥ ਫੜ ਕੇ ਉਹਨੂੰ ਮੰਜੀ ਵਲ ਵਧਾਇਆ। 'ਤਾੜੀ ਦੀ ਮਹਿਕ' ਦਾ ਬੁਖ਼ਾਰ ਵਰਗੀ ਗਰਮ ਛੋਹ, ਉਹਦੀ ਭੱਦੀ ਗੱਲ ਸੱਜਨ ਨੂੰ ਰੜਕੀ। ਉਹ ਝੱਟ ਹੋਸ਼ ਵਿਚ ਆ ਗਿਆ। ਬਾਹਰ ਪੁਲਸ ਦੀ ਗਾਰਦ ਉਹਦੇ ਇਸ਼ਾਰੇ ਦੀ ਉਡੀਕ ਵਿਚ ਖਲੋਤੀ ਸੀ।

ਸਮੇਂ ਦੀ ਨਾਲ ਉਸ ਵੇਲੇ ਸੱਜਨ ਨੂੰ ਕਮਾਨ 'ਚੋਂ ਛੁੱਟੇ ਤੀਰ ਵਾਂਗ ਲਗ ਰਹੀ ਸੀ। ਇਕ ਪਖੰਡ ਦਾ ਭਾਂਡਾ ਭੰਨਣ ਲਈ ਆਪ ਪਾਖੰਡੀ ਬਣੇ ਪ੍ਰੇਮੀ ਦਾ ਢੋਂਗ ਰਚਾਈ, ਇਕ ਖ਼ਾਨਦਾਨੀ ਗੁਪਤ ਵਿਭਚਾਰਨੀ ਸੁੰਦਰੀ ਦੇ ਨਾਲ, ਧੰਨਵਤੀ ਦੇ ਜਾਣ ਪਿਛੋਂ ਇਕੱਲ ਵਿਚ ਬੈਠਾ ਸੱਜਨ ਆਪਣੇ ਅੰਦਰਲੇ ਘੋਲ ਤੋਂ ਬਹੁਤ ਪੀੜ ਸਹਿ ਰਿਹਾ ਸੀ। — "ਇਹ ਮੈਂ ਕਿਹੜਾ ਪਾਪ ਮੁੱਲ ਲੈ ਲਿਆ ? ਪਲ ਭਰ ਵਿਚ ਕਿੰਨੀਆਂ ਹੀ ਮੰਨੀਆਂ ਪਰਮੰਨੀਆਂ ਔਰਤਾਂ ਦੀ ਇੱਜ਼ਤ ਮਿੱਟੀ ਵਿਚ ਮਿਲ ਜਾਏਗੀ। ਆਪਣੇ ਘਰ ਦਿਆਂ ਮਰਦਾਂ ਸਾਹਮਣੇ ਇਹਨਾਂ ਔਰਤਾਂ ਦੀ ਕੀ ਹਾਲਤ ਹੋਏਗੀ ? ਇਹਨਾਂ ਦਾ ਸਾਰਾ ਜੀਵਨ ਹੀ ਤਬਾਹ ਹੋ ਜਾਏਗਾ। ਮੈਂ ਇਹ ਕੀ ਕੀਤਾ ? ਮੈਂ ਬਹੁਤ ਬੁਰਾ

ਕੀਤਾ।' ਆਪਣੇ ਆਪ ਨੂੰ ਵਾਰ ਵਾਰ ਮੰਦਾ ਕਹਿ ਕੇ ਦੁਖੀ ਕਰਦਿਆਂ ਹੋਇਆਂ ਉਹ ਆਪਣੀ ਪਹਿਲੀ ਚੇਤਨਾ ਨਾਲ ਵੀ ਨਾਲ ਨਾਲ ਤੁਰ ਰਿਹਾ ਸੀ। ਉਹ ਇਕ ਸਮਾਜਕ ਗੰਦਗੀ ਨੂੰ ਚੰਗਾ ਕਰ ਰਿਹਾ ਹੈ, ਇਹ ਕੋਈ ਬੁਰੀ ਗੱਲ ਨਹੀਂ। ਜੇਕਰ ਏਦਾਂ ਨਾ ਹੋਏਗਾ ਤਾਂ ਸਮਾਜ ਕਿੱਦਾ ਬਦਲੇਗਾ ? ਸਿਧਾਂਤ ਲਈ ਨਿਰਮੋਹੀ ਹੋਣਾ ਈ ਪੈਂਦਾ ਹੈ।

ਸਾਹਮਣੇ ਬੈਠੀ ਮੁਟਿਆਰ ਆਪਣੀਆਂ ਗੱਲਾਂ ਨਾਲ ਦੂਸਰੇ ਪਾਸੇ ਨਸਾਈ ਲਈ ਜਾ ਰਹੀ ਸੀ। ਮਨ ਦੇ ਭਿਆਨਕ ਉਤਾਰ ਚੜ੍ਹਾਅ ਦੇ ਨਾਲ ਨਾਲ ਸੱਜਨ ਨੂੰ ਉਹਦੇ ਨਾਲ ਰਸੀਲੀਆਂ ਗੱਲਾਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਸੀ, ਜਿਸ ਕਰਕੇ ਉਹ ਵਿਚੋਂ ਵਿਚੋਂ ਲੜਖੜਾ ਵੀ ਜਾਂਦਾ ਸੀ। ਵਿਚਕਾਰ ਜਿਹੇ ਧੰਨਵਤੀ ਇਕ ਵਾਰ ਮਠਿਆਈ ਅਤੇ ਚਾਹ ਰੱਖਣ ਲਈ ਵੀ ਆਈ ਸੀ। ਉਹ ਔਰਤ ਇਕ ਵੱਡੇ ਠੇਕੇਦਾਰ, ਮਹਾਜਨ ਅਤੇ ਲੋਹੇ ਦੀ ਫ਼ਰਮ ਦੇ ਮਾਲਕ ਦੀ ਪਤਨੀ ਸੀ। ਉਹਨੇ ਆਪਣੇ ਪਤੀ ਦਾ ਨਾਂ, ਆਪਣੇ ਘਰ ਦਾ ਪਤਾ, ਕੁਝ ਨਾ ਦਸਿਆ। ਸੱਜਨ ਦੇ ਪੁੱਛਣ ਤੇ ਬੜੀ ਚਤੁਰਾਈ ਨਾਲ ਉਹਦੇ ਇਸ ਸਵਾਲ ਨੂੰ ਟਾਲ ਦਿਤਾ। ਹੱਸ ਕੇ ਕਿਹਾ – "ਤੋਤਾ ਮੈਨਾ ਦਾ ਕਿੱਸਾ ਤੁਸਾਂ ਸੁਣਿਆ ਏ ਨਾ ? ਇਕ ਕਿਤੋਂ ਉਡ ਕੇ ਆਇਆ ਇਕ ਕਿਤੋਂ। ਦੋਵੇਂ ਇਕ ਟਾਹਣੀ ਉੱਤੇ ਬੈਠੇ ਸਨ ਅਤੇ ਦੋਵਾਂ ਵਿਚ ਦੋਸਤੀ ਹੋ ਗਈ। ਏਹੋ ਈ ਕਾਫ਼ੀ ਏ।"

ਗੱਲਾਂ ਦੇ ਪ੍ਰਸੰਗ ਵਿਚ ਪੁੱਛਣ ਤੇ ਉਸ ਔਰਤ ਨੇ ਏਨਾ ਜ਼ਰੂਰ ਦਸਿਆ ਕਿ ਭਾਵੇਂ ਉਹਦਾ ਅਤੇ ਉਹਦੇ ਪਤੀ ਦਾ ਮਨ ਨਹੀਂ ਮਿਲਦਾ। ਪਤਨੀ ਆਪਣੇ ਢੰਗ ਨਾਲ ਸ਼ਿੰਗਾਰ ਪ੍ਰੇਮਣ ਹੈ, ਰੋਮਾਂਟਿਕ ਹੈ ਅਤੇ ਕਵਿਤਾ ਸ਼ੇਅਰ-ਸ਼ਾਇਰੀ ਆਦਿ ਵਿਚ ਦਿਲਚਸਪੀ ਰੱਖਦੀ ਹੈ। ਭਾਵੇਂ ਉੱਚੇ ਦਰਜੇ ਦੇ ਸਾਹਿਤ ਨਾਲ ਉਹਨੂੰ ਖ਼ਾਸ ਲਗਾਅ ਨਹੀਂ, ਫਿਰ ਵੀ ਉਹ ਰਸ ਮਾਨਣ ਵਾਲੀ ਅਤੇ ਉਹਦਾ ਪਤੀ ਸ਼ੁਧ ਵਿਉਪਾਰੀ, ਜੀਹਦੇ ਲਈ ਔਰਤ ਮਰਦ ਦਾ ਨਾਤਾ ਕੇਵਲ ਸਰੀਰ ਨੂੰ ਭੋਗਣ ਤਕ ਹੀ ਹੈ। ਉਹ ਮੁਟਿਆਰ ਕਾਮ ਇੱਛਾ ਤੋਂ ਜ਼ਿਆਦਾ ਦੁਖੀ ਰਹਿਣ ਵਾਲੀ ਨਹੀਂ ਸੀ; ਉਹਨੂੰ ਇਕ ਅਜਿਹੇ ਸਾਥੀ ਦੀ ਭੁੱਖ ਸੀ ਜਿਹੜਾ ਉਹਨੂੰ ਰਸੀਲੀਆਂ ਗੱਲਾਂ ਨਾਲ, ਆਪਣੇ ਹਾਵਾਂ ਭਾਵਾਂ ਨਾਲ ਰਿਝਾ ਸਕੇ।

ਸੱਜਨ ਨੇ ਉਹਦੀਆਂ ਗੱਲਾਂ ਤੋਂ ਇਹ ਅਨੁਮਾਨ ਵੀ ਲਾਇਆ ਸੀ — ਕਿ ਆਪਣੇ ਪਤੀ ਲਈ ਤਿੱਖੀ ਘਿਰਣਾ ਹੋਣ ਕਰਕੇ ਹੀ ਉਹ ਅਣਜਾਣੇ ਮਰਦਾਂ ਨੂੰ ਆਪਣੀ ਦੇਹ ਸੌਂਪ ਕੇ ਜਿਵੇਂ ਆਪਣੇ ਪਤੀ ਤੋਂ ਗੁਪਤ ਬਦਲਾ ਲੈਂਦੀ ਹੈ। ਸੱਜਨ ਨੇ ਅਚਾਨਕ ਇਕ ਅਟਕਲ ਵਾਲਾ ਸਵਾਲ ਉਹਨੂੰ ਕੀਤਾ ਕਿ ਉਹ ਵਿਆਹ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀ ਖੁਲ੍ਹ ਕਿਸੇ ਹੋਰ ਆਦਮੀ ਨਾਲ ਲੈ ਚੁਕੀ ਸੀ; ਅਤੇ ਉਹਦਾ ਜਵਾਬ ਸੀ 'ਹਾਂ।' ਧੰਨਵਤੀ ਇਕ ਵਾਰ ਉਹਦਾ ਇਲਾਜ ਕਰਨ ਲਈ ਬੁਲਾਈ ਗਈ ਸੀ ਉਦੋਂ ਤੋਂ

ਢੋਵਾਂ ਦੀ ਜਾਣਕਾਰੀ ਹੈ । ਧੰਨਵਤੀ ਕੁਝ ਹੀ ਦਿਨਾਂ ਵਿਚ ਉਹਦੀ ਪੱਕੀ ਸਹੇਲੀ ਬਣ ਗਈ । ਉਹਦੀ ਇਕੱਲਤਾ ਬਹੁਤ ਹੱਦ ਤਾਈਂ ਦੂਰ ਹੋ ਗਈ । ਸੱਜਨ ਵਲੋਂ ਪੁੱਛੇ ਜਾਣ ਤੇ ਉਹਨੇ ਇਹ ਵੀ ਦਸਿਆ ਕਿ ਹੋਰ ਆਦਮੀ ਨਾਲ ਇਸ ਤਰ੍ਹਾਂ ਮਿਲਣ ਨਾਲ ਉਹਨੂੰ ਕੋਈ ਸੰਕੋਚ ਨਹੀਂ ਹੁੰਦਾ । ਜੇਕਰ ਆਦਮੀ ਏਦਾਂ ਮਿਲ ਸਕਦੇ ਹਨ ਤਾਂ ਔਰਤਾਂ ਕਿਉਂ ਨਹੀਂ ? ਆਪਣੇ ਅਜਿਹੇ ਸੰਬੰਧਾਂ ਨੂੰ, ਸਮਾਜ ਵਿਚ ਔਰਤ ਦੀ ਥਾਂ ਬਚਾ ਵਾਲਾ ਨਾ ਹੋਣ ਕਰਕੇ ਹੀ ਉਹ ਗੁਪਤ ਰਖਣਾ ਚਾਹੁੰਦੀ ਹੈ ਬਸ ਹੋਰ ਕੋਈ ਗੱਲ ਨਹੀਂ ।

ਔਰਤ ਖਿੱਚ ਵਾਲੀ ਹੋਣ ਤੇ ਵੀ ਦੁਰਾਚਾਰਣੀ ਹੈ, ਆਪਣੀਆਂ ਗੱਲਾਂ ਨਾਲ ਮੋਹਣ ਵਾਲੀ ਹੋ ਕੇ ਵੀ ਕੁਟਲ ਹੈ ਅਤੇ ਫਿਰ ਵੀ ਆਪਣੇ ਸੁਭਾ ਦੀ ਮਸਤੀ ਕਰਕੇ ਇਕ ਥਾਂ ਉਹ ਸਰਲ ਵੀ ਹੈ । ਸੱਜਨ ਉਹਦਾ ਕੁਝ ਬੁਰਾ ਨਹੀਂ ਕਰਨਾ ਚਾਹੁੰਦਾ, ਇਹ ਉਹਨੇ ਫ਼ੈਸਲਾ ਕਰ ਲਿਆ । ਉਹਨੇ ਆਪਣਾ ਭੇਦ ਮੁਟਿਆਰ ਨੂੰ ਦੱਸ ਦਿਤਾ । ਸੁੰਦਰੀ ਤ੍ਰਭਕ ਗਈ । ਪਰ ਸੱਜਨ ਨੇ ਉਹਨੂੰ ਭਰੋਸਾ ਦਿਵਾਇਆ ਕਿ ਉਹ ਕਿਸੇ ਤਰ੍ਹਾਂ ਵੀ ਉਹਦੀ ਬੇਇੱਜ਼ਤੀ ਨਹੀਂ ਕਰੇਗਾ, ਜੇਕਰ ਉਹ ਉਹਦੀ ਸਲਾਹ ਅਨੁਸਾਰ ਕੰਮ ਕਰੇ । ਸੱਜਨ ਨੇ ਮੁਟਿਆਰ ਨੂੰ ਇਹ ਸਾਫ਼ ਪੱਕੀ ਕੀਤੀ ਕਿ ਉਹ ਧੰਨਵਤੀ ਨੂੰ ਇਹ ਭੇਦ ਦੱਸੇ ਬਿਨਾਂ ਚੁੱਪ ਚਾਪ ਚਲੀ ਜਾਏ ।

ਨੌਜਵਾਨ ਔਰਤ ਦੇ ਜਾਣ ਤੋਂ ਪੰਦਰਾ ਮਿੰਟ ਪਿਛੋਂ ਹੀ ਆਲੇ ਦੁਆਲੇ ਦੇ ਬਾਜ਼ਾਰਾਂ, ਘਰਾਂ ਅਤੇ ਰਾਹ ਜਾਂਦੇ ਆਦਮੀਆਂ ਲਈ ਸਨਸਨੀ ਭਰਿਆ ਹੱਲਾ ਗੁੱਲਾ ਮਚ ਗਿਆ । ਦੂਸਰੇ ਦਿਨ ਅਖ਼ਬਾਰਾਂ ਵਿਚ ਮਹਿਲਾ ਸੇਵਾ ਮੰਡਲ ਦਾ ਭਾਂਡਾ ਪਹਿਲੇ ਸਫ਼ੇ ਦਾ ਸਮਾਚਾਰ ਬਣ ਕੇ ਭੱਜਾ ਅਤੇ ਸ਼ਹਿਰ ਦੇ ਹਰ ਆਦਮੀ ਦੀ ਚਰਚਾ ਦਾ ਵਿਸ਼ਾ ਬਣ ਗਿਆ । ਸੱਜਨ ਵਰਮਾ ਦਾ ਨਾਂ ਕਲਾ ਦੇ ਪਿੜ ਵਿਚ ਏਨਾ ਚਮਤਕਾਰੀ ਰੂਪ ਨਾਲ ਕਦੇ ਪ੍ਰਸਿੱਧ ਨਹੀਂ ਹੋਇਆ ਸੀ — ਜਿੰਨਾ ਉਸ ਦਿਨ ਇਸ ਘਟਨਾ ਦੇ ਕਾਰਨ ਸ਼ਹਿਰ ਵਿਚ ਮਸ਼ਹੂਰ ਹੋਇਆ ।

ਸੱਜਨ ਦੀ ਉਦਾਹਰਣ ਨੇ ਕੁਝ ਦਿਨਾਂ ਤਕ ਸ਼ਹਿਰ ਵਿਚ ਤਰ੍ਹਾਂ ਤਰ੍ਹਾਂ ਦੇ ਸਮਾਜਿਕ ਭਾਂਡੇ ਭੰਨਣ ਦੀ ਲਹਿਰ ਚਲਾਈ, ਅਨੇਕ ਨੌਜਵਾਨ ਇਸੇ ਤਰ੍ਹਾਂ ਹੀਰੋ ਬਣ ਕੇ ਇੱਜ਼ਤ ਲੈਣ ਲਈ ਕੰਮ ਕਰਨ ਲੱਗੇ । ਪਤਾ ਨਹੀਂ ਕਿੰਨੀ ਤਰ੍ਹਾਂ ਨਾਲ ਸਮਾਜ ਨੂੰ ਠਗਣ ਵਾਲੀਆਂ ਸੰਸਥਾਵਾਂ ਵਲ ਲੋਕਾਂ ਦਾ ਧਿਆਨ ਨਵੇਂ ਸਿਰਿਉਂ ਜਾਗਿਆ । ਗਊਆਂ ਦੇ ਨਾਂ ਤੇ, ਰਾਮਲੀਲਾ, ਕੀਰਤਨ ਮੰਡਲੀਆਂ ਦੇ ਨਾਂ ਤੇ, ਅਨੇਕਾਂ ਸਮਾਜਕ ਟ੍ਰਸਟਾਂ ਦੇ ਨਾਂ ਤੇ ਲੋਕ ਕਿਸ ਤਰ੍ਹਾਂ ਧੰਦਾ ਕਰਦੇ ਹਨ, ਸਮਾਜ ਵਿਚ ਕਰੀਬ ਕਰੀਬ ਸਭਨਾਂ ਰਾਹੀਂ ਰੋਜ਼ ਦਿਹਾੜੀ ਦੀ ਜਾਣੀ ਪਹਿਚਾਣੀ ਇਹ ਗੱਲ ਸਮੂਹਿਕ ਰੂਪ ਵਿਚ ਇਕ ਨਵੀਂ ਚਿੰਤਾ ਦਾ ਸਵਾਲ ਬਣ ਕੇ ਵਿਚਾਰਵਾਨ ਲੋਕਾਂ ਦੇ ਸਾਹਮਣੇ ਆਉਣ ਲੱਗੀ । ਮਸੀਤਾਂ, ਸ਼ਿਵਾਲਿਆਂ ਦੇ ਗੁੰਬਦਾਂ ਨਾਲ ਘਿਰੀਆਂ ਹੋਈਆਂ, ਕੀਰਤਨ, ਸਤਨਰਾਇਨ ਦੀਆਂ

ਕਥਾਵਾਂ, ਮਿਲਾਦ ਸ਼ਰੀਫ਼, ਭਜਨਾਂ, ਨਾਅਤਾਂ ਨਾਲ ਗੂੰਜਦੀ ਹੋਈ ਇੱਜ਼ਤਦਾਰਾਂ ਦੀ ਅਬਾਦੀ ਆਪਣੀ ਤਹਿ ਵਿਚ ਕਿੰਨੀ ਬੇਬੁਨਿਆਦ ਅਤੇ ਗੰਦੀ ਹੈ, ਇਹ ਸੋਚ ਕਈਆਂ ਦੇ ਮਨ ਵਿਚ ਇਕ ਅਸਚਰਜ ਭਾਂਤ ਦੀ ਬੇਵਿਸ਼ਵਾਸੀ ਪੈਦਾ ਕਰਨ ਲੱਗੀ। ਜਿਨ੍ਹਾਂ ਬੇਵਿਸ਼ਵਾਸੀਆਂ ਨੂੰ ਲੈ ਕੇ ਅਸੀਂ ਜੀਉਣ ਮਰਨ ਦਾ ਢੌਂਗ ਰਚਾਉਂਦੇ ਹਾਂ, ਉਹ ਵਿਸਵਾਸ਼ ਕਿੰਨੇ ਕਮਜ਼ੋਰ ਹਨ, ਇਹ ਗੱਲ ਵਿਚਾਰਸ਼ੀਲ ਵਿਅਕਤੀਆਂ ਦੇ ਮਨ ਵਿਚ ਚੁਭਣ ਲੱਗੀ।

45

ਹਨੂਮਾਨ ਜੀ ਦੇ ਮੰਦਰ ਤੋਂ ਪਰ੍ਹੇ ਹੋ ਕੇ ਲਾਲਾ ਮੁਕੰਦੀ ਲਾਲ ਥੜ੍ਹੇ ਤੇ ਬੈਠ ਕੇ ਹੁੱਕਾ ਗੁੜਗੁੜਾਉਂਦਿਆਂ ਹੋਇਆਂ ਸਬਜ਼ੀ ਵਾਲੇ ਨਾਲ ਝਗੜ ਰਿਹਾ ਸੀ। ਮੰਦਰ ਕੋਲ ਇਕ ਵੱਡੀਆਂ ਵੱਡੀਆਂ ਖਿਚੜੀ ਮੁੱਛਾਂ ਅਤੇ ਕਸਰਤੀ ਦੇਹ ਵਾਲੇ ਬ੍ਰਾਹਮਣ ਚੌਕੜੀ ਮਾਰੀ ਰਾਮ ਚਰਿਤ ਮਾਨਸ ਦਾ ਪਾਠ ਕਰ ਰਿਹਾ ਸੀ —

ਨਾਯਿ ਚਰਨ ਸਿਰੂ ਕਹ ਕਰ ਜ਼ੋਰੀ।
ਨਾਥ ਮੋਹਿਂ ਕਛੂ ਨਾਹਿਂ ਨ ਖੋਰੀ।।
ਅਤਿਸਯ ਪ੍ਰਬਲ ਦੇਵ ਤਵ ਮਾਯਾ।
ਛੁਟਇ ਰਾਮ ਕਰਹੁ ਜੋ ਦਾਯਾ।।*

"ਉਏ! ਮੁਹੱਲੇ ਵਿਚ ਆਉਣਾ ਬੰਦ ਕਰ ਦਊਂਗਾ। ਸਾਲਿਆਂ ਮੈਨੂੰ ਹੁੱਜਤਾਂ ਕਰਦਾ ਏਂ !!" ਲਾਲਾ ਮੁਕੰਦੀਮਲ ਸਬਜ਼ੀ ਵਾਲੇ ਤੇ ਬੜੇ ਜ਼ੋਰ ਨਾਲ ਭਬਕਿਆ।

"ਚਾਰ ਦੁਸੇਰੀ ਮੇਰੀ ਆਪਣੀ ਖ਼ਰੀਦ ਨਹੀਂ ਲਾਲਾ, ਮੈਂ ਕਿੱਦਾਂ ਦੇ ਦਿਆਂ? ਬੁੱਢੇ ਬਜ਼ੁਰਗ ਹੋ ਕੇ ਤੁਸੀਂ ਤਾਂ ਖਾਮਖਾਂ 'ਚ ਝਗੜ ਰਹੇ ਓ!"

"ਵੇਖੋ ਸਹੁਰੇ ਨੂੰ, ਸਾਡੇ ਨਾਲ ਅੜਦਾ ਹੈਗਾ। ਟਕੇ ਦੀ ਜ਼ਾਤ ਸਹੁਰਾ। ਸੁਕਰੂ। ਉਏ ਹਰੀਆ। ਚੱਕੋ ਇਹਦਾ ਛਾਬਾ, ਸੁੱਟੋ ਨਾਲੀ ਵਿਚ।"

---

* ਚਰਨਾਂ ਤੇ ਸਿਰ ਧਰ, ਹੱਥ ਜੋੜ ਬੇਨਤੀ ਕਰਦਾ ਹਾਂ
ਨਾਥ ਮੇਰੇ ਵਿਚ ਐਬਾਂ ਤੋਂ ਬਿਨਾਂ ਕੁਝ ਨਹੀਂ
ਹੇ ਦੇਵ ਤੇਰੀ ਮਾਇਆ ਬੜੀ ਸ਼ਕਤੀਸ਼ਾਲੀ ਹੈ
ਰਾਮ ਦੀ ਕ੍ਰਿਪਾ ਦੁਆਰਾ ਹੀ ਇਸ ਬੰਧਨ ਤੋਂ ਛੁਟਕਾਰਾ ਮਿਲ ਸਕਦਾ ਹੈ
—ਅਨੁਵਾਦਕ

ਬਿਸ਼ਯ ਬਸਯ ਸੁਨ ਨਰ ਮੁਨਿ ਸਵਾਮੀ।
ਮੈਂ ਪਾਮਰ ਪਸੂ ਕਪਿ ਅਤਿ ਕਾਮੀ ॥
ਨਾਰਿ–ਨਯਨ–ਸਰ ਜਾਹਿ ਨ ਲਾਗਾ।
ਘੋਰ–ਕਰੋਧ — ਤਮ ਨਿਸਿ ਜੋ ਜਾਗਾ ॥
ਲੋਭ ਪਾਸ ਜ਼ੇਹਿ ਗਰ ਨ ਬੰਧਾਯਾ।
ਸੋ ਨਰ ਤੁਮ ਸਮਾਨ ਰਘੁਰਾਯਾ ॥*

ਰਾਮਾਇਣੀ ਜੀ, ਲਾਲਾ ਮੁਕੰਦੀ ਮੱਲ ਅਤੇ ਸਬਜ਼ੀ ਵਾਲੇ ਵਿਚਕਾਹੇ ਛਿੜੇ ਲੰਕਾ-ਕਾਂਡ ਤੋਂ ਭੋਰਾ ਕੁ ਵੀ ਪ੍ਰਭਾਵਤ ਨਾ ਹੋ ਕੇ ਭਰਪੂਰ ਆਵਾਜ਼ ਵਿਚ ਝੂੰਮ ਝੂੰਮ ਕੇ ਰਾਮਾਇਣ ਦਾ ਪਾਠ ਕਰ ਰਹੇ ਸਨ। ਦੋ ਇਸਤਰੀਆਂ ਆਈਆਂ, ਹਨੂਮਾਨ ਜੀ ਤੇ ਫੁੱਲ ਅਤੇ ਸ਼ਿਵ ਜੀ ਤੇ ਪਾਣੀ ਤੇ ਫੁੱਲ ਚੜ੍ਹਾ ਕੇ ਉਸਤਤ ਅਤੇ ਸ਼ਲੋਕਾਂ ਦੇ ਥਾਂ ਤੇ ਆਪੋ ਵਿਚ ਕਿਸੇ ਦੀ ਘਰ ਵਾਲੀ ਅਤੇ ਕਿਸੇ ਦੀ ਮਾਂ ਉਤੇ ਕਿਸੇ ਵਲੋਂ ਹੋਣ ਵਾਲੇ ਅਤਿਆਚਾਰਾਂ ਦੀ ਚਰਚਾ ਕਰਦੀਆਂ ਹੋਈਆਂ ਚਲੀਆਂ ਗਈਆਂ। ਬਾਊ ਰਾਧੇ ਸ਼ਿਆਮ ਤੀਸਰੀ ਉਂਗਲ ਵਿਚ ਸਿਗਰਟ ਦੱਬੀ ਮੁੱਠ ਵਿਚ ਫੜ ਕੇ ਕੱਸ਼ ਖਿੱਚਦਿਆਂ ਹੋਇਆਂ ਅਖ਼ਬਾਰ ਸਣੇ ਆਇਆ। ਲਾਲਾ ਜਾਨਕੀ ਸਰਣ ਦਾ ਮੁਨੀਮ ਕੁੰਜੀ ਲਾਲ ਕੱਛ ਵਿਚ ਖ਼ਾਤਾ ਮਾਰੀ ਕਿਤੇ ਜਾ ਰਿਹਾ ਸੀ — ਸੋ ਲਾਲਾ ਮੁਕੰਦੀ ਮੱਲ ਦੀ ਚਿਲਮ ਚੁਕ ਕੇ ਫੂਕਾਂ ਮਾਰਨ ਦੇ ਲਾਲਚ ਵਿਚ ਖਲੋ ਗਿਆ। ਜ਼ੋਰ ਜ਼ੋਰ ਦੀ ਬੋਲਣ ਨਾਲ ਲਾਲੇ ਦੀ ਖੰਘ ਉੱਭਰ ਆਈ ਸੀ। ਉਹ ਖੰਘਦਾ ਹੋਇਆ ਕੁੰਜੀ ਲਾਲ ਕੋਲ ਸ਼ਿਕਾਇਤ ਕਰ ਰਿਹਾ ਸੀ — "ਟਕੇ ਸੇਰ ਸਹੁਰਾ ਬਾਜ਼ਾਰ ਵਿਚ ਧੱਕੇ ਖਾਂਦਾ ਫਿਰਦਾ ਏ, ਅਸਾਂ ਇਕ ਆਨਾ ਕਹਿ ਦਿਤਾ ਤਾਂ ਕੀ ਮਾੜਾ ਕਿਹਾ ? ਮੁਹੱਲੇ ਵਿਚ ਹੁਣ ਏਕਾ ਨਹੀਂ ਕੁੰਜੀ ਲਾਲ, ਨਹੀਂ ਤਾਂ ਭੜੂਏ ਨੂੰ ਏਥੇ ਕਦੇ ਵੜਨ ਨਾ ਦਿਆਂ।"

ਸੱਜਨ ਗਲੀ ਵਿਚ ਦਾਖ਼ਲ ਹੋਇਆ। ਬਾਊ ਰਾਧੇ ਸ਼ਿਆਮ ਉਹਨੂੰ ਵੇਖਦਿਆਂ ਹੀ ਉਤਸ਼ਾਹ ਭਰੀ ਆਵਾਜ਼ ਵਿਚ ਕਹਿਣ ਲਗਾ — "ਆਓ ਆਓ, ਅੱਜ ਕਲ੍ਹ ਤਾਂ ਤੁਸੀਂ

---

* ਸਵਾਮੀ, ਮੈਂ ਸੁਣਿਆ ਸਭ ਨਰ ਮੁਨੀ ਵਿਸ਼ੇ ਦੇ ਅਧੀਨ ਹਨ
ਮੈਂ ਬੜਾ ਪਾਪੀ ਪਸ਼ੂ ਬਾਂਦਰ ਅਤੇ ਅਤੀ ਕਾਮੀ ਹਾਂ
ਨਾਰੀ ਦੇ ਅੱਖਾਂ ਦੇ ਤੀਰ ਜਿਹਨੂੰ ਨਹੀਂ ਲਗੇ
ਘੋਰ ਕਰੋਧ ਦੇ ਹਨੇਰੇ ਨਾਲ ਭਰੀ ਰਾਤ 'ਚੋਂ ਜਿਹੜਾ ਜਾਗ ਪਿਆ ਏ
ਜਿਹਨੇ ਆਪਣੀ ਧੌਣ ਲੋਭ ਦੇ ਹੱਥੀਂ ਨਹੀਂ ਫੜਾਈ
ਹੇ ਰਾਮ, ਉਹ ਮਨੁੱਖ ਤਾਂ ਤੇਰੇ ਵਰਗਾ ਹੀ ਹੋ ਸਕਦਾ ਹੈ

— ਅਨੁਵਾਦਕ

ਬੜਾ ਨਾਂ ਬਣਾਇਆ ਏ ਬਾਊ ਸਾਹਬ ! ਹਾ-ਹਾ-ਹਾ, ਇਹੋ ਜਿਹਾ ਭਾਂਡਾ ਭੰਨਿਆ ਮਹਿਲਾ ਮੰਡਲ ਦਾ ਕਿ ਤਬੀਅਤ ਖ਼ੁਸ਼ ਹੋ ਗਈ । ਬੈਠੋ, ਬੈਠੋ !"

"ਓ ਬਈ, ਕੰਨੋਮਲ ਦਾ ਪੋਤਰਾ ਆਇਆ ਏ ?"

"ਹਾਂ ਜੀ, ਲਾਲਾ ਜੀ ਪ੍ਰਣਾਮ ਕਰਦਾਂ !" ਸੱਜਨ ਨੇ ਥੜੇ ਤੇ ਬੈਠਣ ਤੋਂ ਪਹਿਲਾਂ ਲਾਲਾ ਮੁਕੰਦੀ ਮੱਲ ਅਗੇ ਹੱਥ ਜੋੜੇ ।

"ਖ਼ੁਸ਼ ਰਹੁ ਬੀਬਾ, ਤੂੰ ਤੇ ਬੜੇ ਝੰਡੇ ਗੱਡ ਦਿਤੇ ।"

ਸੱਜਨ ਆਪਣੀ ਸਿਫ਼ਤ ਨਾਲ ਝਿਜਕਿਆ ।

ਕੁੰਜੀ ਲਾਲ ਮੁਨੀਮ ਨੇ ਬਰਛੀ ਦੀ ਨੋਕ ਵਰਗੀ ਤਿੱਖੀ ਨਜ਼ਰ ਗੱਡ ਕੇ ਇਕ ਵਾਰ ਸੱਜਨ ਨੂੰ ਵੇਖਿਆ ਫਿਰ ਲਾਲਾ ਜੀ ਨੂੰ ਕਿਹਾ — "ਉਹਦੇ ਵਿਚ ਸਾਡਾ ਇਕ ਜਾਣਕਾਰੀ ਵਾਲਾ ਮੁੰਡਾ ਵੀ ਫਸਿਆ ਏ । ਇੱਜ਼ਤਦਾਰ ਆਦਮੀ, ਵਿਚਾਰੇ ਨੇ ਹਜ਼ਾਰਾਂ ਰੁਪਿਆ ਪੁਲਸ ਨੂੰ ਚਟਾਇਆ ਪਰ......"

"ਕੌਣ ਕੌਣ ? ਕੀਹਦਾ ਲੜਕਾ ਫਸਿਆ ?"

"ਉਹ ਮੰਗੂ ਆਹੜਤੀਆ ਏ ਨਾ । ਜਦੋਂ ਪੁਲਸ ਆਈ ਉਸ ਵੇਲੇ ਉਹਦਾ ਮੁੰਡਾ ਵੀ ਉਥੇ ਸੀ ।"

"ਠੀਕ ਆ, ਜਿਹੜਾ ਜਿੱਦਾਂ ਕਰੇਗਾ ਓਦਾਂ ਭਰੇਗਾ ।" ਆਖ ਕੇ ਬਾਊ ਰਾਧੇ ਸ਼ਿਆਮ ਨੇ ਤੀਸਰੀ ਉਂਗਲ ਵਿਚ ਦੱਬੀ ਸਿਗਰਟ ਦਾ ਕੱਸ਼ ਮਾਰਿਆ ।

"ਆਖਣਾ ਸੌਖਾ ਏ, ਬਾਊ ਜੀ, ਬਾਕੀ ਜੀਹਦੀ ਇੱਜ਼ਤ ਜਾਂਦੀ ਹੈਗੀ ਉਹਦੇ ਕਲੇਜੇ ਨੂੰ ਪੁਛੋ ! ਕਿਉਂ ਲਾਲਾ ਕੁਝ ਝੂਠ ਆਂਹਦਾ ਆਂ ।" ਕੁੰਜੀ ਲਾਲ ਮੁਨੀਮ ਨੇ ਲਾਲਾ ਮੁਕੰਦੀ ਮੱਲ ਤੋਂ ਆਪਣੀ ਗੱਲ ਦਾ ਹੁੰਗਾਰਾ ਲੈਣਾ ਚਾਹਿਆ ।

"ਆਹੋ, ਭਈ, ਆਪਣੀ ਇੱਜ਼ਤ ਬਚਾਉਣ ਲਈ ਤਾਂ ਆਦਮੀ ਸਭ ਕੁਝ ਕਰਦਾ ਏ । ਇੱਜ਼ਤ ਗਈ ਤਾਂ ਲੱਖਾਂ ਦਾ ਘਰ ਸੁਆਹ ਦਾ ! ਓਏ ਸ਼ੁਕਰੂਆ ਉਏ ਪਾਨ ਦੇ ਜਾਈਂ ਚਾਰ ਕੁ !"

ਥੜੇ ਦੇ ਸਾਹਮਣੇ ਟਿੱਲੇ ਦੇ ਸੱਜੇ ਹੱਥ ਆਪਣੇ ਘਰ ਵਲ ਆਵਾਜ਼ ਦੇ ਕੇ ਲਾਲਾ ਮੁਕੰਦੀ ਮੱਲ ਨੇ ਫਿਰ ਹੁੱਕੇ ਦੀ ਨੜੀ ਸੰਭਾਲੀ ।

ਸੱਜਨ ਨੇ ਕਿਹਾ — "ਇੱਜ਼ਤ ਦੀ ਤੇ ਗੱਲ ਸੀ ਲਾਲਾ ਜੀ, ਉਥੇ ਇਕ ਦੀ ਨਹੀਂ ਸਾਰੇ ਸਮਾਜ ਦੀ ਇੱਜ਼ਤ ਜਾ ਰਹੀ ਸੀ ।"

"ਤੁਸੀਂ ਸੱਚ ਕਹਿੰਦੇ ਓ ਬਾਊ ਸਾਹਬ !" ਬਾਊ ਰਾਧੇ ਸ਼ਿਆਮ ਨੇ ਕਿਹਾ – "ਜਿਹੜੇ ਲੋਕ ਸਮਾਜ ਦੀ ਇੱਜ਼ਤ ਨਾਲ ਇੰਜ ਖੇਡਦੇ ਨੇ......"

"ਬਈ, ਸਮਾਜ ਦੀ ਇੱਜ਼ਤ ਈ ਏ । ਤੂੰ ਕਲ੍ਹ ਦਾ ਮੁੰਡਾ ਏਂ ਰਾਧੇ ਸ਼ਿਆਮ, ਸਾਨੂੰ ਤਾਂ ਇਹ ਵੇਖਦਿਆਂ ਵੇਖਦਿਆਂ ਜ਼ਮਾਨਾ ਲੰਘ ਗਿਆ ।" ਕੁੰਜੀ ਲਾਲ ਮਨੀਮ ਬੋਲਿਆ –

"ਆਖੇਂ ਤਾਂ, ਤੇਰੇ ਮੁਹੱਲੇ ਦੇ ਈ ਚੰਗੇ ਚੰਗੇ ਘਰਾਂ ਦੀ ਇੱਜ਼ਤ ਦਾ ਭਾਂਡਾ ਭੰਨ ਦਿਆਂ। ਬਾਕੀ ਨਹੀਂ, ਮੈਂ ਤਾਂ ਇਹ ਸੋਚਦਾਂ ਬਈ ਜਿੱਦਾਂ ਦੀ ਆਪਣੀ ਇੱਜ਼ਤ ਏਦਾਂ ਦੀ ਹੋਰਾਂ ਦੀ। ਆਪਣੀ ਧੋਤੀ ਹੇਠ ਸਭ ਨੰਗੇ ਨੇ। ਕੀਹਦੀ ਕੀਹਦੀ ਗੱਲ ਆਖਾਂ ?"

"ਇੱਜ਼ਤ ਹੁਣ ਰਹੀ ਈ ਕਿਥੇ ਆ ਕੁੰਜੀ ਲਾਲ ਭਰਾਵਾ, ਹੁਣ ਤੇ ਜ਼ਮਾਨਾ ਬੇਸ਼ਰਮ ਹੋ ਗਿਆ ਏ। ਇਹੋ ਪੰਦਰਾਂ ਵੀਹ ਵਰ੍ਹੇ ਪਹਿਲਾਂ ਦੀ ਸੋਚ, ਗ਼ਰੀਬ ਤੋਂ ਗ਼ਰੀਬ ਹੁੰਦਾ ਸੀ, ਉਹ ਚਾਹੇ ਘਰ ਵਿਚ ਭੁੱਖਾ ਸੌਂ ਰਹੇ, ਪਰ ਆਪਣੇ ਸੱਕੇ ਤੋਂ ਸੱਕੇ ਸਾਹਮਣੇ ਵੀ ਦੁਖੜਾ ਨਹੀਂ ਸੀ ਰੋਂਦਾ। ਦਸ ਸੱਚੀ ਗੱਲ ਆ ਕਿ ਨਹੀਂ ?"

"ਸੱਚੀ ਏ ਲਾਲਾ।"

"ਤੇ ਹੁਣ ਵੇਖ ਲਓ। ਚਾਹੇ ਲੱਖਪਤੀ ਹੋਣ ਚਾਹੇ ਗ਼ਰੀਬ ਹੋਣ, ਸਾਰੇ ਸਾਰਿਆਂ ਅਗੇ ਇਹੋ ਰੋਣਾ ਰੋਂਦੇ ਨੇ ਕਿ ਆਮਦਨੀ ਨਹੀਂ, ਖ਼ਰਚਾ ਨਹੀਂ ਤੁਰਦਾ। ਇਸੇ ਤੋਂ ਸਮਝ ਲਾ ਭਈ ਜ਼ਮਾਨੇ ਵਿਚ ਹੁਣ ਇੱਜ਼ਤ ਆਬਰੂ ਰਹਿ ਈ ਨਹੀਂ ਗਈ। ਆਪਣੀ ਇੱਜ਼ਤ ਆਪਣੇ ਹੱਥੋਂ ਉਧੇੜਨ ਦਾ ਹੁਣ ਫ਼ੈਸ਼ਨ ਏ ਭਰਾਵਾ, ਕੋਈ ਕੀ ਕਰੇ ?" ਏਨਾ ਕੁ ਮੁਕੰਦੀ ਲਾਲਾ ਬੋਲਿਆ ਬਾਕੀ ਉਹਦਾ ਹੁੱਕਾ ਬੋਲਣ ਲਗਾ।

ਕੁੰਜੀ ਲਾਲ ਮੁਨੀਮ ਕਿਤੇ ਜਾਣ ਦਾ ਵਿਚਾਰ ਛੱਡ ਕੇ ਥੜੇ ਤੇ ਬਹਿ ਗਿਆ। ਬੋਲਿਆ — "ਪਹਿਲਾਂ ਬੜਾ ਸਸਤ ਰਿਹਾ ਏ ਲਾਲਾ। ਉਦੋਂ ਗ਼ਰੀਬ ਕਿਸੇ ਹੱਦ ਤਾਈਂ ਗ਼ਰੀਬੀ ਨੂੰ ਬਰਦਾਸ਼ਤ ਕਰ ਲੈਂਦੇ ਸਨ, ਇੱਜ਼ਤ ਦਾ ਡਰ ਬਣਿਆ ਰਹਿੰਦਾ ਸੀ, ਸਾਡੇ ਬਚਪਨ ਵਿਚ ਪੰਦਰਾਂ ਸੇਰ ਕਣਕ ਸੀ, ਅਠਾਰਾਂ-ਵੀਹ-ਪੰਝੀ ਸੇਰ ਤਕ ਦਾਲਾਂ, ਡੇਢ ਸੇਰ ਘਿਓ, ਸੋਲਾਂ ਸੇਰ ਦੁੱਧ — ਭਲਾ ਦਸ ਉਦੋਂ ਸੁਰਗ ਸੀ ਕਿ ਨਹੀਂ ? ਤੇ ਹੁਣ ਤਾਂ ਉਹ ਅਖ਼ਬਾਰ ਵਿਚ ਠੀਕ ਛਪ ਰਿਹਾ ਕਿ ਜਿੰਨੀਆਂ ਔਰਤਾਂ ਉਥੋਂ ਫੜੀਆਂ ਗਈਆਂ ਉਹ ਗ਼ਰੀਬੀ ਦੇ ਮਾਰਿਆਂ ਬੁਰਾ ਕੰਮ ਕਰਦੀਆਂ ਸਨ। ਭਲਾ ਦਸੋ ਗ਼ਰੀਬੀ ਵੱਡੀ ਕਿ ਇੱਜ਼ਤ ਵੱਡੀ।"

ਕੁੰਜੀ ਲਾਲ ਮੁਨੀਮ ਦੀ ਗੱਲ ਤੇ ਗੱਲ ਮਾਰ ਕੇ ਬਾਊ ਰਾਧੇ ਸ਼ਿਆਮ ਬੋਲਿਆ — "ਤੁਸੀਂ ਕਹਿਣਾ ਕੀ ਚਾਹੁੰਦੇ ਓ ਮੁਨੀਮ ਜੀ ? ਕਦੇ ਇੱਜ਼ਤ ਦੀ ਗੱਲ ਕਰਦੇ ਓ ਕਦੇ ਗ਼ਰੀਬੀ ਦੀ।"

"ਮੈਂ ਤੇ ਇਹ ਸਭ ਕੁਝ ਨਹੀਂ ਕਹਿੰਦਾ, ਇੱਜ਼ਤ ਦੀ ਗੱਲ ਚਲੀ ਤਾਂ ਮੈਂ ਕਿਹਾ। ਜਿਹੜੀਆਂ ਵਿਚਾਰੀਆਂ ਗ਼ਰੀਬੀ ਦੀਆਂ ਮਾਰੀਆਂ ਲੁਕ ਛਿਪ ਕੇ ਕਿਸੇ ਤਰ੍ਹਾਂ ਪੈਸੇ ਕਮਾ ਲੈਂਦੀਆਂ ਸਨ ਉਹਨਾਂ ਨੂੰ ਜੱਗ ਸਾਹਮਣੇ ਲਿਆਉਣਾ ਇੱਜ਼ਤ ਦਾ ਕੰਮ ਏ ?" ਕੁੰਜੀ ਲਾਲ ਦੀ ਲੁੜਕਦੀ ਹੋਈ ਗੱਲਾਂ ਦੀ ਚੱਟਾਨ ਐਸ ਵਾਰੀ ਅਚਾਨਕ ਹੀ ਸੱਜਣ ਉਤੇ ਆ ਪਈ। ਸੱਜਣ ਨੇ ਨਜ਼ਰ ਚੁਕ ਕੇ ਮੁਨੀਮ ਜੀ ਵਲ ਵੇਖਿਆ।

ਬਾਊ ਰਾਧੇ ਸ਼ਿਆਮ ਵੀ ਉਸੇ ਤੈਸ਼ ਵਿਚ ਬੋਲਿਆ — "ਜੀ ਹਾਂ, ਸਮਾਜ ਵਿਚ

ਇਹੋ ਜਿਹੇ ਪਾਪਾਂ ਦਾ ਭਾਂਡਾ ਜ਼ਰੂਰ ਭੰਨਣਾ ਚਾਹੀਦਾ ਹੈ। ਇਹ ਸਾਰੀਆਂ ਪੈਸੇ ਵਾਲਿਆਂ ਦੀਆਂ ਕਾਲੀਆਂ ਕਰਤੂਤਾਂ ਨੇ। ਤੁਹਾਨੂੰ ਜਨਾਬ ਮਾੜਾ ਇਸ ਲਈ ਲਗਾ ਬਈ ਤੁਹਾਡੇ ਕਿਸੇ ਲੱਖਪਤੀ ਆੜ੍ਹਤੀਏ ਦਾ ਲੜਕਾ ਫੜਿਆ ਗਿਆ ਤੇ ਉਹਨਾਂ ਦੀ ਇੱਜ਼ਤ ਚਲੀ ਗਈ। ਭਾਈ ਸਾਹਿਬ, ਮੈਂ ਕਹਿੰਦਾਂ ਇਹ ਪੂੰਜੀਪਤੀ ਆਪਣੇ ਸੁਖ ਸਵਾਰਥ ਲਈ ਹਰ ਗੰਦੇ ਤੋਂ ਗੰਦਾ ਕੰਮ ਕਰਦੇ ਨੇ। ਨਾਰੀ ਜ਼ਾਤੀ ਨੂੰ ਨਾ ਛੱਡਣ, ਗਊ ਸੇਵਾ ਦੇ ਨਾਂ ਤੇ ਗਊ ਹੱਤਿਆ ਨੂੰ ਨਾ ਛੱਡਣ, ਰਾਮਲੀਲਾ ਨੂੰ ਨਾ ਛੱਡਣ — ਸਹੁਰਿਆਂ ਮੁਰਦਿਆਂ ਦੇ ਕੱਫਣ ਤਕ 'ਚੋਂ ਤੇ ਕਮਾਇਆ ਏ। ਇਸ ਸਮਾਜ ਦੀ ਇੱਜ਼ਤ ਲੁੱਟਣ ਵਾਲੇ ਧਨਵਾਨ ਹੀ ਨੇ ਜਿਹਨਾਂ ਦੀ ਚਾਕਰੀ ਕਰਕੇ ਕੁੰਜੀ ਲਾਲ ਮੁਨੀਮ ਵਰਗੇ ਲੋਕ — ਟੁੱਕੜ ਬੋਚ ਸਹੁਰੇ ਯਭਲੀਆਂ ਮਾਰਦੇ ਨੇ।" ਬਾਊ ਰਾਧੇ ਸ਼ਿਆਮ ਦਾ ਪਾਰਾ ਆਮ ਵਾਂਗ ਧਨਵਾਨਾਂ ਦੀ ਆਲੋਚਨਾ ਦੀ ਕਮੰਦ ਨਾਲ ਜੋਸ਼ ਭਰੇ ਭਾਸ਼ਣ ਦੇ ਕਿਲ੍ਹੇ ਤੇ ਚੜ੍ਹ ਗਿਆ। ਏਨੀ ਦੇਰ ਵਿਚ ਉਹਦੀ ਸਿਗਰਟ ਤੇ ਲੰਮੀ ਸੁਆਹ ਜੰਮ ਗਈ ਸੀ, ਟੁੰਡ ਬਚਿਆ ਹੋਇਆ ਸੀ। ਬਾਊ ਰਾਧੇ ਸ਼ਿਆਮ ਨੇ ਹੱਥ ਹਿਲਾ ਕੇ ਸੁਆਹ ਝਾੜੀ ਅਤੇ ਉਂਗਲ ਅੰਗੂਠੇ ਵਿਚ ਸਿਗਰਟ ਲੈ ਕੇ ਆਖ਼ਰੀ ਦੋ ਕੱਸ਼ ਖਿੱਚ ਕੇ ਸੁਟ ਦਿਤੀ।

ਸੱਜਨ ਨੇ ਗਲੀ ਦੇ ਮੋੜ ਤੇ ਮਹੀਪਾਲ ਨੂੰ ਆਉਂਦਿਆਂ ਹੋਇਆਂ ਵੇਖਿਆ। ਕੁੰਜੀ ਲਾਲ ਮੁਨੀਮ ਬਾਊ ਰਾਧੇ ਸ਼ਿਆਮ ਦੀ ਗੱਲ ਤੋਂ ਤਾਅ ਖਾ ਕੇ ਕੱਛ 'ਚ ਆਪਣਾ ਖਾਤਾ ਘੁੱਟੀ ਉਠ ਕੇ ਖੜਾ ਹੋਇਆ ਅਤੇ ਕੁਝ ਕਹਿਣ ਹੀ ਵਾਲਾ ਸੀ ਕਿ ਮੁਕੰਦੀ ਮੱਲ ਨੇ ਉਹਦੀ ਬਾਂਹ ਫੜ ਕੇ ਉਹਨੂੰ ਆਪਣੇ ਵਲ ਨਿਵਾਉਂਦਿਆਂ ਹੋਇਆਂ ਹੌਲੀ ਜਿਹੀ ਕਿਹਾ — "ਕੀਹਦੇ ਮੂੰਹ ਲਗਦਾ ਏਂ ਕੁੰਜੀ ਲਾਲ, ਅੱਜ ਕਲ੍ਹ ਕਮਨਿਸਟੀ ਜ਼ਮਾਨਾ ਹੈਗਾ ਏ। ਲੈ ਪਾਨ ਖਾਂਦਾ ਜਾ। ਉਏ ਸੁਕਰੂਆ ਉਏ! ਸਹੁਰਿਆ ਪਾਨ ਨਹੀਂ ਲਿਆਇਆ। ਤੇ ਚਿਲਮ ਵੀ ਲੈ ਆਈਂ।"

ਗੱਲਾਂ ਤੇ ਗੱਲਾਂ, ਪੁਰਾਣੀਆਂ ਯਾਦਾਂ ਅਤੇ ਠਹਾਕੇ, ਫਲਾਣੇ ਦੇ ਪੁੱਤ ਅਤੇ ਫਲਾਣੇ ਦੇ ਭਰਾ, ਵੀਹ ਪੰਝੀ ਗਏ ਗੁਜ਼ਰੇ ਜਾਂ ਅੱਜ ਕਲ੍ਹ ਦੇ ਬੁੱਢਿਆਂ ਦੀ ਜਵਾਨੀ ਅਤੇ ਬਚਪਨ ਦੇ ਜ਼ਿਕਰੇ ਖ਼ੈਰ ਦੇ ਬਹਾਨੇ ਪਿਛਲੇ ਸੱਤਰ-ਅੱਸੀ ਵਰ੍ਹਿਆਂ ਤੋਂ ਲੈ ਕੇ ਸਮਾਜਕ ਵਿਕਾਸ ਦੀਆਂ ਤਸਵੀਰਾਂ ਬੇਤਰਤੀਬੀ ਨਾਲ ਬਿਆਨ ਕੇ ਵੀ ਆਪਣੇ ਲੱਛੇਦਾਰ ਵਹਾ ਵਿਚ ਵਾਰੀ ਨਾਲ ਸੱਜਨ ਅਤੇ ਮਹੀਪਾਲ ਦੀਆਂ ਗੱਲਾਂ ਵਿਚ ਆ ਰਹੀਆਂ ਸਨ। ਪੁਰਾਣੀਆਂ ਗੱਲਾਂ ਦਸਣ ਸੁਣਨ ਦਾ ਵੀ ਇਕ ਅਸਚਰਜ ਨਸ਼ਾ ਹੁੰਦਾ ਹੈ। ਪਤਾ ਨਹੀਂ ਰਾਮਾਇਣੀ ਭਗਤ ਕਦੋਂ ਚਲਿਆ ਗਿਆ ਰਾਹ ਵਿਚ ਤੁਰੇ ਜਾਂਦੇ ਕਿੰਨੇ ਭਗਤ ਭਗਤਣੀਆਂ ਆਏ ਗਏ। ਕਿੰਨਿਆਂ ਨਾਲ ਜੈ ਰਾਮ, ਜੈ ਹਿੰਦ, ਠੀਕ ਓ? ਹਾਂ, ਸਭ ਭਗਵਾਨ ਦੀ ਕਿਰਪਾ ਏ — ਆਦਿ ਸ਼ਬਦਾਂ ਦੀਆਂ ਟੁਕੜੀਆਂ ਬੋਲੀਆਂ ਬੁਲਾਈਆਂ ਗਈਆਂ; ਕੁਝ ਉਸ ਬੈਠਕ ਵਿਚ ਸ਼ਾਮਲ ਵੀ ਹੋ ਗਏ। ਨਿੰਮ ਦੀ ਦਾਤਣ ਤੋਂ ਬੁਰਸ਼ ਟੁੱਥ ਪਾਊਡਰ

ਅਤੇ ਪੇਸਟ ਤਕ; ਸਵੇਰ ਦੇ ਨਾਸ਼ਤੇ ਵਿਚ ਜਲੇਬੀ ਕਚੌੜੀ ਤੋਂ ਲੈ ਕੇ ਮੱਖਣ ਟੋਸਟ ਤਕ; ਪਹਿਰਾਵੇ ਵਿਚ ਪਗੜੀ, ਅਚਕਨ, ਦੁਪੱਟਾ, ਦੁਪੱਲੀ ਚੋਗੋਸ਼ੀਏ ਤੋਂ ਲੈ ਕੇ ਅਪਟੂਡੇਟ ਅੰਗਰੇਜ਼ੀ ਫ਼ੈਸ਼ਨ ਤਕ ਅਨੇਕਾਂ ਪ੍ਰਕਾਰ ਦੀ ਗੱਲਾਂ ਹੋਈਆਂ। ਸੂਰਜ ਦੇਵਤਾ ਥੜੇ ਨੂੰ ਛੱਡ ਕੇ ਕੰਧ ਤੇ ਆ ਬਰਾਜੇ। ਸਾਢੇ ਤਿੰਨਾਂ ਘੰਟਿਆਂ ਵਿਚ ਮਜਲਿਸ ਖ਼ਤਮ ਹੋਈ। ਮਹੀਪਾਲ ਥੜੇ ਤੋਂ ਉਠ ਬਜਰੰਗ ਬਲੀ ਦੇ ਸਾਹਮਣੇ ਹੱਥ ਜੋੜ ਕੇ, 'ਸ਼੍ਰੀ ਗੁਰੂ ਚਰਨ ਸਰੋਜ ਰਜ', ਆਦਿ ਦਾ ਪਾਠ ਕਰਕੇ, 'ਭੋਲੇ ਮ੍ਰਿਤਊਂਜਯ ਹਰ-ਹਰ' ਉਚਾਰ ਕੇ ਸੱਜਨ ਵਲ ਹੋਇਆ। ਸੱਜਨ ਵਿਚਾਰਾਂ ਵਿਚ ਗੁਆਚਾ ਹੋਇਆ ਸੀ, ਉਹਨੇ ਮਹੀਪਾਲ ਨੂੰ ਗੁਆਚੀਆਂ ਨਜ਼ਰਾਂ ਨਾਲ ਵੇਖਿਆ। ਮਹੀਪਾਲ ਉਸ ਨਜ਼ਰ ਦਾ ਉੱਤਰ ਨਾ ਦੇ ਸਕਿਆ, ਸਿਰਫ਼ ਮੁਸਕਰਾਇਆ।

ਸੱਜਨ ਨੇ ਝਟਪਟ ਘੜੀ ਵੇਖ ਕੇ ਕਿਹਾ — "ਬਾਰਾਂ ਚਾਲ੍ਹੀ ਹੋ ਗਏ। ਮੈਂ ਏਧਰ ਤਾਈ ਨੂੰ ਮਿਲਣ ਆਇਆ ਸਾਂ, ਪਰ ਇਹੋ ਜਿਹੀਆਂ ਮਜ਼ੇਦਾਰ ਗੱਲਾਂ ਦਾ ਰੰਗ ਬੱਝਾ ਕਿ ਕੁਝ ਵੀ ਧਿਆਨ ਨਾ ਰਿਹਾ। ਫਿਰ ਵੀ ਬੜਾ ਚੰਗਾ ਵਕਤ ਲੰਘਿਆ।"

"ਹਾਂ, ਬਹੁਤ ਚੰਗਾ ਲੰਘਿਆ। ਬਹੁਤ ਦਿਨਾਂ ਪਿਛੋਂ ਇਹੋ ਜਿਹਾ ਅਨੰਦ ਆਇਆ।"

"ਫਿਰ ਪਲ ਭਰ ਚੁੱਪ ਰਹੀ। ਇਕ ਗਾਂ ਲੰਘ ਰਹੀ ਸੀ ਜੀਹਦੇ ਪਿੰਡੇ ਤੇ ਹੋਲੀ ਦੇ ਰੰਗਦਾਰ ਨਿਸ਼ਾਨ ਝਲਕ ਰਹੇ ਸਨ। ਦੋਵਾਂ ਦੀ ਨਜ਼ਰ ਉਹਦੇ ਤੇ ਪਈ। ਫਿਰ ਸੱਜਨ ਨੇ ਪੁੱਛਿਆ – "ਏਧਰ ਕਿੰਜ ਆਇਆ ਏਂ ?"

"ਉਂਜ ਈ। ਤੈਨੂੰ ਮਿਲਣ ਲਈ ਜੀਅ ਕੀਤਾ ਸੀ।"

"ਮੈਂ ਤਾਈ ਵਲ ਜਾ ਰਿਹਾਂ। ਜੇ ਕੋਈ ਕਾਹਲੀ ਨਾ ਹੋਏ ਤਾਂ ਨਾਲ ਚਲ।"

ਮਹੀਪਾਲ ਕੁਝ ਝਿਜਕਿਆ, ਬੋਲਿਆ — "ਹੁਣ ਤੂੰ ਜਾਹ। ਮੈਂ ਜਾਂਦਾ ਆਂ ਫਿਰ ?"

ਸੱਜਨ ਨੇ ਉਹਨੂੰ ਗਹੁ ਨਾਲ ਵੇਖਿਆ, ਫਿਰ ਜ਼ੋਰ ਦੇ ਕੇ ਕਿਹਾ – "ਜੇ ਕੋਈ ਕੰਮ ਨਾ ਹੋਏ ਤਾਂ ਆ ਜਾ। ਤਾਈ ਨੇ ਬੁਲਾਇਆ ਏ, ਮਿਲ ਕੇ ਫਿਰ ਜਿਥੇ ਆਖੇਂਗਾ ਚਲਾਂਗੇ।"

ਮਹੀਪਾਲ ਰਾਜ਼ੀ ਹੋ ਗਿਆ। ਦੋਵੇਂ ਗਊ ਸ਼ਾਲਾ ਦੇ ਫਾਟਕ ਵਲ ਗਏ। ਸੱਜਨ ਨੂੰ ਇਸ ਹਵੇਲੀ ਦੇ ਇਸ ਹਿੱਸੇ ਵਿਚ ਗੁਜ਼ਾਰੇ ਹੋਏ ਦਿਨ ਯਾਦ ਆਉਣ ਲਗੇ। ਸ਼ਰਨਾਰਥੀ ਦਾ ਢਕੌਂਜ, ਤਾਈ ਦੇ ਜਾਦੂ ਦੇ ਪੁਤਲੇ, ਚੋਰਾਂ ਹੱਥੋਂ ਹੋਈ ਤਾਈ ਦੀ ਦੁਰਗਤ, ਕੰਨਿਆ ਦਾ ਆਉਣਾ ਜਾਣਾ, ਵੱਡੀ-ਬੋਰ ਦਾ ਰੋਮਾਂਸ......ਅਚਾਨਕ ਸੱਜਨ ਪੁੱਛ ਬੈਠਾ — "ਕਿਉਂ ਜੀ, ਮਹਾਂਕਵੀ ਬੋਰ ਕਿਥੇ ਆ ? ਬਹੁਤ ਦਿਨਾਂ ਤੋਂ ਦਿਸਿਆ ਨਹੀਂ।"

ਮਹੀਪਾਲ ਨੇ ਕਿਹਾ — "ਮੈਂ ਵੀ ਏਧਰ ਕਦੇ ਨਹੀਂ ਵੇਖਿਆ। ਬੜੀ ਨਫ਼ਰਤ ਹੁੰਦੀ

ਏ ਉਹਦੇ ਕੋਲੋਂ।"

"ਪਤਾ ਨਹੀਂ ਕਿੰਨੇ ਕੁ ਹੋਣਗੇ। ਕਮਜ਼ੋਰੀਆਂ ਕਰਕੇ ਹੁਣ ਮੈਨੂੰ ਬੰਦਿਆਂ ਤੇ ਬੜਾ ਘਟ ਗੁੱਸਾ ਆਉਂਦਾ ਏ। ਕਮਜ਼ੋਰੀਆਂ ਸਮਾਜ ਵਿਆਪੀ ਹੁੰਦੀਆਂ ਨੇ।"

"ਕਮਜ਼ੋਰੀਆਂ ਈ ਕਿਉਂ, ਤਾਕਤ ਵੀ ਸਮਾਜ ਵਿਆਪੀ ਹੁੰਦੀ ਏ......"

ਸੱਜਨ ਨੇ ਤਾਈ ਦੇ ਘਰ ਦਾ ਕੁੰਡਾ ਖੜਕਾਇਆ। ਮਹੀਪਾਲ ਗੱਲ ਅਧੂਰੀ ਛੱਡ ਕੇ ਰੁਕ ਗਿਆ। ਅੰਦਰੋਂ ਤਾਈ ਦੀ ਆਵਾਜ਼ ਆਈ — "ਵੇ ਕੌਣ ਆ ਮੋਇਆ।"

"ਗਾਲ੍ਹ ਬਿਨਾਂ ਤਾਂ ਕਿਸੇ ਨਾਲ ਗੱਲ ਈ ਨਹੀਂ ਕਰਦੀ।" ਮਹੀਪਾਲ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ। ਸੱਜਨ ਨੇ ਦਰਵਾਜ਼ੇ ਵਲ ਮੂੰਹ ਕਰਕੇ ਉੱਚੀ ਸਾਰੀ ਉੱਤਰ ਦਿਤਾ — "ਮੈਂ ਆਂ ਤਾਈ ਜੀ, ਸੱਜਨ।"

"ਦੁਰਜਨ ਕਿਉਂ ਨਹੀਂ ਕਹਿੰਦਾ, ਉਏ।"

"ਉਹ ਸਿਰਫ਼ ਸ਼ੀਲਾ ਕਹਿੰਦੀ ਏ।"

ਮਹੀਪਾਲ ਸ਼ੀਲਾ ਦਾ ਨਾਂ ਸੁਣ ਕੇ ਗੰਭੀਰ ਹੋ ਗਿਆ। ਉਸ ਵੇਲੇ ਅੰਦਰੋਂ ਕੁੰਡੀ ਖੜਕੀ, ਦਰਵਾਜ਼ਾ ਖੁਲ੍ਹ। ਕੰਨਿਆ ਖਲੋਤੀ ਸੀ। ਉਹਨੇ ਖ਼ੁਸ਼ੀ ਭਰੀ ਨਜ਼ਰ ਨਾਲ ਆਪਣੇ ਪਤੀ ਵਲ ਵੇਖਿਆ, ਮਹੀਪਾਲ ਅਗੇ ਹੱਥ ਜੋੜੇ।

"ਕਿਥੇ ਰਹੇ ਫਿਰ ?" ਕੰਨਿਆ ਨੇ ਪਤੀ ਤੋਂ ਪੁੱਛਿਆ।

"ਉਥੇ ਧੜੇ ਤੇ ਸਾਂ।"

"ਜੂਆ ਖੇਡ ਰਿਹਾ ਸੀ ਕੰਨਿਆ ਜੀ, ਫੜ ਕੇ ਲਿਆਇਆਂ।" ਮਹੀਪਾਲ ਨੇ ਕਿਹਾ।

ਕੰਨਿਆ ਨੇ ਹੱਸ ਕੇ ਕਿਹਾ — "ਤਾਂ ਤੁਸੀਂ ਵੀ ਉਥੇ ਦਾਅ ਲਾਉਣ ਲਈ ਪਹੁੰਚੇ ਹੋਵੋਗੇ।"

"ਉਹ ਖ਼ਾਲੀ ਗਿਆ, ਤਦੇ ਤੇ ਸ਼ਿਕਾਇਤ ਕਰ ਰਿਹੈ।" ਸੱਜਨ ਡਿਉੜ੍ਹੀ ਪਾਰ ਕਰਕੇ ਬੋਲਿਆ।

"ਬਾਬਾ ਜੀ ਆਏ ਨੇ।" ਕੰਨਿਆ ਨੇ ਕਿਹਾ।

"ਕਿਥੇ ਨੇ ?"

"ਉੱਪਰ।" ਕੰਨਿਆ ਉਪਰਲੀਆਂ ਪੌੜੀਆਂ ਵਲ ਜਾਂਦੀ ਹੋਈ ਬੋਲੀ।

ਉੱਪਰ ਚੇਤ ਦੀ ਧੁੱਪ ਮਘ ਰਹੀ ਸੀ। ਤਾਈ ਸੂਰਜ ਵਲ ਪਿੱਠ ਕਰਕੇ ਬੈਠੀ ਸੀ — ਅਤੇ ਕ੍ਰਿਸ਼ਨ ਰੰਗੇ, ਗਠਵੀਂ ਦੇਹ ਅਤੇ ਲੰਗੋਟੀ ਧਾਰੀ ਬਾਬਾ ਰਾਮ ਜੀ ਚੌਕੜੀ ਮਾਰੀ ਉਹਨਾਂ ਦੇ ਸਾਹਮਣੇ ਬਿਰਾਜਮਾਨ ਸਨ। ਦੋਵਾਂ ਨੂੰ ਵੇਖ ਕੇ ਬਾਬਾ ਜੀ ਨੇ ਬੜੀ ਚਾਹ ਨਾਲ ਸਵਾਗਤ ਕੀਤਾ। ਸੱਜਨ ਦੇ ਪੈਰ ਛੁਹਣ ਸਮੇਂ ਤਾਈ ਨੇ ਉਹਨੂੰ ਕਿਹਾ — "ਕਿਉਂ ਵੇ, ਕਿਥੇ ਰਿਹਾ ਏਨੇ ਦਿਨ ?"

"ਤਾਈ ਜੀ — ਅ — ਕੰਮ ਕਰ ਰਿਹਾਂ ਸਾਂ।"

"ਇਹੋ ਜਿਹਾ ਵੀ ਕਿਹੜਾ ਕੰਮ ਏ ਚੰਦਰਾ ਜੁ ਏਥੇ ਆਉਣ ਦੀ ਵਿਹਲ ਨਹੀਂ। ਬਾਊ ਹੱਥ, ਇਹਦਾ ਪਤਾ ਬਹੁ ਲਗ ਜਾਂਦਾ ਸੀ ਬਾਬਾ ਜੀ, ਤੇ ਮਨ ਨੂੰ ਤਸੱਲੀ ਹੁੰਦੀ ਸੀ। ਨਹੀਂ ਤਾਂ......"

ਬਾਬਾ ਜੀ ਬੋਲੇ — "ਨਹੀਂ ਰਾਮ ਭਗਤਣੀਏਂ, ਇਹਦੀ ਤਾਂ ਅਸੀਂ ਵੀ ਗਵਾਹੀ ਦਿਆਂਗੇ, ਜੇ ਤੇਰੀ ਬਹੂ ਏਥੇ ਕੰਮ ਕਰ ਰਹੀ ਸੀ ਤਾਂ ਤੇਰਾ ਪੁੱਤਰ ਵੀ ਬਹੁਤ ਵੱਡਾ ਕੰਮ ਕਰ ਰਿਹਾ ਸੀ।"

"ਮੇਰੀ ਕਾਹਦੀ ਬਹੂ।"

"ਲੈ, ਜਦ ਪੁੱਤਰ ਤੇਰਾ ਏ ਤਾਂ ਬਹੂ ਵੀ ਤੇਰੀ ਹੋਈ ਕਿ ਨਾ ?"

"ਮੈਂ ਤਾਂ ਇਸ ਕੰਨੋਮਲ ਦੇ ਪੋਤੇ ਨੂੰ ਸੌ ਤੋਲੇ ਗਹਿਣਾ ਦੇਣ ਲਈ ਆਖਿਆ ਸੀ, ਆਪਣੀ ਬਰਾਦਰੀ ਦੀਆਂ ਹੱਛੀਆਂ ਹੱਛੀਆਂ ਕੁੜੀਆਂ ਵੀ ਦਸੀਆਂ......।"

"ਪਰ ਰਾਮ ਭਗਤਣੀਏਂ ਕੁਝ ਵੀ ਕਹਿ ਲਾ, ਜੇ ਇਹ ਪੁੱਤ ਤੇਰਾ ਏ ਤਾਂ ਬਹੂ ਵੀ ਤੇਰੀ ਏ। ਤੇ ਗੋਰੀ ਚਿੱਟੀ ਕਿੰਨੀ ਸੁੰਦਰ — ਤੇ ਵੇਖ ਕਿੰਨਾ ਚੰਗਾ ਸੁਭਾਅ ਏ ਇਹਦਾ — ਘਰ ਵਿਚ ਪਤੀ ਦੀ ਸੇਵਾ ਕਰਦੀ ਹੈ; ਇਥੇ ਤੇਰੀ ਸੇਵਾ ਕਰਨ ਆਉਂਦੀ ਏ, ਸਕੂਲ ਚਲਾਉਂਦੀ ਏ, ਮੰਦੀ ਕਿੱਦਾਂ ਹੋਈ ਰਾਮ ਭਗਤਣੀਏਂ ? ਤੂੰ ਇਹਦੇ ਨਾਲ ਖ਼ੁਸ਼ ਕਿਉਂ ਨਹੀਂ ?"

ਤਾਈ ਨੇ ਇਕ ਵਾਰ ਵਨ ਕੰਨਿਆ ਵਲ ਨਜ਼ਰ ਚੁਕ ਕੇ ਵੇਖਿਆ, ਬੋਲੀ — "ਹੂੰ, ਹੱਛੀ ਤੇ ਹੈਗੀ ਏ, ਪਰ ਏਹਨੇ ਸ਼ੁਰੂ 'ਚ ਝੂਠ ਕਿਉਂ ਬੋਲਿਆ ਕਿ ਆਪਣੀ ਬਿਰਾਦਰੀ ਦੀ ਆ......"

ਸੱਜਨ ਨੇ ਹੱਸ ਕੇ ਕਿਹਾ — "ਤਾਈ ਜੀ ਜਸੋਦਾ ਜੀ ਦੇ ਡਰੋਂ ਤੁਹਾਡੇ ਕ੍ਰਿਸ਼ਨ ਜੀ ਵੀ ਝੂਠ ਬੋਲਦੇ ਹੁੰਦੇ ਸਨ।"

ਬਾਬਾ ਜੀ ਅਤੇ ਵਨ ਕੰਨਿਆ ਖਿੜਖੜਾ ਕੇ ਹੱਸ ਪਏ। ਮਹੀਪਾਲ ਵੀ ਮੁਸਕਰਾਇਆ, ਅਤੇ ਤਾਈ ਦੇ ਕਾਲੇ ਕਾਲੇ ਟੰਡਲਾ ਵਰਗੇ ਦੰਦ ਵੀ ਚਮਕ ਪਏ। ਬਾਬਾ ਜੀ ਨੇ ਕਿਹਾ — "ਹੁਣ ਤਾਂ ਭਈ ਰਾਮ ਭਗਤਣੀਏਂ, ਤੂੰ ਇਹਨੂੰ ਕੁਝ ਨਹੀਂ ਕਹਿ ਸਕਦੀ। ਤੂੰ ਜਸੋਦਾ ਮਾਤਾ ਏਂ ਤੇ ਇਹ ਤੇਰੇ ਕ੍ਰਿਸ਼ਨ ਕਨ੍ਹਈਆ ਨੇ। ਸੋ ਹੁਣ ਤਾਂ ਤੈਨੂੰ ਬਹੂ ਨੂੰ ਵੀ ਮਾਫ਼ ਕਰਨਾ ਪਏਗਾ।"

"ਮਾਫ਼ ਤੇ ਕਰ ਦਿਤਾ। ਮੈਂ ਤੇ ਇਸ ਕਲਮੂੰਹੀਂ ਨੂੰ ਲੱਖ ਆਪਣੇ ਚਿੱਤ 'ਚੋਂ ਹਟਾਉਣ ਦਾ ਹੀਲਾ ਕਰਦੀ ਆਂ, ਪਰ ਇਹ ਸੇਵਾ ਏਦਾਂ ਕਰਦੀ ਆਂ ਭਈ ਕੀ ਦਸਾਂ ?"

"ਤਾਂ ਰਾਮ ਭਗਤਣੀਏਂ ਤੂੰ ਆਪਣਾ ਸੌ ਤੋਲੇ ਸੋਨਾ ਇਹਨੂੰ ਦੇ ਛੱਡ।"

ਤਾਈ ਨੇ ਇਸ ਗੱਲ ਦਾ ਕੋਈ ਉੱਤਰ ਨਾ ਦਿਤਾ। ਮਹੀਪਾਲ ਵਲ ਘੂੰਮ ਕੇ ਵੇਖਿਆ,

ਸੱਜਨ ਨੂੰ ਪੁੱਛਿਆ — "ਇਹ ਕੌਣ ਆ ਭਲਾ ?"

"ਇਹ ਬੜੇ ਵੱਡੇ ਪੰਡਤ ਨੇ ਤਾਈ ਜੀ ?" ਸੱਜਨ ਨੇ ਝਟਪਟ ਜਵਾਬ ਦਿਤਾ।

ਬਾਬਾ ਜੀ ਵੀ ਬੋਲੇ — "ਬੜੇ ਮੰਨੇ ਹੋਏ ਵਿਦਵਾਨ ਨੇ ਰਾਮ ਭਗਤਣੀਏਂ !"

ਤਾਈ ਨੇ ਝਟ ਮਹੀਪਾਲ ਅਗੇ ਜ਼ਮੀਨ ਤੇ ਮੱਥਾ ਟੇਕ ਕੇ ਪ੍ਰਣਾਮ ਕੀਤਾ, ਫਿਰ ਬੋਲੀ — "ਧੰਨ ਭਾਗ ਜੇ ਸਾਡੇ ਘਰ ਆਏ। ਏਥੇ ਰਹਿੰਦੇ ਨੇ ਕਿ ਬਾਹਰੋਂ ਆਏ ਨੇ ?"

"ਇਥੋਂ ਦੇ ਨੇ ਤਾਈ ਜੀ, ਇਹਨਾਂ ਬੜੀਆਂ ਕਿਤਾਬਾਂ ਲਿਖੀਆਂ ਨੇ।" ਕੰਨਿਆ ਨੇ ਉਤਸ਼ਾਹ ਭਰੀ ਆਵਾਜ਼ ਵਿਚ ਮਹੀਪਾਲ ਦੀ ਵਿਸ਼ੇਸ਼ ਜਾਣਕਾਰੀ ਕਰਾਈ।

"ਤਾਂ ਇਹ ਪੰਡਤਾਈ ਵੀ ਕਰਦੇ ਹੋਣਗੇ ?"

"ਆਹੋ, ਤਾਈ ਜੀ ਘਰ ਵਿਚ ਪੂਜਾ ਪਾਠ ਤਾਂ ਕਰਦੇ ਈ ਨੇ।" ਸੱਜਨ ਨੇ ਕਿਹਾ — "ਬਾਕੀ ਇਹ ਵਿਆਹ ਸ਼ਾਦੀ ਨਹੀਂ ਕਰਾਉਂਦੇ।"

"ਮੈਂ ਤਾਂ ਵੀਰਾ ਉਹ ਪੰਡਤ ਚਾਹੁੰਦੀ ਆਂ ਜਿਹੜਾ ਬੜੀ ਚੰਗੀ ਤਰ੍ਹਾਂ ਨਾਲ ਭਗਵਾਨ ਜੀ ਦਾ ਵਿਆਹ ਕਰਾਏ, ਕਿਉਂ ਬਾਬਾ ਜੀ ? ਨਾ ਹੋਏ ਤਾਂ ਬਨਾਰਸ ਤੋਂ ਕਿਸੇ ਨੂੰ ਬੁਲਵਾ ਲੈਣਾ। ਜਿਹੜਾ ਖ਼ਰਚਾ ਲਗੇਗਾ ਦਊਂਗੀ।"

"ਚੰਗੀ ਗੱਲ ਏ, ਇਹਦਾ ਪ੍ਰਬੰਧ ਕਰ ਦਿਆਂਗਾ ਰਾਮ ਭਗਤਣੀਏਂ।"

"ਆਹੋ, ਵਿਆਹ ਤੇ ਚੰਗਾ ਹੋਣਾ ਚਾਹੀਦਾ ਏ, ਬਾਬਾ ਜੀ। ਜਦ ਮੇਰੀ ਸੌਂਕਣ ਦੇ ਪੋਤਰੇ ਮਰਨੇ ਦੇ ਵਿਆਹ ਤੇ ਏਨੀ ਧੂਮ ਧਾਮ ਹੋਈ ਤਾਂ ਭਗਵਾਨ ਜੀ ਦੇ ਵਿਆਹ ਵਿਚ ਬੜੀ ਸੋਭਾ ਆਉਣੀ ਚਾਹੀਦੀ ਏ। ਤੇ ਇਹ ਮੋਇਆ ਕੰਨੋਮਲ ਦਾ ਪੋਤਰਾ ਕੰਨ ਵਿਚ ਤੇਲ ਪਾ ਕੇ ਬੈਠਾ ਹੋਇਆ ਏ। ਹੁਣ ਰਹਿ ਵੀ ਕਿੰਨੇ ਕੁ ਦਿਨ ਗਏ ਆ, ਕਲ੍ਹ ਤੋਂ ਵਿਸਾਖ ਲਗਾ ਟੁੱਟ ਪੈਣਾ, ਪੁੰਨਿਆਂ ਨੂੰ ਤਾਂ ਵਿਆਹ ਏ। ਮਹੀਨਾ ਰਹਿ ਗਿਆ। ਨਾ ਕੋਈ ਚੀਜ ਨਾ ਤਿਆਰੀ।"

"ਰਾਮ ਭਗਤਣੀਏਂ, ਚੀਜ ਵਸਤ ਦਾ ਫ਼ਿਕਰ ਨਾ ਕਰ। ਸਾਨੂੰ ਤਾਂ ਬਸ ਦਾਜ ਵਿਚ ਇਕ ਆਸ਼ਰਮ ਬਣਵਾ ਦਈਂ।" ਬਾਬਾ ਜੀ ਬੋਲੇ।

"ਤੇ ਤਾਈ ਜੀ ਟਿੱਕੇ ਵਿਚ ਕੀ ਦੇਣਗੇ ?" ਕੰਨਿਆ ਨੇ ਪੁੱਛਿਆ।

ਮਹੀਪਾਲ ਨੇ ਕਿਹਾ — "ਅੱਜ ਕਲ੍ਹ ਤਾਂ ਬਹੁਤ ਸਾਰਾ ਸਮਾਨ ਦਿਤਾ ਜਾਂਦਾ ਏ, ਰੇਡੀਓ, ਸੋਫ਼ਾ ਸੈੱਟ, ਘੜੀ ....."

"ਰਾਮ ਭਗਤਣੀਏਂ ਇਹ ਸਭ ਕੁਝ ਸਾਨੂੰ ਦੇਵੇਂਗੀ ? ਤੇ ਭਲਾ ਕ੍ਰਿਸ਼ਨ ਪ੍ਰਮਾਤਮਾ ਦਾ ਵਿਆਹ ਕਰਾਕੇ ਤੂੰ ਸਾਨੂੰ ਕੋਟ ਪਤਲੂਣ ਪਵਾਏਂਗੀ ?" ਬਾਬਾ ਜੀ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਤਾਈ ਨੇ ਕਿਹਾ — "ਇਸੇ ਲਈ ਤੇ ਅੱਜ ਬੁਲਾਇਆ ਏ। ਟਿੱਕੇ ਵਿਚ ਵੇਖੋ ਬਾਬਾ ਜੀ ਮੇਵੇ ਮਠਿਆਈ ਫਲ ਤਾਂ ਆਉਣਗੇ ਈ, ਪੰਜਾਹ ਥੈਲੀਆਂ ਦੀ ਮੈਂ ਪੱਕੀ

ਕਰ ਲਈ ਏ।"

"ਚੰਗਾ, ਖ਼ੈਰ, ਉਹ ਤੇ ਅਸੀਂ ਘਾਟ ਤੇ ਵੰਡ ਦਿਆਂਗੇ, ਬਾਕੀ ਰੁਪਿਆ ਤੂੰ ਨਕਦ ਦੇ ਦਈਂ। ਉਹਦੇ ਨਾਲ ਅਸੀਂ ਆਸ਼ਰਮ ਲਈ ਜ਼ਮੀਨ ਖ਼ਰੀਦਾਂਗੇ। ਤਿਲਕ ਵਿਚ ਜ਼ਮੀਨ ਤੇ ਵਿਆਹ ਵਿਚ ਆਸ਼ਰਮ ਬਣਾਉਣ ਦਾ ਖ਼ਰਚਾ।"

"ਆਓ ਰਾਮ ਜੀ, ਸਾਡੇ ਪਾਸ ਆਓ।" ਬਾਬਾ ਜੀ ਕੰਨਿਆ ਦੀ ਪਾਠਸ਼ਾਲਾ ਵਿਚ ਚੱਕਰ ਲਾ ਕੇ ਓਸੇ ਵੇਲੇ ਏਥੇ ਪਹੁੰਚੇ ਸਨ ਅਤੇ ਉਹਨਾਂ ਦੀ ਗੱਲ ਸੱਜਨ ਮਹੀਪਾਲ ਦੀਆ ਗੱਲਾਂ ਵਿਚ ਇਕ ਨਿਰਣੇ ਵਾਲੇ ਸੂਝਾ ਵਾਂਗ ਜੜੀ ਗਈ; ਭਾਵੇਂ ਮਹੀਪਾਲ ਦੀ ਮਰਜ਼ੀ ਨਹੀਂ ਸੀ। ਬਾਬਾ ਜੀ ਨੇ ਕਿਹਾ — "ਚਲੋ ਨਾ ਸੱਜਨ ਜੀ ਦੇਵੀ ਭੰਗ ਛਕਾਵਾਂਗੇ।"

ਸੱਜਨ ਨੇ ਹੱਸ ਕੇ ਕਿਹਾ — "ਪਰ ਅਜੇ ਤਾਂ ਮੈਂ ਖਾਣਾ ਵੀ ਨਹੀਂ ਖਾਧਾ ਬਾਬਾ ਜੀ, ਤੇ ਮੈਂ ਸਮਝਦਾਂ ਮਹੀਪਾਲ ਵੀ..."

"ਹਾਂ ਮੈਂ ਵੀ ਘਰੋਂ ਨਾਸ਼ਤਾ ਕਰ ਕੇ ਈ ਤੁਰਿਆ ਸਾਂ।"

"ਤਾਂ ਅੱਜ ਫਲਾਂ ਦਾ ਭੋਜਨ ਈ ਕਰੋ। ਰਾਹ 'ਚੋਂ ਕਿਤੇ ਸਾਰਾ ਸਾਮਾਨ ਲੈਂਦੇ ਆਂ ਤੇ ਫਲ ਵੀ ਲੈਂਦੇ ਆਂ, ਢਾਈ ਤਿੰਨ ਵਜੇ ਦੇ ਏੜ ਗੇੜ ਓਥੇ ਸਾਡੇ ਘਾਟ ਤੇ ਪੰਡਤਾਇਣ ਦੁੱਧ ਚੋਂਦੀ ਏ ਸੋ ਅੱਜ ਦਾ ਦੁੱਧ ਉਹਦੇ ਕੋਲੋਂ ਸਾਰਾ ਈ ਲੈ ਲਵਾਂਗੇ। ਕਿਉਂ ਰਾਮ ਜੀ, ਕੀ ਵਿਚਾਰ ਆ?" ਬਾਬਾ ਜੀ ਨੇ ਮਹੀਪਾਲ ਦੀ ਪਿੱਠ ਤੇ ਹੱਥ ਰੱਖ ਕੇ ਪੁੱਛਿਆ ਅਤੇ ਫਿਰ ਕਿਹਾ — "ਮਤਲਬ ਇਹ ਆ ਕਿ ਸਾਡਾ ਵਿਚਾਰ ਸੀ, ਤੁਸੀਂ ਦੋਵੇਂ ਗੁਣੀ-ਗਿਆਨੀ ਮਿਲ ਗਏ ਓ ਤਾਂ ਕੁਝ ਠੀਕ ਸਲਾਹ-ਮਸ਼ਵਰਾ ਹੋ ਜਾਏ। ਏਨਾ ਰੁਪਿਆ ਮਿਲੇਗਾ ਤਾਂ ਉਹਦੀ ਵਰਤੋਂ ਕਿੱਦਾਂ ਹੋਏ? ਇਹ ਸਭ ਕੁਝ ਵਿਚਾਰ ਲਈਏ।"

ਮਹੀਪਾਲ ਫਿਰ ਨਿਰ-ਉੱਤਰ ਹੋ ਗਿਆ।

46

ਬਾਬਾ ਜੀ ਦੇ ਆਸ਼ਰਮ ਤੋਂ ਇਹ ਲੋਕ ਛੇਤੀ ਹੀ ਪਰਤ ਆਏ; ਮਹੀਪਾਲ ਦੀ ਇਹੋ ਹੀ ਮਰਜ਼ੀ ਸੀ। ਮਹੀਪਾਲ ਨੇ ਜ਼ਿੱਦ ਕੀਤੀ ਕਿ ਕਪੂਰ ਹਟੋਲ ਵਿਚ ਜਾ ਕੇ ਪੀਤੀ ਜਾਏ। ਸੱਜਨ ਸ਼ਰਾਬ ਤੋਂ ਆਪਣਾ ਮਨ ਮੋੜ ਚੁਕਿਆ ਸੀ। ਫਿਰ ਵੀ ਉਹ ਮਹੀਪਾਲ ਨਾਲ ਚਲਣ ਨੂੰ ਰਾਜ਼ੀ ਹੋ ਗਿਆ।

ਮਹੀਪਾਲ ਨੇ ਕਿਹਾ — "ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਲੋਕੀਂ ਝੱਟਪੱਟ ਕਿਸੇ ਚੀਜ਼ ਨੂੰ ਕਿਵੇਂ ਛੱਡ ਦੇਂਦੇ ਨੇ।"

"ਕਿਉਂ ? ਤੂੰ ਤੇ ਆਦਰਸ਼ਵਾਦੀ ਲੇਖਕ ਏਂ ਨਾ, ਅਨੇਕ ਵਾਰ ਅਨੇਕ ਚੀਜ਼ਾਂ ਛੱਡਣ ਲਈ ਤੇ ਅਪਨਾਉਣ ਲਈ ਕਹਿ ਚੁਕਾ ਏਂ।"

ਮਹੀਪਾਲ ਨੂੰ ਸੱਜਨ ਦਾ ਇਹ ਵਿਅੰਗ ਬੜਾ ਚੁਭਿਆ, ਪਰ ਉਹ ਕੁਝ ਦੇਰ ਤਾਈਂ ਚੁੱਪ ਰਿਹਾ, ਫਿਰ ਕਿਹਾ — "ਸੋਚ ਲੈਣਾ ਸੌਖਾ ਏ, ਕਰਨਾ ਬੜਾ ਔਖਾ ਏ। ਕੀ ਤੂੰ ਆਪਣੇ ਬਾਰੇ 'ਚ ਆਪ ਏਦਾ ਨਹੀਂ ਕਹਿ ਸਕਦਾ ?"

ਸੱਜਨ ਗੰਭੀਰ ਹੋ ਗਿਆ; ਕਹਿਣ ਲੱਗਾ — "ਹਾਂ ਤੇ ਨਹੀਂ ਵੀ।"

"ਕਿੱਦਾਂ ?"

"ਮੇਰਾ ਖ਼ਿਆਲ ਏ ਮੇਰੀ ਬੁੱਧੀ ਤੇਰੇ ਨਾਲੋਂ ਵੱਧ ਫੈਸਲਾ ਲੈਣ ਵਾਲੀ ਏ। ਆਮ ਕਰ ਕੇ ਮਨ ਵਿਚ ਇਕ ਨਿਸ਼ਚੇ ਤੇ ਪਹੁੰਚਣ ਪਿੱਛੋਂ ਮੈਂ ਉਹਨੂੰ ਆਪਣੀ ਲਾਈਫ਼ ਵਿਚ ਅਪਨਾ ਲੈਂਦਾ ਆਂ।"

"ਇਹ ਗੱਲ ਦੱਸ, ਤੂੰ ਜਿਹੜੀ ਤੜਪ ਨਾਲ ਤੇ ਜਿਹੜੇ ਉਦੇਸ਼ ਨਾਲ ਇਹ ਮੁਹੱਲਾ ਪ੍ਰਯੋਗ ਸ਼ੁਰੂ ਕੀਤਾ ਸੀ ਉਹਨੂੰ ਤੇਰੀ ਫੈਸਲਾਕੁਨ ਬੁੱਧੀ ਕਿੱਥੋਂ ਨਾਲ ਲਿਜਾ ਸਕੀ ਏ ?"

ਸੱਜਨ ਚੁੱਪ ਰਿਹਾ, ਸੋਚਦਾ ਰਿਹਾ, ਗੱਡੀ ਚਲਾਉਂਦਾ ਰਿਹਾ। ਮਹੀਪਾਲ ਨੇ ਉਹਨੂੰ ਫਿਰ ਉਕਸਾਇਆ।

ਸੱਜਨ ਨੇ ਕਿਹਾ — "ਰੋਮਾਂਸ ਵਿਚ ਗੁਆਚ ਗਿਆ ਦੋਸਤ ਨਹੀਂ ਤਾਂ ਸ਼ਾਇਦ ਮੈਂ ਹੁਣ ਤਕ ਬਹੁਤ ਕੁਝ ਕਰ ਲੈਂਦਾ।"

"ਰੋਮਾਂਸ ਵਿਚ ਕਿਉਂ ਗੁਆਚੋਂ ?"

"ਮੇਰੇ ਜੀਵਨ ਵਿਚ ਥੁੜ ਸੀ।"

"ਮੇਰੇ ਜੀਵਨ ਵਿਚ ਵੀ ਥੁੜਾਂ ਨੇ। ਉਹਨਾਂ ਕਰ ਕੇ ਈ ਮੈਂ ਵੀ ਹਾਰਦਾ ਰਹਿੰਦਾ ਆਂ।" ਮਹੀਪਾਲ ਨੇ ਇਕ ਡੂੰਘਾ ਠੰਡਾ ਸਾਹ ਲੈ ਕੇ ਕਿਹਾ।

ਫਿਰ ਬਹੁਤ ਚਿਰ ਤਕ ਆਪਸ ਵਿਚ ਗੱਲਾਂ ਨਾ ਹੋਈਆਂ। ਦੋਵੇਂ ਈ ਆਪਣੇ ਆਪਣੇ ਵਿਚਾਰ ਲੈ ਕੇ ਚੁੱਪ ਰਹੇ। ਕਪੂਰ ਹੋਟਲ ਵਿਚ ਮੈਨੇਜਰ ਨੂੰ ਕਹਿ ਕੇ ਉਹਨਾਂ ਨੇ ਉਪਰ ਦੇ ਇਕ ਖਾਲੀ ਕਮਰੇ ਵਿਚ ਬੈਠਣ ਦਾ ਪ੍ਰਬੰਧ ਕੀਤਾ। ਮਹੀਪਾਲ ਬੋਲਿਆ — "ਅੱਜ ਸਵੇਰ ਤੋਂ ਮੇਰਾ ਮਨ ਬੜਾ ਉਚਾਟ ਸੀ।"

"ਕਿਉਂ ?"

"ਜਾਪਦਾ ਏ ਮੇਰਾ ਅੰਤ ਕਾਲ ਨੇੜੇ ਆ ਗਿਆ ਏ।"

"ਪਾਗ਼ਲ ਏਂ। ਕੋਈ ਸੁਪਨਾ ਵੇਖਿਆ ਸੀ ?"

"ਹਾਂ।"

"ਉਸੇ ਕਰ ਕੇ ਉਚਾਟ ਏ ?"

"ਹਾਂ।"

"ਸੁਪਨੇ ਸੱਖਣੇ ਦਿਮਾਗ਼ ਦੀ ਪੈਦਾਵਾਰ ਹੁੰਦੇ ਨੇ।"

"ਹਰ ਵਾਰੀ ਏਦਾਂ ਨਹੀਂ ਹੁੰਦਾ। ਤੇ ਸੁਪਨਾ ਤਾਂ ਇਕ ਇਸ਼ਾਰਾ ਏ, ਮੈਨੂੰ ਜਾਪਦਾ ਏ ਕਿ ਮੇਰੀਆਂ ਥੁੜਾਂ ਮੈਨੂੰ ਲੈ ਬਹਿਣਗੀਆਂ। ਹੁਣ ਉਹਨਾਂ ਨਾਲ ਲੜ ਨਹੀਂ ਸਕਦਾ।"

"ਕੀ ਵੇਖਿਆ ਸੁਪਨੇ 'ਚ ?"

"ਸੁਪਨਾ — ਇਹ ਵੇਖਿਆ ਕਿ ਮੈਂ ਇਕ ਬਹੁਤ ਘਿਨੌਣੀ, ਪਾਟੇ ਚੀਥੜਿਆਂ, ਮਿੱਟੀ ਦੇ ਭਾਂਡਿਆਂ, ਗੰਦ ਨਾਲ ਭਰੇ ਰੂੰ ਦੇ ਫਹੇ ਅਤੇ ਪੱਟੀਆਂ ਨਾਲ ਭਰੀ ਗਲੀ 'ਚੋਂ ਲੰਘ ਰਿਹਾਂ।"

"ਹੋਰ ਕੋਈ ਵੀ ਦਿਸਿਆ ?"

"ਕੋਈ ਨਹੀਂ ਮੈਂ ਈ ਕੱਲਾ।"

"ਫਿਰ ?"

"ਤੁਰਦਾ ਤੁਰਦਾ ਥੱਕ ਗਿਆ। ਮਨ 'ਚ ਆਇਆ ਏਥੋਂ ਬਾਹਰ ਨਕਲਾਂ। ਪਰ ਨਿਕਲ ਨਾ ਸਕਿਆ। ਸੁਪਨੇ ਵਿਚ ਮੇਰੀ ਬੇਚੈਨੀ ਵਧੀ। ਉਹਦਾ ਹਾਲ ਤੈਨੂੰ ਕਿੰਜ ਦੱਸਾਂ, ਸੱਜਨ ? ਉਹ ਇਕ ਮਹਿਸੂਸ ਕਰਨ ਵਾਲੀ ਗੱਲ ਸੀ।"

"ਫਿਰ ?"

"ਫਿਰ ਮੈਂ ਇਕ ਨਦੀ ਕੰਢੇ ਪਹੁੰਚ ਗਿਆ. ਇਕ ਬੇੜੀ ਜਾ ਰਹੀ ਸੀ, ਆਦਮੀਆਂ ਨਾਲ ਭਰੀ ਹੋਈ। ਉਹ ਸਾਰੇ ਮੈਨੂੰ ਦੱਸਣ ਲੱਗੇ। ਬੇੜੀ ਨੂੰ ਕੰਢੇ ਤੇ ਲਿਆਏ, ਮੈਂ ਉਹਦੇ ਵਿਚ ਬੈਠ ਗਿਆ। ਬਹੁਤ ਸਾਰੇ ਵਾਕਫ਼ਕਾਰ ਵੀ ਸਨ।"

"ਕੌਣ-ਕੌਣ ?"

"ਸ਼ੀਲਾ, ਕਲਿਆਣੀ, ਕਰਨਲ, ਮੇਰਾ ਇਕ ਮਾਮੇ ਦਾ ਭਰਾ, ਹੋਰ ਵੀ ਪਤਾ ਨਹੀਂ ਕਿੰਨੇ।"

"ਫਿਰ ?"

"ਫਿਰ ਮੰਝਧਾਰ ਵਿਚ ਜਾ ਕੇ ਬੇੜੀ ਉਲਟ ਗਈ। ਸਾਰੇ ਜਣੇ ਤੈਰਨ ਲੱਗੇ, ਹਰੇ ਹਰੇ ਪਾਣੀ ਵਿਚ ਬਹੁਤ ਸਾਰੇ ਗੁੰਬਦ, ਮੀਨਾਰ ਅਤੇ ਖੰਡਰ ਚਮਕ ਰਹੇ ਸਨ। ਉਹ ਖੰਡਰ ਮੈਨੂੰ ਖਿੱਚਣ ਲੱਗੇ।"

"ਵਿਰ ?"

"ਮੈਂ ਆਪਣੇ ਨਾਲ ਬਹੁਤ ਜਣਿਆਂ ਨੂੰ ਖਿੱਚ ਕੇ ਲੈ ਗਿਆ, ਪਰ ਕੁਝ ਚਿਰ ਪਿੱਛੋਂ ਹੋਰ ਤਾਂ ਸਾਰੇ ਮੇਰੀ ਨਜ਼ਰੋਂ ਪਰ੍ਹੇ ਹੋ ਗਏ, ਮੈਂ ਆਪਣੇ ਆਪ ਨੂੰ ਦਰਿਆ ਹੇਠਲੇ ਖੰਡਰਾਂ ਵਿਚ ਇਕ ਜ਼ੰਜੀਰ ਨਾਲ ਜਕੜਿਆ ਹੋਇਆ ਵੇਖਿਆ। ਬਹੁਤ ਘੁੱਟ ਵੱਟ ਕੀਤਾ, ਤੜਫਿਆ ਪਰ ਛੁੱਟ ਨਾ ਸਕਿਆ।"

"ਤੇਰੀ ਕੋਈ ਫ੍ਰਸਟ੍ਰੇਸ਼ਨ ਏ ਮਹੀਪਾਲ, ਇਹ ਗੰਦਗੀ ਤੇ ਖੰਡਰ ਸਭ ਫ੍ਰਸਟ੍ਰੇਸ਼ਨ ਦੇ ਹੀ

ਤਾਂ ਪ੍ਰਤੀਕ ਹੁੰਦੇ ਨੇ। ਇਹਨਾਂ ਨੂੰ ਐਨੇਲੇਸਿਜ਼ ਕਰ ਲੈ। ਮੌਤ ਦਾ ਸਵਾਲ ਈ ਕਿੱਥੇ ਉੱਠਦਾ ਏ ?"

ਮਹੀਪਾਲ ਚੁੱਪ ਰਿਹਾ। ਸੱਜਨ ਨੇ ਆਪਣੀ ਕਾਫ਼ੀ ਖ਼ਤਮ ਕਰ ਕੇ ਸਿਗਰਟ ਸੁਲਗਾਈ, ਅਤੇ ਮਹੀਪਾਲ ਦੇ ਸਾਹਮਣੇ ਸਿਗਰਟ ਕੇਸ ਰੱਖ ਦਿਤਾ। ਨਸ਼ੇ ਦੇ ਸਰੂਰ ਵਿਚ ਕੁਝ ਦੇਰ ਤਕ ਟਿਕਟਿਕੀ ਬੰਨ੍ਹੀ ਸੋਚਦੇ ਰਹਿਣ ਪਿੱਛੋਂ ਮਹੀਪਾਲ ਨੇ ਕਿਹਾ — "ਤੈਨੂੰ ਇਕ ਮਨ ਦੀ ਗੱਲ ਦੱਸ ਦਿਆਂ ਹੌਲਾ ਹੋ ਜਾਵਾਂਗਾ — ਮੈਂ ਤੇਰੇ ਨਾਲ ਈ ਈਰਖਾ ਕਰਦਾ ਆਂ।"

ਸੱਜਨ ਸੁਣ ਕੇ ਮੁਸਕ੍ਰਾਇਆ, ਚੁੱਪ ਰਿਹਾ।

"ਇਕ ਗੱਲ ਹੋਰ ਆਖਾਂ ? ਮੈਂ ਤੈਨੂੰ ਪਿਆਰ ਵੀ ਕਰਦਾ ਹਾਂ।"

"ਤੇ ਕਰਨਲ ਨੂੰ ?"

"ਕਰਨਲ ਦੇਵਤਾ ਏ। ਅਸੀਂ ਦੋਵੇਂ ਈ ਉਹਦਾ ਮੁਕਾਬਲਾ ਨਹੀਂ ਕਰ ਸਕਦੇ। ਉਹਦੀ ਚੇਤਨਾ ਭਾਵੇਂ ਵਿਸ਼ਾਲ ਨਾ ਹੋਏ, ਪਰ ਉਹ ਦੂਸਰਿਆਂ ਤੇ ਜਾਨ ਦੇਣਾ ਜਾਣਦਾ ਏ। ਇਕ ਗੱਲ ਹੋਰ ਕਹਿ ਦਿਆਂ ਸੱਜਨ ? ਜੀਵਨ ਵਿਚ ਕਦੇ ਹਾਰੀਂ ਨਾ।"

"ਹਾਰ ਜਿੱਤ ਆਪਣੇ ਵੱਸ ਵਿਚ ਥੋੜਾ ਈ ਹੁੰਦੀ ਏ ਮਹੀਪਾਲ, ਹਾਲਾਤ ਦੇ ਵੱਸ ਵਿਚ ਹੁੰਦੀ ਏ।"

"ਉਹ ਕੁਝ ਵੀ ਹੋਏ। ਥੱਕ ਕੇ ਬਹਿ ਜਾਣਾ ਹੀ ਸੱਚੀ ਹਾਰ ਏ। ਮੈਂ ਉਸੇ ਦੀ ਗੱਲ ਕਰਦਾ ਆਂ। ਤੂੰ ਜਿਹੜੇ ਮਿਸ਼ਨ ਨੂੰ ਲੈ ਕੇ ਤੁਰਿਆ ਏਂ ਉਹਨੂੰ ਪੂਰਾ ਕਰੀਂ।"

"ਮਹੀਪਾਲ ਦੀ ਇਹ ਦੋਸਤਾਨਾ ਰਾਏ ਸੱਜਨ ਨੂੰ ਟੁੰਬ ਗਈ। ਉਹ ਜਜ਼ਬਾਤੀ ਹੋ ਕੇ ਬੋਲਿਆ — "ਤੂੰ ਸਾਥ ਦਏਂਗਾ ਤਾਂ ਅਸੀਂ ਹਰ ਮੰਜ਼ਲ ਮਾਰਾਂਗੇ।"

"ਮੈਂ ਹੁਣ ਆਪਣੇ ਆਪ 'ਚੋਂ ਬਾਹਰ ਨਹੀਂ ਨਿਕਲ ਸਕਦਾ। ਤੇ ਆਪਣੇ ਆਪ ਨੂੰ ਸਮਝ ਵੀ ਨਹੀਂ ਸਕਦਾ; ਥੱਕ ਗਿਆ। ਅੱਜ ਤੋਂ ਦੱਸ ਪੰਦਰਾਂ ਵਰ੍ਹੇ ਪਹਿਲਾਂ ਸੋਚਦਾ ਸਾਂ, ਮੈਂ ਬਹੁਤ ਕੁਝ ਕਰ ਲਵਾਂਗਾ, ਮੈਂ ਦੁਨੀਆਂ ਨੂੰ ਪਲਟ ਦਿਆਂਗਾ। ਪ੍ਰਮਾਤਮਾ ਨੇ ਮੇਰੇ ਸਾਹਮਣੇ ਈ ਇਮਤਿਹਾਨ ਲਿਆ ਖੜਾ ਕੀਤਾ। ਮੈਂ ਆਪਣੇ ਆਪ ਨੂੰ ਨਹੀਂ ਬਦਲ ਸਕਿਆ, ਦੁਨੀਆ ਨੂੰ ਕੀ ਬਦਲਾਂਗਾ ?"

"ਛੱਡ ਏਸ ਸਾਰੇ ਕਿੱਸੇ ਨੂੰ।" ਸੱਜਨ ਨੇ ਅੱਕ ਕੇ ਕਿਹਾ, ਬੋਲਿਆ — "ਅੱਜ ਸਵੇਰੇ ਤੂੰ ਕਿਵੇਂ ਆਇਆ ਸੈਂ ?"

"ਉਂਜ ਈ। ਆਖਿਆ ਏ ਨਾ; ਮਨ ਇਕੱਲਾ ਹੋ ਗਿਆ ਸੀ, ਸਾਥ ਦੀ ਲੋੜ ਸੀ। ਸੋਚਿਆ ਕਰਨਲ ਕੋਲ ਜਾਵਾਂ; ਪਰ ਉਹ ਇਹਨਾਂ ਸਭ ਗੱਲਾਂ ਨੂੰ ਨਹੀਂ ਸਮਝਦਾ। ਫਿਰ ਸੋਚਿਆ —" ਮਹੀਪਾਲ ਕਹਿੰਦਿਆਂ ਕਹਿੰਦਿਆਂ ਚੁੱਪ ਹੋ ਗਿਆ ਅਤੇ ਇਕ ਮਾੜੀ ਜਿਹੀ ਆਹ ਭਰੀ।

ਸੱਜਨ ਨੇ ਉਹਨੂੰ ਵੇਖਿਆ, ਕਿਹਾ — ਤੂੰ ਆਪਣੇ ਤੇ ਸ਼ੀਲਾ ਨਾਲ ਜ਼ਿਆਦਤੀ ਕਰ ਰਿਹਾ ਏਂ ਮਹੀਪਾਲ। ਇਹ ਤੇਰੀ ਸਾਰੀ ਫ੍ਰਸਟ੍ਰੇਸ਼ਨ ਓਸੇ ਦਿਨੋਂ ਸ਼ੁਰੂ ਹੋਈ ਏ ਜਿਸ ਦਿਨ ਤੋਂ ਤੂੰ ਸ਼ੀਲਾ ਨਾਲ ਆਪਣਾ ਨਾਤਾ ਤੋੜਨ ਦੀ ਜ਼ਿਦ ਕੀਤੀ ਏ।"

"ਉਸ ਗੱਲ ਨੂੰ ਛੱਡ ਸੱਜਨ। ਚਲ, ਛੱਡ ਇਹਨਾਂ ਗੱਲਾਂ ਨੂੰ।" ਮਹੀਪਾਲ ਤਣ ਕੇ ਬੈਠ ਗਿਆ। ਗਲਾਸ ਹੱਥ ਵਿਚ ਲੈ ਕੇ ਸਕਾਚ ਦੇ ਸੁਨਹਿਰੀ ਰੰਗ ਨੂੰ ਗਹੁ ਨਾਲ ਵੇਂਹਦਾ ਰਿਹਾ।

ਸੱਜਨ ਨੇ ਪੁੱਛਿਆ — "ਤੇਰੀ ਭਣੇਵੀਂ ਦਾ ਵਿਆਹ ਕਦੋਂ ਏ ?"

"ਹਾੜ ਵਿਚ, ਮੱਸਿਆ ਪਿੱਛੋਂ ਨੌਮੀ ਨੂੰ।"

"ਹੂੰ।"

"ਇਸ ਫੈਸਲੇ ਨਾਲ ਮੈਂ ਬੜਾ ਖ਼ੁਸ਼ ਰਿਹਾ। ਕੱਲ੍ਹ ਰਾਤ ਅਸੀਂ ਗੱਲਬਾਤ ਕਰ ਰਹੇ ਸਾ। ਜੰਞ ਦੀ ਰਿਹਾਇਸ਼ ਲਈ ਰਾਜਾ ਸਾਹਿਬ ਦੀ ਛੋਟੀ ਕੋਠੀ ਖਾਲੀ ਕਰਵਾ ਲਵਾਂਗਾ। ਮੈਂ ਸੁਣਿਆ ਤੇਰੇ ਵੱਲ ਲੜਕੇ ਵਾਲੇ ਬੜੇ ਉਜਡਪੁਣੇ ਵਾਲੇ ਨਖ਼ਰੇ ਕਰਦੇ ਨੇ।"

"ਕਰਨ ਦੇ ਸਾਲਿਆਂ ਨੂੰ!" ਮਹੀਪਾਲ ਨੇ ਇੱਕੋ ਵਾਰ ਦੋ ਘੁੱਟ ਭਰੇ।

"ਲੈ, ਮੈਂ ਕਰਨ ਈ ਨਹੀਂ ਦਿਆਂਗਾ। ਖ਼ਾਤਰਦਾਰੀ ਨਾਲ ਫਲੈਟ ਕਰ ਦਿਆਂਗਾ ਤੇਰੇ ਸੰਬੰਧੀਆਂ ਨੂੰ। ਪਰ ਲੜਕਾ ਤੇ ਮੈਂ, ਬੜਾ ਐਡਵਾਂਸ ਏ।"

"ਹੂੰ।"

"ਫਿਰ ਵੀ ਇਹ ਸਭ ਕੁਝ ਮੂੜ੍ਹਪੁਣਾ ਹੋਏਗਾ।"

"ਆਖ ਨਹੀਂ ਸਕਦਾ।"

"ਚੰਗਾ ਮਹੀਪਾਲ, ਇਕ ਮਜ਼ੇ ਦੀ ਗੱਲ ਵੇਖ, ਅੱਜ ਸਵੇਰੇ ਅਸੀਂ ਕਿੰਨੀਆਂ ਗੱਲਾਂ ਸੁਣਦੇ ਰਹੇ, ਇਹ ਗੱਲਾਂ ਸਾਬਤ ਕੀ ਕਰਦੀਆਂ ਨੇ ? ਸੁਧਾਰਕ ਸਮਾਜ ਅਗਾਂਹ ਵਧਿਆ, ਇਹ ਰਿਐਕਸ਼ਨਰੀਜ਼ ਪਿਛਾਂਹ ਹਟੇ; ਪਰ ਇਹ ਸਭ ਕੁਝ ਹੋਣ ਤੇ ਵੀ ਇਹਨਾਂ ਰਿਐਕਸ਼ਨਰੀਜ ਦਾ — ਗੰਦੇ ਦਿਮਾਗਾਂ ਦਾ ਅੱਜ ਤਾਈਂ ਬੋਲ ਬਾਲਾ ਏ। ਇਹ ਕੀ ਗੱਲ ਏ ?"

ਮਹੀਪਾਲ ਕੁਝ ਚਿਰ ਚੁੱਪ ਰਿਹਾ। ਸੱਜਨ ਜਵਾਬ ਦੀ ਉਡੀਕ ਵਿਚ ਉਹਦੇ ਵੱਲ ਟਿਕਵੀਂ ਨਜ਼ਰੇ ਵੇਂਹਦਾ ਰਿਹਾ, ਫਿਰ ਆਸ ਲਈ ਨਿਰਾਸ਼ ਮੰਗਤੇ ਵਾਂਗ ਉਸ ਪਾਸਿਓਂ ਨਜ਼ਰ ਫੇਰ ਲਈ ਅਤੇ ਬਾਰੀ ਵੱਲ ਬਾਹਰ ਵੇਖਣ ਲੱਗਾ। ਮਹੀਪਾਲ ਨੇ ਸਿਗਰਟ ਦੀ ਸੁਆਹ ਐਸ਼ ਟਰੇ ਵਿਚ ਝਾੜੀ ਤੇ ਕਿਹਾ — "ਤੇਰੀ ਗੱਲ ਦਾ ਜਵਾਬ ਮੇਰੇ ਕੋਲ ਹੈਗਾ ਤਾਂ ਏ, ਪਰ ਈਮਾਨਦਾਰੀ ਵਾਲੀ ਗੱਲ ਇਹ ਆ ਕਿ ਮੈਂ ਆਪਣੇ ਆਪ ਨੂੰ ਕਹਿਣ ਦਾ ਹੱਕਦਾਰ ਨਹੀਂ ਮੰਨਦਾ।"

"ਕਿਉਂ ?"

"ਇਸ ਲਈ ਕਿ ਮੈਂ ਉਹਦੇ ਤੇ ਅਮਲ ਨਹੀਂ ਕੀਤਾ।"

"ਫਿਰ ਵੀ, ਤੂੰ ਸੋਚਦਾ ਕੀ ਏਂ ?"

"ਕਹਿਣਾ ਫਜ਼ੂਲ ਏ। ਜੀਵਨ ਦੇ ਅੰਤਲੇ ਦਿਨੀਂ ਹੁਣ ਮੈਂ ਝੂਠ ਨਹੀਂ ਬੋਲਾਂਗਾ। ਤੇ ਜਿੰਨਾ ਝੂਠ ਮੇਰੀ ਸੂਝ ਵਿਚ ਸਮਾਇਆ ਏ ਜਦੋਂ ਤਾਈਂ ਨੰਗਾ ਕਰਨ ਦੀ ਤਾਕਤ ਆਪਣੇ ਆਪ ਵਿਚ ਨਹੀਂ ਵੇਂਹਦਾ ਉਦੋਂ ਤੱਕ ਸੱਚ ਆਖਣਾ ਮੇਰੇ ਲਈ ਨਿਰਾ ਦੰਭ ਏ।"

ਸੱਜਨ ਝੂਣਿਆ ਗਿਆ, ਬੋਲਿਆ — "ਮਹੀਪਾਲ ਤੇਰਾ ਇਹ ਪਾਗਲਪਨ ਹੁਣ ਬੇਰੋਅਤ ਫੈਲਾ ਰਿਹਾ ਏ। ਇਕ ਸੁਪਨਾ ਤੇਰੇ ਦਿਮਾਗ਼ ਨੂੰ ਖ਼ਰਾਬ ਕਰ ਦਏ ਇਹਦੇ ਨਾਲੋਂ ਵੱਧ ਸ਼ਰਮ ਵਾਲੀ ਗੱਲ ਕਿਸੇ ਵੀ ਪੜ੍ਹੇ ਲਿਖੇ ਆਦਮੀ ਲਈ ਨਹੀਂ ਹੋ ਸਕਦੀ। ਮੰਨ ਲੈ ਤੂੰ ਇਕ ਸੱਚ ਦਾ ਪਾਲਣ ਨਹੀਂ ਕਰ ਸਕਿਆ, ਪਰ ਉਹ ਦੱਸ ਕੇ ਤੂੰ ਕਿਸੇ ਦੂਸਰੇ ਨੂੰ ਤਾਕਤਾਂ ਤਾਂ ਦੇ ਸਕਦਾ ਏਂ!"

"ਮੇਰੇ ਕੋਲ ਤਾਕਤ ਈ ਨਹੀਂ, ਦਿਆਂਗਾ ਕਿੱਥੋਂ ? ਤੂੰ ਮੁਹੰਮਦ ਅਤੇ ਗੁੜ ਖਾਣ ਵਾਲੇ ਬੱਚੇ ਦੀ ਕਹਾਣੀ ਸੁਣੀ ਏ ਨਾ ? ਜਦ ਤਕ ਮੁਹੰਮਦ ਗੁੜ ਖਾਂਦਾ ਰਿਹਾ ਹੈ, ਉਦੋਂ ਤਕ ਉਹ ਗੁੜ ਖਾਣ ਵਾਲੇ ਬੱਚੇ ਨੂੰ ਨਾ ਖਾਣ ਲਈ ਉਪਦੇਸ਼ ਨਹੀਂ ਦੇ ਸਕਦਾ।...ਪਰ ਖ਼ੈਰ, ਏਥੇ ਹਾਲਤ ਹੋਰ ਏ, ਤੂੰ ਪਹਿਲਾਂ ਈ ਗੁੜ ਖਾਣ ਵਾਲਿਆਂ ਵਿਚੋਂ ਨਹੀਂ।"

"ਰਹੱਸਵਾਦੀ ਨਾ ਬਣ ਮਹੀਪਾਲ।"

"ਰਹੱਸ ਦਾ ਸਵਾਲ ਨਹੀਂ। ਗੱਲ ਸਿੱਧੀ ਈ ਏ, ਪਰ ਕਈ ਹਜ਼ਾਰ ਵਰ੍ਹਿਆਂ ਵਿਚ ਹੋਣ ਵਾਲੀ ਅਣਥੱਕ ਮਿਹਨਤ ਪਿੱਛੋਂ ਵੀ ਹਿੰਦੁਸਤਾਨ 'ਚੋਂ ਓਸ ਬੁਰਾਈ ਦੀਆਂ ਜੜ੍ਹਾਂ ਨਹੀਂ ਪੁੱਟੀਆਂ ਜਾ ਸਕੀਆਂ। ਹੁਣ ਕਾਫ਼ੀ ਹੱਦ ਤਕ ਏਧਰ ਉਧਰ ਤਜਰਬੇ ਤਾਂ ਹੋਣ ਲੱਗੇ ਨੇ, ਪਰ ਸਮਾਜਕ ਤੌਰ ਤੇ ਉਹਦਾ ਅਸਰ ਬਿਲਕੁਲ ਨਹੀਂ ਹੋ ਸਕਿਆ। ਸੁਧਾਰ ਤੂੰ ਆਪ ਈ ਕੀਤਾ ਏ, ਪਰ ਸਿਰਫ਼ ਤੂੰ ਈ ਕੀਤਾ ਏ।"

ਸੱਜਨ ਇਕ ਤਰ੍ਹਾਂ ਨਾਲ ਨਿਢਾਲ ਹੋ ਗਿਆ। ਮਹੀਪਾਲ ਨਸ਼ੇ ਵਿਚ ਹੈ, ਨਿਰਾਸ਼ਾ ਵਿਚ ਡੁੱਬਾ ਹੈ। ਉਹ ਆਪਣੀ ਹੀ ਰੌਅ ਵਿਚ ਵਹੇਗਾ ਇਹ ਸੋਚ ਕੇ ਉਹ ਉਦਾਸ ਹੋ ਗਿਆ। ਤਦੇ ਮਹੀਪਾਲ ਨੇ ਆਪਣੀ ਗੱਲ ਦੀ ਅੜਾਉਣੀ ਖੋਹਲੀ — "ਮੇਰਾ ਮਤਲਬ ਜਾਤੀ ਭੇਦ ਤੋਂ ਏ। ਜਦੋਂ ਤਕ ਹਿੰਦੁਸਤਾਨ ਵਿਚ ਇਹ ਜੱਟਲ ਜਾਤੀ ਭੇਦ ਰਹੇਗਾ ਅਸੀਂ ਲੱਖ ਸੁਧਾਰ ਕਰਨ ਤੇ ਵੀ ਸਮਾਜ ਨੂੰ 'ਮਨੁੱਖੀ-ਸਮਾਜ' ਦੇ ਰੂਪ ਵਿਚ ਵਡਿਆਉਣ ਵਿਚ ਅਸਮਰਥ ਰਹਾਂਗੇ।"

"ਪਰ ਹੁਣ ਤਾਂ ਜਾਤੀ-ਭੇਦ ਕਾਫ਼ੀ ਹੱਦ ਤਕ ਟੁੱਟ ਰਿਹਾ ਏ।"

"ਸਿਵਲ ਲਾਈਨਾਂ ਵਿਚ ਸੱਜਨ, ਮੁਹੱਲਿਆਂ ਵਿਚ ਨਹੀਂ। ਸੌਂ ਵਿਚੋਂ ਦੋ ਚਾਰ ਇਹੋ ਜਿਹੇ ਕੇਸੇਜ਼ ਹੋ ਗਏ ਤਾਂ ਉਹਦੇ ਨਾਲ ਸਮਾਜਕ ਪ੍ਰੀਵਰਤਨ ਨਹੀਂ ਹੁੰਦੇ।"

"ਪਰ ਹੁਣ ਪਹਿਲਾਂ ਵਰਗਾ ਤਿੱਖਾ ਵਿਰੋਧ ਤਾਂ ਨਹੀਂ।" ਸੱਜਨ ਨੇ ਕਿਹਾ-- "ਯਾਨੀ ਹੱਦ ਹੋ ਗਈ ਜਦ ਮੈਂ ਤਾਈ ਜੀ ਨੂੰ ਵਰਮਾ ਤੇ ਉਹਦੀ ਔਰਤ ਲਈ ਦਾਇਆ-ਵਾਨ ਵੇਖਿਆ। ਕੰਨਿਆ ਵਲੋਂ ਵੀ ਉਹਦੇ ਮਨ ਵਿਚੋਂ ਵਿਰੋਧ ਨਿਕਲ ਗਿਆ ਏ। ਇਹ ਗੱਲ ਵੱਖਰੀ ਆ ਕਿ ਉਹ ਉਹਨੂੰ ਆਪਣਾ ਪਾਣੀ ਦਾ ਘੜਾ ਨਾ ਛੂਹਣ ਦਏ।"

"ਵਰਮਾ ਤੇ ਤੇਰੀ ਪਤਨੀ ਨਾਲ ਤਾਈ ਦਾ ਵਿਰੋਧ ਤੇ ਜਾਤੀ ਦੀ ਰਖਿਆ ਲਈ ਉਹਦੇ ਵਲੋਂ ਆਪਣਾ ਖਾਣਾ ਪੀਣਾ ਵੱਖਰਾ ਰੱਖਣ ਤੋਂ ਈ ਸਮਾਜ ਦੀ ਨਬਜ਼ ਬੋਲਦੀ ਏ। ਜ਼ਰਾ ਸੋਚ ਕਿ ਤੂੰ, ਵਰਮਾ ਤੇ ਤੇਰੀ ਪਤਨੀ ਅੱਜ ਤੋਂ ਪੰਜਾਹ ਸਾਲ ਪਹਿਲਾਂ ਪੈਦਾ ਹੋਏ ਹੁੰਦੇ ਤਾਂ ਤੁਸੀਂ ਲੋਕ ਮਰ ਵੀ ਜਾਂਦੇ ਤਾਂ ਤਾਈ ਤੁਹਾਡੇ ਲਈ ਦਇਆਵਾਨ ਨਾ ਹੁੰਦੀ। ਉਸ ਵੇਲੇ ਜਾਤੋਂ ਬਾਹਰ ਵਿਆਹ ਕਰਨਾ ਸੋਚਿਆ ਵੀ ਨਹੀਂ ਸੀ ਜਾ ਸਕਦਾ। ਤੇ ਇਸ ਵਾਸਤੇ ਸਮਾਜਕ ਮਾਨਤਾ ਵੀ ਉਹਦੇ ਲਈ ਓਨੀ ਕਰੜੀ ਸੀ। ਪਹਿਲਾਂ ਤਾਈ ਈ ਤੁਹਾਡੇ ਵਰਗੇ ਲੋਕਾਂ ਤੇ ਜਾਦੂ ਟੂਣੇ ਕਰਦੀ ਸੀ, ਪੁਤਲੇ ਰੱਖਦੀ ਸੀ। ਇਹ ਉਸ ਪੁਰਾਣੀ ਕਰੜਾਈ ਦੀ ਮਿਸਾਲ ਏ। ਅੱਜ ਕਿਉਂਕਿ ਵਧਦੇ ਹੋਏ ਸਮਾਜ ਸੁਧਾਰ ਅੰਦੋਲਨ ਨੇ ਕੱਟੜ ਖਿਆਲੀਆਂ ਦੇ ਕਿਲ੍ਹੇ ਕਾਫ਼ੀ ਹੱਦ ਤਾਈਂ ਢਾਹ ਦਿਤੇ ਨੇ ਇਸ ਲਈ ਜ਼ਮਾਨਾ ਚੁੱਪ ਕੀਤੀਆਂ ਤੁਹਾਨੂੰ ਮੰਨ ਤਾਂ ਲੈਂਦਾ ਏ. ਪਰ ਤੁਹਾਡੇ ਸਿਧਾਂਤ ਨੂੰ ਹੁਣ ਵੀ ਨਹੀਂ ਮੰਨਦਾ।"

"ਏਹੋ ਤਾਂ ਗੱਲ ਏ। ਸਵਾਲ ਇਹ ਉੱਠਦਾ ਏ ਕਿ ਨਵਾਂ ਜ਼ਮਾਨਾ ਨਵੇਂ ਸਿਧਾਂਤ ਨੂੰ ਸਮੂਹਕ ਤੌਰ ਤੇ ਕਿੱਦਾਂ ਅਪਨਾਏਗਾ ?"

"ਕਿਸੇ ਤਾਕਤਵਰ ਅੰਦੋਲਨ ਰਾਹੀਂ। ਇਹੋ ਜਿਹਾ ਅੰਦੋਲਨ ਜਿਹੜਾ ਵਿਆਪਕ ਤੌਰ ਤੇ ਜਾਤੀ ਦੀਆਂ ਕੜੀਆਂ ਤੋੜ ਸਕੇ!" ਮਹੀਪਾਲ ਇਕ ਇਕ ਸ਼ਬਦ ਸੋਚ ਸੋਚ ਕੇ ਬੋਲ ਰਿਹਾ ਸੀ — "ਤੇ ਇਹ ਵੀ ਧਿਆਨ ਰੱਖ ਕਿ ਅੰਦੋਲਨਕਾਰੀਆਂ ਨੂੰ ਭਾਰਤਵਰਸ਼ ਵਿਚ ਕਈ ਵਾਰੀ ਹੋਣ ਵਾਲੇ ਜਾਤੀ ਵਿਰੋਧ ਦੀ ਹਿਸਟਰੀ ਆਪਣੇ ਧਿਆਨ ਵਿਚ ਰੱਖਣੀ ਪਏਗੀ। ਇਹ ਜਾਤੀਵਾਦ ਕਿਸੇ ਵੇਲੇ ਭਾਰਤ ਦੀ ਤਾਕਤ ਤੇ ਉਹਦੇ ਪਿੱਛੋਂ ਸਾਡੇ ਲਗਾਤਾਰ ਪਤਨ ਦਾ ਕਾਰਨ ਰਹੀ ਏ। ਆਮ ਤੌਰ ਤੇ ਤੁਸੀਂ ਕਿਸੇ ਤੇ ਜਾਤ ਛੱਡਣ ਬਾਬਤ ਆਖ ਕੇ ਵੇਖੋ, ਉਹ ਇਹੋ ਸਮਝੇਗਾ, ਤੁਸੀਂ ਉਹਦੇ ਤੋਂ ਉਹਦਾ ਹਿੰਦੂ ਧਰਮ ਛਡਵਾ ਰਹੇ ਓ।"

ਗੱਲ ਖ਼ਤਮ ਹੋ ਗਈ ਸੱਜਨ ਗੰਭੀਰ ਹੋ ਕੇ ਸੋਚਣ ਲੱਗਾ। ਮਹੀਪਾਲ ਵੀ ਆਪਣੇ ਗਲਾਸ ਵਿਚਲੀ ਸ਼ਰਾਬ ਅਤੇ ਪਲੇਟ ਵਿਚ ਰਖਿਆ ਹੋਇਆ ਹੋਇਆ ਕਬਾਬ ਖ਼ਤਮ ਕਰਨ ਦੇ ਕੰਮ ਵਿਚ ਚੁਪ ਰਿਹਾ। ਕੁਝ ਚਿਰ ਬਾਅਦ ਦੋਵਾਂ ਪਾਸਿਆਂ ਦੀ ਅਚਾਨਕ ਇਕੱਠੇ ਬੋਲਣ ਦੀ ਇੱਛਾ ਜਾਗੀ। ਮਹੀਪਾਲ ਆਪਣੀ ਗੱਲ ਕਹਿੰਦਿਆਂ ਰੁਕ ਗਿਆ, ਸੱਜਨ ਨੇ ਕਿਹਾ — "ਆਖ, ਆਖ।"

"ਮੈਂ ਆਪਣਾ ਜੀਵਨ ਇਸ ਸਮਾਜ ਨੂੰ ਬਦਲਣ ਵਿਚ ਲਾ ਦਿਆਂਗਾ । ਮੈਂ ਇਹਨੂੰ ਬਦਲ ਕੇ ਈ ਰਹਾਂਗਾ ।" ਸੱਜਨ ਦੇ ਚਿਹਰੇ ਤੇ ਦ੍ਰਿੜ੍ਹਤਾ ਸੀ, ਮਹੀਪਾਲ ਉਹਨੂੰ ਵੇਖਦਾ ਰਿਹਾ । ਅਚਾਨਕ ਸੱਜਨ ਨੂੰ ਖ਼ਿਆਲ ਆਇਆ ਕਿ ਮਹੀਪਾਲ ਵੀ ਕੁਝ ਕਹਿਣ ਵਾਲਾ ਸੀ । ਉਹਨੇ ਮਹੀਪਾਲ ਨੂੰ ਕਿਹਾ — "ਹਾਂ ਕੁਝ ਕਹਿ ਰਿਹਾ ਸੈਂ, ਮਹੀਪਾਲ ?"

"ਆਂ ? ਉਹ !" ਮਹੀਪਾਲ ਹੱਸਿਆ — "ਮੈਂ ਕਹਿ ਰਿਹਾ ਸਾਂ ਕਿ ਰੂਪ ਰਤਨ ਨੇ ਮੈਨੂੰ ਕਾਰ ਦੇਣ ਦਾ ਇਕਰਾਰ ਕੀਤਾ ਏ । ਸੋਚਦਾ ਆਂ ਸ਼ਕੁੰਤਲਾ ਦੀ ਸ਼ਾਦੀ ਤੋਂ ਪਿਛੋਂ ਲਵਾਂਗਾ, ਨਹੀਂ ਤੇ ਲੜਕੇ ਵਾਲੇ ਮੋਟਰ ਵੇਖ ਕੇ ਕਿਤੇ ਹੋਰ ਦਾਜ ਨਾ ਮੰਗ ਬਹਿਣ ।"

ਥੋੜੀ ਦੇਰ ਪਿਛੋਂ ਹੀ ਮਹੀਪਾਲ ਅਤੇ ਸੱਜਨ ਆਪਣੇ ਆਪਣੇ ਰਾਹ ਪਏ । ਸਜਨ ਨੇ ਬਹੁਤ ਚਾਹਿਆ ਕਿ ਉਹ ਮਹੀਪਾਲ ਨੂੰ ਉਹਦੇ ਘਰ ਜਾਂ ਜਿਥੇ ਉਹ ਆਖੇ ਕਾਰ ਤੇ ਪਹੁੰਚਾ ਦਏ, ਪਰ ਮਹੀਪਾਲ ਨੇ ਆਪਣੇ ਡੋਲਣ ਦੇ ਪੱਕੇ ਮੂਡ ਨਾਲ ਸਾਫ਼ ਇਨਕਾਰ ਕਰ ਦਿਤਾ । ਹੋਟਲ ਦੇ ਬਰਾਂਡੇ ਹੇਠ ਸੜਕ ਤੇ ਸੱਜਨ ਦੀ ਛੋਟੀ ਫੋਰਡ ਕਾਰ ਖੜੀ ਸੀ । ਜਦ ਸੱਜਨ ਨੇ ਸਹਿ ਸੁਭਾ ਉਹਨੂੰ ਆਪਣੀ ਕਾਰ ਵਿਚ ਛੱਡ ਆਉਣ ਲਈ ਕਿਹਾ ਤਾਂ ਮਹੀਪਾਲ 'ਆਪਣੀ' ਈ ਟੋਰ ਨਾਲ ਚੜ੍ਹ ਗਿਆ । ਉਹਨੂੰ ਰੂਪ ਰਤਨ ਦੀ ਛੋਟੀ 'ਫਿਲੇਟ' ਕਾਰ ਕਲਪਨਾ ਵਿਚ 'ਆਪਣੀ' ਹੋਣ ਵਾਂਗ ਜਾਪੀ । ਰੂਪ ਰਤਨ ਨੇ ਕਿਹਾ ਸੀ — "ਗੁਰੂ, ਤੂੰ ਮਹਾਨ ਲੇਖਕ ਏਂ ਇਸ ਲਈ ਤੇਰੇ ਕੋਲ ਗੱਡੀ ਹੋਣੀ ਈ ਚਾਹੀਦੀ ਏ ।" ਮਹੀਪਾਲ ਨੇ ਇਸ ਵਿਚਾਰ ਨੂੰ ਪਸੰਦ ਕੀਤਾ, ਪਰ ਅੱਠ-ਦਸ ਹਜ਼ਾਰ ਦੀ ਗੱਡੀ ਖਰੀਦਣੀ ਉਹਦੇ ਲਈ ਸੰਭਵ ਨਹੀਂ ਸੀ, ਬਿਨਾਂ ਬਹਾਨੇ ਦਾਨ ਲੈ ਕੇ ਰੂਪ ਰਤਨ ਦਾ ਅਹਿਸਾਨਮੰਦ ਹੋਣਾ ਵੀ ਉਹਦੀ ਹੈਂਕੜ ਨੂੰ ਨਾ ਸੁਖਾਇਆ । ਰੂਪ ਰਤਨ ਨੇ ਢਾਈ ਤਿੰਨ ਹਜ਼ਾਰ ਵਿਚ ਆਪਣੀ ਛੋਟੀ ਗੱਡੀ ਵੇਚਣ ਦਾ ਸੁਝਾ ਦਿਤਾ । ਮਹੀਪਾਲ ਦਾ ਮਨ ਡੋਲ ਗਿਆ । ਘਰ ਆ ਕੇ ਉਹਨੇ ਕਲਿਆਣੀ ਨਾਲ ਉਹਦੀ ਚਰਚਾ ਕੀਤੀ ਸੀ । ਕਾਰ ਦਾ ਨਾਂ ਸੁਣ ਕੇ ਵੱਡਾ, ਛੋਟਾ, ਰੱਜੋ, ਤਪੂ ਅਤੇ ਉਹਨਾਂ ਦੀ ਮਾਂ ਸਭਨਾਂ ਦਾ ਮਨ ਲਲਚਾਉਣ ਲੱਗਾ । ਮਹੀਪਾਲ ਨੇ ਇਹ ਡੀਂਗ ਵੀ ਮਾਰੀ ਕਿ ਰੂਪ ਰਤਨ ਉਹਨੂੰ ਅਗਲੀਆਂ ਕਿਤਾਬਾਂ ਦੀ ਐਡਵਾਂਸ ਰਾਇਲਟੀ ਦੇ ਰੂਪ ਵਿਚ ਕਾਰ ਦੇ ਰਿਹਾ ਹੈ । ਇਸ ਪਿਛੋਂ ਤਾਂ ਕਾਰ ਦਾ ਛੇਤੀ ਤੋਂ ਛੇਤੀ ਘਰ ਆਉਣਾ ਘਰਵਾਲਿਆਂ ਨੂੰ ਅਤੀ ਜ਼ਰੂਰੀ ਜਾਪਣ ਲੱਗਾ । ਵੱਡਾ ਡਰਾਈਵਿੰਗ ਸਿਖਣ ਦੀ ਯੋਜਨਾ ਬਣਾਉਣ ਲੱਗਾ । ਕਲਿਆਣੀ ਕਾਰ ਦੇ ਮਹੀਨੇ ਭਰ ਦੇ ਖ਼ਰਚ ਦਾ ਹਿਸਾਬ ਜੋੜਨ ਲੱਗੀ । ਮਹੀਪਾਲ ਨੇ ਕਿਹਾ ਕਿ ਉਹ ਰੂਪ ਰਤਨ ਦੇ ਪ੍ਰਕਾਸ਼ਨ ਵਿਭਾਗ ਦਾ ਕੰਮ ਘੰਟਾ ਦੋ ਘੰਟੇ ਰੋਜ਼ ਵੇਖਣ ਦੇ ਇਵਜ਼ ਵਿਚ ਉਹਦੇ ਕੋਲੋਂ ਗੱਡੀ ਦਾ ਭੱਤਾ ਲੈ ਲਿਆ ਕਰੇਗਾ । ਇਸ ਪਿਛੋਂ ਤਾਂ ਸੋਚਣ ਦੀ ਗੁੰਜਾਇਸ਼ ਹੀ ਨਾ ਰਹੀ । ਲੜਕੇ ਭੂਏ ਹੋਣ

ਲਗੇ, ਪਰ ਕਲਿਆਣੀ – ਨੂੰ ਸ਼ਕੁੰਤਲਾ ਦੀ ਸ਼ਾਦੀ ਤੋਂ ਪਹਿਲਾਂ ਕਾਰ ਘਰ ਲਿਆਉਣ ਦੇ ਵਿਚਾਰ ਨਾਲ ਵਿਹਾਰਕ ਇਤਰਾਜ਼ ਸੀ। ਉਹਨੂੰ ਡਰ ਸੀ ਕਿ ਕਾਰ ਦੀ ਸ਼ਾਨ ਵੇਖ ਕੇ ਮੁੰਡੇ ਵਾਲੇ ਕਿਸੇ ਬਹਾਨੇ ਕੁਝ ਹੋਰ ਰਕਮ ਨਾ ਮੰਗ ਲੈਣ। ਮਹੀਪਾਲ ਵੀ ਇਸ ਗੱਲ ਨਾਲ ਠੰਡਾ ਹੋ ਗਿਆ ਸੀ। ਇਸ ਵੇਲੇ ਸੱਜਨ ਦੀ 'ਆਪਣੀ' — ਤੇ ਮਹੀਪਾਲ ਦੀ 'ਆਪਣੀ' ਧੁਨ ਸਿਰ ਤੇ ਸਵਾਰ ਹੋ ਗਈ। ਉਹਦੇ ਵਾਰ ਵਾਰ ਜ਼ੋਰ ਦੇਣ ਤੇ ਵੀ ਮਹੀਪਾਲ ਨੇ ਇਕੱਲਿਆਂ ਹੀ ਰਿਕਸ਼ੇ ਤੇ ਜਾਣ ਦਾ ਫੈਸਲਾ ਕੀਤਾ। ਨਸ਼ੇ ਦੀ ਲੋਰ ਵਿਚ ਉਹਨੂੰ ਸ਼ਾਮ ਦੇ ਗੁਲਜ਼ਾਰ ਹਜ਼ਰਤ ਗੰਜ ਦੀ ਸ਼ਾਨ ਆਪਣੀ ਆਪਣੀ ਜਿਹੀ ਲੱਗੀ। ਪਾਲਾਜ਼ਾ ਸਿਨਮਾ ਅਤੇ ਉਹਦੇ ਲੰਮੇ ਛੱਜੇ ਦੇ ਪਰਲੇਪਾਰ ਝਾਕਣ ਵਾਲੇ ਪ੍ਰਿੰਸ ਸਿਨਮੇ ਤਕ ਤੀਵੀਆਂ ਮਰਦਾਂ ਦੀ ਚਹਿਲ ਪਹਿਲ, ਸੱਜੀਆਂ ਧੱਜੀਆਂ ਦੁਕਾਨਾਂ ਦੇ ਬਰਾਂਡਿਆਂ ਵਿਚ ਟਹਿਲਦੀਆਂ ਹੋਈਆਂ ਸੱਜੀਆਂ ਧੱਜੀਆਂ ਹਸੂੰ ਹਸੂੰ ਕਰਦੀਆਂ ਭੀੜਾਂ; ਬੱਸਾਂ, ਕਾਰਾਂ, ਸਾਈਕਲਾਂ ਰਿਕਸ਼ਿਆਂ ਦੀ ਆਵਾਜਾਈ ਨਾਲ ਚਾਰੇ ਪਾਸੇ ਖਿੱਲਰੀ ਹੋਈ ਰੌਣਕ ਮਹੀਪਾਲ ਦੇ ਨਸ਼ੇ ਦੀ ਲਾਲੀ ਨੂੰ ਦੂਣਾ ਕਰ ਰਹੀਆਂ ਸਨ। ਉਹਨੇ ਇਕ ਪਾਨ ਵਾਲੇ ਕੋਲੋਂ ਪੁਰਾਣੇ ਬੰਗਾਲੀ ਪਾਨ ਲਵਾਏ, ਸਿਗਰੇਟਾਂ ਦਾ ਪੈਕੇਟ ਅਤੇ ਮਾਚਸ ਖਰੀਦ ਕੇ ਜੇਬ ਵਿਚ ਪਾਈ, ਦੁਕਾਨ ਦੇ ਸ਼ੀਸ਼ੇ 'ਚੋਂ ਆਪਣੇ ਰੁਅਬਦਾਰ ਨਸ਼ਿਆਏ ਨੂਰ ਨੂੰ ਪਰਖਿਆ ਤੇ ਮਹਾਂਬੀਰ ਦੇ ਮੰਦਰ ਦੇ ਸਾਹਮਣੇ ਸੜਕ ਵਿਚਕਾਹਿਉਂ ਲੰਘਦੇ ਹੋਏ ਇਕ ਖਾਲੀ ਰਿਕਸ਼ੇ ਨੂੰ ਆਵਾਜ਼ ਦਿਤੀ। ਰਿਕਸ਼ੇ ਵਾਲਾ ਮਹੀਪਾਲ ਵਲ ਇਕ ਵਾਰ ਵੇਖ ਕੇ ਅਗਾਂਹ ਲੰਘ ਗਿਆ। ਮਹੀਪਾਲ ਦਾ ਰੋਹਬ ਰੋਹ 'ਚ ਆ ਗਿਆ। ਉਹਦਾ ਜੀਅ ਕੀਤਾ ਕਿ ਰਿਕਸ਼ੇ ਵਾਲੇ ਨੂੰ ਫੜ ਕੇ ਉਹਨੂੰ ਹੰਟਰਾਂ ਨਾਲ ਕੁੱਟੇ। ਨਸ਼ੇ ਵਿਚ ਪੈਦਲ ਤੁਰਨਾ ਉਹਨੂੰ ਓਪਰਾ ਅਤੇ ਰੜਕਣ ਵਾਲਾ ਜਾਪਿਆ, ਕਾਰ ਦਾ ਮੂਡ ਅਤੇ ਇਕ ਮਮੂਲੀ ਰਿਕਸ਼ੇ ਵਾਲੇ ਦਾ ਇਸ ਤਰ੍ਹਾਂ ਲਾ-ਪ੍ਰਵਾਹੀ ਵਿਖਾ ਕੇ ਤੁਰ ਜਾਣਾ ਉਹਦੇ ਰੋਹਬ ਦੀ ਤੇਜ਼ੀ ਖਰਾਦ ਤੇ ਚੜ੍ਹਾਉਣ ਲੱਗਾ। ਉਹਦਾ ਜੀਅ ਕੀਤਾ ਕਿ ਏਸੇ ਵੇਲੇ ਜਾ ਕੇ ਉਹ ਰੂਪ ਰਤਨ ਨਾਲ ਕਾਰ ਦਾ ਸੌਦਾ ਕਰ ਲਏ। ਫਲਾਂ ਵਾਲਿਆਂ ਦੀਆਂ ਦੁਕਾਨਾਂ ਕੋਲ ਪਹੁੰਚਦਿਆਂ ਉਹਨੂੰ ਇਕ ਹੋਰ ਖਾਲੀ ਰਿਕਸ਼ਾ ਦਿਸਿਆ। — 'ਖਾਲੀ ਏ ? — ਨਹੀਂ ਬਾਊਜੀ।' — ਮਹੀਪਾਲ ਦਾ ਆਪਣੀ ਸਵਾਰੀ ਦੀ ਜ਼ਿੱਦ ਹੋਰ ਵਧੀ। ਰਿਕਸ਼ੇ ਵਾਲੇ ਨੂੰ ਚਪੇੜ ਮਾਰਨ ਤੇ ਗਾਲ੍ਹ ਕੱਢਣ ਦੀ ਲਾਲਸਾ ਵੀ ਭੜਕੀ — ਪਰ ਇਹ ਹੋਸ਼ ਵੀ ਉਹਨੂੰ ਸੀ ਕਿ ਏਦਾਂ ਕਿਤੇ ਕਰ ਈ ਨਾ ਬੈਠੇ। ਸੜਕ ਪਾਰ ਕਰਕੇ ਨਰਹੀ ਦੇ ਚੁਰਾਹੇ ਤੇ ਪਹੁੰਚ ਕੇ ਵੀ, ਰਿਕਸ਼ਾ ਵਾਲਿਆਂ ਦੇ ਬੁਲਾਉਂਦੇ ਰਹਿਣ ਦੇ ਬਾਵਜੂਦ, ਬਦਲਾ ਲੈਣ ਦੀ ਭਾਵਨਾ ਨਾਲ ਉਹਨੇ ਤਾਂਗਾ ਲਿਆ। ਹੁਣ ਏਧਰ ਓਧਰ ਭਟਕਣ ਦੀ ਇੱਛਾ ਖ਼ਤਮ ਹੋ ਗਈ ਸੀ, ਉਹਦੇ ਸਾਹਮਣੇ ਇਕ ਗਿਣਿਆ ਮਿਥਿਆ ਨਿਸ਼ਾਨਾ ਸੀ; ਉਹਨੇ ਰੂਪ ਰਤਨ ਦੇ ਘਰ ਕਾਰ ਦਾ ਸੌਦਾ

ਕਰਨ ਜਾਣਾ ਸੀ ।

ਟਾਂਗੇ ਤੇ ਸ਼ਾਨ ਨਾਲ ਅਧਲੇਟਿਆ ਹੋਇਆ ਮਹੀਪਾਲ ਆਪਣੇ ਆਲੇ ਦੁਆਲੇ ਜਾਂਦੀਆਂ ਹੋਈਆਂ ਕਾਰਾਂ ਨੂੰ ਵੇਖ ਕੇ ਇਸ ਵੇਲੇ ਦੁਖੀ ਨਹੀਂ ਸੀ ਹੋ ਰਿਹਾ । ਉਹਨੂੰ ਇਸ ਵੇਲੇ ਸੱਭੇ ਕਾਰਾਂ ਵਾਲੇ ਆਪਣੇ ਸਗੋਤੀ ਲਗ ਰਹੇ ਸਨ । ਇਨ੍ਹਾਂ ਹੀ ਸੜਕਾਂ ਤੇ ਕਦੇ ਮਹੀਪਾਲ ਦੀ ਗੱਡੀ ਵੀ ਕਿਤੇ ਅਗਾਂਹ ਪਿਛਾਂਹ ਲੰਘਦੀ ਹੋਈ ਦਿਸਿਆ ਕਰੇਗੀ ਅਤੇ......ਇਹ ਸਾਹਮਣਿਉਂ ਆਉਂਦੀ ਹੋਈ ਛੋਟੀ ਗੱਡੀ ਵਿਚ ਜਿਸ ਤਰ੍ਹਾਂ ਅਗਲੀ ਸੀਟ ਤੇ ਇਕ ਔਰਤ ਮਰਦ ਬੈਠੇ ਨੇ, ਜਿਹੜੇ ਜਾਪਦਾ ਏ, ਪਤੀ ਪਤਨੀ ਹੀ ਹੋਣਗੇ...... ਕਿਸੇ ਦਿਨ ਮੈਂ ਵੀ ਕਲਿਆਣੀ ਨਾਲ ਏਸ ਤਰ੍ਹਾਂ......ਵਿਚਾਰ ਆਉਂਦਿਆਂ ਹੀ ਮਹੀਪਾਲ ਨੂੰ ਇੰਜ ਵੀ ਲੱਗਾ ਕਿ ਕਲਿਆਣੀ ਨਾਲ ਸੈਰ ਕਰਕੇ ਉਹਨੂੰ ਸੱਚੀ ਕੋਈ ਮਜ਼ਾ ਨਹੀਂ ਮਿਲ ਸਕਦਾ । ਕਲਿਆਣੀ ਪੁਰਾਣੇ ਵਿਚਾਰਾਂ ਦੀ ਹੈ । ਅਨੇਕ ਵਾਰੀ ਉਹ ਅਤੇ ਸ਼ੀਲਾ ਕਾਰ ਤੇ ਬਹਿ ਕੇ ਲੰਘੇ ਹਨ । ਮਹੀਪਾਲ ਨੂੰ ਸ਼ੀਲਾ ਦੀ ਯਾਦ ਆਉਣ ਲੱਗੀ । ਸ਼ੀਲਾ ਨੇ ਕੋਈ ਗੁਨਾਹ ਨਹੀਂ ਕੀਤਾ । ਉਸ ਦਿਨ ਸੱਜਨ ਦੀ ਕੋਠੀ ਤੇ ਸ਼ੀਲਾ ਨੇ ਉਹਦੀ ਕਿੰਨੀ ਮਿੰਨਤ ਕੀਤੀ ਸੀ । ਉਹਨੂੰ ਇਹ ਵੀ ਜਾਪਿਆ ਕਿ ਉਹ ਬੜਾ ਵੱਡਾ ਅਨਿਆਂ ਕਰ ਰਿਹਾ ਹੈ ਅਤੇ ਇਸ ਵਿਚਾਰ ਦੇ ਨਾਲ ਨਾਲ ਉਹਨੂੰ ਇਹ ਸ਼ੱਕ ਸੀ ਕਿ ਸ਼ੀਲਾ ਨਾਲ ਸੰਬੰਧ ਬਣਨ ਤੇ ਸਮਾਜ ਵਾਲੇ ਏਹੋ ਸਮਝਣਗੇ ਕਿ ਇਹ ਸਾਰੀ ਸ਼ਾਨ ਸ਼ੀਲਾ ਕਰਕੇ ਈ ਹੈ । ਮਹੀਪਾਲ ਬਸ ਏਸੇ ਗੱਲੋਂ ਬੇਚੈਨ ਹੋ ਜਾਂਦਾ ਸੀ । ਰੂਪ ਰਤਨ ਨਾਲ ਰਹਿ ਕੇ ਪੈਸਾ ਕਮਾਉਂਦਿਆਂ ਹੋਇਆਂ ਜੇਕਰ ਕੋਈ ਉਹਨੂੰ ਟੋਕਦਾ ਹੈ ਤਾਂ ਇਹਦਾ ਕੋਈ ਹਰਜ ਨਹੀਂ । ਅਨੇਕਾਂ ਲੋਕ ਅਨੇਕਾਂ ਨਾਲ ਇਸ ਤਰ੍ਹਾਂ ਦੀ ਆਰਥਕ ਵਿਹਾਰਕ ਜੋਟੀਦਾਰੀ ਕਰਦੇ ਹਨ, ਪਰ ਔਰਤ ਨਾਲ ਰਹਿ ਕੇ ਉਹਦੇ ਕੋਲੋਂ ਧਨ ਕਮਾਉਣ ਦਾ ਕਲੰਕ ਮਹੀਪਾਲ ਨੂੰ ਕਦੇ ਚੰਗਾ ਨਹੀਂ ਲਗ ਸਕਦਾ । ਇਸੇ ਲਈ ਉਹ ਸ਼ੀਲਾ ਨਾਲ ਦੁਬਾਰਾ ਸੰਬੰਧ ਨਹੀਂ ਬਣਾਉਣੇ ਚਾਹੁੰਦਾ ।

ਟਾਂਗਾ ਸ਼ਾਂਤ ਸੜਕ ਤੇ ਦੌੜ ਰਿਹਾ ਸੀ । ਮਹੀਪਾਲ ਦਾ ਮਨ ਸ਼ੀਲਾ ਦੇ ਪ੍ਰਸੰਗ ਨਾਲ ਬੇਚੈਨ ਹੋ ਰਿਹਾ ਸੀ । ਉਹਨੂੰ ਜਾਪ ਰਿਹਾ ਸੀ ਕਿ ਆਦਮੀ ਦੇ ਪਿਆਰ ਤੋਂ ਵਧ ਕੇ, ਉਹ ਜਿਹੜੀ ਇਸ ਤਰ੍ਹਾਂ ਦੀ ਦੁਨਿਆਵੀ ਸ਼ਾਨ ਨੂੰ ਮੰਨ ਰਿਹਾ ਹੈ, ਉਹ ਅਨਿਆਂ ਹੈ । ਕਾਰ ਬੰਗਲੇ, ਨੌਕਰ ਚਾਕਰ, ਅਤੇ ਤਰ੍ਹਾਂ ਤਰ੍ਹਾਂ ਦੀ ਆਰਥਕ ਸ਼ਾਨ ਵਿਚ ਸੁੱਖ ਅਤੇ ਸ਼ਾਨ ਭਾਵੇਂ ਹੋਣ ਪਰ ਉੱਚੀਆਂ ਭਾਵਨਾਵਾਂ ਅਤੇ ਵਿਚਾਰਾਂ ਸਾਹਮਣੇ ਉਹਨਾਂ ਦਾ ਕੋਈ ਮੁੱਲ ਨਹੀਂ । ਆਪਣੀ ਜਵਾਨੀ ਵਿਚ ਮਹੀਪਾਲ ਨੇ ਪਤਾ ਨਹੀਂ ਕਿੰਨੀ ਵਾਰ ਸਿਧਾਂਤ ਲਈ ਆਰਥਕ ਖੁਸ਼ਹਾਲੀ ਨੂੰ ਲੱਤ ਮਾਰੀ ਹੈ । ਉਹਨੇ ਸਿਧਾਂਤਾਂ ਪਿਛੇ ਹੀ ਆਪਣਿਆਂ ਨਾਨਕਿਆਂ ਨੂੰ ਛੱਡਿਆ । ਰੂਪ ਰਤਨ ਨਾਲੋਂ ਵੀ ਨਾਤਾ ਤੋੜਿਆ; ਭਰਾ ਦੇ ਵਿਆਹ ਵਿਚ ਦਾਜ ਨਾ ਲਿਆ; ਭਰਾ ਦੀ ਉੱਨਤੀ ਲਈ ਆਪਣੀ ਪਤਨੀ ਦੇ ਗਹਿਣਿਆਂ

ਤਕ ਵੇਚ ਦੇਣ 'ਚ ਉਹਨੂੰ ਕਦੇ ਕੋਈ ਮੋਹ ਨਹੀਂ ਜਾਗਿਆ । ਉਹੋ ਮਹੀਪਾਲ ਅਜ ਆਰਥਕ ਸੁਖ ਲਈ ਕਿਹੜਿਆਂ ਕਿਹੜਿਆਂ ਸਿਧਾਂਤਾਂ ਦਾ ਤਿਆਗ ਨਹੀਂ ਕਰ ਰਿਹਾ ? ਉਹ ਕਿੰਨਾ ਪਤਿਤ ਹੋ ਗਿਆ ਹੈ। ਮਹੀਨੇ ਈ ਲੰਘ ਗਏ ਨੇ ਉਹਨੇ ਇਕ ਅੱਖਰ ਨਹੀਂ ਲਿਖਿਆ, ਬਸ ਆਪਣੇ ਘਰ ਵਿਚ, ਆਪਣੇ ਆਲੇ ਦੁਆਲੇ, ਹਰ ਪਾਸੇ ਲੱਛਮੀ — ਦਾ ਅਡੰਬਰ ਸਜਾਉਣ ਵਿਚ ਹੀ ਉਹਦੇ ਦਿਨ ਵਧੇਰੇ ਕਰਕੇ ਲੰਘ ਜਾਂਦੇ ਹਨ। ਉਹਦਾ ਨਾਵਲ, ਜਿਸ ਨੂੰ ਸ਼ੁਰੂ ਕਰਨ ਵੇਲੇ ਉਹਨੇ ਸੋਚਿਆ ਸੀ ਕਿ ਉਹ ਉਹਦੀ ਬਹੁਤ ਵਧੀਆ ਰਚਨਾ ਹੋਏਗੀ — ਅਜ ਤਕ ਅਧੂਰਾ ਪਿਆ ਹੈ। ਕਈ ਵਾਰ ਉਹਦੇ ਮਨ 'ਚ ਆਇਆ ਕਿ ਉਹਨੂੰ ਪੂਰਾ ਕਰੇ, ਪਰ ਹੁਣ ਉਹਦੀ ਕਲਪਨਾ ਸ਼ਕਤੀ ਰੂੰ ਦਿਆਂ ਰੇਸ਼ਿਆਂ ਵਾਂਗ ਖਿਲਰੀ ਪਈ ਹੈ। ਅਤੇ ਸੱਜਨ ਲਗਾਤਾਰ ਪ੍ਰਸਿਧੀ ਦੇ ਮੈਦਾਨ ਵਿਚ ਅਗਾਂਹ ਵਧ ਰਿਹਾ ਹੈ। ਸੱਜਨ ਨੇ ਇਹਨਾਂ ਦਿਨਾਂ ਵਿਚ ਏਨੀ ਤੇਜ਼ੀ-ਨਾਲ ਪ੍ਰਸਿਧੀ ਪ੍ਰਾਪਤ ਕੀਤੀ ਹੈ ਕਿ ਮਹੀਪਾਲ ਉਹਦਾ ਮੁਕਾਬਲਾ ਨਹੀਂ ਕਰ ਸਕਦਾ। ਮਹੀਪਾਲ ਨੂੰ ਇਹਦੇ ਨਾਲ ਈਰਖਾ ਹੁੰਦੀ। ਪਰ ਉਹ ਈਰਖਾਂ ਨਿਕੰਮੀ ਹੈ। ਅਗਾਂਹ ਵਧਦਾ ਹੋਇਆ ਸਮਾਜ ਲੋਕਾਂ ਦੇ ਈਰਖਾ ਭਰੇ ਵਿਰੋਧਾਂ ਨੂੰ ਕਦੇ ਖਾਸ ਮਹੱਤਤਾ ਨਹੀਂ ਦਿੰਦਾ। ਉਹਨੇ ਕਲ੍ਹ ਜਿਹੜਾ ਲੇਖ ਸੱਜਨ ਦੇ ਸਮਾਜਕ ਅੰਦੋਲਨ ਦਾ ਵਿਰੋਧ ਕਰਦਿਆਂ ਹੋਇਆਂ ਲਿਖਿਆ ਸੀ ਉਹ ਵੇਖਣ ਵਿਚ ਬਹੁਤ ਦਲੀਲ ਵਾਲਾ ਹੁੰਦਿਆਂ ਹੋਇਆਂ ਵੀ ਪੂਰੀ ਤਰ੍ਹਾਂ ਅਣਉਚਿੱਤ ਹੈ। ਮਹੀਪਾਲ ਨੇ ਲਿਖਿਆ ਸੀ ਕਿ ਇਸ ਤਰ੍ਹਾਂ ਗੰਦਗੀਆਂ ਨੂੰ ਨੰਗਿਆਂ ਕਰਦਿਆਂ ਰਹਿਣ ਨਾਲ ਸਮਾਜ ਵਿਚ ਸਿਰਫ਼ ਗੰਦਗੀ ਹੀ ਗੰਦਗੀ ਉੱਭਰੇਗੀ। ਉਹ ਇਹ ਗੱਲ ਉਹਨੂੰ ਇਸ ਵੇਲੇ ਵੀ ਸਹੀ ਜਾਪਦੀ ਹੈ। ਪਰ ਇਹਦੇ ਨਾਲ ਨਾਲ ਮਹੀਪਾਲ ਇਹ ਵੀ ਜਾਣਦਾ ਹੈ ਕਿ ਸੱਜਨ ਸਿਰਫ਼ ਗੰਦਗੀ ਨੂੰ ਨੰਗਿਆਂ ਕਰਨ ਦੇ ਵਿਚਾਰ ਨਾਲ ਹੀ ਇਹ ਕੰਮ ਨਹੀਂ ਕਰ ਰਿਹਾ। ਉਹ ਇਸ ਵੇਲੇ ਬਾਬਾ ਰਾਮ ਜੀ ਦੀ ਰਚਨਾਤਮਕ ਬਿਰਤੀ ਤੋਂ ਪ੍ਰੇਰਣਾ ਲੈ ਰਿਹਾ ਹੈ। ਕੰਨਿਆ ਦਾ ਸਹਿਯੋਗ ਵੀ ਉਹਦੇ ਲਈ ਹਾਨੀਕਾਰਕ ਨਹੀਂ ਸਗੋਂ ਰਚਨਾਤਮਕ ਹੀ ਹੈ। ਅਤੇ ਅਜ ਦੀਆਂ ਗੱਲਾਂ 'ਚੋਂ ਸੱਜਨ ਦਾ ਮੂੰਹੋਂ ਬੋਲਦਾ ਹੋਇਆ ਇਰਾਦਾ, ਉਹਦੀ ਬਿਨਾਂ ਕਪਟ ਦੇ ਸਿਧਾਂਤ ਦੀ ਪਾਲਣਾ ਦੀ ਜਾਣਕਾਰੀ ਉਹਨੂੰ ਸਾਫ਼ ਸਾਫ਼ ਮਿਲੀ ਹੈ। ਜਿਥੇ ਸਿਧਾਂਤ ਨਿਰਛਲ ਰੂਪ ਨਾਲ ਆਚਰਣ ਵਿਚ ਲਿਆਂਦਾ ਜਾਂਦਾ ਹੈ। ਉਥੇ ਤਬਾਹੀ ਵਾਲੀ ਸੋਚ ਕੰਮ ਨਹੀਂ ਕਰਦੀ। ਮਹੀਪਾਲ ਆਪਣੇ ਮਨ ਵਿਚ ਜਿੰਨਾ ਵੀ ਜ਼ਿਆਦਾ ਸਪਸ਼ਟ ਹੋਇਆ ਉਨੀ ਹੀ ਉਹਦੀ ਆਪਣੇ ਮਨ ਨਾਲ ਸ਼ਿਕਾਇਤ ਵੀ ਵਧੀ। ਉਹ ਕਿਥੇ ਜਾ ਰਿਹਾ ਹੈ ? ਕਿਸ ਪਾਸੇ ਵਲ ਜਾਂਦਾ ਜਾਂਦਾ ਕਿੱਧਰ ਮੁੜ ਆਇਆ ਹੈ ? ਇਹ ਸਭ ਕੁਝ ਕੀ ਹੋ ਰਿਹਾ ਹੈ, ਹੇ ਭਗਵਾਨ ! ਬਦਲਦੇ ਹੋਏ ਦੇਸ਼, ਕਾਲ ਅਤੇ ਸਮਾਜ ਵਿਚ ਇਸ ਵੇਲੇ ਮੋਟਰ ਵਾਲੇ ਮਹੀਪਾਲ ਦੀ ਜ਼ਿਆਦਾ ਲੋੜ ਹੈ ਜਾਂ ਕਲਮ ਵਾਲੇ ਲੇਖਕ ਦੀ ?

ਗੋਸਵਾਮੀ ਤੁਲਸੀਦਾਸ ਜੇਕਰ ਪੈਸੇ ਧੇਲੇ ਦੀ ਸ਼ਾਨ ਦੇ ਚੱਕਰ ਵਿਚ ਪੈ ਜਾਂਦੇ ਤਾਂ ਅਜ ਓਹਨਾਂ ਨੂੰ ਕੌਣ ਯਾਦ ਕਰਦਾ ? ਅਕਬਰ ਦੀ ਮੁਹਤਬਰੀ ਪ੍ਰਾਪਤ ਕਰਕੇ ਤੁਲਸੀ ਕਦੀ ਤਿੰਨ ਗੰਢ ਲੰਗੋਟ ਬਿਨ ਭਾਜੀ ਇਕ ਲੂਟ ਨਾ ਕਹਿ ਸਕਦਾ। ਮਹੀਪਾਲ ਨੇ ਪਤਾ ਨਹੀਂ ਦੁੱਖ ਦੇ ਕਿੰਨਿਆ ਪਲਾਂ ਵਿਚ ਏਸ ਦੋਹਰੇ ਤੋਂ ਸੰਤੋਖ ਸ਼ਕਤੀ — ਮਨ ਦੀ ਸ਼ਕਤੀ — ਲਈ ਹੋਏ ।......

ਤੀਨ ਗਾਠ ਕੌਪੀਨ ਮੇਂ ਬਿਨ ਭਾਜੀ ਬਿਨ ਲੌਨ ।
ਤੁਲਸੀ ਮਨ ਸੰਤੋਸ਼ ਜੋ ਇੰਦਰ ਬਾਪੁਰੋ ਕੌਨ ॥*

ਡੂੰਘੀ ਆਹ ਭਰ ਕੇ ਮਹੀਪਾਲ ਉਭੜਵਾਹੀ ਅਵਾਜ਼ ਵਿਚ ਬੁੜਬੜਾਇਆ । ਇਸ ਵੇਲੇ ਤੁਲਸੀ ਦੇ ਇਸ ਦੋਹੇ ਦਾ ਇਕ ਮੰਦੇ ਉਤਸ਼ਾਹ ਵਾਲੇ ਸ਼ੋਕ ਮਤੇ ਵਾਂਗ ਉਚਾਰਣ ਹੋਇਆ । ਮਹੀਪਾਲ ਆਪਣੇ ਮਨ ਪੱਖੋਂ ਬੜਾ ਥੱਕਿਆ ਹੋਇਆ ਸੀ ਇਸ ਥਕਾਵਟ ਵਿਚ ਉਸ ਨੂੰ ਬੈਂਕ ਵਿਚ ਜਮਾਂ ਆਪਣਾ ਅਠੱਤੀ ਹਜ਼ਾਰ ਰੁਪਿਆ ਯਾਦ ਆਇਆ । ਉਹ ਰੂਪ ਰਤਨ ਦੇ ਘਰ ਕਾਰ ਦਾ ਸੌਦਾ ਕਰਨ ਜਾ ਰਿਹਾ ਸੀ । – "ਡੈਮ ਸਮਾਜ, ਡੈਮ ਸਿਧਾਂਤ । ਕਰਜ਼ਾ ਲੈ ਕੇ ਘਿਉ ਪੀਓ ! ਸਿਧਾਂਤਾਂ ਵਿਚ ਚਾਰਵਾਕ ਦਾ ਇਹ ਸਿਧਾਂਤ ਹੀ ਸਭ ਤੋਂ ਵਧੀਆ ਹੈ ।"

ਜਿੱਦਾਂ ਆਪਾਹਜ ਦਾ ਮਨ ਤੁਰਦਾ ਹੈ ਓਸੇ ਤਰ੍ਹਾਂ ਉਹਨੇ ਆਪਣੇ ਥੱਕੇ ਮਨ ਨੂੰ ਤੁਰਾਉਣਾ ਚਾਹਿਆ, ਪਰ ਉਹ ਤੁਰ ਨਾ ਸਕਿਆ । ਉਹ ਤੁਰ ਨਹੀਂ ਸਕਦਾ, ਹਾਲ ਦੀ ਘੜੀ ਉਹਨੂੰ ਇਕ ਕਾਰ ਚਾਹੀਦੀ ਹੈ, ਛੋਟਾ ਜਿਹਾ ਬੰਗਲਾ ਵੀ ਚਾਹੀਦਾ ਹੈ । ਉਹਨੂੰ ਠਾਠ-ਬਾਠ ਵਾਲਾ ਲੈਣ ਦੇਣ ਕਰਨ ਵਾਲੀ ਦੁਨੀਆਦਾਰੀ ਚਾਹੀਦੀ ਹੈ । ਉਹਨੂੰ ਤਿੰਨਾਂ ਗੰਢਾਂ ਵਾਲੀ ਲੰਗੋਟੀ ਵਾਲੀ ਅਮਰਤਾ......ਨ — ਹੀਂ . ...ਚਾਹੀਦੀ । ਸਿਧਾਂਤ ਦੀ ਪਾਲਣਾ ਕਰਨ ਵਾਲਾ ਲੇਖਕ ਮਹੀਪਾਲ ਸ਼ੁਕਲ ਉਹਦੀ ਸੋਚ ਵਿਚ ਇਸ ਵੇਲੇ ਪੂਰੀ ਤਰ੍ਹਾਂ ਮੋਇਆ ਹੋਇਆ ਦਿਸ ਰਿਹਾ ਸੀ । ਮਹੀਪਾਲ ਮਰ ਗਿਆ, ਇਹ ਸੋਚ ਕੇ ਉਹਨਾ ਮਨ ਰੋਣ ਲੱਗਾ ।

ਢਲਵਾਨ ਤੇ ਸੱਜੇ ਹੱਥ ਮੁੜ ਕੇ ਟਾਂਗੇ ਨੇ ਰੂਪ ਰਤਨ ਦੀ ਕੋਠੀ ਵਿਚ ਪ੍ਰਵੇਸ਼ ਕੀਤਾ ।

---

*ਤਿੰਨਾਂ ਗੰਢਾਂ ਵਾਲੇ ਲੰਗੋਟ ਅਤੇ ਬਿਨਾਂ ਭਾਜੀ ਬਿਨਾਂ ਲੂਣ
ਨਾਲ ਜਿਹਨੂੰ ਸੰਤੋਖ ਹੈ, ਉਹਦੇ ਸਾਹਮਣੇ ਇੰਦਰ ਵਿਚਾਰਾ ਕੀ ਚੀਜ਼ ਹੈ ।
— ਅਨੁਵਾਦਕ

47

ਤਾਈ ਦੇ ਘਰ ਰਾਧਾ ਜੀ ਦੇ ਵਿਆਹ ਦੀਆਂ ਤਿਆਰੀਆਂ ਬੜੀ ਧੂੰਮ ਧਾਮ ਨਾਲ ਹੋ ਰਹੀਆਂ ਹਨ। ਬਾਬਾ ਰਾਮ ਜੀ ਦੇ ਕ੍ਰਿਸ਼ਣ ਵਿਆਹਣ ਆਉਣਗੇ। ਦੂਰ ਦੂਰ ਤਕ ਗਲੀਆਂ ਮਹੱਲਿਆਂ ਵਿਚ ਰਾਧਾ ਕ੍ਰਿਸ਼ਣ ਦੇ ਵਿਆਹ ਦੀ ਚਰਚਾ ਨਾਲ ਰੋਜ਼ਾਨਾ ਜੀਵਨ ਵਿਚ ਦਿਲਚਸਪੀ ਅਤੇ ਨਵੀਂ ਤੇਜ਼ੀ ਆ ਗਈ। ਹੱਸ ਹੱਸ ਕੇ ਬੜੇ ਉਤਸ਼ਾਹ ਨਾਲ ਲੋਕੀਂ ਤਾਈ ਦੇ ਇਸ ਉਤਸਵ ਮਨਾਉਣ ਦੀ ਚਰਚਾ ਕਰਦੇ ਹਨ। ਅਫਵਾਹ ਏਥੋਂ ਤਕ ਫੈਲੀ ਹੋਈ ਹੈ ਕਿ ਇਸ ਵਿਆਹ ਤੇ ਤਾਈ ਦਾ ਪੰਜਾਹ ਹਜ਼ਾਰ ਰੁਪਿਆ ਖਰਚ ਹੋਏਗਾ। ਮੈਲੇ ਕੁਚੈਲੇ ਕਪੜਿਆਂ ਵਾਲੀ, ਸਦਾ ਮਨਹੂਸ ਲਗਣ ਵਾਲੀ ਤਾਈ ਜੀਹਦੇ ਚਾਰ ਚੁਫੇਰੇ ਗਾਲ-ਗਲੋਚ ਅਤੇ ਜਾਦੂ ਟੂਣਿਆਂ ਦਾ ਮਾਇਆ ਜਾਲ ਤਣਿਆ ਰਹਿੰਦਾ ਹੈ, ਜਿਹਨੂੰ ਸਵੇਰੇ ਸ਼ਾਮ ਛੇੜ ਕੇ ਬੱਚੇ, ਬੁੱਢੇ, ਜਵਾਨ ਸਭੇ ਸੁਖੀ ਹੁੰਦੇ ਨੇ, ਉਹ ਤਾਈ ਪੰਜਾਹ ਹਜ਼ਾਰ ਦੀ ਦੌਲਤ ਲੁਟਾ ਕੇ ਉਤਸਵ ਮਨਾ ਰਹੀ ਹੈ, ਇਹ ਖ਼ਬਰ ਬਹੁਤਿਆਂ ਲੋਕਾਂ ਨੂੰ ਲਲਚਾ ਵੀ ਰਹੀ ਹੈ। ਕਿਸੇ ਤਰ੍ਹਾਂ, ਕਿਸ ਪ੍ਰਬੰਧ ਦੇ ਬਹਾਨੇ ਸੌ ਪੰਜਾਹ ਰੁਪਏ ਪੱਲੇ ਪੈਣ, ਇਹਦੀਆਂ ਸਕੀਮਾਂ ਵੀ ਬਣਨ ਲੱਗੀਆਂ। ਪਰ ਉੱਥੇ ਕਿਸੇ ਦੀ ਦਾਲ ਨਹੀਂ ਸੀ ਗਲਦੀ। ਰੁਪਏ ਪੈਸੇ ਦਾ ਸਾਰਾ ਪ੍ਰਬੰਧ ਸੱਜਨ ਦੇ ਹੱਥ ਸੀ। ਘਰ ਦਾ ਕੰਮ ਕਾਜ ਤਾਈ ਦੀ ਉਮਰ ਦੀਆਂ ਦੋ ਤਿੰਨ ਬੁਢੜੀਆਂ ਸੰਭਾਲਦੀਆਂ, ਕੰਨਿਆ, ਤਾਰਾ ਅਤੇ ਛੋਟੀ ਨੂੰ ਰਸੋਈ ਜਾਂ ਭੰਡਾਰੇ ਦਾ ਕੋਈ ਕੰਮ ਨਹੀਂ ਮਿਲਿਆ ਕਿਉਂਕਿ ਉਹਨਾਂ ਦਾ ਧਰਮ ਭਰਿਸ਼ਟ ਹੋ ਚੁਕਿਆ ਹੈ। ਫਿਰ ਵੀ ਤਾਈ ਨੇ ਕੰਨਿਆ ਨੂੰ ਹਿਸਾਬ ਕਿਤਾਬ, ਚੀਜ਼ਾਂ ਵਸਤਾਂ ਦੀ ਦੇਖ-ਭਾਲ ਦਾ ਚੋਖਾ ਕੰਮ ਸੌਂਪਿਆ ਹੋਇਆ ਹੈ।

ਸਾਰੀ ਹਵੇਲੀ ਵਿਆਹ ਦੇ ਕੰਮ ਕਾਜ ਨਾਲ ਮੇਲਾ ਬਣੀ ਹੋਈ ਹੈ। ਭੱਠੀਆਂ ਤੇ ਹਲਵਾਈ ਮਣਾਂ ਮੂੰਹੀਂ ਮਠਿਆਈਆਂ ਬਣਾ ਰਹੇ ਹਨ। ਬਰਾਤੀਆਂ ਨੂੰ ਇਕ ਇਕ ਧੋਤੀ ਵਦਾਈ 'ਚ ਮਿਲੇਗੀ, ਧੋਤੀਆਂ ਦੀਆਂ ਗਠੜੀਆਂ ਤੇ ਗਠੜੀਆਂ ਆ ਰਹੀਆਂ ਹਨ। ਉਹਨਾਂ ਨੂੰ ਭੰਡਾਰ ਵਾਲੇ ਕਮਰੇ ਵਿਚ ਰਖਵਾ ਕੇ ਓਥੋਂ ਦੀ ਚਰਬੀ ਤਾਈ ਦੇ ਸਪੁਰਦ ਕਰਨ ਦਾ ਕੰਮ ਵਨ ਕੰਨਿਆ ਨੂੰ ਮਿਲਿਆ ਹੈ। ਤਾਈ ਨੇ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਸੱਦਾ ਘੱਲਿਆ ਹੈ। ਆਪਣੀ ਸੌਂਕਣ ਦੇ ਘਰ ਵੀ ਉਹਨਾਂ ਨੇ ਸੱਦਾ ਘੱਲਿਆ ਹੈ; ਪਰ ਰਾਜਾ ਸਾਹਿਬ ਨੇ ਇਹ ਅਖਵਾ ਕੇ ਨਹੀਂ ਮੰਨਿਆ ਕਿ ਉਹ ਹੁਣ ਮਾਇਆ ਮੋਹ ਤਿਆਗ ਚੁਕੇ ਹਨ, ਕਿਸੇ ਦੁਨਿਆਵੀ ਕੰਮ ਵਿਚ ਭਾਗ ਨਹੀਂ ਲੈ ਸਕਦੇ। ਤਾਈ ਰਾਧਾ ਜੀ ਦਾ ਕੰਨਿਆਦਾਨ ਦੇਣਾ ਚਾਹੁੰਦੀ ਹੈ, ਇਹ ਉਹਦੀ

ਬੜੀ ਵੱਡੀ ਘਾਲਣਾ ਹੈ। ਜੇਕਰ ਉਹਦੀ ਜੀਉਂਦੀ ਹੁੰਦੀ — ਤਾਂ ਰਾਜਾ ਸਾਹਿਬ ਦੇ ਨਾਲ ਉਹਨਾਂ ਡੇ ਕੰਨਿਆਦਾਨ ਦਿਤਾ ਹੁੰਦਾ। ਪਰ ਲੜਕੀ ਨਾ ਸਹੀ ਰਾਧਾ ਜੀ ਹੀ ਲੜਕੀ ਬਰਾਬਰ ਹੈ। ਜਗ-ਮੋਹਣੀ ਮਹਾਂਮਾਇਆ ਦਾ ਕੰਨਿਆਦਾਨ ਕਰਨ ਨਾਲੋਂ ਵੱਡਾ ਪੁੰਨ ਹੋਰ ਕੀ ਹੋ ਸਕਦਾ ਹੈ ? ਪਰ ਰਾਜਾ ਸਾਹਿਬ ਨੇ ਤਾਈ ਦੀ ਮੰਗ ਠੁਕਰਾ ਦਿਤੀ। ਪਤੀ ਬਿਨਾਂ ਪਤਨੀ ਕੰਨਿਆਦਾਨ ਕਿੰਜ ਕਰ ਸਕੇਗੀ। ਇਹ ਬੇਵਸੀ ਤਾਈ ਨੂੰ ਸਤਾਉਣ ਲੱਗੀ — "ਨਾ ਆਏ ਨਿੱਜ ਹੋਇਆ, ਮੇਰੇ ਕਿਸੇ ਕੰਮ ਕਾਜ ਵਿਚ ਭਲਾ ਕਿੱਦਾਂ ਆਏਗਾ। ਮੇਰੇ ਭਾਗਾਂ ਕਰਕੇ ਈ ਅਜ ਕਰੋੜਾਂਪਤੀ ਬਣਿਆ ਹੈ ਤੇ ਰੰਡੀ ਨਪੁੱਤੀ ਸੌਂਕਣ ਦੇ ਆਖੇ ਲਗ ਕੇ ਮੈਨੂੰ ਇਸ ਤਰ੍ਹਾਂ ਸਤਾਉਂਦਾ ਏ ! ਮੇਰੇ ਵਰਗੀ ਸਤੀ ਦੇ ਸਰਾਪ ਨਾਲ —" ਤਾਈ ਕੋਈ ਵੱਡਾ ਸਰਾਪ ਦੇਂਦਿਆਂ ਦੇਂਦਿਆਂ ਪਤਾ ਨਹੀਂ ਮਨ ਦੀ ਕਿਹੜੀ ਗੰਢ 'ਚ ਬੱਝ ਗਈ। ਉਹਦੀਆਂ ਅੱਖਾਂ 'ਚੋ ਕ੍ਰੋਧ ਦੀ ਜਵਾਲਾ ਦੀ ਥਾਂ ਪੀੜ ਵਗ ਤੁਰੀ; ਤਾਈ ਅੱਖਾਂ ਪੂੰਝਦੀ ਹੋਈ ਹੋਰਨਾਂ ਕੰਮਾਂ ਵਿਚ ਰੁੱਝ ਗਈ।

ਰਾਜਾ ਸਾਹਿਬ ਇਹਨੀ ਦਿਨੀਂ ਆਪਣੀ ਇਕ ਸੰਗਮਰਮਰ ਦੀ ਮੂਰਤੀ ਬਣਾ ਰਹੇ ਹਨ। ਸੰਗਮਰਮਰ ਖਰੀਦ ਕੇ ਰਖਿਆ ਹੈ, ਬਗੀਚੇ ਦੇ ਐਨ ਵਿਚਕਾਰੇ ਬਣਿਆ ਫੱਵਾਰਾ ਤੁੜਵਾ ਕੇ ਇਕ ਉੱਚਾ ਅਤੇ ਬਹੁਤ ਵੱਡਾ ਥੜਾ ਬਣਵਾ ਰਹੇ ਹਨ ਜਿਹਦਿਆਂ ਚੌਹਾਂ ਕੋਨਿਆਂ ਉੱਤੇ ਸੰਗਮਰਮਰ ਦੀਆਂ ਬੁਰਜੀਆਂ ਬਣਨਗੀਆਂ। ਰਾਜਾ ਸਾਹਿਬ ਦੀ ਇੱਛਾ ਹੈ ਕਿ ਇਸ ਥੜੇ ਤੇ ਹੀ ਉਹਨਾਂ ਦਾ ਅੰਤਮ ਸੰਸਕਾਰ ਹੋਏ। ਉਸ ਪਿਛੋਂ ਉਸ ਥਾਂ ਤੇ ਬਹੁਤ ਵੱਡਾ ਮੰਡਪ ਬਣੇਗਾ ਜੀਹਦੇ ਵਿਚ ਰਾਜਾ ਸਾਹਿਬ ਦੀ ਮੂਰਤੀ ਲਾਈ ਜਾਏਗੀ। ਮੰਡਪ ਦਾ ਨਕਸ਼ਾ ਬਣ ਚੁਕਿਆ ਹੈ, ਰਾਜਾ ਸਾਹਿਬ ਦੀ ਵਸੀਅਤ ਵਿਚ ਉਹਦਾ ਖਰਚਾ ਵੀ ਜੁੜ ਚੁਕਿਆ ਹੈ। ਮਰਨ ਪਿਛੋਂ ਵੀ ਰਾਜਾ ਸਾਹਿਬ ਦੀ ਮਹਿਮਾ ਫੈਲੀ ਰਹੇ ਇਹ ਉਹਨਾਂ ਦੀ ਦਿਲੀ ਇੱਛਿਆ ਹੈ। ਮਰਨ ਪਿਛੋਂ ਵੀ ਉਹਨਾਂ ਦੀ ਦੇਹ ਉੱਥੇ ਨ ਸਾੜੀ ਜਾਏ ਜਿਥੇ ਆਮ-ਖਾਸ ਦੀ ਦੇਹ — ਸਸਕਾਰੀ ਜਾਂਦੀ ਹੈ, ਏਸੇ ਵਾਸਤੇ ਉਹਨਾਂ ਨੇ ਆਪਣੇ ਅੰਤਮ ਸੰਸਕਾਰ ਲਈ ਆਪਣੇ ਬਾਗ ਨੂੰ ਚੁਣਿਆ ਹੈ ਅਤੇ ਮਾਇਆ ਮੋਹ ਛੱਡ ਕੇ ਉਹ ਆਪਣੇ ਮਰਨ ਪਿਛਲੀ ਸ਼ਾਨ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਹਨ।

ਤਿਲਕ ਦੀ ਰਸਮ ਵਾਲੇ ਦਿਨ ਬੜੀ ਭੀੜ-ਭਾੜ ਹੋਈ। ਲਾਲਾ ਮੁਕੰਦੀ ਲਾਲ ਦੇ ਮਕਾਨ ਕੋਲ ਟਿਲੇ ਤੇ ਇਕੱਠ ਦਾ ਪ੍ਰਬੰਧ ਹੋਇਆ। ਤਾਈ ਦੀ ਰੀਝ ਸੀ ਕਿ ਜਿੱਦਾਂ ਉਹਦੀ ਸੌਂਕਣ ਦੇ ਪੋਤਰੇ ਦੇ ਟਿਕੇ ਤੇ ਬੜੀ ਸੱਜ ਧਜ ਵਾਲਾ ਇਕੱਠ ਹੋਇਆ ਸੀ ਓਸੇ ਵਰਗਾ ਸਗੋਂ ਉਹਦੇ ਨਾਲੋਂ ਵੀ ਵਧੇਰੀ ਸ਼ਾਨ ਵਾਲਾ ਇਕੱਠ ਉਹਦੇ ਘਰ ਹੋਏ। ਸੱਜਨ ਦੀ ਨਿਗਰਾਨੀ ਹੇਠ ਬਹੁਤ ਹੀ ਸੁੰਦਰ ਮੰਡਪ ਸਜਾਇਆ ਗਿਆ ਸੀ। ਟਿਲੇ ਦੇ ਚੌਹੀਂ ਪਾਸੀਂ ਤਾੜ ਦੀ ਚਟਾਈ ਦੀ ਵਲਗਣ ਅਤੇ ਦੱਖਣੀ ਮੰਦਰਾਂ ਦੇ ਗੋਪੁਰਮ ਵਾਲੇ ਤਿੰਨ

ਫਾਟਕ ਬਣਾਏ ਗਏ। ਅੰਦਰ ਭਗਵਾਨ ਦਾ ਮੰਡਪ ਕੀ ਬਣਿਆ ਸੀ, ਇੰਜ ਜਾਪਦਾ ਸੀ ਜਿਵੇਂ ਸਾਰੇ ਦਾ ਸਾਰਾ ਬ੍ਰਜਲੋਕ ਚੁੱਕ ਕੇ ਏਥੇ ਲਿਆਂਦਾ ਗਿਆ ਹੈ। ਇਕ ਪਾਸੇ ਵਰਿੰਦਾਵਣ ਦੇ ਘਾਟਾਂ ਅਤੇ ਮੰਦਰਾਂ ਦਾ ਮਾਡਲ, ਉਹਦੇ ਕੋਲ ਹੀ ਪ੍ਰਾਚੀਨ ਮਥਰਾ ਦਾ ਮਾਡਲ ਸੀ। ਦੂਸਰੀ ਬਾਹੀ ਗੋਕਲ, ਨੰਦਗਾਂਵ ਅਤੇ ਬਰਸਾਨਾ ਬਣਾਇਆ ਗਿਆ ਸੀ। ਇਹਦੇ ਪਿਛਵਾੜੇ ਗੋਵਰਧਨ ਪਰਬਤ, ਜੀਹਦੇ ਉੱਤੇ ਕਿਤੇ ਮਾਨਸੀ ਗੰਗਾ, ਕਿਤੇ ਰਾਧਾ ਕੁੰਡ, ਕ੍ਰਿਸ਼ਨ ਕੁੰਡ, ਕਿਤੇ ਕੁਸੁਮ ਸਰੋਵਰ ਆਦਿ ਬਣੇ ਸਨ। ਵਿਚਕਾਹੇ, ਗੋਵਰਧਨ ਦੇ ਉੱਤੇ, ਬੜਾ ਸੁੰਦਰ ਮੰਡਪ ਬਣਾ ਕੇ ਉਹਦੇ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਰਖੇ ਗਏ ਸਨ। ਸੱਜਨ ਦੇ ਇਸ ਵਿਆਹ ਲਈ ਅਚਾਰੀਆ ਸ੍ਰੀਧਰ ਮਹਾਪਾਤਰ ਨੇ ਰਾਧਾ ਅਤੇ ਕ੍ਰਿਸ਼ਨ ਦੀਆਂ ਸੋਨੇ ਦੀਆਂ ਮੂਰਤੀਆਂ ਲਿਆਂਦੀਆਂ ਸਨ। ਕ੍ਰਿਸ਼ਨ ਜੀ ਏਥੇ ਬਿਰਜਮਾਨ ਸਨ, ਰਾਧਾ ਤਾਈ ਦੇ ਘਰ ਵਿਚ ਸੀ। ਬਿਜਲੀ ਦੇ ਨੱਚਦੇ ਹੋਏ ਮੋਰ, ਹਿਰਨ, ਬਾਂਦਰ, ਮੈਦਾਨਾਂ ਵਿਚ ਚਰਦੇ ਹੋਏ ਗਾਵਾਂ ਦੇ ਝੁੰਡ, ਮਥਰਾ ਵਰਿੰਦਾਵਣ ਆਦਿ ਨੇੜਿਉਂ ਦੀ ਵਗਦੀ ਹੋਈ ਜਮਨਾ, ਪਹਾੜੀ ਤੋਂ ਵਗਦੇ ਹੋਏ ਝਰਨੇ ਬੜੇ ਹੀ ਸੁੰਦਰ ਲੱਗ ਰਹੇ ਸਨ।

ਨਜ਼ਾਰਾ ਵੇਖਣ ਲਈ ਹਜ਼ਾਰਾਂ ਲੋਕਾਂ ਦੀ ਭੀੜ ਟੁੱਟ ਪਈ। ਤਿਲਕ ਸਮਾਰੋਹ ਤੋਂ ਪਿਛੋਂ ਇਸ ਮੰਡਪ ਵਿਚ ਅਖੰਡ ਕੀਰਤਨ ਸ਼ੁਰੂ ਹੋਇਆ। ਸ਼ਹਿਰ ਦੀਆਂ ਸਾਰੀਆਂ ਕੀਰਤਨ ਮੰਡਲੀਆਂ ਜੁਟੀਆਂ ਹੋਈਆਂ ਸਨ। ਭੀੜ ਏਨੀ ਵਧ ਗਈ ਕਿ ਮੰਡਪ ਅਤੇ ਚਾਰਦੀਵਾਰੀ ਦੀ ਰਾਖੀ ਕਰਨ ਲਈ ਪੁਲਸ ਬੁਲਾਉਣੀ ਪਈ।

ਬਾਬਾ ਜੀ ਸੰਬੰਧੀ ਬਣ ਕੇ ਬੈਠੇ ਹੋਏ ਸਨ, ਉਹਨਾਂ ਨਾਲ ਘਾਟ ਤੇ ਰਹਿਣ ਵਾਲੇ ਪਾਂਡੇ, ਗੋਮਤੀ ਕੰਢੇ ਬੈਠਣ ਵਾਲੇ ਅਨੇਕਾਂ ਅੰਨ੍ਹੇ ਲੂਲੇ, ਫਕੀਰ, ਵਰਾਗੀ, ਸੰਨਿਆਸੀ, ਮਗਨ ਮਨਾਂ ਨਾਲ ਬੈਠੇ ਪਾਨ ਚੱਬਦੇ ਹੋਏ ਆਪਣੇ ਆਪ ਨੂੰ ਇਕ ਦਿਨ ਦੇ ਰਾਜੇ ਬਰਾਬਰ ਸਮਝ ਰਹੇ ਸਨ। ਸਭਨਾਂ ਦੇ ਮੱਥਿਆਂ ਉੱਤੇ ਕੇਸਰੀ ਚੰਨਣ ਲੱਗਾ ਹੋਇਆ ਸੀ, ਗਲ ਵਿਚ ਫੁੱਲਾਂ ਦੀਆਂ ਮਾਲਾਂ ਪਈਆਂ ਹੋਈਆਂ ਸਨ। ਤਾਈ ਦੇ ਘਰੋਂ ਟਿਕੇ ਦਾ ਸਾਮਾਨ ਆਇਆ — ਤੀਹ ਥਾਲ ਮਠਿਆਈ ਦੇ, ਦਸ ਥਾਲ ਮੇਵਿਆਂ ਦੇ, ਦਸ ਥਾਲ ਫਲਾਂ ਦੇ, ਵਰ ਲਈ ਜੜਾਊਹਾਰ ਅਤੇ ਮੁੰਦਰੀ, ਕਪੜੇ ਅਤੇ ਇਕ ਹਜ਼ਾਰ ਯਾਰਾਂ ਰੁਪਏ ਨਕਦ। ਭਗਵਾਨ ਦਾ ਟਿੱਕਾ ਚੜ੍ਹਿਆ।

ਫਿਰ ਤਾਂ ਵਿਆਹ ਦੀ ਗਹਿਮਾ ਗਹਿਮੀ ਤੇਜ਼ੀ ਨਾਲ ਵਧਣ ਲੱਗੀ। ਲੜਕੀ ਦੇ ਘਰੋਂ ਮੌਲੀ ਵਿਚ ਬੱਝਾ 'ਲਗਨ' ਆਇਆ। ਪਾਨ, ਮਠਿਆਈ, ਫਲ, ਨਕਦ ਰੁਪਿਆ ਆਇਆ। ਫਿਰ ਲੜਕੇ ਲੜਕੀ ਦਾ ਹਲਦਾਤ ਹੋਇਆ, ਤੇਲ ਚੜ੍ਹਿਆ। ਬਰਾਤ ਵਾਲੇ ਦਿਨ ਤਾਂ ਏਨੀ ਭੀੜ ਹੋਈ ਕਿ ਦੂਰ ਦੂਰ ਤਕ ਗਲੀਆਂ ਭਰ ਗਈਆਂ। ਤਾਈ ਦੀ ਹਵੇਲੀ ਵਿਚ ਜਾਣ ਲਈ ਵੀ ਥਾਂ ਨਹੀਂ ਸੀ ਮਿਲਦੀ। ਸ਼ਹਿਨਾਈ, ਪੁਲਸ ਬੈਂਡ,

ਮਿਲਟਰੀ ਬੈਂਡ ਹਾਹਾਕਾਰ ਬੈਂਡ, ਝਾਕੀਆਂ ਨਾਲ ਸੱਜੇ ਹੋਏ ਤਖ਼ਤ, ਕਿਸੇ ਉੱਤੇ ਗੰਗਾ ਜੀ, ਕਿਸੇ ਉੱਤੇ ਜਸ਼ੋਦਾ ਦੇ ਬੂਹੇ ਤੇ ਕ੍ਰਿਸ਼ਨ ਭਗਵਾਨ ਦੇ ਦਰਸ਼ਨਾਂ ਲਈ ਖਲੋਤੇ ਸ਼ਿਵਜੀ, ਕਿਸੇ ਉੱਤੇ ਮੱਖਣ ਚੋਰੀ ਵਾਲੀ ਲੀਲਾ। ਝਾਕੀਆਂ ਬਹੁਤ ਹੀ ਸੁੰਦਰ ਸਜਾਈਆਂ ਗਈਆਂ ਸਨ। ਇਹਨਾਂ ਦੀ ਸਜਾਵਟ ਲਈ ਮਥਰਾ ਤੋਂ ਇਕ ਕਾਰੀਗਰ ਆਇਆ ਸੀ। ਹੰਸ-ਜਹਾਜ਼ ਦੀ ਸ਼ਕਲ ਵਿਚ ਸੱਜੀ ਹੋਈ ਬਿਜਲੀਆਂ ਨਾਲ ਜਗਮਗ ਕਰਦੀ ਮੋਟਰ ਤੇ ਸ੍ਰੀ ਕ੍ਰਿਸ਼ਨ ਦੀ ਸਵਾਰੀ ਨਿਕਲੀ। ਲੋਕਾਂ ਨੇ ਥਾਂ ਥਾਂ ਆਰਤੀਆਂ ਉਤਾਰੀਆਂ ਅਤੇ ਤਾਈ ਦੀ ਸੋਭਾ ਗਾਈ। ਬਰਾਤ ਦੇ ਗਲੀਆਂ ਵਿਚ ਆਉਣ ਤੇ ਭਗਵਾਨ ਮੋਟਰ 'ਚੋਂ ਉੱਤਰ ਕੇ ਗੰਗਾ-ਜਮਨੀ ਭੜਕੀਲੇ ਆਸਣ ਤੇ ਬਰਾਜੇ। ਅਨੇਕਾਂ ਘਰਾਂ 'ਚੋਂ ਭਗਵਾਨ ਦੇ ਉੱਤੇ ਫੁੱਲਾਂ ਦੀ ਬਰਖਾ ਕੀਤੀ ਗਈ। ਵਰ੍ਹਿਆਂ ਤੋਂ ਇਹੋ ਜਿਹੀ ਬਰਾਤ ਨਹੀਂ ਸੀ ਵੇਖੀ ਗਈ।

ਤਾਈ ਦੇ ਘਰ ਏਨਾ ਰੌਲਾ ਰੱਪਾ ਸੀ ਕਿ ਕਿਸੇ ਦੀ ਗੱਲ ਨਹੀਂ ਸੀ ਸੁਣੀ ਜਾਂਦੀ। ਜ਼ਨਾਨੀਆਂ ਏਧਰੋਂ ਓਧਰ ਸਮਾਨ ਲੈ ਕੇ ਨੱਸ ਭਜ ਰਹੀਆਂ ਸਨ, ਤੀਵੀਂਆਂ ਵਿਚ ਗੋਕੁਲਦੁਆਰੇ ਦੇ ਦਾੜੀ ਵਾਲੇ ਹਜ਼ੂਰੀਆ ਜੀ ਵੀ ਮਟਕਦੇ ਹੋਏ ਵਾਰ ਵਾਰ ਦਿੱਸ ਰਹੇ ਸਨ। ਕੰਨਿਆ, ਤਾਰਾ, ਛੋਟੀ ਵੀ ਰੁੱਝੀਆਂ ਦਿਸਦੀਆਂ ਸਨ ਅਤੇ ਤਾਈ ਤਾਂ ਜਿਵੇਂ ਬਿਜਲੀ ਬਣੀ ਹੋਈ ਸੀ। ਉਹਦੀ ਸੁੱਕੀ ਦੇਹ ਵਿਚ ਪਤਾ ਨਹੀਂ ਏਨੀ ਤਾਕਤ ਕਿਥੋਂ ਆ ਗਈ ਹੈ ਕਿ ਵੱਡੀਆਂ ਵਡੀਆਂ ਪਰਾਤਾਂ ਚੁੱਕ ਕੇ ਦੌੜ ਪੈਂਦੀ ਹੈ। ਤਾਈ ਪੂਜਾ ਘਰ ਦੇ ਵਧਾਅ ਤੋਂ ਰੱਖੀਆਂ ਹੋਈਆਂ ਦੋ ਟੋਕਰੀਆਂ ਲਾਹੁਣ ਗਈ ਸੀ। ਦੂਜੇ ਵਧਾਅ ਤੋਂ ਬਿੱਲੀ ਨੇ ਛਾਲ ਮਾਰੀ। ਤਾਈ ਤ੍ਰਭਕ ਕੇ ਬੋਲੀ — "ਮੋਇਆ, ਤੂੰ ਏਥੇ ਕਦੋਂ ਤੋਂ ਬੰਦ ਸੈਂ ?"

ਤਾਈ ਦਾ ਕਿਸ਼ਨ ਚੰਦ ਪਤਾ ਨਹੀਂ ਪੂਜਾ ਵਾਲੇ ਕਮਰੇ ਵਿਚ ਕਦੋਂ ਡਕਿਆ ਗਿਆ ਸੀ। ਤਾਈ ਦੇ ਪੈਰਾਂ ਵਿਚ ਸਿਰ ਰਗੜ ਕੇ ਮਧਮ ਖੁਸ਼ਾਮਦੀ ਮਿਆਉਂ ਕਰਦਾ ਹੋਇਆ ਤਾਈ ਦਾ ਮੁਤਬੰਨਾ ਪੁੱਤਰ ਕਿਸ਼ਨ ਉਹਦੀ ਸਾਰੀ ਹੜਬੜਾਹਟ ਅਤੇ ਗੁੱਸੇ ਨੂੰ ਕਾਬੂ ਕਰਨ ਲੱਗਾ। ਉਹਦਾ ਇਕ ਪੈਰ ਪੁੱਟਣਾ ਵੀ ਉਹਨੇ ਮਾਰੂ ਬਣਾ ਦਿਤਾ। ਜਿਧਰ ਜਾਂਦੀ ਸੀ ਓਧਰ ਤਾਈ ਦੇ ਪੈਰੀਂ ਅੜਦਾ। ਟੋਕਰੀ ਕੱਢ ਕੇ ਤਾਈ ਬਾਹਰ ਆਈ ਕਿਸ਼ਨ ਉਹਦੇ ਨਾਲ ਮਿਆਊਂ ਮਿਆਊਂ ਕਰਦਾ ਆਇਆ। ਸਾਹਮਣੇ ਹਜ਼ੂਰੀਆ ਜੀ ਦਿਸੇ। ਤਾਈ ਨੇ ਓਹਨੂੰ ਕਿਹਾ — "ਹਜ਼ੂਰੀਆ ਜੀ, ਕਿਸੇ ਤੋਂ ਭੋਰਾ ਕੁ ਦੁੱਧ ਤੇ ਮੰਗ ਲਿਆਓ। ਏਹ ਕਿਸ਼ਨਾ ਮੇਰਾ ਪਿਛਾ ਨਹੀਂ ਛੱਡਦਾ, ਰੰਡੀ ਦਾ! ਕੰਮ ਕਾਰ ਦਾ ਵੇਲਾ ਸਤਿਆਨਾਸ ਕਰਾਉਣਾ ਕਿਤੋਂ ਦਾ! ਵੇ ਟੁੱਟ ਪੈਣਿਆ, ਅਜੇ ਲਿਆਂਦਾ ਨਹੀਂ।"

ਤਦੇ ਕੀਰਤਨੀਆ ਜੀ ਤਾਈ ਦੀ ਦਿਤੀ ਹੋਈ ਚਿੱਟੀ ਧੋਤੀ ਅਤੇ ਪਟਕਾ

ਪਾਈ ਕਿਤਿਉਂ ਉਸ ਪਾਸੇ ਆਏ। ਆਪਣੀਆਂ ਵੱਡੀਆਂ ਵੱਡੀਆਂ ਸੁਆਦ ਭਰੀਆਂ ਅੱਖਾਂ ਨਾਲ ਤਾਈ ਅਤੇ ਬਿੱਲੀ ਦੇ ਬਚਿਆਂ ਨੂੰ ਵੇਂਹਦਿਆਂ ਹੋਇਆ ਕਿਹਾ – "ਤਾਈ, ਤੇਰਾ ਕਿਸ਼ਨ ਕਨ੍ਹਈਆ ਸੱਚਾ ਏ। ਵੱਡੇ ਭਾਗ ਨੇ ਕਿ ਅਜ ਜਸ਼ੋਦਾ ਅਤੇ ਭਗਵਾਨ ਦੇ ਨਾਲ ਨਾਲ ਦਰਸ਼ਨ ਕੀਤੇ।" ਭਗਤੀ ਦੇ ਜੋਸ਼ ਵਿਚ ਕੀਰਤਨੀਆ ਜੀ ਤਾਈ ਦੇ ਚਰਨਾਂ ਵਿਚ ਵਿਛ ਗਏ। ਤਾਈ ਆਪਣੀ ਧੁਨ ਵਿਚ ਲੀਨ ਸੀ। ਅਚਾਨਕ ਕੀਰਤਨੀਏ ਜੀ ਨੂੰ ਇਸ ਤਰ੍ਹਾਂ ਲੰਮੇ ਪੈ ਕੇ ਪ੍ਰਣਾਮ ਕਰਨ ਤੋਂ ਉਹ ਤ੍ਰਭਕ ਪਈ — "ਆ ਮਰ ਮੋਇਆ, ਕਿਹੜਾ ਏ......ਕੀਰਤਨੀਆ ਜੀ ! ਤੈਨੂੰ ਵੀ ਅੱਗ ਲਗਣਾ ਭਗਤੀ ਭਾਵ ਏਸੇ ਵੇਲੇ ਸੁੱਝਿਆ ਸੀ ? ਕੁੜੀ ਦਾ ਵਿਆਹ ਏ, ਸੌ ਝੰਜਟ ਨੇ ਮੋਏ ! ਹਟ ਏਥੋਂ ! ਲੈ, ਇਹਨੂੰ ਲੈ ਕੇ ਬੈਠਾ ਰਹੁ। ਹਜ਼ੂਰੀਆ ਦੁੱਧ ਲੈ ਕੇ ਆਉਂਦਾ ਏ, ਪਿਆ ਦਈਂ।"

ਵਿਆਹ ਵਾਲੀ ਚਾਨਣੀ ਹੇਠ ਮੁਹੱਲੇ ਦੇ ਅਤੇ ਹੋਰ ਮਾਨਯੋਗ ਸੱਜਣ ਬੈਠੇ ਸਨ — ਪੰਡਤ ਸ਼ਿਵਨਾਥ ਸ਼ਾਸਤਰੀ, ਲਾਲਾ ਮੁਕੰਦੀਮਲ, ਬਾਓ ਗੁਲਾਬ ਚੰਦ, ਲਾਲਾ ਦਲਾਲ, ਭਭੂਤੀ ਸੁਨਿਆਰਾ, ਵਰਮਾ, ਰਾਧੇ ਸ਼ਿਆਮ, ਲਾਲਾ ਜਾਨਕੀ ਸਰਨ, ਮਹੀਪਾਲ, ਕਰਨਲ, ਸੇਠ ਰੂਪ ਰਤਨ, ਤਾਈ ਦੀ ਸੌਂਕਣ ਦੇ ਵੱਡੇ ਲੜਕੇ ਗਿਰਧਰ ਦਾਸ ਆਦਿ। ਗਿਰਧਰ ਦਾਸ ਵਾਰ ਵਾਰ ਬਾਬਾ ਰਾਮ ਜੀ ਨੂੰ ਵੇਖ ਰਿਹਾ ਸੀ। ਉਹਨੇ ਸੁਣਿਆ ਸੀ ਕਿ ਸਾਧ ਨੇ ਦਾਜ ਵਜੋਂ ਤਾਈ ਤੋਂ ਵੀਹ ਹਜ਼ਾਰ ਰੁਪਏ ਲਏ ਨੇ। ਇਸ ਲਈ ਉਹਨੂੰ ਸਾਧ ਤੋਂ ਨਫ਼ਰਤ ਹੋ ਰਹੀ ਸੀ। ਕੋਲ ਬੈਠੇ ਜਾਨਕੀ ਸਰਨ ਨੇ ਪੁੱਛਿਆ — "ਇਹ ਬਾਬਾ ਕੌਣ ਏ ?"

"ਪਾਗਲਾਂ–ਸਾਗਲਾਂ ਦਾ ਇਲਾਜ ਕਰਦਾ ਹੈ।"

"ਇਹ ਵੀਹ ਹਜ਼ਾਰ ਰੁਪਇਆਂ ਦਾ ਕੀ ਕਰੇਗਾ ?"

ਲਾਲਾ ਜਾਨਕੀ ਸਰਨ ਹੱਸ ਕੇ ਬੋਲਿਆ — "ਬੁੱਢੇ ਵਾਰੇ ਬਾਬਾ ਜੀ ਦੀ ਕਿਸਮਤ ਖੁਲ੍ਹੀ ਹੈ, ਹੁਣੇ ਲੰਗੋਟੀ ਲਾਹ ਕੇ ਰੇਸ਼ਮੀ ਗੇਰੂਆ ਪਾਉਣਗੇ, ਮਠ ਬਣਾਉਣਗੇ, ਮਜ਼ੇ ਨਾਲ ਮਾਲ੍ਹ-ਪੂੜੇ ਚੱਬਣਗੇ — ਕਿਉਂ ? ਤੈਨੂੰ ਸਗੋਂ ਬੁਰੀ ਲੱਗੀ ਏ ਗੱਲ ?"

ਲਾਲਾ ਗਿਰਧਰ ਦਾਸ ਝੱਕ ਗਿਆ। ਕੁਝ ਚਿਰ ਚੁੱਪ ਰਹਿ ਕੇ ਬੋਲਿਆ — "ਬਾਊਜੀ ਨੂੰ ਕਿੰਨੀ ਵਾਰ ਆਖਿਆ ਏ ਕਿ ਵੱਡੀ ਮਾਂ ਦਾ ਖਰਚ ਘਟ ਕਰ ਦਿਉ। ਤੀਹ ਰੁਪਇਆਂ ਤੋਂ ਵਧ ਉਹਨਾਂ ਨੂੰ ਲੋੜ ਨਹੀਂ —"

"ਲੈ, ਇਹਦੇ ਨਾਲੋਂ ਵਧ ਤਾਂ ਏਥੋਂ ਕਿਰਾਏ 'ਚੋਂ ਈ ਨਿਕਲ ਆਉਂਦਾ ਏ।" ਲਾਲਾ ਜਾਨਕੀ ਸਰਨ ਨੇ ਕਿਹਾ।

"ਬਾਊ ਜੀ ਸੁਣਦੇ ਈ ਨਹੀਂ, ਮੈਂ ਕੀ ਕਰਾਂ ? ਹੁਣ ਵੇਖੋ ਨਾ, ਪਾਣੀ ਵਾਂਗ ਸਾਡਾ ਪੈਸਾ ਰੋੜ੍ਹਿਆ ਜਾ ਰਿਹਾ ਏ। ਬੰਦਾ ਜੋੜੇ ਪਲੀ ਪਲੀ, ਮਹਿਮਾਨ ਲੁਟਾਏ ਕੁੱਪਾ ! ਤੇ ਇਹ ਸੱਜਨ ਦੀ ਕਾਰਸਤਾਨੀ ਏ। ਪਤਾ ਨਹੀਂ, ਵਡੀ ਮਾਂ ਨੂੰ ਕਿੱਦਾਂ ਉਹਨੇ ਆਪਣੇ

ਵੱਸ ਵਿਚ ਕਰ ਲਿਆ ਏ।" ਲਾਲਾ ਗਿਰਧਰਦਾਸ ਨੇ ਠੰਡਾ ਸਾਹ ਲੈ ਕੇ ਸਾਰੇ ਰੌਣਕ ਵਾਲੇ ਇਕੱਠ ਤੇ ਇਕ ਖਾਲੀ ਨਜ਼ਰ ਸੁੱਟੀ।

ਜਾਨਕੀ ਸਰਨ ਨੇ ਕਿਹਾ — "ਜਦੋਂ ਮੁਹੱਲੇ ਵਾਲਿਆਂ ਨੇ ਇਹਦੀ ਕੋਠੜੀ ਤੇ ਧਾਵਾ ਬੋਲਿਆ ਓਦੋਂ ਕਿਤੇ ਤਾਈ ਦੀ ਸ਼ਕਲ ਵੇਖਦਿਉ! ਬਲਦੀ ਲੱਕੜ ਲੈ ਕੇ ਸਭਨਾਂ ਤੇ ਪਈ ਸੀ। ਸਭਨਾਂ ਤੇ ਜਾਦੂ ਟੂਣਾ ਵੀ ਸੁਟਿਆ ਸੀ।...... ਇਹ ਸੱਜਨ ਭਰਾਵਾ, ਤੁਹਾਡੀ ਕੋਠੀ ਤਾਈ ਤੋਂ ਖੋਹ ਲਏਗਾ।"

"ਹੂੰ, ਇਹਦੀ ਕੀ ਹਸਤੀ ਏ। ਤੇ ਹੁਣ ਇਹਦੇ ਕੋਲ ਹੈਗਾ ਈ ਕੀ ਏ, ਵਧ ਤੋਂ ਵਧ ਛੇ ਸੱਤ ਲੱਖ ਦਾ ਬੰਦਾ ਹੋਏਗਾ। ਜਿਮੀਂਦਾਰੀ ਖੁਸ ਗਈ, ਬਿਜ਼ਨਸ ਇਹ ਕਰ ਨਹੀਂ ਸਕਦਾ, ਆਰਟਿਸਟ ਆਦਮੀ ਏ। ਤਿੰਨ ਸਾਢੇ ਤਿੰਨ ਲੱਖ ਦੀ ਜਾਇਦਾਦ ਏ, ਓਸੇ ਦਾ ਕਿਰਾਇਆ ਖਾਂਦਾ ਏ। ਇਹਦੇ ਬਿਨਾਂ ਕੁਝ ਨਕਦ, ਕੁਝ ਜਵਾਹਰਾਤ, ਕੁਝ ਕਿਉਰਿਉ ਦਾ ਸਮਾਨ। ਹਵੇਲੀ ਤੇ ਨਜ਼ਰ ਰਖੇਗਾ ਤਾਂ ਵੀਹਾਂ ਮੁਕਦਮਿਆਂ ਵਿਚ ਫਸਾ ਦਿਆਂਗਾ। ਦਸਾਂ ਵਰ੍ਹਿਆਂ ਪਿਛੋਂ ਭਾਈ ਸਾਹਿਬ, ਫੁਟਪਾਥ ਤੇ ਆਪਣਾ ਕਿਉਰਿਉ ਦਾ ਸਾਮਾਨ ਵੇਚਦਾ ਦਿਸੇਗਾ।" ਗਿਰਧਰ ਦਾਸ ਦੀਆਂ ਅੱਖਾਂ ਤਣੀਆਂ ਗਈਆਂ।

ਜਾਨਕੀ ਸਰਨ ਬੋਲਿਆ — "ਨਹੀਂ ਭਰਾਵਾ, ਇਹ ਨੌਬਤ ਈ ਨਹੀਂ ਆਉਣੀ। ਉਂਜ ਬੜਾ ਚੰਟ ਆ ਇਹ ਮੁੰਡਾ। ਅਜ ਕਲ੍ਹ ਨੇਤਾ ਬਣ ਰਿਹਾ ਏ, ਚੌਂਹ ਦਿਨਾਂ ਵਿਚ ਪਾਵਰਫੁੱਲ ਬਣ ਜਾਏਗਾ। ਤੁਹਾਡੀ ਹਵੇਲੀ ਤੇ ਇਹਦੀ ਨੀਯਤ ਬੁਰੀ ਨਹੀਂ ਹੋ ਸਕਦੀ।"

"ਲਓ ਹੋਰ ਕੀ ਬੁਰੀ ਹੋਏਗੀ? ਉਹਦੀ ਪਤਨੀ ਨੇ ਏਥੇ ਸਕੂਲ ਖੋਲ੍ਹਿਆ ਹੋਇਆ ਏ। ਤੁਹਾਡੀ ਸਭਨਾਂ ਦੀ ਬੇਇਜ਼ਤੀ ਕਰਵਾ ਕੇ ਉਹਨੇ ਏਥੇ ਨੁਮਾਇਸ਼ ਵੀ ਲਾਈ। ਹੁਣ ਇਸ ਬਾਬੇ ਦਾ ਜਾਲ ਵਿਛਿਆ। ਵੇਖ ਲਿਉ, ਇਹਨੇ ਮੀਆਂ ਮਿੱਠੂ ਬਣ ਕੇ ਏਥੇ ਈ ਬੈਠਿਆਂ ਬੈਠਿਆਂ ਜੀਹਦੀ ਇਜ਼ਤ ਚਾਰੀ ਮਿੱਟੀ 'ਚ ਮਿਲਾ ਦਏਗਾ।"

ਮਹੀਪਾਲ ਅਤੇ ਕਰਨਲ ਕੁਝ ਕੁ ਪਰ੍ਹੇ ਬੈਠੇ ਗੱਲਾਂ ਵਿਚ ਮਸਤ ਸਨ। ਮਹੀਪਾਲ ਨੇ ਰੂਪ ਰਤਨ ਤੋਂ ਛੋਟੀ ਮੋਟਰ ਖ੍ਰੀਦ ਲਈ ਸੀ। ਅੱਜ ਪਹਿਲੀ ਵਾਰ ਉਹ ਆਪਣੀ ਹੀ ਗੱਡੀ ਵਿਚ ਏਥੇ ਆਇਆ ਸੀ। ਮਹੀਪਾਲ ਏਸੇ ਬਾਰੇ ਚਰਚਾ ਕਰ ਰਹੇ ਸਨ। ਸੱਜਨ ਕੰਮ ਕਾਰ ਵਿਚ ਫਸਿਆ ਏਧਰ ਉਧਰ ਨੱਸ ਭੱਜ ਰਿਹਾ ਸੀ।

ਧੀ ਦੇ ਤੁਰਨ ਦੀ ਘੜੀ ਆਈ। ਗੰਢ ਜੋੜ ਨਾਲ ਵਹੁਟੀ ਲਾੜਾ ਵਿਦਾ ਹੋਣਗੇ। ਜ਼ਨਾਨੀਆਂ ਗੀਤ ਗਾਉਣ ਲੱਗੀਆਂ। ਭਾਰੀ ਧੂੰਮ ਧਾਮ ਵਾਲੇ ਵਿਆਹ ਦੀ ਸਭ ਤੋਂ ਰੁਝੇਵੇਂ ਵਾਲੀ ਘੜੀ ਤਾਈ ਲਈ ਪੱਥਰ ਸਮਾਨ ਸੀ। ਰਾਧਾ ਜੀ ਦੀ ਮੂਰਤੀ ਚੁੱਕ ਕੇ ਉਹਨੇ ਆਪਣੇ ਹੱਥਾਂ 'ਚ ਲੈ ਲਈ। ਧੀ ਜੁ ਤੁਰ ਰਹੀ ਸੀ ਨਿੱਕੀ ਜਿਹੀ। ਤਾਈ ਦੀ ਧੀ ਜਿਹੜੀ ਇਸ ਵੇਲੇ ਉਹਦੀ ਯਾਦ ਮੱਲੀ ਬੈਠੀ ਹੈ — ਨਿੱਕੀ ਜਿਹੀ ਹੀ

ਸੀ। ਤਾਈ ਦੀ ਧੀ ਰਾਧਾ ਧੀ — ਧੀ ਵਿਦਾ ਹੋ ਰਹੀ ਹੈ — ਤਾਈ ਨੇ ਧੀ ਨੂੰ ਕਲੇਜੇ ਨਾਲ ਲਾ ਲਿਆ। ਉਹਨੂੰ ਗਸ਼ ਪੈ ਗਈ। ਰੌਲਾ ਪੈ ਗਿਆ, ਪਾਣੀ ਪੱਖੇ ਦਾ ਪ੍ਰਬੰਧ ਹੋਇਆ। ਬਾਬਾ ਜੀ, ਸੱਜਨ, ਕੰਨਿਆ ਤਾਈ ਦੀ ਸੇਵਾ ਕਰਨ ਲੱਗੇ! ਤਾਈ ਹੋਸ਼ ਵਿਚ ਆਈ, ਚੌਹੀਂ ਪਾਸੀਂ ਵੇਖ, ਸੁੱਕੀਆਂ ਹੱਡੀਆਂ ਦੀ ਤਾਕਤ ਇਕ ਵਾਰ ਫਿਰ ਇਕੱਠੀ ਕਰ ਕੇ ਉੱਠ ਪਈ। ਫਿਰ ਵਿਦਾਈ ਚਹਿਲ ਪਹਿਲ ਸ਼ੁਰੂ ਹੋਈ। ਬਾਹਰ ਖਾਸ ਕਰ ਕੇ ਏਸੇ ਮੌਕੇ ਲਈ ਬਣਵਾਏ ਗਏ ਰਥ ਤੇ ਵਹੁਟੀ-ਲਾੜੇ ਦਾ ਸਿਘਾਸਨ ਰਖਿਆ ਗਿਆ। ਸੰਖ, ਘੰਟੇ, ਘੜਿਆਲ ਵੱਜੇ, ਰਾਧਾ ਕ੍ਰਿਸ਼ਨ ਦੀ ਜੈ ਨਾਲ ਗਲੀ ਗੂੰਜ ਉੱਠੀ। ਵਿਦਾ ਹੁੰਦੀ ਹੋਈ ਭੈਣ ਤੋਂ ਤਾਈ ਨੇ ਭਰਾਵਾਂ ਨੂੰ ਟਿੱਕੇ ਲਵਾਏ। ਸਭ ਤੋਂ ਪਹਿਲਾਂ ਤਾਈ ਨੇ ਪੰਡਤ ਕੋਲੋਂ ਸੱਜਨ ਨੂੰ ਟਿੱਕਾ ਲਵਾਇਆ, ਫਿਰ ਆਪਣੇ ਕੁਲ ਸੰਬੰਧੀਆਂ ਨੂੰ ਰਥ ਤੁਰਿਆ। ਤੀਂਵੀਆਂ ਦੇ ਗੀਤ ਬੋਲੇ ਜਾਂਦੇ ਰਹੇ। ਤਾਈ ਵਿਦਾ ਹੁੰਦੇ ਹੋਏ ਰਥ ਨੂੰ ਇਕ ਨਜ਼ਰੇ ਵੇਂਹਦੀ ਰਹੀ, ਅੱਖਾਂ 'ਚ ਅੱਥਰੂ ਛਲਕੇ. ਫਿਰ ਫੁੱਟ ਪਈ। ਉਹਨੂੰ ਫਿਰ ਦੁਬਾਰਾ ਗਸ਼ ਪੈ ਗਈ।

ਗਲੀਆਂ ਵਿਚ ਚਿੱਟੇ ਘੋੜੇ ਨਾਲ ਜੁਤੇ ਹੋਏ ਸੁੰਦਰ ਸੱਜੇ ਰਥ ਵਿਚ ਵਹੁਟੀ-ਲਾੜੇ ਦੀ ਸਵਾਰੀ ਜਨਤਾ ਵਿਚ ਬੇਅੰਤ ਉਤਸ਼ਾਹ, ਹੈਰਾਨੀ ਅਤੇ ਸ਼ਰਧਾ ਦੀਆਂ ਲਹਿਰਾਂ ਉਠਾ ਰਹੀ ਸੀ।

... ...

ਤਾਈ ਦੇ ਘਰ ਵਿਆਹ ਦੀ ਚਹਿਲ ਪਹਿਲ ਬੀਤੀ ਕਹਾਣੀ ਬਣ ਗਈ। ਬਾਬਾ ਜੀ ਨੂੰ ਤਾਈ ਕੋਲੋਂ ਲੱਗਭੱਗ ਵੀਹ ਪੰਝੀ ਹਜ਼ਾਰ ਦਾ ਸਾਮਾਨ ਮਿਲਿਆ ਸੀ ਜੋ ਕਰਨਲ ਕੋਲ ਜਮਾਂ ਕੀਤਾ ਗਿਆ ਸੀ। ਇਕ ਦਿਨ ਤਾਈ ਦੀ ਹਵੇਲੀ ਵਿਚ ਬੈਠ ਕੇ ਬਾਬਾ ਰਾਮ ਜੀ, ਸੱਜਨ, ਕਰਨਲ ਅਤੇ ਕੰਨਿਆ ਏਸੇ ਰੁਪਏ ਦੀ ਵਰਤੋਂ ਕਰਨ ਲਈ ਵਿਚਾਰ ਵਟਾਂਦਰਾ ਕਰ ਰਹੇ ਸਨ। ਵਿਆਹ ਤੋਂ ਪਹਿਲਾ ਇਹ ਫੈਸਲਾ ਹੋਇਆ ਸੀ ਕਿ ਤਾਈ ਤੋਂ ਜਿਹੜੀ ਰਕਮ ਮਿਲੇਗੀ ਉਹਦੇ ਨਾਲ ਬਾਬਾ ਜੀ ਦੇ ਪਾਗਲਖਾਨੇ ਨੂੰ ਪੱਕੀਆਂ ਇਮਾਰਤਾਂ ਬਣਾ ਦਿੱਤੀਆਂ ਜਾਣਗੀਆਂ ਅਤੇ ਜਿਹੜੀਆਂ ਔਰਤਾਂ ਭੈੜੇ ਧੰਦੇ ਤੋਂ ਬਚਾਈਆਂ ਗਈਆਂ ਹਨ ਉਹਨਾਂ ਦੀ ਸੁਚੱਜੇ ਢੰਗ ਨਾਲ ਰਖਿਆ ਦਾ ਪ੍ਰਬੰਧ ਕੀਤਾ ਜਾਏਗਾ। ਪਰ ਬਾਬਾ ਜੀ ਦਾ ਵਿਚਾਰ ਬਦਲ ਗਿਆ ਸੀ। ਉਹਨਾਂ ਕਿਹਾ — "ਹੁਣ ਅਸੀਂ ਸ਼ਹਿਰ ਵਿਚ ਨਹੀਂ ਰਹਿਣਾ ਚਾਹੁੰਦੇ ਰਾਮ ਜੀ, ਸਾਡਾ ਵਿਚਾਰ ਹੈ ਪਿੰਡਾਂ ਵਿਚ ਜਾ ਕੇ ਦੀਨ ਦੁਖੀਆਂ ਦੀ ਸੇਵਾ ਕਰੀਏ। ਸਾਨੂੰ ਕਿਸੇ ਇਹੋ ਜਿਹੇ ਪਿੰਡ ਵਿਚ ਥਾਂ ਚਾਹੀਦੀ ਏ ਜਿੱਥੇ ਸਵਾਰੀ ਆਦਿ ਦਾ ਬਿਲਕੁਲ ਪ੍ਰਬੰਧ ਨਾ ਹੋਣ ਕਰ ਕੇ ਕਿਸੇ

ਤਰ੍ਹਾਂ ਦੀ ਸਹਾਇਤਾ ਨਹੀਂ ਪਹੁੰਚ ਸਕਦੀ। ਅਸੀਂ ਓਥੇ ਰੋਗੀਆਂ, ਪਾਗਲਾਂ ਦੀ ਸੇਵਾ ਵੀ ਕਰਾਂਗੇ ਤੇ ਇਕ ਇਹੋ ਜਿਹਾ ਸਕੂਲ ਵੀ ਖੋਹਲਾਂਗੇ ਜਿੱਥੇ ਪਿੰਡਾਂ ਦੀਆਂ ਲੜਕੀਆਂ ਨੂੰ ਪੂਰੀ ਸਿਖਿਆ ਮਿਲ ਸਕੇ।"

ਸੱਜਨ ਨੇ ਕਿਹਾ — "ਤਾਂ ਏਥੋਂ ਦੀ ਸਾਰੀ ਸਕੀਮ ਤੁਸੀਂ ਫੇਲ੍ਹ ਕਰ ਰਹੇ ਓ ?"

"ਅਸੀਂ ਕਿਉਂ ਫੇਲ੍ਹ ਜਾਂ ਪਾਸ ਕਰਾਂਗੇ, ਰਾਮ ਜੀ, ਏਥੇ ਧਨ ਦੀ ਕਮੀ ਨਹੀਂ। ਤੁਸੀਂ ਆਪ ਵੀ ਬਿਨਾਂ ਕਿਸੇ ਤੋਂ ਮੰਗਿਆਂ ਏਥੋਂ ਦਾ ਕਾਰੋਬਾਰ ਚਲਾ ਸਕਦੇ ਹੋ।"

ਸੱਜਨ ਇਕ ਪਲ ਗੰਭੀਰ ਹੋਇਆ, ਫਿਰ ਕਿਹਾ — "ਪੈਸੇ ਦੇ ਮੋਹ ਤੋਂ ਮੈਂ ਬਿਨਾਂ ਸ਼ੱਕ ਅੱਕ ਚੁਕਿਆ ਹਾਂ, ਬਾਬਾ ਜੀ, ਫਿਰ ਵੀ ਅਚਾਨਕ ਸਾਰੀ ਜਾਇਦਾਦ ਦਾਨ ਕਰਨ ਲਾਇਕ ਤਾਕਤ ਅਜੇ ਮੇਰੇ 'ਚ ਨਹੀਂ ਆ ਸਕੀ।"

"ਤੁਸੀਂ ਕਿੰਨੀ ਕੁ ਰਕਮ ਪ੍ਰਸੰਨਤਾ ਪੂਰਵਕ ਦਾਨ ਕਰ ਸਕਦੇ ਓ ?"

"ਤਿੰਨ ਲੱਖ।" ਕਰਨਲ ਅਤੇ ਕੰਨਿਆ ਸੱਜਣ ਦੇ ਮੂੰਹ ਵੱਲ ਵੇਖਣ ਲੱਗੇ।

ਬਾਬਾ ਜੀ ਨੇ ਕਿਹਾ — "ਬਹੁਤ ਆ ! ਏਨੇ ਧਨ ਨਾਲ ਜੇਕਰ ਤੁਸੀਂ ਲੋਕ ਉੱਚਿਤ ਪ੍ਰਬੰਧ ਕਰੋ ਤਾਂ ਬਹੁਤ ਵੱਡਾ ਪ੍ਰਬੰਧ ਕੀਤਾ ਜਾ ਸਕਦਾ ਹੈ।"

"ਪਰ ਕਰੀਏ ਕੀ ? ਦੀਨ ਦੁਖੀਆਂ ਨੂੰ ਬੈਠਾ ਕੇ ਖਵਾਉਣ ਲਈ ਤਿੰਨ ਲੱਖ ਰੁਪਿਆ..."

"ਬੈਠਾ ਕੇ ਖੁਆਉਣਾ ਸਾਡੇ ਸਿਧਾਂਤ ਦੇ ਵਿਰੁੱਧ ਏ, ਰਾਮ ਜੀ। ਡਿਊਟੀ ਕਰਨ ਤੇ ਢਿੱਡ ਭਰ ਕੇ ਭੋਜਨ ਪਾਉਣ, ਇਹਦੇ ਲਈ ਧੰਦਾ ਕਰੋ।"

"ਇਹੋ ਜਿਹਾ ਧੰਦਾ ਬੜਾ ਔਖਾ ਏ ਬਾਬਾ ਜੀ, ਖਿਮਾਂ ਕਰਨਾ!" ਕਰਨਲ ਨੇ ਅਦਬ ਨਾਲ ਟੋਕਿਆ।

"ਬੇਟਾ, ਸ਼ੁਰੂ ਵਿਚ ਕੋਈ ਕੰਮ ਸਰਲ ਨਹੀਂ ਹੁੰਦਾ। ਅਭਿਆਸ ਕਰਦਿਆਂ ਕਰਦਿਆਂ ਈ ਹਰ ਇਕ ਕਾਰਜ ਸਰਲ ਹੋ ਜਾਂਦਾ ਏ।"

"ਉਹ ਤੇ ਠੀਕ ਏ ਬਾਬਾ ਜੀ, ਪਰ ਹੁਣ ਜ਼ਮਾਨੇ ਦਾ ਹਾਲ ਵੀ ਤੇ ਵੇਖੋ, ਆਸ਼ਰਮਾਂ ਵਾਸ਼ਰਮਾਂ ਵਿਚ ਹੁਣ ਕਿਸੇ ਦਾ ਵਿਸ਼ਵਾਸ ਨਹੀਂ ਰਿਹਾ। ਲੋਕ ਚਾਹੁੰਦੇ ਨੇ ਕਿ ਉਹ ਵੱਧ ਤੋਂ ਵੱਧ ਪੈਸਾ ਤੇ ਸੁਖ ਕਿਸੇ ਤਰ੍ਹਾਂ ਹਾਸਲ ਕਰਨ।" ਕਰਨਲ ਨੇ ਉੱਤਰ ਦਿਤਾ।

"ਫਿਰ ਨਿਕੰਮੇ ਨੂੰ ਤਾਂ ਪੈਸਾ ਨਹੀਂ ਮਿਲ ਸਕਦਾ, ਰਾਮ ਜੀ। ਜਿਹੜਾ ਕੰਮ ਕਰੇਗਾ ਉਹੋ ਪੈਸਾ ਕਮਾਏਗਾ। ਤੁਸੀਂ ਵੀ ਇਹੋ ਜਿਹਾ ਆਸ਼ਰਮ ਖੋਹਲੋ। ਇਸ ਸ਼ਬਦ ਨਾਲ ਲੋਕਾਂ ਨੂੰ ਚਿੜ੍ਹ ਹੋਏ ਤਾਂ ਕੋਪਰੇਟਿਵ, ਸਹਿਕਾਰੀ ਸੰਘ, ਕੰਪਨੀ ਜਿਹੜਾ ਚਾਹੋ ਨਾਂ ਦਿਉ। ਸਾਨੂੰ ਨਾਂ ਨਾਲ ਨਹੀਂ ਕੰਮ ਨਾਲ ਮਤਲਬ ਏ। ਵੇਖੋ ਏਸ ਕੁੜੀ ਨੇ ਹੌਲੀ ਹੌਲੀ ਮੁਹੱਲੇ ਦੀ ਇਹ ਪਾਠਸ਼ਾਲਾ ਚਲਾ ਈ ਲਈ ਏ। ਤੁਸੀਂ ਵੱਧ ਤੋਂ ਵੱਧ ਐਸੀਆਂ ਪਾਠਸ਼ਾਲਾਂ ਖੋਹਲ ਲਓ। ਲੜਕੀਆਂ-ਔਰਤਾਂ ਨੂੰ ਦਸਾਂ ਹੁਨਰਾਂ ਵਾਲੇ ਕੰਮ ਸਿਖਾਓ ਤੇ ਉਹਨਾਂ ਦੇ

ਕੰਮ ਨੂੰ ਬਾਜ਼ਾਰ ਵਿਚ ਵੇਚੋ। ਅਸੀਂ ਤਾਂ ਪਿੰਡਾਂ ਵਿਚ ਵੀ ਇਹੋ ਕੰਮ ਕਰਾਂਗੇ, ਰਾਮ ਜੀ। ਨਿਰਧਨ ਪਬਲਿਕ ਨੂੰ ਧਨ ਮਿਲਣਾ ਚਾਹੀਦਾ ਏ। ਸ਼ਹਿਰ ਤੇ ਪਿੰਡ ਦੋਵੇਂ ਈ ਇਸ ਪੱਖੋਂ ਭੁੱਖੇ ਨੇ। ਇਹਨਾਂ ਦੋਵਾਂ ਨੂੰ ਈ ਆਰਥਕ ਪੱਧਰ ਤੇ ਹੌਲੀ ਹੌਲੀ ਲਿਆਓ।"

"ਪਰ ਅਜੇ ਤੇ ਇਹ ਅਣਹੋਣੀ ਗੱਲ ਲਗਦੀ ਏ।" ਕੰਨਿਆ ਨੇ ਕਿਹਾ।

"ਸ਼ਹਿਰ ਦੀਆਂ ਖਿੱਚਾਂ ਬਹੁਤ ਨੇ, ਜ਼ਰੂਰਤਾਂ ਬਹੁਤੀਆਂ ਨੇ, ਏਥੇ ਪੈਸਾ ਵੀ ਬਹੁਤ ਚਾਹੀਦਾ ਏ।"

"ਜ਼ਰੂਰਤਾਂ ਤੇ ਏਨੀਆਂ ਬਹੁਤੀਆਂ ਨਹੀਂ ਜਿੰਨੀਆਂ ਖਿੱਚਾਂ ਬਹੁਤੀਆਂ ਨੇ ਬੇਟੀ। ਖ਼ੈਰ, ਅਸੀਂ ਇਸ ਗੱਲ ਤੇ ਬਹਿਸ ਨਹੀਂ ਕਰਦੇ। ਅਸੀਂ ਤੇ ਆਪ ਈ ਪਿੰਡ ਲਈ ਵੀਹ ਪੰਝੀ ਹਜ਼ਾਰ ਰੁਪਿਆ ਤੇ ਸ਼ਹਿਰ ਲਈ ਤਿੰਨ ਲੱਖ ਰੁਪਿਆ ਦੇ ਕੇ ਜਾ ਰਹੇ ਆਂ। ਏਸ ਤਿੰਨ ਲੱਖ ਨਾਲ ਜ ਤੁਸੀਂ ਘਰੇਲੂ ਦਸਤਕਾਰੀ ਵਧਾ ਕੇ ਸ਼ਹਿਰ ਦੇ ਆਦਮੀਆਂ ਨੂੰ ਮਹਾਜਨਾਂ ਦੀ ਫਾਂਸੀ ਅਤੇ ਬੇਈਮਾਨੀਆਂ ਤੋਂ ਬਚਾ ਸਕੋ, ਤੇ ਔਰਤਾਂ ਨੂੰ ਆਪਣੀਆਂ ਪੈਸੇ ਧੇਲੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਹਿਲਾ ਆਸ਼ਰਮ ਵਰਗੀਆਂ ਸੰਸਥਾਵਾਂ ਤੋਂ ਬਚਾਉਣ ਦੇ ਨਾਲ ਨਾਲ ਉਹਨਾਂ ਦੀ ਨੈਤਿਕ ਪੱਧਰ ਵੀ ਉੱਚੀ ਕਰ ਸਕੋ ਤਾਂ ਬਹੁਤ ਵੱਡਾ ਕੰਮ ਹੋ ਜਾਏਗਾ ਰਾਮ ਜੀ। ਤੇ ਇਕ ਆਖ਼ਰੀ ਗੱਲ ਤੇ ਬੇਨਤੀ ਕਰਦਾ ਆਂ, ਇਹ ਕਦੇ ਨਾ ਭੁੱਲਣਾ ਕਿ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਏ। ਇਕ ਵਾਰ ਇਕੱਠਿਆਂ ਹੋ ਕੇ ਤੁਸੀਂ ਜਿੱਦਾਂ ਦੀ ਹਵਾ ਵਗਾਉਗੇ ਉਦਾਂ ਦਾ ਸਮਾਜ ਤੇ ਪ੍ਰਭਾਵ ਪਏਗਾ।"

ਇਕੱਲਿਆਂ ਹੋ ਕੇ ਬਾਬਾ ਰਾਮ ਜੀ ਨੇ ਸੱਜਨ ਨੂੰ ਕਿਹਾ — "ਤੁਹਾਡੇ ਕੋਲ ਇਕ ਪ੍ਰਾਰਥਨਾ ਏ ਰਾਮ ਜੀ।"

"ਆਗਿਆ ਬਾਬਾ ਜੀ, ਤੁਸੀਂ ਮੇਰੇ ਗੁਰੂ ਓ।"

"ਤਾਂ ਦਖਸ਼ਣਾਂ ਮੰਗਾਂ ?"

ਸੱਜਨ ਝਿਜਕਿਆ। ਬਾਬਾ ਜੀ ਪਿਆਰ ਨਾਲ ਉਹਦੇ ਸਿਰ ਤੇ ਹੱਥ ਫੇਰ ਕੇ ਮੁਸਕ੍ਰਾਏ, ਕਿਹਾ— "ਏਸੇ ਲਈ ਪ੍ਰਾਰਥਨਾ ਕਰਦਾ ਆਂ।...ਪੂਰਣ ਬ੍ਰਹਮਚਰਜ ਜੇਕਰ ਨਾ ਵੀ ਪਾਲ ਸਕੋ ਤਾਂ ਵੀ ਬਹੁਤ ਜ਼ਿਆਦਾ ਸੰਕੋਚ ਨਾਲ ਕੰਮ ਲੈਣਾ। ਮਨੁੱਖ ਦਾ ਵੀਰਜ ਦਿਮਾਗ਼ ਦੀ ਭੱਠੀ ਦਾ ਬਾਲਣ ਏ, ਇਹ ਨਾ ਭੁੱਲਣਾ। ਜੇ ਕਿਸੇ ਕੰਮ ਵਿਚ ਲਗਨ ਲਾਈ ਜੇ ਤਾਂ ਉਹਨੂੰ ਪੂਰਾ ਕਰਨ ਲਈ ਆਪਣੀਆਂ ਸ਼ਕਤੀਆਂ ਵੀ ਜੁਟਾਓ।"

ਸੱਜਨ ਸਿਰ ਨਿਵਾ ਕੇ ਬੋਲਿਆ — "ਯਤਨ ਕਰਾਂਗਾ।"

"ਰਾਮ ਜੀ, ਖ਼ਰਾ ਸਮਾਜਵਾਦੀ ਓਹੋ ਆ ਜਿਹੜਾ ਦੂਸਰਿਆਂ ਲਈ ਜੀਏ ਤੇ ਜੀਣ ਦਏ।"

"ਯਕੀਨੀ ਤੌਰ ਤੇ ਮੈਂ ਸਮੇਂ ਦੇ ਨਾਲ ਚੱਲਾਂਗਾ। ਤੁਸਾਂ ਮੇਰੀ ਚੰਗੇ ਰਾਹੇ ਤੁਰਨ ਵਿਚ ਲਗਨ ਲਾਈ ਏ।" ਆਖ ਕੇ ਸੱਜਨ ਨੇ ਬਾਬਾ ਜੀ ਦੇ ਚਰਨਾਂ ਵਿਚ ਸ਼ਰਧਾ ਭਰਿਆ ਪ੍ਰਣਾਮ ਕੀਤਾ।

48

ਸੱਜਨ ਹੌਲੀ ਹੌਲੀ ਰੁੱਝਦਾ ਗਿਆ। ਉਹਨੇ ਆਪਣੇ ਤਿੰਨ ਲੱਖ ਰੁਪਏ ਦਾ ਟ੍ਰਸਟ ਬਣਾ ਦਿਤਾ। ਟ੍ਰਸਟ ਦੀ ਰਜਿਸਟਰੀ ਵੀ ਹੋ ਗਈ। ਕਰਨਲ, ਵਨ ਕੰਨਿਆ, ਚੀਫ਼ ਕੋਰਟ ਦੇ ਇਕ ਰੀਟਾਇਰਡ ਜੱਜ, ਇਕ ਉੱਚਾ ਸਰਕਾਰੀ ਅਫ਼ਸਰ ਅਤੇ ਉਹ ਆਪ ਟ੍ਰਸਟ ਦੇ ਮੈਂਬਰ ਬਣ। ਯੋਜਨਾ ਵਿਚ ਸਭ ਤੋਂ ਪਹਿਲਾਂ ਸੱਜਨ ਨੇ ਇਕ ਸਹਿਕਾਰੀ ਬੈਂਕ ਦੀ ਸਥਾਪਨਾ ਕੀਤੀ। ਉਹਦੀ ਇਹ ਪੱਕੀ ਧਾਰਨਾ ਸੀ ਕਿ ਸ਼ਹਿਰ ਦੇ ਹਰ ਇਕ ਵਾਰਡ ਦਾ ਇਕ ਆਪਣਾ ਬੈਂਕ ਹੋਣਾ ਚਾਹੀਦਾ ਏ ਜਿਸ ਵਿਚ ਉਥੋਂ ਦੀ ਹੀ ਪੂੰਜੀ ਲੱਗੇ ਅਤੇ ਉਹਦੇ ਨਾਲ ਉਸ ਇਲਾਕੇ ਦੇ ਆਮ ਹਿਤਾਂ ਲਈ ਉਦਯੋਗ-ਧੰਦੇ ਖੋਹਲੇ ਜਾਣ। ਸੱਜਨ ਦਾ ਮੁਨੀਮ ਅਤੇ ਇਕ ਰਿਟਾਇਰਡ ਬੈਂਕ ਮੈਨੇਜਰ ਉਹਦੀ ਯੋਜਨਾ ਨੂੰ ਤੋਰਨ ਲਈ ਰੱਖੇ ਗਏ।

ਜਿਸ ਦਿਨ ਇਸ ਬੈਂਕ ਦੀ ਸਥਾਪਨਾ ਲਈ ਸੱਜਨ ਨੇ ਵਾਰਡ ਦੇ ਧਨੀ ਲੋਕਾਂ, ਮੁਖੀ ਡਾਕਟਰਾਂ, ਵਕੀਲਾਂ, ਅਧਿਆਪਕਾਂ ਅਤੇ ਸਮਾਜਕ ਕਾਮਿਆਂ ਦੀ ਸਭਾ ਬੁਲਾਈ ਸੀ ਉਸੇ ਦਿਨ ਤੋਂ ਲਾਲਾ ਜਾਨਕੀ ਸਰਨ ਸਜਨ ਦਾ ਖੁੱਲ੍ਹੇ ਆਮ ਵਿਰੋਧੀ ਹੋ ਗਿਆ ਸੀ। ਹੋਰ ਕਈ ਮਹਾਜਨ ਵੀ ਇਹਦਾ ਵਿਰੋਧ ਕਰ ਰਹੇ ਸਨ। ਇਹ ਸਹਿਕਾਰੀ ਬੈਂਕ ਮੱਧ ਵਰਗ ਨੂੰ ਕਰਜ਼ੇ ਤੋਂ ਛੁਡਾਉਣ ਦਾ ਨਾਅਰਾ ਲਾ ਕੇ ਅਗਾਂਹ ਵਧਣਾ ਚਾਹੁੰਦਾ ਸੀ। ਅੱਜ ਦਾ ਸ਼ਹਿਰੀ ਮੱਧ ਵਰਗ ਲੱਗਭੱਗ 85 ਫ਼ੀ ਸਦੀ ਸ਼ਾਹੂਕਾਰਾਂ ਦੇ ਹੇਠਾਂ ਲੱਗਾ ਹੋਇਆ ਹੈ। ਵਿਆਹ ਸ਼ਾਦੀ, ਜਨੇਊ, ਮੁੰਡਨ, ਰੋਗ ਸਭ ਨੇ ਤਾਂ ਜੀਵਨ ਨੂੰ ਘੇਰਿਆ ਹੋਇਆ ਹੈ, ਸਭ ਲਈ ਪੈਸਾ ਲੋੜੀਦਾ ਹੈ। ਥੋੜੀ ਆਮਦਨੀ ਵਾਲੇ ਮੱਧ ਵਰਗ ਨੂੰ ਪੈਸੇ ਲਈ ਮਹਾਜਨ ਚਾਹੀਦੇ ਹਨ ਅਤੇ ਮਹਾਜਨਾਂ ਨੂੰ ਜ਼ਾਮਨੀ ਲਈ ਸੋਨਾ ਚਾਹੀਦਾ ਹੈ। ਵਿਚਲੀ ਸ਼੍ਰੇਣੀ ਦੇ ਬਹੁਤਿਆਂ ਘਰਾਂ ਦਾ ਸੋਨਾ ਸ਼ਾਹੂਕਾਰਾਂ ਦੀਆਂ ਤਜੌਰੀਆਂ ਵਿਚ ਪਹੁੰਚ ਚੁਕਾ ਹੈ। ਜਿਹੜਾ ਉਹਨਾਂ ਦਾ ਹੋ ਕੇ ਵੀ ਕਦੇ ਬਾਹਰ ਨਹੀਂ ਨਿਕਲਦਾ। ਕਰਜ਼ੇ ਦੀ ਦਲਦਲ ਵਿਚ ਨੱਕੋ ਨੱਕ ਡੁੱਬੀ ਹੋਈ ਵਿਚਕਾਰਲੀ ਸ਼੍ਰੇਣੀ ਆਪਣੇ ਸ਼ਾਹੂਕਾਰਾਂ ਦੇ ਕਦੇ ਨਾ ਚੁਕਾਏ ਜਾਣ ਵਾਲੇ ਕਰਜ਼ੇ, ਕਦੇ ਨਾ ਮੁੱਕਣ ਵਾਲੇ ਝਗੜੇ ਅਤੇ ਕਦੇ ਨਾ ਖ਼ਤਮ ਹੋਣ ਵਾਲੇ ਜ਼ਿੰਦਗੀ ਦੇ ਵਿਉਪਾਰਾਂ ਤੋਂ ਅੱਕ ਕੇ ਬੇਸ਼ਰਮ, ਚਿੜਚਿੜਾ, ਸ਼ਿਕਾਇਤੀ ਅਤੇ ਨਿਕੰਮਾ

ਹੁੰਦਾ ਜਾ ਰਿਹਾ ਹੈ। ਸੱਜਨ ਨੇ ਉਹਨਾਂ ਨੂੰ ਛੁਡਾਉਣਾ ਹੈ। ਇਹ ਗੱਲ ਸ਼ਾਹੂਕਾਰਾਂ ਨੂੰ ਕਿਸੇ ਤਰ੍ਹਾਂ ਵੀ ਮਨ ਨਹੀਂ ਭਾਉਂਦੀ ਸੀ। ਵਨਕੰਨਿਆ ਨੇ ਸਭਾ ਵਿਚ ਉਹਨਾਂ ਦੀ ਮੁਖਾਲਫ਼ਤ ਤੋਂ ਜੋਸ਼ ਵਿਚ ਆ ਕੇ ਇਕ ਤਕੜੀ 'ਲਾਲ' ਸਪੀਚ ਝਾੜ ਦਿਤੀ। ਲਾਲਾ ਜਨਕੀਸਰਨ ਅਤੇ ਉਹਨਾਂ ਦੇ ਨਾਲ ਹੀ ਕਈ 'ਲੋਕ ਮਾਨਤਾ ਵਾਲੇ' ਸੂਝਵਾਨ ਉੱਠ ਕੇ ਤੁਰ ਪਏ।

ਇਸ ਸਭਾ ਨੇ ਸੱਜਨ ਦੀ ਯੋਜਨਾ ਤੇ ਯਕੀਨੀ ਤੌਰ ਤੇ ਪ੍ਰਭਾਵ ਪਾਇਆ। ਸੱਜਨ ਆਪ ਇਕ ਧਨਾਢ ਕੁੱਲ ਦਾ ਹੋਣ ਕਾਰਨ ਅਤੇ ਤਿੰਨ ਲੱਖ ਰੁਪਿਆ ਦਾਨ ਕਰਨ ਵਾਲਾ ਹੋਣ ਕਾਰਨ ਜਨ ਸਾਧਾਰਨ ਵਿਚ ਹੋਰ ਪ੍ਰਭਾਵਸ਼ਾਲੀ ਬਣ ਗਿਆ। ਪੜ੍ਹੇ ਲਿਖੇ ਵਰਗ ਅੰਦਰ ਵੀ ਛੋਟੀ ਪੂੰਜੀ ਵਾਲੇ ਇਲਾਕਾਈ ਸਹਿਕਾਰੀ ਬੈਂਕਾਂ ਦਾ ਵਿਚਾਰ ਬੜਾ ਸਲਾਹਿਆ ਗਿਆ। ਸੱਜਨ ਦਾ ਕਹਿਣ ਅਨੁਸਾਰ ਜੇਕਰ ਇਹੋ ਜਿਹੇ ਇਲਾਕੇਵਾਰ ਸਹਿਕਾਰੀ ਬੈਂਕ ਖੁੱਲ੍ਹਣ ਜਿਨ੍ਹਾਂ ਵਿਚ ਉਥੋਂ ਦੀ ਹੀ ਪੂੰਜੀ ਨਾਲ ਉਥੋਂ ਦੇ ਲੋਕਾਂ ਲਈ ਤਰ੍ਹਾਂ ਤਰ੍ਹਾਂ ਦੇ ਉਦਯੋਗ ਧੰਦੇ ਫੈਲਾਏ ਜਾਣ ਤਾਂ ਹਰ ਇਲਾਕਾ ਆਪਣੇ ਆਪ ਨੂੰ ਉੱਨਤ ਕਰ ਸਕਦਾ ਹੈ। ਇਹਨਾਂ ਛੋਟੀਆਂ ਬੈਂਕਾਂ ਨੂੰ ਆਪੋ ਵਿਚ ਸਹਿਜੋਗ ਸੰਬੰਧ ਵਿਚ ਵੀ ਬੰਨ੍ਹਿਆ ਜਾ ਸਕਦਾ ਹੈ!

ਜਿਸ ਤਰ੍ਹਾਂ ਤਜਰਬੇ ਲਈ ਏਥੇ ਸੱਜਨ ਦਾ ਪੈਸਾ ਲੱਗ ਰਿਹਾ ਹੈ ਉਸ ਤਰ੍ਹਾਂ ਜੇਕਰ ਸਰਕਾਰ ਲਾਏ, ਪ੍ਰਾਈਵੇਟ ਮਹਾਜਨਾਂ ਨੂੰ ਕਾਨੂੰਨ ਰਾਹੀਂ ਬੰਦ ਕਰ ਕੇ ਝੁੱਗੀ ਉਦਯੋਗ ਧੰਦਿਆਂ ਦੀ ਸਕੀਮ ਪਸਾਰੇ ਤਾਂ ਦੁੱਖ ਅਤੇ ਅਪਮਾਨ ਬਿਤਾਉਣ ਵਾਲੀ ਵਿਚਕਾਰਲੀ ਸ਼੍ਰੇਣੀ ਆਪਣੀ ਖੋਖਲੀ ਹੈਸੀਅਤ ਗੁਆ ਕੇ ਨਵੇਂ ਸਿਰਿਉਂ ਆਦਮੀ ਬਣ ਸਕਦੀ ਹੈ।

'ਚੌਕ ਵਾਰਡ ਸਹਿਕਾਰੀ ਬੈਂਕ' ਇਕ ਲਹਿਰ ਦੀ ਸ਼ਕਲ ਵਿਚ ਸਾਹਮਣੇ ਆਇਆ। ਹਰ ਲੋੜਵੰਦ ਨੂੰ ਬੈਂਕ ਉਧਾਰ ਦੇਂਦਾ ਸੀ। ਉਹਦੇ ਬਦਲੇ ਵਿਚ ਕੰਮ ਵੀ ਲੈਂਦੀ ਸੀ ਅਤੇ ਇਸ ਤਰ੍ਹਾਂ ਉਹ ਹਰ ਵਿਅਕਤੀ ਨੂੰ ਈਮਾਨਦਾਰੀ ਨਾਲ ਕਰਜ਼ੇ ਤੋਂ ਛੁੱਟਣ ਦਾ ਮੌਕਾ ਦਿੰਦਾ ਸੀ — ਇਹ ਸਿਧਾਂਤ ਅਨੇਕ ਲੋਕਾਂ ਨੂੰ ਚੰਗਾ ਲੱਗਾ। ਇਸ ਬੈਂਕ ਕਰ ਕੇ ਹੀ ਸੱਜਨ ਨੇ ਹੈਂਡਲੂਮਾਂ ਦਾ ਕਾਰਖਾਨਾ, ਰਬੜ ਦੇ ਖਿਡੌਣੇ ਅਤੇ ਗੁਬਾਰੇ ਬਣਾਉਣ ਦਾ ਕਾਰਖਾਨਾ, ਨਵਿਆਂ ਡੀਜ਼ਾਇਨਾਂ ਦੀ ਛਪਾਈ, ਚਿਕਨ ਦਾ ਕੰਮ ਆਦਿ ਧੰਦੇ ਵੀ ਸ਼ੁਰੂ ਕੀਤੇ, ਜਿਹਨਾਂ ਵਿਚ ਏਸ ਇਲਾਕੇ ਦੇ ਲੋਕ ਲਾਏ ਗਏ। ਔਰਤਾਂ ਤੋਂ ਵੀ ਘਰ ਬੈਠਿਆਂ ਅਤੇ ਤਾਈ ਦੀ ਹਵੇਲੀ ਵਿਚ ਬੁਲਾ ਕੇ ਕੰਮ ਕਰਾਉਣ ਦੀ ਯੋਜਨਾ ਸ਼ੁਰੂ ਹੋਈ।

ਹਰ ਵੀਰਵਾਰ ਨੂੰ, ਬਜ਼ਾਰ ਦੀ ਛੁੱਟੀ ਵਾਲੇ ਦਿਨ ਭਾਰਤ ਦੇ ਇਤਿਹਾਸ ਅਤੇ ਸੰਸਕ੍ਰਿਤੀ ਤੇ ਭਾਸ਼ਣਾਂ ਦਾ ਪ੍ਰਬੰਧ ਕੀਤਾ ਗਿਆ। ਨਾਟਕਾਂ ਰਾਹੀਂ ਸਮਾਜਕ ਮਨ-ਪ੍ਰਚਾਵੇ ਅਤੇ ਸਿੱਖਿਆ ਲਈ ਵੀ ਪ੍ਰਬੰਧ ਕੀਤਾ ਗਿਆ। ਦੋ ਮਹੀਨਿਆਂ ਵਿਚ ਸੱਜਨ ਅਤੇ ਵਨਕੰਨਿਆ ਵਾਸਤੇ ਸਾਹ ਲੈਣ ਦੀ ਵੀ ਵਿਹਲ ਨਾ ਰਹੀ। ਉਹ ਦੋਵੇਂ ਜਨਤਕ ਪੱਖੋਂ ਅਜੀਬ ਘੋਲ ਵਿਚ ਪੈ ਗਏ। ਸਮਾਜ ਵਿਚ ਉਹਨਾਂ ਦੇ ਕੰਮਾਂ ਬਾਰੇ ਹੁਣ ਕਰੀਬ ਕਰੀਬ

ਉਹੋ ਹਾਲਤ ਹੋ ਗਈ ਜਿੱਦਾਂ ਦੀ ਅੱਗ ਤੇ ਚੜ੍ਹੀ ਅਧ-ਰਿੱਝੀ ਦਾਲ ਦੀ ਹੁੰਦੀ ਹੈ।' ਉਹਨਾਂ ਬਾਰੇ ਸਮਾਜ ਵਿਚ ਅਜੇ ਇਕ ਰਸਤਾ ਨਹੀਂ ਸੀ ਆ ਸਕੀ। ਰਾਹ ਜਾਂਦਿਆਂ ਉਹਨਾਂ ਤੇ ਖਾਹਮਖ਼ਾਹ ਲੈ ਦੇ ਵੀ ਹੋ ਜਾਂਦੀ ਅਤੇ ਲੋਕਾਂ ਦੀਆਂ ਅੱਖਾਂ ਵਿਚ ਉਹਨਾਂ ਲਈ ਆਦਰ ਅਤੇ ਪਿਆਰ ਵੀ ਝਲਕਦਾ ਸੀ। ਜਜ਼ਬੇ ਨਾਲ ਜਜ਼ਬਾ ਮਿਲਦਾ ਵੇਖ ਕੇ ਸੱਜਨ ਦੇ ਮਨ ਵਿਚ ਹੁਣ ਸਭ ਨੂੰ ਆਪਣੇ ਵੱਲ ਪਿਆਰ ਰੱਖਦਿਆਂ ਵੇਖਣ ਦੀ ਚਾਹ ਉਮਡ ਪਈ ਸੀ। ਰੋਜ਼ ਦਿਹਾੜੀ ਅਨੇਕਾਂ ਲੋਕ ਉਹਦੇ ਕੋਲ ਆਪਣੀਆਂ ਮੁਸ਼ਕਲਾਂ ਲੈ ਕੇ ਆਉਂਦੇ। ਸ਼ੁਰੂ ਸ਼ੁਰੂ ਵਿਚ ਸੱਜਨ ਨੂੰ ਲੋਕਾਂ ਦੀਆਂ ਤਕਲੀਫ਼ਾਂ ਦੂਰ ਕਰਨ ਵਿਚ ਇਕ ਤਰ੍ਹਾਂ ਦੀ ਖ਼ੁਸ਼ੀ ਭਰਿਆ ਉਤਸ਼ਾਹ ਮਿਲਦਾ ਸੀ। ਉਹਨੂੰ ਲਗਦਾ ਸੀ ਕਿ ਲੋਕ ਉਹਦੇ ਅਹਿਸਾਨਮੰਦ ਹੋ ਕੇ ਉਹਨੂੰ ਮਾਣ ਦੇ ਰਹੇ ਹਨ। ਮਾਣ ਦਾ ਇਹ ਸੌਦਾ ਕਰਨ ਲਈ ਉਹ ਵੱਧ ਤੋਂ ਵੱਧ ਆਪਣੇ ਆਪ ਨੂੰ ਪਰਉਪਕਾਰੀ ਸਿੱਧ ਕਰਨ ਦਾ ਯਤਨ ਕਰਦਾ। ਇਹ ਗੱਲ ਨਹੀਂ ਕਿ ਲੋਕਾਂ ਦੀਆਂ ਤਕਲੀਫ਼ਾਂ ਨਾਲ ਉਹਦੇ ਮਨ ਵਿਚ ਪੀੜ ਨਹੀਂ ਸੀ ਉੱਠਦੀ, ਪਰ ਪੀੜ ਆਪਣਾ ਇਵਜ਼ਾਨਾ ਮੰਗਦੀ ਸੀ। ਕੰਮ ਵੱਧਣ ਦੇ ਨਾਲ ਨਾਲ ਸੱਜਨ ਦਾ ਇਹ ਬਚਕਾਨਾ ਜੋਸ਼ ਖ਼ਤਮ ਹੋਣ ਲੱਗਾ। ਇਹਦੇ ਵਾਸਤੇ ਉਹਦੇ ਮਨ ਨੂੰ ਘਟੋ ਘੱਟ ਵਿਹਲ ਮਿਲਣ ਲੱਗਾ। ਉਹ ਵੱਧ ਤੋਂ ਵੱਧ ਸਮਾਂ ਸੋਚ ਅਤੇ ਕੰਮ ਵਿਚ ਲੱਗ ਗਿਆ।

ਏਧਰ ਤਾਈ ਦੀ ਕਮਜ਼ੋਰੀ ਵੱਧ ਗਈ ਸੀ। ਮਹੀਪਾਲ ਦੇ ਘਰ ਭਾਂਜੀ ਦੇ ਵਿਆਹ ਵਾਲੇ ਦਿਨ ਵੀ ਘੜੀਆਂ ਪਲਾਂ ਤੇ ਆ ਗਈ ਸੀ। ਸੱਜਨ ਅਤੇ ਕੰਨਿਆ 'ਚੋਂ ਇਕ ਲਈ ਤਾਈ ਕੋਲ ਬੈਠੇ ਰਹਿਣਾ ਜ਼ਰੂਰੀ ਹੋ ਗਿਆ। ਮਹੀਪਾਲ ਸੱਜਨ ਦੇ ਕੰਮ ਵਿਚ ਰੁੱਝਣ ਪਿੱਛੋਂ ਉਹਦੇ ਵਲੋਂ ਉਂਝ ਵੀ ਪਰਾ ਪਰਾਂ ਰਹਿੰਦਾ ਸੀ, ਹੁਣ ਬਹਾਨਾ ਵੇਖ ਕੇ ਹੋਰ ਵੀ ਪਰ੍ਹੇ ਹੋ ਗਿਆ। ਉਹਨੂੰ ਇਹ ਸ਼ਿਕਾਇਤ ਸੀ ਕਿ ਸੱਜਨ ਕਰਨਲ ਵਾਂਗ, ਮਿੱਤ੍ਰ ਵਾਂਗ, ਉਹਦੇ ਕੰਮ ਵਿਚ ਸਹਾਇਕ ਬਣ ਕੇ ਜਦ ਆਪਣਾ ਮਿੱਤਰ ਫ਼ਰਜ਼ ਵੀ ਨਹੀਂ ਨਿਭਾ ਸਕਦਾ ਤਾਂ ਸਮਾਜ ਕਲਿਆਣ ਦਾ ਫ਼ਰਜ਼ ਕਿੰਜ ਨਿਭਾਏਗਾ? ਕਲਿਆਨੀ ਅਤੇ ਕੰਨਿਆ ਵਿਚਕਾਰ ਹੋਈ ਪੱਕੀ ਨੂੰ ਅਡਿੱਠ ਕਰ ਕੇ ਸ਼ਕੁੰਤਲਾ ਦਾ ਵਿਆਹ ਸੱਜਨ ਦੀ ਸ਼ਾਹ ਨਜਫ਼ ਵਾਲੀ ਕੋਠੀ ਵਿਚ ਕਰਨ ਦੀ ਥਾਂ ਰੂਪ ਰਤਨ ਦੀ ਕੋਠੀ ਵਿਚ ਕਰਨ ਦਾ ਪ੍ਰਬੰਧ ਕੀਤਾ। ਸੇਠ ਰੂਪ ਰਤਨ ਅਤੇ ਲਾਲਾ ਜਾਨਕੀ ਸਰਨ ਦੇ ਇਸ਼ਾਰੇ ਤੇ ਉਹਨੇ ਸੱਜਨ ਦੀਆਂ ਨਵੀਆਂ ਯੋਜਨਾਵਾਂ ਵਿਰੁੱਧ ਇਕ ਛੋਟੀ ਜਿਹੀ ਕਿਤਾਬਚੀ ਲਿਖ ਕੇ ਚੰਗਾ ਜ਼ਹਿਰ ਉਗਲਿਆ। ਉਹਨੇ ਲਿਖਿਆ ਕਿ "ਸੱਜਨ ਮੇਰੇ ਦਿਲੀ ਮਿੱਤਰ ਹਨ, ਪਰ ਜਿੱਥੇ ਮਿੱਤ੍ਰਤਾ ਅਤੇ ਆਮ ਲੋਕ ਹਿੱਤ ਵਿਚਕਾਰ ਟੱਕਰ ਹੋਏ, ਉਥੇ ਮਿੱਤ੍ਰਤਾ ਦਾ ਪੱਖਪਾਤ ਨਾ ਕਰ ਕੇ ਜਨਤਾ ਨੂੰ ਜਗਾਉਣਾ ਮੇਰਾ ਸਭ ਤੋਂ ਵੱਡਾ ਫ਼ਰਜ਼ ਹੈ। ਇਹ ਮਨੁੱਖਤਾ ਦੀ ਪੁਕਾਰ ਹੈ।' ਇਸ ਦਾਅਵੇ ਨਾਲ ਮਹੀਪਾਲ ਨੇ ਸੱਜਨ ਦੀ ਸਾਰੀ ਯੋਜਨਾ

ਨੂੰ ਨਵੀਂ 'ਸ਼ਾਹੂਕਾਰਾ' ਚਾਲ ਦੱਸ ਕੇ ਇਹ ਸਿੱਧ ਕੀਤਾ ਕਿ ਸੱਜਨ ਦਾ ਇਹ ਸਹਿਕਾਰੀ ਬੈਂਕ ਯੋਜਨਾ ਲੋਕ-ਹਿੱਤ ਦੇ ਨਾਂ ਉੱਤੇ ਜਨਤਾ ਨੂੰ ਹਮੇਸ਼ਾਂ ਵਾਸਤੇ ਆਪਣਾ ਗ਼ੁਲਾਮ ਬਣਾਉਣ ਦੀ ਚਾਲ ਹੈ। ਪੁਰਾਣੀ ਪ੍ਰੰਪਰਾ ਦਾ ਸੂਦਖ਼ੋਰ ਜਿੱਥੇ ਸਮਾਜ ਦੇ ਸਿਰਫ਼ ਕੁਝ ਵਿਅਕਤੀਆਂ ਨੂੰ ਹੀ ਨੁਕਸਾਨ ਪਹੁੰਚਾਉਂਦਾ ਹੈ ਉਥੇ ਇਹ ਸਾਰੇ ਸਮਾਜ ਨੂੰ ਹੜੱਪ ਜਾਣ ਦੀ ਸਕੀਮ ਹੈ। ਭਾਰਤੀ ਸੰਸਕ੍ਰਿਤੀ ਦੇ ਵਿਸ਼ੇ ਤੇ ਸੱਜਨ ਕੀ ਜਾਣਦਾ ਹੈ। ਉਹਨੇ ਜੋ ਕੁਝ ਸਿਖਿਆ ਹੈ ਮਹੀਪਾਲ ਤੋਂ ਸਿੱਖਿਆ ਹੈ। ਇਹੋ ਜਿਹੇ ਅਧ ਕੱਚੇ ਗਿਆਨ ਵਾਲਾ ਆਦਮੀ ਨਿਰਸੰਦੇਹ ਸੁਧਾਰਾਂ ਦੇ ਨਾਂ ਤੇ ਬਲਵਾਨ ਭਾਰਤੀ ਪ੍ਰੰਪਰਾਵਾਂ ਦਾ ਗਲ ਘੁੱਟ ਦਏਗਾ। ਸੰਸਕ੍ਰਿਤਕ ਕੰਮ ਦਾ ਨਾਟਕ ਆਦਿ ਖੇਡਣ ਦੇ ਬਹਾਨੇ ਜਨਤਾ ਨੂੰ ਵਰਗਲਾ ਕੇ, ਝੁੱਗੀ ਦਸਤਕਾਰੀਆਂ ਨਾਹੀਂ ਸਭਨਾਂ ਨੂੰ ਆਪਣੇ ਅਧੀਨ ਕਰਨ ਵਾਲੀ ਇਹ ਚਾਲ ਜੇਕਰ ਹੁਣੇ ਨਾ ਦੱਬੀ ਗਈ ਤਾਂ ਭਵਿੱਖ ਵਿਚ ਤਾਕਤ ਪ੍ਰਾਪਤ ਕਰ ਕੇ ਇਹ ਘਾਤਕ ਬਣ ਜਾਏਗੀ। ਸੱਜਨ ਦੀ ਇਹ ਯੋਜਨਾ ਉਸ ਫੱਫੇਕੁੱਟਣ ਪੂਤਨਾ ਵਾਂਗ ਹੈ ਜਿਹੜੀ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਪਿਆਰ ਦਾ ਢੌਂਗ ਕਰਦੀ ਹੋਈ ਸੁੰਦਰ ਰੂਪ ਧਾਰ ਕੇ ਸ੍ਰੀ ਕ੍ਰਿਸ਼ਨ ਨੂੰ ਪਿਆਉਣ ਆਈ ਸੀ।'

ਇਸ ਕਿਤਾਬਚੀ ਨੂੰ ਵੱਡੀ ਪੱਧਰ ਤੇ ਵੰਡਿਆ ਗਿਆ। ਲਾਲਾ ਜਾਨਕੀ ਸਰਨ ਨੇ ਆਪਣੇ ਘਰ ਲਾਗਲੇ ਟਿੱਲੇ ਤੇ ਜਿੱਥੇ ਕੁਝ ਮਹੀਨੇ ਪਹਿਲਾਂ ਤਾਈ ਦੇ ਕ੍ਰਿਸ਼ਨ ਭਗਵਾਨ ਦੀ ਝਾਕੀ ਸਜੀ ਸੀ, ਇਕ ਆਮ ਲੋਕਾਂ ਦੀ ਸਭਾ ਦਾ ਪ੍ਰਬੰਧ ਕੀਤਾ, ਜਿਸ ਵਿਚ ਹੋਰ ਭਾਸ਼ਣ ਦੇਣ ਵਾਲਿਆਂ ਤੋਂ ਬਿਨਾਂ ਮਹੀਪਾਲ ਨੇ ਵੀ ਭਾਸ਼ਣ ਕੀਤਾ।

ਸੱਜਨ ਨੂੰ ਮਹੀਪਾਲ ਦੇ ਇਸ ਵਤੀਰੇ ਤੇ ਹੈਰਾਨੀ ਤਾਂ ਭੋਰਾ ਭਰ ਵੀ ਨਾ ਹੋਈ, ਪਰ ਦੁੱਖ ਜ਼ਰੂਰ ਹੋਇਆ। ਉਹਦੇ ਆਪਣੇ ਮਨ ਵਿਚ ਵੀ ਆਪਣੇ ਆਪ ਨੂੰ ਪਰਖਣ ਦੀ ਗੱਲ ਤਿੱਖੀ ਹੋਈ। ਬੇਸ਼ਕ ਮਹੀਪਾਲ ਨੇ ਦਲੀਲਾਂ ਨੂੰ ਗ਼ਲਤ ਢੰਗ ਨਾਲ ਉਭਾਰਿਆ ਹੋਏ ਫਿਰ ਵੀ ਕਿਤੇ ਇੰਜ ਤੇ ਨਹੀਂ ਕਿ ਉਹਦੀ ਇਸ ਯੋਜਨਾ ਵਿਚ ਨਿਰੀ ਪੁਰੀ ਨਿੱਜੀ ਵਡੱਪਣ ਦੀ ਭਾਵਨਾ ਲੁਕੀ ਹੋਏ ? ਜੇਕਰ ਇੰਜ ਹੋਏਗਾ ਤਾਂ ਉਹਦੇ ਵਲੋਂ ਚੁਕਿਆ ਗਿਆ ਬੀੜਾ ਨਿਰਸੰਦੇਹ ਬਹੁਤਾ ਅਗਾਂਹ ਨਹੀਂ ਤੁਰ ਸਕੇਗਾ। ਕਿਸੇ ਵੀ ਜਨਤਕ ਕੰਮ ਵਿਚ ਬਲ ਤਾਂ ਈ ਆਉਂਦਾ ਏ ਜਦੋਂ ਉਸ ਵਿਚ ਅਨੇਕਾਂ ਹੀ ਆਸਾਂ ਦਾ ਬਰਾਬਰ ਹਿੱਸਾ ਹੋਏ। ਤੁਰਦਿਆਂ ਫਿਰਦਿਆਂ ਕੰਮ ਕਾਜ ਵਿਚ ਰੁੱਝੇ ਰਹਿੰਦਿਆਂ ਹੋਇਆਂ ਵੀ ਸਮੁਚੇ ਤੌਰ ਤੇ ਆਪਣੇ ਆਪ ਦੀ ਪੜਚੋਲ ਕਰਦਾ ਰਿਹਾ। ਸਵੈ ਅਭਿਮਾਨ ਉਹਦੇ ਵਿਚ ਚੋਖੀ ਮਾਤਰਾ ਵਿਚ ਹੈ। ਉਹ ਇਹ ਬਿਲਕੁਲ ਪਸੰਦ ਨਹੀਂ ਕਰ ਸਕਦਾ ਕਿ ਆਪਣੀ ਨਿਰਬਲਤਾ ਅਤੇ ਗ਼ਲਤ ਸੋਚਣੀ ਕਰ ਕੇ ਉਸ ਕੰਮ ਨੂੰ, ਜਿਹਨੂੰ ਉਹਨੇ ਆਪ ਸ਼ੁਰੂ ਕੀਤਾ ਹੈ, ਠੋਕਰ ਵੱਜੇ। ਹੋਰਨਾਂ ਕੋਲ ਮਹੀਪਾਲ ਵਲੋਂ ਕੀਤੀ ਜਾਂਦੀ ਨੁਕਤਾਚੀਨੀ ਤੋਂ ਉਹ ਬਹੁਤ ਤਪਿਆ। ਮਹੀਪਾਲ ਦੀ ਗੱਲ ਨੂੰ ਬੇਅਸਰ ਕਰਨ ਲਈ ਉਹਨੂੰ ਆਪਣੀਆਂ

ਨਿੱਜੀ ਇੱਛਾਵਾਂ ਤੋਂ ਉਤਾਂਹ ਉੱਠ ਕੇ ਆਪਣੇ ਕੰਮ ਦੀ ਸ਼ਕਤੀ ਵਿਖਾਉਣੀ ਪਏਗੀ।

ਸ਼ੰਕਰ ਲਾਲ, ਵਰਮਾ ਆਦਿ ਕਈ ਨੌਜਵਾਨ ਸੱਜਨ ਦੇ ਨਾਲ ਸਨ। ਉਹਦੇ ਟਿਹਨਾਂ ਕੰਮਾਂ ਸੰਬੰਧੀ ਅਨੇਕ ਵਿਅਕਤੀ ਉਹਦੇ ਕੋਲ ਆਉਣ ਜਾਣ ਲੱਗੇ ਸਨ। ਉਹਦੇ ਕੀਤੇ ਜਾ ਰਹੇ ਕੰਮ ਸਬੂਤ ਬਣ ਕੇ ਜਨਤਾ ਸਾਹਮਣੇ ਆਉਣ ਨਾਲ ਲੋਕਾਂ ਦੀ ਹਮਦਰਦੀ ਹੌਲੀ ਹੌਲੀ ਵੱਧ ਰਹੀ ਸੀ। ਲਾਲਾ ਜਾਨਕੀ ਸਰਨ, ਮਹੀਪਾਲ ਸ਼ੁਕਲ ਆਦਿ ਰਾਹੀਂ ਸੱਜਨ ਦੀ ਖੁਲ੍ਹੀ ਨਿੰਦਿਆ ਹੋਣ ਤੇ ਸੱਜਨ ਦੇ ਅਨੇਕ ਪ੍ਰਸ਼ੰਸਕਾਂ ਵਿਚ ਗ਼ੁੱਸਾ ਫੈਲ ਗਿਆ ਸੀ। ਥਾਂ ਥਾਂ ਇਸ ਗੱਲ ਬਾਰੇ ਚਰਚੇ ਹੋਣ ਲੱਗੇ ਸਨ। ਆਪਣੀ ਆਪਣੀ ਸਮਝ ਮੁਤਾਬਕ ਲੋਕ ਸੱਜਨ, ਮਹੀਪਾਲ ਅਤੇ ਜਾਨਕੀ ਸਰਨ ਆਦਿ ਦੇ ਪੱਖ ਵਿਚ ਸਨ। ਸੱਜਨ ਦੇ ਪ੍ਰਸ਼ੰਸਕ ਸੱਜਨ ਨੂੰ ਛੇਤੀ ਹੀ ਇਕ ਮੀਟਿੰਗ ਕਰ ਕੇ ਵਿਰੋਧੀ ਪਾਰਟੀ ਦਾ ਮੂੰਹ ਤੋੜ ਜਵਾਬ ਦੇਣ ਲਈ ਆਪਣੀਆਂ ਗਰਮ ਗਲਾਂ ਨਾਲ ਵਾਤਾਵਰਣ ਨੂੰ ਗਰਮਾ ਰਹੇ ਸਨ।

ਸੱਜਨ ਇਸ ਗੱਲ ਤੇ ਵਿਚਾਰ ਕਰਦਾ ਰਿਹਾ। ਉਸੇ ਦਿਨ ਉਹਨੇ ਇਕ ਮਕਾਨ ਵੇਖਣ ਜਾਣਾ ਸੀ। ਮੁਹੱਲੇ ਵਿਚ ਹੀ ਉਹ ਇਕ ਹਸਪਤਾਲ ਖੋਲ੍ਹਣ ਦੀ ਸੋਚ ਰਿਹਾ ਸੀ। ਕਿਸੇ ਨੇ ਉਹਨੂੰ ਬਨਾਰਸ ਦੇ ਇਕ ਇਹੋ ਜਿਹੇ ਹੀ ਧਰਮ ਅਰਥ ਹਸਪਤਾਲ ਦੀ ਗਲ ਸੁਣਾਈ ਸੀ। ਉਥੇ ਹੋਮਿਊਪੈਥਿਕ, ਆਯੁਰਵੈਦਕ ਅਤੇ ਐਲੋਪੈਥਕ ਵਿਭਾਗ ਹਨ, ਬੱਚੇ ਜੰਮਣ ਵਾਲੀਆਂ ਮਾਵਾਂ ਲਈ ਪ੍ਰਬੰਧ ਹੈ। ਆਲੇ ਦੁਆਲੇ ਦੀ ਜਨਤਾ ਨੂੰ ਉਸ ਹਸਪਤਾਲ ਦਾ ਬੜਾ ਸੁਖ ਹੈ। ਸੱਜਨ ਦੇ ਮਨ ਵਿਚ ਇਹ ਵਿਚਾਰ ਖੁਭ ਗਿਆ ਸੀ, ਪਰ ਥਾਂ ਦੀ ਕਮੀ ਹੋਣ ਕਰਕੇ ਉਹ ਇਸ ਕੰਮ ਨੂੰ ਅਮਲ ਵਿਚ ਨਹੀਂ ਸੀ ਲਿਆ ਸਕਿਆ। ਇਕ ਵੱਡੇ ਮਕਾਨ ਦੀ ਵਿੱਕਰੀ ਦੀ ਖ਼ਬਰ ਸੁਣ ਕੇ ਉਹ ਉਹਦਾ ਸੌਦਾ ਕਰਨ ਲਈ ਕਾਹਲਾ ਪੈ ਗਿਆ ਸੀ।

ਪੱਕਾ ਸੰਗਮਰਮਰ ਦਾ ਨਵਾਂ ਮਕਾਨ ਸੀ। ਮਾਲਕ-ਮਕਾਨ ਦੂਸਰੀ ਲੜਾਈ ਸਮੇਂ ਲੱਖ ਪਤੀ ਬਣਿਆ ਸੀ। ਉਹਨੇ ਆਪਣੀ ਸ਼ਾਨ ਵਿਖਾਉਣ ਲਈ ਆਪਣੀ ਸਾਰੀ ਕਮਾਈ ਲਾ ਦਿਤੀ। ਵਾਰਡ ਦੇ ਵੱਡੇ ਵੱਡੇ ਰਈਸਾਂ ਦੇ ਰਹਿਣ-ਸਹਿਣ ਅਤੇ ਖ਼ਰਚ ਖਾਤੇ ਨਾਲ ਮੁਕਾਬਲਾ ਕਰਨ ਲਗਾ। ਵੱਡਿਆਂ ਵੱਡਿਆਂ ਵਿਚ ਆਪਣੀ ਥਾਂ ਬਣਾਈ, ਅਸਰ ਰਸੂਖ਼ ਬਣਾਇਆ। ਇਕ ਵਾਰ ਜੀਵਨ ਦਾ ਢੰਗ ਬਦਲ ਜਾਣ ਤੇ ਫਿਰ ਰਹਿਣ ਸਹਿਣ ਦਾ ਸਟੈਂਡਰਡ ਡੇਗ ਨਾ ਸਕਿਆ। ਕਰਜ਼ੇ ਦਾ ਗੇੜ ਸ਼ੁਰੂ ਹੋਇਆ ਅਤੇ ਉਹਦਾ ਭਾਰ ਹੱਦੋਂ ਵਧ ਹੋਣ ਪਿਛੋਂ ਇਕ ਦਿਨ ਭਾਂਡਾ ਭੱਜ ਗਿਆ। ਕਰਜ਼ੇ ਦੇ ਭੁਗਤਾਣ ਲਈ, ਜੇਲ ਅਤੇ ਮੁਕੱਦਮਿਆਂ ਜਾਂ ਕਾਨੂੰਨੀ ਤੌਰ ਤੇ ਦੀਵਾਲੀਆ ਕਰਾਰ ਦਿਤ ਜਾਣ ਤੋਂ ਬਚਣ ਲਈ ਹੀ ਉਹ ਆਪਣੀ ਸਾਰੀ ਜਾਇਦਾਦ ਖੜੇ-ਖਲੋਤਿਆਂ ਅੱਧੀ-ਪੌਣੀ ਕਰਨ ਲਗਾ। ਗਹਿਣੇ, ਚਾਂਦੀ ਸੋਨੇ ਦੇ ਭਾਂਡੇ, ਮੋਟਰ, ਬੱਘੀ — ਸਭ ਟੀਪ ਟਾਪ ਕੱਢ ਕੇ ਲੇਖਾ

ਲਾਉਣ ਲਗਾ ।

ਸੱਜਨ ਦੇ ਅਨੁਭਵੀ ਅਤੇ ਪੁਰਾਣੇ ਦੀਵਾਨ ਜੀ ਮਕਾਨ ਵੇਖ ਆਏ ਸਨ, ਉਹਦੀ ਕੀਮਤ ਵੀ ਲਾ ਆਏ ਸਨ । ਢਿੱਲ ਕਰਨ ਨਾਲ ਚੰਗੀ ਜਾਇਦਾਦ ਹੱਥੋਂ ਨਿਕਲ ਜਾਣ ਦਾ ਡਰ ਸੀ । ਉਹ ਮਹੀਪਾਲ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਵੀ ਮੀਟਿੰਗ ਕਰਨ ਦੀ ਥਾਂ ਹਸਪਤਾਲ ਦੀ ਇਮਾਰਤ ਖ਼ਰੀਦਣ ਲਈ ਕਾਹਲਾ ਸੀ — "ਮਹੀਪਾਲ ਦੇ ਜ਼ਹਿਰ ਦਾ ਜਵਾਬ ਇਹ ਅੰਮ੍ਰਿਤ ਹੋਏਗਾ — ਬਹੁਤ ਚੁੱਪ, ਬਹੁਤ ਬੋਲਦਾ ਹੋਇਆ ਜਵਾਬ ।"

ਜਵਾਬੀ ਮੀਟਿੰਗ ਤੇ ਜ਼ੋਰ ਦੇਣ ਵਾਲਿਆਂ ਨੂੰ ਇਹ ਜਵਾਬ ਦੇ ਕੇ — ਵਾਰ ਵਾਰ ਦੇਂਦਿਆਂ ਹੋਇਆਂ — ਸੱਜਨ ਨੂੰ ਅਚਾਨਕ ਇਹ ਮਹਿਸੂਸ ਹੋਇਆ ਕਿ ਸੱਚਮੁਚ ਹੀ ਕੀ ਉਹਦੇ ਇਹਨਾਂ ਸ਼ਬਦਾਂ ਵਿਚ ਯਕੀਨ ਵੀ ਹੈ ? ਆਮ ਕਰਕੇ ਕਿੰਜ ਹੁੰਦਾ ਹੈ ਕਿ ਅਸੀਂ ਆਪਣੇ ਬਚਾਅ ਲਈ ਇਕ ਸੋਹਣੀ ਜਿਹੀ ਗੱਲ ਸੋਚ ਲੈਂਦੇ ਆਂ । ਫਿਰ ਉਹਦੀ ਆੜ ਲੈਂਦਿਆਂ ਲੈਂਦਿਆਂ ਸਾਡੀ ਇਹੋ ਜਿਹੀ ਆਦਤ ਬਣ ਜਾਂਦੀ ਹੈ । ਸਾਡਾ ਮਤਲਬ ਕੀ ਹੈ, ਇਹਦੀ ਸਾਨੂੰ ਪਛਾਣ ਹੀ ਨਹੀਂ ਰਹਿੰਦੀ ਅਤੇ ਪਛਾਣ ਦੀ ਇਹ ਅਣਹੋਂਦ ਅਕਸਰ ਬੇਥਵ੍ਹੇ ਝਮੇਲਿਆਂ ਵਿਚ ਫਸਾਉਂਦਾ ਹੈ । ਸੱਜਨ ਕੀ ਸੱਚਮੁੱਚ ਹੀ ਨਿਰੋਲ ਕਲਿਆਣ ਦੀ ਭਾਵਨਾ ਨਾਲ ਕਰ ਰਿਹਾ ਹੈ ? ਉਹ ਇਹਦੇ ਵੱਡੇ ਵਡਿਆਈ ਨਹੀਂ ਚਾਹੁੰਦਾ ? ਸਮਾਜਕ ਕੰਮਾਂ ਵਿਚ ਚਿੱਤਰਕਲਾ ਦੀ ਸਾਧਨਾ ਨਾਲੋਂ ਜ਼ਿਆਦਾ ਲਿਸ਼ਕਵੀਂ ਵਡਿਆਈ ਮਿਲੇਗੀ, ਕੀ ਉਹਦੇ ਮਨ ਵਿਚ ਇਹ ਭਾਵਨਾ ਕੰਮ ਨਹੀਂ ਕਰ ਰਹੀ ?

ਸਵਾਲਾਂ ਨੇ ਉਹਨੂੰ ਘੇਰ ਲਿਆ । ਇਕ ਇਕ ਗੱਲ ਬਾਰੇ ਮਨ ਵਿਚ ਹਾਂ-ਨਾਂਹ ਹੋਣ ਲਗੀ । ਨਿਰੋਲ ਲੋਕ ਭਲਾਈ ਦੀ ਭਾਵਨਾ — ਨਹੀਂ । ਉਹ ਵਡਿਆਈ ਚਾਹੁੰਦਾ ਹੈ; ਪਰ ਇਹ ਸੱਚ ਨਹੀਂ ਕਿ ਉਹ ਚਿੱਤਰਕਲਾ ਨੂੰ ਵਡਿਆਈ ਦੇ ਲਾਲਚ ਵਿਚ ਛੱਡ ਕੇ ਆਪਣੀ ਪੁਰਖਿਆਂ ਦੀ ਦੌਲਤ ਦੇ ਸਹਾਰੇ ਉਹ ਨੇਤਾ ਬਣਿਆ ਹੈ । ਇਹ ਸਭ ਕੁਝ ਉਹਦੇ ਜੀਵਨ ਵਿਚ ਸੁਭਾਉਕੀ ਆ ਗਿਆ । ਜਿਹੜੇ ਸਵਾਲ ਨੂੰ ਲੈ ਕੇ ਆਪਣੇ ਭਾਰਤੀ ਸਮਾਜ ਦੀ ਖੜੋਤ ਅਤੇ ਤੋਰ ਵੇਖਣ ਲਈ ਉਹ ਇਹਨਾਂ ਮੁਹੱਲਿਆਂ ਵਿਚ ਆਇਆ ਸੀ । ਇਹ ਸਵਾਲ ਝੂਠਾ ਨਹੀਂ ਸੀ, ਉਹਦੇ ਮਨ ਦੀ ਲਗਨ ਵਿਚੋਂ ਨਿਕਲਿਆ ਸੀ । ਅਸਾਧਾਰਣ ਸਮਾਜ ਵਿਚ ਰਹਿ ਕੇ ਜਿਸ ਸਵਾਲ ਦਾ ਉੱਤਰ ਉਹਨੂੰ ਨਹੀਂ ਸੀ ਮਿਲ ਸਕਦਾ ਉਹ ਲੈਣ ਲਈ ਉਹ ਸਾਧਾਰਣ ਲੋਕਾਂ ਵਿਚ ਆਇਆ ਸੀ । ਉਹਦਾ ਜੋਸ਼, ਉਹਦੀ ਫਿਰਤੂ ਰੁਚੀ ਉਹਨੂੰ ਏਥੇ ਲੈ ਆਈ ਸੀ । ਭਾਵੇਂ ਹੁਣ ਵੀ ਉਹ ਆਮ ਲੋਕਾਂ ਦੇ ਨੇੜਲੇ ਮੇਲ ਜੋਲ ਵਿਚ ਨਹੀਂ ਆ ਸਕਿਆ, ਫਿਰ ਵੀ ਉਹਨਾਂ ਲਈ ਦਿਨੋਂ ਦਿਨ ਹਮਦਰਦੀ ਉਮਡਦੀ ਆਉਂਦੀ ਹੈ । ਇਸ ਲਈ ਉਹਦਾ ਸਮਾਜੀ ਕੰਮ ਪੂਰਾ ਸੂਰਾ ਲੋਕ ਭਲਾਈ ਦੀ ਭਾਵਨਾ 'ਚੋਂ ਸੌ ਫ਼ੀ ਸਦੀ ਪ੍ਰੇਰਨਾ ਨਾ ਲੈ ਕੇ ਵੀ ਨਿਰਾ ਵਡਿਆਈ

ਲਈ ਨਹੀਂ । ਈਮਾਨਦਾਰੀ ਨਾਲ ਉਹਦੇ ਮਨ ਵਿਚ ਜਨ ਕਲਿਆਣ ਦੀ ਭਾਵਨਾ ਦਾ ਪ੍ਰਭਾਵ ਵਡਿਆਈ ਲੈਣ ਨਾਲੋਂ ਕਿਤੇ ਵਧ ਹੈ । ਸਗੋਂ ਕੰਮ ਕਾਰ ਵਿਚ ਜ਼ਿਆਦਾ ਵਿਚਰਦਿਆਂ ਹੋਇਆਂ ਕਦੇ ਕਦੇ ਵਡਿਆਈ ਦੀ ਭਾਵਨਾ ਉਹਦੇ ਮਨ ਵਿਚੋਂ ਪੂਰੀ ਤਰ੍ਹਾਂ ਪਰੋਖੀ ਵੀ ਹੋ ਜਾਂਦੀ ਹੈ ।......ਤਾਂ ਫਿਰ ਮਹੀਪਾਲ ਵਾਸਤੇ ਉਹਦੇ ਮਨ ਵਿਚ ਖਿੱਝ ਕਿਉਂ ਹੈ ? ਕੀ ਇਹ ਵੀ ਸੱਚਾਈ ਨਹੀਂ ਕਿ ਜਵਾਬੀ ਮੀਟਿੰਗ ਕਰਨ ਦੀ ਗੱਲ ਉਹਨੂੰ ਹੁਣ ਵੀ ਸੁਖਾਵੀਂ ਜਾਪਦੀ ਹੈ ? ਜੇਕਰ ਉਹਨੇ ਮਕਾਨ ਵੇਖਣ ਨਾ ਜਾਣਾ ਹੁੰਦਾ, ਉਹਦੇ ਮਨ ਵਿਚ ਜ਼ਰਾ ਕੁ ਵੀ ਵਿਹਲ ਹੁੰਦੀ ਤਾਂ ਸ਼ਾਇਦ ਉਹ ਇਹਦੇ ਉਤੇ ਹੋਰ ਵੀ ਵਿਚਾਰ ਕਰਦਾ ।

ਸੱਜਨ ਇਸ ਅਸਲੀਅਤ ਤੋਂ ਮੂੰਹ ਨਾ ਮੋੜ ਸਕਿਆ ।

49

ਮਕਾਨ ਵੀਹ ਹਜ਼ਾਰ ਵਿਚ ਖ਼ਰੀਦ ਲਿਆ ਗਿਆ । ਜਦੋਂ ਤਕ ਇਸ ਛੋਟੇ ਜਿਹੇ ਹਸਪਤਾਲ ਲਈ ਜ਼ਰੂਰੀ ਸਾਮਾਨ ਨਾ ਆਏ ਉਦੋਂ ਤਕ ਉਡੀਕਦਿਆਂ ਰਹਿਣਾ ਸੱਜਨ ਨੇ ਉਚਿਤ ਨਾ ਸਮਝਿਆ । ਇਕ ਡਾਕਟਰ, ਲੇਡੀ ਡਾਕਟਰ, ਵੈਦ ਹਕੀਮ ਅਤੇ ਹੋਮਿਓਪੈਥੀ ਨੂੰ ਰਖਣ ਤੋਂ ਬਿਨਾਂ ਉਹਨੇ ਸ਼ਹਿਰ ਦੇ ਇਕ ਪ੍ਰਸਿੱਧ ਡਾਕਟਰ ਅਤੇ ਡਾਕਟਰ ਸ਼ੀਲਾ ਸਿੰਵਗ ਨੂੰ ਵੀ ਹਫ਼ਤੇ ਵਿਚ ਦੋ ਦਿਨ ਸਲਾਹਕਾਰ ਡਾਕਟਰ ਦੀ ਹੈਸੀਅਤ ਵਿਚ ਆਉਣ ਲਈ ਬੇਨਤੀ ਕੀਤੀ । ਸ਼ੀਲਾ ਨੇ ਇਸ ਬੇਨਤੀ ਦੇ ਜਵਾਬ ਵਿਚ ਆਪਣੀ ਅੱਧੀ ਪ੍ਰਾਈਵੇਟ ਪ੍ਰੈਕਟਿਸ ਦਾ ਤਿਆਗ ਕਰਕੇ ਰੋਜ਼ ਸ਼ਾਮਾਂ ਵੇਲੇ ਨੇਮ ਨਾਲ ਉਥੇ ਆਉਣ ਦਾ ਇਕਰਾਰ ਕੀਤਾ । ਸੱਜਨ ਅਤੇ ਕੰਨਿਆ ਬੇਹੱਦ ਖ਼ੁਸ਼ ਹੋਏ । ਬੱਚੇ ਜਨਣ ਵਾਲੀਆਂ ਤੀਵੀਂਆਂ ਲਈ ਪ੍ਰਬੰਧ ਅਤੇ ਦਵਾਖ਼ਾਨੇ ਦੇ ਸਾਰੇ ਸਾਮਾਨ ਦੀ ਖ਼ੀਰਦਦਾਰੀ ਕਰਨਲ ਰਾਹੀਂ ਹੋ ਰਹੀ ਸੀ ।

ਡਾ: ਸ਼ੀਲਾ ਸਿੰਵਗ ਦੇ ਤਿਆਗ ਦੀ ਚਾਰੇ ਪਾਸੇ ਪ੍ਰਸੰਸਾ ਫੈਲਾਉਣ ਵਿਚ ਸੱਜਨ ਨੇ ਬੜੇ ਹੌਸਲੇ ਤੋਂ ਕੰਮ ਲਿਆ । ਸ਼ਹਿਰ ਦੇ ਅਖ਼ਬਾਰਾਂ ਵਿਚ ਵੀ ਇਹ ਖ਼ਬਰ ਛਪੀ । ਦੁਨੀਆਂ ਭਾਵੇਂ ਇਹ ਸਮਝੇ ਕਿ ਸ਼ੀਲਾ ਦੀ ਇਸ ਵਡਿਆਈ ਵਾਲੇ ਪ੍ਰਚਾਰ ਵਿਚ ਸੱਜਨ ਦਾ ਨਿਜੀ ਸਵਾਰਥ ਨਹੀਂ ਸੀ, ਪਰ ਅਜਿਹਾ ਕਰਦਿਆਂ ਹੋਇਆ ਵੀ ਸੱਜਨ ਦੇ ਮਨ ਵਿਚ ਮਹੀਪਾਲ ਵਾਸਤੇ ਜਵਾਬੀ ਮਾਰ ਵਾਲੀ ਭਾਵਨਾ ਸੀ । ਉਹ ਉਹਨੂੰ ਚਿੜਾਉਣਾ ਚਾਹੁੰਦਾ ਸੀ ।

ਮਹੀਪਾਲ ਸੱਚਮੁੱਚ ਹੀ ਚਿੜ੍ਹ ਗਿਆ । ਉਹਨੂੰ ਲਗਾ ਕਿ ਸ਼ੀਲਾ ਨੂੰ ਉਹਦੇ ਵਿਰੋਧੀ

ਕੈਂਪ ਵਿਚ ਲਿਆ ਕੇ ਸੱਜਨ ਨੇ ਮਹੀਪਾਲ ਦੀ ਬਦਨਾਮੀ ਦੀ ਯਾਦ ਲੋਕਾਂ ਦੇ ਮਨਾਂ ਵਿਚ ਤਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਸੱਜਨ ਨਾਲ ਉਹਨੂੰ ਡੂੰਘੀ ਨਫ਼ਰਤ ਹੋ ਗਈ। ਚਾਣਕਯ ਵਾਂਗ ਵਾਰ ਵਾਰ ਉਹਦੇ ਮਨ ਦੀ ਗੰਢ ਖੁਲ੍ਹਣ ਲਗੀ। ਨਾਨਕਿਆਂ ਦਾ ਜਾਗੀਰਦਾਰੀ ਸੰਸਕਾਰ ਮਹੀਪਾਲ ਦੀਆਂ ਰਗਾਂ ਵਿਚ ਪਰਲੋ ਦੀਆਂ ਲਹਿਰਾਂ ਵਾਂਗ ਉਮਡਣ ਲਗਾ। ਉਹ ਸੱਜਨ ਨੂੰ ਕੁਚਲ ਦਏ, ਉਹਦੇ ਤੇ ਕੁੱਤੇ ਛਡਵਾ ਦਏ, ਜ਼ਮੀਨ ਵਿਚ ਗਡਵਾ ਕੇ ਠੁੱਡ ਮਾਰੇ, ਰੁਖ ਤੇ ਪੁੱਠਾ ਲਟਕਾ ਕੇ ਧੂਣੀ ਦਏ, ਉਹਦੇ ਲੱਖਾਂ ਦੀ ਸ਼ਾਨ ਨੂੰ ਅੱਗ ਲਾ ਦਏ — ਨਫ਼ਰਤ ਰਹਿ ਰਹਿ ਕੇ ਜਜ਼ਬੇ ਨਾਲ ਉਹਨੂੰ ਝੰਜੋੜ ਦੇਂਦੀ ਸੀ। ਉਹ ਸੱਜਨ ਦਾ ਸਤਿਆਨਾਸ ਕਰ ਦੇਣਾ ਚਾਹੁੰਦਾ ਸੀ। ਸ਼ੀਲਾ ਤੇ ਵੀ ਉਹਨੂੰ ਤਕੜਾ ਕਰੋਧ ਸੀ। ਉਹ ਸੱਜਨ ਨਾਲ ਕਿਉਂ ? ਕੀ ਇਸੇ ਦਾ ਨਾਂ ਪ੍ਰੇਮ ਹੈ ?

ਘਰ ਵਿਚ ਵਿਆਹ ਦੀ ਚਹਿਲ ਪਹਿਲ ਸ਼ੁਰੂ ਹੋ ਚੁਕੀ ਹੈ। ਸ਼ਕੁੰਤਲਾ ਦੇ ਪਿਤਾ ਵਲੋਂ ਸੰਬੰਧੀ, ਮਹੀਪਾਲ ਦੀ ਦੂਸਰੀ ਭੈਣ ਅਤੇ ਉਹਦੇ ਬੱਚੇ ਵੀ ਵਿਆਹ ਵਿਚ ਸ਼ਾਮਲ ਹੋਣ ਲਈ ਆ ਗਏ ਸਨ। ਸੇਠ ਰੂਪ ਰਤਨ ਨੇ ਉਹਨੂੰ ਆਪਣੀ ਕੋਠੀ ਦਾ ਇਕ ਹਿੱਸਾ ਵਿਆਹ ਲਈ ਦੇ ਦਿਤਾ ਸੀ। ਵਿਆਹ ਦਾ ਸਾਰਾ ਸਾਮਾਨ ਉਥੇ ਹੀ ਢੋਅ ਢੋਅ ਕੇ ਘੱਲਿਆ ਜਾ ਰਿਹਾ ਸੀ। ਘਰ ਵਿਚ ਚਾਰੇ ਪਾਸੇ ਵਿਆਹ ਕਰਕੇ ਰੁਝੇਵਾਂ ਸੀ, ਸਿਰਫ਼ ਮਹੀਪਾਲ ਦਾ ਮਨ ਘੋਰ ਈਰਖਾ ਕਰਕੇ ਖਿੰਡ ਪੁੰਡ ਰਿਹਾ ਸੀ। ਸੱਜਨ ਨੂੰ ਕੋਈ 'ਬਹੁਤ ਬਹੁਤ ਬਹੁਤ ਵੱਡਾ ਨੁਕਸਾਨ ਪਹੁੰਚਾਣ ਲਈ ਢੰਗ ਸੋਚਣ ਵਿਚ ਹੀ ਉਹਦਾ ਹਰ ਇਕ ਪਲ ਲੰਘਦਾ ਜਾ ਰਿਹਾ ਸੀ। ਕੋਈ ਤਰਕੀਬ ਨਹੀਂ ਸੀ ਸੁਝਦੀ। ਉਹ ਹਰ ਸਮੇਂ ਖਿੱਝਦਾ ਖੱਪਦਾ ਸੀ। ਸਵੇਰ ਤੋਂ ਮੋਟਰ ਲੈ ਕੇ ਨਿਕਲਣਾ, ਕਦੇ ਰਾਜਾ ਸਾਹਿਬ ਵਲ, ਹਾਕਮ-ਅਮਲਾ ਜਿਹਦੇ ਨਾਲ ਵੀ ਉਹਦੀ ਥੋੜੀ ਬਹੁਤ ਪਛਾਣ ਸੀ ਉਹਦੇ ਘਰ ਜਾ ਕੇ ਗੱਲਾਂ ਗੱਲਾਂ ਵਿਚ ਉਹ ਸੱਜਨ ਦੀ ਨਿੰਦਿਆ ਕਰਦਾ। ਕਿਤੇ ਕਹਿੰਦਾ ਕਿ ਕਮਿਊਨਿਸਟ ਪਤਨੀ ਦੇ ਕਹੇ ਲਗ ਕੇ ਉਹ ਇਹਨਾਂ ਸਭ ਕੰਮਾਂ ਦੀ ਆੜ ਵਿਚ ਜਨਤਾ ਨੂੰ ਕਮਿਊਨਿਸਟ ਬਣਾ ਰਿਹਾ ਹੈ। ਰਾਤ ਨੂੰ ਉਹਦੇ ਘਰ ਕਮਿਊਨਿਸਟ ਲੀਡਰਾਂ ਦੀਆਂ ਮੀਟਿੰਗਾਂ ਹੁੰਦੀਆਂ ਹਨ। ਕਿਤੇ ਇਹ ਅਫ਼ਵਾਹ ਫੈਲਾਉਂਦਾ ਕਿ ਪਤੀ ਪਤਨੀ ਦੋਵੇਂ ਹੀ ਅਤਿ ਦਰਜੇ ਦੇ ਭੈੜੇ ਚਾਲ ਚਲਨ ਵਾਲੇ ਹਨ; ਆਪਣੇ ਪਤੀ ਦੇ ਮਨ ਪ੍ਰਚਾਵੇ ਲਈ ਸੋਹਣੀਆਂ ਔਰਤਾਂ ਪੇਸ਼ ਕਰਨੀਆਂ ਹੀ ਕੰਨਿਆ ਦੇ ਸਕੂਲ ਦਾ 'ਮਹਾਨਤਮ' ਉਦੇਸ਼ ਹੈ। ਮਿਸਾਲ ਲਈ ਵਾਰ ਵਾਰ ਇਹ ਵੀ ਨਾਲ ਜੋੜ ਦੇਂਦਾ ਕਿ ਇਹ ਮੈਂ ਆਪ ਵੇਖਿਆ ਹੈ ਜਾਂ ਇਹ ਗੱਲ ਸੱਜਨ ਨੇ ਖ਼ੁਦ ਮੈਨੂੰ ਦਸੀ ਸੀ। ਕਿਤੇ ਉਹ ਸੱਜਨ ਦੀਆਂ ਯੋਜਨਾਵਾਂ ਵਿਚ ਬਾਬਾ ਰਾਮ ਜੀ ਨੂੰ ਵਲ ਕੇ ਇਕ ਇਕ ਵੱਡੇ ਢਕੌਂਜ ਤੋਂ ਖ਼ਬਰਦਾਰ ਕਰਨ ਲਈ ਚੇਤਾਵਨੀ ਦੇਂਦਾ। ਭੁੱਖ-ਤ੍ਰੇਹ ਭੁੱਲ ਕੇ ਘਰੇਲੂ ਜ਼ਿੰਮੇਵਾਰੀਆਂ ਨੂੰ ਲੋਕ ਭਲਾਈ ਦੇ ਨਾਂ ਤੇ ਵਿਸਾਰ ਕੇ ਉਹ ਸਵੇਰ ਤੋਂ ਸ਼ਾਮ ਤਕ ਸਿਰਫ਼ ਸੱਜਨ ਦੇ ਵਿਰੁੱਧ

ਪ੍ਰਚਾਰ ਕਰਨ ਵਿਚ ਹੀ ਲਗਾ ਰਹਿੰਦਾ। ਉਹਨੇ ਰਾਜਾ ਸਾਹਿਬ ਦਾ ਜੀਵਨ-ਬਿਰਤਾਂਤ ਲਿਖ ਕੇ ਉਹਨੂੰ ਅਮਰ ਕਰਨ ਦਾ ਲਾਲਚ ਵੀ ਦੇ ਦਿਤਾ। ਦਰਸ਼ਨ, ਗਿਆਨ ਨਾਲ ਵੀ ਆਪਣੀ ਪੰਡਤਾਈ ਦਾ ਸਿੱਕਾ ਜਮਾ ਕੇ ਵੀ ਪੂਰਾ ਜ਼ੋਰ ਲਾਇਆ। ਆਪਣੀ ਹਵੇਲੀ 'ਚੋਂ ਕੰਨਿਆ ਦਾ ਸਕੂਲ ਹਟਵਾ ਕੇ ਉਥੇ ਵੇਦ, ਪੁਰਾਣ, ਗੀਤਾ, ਭਾਗਵਦ ਆਦਿ ਦਾ ਅਖੰਡ ਪਾਠ ਕਰਵਾਉਣ ਦਾ ਸੱਚਾ ਸੁਝਾਅ ਵੀ ਦਿਤਾ ਜਿਹਦੇ ਨਾਲ ਕਿ ਭਾਰਤ ਵਾਸੀਆਂ ਦੀ ਧਾਰਮਕ ਸੂਝ ਜਾਗੇ ਅਤੇ ਉਹਨਾਂ ਉਤੇ ਸੱਜਨ ਵਰਗੇ ਪੱਕੇ ਕਮਿਊਨਿਸਟਾਂ ਦਾ ਅਸਰ ਨਾ ਪੈ ਸਕੇ। ਉਹ ਲਾਲਾ ਜਾਨਕੀ ਸਰਣ ਨੂੰ ਜਾ ਜਾ ਕੇ ਇਹ ਸਮਝਾਉਂਦਾ ਕਿ ਉਹ ਰਾਜਾ ਸਾਹਿਬ ਅਤੇ ਹੋਰ ਵੱਡੇ ਵੱਡੇ ਲੋਕਾਂ ਦੇ ਸਹਿਯੋਗ ਨਾਲ ਇਕ ਇਹੋ ਜਿਹੀ ਹੀ ਸੰਸਥਾ ਖੋਲ੍ਹਣ ਦਾ ਪ੍ਰਬੰਧ ਕਰਨ ਜਿਸ ਨਾਲ ਕਿ ਸੱਜਨ ਦਾ ਸਾਰਾ ਢਕੌਂਜ ਗ਼ਰਕ ਹੋ ਜਾਏ। ਉਹਨੇ ਉਹਨਾਂ ਨੂੰ ਇਥੋਂ ਤਕ ਤੰਗ ਕਰਨ ਦਾ ਵੀ ਯਤਨ ਕੀਤਾ ਕਿ ਵਾਰਡ ਦੇ ਸਭਨਾਂ ਮੁਖੀ ਲੋਕਾਂ, ਵਿਸ਼ੇਸ਼ ਕਰਕੇ ਲਾਲਾ ਜਾਨਕੀ ਸਰਣ ਦੇ ਆਲੇ ਦੁਆਲੇ ਦੇ ਘਰਾਂ ਵਿਚ ਜਾਸੂਸ ਛੱਡ ਦਿਤੇ ਹਨ। ਉਹਦੇ ਇਥੇ ਰਹਿਣ ਨਾਲ ਕਿਸੇ ਵੀ ਭਲੇ ਆਦਮੀ ਦੀ ਇੱਜ਼ਤ ਨਹੀਂ ਬਚੇਗੀ।

ਹਫ਼ਤੇ ਭਰ ਦੀ ਸਖ਼ਤ ਦੌੜ ਭੱਜ ਦਾ ਅਸਰ ਹੋਇਆ। ਉਹ ਇਸ ਵੇਲੇ ਰੂਪ ਰਤਨ ਦੇ ਘਰ ਵਿਚ ਹੀ ਰਹਿ ਰਿਹਾ ਸੀ, ਇਸ ਲਈ ਉਹਨੂੰ ਅਗੇ ਪਿਛੇ ਭੜਕਾਉਣ ਦੇ ਮੌਕੇ ਵੀ ਆਮ ਕਰਕੇ ਮਿਲਦੇ ਰਹਿੰਦੇ। ਉਹ ਸੇਠ ਰੂਪ ਰਤਨ ਦੀ ਇਕ ਸੁੱਤੀ ਰੀਝ ਜਗਾਉਣ ਵਿਚ ਸਫਲ ਹੋ ਗਿਆ। ਇਕ ਵੱਡੀ ਲਹਿਰ ਚਲਾ ਕੇ ਸੇਠ ਰੂਪ ਰਤਨ ਬਹੁਤ ਛੇਤੀ ਹੀ ਸਰਕਾਰੀ ਮੰਤਰੀ ਮੰਡਲ ਵਿਚ ਆਉਣ ਲਈ ਆਪਣੇ ਰਾਹ ਖੋਲ੍ਹ ਦੇਣਗੇ — ਇਹ ਮਹਾਂ ਮੰਤਰ ਆਪਣਾ ਕੰਮ ਕੱਢ ਗਿਆ। ਰੂਪ ਰਤਨ ਨੇ ਉਹਨੂੰ ਇਕ ਯੋਜਨਾ ਬਣਾਉਣ ਦੀ ਸਲਾਹ ਦਿਤੀ। ਦਸ ਵੱਡੇ ਸ਼ਾਹੂਕਾਰ ਮਿਲ ਕੇ ਇਹੋ ਜਿਹੀ ਹੀ ਇਕ ਸਹਿਕਾਰੀ ਯੋਜਨਾ ਬਣਾਉਣਗੇ। ਉਹਨਾਂ ਦੇ ਸਹਿਕਾਰੀ ਬੈਂਕਾਂ ਰਾਹੀਂ ਝੁੱਗੀ ਦਸਤਕਾਰੀਆਂ ਦਾ ਬਹੁਤ ਵੱਡਾ ਪ੍ਰੋਗਰਾਮ ਚਲੇਗਾ। ਵਾਤਾਵਰਣ ਵਿਚ ਚੌਹੀਂ ਪਾਸੀਂ ਧਾਰਮਕ ਧੂਮ ਧਾਮ ਮਚਾ ਦਿਤੀ ਜਾਏਗੀ। ਕਿਤੇ ਕੀਰਤਨ, ਕਿਤੇ ਮਹਾਤਮਾ ਲੋਕਾਂ ਦੀ ਕਥਾ, ਕਿਤੇ ਇਤਿਹਾਸ ਪੁਰਾਣ — ਇਸ ਤਰ੍ਹਾਂ ਚੌਹੀਂ ਪਾਸੀਂ ਭਾਰਤੀ ਹੋਣ ਦੀ ਭਾਵਨਾ ਦਾ ਪਸਾਰਾ ਕੀਤਾ ਜਾਏਗਾ। ਇਸ ਯੋਜਨਾ ਦੇ ਸ਼ੁਰੂ ਵਿਚ ਇਕ ਬਹੁਤ ਵੱਡਾ ਸੰਸਾਰ ਸ਼ਾਂਤੀ ਜੱਗ ਵੀ ਕੀਤਾ ਜਾਏਗਾ ਜਿਹਦੇ ਨਾਲ ਲੋਕਾਂ ਵਿਚ ਧਾਰਮਕ ਵਿਸ਼ਵਾਸ ਜਾਗੇ। ਰਾਤੋ-ਰਾਤ ਮਹੀਪਾਲ ਨੇ ਇਕ ਲਿਖਤੀ ਪ੍ਰੋਗਰਾਮ ਬਣਾ ਸੁਟਿਆ ਜਿਸ ਵਿਚ ਉਹ ਸਾਰੇ ਆਦਰਸ਼ ਸਾਹਮਣੇ ਰਖੇ ਗਏ ਸਨ ਜਿਹੜੇ ਕਿ ਰਾਜਾ ਸਾਹਿਬ ਅਤੇ ਸੇਠ ਰੂਪ ਰਤਨ ਦੇ 'ਸ੍ਰੀ-ਮੁਖ' ਵਾਲੇ ਜੋਟੀਦਾਰਾਂ ਵਲੋਂ ਦਸੇ ਗਏ ਸਨ।

ਦੋ ਦਿਨਾਂ ਬਾਅਦ ਵਿਕਟੋਰੀਆ-ਪਾਰਕ, ਚੌਕ ਵਿਚ ਇਕ ਬਹੁਤ ਵੱਡੀ ਆਮ ਸਭਾ

ਦਾ ਐਲਾਨ ਹੋਇਆ। ਰਾਜਾ ਸਾਹਿਬ ਆਪ ਉਹਦੇ ਪ੍ਰਧਾਨ ਹੋਣਗੇ ਅਤੇ ਲੋਕ ਭਲਾਈ ਵਾਸਤੇ ਸ਼ਹਿਰ ਦੇ ਮੰਨੇ ਦੰਨੇ ਸੱਜਣਾਂ ਨੇ ਮਿਲ ਕੇ ਜਿਹੜੀ ਮਹਾਨ ਯੋਜਨਾ ਬਣਾਈ ਹੈ ਉਸ ਉਤੇ ਚਾਨਣਾ ਪਾਉਣਗੇ।

ਤਾਈ ਉਹਨੀਂ ਦਿਨੀਂ ਬੜੀ ਬੀਮਾਰ ਸੀ। ਉਹਨੂੰ ਹੁਣ ਆਪਣੇ ਬਚਾਅ ਦੀ ਆਸ ਨਹੀਂ ਸੀ ਰਹੀ। ਇਸ ਡਰ ਨਾਲ ਕਿ ਉਹਦੇ ਮਰਨ ਪਿਛੋਂ ਪਤੀ ਅਤੇ ਮਤਰੇਏ ਪੁੱਤ ਉਹਦਾ ਸਾਰਾ ਕਿਰਿਆ ਕਰਮ ਨਾ ਕਰਾਉਣ, ਉਹ ਆਪਣੇ ਜੀਉਂਦੇ ਜੀ ਆਪਣਾ ਆਪਣਾ ਕਿਰਿਆ ਕਰਮ ਕਰਾ ਰਹੀ ਸੀ। ਸੱਜਨ ਅਤੇ ਕੰਨਿਆ ਉਤੇ ਉਹਦੀਆਂ ਸਾਰੀਆਂ ਜ਼ਿੰਮੇਵਾਰੀਆਂ ਆ ਪਈਆਂ ਸਨ। ਕੰਨਿਆ ਅਤੇ ਸੱਜਨ ਉਹਦੇ ਪੁੱਤ-ਧੀ ਬਰਾਬਰ ਹੋ ਗਏ ਸਨ।

ਇਥੋਂ ਤਾਈਂ ਕਿ ਇਕ ਦਿਨ ਤਾਈ ਨੇ 'ਕੰਨੋਮਲ ਦੇ ਪੋਤਰੇ ਦੀ ਵਹੁਟੀ' ਨੂੰ ਸੌ ਤੋਲੇ ਸੋਨੇ ਦੇ ਗਹਿਣੇ ਵੀ ਪੁਆ ਦਿਤੇ ਤੇ ਕਿਹਾ — "ਚੰਦਰੀਏ ਤੂੰ ਬੇ ਧਰਮੀ ਹੀ ਸਹੀ, ਪਰ ਜਦ ਨੂੰਹ ਬਣ ਈ ਗਈਓਂ ਤਾਂ ਲੈ। ਮੇਰੀ ਸੇਵਾ ਤਾਂ ਤੂੰ ਹੀ ਕਰਦੀ ਏਂ, ਮੇਰੇ ਕੰਮ ਤਾਂ ਤੂੰ ਈ ਆਈ।" ਇਹ ਸਭ ਕੁਝ ਹੋਣ ਤੇ ਵੀ ਤਾਈ ਕੰਨਿਆ ਦੇ ਹੱਥ ਦਾ ਛਹਿਆ ਪਾਣੀ ਪੀਣ ਵਿਚ ਅਜੇ ਤਾਈਂ ਇਤਰਾਜ਼ ਕਰਦੀ ਸੀ। ਅੰਗਰੇਜ਼ੀ ਦਵਾਖ਼ਾਨੇ ਤੋਂ ਵੀ ਉਹਨੇ ਨਾਂਹ ਕਰ ਦਿਤੀ ਸੀ। ਸੱਜਨ ਦੇ ਦੋ ਨੌਕਰ ਚਵ੍ਹੀ ਘੰਟੇ ਤਾਈ ਦੀ ਸੇਵਾ ਵਿਚ ਰਹਿੰਦੇ। ਰਾਤ ਵੇਲੇ ਸੱਜਨ-ਕੰਨਿਆ ਵਿਚੋਂ ਕੋਈ ਇਕ ਜਣਾ ਤਾਈ ਕੋਲ ਹਰ ਵੇਲੇ ਰਹਿੰਦੇ। ਤਾਈ ਜਿਹੜੇ ਦਾਨ ਪੁੰਨ ਕਰਨ ਦੀ ਚਾਹ ਕਰਦੀ ਉਹਦਾ ਪ੍ਰਬੰਧ ਹੁੰਦਾ।

ਜਿਸ ਦਿਨ ਸ਼ਾਮ ਨੂੰ ਚੌਕ ਵਿਚ ਰਾਜਾ ਸਾਹਿਬ ਦੀ ਮੀਟਿੰਗ ਸੀ ਉਸੇ ਦਿਨ ਤਾਈ ਦੇ ਘਰ ਉਹਦੀ ਤੇਹਰਵੀਂ ਦਾ ਬ੍ਰਹਮਭੋਜ ਵੀ ਸੀ। ਸੱਜਨ ਅਤੇ ਵਨ ਕੰਨਿਆ ਨੂੰ ਆਪਣੇ ਪਹਿਲੇ ਰੁਝੇਵਿਆਂ ਵਿਚ ਇਸ ਰੁਝੇਵੇਂ ਦੇ ਜੁੜਨ ਨਾਲ ਇਕ ਪਲ ਲਈ ਵੀ ਵਿਹਲ ਨਹੀਂ ਸੀ। ਕਰਨਲ ਵੀ ਇਹਨਾਂ ਨਾਲ ਬਰਾਬਰ ਦਾ ਹੱਥ ਵਟਾਉਣ ਲਈ ਆ ਖਲੋਤਾ। ਸੱਜਨ ਅਤੇ ਮਹੀਪਾਲ ਵਿਚ ਵਿਰੋਧ ਖੜਾ ਹੋਣ ਕਰਕੇ ਕਰਨਲ ਭਾਵੇਂ ਬਹੁਤ ਜ਼ਿਆਦਾ ਦੁਖੀ ਸੀ ਫਿਰ ਵੀ ਇਸ ਗੱਲ ਬਾਰੇ ਉਹਨੇ ਬੜੇ ਹੀ ਜ਼ਬਰਦਸਤ ਸੰਜਮ ਨਾਲ ਚੁੱਪ ਧਾਰ ਕੇ ਦੋਵੇਂ ਪਾਸੀਂ ਕੰਮ ਦਾ ਮੋਰਚਾ ਲਾਇਆ ਹੋਇਆ ਸੀ। ਕਲਿਆਣੀ ਦੇ ਘਰ ਲਗਾਤਾਰ ਆਉਂਦੇ ਜਾਂਦੇ ਰਹਿਣ ਕਰਕੇ ਜ਼ਰੂਰੀ ਚੀਜ਼ਾਂ ਸੰਬੰਧੀ ਪੁਛ ਗਿੱਛ ਕਰਨੀ, ਜਿਸ ਪਾਸੇ ਢੰਗ ਨਾਲ ਦੋ ਪੈਸਿਆਂ ਦੀ ਬਚਤ ਹੁੰਦੀ ਉਹ ਰਾਹ ਦਸਣਾ ਕਰਨਲ ਦਾ ਕੰਮ ਸੀ। ਮਹੀਪਾਲ ਨਾਲ ਉਹਦੀ ਮੁਲਾਕਾਤ ਹੁੰਦੀ; ਸਭ ਗੱਲਾਂ ਹੁੰਦੀਆਂ, ਪਰ ਸੱਜਨ ਬਾਰੇ ਉਹ ਇਕ ਗੱਲ ਵੀ ਮੂੰਹੋਂ ਨਾ ਕੱਢਦਾ। ਸਾਹਮਣਾ ਹੋਣ ਤੇ ਮਹੀਪਾਲ ਆਮ ਕਰਕੇ ਛੇੜ ਕੇ ਸੱਜਨ ਦੀ ਗੱਲ ਚਲਾਉਂਦਾ। ਇਕ ਵਾਰ ਕਰਨਲ ਨੇ ਕਹਿ ਦਿਤਾ — "ਵੇਖ ਭਰਾਵਾ ਇਹ ਤੁਹਾਡੀ ਬਿਲਕੁਲ ਆਪਸੀ ਗੱਲ

ਬਾਤ ਏ; ਦੋ ਵਿਦਵਾਨਾਂ ਵਿਚ ਗੱਲ ਹੈਗੀ ਏ । ਸਾਡਾ ਇਹਦੇ ਨਾਲ ਕੋਈ ਵਾਸਤਾ ਨਹੀਂ । ਫਿਰ ਕਦੇ ਇਹਦੀ ਚਰਚਾ ਮੇਰੇ ਨਾਲ ਨਾ ਕਰੀਂ ।" ਸੱਜਨ ਨੇ ਕਦੇ ਆਪ ਵੀ ਇਸ ਬਾਰੇ ਗੱਲ ਨਹੀਂ ਸੀ ਛੇੜੀ । ਮਹੀਪਾਲ ਕਰਨਲ ਦਾ ਬਹੁਤ ਪੁਰਾਣਾ ਮਿੱਤਰ ਸੀ । ਸੱਜਨ ਅਤੇ ਕਰਨਲ ਦੀ ਦੋਸਤੀ ਤਾਂ ਮਹੀਪਾਲ ਕਰਕੇ ਹੋਈ ਸੀ ।

ਉਸ ਦਿਨ ਸ਼ਾਮ ਵਿਕਟੋਰੀਆ ਪਾਰਕ ਵਾਲੀ ਮੀਟਿੰਗ ਵਿਚ ਮਹੀਪਾਲ ਆਪਣੀ ਹੱਦ ਟੱਪ ਗਿਆ । ਸੱਜਨ ਨੂੰ ਉਹਨੇ ਆਪਣਾ ਬਹੁਤ ਪੁਰਾਣਾ ਮਿੱਤਰ ਦਸ ਕੇ ਇਹ ਸਾਬਤ ਕਰਨਾ ਸ਼ੁਰੂ ਕੀਤਾ ਕਿ ਉਹ "ਸਦਾ ਹੀ ਬੇ ਹੱਦ ਸਵਾਰਥੀ ਤੇ ਵੱਡਿਆਂ ਦਾਈਆਂ ਵਾਲਾ ਰਿਹਾ ਹੈ । ਉਹ ਆਪਣੇ ਪੈਸੇ ਦੇ ਬਲ ਬੋਤੇ ਪ੍ਰਸਿੱਧ ਆਲੋਚਕਾਂ ਨੂੰ ਦਾਅਵਤਾਂ ਖੁਆ ਖੁਆ ਕੇ ਉਹਨਾਂ ਦੀਆਂ ਖ਼ੁਸ਼ਾਮਦਾਂ ਕਰਕੇ ਮਸ਼ਹੂਰ ਹੋਇਆ ਏ । ਉਹ ਕਲਾਕਾਰ ਤੋਂ ਵਧ ਕਲਾਬਾਜ਼ ਏ, ਉਹਨੂੰ ਵੱਡਾ ਨਾਂ ਬਣਾਉਣ ਦੀ ਲਗਨ ਏਂ । ਹੋਰ ਵੀ ਅਨੇਕਾਂ ਇਹੋ ਜਿਹੀਆਂ ਗੱਲਾਂ ਜੋਸ਼ ਵਿਚ ਆ ਕੇ ਕਹਿ ਦਿਤੀਆਂ ਜਿਹਨਾਂ ਨਾਲ ਕਿ ਉਹਦੇ ਉਤੇ ਕਾਨੂੰਨੀ ਜ਼ੋਰ ਚਲ ਸਕਦਾ ਸੀ । ਆਪਣੀ ਸਪੀਚ ਵਿਚ ਮੋਹਨਜੋਦੜੋ, ਸ਼ਿਵ ਅਤੇ ਵੇਦ, ਸਾਰਾ ਇਤਿਹਾਸ, ਸਮਾਜ ਸ਼ਾਸਤਰ ਉਹਨੇ ਮਾਨੋਂ ਸੱਜਨ ਦੀ ਨਿੰਦਿਆ ਕਰਨ ਲਈ ਹੀ ਇਕ ਘੰਟੇ ਤਕ ਬਿਆਨਿਆ । ਉਹਨੇ ਜਨਤਾ ਨੂੰ ਮੰਤਰ ਮੁਗਧ ਕੀਤਾ ਅਤੇ ਵਿਚ ਵਿਚ ਸੱਜਤ ਤੇ ਜ਼ਹਿਰ ਉਗਲਿਆ । ਅੱਜ ਦੀ ਸ਼ਾਮ, ਜਲਸੇ ਦੀ ਉਹ ਸਟੇਜ ਉਹਦੇ ਜੀਵਨ ਦੀ ਸਭ ਤੋਂ ਵਧੀਆ ਜਿੱਤ ਮਨਾ ਰਹੇ ਸਨ । ਉਹਨੇ ਸੱਜਨ ਦੇ ਲੱਖਾਂ ਨਾਲ ਲੱਖਾਂ ਦੀ ਬਾਜ਼ੀ ਲਾਈ । ਜੇਕਰ ਸੱਜਨ ਆਪਣੇ ਧਨ ਦੇ ਜ਼ੋਰ ਨਾਲ ਆਪਣੇ ਆਪ ਨੂੰ ਮਹਾਂ ਪੁਰਖ ਬਣ ਸਕਦਾ ਹੈ ਤਾਂ ਮਹੀਪਾਲ ਵੀ ਪਰਾਈ ਦੌਲਤ ਦੇ ਸਾਧਨਾਂ ਰਾਹੀਂ ਮਹਾਂ ਪੁਰਖ ਬਣ ਸਕਦਾ ਹੈ । ਉਹ ਮਹੀਪਾਲ ਦੇ 'ਮਹਾਂ ਪੁਰਖ' ਬਣਨ ਦੀ ਘੜੀ ਸੀ ਜੀਹਦੇ ਨਸ਼ੇ ਵਿਚ ਬਹਿਕ ਕੇ ਉਹ ਸੱਜਨ ਦੇ ਖ਼ਿਲਾਫ਼ ਕਾਨੂੰਨੋਂ ਬਾਹਰੀਆਂ ਗੱਲਾਂ ਕਹਿ ਗਿਆ ਸੀ ।

ਸੱਜਨ ਦੇ ਹਾਮੀਆਂ ਵਿਚ ਗ਼ੁੱਸਾ ਅਤੇ ਜੋਸ਼ ਫੈਲ ਗਿਆ । ਇਕ ਵੱਡੀ ਤੇ ਜੁੜਵੀਂ ਤਾਕਤ ਉਸ ਨਿੱਕੇ ਬੂਟੇ ਨੂੰ ਨਸ਼ਟ ਕਰਨ ਲਈ ਤੁਰੀ ਆ ਰਹੀ ਸੀ । ਜਿਹੜਾ ਅਜੇ ਠੀਕ ਤਰ੍ਹਾਂ ਪੁੰਗਰਿਆ ਵੀ ਨਹੀਂ ਸੀ । ਸੱਜਨ ਅਤੇ ਕੰਨਿਆ ਦੋਵੇਂ ਹੀ ਮਹੀਪਾਲ ਦੇ ਇਸ ਵਰਤਾ ਤੋਂ ਹੱਦੋਂ ਬਾਹਰੇ ਦੁਖੀ ਹੋਏ । ਡਾ: ਸਿੰਵਗ ਰੋ ਪਈ । ਸੱਜਨ ਨੇ ਮੁਆਮਲਾ ਵਕੀਲ ਨੂੰ ਦੇਣ ਦਾ ਫ਼ੈਸਲਾ ਕਰ ਲਿਆ । ਤੀਸਰੇ ਦਿਨ ਸੱਜਨ ਦੇ ਵਕੀਲ ਦਾ ਰਜਿਸਟਰਡ ਨੋਟਿਸ ਮਹੀਪਾਲ ਨੂੰ ਮਿਲ ਗਿਆ । ਕਰਨਲ ਉਸ ਵੇਲੇ ਮਹੀਪਾਲ ਦੇ ਘਰ ਭਾਵ ਸੇਠ ਰੂਪ ਰਤਨ ਦੀ ਕੋਠੀ ਵਿਚ ਹੀ ਸੀ । ਮਹੀਪਾਲ ਬੜਾ ਉਬਲਿਆ, 'ਵੇਖ ਲਵਾਂਗਾ', 'ਸਿੱਝ ਲਵਾਂਗਾ' ਆਖ ਆਖ ਕੇ ਬੜੇ ਹੱਥ ਪੈਰ ਮਾਰੇ ।

ਕਰਨਲ ਨੇ ਕਿਹਾ — "ਵੇਖ ਮਹੀਪਾਲ ਮੈਂ ਪਬਲਿਕ ਨਹੀਂ ਜਿਹਨੂੰ ਲੈਕਚਰ ਦੇ

ਕੇ ਭਰਮਾ ਲਏਂਗਾ। ਇਹ ਤਾਂ ਲੜਕੀ ਦਾ ਵਿਆਹ ਏ, ਮੈਂ ਇਸ ਵੇਲੇ ਆਪਣੇ ਦਿਲ ਨੂੰ ਜੰਦਰੇ ਮਾਰ ਕੇ ਚੁੱਪ ਆਂ, ਪਰ ਮੈਨੂੰ ਫਿਰ ਕਹਿਣਾ ਪੈਂਦਾ ਏ ਕਿ ਉਹਦਾ ਮੁਕਦਮਾ ਚਲਾਉਣਾ ਬਿਲਕੁਲ ਠੀਕ ਏ। ਤੇ ਤੂੰ ਮੁਕਦਮਾ ਹਾਰੇਂਗਾ। ਤੇ ਤੈਨੂੰ ਜੇਲ ਜਾਣਾ ਪਏਗਾ। ਮਹੀਪਾਲ, ਤੇਰੇ ਇਹਨਾਂ ਵੱਡੇ ਵੱਡੇ ਲੋਕਾਂ ਵਿਚੋਂ ਇਕ ਵੀ ਜੇ ਤੇਰੀ ਮਦਦ ਕਰਨ ਆਇਆ, ਤਾਂ ਮੈਨੂੰ ਦਸ ਦਈਂ ਮੈਂ ਜੋ ਆਖੇਂਗਾ ਉਹੋ ਹਾਰ ਜਾਵਾਂਗਾ।"

ਕਰਨਲ ਨੇ ਕਲਿਆਣੀ ਨੂੰ ਵੀ ਸਾਰੀ ਹਾਲਤ ਸਾਫ਼ ਸਾਫ਼ ਦਸ ਦਿਤੀ। ਮਹੀਪਾਲ ਆਪਣੀ ਪਤਨੀ ਅਤੇ ਕਰਨਲ ਸਾਹਮਣੇ ਸੱਚ ਨਿਆਂ ਦੇ ਵੱਡੇ ਵੱਡੇ ਨਾਅਰੇ ਲਾਉਂਦਾ ਰਿਹਾ। ਸੱਜਨ ਨੂੰ ਮੰਦੇ ਚਾਲ ਚਲਨ ਵਾਲਾ ਦਸਣ ਲਗਾ। ਕਰਨਲ ਵੀ ਬੇਹੱਦ ਤੈਸ਼ ਵਿਚ ਆ ਗਿਆ। ਉਹਨੇ ਕਿਹਾ — "ਵੇਖ ਮਹੀਪਾਲ ਤੂੰ ਦੁੱਧ ਵਿਚ ਧੋਤਾ ਨਹੀਂ। ਦੂਸਰਿਆਂ ਦੇ ਮੂੰਹ ਉਤੇ ਚਿੱਕੜ ਸੁਟਦਾ ਏਂ, ਆਪਣੇ ਦਾਅ ਤੇ ਖ਼ੁਸ਼ ਹੁੰਦਾ ਏਂ। ਮੈਂ ਇਕ ਗੱਲ ਤੈਨੂੰ ਸਾਫ਼ ਦਸ ਦੇਂਦਾ ਆਂ ਕਿ ਸੱਜਨ, ਨੇ ਜੇ ਆਪਣੀ ਵਲੋਂ ਗਵਾਹਾਂ ਵਿਚ ਮੈਨੂੰ ਬੁਲਾਇਆ ਤਾਂ ਜ਼ਰੂਰ ਜਾਵਾਂਗਾ। ਜਿਥੋਂ ਤਾਈਂ ਮੈਨੂੰ ਪਤਾ ਏ, ਡਾਕਟਰ ਸਾਹਿਬ ਵੀ ਅਜਿਹੀ ਹਾਲਤ ਵਿਚ ਤੇਰੇ ਖ਼ਿਲਾਫ਼ ਗੁਆਹੀ ਦੇਣ ਜਾਏਗੀ, ਉਹਨੂੰ ਜਾਣਾ ਚਾਹੀਦਾ ਏ।"

"ਜਾਉ, ਸਾਰੇ ਜਾਓ।" ਮਹੀਪਾਲ ਗੱਜਿਆ। ਉਹਨੇ ਜੋਸ਼ ਵਿਚ ਆ ਕੇ ਕੁਰਸੀ ਚੁੱਕ ਕੇ ਵਗਾਹ ਮਾਰੀ। ਉਹਦੀ ਇਕ ਬਾਹੀ ਬੁਰੀ ਤਰ੍ਹਾਂ ਟੁੱਟ ਗਈ। ਇਹ ਕੁਰਸੀ ਵਿਕਟੋਰੀਆ ਕਾਲ ਦੀ ਨੱਕਾਸ਼ੀ ਵਾਲੀ ਬਨਾਵਟ ਦੀ ਸੀ। ਮਹੀਪਾਲ ਨੂੰ ਝੱਟ ਖ਼ਿਆਲ ਆਇਆ ਕਿ ਉਹਨੇ ਸੇਠ ਰੂਪ ਰਤਨ ਦਾ ਨੁਕਸਾਨ ਕੀਤਾ ਹੈ। ਮਹੀਪਾਲ ਦਾ ਕ੍ਰੋਧ ਏਸ ਪਿੱਛੋਂ ਹੱਦ ਅੰਦਰ ਨਾ ਰਹਿ ਸਕਿਆ, ਹੱਦ ਅੰਦਰ ਆਉਂਦਿਆਂ ਆਉਂਦਿਆਂ ਬੁੜਬੁੜਾਹਟ ਤਕ ਪਹੁੰਚ ਗਿਆ।

ਕਰਨਲ ਦੇ ਅੱਗੇ ਕਲਿਆਣੀ ਹੱਥ-ਪਲਾ ਜੋੜਨ ਲੱਗੀ — "ਇਹਦੀ ਤਾਂ ਮੱਤ ਮਾਰੀ ਗਈ ਏ। ਤੁਸੀਂ ਸੱਜਨ ਭਰਾ ਹੋਰਾਂ ਨੂੰ ਸਮਝਾਓ ਇਹਨਾਂ ਬੱਚਿਆਂ ਦਾ ਮੂੰਹ ਵੇਖਣ।"

ਕਰਨਲ, ਕੰਨਿਆ ਅਤੇ ਸੱਜਨ ਵਿਚਕਾਰ ਗੱਲਾਂ ਹੋਈਆਂ। ਸੱਜਨ ਆਪਣੇ ਫ਼ੈਸਲੇ ਤੇ ਅਡੋਲ ਰਿਹਾ, ਉਹਨੇ ਕਿਹਾ — "ਵੇਖ ਕਰਨਲ, ਇਹ ਮੇਰਾ ਮੁਆਮਲਾ ਨਹੀਂ। ਸਾਰੀਆਂ ਗੱਲਾਂ ਮੇਰੇ ਟ੍ਰਸਟ ਦੇ ਬਹਾਨੇ ਸ਼ੁਰੂ ਹੋਈਆਂ। ਜੇ ਇਹਨਾਂ ਗੱਲਾਂ ਬਾਰੇ ਕੁਝ ਨਾ ਕਰਾਂ ਤਾਂ ਮੇਰੇ ਟ੍ਰਸਟ ਨੂੰ ਨੁਕਸਾਨ ਪਹੁੰਚਦਾ ਏ। ਆਪਣੇ ਸੰਗਠਨ ਦੀ ਰਾਖੀ ਲਾਈ ਮਹੀਪਾਲ ਨੂੰ ਸਜ਼ਾ ਦਿਵਾ ਕੇ ਈ ਰਹਾਂਗਾ। ਤੈਨੂੰ ਵੀ ਮੇਰੀ ਵਲੋਂ ਗੁਆਹੀ ਦੇਣੀ ਪਏਗੀ। ਸਾਡੇ ਦੋਵਾਂ ਵਿਚ ਜਿਹੜੀਆਂ ਵੀ ਕਮਜ਼ੋਰੀਆਂ ਤੂੰ ਵੇਖੀਆਂ ਨੇ ਉਹਨਾਂ ਬਾਰੇ ਜਿਉਂ ਤਿਉਂ ਦੱਸੀ। ਮੈਂ ਤੈਥੋਂ ਪਿਆਰ ਨਹੀਂ ਚਾਹੁੰਦਾ, ਇਨਸਾਫ਼ ਚਾਹੁੰਦਾ ਆਂ।"

ਸੱਜਨ ਨੇ ਕਿਹਾ ਤੇ ਉੱਠ ਕੇ ਚਲਾ ਗਿਆ।

ਜਲਸੇ ਦੀ ਰੀਪੋਰਟ ਤਾਈ ਦੇ ਬੀਮਾਰੀ ਦੇ ਬਿਸਤਰੇ ਤਕ ਪਹੁੰਚ ਗਈ। ਸ੍ਰੀ ਰਾਧੇ ਸ਼ਿਆਮ ਦੇ ਵਿਆਹ ਅਤੇ ਆਪਣੀ ਕਿਰਿਆ ਦੇ ਬਹਾਨੇ ਏਨਾ ਦਾਨਪੁੰਨ ਕਰਨ ਵਾਲੀ ਤਾਈ ਦੇ ਰੋਗ-ਆਸਣ ਲਾਗੇ ਸਾਰਾ ਦਰਬਾਰ ਜੁੜਨ ਲਗ ਪਿਆ ਸੀ। ਗੁਰਕੁਲਦੁਆਰੇ ਦੇ ਪੁਜਾਰੀ, ਹਜ਼ੂਰੀਆ, ਪਾਣੀ ਢੋਣ ਵਾਲਾ, ਕੀਰਤਨੀਆ, ਸਰਸਵਤੀ ਦਾਦੀ, ਖੰਨੇ ਦੀ ਨੂੰਹ, ਨੰਦੋ, ਨੰਦੋ ਦੀ ਮਾਂ, ਤਾਰਾ, ਛੋਟੀ, ਮੁਹੱਲੇ ਦੀਆਂ ਹੋਰ ਵੀ ਕੁਝ ਬੁੱਢੀਆਂ ਠੇਰੀਆਂ ਤਾਈ ਦੇ ਘਰ ਦਿਨੇ ਰਾਤ ਆਉਂਦੀਆਂ ਜਾਂਦੀਆਂ ਰਹੀਆਂ। ਤਾਈ ਦਾ ਬੁਖ਼ਾਰ ਤੇਜ਼ ਸੀ। ਵਿਚ ਵਿਚਾਲੇ ਹੋਸ਼ ਗੁਆ ਬਹਿੰਦੀ ਸੀ। ਹੋਸ਼ ਪਰਤਣ ਤੇ ਹਰ ਪਾਸੇ ਨਜ਼ਰ ਭੁਆ ਕੇ ਲੋਕਾਂ ਨੂੰ ਵੇਖ ਲੈਂਦੀ। ਕਦੇ ਕਦਾਈਂ ਉਹਨਾਂ ਦੀਆਂ ਗੱਲਾਂ ਦਾ ਹਾਂ-ਨਾਂਹ ਵਿਚ ਜਵਾਬ ਵੀ ਦੇ ਦੇਂਦੀ। ਤਾਈ ਦੇ ਕੰਨੀਂ ਖ਼ਬਰ ਪਈ ਕਿ ਰਾਜਾ ਸਾਹਿਬ ਨੇ ਕੰਪਨੀ ਬਾਗ ਵਿਚ ਮੀਟਿੰਗ ਕਰ ਕੇ ਉਹਦੇ ਸੱਜਨ ਨੂੰ ਵੱਡੀਆਂ ਵੱਡੀਆਂ ਗਾਲ੍ਹਾਂ ਕੱਢੀਆਂ ਅਤੇ ਉਹ ਤੇ ਜਾਨਕੀ ਸਰਨ ਮਿਲ ਕੇ ਮਰਦਾਨੀ ਹਵੇਲੀ 'ਚੋਂ ਸੱਜਨ ਨੂੰ ਕੱਢ ਕੇ ਆਪਣਾ ਸਕੂਲ ਚਲਾਉਣਗੇ। ਤੇਜ਼ ਬੁਖਾਰ ਅਤੇ ਕਮਜ਼ੋਰੀ ਵਿਚ ਵੀ ਤਾਈ ਇਹ ਸੁਣ ਕੇ ਕੜਕੀ। ਉਹਦੀ ਉਮਰ ਭਰ ਦੀ ਜ਼ਹਿਰ ਬੁਝੀ ਜ਼ਬਾਨ ਜ਼ਹਿਰ ਉਗਲਣ ਲੱਗੀ; ਦੋਵਾਂ ਹੱਥਾਂ ਦੀਆਂ ਮੁੱਠਾਂ ਵੱਟੀਆਂ ਗਈਆਂ, ਗਲ ਦੀਆਂ ਨਸਾਂ ਤਣੀਆਂ ਗਈਆਂ, ਮੂੰਹ ਕ੍ਰੋਧ ਨਾਲ ਡਰਾਉਣਾ ਬਣ ਗਿਆ। ਤਾਈ ਨੇ ਪੂਰੇ ਦਿਲੋਂ ਆਪਣੇ ਪਤੀ ਨੂੰ ਮਾੜਾ ਚੰਗਾ ਕਿਹਾ। ਗ਼ੁੱਸੇ ਨੇ ਉਹਦੀ ਸਿਹਤ ਤੇ ਮਾਰੂ ਅਸਰ ਕੀਤਾ ਅਤੇ ਉਹ ਬੇਹੋਸ਼ ਹੋ ਗਈ।

ਉਸ ਦਿਨ ਸ਼ਾਮ ਨੂੰ ਤਾਈ ਨੇ ਨੰਦੋ ਨੂੰ ਆਪਣੇ ਕੋਲ ਰੱਖ ਲਿਆ। ਕੰਨਿਆ ਤਿੰਨਾਂ ਘੰਟਿਆਂ ਵਾਸਤੇ ਤਾਈ ਕੋਲ ਤਾਰਾ ਦੀ ਡਿਊਟੀ ਲਾ ਕੇ ਡਾ: ਸ਼ੀਲਾ ਸਿੰਵਗ ਨਾਲ ਗਲੀ ਮੁਹੱਲੇ ਦੇ ਘਰ ਘਰ ਔਰਤਾਂ ਬੱਚਿਆਂ ਦੀ ਸਿਹਤ ਵੇਖਣ ਲਈ ਗਈ ਸੀ। ਤਾਈ ਨੇ ਤਾਰਾ ਨੂੰ ਦੂਰ ਬਹਿਣ ਲਈ ਕਹਿ ਕੇ ਨੰਦੋ ਨਾਲ ਹੌਲੀ ਹੌਲੀ ਕੁਝ ਗੱਲਾਂ ਕੀਤੀਆਂ। ਨੰਦੋ ਦੇ ਮੂੰਹ ਤੇ ਤਕੜੀ ਜ਼ਿਮੇਂਵਾਰੀ ਅਤੇ ਭੇਦ ਝਲਕ ਪਿਆ। ਦੀਵਾ ਬੁਝਦਿਆਂ ਹੀ ਤਾਈ ਨੇ ਤਾਰਾ ਨੂੰ ਆਪਣੇ ਬੱਚੇ ਸਣੇ ਘਰ ਜਾਣ ਲਈ ਕਿਹਾ। ਤਾਰਾ ਤਾਈ ਦੀ ਸੇਵਾ ਦੇ ਪੱਖੋਂ ਓਥੋਂ ਜਾਣ ਲਈ ਤਿਆਰ ਨਹੀਂ ਸੀ। ਤਾਈ ਦੇ ਚਿਹਰੇ ਉੱਤੇ ਕ੍ਰੋਧ ਦੀਆਂ ਧਾਰੀਆਂ ਉੱਭਰ ਆਈਆਂ, ਜ਼ਿਆਦਾ ਬੋਲਣ-ਚਾਲਣ ਦੀ ਤਾਕਤ ਉਹਦੇ ਵਿਚ ਨਹੀਂ ਸੀ। ਨੰਦੋ ਨੇ ਤਾਰਾ ਨੂੰ ਸਮਝਾ ਕੇ ਆਖਿਆ — "ਵੇਖੋ, ਜੋ ਇਹ ਕਹਿ ਰਹੀ ਏ ਉਹ ਮੰਨ ਲਓ। ਉਂਜ ਮੈਂ ਤਾਂ ਇਹਦੇ ਕੋਲ ਈ ਆਂ।" ਤਾਰਾ ਸਮਝ ਗਈ ਅਤੇ ਬਿਨਾਂ ਕੁਝ ਕਹੇ ਈ ਆਪਣੇ ਬੱਚੇ ਨੂੰ ਕੁਛੜ ਚੁੱਕ ਕੇ ਜਾਣ ਲੱਗੀ। ਬੱਚੇ ਨੂੰ ਜਾਂਦਿਆਂ ਵੇਖ ਕੇ ਤਾਈ ਨੇ ਆਪਣਾ ਢਿੱਲਾ ਹੱਥ ਚੁੱਕ ਕੇ ਉਹਨੂੰ ਕੋਲ ਬੁਲਾਇਆ।

ਤਾਈ ਦੇ ਚਿਹਰੇ ਤੇ ਮੋਹ ਭਰਿਆ ਸੁਖ ਪੱਸਰ ਗਿਆ। ਤਾਰਾ ਉਹਨੂੰ ਲੈ ਕੇ ਤਾਈ ਵੱਲ ਨਿਵੀ। ਬੱਚੇ ਨੇ ਆਪਣਾ ਖੇਡਦਾ ਹੱਥ ਤਾਈ ਦੀ ਗਰਮ ਹਥੇਲੀ ਤੇ ਧਰ ਦਿਤਾ। ਤਾਈ ਨੇ ਇਕ ਵਾਰ ਬੱਚੇ ਦੇ ਨਿੱਕੇ ਨਿੱਕੇ ਹੱਥਾਂ, ਗਲ੍ਹਾਂ ਅਤੇ ਸਿਰ ਤੇ ਹੌਲੀ ਜਿਹੀ ਹੱਥ ਫੇਰਿਆ। ਉਹਦੇ ਫਿੱਕੇ ਰੋਗੀ ਚਿਹਰੇ ਤੇ ਹਾਸਾ ਖਿਲਰ ਗਿਆ, ਫਿਰ ਉਹਨੇ ਇਸ਼ਾਰੇ ਨਾਲ ਤਾਰਾ ਨੂੰ ਜਾਣ ਲਈ ਕਿਹਾ। ਤਾਰਾ ਦੇ ਜਾਣ ਪਿੱਛੋਂ ਨੰਦੋ ਨੇ ਤਾਰਾ ਵਾਲੇ ਪਾਸੇ ਦੀ ਕੁੰਡੀ ਮਾਰ ਦਿਤੀ। ਤਾਈ ਨੇ ਸਿਰਹਾਣੇ ਹੇਠਾਂ ਰੱਖੀ ਇਕ ਛੋਟੀ ਜਿਹੀ ਪੋਟਲੀ ਕੱਢਣ ਲਈ ਆਖਿਆ। ਨੰਦੋ ਨੇ ਪੋਟਲੀ ਖੋਹਲ ਕੇ ਦਸਾਂ ਦਸਾਂ ਦੇ ਦੋ ਨੋਟ ਕੱਢੇ, ਤਾਈ ਨੂੰ ਵਿਖਾਏ ਅਤੇ ਆਪਣੇ ਪੱਲੇ ਬੰਨ੍ਹ ਲਏ। ਨੰਦੋ ਉਤਲੀ ਪੌੜੀ ਚੜ੍ਹਦੀ ਬੋਲੀ — "ਮੈਂ ਚਾਦਰ ਲੈ ਕੇ ਹੁਣੇ ਈ ਆਉਂਦੀ ਆਂ ਤਾਈ। ਛੋਟੀ ਨੂੰ ਐਥੇ ਬਠਾ ਜਾਵਾਂਗੀ। ਤੇਰੀ ਨੂੰਹ ਰਾਣੀ ਆਈ ਤਾਂ ਉਹਨੂੰ ਘੱਲ ਦਏਗੀ। ਛੋਟੀ ਤੇ — ਬਾਕੀ ਤਾਂ ਫਿਰ ਮੈਂ ਆਊਂ ਤੇ ਦਸੂੰ।"

ਕੰਨਿਆ ਕਰੀਬ ਅੱਠ ਵਜੇ ਤਾਈ ਦੇ ਘਰ ਆਈ। ਛੋਟੀ ਉੱਥੇ ਬੈਠੀ ਸੀ। ਤਾਈ ਨੂੰ ਉਸ ਵੇਲੇ ਝੌਕ ਆ ਗਈ ਸੀ। ਨਾਵਲ ਪੜ੍ਹਨਾ ਛੱਡ ਕੇ ਛੋਟੀ ਨੇ ਕੰਨਿਆ ਨੂੰ ਤਾਈ ਦਾ ਹਾਲ ਸੁਣਾਇਆ, ਨਾਲ ਹੀ ਉਹ ਹੁਕਮ ਜਿਹੜਾ ਨੰਦੋ ਕੰਨਿਆ ਲਈ ਛੱਡ ਗਈ ਸੀ।

ਕੰਨਿਆ ਨੇ ਪੁੱਛਿਆ — "ਕਿਉਂ, ਕੀ ਗੱਲ ਏ ?"

ਛੋਟੀ ਨੇ ਮੂੰਹ ਬਣਾ ਕੇ ਕਿਹਾ — "ਨੰਦੋ ਬੀਬੀ ਜੀ ਤੇ ਤਾਈ ਕਿਸੇ ਉੱਤੇ ਕੋਈ ਮੈਜਿਕ-ਵੈਜਿਕ ਕਰ ਰਹੀਆਂ ਨੇ। ਇਸ ਲਈ ਉਹ ਇਕੱਲੇ ਚਾਹੁੰਦੀਆਂ ਨੇ।"

"ਇਹ ਕੀ ਮਖ਼ੌਲ ਏ ? ਮੈਂ ਤਾਈ ਨੂੰ ਇਸ ਵੇਲੇ ਕਿਸੇ ਵੀ ਹਾਲਤ ਵਿਚ, ਜਾਂ ਕਿਸੇ ਬਹਾਨੇ ਆਪਣੇ ਸਰੀਰ ਨੂੰ ਇੰਜ ਦੁੱਖ ਨਹੀਂ ਦੇਣ ਦੇਣਾ। ਮੈਂ ਨਹੀਂ ਜਾਵਾਂਗੀ..."

ਥੋਹੜਾ ਚਿਰ ਦੋਵਾਂ ਵਿਚ ਏਧਰ ਉਧਰ ਦੀਆਂ ਗਲਾਂ ਹੋਣ ਲੱਗੀਆਂ। ਤਾਈ ਜਾਗੀ। ਕੰਨਿਆ ਨੇ ਝਟ ਉੱਠ ਕੇ ਤਾਈ ਦੇ ਸਿਰ ਤੇ ਹੱਥ ਰਖਿਆ, ਤਬੀਅਤ ਬਾਰੇ ਪੁੱਛਿਆ। ਤਾਈ ਨੇ ਉਹਦੀ ਬਾਹ ਤੇ ਪਿਆਰ ਨਾਲ ਹੱਥ ਥਪਕਦਿਆਂ ਆਖਿਆ — "ਠੀਕ ਆਂ। ਤੂੰ ਜਾ ਬਹੂ।"

"ਤਾਈ ਜੀ, ਮੈਂ ਤੁਹਾਨੂੰ ਛੱਡ ਕੇ ਨਹੀਂ ਜਾਵਾਂਗੀ, ਉਹ ਮੈਨੂੰ ਬਹੁਤ ਗ਼ੁੱਸੇ ਹੋਣਗੇ।"

"ਤੈਨੂੰ ਮੇਰੀ ਸਹੁੰ, ਜਾਹ।" ਆਪਣੇ ਨੌਕਰਾਂ ਨੂੰ ਵੀ ਨਾਲ ਹੀ ਲੈ ਜਾਣ ਲਈ ਕਿਹਾ।

ਕੰਨਿਆ ਨੇ ਆਪਣੀ ਜ਼ਿਦ ਨੂੰ ਤਾਈ ਵਲੋਂ ਦੁਬਾਰਾ ਦ੍ਰਿੜ੍ਹਤਾ ਨਾਲ ਅਪ੍ਰਵਾਨ ਹੁੰਦਿਆਂ ਵੇਖਿਆ। ਅਜੇਹੀ ਹਾਲਤ ਵਿਚ ਉਹਦੇ ਲਈ ਤਾਈ ਕੋਲੋਂ ਚਲੇ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ। ਤਾਈ ਨਾਲ ਬਹਿਸ ਕਰਨੀ ਅਸੰਭਵ ਸੀ, ਏਸ ਹਾਲਤ ਵਿਚ ਤਾਂ ਹੋਰ ਵੀ ਜ਼ਿਆਦਾ। ਕੰਨਿਆ ਛੋਟੀ ਨੂੰ ਜ਼ਰੂਰੀ ਹਦਾਇਤ ਦੇ ਕੇ

ਆਪਣੇ ਨੌਕਰਾਂ ਨਾਲ ਆਪਣੀ ਮਰਜ਼ੀ ਵਿਰੁਧ ਚਲੀ ਗਈ।

ਰਾਤ ਦੇ ਸਾਢੇ ਗਿਆਰਾਂ-ਪੌਣੇ ਬਾਰਾਂ ਵਜੇ ਦੇ ਕਰੀਬ ਨੰਦੋ ਨੇ ਵਿਹੜੇ ਵਿਚ ਸਾਰਾ ਸਾਮਾਨ ਜੋੜਿਆ — ਇਕ ਬੋਤਲ ਸ਼ਰਾਬ ਚਾਰ ਸੂਰ ਦੇ ਬੱਚੇ, ਮਿੱਟੀ ਦੀ ਹਾਂਡੀ; ਆਟੇ ਦਾ ਪੁਤਲਾ, ਆਟੇ ਦਾ ਚੌਮੁਖੀਆ ਦੀਵਾ, ਇਕ ਤਮਾਕੂ ਦਾ ਪੱਤਾ, ਗਾਂਜਾ ਆਦਿ। ਤਾਈ ਅਜ ਆਪਣੇ ਪਤੀ ਦੇ ਸਿਰ ਤੇ ਕੁਝ ਧੂੜਨ ਦਾ ਪ੍ਰਬੰਧ ਕਰ ਰਹੀ ਸੀ। ਮੁੱਢਲਾ ਕੰਮ ਹੋਣ ਤੇ ਹਾਂਡੀ ਨੂੰ ਮੰਤਰ ਨਾਲ ਬੰਨ੍ਹਣ ਲਈ ਨੰਦੋ ਨੇ ਤਾਈ ਨੂੰ ਕਿਹਾ।

ਤਾਈ ਫਿਰ ਬੁਖਾਰ ਦੀ ਬੇਹੋਸ਼ੀ ਵਿਚ ਗੁਆਚ ਗਈ। ਨੰਦੋ ਗੱਲ ਦਾ ਜਵਾਬ ਨਾ ਮਿਲਣ ਕਰਕੇ ਕੋਲ ਆਈ। ਲਾਲਟੈਣ ਚੁੱਕ ਕੇ ਤਾਈ ਨੂੰ ਵੇਖਿਆ ਅਤੇ ਫਿਰ ਕੰਨ ਕੋਲ ਮੂੰਹ ਖੜਕੇ ਅਵਾਜ਼ ਦਿਤੀ — "ਤਾਈ ! ਤਾਈ !"

ਤਾਈ ਨੇ ਅਖਾਂ ਖੋਲ੍ਹੀਆਂ। ਪਥਰਾਈਆਂ ਪੁਤਲੀਆਂ ਨਾਲ ਨੰਦੋ ਨੂੰ ਵੇਖਿਆ, ਬੇਹੋਸ਼ੀ ਵਾਲੀ ਅਵਾਜ਼ ਵਿਚ ਪੁੱਛਿਆ — "ਕੀ ਗੱਲ ਆ ?"

"ਸਭ ਕੁਝ ਟਿਕਾਣੇ ਸਿਰ ਰੱਖ ਦਿਤਾ ਏ, ਤਾਈ।"

"ਰੱਖ ਦਿਤਾ ?" ਤਾਈ ਦੀ ਹੋਸ਼ ਪੂਰੀ ਤਰ੍ਹਾਂ ਪਰਤ ਆਈ। ਗੱਲ ਨੇ ਉਹਦੇ ਟੁੱਟੇ ਹੋਏ ਸਰੀਰ ਵਿਚ ਤਾਕਤ ਲੈ ਆਂਦੀ। ਉੱਠਣ ਦੀ ਕੋਸ਼ਿਸ਼ ਕਰਦੀ ਬੋਲੀ — "ਪੁੱਤ, ਮੈਨੂੰ ਉੱਥੇ ਲੈ ਚਲ।"

"ਤੂੰ ਓਥੇ ਕਿੱਦਾਂ ਜਾਏਂਗੀ ਤਾਈ ? ਅਜ ਮੁੱਠ ਵਾਲਾ ਮੰਤਰ ਮੈਨੂੰ ਦੇ ਦੇ।" ਨੰਦੋ ਨੇ ਜ਼ਿੱਦ ਕੀਤੀ।

ਤਾਈ ਦੇ ਬੁਖਾਰ ਨਾਲ ਸੁੱਕੇ, ਤਾਏ, ਝੁਰੜੀਆਂ ਵਾਲੇ ਚਿਹਰੇ ਤੇ ਮਾੜਾ ਜਿਹਾ ਹਾਸਾ ਪੱਸਰ ਗਿਆ। ਕਾਲੇ ਕਾਲੇ ਟੰਡਲਾਂ ਵਰਗੇ ਦੰਦ ਚਮਕ ਪਏ, ਆਖਿਆ — "ਏਦਾਂ ਮੰਤਰ ਦਿਤਾ ਜਾਂਦਾ ਏ ?" ਤਾਈ ਦੀ ਮਰੀਅਲ ਆਵਾਜ਼ ਨਵਾਂ ਸਾਹ ਲੈਣ ਲਈ ਰੁਕ ਗਈ, ਫਿਰ ਆਖ਼ਿਆ — "ਮਸਾਣ......ਤੇ......ਦਿਤਾ ਜਾਂਦਾ ਏ......ਮੰਤਰ... ਤੇਲੀ ਦੀ ਲਾਸ਼...ਤੇ, ਤੂੰ ਮੈਨੂੰ ਲੈ ਚਲ।" ਤਾਈ ਦੇ ਸਰੀਰ ਵਿਚ ਤਾਕਤ ਆਉਣ ਲੱਗੀ ਸੀ।

ਨੰਦੋ ਉਹਨੂੰ ਵਿਹੜੇ ਵਿਚ ਲੈ ਆਈ। ਤਾਈ ਨੇ ਹੱਥ ਪੈਰ ਧੋਤੇ। ਹਾਂਡੀ ਵਿਚ ਸਾਮਾਨ ਰਖਦਿਆਂ ਹੋਇਆਂ ਮੰਤਰ ਪੜ੍ਹਨਾ ਸ਼ੁਰੂ ਕੀਤਾ। ਆਪਣੇ ਪਤੀ ਨੂੰ ਮਾਰਨ ਲਈ ਮੰਤਰ ਵਿਚ ਉਹਦਾ ਨਾਂ ਲੈਣਾ ਜ਼ਰੂਰੀ ਸੀ। ਤਾਈ ਇਕ ਪਲ ਸੰਸਕਾਰਾਂ ਕਰਕੇ ਝਿਜਕੀ ਅਤੇ ਫਿਰ ਜ਼ੋਰ ਨਾਲ ਰਾਜਾ ਸਾਹਿਬ ਦਾ ਨਾਂ ਲੈ ਕੇ ਪੁਤਲੇ ਤੇ ਚੌ ਮੁਖੀਆ ਦੀਵਾ ਰਖ ਕੇ ਕੜਕ ਕੇ ਉਹਨੂੰ ਮਾਰਨ ਦਾ ਹੁਕਮ ਦਿਤਾ। ਪਲ ਭਰ ਲਈ — ਜ਼ਿੰਦਗੀ ਤਾਈ ਦੀਆਂ ਪਥਰਾਈਆਂ ਅੱਖਾਂ ਵਿਚ ਚੌ ਮੁਖੀਏ ਦੀਵੇ ਵਾਂਗ ਜਗਣ ਲੱਗ ਪਈ। ਨੰਦੋ ਡਰ ਦੀ ਮਾਰੀ ਉੱਠ ਖਲੋਤੀ। ਸੂਰ ਦੇ ਬੱਚੇ ਵਿਹੜੇ ਵਿਚ ਇਕੱਠੇ ਬੱਧੇ ਹੋਏ

ਚੀਕ ਚਿਹਾੜਾ ਮਚਾ ਰਹੇ ਸਨ। ਇਹ ਵੀ ਮੁੱਠ ਦੇ ਵਿਧਾਨ ਵਿਚ ਬੱਝ ਕੇ ਆਉਂਦੇ ਨੇ, ਇਸ ਲਈ ਕਿ ਜੇ ਦੂਜੇ ਪਾਸੇ ਵੀ ਕੋਈ ਸਿਆਣਾ ਜਾਦੂ ਹੋਏ ਤੇ ਤਕੜਾ ਮੋੜ ਮੋੜ ਕੇ ਮੁੱਠ ਪਰਤਾ ਦੇਵੇ, ਤਾਂ ਪਰਤੀ ਹੋਈ ਮੁੱਠ ਚਲਾਉਣ ਵਾਲੇ ਦਾ ਖ਼ੂਨ ਨਾ ਲਏ ਸਗੋਂ ਸੂਰ ਦੇ ਬੱਚਿਆਂ ਦੀ ਹੀ ਬਲੀ ਨਾਲ ਸੰਤੁਸ਼ਟ ਹੋ ਜਾਏ।

ਨੰਦੋ ਦੀਆਂ ਦੀਆਂ ਅੱਖਾਂ ਵਿਚ ਚੌਫੇਰੇ ਦਾ ਚਮਤਕਾਰ ਦਿਸਦਾ ਸੀ। ਅਚਾਨਕ ਤਾਈ ਉੱਚੀ ਸਾਰੀ ਚੀਕ ਪਈ — "ਨਈਂ-ਨਈਂ-ਨਈਂ !"

'ਕੀ — ਹੋਇਆ ਤਾਈ ?" ਆਂਹਦੀ ਹੋਈ ਕੋਲ ਆ ਕੇ ਤਾਈ ਨੂੰ ਸੰਭਾਲਣ ਲੱਗੀ......।

"ਹੁਣ, ਚਾਕੂ ਲਿਆ !" ਆਖ ਕੇ ਤਾਈ ਨੇ ਉਹਨੂੰ ਪਰ੍ਹੇ ਹਟਾ ਦਿਤਾ ਅਤੇ ਤੇਜ਼ੀ ਨਾਲ ਮੰਤਰ ਬੁੜਬੜਾਉਣ ਲੱਗੀ। ਡੇਢ ਮਹੀਨੇ ਤੋਂ ਬੁਖਾਰ ਦੀ ਭੰਨੀ ਤਾਈ ਨੇ ਆਪਣੀ ਇੱਛਿਆ ਸ਼ਕਤੀ ਨਾਲ ਉਸ ਪਲ ਬੀਮਾਰੀ ਨੂੰ ਜਿੱਤ ਲਿਆ। ਬੜੀ ਕਾਹਲੀ ਅਤੇ ਤਕੜਾਈ ਨਾਲ ਮੰਤਰ ਪੜ੍ਹਦਿਆਂ ਉਹਨੇ ਉੱਚੀ ਉੱਚੀ ਬੋਲਣਾ ਸ਼ੁਰੂ ਕੀਤਾ — "ਮੁੜ ਆ, ਮੁੜ ਆ, ਮੇਰੇ ਉੱਤੇ ਮੁੜ ਆ !" ਨੰਦੋ ਚਾਕੂ ਲੈ ਆਈ ਸੀ। ਤਾਈ ਨੇ ਜੋਸ਼ ਨਾਲ ਬੜੀ ਜ਼ੋਰ ਦੀ ਉਹ ਆਪਣੀ ਖੱਬੀ ਹਥੇਲੀ ਵਿਚ ਖੋਭ ਦਿਤਾ। ਹਾਂਡੀ ਤੇ ਤਾਈ ਦੇ ਹੱਥ 'ਚੋਂ ਲਹੂ ਟਪਕਣ ਲੱਗਾ।

ਤਾਈ ਪੌਣ ਦੇ ਜ਼ੋਰ ਨਾਲ ਬੁੜਬੜਾਉਂਦੀ ਰਹੀ। ਅਵਾਜ਼ ਦੀ ਕੜਕ ਵਿਚ ਗੁਆਚ ਗਈ, ਬੁੜਬੁੜਾਉਂਦਿਆਂ ਹੋਏ ਫਿਰੇ ਬੇਹੋਸ਼ੀ ਦੇ ਹਲਾਰੇ ਨਾਲ ਡਿਗ ਪਈ। ਉਹਦੇ ਡਿੱਗਣ ਨਾਲ ਹਾਂਡੀ ਉਲਟ ਗਈ। ਉਹਦਾ ਸਾਰਾ ਸਾਮਾਨ ਖਿਲਰ ਗਿਆ। ਨੰਦੋ ਡਰ ਕੇ ਤਾਈ ਨੂੰ ਉਸੇ ਹਾਲਤ ਵਿਚ ਛੱਡ ਕੇ ਭੱਜ ਗਈ।

ਦੂਸਰੇ ਦਿਨ ਤੋਂ ਹੀ ਤਾਈ ਨੂੰ ਸਰਸਾਮ ਹੋ ਗਿਆ। ਬੁੜਬੜਾਹਟ ਵਿਚ ਨਸ ਜਿਹੀ ਲਗਣ ਵਾਲੀਆਂ ਗੱਲਾਂ ਵਿਚ ਇਹ ਇਹ ਗੱਲ ਵੀ ਟੁੱਟੇ ਭਜੇ ਸ਼ਬਦਾਂ ਵਿਚ ਨਿਕਲੀ — ਕਿ "ਮਰਨ ਨੇੜੇ ਹੁਣ ਕਿਸੇ ਦਾ ਬੁਰਾ ਨਹੀਂ ਚਿਤਵਣਾ।" ਓਸੇ ਦਿਨ ਤਾਈ ਦੀ ਹਾਲਤ ਵਿਗੜ ਗਈ। ਉਸੇ ਦਿਨ ਸੱਜਨ ਬਾਬਾ ਜੀ ਨੂੰ ਮਿਲਣ ਉਹਨਾਂ ਦੇ ਪਿੰਡ ਗਿਆ ਹੋਇਆ ਸੀ। ਤਾਈ ਬੁੜਬੁੜਾਹਟ ਵਿਚ ਉਹਦਾ ਨਾਂ ਵੀ ਲੈਂਦੀ ਸੀ।

50

ਸੱਜਨ ਬਾਬਾ ਜੀ ਨੂੰ ਮਿਲਣ ਪਿੰਡ ਜਾ ਰਿਹਾ ਸੀ। ਉਹਦਾ ਮਨ ਪਰਸਪਰ ਵਿਰੋਧੀ ਵਿਚਾਰਾਂ ਵਿਚ ਘਿਰਿਆ ਹੋਇਆ ਸੀ। ਕਰਨਲ ਨੇ ਉਹਨੂੰ ਮਹੀਪਾਲ ਤੇ ਮੁਕਦਮਾ ਨਾ ਕਰਨ ਲਈ ਜ਼ੋਰ ਦਿਤਾ ਅਤੇ ਕਰਨਲ ਦੀ ਆਸ ਦੇ ਉਲਟ ਸੱਜਨ ਨੇ ਉਹਦੀ

ਜ਼ਿੱਦ ਨਾ ਮੰਨੀ। ਸੱਜਨ ਕਹਿੰਦਾ ਸੀ ਕਿ ਇਹ ਸਿਧਾਂਤ ਦੀ ਗੱਲ ਹੈ; ਸਵਾਲ ਸਿਰਫ ਇਕ ਵਿਅਕਤੀ ਦੇ ਅਪਮਾਨ ਦਾ ਨਹੀਂ ਸਗੋਂ ਅਨੇਕ ਲੋਕਾਂ ਦੀ ਆਰਥਕ ਅਤੇ ਨੈਤਿਕ ਹਾਨੀ ਦਾ ਹੈ। ਸੱਜਨ ਇਸ ਵੇਲੇ ਵਿਅਕਤੀ ਨਹੀਂ ਸੰਸਥਾ ਹੈ ਉਹਦੇ ਵਿਅਰਥ ਅਪਮਾਨ ਨਾਲ ਇਕ ਅਜੇਹੀ ਸੰਸਥਾ ਦਾ ਅਪਮਾਨ ਹੋ ਸਕਦਾ ਹੈ ਜਿਹੜੀ ਆਮ ਲੋਕਾਂ ਦੇ ਫ਼ਾਇਦੇ ਲਈ ਬਣਾਈ ਗਈ ਹੈ। ਕਰਨਲ ਨੇ ਕੰਨਿਆ ਨੂੰ ਵੀ ਰਾਜ਼ੀ ਕਰ ਲਿਆ ਪਰ ਸੱਜਨ ਨੇ ਉਹਦੀ ਗੱਲ ਵੀ ਨਾ ਮੰਨੀ, ਕਿਹਾ — "ਇਹ ਮੇਰਾ ਨਿੱਜੀ-ਮੁਆਮਲਾ ਨਹੀਂ। ਮੈਂ ਸਿਧਾਂਤ ਲਈ ਲੜ ਰਿਹਾ ਆਂ। ਮੈਨੂੰ ਜਿਸ ਹਾਲਤ ਵਿਚ ਇਹ ਕਦਮ ਚੁੱਕਣਾ ਪੈ ਰਿਹਾ ਏ ਮੈਂ ਓਸੇ ਨੂੰ ਹੀ ਮਹੱਤਵ ਦੇ ਰਿਹਾਂ, ਆਪਣੇ ਆਪ ਨੂੰ ਨਹੀਂ।"

ਕੰਨਿਆ ਨੇ ਕਿਹਾ — "ਭਲਾ ਇਹ ਵੀ ਗੱਲ ਨਹੀਂ ਹੋ ਸਕਦੀ ਕਿ ਹਾਲਤ ਤੋਂ ਬਿਨਾਂ ਤੇਰੇ ਮਨ ਵਿਚ ਮਹੀਪਾਲ ਜੀ ਤੇ ਆਪਣੇ ਕਰਕੇ ਕ੍ਰੋਧ ਚੜ੍ਹਿਆ ਹੋਏ। ਸਮਾਜਕ ਪੱਖ ਤੋਂ ਆਪਣੀ ਸ਼ਖਸੀਅਤ ਨੂੰ ਵੇਖਦਿਆਂ ਹੋਇਆਂ ਕੀ ਇਹ ਸੰਭਵ ਨਹੀਂ ਕਿ ਤੇਰੀ ਬਹੁਤ ਨਿੱਜੀ, ਆਪਣੇ ਮਿੱਤਰ ਮਹੀਪਾਲ ਜੀ ਲਈ, ਕੋਈ ਪੁਰਾਣੀ — ਈਰਖਾ ਦੀ ਭਾਵਨਾ ...."

"ਉਹ ਤੂੰ ਮੈਨੂੰ ਪੁੱਛ। ਇਹ ਮੁਆਮਲਾ ਆਰਟਿਸਟ ਕਵਾਲਟੀ ਦਾ ਏ। ਦੋਵਾਂ ਵਿਚ ਜਦ ਤੋਂ ਦੋਸਤੀ ਪਈ ਉਦੋਂ ਤੋਂ ਸਾੜਾ ਵੀ ਏ ਮੈਂ ਜਾਣਦਾਂ।" — ਹੱਥ ਚੁੱਕ ਕੇ ਹਵਾ ਨੂੰ ਉਂਗਲੀ ਨਾਲ ਤਰਾਸ਼ਦਿਆਂ ਹੋਇਆਂ ਅੱਖਾਂ ਦੀਆਂ ਪੁਤਲੀਆਂ ਅਤੇ ਚਿਹਰੇ ਉੱਤੇ ਤੈਸ਼ ਦੇ ਤਾਅ ਨਾਲ ਕਰਨਲ ਨੇ ਸਾਫ ਨਿਰਪੱਖ ਗੱਲ ਆਖੀ। ਫਿਰ ਦੂਸਰੇ ਹੀ ਪਲ ਇਹ ਨਾ ਹੋਏ ਕਿ ਸੱਜਨ ਦਾ ਜੀਅ ਦੁਖਿਆ ਹੋਏ, ਝੱਟ ਦੇਣੀ ਹੱਸ ਕੇ ਉਹਦੇ ਵਲ ਵੇਂਹਦਿਆਂ ਹੋਇਆਂ ਆਖਿਆ — "ਵੇਖ ਬੁਰਾ ਨਾ ਮੰਨੀ ਤੇ ਜੇ ਬੁਰਾ ਮੰਨਣਾ ਹੋਏ ਤਾਂ ਇਕ ਰੋਟੀ ਵਧ ਖਾ ਲਈ। ਅਸਲ ਨਿਆਂ ਵਾਲੀ ਗੱਲ ਤਾਂ ਏਹੋ ਹੈਗੀਏ। ਪਰ ਵਾਹ ਭਈ ਬਿੰਨੋ, ਤੈਨੂੰ ਵੀ ਬਰਿਸਟਰ ਹੋਣਾ ਚਾਹੀਦਾ ਸੀ, ਬਰਿਸਟਰ। ਤੂੰ ਵੀ ਕੇਹੋ ਜਿਹਾ ਪੁਆਇੰਟ ਫੜਿਆ ਏ ਕਿ ਬਸ, ਜੀਂਦੀ ਰਹੁ। ਇਨਸਾਫ ਇਹਨੂੰ ਕਹਿੰਦੇ ਨੇ।"

ਸੱਜਨ ਸਿਰ ਨਿਵਾਈ ਚੁੱਪਚਾਪ ਸੁਣਦਾ ਰਿਹਾ। ਉਹਦੇ ਚਿਹਰੇ ਤੇ ਕੋਈ ਖਾਸ ਗੱਲ ਨਹੀਂ ਸੀ, ਸਿਰਫ਼ ਸ਼ਕਲ ਗੰਭੀਰ ਸੀ। ਕਰਨਲ ਦੀ ਗੱਲ ਪੂਰੀ ਹੋਣ ਤੇ ਉਹਨੇ ਸਿਰ ਚੁੱਕਿਆ, ਅਤੇ ਕੰਨਿਆ ਤੇ ਇਕ ਸਰਸਰੀ, ਪਰ ਅਪਣਤ ਭਰੀ ਨਜ਼ਰ ਸੁਟਦਿਆਂ ਹੋਇਆਂ ਕਰਨਲ ਨੂੰ ਵੇਖ ਕੇ ਕਿਹਾ — "ਮੈਂ ਤੇਰੀਆਂ ਗੱਲਾਂ ਦੇ ਸਾਈਕੋਲਾਜੀਕਲ ਅਸਰ ਤੋਂ ਦੂਰ ਆਂ ਕਰਨਲ, ਮੇਰੇ ਤੇ ਕੋਈ ਅਸਰ ਨਹੀਂ ਹੋਇਆ ਤੇ ਕੰਨਿਆ ਦੀ ਗੱਲ ਦੇ ਜਵਾਬ ਵਿਚ ਮੈਂ ਏਨਾ ਹੀ ਕਹਿਣਾ ਏ ਕਿ ਮਹੀਪਾਲ ਲਈ ਮੇਰੇ ਮਨ 'ਚ ਕੈਰ ਜ਼ਰੂਰ ਰਹੀ ਏ। ਮੈਂ ਕਰਨਲ ਨਾਲ ਜਿੰਨੇ ਸੌਖ, ਸੁਭਾਵਕ

ਤੇ ਸਾਫ ਤਰੀਕੇ ਨਾਲ ਪੇਸ਼ ਆਉਂਦਾ ਆਂ ਉਸ ਤਰ੍ਹਾਂ ਮਹੀਪਾਲ ਨਾਲ ਵਰਤਣ ਲਗਿਆਂ ਮੈਥੋਂ ਨਹੀਂ ਹੋ ਸਕਦਾ। ਮੈਂ ਉਹਦਾ ਬੜਾ ਸਤਿਕਾਰ ਕਰਦਾਂ। ਇਹ ਗੱਲ ਕੰਨਿਆ ਤੇਰੇ ਤੇ ਕਰਨਲ ਦੇ ਸਿਰ ਤੇ ਹੱਥ ਰਖ ਕੇ ਆਖ ਸਕਦਾ ਆਂ। ਉਹ ਇੰਟੇਲੈਕਚੁਅਲ ਤਾਂ ਨਹੀਂ, ਪਰ ਹੱਸਾਸ ਸੁਭਾ ਵਾਲਾ ਬੰਦਾ ਏ। ਉਂਜ ਮਹੀਪਾਲ ਪੜ੍ਹਦਾ ਵੀ ਬੜਾ ਏ, ਸੋਚਦਾ ਵੀ ਬੜਾ ਏ — ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਮੇਰਾ ਅਨੁਭਵ ਇਹ ਕਹਿੰਦਾ ਏ ਕਿ ਉਹਦੇ ਵਿਚ ਬਹੁਤ ਜ਼ਿਆਦਾ ਉੱਖੜ ਪੁੱਖੜ ਵੀ ਏ, ਤੇ ਉਹਦੇ ਵਿਚ ਦੰਭ, ਝੂਠਾ ਅਭਿਮਾਨ ਵੀ ਲੋੜੋਂ ਵਧ ਏ।"

ਕਰਨਲ ਨੇ ਕਿਹਾ — "ਇਹ ਤੇਰੀ ਗੱਲ ਬਿਲਕੁਲ ਠੀਕ ਏ। ਮੈਂ ਇਹ ਮੰਨਦਾ ਹਾਂ ਜਿੱਥੋਂ ਤਾਈਂ ਆਦਮੀਅਤ ਦਾ ਸਵਾਲ ਏ, ਭਲਮਾਣਸੀ ਦੀ ਗੱਲ ਏ ਉੱਥੇ ਤੇਰਾ ਉਹਦਾ ਕੋਈ ਕੰਪੈਰਾਈਜ਼ਨ* ਈ ਨਹੀਂ ਹੈਗਾ। ਮਹੀਪਾਲ ਦਾ ਜੀਅ ਬੜਾ ਹੋਛਾ ਛੁਲਛੁਲਾ ਹੈਗਾ ਏ। ਪਰ ਵੇਖ ਸੱਜਨ ਵੀਰ, ਮੇਰਾ ਇਹ ਸਿਧਾਂਤ ਰਿਹਾ ਏ ਕਿ ਮੁਸੀਬਤ ਵਿਚ ਫਸੇ ਦੁਸ਼ਮਣ ਲਈ ਵੀ ਜਾਨ ਲੜਾ ਦੇਣੀ ਚਾਹੀਦੀ ਏ, ਮਹੀਪਾਲ ਤੇ ਸਾਡਾ ਏਨਾ ਪੁਰਾਣਾ ਯਾਰ ਏ! ਡਰੂ ਬਾਹਮਣ ਏ ਸਹੁਰਾ ਹੁਣ ਉਹਦਾ ਕੀ ਕਰੀਏ। ਮੈਂ ਤੈਨੂੰ ਝੂਠ ਨਹੀਂ ਆਂਹਦਾ ਬਿੰਨੋ, ਮਹੀਪਾਲ ਅਜ ਬੜਾ ਗ੍ਰੇਟ ਆਦਮੀ ਹੁੰਦਾ, ਪਰ ਸੁਭਾ ਦੇ ਛੁਲਛੁਲੇ ਪਨ ਕਰਕੇ ਉਹਦਾ ਫਿਊਚਰ ਸਦਾ ਲਈ ਗਿਆ ਗੁਜ਼ਰਿਆ ਸਮਝ। ਹੁਣ ਰਾਮ ਜਾਣੇ ਕਿੱਥੋਂ ਇਹ ਤਕਦੀਰ ਦਾ ਸਿਕੰਦਰ ਚਿੱਤ ਹੋ ਗਿਆ ਏ ਕਿ......"

"ਹਾਂ, ਇਸ ਵੇਲੇ ਤਾਂ ਮਹੀਪਾਲ ਜੀ ਆਰਥਿਕ ਪੱਖੋਂ ਸੁਖੀ ਦਿੱਸਦੇ ਨੇ, ਚਾਲ੍ਹੀ ਪੰਜਾਹ ਹਜ਼ਾਰ ਰਾਇਲਟੀ ਮਿਲ ਗਈ ਏ। ਇਹ ਤਾਂ ਖ਼ੈਰ ਬੜਾ ਚੰਗਾ ਹੋਇਆ, ਪਰ ਏਨੇ ਚੰਗੇ ਲੇਖਕ ਹੋ ਕੇ ਕੰਮ ਬੜੇ ਬੇਢਬੇ ਕਰ ਰਹੇ ਨੇ।" ਕੰਨਿਆ ਨੇ ਕਿਹਾ।

"ਬੇਢਬੇ! ਮੈਂ ਕਹਿੰਦਾ ਆਂ ਮਹਾਂ ਬੇਢਬੇ! ਤੇ ਇਹ ਤੈਨੂੰ ਕਿੰਨ੍ਹੇ ਕਿਹਾ ਕਿ ਚਾਲ੍ਹੀ ਪੰਜਾਹ ਹਜ਼ਾਰ ਰਾਇਲਟੀ ਮਿਲ ਗਈ ਏ? ਵੀਹ ਹਜ਼ਾਰ ਦੀ ਰਕਮ ਮਿਲੀ ਸੀ ਜਿਸ 'ਚੋਂ ਦਸ ਹਜ਼ਾਰ ਦਾ ਦਾਜ ਚਲਾ ਗਿਆ। ਲੋਕਲ ਬਰਾਤ ਏ, ਫਿਰ ਜੰਞ ਦਾ ਦੋ ਦਿਨਾਂ ਦਾ ਉਤਾਰਾ ਏ। ਸਭ ਕੁਝ ਮਿਲਾ ਕੇ ਤਿੰਨ ਚਾਰ ਹਜ਼ਾਰ ਰੁਪਿਆ ਵਿਆਹ ਵਿਚ ਹੋਰ ਖ਼ਰਚ ਹੋਏਗਾ। ਸੋ ਚੌਦਾਂ ਹਜ਼ਾਰ ਇੰਜ ਗਏ। ਫਿਰ ਇਹ ਸਾਰੇ ਘਰ ਦੇ ਗਹਿਣੇ, ਕਪੜੇ, ਜੁੱਤੀਆਂ, ਜਰਾਬਾਂ ਫ਼ਰਨੀਚਰ ਆਦਿ ਬਦਲਾਏ ਗਏ, ਇਹ ਵੀ ਦੋ ਢਾਈ ਹਜ਼ਾਰ ਦਾ ਅੰਦਾਜ਼ਾ ਲਾ ਲਓ। ਕਲਿਆਣੀ ਜੀ ਦੋ ਚਾਰ ਨਵੇਂ ਗਹਿਣੇ ਪਾਈ ਫਿਰਦੀ ਏ ਉਹ ਵੀ ਚੰਗੇ ਕੀਮਤੀ ਦਿਸਦੇ ਨੇ। ਤੇ ਇਹ ਜਿਹੜੀ ਕਾਰ ਲਈ

---

* ਅੰਗਰੇਜ਼ੀ ਸ਼ਬਦ ਕੰਪੈਰੀਜ਼ਨ — ਮੁਕਾਬਲਾ

ਏ ਇਹ ਮੇਰੇ ਖਿਆਲ 'ਚ ਰੂਪ ਰਤਨ ਤੋਂ ਕੁਝ ਲੈਣਾ ਹੋਏਗਾ। ਉਂਜ ਜਿਹੜੀ ਰਕਮ ਆਈ ਸੀ ਉਹ ਚਲੀ ਗਈ । ਛੇਤੀ ਈ ਉਹਦੀ ਕਾਰ ਵੇਚਣ ਦੀ ਨੌਬਤ ਆਉਣੀ ਏ। ਏਸੇ ਲਈ ਕਹਿੰਦਾ ਆਂ ਕਿ ਬੜਾ ਛੁਲਛੁਲਾ ਏ।"

ਸੱਜਨ ਗੰਭੀਰ ਅਵਾਜ਼ ਵਿਚ ਬੋਲ ਪਿਆ — "ਏਥੇ ਏਥੇ ਮੈਂ ਤੇਰੇ ਨਾਲ ਮਤਭੇਦ ਰਖਦਾਂ ਕਰਨਲ। ਇਹ ਕੰਮ ਮਹੀਪਾਲ ਦੀ ਛੁਲਛੁਲੀ ਅਕਲ ਨਹੀਂ ਕਰ ਰਹੀ। ਇਹ ਕੰਮ ਉਹਦਾ ਬੜਾ ਸੋਚਿਆ ਸਮਝਿਆ ਹੋਇਆ ਏ, ਅਰਥ ਭਰਿਆ ਤੇ ਸਪਿਰਿਟੇਡ ਮੂਡ ਦਾ ਏ। ਉਹ ਆਪਣੇ ਪੈਸੇ ਦੀ ਥੁੜੋਂ ਕਰਕੇ ਮੇਰੇ ਨਾਲ ਬੜਾ ਸੜਦਾ ਰਿਹਾ ਏ। ਇਸ ਵਾਰ ਸ਼ਾਹੂਕਾਰਾਂ ਨਾਲ ਮੇਰੇ ਕੰਮ ਦੀ ਮੁਖਾਲਫ਼ਤ ਕਰਕੇ ਉਹਨੂੰ ਬੜਾ ਸੁਨਹਿਰੀ ਮੌਕਾ ਮਿਲਿਆ। ਉਹ ਇਹਦਾ ਲਾਭ ਉਠਾ ਰਿਹਾ ਏ......। ਮੈਂ ਤੈਨੂੰ ਸੱਚ ਕਹਿੰਦਾਂ ਕਰਨਲ, ਮਹੀਪਾਲ ਦਾ ਚਲਨ ਪਹਿਲਾਂ ਨਾਲੋਂ ਬੜਾ ਡਿਗ ਪਿਆ ਏ। ਸ਼ੀਲਾ ਨਾਲ ਆਪਣੇ ਸੰਬੰਧ ਤੋੜ ਕੇ ਆਪਣੀ ਪਤਨੀ ਦਾ ਜਿਹੜਾ ਵਫ਼ਾਦਾਰ ਬਣਿਆ ਏ ਉਹਦੇ ਵਿਚ ਵੀ ਉਹਦਾ ਕੁਝ ਡੂੰਘਾ ਈ ਵਿਚਾਰ ਏ।"

ਕਰਨਲ ਝਟਪਟ ਬੋਲਿਆ — "ਨਹੀਂ, ਉਹ ਤਾਂ ਮੇਰੀ ਅੱਖੀਂ ਵੇਖੀਂ ਗੱਲ ਏ ਸੱਜਨ। ਇਹਦੇ ਸਾਲੇ ਦੀ ਬਰਾਤ ਵਿਚ ਜਦ ਇਹਦੀ ਤੇ ਸ਼ੀਲਾ ਦੀ ਬਦਨਾਮੀ ਦੀ ਗੱਲ ਉੱਡੀ ਕਿ ਡਾਕਟਰ ਸ਼ੀਲਾ ਦਾ ਪੈਸਾ ਖਾਂਦਾ ਏ ਤਾਂ ਓਸ ਗੱਲ ਤੇ ਘਰ ਵਿਚ ਲੜਾਈ ਪਈ। ਇਹ ਘਰ ਛੱਡ ਕੇ ਸ਼ੀਲਾ ਦੇ ਘਰ ਰਹਿਣ ਲਈ ਚਲਾ ਗਿਆ। ਫਿਰ ਖ਼ੈਰ ਕਲਿਆਣੀ ਜੀ ਆਏ, ਮੈਂ ਇਹਨੂੰ ਸ਼ੀਲਾ ਵਲੋਂ ਮੋਟਰ ਤੇ ਆਪਣੇ ਨਾਲ ਲਿਆਇਆ। ਮੇਰੀਆਂ ਨਜ਼ਰਾਂ ਤੋਂ ਕੁਝ ਵੀ ਲੁਕਿਆ ਛੁਪਿਆ ਨਹੀਂ। — ਤੇ ਉਸ ਪਿਛੋਂ ਈ ਸਿਤਾਰਾ ਚਮਕ ਪਿਆ — ਇਹਦੇ ਕੋਲ ਵੀਹ ਹਜ਼ਾਰ ਰੁਪਏ ਦਾ ਚੈੱਕ ਆ ਗਿਆ। ਸੇਠ ਰੂਪ ਰਤਨ ਦੇ ਪ੍ਰਕਾਸ਼ਨ ਦਫ਼ਤਰ ਵਿਚ ਸਾਹਿਤ ਦਾ ਐਡਵਾਈਜ਼ਰ ਵੀ ਹੋ ਗਿਆ। — ਇਹ ਹੁਣ ਕੀਰਤਨਾਂ ਦਾ ਨੇਤਾ ਤਾਂ ਬਣ ਈ ਗਿਆ ਏ। ਹੁਣ ਨੇਤਾ ਵੀ ਬਣ ਜਾਏਗਾ।"

"ਏਸੇ ਲਈ ਤਾਂ ਕਹਿੰਦਾ ਆਂ ਕਿ —"

"ਮਹੀਪਾਲ ਦੀ ਮੋਟਰ ਕਦੇ ਨਹੀਂ ਵਿਕੇਗੀ। ਸਗੋਂ ਇਕ ਇਹਦੇ ਤੋਂ ਵੀ ਵੱਡੀ ਮੋਟਰ, ਜਾਂ ਸ਼ਾਇਦ ਨਵੀਂ ਮੋਟਰ ਵੀ ਖ਼ਰੀਦ ਸਕੇਗਾ ਨੈਨੀਤਾਲ ਵਿਚ ਕੋਠੀ ਵੀ ਬਣਾ ਸਕੇਗਾ।"

'ਤੁਸੀਂ ਅਦੁਤੀ ਬਣਨਾ ਚਾਹੁੰਦੇ ਓ ਰਾਮ ਜੀ, ਉਂਜ ਇਹ ਠੀਕ ਨਹੀਂ।" ਆਪਣੀ ਗੱਲ ਕਹਿੰਦਿਆਂ ਕਹਿੰਦਿਆਂ ਅਚਾਨਕ ਸੱਜਨ ਨੂੰ ਬਾਬਾ ਰਾਮ ਜੀ ਦੀ ਇਹ ਗੱਲ ਸੁਣੀ ਗਈ। ਸੱਜਨ ਲਈ ਇਹ ਹਾਲਤ ਬਹੁਤ ਹੀ ਅਜੀਬ ਬਣ ਗਈ। ਬਾਬਾ ਜੀ ਉਸ ਕਮਰੇ ਵਿਚ ਨਹੀਂ ਸਨ ਤੇ ਜਿਹੜੀ ਆਵਾਜ਼ ਆਈ ਉਹ ਵੀ ਦੂਰ ਦੀ ਸੀ।

ਸੱਜਨ ਦਾ ਮਨ ਕਿਸੇ ਹੱਦ ਤਕ ਦੁਖੀ ਹੋ ਗਿਆ। ਕਰਨਲ ਨੂੰ ਕੰਨਿਆ ਨਾਲ ਗੱਲ ਕਰਨੋਂ ਟੋਕਦਿਆਂ ਸੁਤੇ ਸਿਧ ਉਹਦੇ ਮੂੰਹੋਂ ਨਿਕਲ ਗਿਆ — "ਤੁਸਾਂ ਕੋਈ – ਕੋਈ ਆਵਾਜ਼ ਸੁਣੀ ?"

"ਕਿੱਦਾਂ ਦੀ ਆਵਾਜ਼ ?" ਕੰਨਿਆ ਨੇ ਪੁੱਛਿਆ।

"ਮੈਨੂੰ ਐਵੇਂ ਭੁਲੇਖਾ ਲਗਾ ਸੀ।" ਸੱਜਨ ਨੇ ਗੱਲ ਟਾਲੀ।

"ਉਸੇ ਦਿਨ ਸੱਜਨ ਨੇ ਪਿੰਡ ਜਾ ਕੇ ਬਾਬਾ ਜੀ ਨਾਲ ਮਿਲਣ ਦਾ ਮਨ ਬਣਾਇਆ। ਮਹੀਪਾਲ ਤੇ ਹੱਤਕ ਇੱਜ਼ਤ ਦਾ ਮੁਕਦਮਾ ਚਲਾਉਣ ਜਾਂ ਨਾ ਚਲਾਉਣ ਦਾ ਆਖ਼ਰੀ ਫ਼ੈਸਲਾ ਵੀ ਉਹ ਉਥੋਂ ਹੀ ਪਰਤਣ ਤੇ ਈ ਕਰੇਗਾ।"

ਦੂਸਰੇ ਦਿਨ ਸਵੇਰੇ ਤੜਕੇ ਈ ਸੱਜਨ ਬਾਬਾ ਜੀ ਨੂੰ ਮਿਲਣ ਲਈ ਆਪਣੇ ਇਕ ਮਿੱਤਰ ਦੀ ਜੀਪ ਕਾਰ ਲੈ ਕੇ ਆ ਗਿਆ। ਉਹਦੇ ਜਾਣ ਤੋਂ ਕੁਝ ਈ ਦੇਰ ਬਾਅਦ ਵਰਮਾ ਦਾ ਫ਼ੋਨ ਆਇਆ ਕਿ ਤਾਈ ਦੀ ਹਾਲਤ ਬੜੀ ਖ਼ਰਾਬ ਏ। ਕੰਨਿਆ ਨੇ ਝਟਪਟ ਹੀ ਆਪਣੇ ਡਰਾਈਵਰ ਨੂੰ ਸੱਜਨ ਪਿਛੇ ਘੱਲਿਆ, ਵੈਦ ਨੂੰ ਲੈ ਕੇ ਜਦ ਤਾਈ ਦੇ ਘਰ ਪਹੁੰਚੀ ਤਾਂ ਅੰਦਰ ਆਉਂਦਿਆਂ ਹੀ ਸੂਰ ਦਿਆਂ ਬੱਚਿਆਂ ਨੂੰ ਵੇਖ ਕੇ ਥੰਮ੍ਹ ਗਈ। ਤਾਈ ਬਿਸਤਰੇ ਤੇ ਬੇਹੋਸ਼ ਪਈ ਸੀ। ਬਿਸਤਰੇ ਉਤੇ ਸਰਸਾਮ ਨਾਲ ਉਬਲ ਰਹੀ ਸੀ। ਤਾਰਾ ਵਰਮਾ ਅਤੇ ਨੰਦੋ ਦੀ ਮਾਂ ਤਾਈ ਨੂੰ ਵੇਖ ਚਾਖ ਰਹੀਆਂ ਸਨ। ਤਾਈ ਵਿਚ ਵਿਚਕਾਰ ਉਠ ਕੇ ਦੌੜਦੀ,ਕਾਹਲੀ ਪੈਂਦੀ, ਆਲੇ ਦੁਆਲੇ ਵਾਲੇ ਨੂੰ ਮਾਰ ਵੀ ਬਹਿੰਦੀ। ਇਹਨਾਂ ਤਿੰਨਾ ਲਈ ਉਹਨੂੰ ਸੰਭਾਲਣਾ ਔਖਾ ਬਣਿਆ ਹੋਇਆ ਸੀ। ਵੈਦ ਜੀ ਨੇ ਨਬਜ਼ ਵੇਖ ਕੇ ਤਾਈ ਨੂੰ ਸਿਰਫ਼ ਦੋ ਤਿੰਨਾਂ ਘੰਟਿਆਂ ਦੀ ਪ੍ਰਾਹੁਣੀ ਦਸਿਆ। ਉਹਨਾਂ ਮੱਕਰਧਵੱਜ ਦੀ ਖ਼ੁਰਾਕ ਦਿਤੀ ਅਤੇ ਹੱਥਾਂ ਪੈਰਾਂ ਦੀਆਂ ਤਲ਼ੀਆਂ ਵਿਚ ਜਾਇਫਲ ਪੀਸ ਕੇ ਮਲਣ ਲਈ ਆਖਿਆ। ਕੰਨਿਆ ਦਾ ਦਿਮਾਗ ਚਾਰੇ ਪਾਸੇ ਚਲ ਰਿਹਾ ਸੀ। ਅੱਜ ਹੀ ਮਹੀਪਾਲ ਦੇ ਘਰ ਸ਼ਕੁੰਤਲਾ ਦੀ ਬਰਾਤ ਆਉਣ ਵਾਲੀ ਸੀ। ਕਰਨਲ ਉਸ ਪਾਸੇ ਹੀ ਰੁਝਿਆ ਹੋਇਆ ਸੀ। ਵਨ ਕੰਨਿਆ ਨੇ ਸੋਚ ਕੇ ਕਰਨਲ ਨੂੰ ਇਸ ਵੇਲੇ ਏਥੇ ਬੁਲਾਉਣਾ ਠੀਕ ਨਾ ਸਮਝਿਆ। ਉਹਨੇ ਵਰਮਾ ਨੂੰ ਘਲਵਾ ਕੇ ਆਪਣੀ ਕੋਠੀ ਟੈਲੀਫ਼ੋਨ ਕਰਵਾ ਕੇ ਦੀਵਾਨ ਜੀ ਨੂੰ ਬੁਲਵਾਇਆ। ਏਨੇ ਵਿਚ ਸੰਕਰ ਅਤੇ ਛੋਟੀ ਵੀ ਆ ਗਏ। ਨੰਦੋ ਨੇ ਆਪਣੇ ਕਿਸੇ ਸਵਾਰਥ ਲਈ ਜਾਦੂ ਟੂਣਾ ਕਰਵਾਇਆ ਅਤੇ ਤਾਈ ਨੂੰ ਕਸ਼ਟ ਦਿਤਾ, ਇਸ ਗੱਲ ਦੀ ਸ਼ਿਕਾਇਤ ਨੰਦੋ ਦੀ ਮਾਂ ਨੇ ਆਪ ਵਨ ਕੰਨਿਆ ਅਗੇ ਕੀਤੀ ਅਤੇ ਸ਼ੰਕਰ ਲਾਲ ਨੇ ਵੀ ਆਪਣੀ ਭੈਣ ਦੀ ਕਰਤੂਤ ਤੇ ਸ਼ਰਮ ਅਤੇ ਅਫ਼ਸੋਸ ਪ੍ਰਗਟ ਕੀਤਾ। ਕੰਨਿਆ ਨੇ ਰਾਜਾ ਸਾਹਿਬ ਦੇ ਘਰ ਵੀ ਇਤਲਾਹ ਦੇਣੀ ਬੜੀ ਜ਼ਰੂਰੀ ਸਮਝੀ।

ਗਲੀਆਂ ਵਿਚ ਦੂਰ ਦੂਰ ਤਕ ਟੂਣੇਹਾਰੀ ਤਾਈ ਦੇ ਸਵਰਗਵਾਸ ਹੋਣ ਦੀ ਚਰਚਾ

ਬਿਜਲੀ ਵਾਂਗ ਫੈਲ ਗਈ। ਮੁਹੱਲੇ ਵਾਲੇ ਮੌਤ ਦੀ ਖ਼ਬਰ ਸੁਣਦਿਆਂ ਹੀ ਤਾਈ ਦੇ ਬੂਹੇ ਉਤੇ ਇਕੱਠੇ ਹੋਣ ਲਗੇ। ਘਰ ਅੰਦਰ ਹੌਲੀ ਹੌਲੀ ਜ਼ਨਾਨੀਆਂ ਦੀ ਭੀੜ ਵਧਣ ਲਗੀ। ਕੰਨਿਆ ਨੇ ਜਾਦੂ ਟੂਣੇ ਦਾ ਸਾਮਾਨ ਪਹਿਲਾਂ ਹੀ ਸਾਫ਼ ਕਰਵਾ ਦਿਤਾ ਸੀ। ਉਹ ਨਹੀਂ ਸੀ ਚਾਹੁੰਦੀ ਕਿ ਤਾਈ ਦੇ ਆਖ਼ਰੀ ਵੇਲੇ ਨਾਲ ਵੀ ਕੋਈ ਇਸ ਤਰ੍ਹਾਂ ਦਾ ਪ੍ਰਸੰਗ ਜੁੜੇ। ਕੰਨਿਆ ਸੱਜਨ ਬਿਨਾਂ ਘਬਰਾ ਰਹੀ ਸੀ। ਲੋਕਾਂ ਨੇ ਕਿਹਾ ਕਿ ਬਬਾਣ ਬਣੇਗਾ, ਤਾਈ ਵਾਜੇ ਗਾਜੇ ਨਾਲ ਪੈਸਿਆਂ ਦੀ ਸੋਟ ਨਾਲ ਗੰਗਾ ਜਾਏਗੀ। ਕੰਨਿਆ ਨੇ ਦੀਵਾਨ ਜੀ ਨੂੰ ਲੋੜੀਂਦੇ ਖ਼ਰਚ ਲਈ ਕਹਿ ਦਿਤਾ ਸੀ। ਲਾਲਾ ਜਾਨਕੀ ਸਰਣ ਇਕ ਵਾਰ ਬੂਹੇ ਤੇ ਆਇਆ, ਸੱਜਨ ਬਾਰੇ ਪੁੱਛਿਆ, ਕਰਨਲ ਬਾਰੇ ਵੀ ਪੁੱਛਿਆ ਅਤੇ ਦੋਵਾਂ ਨੂੰ ਉਥੇ ਨਾ ਵੇਖ ਕੇ ਮੁੜ ਗਿਆ।

ਜਨਤਾ ਦੀ ਜ਼ਬਾਨ ਤੇ ਤਾਈ ਦੀ ਧੰਨ ਧੰਨ ਹੋ ਰਹੀ ਸੀ। ਉਹਦੇ ਕੁਝ ਕੀਤੇ ਕੰਮ ਸਮਾਜ ਵਿਚ ਵਾਹਵਾ ਈ ਸਲਾਹੇ ਜਾ ਰਹੇ ਸਨ। ਗੰਗਾ ਦੁਸਹਿਰੇ ਵਾਲੇ ਦਿਨ ਤਾਈ ਦੀ ਮੌਤ ਹੋਈ ਇਹ ਗੱਲ ਉਹਦੇ ਸਿੱਧਿਆਂ ਸਵਰਗ ਲੋਕ ਜਾਣ ਦੇ ਸਬੂਤ ਵਜੋਂ ਪੇਸ਼ ਕੀਤੀ ਜਾ ਰਹੀ ਸੀ।

ਸੱਜਨ ਪਰਤ ਆਇਆ। ਤਾਈ ਦੀ ਮੌਤ ਦੀ ਖ਼ਬਰ ਨੇ ਉਹਨੂੰ ਬਹੁਤ ਦੁਖ ਪਹੁੰਚਾਇਆ ਸੀ। ਤਾਈ ਉਹਦੇ ਬਹੁਤ ਹੀ ਨੇੜੇ ਆ ਗਈ ਸੀ। ਵਿਹੜੇ ਵਿਚ ਨੁਹਾਈ ਧੁਆਈ ਤਾਈ ਦੀ ਲੋਥ ਚੁੰਨੀ ਤਾਣ ਕੇ ਰਖੀ ਗਈ ਸੀ। ਸੱਜਨ ਨੂੰ ਤਾਈ ਦਾ ਚਿਹਰਾ ਖੋਲ੍ਹ ਕੇ ਵਿਖਾਇਆ ਗਿਆ। ਤਾਈ ਸੁਹਾਗ ਲੈ ਕੇ ਮਰੀ ਸੀ ਇਸ ਲਈ ਉਹਦੀ ਕੰਘੀ ਪੱਟੀ ਕੀਤੀ ਗਈ, ਮਾਂਗ ਵਿਚ ਸੰਧੂਰ ਭਰਿਆ ਹੋਇਆ ਸੀ, ਮੱਥੇ ਬਿੰਦੀ, ਨੱਕ 'ਚ ਨੱਥ, ਕੰਨੀਂ ਵਾਲ੍ਹੇ, ਸੱਜਨ ਨੇ ਤਾਈ ਨੂੰ ਇਸ ਰੂਪ ਵਿਚ ਕਦੇ ਵੀ ਨਹੀਂ ਸੀ ਵੇਖਿਆ। ਉਹਦੇ ਮੂੰਹ ਤੇ ਸੁਖ ਸ਼ਾਂਤੀ ਬਰਾਜੀ ਹੋਈ ਸੀ। ਉਹਦਾ ਜ਼ਿੰਦਗੀ ਭਰ ਦਾ ਘੋਲ ਮੋਈਆਂ ਝੁਰੜੀਆਂ ਵਿਚ ਸਮਾ ਗਿਆ ਸੀ। ਤਾਈ ਦੇ ਮੱਥੇ ਤੇ ਹੱਥ ਰਖ ਕੇ ਸੱਜਨ ਵਿਲਕ ਵਿਲਕ ਕੇ ਰੋ ਪਿਆ। ਕੰਨਿਆ, ਤਾਰਾ ਅਤੇ ਵਰਮਾ ਦੀਆਂ ਅੱਖਾਂ ਵਿਚੋਂ ਆ ਮੁਹਾਰੇ ਅੱਥਰੂ ਵਗ ਰਹੇ ਸਨ।

ਦੁਪਹਿਰ ਢਲ ਗਈ, ਤਾਂ ਕਿਤੇ ਜਾ ਕੇ ਫ਼ੋਨ ਤੇ ਫ਼ੋਨ, ਸੱਦੇ ਤੇ ਸੱਦੇ ਪਿਛੋਂ ਰਾਜਾ ਸਾਹਿਬ ਦੇ ਵੱਡੇ ਸਪੁੱਤਰ ਆਏ। ਤਦ ਤੀਕ ਤਾਈ ਦੇ ਬੂਹੇ ਤੇ, ਫਾਟਕ ਵਿਚ ਅਤੇ ਬਾਹਰ ਗਲੀ ਤੀਕ ਲੋਕਾਂ ਦੀ ਭੀੜ ਭਰ ਗਈ ਸੀ। ਘੰਟੇ, ਸੰਖ-ਘੜਿਆਲ ਨਾਲ ਤਾਈ ਦਾ ਬਬਾਣ ਨਿਕਲਿਆ। ਬੈਂਡ ਵਾਜਾ ਵਜਣ ਲਗਾ। ਮੁਹੱਲੇ ਦੇ ਦੋ ਨੌਜਵਾਨ ਬਬਾਣ ਉਤੇ ਮੋਰ ਪੰਖ ਦਾ ਚੌਰ ਕਰਨ ਲਗੇ। ਸੱਜਨ ਦੇ ਦੀਵਾਨ ਹੋਰਾਂ ਹੱਥ ਚੁਕ ਕੇ ਪੈਸੇ ਸੁਟੇ, ਝੱਲੀਆਂ ਟੱਡੀ ਮੰਗਤਿਆਂ ਦੀਆਂ ਟੋਲੀਆਂ ਜ਼ਮੀਨ ਤੇ ਡਿੱਗੇ ਪੈਸੇ ਚੁਕਣ ਲਈ ਅਤੇ ਖੋਹ ਮਾਈ ਕਰਨ ਵਿਚ ਫੁਰਤੀ ਵਖਾਉਣ ਲਗੀਆਂ। ਲੋਕਾਂ ਦਿਆਂ ਸਿਰਾਂ

ਉਤੇ ਗੁਲਾਲ ਮਲਿਆ ਹੋਇਆ ਸੀ। ਤਾਈ ਦਾ ਬਬਾਣ ਲੋਕੀਂ ਫੁੱਲਾਂ ਵਾਂਗ ਚੁਕੀ ਜਾ ਰਹੇ ਸਨ। ਸਾਰੀ ਉਮਰ ਤਾਈ ਨੂੰ ਛੇੜ ਕੇ ਉਹਦੀਆਂ ਗਾਲ੍ਹਾਂ ਨਾਲ ਆਪਣਾ ਮਨ ਪ੍ਰਚਾਵਾ ਕਰਨ ਵਾਲੇ ਬੱਚੇ, ਬੁੱਢੇ ਜਵਾਨ ਆਖ਼ਰੀ ਵਾਰ ਤਾਈ ਨਾਲ ਤੁਰੇ ਜਾ ਰਹੇ ਸਨ। ਅੱਜ ਤਾਈ ਦੀ ਸੋਟੀ ਦਾ ਡਰ ਨਹੀਂ ਸੀ, ਤਾਈ ਉਹਨਾਂ ਦਿਆਂ ਮੋਢਿਆਂ ਉਤੇ ਸੀ, ਦਿਲਾਂ ਤੇ ਸੀ, ਜ਼ਬਾਨਾਂ ਉਤੇ ਸੀ। ਗਲੀਆਂ ਪਾਰ ਕਰਕੇ ਚੌੜੀ ਸੜਕ ਉਤੇ ਆਉਂਦਿਆਂ ਹੀ ਸੱਜਨ ਦੇ ਦੀਵਾਨ ਜੀ ਨੇ ਚਾਂਦੀ ਸੋਨੇ ਦੇ ਫੁੱਲ ਸੁਟੇ। ਰਾਜਾ ਸਾਹਿਬ ਦੇ ਵੱਡੇ ਕਾਕੇ ਨੇ ਵੀ ਲੋਕ ਲਾਜ ਲਈ ਦਸਾਂ ਰੁਪਿਆਂ ਦੇ ਪੈਸੇ ਮੰਗਵਾ ਕੇ ਸੁਟ ਦਿਤੇ।

ਸ਼ਾਮ ਵੇਲੇ ਕਰਨਲ ਨੇ ਕਿਸੇ ਤੋਂ ਤਾਈ ਦੇ ਸਵਰਗਵਾਸ ਹੋਣ ਦੀ ਖ਼ਬਰ ਸੁਣੀ। ਉਹਨੇ ਇਹ ਵੀ ਸੁਣਿਆ ਕਿ ਲਾਸ਼ ਕਾਨਪੁਰ — ਗੰਗਾ ਜੀ ਗਈ ਹੈ। ਕਰਨਲ ਨੂੰ ਬੜਾ ਦੁਖ ਹੋਇਆ, ਪਰ ਉਹਨੇ ਮਹੀਪਾਲ ਨੂੰ ਨਹੀਂ ਕਿਹਾ। ਸ਼ਾਮ ਨੂੰ ਘਰ ਫੇਰਾ ਪੁਆਈ ਦਾ ਮਹੀਪਾਲ ਨੇ ਬੜਾ ਤਕੜਾ ਪ੍ਰਬੰਧ ਕੀਤਾ ਸੀ। ਬਹੁਤ ਸੱਦੇ ਪੱਤਰ ਵੰਡੇ ਸਨ, ਪਰ ਸੱਜਨ ਅਤੇ ਵਨ ਕੰਨਿਆ ਨੂੰ ਨਹੀਂ ਸੀ ਬੁਲਾਇਆ। ਕਰਨਲ ਉਤੇ ਆਪਣਾ ਹੱਕ ਜਿਤਾਉਣ ਲਈ ਮਹੀਪਾਲ ਨੇ ਉਹਨੂੰ ਸਵੇਰ ਤੋਂ ਹੀ ਬੁਲਾ ਲਿਆ ਸੀ। ਕਰਨਲ ਨੂੰ ਉਥੇ ਕੋਈ ਕੰਮ ਤੇ ਹੈ ਨਹੀਂ ਸੀ, ਵਿਹਲੇ ਬੈਠਿਆਂ ਬੈਠਿਆਂ ਉਹ ਵਿਆਹ ਦੇ ਘਰ ਦੀ ਚਹਿਲ ਪਹਿਲ ਅਤੇ ਰੀਤੀ ਰਸਮ ਵੇਖਦਾ ਰਿਹਾ। ਜੰਞ ਨੂੰ ਕਾਰਲਟਨ ਹੋਟਲ ਦੇ ਪੰਜਾਂ ਕਮਰਿਆਂ ਵਿਚ ਉਤਾਰਾ ਦਿਤਾ ਗਿਆ ਸੀ। ਬਰਾਤ ਆਉਂਦਿਆਂ ਹੀ ਮਿਰਚਬਾਨ, ਅਰਥਾਤ ਕਾਲੀ ਮਿਰਚ ਵਾਲਾ ਸ਼ਰਬਤ ਜੰਞ ਦੇ ਉਤਾਰੇ ਵਾਲੀ ਥਾਂ ਘੱਲਿਆ ਗਿਆ। ਫਿਰ ਸਾਰਾ ਦਿਨ ਨਾਸ਼ਤਾ-ਫਲ-ਮਠਿਆਈਆਂ ਖਾਣ ਪੀਣ ਦਾ ਸਾਮਾਨ, ਆਦਿ ਆਉਂਦਾ ਰਿਹਾ। ਸ਼ਾਮੀਂ ਸੱਤ ਵਜੇ ਨਿਉਤੇ ਦੀ ਰਸਮ ਹੋਈ। ਨਾਈ ਬਰਾਤ ਨੂੰ ਨਿਉਤਾ ਦੇਣ ਗਿਆ। ਮਹੀਪਾਲ ਦੇ ਘਰ ਸੱਦੇ ਹੋਏ ਲੋਕਾਂ ਦੀ ਭੀੜ ਜੁੜਨ ਲਗੀ। ਸੇਠ ਰੂਪ ਰਤਨ ਦੇ ਵਿਸ਼ਾਲ ਲਾਅਨ ਵਿਚ ਪ੍ਰੀਤੀ-ਭੋਜਨ ਦਾ ਪ੍ਰਬੰਧ ਕੀਤਾ ਗਿਆ ਸੀ। ਮੰਨੇ ਦੰਨੇ ਸ਼ਹਿਰੀਆਂ ਵਿਚ ਦੋ ਵਜ਼ੀਰ ਵੀ ਹਾਜ਼ਰ ਸਨ। ਮਹੀਪਾਲ ਇਹਦੇ ਨਾਲ ਬੜਾ ਖ਼ੁਸ਼ ਹੋਇਆ, ਲੋਕਾਂ ਨੂੰ ਕਹਿੰਦਾ ਫਿਰ ਰਿਹਾ ਸੀ ਕਿ ਜੇਕਰ ਇਹ ਨੈਨੀਤਾਲ ਦਾ ਸੀਜ਼ਨ ਨਾ ਹੁੰਦਾ ਤਾਂ ਆਪ ਪੰਤ ਜੀ ਮਹਾਰਾਜ ਅਤੇ ਗਵਰਨਰ ਮੋਦੀ ਹੋਰੀਂ ਵੀ ਉਹਦੇ ਘਰ ਜ਼ਰੂਰ ਆਏ ਹੁੰਦੇ।

ਬਰਾਤ ਦੇ ਘਰ ਨੇੜੇ ਪਹੁੰਚਣ ਦੀ ਖ਼ਬਰ ਮਿਲੀ। ਲੋਕ ਅਗੋਂ ਲੈਣ ਲਈ ਸੜਕ ਤੇ ਖੜੇ ਹੋ ਗਏ। ਫਿਰ ਲਖਨਊ ਦੇ ਬਾਜਪਾਈ ਅਤੇ ਬਾਲਾ ਦੇ ਸ਼ੁਕਲ ਆਪਣੇ ਆਪਣੇ ਵਡੱਪਣ ਨੂੰ ਲੈ ਕੇ ਰਸਮ ਅਨੁਸਾਰ ਸੜਕ ਤੇ ਖਲੋ ਗਏ। ਲੜਕੇ ਵਾਲੇ ਇਕ ਪੈਰ ਅਗਾਂਹ ਹੋ ਕੇ ਰੁਕੇ, ਲੜਕੀ ਵਾਲੇ ਵੀ ਰੁਕ ਗਏ। ਲੜਕੇ ਵਾਲਿਆਂ ਵਲ ਭੀੜ ਤਾਂ ਸੀ, ਬਰਾਤੀਆਂ ਵਿਚ ਮੰਨੇ-ਦੰਨੇ ਲੋਕ ਵੀ ਸਨ, ਪਰ ਲੜਕੀ ਵਾਲਿਆਂ ਦੇ ਪਾਸੇ ਵੱਡੇ ਵੱਡੇ

ਧਨੀ-ਮਾਨੀ, ਅਫ਼ਸਰ, ਡਾਕਟਰ, ਸਾਹਿਤਕਾਰ, ਪੱਤਰਕਰ ਅਤੇ ਮਨਿਸਟਰਾਂ ਤਕ ਆਏ ਹੋਏ ਸਨ। ਲੜਕੇ ਵਾਲਿਆਂ ਨੇ ਫਿਰ ਵੀ ਆਪਣੇ ਵਡੱਪਣ ਦੀ ਸਾਖ ਨਿਭਾਈ ਅਤੇ ਅਗਾਂਹ ਨਾ ਹੋਏ। ਇਸ ਤਰ੍ਹਾਂ ਪੈਰ ਪੈਰ ਤੇ ਖੇਚਲ ਕਰਨ ਪਿਛੋਂ ਕੁਝ ਦੇਰ ਪਿਛੋਂ ਮਹੀਪਾਲ ਅਤੇ ਡਾਕਟਰ ਜੈਪਾਲ ਅਗਾਂਹ ਵਧ ਕੇ ਸੰਬੰਧੀਆਂ ਦੇ ਅਗੇ ਨਿਵ ਗਏ। ਫਿਰ ਮਿਲਣੀ ਹੋਈ।

ਪਾਰਟੀ ਦੇ ਸਮੇਂ ਕਰਨਲ ਨੇ ਆਪਣੇ ਵਧੀਆ ਪ੍ਰਬੰਧ ਦੀ ਚੋਖੀ ਜਾਣਕਾਰੀ ਦਿਤੀ। ਪ੍ਰਾਹੁਣਿਆਂ ਦੇ ਵਿਦਾ ਹੋਣ ਪਿਛੋਂ ਕਰਨਲ ਨੇ ਮਹੀਪਾਲ ਤੋਂ ਛੁੱਟੀ ਮੰਗੀ। ਮਹੀਪਾਲ ਦੇ ਬਹੁਤ ਜ਼ੋਰ ਦੇਣ ਤੇ ਤੁਰਦਿਆਂ ਹੋਇਆਂ ਉਹਨੇ ਬਰਫ਼ੀ ਨਾਲ ਮੂੰਹ ਤਾਂ ਜ਼ਰੂਰ ਜੂਠਾ ਕਰਾ ਲਿਆ, ਪਰ ਉਸ ਤੋਂ ਖਾਧਾ ਕੁਝ ਨਾ ਗਿਆ। ਮਹੀਪਾਲ ਅਤੇ ਸੱਜਨ ਵਿਚ ਪਈ ਫੁਟ ਕਰਕੇ ਕਰਨਲ ਦਾ ਮਨ ਅਤੀ ਦੁਖੀ ਸੀ। ਮਹੀਪਾਲ ਦੇ ਵਿਹਾਰ ਨੇ ਉਹਨੂੰ ਹੱਦੋਂ ਬਾਹਰਾ ਸਤਾਇਆ ਸੀ। ਪਰਤਦਿਆਂ ਹੋਇਆਂ ਕਰਨਲ ਨੇ ਸੱਜਨ ਦੀ ਕੋਠੀ ਤੇ ਜਾ ਕੇ ਪਤਾ ਕੀਤਾ। ਕੰਨਿਆ ਨਾਲ ਮੇਲ ਹੋਇਆ। ਕਰਨਲ ਨੇ ਦਿਨੇ ਨਾ ਆ ਸਕਣ ਲਈ ਆਪਣੀ ਮਜਬੂਰੀ ਦਸੀ। ਕੰਨਿਆ ਤੋਂ ਹੀ ਉਹਨੂੰ ਪਤਾ ਲਗਾ ਕਿ ਉਹਨਾਂ ਦੇ ਨਾਂ ਤੇ ਦਾਗ਼ ਲਾਉਣ ਲਈ ਹੀ ਰਾਜਾ ਸਾਹਿਬ ਦੇ ਸਪੁੱਤਰ ਨੇ ਸੱਜਨ ਨੂੰ ਆਖ ਕੇ ਪਿਛਾਂਹ ਹਟਾ ਦਿਤਾ ਸੀ। ਭਾਵੇਂ ਸੱਜਨ ਦੇ ਮਨ ਅੰਦਰ ਇਹੋ ਜਿਹੀ ਕੋਈ ਗੱਲ ਹੁਣ ਤਕ ਨਹੀਂ ਸੀ ਆਈ ਫਿਰ ਵੀ ਸੱਜਨ ਨੂੰ ਇਹਦੇ ਨਾਲ ਬੜੀ ਸੱਟ ਵਜੀ। ਇਹਦੇ ਪਿਛੋਂ ਤਾਂ ਉਹ ਲਾਸ਼ ਨਾਲ ਕਾਨਪੁਰ ਵੀ ਨਹੀਂ ਸੀ ਜਾਣਾ ਚਾਹੁੰਦਾ, ਪਰ ਪਿਛੋਂ ਕੰਨਿਆ ਦੇ ਜ਼ੋਰ ਪਾਉਣ ਤੇ ਗਿਆ।

ਗੱਲ ਸੁਣ ਕੇ ਕਰਨਲ ਹੱਸਿਆ ਤੇ ਕਿਹਾ — "ਇਹ ਦਾਗ਼ ਲਾਉਣ ਵਾਲੀ ਗੱਲ ਭਾਈ ਸਾਹਿਬ ਦਾ ਕਾਨੂੰਨੀ ਟੋਟਕਾ ਏ। ਦਾਗ਼ ਨਾਲ ਸੱਜਨ ਕਿਤੇ ਤਾਈ ਦੀ ਬਚੀ-ਖੁਚੀ ਮਲਕੀਅਤ ਦਾ ਹੱਕਦਾਰ ਨਾ ਬਣ ਜਾਏ, ਇਸ ਲਈ ਇਹ ਸਫ਼ਾਈ ਪਹਿਲੋਂ ਤੋਂ ਈ ਦੇ ਲਈ।"

"ਇਹ ਲੋਕ ਕਿੰਨੇ ਨੀਵੇਂ ਹੁੰਦੇ ਨੇ ਜਿਹੜੇ ਪੈਸੇ ਨੂੰ ਹੀ ਹਰ ਸਮੇਂ ਵੇਖਦੇ ਨੇ।" ਕੰਨਿਆ ਨੇ ਆਖ ਕੇ ਇਕ ਠੰਡਾ ਸਾਹ ਲਿਆ।

51

ਤਾਈ ਦੇ ਮਰਨੇ ਦੇ ਦੂਸਰੇ ਦਿਨ ਹੀ ਸੱਜਨ ਨੂੰ ਰਾਜਾ ਸਾਹਿਬ ਦੇ ਵਕੀਲ ਦਾ ਨੋਟਿਸ ਮਿਲਿਆ। ਨੋਟਿਸ ਰਾਹੀਂ ਛੇਤੀ ਹੀ ਹਵੇਲੀ ਖ਼ਾਲੀ ਕਰਨ ਲਈ ਕਿਹਾ ਗਿਆ

ਸੀ। ਸੱਜਨ ਇਹਦੀ ਆਸ ਵੀ ਕਰਦਾ ਸੀ, ਪਰ ਕੰਨਿਆ ਦੀ ਚਲੀ ਚਲਾਈ ਪ ਠਸ਼ਾਲਾ ਨੂੰ ਚੁਕ ਕੇ ਉਹ ਕਿਥੇ ਜਾਏ ? ਉਂਜ ਤਾਂ ਹਸਪਤਾਲ ਲਈ ਖ਼ਰੀਦੇ ਗਏ ਮਕਾਨ ਵਿਚ ਵੀ ਉਹ ਲੈ ਜਾਂਦਾ, ਪਰ ਉਥੇ ਜਣੇਪੇ ਵਾਲੀਆਂ ਮਾਵਾਂ ਵਾਲੇ ਹਿੱਸੇ ਦੇ ਘਟ ਜਾਣ ਦਾ ਡਰ ਸੀ। ਨਾਲ ਹੀ ਜਣੇਪੇ-ਘਰ ਵਿਚ ਸਕੂਲ ਦਾ ਰੌਲਾ ਠੀਕ ਨਹੀਂ ਸੀ। ਸੱਜਨ ਅਤੇ ਕੰਨਿਆ ਇਸ ਗੱਲ ਬਾਰੇ ਬੜੀ ਚਿੰਤਾ ਕਰਨ ਲਗੇ। ਸੱਜਨ ਨੇ ਸੁਝਾ ਦਿਤਾ ਕਿ ਇਕ ਵਾਰ ਉਹ ਆਪ ਰਾਜਾ ਸਾਹਿਬ ਕੋਲ ਜਾ ਕੇ ਹਵੇਲੀ ਕਿਰਾਏ ਤੇ ਲੈਣ ਦੀ ਗੱਲ ਕਰੇਗਾ। ਕੰਨਿਆ ਨੇ ਕਿਹਾ ਕਿ ਰਾਜਾ ਸਾਹਿਬ ਨੇ ਇਹ ਮੰਨਣਾ ਨਹੀਂ। ਤੇ ਹੋਇਆ ਵੀ ਇਹੋ ਹੀ। ਰਾਜਾ ਸਾਹਿਬ ਨੇ ਅਤਿਅੰਤ ਨੇੜਤਾ ਵਿਖਾਉਂਦਿਆਂ, ਸਭ ਸੁਖ ਸਾਂਦ ਪੁੱਛਣ ਬਾਅਦ ਕਿਹਾ — "ਮੈਂ ਤਾਂ ਵੀਰ ਹੁਣ ਸਭ ਮਾਇਆ-ਮੋਹ ਛੱਡ ਬੈਠਾ ਹਾਂ। ਆਖ਼ਰੀ ਸਮੇਂ ਹਰੀ ਨਾਮ ਹੀ ਬਸ ਮੇਰੀ ਦੌਲਤ ਏ। ਤੁਸੀਂ ਰਾਜੇ ਵੀਰ ਨਾਲ ਗੱਲ ਕਰ ਲਓ, ਉਹੋ ਸਭ ਕੁਝ ਵੇਖਦੇ ਸੰਭਾਲਦੇ ਨੇ।"

ਰਾਜਾ ਭਾਈ ਸਾਹਿਬ ਨੂੰ ਮਿਲਣ ਤੇ ਸੱਜਨ ਨੂੰ ਦੋ ਕੌੜੀਆਂ ਗੱਲਾਂ ਸੁਣਨੀਆਂ ਪਈਆਂ। ਉਹ ਕਹਿਣ ਲਗੇ — "ਸਾਡੇ ਪੁਰਖਿਆਂ ਦੀ ਹਵੇਲੀ ਹਿੰਦੂ ਧਰਮ ਦੀ ਕਬਰ ਨਹੀਂ ਬਣੇਗੀ। ਲਾਲਾ ਸੱਜਨ ਮੱਲ ਜੀ। ਵੱਡੀ ਮਾਂ ਦੇ ਰਹਿੰਦਿਆਂ ਉਹਨਾਂ ਨੂੰ ਹੱਕ ਸੀ। ਬਾਕੀ ਹੁਣ ਤਾਂ ਉਹਦੇ ਵਿਚ ਬਾਊ ਜੀ ਉਹਦੇ ਵਿਚ ਸਾਡੀ ਦਾਦੀ ਦੇ ਨਾਂ ਤੇ ਵੈਦਿਕ ਪਾਠਸ਼ਾਲਾ ਖੋਲ੍ਹਣ ਦੀ ਗੱਲ ਪੱਕੀ ਕਰ ਚੁਕੇ ਨੇ।"

ਸੱਜਨ ਚੁੱਪ ਹੋ ਗਿਆ। ਉਹਨੇ ਫਿਰ ਦੂਸਰੀ ਗੱਲ ਕੀਤੀ, ਘਟੋ ਘਟ ਇਕ ਮਹੀਨੇ ਦੀ ਮੁਹਲਤ ਮੰਗੀ। ਭਾਈ ਸਾਹਿਬ ਨੇ ਮਿੱਠੀ ਜ਼ਬਾਨ 'ਚ ਕਿਹਾ — "ਸਾਡੀ ਗੱਲ ਨੂੰ ਗ਼ਲਤ ਨਾ ਸਮਝਿਓ ਸੱਜਨ ਮੱਲ। ਸਾਡੀ ਵਲੋਂ ਮਹੀਨਾ ਕੀ ਦੋ ਮਹੀਨੇ ਲੈ ਲਓ। ਸਾਡਾ ਤੁਹਾਡਾ ਕਈਆਂ ਪੁਸ਼ਤਾਂ ਦਾ ਵਿਹਾਰ ਏ। ਪਰ ਗੱਲ ਇਹ ਆ ਕਿ ਪਬਲਿਕ ਉਥੇ ਤੁਹਾਡੇ ਨਾਲ ਤੇ ਖ਼ਾਸ ਕਰਕੇ ਤੁਹਾਡੀ ਕੈਥ ਪਤਨੀ ਦੇ ਬਹੁਤ ਖ਼ਿਲਾਫ਼ ਹੋ ਗਈ ਏ। ਅਸੀਂ ਤਾਂ ਹਵੇਲੀ 'ਚੋਂ ਉਸ ਦੂਸਰੇ ਕਿਰਾਏਦਾਰ ਨੂੰ ਵੀ ਕੱਢਣਾ ਚਾਹੁੰਦੇ ਆਂ।"

ਸੱਜਨ ਨੂੰ ਗੱਲ ਬਹੁਤ ਮਾੜੀ ਲਗੀ, ਫਿਰ ਵੀ ਬੜੇ ਕਾਬੂ ਤੋਂ ਕੰਮ ਲੈਂਦਿਆਂ ਹੋਇਆਂ ਉਹਨੇ ਕਿਹਾ — "ਪਬਲਿਕ ਸਾਡੇ ਕਿੰਨੀ ਖ਼ਿਲਾਫ਼ ਏ ਇਹ ਗੱਲ ਤੁਸੀਂ ਰਹਿਣ ਦਿਓ। ਤੇ ਇਹ ਅੰਤਰ-ਜ਼ਾਤੀ ਸ਼ਾਦੀਆਂ ਵੀ, ਬੁਰਾ ਨਾ ਮੰਨਣਾ, ਹੁਣ ਤਾਂ ਹੋਰ ਹੋਣਗੀਆਂ, ਵਧ ਤੋਂ ਵਧ ਹੋਣਗੀਆਂ। ਤੁਹਾਡੀਆਂ ਇਕ ਕੀ ਦਸ ਕਰੋੜ ਵੈਦਿਕ ਪਾਠਸ਼ਾਲਾਂ ਸਮਾਜ ਨੂੰ ਬਦਲਣ ਤੋਂ ਰੋਕ ਨਹੀਂ ਸਕਣੀਆਂ, ਵੇਖ ਲੈਣਾ।"

ਭਾਈ ਸਾਹਿਬ ਨੂੰ ਧਰਮ ਦਾ ਜੋਸ਼ ਚੜ੍ਹ ਗਿਆ, ਅੱਖਾਂ ਕੱਢਦਿਆਂ ਕਹਿਣ ਲਗੇ — "ਵੱਡੇ ਵੱਡੇ ਸਿਕੰਦਰ, ਬਾਬਰ ਅਤੇ ਅੰਗਰੇਜ਼ ਤਾਂ ਸਾਡੇ ਲੱਖਾਂ ਕਰੋੜਾਂ ਸਾਲ ਪੁਰਾਣੇ ਪਵਿੱਤਰ ਹਿੰਦੂ ਧਰਮ ਨੂੰ ਡੇਗ ਨਹੀਂ ਕਸੇ ਤੁਸੀਂ......।"

"ਅਸੀਂ ਨਹੀਂ, ਵਕਤ ਇਹਨੂੰ ਫੈਲਾਏਗਾ। ਅਸੀਂ ਹਿੰਦੁਸਤਾਨ ਦੇ ਧਰਮ ਨੂੰ ਜ਼ਰਾ ਕੁ ਵੀ ਧੱਕਾ ਨਹੀਂ ਪਹੁੰਚਾ ਰਹੇ। ਹਾਂ, ਉਹਦੇ ਢੌਂਗ ਨੂੰ ਧੱਕਾ ਤੇ ਕੀ ਢਾਹ ਕੇ ਰਹਾਂਗੇ, ਵੇਖ ਲਿਓ।"

"ਤੂੰ ਸਾਨੂੰ ਚੁਣੌਤੀ ਦੇਣੀ ਚਾਹੁਦਾ ਏਂ ਸੱਜਨ ਤਾਂ ਸਾਨੂੰ ਇਹ ਵੀ ਮਨਜ਼ੂਰ ਏ। ਭੁੱਖੇ ਮਰਦਿਆਂ ਅਗੇ ਕਿੰਨੇ ਕੁ ਜੂਠੇ ਟੁਕਰ ਸੁਟੇਂਗੇ ? ਭੁੱਖੇ ਮਰਦਿਆਂ ਦੀ ਗਿਣਤੀ ਤਾਂ ਲੱਖਾਂ ਏ ਸੱਜਨ।"

"ਇਹੋ ਸੱਚਾਈ ਤਹਾਨੂੰ ਲੈ ਬਹੇਗੀ !"

ਭਾਈ ਹੋਰੀਂ ਬੜੇ ਜ਼ੋਰ ਨਾਲ ਹੱਸੇ, ਕਿਹਾ — "ਸੱਜਨ, ਦਾਈ ਤੋਂ ਢਿੱਡ ਲੁਕਾਉਣ ਦੀ ਕੋਸ਼ਿਸ਼ ਕਰਨੀ ਵਿਅਰਥ ਏ। ਭੁੱਖ ਮਰਿਆਂ ਦੀ ਆੜ ਲੈ ਕੇ ਤੇਰੇ ਇਸ ਬਿਜ਼ਨਸ ਨੂੰ ਅਸੀਂ ਚੰਗੀ ਤਰ੍ਹਾਂ ਸਮਝਦੇ ਆਂ, ਪਰ ਇਕ ਦੋਸਤਾਨਾ ਸਲਾਹ ਇਹਦੇ ਬਾਰੇ ਵੀ ਲੈ ਜਾ ਤੇਰੀ ਇਹ ਤਰਕੀਬ ਜ਼ਿਮੀਂਦਾਰਾਂ ਵਾਲੀ ਏ, ਵਿਓਪਾਰੀਆਂ ਵਾਲੀ ਨਹੀਂ। ਤੂੰ ਜਿਹੜੀ ਪਾਲਿਟਿਕਸ ਸੋਚੀ ਏ ਉਹਨੂੰ ਅਸੀਂ ਚਾਰ ਆਦਮੀ ਮਿਲ ਕੇ ਸਾਲ ਭਰ ਵਿਚ ਨਰਕ ਦੀ ਸੈਰ ਕਰਵਾ ਦਿਆਂਗੇ। (ਹੱਸ ਕੇ) ਤੇਰੇ ਸੱਤ ਅੱਠ ਲੱਖ — ਹੱਦ ਦਸ ਲੱਖ ਸਾਡੀਆਂ ਤਰਕੀਬਾਂ ਸਾਹਮਣੇ ਮਿੰਟਾਂ ਵਿਚ ਬਾਰੂਦ ਦੀ ਢੇਰੀ ਵਾਂਗ ਉੱਡ ਜਾਣਗੇ। ਸਾਡਾ ਕੁਝ ਨਹੀਂ ਜਾਣਾ। ਅਸੀਂ ਧਰਮ ਖਾਤੇ ਦੀਆਂ ਰਕਮਾਂ ਵਧਾ ਦਿਆਂਗੇ — ਇਨਕਮ ਟੈਕਸ ਸੁਪਰ ਟੈਕਸ ਤੋਂ ਥੋੜੀ ਬਹੁਤੀ ਛੋਟ ਈ ਲਵਾਂਗੇ।"

ਸੱਜਨ ਵੀ ਉਸੇ ਤਰ੍ਹਾਂ ਸ਼ਾਂਤ ਆਵਾਜ਼ ਵਿਚ ਹੱਸ ਕੇ ਕਹਿਣ ਲਗਾ — "ਚਲੋ, ਇਸ ਬਹਾਨੇ ਤੁਸੀਂ ਲੋਕ ਪਬਲਿਕ ਦੀ ਭਲਾਈ ਲਈ ਕੁਝ ਰੁਪਿਆ ਤਾਂ ਖ਼ਰਚ ਕਰੋਗੇ। ਤੇ ਰਹੇ ਮੇਰੇ ਦਸ ਲੱਖ, ਸੋ ਉਹ ਜੇਕਰ ਬਾਰੂਦ ਦੀ ਢੇਰੀ ਵਾਂਗ ਉੱਡ ਭਾਵੇਂ ਜਾਣ, ਪਰ ਤੁਸਾਂ ਲੋਕਾਂ ਦੇ ਕਰੋੜਾਂ ਰੁਪਿਆਂ ਨੂੰ ਨਾਲ ਲੈ ਕੇ ਉਡਣਗੇ।" ਜਾਂਦਿਆਂ ਜਾਂਦਿਆਂ ਉਹਨੇ ਮੁੜ ਕੇ ਕਿਹਾ – "ਤੇਰੇ ਨੋਟਿਸ ਦਾ ਕਾਨੂੰਨੀ ਜਵਾਬ ਪਹੁੰਚ ਜਾਏਗਾ, ਪਰ ਇਹ ਮੈਂ ਕਹਿ ਦੇਂਦਾ ਆਂ ਕਿ ਜਦ ਤਾਈਂ ਮੈਨੂੰ ਹੋਰ ਜਗ੍ਹਾ ਨਹੀਂ ਮਿਲਦੀ, ਹਵੇਲੀ ਨਹੀਂ ਛੱਡਾਂਗਾ। ਹਾਂ, ਛੇਤੀ ਤੋਂ ਛੇਤੀ ਹੋਰ ਕੋਈ ਥਾਂ ਜਾ ਕੇ ਵੇਖਾਂਗਾ।"

ਭਾਈ ਸਾਹਿਬ ਕੜਕ ਕੇ ਬੋਲੇ — "ਹਵੇਲੀ ਪੰਦਰਾਂ ਦਿਨਾਂ ਵਿਚ ਖ਼ਾਲੀ ਹੋ ਜਾਣੀ ਚਾਹੀਦੀ ਏ ਸੱਜਨ ਮੱਲ !"

"ਮੈਂ ਕੋਸ਼ਿਸ਼ ਕਰਾਂਗਾ।" ਸੱਜਨ ਨੇ ਧੀਰਜ ਨਾਲ ਕਿਹਾ।

ਭਾਈ ਸਾਹਿਬ ਤੈਸ਼ ਵਿਚ ਆ ਕੇ ਦੋ ਪੈਰ ਅਗਾਂਹ ਹੋਏ ਤੇ ਕਿਹਾ — "ਕੋਸ਼ਿਸ਼ ਕਰੋਗੇ ? ਤਾਂ ਤਿੰਨ ਦਿਨਾਂ ਵਿਚ ਖ਼ਾਲੀ ਹੋ ਜਾਏ।"

"ਮੈਂ ਕੋਸ਼ਿਸ਼ ਕਰਾਂਗਾ।" ਸੱਜਨ ਨੇ ਫਿਰ ਉਸੇ ਤਰ੍ਹਾਂ ਕਿਹਾ।

ਭਾਈ ਸਾਹਿਬ ਦੋ ਪੈਰ ਹੋਰ ਤੈਸ਼ ਵਿਚ ਆ ਕੇ ਅਗਾਂਹ ਹੋਏ ਤੇ ਕਿਹਾ — "ਕਿਉਂ

ਪੁਰਖਿਆਂ ਦੇ ਸੰਬੰਧ ਵਿਗਾੜਦਾ ਏਂ ਸੱਜਨ। ਨਹੀਂ ਤੇ ਫਿਰ ਨਾ ਆਖੀਂ ਕਿ ਤਬਾਹੀ ਮਚਾ ਦਿਤੀ।"

ਸੱਜਨ ਵਾਪਸ ਆਇਆ, ਕੋਲ ਆਇਆ, ਬੋਲਿਆ — "ਮੈਂ ਤੈਨੂੰ ਵਿਸ਼ਵਾਸ ਦਿਵਾਉਂਦਾ ਆਂ, ਕਿ ਮੇਰਾ ਕੋਈ ਪੋਲਿਟਿਕਸ ਇਰਾਦਾ ਨਹੀਂ। ਮੈਂ ਇਕ ਸਮਾਜਕ ਪ੍ਰਯੋਗ ਕਰ ਰਿਹਾ ਹਾਂ।"

"ਇਹੋ ਤਾਂ ਤੇਰੀ ਸਭ ਤੋਂ ਵੱਡੀ ਪਾਲਿਟਿਕਸ ਏ। ਅੱਛਾ, ਮੈਂ ਤੈਨੂੰ ਆਖਾਂ, ਤੂੰ ਆਪਣੇ ਬੈਂਕ ਦਾ ਆਈਡੀਆ ਡਰਾਪ ਕਰ ਦੇ ਤੇ ਫਿਰ ਸਮਾਜਕ ਤਜਰਬੇ ਕਰ। ਥੋੜਾ ਬਹੁਤਾ ਨਵਾਂ ਜ਼ਮਾਨਾ ਹੀ ਲਿਆਉਣਾ ਚਾਹੁੰਦਾ ਏਂ ਨਾ—ਲੈ ਆ। ਬਸ, ਹੁਣੇ ਮੁਹੱਲਿਆਂ ਵਿਚ ਮੁਸਲਮਾਨ, ਕਿਰਸਟਾਨ ਨਾਲ ਵਿਆਹ-ਸ਼ਾਦੀ ਦਾ ਰਿਵਾਜ ਨਾ ਤੋਰਨਾ, ਬਾਕੀ ਜ਼ਾਤ-ਪਾਤ ਤੋੜ ਕੇ ਮੈਰਿਜਾਂ ਵੀ ਹੋਣ ਦਿਓ। ਬਾਊ ਜੀ ਦੇ ਰਹਿੰਦਿਆਂ ਹੋਇਆਂ ਮੈਂ ਇਸ ਕਮ ਵਿਚ ਖੁਲ੍ਹੀ ਤਰ੍ਹਾਂ ਤਾਂ ਨਹੀਂ, ਪਰ ਚੁੱਪ ਕੀਤੇ ਤੇਰੀ ਮਦਦ ਵੀ ਕਰਾਂਗਾ। ਦਸਾਂ ਹੋਰ ਵੱਡੇ ਵੱਡੇ ਆਦਮੀਆਂ ਦੀ ਮਦਦ ਵੀ ਦਵਾ ਦਿਆਂਗਾ ....."

ਭਾਈ ਸਾਹਿਬ ਨੇ ਕਾਫ਼ੀ ਦੇਰ ਤਕ ਠੰਡਾ ਮਿੱਠਾ ਲੈਕਚਰ ਪਿਆਇਆ। "ਇਹ ਕਰਵਾ ਦਿਆਂਗਾ ਉਹ ਕਰਵਾ ਦਿਆਂਗਾ।" ਸੱਜਨ ਨੇ ਵੀ ਓਨੇ ਹੀ ਸ਼ਾਂਤ ਮਨ ਨਾਲ ਸੁਣਿਆ, ਫਿਰ ਕਹਿਣ ਲਗਾ — "ਬੈਂਕ ਕਰ ਦਿਆਂ ਤਾਂ ਮੇਰੇ ਸਮਾਜਕ ਤਜਰਬੇ ਪੂਰੇ ਕਿਵੇਂ ਹੋਣਗੇ ?"

"ਭਈ, ਆਪਣੇ ਪ੍ਰਯੋਗ ਛੋਟੀ ਸਕੇਲ ਤੇ ਕਰੋ। ਥੋੜਾ ਕੁ ਚੰਦਾ ਤੇਰਾ ਮੈਂ ਲਵਾ ਦਿਆਂਗਾ।"

"ਚੰਦੇ ਦੀ ਰਕਮ ਤੇ ਜਨਤਾ ਵਿਚ ਆਤਮਸ਼ਕਤੀ ਕਿਵੇਂ ਆਏਗੀ। ਅੱਛਾ, ਇਕ ਕੰਮ ਕਰੋ ਤੁਸੀਂ।" ਸੱਜਨ ਨੇ ਇਕ ਸੁਝਾਅ ਦਿਤਾ — "ਤੁਸੀਂ — ਜਾਂ ਡਾਇਰੈਕਟਲੀ ਲਾਲਾ ਜਾਨਕੀ ਸਰਣ — ਤੇ ਉਹ ਜਿਹੜੇ ਉਥੋਂ ਦੇ ਦੂਸਰੇ ਸ਼ਾਹੂਕਾਰ ਨੇ ਜਿਨ੍ਹਾਂ ਮੁਹੱਲਿਆ ਜਾਂ ਵਾਰਡਾਂ ਦੇ ਸਹਿਕਾਰੀ ਪੂੰਜੀ ਵਾਲੇ ਬੈਂਕਾਂ ਦੇ ਖੁਲ੍ਹਣ ਨਾਲ ਆਪਣੇ ਲਈ ਖ਼ਤਰਾ ਨਜ਼ਰ ਆਉਂਦਾ ਏ ਉਹ ਇਕ ਤਰ੍ਹਾਂ ਨਾਲ ਦੂਰ ਵੀ ਹੋ ਸਕਦਾ ਹੈ। ਤੁਸੀਂ ਵੀ ਸਾਡੀ ਸਹਿਕਾਰੀ ਪੂੰਜੀ ਵਿਚ ਆਓ ਤੇ ਉਹਨੂੰ ਵੀ ਆਪਣਾ ਇਕ ਧੰਦਾ ਸਮਝ ਕੇ ਉਚਿਤ ਮੁਨਾਫ਼ਾ ਲਓ।"

ਭਾਈ ਸਾਹਿਬ ਬੋਲੇ — "ਅਸੀਂ ਤੁਹਾਡੇ ਬੈਂਕ ਵਿਚ ਆਉਣ ਲਈ ਤਿਆਰ ਆਂ; ਪਰ ਇਕ ਸੂਰਤ ਤੇ, ਉਂਜ ਸ਼ੇਅਰ ਭਾਵੇਂ ਇਕ ਹੀ ਇਕ ਰੁਪਏ ਦੇ ਰਹਿਣ, ਪਰ ਬੋਰਡ ਆਫ਼ ਡਾਇਰੈਕਟਰਸ ਵਿਚ ਉਹੋ ਚੁਣਿਆ ਜਾ ਸਕੇਗਾ ਜਿਹਦੇ ਕੋਲ ਘਟੋ ਘਟ ਪੰਜ ਸੌ ਸ਼ੇਅਰ ਹੋਣ।"

ਸੱਜਨ ਨੇ ਕਿਹਾ — "ਤੁਸੀਂ ਪਬਲਿਕ ਸਹਿਕਾਰਤਾ ਦੇ ਨਾਂ ਤੇ ਪ੍ਰਾਈਵੇਟ ਧੰਦਾ

ਤੋਰਨਾ ਚਾਹੁੰਦੇ ਓ ? ਧੰਦਾ ਜ਼ਰੂਰ ਚਲਾਓ, ਪਰ ਆਮ ਲੋਕਾਂ ਦੀ ਪੱਧਰ ਤੇ ਡਾਇਰੈਕਟਰਾਂ ਦੇ ਬੋਰਡ ਵਿਚ ਆਉਣ ਲਈ ਇਕ ਰੁਪਏ ਵਾਲਾ ਵੀ ਓਨਾ ਈ ਅਧਿਕਾਰੀ ਏ । ਸਾਨੂੰ ਡਾਇਰੈਕਟਰਾਂ ਵਿਚ ਧੰਦਾ ਚਲਾਉਣ ਵਾਲਿਆਂ ਦੀ ਨਹੀਂ ਸਗੋਂ ਆਮ ਭਲਾਈ ਵਾਸਤੇ ਧੰਦਾ ਚਲਾਉਣ ਵਾਲੇ ਯੋਗ ਲੋਕਾਂ ਦੀ ਲੋੜ ਏ ।''

ਭਾਈ ਸਾਹਿਬ ਨੇ ਗੰਭੀਰਤਾ ਨਾਲ ਸਿਰ ਹਲਾਇਆ, ਫਿਰ ਹੱਸ ਕੇ ਕਹਿਣ ਲਗੇ — "ਵਿਨਾਸ਼ ਕਾਲੇ ਵਿਪਰੀਤ ਬੁੱਧੀ* ? ਖ਼ੈਰ, ਤਿੰਨਾਂ ਦਿਨਾਂ ਵਿਚ ਹਵੇਲੀ ਖ਼ਾਲੀ ਕਰ ਦਿਓ ਲਾਲਾ ਸੱਜਨ ਮੱਲ ਜੀ ।''

ਇਹ ਆਖ ਕੇ ਭਾਈ ਸਾਹਿਬ ਨੇ ਜਾਣ ਲਈ ਪਾਸਾ ਮੋੜਿਆ । ਸੱਜਨ ਨੂੰ ਉਹਦਾ ਇਹ ਲਾਟ ਸਾਹਬੀ ਰਉਂ ਅਤੇ ਉਹਦਾ ਬਾਰ ਬਾਰ 'ਲਾਲਾ' ਅਤੇ 'ਮਲ' ਜੋੜ ਕੇ ਨਾਮ ਲੈਣਾ ਬਹੁਤ ਹੀ ਰੜਕਿਆ ਭਾਵੇਂ ਏਹੋ ਈ ਉਹਦਾ ਪੂਰਾ ਨਾਂ ਸੀ । ਅਵਾਜ਼ ਵਿਚ ਤੇਜ਼ੀ ਲਿਆ ਕੇ ਉਹਨੇ ਆਖਿਆ — "ਤੁਹਾਨੂੰ ਕਹਿ ਦਿਤਾ ਏ ਕਿ ਕੋਸ਼ਿਸ਼ ਕਰਾਂਗਾ, ਵਾਇਦਾ ਨਹੀਂ ਕਰ ਸਕਦਾ ਤੇ ਜਦ ਤਾਈਂ ਮੈਨੂੰ ਦੂਸਰਾ ਥਾਂ ਨਾ ਮਿਲ ਜਾਏ ਉਦੋਂ ਤਕ ਕੋਈ ਤਾਕਤ ਮੈਨੂੰ ਤਾਈ ਦੀ ਹਵੇਲੀ 'ਚੋਂ ਕੱਢ ਨਹੀਂ ਸਕਦੀ ।''

ਰਾਜਾ ਸਾਹਿਬ ਦੇ ਘਰੋਂ ਪਰਤ ਕੇ ਸੱਜਨ ਬਹੁਤ ਜ਼ਿਆਦਾ ਫ਼ਿਕਰਮੰਦ ਸੀ । ਹਵੇਲੀ 'ਚੋਂ ਕੰਨਿਆ ਦੇ ਸਕੂਲ ਨੂੰ ਹਟਾਉਣਾ ਏਨੀ ਵੱਡੀ ਸਮੱਸਿਆ ਨਹੀਂ ਸੀ ਜਿੰਨੀ ਕਿ ਵਿਰੋਧੀ ਪੱਖ ਵਲੋਂ ਆਪਣੇ ਉਸਾਰੂ ਸੁਪਨੇ ਦੇ ਤਬਾਹ ਕੀਤੇ ਜਾਣ ਦਾ ਡਰ । ਉਹ ਆਉਣ ਵਾਲੀ ਹਾਲਤ ਨੂੰ ਵੇਖ ਰਿਹਾ ਸੀ । ਉਹਦੇ ਨਾਲੋਂ ਜ਼ਿਆਦਾ ਵੱਡੀ ਅਤੇ ਜੁੜਵੀਂ ਦੌਲਤ ਉਹਦੇ ਖਿਲਾਫ਼ ਖਲੋਤੀ ਸੀ । ਉਸ ਦੌਲਤ ਦਾ ਪਾਰਟੀ ਬਾਜ਼ੀ ਵਾਲਾ ਸਵਾਰਥ ਸਮਾਜ ਦੀ ਅਸਲੀ ਉੱਨਤੀ ਨਹੀਂ ਹੋਣ ਦੇਣਾ ਚਾਹੁੰਦਾ ਸੀ । ਜਨਤਾ ਭਾਵੇਂ ਬੜੀ ਤੇਜ਼ੀ ਨਾਲ ਉਹਦੇ ਵਲ ਖਿੱਚੀ ਤੁਰੀ ਆਉਂਦੀ ਸੀ, ਪਰ ਸੱਜਨ ਹੁਣ ਤਕ ਲੋਕਾਂ ਦੀ ਤਾਕਤ ਉੱਤੇ ਦਿਲੋਂ ਵਿਸ਼ਵਾਸ ਨਹੀਂ ਸੀ ਕਰ ਸਕਿਆ । ਉਹ ਸੋਚਦਾ ਸੀ ਕਿ ਉਹ ਲੋਕ ਜੋ ਉਸ ਵੇਲੇ ਉਹਦੇ ਕੋਲੋਂ ਸਹਾਇਤਾ ਲੈ ਰਹੇ ਹਨ ਉਹਨਾਂ ਵਿਚੋਂ ਬਹੁਤੇ ਜੇਕਰ ਵਿਰੋਧੀਆਂ ਤੋਂ ਰਿਸ਼ਵਤ ਲੈ ਕੇ ਸੱਜਨ ਨੂੰ ਧੋਖਾ ਦੇ ਜਾਣ ਤਾਂ ਉਹ ਕੀ ਕਰ ਸਕਦਾ ਏ ? ਸੱਜਨ ਦੀ ਸਕੀਮ ਪੂਰੀ ਹੁੰਦੀ ਹੁੰਦੀ ਜੇਕਰ ਪੁਰਾਣੀ ਹੋ ਗਈ ਹੁੰਦੀ, ਲੋਕਾਂ ਨਾਲ ਉਹਦਾ ਪੱਕਾ ਸੰਬੰਧ ਹੋ ਚੁਕਿਆ ਹੁੰਦਾ ਤਾਂ ਜ਼ਿਆਦਾ ਫ਼ਿਕਰ ਦੀ ਲੋੜ ਨਹੀਂ ਸੀ । ਵਿਰੋਧੀਆਂ ਵਲੋਂ ਜਿੰਨੀਆਂ ਵੀ ਚਾਲਾਂ ਚੱਲੀਆਂ ਜਾਣਗੀਆਂ ਜ਼ਿਆਦਾ ਭੇਦ ਭਰੀਆਂ ਹੋਣਗੀਆਂ । ਇਸ ਤੋਂ ਬਿਨਾਂ ਇਹ ਮਹਾਜਨ ਲੋਕ ਰਾਜਨੀਤਕ

*ਤਬਾਹੀ ਵੇਲੇ ਅਕਲ ਵੀ ਪੁੱਠੀ ਹੋ ਜਾਂਦੀ ਹੈ ।

— ਅਨੁਵਾਦਕ

ਪਾਰਟੀਆਂ ਨੂੰ ਵੀ ਆਪਣੇ ਜੋੜ ਵਿਚ ਲੈ ਆਉਣਗੇ । ਸੱਜਨ ਉਸ ਹਾਲਤ 'ਚੋਂ ਪੱਕੇ ਤੌਰ ਤੇ ਆਪਣੀਆਂ ਯੋਜਨਾਵਾਂ ਨੂੰ ਬਚਾਉਣਾ ਚਾਹੁੰਦਾ ਸੀ । ਜਨਤਾ ਜਾਗੇ; ਜਨਤਾ ਆਪਣੇ ਹਿੱਤ ਅਤੇ ਅਧਿਕਾਰ ਨੂੰ ਠੀਕ ਤਰ੍ਹਾਂ ਪਛਾਣੇ, ਇਹ ਸੱਜਨ ਦੀ ਹਾਰਦਿਕ ਇੱਛਾ ਹੈ.........ਪਰ ਉਹ ਅਜੇਹਾ ਕਿਹੜਾ ਕੰਮ ਕਰੇ ਜਿਹਦੇ ਨਾਲ ਕਿ ਲੋਕ ਉਹਦਾ ਵਿਸ਼ਵਾਸ ਕਰ ਸਕਣ, ਜਨਤਾ ਦਾ ਵਿਸ਼ਵਾਸ ਪ੍ਰਾਪਤ ਕਰਨ ਲਈ ਉਹ ਕਿਸ ਤਰ੍ਹਾਂ ਆਤਮ ਬਲੀਦਾਨ ਕਰੇ ।

"ਸਾਧਨ ਲਈ ਸਹਿਜ ਉਪਾਅ ਏ ਰਾਮਜੀ, ਅਸੀਂ ਗੋਮਤੀ ਦੇ ਕੰਢੇ ਤੇ ਆਏ ਹਾਂ । ਮਿਲੋ !" – ਆਪਣੀ ਕੋਠੀ ਦੇ ਕਮਰੇ ਵਿਚ ਇਕਲੇ ਬੈਠ ਕੇ ਵਿਚਾਰ ਕਰਦਿਆਂ ਸੱਜਨ ਨੂੰ ਬਾਬਾ ਜੀ ਦੀ ਆਵਾਜ਼ ਫਿਰ ਉਸੇ ਤਰ੍ਹਾਂ ਸੁਣਾਈ ਦਿਤੀ ਜਿੱਦਾਂ ਦੋ ਦਿਨ ਪਹਿਲਾਂ ਸੁਣਾਈ ਦਿਤੀ ਸੀ । ਸੱਜਨ ਹੈਰਾਨੀ ਨਾਲ ਸੁੰਨ ਹੋ ਗਿਆ, ਉਹਦੇ ਮਨ ਵਿਚ ਘੋਲ ਮੱਚ ਗਿਆ, ਕਿਤੇ ਇਹ ਭਰਮ ਤਾ ਨਹੀਂ । ਕਿਤੇ ਇੰਜ ਤਾਂ ਨਹੀਂ ਕਿ ਮੇਰਾ ਹੀ ਮਨ ਮੈਨੂੰ ਧੀਰਜ ਬਨ੍ਹਾਉਣ ਲਈ ਇਸ ਤਰ੍ਹਾਂ ਦਾ ਰੂਪ ਧਾਰ ਕੇ ਮੈਨੂੰ ਸਬਰ ਦੇਂਦਾ ਹੋਏ। ਗੋਮਤੀ ਕੰਢੇ ਮਿਲਣ ਦੀ ਗੱਲ ਜ਼ਰੂਰ ਹੀ ਕਸਵੱਟੀ ਬਣ ਸਕਦੀ ਹੈ, ਸਜਨ ਨੇ ਝੱਟ ਹੀ ਡਰਾਈਵਰ ਨੂੰ ਗੱਡੀ ਕੱਢਣ ਲਈ ਆਖਿਆ ।

ਸੱਚ-ਮੁੱਚ, ਸ਼ਿਵਾਲੇ ਦੇ ਬਰਾਂਡੇ ਵਿਚ ਬਾਬਾ ਜੀ ਲੰਮੇ ਪਏ ਹੋਏ ਸਨ, ਵੇਖਦਿਆਂ ਹੀ ਉੱਠ ਪਏ ਅਤੇ ਸਦਾ ਵਾਂਗ ਹੱਸ ਕੇ ਕਿਹਾ — "ਆਓ ਰਾਮਜੀ, ਬੜੀ ਵਾਟ ਵਿਖਾਈ ।"

ਸੱਜਨ ਨੇ ਕਿਹਾ — "ਪਰਸੋਂ ਮੈਂ ਤੁਹਾਡੇ ਕੋਲ ਆ ਰਿਹਾ ਸਾਂ......"

"ਹਾਂ ! ਰਾਮਜੀ ਭਗਤਣੀ ਵਿਚਾਰੀ ਮਰ ਗਈ। ਸਾਡਾ ਉਪਕਾਰ ਕਰ ਗਈ, ਰਾਮਜੀ । ਪਿੰਡ ਵਿਚ ਏਦਾਂ ਦਾ ਵਧੀਆਂ ਆਸ਼ਰਮ ਚੱਲਿਆ ਏ ਕਿ ਉਹਦੇ ਨਾਲ ਬੜੀ ਲੋਕ ਭਲਾਈ ਹੋ ਸਕੇਗੀ, ਪਾਠਸਾਲਾ, ਅਖਾੜਾ, ਸਭ ਕੁਝ ਬੜੇ ਵਧੀਆ ਤਰੀਕੇ ਨਾਲ ਚਲ ਰਹੇ ਨੇ ਰਾਮਜੀ । ਅਸੀਂ ਅਜ ਇਸ ਲਈ ਆਏ ਆਂ ਕਿ ਤੁਸੀਂ ਸਾਨੂੰ ਇਕ ਟ੍ਰੈਕਟਰ ਖਰੀਦ ਕੇ ਲੈ ਦਿਓ ।......"

ਸੱਜਨ ਨੇ ਕਿਹਾ — "ਤੁਸੀਂ ਜੋ ਚਾਹੋਗੇ ਹੋ ਜਾਏਗਾ, ਪਰ ਮੇਰਾ ਇਕ ਸ਼ੰਕਾ ਹਲ ਕਰੋ ।"

ਬਾਬਾ ਜੀ ਹੱਸੇ — "ਇਹਦੇ ਵਿਚ ਕੀ ਸ਼ੰਕੇ ਵਾਲੀ ਗੱਲ ਏ ਰਾਮਜੀ, ਇਕ ਤੁਹਾਡੇ ਪਾਸ ਟੈਲੀਫੋਨ ਏ ਦੂਸਰਾ ਮੇਰੇ ਕੋਲ ਏ ।" ਆਖ ਕੇ ਬਾਬਾ ਜੀ ਹੱਸ ਪਏ ।

"ਪਰ ਇਹ ਹੋ ਕਿੰਜ ਸਕਦਾ ਏ ?"

"ਸਾਧਨ ਨਾਲ ।"

"ਉਹ ਕੇਹੋ ਜਿਹਾ ਸਾਧਨ ਏ ।"

"ਆਪੇ ਤੇ ਕਾਬੂ ਤੇ ਧਿਆਨ ।"

ਮਨ ਕਿੱਦਾ ਏਕਾਗਰ ਹੁੰਦਾ ਏ ?"

"ਸੱਚ ਵਿਚਾਰਨ ਨਾਲ।"

"ਇਕ ਜਣੇ ਦਾ ਸੱਚ ਵਿਚਾਰ ਸੰਭਵ ਨਹੀਂ, ਜ਼ਿੰਦਗੀ ਵਿਚ ਵਖਰੇਵਾਂ ਜੁ ਬਹੁਤ ਏ।"

"ਤਾਂ ਓਸੇ ਵਿਖਰੇਵੇਂ ਨੂੰ ਵਿਚਾਰੋ। ਆਪਣੀ ਇੱਛਾ ਨੂੰ ਅਨੇਕਤਾ ਵਿਚ ਖਿਲਾਰ ਕੇ ਵੇਖੋ, ਕਿਥੇ ਉਹਦਾ ਅਸਲ ਅਨੰਦ ਏ। ਤੁਸੀਂ ਸਮਾਜਕ ਕੰਮਾਂ ਲਈ ਪਹਿਲਾਂ ਆਪਣੀ ਦੌਲਤ ਦਾਨ ਕਰਨੋਂ ਝਿਜਕਦੇ ਸਉ, ਫਿਰ ਪਤਾ ਲੱਗਾ ਕਿ ਆਦਮੀ ਨੂੰ ਧਨ ਨਾਲੋਂ ਵਧ ਅਪਨਾਉਣ ਦੀ ਤੁਹਾਡੀ ਇੱਛਾ ਏ। ਹੁਣ ਤੁਹਾਡੇ ਵਿਚ ਤੇ ਆਦਮੀ ਵਿਚ ਭੇਦ ਪਿਆ ਏ; ਜਿਹਨੂੰ ਤੁਸੀਂ ਜ਼ਿਆਦਾ ਚਾਹੋਗੇ ਉਸੇ ਵਿਚ ਤੁਹਾਡਾ ਵਧ ਧਿਆਨ ਵੀ ਲੱਗੇਗਾ। ਚਿੱਤ ਵੀ ਏਕਾਗਰ ਹੋਏਗਾ।"

"ਮੈਂ ਲੋਕ ਜੀਵਨ ਨਾਲ ਇਕ ਹੋ ਜਾਣਾ ਚਾਹੁੰਦਾ ਆਂ।"

"ਤਾਂ ਪੱਕੇ ਤੌਰ ਤੇ ਹੋ ਜਾਉਗੇ।"

"ਤੁਹਾਡਾ ਆਸ਼ੀਰਵਾਦ ਚਾਹੁੰਦਾ ਹਾਂ। ਪਰ ਮੇਰੀ ਇਹ ਜਾਨਣ ਦੀ ਰੁਚੀ ਹੁਣ ਵੀ ਓਦਾਂ ਦੀ ਓਦਾਂ ਬਣੀ ਹੋਈ ਏ ਤੇ ਉਹ ਹੈ, ਤੁਹਾਡੀ ਭੇਦ ਭਰੀ ਹੋਂਦ ਦੇ ਸੰਬੰਧ ਵਿਚ।"

ਬਾਬਾ ਜੀ ਚੌਕੜੀ ਮਾਰੀ ਤਣ ਕੇ ਸਹਿਜ ਭਾਅ ਨਾਲ ਬੈਠੇ ਹੋਏ ਸਨ, ਬੋਲੇ — "ਰਾਮਜੀ, ਸੱਚ ਮੰਨਣਾ। ਭੇਦ ਮੇਰਾ ਨਹੀਂ, ਮੇਰੇ ਵਰਾਟ ਦਾ ਹੈ। ਮੈਂ ਤਾਂ ਹਰ ਘੜੀ ਸਾਧਾਰਣਤਾ — ਸਹਿਜਤਾ ਨੂੰ ਹੀ ਸਾਧਦਾ ਰਹਿੰਦਾ ਆਂ, ਤੁਹਾਡੇ ਮਨ ਵਿਚ ਅਦੁੱਤੀ ਬਣਨ ਦੀ ਭਾਵਨਾ ਹੈ। ਵੱਖਰਿਆਂ ਰਹਿ ਕੇ ਵਰਾਟ ਨੂੰ ਕਿੰਜ ਪਛਾਣੋਗੇ ਰਾਮਜੀ ?"

ਸੱਜਨ ਧੁਰ ਤਾਈਂ ਗੰਭੀਰ ਹੋ ਗਿਆ। ਬਾਬਾ ਜੀ ਬੋਲੇ — "ਮੇਰੇ ਗੁਰੂ ਨੇ ਮੈਨੂੰ ਸੇਵਾ ਦਾ ਮੰਤਰ ਦਿਤਾ — ਆਖਿਆ ਸਭ ਨੂੰ ਮੇਰਾ ਰੂਪ ਸਮਝ ਕੇ ਹੀ ਸੇਵਾ ਕਰੀਂ। ਪੜ੍ਹਿਆ ਲਿਖਿਆ ਤਾਂ ਹੈਗਾ ਨਹੀਂ ਰਾਮਜੀ। ਹਾਂ, ਵਿਸ਼ਵਾਸ ਨਾਲ ਇਸੇ ਇਕ ਗੱਲ ਨੂੰ ਲੈ ਕੇ ਤੁਰ ਪਿਆ ਏਸੇ ਸੇਵਾ ਦੀ ਇੱਛਾ ਨੇ ਮਨ ਨੂੰ ਏਕਾਗਰ ਕਰਕੇ ਆਪਣੀਆਂ ਸੂਖਮ ਤੇ ਵਿਲੱਖਣ ਸ਼ਕਤੀਆਂ ਦੇ ਦਰਸ਼ਨ ਕਰਾ ਦਿਤੇ। ਕਹਿੰਦੇ ਨੇ ਕਿ ਇੱਛਾ ਕਰਨ ਨਾਲ ਹਵਾ ਦਾ ਰੂਪ ਧ ਰਨ ਕਰਕੇ ਕਿਤੇ ਵੀ ਦੇਹ ਸਣੇ ਪਹੁੰਚਿਆ ਜਾ ਸਕੀਦਾ ਹੈ। ਅਜੇ ਅਸਾਂ ਉਸ ਸ਼ਕਤੀ ਦੇ ਦਰਸ਼ਨ ਤਾਂ ਨਹੀਂ ਕੀਤੇ। ਪ੍ਰਭੂ ਦੀ ਇੱਛਾ ਹੋਏਗੀ ਤਾਂ ਹੋ ਜਾਣਗੇ ਨਹੀਂ ਤੇ ਕਾਹਦੀ ਚਿੰਤਾ ਏ। ਮੈਂ ਸਿਰਫ ਨਿਸ਼ਕਾਮ ਸੇਵਾ ਦਾ ਵਰਤ ਲੈ ਕੇ ਪਰਮ ਤੱਤ ਦੀ ਖੋਜ ਵਿਚ ਨਿਕਲਿਆ ਹਾਂ, ਰਾਹ, ਵਿਚ ਜਿਹੜਾ ਵੀ ਅਨੁਭਵ ਹੋਏਗਾ ਉਹਦਾ ਗਿਆਨ ਲੈ ਕੇ ਚਲੇ ਜਾਵਾਂਗੇ। ਹੋਰ ਸਾਨੂੰ ਕੋਈ ਚਾਹ ਨਹੀਂ।"

ਸੁਣ ਕੇ ਸੱਜਨ ਨੇ ਲੰਮਾ ਸਾਹ ਲਿਆ, ਕਿਹਾ — "ਤੁਹਾਡੀਆਂ ਗੱਲਾਂ ਆਸਾਨੀ ਨਾਲ ਸਮਝ ਵਿਚ ਆਉਣ ਵਾਲਾ ਰਹੱਸ ਹਨ, ਪਰ ਫਿਰ ਵੀ ਰਹੱਸ ਵਾਲੀਆਂ ਹਨ।"

"ਆਦਤ ਜੁ ਨਹੀਂ ਪਈ ਰਾਮਜੀ। ਫਿਰ ਭੇਦ ਨਹੀਂ ਜਾਪੇਗਾ ਰਾਮਜੀ ਕਿਉਂਕਿ

ਉਹ ਰੋਜ਼ਾਨਾ ਜੀਵਨ ਦਾ ਨੇਮ ਬਣ ਜਾਏਗਾ । ਨਵੇਂ ਰਾਹ ਤੇ ਤੁਰਨ ਤੋਂ ਸੰਕੋਚ ਅਤੇ ਝਿਜਕ ਹੁੰਦੀ ਏ । ਬਸ ਏਨੀ ਈ ਗੱਲ ਏ । ਆਪਣੇ ਆਪ ਤੋਂ ਪੁੱਛਦੇ ਰਹੋ ਤੁਹਾਡੀ ਕੀ ਇੱਛਾ ਏ ਫਿਰ ਆਪਣਾ ਉੱਤਰ ਸੁਣੋ, ਫਿਰ ਵਿਚਾਰੋ ਕਿ ਉਸ ਇੱਛਾ ਵਿਚ ਤੁਹਾਨੂੰ ਕਿਹੜੀਆਂ ਕਿਹੜੀਆਂ ਗੱਲਾਂ ਵਿਸ਼ੇਸ਼ ਰੂਪ ਨਾਲ ਟੁੰਬਦੀਆਂ ਨੇ ਤੇ ਕਿਹੜੀਆਂ ਬੁਰੀਆਂ ਲਗਦੀਆਂ ਨੇ, ਫਿਰ ਉਹਨਾਂ ਨੂੰ ਪਰਖੋ ਅਰਥਾਤ ਪੜਚੋਲ ਕਰਕੇ ਵੇਖੋ ਕਿ ਤੁਹਾਡੀਆਂ ਰੁਚੀਆਂ ਹੋਣ ਜਾਂ ਨਾ ਹੋਣ ਦੇ ਪਿਛੇ ਕਿਹੜੇ ਘਰੇਲੂ, ਸਮਾਜਕ, ਭੌਤਕ ਅਲੌਕਿਕ ਤੱਤ ਹਨ ਤੇ ਮੂਲ ਤੱਤ ਕੀ ਨੇ, ਫਿਰ ਉਹਨੂੰ ਸੁਣੋ ਅਰਥਾਤ ਆਪਣੀ ਇੱਛਾ ਦਾ ਮੂਲ ਤੱਤ ਪਛਾਣ ਕੇ ਉਹਨੂੰ ਫੈਲਾਉਣ ਲਈ ਵਿਚਾਰਾਂ ਅਤੇ ਵਸਤੂਆਂ ਦੇ ਤਾਣੇ ਬਾਣੇ ਨਾਲ ਆਲਾ ਦੁਆਲਾ ਸਿਰਜੋ । ਫਿਰ ਇੱਛਾ ਤੁਹਾਨੂੰ ਅਪਨਾ ਲਏਗੀ ਰਾਮਜੀ ਤੇ ਤੁਸੀਂ ਇੱਛਾ ਨੂੰ ਅਪਨਾ ਲਉਗੇ ਅਰਥਾਤ ਫਿਰ ਇੱਛਾ ਹੁੰਦਿਆਂ ਤੁਹਾਡੀ ਬਿਰਤੀ ਉਲਝੇਗੀ ਨਹੀਂ । ਤੁਹਾਡੇ ਵਲੋਂ ਹਰ ਪਲ ਜਿਹੜਾ ਵੀ ਧੰਦਾ ਹੋਏਗਾ, ਤੁਹਾਡੀ ਇੱਛਾ ਅਨੁਕੂਲ ਹੋਏਗਾ । ਉਹਦੇ ਵਿਚੋਂ ਤੁਹਾਨੂੰ ਆਪਣੀ ਰੁਚੀ ਦੀ ਨੁਹਾਰ ਮਿਲੇਗੀ ਅਤੇ ਸ਼ਕਤੀ ਨੂੰ ਪਛਾਣਦਿਆਂ ਹੋਇਆਂ ਅਜੇਹੀਆਂ ਅਨੇਕ ਵਿਲੱਖਣਤਾਵਾਂ ਨੂੰ ਆਪ ਈ ਅਨੁਭਵ ਕਰ ਲਉਗੇ ਜਿਹੜੀਆਂ ਅਜ ਤੁਹਾਨੂੰ ਭੇਦ ਵਰਗੀਆਂ ਲਗਦੀਆਂ ਨੇ । ਅਨੁਭਵ ਦਾ ਰਾਹ ਸਰਲ ਹੁੰਦਾ ਹੈ ਰਾਮਜੀ ਸਿਰਫ ਅਭਿਆਸ ਦੀ ਲੋੜ ਏ ।''

ਸੱਜਨ ਬਾਬਾ ਜੀ ਵਲੋਂ ਕਹੀਆਂ ਜਾਣ ਵਾਲੀਆਂ ਸੌਖੀਆਂ ਗੱਲਾਂ ਸੁਣ ਕੇ ਪ੍ਰਭਾਵਤ ਹੋਇਆ ਚੁੱਪ ਹੋ ਗਿਆ । ਉਹ ਸੋਚ ਰਿਹਾ ਸੀ — ਬਹੁਤ ਡੂੰਘਾ ਸੋਚ ਰਿਹਾ ਸੀ, ਪਰ ਉਸੇ ਤਰ੍ਹਾਂ ਜਿਵੇਂ ਮਨੁੱਖ ਨੀਂਦ ਵਿਚ ਸੁਪਨਾ ਵੇਂਹਦਾ ਏ, ਹੋਸ਼ ਅਤੇ ਬੇਹੋਸ਼ੀ ਦੋਵੇਂ ਨਾਲ ਰਲ ਕੇ ਬਣੀ ਹਾਲਤ ਵਿਚ ਉਹ ਗੁਆਚ ਗਿਆ ਸੀ ।

ਮਹੀਪਾਲ ਤੇ ਮੁਕਦਮਾ ਚਲਾਉਣ ਦਾ ਮਨ ਵਿਚਲਾ ਹਠ ਅਤੇ ਭਾਈ ਸਾਹਿਬ, ਲਾਲਾ ਜਾਨਕੀਸਰਨ, ਰੂਪ ਰਤਨ ਆਦਿ ਦਾ ਜੁੜਵਾਂ ਵਿਰੋਧ ਉਹਦੀ ਇੱਛਾ ਦੀ ਕਸਵੱਟੀ ਤੇ ਚੜ੍ਹ ਰਹੇ ਸਨ । ਦੋ ਦਿਨ ਪਹਿਲਾਂ ਕੰਨਿਆਂ ਵਲੋਂ ਕਹੀ ਗਈ ਗੱਲ ਉਹਨੂੰ ਇਸ ਵੇਲੇ ਫਿਰ ਯਾਦ ਆ ਰਹੀ ਸੀ ਤੇ ਇਸ ਵੇਲੇ ਹੱਠ ਛੱਡ ਕੇ ਉਹਦਾ ਮਨ ਸਾਫ਼ ਸਾਫ਼ ਇਹ ਪਛਾਨਣ ਲੱਗਾ ਕਿ ਈਰਖਾ ਦੀ ਭਾਵਨਾ ਉਹਦੇ ਵਿਚ ਹੈ, ਹਮੇਸ਼ਾਂ ਤੋਂ ਹੈ, ਉਹ ਅਦੁੱਤੀ ਹੀ ਰਹਿਣਾ ਚਾਹੁੰਦਾ ਹੈ । . ...ਪਰ ਇਹ ਚਾਹੁਣਾ ਕੀ ਠੀਕ ਏ ? ਇਹ ਚਾਹੁੰਣਾ ਨਿਰਾ ਨਿੱਜੀ ਏ, ਨਾਲ ਹੀ ਮੂਰਖਤਾ ਵਾਲਾ ਵੀ । ਅਜ ਸਮਾਜ ਦੇ ਨਾਲ, ਏਨੇ ਵੱਖ ਵੱਖ ਵਿਆਪਕ ਅਤੇ ਵਿਸ਼ਾਲ ਜੀਵਨ ਵਿਚ ਕਿਹੜਾ ਬੰਦਾ ਅਦੁਤੀ ਹੋ ਸਕਦਾ ਹੈ ? ਹਾ, ਇਸ ਤਰ੍ਹਾਂ ਉਹ ਅਦੁੱਤੀ ਜ਼ਰੂਰ ਹੈ ਕਿ ਜੀਵ ਸਭਨਾਂ ਵਿਚ ਇਕ ਏ, ਜੀਵ ਅਦੁੱਤੀ ਏ । ਸੱਜਨ ਜੇਕਰ ਇਸ ਅਦੁੱਤੀ ਪੁਣੇ ਨੂੰ ਪਛਾਣ ਲਏ ਤਾਂ ਕਿਸੇ ਨਾਲ ਈਰਖਾ ਦਵੈਤ ਬਾਕੀ ਨਹੀਂ ਰਹੇਗਾ ।......ਪਰ ਇਥੇ ਉਹਨੂੰ ਡਰ ਲਗਦਾ ਹੈ

ਜਦ ਦੂਸਰਿਆਂ ਦੇ ਈਰਖਾ ਦਵੈਤ ਵਾਲੇ ਵਿਰੋਧਾਂ ਨਾਲ ਘਿਰੇਗਾ, ਦੂਸਰੀਆਂ ਦੇ ਝੂਠ ਦੀ ਫਾਂਸੀ ਉਹਦੇ ਗਲ 'ਚ ਪਏਗੀ, ਤਾਂ ਕੀ ਉਹ ਈਰਖਾ ਦਵੈਤ ਕੀਤੇ ਬਿਨਾਂ ਬਚ ਜਾਏਗਾ ? ਮਨੁੱਖ ਦਾ ਜਿਹੜਾ ਸਾਧਾਰਣ ਗੁਣ ਔਗੁਣ ਏ ਉਹਦੇ ਤੋਂ ਭਲਾ ਕਿੱਦਾਂ ਬਚ ਸਕਦਾ ਹੈ ? ਸੱਜਨ ਬਾਬਾ ਜੀ ਨੂੰ ਮਿਲਣ ਪਿਛੋਂ ਪਰਤਿਆ ਹੋਇਆ ਉਹ ਵਿਚਾਰਾਂ ਨਾਲ ਭਰਿਆ ਤੁਰਿਆ ਆ ਰਿਹਾ ਸੀ। ਸੇਠ ਰੂਪ ਰਤਨ ਦੀ ਕੋਠੀ ਰਾਹ ਵਿਚ ਆਈ। ਆਪਣੀਆਂ ਝੰਡੀਆਂ ਅਤੇ ਸਜਾਵਟ-ਸਵਾਗਤਮ ਕਰਕੇ ਨਜ਼ਰ 'ਚ ਅਟਕੀ, ਮਹੀਪਾਲ ਦਾ ਧਿਆਨ ਆਇਆ, ਸੱਜਨ ਦਾ ਮਨ ਥੰਮ੍ਹ ਗਿਆ, ਮਨ ਵਿਚ ਰਉਂ ਜਿਹਾ ਆਇਆ ਕਿ ਮਹੀਪਾਲ ਨੂੰ ਮਿਲ ਕੇ ਭਣੇਵੀਂ ਦੇ ਵਿਆਹ ਤੇ ਉਹ ਉਹਨੂੰ ਵਧਾਈ ਦੇਵੇ। ਸੱਦਾ ?...... ਸੱਦਾ ਨਹੀਂ ਆਇਆ ਨਾ ਸਹੀ, ਉਹ ਈਰਖਾਲੂ ਬਣ ਕੇ ਕਿਉਂ ਸੋਚੇ, ਮਹੀਪਾਲ ਨਾਲ ਉਹਦੀ ਅਨੇਕ ਵਰ੍ਹਿਆਂ ਦੀ ਡੂੰਘੀ ਦੋਸਤੀ ਰਹੀ ਹੈ — ਉਹ ਇਸ ਗੱਲ ਨੂੰ ਹੀ ਕਿਉਂ ਨਾ ਆਪਣੇ ਸਾਹਮਣੇ ਰੱਖੇ ? ਉਹਨੇ ਡਰਾਈਵਰ ਨੂੰ ਗੱਡੀ ਰੋਕਣ ਲਈ ਆਖਿਆ। ਗੱਡੀ ਰੁਕਣ ਤਕ ਉਹਨੇ ਸੋਚਿਆ ਕਿ ਵਿਆਹੁਤਾ ਲਈ ਕੋਈ ਸੁਗਾਤ ਵੀ ਖੜਨੀ ਚਾਹੀਦੀ ਹੈ । ਡਰਾਈਵਰ ਨੂੰ ਹਜ਼ਰਤ ਗੰਜ ਚਲਣ ਦਾ ਹੁਕਮ ਹੋਇਆ, ਜਾਂਦਿਆ ਜਾਂਦਿਆਂ ਖਿਆਲ ਆਇਆ ਕਿ ਪ੍ਰੈਜ਼ੰਟ ਲੈ ਜਾਣ ਨਾਲ ਮਹੀਪਾਲ ਕਿਤੇ ਇਹ ਨਾ ਸਮਝੇ ਕਿ ਮੈਂ ਆਪਣਾ ਵਡੱਪਣ ਜਤਾਉਣ ਆਇਆ ਹਾਂ। ਡਰਾਈਵਰ ਨੂੰ ਗੱਡੀ ਮੋੜਨ ਲਈ ਆਖਿਆ। ਗੱਡੀ ਮੁੜੀ, ਪਰ ਹੁਣ ਡਰਾਈਵਰ ਇਹ ਜਾਣਨਾ ਚਾਹੁੰਦਾ ਸੀ ਕਿ ਗੱਡੀ ਵਾਪਸ ਜਾਏਗੀ ਕਿਥੇ, ਸੱਜਨ ਦੀ ਕੋਠੀ ਜਾਂ ਸੇਠ ਰੂਪ ਰਤਨ ਦੀ ਕੋਠੀ ? ਉਹਨੇ ਪੁੱਛਿਆ ਵੀ, ਸੱਜਨ ਸੁਣੀ ਅਣਸੁਣੀ ਕਰ ਗਿਆ। ਉਹਦੇ ਆਪਣੇ ਮਨ ਵਿਚ ਇਹ ਨਿਸ਼ਚਾ ਨਹੀਂ ਸੀ ਹੋ ਰਿਹਾ ਕਿ ਉਹ ਅਜੇਹੀ ਹਾਲਤ ਵਿਚ ਮਹੀਪਾਲ ਨੂੰ ਮਿਲਣ ਲਈ ਜਾਏਗਾ ਜਾਂ ਨਹੀਂ । ਪਤਾ ਨਹੀਂ ਉਹ ਆਪ ਆਪਣੀ ਹੀ ਨਜ਼ਰ ਵਿਚ ਈਰਖਾਲੂ ਸਾਬਤ ਹੁੰਦਾ ਸੀ, ਜਾਣ ਵਿਚ ਉਹਨੂੰ ਸੰਕੋਚ ਸੀ, ਬੇਇਜ਼ਤ ਹੋਣ ਦਾ ਡਰ ਸੀ।

ਗੱਡੀ ਉਹਦੀ ਕੋਠੀ ਕੋਲ ਆਈ । ਡਰਾਈਵਰ ਨੇ ਫਾਟਕ ਵਲ ਉਹਦਾ ਮੂੰਹ ਮੋੜਿਆ। ਸੱਜਨ ਨੇ ਝੱਟ ਹੁਕਮ ਦਿਤਾ — "ਰੂਪ ਰਤਨ ਦੀ ਕੋਠੀ ਚਲ।"

ਉਸ ਵੇਲੇ ਮਹੀਪਾਲ ਵਲ ਛੋਟੀ ਰੋਟੀ ਹੋ ਰਹੀ ਸੀ। ਮਹੀਪਾਲ ਅਤੇ ਜੈਪਾਲ ਵਰ ਦੇ ਮਾਮਲਿਆਂ ਨਾਲ ਦਹੀ ਤੇ ਸ਼ਹਿਦ ਵਾਲੇ ਪਾਨ ਇਕ ਦੂਸਰੇ ਦੀ ਛਾਤੀ ਤੇ ਚਿਪਕਾ ਕੇ ਮਿਲਣੀ ਕਰ ਰਹੇ ਸਨ ਅਤੇ ਇਸ ਮਿਲਣੀ ਵੇਲੇ ਮਹੀਪਾਲ ਦਾ ਮਨ ਅੰਦਰੋ ਅੰਦਰ ਦਵੈਤ ਕਰਕੇ ਸੜ ਰਿਹਾ ਸੀ। ਮੁੰਡੇ ਦੇ ਮਾਮਿਆ ਕਰਕੇ ਏਸ ਵਿਆਹ ਵਿਚ ਬੜੀ ਬਦ ਮਜ਼ਗੀ ਪੈਦਾ ਹੋ ਗਈ ਸੀ। ਬਰਾਤ ਦੇ ਜੰਵ ਦੇ ਉਤਾਰੇ ਵਾਲੀ ਥਾਂ ਪਹੁੰਚਦਿਆਂ ਹੀ ਬੈਸਵਾੜੇ ਦੇ ਪੱਕੇ ਨਿਵਾਸੀ ਇਹਨਾਂ ਮਾਮਿਆਂ ਨੇ ਉਹਨੂੰ ਅਤੇ ਸਾਰੇ

ਲੜਕੀ ਵਾਲਿਆਂ ਨੂੰ ਲਹੂ ਦੇ ਅੱਥਰੂ ਸੁਟਵਾਉਣੇ ਸ਼ੁਰੂ ਕੀਤੇ। ਕਲ੍ਹ ਤੋਂ ਹੁਣ ਤਕ ਪੈਰ ਪੈਰ ਤੇ ਮਹੀਪਾਲ ਦੀ ਬੇਇਜ਼ਤੀ ਕੀਤੀ ਗਈ। ਕੁਵੇਲੇ ਦੀਆਂ ਬੇਥਵ੍ਹੀਆਂ "ਫਰਮਾਇਸ਼ਾਂ" ਸਹਿੰਦੇ ਵਰ ਦੇ ਵਡੇ ਛੋਟੇ ਅਤੇ ਵਿਚਕਾਰਲੇ ਮਾਮਿਆਂ ਨੇ ਲੜਕੀ ਵਾਲਿਆਂ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਦਿਤਾ। ਲੜਕੇ ਦੇ ਵੱਡੇ ਮਾਮੇ, ਮਹੀਪਾਲ ਦੇ ਨਾਨਕੇ ਰਿਸ਼ਤੇ 'ਚੋਂ, ਉਹਦੇ ਦੂਰ ਦੇ ਸੰਬੰਧੀ ਵੀ ਲਗਦੇ ਸਨ। ਉਹ ਇਸ ਲਈ ਉਹਨੂੰ ਵਾਰ ਵਾਰ ਨਾਨੇ ਮਾਮੇ ਦਾ ਸੰਬੰਧ ਤੋੜਨ ਦੇ ਦੇ ਤਾਅਨੇ ਦੇਂਦਾ, ਕਹਿੰਦਾ ਕਿ ਤੇਰੀ ਮਾਂ ਨੇ ਆਪਣੇ ਪੇਕਿਉਂ ਜਿਹੜਾ ਮਾਲ ਮਾਰਿਆ ਏ ਉਹ ਕੱਢ, ਵੱਡੇ ਵੱਡੇ ਰਈਸਾਂ ਮਨਿਸਟਰਾਂ ਨਾਲ ਮੱਥਾ ਲਾਉਂਦਾ ਏਂ ਤਾਂ ਸਾਡੀਆਂ ਫਲਾਣੀਆਂ ਫਲਾਣੀਆਂ ਫਰਮਾਇਸਾਂ ਪੂਰੀਆਂ ਕਰ। ਕਲ੍ਹ ਤੋਂ ਲੈ ਕੇ ਹੁਣ ਤਾਈਂ ਉਹਨੂੰ ਮੂੰਹ ਬੰਦ ਕਰਕੇ ਜਿਹੜਾ ਅਪਮਾਨ ਸਹਿਣਾ ਪਿਆ ਏ ਉਹ ਪਹਿਲਾਂ ਕਦੇ ਨਹੀਂ ਸਹਿਆ। ਡਾਕਟਰ ਜੈਪਾਲ ਅਵਲ ਤਾਂ ਸਾਹਮਣੇ ਈ ਨਹੀਂ ਸੀ ਰਹਿੰਦਾ ਅਤੇ ਜੇ ਰਹਿੰਦਾ ਵੀ ਤਾਂ ਭੜਕ ਪੈਂਦਾ ਸੀ। ਪਰ ਮਹੀਪਾਲ ਆਪਣੇ ਛੋਟੇ ਭਰਾ ਨੂੰ ਵਾਰ ਵਾਰ ਠੰਡਿਆਂ ਕਰਦਾ, ਹੁੱਜਤ ਕਰਨ ਤੇ ਉਹ ਹੋਰ ਵੀ ਚੁਭਵੀਆਂ ਗੱਲਾਂ ਸੁਣਾਉਂਦੇ। ਮਹੀਪਾਲ ਅਤੇ ਜੈਪਾਲ ਦੀ ਸਵਰਗੀ ਮਾਤਾ ਦੇ ਸੰਬੰਧ ਵਿਚ ਖਿੱਚਾ ਤਾਣੀ ਕਰ ਬਹਿੰਦੇ ਸਨ।

ਮਿਲਣੀ ਦੇ ਮੌਕੇ ਤੇ ਹੀ ਮਹੀਪਾਲ ਨੂੰ ਸੱਜਨ ਦੇ ਆਉਣ ਦੀ ਇਤਲਾਹ ਮਿਲੀ, ਉਹਨੂੰ ਹੈਰਾਨੀ ਹੋਈ, ਨਾਲ ਹੀ ਅੰਦਰੇ ਅੰਦਰ ਝੂਠਾ ਵੀ ਹੋਇਆ। ਉਹਨੇ ਸੱਜਨ ਅਤੇ ਕੰਨਿਆ ਨੂੰ ਜਾਣ ਬੁੱਝ ਕੇ ਨਹੀਂ ਸੀ ਬੁਲਾਇਆ। ਉਹਨੂੰ ਦਸਿਆ ਗਿਆ ਕਿ ਸੱਜਨ ਸੇਠ ਰੂਪ ਰਤਨ ਦੇ ਕਮਰੇ ਵਿਚ ਹੈ ਅਤੇ ਕਰਨਲ ਵੀ ਉੱਥੇ ਈ ਬੈਠਾ ਹੈ।

ਰੂਪ ਰਤਨ ਨੇ ਸੱਜਨ ਦੀ ਬੜੀ ਆਉਭਗਤ ਕੀਤੀ, ਫਿਰ ਛੇੜ ਕੇ ਉਹਦੇ ਟ੍ਰਸਟ ਅਤੇ ਅੰਦੋਲਨ ਦਾ ਚਰਚਾ ਚਲਾਇਆ। ਗੱਲਾਂ ਗੱਲਾ ਵਿਚ ਰੂਪ ਰਤਨ ਨੇ ਕਿਹਾ — "ਜਦ ਤਕ ਹਿੰਦੁਸਤਾਨ ਵਿਚ ਅਣਗਿਣਤ ਉੱਚੀਆਂ ਨੀਵੀਆਂ ਜਾਤੀਆਂ ਹਨ, ਉਦੋਂ ਤਕ ਇਸ ਦੇਸ ਵਿਚ ਜਨਤਾ ਦੀ ਜੁੜਵੀਂ ਤਾਕਤ ਨਾਲ ਕੋਈ ਕੰਮ ਨਹੀਂ ਬਣ ਸਕਦਾ। ਅਤੇ ਜਾਤਾਂ ਨੂੰ ਤੋੜਨਾ ਭੰਨਣਾ ਕਿਸੇ ਦੇ ਵੱਸ ਦੀ ਗੱਲ ਨਹੀਂ। ਪਤਾ ਨਹੀਂ ਕਿੰਨੇ ਤੂਫਾਨ ਆਏ ਗਏ, ਪਰ ਇਹ ਅਸੰਖ ਜਾਤੀਆਂ ਭਾਰਤ ਦੀ ਹਿੱਕ ਤੇ ਮੂੰਗ ਦਲਦੀਆਂ ਰਹੀਆਂ। ਤਾਂ......ਮੈਂ ਤਾਂ ਹੁਣ ਸੀਰੀ ਅਸਲੀ ਇਹ ਸੋਚਣ ਲਗ ਪਿਆ ਹਾਂ ਭਾਈ ਸਾਹਿਬ, ਕਿ ਅਸੀਂ ਫੈਸ਼ਨ ਨਾਲ ਸਮਾਜ ਸੁਧਾਰ ਜਾ ਸੋਸ਼ਲਿਜ਼ਮ ਦੀ ਚਰਚਾ ਭਾਵੇਂ ਕਰਦੇ ਰਹੀਏ, ਵਿਚਾਰੇ ਗਰੀਬਾਂ ਨੂੰ ਤਸੱਲੀ ਦੇਣ ਲਈ ਇਸ ਤਰ੍ਹਾਂ ਦੀ ਚਰਚਾ ਜ਼ਰੂਰੀ ਵੀ ਏ, ਪਰ ਸੱਚੇ ਮਨੋਂ ਕਿਸੇ ਸਮਝਦਾਰ ਹਿੰਦੁਸਤਾਨੀ ਨੂੰ ਇਹਨਾਂ ਵਿਲਾਇਤੀ ਸਿਧਾਂਤਾਂ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਨੌਜਵਾਨੀ ਵਿਚ ਮੈਂ ਵੀ ਕੱਟੜ ਸੋਸ਼ਲਿਸਟ ਸਾਂ, ਹੁਣ ਵੀ ਮੇਰੇ ਉਹੋ ਵਿਊਜ਼ (ਦ੍ਰਿਸ਼ਟੀਕੋਣ) ਨੇ। ਪਰ ਹੁਣ ਮੈਂ

ਸਮਝ ਗਿਆ ਹਾਂ ਕਿ ਹਿੰਦੁਸਤਾਨੀ ਜਨਤਾ ਲਈ ਹੁਣ ਇਹ ਉਪਜੋਗੀ ਨਹੀਂ। ਘਟੋ-ਘਟ ਪੰਜਾਹ ਸਾਲ ਤਾਂ ਏਥੇ ਕੁਝ ਖਾਸ ਨਹੀਂ ਬਦਲੇਗਾ, ਭਵਿੱਖ ਦੀ ਗੱਲ ਭਵਿਖ ਜਾਣੇ।"

ਸੱਜਨ ਨੂੰ ਚੰਗਾ ਨਾ ਲੱਗਾ; ਝਟ ਹੀ ਮਨ ਵਿਚ ਆਇਆ ਕਿ ਉਹਨੂੰ ਬੁਰਾ ਕਿਉਂ ਲੱਗਾ — ਬੁਰਾ ਕਿਉਂ ਲਗਣਾ ਚਾਹੀਦਾ ਹੈ? ਰੂਪ ਰਤਨ ਨੂੰ ਅਜਿਹੇ ਹੀ ਸਮਾਜ ਵਿਚ ਰਹਿਣ ਦੀ ਇੱਛਾ ਹੈ ਜਦ ਕਿ ਖ਼ੁਦ ਉਹਦੀ ਇੱਛਾ ਹੈ ਕਿ ਉਹ ਅਜਿਹੇ ਸਮਾਜ ਵਿਚ ਰਹੇ ਜਿਥੇ ਆਦਮੀ ਆਦਮੀ ਵਿਚ ਗੈਰ ਵਾਜਬੀ ਨਾ-ਬਰਾਬਰੀ ਨਾ ਰਹੇ। ਜੇਕਰ ਉਹਦੀ ਇਸ ਇੱਛਾ ਵਿਚ ਸਚਾਈ ਹੈ ਤਾਂ ਉਹ ਪੂਰੀ ਹੋ ਕੇ ਈ ਰਹੇਗੀ। ਉਹਨੂੰ ਸਾਫ ਸਾਫ ਸਮਝ ਗਿਆ ਕਿ ਭਾਈ ਸਾਹਿਬ, ਰੂਪ ਰਤਨ, ਮਹੀਪਾਲ ਆਦਿ ਦੀਆਂ ਗੱਲਾਂ ਨੂੰ ਭੈੜੀਆਂ ਲਗਣ ਕਰਕੇ ਅਪਨਾਉਣਾ ਬਿਲਕੁਲ ਗਲਤ ਹੈ। ਇਹਨਾਂ ਗੱਲਾਂ ਨਾਲ ਉਹਦੀ ਇੱਛਾ ਸ਼ਕਤੀ ਤਕੜੀ ਹੋਣੀ ਚਾਹੀਦੀ ਏ। ਇਸ ਤਰ੍ਹਾਂ ਦਾ ਵਿਰੋਧ ਉਹਦੀ ਇੱਛਾ ਸ਼ਕਤੀ ਲਈ ਇਮਤਿਹਾਨ ਬਣ ਕੇ ਆਉਂਦਾ ਹੈ। ਉਹਨੇ ਰੂਪ ਰਤਨ ਨੂੰ ਕਿਹਾ — "ਤੁਹਾਡੀਆਂ ਗੱਲਾਂ ਦਾ ਮੈਂ ਬੁਰਾ ਨਹੀਂ ਮਨਾਉਂਦਾ। ਤੇ ਤੁਹਾਡੀਆਂ ਗੱਲਾਂ ਦੇ ਸੱਚ ਨੂੰ ਤਾਂ ਮੈਂ ਬਿਲਕੁਲ ਨਹੀਂ ਮੰਨਦਾ। ਮੈਂ ਤੁਹਾਡੇ ਵਿਰੋਧਾਂ ਨਾਲ ਤਹੱਮਲ ਨਾਲ ਜੂਝਣ ਲਈ ਤਿਆਰ ਆਂ।"

"ਬਈ ਸਗੋਂ ਗਾਂਧੀ ਬਣ ਗਿਆ ਏਂ?" ਰੂਪ ਰਤਨ ਨੇ ਹੱਸ ਕੇ ਤਾਅਨਾ ਮਾਰਿਆ।

ਸੱਜਨ ਮੁਸਕ੍ਰਾਇਆ, ਬੋਲਿਆ "ਗਾਂਧੀ ਜੀ ਹਿੰਦੁਸਤਾਨੀ ਸਨ, ਮੈਂ ਵੀ ਹੁਣ ਹਿੰਦੁਸਤਾਨੀ ਬਨਣ ਦਾ ਯਤਨ ਕਰ ਰਿਹਾਂ।"

"ਤੇ ਹੁਣ ਤਾਈਂ ਵਲੈਤੀ ਸੈਂ?"

"ਵਲੈਤੀ ਵੀ ਸਾਂ ਤੇ ਹਵਾਈ ਵੀ। ਨਾ ਆਪਣਾ ਸਾਂ ਨਾ ਪਰਾਇਆ — ਹੁਣ ਆਪਣਾ ਹੋ ਗਿਆਂ!"

ਮਹੀਪਾਲ ਆਇਆ। ਉਹ ਇਸ ਵੇਲੇ ਬਹੁਤ ਜ਼ਿਆਦਾ ਸੜਿਆ ਭੁਜਿਆ ਹੋਇਆ ਸੀ। ਕਮਰੇ ਵਿਚ ਆ ਕੇ ਸੱਜਨ ਨਾਲ ਨਜ਼ਰ ਨਾ ਮਿਲਾਉਂਦਿਆਂ ਹੋਇਆਂ ਸੋਫੇ ਤੇ ਥੱਕ ਕੇ ਬੈਠ ਗਿਆ। ਸੱਜਨ ਨੇ ਕਿਹਾ — "ਮੈਂ ਤੈਨੂੰ ਵਧਾਈ ਦੇਣ ਆਇਆ ਆਂ।"

"ਥੈਂਕਸ! ਮੈਂ ਤਾਂ ਤੇਰੀ ਥਾਂ ਤੇਰੇ ਵਕੀਲ ਦੇ ਨੋਟਿਸ ਦੀ ਉਡੀਕ ਕਰ ਰਿਹਾਂ ਸਾਂ। ਸੁਣਿਆ ਏ ਮੇਰੇ ਤੇ ਹੱਤਕ ਇੱਜ਼ਤ ਦਾ ਮੁਕਦਮਾ ਚਲਾਉਣ ਵਾਲੇ ਓ।"

ਸੱਜਨ ਨੇ ਬੜੇ ਤਹੱਮਲ ਨਾਲ ਉੱਤਰ ਦਿਤਾ—"ਇਰਾਦਾ ਤਾਂ ਸੀ ਪਰ ਫਿਰ ਸੋਚਿਆ ਕਿ ਅਜੇ ਮੇਰੇ ਵਿਚ ਈਰਖਾ ਬਹੁਤ ਏ। ਇਸ ਕਰਕੇ ਮੈਂ ਆਪ ਈ ਆਪਣੀ ਇੱਜ਼ਤ ਦੀ ਹੱਤਕ ਕਰਦਾ ਰਹਿੰਦਾ ਆਂ। ਮਨ ਦੀ ਅਦਾਲਤ 'ਚੋਂ ਆਪਣਾ ਮੁਕੱਦਮਾ ਜਿਤ ਲਵਾਂ ਫਿਰ ਕਿਸੇ ਯੋਗ ਹੋ ਸਕਾਂਗਾ।"

ਕਰਨਲ ਦੇ ਮੂੰਹ ਤੇ ਬੱਚਿਆਂ ਵਾਲੀ ਖੁਸ਼ੀ ਫੈਲ ਗਈ — "ਸੱਜਨ ਤੂੰ ਮਹਾਨ ਏਂ।

ਮੈਂ ਮਹੀਪਾਲ ਦੇ ਮੂੰਹ ਤੇ ਕਹਿੰਦਾ ਆਂ ਉਹਦੇ ਵਿਚ ਤੇਰੇ ਵਾਲੀ ਗ੍ਰੇਟਨੈੱਸ (ਵਡੱਪਣ) ਹੈ ਈ ਨਹੀਂ ।''

ਮਹੀਪਾਲ ਆਪਣੇ ਮਨ ਅੰਦਰ ਬੜਾ ਛੋਟਾ ਮਹਿਸੂਸ ਕਰ ਰਿਹਾ ਸੀ । ਇਹ ਹੀਣਤਾ ਉਹਨੂੰ ਬੇਹੱਦ ਚਿੜਾ ਰਹੀ ਸੀ । ਜਿਹੜੀ ਟੌਅਰ ਉਹ ਆਪਣੇ ਸੰਬੰਧੀਆਂ ਸਾਹਮਣੇ ਨਹੀਂ ਸੀ ਵਿਖਾ ਰਿਹਾ, ਉਹ ਟੌਅਰ ਤਿੱਖਾ ਵਿਅੰਗ ਬਣ ਕੇ ਇਸ ਵੇਲੇ ਸੱਜਨ ਦੇ ਸਾਹਮਣੇ ਫੁਟ ਪਿਆ । ਕਰਨਲ ਦੀ ਗੱਲ ਦਾ ਜਵਾਬ ਦੇਂਦਿਆਂ ਹੋਇਆਂ ਉਹਨੇ ਕਿਹਾ— ''ਬਹੁਤ ਵਡੱਪਣ ਵੇਖੇ ਨੇ, ਇਹਦੀ, ਤਾਂ ਹੈਸੀਅਤ ਈ ਕੀ ਏ । ਬੜੇ ਬੜੇ ਕਰੋੜ ਪਤੀਆਂ ਨੂੰ ਵੀ ਮੈਂ ਵੇਖਿਆ ਏ । ਮੇਰੇ ਸਾਹਮਣੇ ਕੋਈ ਮੂੰਹ ਨਹੀਂ ਖੋਲ੍ਹ ਸਕਦਾ । ਆਦਰਸ਼ ਦੀ ਗੱਲ ਤੇ ਸਭ ਨੂੰ ਧੁਰੋਂ ਫਿਟਕਾਰ ਕੇ ਸੁੱਟ ਦੇਂਦਾ ਆਂ । ਮੈਂ ਕਿਸੇ ਦੇ ਪੈਸੇ ਤੋਂ ਨਹੀਂ ਡਰਦਾ ਤੇ ਨਾ ਮੈਨੂੰ ਪੈਸੇ ਦੀ ਪਰਵਾਹ ਏ । ਕਲ੍ਹ ਤੋਂ ਲੈ ਕੇ ਅਜ ਤਾਈਂ ਪਾਣੀ ਵਾਂਗ ਮੈਂ ਪੈਸਾ ਰੋੜ੍ਹਿਆ ਏ ।''

''ਆਹੋ ਬਈ, ਜਿਹਨੂੰ ਮੁਫਤ ਦੀ ਰਕਮ ਵਜ ਜਾਏ ਉਹ ਭਲਾ ਪਾਣੀ ਵਾਂਗ ਕਿਉਂ ਨਾ ਰੋਹੜੇ ?'' ਸੇਠ ਰੂਪ ਰਤਨ ਚਿੜ ਕੇ ਬੋਲਿਆ ।

ਮਹੀਪਾਲ ਨੇ ਸੰਬੰਧੀਆਂ ਤੋਂ ਲਗਾਤਾਰ ਬੇਇੱਜ਼ਤ ਹੋਣ ਕਰ ਕੇ ਏਨੀ ਦੇਰ ਤਕ ਜਿਹੜਾ ਦੁੱਖ ਜਰਿਆ ਸੀ ਉਹ ਸੱਜਨ ਦੇ ਬਹਾਨੇ ਆਪਣਾ ਬਦਲਾ ਲੈਂਦਿਆਂ ਜ਼ਿਆਦਾ ਉਬਲ ਕੇ ਉਹਦੇ ਅੰਦਰੋਂ ਫੁੱਟ ਨਿਕਲਿਆ । ਸੇਠ ਰੂਪ ਰਤਨ ਨੂੰ ਇਹ ਗੱਲ ਬੜੀ ਰੜਕੀ । ਮਹੀਪਾਲ ਰਈਸਾਂ ਨਾਲ ਬਰਾਬਰੀ ਕਰ ਰਿਹਾ ਸੀ । ਉਹਨੇ ਮਹੀਪਾਲ ਦੀ ਮਿਜਾਜ ਟਿਕਾਣੇ ਲਾਉਣ ਦੀ ਨੀਯਤ ਨਾਲ ਆਪਣੀ ਗੱਲ ਹੋਰ ਅਗਾਂਹ ਤੋਰੀ । ਸੇਠ ਰੂਪ ਰਤਨ ਨੇ ਉਹਦੀ ਬੜੀ ਮੱਦਦ ਕੀਤੀ ਸੀ । ਗਹਿਣੇ ਵਿਕਾਉਣ ਦੇ ਨਾਂ ਤੇ ਆਪ ਖ੍ਰੀਦ ਕੇ ਮਹੀਪਾਲ ਲਈ ਚਾਲ੍ਹੀ ਹਜ਼ਾਰ ਦੀ ਰਕਮ ਖੜੀ ਕੀਤੀ ਸੀ । ਵਿਆਹ ਲਈ ਆਪਣੀ ਕੋਠੀ ਤਕ ਦਿਤੀ ਹੋਈ ਹੈ । ਫਿਰ ਵੀ ਇਹ ਬੰਦਾ ਏਨਾ ਮਗਰੂਰ ਅਤੇ ਕੀਤਾ ਨਾ ਜਾਨਣ ਵਾਲਾ ਨਿਕਲਿਆ ਕਿ ਉਹਦੇ ਈ ਸਾਹਮਣੇ ਆਪਣੀ ਸ਼ਾਨ-ਆਨ ਦੀ ਸ਼ੇਖੀ ਮਾਰਦਾ ਏ । ਸੇਠ ਰੂਪ ਰਤਨ ਫਿਰ ਖ਼ੂਨੀ ਚੁਟਕੀ ਮਾਰਦਾ ਬੋਲਿਆ — ''ਮਾਮੇ ਦੇ ਘਰ ਡਾਕਾ ਪਿਆ, ਮਹੀਪਾਲ ਸ਼ੁਕਲ ਦੇ ਭਾਗ ਜਾਗ ਪਏ । ਸ਼ੁਭਚਿੰਤਕ ਬਣ ਕੇ ਡਾਕੂ ਦੀ ਜਾਨ ਲੈ ਲਈ ਅਤੇ ਡਾਕੂਆਂ ਦੇ ਮੱਥੇ ਦੋਸ਼ ਮੜ੍ਹਿਆ, ਲੁੱਟਮਾਰ ਕਰ ਕੇ ਆਪ ਧੰਨਾ ਸੇਠ ਬਣ ਬੈਠਾ ਏ ।''

ਕਰਨਲ ਅਤੇ ਸੱਜਨ ਇਕ ਦੂਜੇ ਦਾ ਮੂੰਹ ਵੇਖਣ ਲਗੇ । ਮਹੀਪਾਲ ਪਾਗ਼ਲ ਹੋ ਗਿਆ; ਕੜਕ ਕੇ ਬੋਲਿਆ — ''ਮੇਰੀ ਬੇਇੱਜ਼ਤੀ ਨਾ ਕਰੋ । ਮੈਂ ਲਹੂ ਪੀ ਜਾਵਾਂਗਾ !''

ਸੇਠ ਰੂਪ ਰਤਨ ਹੱਸ ਕੇ ਬੋਲਿਆ — ''ਆਹੋ ਜੀ, ਮਾਣ ਤਾਣ ਵਾਲਾ ਰਈਸੇ ਆਜ਼ਮ ਜੁ ਹੋਇਆ । ਲਹੂ ਸਾਡਾ ਕਿਉਂ ਨਾ ਪੀਏਗਾ । ਪਰ ਠਹਿਰ ਜ਼ਰਾ, ਹੁਣੇ ਤੇਰੇ

ਮਾਮੇ ਦੇ ਭਰਾ ਨੂੰ ਵੀ ਏਥੇ ਬੁਲਾ ਲਵਾਂ । ਮੈਂ ਉਹਨੂੰ ਉਹ ਹਾਰ, ਜਿਹਨੂੰ ਤੂੰ ਆਪਣੀ ਮਾਂ ਦਾ ਦੱਸਦਾ ਏਂ, ਵਖਾ ਕੇ ਤੇਰੇ ਦੋਸਤਾਂ ਦੇ ਸਾਹਮਣੇ ਦੁਬਾਰਾ ਪੁੱਛ ਲਵਾਂ ਕਿ...ਹਾਰ ਕੀਹਦਾ ਏ ।" ਸੇਠ ਰੂਪ ਰਤਨ ਨੇ ਟੀ ਪਾਏ ਤੇ ਰੱਖੀ ਬਿਜਲੀ ਦੀ ਘੰਟੀ ਦਾ ਬਟਨ ਦੱਬਿਆ । ਸੱਜਨ ਨੇ ਅਗਾਂਹ ਵਧ ਕੇ ਰੂਪ ਰਤਨ ਅੱਗੇ ਹੱਥ ਜੋੜ ਕੇ ਕਿਹਾ — "ਇਸ ਤਰ੍ਹਾਂ ਬੇਇੱਜ਼ਤੀ ਨਾ ਕਰੋ, ਮਹੀਪਾਲ ਸਾਡਾ ਸਭਨਾਂ ਦਾ ਪੁਰਾਣਾ ਮਿੱਤਰ ਏ ।" ਕਰਨਲ ਵੀ ਤਰਲੇ ਵਾਲੇ ਢੰਗ ਨਾਲ ਸੇਠ ਰੂਪ ਰਤਨ ਨੂੰ ਵੇਖ ਰਿਹਾ ਸੀ । ਮਹੀਪਾਲ ਪੱਥਰ ਦੀ ਮੂਰਤੀ ਵਾਂਗ ਸਿਰ ਨਿਵਾ ਕੇ ਬੈਠ ਗਿਆ । ਰੂਪ ਰਤਨ ਨੇ ਇਕ ਨਜ਼ਰ ਮਹੀਪਾਲ ਤੇ ਸੁਟੀ ਤੇ ਕਿਹਾ — "ਹੁਣ ਕਿੱਥੇ ਗਈ ਸ਼ਾਨਬਾਨ ? ਸਾਰੀ ਦੁਨੀਆਂ ਨੂੰ ਆਦਰਸ਼ ਸਿਖਾਉਂਦਾ ਏ, ਤੇ ਆਪ ਇਹ ਕਰਤੂਤਾਂ ਕਰਦਾ ਏ ।"

ਸੱਜਨ ਨੇ ਕਿਹਾ — "ਹੋਏਗਾ, ਛੱਡੋ ਪਰਾਂ ਰੂਪ ਰਤਨ ।"

"ਛੱਡ ਤਾਂ ਦਿਤਾ ਈ ਏ । ਇਹ ਤਾਂ ਇਹਦੀ ਆਕੜ ਤੇ ਮੈਨੂੰ ਤਾਅ ਚੜ੍ਹ ਗਿਆ । ਤੇ ਚੋਰੀ ਦੀ ਗੱਲ ਵੀ ਇੰਜ ਖੁਲ੍ਹੀ ਕਿ ਇਹਦਾ ਮਾਮੇ ਦਾ ਭਰਾ ਮੇਰਾ ਬੜਾ ਪੁਰਾਣਾ ਕਲਾਸ ਫੈਲੋ ਏ ਉਹਦੇ ਰਾਹੀਂ ਹੀ ਮੈਂ ਇਹਨੂੰ ਜਾਣਿਆ ਸੀ । ਵਿਆਹ ਵਿਚ ਇਹਦੇ ਕੋਲ ਆਇਆ ਹੋਇਆ ਏ ਤਾਂ ਪਰਸੋਂ ਉਂਜ ਹੀ ਗੱਲਬਾਤ ਵਿਚ ਉਹਦੀ ਖਾਨਦਾਨੀ ਜਿਊਲਰੀ ਡਾਕੇ ਦੇ ਨੁਕਸਾਨ ਦਾ ਤਜ਼ਕਰਾ ਛਿੜ ਪਿਆ । ਮੈਂ ਸੋਚਿਆ ਕਿ ਮਹੀਪਾਲ ਦੀ ਮਦਰ ਦਾ ਹਾਰ ਵੀ ਤਾਂ ਆਖ਼ਰ ਇਹਨਾਂ ਦੇ ਘਰ ਦਾ ਈ ਹੋਇਆ । ਏਸ ਬਹਾਨੇ ਮੈਂ ਉਹਨੂੰ ਉਹਨਾਂ ਦੇ ਘਰ ਘਰਾਣੇ ਦੀਆ ਵੀ ਚੀਜ਼ਾਂ ਵਖਾ ਦਿਤੀਆਂ । ਵੇਖਦਿਆਂ ਈ ਹੈਰਾਨ ਹੋ ਗਿਆ । ਕਹਿਣ ਲੱਗਾ, ਤੈਨੂੰ ਇਹ ਚੀਜ਼ਾਂ ਕਿੱਥੋਂ ਮਿਲੀਆਂ ਨੇ ? ਇਹ ਜ਼ੇਵਰ ਤਾਂ ਡਾਕੇ ਵੇਲੇ ਸਾਡੇ ਘਰੋਂ ਗਏ ਸਨ । ਮੈਨੂੰ ਝਟ ਯਕੀਨ ਹੋ ਗਿਆ ਕਿ ਮਹੀਪਾਲ ਨੇ ਡਾਕੇ ਦੀ ਭਗਦੜ ਵਿਚ ਇਹ ਚੋਰੀ ਕੀਤੀ ਏ । ਖ਼ੈਰ, ਉਹਦੇ ਸਾਹਮਣੇ ਤਾਂ ਮੈਂ ਗੱਲ ਬਣਾ ਦਿਤੀ, ਪਰ ਅੱਜ ਇਹਦੀ ਆਦਰਸ਼ਾਂ ਵਾਲੀ ਆਕੜ ਤੇ ਮੈਥੋਂ ਰਿਹਾ ਨਹੀਂ ਗਿਆ । ਚੋਰ ! ਅਹਿਸਾਨ ਫਰਾਮੋਸ਼ ਕਿਤੋਂ ਦਾ ! ਬੂਹਾ ਏ ਤੇਰੀ ਔਕਾਤ ਤੇ । ਵੱਡਾ ਬ੍ਰਾਹਮਣ, ਆਦਰਸ਼ਵਾਦੀ, ਵਿਦਵਾਨ ਲੇਖਕ ਬਣਦਾ ਏ । ਸੱਜਨ ਲੱਖ ਬੁਰਾ-ਭਲਾ ਹੋਏ, ਆਪਣਾ ਲੱਖਾਂ ਰੁਪਿਆ ਪਾਣੀ ਵਾਂਗ ਤਾਂ ਰੋਹੜ ਰਿਹਾ ਏ । ਤੇ ਇਹ ਚੋਰੀ ਦੇ ਧਨ ਦੀ ਆਕੜ ਵਿਚ ਪਾਣੀ ਵਾਂਗ ਰੁਪਿਆ ਰੋੜ੍ਹਨ ਦੀ ਸ਼ੇਖੀ ਮਾਰਦਾ ਏ ! ਅਸੀਂ ਜਿਹੜੇ ਖਾਨਦਾਨੀ ਰਈਸ ਆਂ ਉਹਨਾਂ ਨਾਲ ਮੱਥਾਂ ਲਾਉਂਦਾ ਏ । ਆਇਆ ਧੰਨਾ ਸੇਠ ਕਿਤੋਂ ਦਾ !"

ਮਹੀਪਾਲ ਦੀ ਧੌਣ ਇੰਜ ਨਿਵੀਂ ਕਿ ਫਿਰ ਉਤਾਂਹ ਨਾ ਹੋ ਸਕੀ । ਹਾਲਾਤ ਦੀ ਗੰਭੀਰਤਾ ਜਾਣ ਕੇ ਸੱਜਨ ਮਹੀਪਾਲ ਨੂੰ ਬਿਨਾਂ ਕੁਝ ਕਹੇ ਰੂਪ ਰਤਨ ਤੋਂ ਵਿਦਾ ਲੈ ਕੇ ਆ ਗਿਆ । ਕਰਨਲ ਵੀ ਉਹਦੇ ਨਾਲ ਈ ਉੱਠ ਆਇਆ ।

ਮਹੀਪਾਲ ਲਈ ਦੁਨੀਆਂ ਬੋਝਲ ਹੋਣ ਲੱਗੀ। ਹਰ ਦਿਸ਼ਾ, ਹਰ ਵਿਅਕਤੀ ਉਹਨੂੰ ਆਂਪਣੇ ਆਪ ਨੂੰ ਚੋਰ ਕਹਿੰਦਾ ਜਾਪਿਆ। ਰੂਪ ਰਤਨ ਦੇ ਕਮਰੇ 'ਚੋਂ ਬਾਹਰ ਨਿਕਲ ਕੇ ਫਿਰ ਆਪਣੇ ਬਰਾਤ ਘਰ ਵੱਲ ਨਾ ਜਾ ਸਕਿਆ। ਸਿੱਧਾ ਫਾਟਕੋਂ ਬਾਹਰ ਨਿਕਲ ਗਿਆ। ਉਹਦਾ ਸਾਰਾ ਅਧਿਅਨ, ਚਿੰਤਨ, ਮੰਨਨ, ਲਿਖਤ, ਆਦਰਸ਼ ਅਤੇ ਸਿਧਾਂਤ, ਸਭ ਕੁਝ ਵਿਅਰਥ ਸੀ। ਧਨ ਦੇ ਲਾਲਚ ਨੇ ਐਵੇਂ ਈ ਮਹੀਪਾਲ ਨੂੰ ਚੋਰ ਬਣਾ ਦਿਤਾ। ਜਿਸ ਭੇਦ ਨੂੰ ਉਹਨੇ ਸਾਰੀ ਦੁਨੀਆਂ ਤੋਂ ਲੁਕੋ ਹੋਏ ਮੰਨੇ ਸਨ, ਉਹ ਭੇਦ ਮਹੀਪਾਲ ਦਾ ਉਹ ਪਾਪ — ਬੇਬਵ੍ਹਾ ਫੁਟ ਪਿਆ। ਚਲਦੀ ਮੂਰਤ ਵਾਂਗ ਉਹਨੂੰ ਉਹ ਰਾਤ ਸਾਫ਼ ਦਿਸ ਰਹੀ ਸੀ, ਜਿਸ ਵੇਲੇ ਕਿ ਨਾਨੇ ਦੇ ਮੁਹੱਲੇ ਤੇ ਡਾਕੂਆਂ ਦਾ ਹਮਲਾ ਹੋਇਆ ਸੀ। ਕਿੰਨੀ ਨਿਡਰਤਾ ਅਤੇ ਹਿੰਮਤ ਨਾਲ ਉਹਨੇ ਡਾਕੂਆਂ ਦਾ ਮੁਕਾਬਲਾ ਕੀਤਾ। ਆਪਣੀ ਗੋਲੀ ਦੇ ਸ਼ਿਕਾਰ, ਮਰੇ ਹੋਏ ਡਾਕੂ ਨੂੰ ਜੋਸ਼ ਵਿਚ ਕੋਲੋਂ ਵੇਖਣ ਦੀ ਰੀਝ ਹੋਣ ਤੇ ਉਹ ਉਹਦੇ ਕੋਲ ਗਿਆ। ਉਹਦੇ ਕੋਲ ਹੀ ਪਏ ਹੋਏ ਝੋਲੇ ਵਿਚ ਗਹਿਣਿਆਂ ਵਾਲਾ ਡੱਬਾ ਮਿਲਿਆ ਅਤੇ...ਅਤੇ ਵੇਂਹਦਿਆਂ ਵੇਂਹਦਿਆਂ ਉਹਦੀ ਨੀਯਤ ਵਿਗੜ ਗਈ। ਉਹਨੇ ਉਹ ਡੱਬਾ ਝੋਲੇ ਵਿਚ ਲੁਕਾ ਲਿਆ। ਕਿਸੇ ਨੂੰ ਉਹਦੇ ਉੱਤੇ ਸ਼ੱਕ ਵੀ ਨਹੀਂ ਸੀ ਹੋ ਸਕਦਾ। ਦੋ ਡਾਕੂ ਭੱਜ ਗਏ ਸਨ, ਉਹਨਾਂ ਉੱਤੇ ਗਹਿਣੇ ਲੈ ਜਾਣ ਦਾ ਦੋਸ਼ ਮੜ੍ਹਿਆ ਗਿਆ। ਮਹੀਪਾਲ ਤਾਂ ਇਕ ਡਾਕੂ ਮਰਨ ਕਰ ਕੇ ਹੀਰੋ ਬਣ ਗਿਆ ਸੀ। ਉਸ ਦਿਨ ਦਾ ਹੀਰੋ ਅੱਜ ਆਪਣੇ ਦਿਲੀ ਮਿੱਤਰਾਂ ਸਾਹਮਣੇ ਚੋਰ ਸਾਬਤ ਹੋਇਆ। ਹੁਣ ਉਹ ਸੱਜਨ ਦੇ ਸਾਹਮਣੇ ਤਣ ਕੇ ਸਿਰ ਨਹੀਂ ਚੁੱਕ ਸਕਦਾ। ਹੁਣ ਉਹ ਰੂਪ ਰਤਨ ਦੇ ਅਗੇ ਬਰਾਬਰੀ ਨਾਲ ਨਜ਼ਰ ਨਹੀਂ ਮਿਲਾ ਸਕੇਗਾ। ਕਰਨਲ ਵਰਗੇ ਬੰਦੇ, ਕਲਿਆਣੀ, ਬੱਚੇ, ਜਦ ਇਹ ਜਾਨਣਗੇ ਤਾ ਉਹ ਆਪਣੇ ਘਰ ਵਿਚ ਰਹਿਣ ਜੋਗਾ ਨਹੀਂ ਰਹੇਗਾ।

ਸਿਰ ਨਿਵਿਆਂ ਹੋਇਆ ਸੀ, ਪੈਰ ਅਗਾਂਹ ਪੈ ਰਹੇ ਸਨ। ਮਹੀਪਾਲ ਦਾ ਅੰਦਰ ਅਸੰਖਾਂ ਪੀੜਾਂ ਨਾਲ ਭਰ ਗਿਆ ਸੀ। 'ਮੈਂ ਇਹ ਕੀ ਕੀਤਾ — ਕੀ ਕਰ ਲਿਆ।' ਇਹ ਠੀਕ ਹੈ ਕਿ ਮਹੀਪਾਲ ਨੇ ਕਦੇ ਪੈਸੇ ਨੂੰ ਪੈਸਾ ਨਹੀਂ ਸਮਝਿਆ; ਸਦਾ ਥੁੜਾਂ ਨਾਲ ਘੁਲਿਆ, ਪੈਸੇ ਦੀ ਇੱਛਾ ਬਣੀ ਰਹੀ, ਫਿਰ ਵੀ ਉਹਨੇ ਪੈਸੇ ਅੱਗੇ ਕਦੀ ਪ੍ਰਤੱਖ ਤੌਰ ਤੇ ਸਿਰ ਨਹੀਂ ਨਿਵਾਇਆ। ਭਾਵੇਂ ਧਨ ਦੀ ਥੁੜੋਂ ਕਰ ਕੇ ਉਹਦਾ ਟੁੱਟਾ ਅਚੇਤ ਮਨ ਪੈਸੇ ਅੱਗੇ ਹਾਰ ਚੁਕਾ ਸੀ। ਤਦੇ ਤਾਂ ਉਹਨੇ ਚੋਰੀ ਕੀਤੀ। ਪੈਸੇ ਨੇ ਉਹਦੀ ਸਾਰੀ ਤਾਕਤ ਖਾ ਲਈ। ਸ਼ਾਦੀ, ਵਿਆਹ, ਮੁੰਡਨ, ਜਨੇਊ, ਬੱਚਿਆਂ ਦੀ ਪੜ੍ਹਾਈ, ਹੈਸੀਅਤ ਦੀ ਚੜ੍ਹਖਤੀ, ਕਲਿਆਣੀ ਦਾ ਹਠ — ਸਭਨਾਂ ਮਿਲ ਕੇ ਹੌਲੀ ਹੌਲੀ ਉਹਦੇ ਆਦਰਸ਼ ਭਰਿਸ਼ਟ ਕਰ ਦਿਤੇ। ..ਕਿੰਨੀ ਲਗਨ ਨਾਲ ਉਹ ਆਪਣੇ ਦੇਸ਼ ਦਾਸਾਂ ਸਕ੍ਰਿਤਕ-ਸਮਾਜਕ ਇਤਿਹਾਸ ਲਿਖ ਰਿਹਾ ਸੀ। ਉਹਨੇ ਆਪਣੇ ਸਾਰੇ ਜੀਵਨ ਦੀ ਸਾਧਨਾ ਲੋਭ ਦੀ ਇਕੋ ਘੜੀ ਵਿਚ ਤਬਾਹ ਕਰ ਦਿਤੀ। ਭੋਲੇ! ਹੁਣ ਤਾਂ ਤੇਰਾ ਨਾਂ ਲਿਆਂ ਵੀ ਮਨ ਸੜਦਾ

ਏ ! ਮੈਂ ਇਹ ਕੀ ਕੀਤਾ ? ਮੈਂ ਬਹੁਤ ਬੁਰਾ ਕੀਤਾ ।

ਬਸਤੀ ਤੋਂ ਦੂਰ ਮਹੀਪਾਲ ਡੂੰਘੀ ਚੁੱਪ ਦੀਆਂ ਸੜਕਾਂ ਤੇ ਜਾ ਰਿਹਾ ਸੀ। ਸਿਕੰਦਰ ਬਾਗ ਲੰਘਿਆ, ਲੱਕੜ ਦਾ ਪੁਲ ਵੀ ਪਾਰ ਕੀਤਾ, ਨਿਸ਼ਾਤ ਗੰਜ ਵਾਲੀ ਬਸਤੀ ਤੋਂ ਬਚਣ ਲਈ ਮਹੀਪਾਲ ਗੋਮਤੀ ਕੰਢੇ ਵੱਲ ਗਿਆ — ਵਧਦਾ ਈ ਗਿਆ ।

ਦਿਨ ਬੀਤਿਆ, ਰਾਤ ਆਈ, ਦੂਸਰੇ ਦਿਨ ਘਰ ਵਾਲਿਆਂ ਦੀ ਚਿੰਤਾ ਦਾ ਵਾਰਾ-ਪਾਰ ਈ ਨਾ ਰਿਹਾ। ਕਲਿਆਣੀ ਦਾ ਮਨ ਤਾਂ ਹਰ ਪਲ ਪਤੀ ਦੀ ਬਿੜਕ ਸੁਣ ਰਿਹਾ ਸੀ। ਉਹਦਾ ਮਨ ਸਿਰਫ਼ ਪਤੀ ਦੀ ਬਿੜਕ ਹੀ ਸੁਣਦਾ ਸੀ ਹੋਰ ਸੱਭੇ ਤਰ੍ਹਾਂ ਗੁਆਚ ਗਿਆ ਸੀ। ਕਿਸੇ ਨੂੰ ਖ਼ਬਰ ਈ ਨਹੀਂ ਸੀ ਕਿ ਮਹੀਪਾਲ ਅਚਾਨਕ ਕਿਥੇ ਗੁਆਚ ਗਿਆ ਸੀ। ਵਿਆਹ ਦੀਆਂ ਰਸਮਾਂ ਅਤੇ ਚਹਿਲ ਪਹਿਲ ਉਂਜ ਦੀ ਉਂਜ ਸੀ। ਸਵੇਰੇ ਤੀਸਰਾ ਕਲੇਵਾ ਹੋਇਆ, ਵੱਡੀ ਰੋਟੀ ਹੋਈ। ਬਤਾਨੀ ਵੇਲੇ ਅਰਥਾਤ ਬਰਾਤੀਆਂ ਦੀ ਵਿਦਾਈ ਦਖਸ਼ਣਾਂ ਵੰਡਣ ਵੇਲੇ ਸਭਾ ਵਿਚ ਮਹੀਪਾਲ ਨੂੰ ਬਹੁਤ ਯਾਦ ਕੀਤਾ ਗਿਆ। ਵਿਦਾ ਹੋਈ ਸ਼ਕੁੰਤਲਾ ਸਭ ਨੂੰ ਮਿਲ ਕੇ ਫੁੱਟ ਫੁੱਟ ਕੇ ਰੋਈ ! ਲੜਕੀ ਦੀ ਵਿਦਾਈ ਸਮੇਂ ਘਰ ਵਿਚ ਚਾਰੇ ਪਾਸੇ ਅੱਥਰੂ ਵਹਿ ਤੁਰਦੇ ਹਨ, ਪਰ ਕਲਿਆਣੀ ਦੇ ਅੱਥਰੂ ਸੁਕ ਗਏ ਸਨ ਉਹਦੀਆਂ ਸੱਖਣੀਆਂ ਅੱਖਾਂ ਚਾਰੇ ਪਾਸੇ ਵੇਖ ਰਹੀਆਂ ਸਨ। ਸਾਰਾ ਦਿਨ ਪਤੀ ਦੀ ਆਹਟ ਨਾਲ ਮਨ ਬੱਝਿਆ ਹੋਣ ਤੇ ਵੀ ਉਹਦਾ ਸਰੀਰ ਮਸ਼ੀਨ ਵਾਂਗ ਕੰਮ ਵਿਚ ਲੱਗਾ ਰਿਹਾ, ਉਹ ਕੰਮ ਵੀ ਹੁਣ ਸਮਾਪਤ ਹੋ ਗਿਆ ਸੀ। ਕਲਿਆਣੀ ਬਿਲਕੁਲ ਸੁਨੀ ਸੀ। ਹੁਣ ਤਾਂ ਬਿੜਕ ਦੇ ਬਹਾਨੇ ਤੋਂ ਵੀ ਉਹਦਾ ਮਨ ਛੁਟ ਗਿਆ ਸੀ। ਘਰ ਵਾਲਿਆਂ ਤੇ ਬਰਾਤੀਆਂ ਸਭਨਾਂ ਵਿਚ ਮਹੀਪਾਲ ਦੇ ਗੁਆਚਣ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੇ ਸ਼ੰਕੇ ਅਤੇ ਚਰਚੇ ਫੈਲਣ ਲਗ ਪਏ ਸਨ।

ਸ਼ਕੁੰਤਲਾ ਦੀ ਵਿਦਾਈ ਵੇਲੇ ਕੰਨਿਆ ਚਾਣਚਕ ਉੱਥੇ ਆ ਗਈ ਸੀ। ਉਹਦਾ ਬਹੁਤ ਹੀ ਗੰਭੀਰ ਮੂੰਹ ਵੇਖ ਕੇ ਕਲਿਆਣੀ ਇਕ ਪਲ ਉਹਨੂੰ ਟਿਕਵੀਂ ਨਜ਼ਰੇ ਵੇਂਹਦੀ ਰਹੀ ਫਿਰ ਸੁਭਾਉਕੀ ਉਹਦੇ ਕੋਲ ਜਾ ਕੇ ਬਾਂਹ ਫੜ ਕੇ ਦੂਜਿਆਂ ਤੋਂ ਵੱਖਰਿਆਂ ਲਿਜਾ ਕੇ ਦੱਬੇ ਸਵਾਲ ਅਤੇ ਦ੍ਰਿੜ੍ਹ ਆਵਾਜ਼ ਵਿਚ ਪੁੱਛਿਆ — "ਕੋਈ ਖ਼ਬਰ ਲਿਆਏ ਓ ?"

"ਪਹਿਲਾਂ ਤਾਂ ਧੀ ਲਈ ਸੁਹਾਗ ਦੀ ਸੁਗਾਤ ਲਿਆਈ ਆਂ।" ਆਖ ਕੇ ਕੰਨਿਆ ਕਲਿਆਣੀ ਤੋਂ ਨਜ਼ਰਾਂ ਬਚਾਉਂਦੀ ਹੋਈ, ਸ਼ਕੁੰਤਲਾ ਕੋਲ ਆ ਗਈ। ਸ਼ਕੁੰਤਲਾ ਆਪਣੀ ਕੰਨਿਆ ਮਾਮੀ ਨਾਲ ਵੀ ਮਿਲ ਕੇ ਰੋਈ। ਕਰਨਲ, ਸੱਜਨ, ਕਰਨਲ ਦੀ ਪਤਨੀ ਅਤੇ ਆਪਣੀ ਵਲੋਂ ਕੰਨਿਆ ਵਰ-ਵਧੂ ਲਈ ਸੁਗਾਤ ਲੈ ਕੇ ਆਈ ਸੀ। ਭਾਵੇਂ ਇਹ ਸੁਗਾਤ ਦੇਣ ਦਾ ਵੇਲਾ ਨਹੀਂ ਸੀ, ਪਰ ਇਹਨੂੰ ਹੀ ਢੁਕਵਾਂ ਵੇਲਾ ਬਣਾ ਕੇ ਦੋਵਾਂ ਮਾਮਿਆਂ ਨੇ ਆਪਣੇ ਮੋਏ ਸਾਥੀ ਵਲੋਂ ਵਰ ਵਧੂ ਲਈ ਤੋਹਫ਼ੇ ਘੱਲੇ ਸਨ, ਅਜੇਹੇ ਤੋਹਫ਼ੇ ਜੋ ਦੇਣ ਲਈ ਹੀ ਮਹੀਪਾਲ ਨੂੰ ਟੁੱਟਣਾ ਪਿਆ ਅਤੇ ਫਿਰ ਮਰ ਜਾਣਾ ਪਿਆ।

ਕੀਮਤੀ ਫ਼ਰਨੀਚਰ, ਥਾਨਾਂ ਦੇ ਥਾਨ ਰੇਸ਼ਮ, ਜੜਾਊ ਗਹਿਣੇ, ਨਵੀਂ ਮੋਟਰ ਕਾਰ — ਉਰਲਮ-ਪਰਲਮ ਜੋ ਕੁਝ ਵੀ ਦੋ ਕਮਲੇ ਹੋਏ ਮਿੱਤਰਾਂ ਤੋਂ ਆਪਣੇ ਦਿਲੀ ਮਿੱਤਰਾਂ ਦੀ ਗ਼ੈਰ ਹਾਜ਼ਰੀ ਵਿਚ ਖ਼ਰੀਦਿਆ ਭਰਿਆ ਗਿਆ, ਉਹ ਸਭ ਖ਼ਰੀਦ ਕੇ ਚੌਂਹ ਟਰੱਕਾਂ ਵਿਚ ਭਰ ਦਿਤਾ। ਸਭ ਕੁਝ ਮਿਲਾ ਕੇ ਚਾਲ੍ਹੀ ਪੰਜਾਹ ਹਜ਼ਾਰ ਦਾ ਮਾਲ ਸੀ। ਕਰਨਲ ਦਾ ਡਰਾਈਵਰ ਨਵੀਂ ਕਾਰ ਲੈ ਕੇ ਆਇਆ ਸੀ। ਕਾਰ ਫੁੱਲਾਂ ਨਾਲ ਸਜਾ ਕੇ ਘੱਲੀ ਗਈ ਸੀ। ਵਹੁਟੀ ਲਾੜਾ ਆਪਣੀ ਕਾਰ ਵਿਚ ਬੈਠ ਕੇ ਗਏ। ਮਹੀਪਾਲ ਦੇ ਦੋਸਤਾਂ ਵਲੋਂ ਦਿਤੇ ਗਏ ਦਾਜ ਨਾਲ ਚਰਚਾ ਦਾ ਵਿਸ਼ਾ ਬਦਲ ਗਿਆ ਸੀ।

ਬਰਾਤ ਵਿਦਾ ਹੋ ਜਾਣ ਪਿੱਛੋਂ ਘਰ ਵਿਚ ਮੇਲ ਦੀ ਚਹਿਲ ਪਹਿਲ ਤਾਂ ਪੂਰੀ ਤਰ੍ਹਾਂ ਰਹੀ, ਪਰ ਕੰਮ ਦੇ ਉਤਸ਼ਾਹ ਨੂੰ ਪਾਲਾ ਮਰ ਗਿਆ। ਕੰਨਿਆ ਕਲਿਆਣੀ ਨਾਲ ਕਮਰਾ ਬੰਦ ਕਰ ਕੇ ਗੱਲਾਂ ਕਰ ਰਹੀ ਸੀ, ਨਿੱਕਿਆਂ ਵਡਿਆਂ ਵਿਚ ਇਸ ਨਾਲ ਸਨਸਨੀ ਫੈਲ ਗਈ ਸੀ। ਕੱਲ੍ਹ ਦੁਪਹਿਰ ਪਿੱਛੋਂ ਜਿਨ੍ਹਾਂ ਦਾ ਬਾਪ ਭੇਦ ਭਰੇ ਢੰਗ ਨਾਲ ਗੁੰਮ ਹੋ ਗਿਆ ਹੋਏ ਉਹਨਾਂ ਬੱਚਿਆ ਦੇ ਮਨ ਦੀ ਹਾਲਤ ਅਜੀਬ ਹੋਈ ਜਾਂਦੀ ਏ। ਏਨੇ 'ਚ ਡਾ: ਜੈਪਾਲ ਕਿਤੋਂ ਬਾਹਰੋਂ ਆਇਆ ਅਤੇ ਆਪਣੀ ਪਤਨੀ ਨਾਲ ਇਕ ਵੱਖਰੀ ਨੁੱਕਰੇ ਹੌਲੀ ਹੌਲੀ ਗੱਲਾਂ ਕਰਨ ਲੱਗਾ। ਬੱਚਿਆਂ ਦੇ ਚਿਹਰੇ ਅਣਬੁਝ ਬੁਝਾਰਤ ਦਾ ਦੁੱਖ ਸਹਿੰਦਿਆਂ ਸਹਿੰਦਿਆਂ ਤਰਸ ਦੇ ਪਾਤਰ ਬਣ ਗਏ ਸਨ। ਪਤਨੀ ਨਾਲ ਗੱਲਾਂ ਕਰਨ ਪਿੱਛੋਂ ਡਾ: ਜੈਪਾਲ ਬੱਚਿਆਂ ਕੋਲ ਆਇਆ, ਤਪੂ ਤੋਂ ਪੁੱਛਿਆ — "ਤੇਰੀ ਮਾਂ ਕਿੱਥੇ ਏ ?" ਡਰੇ ਹੋਏ ਤਪੂ ਨੇ ਬੰਦ ਕਮਰੇ ਵੱਲ ਇਸ਼ਾਰਾ ਕੀਤਾ। ਡਾਕਟਰ ਨੇ ਦਰਵਾਜ਼ੇ ਤੇ ਦਸਤਕ ਦਿਤੀ, ਕੰਨਿਆ ਨੇ ਦਰਵਾਜ਼ਾ ਖੋਹਲਿਆ, ਕਲਿਆਣੀ ਦੇ ਦਿਉਰ ਨੂੰ ਵੇਖ ਕੇ ਇਕ ਦਮ ਖਲੋ ਗਈ। ਕਲਿਆਣੀ ਕਮਰੇ ਵਿਚਕਾਰ ਬੈਠੀ ਆਪਣੇ ਸੱਜੇ ਹੱਥ ਨਾਲ ਖੱਬੇ ਹੱਥ ਦੀ ਵੀਣੀ 'ਚ ਪਈਆਂ ਚੂੜੀਆਂ ਜ਼ੋਰ ਨਾਲ ਨੱਪ ਕੇ ਤੋੜ ਰਹੀ ਸੀ। ਉਹਦੀਆਂ ਅੱਖਾਂ ਹੁਣ ਵੀ ਅੱਥਰੂਆਂ ਤੋਂ ਸੁੰਨੀਆਂ ਸਨ। ਜੈਪਾਲ ਨੇ ਰੋ ਕੇ ਕਿਹਾ — "ਭਾਬੀ ਵੀਰ ਜੀ ਨੇ ਇਹ ਕੀ ਕਰ ਲਿਆ।" ਅਤੇ ਫਿਰ ਉਹ ਭੁੰਜੇ ਬਹਿ ਕੇ ਫੁੱਟ ਫੁੱਟ ਕੇ ਰੋਣ ਲੱਗਾ। ਕੰਨਿਆ ਦੀਆਂ ਅੱਖਾਂ 'ਚੋਂ ਤਾਜ਼ੇ ਅੱਥਰੂਆਂ ਦੀ ਲੜੀ ਝਗ ਗਈ, ਵੱਡਾ ਲੜਕਾ, ਲੜਕੀ ਇਹ ਨਜ਼ਾਰਾ ਵੇਖ ਕੇ ਕਮਰੇ ਵਿਚ ਘੁਸ ਆਏ। ਕੰਨਿਆ ਨੇ ਰਾਜ ਸ੍ਰੀ ਨੂੰ ਕਲੇਜੇ ਨਾਲ ਲਾ ਲਿਆ, ਵੱਡੇ ਨੇ ਚਾਚੇ ਨੂੰ ਪੁੱਛਿਆ — "ਪਿਤਾ ਜੀ ਨੂੰ ਕੀ ਹੋਇਆ ?" ਜੈਪਾਲ ਸਵਾਲ ਦੇ ਜਵਾਬ ਵਿਚ ਹੋਰ ਫੁੱਟ ਫੁੱਟ ਕੇ ਰੋਣ ਲੱਗ ਪਿਆ। ਬੱਚਿਆਂ ਦੇ ਸਵਾਲ ਹੋਰ ਤਿੱਖੇ ਹੋਏ ਤਾਂ ਉਹਨਾਂ ਨੂੰ, ਸਾਰੇ ਘਰ ਨੂੰ ਇਹ ਪਤਾ ਲੱਗ ਗਿਆ ਕਿ ਮਹੀਪਾਲ ਕਿਸੇ ਦਾ ਪਿਤਾ, ਪਤੀ, ਭਰਾ-ਭਤੀਜਾ — ਹੁਣ ਇਸ ਦੁਨੀਆਂ ਵਿਚ ਨਹੀਂ ਰਿਹਾ।

ਅੱਜ ਸਵੇਰੇ ਕਰਨਲ ਰੋਜ਼ ਵਾਂਗ ਵਿਆਹ ਵਾਲੇ ਘਰ ਆਉਣ ਦੀ ਥਾਂ ਸੱਜਣ ਦੇ ਘਰ

ਪੁੱਜਾ। ਦੋਵੇਂ ਮਿੱਤਰ ਇਕੱਲੇ ਬੈਠੇ ਗੱਲਾਂ ਕਰਦੇ ਰਹੇ। ਮਹੀਪਾਲ ਦੀ ਮੌਤ ਤੇ ਪਸ਼ਚਾਤਾਪ ਕਰਦੇ ਰਹੇ। ਸੱਜਨ ਨੇ ਇਕ ਵਾਰ ਆਪਣਾ ਇਹ ਡਰ ਵੀ ਦੱਸਿਆ ਕਿ ਸ਼ਰਮ ਦੇ ਮਾਰਿਆਂ ਮਹੀਪਾਲ ਕਿਤੇ ਕੁਝ ਕਰ ਨਾ ਬੈਠੇ, ਪਰ ਕਰਨਲ ਦਾ ਵਿਸ਼ਵਾਸ ਸੀ ਕਿ ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਪਹਿਲਾਂ ਮਹੀਪਾਲ ਕੁਝ ਵੀ ਨਹੀਂ ਕਰੇਗਾ ਅਤੇ ਇਸ ਲਈ ਕਿ ਮਹੀਪਾਲ ਨੂੰ ਸ਼ਰਮ ਨਾ ਆਏ, ਉਹ ਅੱਜ ਸਵੇਰੇ ਉੱਥੇ ਨਹੀਂ ਸੀ ਗਿਆ। ਹਾਂ, ਇਸ ਗੱਲ ਦਾ ਡਰ ਵੀ ਸੀ ਕਿ ਵਿਆਹ ਦਾ ਕੰਮ ਨਿਪਟਦਿਆਂ ਹੀ ਮਹੀਪਾਲ ਆਤਮਹੱਤਿਆ ਦੀ ਕੋਸ਼ਿਸ਼ ਕਰ ਸਕਦਾ ਹੈ। ਉਹ ਸ਼ਾਮ ਨੂੰ ਬਰਾਤ ਦੀ ਵਿਦਾਈ ਪਿੱਛੋਂ ਮਹੀਪਾਲ ਦੀ ਪੂਰੀ ਨਿਗਰਾਨੀ ਰੱਖਣ ਦੀ ਗੱਲ ਸੋਚ ਰਿਹਾ ਸੀ।

ਵੰਨ ਕੰਨਿਆਂ ਕਰਨਲ ਦੇ ਆਉਣ ਤੋਂ ਥੋੜੀ ਦੇਰ ਬਾਅਦ ਹੀ ਨਿਯਮ ਅਨੁਸਾਰ ਆਪਣੇ ਕੰਮ ਤੇ ਚਲੀ ਗਈ ਸੀ। ਲੱਗਭੱਗ ਗਿਆਰਾਂ ਸਾਢੇ ਗਿਆਰਾਂ ਵਜੇ ਸੱਜਨ ਨੂੰ ਇਕ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਦਾ ਫ਼ੋਨ ਆਇਆ। ਉਹਨੂੰ ਝੱਟ ਪੱਟ ਹੀ ਅਖ਼ਬਾਰ ਦੇ ਦਫ਼ਤਰ 'ਚ ਆਉਣ ਦੀ ਬੇਨਤੀ ਕੀਤੀ ਗਈ ਸੀ।

ਸੱਜਨ ਦੇ ਪਹੁੰਚਣ ਤੇ ਸੰਪਾਦਕ ਨੇ ਉਹਦੇ ਸਾਹਮਣੇ ਇਕ ਖ਼ਤ ਰਖਿਆ। ਲਿਖਾਈ ਮਹੀਪਾਲ ਦੀ ਸੀ। ਕਿਸੇ ਸਕੂਲੀ ਬੱਚੇ ਦੀ ਅਰਥਮੈਟਿਕ ਦੀ ਰੱਦੀ ਨੋਟ ਬੁਕ ਦੇ ਰੱਦੀ-ਕਾਗਜ਼ਾਂ ਦੇ ਪਿਛਲੇ ਖ਼ਾਲੀ-ਸਫ਼ਿਆਂ ਤੇ ਪੈਂਸਲ ਨਾਲ ਲਿਖਿਆ ਹੋਇਆ ਖ਼ਤ ਸੀ...

"ਸੰਪਾਦਕ ਜੀ,

"ਇਹ ਮੇਰਾ ਆਖ਼ਰੀ ਲੇਖ ਹੈ, ਖ਼ਤ ਦੇ ਰੂਪ ਵਿਚ। ਇਹਨੂੰ ਛਪਿਆ ਵੇਖਣ ਤਕ ਮੈਂ ਨਹੀਂ ਰਹਾਂਗਾ। ਮੇਰੀ ਹੱਥ ਬੰਨ੍ਹ ਕੇ, ਪੁਰਜ਼ੋਰ ਦਿਲੀ ਬੇਨਤੀ ਹੈ ਕਿ ਇਹਨੂੰ ਆਪਣੀ ਅਖ਼ਬਾਰ ਵਿਚ ਜਿਥੋਂ ਤਕ ਹੋ ਸਕੇ ਛੇਤੀ ਥਾਂ ਦੇ ਕੇ ਇਕ ਮੋਏ ਬੰਦੇ ਦੀ ਆਖ਼ਰੀ ਇੱਛਾ ਪੂਰੀ ਕਰੋ। ਮੈਂ ਸਰੇਆਮ ਇਹ ਅਪਰਾਧ ਮੰਨਦਾ ਹਾਂ, ਕਿ ਲਾਲਚ ਦੇ ਇਕ ਪਲ ਨੇ ਮੈਨੂੰ ਚੋਰ ਬਣਾ ਦਿਤਾ। ਮੈਂ ਆਪਣੇ ਮਮੇਰੇ ਭਰਾ ਦੇ ਘਰ — ਉਸ ਘਰ ਵਿਚ ਜਿੱਥੇ ਕਿ ਮੈਂ ਪਲਿਆ ਸਾਂ, ਡਾਕਾ ਪੈਣ ਸਮੇਂ ਹਾਜ਼ਰ ਸਾਂ। ਇਕ ਡਾਕੂ ਨੂੰ ਮਾਰ ਕੇ ਮੈਂ ਉਹਦੀ ਰਕਮ ਲੁੱਟੀ, ਉਹ ਜ਼ੇਵਰ ਮੇਰੇ ਨਾਨਕਿਆਂ ਦੇ ਹੀ ਸਨ। ਮੈਂ ਝਟ ਉਸ ਥੈਲੇ ਨੂੰ ਕੋਲ ਈ ਰੱਖੇ ਹੋਏ ਚੂਨੇ ਦੇ ਉੱਚੇ ਢੇਰ ਵਿਚ ਲੁਕਾ ਦਿਤਾ। ਦੋ ਡਾਕੂ ਭੱਜ ਵੀ ਗਏ ਸਨ; ਉਹ ਆਪਣੇ ਨਾਲ ਕੁਝ ਗਹਿਣਾ ਅਤੇ ਨਕਦੀ ਲੈ ਗਏ ਸਨ, ਮੇਰੇ ਵਲੋਂ ਲੁਕਾਏ ਗਏ ਗਹਿਣੇ ਵੀ ਉਹਨਾਂ ਡਾਕੂਆਂ ਦੇ ਅਪਰਾਧ ਵਿਚ ਜੋੜ ਦਿਤੇ ਗਏ। ਇਹ ਚੋਰੀ ਕਰਦਿਆਂ ਮੇਰੀ ਆਤਮਾ ਬੜੀ ਕੰਬੀ ਸੀ, ਪਰ ਥੁੜ ਦੀਆਂ ਦਲੀਲਾਂ ਨੇ ਮੇਰੀ ਆਤਮਾ ਨੂੰ ਆਪਣਿਆਂ ਸੰਗਲਾਂ ਵਿਚ ਜਕੜ ਲਿਆ। ਉਹਨੀਂ ਦਿਨੀਂ ਮੈਨੂੰ ਆਪਣੀ ਭਣੇਵੀਂ ਦੇ ਵਿਆਹ ਦੀ ਚਿੰਤਾ ਪਈ ਹੋਈ ਸੀ। ਮੇਰੀ ਪਤਨੀ ਆਪਣੇ ਜ਼ਾਤੀ ਸਮਾਜ ਦੀ ਪ੍ਰੰਪਰਾ ਅਨੁਸਾਰ ਹੀ ਉਹਦਾ ਵਿਆਹ ਕਰਨ ਦੀ ਜ਼ਿੱਦ ਕਰ ਰਹੀ ਸੀ। ਉਹਦੀ ਜ਼ਿੱਦ ਵਿਚ

ਸਮਾਜ ਦੀ ਨਬਜ਼ ਬੋਲ ਰਹੀ ਸੀ। ਮੈਂ ਆਪ ਵੀ ਆਪਣੀ ਮਾਂ-ਬਾਪ ਵਿਹੂਣੀ-ਭਣੇਵੀਂ ਦਾ ਵਿਆਹ ਬਹੁਤ ਸ਼ਾਨਦਾਰ ਕਰਨਾ ਚਾਹੁੰਦਾ ਸਾਂ। ਇਹੋ ਨਹੀਂ, ਮੈਂ ਹਰ ਕੰਮ ਬੜੇ ਵਧੀਆ ਤ੍ਰੀਕੇ ਨਾਲ ਕਰਨਾ ਚਾਹੁੰਦਾ ਸਾਂ। ਤਾਲੁਕੇਦਾਰੀ ਵਾਤਾਵਰਣ ਵਿਚ ਪਲਿਆ ਹੋਣ ਕਰ ਕੇ ਮੇਰੇ ਸੰਸਕਾਰ ਵੀ ਰਾਜਸ਼ਾਹੀ ਹੋ ਗਏ ਸਨ। ਉਹਨਾ ਕਰ ਕੇ, ਬੀਤੇ ਕੁਝ ਵਰ੍ਹਿਆਂ ਤੋਂ ਜਦੋਂ ਤੋਂ ਕਿ ਮੇਰਾ ਆਰਥਕ ਜੀਵਨ ਸੰਕਟ ਦਾ ਸ਼ਿਕਾਰ ਹੋਇਆ ਸੀ, ਮੇਰੇ ਮਨ ਵਿਚ ਇਕ ਜ਼ਬਰਦਸਤ ਅਤ੍ਰਿਪਤੀ ਪੈਦਾ ਹੋ ਗਈ ਸੀ। ਮੇਰੀ ਏਸ ਹੀਣ ਭਾਵਨਾ ਨੇ ਚਲਾਕੀ ਨਾਲ ਦਬੋਚ ਕੇ ਮੇਰੇ ਈਮਾਨ ਨੂੰ ਕਤਲ ਕਰ ਦਿਤਾ। ਮੈਂ ਸੋਚਿਆ ਇਹ ਧਨ ਮੈਨੂੰ ਰੱਬ ਨੇ ਦਿਤਾ ਹੈ। ਇਕ ਕੋਲ ਤਾਂ ਏਨਾ ਧਨ ਹੈ ਕਿ ਉਹ ਇਹਨਾਂ ਜਵਾਹਰਾਤ ਦੇ ਚਲੇ ਜਾਣ ਦੇ ਪਿੱਛੋਂ ਵੀ ਵੱਡੀ ਹੈਸੀਅਤ ਵਾਲੇ ਹੀ ਅਖਵਾਉਣਗੇ। ਪਰ ਏਸ ਨਾਲ ਮੇਰੀ ਭਣੇਵੀਂ ਦੇ ਵਿਆਹ ਲਈ ਧਨ ਇਕੱਠਾ ਕਰਨ ਦੀ ਸਮੱਸਿਆ ਬੜੀ ਸੌਖ ਨਾਲ ਹੱਲ ਹੋ ਜਾਏਗੀ।

"ਅੱਜ ਆਪਣੀ ਇਸ ਦਲੀਲ ਦੇ ਖੋਖਲੇਪਨ ਨੂੰ ਚੰਗੀ ਤਰ੍ਹਾਂ ਪਛਾਣ ਗਿਆ ਹਾਂ। ਚੋਰੀ ਕਰਦਿਆਂ ਹੀ ਮੈਂ ਬੁਜ਼ਦਿਲ ਹੋ ਗਿਆ ਸਾਂ ਅਤੇ ਬੁਜ਼ਦਿਲ ਦੀ ਦਲੀਲ ਪ੍ਰਤੱਖ ਤੌਰ ਤੇ ਬੜੀ ਇਨਕਲਾਬੀ ਲਗਦੀ ਹੋਈ ਵੀ ਪੂਰੀ ਤਰ੍ਹਾਂ ਬਲਹੀਣ ਹੁੰਦੀ ਹੈ। ਮੈਂ ਆਪਣੇ ਮਨ ਨੂੰ ਝੂਠੀਆਂ ਦਲੀਲਾ ਨਾਲ ਪਰਚਾਇਆ।

"ਜਿਹੜਾ ਸਮਾਜ ਪ੍ਰਬੰਧ ਮੇਰੀ ਜਾਗਦੀ ਹੋਂਦ ਨੂੰ ਥੁੜ ਵਾਲੀ ਬਣਾ ਕੇ ਇੰਜ ਜੀਉਂਦੇ ਜੀਅ ਮਾਰ ਸਕਦੀ ਹੈ ਉਹ ਬਹੁਤ ਕਰ ਕੇ ਅਚੇਤ ਹਾਲਤ ਵਿਚ, ਮੁੱਢਲੇ ਸੰਸਕਾਰਾਂ ਵਿਚ ਪਲਣ ਵਾਲੇ ਸਮਾਜ ਨੂੰ ਕਿਉਂ ਨਾ ਢਹਿੰਦੀਆ ਕਲਾਂ ਵਾਲੀ ਉਸ ਖੱਡ ਵਿਚ ਸੁੱਟ ਦਏਗਾ ਜੀਹਦੀ ਭਿਆਨਕਤਾ ਨਾਲ ਭਰੇ ਵੱਖ ਵੱਖ ਸਮਾਚਾਰ ਤੁਸੀਂ ਆਪਣੀ ਅਖ਼ਬਾਰ ਵਿਚ ਛਾਪਦੇ ਹੋ!

"ਆਪਣੀ ਬੁਜ਼ਦਿਲੀ ਨੂੰ ਧੋਣ ਲਈ ਮੈਂ ਆਪਣੀ ਮਰਜ਼ੀ ਨਾਲ ਡੁੱਬ ਕੇ ਆਤਮ ਹੱਤਿਆ ਕਰ ਰਿਹਾ ਹਾਂ।

'ਦੂਸਰਾ ਅਪਰਾਧ ਇਹ ਵੀ ਮੰਨਦਾ ਹਾਂ ਕਿ ਮੈਂ ਆਪਣੇ ਪਰਮ ਮਿੱਤਰ, ਸੁਪ੍ਰਿਸੱਧ ਅਤੇ ਸਯੋਗ ਚਿਤ੍ਰਕਾਰ ਸ੍ਰੀ ਸੱਜਨ ਵਰਮਾ ਦੇ ਜਾਇਦਾਦ ਦਾਨ ਕਰਨ ਤੋਂ ਈਰਖਾਲੂ ਹੋ ਕੇ ਉਹਦੇ ਉਹਨਾਂ ਸਮਾਜਕਾਂ ਕੰਮਾਂ ਦਾ ਵਿਰੋਧ ਕੀਤਾ ਜੋ ਵਰ੍ਹਿਆਂ ਤੋਂ ਮੇਰੇ ਆਦਰਸ਼ ਦਾ ਸੁਪਨਾ ਰਹੇ ਸਨ। ਮੇਰੀ ਸ਼ਖ਼ਸੀਅਤ ਦੀ ਇਹ ਤੰਗ ਦਿਲੀ ਸਮਾਜ ਵਿਚ ਹਮੇਸ਼ਾ ਕਲੰਕ ਵਾਂਗ ਯਾਦ ਰੱਖੀ ਜਾਏਗੀ। ਇਹਨੂੰ ਮੈਂ ਆਪਣੀ ਚੋਰੀ ਨਾਲੋਂ ਵੀ ਵੱਡਾ ਅਪਰਾਧ ਮੰਨਦਾ ਹਾਂ।

ਇਕ ਪਾਪੀ,
ਮਹੀਪਾਲ ਸ਼ੁਕਲ"

ਖ਼ਤ ਦੇ ਹੇਠਾਂ, ਖ਼ਤ ਨਾਲ ਸੰਬੰਧ ਨਾ ਰੱਖਣ ਵਾਲੇ ਕੁਝ ਵਾਕ ਲਿਖੇ ਸਨ ! ਆਦਮੀ ਆਦਮੀ ਜਰੂਰ ਰਹੇ, ਪਰ ਉਹਦੀ ਨਿੱਜੀ ਸੋਚ ਵਿਚ ਵੀ ਸਮਾਜਕ ਦ੍ਰਿਸ਼ਟੀਕੋਣ ਦਾ ਰਹਿਣਾ ਜ਼ਰੂਰੀ ਹੋਣਾ ਚਾਹੀਦਾ ਏ। — ਮੈਂ ਇਕੱਲਾ ਵੀ ਹਾਂ, ਪਰ ਅਨੇਕ ਲੋਕਾਂ ਦੇ ਨਾਲ ਵੀ ਹਾਂ, ਦੁੱਖ ਸੁਖ, ਸ਼ਾਂਤੀ-ਅਸ਼ਾਂਤੀ ਆਦਿ ਨਿੱਜੀ ਅਨੁਭਵ ਹਨ, ਪਰ ਇਹ ਸਮਾਜ ਵਿਚ ਹਰ ਇਕ ਆਦਮੀ ਦੇ ਹਨ, ਇਸ ਲਈ ਸਾਨੂੰ ਇਹ ਮੰਨਣਾ ਚਾਹੀਦਾ ਏ ਕਿ ਸਮਾਜ ਇਕ ਹੈ — ਆਦਮੀ ਤਾਂ ਅਨੇਕ ਹਨ। ਸੂਰਜ ਚੰਦਰਮਾ ਧਰਤੀ ਇਹ ਸਭ ਇਕ — ਇਕ ਹਨ — ਭਾਵੇਂ ਅਨੇਕ ਤੱਤਾਂ ਤੋਂ ਇਹਦਾ ਨਿਰਮਾਣ ਹੋਇਆ ਹੋਏ।''

ਸੱਜਨ ਨੇ ਇਕ ਵਾਰ ਚਿੱਠੀ ਨੂੰ ਪੜ੍ਹਿਆ। ਉਹ ਹੈਰਾਨ ਪਰੇਸ਼ਾਨ ਹੋ ਗਿਆ, ਫਿਰ ਪੜ੍ਹਿਆ ਤਾਂ ਪੜ੍ਹਦਿਆਂ ਪੜ੍ਹਦਿਆਂ ਚਿੱਠੀ ਹੱਥੋਂ ਡਿੱਗ ਪਈ ਅਤੇ ਉਹ ਮੇਜ਼ ਤੇ ਸਿਰ ਧਰ ਕੇ ਭੁੱਬੀਂ ਰੋ ਪਿਆ।

ਕਰਨਲ ਨੂੰ ਇਤਲਾਹ ਮਿਲੀ। ਡਾਕਟਰ ਜੈਪਾਲ ਨੂੰ ਵੀ ਬੁਲਾ ਕੇ ਸੂਚਿਤ ਕੀਤਾ ਗਿਆ, ਪੁਲਸ ਨੂੰ ਵੀ ਇਤਲਾਹ ਦਿਤੀ ਗਈ। ਗੋਮਤੀ ਦੇ ਕੰਢੇ ਕੰਢੇ ਕੁਰੀਆ ਘਾਟ ਤੋਂ ਲੈ ਕੇ ਬੰਧ ਤੀਕ ਖੋਜ ਕੀਤੀ ਗਈ ਕਿ ਸ਼ਾਇਦ ਕਿਤੇ ਮਹੀਪਾਲ ਦੇ ਕਪੜੇ ਰਖੇ ਹੋਏ ਮਿਲ ਜਾਣ, ਪਰ ਮਿਹਨਤ ਅਜਾਈ ਗਈ। ਮਹੀਪਾਲ ਨੇ ਕਾਗ਼ਜ਼ ਅਤੇ ਪੈਂਸਲ ਕਿਥੋਂ ਲਏ, ਕਿਸ ਵੇਲੇ ਆ ਕੇ ਉਹ ਇਸ ਖ਼ਤ ਨੂੰ ਐਡੀਟਰ ਦੇ ਦਫ਼ਤਰ ਅਗੇ ਲਗੀ ਹੋਈ ਚਿੱਠੀਆਂ ਵਾਲੀ ਸੰਦੂਕੜੀ ਵਿਚ ਪਾ ਗਿਆ, ਕਿਥੇ ਤੇ ਕਦੋਂ ਜਾਨ ਦਿਤੀ, ਇਹ ਸਾਰੇ ਭੇਦ ਮਹੀਪਾਲ ਆਪਣੇ ਨਾਲ ਲੈ ਗਿਆ !

52

ਮਹੀਪਾਲ ਦੀ ਮੌਤ ਦੇ ਸੱਲ ਨੇ ਕਰਨਲ, ਸੱਜਨ ਕਲਿਆਣੀ, ਸ਼ੀਲਾ ਅਤੇ (ਇਹਨਾਂ ਸਭਨਾਂ ਦੀ ਨੇੜਤਾ ਕਰਕੇ) ਕੰਨਿਆ ਤੇ ਵੀ ਆਪਣੀ ਇਕ ਪੱਕੀ ਛਾਪ ਲਾ ਦਿਤੀ। ਕੁਝ ਦਿਨ ਤਾਂ ਸਭਨਾਂ ਨੂੰ ਏਦਾਂ ਜਾਪਦਾ ਸੀ ਕਿ ਮਹੀਪਾਲ ਅਜੇ ਮਰਿਆ ਹੀ ਨਹੀਂ, ਇਥੇ ਕਿਤੇ ਹੈ, ਹੁਣੇ ਆਉਂਦਾ ਈ ਹੋਏਗਾ। ਜਾਂ ਕਦੇ ਉਹਨਾਂ ਨੂੰ ਮਹੀਪਾਲ ਆਪਣੇ ਕੋਲ ਆਇਆ ਲਗਦਾ। ਕਦੇ ਆਵਾਜ਼ ਸੁਣਦੀ ਜਾਪਦੀ। ਲੰਮੀਆਂ ਲੰਮੀਆਂ ਸਿਸਕੀਆਂ ਵਰਗੇ ਸਾਹਾਂ ਨਾਲ ਡੁਭਕ ਕੇ ਸਭਨਾਂ ਦੇ ਦਿਲ ਆਪਣੀ ਬੇਵਸੀ ਲਈ ਉਤਾਂਹ ਕਿਤੇ ਸੁੰਨ ਵਿਚ ਅੱਥਰੂਆਂ ਭਰੀਆਂ ਅੱਖਾਂ ਲਾਈ ਹੋਏ ਹਨ। ਸਭਨਾਂ ਦੇ ਮਨਾਂ ਨੇ ਆਪਣੇ ਕੋਲੋਂ ਲੱਖਾਂ ਸਵਾਲ ਪੁੱਛ ਛੱਡੇ ਹਨ। ਇਹਨਾਂ ਸਭਨਾਂ ਦੇ ਜੀਵਨ ਵਿਚੋਂ ਮਹੀਪਾਲ ਕੀ ਗਿਆ, ਜੀਵਨ ਦੀ ਇਕ ਸਥਾਈ ਕੜੀ ਟੁੱਟ ਗਈ। ਇਕ ਛੋਹ, ਇਕ

ਆਵਾਜ਼, ਸ਼ਕਲ-ਰੰਗ ਗੁਣ ਔਗੁਣ ਭਰਿਆ ਇਕ ਬੰਦਾ — ਸਾਥੀ ਨਿਕਟਵਰਤੀ ਜ਼ਰਾ ਕੁ ਸਮੇਂ 'ਚ "ਹੈ" ਤੋਂ "ਸੀ" ਹੋ ਗਿਆ।

ਜਨਮ-ਮੌਤ ਕੁਦਰਤ ਦਾ ਨੇਮ ਹੈ। ਜਨਮ ਦੀ ਖ਼ੁਸ਼ੀ ਅਤੇ ਮੌਤ ਦਾ ਸ਼ੋਕ ਸਦਾ ਤੋਂ ਸਮਾਜ ਦਾ ਵਿਅਕਤੀਗਤ ਧੰਦਾ ਰਿਹਾ ਹੈ ਅਤੇ ਰਹੇਗਾ ਵੀ। ਸਮਾਂ ਸ਼ੋਕ ਨੂੰ ਘਟਾ ਦਿੰਦਾ ਹੈ। ਮਹੀਪਾਲ ਜੇਕਰ ਸਖ਼ਤ ਸਰੀਰਕ ਰੋਗ 'ਚ ਗਰੱਸਿਆ, ਪੂਰਾ ਇਲਾਜ ਕਰ ਲੈਣ ਪਿਛੋਂ ਮਰਿਆ ਹੁੰਦਾ; ਜਾਂ ਬਿਰਧ ਉਮਰ ਭੋਗ ਕੇ ਉਹਦੀ ਦੇਹ ਛੁਟਕਾਰਾ ਪਾਉਂਦੀ ਤਾਂ ਗ਼ਮ ਹੁੰਦਾ, ਪਰ ਮਨ ਨੂੰ ਵਾਰ ਵਾਰ ਇੰਜ ਧੱਕੇ ਨਾ ਵੱਜਦੇ। ਮਹੀਪਾਲ ਵਰਗੇ ਵਿਚਾਰਕ ਦਾ ਇਕ ਗ਼ਲਤ ਮੋਹ ਵਿਚ ਫਸ ਕੇ ਉਹਦੇ ਸਿੱਟੇ ਵਜੋਂ ਆਤਮ ਹੱਤਿਆ ਕਰਨੀ ਇਕ ਅਜਿਹੀ ਕੌੜੀ ਸੱਚਾਈ ਸੀ ਜੀਹਦੇ ਨਾਲ ਕਿ ਸੱਜਨ ਨੂੰ ਅੱਖਾਂ ਸਾਂਝੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਸੀ। ਮਹੀਪਾਲ ਵਰਗੀਆਂ ਹਾਲਤਾਂ ਵਿਚੋਂ ਜੇਕਰ ਸੱਜਨ ਦਾ ਜੀਵਨ ਲੰਘਿਆ ਹੁੰਦਾ ਤਾਂ ਸ਼ਾਇਦ ਉਹਦਾ ਅੰਤ ਵੀ ਇੰਜ ਈ ਹੋਇਆ ਹੁੰਦਾ। ਸੱਜਨ ਸੋਚਣ ਲਗਾ ਅਜਿਹਾ ਕਿਹੜਾ ਉਪਾਅ ਹੈ ਜਿਸ ਨਾਲ ਕਿ ਆਤਮ ਵਿਸ਼ਵਾਸ ਅਤੇ ਆਤਮਬਲ ਗੁਆ ਕੇ ਮਨੁੱਖ ਇੰਜ ਬੇਹੂਦਾ ਠੋਕਰਾਂ ਖਾਣ ਤੋਂ ਬਚਾਇਆ ਜਾ ਸਕੇ।

ਸੱਜਨ ਦੇ ਸਾਹਮਣੇ ਪੁਰਾਣਾ ਸਵਾਲ ਫਿਰ ਜਿਉਂ ਦਾ ਤਿਉਂ ਆ ਗਿਆ। ਜਿਸ ਦੇਸ਼ ਵਿਚ ਕਰਮਜੋਗ ਦਾ ਸਿਧਾਂਤ ਹੈ, ਵੇਦ, ਉਪਨਿਸ਼ਦ, ਸਾਹਿਤ, ਸ਼ਾਸਤਰ ਹੈ, ਵਿਆਸ, ਬਾਲਮੀਕ ਵਰਗੇ ਜੁੱਗ ਪਲਟਾਉਣ ਵਾਲੇ ਮਹਾਂਰਿਸ਼ੀ ਹਨ, ਏਨਾ ਰਸਾਂ ਦਾ ਗਿਆਨ ਹੈ, ਅਜੰਤਾ, ਏਲੋਰਾ, ਕੋਣਾਰਕ ਭਾਰਤ — ਸਾਰੇ ਭਾਰਤ ਵਿਚ ਫੈਲਿਆ ਕਮਾਲ ਦੀ ਕਾਰੀਗਰੀ ਹੈ, ਚੰਗੀਆਂ ਨੀਤੀਆਂ ਹਨ; ਜਿਸ ਦੇਸ਼ ਦਾ ਇਤਿਹਾਸ ਏਨਾ ਮਹਿਮਾ ਵਾਲਾ ਹੈ — ਉਹ ਦੇਸ਼ ਰੂੜੀਵਾਦੀ ਹਾਲਤ ਅਤੇ ਗੰਦਗੀ ਵਿਚ ਰਹਿਣਾ ਪਸੰਦ ਕਰਦਿਆਂ ਹੋਇਆਂ ਅੱਜ ਦੀ ਭਿਅੰਕਰ ਖੜੋਤ ਦੇ ਰੂਪ ਵਿਚ ਆਤਮ ਹੱਤਿਆ ਕਿਉਂ ਕਰ ਰਿਹਾ ਹੈ। ਮਹੀਪਾਲ ਅਤੇ ਭਾਰਤ ਆਪਣੇ ਗਿਆਨ ਅਤੇ ਅਗਿਆਨ ਨਾਲ ਇਕੋ ਜਿਹੇ ਹਨ।

ਮਹੀਪਾਲ ਨੂੰ ਭੁਲਣ ਲਈ ਸੱਜਨ ਦਾ ਚੁੱਪ ਹਠ ਉਹਦੇ ਕੋਲੋਂ ਕਰੜੀ ਮਿਹਨਤ ਕਰਾਉਣ ਲਗਾ। ਉਹ ਅਤੇ ਕੰਨਿਆ ਘਰ ਘਰ ਜਾ ਕੇ ਲੋਕਾਂ ਤੋਂ ਉਹਨਾਂ ਦੀਆਂ ਸਮੱਸਿਆਵਾਂ ਦੀ ਪ੍ਰਤੱਖ ਜਾਣਕਾਰੀ ਲੈਣ ਲਗੇ। ਗ਼ਰੀਬੀ ਦੀ ਮਹਾਂਮਾਰੀ ਤਾਂ ਆਮ ਕਰਕੇ ਫੈਲੀ ਹੋਈ ਹੀ ਹੈ, ਉਸ ਤੋਂ ਬਿਨਾਂ ਸਾਡਾ ਦੇਸ਼ ਸਮੇਂ ਅਨੁਸਾਰ ਤੁਰਨ ਲਈ ਬਿਲਕੁਲ ਬਲ-ਹੀਣ ਹੈ। ਸਮੇਂ ਦੇ ਨਾਲ ਚਲਣ ਲਈ ਜਿਨ੍ਹਾਂ ਸੰਸਕਾਰਾਂ ਦੀ ਤਾਕਤ ਚਾਹੀਦੀ ਏ ਉਹਨਾਂ ਵਲ ਸਾਡਾ ਸਮਾਜ ਅਜੇ ਸੁਚੇਤ ਨਹੀਂ।

ਇਹਦਾ ਕੀ ਕਾਰਨ ਹੈ ?

ਸਾਡਾ ਦੇਸ਼ ਵਿਚਾਰਾਂ ਅਤੇ ਰੀਤਾਂ-ਰਿਵਾਜਾਂ ਦਾ ਇਕ ਮਹਾਨ ਅਜਾਇਬਘਰ ਹੈ। ਸੈਂਕੜੇ ਸਦੀਆਂ ਦੇ ਰਹਿਣ-ਸਹਿਣ, ਰੀਤਾਂ ਦਾ ਵਰਤਾ ਅਤੇ ਮਾਨਤਾਵਾਂ ਨੂੰ, ਜਿਹੜੀਆਂ ਅੱਜ ਭੌਤਕ ਵਿਗਿਆਨ ਦੇ ਜੁਗ ਵਿਚ ਇਕਦਮ ਬੇਫ਼ਾਇਦਾ ਸਿੱਧ ਹੋਈਆਂ ਸਨ, ਸਾਡੇ ਸਮਾਜ ਨੇ ਅੰਧਵਿਸ਼ਵਾਸ ਅਪਨਾਇਆ ਹੋਇਆ ਹੈ। ਹਰ ਜੁਗ ਵਿਚ ਜਿਹੜੇ ਸੁਧਾਰ ਹੋਏ, ਜਿੰਨੇ ਇਤਿਹਾਸਕ ਪ੍ਰਭਾਵ ਪਏ ਉਹਨਾਂ ਵਿਚੋਂ ਬਹੁਤੇ ਅੱਜ ਵੀ ਸਾਡੇ ਸਿਰ ਤੇ ਮੜ੍ਹੇ ਹੋਏ ਹਨ। ਸਾਡੇ ਘਰਾਂ, ਗਲੀਆਂ ਵਿਚ ਸਾਧੂ, ਵੈਰਾਗੀ, ਫ਼ਕੀਰ ਬੈਠੇ ਹਨ, ਚੰਡੀ ਦਾ ਪਾਠ ਕਰਨ ਵਾਲੇ ਪੰਡਤ, ਵਿਆਹ-ਮੁੰਡਨ, ਜਨੇਊ ਤੋਂ ਲੈ ਕੇ ਮਰਨ ਸੰਸਕਾਰ ਤਕ ਕਰਾਉਣ ਵਾਲੇ ਪੰਡਤ, ਕਥਾ ਕਰਨ ਵਾਲੇ ਪੰਡਤ, ਸ਼ਾਸਤਰਾਂ ਦੇ ਅਰਥ ਦਸਣ ਵਾਲੇ ਪੰਡਤ, ਭੂਤ ਕੱਢਣ ਵਾਲੇ ਸਿਆਣੇ, ਸ਼ਨੀਚਰ ਦਾ ਦਾਨ ਲੈਣ ਵਾਲੇ ਭਾਟੜੇ, ਟੂਣੇ ਟੋਟਕੇ, ਦਾਜ ਊਚ ਨੀਚ, ਤੇਤੀ ਕਰੋੜ ਦੇਵਤੇ — ਇਹ ਬੇ-ਮਤਲਬ ਦਿਮਾਗ਼ ਖ਼ਰਾਬ ਕਰਨ ਵਾਲੀਆਂ ਘਸੀਆਂ ਪਿੱਟੀਆਂ ਗੱਲਾਂ ਭਰੀਆਂ ਹੋਈਆਂ ਹਨ। ਇਹਨਾਂ ਵਿਚ ਅੰਧ ਵਿਸ਼ਵਾਸ ਇਕੱਠਾ ਹੋਣ ਕਾਰਨ ਸਾਡੇ ਸਮਾਜ ਵਿਚ ਆਤਮ ਵਿਸ਼ਵਾਸ ਹੀ ਨਹੀਂ ਰਿਹਾ। ਭੌਤਕ ਵਿਗਿਆਨ ਦੀ ਏਨੀ ਤੇਜਸਵੀ ਉੱਨਤੀ ਦੇ ਜੁਗ ਵਿਚ ਇਹ ਸਾਰਾ ਪੁਰਾਣਾ ਢਾਂਚਾ ਵਿਅਰਥ ਹੋ ਗਿਆ ਹੈ। ਸ਼ਰਧਾ ਦੇ ਪ੍ਰਤੀਕ ਦੀ ਲੋੜ ਹੈ, ਪਰ ਅੰਨ੍ਹੀ ਸ਼ਰਧਾ ਦੇ ਪ੍ਰਤੀਕਾਂ ਦੀ ਨਹੀਂ। ਸਦਾ ਤੋਂ ਦੇਸ਼ ਦਾ ਮਹਾਨ ਦੇਵਤਾ ਧਰਤੀ ਮਾਤਾ ਰਹੀ ਹੈ। ਰੱਬ ਖੋਖਲੇ ਅਸਮਾਨ ਵਿਚ ਨਹੀਂ ਰਹਿੰਦਾ, ਇਸ ਸੱਚ ਨੂੰ ਇਸ ਦੇਸ਼ ਨੇ ਬਹੁਤ ਪਹਿਲੋਂ ਹੀ ਵੇਖ ਲਿਆ ਸੀ। ਉਹਨੇ ਹਰ ਜੀਵ ਵਿਚ ਉਹਨੂੰ ਵੇਖਿਆ, ਮਨੁੱਖ ਵਿਚ ਉਸ ਪਰਮ ਸ਼ਕਤੀ ਨੂੰ ਪਛਾਣਿਆ। ਇਸ ਦੇਸ ਨੇ ਗਿਆਨ ਅਤੇ ਕਰਮ ਨੂੰ ਹੀ ਦਰਸ਼ਨ ਦਾ ਮੂਲ ਅਧਾਰ ਬਣਾਇਆ। ਇਸ ਤਰ੍ਹਾਂ ਉਹਦਾ ਦ੍ਰਿਸ਼ਟੀਕੋਣ ਸਿਰਜਣਾਤਮਕ ਰਿਹਾ ਹੈ। ਇਹ ਸਾਰੀਆਂ ਗੱਲਾਂ ਆਤਮ ਵਿਸ਼ਵਾਸ ਨੂੰ ਦ੍ਰਿੜ੍ਹ ਕਰਦੀਆਂ ਹਨ। ਅਜ ਦੇ ਜੁੱਗ ਵਿਚ ਅਸਾਂ ਆਪਣੀ ਪ੍ਰੰਪਰਾ ਦੀ ਏਸੇ ਸ਼ਕਤੀ ਨੂੰ ਲੈ ਕੇ ਅਗਾਂਹ ਵਧਣਾ ਹੈ। ਮੌਤ ਦੇ ਡਰ ਦੇ ਘੇਰੇ ਵਿਚ ਆ ਕੇ ਪਰਲੋਕ ਦੀ ਸੋਚ ਵਿਚ ਰੱਖਣ ਵਾਲਾ ਦਰਸ਼ਨ ਨਿਰਾ ਜੜ ਅਤੇ ਆਤਮਾ ਨੂੰ ਮਾਰਨ ਵਾਲਾ ਹੈ। ਇਸ ਪਰਲੋਕ ਵਾਲੇ ਦਰਸ਼ਨ ਅਤੇ ਉਹਦੇ ਧਰਮ ਨੂੰ ਲੋਕ ਜੀਵਨ ਨਾਲ ਸਮੇਟ ਕੇ ਮਿਊਜ਼ੀਅਮ ਵਿਚ ਰੱਖ ਦੇਣਾ ਹੀ ਉਚਿੱਤ ਅਤੇ ਸਮੇਂ ਦੇ ਅਨੁਕੂਲ ਹੈ। ਸਵਾਮੀ ਵਿਵੇਕਾਨੰਦ ਨੇ ਕਿਤੇ ਕਿਹਾ ਹੈ ਕਿ ਆਤਮ ਵਿਸ਼ਵਾਸ ਗੁਆ ਕੇ ਈਸ਼ਵਰ ਜਾਂ ਮੰਨੇ ਜਾਂਦੇ ਤੇਤੀ ਕਰੋੜ ਪੁਰਾਣਿਕ ਦੇਵੀ ਦੇਵਤਿਆਂ ਵਿਚ ਵਿਸ਼ਵਾਸ ਰੱਖਣਾ ਗ਼ਲਤ ਹੈ। ਆਤਮ ਵਿਸ਼ਵਾਸ ਹੀ ਨਵੇਂ ਜੁੱਗ ਦਾ ਧਰਮ ਹੈ।

ਸਾਡੇ ਅਜੋਕੇ ਲੋਕ ਜੀਵਨ ਵਿਚ ਪੱਸਰੀ ਵਿਸ਼ਵਾਸ ਹੀਣਤਾ ਦਾ ਦੂਜਾ ਕਾਰਨ ਅਜ ਦੀਆਂ ਰਾਜਨੀਤਕ ਪਾਰਟੀਆਂ ਹਨ। ਇਹਨਾਂ ਨੂੰ ਚਲਾਉਣ ਵਾਲੇ ਦੂਸਰੀ

ਤਰ੍ਹਾਂ ਦੇ ਪੰਡਤ, ਪਾਂਡੇ, ਸਿਆਣੇ ਹਨ । ਰਾਜਨੀਤੀ ਜਿਸ ਤਰ੍ਹਾਂ ਅਜ ਪ੍ਰਚਲਤ ਹੈ ਜ਼ਰਾ ਕੁ ਵੀ ਅਗਾਂਹ ਵਧੂ ਸ਼ਕਤੀ ਨਹੀਂ । ਰਾਜਨੀਤੀ ਸਿਰਫ਼ ਦਾਅ-ਪੇਚਾਂ ਦਾ ਅਖਾੜਾ ਹੈ; ਮਨੁੱਖੀ ਹਿੱਤ ਵਾਲੇ ਆਦਰਸ਼ਾਂ ਤੋਂ ਹੀਣੀ ਵਿਅਕਤੀਗਤ ਹੰਕਾਰ ਦੇ ਕਾਰਨ ਰਾਜਨੀਤੀ ਦੇ ਖਿਡਾਰੀਆ ਦੀ ਬੁੱਧੀ, ਚਤਰਾਈ ਅਤੇ ਕੰਮ ਕਰਨ ਦੀ ਕੁਸ਼ਲਤਾ ਬਹਿਕ ਗਈ ਹੈ । ਵਰਤਮਾਨ ਰਾਜਨੀਤੀ ਦਾ ਜਨਮ ਸਾਮਰਾਜਵਾਦ ਵਿਚੋਂ ਹੋਇਆ ਹੈ। ਏਸੇ ਸਾਮਰਾਜਵਾਦੀ ਨੀਤੀ ਨਾਲ ਓਦਯੋਗਕ ਪੂੰਜੀਵਾਦ ਨੂੰ ਸ਼ਕਤੀ ਮਿਲੀ ਹੈ । ਉਸ ਸ਼ਕਤੀ ਅਤੇ ਲੋਕ-ਹਿਤ ਦਾ ਵੈਰ ਸੁਭਾਵਕ ਹੈ। ਸਾਮਰਾਜ ਸ਼ਾਹੀ ਚਾਹੇ ਪੂੰਜੀਵਾਦ ਦੀ ਹੋਏ, ਕੌਮਵਾਦ, ਜਾਤੀਵਾਦ, ਧਰਮਵਾਦ ਦੀ ਹੋਏ ਗ਼ਲਤ ਹੈ । ਦੇਸ਼ ਦੇ ਪੁਰਾਣੇ ਅਤੇ ਨਵੇਂ ਇਤਿਹਾਸ ਦੀਆਂ ਅਨੇਕ ਉਦਾਹਰਣਾ ਇਸ ਗੱਲ ਨੂੰ ਸਿੱਧ ਕਰਦੀਆਂ ਹਨ ।

ਅਜ ਇਸ ਦੇਸ਼ ਵਿਚ ਕੀ ਕਾਂਗਰਸ, ਕੀ ਸੋਸਲਿਸਟ ਪਾਰਟੀ, ਕਮਿਊਨਿਸਟ ਪਾਰਟੀ, ਜਨਸੰਘ; ਹਿੰਦੂ ਸਭਾ ਆਦਿ ਜਿੰਨੀਆਂ ਵੀ ਰਾਜਨੀਤਕ ਪਾਰਟੀਆਂ ਹਨ — ਸਭ ਬਹੁਤਾ ਕਰਕੇ ਇਕ ਤੋਂ ਇਕ ਵਧ ਕੇ ਬੇਈਮਾਨ, ਨੀਂਵੀਆਂ ਖ਼ਾਹਸ਼ਾਂ ਵਾਲੇ ਜਾਅਲਸਾਜ਼, ਦੰਭੀ ਅਤੇ ਮਗਰੂਰਾਂ ਦੇ ਦਾਬੇ ਹੇਠ ਹਨ; ਆਦਰਸ਼ ਅਤੇ ਸਿਧਾਂਤ ਤਾਂ ਸਿਰਫ਼ ਸ਼ਿਕਾਰ ਖੇਡਣ ਲਈ ਆੜ ਲੈਣ ਵਾਲੇ ਪਰਦੇ ਹਨ। ਇਹਨਾਂ ਦਾ ਆਪੋ ਵਿਚਲਾ ਵਿਰੋਧ ਬਹੁਤਾ ਕਰਕੇ ਨਿੱਜੀ ਹੈ । ਇਸ ਦੇਸ਼ ਦੀਆਂ ਪਿਛਾਂਹ ਖਿੱਚੂ ਰਾਜਨੀਤਕ ਤਾਕਤਾਂ ਭਾਰਤੀ ਪ੍ਰੰਪਰਾ ਨੂੰ ਸਿਰਫ਼ ਘਿਸੀਆਂ ਪਿੱਟੀਆਂ ਕੀਮਤਾਂ ਵਿਚੋਂ ਹੀ ਪਛਾਣਦੀਆਂ ਹਨ; ਅਖੌਤੀ ਅਗਾਹ ਵਧੂ ਤਾਕਤਾਂ ਵੀ ਆਪਣੇ ਦੇਸ਼ ਨੂੰ ਵੀ ਸਿਰਫ਼ ਘਸੇ ਪਿੱਟੇ ਮੁੱਲਾਂ ਨਾਲ ਜੋਖਦੀਆਂ ਹਨ, ਉਹਦੀਆਂ ਅਗਾਹ ਵਧੂ ਪ੍ਰੰਪਰਾਵਾਂ ਦੀ ਜਾਣਕਾਰੀ ਉਹਨਾਂ ਨੂੰ ਬਿਲਕੁਲ ਨਹੀਂ ਜਾਂ ਘਟ ਹੈ, ਉਹ ਸਾਰੀਆਂ ਅਗਾਂਹ ਵਧੂ ਪ੍ਰੰਪਰਾਵਾਂ ਨੂੰ ਸਿਰਫ ਵਿਦੇਸ਼ਾਂ ਵਿਚ ਹੀ ਵੇਖਦੀਆਂ ਹਨ । ਬਦੇਸ਼ੀ ਪ੍ਰੰਪਰਾਵਾਂ ਨੂੰ ਉਹ ਏਥੋਂ ਦੀਆਂ ਹਾਲਤਾਂ ਉੱਤੇ ਜ਼ੋਰੀਂ ਲੱਦਣਾ ਚਾਹੁੰਦੀਆਂ ਹਨ ।

ਲੋਕ ਜੀਵਨ ਅੰਧ ਵਿਸ਼ਵਾਸ ਅਤੇ ਗਿਰਾਵਟ ਵਿਚ ਜਕੜਿਆ ਹੋਇਆ ਹੈ। ਇਸ ਹਾਲਤ ਵਿਚ ਬੁੱਧੀਵਾਦੀ ਭਲਾ ਚੁੱਪ ਕੀਤੇ ਬਹਿ ਸਕਦੇ ਹਨ ? ਕੀ ਉਹ ਅੱਜ ਵੀ ਪੂੰਜੀ ਅਤੇ ਨਿੱਜਵਾਦੀ ਆਲੇ-ਦੁਆਲੇ ਤੋਂ ਪ੍ਰਭਾਵਤ ਹੋ ਕੇ ਜਨਤਾ ਨੂੰ ਭਰਮਾਉਣ ਵਿਚ ਹੀ ਹਿੱਸਾ ਪਾਉਂਦੇ ਰਹਿਣਗੇ। ਕੀ ਕਿਸੇ ਨੂੰ ਵੀ ਅੱਜ ਆਪਣੇ ਦੇਸ਼ ਨਾਲ ਪਿਆਰ ਨਹੀਂ ? ਦੇਸ਼ ਦੀ ਪ੍ਰੰਪਰਾ ਅਧੀਨ ਅਨੇਕ ਉਸਾਰੂ ਸ਼ਕਤੀਆਂ ਤੇ ਮਾਣ ਨਹੀਂ ?

ਮਹੀਪਾਲ ਕਹਿੰਦਾ ਹੁੰਦਾ ਸੀ ਕਿ ਬੰਗਾਲ ਦੇ ਕਾਲ ਵਿਚ ਆਦਮੀ ਉਤੇ ਏਨਾ ਸੰਕਟ ਵਾਪਰਿਆ ਕਿ ਸਹਿੰਦਿਆਂ ਸਹਿੰਦਿਆਂ ਉਹਦੀ ਚੇਤਨਾ ਹੀ ਗੁਆਚ ਗਈ। ਉਹ ਆਪਣਾ ਨਾਮ, ਆਪਣੇ ਆਪ ਤਕ ਨੂੰ ਭੁੱਲ ਗਿਆ ਸੀ । ਇਸ ਵੇਲੇ ਸਾਡੀ ਭਾਰਤੀਆਂ ਦੀ ਵੀ ਏਹੋ ਹਾਲਤ ਹੈ। ਭਾਰਤੀ ਇਹ ਭੁੱਲ ਗਿਆ ਹੈ ਕਿ ਉਹ ਭਾਰਤੀ ਹੈ; ਉਹ

ਕਾਂਗਰਸੀ ਹੈ, ਸੋਸ਼ਲਿਸਟ, ਜਨਸੰਘੀ, ਕਮਿਊਨਿਸਟ, ਅਕਾਲੀ ਹੈ, ਉਹ ਵਡਿਆਈ ਵਾਲਾ ਕਵੀ, ਕਲਾਕਾਰ, ਨੇਤਾ, ਡਾਕਟਰ, ਬੈਰਿਸਟਰ, ਅਫ਼ਸਰ ਜਾਂ ਸਮਾਜ ਵਿਚ 'ਕੁਝ' ਹੈ, ਪਰ ਬਹੁਤ ਕਰਕੇ ਉਹ ਭਾਰਤੀ ਨਹੀਂ, ਮਨੁੱਖ ਵੀ — ? — ਨਹੀਂ। ਇਹ ਲੋਕ ਬਸ ਸਾਰਾ ਦਿਨ ਦੇਸ਼ ਅਤੇ ਮਨੁੱਖਤਾ ਦਾ ਨਾਮ ਹੀ ਲੈਂਦੇ ਹਨ, ਪਰ ਇਹ ਨਹੀਂ ਜਾਣਦੇ ਕਿ ਉਹਨਾਂ ਦਾ ਦੇਸ਼ ਕੀ ਹੈ! ਉਹਨਾਂ ਦੇ ਦੇਸ਼ ਨੇ ਮਨੁੱਖਤਾ ਦੇ ਤੱਤ ਨੂੰ ਕਿਹੜੀ ਖ਼ੂਬੀ ਨਾਲ ਪਛਾਣਿਆ ਹੈ! ਇਸ ਵੇਲੇ ਤਾਂ ਇੰਜ ਲਗਦਾ ਹੈ ਕਿ ਇਸ ਦੇਸ਼ ਵਿਚ, ਧਰਤੀ ਤੇ, ਸਿਰਫ਼ ਵਿਅਕਤੀ ਹੀ ਰਹਿੰਦਾ ਹੈ ਸਮਾਜ ਨਹੀਂ। ਵਿਅਕਤੀ ਸਿਰਫ਼ ਆਪਣੇ ਘੇਰੇ ਵਿਚ ਰਹਿੰਦਾ, ਸੋਚਦਾ ਅਤੇ ਕੰਮ ਕਰਦਾ ਹੈ। ਇੰਜ ਲਗਦਾ ਹੈ ਜਿਵੇਂ ਹਰ ਵਿਅਕਤੀ ਇਕ ਇਕ ਟਾਪੂ ਵਿਚ ਵੱਖਰਾ ਵੱਖਰਾ ਰਹਿੰਦਾ ਹੈ।

— ਕੀ ਇਹ ਮਨੁੱਖ ਦੀ ਕੁਦਰਰੀ ਹਾਲਤ ਹੈ ? — ਨਹੀਂ।

ਅੱਜ ਦਾ ਮਨੁੱਖ ਆਪਣੇ ਮਨ ਵਿਚ ਕਿਤੇ ਨਾ ਕਿਤੇ ਇਹ ਜ਼ਰੂਰ ਮਹਿਸੂਸ ਕਰਦਾ ਹੈ ਕਿ ਉਹ ਗ਼ਲਤ ਕੰਮ ਕਰ ਰਿਹਾ ਹੈ। ਇਸ ਲਈ ਵਿਅਕਤੀ ਆਪਣੇ ਆਪ ਨੂੰ ਅੱਖੋਂ ਉਹਲੇ ਕਰਕੇ ਦੂਸਰੇ ਵਿਅਕਤੀ ਨੂੰ ਗ਼ਲਤ ਕਹਿੰਦਾ ਹੈ। ਇਹਦੇ ਨਾਲ ਹੁੱਜਤ ਵਧਦੀ ਜਾਂਦੀ ਹੈ, ਜ਼ੁਲਮ ਫੈਲਦਾ ਜਾਂਦਾ ਹੈ। ਮਨੁੱਖ ਦੀ ਇਹ ਹਾਲਤ ਗ਼ੈਰ-ਕੁਦਰਤੀ ਹੈ।

ਮਨੁੱਖ ਦਾ ਆਤਮ-ਵਿਸ਼ਵਾਸ਼ ਜਾਗਣਾ ਚਾਹੀਦਾ ਏ, ਉਹਦੇ ਜੀਵਨ ਵਿਚ ਵਿਸ਼ਵਾਸ਼ ਜਾਗਣਾ ਚਾਹੀਦਾ ਏ। ਆਦਮੀ ਨੂੰ ਦੂਸਰੇ ਦੇ ਦੁਖ-ਸੁਖ ਵਿਚ ਆਪਣਾ ਦੁਖ-ਸੁਖ ਵੇਖਣਾ ਚਾਹੀਦਾ ਏ। ਵਿਚਾਰਾਂ ਵਿਚ ਫ਼ਰਕ ਹੋ ਸਕਦਾ ਹੈ, ਵਿਚਾਰਾਂ ਦੇ ਫ਼ਰਕ ਵਿਚ ਉਸਾਰੂ ਘੋਲ ਹੁੰਦਾ ਹੈ ਅਤੇ ਉਸ ਤੋਂ ਪਿਛੋਂ ਆਪਸੀ ਮੇਲ-ਜੋਲ ਦਾ ਵਿਕਾਸ ਵੀ। ਪਰ ਸ਼ਰਤ ਇਹ ਹੈ ਕਿ ਦੁਖ-ਸੁਖ ਵਿਚ ਆਦਮੀ ਦਾ ਆਦਮੀ ਨਾਲ ਅਟੁੱਟ ਸੰਬੰਧ ਬਣਿਆ ਰਹੇ — ਜਿਵੇਂ ਤੁਪਕੇ ਨਾਲ ਤੁਪਕਾ ਜੁੜਿਆ ਰਹਿੰਦਾ ਹੈ – ਲਹਿਰਾਂ ਨਾਲ ਲਹਿਰਾਂ। ਲਹਿਰਾਂ ਤੋਂ ਸਮੁੰਦਰ ਬਣਦਾ ਹੈ – ਇਸ ਤਰ੍ਹਾਂ ਬੂੰਦ ਵਿਚ ਸਮੁੰਦਰ ਸਮਾਇਆ ਹੋਇਆ ਹੈ।

ਸੱਜਨ ਅਤੇ ਕੰਨਿਆ ਇਕ ਲਗਨ ਲੈ ਕੇ ਆਪਣੇ ਛੋਟੇ ਜਿਹੇ ਪਿੜ ਵਿਚ ਮਨੁਖਤਾ ਦਾ ਦਰਸ਼ਨ ਕਰਨ ਲਈ ਸਰਗਰਮ ਹੋ ਗਏ। ਰੂੜੀਵਾਦ ਪਹਿਲਾਂ ਆਪਣੇ ਆਪ ਨੂੰ ਤਬਾਹੀ ਤੋਂ ਬਚਾਉਣ ਲਈ ਪਹਿਲਾਂ ਕਰੜੇ ਹਮਲੇ ਕਰਦਾ ਹੈ, ਹੋਰ ਵੀ ਕਰੇਗਾ, ਪਰ ਦੋਵੇਂ ਪਤੀ ਪਤਨੀ ਆਪਣੇ ਵਿਸ਼ਵਾਸ਼ ਤੇ ਡਟੇ ਰਹਿਣਗੇ। ਆਦਮੀ ਦੀ ਸਮਾਜਕ ਚੇਤਨਾ ਜਾਗ ਕੇ ਹੀ ਰਹੇਗੀ।

o o o